# ਗੁਆਚੀਆਂ ਪੈੜਾਂ



ਗੁਰਦਿਆਲ ਦਲਾਲ

www.PunjabiLibrary.com

ਗੁਆਚੀਆਂ ਪੈੜਾਂ
ਗੁਰਦਿਆਲ ਦਲਾਲ
ਸੰਪਰਕ: 98141-85363
dalalgurdial @gmail. com

ਇਸੇ ਕਲਮ ਤੋਂ:
ਬੁੱਢੇ ਦਰਿਆ ਦੀ ਲਹਿਰ (ਕਹਾਣੀ ਸੰਗ੍ਰਹਿ) 1983
ਫ਼ਰਿੱਜ ਵਿਕਾਊ ਹੈ (ਵਿਅੰਗ ਸੰਗ੍ਰਹਿ) 1985
ਅੱਗ ਅਜੇ ਸੁਲਘਦੀ ਹੈ-ਸੰ. (ਕਹਾਣੀ ਸੰਗ੍ਰਹਿ) 1987
ਦਹਿਸ਼ਤਗਰਦ (ਕਹਾਣੀ ਸੰਗ੍ਰਹਿ) 1996
ਰਿਵੀ ਤੇ ਲੂਅ (ਮਿੰਨੀ ਕਹਾਣੀ ਸੰਗ੍ਰਹਿ) 2003
ਪਲ ਪਲ ਬਦਲਦਾ ਮੌਸਮ (ਕਹਾਣੀ ਸੰਗ੍ਰਹਿ) 2006
ਛਾਤੀ ਅੰਦਰਲੇ ਥੇਹ (ਸਵੈ-ਜੀਵਨੀ) 2006
ਅੰਨ੍ਹੀ ਗਲ਼ੀ ਦਾ ਮੋੜ (ਕਹਾਣੀ ਸੰਗ੍ਰਹਿ) 2008
ਫਿਰੌਤੀ (ਕਹਾਣੀ ਸੰਗ੍ਰਹਿ) 2011
ਕਿੱਥੇ ਕਿੱਥੇ ਪੀੜ ਅਜੇ (ਗ਼ਜ਼ਲ ਸੰਗ੍ਰਹਿ) 2012

ਸਮਰਪਣ
ਸੰਸਾਰ ਤੋਂ ਵਿਦਾ ਹੋ ਚੁੱਕੇ ਬੇ-ਔਲਾਦੇ ਮਾਮੇ ਅਮੀਂ ਚੰਦ ਤੇ ਮਾਮੀ ਬਿਮਲਾ ਦੀ ਯਾਦ ਨੂੰ

ਧੰਨਵਾਦ
ਦੁੱਖ ਸੁੱਖ ਦੀ ਸਾਥਣ ਇਕਬਾਲ ਦਾ

# 'ਗੁਆਚੀਆਂ ਪੈੜਾਂ' ਨਾਵਲ ਦਾ ਬੀਜ

ਕੁੱਲੂ-ਮਨਾਲੀ ਦੇ ਪੰਦਰਾਂ ਦਿਨ ਦੇ ਟੂਰ ਦੌਰਾਨ ਮੈਂ ਤੇ ਮੇਰੇ ਮਿੱਤਰ ਮਿਹਰ ਸਿੰਘ ਨੇ ਬਹੁਤੀਆਂ ਰਾਤਾਂ ਉਸ ਦੇ ਕੁੱਲੂ ਰਹਿੰਦੇ ਰਿਸ਼ਤੇਦਾਰ ਸ. ਮਲਕੀਤ ਸਿੰਘ ਗਰਚਾ ਕੋਲ਼ ਹੀ ਬਿਤਾਈਆਂ। ਉਸ ਦਾ ਛੋਟਾ ਬੇਟਾ ਆਪਣੇ ਪਰਿਵਾਰ ਸਮੇਤ ਮਨਾਲੀ ਸ਼ਿਫ਼ਟ ਹੋ ਗਿਆ ਸੀ ਤੇ ਗਰਚਾ ਸਾਹਿਬ ਨੇ ਉਹਦੇ ਵਾਲ਼ੇ ਮਕਾਨ ਦਾ ਪੂਰਾ ਸੈੱਟ ਸਾਡੇ ਹਵਾਲੇ ਕਰ ਦਿੱਤਾ ਸੀ। ਇਹ ਮਕਾਨ ਕਾਫ਼ੀ ਉਚਾਈ ਉੱਤੇ ਇਕ ਪਹਾੜੀ ਦੀ ਚੋਟੀ ਉੱਤੇ ਸਥਿਤ ਸੀ ਤੇ ਆਲ਼ੇ -ਦੁਆਲ਼ੇ ਵਸੋਂ ਨਾ ਹੋਣ ਕਰਕੇ ਐਥੇ ਸ਼ਾਂਤੀ ਦਾ ਵਾਸਾ ਸੀ। ਇਹ ਮਕਾਨ ਮੈਨੂੰ ਲਿਖਣ-ਪੜ੍ਹਨ ਲਈ ਬੜਾ ਫਿੱਟ ਬੈਠਿਆ। ਮੈਂ ਸਵੇਰੇ ਤਿੰਨ ਵਜੇ ਹੀ ਉੱਠ ਬੈਠਦਾ ਤੇ ਆਪਣੀ

ਅਗਲੀ ਕਿਤਾਬ 'ਫਿਰੌਤੀ' ਦੀਆਂ ਕਹਾਣੀਆਂ ਦੀ ਸੋਧ-ਸੁਧਾਈ ਤੇ ਕਾਂਟ-ਛਾਂਟ ਕਰ ਕੇ ਮੁੜ ਮੁੜ ਲਿਖਦਾ ਰਹਿੰਦਾ। ਗਰਚਾ ਸਾਹਿਬ ਦਾ ਬੇਟਾ ਗੁਰਦਰਸ਼ਨ ਸਾਡਾ ਬੜਾ ਧਿਆਨ ਰੱਖਦਾ। ਬਾਰ-ਬਾਰ ਸਾਡੀਆਂ ਲੋੜਾਂ ਪੁੱਛਣ ਲਈ ਉਹ ਪਹਾੜੀ ਤੇ ਚੜ੍ਹਦਾ ਉਤਰਦਾ ਰਹਿੰਦਾ। ਦਸ ਵਜੇ ਦੇ ਕਰੀਬ ਅਸੀਂ ਤਿਆਰ ਹੋ ਕੇ ਉਨ੍ਹਾਂ ਦੇ ਹੇਠ ਵਾਲ਼ੇ ਮਕਾਨ ਵਿਚ ਆ ਜਾਂਦੇ ਤੇ ਨਾਸ਼ਤਾ ਕਰਦੇ। ਗੁਰਦਰਸ਼ਨ ਦੀ ਪਤਨੀ ਪ੍ਰਕਾਸ਼ ਸਾਨੂੰ ਭਾਂਤ-ਸੁਭਾਂਤੇ ਖਾਣੇ ਖੁਆ ਕੇ ਬੜਾ ਖੁਸ਼ ਹੁੰਦੀ ਤੇ ਸਾਨੂੰ ਸਹੁੰ ਪਾਉਂਦੀ ਕਿ ਹੋਟਲਾਂ ਤੇ ਕਦੀ ਰੋਟੀ ਨਹੀਂ ਖਾਣੀ। ਅਸੀਂ ਘੁੰਮਣ ਫਿਰਨ ਲਈ ਨਿਕਲ਼ਦੇ ਤਾਂ ਗਰਚਾ ਸਾਹਿਬ ਹਮੇਸ਼ਾ ਸਾਡੇ ਨਾਲ਼ ਹੁੰਦੇ। ਉਹ ਹਿਮਾਚਲ ਦੇ ਸੜਕ ਨਿਰਮਾਣ ਵਿਭਾਗ ਵਿਚੋਂ ਐਸ. ਡੀ. ਓ. ਰਿਟਾਇਰ ਹੋਏ ਸਨ ਤੇ ਪਹਾੜਾਂ ਦੇ ਚੱਪੇ-ਚੱਪੇ ਦੇ ਵਾਕਿਫ਼ ਸਨ। ਕਿਸ ਦਿਨ ਕਿਸ ਥਾਂ ਤੇ ਜਾਣਾ ਹੈ, ਇਸ ਦਾ ਫੈਸਲਾ ਉਹੀ ਕਰਦੇ। ਅਸੀਂ ਦਿਨ ਭਰ ਟੂਰ ਤੇ ਰਹਿੰਦੇ ਤੇ ਸ਼ਾਮੀਂ ਘਰ ਵਾਪਸ ਆ ਜਾਂਦੇ । ਡਿਨਰ ਲੈਣ ਮਗਰੋਂ ਮੈਂ ਦੋ ਤਿੰਨ ਘੰਟੇ ਪੜ੍ਹਨ ਲਿਖਣ ਲਈ ਫਿਰ ਕੱਢ ਲੈਂਦਾ। ਘਰ ਵਾਪਸੀ ਤੋਂ ਕੁਝ ਦਿਨ ਪਹਿਲਾਂ ਤੱਕ ਮੈਂ ਖਰੜੇ ਨੂੰ ਅੰਤਿਮ ਰੂਪ ਦੇ ਦਿੱਤਾ ਸੀ।

ਆਪਣੇ ਟੂਰ ਦੇ ਆਖਰੀ ਦਿਨ ਅਸੀਂ ਰੋਹਤਾਂਗ ਦੇ ਗਲੇਸ਼ੀਅਰ ਦੇਖਣ ਮਗਰੋਂ ਵਾਪਸ ਪੰਜਾਬ ਪਰਤ ਜਾਣਾ ਸੀ। ਅਚਾਨਕ ਇਕ ਦਿਨ ਪਹਿਲਾਂ ਗਰਚਾ ਸਾਹਿਬ ਦੀ ਲੇਹ ਵਾਲ਼ੀ ਕੁੜਮਣੀ ਉਨ੍ਹਾਂ ਨੂੰ ਮਿਲਣ ਆ ਗਈ ਤੇ ਉਨ੍ਹਾਂ ਨੇ ਸਾਡੇ ਨਾਲ਼ ਰੋਹਤਾਂਗ ਜਾਣ ਦਾ ਪ੍ਰੋਗਰਾਮ ਕੈਂਸਲ ਕਰ ਦਿੱਤਾ। ਪਰੌਂਠੇ ਖਾਣ ਮਗਰੋਂ ਮੈਂ ਤੇ ਮਿਹਰ ਸਿੰਘ ਨੇ ਪਿੱਠਾਂ ਪਿੱਛੇ ਆਪਣੇ ਬੈਗ ਲਾਏ ਤੇ ਗਰਚਾ ਪਰਿਵਾਰ ਤੋਂ ਛੁੱਟੀ ਲੈ ਕੇ ਉਨ੍ਹਾਂ ਦੇ ਘਰ ਲਾਗਿਓਂ ਹੀ ਮਨਾਲੀ ਜਾਣ ਵਾਲ਼ੀ ਬੱਸ ਫੜ ਲਈ। ਮਨਾਲੀ ਪੁੱਜੇ ਤਾਂ ਪਤਾ ਲੱਗਾ ਕਿ ਰੋਹਤਾਂਗ ਲਈ ਟੈਕਸੀ ਸਟੈਂਡ ਤੋਂ ਟੈਕਸੀ ਮਿਲੇਗੀ। ਅਸੀਂ ਉੱਥੇ ਪਹੁੰਚ ਟੈਕਸੀ ਸਟੈਂਡ ਦੇ ਗੇਟ ਤੇ ਜਾ ਖੜ੍ਹੇ। ਇਕ ਪੈਂਟ ਕੋਟ ਤੇ ਟਾਈ ਵਾਲ਼ੇ ਸੋਹਣੀ ਦਿੱਖ ਵਾਲ਼ੇ ਅਧਖੜ੍ਹ ਉਮਰ ਦੇ ਸਰਦਾਰ ਜੀ ਸਾਡੇ ਕੋਲ਼ੋਂ ਲੰਘਦੇ ਲੰਘਦੇ ਰੁਕ ਗਏ ਤੇ 'ਸਤਿ ਸ੍ਰੀ ਅਕਾਲ' ਬੁਲਾ ਕੇ ਮੈਨੂੰ ਕਹਿਣ ਲੱਗੇ, 'ਤੁਹਾਨੂੰ ਕਦੀ ਮਿਲਿਆ ਹਾਂ ਭਾਅ ਜੀ, ਪਰ ਚੇਤੇ ਨਹੀਂ ਆ ਰਿਹਾ ਕਿੱਥੇ।'

ਅਸੀਂ ਦੋਨਾਂ ਨੇ ਉਸ ਨਾਲ਼ ਹੱਥ ਮਿਲਾਏ ਤੇ ਆਪਣੇ ਥਾਂ-ਪਤੇ ਬਾਰੇ ਦੱਸਿਆ। ਜਦੋਂ ਉਸ ਨੂੰ ਕੁਝ ਵੀ ਯਾਦ ਨਾ ਆਇਆ ਤਾਂ ਮੈਂ ਕਿਹਾ, 'ਸਰਦਾਰ ਜੀ, ਤੁਸੀਂ ਕਿਹੜੇ ਮਹਿਕਮੇ ਵਿਚ ਸਰਵਿਸ ਕਰਦੇ ਹੋ?'

'ਮੈਂ ਕੁਰਾਲੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਸੱਤ ਸਾਲ ਪਹਿਲਾਂ ਪ੍ਰਿੰਸੀਪਲ ਰਿਟਾਇਰ ਹੋਇਆ ਸਾਂ। ਪਹਿਲਾਂ ਕਈ ਸਾਲ ਖਰੜ ਲੈਕਚਰਾਰ ਵੀ ਰਿਹਾ ਸਾਂ।' ਉਸ ਨੇ ਦੱਸਿਆ।

'ਤੁਹਾਡਾ ਨਾਂ ਦੇਵ ਨਹੀਂ?' ਮੈਂ ਹੱਸ ਕੇ ਪੁੱਛਿਆ।

'ਹਾਂ ਜੀ, ਠੀਕ ਬੁੱਝਿਆ ਤੁਸੀਂ, ਹੁਣ ਮੈਨੂੰ ਵੀ ਕੁਝ ਯਾਦ ਕਰਾਓ।' ਉਹ ਹੈਰਾਨ ਹੋ ਕੇ ਬੋਲਿਆ।

ਮੈਂ ਉਸ ਨੂੰ ਦੱਸਿਆ ਕਿ ਮੈਂ ਵੀ ਸਿੱਖਿਆ ਵਿਭਾਗ ਵਿੱਚੋਂ ਸੱਤ ਸਾਲ ਪਹਿਲਾਂ ਹੀ ਰਿਟਾਇਰ ਹੋਇਆ ਸਾਂ। ਮੈਂ ਇਕ ਵਾਰੀ ਉਸ ਦੇ ਸਕੂਲ ਵਿਚ ਦਸਵੀਂ ਬਾਰਵੀਂ ਜਮਾਤ

ਦੇ ਸਲਾਨਾ ਪੇਪਰ ਲੈਣ ਲਈ ਸੁਪਰਡੈਂਟ ਬਣ ਕੇ ਗਿਆ ਸਾਂ। ਦਸਵੀਂ ਦਾ ਪੇਪਰ ਹੋਣ ਤੋਂ ਚਾਰ ਘੰਟੇ ਮਗਰੋਂ ਬਾਰ੍ਹਵੀਂ ਦਾ ਪੇਪਰ ਹੋਇਆ ਕਰਦਾ ਸੀ।

'ਤੇ ਉਸ ਸਮੇਂ ਵਿਚ ਤੁਸੀਂ ਇਮਤਿਹਾਨੀ ਅਮਲੇ ਤੇ ਮੇਰੇ ਸਟਾਫ਼ ਦੇ ਮੈਂਬਰਾਂ ਨੂੰ ਆਪਣੀਆਂ ਕਹਾਣੀਆਂ ਸੁਣਾਇਆ ਕਰਦੇ ਸੀ। ਯਾਦ ਆ ਗਿਆ ਸਭ ਕੁਝ।' ਕਹਿੰਦਿਆਂ ਉਸ ਨੇ ਮੈਨੂੰ ਗਲਵੱਕੜੀ ਪਾ ਲਈ। ਦੇਵ ਨੇ ਮੇਰਾ ਨਾਂ ਤੇ ਮੈਥੋਂ ਸੁਣੀਆਂ ਕਈ ਕਹਾਣੀਆਂ ਦੇ ਨਾਂ ਵੀ ਦੱਸ ਦਿੱਤੇ। ਤਦੇ ਉਸ ਦਾ ਡਰਾਈਵਰ ਸਾਨੂੰ ਚਾਹ ਫੜਾ ਗਿਆ। ਮੈਂ ਹੈਰਾਨ ਹੋਇਆ ਕਿ ਉਸ ਨੂੰ ਤਾਂ ਚਾਹ ਲਿਆਉਣ ਲਈ ਕਿਸੇ ਨੇ ਕਿਹਾ ਹੀ ਨਹੀਂ ਸੀ। ਚਾਹ ਪੀਂਦਿਆਂ ਉਸ ਨੇ ਦੱਸਿਆ ਕਿ ਉਹ ਤੇ ਉਹਦੀ ਪਤਨੀ ਤਾਂ ਹੁਣ ਤੱਕ ਅਖਬਾਰਾਂ ਰਿਸਾਲਿਆਂ ਵਿਚ ਮੇਰੀਆਂ ਰਚਨਾਵਾਂ ਪੜ੍ਹਦੇ ਰਹੇ ਸਨ। ਉਸ ਨੇ ਪੁੱਛਿਆ, 'ਅੱਜ ਕਿੱਧਰ ਦੀ ਤਿਆਰੀ ਹੈ?'

'ਜੀ, ਅਸੀਂ ਤਾਂ ਰੋਹਤਾਂਗ ਜਾ ਰਹੇ ਹਾਂ। ਐਥੇ ਟੈਕਸੀ ਆਵੇਗੀ।' ਮੈਂ ਦੱਸਿਆ।

'ਵੈਰੀ ਗੁੱਡ... ਅਸੀਂ ਵੀ ਰੋਹਤਾਂਗ ਹੀ ਜਾ ਰਹੇ ਹਾਂ। ਆਓ ਸਾਡੇ ਨਾਲ਼ ਹੀ। ਗੱਡੀ ਵਿਚ ਦੋ ਸੀਟਾਂ ਵਾਧੂ ਨੇ।'

ਅਸੀਂ ਉਸ ਦੇ ਨਾਲ਼ ਹੋ ਲਏ। ਸੜਕ ਦੇ ਦੂਜੇ ਪਾਸੇ ਉਨ੍ਹਾਂ ਦੀ ਗੱਡੀ ਖੜ੍ਹੀ ਸੀ। ਉਸ ਨੇ ਗੱਡੀ ਵਿਚ ਬੈਠੀ ਚੰਗੀ ਡੀਲ-ਡੌਲ ਵਾਲ਼ੀ ਅਧਖੜ ਉਮਰ ਦੀ ਆਪਣੀ ਖ਼ੂਬਸੂਰਤ ਪਤਨੀ ਨਾਲ਼ਸਾਡੀ ਜਾਣ-ਪਛਾਣ ਕਰਵਾਈ। ਉਸ ਨੇ ਦੱਸਿਆ ਕਿ ਇੰਦਰਾ ਖਰੜ ਲਾਗੇ ਹਿਮਾਲੀਅਨ ਪਬਲਿਕ ਸਕੂਲ' ਚੋਂ ਦੋ ਸਾਲ ਪਹਿਲਾਂ ਹੀ ਪ੍ਰਿੰਸੀਪਲ ਰਿਟਾਇਰ ਹੋਈ ਸੀ। ਮੇਰੀ ਕਿਸੇ ਕਹਾਣੀ ਦਾ ਨਾਂ ਲੈ ਕੇ ਉਸ ਨੇ ਮੇਰੇ ਬਾਰੇ ਇੰਦਰਾ ਨੂੰ ਦੱਸਿਆ ਤਾਂ ਉਹ ਅੱਖਾਂ ਚੌੜੀਆਂ ਕਰਕੇ ਬੜੀ ਖੁਸ਼ ਹੋਈ। ਜਦੋਂ ਉਸ ਨੂੰ ਪਤਾ ਲੱਗਾ ਕਿ ਅਸੀਂ ਉਨ੍ਹਾਂ ਦੀ ਗੱਡੀ ਵਿਚ ਹੀ ਰੋਹਤਾਂਗ ਜਾਵਾਂਗੇ ਤਾਂ ਉਹ ਜਿਵੇਂ ਖਿੜ ਗਈ ਤੇ ਬੋਲੀ, 'ਆਓ ਆਓ ਬੈਠੋ ਵੀਰ ਜੀ। ਸਾਡੇ ਧੰਨਭਾਗ.... ਅਸੀਂ ਤਾਂ ਤੁਹਾਡੇ ਪ੍ਰਸ਼ੰਸਕ ਹਾਂ।'

ਅਸੀਂ ਆਪਣੇ ਬੈਗ ਅੰਦਰ ਰੱਖੇ। ਮਿਹਰ ਸਿੰਘ ਡਰਾਇਵਰ ਬਰਾਬਰ ਅਗਲੀ ਸੀਟ ਤੇ ਜਾ ਬੈਠਾ ਤੇ ਮੈਂ ਦੇਵ ਨਾਲ਼ ਬੈਠ ਗਿਆ। ਡਰਾਇਵਰ ਨੇ ਗੱਡੀ ਤੋਰੀ ਤਾਂ ਇੰਦਰਾ ਨੇ ਪੰਜਾਬੀ ਸਾਹਿਤ ਬਾਰੇ ਗੱਲਾਂ ਤੋਰ ਲਈਆਂ। ਉਸ ਨੇ ਕਈ ਕਿਤਾਬਾਂ ਦੇ ਨਾਂ ਲਏ ਜੋ ਉਸਨੇ ਪੜ੍ਹੀਆਂ ਹੋਈਆਂ ਸਨ। ਮੈਂ ਉਸ ਨੂੰ ਆਪਣੀਆਂ ਛਪ ਚੁੱਕੀਆਂ ਕਿਤਾਬਾਂ ਬਾਰੇ ਦੱਸਿਆ ਤਾਂ ਉਹ ਹੈਰਾਨ ਹੋਈ ਕਿ ਪੜ੍ਹਨ ਦੀ ਲਗਨ ਹੋਣ ਦੇ ਬਾਵਜੂਦ ਉਸ ਨੇ ਮੇਰਾ ਕੋਈ ਵੀ ਕਹਾਣੀ ਸੰਗ੍ਰਹਿ ਨਹੀਂ ਸੀ ਪੜ੍ਹਿਆ। ਮੇਰੇ ਬੈਗ ਵਿਚ ਤਾਂ ਸਿਰਫ 'ਫਿਰੌਤੀ' ਕਹਾਣੀ ਸੰਗ੍ਰਹਿ ਦਾ ਖਰੜਾ ਸੀ, ਜਿਸ ਨੂੰ ਮੈਂ ਗਰਚਾ ਸਾਹਿਬ ਦੇ ਮਕਾਨ ਵਿਚ ਬਹਿ ਕੇ ਅੰਤਿਮ ਛੋਹ ਦਿੱਤੀ ਸੀ। ਮੈਂ ਖਰੜਾ ਕੱਢ ਕੇ ਉਸ ਨੂੰ ਫੜਾ ਦਿੱਤਾ। ਇੰਦਰਾ ਨੇ ਐਨਕ ਲਾ ਲਈ ਤੇ ਪੜ੍ਹਨ ਲੱਗ ਪਈ। ਮਿਹਰ ਸਿੰਘ ਤਾਂ ਅਗਲੀ ਸੀਟ ਤੇ ਮਸਤ ਬੈਠਾ ਸੀ, ਮੈਂ ਤੇ ਦੇਵ ਆਪਣੀ ਜ਼ਿੰਦਗੀ ਦੇ ਤਜ਼ਰਬੇ ਇਕ ਦੂਜੇ ਨਾਲ਼ ਸਾਂਝੇ ਕਰਨ ਲੱਗ ਪਏ। ਪਤਾ ਹੀ ਨਾ ਲੱਗਾ ਕਿ ਉਹ ਲੰਬਾ ਸਫ਼ਰ ਕਦੋਂ ਮੁੱਕ ਗਿਆ। ਗਲੇਸ਼ੀਅਰ ਤੋਂ ਚਾਰ ਕੁ ਕਿਲੋਮੀਟਰ ਉਰੇ ਇਕ ਹੋਟਲ ਅੱਗੇ ਡਰਾਇਵਰ ਨੇ ਗੱਡੀ ਰੋਕ ਲਈ ਤੇ ਸਾਨੂੰ ਦੱਸਿਆ ਕਿ ਹੁਣ ਅਗਲਾ ਸਫ਼ਰ

ਪੈਦਲ ਤੈਅ ਕਰਨਾ ਹੋਵੇਗਾ ਕਿਉਂਕਿ ਅਗਲਾ ਰਸਤਾ ਪੱਥਰਾਂ ਤੇ ਬਰਫ ਨਾਲ਼ ਭਰਿਆ ਪਿਆ ਸੀ। ਸਾਡੇ ਨਾ-ਨਾ ਕਹਿਣ ਦੇ ਬਾਵਜੂਦ ਉਹ ਸਾਨੂੰ ਹੋਟਲ ਵਿਚ ਲੈ ਗਏ ਤੇ ਸਾਰਿਆਂ ਨੇ ਲੋੜ ਮੁਤਾਬਕ ਖਾਣਾ ਖਾ ਲਿਆ। ਡਰਾਇਵਰ ਨੇ ਹੁਣ ਐਥੇ ਹੀ ਰੁਕਣਾ ਸੀ। ਕਿਉਂਕਿ ਉਹ ਉਨ੍ਹਾਂ ਦਾ ਵਫ਼ਾਦਾਰ ਪੱਕਾ ਮੁਲਾਜ਼ਮ ਸੀ, ਇਸ ਲਈ ਅਸੀਂ ਵੀ ਆਪਣਾ ਸਮਾਨ ਗੱਡੀ ਵਿਚ ਹੀ ਰਹਿਣ ਦਿੱਤਾ।

ਸਾਡੀ ਪੈਦਲ ਯਾਤਰਾ ਸ਼ੁਰੂ ਹੋਈ ਤਾਂ ਕੁਝ ਦੂਰੀ ਤੇ ਜਾ ਕੇ ਦੇਵ ਨੇ ਇੰਦਰਾ ਨੂੰ ਕਿਹਾ 'ਇੰਦਰਾ ਤੇਰੇ ਲਈ ਖੱਚਰ ਕਰ ਦਿਆਂ?'

ਉਹ ਹੱਸੀ ਤੇ ਅੰਗਰੇਜ਼ੀ ਵਿਚ ਬੋਲੀ, 'ਮੈਂ ਅਜੇ ਜੁਆਨ ਹਾਂ। ਸਿਰੇ ਤੱਕ ਤੁਰ ਕੇ ਜਾਵਾਂਗੀ। ਤੁਸੀਂ ਮੈਥੋਂ ਛੇ ਸਾਲ ਵੱਡੇ ਹੋ। ਤੁਸੀਂ ਕਰੋ ਖੱਚਰ।'

'ਕਿਉਂ ਮੈਂ ਜੁਆਨ ਨਹੀਂ? ਸਤਾਹਟ ਸਾਲਾ ਗੱਭਰੂ ਹਾਂ ਮੈਂ। ਚਾਰ ਕਿਲੋਮੀਟਰ ਤਾਂ ਦੌੜ ਕੇ ਚਲਾ ਜਾਵਾਂ।' ਉਹ ਹੱਸਿਆ।

ਇਹ ਸਬੱਬ ਹੀ ਸੀ ਕਿ ਮੇਰੀ ਉਮਰ ਦੇਵ ਜਿੰਨੀ ਹੀ ਸੀ। ਮਿਹਰ ਸਿੰਘ ਤਾਂ ਮੈਥੋਂ ਦਸ ਸਾਲ ਵੱਡਾ ਸੀ। ਉਹ ਤਾਂ ਅੰਨ੍ਹੇ ਝੋਟੇ ਵਾਂਗ ਜਿਵੇਂ ਧੁੱਸ ਦਿੰਦਾ ਸਭ ਤੋਂ ਮੂਹਰੇ ਭੱਜਿਆ ਜਾ ਰਿਹਾ ਸੀ। ਉਸ ਨੇ ਇਕ ਛੋਟਾ ਬੈਗ ਵੀ ਆਪਣੇ ਮੋਢੇ ਨਾਲ਼ ਲਟਕਾਇਆ ਹੋਇਆ ਸੀ, ਜਿਸ ਵਿਚ ਰੰਮ ਦੀ ਬੋਤਲ ਅਤੇ ਦੋ ਗਿਲਾਸ ਸਨ। ਸ਼ਾਇਦ ਉਹ ਬੋਤਲ ਕਰਕੇ ਹੀ ਚੜ੍ਹਦੀ ਕਲਾ ਤੇ ਜੋਸ਼ ਨਾਲ਼ ਭਰਿਆ ਹੋਇਆ ਸੀ। ਮੈਂ ਹੈਰਾਨ ਹੋਇਆ ਕਿ ਇੰਦਰਾ ਨੇ ਮੇਰੀ ਪੁਸਤਕ ਦਾ ਖਰੜਾ ਵੀ ਨਾਲ਼ ਹੀ ਚੁੱਕ ਲਿਆ ਸੀ। ਮੈਨੂੰ ਫਿਕਰ ਹੋਇਆ ਕਿ ਉਹ ਕਿਧਰੇ ਗੰਵਾ ਨਾ ਦੇਵੇ। ਮੈਂ ਕਿਹਾ, 'ਮੈਡਮ ਜੀ, ਤੁਸੀਂ ਖਰੜਾ ਗੱਡੀ ਵਿਚ ਹੀ ਰੱਖ ਆਉਣਾ ਸੀ।'

'ਨਹੀਂ ਵੀਰ ਜੀ, ਜੇ ਮੌਕਾ ਮਿਲਿਆ ਤਾਂ ਰੋਹਤਾਂਗ ਜਾ ਕੇ ਇਕ ਅੱਧ ਕਹਾਣੀ ਹੋਰ ਪੜ੍ਹ ਲਵਾਂਗੀ। ਮੈਂ ਦੋ ਕਹਾਣੀਆਂ ਪੜ੍ਹੀਆਂ ਨੇ। ਤੁਸੀਂ ਤਾਂ ਕਮਾਲ ਕਰ ਦਿੱਤੀ ਏ। ਬਹੁਤ ਚੰਗੀਆਂ ਲੱਗੀਆਂ। ਜੇ ਪਤਾ ਹੁੰਦਾ ਤੁਸੀਂ ਐਨੇ ਚੰਗੇ ਲੇਖਕ ਹੋ, ਮੈਂ ਤੁਹਾਡੀਆਂ ਸਾਰੀਆਂ ਕਿਤਾਬਾਂ ਖ਼ੀਦ ਕੇ ਪੜ੍ਹਦੀ।' ਉਹ ਬੋਲੀ।

'ਮੈਡਮ ਜੀ, ਹੁਣ ਖ਼ੀਦਣ ਦੀ ਲੋੜ ਨਹੀਂ। ਹੁਣ ਤਾਂ ਮੈਂ ਸਾਰੀਆਂ ਕਿਤਾਬਾਂ ਆਪ ਹੀ ਤੁਹਾਨੂੰ ਭੇਜ ਦਿਆਂਗਾ।'

ਅਸੀਂ ਰੋਹਤਾਂਗ ਦੇ ਗਲੇਸ਼ੀਅਰ ਦੀਆਂ ਜੜ੍ਹਾਂ ਵਿਚ ਪੁੱਜੇ ਤਾਂ ਇੰਦਰਾ ਖਰੜਾ ਖੋਹਲ ਕੇ ਇਕ ਵੱਡੇ ਸਾਰੇ ਪੱਥਰ ਤੇ ਬਹਿੰਦੀ ਬੋਲੀ, 'ਤੁਸੀਂ ਘੁੰਮ ਆਵੋ ਜੀ, ਮੈਂ ਆਪਣਾ ਕੰਮ ਕਰਦੀ ਹਾਂ।'

ਅਸੀਂ ਤਿੰਨੋ ਜਣੇ ਬਰਫ ਵਿਚ ਫੌਡੇ ਬਣਾਉਂਦੇ ਚੋਟੀ ਦੇ ਐਨ ਸਿਖ਼ਰ ਜਾ ਬੈਠੇ।

'ਡਰਿੰਕ ਤਾਂ ਕਰ ਲੈਂਦੇ ਹੋ ਦੇਵ ਜੀ?' ਮੈਂ ਪੁੱਛਿਆ।

'ਹਾਂ... ਹਾਂ..... ਡਰਿੰਕ ਕਿੱਥੇ ਹੈ?' ਉਹ ਬੋਲਿਆ

'ਆਹ ਫੜੋ ਜੀ.... ਪਾਓ ਗਿਲਾਸਾਂ' ਚ.... ਹੋਰ ਉੱਚਾ ਉਡੀਏ।' ਮਿਹਰ ਸਿੰਘ ਬੋਤਲ ਦੇਵ ਵੱਲ ਵਧਾਉਂਦਾ ਬੋਲਿਆ।

ਰੰਮ ਵਿਚ ਗੋਹੜਿਆਂ ਵਰਗੀ ਬਰਫ਼ ਪਾ ਪਾ ਅਸੀਂ ਪੀਣ ਲੱਗ ਪਏ। ਦੇਵ ਝੂਮ ਰਿਹਾ ਸੀ ਤੇ ਬਾਰ ਬਾਰ ਮਿਹਰ ਸਿੰਘ ਨੂੰ ਕਹਿ ਰਿਹਾ ਸੀ, 'ਤੁਸੀਂ ਤਾਂ ਬਾਬਿਓ ਸਵੱਰਗ ਤੇ ਲਾਹ' ਤੇ। ਸਾਰੀ ਯਾਤਰਾ ਸਫ਼ਲ ਹੋ ਗਈ। ਅਨੰਦ ਆ ਗਿਆ'

ਘੰਟਾ ਭਰ ਅਸੀਂ ਉਸੇ ਚੋਟੀ ਤੇ ਬੈਠ ਗੱਲਾਂ ਮਾਰਦੇ ਰਹੇ ਤੇ ਰੰਦੇ ਨਾਲ਼ ਬਣੀ ਬਰਫ਼ ਵਰਗੀ ਪਹਾੜ ਦੀ ਬਰਫ਼ ਤੇ ਰੰਮ ਡੋਲ੍ਹ ਡੋਲ੍ਹ ਚੱਟਦੇ ਰਹੇ। ਦੇਵ ਨੇ ਦੱਸਿਆ ਕਿ ਅੱਜ ਕੱਲ੍ਹ ਉਹ ਦੋਨੋਂ ਹੀ ਮੋਹਾਲੀ ਅੱਠ ਫੇਜ਼ ਵਿਚ ਰਿਟਾਇਰਡ ਲਾਈਫ਼ ਬਤੀਤ ਕਰ ਰਹੇ ਸਨ। ਉਨ੍ਹਾਂ ਕੋਲ਼ ਦੋ ਕੋਠੀਆਂ ਸਨ, ਕਾਰਾਂ ਸਨ ਤੇ ਦਾਊਮਾਜਰੇ ਕੋਲ਼ ਕਰੋੜਾਂ ਦੀ ਜ਼ਮੀਨ ਸੀ। ਤਿੰਨੋਂ ਕੁੜੀਆਂ ਵਿਆਹਾਂ ਮਗਰੋਂ ਵਿਦੇਸ਼ਾਂ ਵਿਚ ਸੈਟਲ ਹੋ ਗਈਆਂ ਸਨ। ਉਨ੍ਹਾਂ ਨੇ ਆਪਣੇ ਬੇਟੇ ਨੂੰ ਐਮ. ਟੈਕ. ਕਰਨ ਲਈ ਅਸਟਰੇਲੀਆ ਭੇਜਿਆ ਸੀ, ਉਹ ਕਿਸੇ ਗੋਰੀ ਨਾਲ਼ ਵਿਆਹ ਕਰਵਾ ਕੇ ਉੱਥੇ ਹੀ ਸੈਟਲ ਹੋ ਗਿਆ ਸੀ। ਇਸ ਤਰ੍ਹਾਂ ਉਨ੍ਹਾਂ ਦੀ ਔਲਾਦ ਵਿਦੇਸ਼ਾਂ ਤੱਕ ਫੈਲ ਗਈ ਸੀ। ਉਨ੍ਹਾਂ ਦੇ ਚਾਰ ਦੋਹਤੀਆਂ, ਦੋ ਦੋਹਤੇ ਅਤੇ ਇਕ ਪੋਤਾ ਸੀ। ਤੀਹ ਸਾਲ ਪਹਿਲਾਂ ਜਦੋਂ ਉਨ੍ਹਾਂ ਦਾ ਵਿਆਹ ਹੋਇਆ ਸੀ, ਉਦੋਂ ਉਹ ਦੋਨੋਂ ਸਨ ਤੇ ਹੁਣ ਉਮਰ ਦੇ ਇਸ ਪੜਾ ਤੇ ਆ ਕੇ ਮੁੜ ਦੋਨੋਂ ਰਹਿ ਗਏ ਸਨ। ਦੇਵ ਨੂੰ ਤੀਹ ਸਾਲ ਇੰਦਰਾ ਨੇ ਜੋ ਪਿਆਰ ਦਿੱਤਾ ਸੀ, ਉਹ ਬੇ ਮਿਸਾਲ ਸੀ। ਹੁਣ ਵੀ ਉਹ ਇਕ ਦੂਜੇ ਬਿਨਾਂ ਇਕ ਰਾਤ ਲਈ ਵੀ ਅਲੱਗ ਨਹੀਂ ਸਨ ਰਹਿ ਸਕਦੇ। ਉਹ ਵਿਦੇਸ਼' ਚ ਵਸਦੇ ਬੱਚਿਆਂ ਨੂੰ ਮਿਲ ਜਰੂਰ ਆਉਂਦੇ ਸਨ ਪਰ ਉਨ੍ਹਾਂ ਦਾ ਇਹ ਆਖਾ ਨਹੀਂ ਮੰਨਦੇ ਸਨ ਕਿ ਉਨ੍ਹਾਂ ਕੋਲ਼ ਜਾ ਕੇ ਪੱਕੇ ਤੌਰ' ਤੇ ਰਿਹਾ ਜਾਵੇ। 'ਇਕ ਸ਼ਰਤ ਜ਼ਰੂਰ ਲਾ ਦਿੱਤੀ ਏ ਕਿ ਜਦੋਂ ਸਾਡੇ' ਚੋ ਇਕ ਜਣਾ ਉਡਾਰੀ ਮਾਰ ਗਿਆ.... ' ਦੇਵ ਤੋਂ ਇਹ ਗੱਲ ਪੂਰੀ ਨਾ ਦੱਸ ਹੋਈ। ਉਸਦੀਆਂ ਅੱਖਾਂ ਵਿਚ ਪਾਣੀ ਚੜ੍ਹ ਆਇਆ ਤੇ ਉਸ ਕੋਲ਼ੋਂ ਵਾਕ ਵੀ ਪੂਰਾ ਨਾ ਹੋ ਸਕਿਆ। ਮਿਹਰ ਸਿੰਘ ਨੇ ਤੇ ਫਿਰ ਮੈਂ ਵੀ ਆਪਣੇ ਪਰਿਵਾਰ ਬਾਰੇ ਦੱਸਿਆ।

ਅਸੀਂ ਬਰਫ ਦੀ ਚੋਟੀ ਤੋਂ ਘਿਸਰਦੇ ਹੀ ਇੰਦਰਾ ਕੋਲ਼ ਵਾਪਸ ਪੁੱਜੇ। ਬੱਚਿਆਂ ਵਰਗੀਆਂ ਹਰਕਤਾਂ ਕਰਦੇ ਤਿੰਨ ਬਾਬਿਆਂ ਨੂੰ ਦੇਖ ਲੋਕ ਹੱਸ ਰਹੇ ਸਨ ਤੇ ਅਵਾਜ਼ੇ ਕਸ ਰਹੇ ਸਨ। ਇੰਦਰਾ ਅੱਖਾਂ ਪੂੰਝਦੀ ਪੱਥਰ ਤੋਂ ਉੱਠੀ ਤੇ ਬੋਲੀ, 'ਮੈਂ ਵੀਰ ਜੀ ਤੁਹਾਡੀ ਕਹਾਣੀ 'ਸੂਰੇ' ਪੜ੍ਹ ਕੇ ਹਟੀ ਹਾਂ। ਦੀਵਾਰਾਂ ਵਿਚ ਚਿਣੇ ਜਾ ਰਹੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਮੇਰੀਆਂ ਅੱਖਾਂ ਮੂਹਰੇ ਸਾਖ਼ਸ਼ਾਤ ਆ ਖੜ੍ਹੇ। ਬਹੁਤ ਵਧੀਆ ਕਹਾਣੀ ਏ ਵੀਰ ਜੀ! ਆਪਣੇ ਆਪ ਤੇ ਕੰਟਰੋਲ ਨਹੀਂ ਹੋ ਸਕਿਆ।'

'ਹੱਲਿਆਂ ਸਮੇਂ ਤਾਂ ਮੈਂ ਸਾਲ ਕੁ ਦਾ ਹੋਵਾਂਗਾ। ਬੱਸ ਕਲਪਨਾ ਦੇ ਅਧਾਰ' ਤੇ ਹੀ ਇਹ ਕਹਾਣੀ ਲਿਖੀ ਗਈ।' ਮੈਂ ਦੱਸਿਆ।

'ਇਹ ਕਹਾਣੀ ਸੱਚੀ ਲਗਦੀ ਏ। ਕੋਈ ਹਵਾ' ਚੋਂ ਫੜ ਕੇ ਕਿਵੇਂ ਬਣਾ ਸਕਦਾ ਏ ਇਹ ਗੱਲਾਂ?'

'ਮੈਡਮ ਜਦੋਂ ਸਾਰੀ ਬਿਰਤੀ ਹੀ ਲੇਖਕ ਉੱਥੇ ਜੋੜ ਲੈਂਦਾ ਹੈ, ਕਹਾਣੀ ਦੇ ਪਾਤਰ ਆਪ ਹੀ ਅੱਖਾਂ ਮੂਹਰੇ ਘੁੰਮਣ ਲੱਗ ਜਾਂਦੇ ਹਨ। ਕਹਾਣੀ ਉਹੀ ਵਧੀਆ ਹੁੰਦੀ ਏ, ਜੋ ਪਾਠਕ ਨੂੰ ਸੱਚੀ ਲੱਗੇ।'

ਅਸੀਂ ਵਾਪਸ ਚੱਲੇ ਤਾਂ ਦੇਵ ਦੀ ਜ਼ੁਬਾਨ ਥਿੜਕਦੀ ਦੇਖ ਇੰਦਰਾ ਬੋਲੀ, 'ਮੈਨੂੰ ਵੀਰ ਜੀ ਹੈਰਾਨੀ ਹੋ ਰਹੀ ਏ, ਤੁਸੀਂ ਤਾਂ ਤਿੰਨੋਂ ਘੋੜੇ ਚੜ੍ਹੇ ਫਿਰਦੇ ਹੋ।'

'ਹੁਣ ਆਪਣੀ ਡਾਰਲਿੰਗ ਇੰਦਰਾ ਲਈ ਵੀ ਖੱਚਰ ਕਰ ਦੇਣੀ ਏਂ।' ਦੇਵ ਹੱਸਿਆ।

'ਮੈਨੂੰ ਨਹੀਂ ਲੋੜ... ਮੈਨੂੰ ਕੀ ਪਤਾ ਸੀ ਕਿ ਬਾਬਾ ਜੀ ਨੇ ਮੋਢੇ ਨਾਲ਼ ਝੋਲ਼ਾ ਕਿਉਂ ਲਟਕਾਇਆ ਹੋਇਆ ਸੀ।' ਉਹ ਹੱਸੀ।

ਰਸਤੇ ਵਿਚ ਉਹ ਦੇਵ ਕੋਲ਼ ਮੇਰੀਆਂ ਲਿਖਤਾਂ ਦੀ ਤਾਰੀਫ਼ ਕਰਨ ਲੱਗ ਪਈ। ਉਹ ਬੋਲੀ, 'ਤੁਹਾਨੂੰ ਪਤਾ ਏ? ਰੱਬ ਨੇ ਅੱਜ ਵੀਰ ਜੀ ਕਿਉਂ ਮਿਲਾਏ ਨੇ?'

'ਕਿਉਂ ਮਿਲਾਏ ਨੇ?'

'ਡਾਇਰੀਆਂ ਯਾਦ ਨੇ ਤੁਹਾਨੂੰ?'

'ਕਿਹੜੀਆਂ ਡਾਇਰੀਆਂ?' ਦੇਵ ਬੋਲਿਆ।

'ਜਿਨ੍ਹਾਂ ਵਿਚ ਤੁਸੀਂ ਆਪਣਾ ਇਤਿਹਾਸ ਦਰਜ਼ ਕੀਤਾ ਹੋਇਆ ਏ ਤੇ ਜਿਹੜੀਆਂ ਵਿਚਾਰੀਆਂ ਤੀਹ ਸਾਲਾਂ ਤੋਂ ਅਟੈਚੀ ਵਿਚ ਬੰਦ ਹੋਈਆਂ ਪਈਆਂ ਨੇ। ਬੱਸ ਹੁਣ ਰਾਮ ਜੀ ਮਿਲ ਗਏ ਨੇ। ਜਗਾਉਣਗੇ ਠੋਕਰ ਮਾਰ ਕੇ ਸੁੱਤੀ ਅਹੱਲਿਆ ਨੂੰ।'

'ਕਬੀਲਦਾਰੀ ਨੇ ਹੀ ਮੱਤ ਮਾਰੀ ਰੱਖੀ, ਮੈਂ ਤਾਂ ਇੰਦਰਾ ਬਿਲਕੁਲ ਭੁੱਲ ਗਿਆ ਸਾਂ।'

ਗੱਡੀ ਵਿਚ ਬੈਠਦੀ ਸਾਰ ਇੰਦਰਾ ਫਿਰ ਖਰੜਾ ਪੜ੍ਹਨ ਵਿਚ ਗੁਆਚ ਗਈ। ਪੈੱਗ ਲੱਗੇ ਹੋਣ ਕਰਕੇ ਅਸੀਂ ਤਿੰਨੋਂ ਸੁਸਤਾਉਣ ਲੱਗੇ। ਹੌਲ਼ੀ-ਹੌਲ਼ੀ ਸੌਂ ਗਏ। ਮਨਾਲੀ ਪੁੱਜ ਕੇ ਡਰਾਇਵਰ ਨੇ ਕਿਸੇ ਹੋਟਲ ਅੱਗੇ ਗੱਡੀ ਰੋਕ ਲਈ ਤੇ ਚਾਹ ਪੀਣ ਦੀ ਇੱਛਾ ਜਾਹਰ ਕੀਤੀ।

ਉੱਥੇ ਡਰਾਇਵਰ ਨੇ ਇਕੱਲੀ ਚਾਹ ਪੀਤੀ ਤੇ ਅਸੀਂ ਰੋਟੀ ਖਾ ਲਈ। ਰਾਤ ਅਸੀਂ ਕੁੱਲੂ ਕੱਟੀ ਤੇ ਅਗਲੇ ਦਿਨ ਸਵੇਰੇ ਹੀ ਮੋਹਾਲੀ ਲਈ ਚੱਲ ਪਏ। ਕਿਉਂਕਿ ਇੰਦਰਾ ਨੇ ਹੁਕਮ ਕਰ ਦਿੱਤਾ ਸੀ ਕਿ ਸਾਨੂੰ ਉਨ੍ਹਾਂ ਕੋਲ਼ ਮੋਹਾਲੀ ਜ਼ਰੂਰ ਜਾਣਾ ਪਵੇਗਾ। ਮੋਹਾਲੀ ਪੁੱਜੇ ਤਾਂ ਇੰਦਰਾ ਨੇ ਫਿਰ ਹੁਕਮ ਕੀਤਾ ਕਿ ਇਕ ਰਾਤ ਸਾਨੂੰ ਮੋਹਾਲੀ ਬਿਤਾਉਣੀ ਪਵੇਗੀ। 'ਠੀਕ ਹੈ ਜੀ' ਕਹਿਕੇ ਅਸੀਂ ਸਿਰ ਝੁਕਾ ਦਿੱਤਾ।

ਅਗਲੀ ਸਵੇਰ ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਇੰਦਰਾ ਚਾਹ ਦਾ ਕੱਪ ਲੈ ਕੇ ਆ ਗਈ ਤੇ ਬੋਲੀ, 'ਵੀਰ ਜੀ ਮੈਂ ਆਪਣੇ ਮਾਪਿਆਂ ਦੀ ਇਕਲੌਤੀ ਧੀ ਹਾਂ। ਮੇਰਾ ਕੋਈ ਭੈਣ ਭਰਾ ਨਹੀਂ। ਮੈਂ ਚਾਹੁੰਦੀ ਹਾਂ, ਤੁਸੀਂ ਮੇਰੇ ਭਰਾ ਬਣ ਜਾਵੋ।'

'ਠੀਕ ਏ ਭੈਣ, ਤੁਹਾਡੇ ਵਰਗੀਆਂ ਭੈਣਾਂ ਕਿਤੇ ਮਿਲਦੀਆਂ ਨੇ? ਲਿਆਓ ਰੱਖੜੀ ਬੰਨ੍ਹੋ ਮੇਰੇ ਗੁੱਟ' ਤੇ।' ਮੈਂ ਕਿਹਾ ਤਾਂ ਉਸ ਨੇ ਆਪਣੀ ਬੰਦ ਮੁੱਠੀ ਖੋਹਲ ਦਿੱਤੀ ਜਿਸ ਵਿਚ ਇਕ ਨਿੱਕੀ ਜਿਹੀ ਖੰਮਣੀ ਪਈ ਸੀ।

ਉਹ ਖੰਮਣੀ ਮੇਰੇ ਗੁੱਟ ਤੇ ਬੰਨ੍ਹ ਰਹੀ ਸੀ ਕਿ ਦੇਵ ਵੀ ਆ ਗਿਆ। ਉਹ ਬੋਲਿਆ, 'ਕਮਾਲ ਏ ਬਈ, ਚੋਰੀ ਚੋਰੀ ਰਿਸ਼ਤੇਦਾਰੀਆਂ ਗੰਢੀਆਂ ਜਾ ਰਹੀਆਂ ਨੇ।'

'ਤੁਸੀਂ ਜੋ ਗੰਢੀਆਂ ਉਹ ਵੀ ਵੀਰ ਜੀ ਨੂੰ ਦਿਖਾਉਂਦੀ ਹਾਂ।' ਉਹ ਬੋਲੀ ਤੇ ਇਕ ਸੂਟਕੇਸ ਚੁੱਕ ਲਿਆਈ। ਖੋਲ੍ਹਿਆ ਤਾਂ ਉਹ ਡਾਇਰੀਆਂ ਨਾਲ਼ ਭਰਿਆ ਪਿਆ ਸੀ। ਉਹ

ਬੋਲੀ, 'ਵੀਰ ਜੀ ਜਦ ਸਾਡਾ ਵਿਆਹ ਹੋਇਆ ਤਾਂ ਦੇਵ ਜੀ ਫੜ੍ਹਾਂ ਮਾਰਨ ਕਿ ਮੈਂ ਉਨ੍ਹਾਂ ਦੀ ਜ਼ਿੰਦਗੀ ਵਿਚ ਆਉਣ ਵਾਲ਼ੀ ਪਹਿਲੀ ਤੇ ਆਖਰੀ ਔਰਤ ਹੋਵਾਂਗੀ। ਆਹ ਪੜ੍ਹਨਾ ਇਨ੍ਹਾਂ ਦੇ ਕਿੱਸੇ।'

'ਚੱਲ ਹੁਣ ਯਾਰ, ਮਤਲਬ ਦੀ ਗੱਲ ਕਰ। ਸਭ ਡਾਇਰੀਆਂ ਵਿਚ ਲਿਖਿਆ ਏ ਪੜ੍ਹ ਲੈਣਗੇ ਆਪੀ। ਹੁਣ ਮੈਨੂੰ ਠਿੱਠ ਕਰਨ ਦਾ ਕੀ ਫਾਇਦਾ।'

'ਛੱਡ ਤਾਂ ਦਿੰਦੀ ਹਾਂ... ਮਾੜਾ ਮੋਟਾ ਤਾਂ ਦੱਸਣਾ ਹੀ ਪਵੇਗਾ। ਨਹੀਂ ਸੁਣ ਸਕਦੇ ਤਾਂ ਦੂਜੇ ਕਮਰੇ ਵਿਚ ਚਲੇ ਜਾਓ।' ਇੰਦਰਾ ਬੋਲੀ।

'ਚੰਗਾ ਦੱਸ ਦੇ ਬਈ... ਆਹ ਦੇਖ ਕੰਨ ਫੜੇ।' ਦੇਵ ਨੇ ਕਿਹਾ।

ਇੰਦਰਾ ਨੇ ਮੈਨੂੰ ਉਨ੍ਹਾਂ ਡਾਇਰੀਆਂ ਦਾ ਰਾਜ ਦੱਸਿਆ ਕਿ ਇਹ ਦੇਵ ਨੇ ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਆਪਣੇ ਦੋਸਤ ਬਸ਼ੀਰ ਦੇ ਘਰ ਇਸ ਡਰ ਨਾਲ਼ ਰੱਖ ਦਿੱਤੀਆਂ ਸਨ ਕਿ ਇਨ੍ਹਾਂ ਦੇ ਅਤੀਤ ਨੂੰ ਇੰਦਰਾ ਦੇਖ ਨਾ ਸਕੇ। ਪਰ ਇਹ ਡਾਇਰੀਆਂ ਕਿਸੇ ਤਰ੍ਹਾਂ ਇੰਦਰਾ ਦੇ ਹੱਥ ਲੱਗ ਗਈਆਂ। ਦੇਵ ਨੂੰ ਪਤਾ ਲੱਗਾ ਤਾਂ ਉਹ ਘਬਰਾ ਗਿਆ। ਇੰਦਰਾ ਨੇ ਹੀ ਉਸ ਨੂੰ ਹੌਸਲਾ ਦਿੱਤਾ ਕਿ ਸੱਚ ਜਾਣਨ ਨਾਲ਼ ਸਗੋਂ ਉਹ ਇਕ ਦੂਜੇ ਦੇ ਹੋਰ ਨੇੜੇ ਆਏ ਹਨ। ਉਨ੍ਹਾਂ ਨੇ ਫੈਸਲਾ ਕੀਤਾ ਕਿ ਇਹ ਡਾਇਰੀਆਂ ਕਿਸੇ ਲੇਖਕ ਦੇ ਹਵਾਲੇ ਕਰ ਕੇ ਉਸ ਨੂੰ ਇਨ੍ਹਾਂ ਤੇ ਅਧਾਰਿਤ ਨਾਵਲ ਲਿਖਣ ਲਈ ਕਿਹਾ ਜਾਵੇ।

'ਵੀਰ ਜੀ ਤੀਹ ਸਾਲ ਅਸੀਂ ਕਬੀਲਦਾਰੀ ਦਾ ਬੋਝ ਢੋਂਦੇ ਰਹੇ। ਚਾਰੇ ਬੱਚਿਆਂ ਨੂੰ ਪੜ੍ਹਾਇਆ ਲਿਖਾਇਆ ਤੇ ਵਿਆਹ ਕੀਤੇ। ਹੁਣ ਵਿਹਲੇ ਹੋਏ ਹਾਂ ਤਾਂ ਤੁਸੀਂ ਵੀ ਮਿਲ ਗਏ ਤੇ ਡਾਇਰੀਆਂ ਦਾ ਚੇਤਾ ਵੀ ਆ ਗਿਆ।'

ਮੈਂ ਇਕ ਡਾਇਰੀ ਚੁੱਕ ਕੇ ਇਕ ਦੋ ਸਫੇ ਪੜ੍ਹੇ। ਮੈਨੂੰ ਦੇਗ' ਚੋਂ ਇਕ ਦਾਣਾ ਚੁੱਕ ਕੇ ਦੇਖਣਾ ਹੀ ਕਾਫ਼ੀ ਲੱਗਾ। ਮੈਂ ਨਾਵਲ ਲਿਖਣ ਲਈ ਹਾਮੀ ਭਰ ਦਿੱਤੀ।

'ਅਸੀਂ ਤੁਹਾਨੂੰ ਮੂੰਹ ਮੰਗਿਆ ਮਿਹਨਤਾਨਾ ਦਿਆਂਗੇ ਵੀਰ ਜੀ।' ਇੰਦਰਾ ਬੋਲੀ।

'ਨਹੀਂ ਉਸਦੀ ਲੋੜ ਨਹੀਂ। ਜੇ ਭਰਾ ਹੀ ਬਣਾ ਲਿਆ ਫਿਰ ਮਿਹਨਤਾਨੇ ਦਾ ਕੀ ਮਤਲਬ?' ਮੈਂ ਕਿਹਾ।

'ਮੈਂ ਤੁਹਾਡੇ ਲਈ ਕਿਸੇ ਵੀ ਹਿੱਲ ਸਟੇਸ਼ਨ ਦੇ ਹੋਟਲ ਵਿਚ ਕਮਰਾ ਬੁੱਕ ਕਰਵਾ ਦਿਆਂਗੀ। ਤੁਸੀਂ ਉੱਥੇ ਜਿੰਨੀ ਦੇਰ ਮਰਜੀ ਰਹਿ ਕੇ ਇਹ ਨਾਵਲ ਪੂਰਾ ਕਰ ਲੈਣਾ। ਜੇ ਕਹੋਗੇ ਤਾਂ ਕਿਸੇ ਕੰਪਿਊਟਰ ਮਾਹਰ ਦਾ ਵੀ ਪ੍ਰਬੰਧ ਕਰ ਦਿਆਂਗੇ, ਜੋ ਨਾਲ਼ ਦੀ ਨਾਲ਼ ਟਾਈਪ ਕਰਦਾ ਜਾਵੇ।'

'ਇਹ ਤਾਂ ਬਾਅਦ ਵਿਚ ਸੋਚਾਂਗੇ, ਪਹਿਲਾਂ ਮੈਨੂੰ ਸਭ ਕੁਝ ਪੜ੍ਹਨ ਦਿਓ।' ਮੈਂ ਕਿਹਾ।

ਡਾਇਰੀਆਂ ਵਾਲ਼ਾ ਅਟੈਚੀਕੇਸ ਉਸ ਨੇ ਗੱਡੀ ਵਿਚ ਰਖਵਾ ਦਿੱਤਾ। ਉਨ੍ਹਾਂ ਦਾ ਡਰਾਇਵਰ ਸਾਨੂੰ ਦੋਨਾਂ ਦੇ ਘਰ ਤੀਕ ਛੱਡ ਕੇ ਗਿਆ। ਡਾਇਰੀਆਂ ਪੜ੍ਹਨ ਮਗਰੋਂ ਇਸ ਨਾਵਲ ਦੀ ਸਕਰਿਪਟ ਮੈਂ ਚਾਰ ਮਹੀਨਿਆਂ ਵਿਚ ਲਿਖੀ। ਅੰਤਿਮ ਖਰੜਾ ਤਿਆਰ ਕਰਨ ਲਈ ਮੈਨੂੰ ਇਹ ਨਾਵਲ ਤਿੰਨ ਵਾਰੀ ਲਿਖਣਾ ਪਿਆ। ਜਦੋਂ ਮੋਹਾਲੀ ਜਾ ਕੇ ਦੇਵ ਅਤੇ

ਇੰਦਰਾ ਨੂੰ ਪੜ੍ਹ ਕੇ ਸੁਣਾਇਆ ਤਾਂ ਕਈ ਤਰੁਟੀਆਂ ਹੋਰ ਨਿਕਲ਼ ਆਈਆਂ। ਸੋ ਮੈਂ ਚੌਥੀ ਵਾਰੀ ਸਕਰਿਪਟ ਫਿਰ ਲਿਖੀ।

ਜ਼ਿੰਦਗੀ ਵਿਚ ਜੋ ਪੈੜਾਂ ਮਨੁੱਖ ਪਿੱਛੇ ਛੱਡ ਆਉਂਦਾ ਹੈ, ਉਹ ਗੁਆਚਦੀਆਂ ਜਾਂਦੀਆਂ ਹਨ। ਜਿਨ੍ਹਾਂ ਪੜਾਵਾਂ ਤੇ ਬਹਿਕੇ ਉਹ ਪਲ ਭਰ ਸੁਸਤਾਉਂਦਾ ਹੈ, ਉੱਧਰ ਨੂੰ ਦੁਬਾਰਾ ਨਿਕਲ਼ਣ ਦਾ ਵਕਤ ਹੀ ਨਹੀਂ ਮਿਲਦਾ। ਮੰਜ਼ਿਲ ਉਹੀ ਜੋ ਮਨੁੱਖ ਨੂੰ ਸੰਤੁਸ਼ਟ ਕਰ ਦੇਵੇ ।

**00**

# ਇਕ

ਚਮਕੌਰ ਸਾਹਿਬ ਦਾ ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹੀ ਸਾਹਿਬ ਗੁਰਦੁਆਰੇ ਦੀਆਂ ਜੜ੍ਹਾਂ ਵਿਚ ਸਥਿੱਤ ਸੀ। ਜਮਾਤਾਂ ਦੇ ਬੈਠਣ ਲਈ ਚਾਰ ਕੱਚੇ ਕਮਰੇ ਸਨ। ਹੈੱਡਮਾਸਟਰ ਦਾ ਦਫ਼ਤਰ ਪੱਕੀ ਇੱਟ ਦਾ ਬਣਿਆ ਹੋਇਆ ਸੀ। ਅੱਗੇ ਖੁੱਲ੍ਹਾ ਵਿਹੜਾ ਸੀ, ਜਿਸ ਵਿਚ ਇਕ ਬਹੁਤ ਵੱਡਾ ਬਰੋਟਾ ਸੀ। ਸਕੂਲ ਦੀ ਕੋਈ ਚਾਰਦੀਵਾਰੀ ਨਹੀਂ ਸੀ ਹੁੰਦੀ। ਸਕੂਲ ਵਿੱਚੋਂ ਹੀ ਕਾਫ਼ੀ ਉਚਾਈ ਤੇ ਬਣੇ ਗੁਰਦੁਆਰੇ ਤੱਕ ਜਾਣ ਲਈ ਸੌ ਦੇ ਕਰੀਬ ਸਟੈਪਾਂ ਵਾਲ਼ੀਆਂ ਲਾਲ ਰੰਗ ਦੀਆਂ ਪੱਕੀਆਂ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਸੀ। ਗੁਰਦੁਆਰੇ ਦਾ ਚੌੜੇ ਥਮਲਿਆਂ ਵਾਲ਼ਾ ਵੱਡਾ ਸਾਰਾ ਇੱਕੋ ਕਮਰਾ ਸੀ, ਜਿਸ ਦੇ ਗੱਭੇ ਮਹਾਰਾਜ ਦਾ ਪ੍ਰਕਾਸ਼ ਕਰ ਕੇ ਮੂਹਰੇ ਰੁਮਾਲਿਆਂ ਉੱਤੇ ਪੁਰਾਣੇ ਖੰਡੇ, ਕਿਰਪਾਨਾ, ਚੱਕਰ, ਬੱਲਮ, ਬਰਛੇ ਬਗੈਰਾ ਰੱਖੇ ਹੁੰਦੇ ਸਨ। ਬਾਹਰ ਇਕ ਪਾਸੇ ਬਹੁਤ ਉੱਚਾ ਨਿਸ਼ਾਨ ਸਾਹਿਬ ਸੀ, ਜਿਸ ਦੇ ਸਿਖ਼ਰ ਤੇ ਵੱਡਾ ਸਾਰਾ ਸੁਨਹਿਰੀ ਖੰਡਾ ਚਮਕਦਾ ਤੇ ਤਿਕੋਨਾ ਕੇਸਰੀ ਕੱਪੜਾ ਹਵਾ ਨਾਲ਼ ਝੂਲਦਾ ਰਹਿੰਦਾ। ਗੁਰਦੁਆਰੇ ਦੇ ਇਰਦ-ਗਿਰਦ ਚੂਨੇ ਦਾ ਪੱਕਾ ਫਰਸ਼ ਅਤੇ ਚਾਰ ਦੀਵਾਰੀ ਸੀ ਜਿੱਥੇ ਖੜ੍ਹ ਕੇ ਕਤਲਗੜ੍ਹ, ਦਮਦਮਾ ਸਾਹਿਬ ਤੇ ਤਾੜੀ ਸਾਹਿਬ ਦੇ ਗੁਰਦੁਆਰਿਆਂ ਦੇ ਗੁੰਬਦ ਅਤੇ ਪੂਰਾ ਚਮਕੌਰ ਸ਼ਹਿਰ ਦਿਖਾਈ ਦਿੰਦਾ। ਨੀਲੇ ਰੰਗ ਦਾ ਕਲੀਆਂ ਵਾਲ਼ਾ ਚੋਗਾ ਤੇ ਪਿੰਨੀਆਂ ਤੱਕ ਚਿੱਟਾ ਕਛਹਿਰਾ ਪਾਈ, ਸਿਰ ਉੱਤੇ ਲੋਹੇ ਦੇ ਚੱਕਰ ਵਾਲ਼ੀ ਕੇਸਰੀ ਦਸਤਾਰ ਸਜਾਈ ਗੁਰਦੁਆਰੇ ਦਾ ਬਜ਼ੁਰਗ ਕੁੱਬਾ ਭਾਈ ਜੀ ਸੀਤਲ ਸਿੰਘ ਹਮੇਸ਼ਾ ਹੀ ਕਦੀ ਪੌੜੀਆਂ ਚੜ੍ਹ ਰਿਹਾ ਹੁੰਦਾ ਤੇ ਕਦੀ ਉਪਰੋਂ ਹੇਠ ਉਤਰ ਰਿਹਾ ਹੁੰਦਾ। ਉਹ ਪੜ੍ਹਾਕੂ ਮੁੰਡਿਆਂ ਵੱਲ ਝਾਕਦਾ ਤਾਂ ਉਸ ਦੀ ਲੰਬੀ ਚਿੱਟੀ ਦਾੜ੍ਹੀ ਝੂਲਦੀ ਤੇ ਟੀਰ ਵਾਲ਼ੀ ਖੱਬੀ ਅੱਖ ਲਿਸ਼ਕੋਰ ਮਾਰਦੀ। ਉਸ ਤੋਂ ਬਿਨਾਂ ਕੋਈ ਵਿਰਲ਼ਾ ਟਾਵਾਂ ਬੰਦਾ ਹੀ ਉੱਥੇ ਦਿਖਾਈ ਦਿੰਦਾ। ਸੰਗਰਾਂਦ ਵਾਲ਼ੇ ਦਿਨ ਵੀ ਗੁਰਦੁਆਰੇ ਵਿਚ ਕੋਈ ਦੀਵਾਨ ਨਾ ਸਜਦਾ ਤੇ ਨਾ ਹੀ ਆਸਾ ਦੀ ਵਾਰ ਵਾਲ਼ੇ ਛੈਣੇ ਢੋਲਕੀਆਂ ਖੜਕਾਉਂਦੇ। ਮਹੀਨੇ ਦਾ ਨਾਂ ਕਈ ਕਈ ਵਾਰੀ ਜ਼ਰੂਰ ਪੜ੍ਹਿਆ ਜਾਂਦਾ। ਲਾਊਡ ਸਪੀਕਰ ਤਾਂ ਕੋਈ ਹੁੰਦਾ ਨਹੀਂ ਸੀ। ਭਾਈ ਜੀ ਦੀ ਗੜ੍ਹਕਵੀਂ ਆਵਾਜ਼ ਮੁੰਡਿਆਂ ਨੂੰ ਕਲਾਸਾਂ ਵਿਚ ਬੈਠਿਆਂ ਨੂੰ ਸੁਣਾਈ ਦਿੰਦੀ।

ਸੰਗਰਾਦ ਵਾਲ਼ੇ ਦਿਨ ਭਾਈ ਜੀ ਕੇਵਲ ਇਕ ਬਾਟਾ ਕੜਾਹ ਪ੍ਰਸ਼ਾਦ ਦਾ ਤਿਆਰ ਕਰਦਾ ਤੇ ਅਖਰੋਟ ਕੁ ਜਿੰਨਾ ਹਰ ਕਿਸੇ ਦੇ ਅੱਡੇ ਉਂਜਲ਼ੇ ਵਿਚ ਧਰ ਕੇ ਸਾਰੀ ਸੰਗਤ ਨੂੰ

ਭੁਗਤਾ ਦਿੰਦਾ। ਲੋਕ ਦੱਸਦੇ ਕਿ ਐਥੇ ਕੱਚੀ ਗੜ੍ਹੀ ਵਿਚ ਘਿਰੇ ਬਹੁਤ ਸਾਰੇ ਸਿੰਘਾਂ ਨੇ ਮੁਗਲਾਂ ਨਾਲ਼ ਲੜਾਈ ਵੇਲ਼ੇ ਇਕ ਤਿਲ ਵੰਡ ਕੇ ਖਾਧਾ ਸੀ। ਚਮਕੌਰ ਦੇ ਆਲ਼ੇ-ਦੁਆਲੇ ਦੇ ਸਾਰੇ ਪਿੰਡਾਂ ਵਿਚ ਤਿਲ ਦੀ ਖੇਤੀ ਹੁੰਦੀ ਸੀ। ਪੜ੍ਹਾਕੂ ਮੁੰਡੇ ਸੋਚਦੇ ਕਿ ਹਜ਼ਾਰ ਤਿਲਾਂ ਨਾਲ਼ ਵੀ ਸ਼ਾਇਦ ਖਾਣ ਵਾਲ਼ਾ ਇਕ ਤਲੂੰਆਂ ਨਾ ਬਣ ਸਕਦਾ ਹੋਵੇ। ਇਕ ਤਿਲ ਵੰਡ ਕੇ ਖਾਣ ਵਾਲ਼ੀ ਗੱਲ ਉਨ੍ਹਾਂ ਨੂੰ ਹਜ਼ਮ ਨਾ ਹੁੰਦੀ। ਐਨਾ ਛੋਟਾ ਤਿਲ ਐਨੇ ਸਿੰਘਾਂ ਨੇ ਕਿਵੇਂ ਵੰਡਿਆ ਹੋਵੇਗਾ, ਫਿਰ ਹਿੱਸੇ ਬਹਿੰਦਾ ਹਲਕ ਤੋਂ ਅੱਗੇ ਕਿਵੇਂ ਗਿਆ ਹੋਵੇਗਾ, ਇਹ ਉਨ੍ਹਾਂ ਲਈ ਇਕ ਬੁਝਾਰਤ ਹੀ ਸੀ। ਉਹ ਇਕ ਤਿਲ ਲੈ ਕੇ ਬਲੇਡ ਨਾਲ਼ ਕੱਟ ਕੱਟ ਛੋਟੇ ਟੁਕੜੇ ਕਰ ਲੈਂਦੇ ਜਿਨ੍ਹਾਂ ਦੀ ਗਿਣਤੀ ਅੱਠ-ਦਸ ਤੋਂ ਅੱਗੇ ਨਾ ਜਾਂਦੀ। ਇਕ ਹਿੱਸਾ ਦੂਜੇ ਨੂੰ ਦੇ ਕੇ ਉਹ ਆਖਦੇ, 'ਲੈ ਬਈ ਸਿੰਘਾ ਖਾ ਕੇ ਦਿਖਾ।'

ਸਕੂਲ ਵਿਚ ਕਈ ਜਾਤਾਂ, ਧਰਮਾਂ ਦੇ ਦੋ ਢਾਈ ਸੌ ਮੁੰਡੇ ਪੜ੍ਹਦੇ ਸਨ। ਕੁੜੀ ਕੋਈ ਨਹੀਂ ਸੀ ਹੁੰਦੀ। ਉਨ੍ਹਾਂ ਨੂੰ ਪੜ੍ਹਾਉਣ ਦਾ ਰਿਵਾਜ਼ ਸ਼ਾਇਦ ਅਜੇ ਨਹੀਂ ਪਿਆ ਹੋਵੇਗਾ। ਸਲਾਹਪੁਰ ਪਿੰਡ ਤੋਂ ਇਸ ਸਕੂਲ ਵਿਚ ਅੱਠ-ਨੌਂ ਮੁੰਡੇ ਪੜ੍ਹਦੇ ਸਨ। ਉਸ ਪਿੰਡ ਵਿਚ ਅਜੇ ਜਾਤ-ਪਾਤ ਪੂਰੇ ਜਲ਼ੌਅ ਵਿਚ ਸੀ। ਨੀਵੀਂ ਜਾਤ ਸਮਝੇ ਜਾਣ ਵਾਲ਼ੇ ਲੋਕਾਂ ਨੂੰ ਖੂਹ ਤੇ ਚੜ੍ਹਨ ਜਾਂ ਗੁਰਦੁਆਰੇ ਵੜਨ ਦੀ ਆਗਿਆ ਨਹੀਂ ਸੀ। ਉਹ ਲੰਗਰ ਖਾਣ ਲਈ ਲੱਗੀ ਲਾਈਨ ਵਿਚ ਵੀ ਨਹੀਂ ਸਨ ਬੈਠ ਸਕਦੇ। ਇਹੋ ਵਰਤਾਉ ਮੁਸਲਮਾਨਾਂ ਅਤੇ ਜੁਲਾਹਿਆਂ ਨਾਲ਼ ਕੀਤਾ ਜਾਂਦਾ ਸੀ। ਇਨ੍ਹਾਂ 'ਛੋਟੀਆਂ ਜਾਤਾਂ' ਦੇ ਹੱਥੋਂ ਲੈ ਕੇ ਕੁਝ ਖਾਣ-ਪੀਣ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਇਨ੍ਹਾਂ ਦੇ ਹੱਥ ਦਾ ਛੂਹਿਆ ਭੋਜਨ ਜਾਂ ਬਰਤਨ ਵਰਤੋਂ ਯੋਗ ਨਹੀਂ ਸੀ ਰਹਿੰਦਾ। ਜੇ ਕੋਈ ਭਾਂਡਾ ਇਨ੍ਹਾਂ ਦੇ ਛੂਹਣ ਨਾਲ਼ 'ਭਿੱਟਿਆ' ਜਾਂਦਾ ਤਾਂ ਉਸ ਨੂੰ ਅੱਗ ਵਿਚ ਪਾ ਕੇ ਸ਼ੁੱਧ ਕੀਤਾ ਜਾਂਦਾ। ਇਸੇ ਪਿੰਡ ਦੇ ਛੇ ਮੁੰਡੇ ਚੌਥੀ ਜਮਾਤ ਵਿਚ ਪੜ੍ਹਦੇ ਸਨ। ਤਿੰਨ ਸੈਣੀਆਂ ਦੇ ਮਾਨ੍ਹਾਂ, ਬਲਵੀਰ ਤੇ ਸਾਨ੍ਹਾ, ਇਕ ਤੇਲੀਆਂ (ਮੁਸਲਮਾਨਾਂ) ਦਾ ਬਸ਼ੀਰ, ਇਕ ਝਿਊਰਾਂ ਦਾ ਮਾਹੀ ਤੇ ਇਕ ਸੁਨਿਆਰਾਂ ਦਾ ਦੁਖੀ, ਜੋ ਆਪਣੇ ਨਾਨਕੇ ਪਿੰਡ ਰਹਿੰਦਾ ਸੀ। ਦੋ ਮੁੰਡੇ ਦੇਸੂ ਅਤੇ ਲੱਭੂ ਪਹਿਲਾਂ ਹੀ ਪੜ੍ਹਾਈ ਛੱਡ ਕੇ ਆਪਣੇ ਮਾਪਿਆਂ ਨਾਲ਼ ਮਰੇ ਪਸ਼ੂਆਂ ਦੀਆਂ ਖੱਲਾਂ ਲਾਹੁਣ ਜਾਂ ਖੇਤਾਂ ਵਿਚ ਦਿਹਾੜੀਆਂ ਕਰਨ ਲੱਗ ਪਏ ਸਨ।

ਸਕੂਲ ਵਿਚ ਹੈੱਡਮਾਸਟਰ ਲਛਮਣ ਦਾਸ, ਮਾਸਟਰ ਧਰਮ ਚੰਦ ਤੇ ਤਿੰਨ ਹੋਰ ਮਾਸਟਰ ਪੜ੍ਹਾਉਂਦੇ ਸਨ। ਸਕੂਲ ਪੜ੍ਹਦੇ ਬੱਚਿਆਂ ਵਿਚ ਜਾਤ-ਪਾਤ ਜਾਂ ਧਰਮ ਦਾ ਕੋਈ ਵਖਰੇਵਾਂ ਨਹੀਂ ਸੀ। ਸਾਰੇ ਮੁੰਡੇ ਅੱਧੀ ਛੁੱਟੀ ਵੇਲ਼ੇ ਟਾਟਾਂ ਉੱਤੇ ਬਹਿੰਦੇ ਤੇ ਘਰੋਂ ਪੋਣਿਆਂ ਵਿਚ ਬੰਨ੍ਹ ਕੇ ਲਿਆਂਦੀ ਰੋਟੀ ਖਾਂਦੇ। ਸੰਗਰਾਂਦ ਵਾਲ਼ੇ ਦਿਨ ਗੜ੍ਹੀ ਸਾਹਿਬ ਗੁਰਦੁਆਰੇ ਵਿਚ ਭੋਗ ਪੈਣ ਮਗਰੋਂ ਇਕੱਲੀ ਇਕੱਲੀ ਜਮਾਤ ਨੂੰ ਲਾਈਨਾਂ ਵਿਚ ਉੱਥੇ ਮੱਥਾ ਟੇਕਣ ਅਤੇ ਕੜਾਹ ਲੈਣ ਲਈ ਲਿਜਾਇਆ ਜਾਂਦਾ। ਮੁੰਡੇ ਕੜਾਹ ਲੈਣ ਮਗਰੋਂ ਭੋਰਾ ਭਰ ਮਿਲਿਆ ਕੜਾਹ ਆਪਣੇ ਆੜੀਆਂ ਨੂੰ ਦਿਖਾ ਕੇ ਮੂੰਹ ਵਿਚ ਸੁੱਟਦੇ ਤੇ ਕਹਿੰਦੇ, ਮੇਰਾ ਤਾਂ ਯਾਰ ਹਲ਼ਕ ਵੀ ਗਿੱਲਾ ਨੀ ਹੋਇਆ, ਤੇਰਾ ਕਿਵੇਂ ਆਂ?'

ਕੋਈ ਨਾ ਕੋਈ ਮਾਸਟਰ ਉਨ੍ਹਾਂ ਨੂੰ ਟੋਕ ਦਿੰਦਾ, 'ਕੰਜਰੋ ਅੰਮ੍ਰਿਤ ਢਿੱਡ ਭਰਨ ਲਈ ਨਹੀਂ ਹੁੰਦਾ। ਇਹਦਾ ਤਾਂ ਇਕ ਕਿਣਕਾ ਵੀ ਬਹੁਤ ਹੁੰਦਾ ਏ।'

ਸਕੂਲ ਦੇ ਪੱਛਮ ਵੱਲ ਹੇਠ ਨੂੰ ਉਤਰ ਕੇ ਭਾਈ ਜੀਵਨ ਸਿੰਘ ਦਾ ਗੁਰਦੁਆਰਾ ਸੀ। ਉੱਥੇ ਵੱਡੇ ਗੇਟ ਉੱਤੇ 'ਰੰਘਰੇਟੇ ਗੁਰੂ ਕੇ ਬੇਟੇ' ਲਿਖਿਆ ਹੁੰਦਾ ਸੀ। ਆਮ ਲੋਕ ਇਸ ਨੂੰ ਨੀਵੀਂ ਜਾਤ ਵਾਲ਼ਿਆਂ ਦਾ ਗੁਰਦੁਆਰਾ ਸਮਝਦੇ ਸਨ। ਕਈ ਮੁੰਡੇ ਵੀ ਕਹਿੰਦੇ, 'ਕੜਾਹ ਖਾਓਗੇ ਤਾਂ ਭਿੱਟੇ ਜਾਓਗੇ।' ਮਾਸਟਰਾਂ ਵੱਲੋਂ ਇਹ ਖੁੱਲ੍ਹ ਸੀ ਕਿ ਉਸ ਗੁਰਦੁਆਰੇ ਵਿਚ ਜਿਹੜਾ ਬੱਚਾ ਜਾਣਾ ਚਾਹੇ ਜਾ ਸਕਦਾ ਹੈ। ਉੱਥੇ ਕੜਾਹ ਦੀ ਵੱਡੀ ਕੜਾਹੀ ਭਰੀ ਹੁੰਦੀ ਤੇ ਨੌਜਵਾਨ ਭਾਈ ਜੀ, ਜਿਸ ਦੇ ਚਿੱਟੇ ਚੋਗੇ ਉੱਤੇ ਕਾਲ਼ੇ ਰੰਗ ਦਾ ਗਾਤਰਾ ਪਾਇਆ ਹੁੰਦਾ, ਕੜਾਹ ਦੇ ਖੁੱਲ੍ਹੇ ਗੱਫੇ ਨਾਲ਼ ਉਂਜਲ਼ਾ ਭਰ ਦਿੰਦਾ। ਮੁੰਡੇ ਹੱਥ ਪੂੰਝ ਕੇ ਦੋ ਦੋ ਵਾਰੀ ਵੀ ਦਾਅ ਮਾਰ ਲੈਂਦੇ। ਸਲਾਹਪੁਰ ਪਿੰਡ ਦੇ ਬਸ਼ੀਰ ਅਤੇ ਦੁਖੀ ਸਮੇਤ ਕਈ ਮੁੰਡੇ ਇਸ ਗੱਲੋਂ ਵੀ ਇਸ ਗੁਰਦੁਆਰੇ ਦਾ ਸਤਿਕਾਰ ਕਰਦੇ ਸਨ ਕਿ ਇਹੀ ਲੋਕ ਦਿੱਲੀ ਤੋਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਗਧੋਲੀ ਵਿਚ ਛੁਪਾ ਕੇ ਗੱਡੇ ਤੇ ਧਰ ਲਿਆਏ ਸਨ ਤੇ ਆਪਣੇ ਹੱਥੀਂ ਸਸਕਾਰ ਕੀਤਾ ਸੀ।

ਜੇ ਕੋਈ ਮੁੰਡਾ ਸਕੂਲ ਵਿਚ ਜਾਤ-ਪਾਤ ਜਾਂ ਛੂਆ-ਛੂਤ ਦਾ ਪ੍ਰਗਟਾਵਾ ਕਰਦਾ, ਕਿਸੇ ਨੂੰ ਨੀਵੀਂ ਜਾਤ ਦਾ ਆਖਦਾ ਤਾਂ ਮਾਸਟਰਾਂ ਵੱਲੋਂ ਉਸ ਦੀ ਖ਼ੂਬ ਖੁੰਬ ਠੱਪੀ ਜਾਂਦੀ। ਸਾਰੇ ਮਾਸਟਰ ਭਾਵੇਂ ਉੱਚੀਆਂ ਜਾਤਾਂ ਦੇ ਹੀ ਸਨ, ਪਰ ਉਨ੍ਹਾਂ ਨੇ ਸਾਰੇ ਪੜ੍ਹਾਕੂਆਂ ਨੂੰ ਬਰਾਬਰ ਕਰੀ ਰੱਖਿਆ ਸੀ। ਇਹ ਗੱਲ ਮੁੰਡਿਆਂ ਦੇ ਦਿਮਾਗਾਂ ਵਿਚ ਅਕਸਰ ਪਾਈ ਜਾਂਦੀ ਸੀ ਕਿ ਸਭ ਇੱਕੋ ਰੱਬ ਦੇ ਜਾਏ ਹਨ। ਕੋਈ ਵੱਡਾ ਛੋਟਾ ਨਹੀਂ ਹੁੰਦਾ। ਇਹ ਜਾਤਾਂ-ਧਰਮ ਬੰਦੇ ਦੇ ਹੀ ਬਣਾਏ ਹੋਏ ਹਨ। ਸਭ ਦਾ ਖ਼ੂਨ ਨਾਲ਼ ਹੈ ਤੇ ਸ਼ਰੀਰ ਦੇ ਅੰਗ ਉਵੇਂ ਕੰਮ ਕਰਦੇ ਹਨ। ਸਭ ਉਸੇ ਹਵਾ ਵਿੱਚੋਂ ਸਾਹ ਲੈਂਦੇ ਹਨ। ਜਿਵੇਂ ਸਾਰੇ ਕੌਂ, ਕੌਂ ਹਨ, ਕੁੱਤੇ-ਕੁੱਤੇ ਹਨ, ਗਧੇ-ਗਧੇ ਹਨ ਉਵੇਂ ਸਾਰੇ ਬੰਦੇ, ਬੰਦੇ ਹਨ।

ਸਕੂਲ ਦੇ ਬਾਹਰ ਪੱਕੀਆਂ ਦੀਵਾਰਾਂ ਉੱਤੇ ਵੀ ਕੁਝ ਬਲੈਕ ਬੋਰਡ ਬਣੇ ਹੁੰਦੇ ਸਨ। ਸਾਰੇ ਕਮਰਿਆਂ ਦੇ ਫਰਸ਼ ਕੱਚੇ ਹੁੰਦੇ ਸਨ। ਹਰ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਸਾਰੇ ਮੁੰਡੇ ਆਪੋ-ਆਪਣੀ ਕਲਾਸ ਦੇ ਫਰਸ਼ਾਂ ਨੂੰ ਗੋਹੇ ਮਿੱਟੀ ਨਾਲ਼ ਲਿੱਪ ਲੈਂਦੇ ਸਨ। ਚੌਥੀ ਜਮਾਤ ਦਾ ਪਹਿਲਾ ਮਨੀਟਰ ਜਿੰਦਰੂ ਸੀ। ਉਹ ਦਲਿਤ ਬਰਾਦਰੀ ਨਾਲ਼ ਸੰਬੰਧ ਰੱਖਦਾ ਸੀ ਤੇ ਚਮਕੌਰ ਦਾ ਹੀ ਵਾਸੀ ਸੀ। ਦੁਖੀ ਵੀ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਸੈਕਿੰਡ ਮਨੀਟਰ ਸੀ। ਜਿੰਦਰੂ ਅਤੇ ਦੁਖੀ ਦਾ ਸਾਰੀ ਜਮਾਤ ਉੱਤੇ ਰੋਹਬ ਚਲਦਾ ਸੀ। ਜਦੋਂ ਕੋਈ ਮਾਸਟਰ ਨਾ ਆਉਂਦਾ ਜਾਂ ਫਿਰ ਕਿਸੇ ਕਾਰਨ ਉਨ੍ਹਾਂ ਨੂੰ ਨਾ ਪੜ੍ਹਾਉਂਦਾ ਤਾਂ ਜਿੰਦਰੂ ਅਤੇ ਦੁਖੀ ਹੀ ਜਮਾਤ ਸੰਭਾਲਦੇ। ਪੰਜਾਬੀ ਜਾਂ ਹਿੰਦੀ ਦੀ ਬੋ-ਲਿਖਤ ਕਰਵਾਉਂਦੇ ਜਾਂ ਮੁੰਡਿਆਂ ਨੂੰ ਹਿਸਾਬ ਦੇ ਸਵਾਲ ਪਾਉਂਦੇ। ਗਲਤ ਸਵਾਲ ਹੱਲ ਕਰਨ ਵਾਲ਼ਿਆਂ ਦੇ ਆਪਣੇ ਮਾਸਟਰਾਂ ਵਾਂਗ ਹੀ ਡੰਡੇ ਲਾਉਂਦੇ ਜਾਂ ਕੰਨ ਫੜਾਉਂਦੇ। ਕੋਈ ਸ਼ਿਕਾਇਤ ਨਾ ਕਰ ਸਕਦਾ। ਦੁਖੀ ਘਰ ਜਾ ਕੇ ਆਪਣੀ ਇਸ ਟੌਅਰ ਬਾਰੇ ਆਪਣੇ ਮਾਮੇ ਘਨ੍ਹੱਈਏ ਨੂੰ ਦੱਸਦਾ ਤਾਂ ਉਹ ਉਸ ਨੂੰ ਬਾਹਾਂ ਵਿਚ ਚੁੱਕ ਲੈਂਦਾ ਤੇ ਕਹਿੰਦਾ, 'ਇਕ ਦਿਨ ਦੁਖੀ ਤੂੰ ਵਜ਼ੀਰ ਬਣੇਂਗਾ। ਸਾਰੇ ਲੋਕ ਤੈਨੂੰ ਸਲਾਮਾਂ ਮਾਰਿਆ ਕਰਨਗੇ।'

ਵੋਟਾਂ ਸਮੇਂ ਦੁਖੀ ਨੇ ਇਕ ਵਜ਼ੀਰ ਦੇਖਿਆ ਹੋਇਆ ਸੀ। ਉਸ ਦੀ ਥਾਂ ਉਹ ਆਪਣੇ

ਆਪ ਨੂੰ ਮਹਿਸੂਸ ਕਰਨ ਲੱਗ ਪੈਂਦਾ। ਉਹ ਕਹਿੰਦਾ, 'ਵਜ਼ੀਰ ਵੀ ਤਾਂ ਬੰਦੇ ਹੀ ਬਣਦੇ ਨੇ, ਗਧੇ ਥੋੜ੍ਹੀ ਬਣਦੇ ਨੇ। ਪੜ੍ਹਾ ਦੇਈਂ ਫੇਰ ਪੂਰਾ।'

'ਐਵੇਂ ਨਾ ਬਹੁਤਾ ਚਮ੍ਹਲਾਇਆ ਕਰ ਇਹਨੂੰ ਗਣੇਸੇ ਨੂੰ' ਕੋਲੋਂ ਦੀ ਦੁਖੀ ਦੀ ਮਾਮੀ ਲਲਤਾ ਬੋਲ ਪੈਂਦੀ। ਦੁਖੀ ਦਾ ਨੱਕ ਆਮ ਨਾਲੋਂ ਵੱਧ ਚੌੜਾ ਤੇ ਭਾਰੀ ਕੋਠੀ ਵਾਲ਼ਾ ਹੋਣ ਕਰਕੇ ਉਸ ਦੀ ਮਾਮੀ ਉਸ ਨੂੰ ਚਿੜਾਉਣ ਲਈ 'ਗਣੇਸਾ' ਹੀ ਆਖਦੀ।

ਜਿੰਦਰੂ ਦੁਖੀ ਦਾ ਗੂੜ੍ਹਾ ਮਿੱਤਰ ਸੀ। ਜਿੰਦਰੂ ਉਸ ਨੂੰ ਇਸ ਕਰਕੇ ਵੀ ਪਿਆਰ ਕਰਦਾ ਸੀ ਕਿ ਇਕੱਲਾ ਉਹ ਹੀ ਉਹਦੇ ਨਾਲ਼ ਬੈਠ ਕੇ ਅੱਧੀ ਛੁੱਟੀ ਵੇਲ਼ੇ ਰੋਟੀ ਖਾਂਦਾ ਸੀ ਤੇ ਉਹ ਆਪਣੀ ਰੋਟੀ ਜਾਂ ਅਚਾਰ ਵੀ ਬਦਲ ਲਿਆ ਕਰਦੇ ਸਨ। ਈਰਖਾ ਨਾਲ਼ ਦੂਜੇ ਜਮਾਤੀ ਦੁਖੀ ਦੇ ਮਾਮੇ ਕੋਲ਼ ਇਹ ਗੱਲ ਪਹੁੰਚਾ ਦਿੰਦੇ ਤਾਂ ਉਹ ਦੁਖੀ ਨੂੰ ਚੰਗਾ ਫੈਂਟਾ ਚਾੜ੍ਹ ਕੇ ਸਹੁੰ ਪਵਾ ਦਿਆ ਕਰਦਾ ਕਿ ਅੱਗੇ ਤੋਂ ਉਸ ਨੀਵੀਂ ਜਾਤ ਦੇ ਮੁੰਡੇ ਨਾਲ਼ ਉਹ ਰੋਟੀ ਨਹੀਂ ਖਾਵੇਗਾ। ਪਰ ਉਹ ਉਸ ਨਾਲ਼ ਰੋਟੀ ਖਾਣੋਂ ਕਦੀ ਵੀ ਨਾ ਹਟਦਾ ਤੇ ਨਾ ਹੀ ਉਹ ਆਪਣੇ ਮਾਮੇ ਦੀ ਸੋਚ ਬਾਰੇ ਜਾਂ ਕੁੱਟ ਪੈਣ ਬਾਰੇ ਜਿੰਦਰੂ ਨੂੰ ਕੁਝ ਦੱਸਦਾ।

ਮਹੀਨੇ ਦੇ ਆਖ਼ਰੀ ਦਿਨ ਅਧਿਆਪਕਾਂ ਨੇ ਰਜਿਸਟਰ-ਵਰਕ ਕਰਨਾ ਹੁੰਦਾ ਸੀ। ਉਹ ਹੁਸ਼ਿਆਰ ਮੁੰਡਿਆਂ ਨੂੰ ਤਿੰਨ-ਤਿੰਨ, ਚਾਰ-ਚਾਰ ਮੀਲ ਦੂਰ ਦੇ ਸਕੂਲਾਂ ਵਿਚ ਪਰਚੇ (ਚਿੱਠੀਆਂ) ਦੇ ਕੇ ਆਉਣ ਲਈ ਭੇਜ ਦਿੰਦੇ। ਦੁਖੀ ਅਤੇ ਜਿੰਦਰੂ ਦੀ ਡਿਊਟੀ ਤਾਂ ਪੱਕੀ ਹੀ ਲਗਦੀ। ਉਹ ਰਸਤੇ ਵਿਚ ਮੌਸਮ ਅਨੁਸਾਰ ਮੂੰਗਫਲੀ, ਚਿੱਭੜ, ਫੁੱਟਾਂ, ਬੇਰ, ਕੂਰ੍ਹੀਆਂ ਖਾਂਦੇ, ਖਰਬੂਜੇ ਤੋੜਦੇ, ਅੰਬੀਆਂ ਝਾੜਦੇ, ਗੰਨੇ ਚੂਪਦੇ ਖਰਮਸਤੀਆਂ ਕਰਦੇ ਜਾਂਦੇ। ਵਾਪਸੀ ਉੱਤੇ ਜਿੰਦਰੂ ਉਸਨੂੰ ਆਪਣੇ ਘਰ ਲੈ ਜਾਂਦਾ। ਇਕ ਰੋੜ੍ਹ ਜਿਹੀ ਦੇ ਉੱਤੇ ਉਨ੍ਹਾਂ ਦਾ ਕੜੀਆਂ-ਸ਼ਤੀਰਾਂ ਵਾਲ਼ਾ ਕੱਚਾ ਕੋਠਾ ਹੁੰਦਾ ਸੀ। ਕੋਠੇ ਦੇ ਨਾਲ਼ ਹੀ ਸੂਰਾਂ ਦੇ ਨਿੱਕੇ-ਨਿੱਕੇ ਕਈ ਘੁਰਨੇ ਸਨ। ਕੰਧ ਨਾਲ਼ ਬਣੀ ਕੱਚੀ ਖੁਰਲ਼ੀ ਉੱਤੇ ਇਕ ਗਾਂ ਵੀ ਬੰਨ੍ਹੀਂ ਹੁੰਦੀ, ਜੋ ਹਮੇਸ਼ਾ ਰੰਭ-ਰੰਭ ਕੇ ਖਾਣ ਲਈ ਕੁਝ ਮੰਗਦੀ ਰਹਿੰਦੀ। ਘਰ ਤੇ ਗਰੀਬੀ ਦਾ ਪੂਰਾ ਪ੍ਰਕੋਪ ਸੀ। ਉਸ ਦੀ ਮਾਂ ਤੇ ਭੈਣਾਂ ਸਾਰਾ ਦਿਨ ਇੱਧਰ-ਉੱਧਰ ਸੂਰ ਚਾਰਦੀਆਂ, ਲੱਕੜਾਂ ਤੋੜਦੀਆਂ, ਗੋਹਟੇ ਚੁਗਦੀਆਂ ਜਾਂ ਕੱਖ-ਕੰਡਾ ਲਿਆਉਣ ਲਈ ਖੇਤਾਂ ਵਿਚ ਮਾਰੀਆਂ ਮਾਰੀਆਂ ਫਿਰਦੀਆਂ। ਉਸ ਦਾ ਪਿਓ, ਘੁਮੰਡੀ ਲਾਲ ਬਜ਼ਾਰ ਦੇ ਮੋੜ ਉੱਤੇ ਇਕ ਖੋਖੇ ਵਿਚ ਸੂਰ ਦਾ ਸ਼ਿਕਾਰ ਵੇਚਦਾ ਹੁੰਦਾ ਸੀ। ਖੋਖੇ ਉੱਤੇ ਪੰਜਾਬੀ ਵਿਚ ਲਿਖਿਆ ਹੋਇਆ ਸੀ- ਘੁਮੰਡੀ ਲਾਲ ਸ਼ਿਕਾਰ ਦਾ ਮੀਟ। ਉਸ ਉੱਤੇ ਇਕ ਫ਼ੋਟੋ ਵਾਹੀ ਹੁੰਦੀ ਸੀ। ਇਹ ਫ਼ੋਟੋ ਘੁਮੰਡੀ ਲਾਲ ਦੀ ਸੀ ਜਾਂ ਸੂਰ ਦੀ, ਕੋਈ ਪਤਾ ਨਹੀਂ ਸੀ ਲਗਦਾ। ਇਹ ਗੱਲ ਵੀ ਦੇਵ ਨੂੰ ਸਭ ਤੋਂ ਪਹਿਲਾਂ ਜਿੰਦਰੂ ਨੇ ਹੀ ਦੱਸੀ ਸੀ ਕਿ ਸੂਰ ਨੂੰ ਮਾਰਨ ਲਈ ਪਹਿਲਾਂ ਉਸ ਦੀਆਂ ਚਾਰੇ ਲੱਤਾਂ ਬੰਨ੍ਹ ਲਈਆਂ ਜਾਂਦੀਆਂ ਹਨ ਤੇ ਫੇਰ ਗਰਦਨ ਵਿਚ ਵੱਡਾ ਛੁਰਾ ਗੱਡ ਦਿੱਤਾ ਜਾਂਦਾ ਹੈ। ਸੂਰ ਉੱਚੀ ਉੱਚੀ ਚਿੰਘਾੜਦਾ ਹੈ। ਉਸ ਦਾ ਖ਼ੂਨ ਇਕ ਬਾਲਟੀ ਵਿਚ ਇਕੱਠਾ ਹੋਈ ਜਾਂਦਾ ਹੈ ਤੇ ਉਹ ਹੌਲ਼ੀ-ਹੌਲ਼ੀ ਮਰ ਜਾਂਦਾ ਹੈ। ਉਸ ਨੂੰ ਅੱਗ ਦੀ ਧੂਣੀ ਉੱਤੇ ਪੁੱਠਾ ਲਮਕਾ ਕੇ ਵਾਲ ਫੂਕ ਦਿੱਤੇ ਜਾਂਦੇ ਹਨ। ਜਿੰਦਰੂ ਨੂੰ ਉਸ ਦਾ ਪਿਓ ਘੁਮੰਡੀ ਲਾਲ ਬਹੁਤ ਪਿਆਰ ਕਰਦਾ ਸੀ। ਦੁਖੀ ਜਦੋਂ ਵੀ ਉਸ ਨਾਲ਼ ਉਨ੍ਹਾਂ ਦੇ ਖੋਖੇ ਤੇ ਜਾਂਦਾ, ਉਹ ਉਨ੍ਹਾਂ ਨੂੰ ਖਰਚਣ ਲਈ ਇਕ-ਇਕ

ਪੈਸਾ ਦਿੰਦਾ। ਜਿੰਦਰੂ ਥੋੜ੍ਹਾ-ਬਹੁਤ ਸ਼ਿਕਾਰ ਦਾ ਮੀਟ ਆਪਣੇ ਬਾਪੂ ਤੋਂ ਲੈ ਕੇ ਦੁਖੀ ਨੂੰ ਦੇ ਦਿੰਦਾ। ਦੁਖੀ ਦੀ ਬੇਬੇ, ਨਾਨੀ ਅਤੇ ਮਾਮੀ ਸ਼ਾਕਾਹਾਰੀ ਸਨ। ਫਿਰ ਵੀ ਉਹ ਚੁੰਨੀ ਨਾਲ਼ ਮੂੰਹ ਢਕ ਕੇ ਸ਼ਿਕਾਰ ਦਾ ਮੀਟ ਰਿੰਨ੍ਹ ਦਿੰਦੀਆਂ। ਉਸ ਦਾ ਮਾਮਾ ਘਨ੍ਹੱਈਆ ਉਸ ਦਿਨ ਢੇਰ ਮਾਰਕਾ ਦਾਰੂ ਪੀਂਦਾ ਤੇ ਦੋ ਛਿੱਟਾਂ ਦੁਖੀ ਨੂੰ ਵੀ ਦੇ ਦਿੰਦਾ।

**00**

# ਦੋ

ਕਈ ਮੁੰਡਿਆਂ ਵਾਂਗ ਦੁਖੀ ਵੀ ਘੰਟਾ-ਘੰਟਾ ਪਹਿਲਾਂ ਸਕੂਲ ਵਿਚ ਪਹੁੰਚ ਜਾਇਆ ਕਰਦਾ ਸੀ। ਮੁੰਡਿਆਂ ਦੇ ਝੋਲ਼ਿਆਂ ਵਿਚ ਅਖ਼ਰੋਟ, ਕੱਚ ਦੀਆਂ ਗੋਲ਼ੀਆਂ, ਰੀਠੇ-ਕੌਡੀਆਂ, ਫਿੰਡਾਂ ਬਗੈਰਾ ਹੁੰਦੀਆਂ। ਸਾਰੇ ਮੁੰਡੇ ਆਪੋ ਆਪਣੀਆਂ ਮਨ-ਪਸੰਦ ਖੇਡਾਂ ਖੇਡਦੇ। ਦੁਖੀ ਨੂੰ ਸਭ ਤੋਂ ਵੱਧ ਪਿੱਠੂ ਪਸੰਦ ਹੁੰਦਾ। ਦਸ ਕਦਮਾਂ ਤੋਂ ਵੀ ਕੋਈ ਮੁੰਡਾ ਉਸ ਦੇ ਗੇਂਦ ਮਾਰਨ ਲਗਦਾ ਤਾਂ ਉਹ ਐਨੀ ਫੁਰਤੀ ਨਾਲ਼ ਛਾਲ਼ ਮਾਰਦਾ ਜਾਂ ਧਰਤੀ ਤੇ ਵਿਛ ਜਾਂਦਾ ਕਿ ਗੇਂਦ ਕਿਤੇ ਦੀ ਕਿਤੇ ਜਾ ਪਹੁੰਚਦੀ। ਪਿੱਠੂ ਖੇਡਣ ਵਾਲ਼ੀਆਂ ਕਈ ਟੋਲੀਆਂ ਬਣ ਜਾਂਦੀਆਂ। ਮੁੰਡੇ ਅੱਠ-ਦੱਸ ਸਰਹੱਦੀ ਇੱਟਾਂ ਇਕੱਠੀਆਂ ਕਰਕੇ ਪਿੱਠੂ ਬਣਾਉਂਦੇ। ਇਕ ਜਣਾ ਗੇਂਦ ਨਾਲ਼ ਚੋਟ ਲਾ ਕੇ ਦੌੜਦਾ। ਬਾਕੀ ਦੇ ਗੇਂਦ ਚੁੱਕ ਕੇ ਉਸ ਦੇ ਮਾਰਦੇ। ਕਈ ਵਾਰੀ ਮਾਸਟਰ ਉਨ੍ਹਾਂ ਦੇ ਝੋਲ਼ਿਆਂ ਦੀ ਤਲਾਸ਼ੀ ਲੈ ਕੇ ਗੋਲ਼ੀਆ, ਅਖ਼ਰੋਟ, ਗੇਂਦਾਂ ਕੱਢ ਲੈਂਦੇ ਤੇ ਗੁਰਦੁਆਰੇ ਦੀਆਂ ਪੌੜੀਆਂ ਲਾਗੇ ਬਣੇ ਵੱਡੇ ਖੂਹ ਵਿਚ ਸੁਟਵਾ ਦਿੰਦੇ। ਮੁੰਡਿਆਂ ਨੂੰ ਇਹ ਗੱਲ ਸਮਝ ਨਾ ਆਉਂਦੀ ਕਿ ਵਾਧੂ ਸਮੇਂ ਵਿਚ ਖੇਡਦਿਆਂ ਨੂੰ ਦੇਖ ਕੇ ਮਾਸਟਰਾਂ ਦੇ ਢਿੱਡ ਵਿਚ ਸੂਲ਼ ਕਿਉਂ ਉੱਠਦਾ ਸੀ। ਉਹ ਇਕ ਦੂਜੇ ਨੂੰ ਇਹ ਵੀ ਕਹਿੰਦੇ ਕਿ ਵੱਡੇ ਹੋ ਕੇ ਜਦੋਂ ਉਹ ਮਾਸਟਰ ਬਣਨਗੇ ਤਾਂ ਮੁੰਡਿਆਂ ਨੂੰ ਖੇਡਣੋਂ ਕਦੀ ਵੀ ਨਹੀਂ ਰੋਕਿਆ ਕਰਨਗੇ। ਮੁੰਡੇ ਇਕ ਹੋਰ ਦਿਲਚਸਪ ਖੇਡ ਵੀ ਖੇਡਦੇ। ਕਿਸੇ ਮੁੰਡੇ ਨੂੰ ਅਲਮਾਰੀ ਵਿਚ ਬਿਠਾ ਕੇ ਪੱਲੇ ਭੇੜ ਦਿੰਦੇ ਤੇ ਵਿਰਲਾਂ ਉੱਤੇ ਹੱਥ ਘੁਮਾਈ ਜਾਂਦੇ। ਇੰਝ ਅੰਦਰ ਬੈਠੇ ਮੁੰਡੇ ਨੂੰ ਕੰਧ ਉੱਤੇ ਅਜੀਬ ਕਿਸਮ ਦੀਆਂ ਫ਼ੋਟੋਆਂ ਬਣਦੀਆਂ, ਮਿਟਦੀਆਂ ਦਿਖਾਈ ਦਿੰਦੀਆਂ। ਅਲਮਾਰੀ ਦੀ ਅੰਦਰਲੀ ਦੀਵਾਰ ਪਿਕਚਰ ਹਾਲ ਦਾ ਸਕਰੀਨ ਬਣ ਜਾਂਦੀ। ਮੁੰਡੇ ਇਸ ਖੇਡ ਨੂੰ ਖੇਲ੍ਹ (ਪਿਕਚਰ) ਆਖਦੇ । ਦੇਖਣ ਵਾਲ਼ਾ ਦੂਜਿਆਂ ਨੂੰ ਖੇਲ੍ਹ ਦਿਖਾਉਣ ਬਦਲੇ ਸਲੇਟੀਆਂ ਜਾਂ ਸੈੱਲਾਂ' ਚੋਂ ਕੱਢੇ ਫੱਟੀ ਉੱਤੇ ਕਾਲੀਆਂ ਲੀਕਾਂ ਮਾਰਨ ਵਾਲ਼ੇ ਪਿੱਤਲ ਦੀ ਟੋਪੀ ਵਾਲ਼ੇ ਸੁਰਮੇ ਦਿੰਦਾ। ਦੁਖੀ ਦਾ ਪਿੰਡ ਬੇਟ ਦਾ ਇਲਾਕਾ ਹੋਣ ਕਰਕੇ ਥਾਂ-ਥਾਂ ਤੇ ਸਰਕੜਾ ਅਤੇ ਕਾਹੀ ਉੱਗਦੇ। ਕਾਹੀ ਦੀਆਂ ਕਿਲਕਾਂ ਦੀਆਂ ਕਲਮਾਂ ਸਰਕੜੇ ਦੇ ਕਾਨੇ ਨਾਲ਼ੋਂ ਵੱਧ ਮਜ਼ਬੂਤ ਅਤੇ ਹੰਢਣਸਾਰ ਹੁੰਦੀਆਂ। ਪਿੰਡ ਦੇ ਮੁੰਡੇ ਆਪਣੇ ਨਾਲ਼ ਕਿਲਕਾਂ ਲੈ ਜਾਂਦੇ ਤੇ ਸਲੇਟੀਆਂ, ਸਿਆਹੀ ਜਾਂ ਖਾਣ ਵਾਲ਼ੀਆਂ ਗੋਲ਼ੀਆਂ ਬਦਲੇ ਸ਼ਹਿਰੀ ਮੁੰਡਿਆਂ ਨੂੰ ਦੇ ਦਿੰਦੇ। ਹੁਸ਼ਿਆਰ ਮੁੰਡੇ ਕਮਜ਼ੋਰਾਂ ਨੂੰ ਸਵਾਲ ਸਮਝਾਉਣ ਜਾਂ ਆਪਣੀ ਕਾਪੀ ਤੋਂ ਘਰ ਦੇ ਕੰਮ ਦੀ ਨਕਲ ਕਰਵਾਉਣ ਬਦਲੇ ਇਸ ਮੁਦਰਾ ਨੂੰ ਵਰਤਦੇ। ਸਕੂਲ ਦੇ ਖੁੱਲ੍ਹੇ ਵਿਹੜੇ ਵਿਚ ਮੁੰਡੇ ਬਰੋਟੇ ਦੀ ਦਾੜ੍ਹੀ ਫੜ ਕੇ ਝੂਟੇ ਲੈਂਦੇ। ਕਈ ਵਾਰੀ ਕੋਈ ਮੁੰਡਾ ਡਿਗ ਪੈਂਦਾ ਤਾਂ ਉਸ ਦੇ ਚਿੱਤੜ ਤਾਂ ਫੁੱਟਦੇ ਹੀ, ਮਾਸਟਰਾਂ ਵਲੋਂ

ਵੀ ਕੁੱਟ ਪੈ ਜਾਂਦੀ।

ਇਕ ਵਾਰੀ ਇਕ ਮੋਟਾ ਬਾਂਦਰ ਮਾਸਟਰ ਧਰਮ ਚੰਦ ਦਾ ਬੂਟ ਚੁੱਕ ਕੇ ਬਰੋਟੇ ਦੇ ਸਿਖ਼ਰ ਤੇ ਜਾ ਬੈਠਾ। ਮੁੰਡਿਆਂ ਨੇ ਟੋਪੀਆਂ ਵਾਲ਼ੇ ਭਾਈ ਦੀ ਕਹਾਣੀ ਪੜ੍ਹੀ ਹੋਈ ਹੋਣ ਕਰਕੇ ਆਪਣੀਆਂ ਜੁੱਤੀਆਂ ਉਸ ਬਾਂਦਰ ਵੱਲ ਨੂੰ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ ਕਿ ਸ਼ਾਇਦ ਨਕਲ ਕਰ ਕੇ ਉਹ ਵੀ ਬੂਟ ਸੁੱਟ ਦੇਵੇ। ਪਰ ਬਾਂਦਰ ਚੀਂ ਤੋਂ ਮੀਂ ਨਾ ਹੋਇਆ। ਆਖ਼ਿਰ ਸਾਰੇ ਪਿੱਛੇ ਹਟ ਗਏ। ਬਰੋਟੇ ਹੇਠ ਚਾਰ-ਪੰਜ ਰੋਟੀਆਂ ਰੱਖ ਦਿੱਤੀਆਂ ਗਈਆਂ। ਬਾਂਦਰ ਬੂਟ ਚੁੱਕੀ ਬੜੇ ਅਰਾਮ ਨਾਲ਼ ਬਰੋਟੇ ਤੋਂ ਹੇਠ ਉਤਰਿਆ ਤੇ ਬੂਟ ਹੇਠ ਰੱਖ ਕੇ ਰੋਟੀਆਂ ਚੁੱਕ ਮੁੜ ਸਿਖ਼ਰ ਜਾ ਚੜ੍ਹਿਆ।

ਮਾਸਟਰ ਧਰਮ ਚੰਦ ਅਕਸਰ ਹੀ ਆਪਣੀ ਨਿੱਕੀ ਜਿਹੀ ਕੁੜੀ ਸੁੰਮੀ ਨੂੰ ਸੁਹਣੇ ਸੁਹਣੇ ਕੱਪੜੇ ਪਵਾ ਕੇ ਆਪਣੇ ਨਾਲ਼ ਹੀ ਸਕੂਲ ਲੈ ਆਉਂਦੇ। ਉਹ ਆਪਣੇ ਮੂੰਹ ਵਿਚ ਮਿੱਠੀ ਗੋਲ਼ੀ ਪਾ ਕੇ, ਮੂੰਹ ਅੱਡ ਕੇ ਕੁੜੀ ਨੂੰ ਦਿਖਾ ਦਿੰਦੇ। ਉਹ ਵੀ ਮੂੰਹ ਅੱਡ ਕੇ ਉਨ੍ਹਾਂ ਦੇ ਮੂੰਹ ਨਾਲ਼ ਮੂੰਹ ਜੋੜ ਲੈਂਦੀ ਤੇ ਗੋਲ਼ੀ ਮਾਸਟਰ ਜੀ ਦੇ ਮੂੰਹੋਂ ਕੁੜੀ ਦੇ ਮੂੰਹ ਵਿਚ ਪੁੱਜ ਜਾਂਦੀ। ਦੁਖੀ ਦੇ ਮੂੰਹ ਵਿਚ ਪਾਣੀ ਆ ਜਾਂਦਾ। ਉਹ ਸੋਚਦਾ ਕਿੰਨੀ ਖੁਸ਼ਕਿਸਮਤ ਸੀ ਉਹ ਕੁੜੀ। ਉਸ ਨੂੰ ਤਾਂ ਕਦੀ ਕਿਸੇ ਨੇ ਇੰਝ ਗੋਲੀ ਨਹੀਂ ਸੀ ਖਵਾਈ। ਦੁਖੀ ਅਤੇ ਦੂਜੇ ਮੁੰਡੇ ਸੁੰਮੀ ਨੂੰ ਚੁੱਕ ਖਿਡਾਉਂਦੇ ਰਹਿੰਦੇ। ਕਈ ਵਾਰੀ ਕੁੜੀ ਕਿਸੇ ਗੱਲੋਂ ਖਿਝ ਕੇ ਉਨ੍ਹਾਂ ਦੇ ਮੂੰਹਾਂ ਤੇ ਚਪੇੜਾ ਮਾਰਦੀ। ਸਾਰੇ ਮੁੰਡੇ ਹੀ ਉਸ ਤੋਂ ਮਾਰ ਖਾਈ ਜਾਂਦੇ। ਦੁਖੀ ਸੁੰਮੀਂ ਦੀ ਮਖ਼ਮਲੀ ਫਰਾਕ ਉੱਤੇ ਹੱਥ ਫੇਰ ਫੇਰ ਦੇਖਦਾ। ਦੁਖੀ ਇਕੱਲਾ ਹੀ ਨਹੀਂ ਸਾਰੇ ਪੇਂਡੂ ਮੁੰਡੇ ਖੱਦਰ ਜਾਂ ਮਲੇਸ਼ੀਏ ਦੇ ਝੱਗੇ ਕੱਛੇ ਪਾ ਕੇ ਹੀ ਸਕੂਲ ਜਾਂਦੇ ਸਨ। ਉਹ ਸਾਰੇ ਹੀ ਸਿਰਾਂ ਉੱਤੇ ਨੋਕਾਂ ਕੱਢ ਕੱਢ ਪਗੜੀਆਂ ਬੰਨ੍ਹਦੇ। ਜਿਨ੍ਹਾਂ ਦੇ ਲੜਾਂ ਦੇ ਰੰਗ ਅਕਸਰ ਉਡੇ ਹੁੰਦੇ। ਸਕੂਲ ਵਿਚ ਗਿਣਤੀ ਦੇ ਹੀ ਰੋਡੇ ਮੁੰਡੇ ਪੜ੍ਹਦੇ ਸਨ। ਉਨ੍ਹਾਂ ਨੂੰ ਦੂਜੇ ਮੁੰਡੇ ਬਾਮ੍ਹਣ ਕਹਿੰਦੇ ਤੇ ਘੇਰ ਕੇ ਆਖਦੇ, 'ਬਾਮ੍ਹਣਾ ਕਰ ਸਾਮ੍ਹਣਾ।' ਮਾਸਟਰਾਂ ਕੋਲ਼ ਸ਼ਿਕਾਇਤ ਪੁੱਜਦੀ ਤਾਂ ਢੂਹੀ ਤੇ ਡੰਡੇ ਪੈਂਦੇ।

ਹੈਡਮਾਸਟਰ ਲਛਮਣ ਦਾਸ ਪਹਿਲੀ ਤਰੀਕ ਨੂੰ ਤਨਖਾਹ ਵਾਲ਼ੇ ਦਿਨ ਸਾਰੇ ਮੁੰਡਿਆਂ ਨੂੰ ਲਾਈਨਾਂ ਵਿਚ ਬਿਠਾ ਲੈਂਦੇ ਤੇ ਗਲ਼ੀ ਵਾਲ਼ੇ ਜਾਂ ਡਬਲ ਦੋ ਦੋ ਪੈਸੇ ਵੰਡਦੇ। ਪਹਿਲੀ ਤਰੀਕ ਦੀ ਮੁੰਡੇ ਉਡੀਕ ਕਰਦੇ ਹੀ ਰਹਿੰਦੇ ਕਿਉਂਕਿ ਦੋ ਪੈਸਿਆਂ ਨਾਲ਼ ਪੇਟ ਭਰ ਕੇ ਪਕੌੜੀਆਂ, ਮਿੱਠੀਆਂ-ਸਲੂਣੀਆਂ ਗੋਲ਼ੀਆਂ ਜਾਂ ਗੰਗਾ ਰਾਮ ਦੇ ਗਰਮ ਛੋਲੇ ਤੇ ਚਾਟ ਖਾਧੇ ਜਾ ਸਕਦੇ ਸਨ। ਦੁਖੀ ਜਾਂ ਪਿੰਡ ਦੇ ਦੂਜੇ ਮੁੰਡਿਆਂ ਨੂੰ ਮੇਲੇ ਵਾਲ਼ੇ ਦਿਨ ਤੋਂ ਬਿਨਾਂ ਕਦੀ ਕੋਈ ਪੈਸਾ ਖਰਚਣ ਲਈ ਨਹੀਂ ਸੀ ਮਿਲਦਾ ਹੁੰਦਾ। ਨੌਮੀਂ, ਦੁਸਹਿਰਾ, ਦੀਵਾਲ਼ੀ, ਸਭਾ (ਸ਼ਹੀਦੀ ਜੋੜ ਮੇਲਾ) ਤੇ ਹੋਲੀ ਦੀ ਉਡੀਕ ਉਹ ਬੜੀ ਬੇਸਬਰੀ ਨਾਲ਼ ਕਰਦੇ। ਦੁਖੀ ਦਾ ਮਾਮਾ ਇਨ੍ਹਾਂ ਤਿਓਹਾਰਾਂ ਤੇ ਆਪਣੇ ਭਾਣਜਿਆਂ ਨੂੰ ਘੱਟੋ ਘੱਟ ਦੋ ਦੋ ਆਨੇ ਖਰਚਣ ਲਈ ਜ਼ਰੂਰ ਦਿੰਦਾ। ਸਰਹੰਦ ਨਹਿਰ ਵਿਚ ਪਾਣੀ ਦਾ ਉਤਰਨਾ ਵੀ ਉਨ੍ਹਾਂ ਮੁੰਡਿਆਂ ਲਈ ਬਹੁਤ ਖੁਸ਼ੀ ਦਾ ਕਾਰਨ ਬਣਦਾ। ਖਵਾਜ਼ੇ ਦੀ ਮੰਨਤ ਲਈ ਚਮਕੌਰ ਵਾਲ਼ੇ ਪੁਲ਼ ਤੋਂ ਲੋਕਾਂ ਵੱਲੋਂ ਸੁੱਟੇ ਪੈਸੇ ਪੜ੍ਹਾਕੂ ਮੁੰਡੇ ਲੱਭ ਲਿਆ ਕਰਦੇ ਸਨ। ਦੁਖੀ ਬਾਰੇ ਤਾਂ ਮਸ਼ਹੂਰ ਸੀ ਕਿ ਉਸ ਦੀ

'ਇੱਲ੍ਹ ਅੱਖ' ਪੱਥਰਾਂ ਹੇਠ ਪਏ ਪੈਸੇ ਨੂੰ ਵੀ ਲੱਭ ਲਿਆ ਕਰਦੀ ਸੀ।

ਚਮਕੌਰ ਸਾਹਿਬ ਦੀ ਸਭਾ ਛੇ, ਸੱਤ ਤੇ ਅੱਠ ਪੋਹ ਨੂੰ ਭਰਿਆ ਕਰਦੀ ਸੀ। ਅੰਗਰੇਜ਼ੀ ਮਹੀਨੇ ਦੇ ਇਹ ਦਿਨ ਵੀਹ ਇੱਕੀ, ਬਾਈ ਦਸੰਬਰ ਨੂੰ ਪੈਂਦੇ। ਸਭਾ ਦੇਖਣ ਲਈ ਪਿੰਡ ਦੁਖੀ ਦੇ ਮਾਮੇ ਕੋਲ਼ ਹਰ ਸਾਲ ਪੰਦਰਾਂ-ਪੰਦਰਾਂ ਪ੍ਰਾਹੁਣੇ ਆ ਜਾਂਦੇ। ਘਨ੍ਹੱਈਆ ਰਾਮ ਵਿਚ ਪ੍ਰਾਹੁਣਿਆਂ ਦੀ ਖਾਤਰਦਾਰੀ ਕਰਨ ਦੀ ਨਿੱਘੀ ਭਾਵਨਾ ਹੁੰਦੀ ਸੀ। ਤਿੰਨੋਂ ਦਿਨ ਘਰ ਪਤੌੜ੍ਹ ਬਣਦੇ ਤੇ ਰੂੜੀ ਮਾਰਕਾ ਦਾਰੂ ਚਲਦੀ। ਲੋਹੜੀ ਵਾਲ਼ੇ ਦਿਨ ਦੁਖੀ ਆਪਣੇ ਮੋਢੇ ਨਾਲ਼ ਵੱਡਾ ਝੋਲ਼ਾ ਲਮਕਾ ਲੈਂਦਾ ਤੇ ਦੂਜੇ ਮੁੰਡਿਆਂ ਨਾਲ਼ ਲੋਹੜੀ ਮੰਗਣ ਜਾਂਦਾ। ਮੁੰਡੇ 'ਸਾਡੀ ਲੋਹੜੀ ਮਨਾ, ਤਿਲ ਚੌਲ਼ ਚਬਾ' ਗਾਉਂਦੇ ਵੀ। ਲੋਕ ਉਨ੍ਹਾਂ ਦੇ ਝੋਲ਼ਿਆਂ ਵਿਚ ਧਾਨਾਂ ਦੇ ਬੁੱਕ ਭਰ ਭਰ ਪਾ ਦਿੰਦੇ। ਪਿੰਡ ਦਾ ਦੋਹਤਾ ਹੋਣ ਕਰਕੇ ਦੁਖੀ ਦਾ ਝੋਲਾ ਬਾਕੀਆਂ ਨਾਲ਼ੋਂ ਵੱਧ ਭਰ ਜਾਂਦਾ। ਧਾਨ ਉਸ ਦਾ ਮਾਮਾ ਖਰੀਦ ਲੈਂਦਾ ਤੇ ਬਦਲੇ ਵਿਚ ਮਿਲੇ ਪੈਸਿਆਂ ਨਾਲ਼ ਦੁਖੀ ਦੁਕਾਨਾਂ ਤੇ ਮੌਜ ਉਡਾਉਂਦਾ ਫਿਰਦਾ। ਦੀਵਾਲ਼ੀ ਨੂੰ ਘਰ ਵਿਚ ਜੋ ਮਠਿਆਈ ਆਉਂਦੀ ਉਸ ਦੀ ਬੇਬੇ ਚਾਰੇ ਭਰਾਵਾਂ ਨੂੰ ਅੱਡ-ਅੱਡ ਕੁੱਜਿਆਂ ਵਿਚ ਵੰਡ ਦਿੰਦੀ, ਕੋਈ ਚਾਹੇ ਇਕ ਦਿਨ' ਚ ਮੁਕਾਵੇ, ਚਾਹੇ ਹਫ਼ਤਾ ਭਰ ਖਾਂਦਾ ਰਹੇ। ਮੌਕਾ ਤਾੜ ਕੇ ਇਕ ਦੂਜੇ ਦੇ ਕੁੱਜਿਆਂ' ਚੋਂ ਵੀ ਅਗਲਾ ਮੂੰਹ ਮਾਰ ਜਾਂਦਾ। ਪੀਸਾਂ ਦੀ ਗਿਣਤੀ ਘਟੀ ਦੇਖ ਜੇ ਪਤਾ ਲੱਗ ਜਾਂਦਾ ਤਾਂ ਘਨ੍ਹੱਈਏ ਕੋਲ਼ੋਂ ਵੱਢ ਪੈਂਦੀ।

ਸਕੂਲ ਦੇ ਮਾਸਟਰ ਆਪਣੇ ਘਰਾਂ' ਚ ਕੰਮ ਕਰਵਾਉਣ ਲਈ ਅਕਸਰ ਹੀ ਮੁੰਡਿਆਂ ਨੂੰ ਤੋਰੀ ਰੱਖਦੇ। ਉਹ ਕਿਸੇ ਥਾਂ ਤੋਂ ਪਾਥੀਆਂ ਲੱਕੜਾਂ ਖਰੀਦਦੇ ਤਾਂ ਮੁੰਡੇ ਢੋਅ ਆਉਂਦੇ। ਜਿੰਦਰੂ ਤੇ ਦੁਖੀ ਮੁੰਡਿਆਂ ਨੂੰ ਲਾਈਨ ਵਿਚ ਤੋਰਨ ਲਈ ਉੱਥੇ ਵੀ ਆਪਣੀ ਮਨੀਟਰੀ ਘੋਟਦੇ । ਹੈੱਡਮਾਸਟਰ ਦੇ ਘਰ ਦੀ ਸਫ਼ਾਈ ਕਰਵਾਉਣ ਲਈ ਦੁਖੀ ਦੀ ਹੀ ਡਿਊਟੀ ਲੱਗਦੀ। ਕੰਮ ਮੁੱਕਣ ਮਗਰੋਂ ਉਹ ਸਾਰੇ ਮੁੰਡਿਆਂ ਨੂੰ ਦੋ-ਦੋ ਪੈਸੇ ਦਿੰਦੇ। ਮੁੰਡੇ ਰੋਡੂ ਦੀ ਹੱਟੀ ਤੋਂ ਉਸੇ ਵੇ ਲ਼ੇ ਖਾਣ ਪੀਣ ਦੀਆਂ ਚੀਜ਼ਾਂ ਖਰੀਦ ਕੇ ਬੋਝੇ ਭਰ ਲੈਂਦੇ। ਵੱਡੀ ਸਾਰੀ ਬਿੰਦੀ ਤੇ ਫੁੱਲਾਂ ਵਾਲ਼ੀ ਸਾੜ੍ਹੀ ਪਾਈ ਲਛਮਣ ਦਾਸ ਦੀ ਘਰ ਵਾਲ਼ੀ ਉਨ੍ਹਾਂ ਨੂੰ ਬਰੋਟੇ ਦੇ ਪੱਤਿਆਂ ਉੱਤੇ ਗੁੜ ਵਾਲ਼ੇ ਪੀਲ਼ੇ ਚੌਲ਼ ਪਰੋਸ ਦਿੰਦੀ। ਐਨੇ ਸਵਾਦੀ ਚੌਲ਼ ਖਾ ਕੇ ਉਨ੍ਹਾਂ ਦੀ ਰੂਹ ਤ੍ਰਿਪਤ ਹੋ ਜਾਂਦੀ। ਕੋਈ ਮੁੰਡਾ ਵੱਡੀ ਇਲਾਇਚੀ ਚੌਲ਼ਾਂ' ਚੋਂ ਚੁੱਕ ਲੈਂਦਾ ਤੇ ਦੂਜਿਆਂ ਨੂੰ ਡਰਾਉਂਦਾ ਕਹਿੰਦਾ, 'ਭੂੰਡ ਓਇ... ਭੂੰਡ ਓਇ.... ਖਾਇਓ ਨਾ ਚੌਲ਼ਾਂ' ਚੋਂ ਭੂੰਡ ਲੱਭਿਆ ਏ।'

ਉਦੋਂ ਝੋਲ਼ਾ, ਫੱਟੀ ਅਤੇ ਸਿਆਹੀ ਵਾਲ਼ੀ ਦਵਾਤ ਸਕੂਲ ਲੈ ਕੇ ਜਾਣਾ ਲਾਜ਼ਮੀ ਹੁੰਦਾ ਸੀ। ਦਵਾਤ ਮਿੱਟੀ ਦੀ ਹੁੰਦੀ ਸੀ, ਗੜਵੇ ਵਰਗੀ। ਮੁੰਡੇ ਸਿਆਹੀ ਨੂੰ ਗੂੜ੍ਹੀ ਕਰਨ ਲਈ ਉਸ ਵਿਚ ਗੁੜ ਘੋਲ਼ ਲੈਂਦੇ। ਕਲਮ ਨਾਲ਼ ਮਧਾਣੀ ਵਾਂਗ ਸਿਆਹੀ ਨੂੰ ਰਿੜਕਦੇ। ਮੁੰਡੇ ਕਿਸੇ ਵੱਲੋਂ ਦਵਾਤ' ਚੋਂ ਡੋਬਾ ਲੈਣ ਕਰਕੇ ਵੀ ਮਾਸਟਰਾਂ ਕੋਲ਼ ਸ਼ਿਕਾਇਤ ਲਾ ਦਿੰਦੇ। ਇਕ ਵਾਰੀ ਦੁਖੀ ਮੋਢੇ ਨਾਲ਼ ਝੋਲ਼ਾ ਫੱਟੀ ਲਟਕਾਈ, ਹੱਥ ਵਿਚ ਦਵਾਤ ਫੜੀ ਸਕੂਲ ਨੂੰ ਜਾ ਰਿਹਾ ਸੀ। ਉਸ ਨੇ ਆਪਣੇ ਵੱਲ ਆਉਂਦਾ ਪਿੰਡ ਦਾ ਸਾਨ੍ਹ ਦੇਖਿਆ, ਜਿਸ ਦੇ ਨੱਕ ਵਿਚ ਤਾਂਬੇ ਦਾ ਕੜਾ ਪਾਇਆ ਹੋਇਆ ਸੀ। ਦੁਖੀ ਨੇ ਫੱਟੀ ਉੱਤੇ ਚੁੱਕ ਉਸ ਵੱਲ ਲਹਿਰਾਉਣੀ ਸ਼ੁਰੂ ਕਰ ਦਿੱਤੀ। ਸਾਨ੍ਹ ਨੂੰ ਗੁੱਸਾ ਚੜ੍ਹਿਆ ਤਾਂ ਉਹ ਉਸ ਨੂੰ ਮਾਰਨ ਲਈ ਮਗਰ ਦੌੜਿਆ।

ਦੁਖੀ ਦੇ ਦਵਾਤ-ਫੱਟੀ ਉੱਥੇ ਹੀ ਡਿਗ ਪਏ। ਉਹ ਅੱਗੇ ਅੱਗੇ ਦੌੜਿਆ ਜਾਵੇ ਤੇ ਸਾਨ੍ਹ ਉਸ ਦੇ ਪਿੱਛੇ ਪਿੱਛੇ। ਸਾਨ੍ਹ ਤਾਂ ਜਿਵੇਂ ਉਸ ਦੇ ਉੱਤੇ ਹੀ ਆ ਚੜ੍ਹਿਆ। ਜੇ ਉਹ ਅਚਾਨਕ ਯੂ-ਟਰਨ ਨਾ ਲੈਂਦਾ ਤਾਂ ਮੌਤ ਨਿਸਚਿੰਤ ਸੀ। ਸਾਨ੍ਹ ਸਿੱਧਾ ਹੀ ਲੰਘ ਗਿਆ। ਰੁਕਿਆ, ਮੁੜਿਆ ਤੇ ਫਿਰ ਦੌੜਿਆ, ਪਰ ਜਦ ਨੂੰ ਦੁਖੀ ਕਿਤੇ ਦਾ ਕਿਤੇ ਪਹੁੰਚ ਅਲੋਪ ਹੋ ਗਿਆ ਸੀ।

ਜਦੋਂ ਕੋਈ ਮੁੰਡਾ ਸ਼ਰਾਰਤ ਕਰਦਾ ਤਾਂ ਮਾਸਟਰ ਉਸ ਨੂੰ ਮੁਰਗਾ ਬਣਾ ਕੇ ਉਹਦੀ ਪਿੱਠ ਉੱਤੇ ਸਰਹੱਦੀ ਇੱਟਾਂ ਦਾ ਪਿੱਠੂ ਚਿਣਵਾ ਦਿੰਦੇ। ਇਹ ਸਜ਼ਾ ਪੜ੍ਹਾਈ ਨਾ ਕਰਨ ਕਰਕੇ ਜਾਂ ਸਵਾਲ ਗਲਤ ਕੱਢਣ ਕਰਕੇ ਵੀ ਮਿਲ ਜਾਂਦੀ। ਲੱਤਾਂ' ਚੋਂ ਭਾਫਾਂ ਨਿਕਲ਼ਣ ਲੱਗਦੀਆਂ। ਥੱਕ ਕੇ ਅਗਲਾ ਹੇਠ ਨੂੰ ਹੁੰਦਾ ਤਾਂ ਪਿੱਛੇ ਖੜ੍ਹਾਇਆ ਮੁੰਡਾ ਪਿੱਠ ਤੇ ਡੰਡਾ ਮਾਰਦਾ। ਮੁੜ ਪਿੱਠ ਤੇ ਇੱਟਾਂ ਦਾ ਪਿੱਠੂ ਚਿਣਿਆ ਜਾਂਦਾ। ਸ਼ਰਾਰਤਾਂ ਕਰਨ ਕਰ ਕੇ ਦੁਖੀ ਵੀ ਅਜਿਹੀ ਸਜ਼ਾ ਕਿੰਨੀ ਵਾਰੀ ਭੁਗਤ ਚੁੱਕਾ ਸੀ। ਜਿਹੜਾ ਖੁੱਚਾਂ ਅਤੇ ਗਰਦਨ ਕੋਲੋਂ ਪਸੀਨਾ ਨਿੱਕਲਦਾ ਉਹ ਤਤੀਰੀਆਂ ਬਣ ਕੇ ਗਿੱਟਿਆਂ ਤੱਕ ਪੁੱਜ ਜਾਂਦਾ।

ਪਿੰਡ ਵਿਚ ਦੁਖੀ ਦੀ ਸਭ ਤੋਂ ਵੱਧ ਦੋਸਤੀ ਤੇਲੀਆਂ ਦੇ ਮੁੰਡੇ ਬਸ਼ੀਰ ਨਾਲ਼ ਸੀ, ਜੋ ਉਸ ਦਾ ਜਮਾਤੀ ਸੀ। ਦੋਨੋਂ ਇਕੱਠੇ ਹੀ ਖੇਡਦੇ, ਘੁੰਮਦੇ, ਪੜ੍ਹਦੇ ਤੇ ਸ਼ਰਾਰਤਾਂ ਕਰਦੇ। ਇਕੱਠੇ ਹੀ ਖਾਂਦੇ-ਪੀਂਦੇ ਵੀ। ਪਿੰਡ ਦੇ ਲੋਕ ਭਿੱਟੇ ਜਾਣ ਦੇ ਡਰੋਂ ਉਨ੍ਹਾਂ ਦੇ ਘਰ ਦਾ ਨਹੀਂ ਸਨ ਖਾਂਦੇ। ਮੁਸਲਮਾਨਾਂ ਨੂੰ ਵੈਸੇ ਵੀ ਵਿਸ਼ਵਾਸ਼ਪਾਤਰ ਨਹੀਂ ਸੀ ਸਮਝਿਆ ਜਾਂਦਾ। ਉਸ ਦੇ ਅੱਬਾ ਫੈਜ਼ ਮੁਹੰਮਦ ਦਾ ਇੱਕੋ ਇਕ ਟੱਬਰ ਸੀ, ਜਿਸ ਨੂੰ ਪਿੰਡ ਵਾਲ਼ਿਆਂ ਨੇ ਕੁਝ ਸ਼ਰਤਾਂ ਲਾ ਕੇ ਪਾਕਿਸਤਾਨ ਜਾਣੋ ਰੋਕ ਲਿਆ ਸੀ। ਅੰਮ੍ਰਿਤਧਾਰੀ ਤਾਂ ਲੋਕ ਆਪ ਵੀ ਨਹੀਂ ਸਨ, ਇਸ ਲਈ ਅੰਮ੍ਰਿਤ ਛਕਾਉਣ ਦੀ ਗੱਲ ਤਾਂ ਵਿੱਚੇ ਰੁਲ ਗਈ ਸੀ। ਫੈਜ਼ੇ ਦਾ ਨਾਂ ਸੰਤਾ ਸਿੰਘ ਰੱਖ ਕੇ ਇਹ ਵੀ ਆਖ ਦਿੱਤਾ ਸੀ ਕਿ ਉਹ ਮਗਰੋਂ ਆਪਣੇ ਟੱਬਰ ਦੇ ਨਾਂ ਸਿੱਖਾਂ ਰੁਲ਼ ਰੱਖ ਲਵੇ। ਦਾੜ੍ਹੀ ਤਾਂ ਉਹ ਪਹਿਲਾਂ ਹੀ ਰੱਖਦੇ ਸਨ, ਹੁਣ ਸਿਰ ਦੇ ਵਾਲ਼ ਵੀ ਰੱਖਣ। ਔਰਤਾਂ ਦਾ ਕੋਈ ਰੌਲ਼ਾ ਹੀ ਨਹੀਂ ਸੀ। ਸਭ ਦਾ ਪਹਿਰਾਵਾ ਪਹਿਲਾਂ ਹੀ ਸੈਣੀਆਂ ਦੀਆਂ ਤੀਵੀਂਆਂ ਵਰਗਾ ਹੁੰਦਾ ਸੀ। ਹੱਲਿਆਂ ਦੀ ਅੱਗ ਸ਼ਾਂਤ ਹੋਣ ਮਗਰੋਂ ਇਹ ਫਰਮਾਨ ਧਰੇ-ਧਰਾਏ ਰਹਿ ਗਏ ਸਨ। ਸੰਤੇ ਨੂੰ ਲੋਕ ਹੁਣ ਫਿਰ ਫੈਜ਼ਾ ਕਹਿਣ ਲੱਗੇ ਸਨ ਤੇ ਘਰ ਵਾਲ਼ਿਆਂ ਦੇ ਨਾਂ ਵੀ ਉਹੀ ਰਹੇ ਸਨ। ਬਸ਼ੀਰ ਆਪਣੇ ਭਰਾਵਾਂ ਵਿਚ ਤੀਜੇ ਥਾਂ ਤੇ ਸੀ।

00

## ਤਿੰਨ

ਸਲਾਹਪੁਰ ਪਿੰਡ ਵਿਚ ਕਿਸੇ ਦਾ ਵਿਆਹ ਹੁੰਦਾ ਤਾਂ ਇਕ ਦਿਨ ਪਹਿਲਾਂ ਸਾਰੇ ਪਿੰਡ ਨੂੰ ਚੁੱਲ੍ਹਾ ਨਿਓਂਦਾ ਦਿੱਤਾ ਜਾਂਦਾ, ਮਤਲਬ ਕਿ ਸਾਰੇ ਟੱਬਰ ਨੇ ਦੁਪਹਿਰ ਵੇਲ਼ੇ ਵਿਆਹ ਵਾਲ਼ੇ ਘਰ ਵਿਚ ਹੀ ਲੰਗਰ ਛਕਣਾ ਹੈ। ਆਪਣੇ ਘਰ ਅੱਗ ਨਹੀਂ ਬਾਲਣੀ। ਅਜਿਹੇ ਹੀ ਇਕ ਵਿਆਹ ਦੀ ਰੋਟੀ ਸਮੇਂ ਦੁਖੀ ਅਤੇ ਬਸ਼ੀਰ ਨੇ ਇੱਕੋ ਥਾਲ਼ ਵਿਚ ਦਾਲ਼-ਚੌਲ਼ ਪਵਾ ਲਏ ਤੇ ਰਲ਼ਾ ਕੇ ਹੱਥਾਂ ਨਾਲ਼ ਖਾਣ ਲੱਗ ਪਏ। ਇਕ ਮੁਸਲਮਾਨ ਨੂੰ ਸੁਨਿਆਰਾਂ ਦੇ ਮੁੰਡੇ ਨਾਲ਼ ਇੱਕੋ ਥਾਲ਼ੀ ਵਿਚ ਖਾਂਦੇ ਦੇਖ ਲੋਕਾਂ ਨੂੰ ਹੈਰਾਨੀ ਵੀ ਹੋਈ ਤੇ ਪਰੇਸ਼ਾਨੀ ਵੀ। ਕਈਆਂ

ਨੂੰ ਗੁੱਸਾ ਵੀ ਚੜ੍ਹਿਆ ਤੇ ਉਨ੍ਹਾਂ ਨੇ ਦੁਖੀ ਦੇ ਮਾਮੇ ਘਨੱਈਏ ਕੋਲ਼ ਆਪਣੀ ਸ਼ਿਕਾਇਤ ਪਹੁੰਚਾ ਦਿੱਤੀ। ਖਾ ਪੀ ਕੇ ਦੁਖੀ ਘਰ ਗਿਆ ਤਾਂ ਉਸ ਨੇ ਡੰਡਾ ਚੁੱਕ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਐਨਾ ਭਰਿਆ-ਪੀਤਾ ਬੈਠਾ ਸੀ ਕਿ ਦੁਖੀ ਦੇ ਚੀਕਾਂ ਮਾਰਨ ਦੇ ਬਾਵਜੂਦ ਉਹ ਕੁੱਟਣੋਂ ਹਟ ਹੀ ਨਹੀਂ ਸੀ ਰਿਹਾ। ਅਪਰਾਧ ਹੀ ਐਸਾ ਸੀ ਕਿ ਘਰ ਦੇ ਜੀਆਂ ਨੇ ਵੀ ਉਸ ਨੂੰ ਹੋਰ ਕੁੱਟਣ ਲਈ ਉਕਸਾਇਆ। ਇਕੱਲੀ ਚਿੰਦੀ ਨਾਨੀ ਹੀ ਉਸ ਦਾ ਬਚਾਓ ਕਰਨ ਦੀ ਕੋਸ਼ਿਸ਼ ਕਰਦੀ ਰਹੀ ਪਰ ਘਨੱਈਆ ਰਾਮ ਨੇ ਦੁਖੀ ਨੂੰ ਧੱਕਾ ਮਾਰ ਗਲ਼ੀ ਵਿਚ ਸੁੱਟ ਦਿੱਤਾ। ਦੁਖੀ ਦੇ ਨਕਸੀਰ ਫੁੱਟ ਪਈ ਤਾਂ ਜਾ ਕੇ ਉਹ ਜ਼ਾਲਮ ਉਸ ਨੂੰ ਕੁੱਟਣੋਂ ਹਟਿਆ। ਦੁਖੀ ਦੀ ਬੇਬੇ ਭਾਗਵੰਤੀ ਨੇ ਉਸ ਦੀ ਨਾਸ੍ਹ ਵਿਚ ਰੂੰ ਦਾ ਫੰਬਾ ਦਿੱਤਾ ਤੇ ਆਪਣੇ ਪੱਟਾਂ ਵਿਚ ਟੇਢਾ ਕਰ ਕੇ ਪਾ ਲਿਆ। ਉਹ ਉਸ ਦੇ ਵਾਲ਼ਾਂ ਵਿਚ ਹੱਥ ਫੇਰਦੀ ਰੋਈ ਵੀ ਗਈ।

ਸ਼ਾਮ ਨੂੰ ਜਦੋਂ ਦੁਖੀ ਦੀ ਅੱਖ ਖੁੱਲ੍ਹੀ ਤਾਂ ਉਹ ਮੰਜੇ ਉੱਤੇ ਪਿਆ ਸੀ ਤੇ ਉਸਦੇ ਨੱਕ ਵਿਚ ਖ਼ੂਨ ਜੰਮਣ ਕਰਕੇ ਨੱਕ ਤੋਂ ਸਾਹ ਵੀ ਨਹੀਂ ਸੀ ਆ ਰਿਹਾ। ਉਹ ਉੱਠਿਆ ਤੇ ਭਰਿਆ-ਪੀਤਾ ਬਾਹਰ ਨਿਕਲ਼ ਗਿਆ। ਉਸ ਨੇ ਮਨ-ਹੀ-ਮਨ ਸਰਹੰਦ ਨਹਿਰ ਵਿਚ ਡੁੱਬ ਕੇ ਮਰਨ ਦਾ ਫੈਸਲਾ ਕਰ ਲਿਆ ਜੋ ਪਿੰਡ ਦੀ ਵੱਖੀ ਨਾਲ਼ ਖਹਿ ਕੇ ਲੰਘਦੀ ਸੀ। ਉਹ ਨਹਿਰ ਦੇ ਕੰਢੇ ਉੱਤੇ ਜਾ ਬੈਠਾ। ਅਚਾਨਕ ਵੱਡੀਆਂ-ਵੱਡੀਆਂ ਲੱਤਾਂ ਵਾਲ਼ਾ ਇਕ ਮਕੌੜਾ ਉਸ ਦੇ ਪੈਰ ਉੱਤੇ ਆ ਚੜ੍ਹਿਆ। ਉਸ ਨੇ ਨੀਝ ਲਾ ਕੇ ਮਕੌੜੇ ਵੱਲ ਦੇਖਣਾ ਸ਼ੁਰੂ ਕਰ ਦਿੱਤਾ। ਲੱਤ ਉੱਤੋਂ ਵੱਡੀਆਂ ਵੱਡੀਆਂ ਡਿੰਘਾਂ ਪੁੱਟਦਾ ਉਹ ਉਸਦੇ ਗੋਡੇ ਉੱਤੇ ਆ ਬੈਠਿਆ। ਕਾਲ਼ੀਆਂ ਐਨਕਾਂ ਵਰਗੀਆਂ ਅੱਖਾਂ, ਆਲ਼ੇ-ਦੁਆਲ਼ੇ ਘੁੰਮਦੇ ਸਿੰਙਾਂ ਵਰਗੇ ਦੋ ਵਾਲ਼ ਤੇ ਸਿੱਪੀ ਵਰਗਾ ਮੂੰਹ। ਉਹ ਜਿਵੇਂ ਦੁਖੀ ਨਾਲ਼ ਗੱਲਾਂ ਕਰਨ ਲੱਗ ਪਿਆ। ਦੁਖੀ ਨੇ ਅੰਗੂਠੇ ਉੱਤੇ ਪਹਿਲੀ ਉਂਗਲ਼ ਦਾ ਸਿਰਾ ਟਿਕਾਇਆ ਤੇ ਕੈਰਮ-ਬੋਰਡ ਖੇਡਣ ਵਾਂਗ ਮਕੌੜੇ ਨੂੰ ਠੋਲਾ ਮਾਰ ਦਿੱਤਾ। ਭੁਆਂਟਣੀਆਂ ਖਾਂਦਾ ਮਕੌੜਾ ਸਿੱਧਾ ਨਹਿਰ ਵਿਚ ਜਾ ਡਿਗਿਆ। ਪਤਾ ਹੀ ਨਾ ਲੱਗਾ, ਉਹ ਪਾਣੀ ਦੇ ਵਹਾਅ ਵਿਚ ਕਿੱਥੇ ਅਲੋਪ ਹੋ ਗਿਆ।

ਦੁਖੀ ਮਕੌੜੇ ਬਾਰੇ ਤੇ ਫਿਰ ਜ਼ਿੰਦਗੀ ਮੌਤ ਬਾਰੇ ਸੋਚਣ ਲੱਗਾ। ਦੋਨਾਂ ਵਿਚ ਪਲ ਭਰ ਦੀ ਦੂਰੀ। ਜੇ ਉਹ ਵੀ ਡੁੱਬ ਮਰਿਆ, ਉਸ ਕੋਲ਼ ਤਾਂ ਕੁਝ ਵੀ ਨਹੀਂ ਰਹੇਗਾ। ਨਾ ਉਸਦੀ ਨਾਨੀ, ਨਾ ਬੇਬੇ, ਨਾ ਪਿੰਡ ਦੀਆਂ ਗਲ਼ੀਆਂ, ਨਾ ਉਸ ਦਾ ਦੋਸਤ ਬਸ਼ੀਰ, ਨਾ ਹੀ ਉਸ ਦਾ ਸਕੂਲ, ਜਿਸ ਵਿਚ ਉਹ ਮਨੀਟਰੀ ਕਰਦਾ ਸੀ। ਕਿੰਨੀਆਂ ਹੀ ਨਿਆਮਤਾਂ ਤੋਂ ਉਹ ਜਿਵੇਂ ਵਿਰਵਾ ਹੋਣ ਜਾ ਰਿਹਾ ਸੀ। ਉਸ ਨੇ ਗੋਡਿਆਂ ਵਿਚ ਆਪਣਾ ਸਿਰ ਦੇ ਲਿਆ। ਅੱਖਾਂ ਬੰਦ ਕਰ ਲਈਆਂ। ਇਕ ਵਿਸ਼ਾਲ ਹਨੇਰੇ ਵਿਚ ਵੀ ਉਸ ਨੂੰ ਦੁਨੀਆਂ ਦੀਆਂ ਬੇਹੱਦ ਪਿਆਰੀਆਂ ਚੀਜ਼ਾਂ ਦਿਖਦੀਆਂ ਰਹੀਆਂ। ਤਦੇ ਉਸ ਨੇ ਮਹਿਸੂਸ ਕੀਤਾ ਜਿਵੇਂ ਕਿਸੇ ਨੇ ਉਸ ਦੀ ਪਿੱਠ ਤੇ ਹੱਥ ਰੱਖਿਆ ਹੋਵੇ। ਅੱਖਾਂ ਖੋਲ੍ਹ ਉਸ ਨੇ ਪਿੱਛੇ ਦੇਖਿਆ। ਉਸ ਦਾ ਮਾਮਾ ਸੀ, ਘਨੱਈਆ ਰਾਮ। ਉਸ ਨੂੰ ਉਸਦੇ ਚਿਹਰੇ ਤੇ ਇਕ ਪਛਤਾਵਾ ਜਿਹਾ ਸਾਫ਼ ਝਲਕਦਾ ਦਿਖਾਈ ਦਿੱਤਾ।

'ਐਥੇ ਬੈਠਾ ਕੀ ਕਰ ਰਿਹਾ ਏ ਮੇਰਾ ਪੁੱਤ?' ਉਹ ਰੋ ਪਿਆ।

'ਮੈਂ ਨਹਿਰ ਵਿਚ ਡੁੱਬ ਮਰਨਾ ਏਂ।' ਦੁਖੀ ਵੀ ਰੋਣ ਲੱਗ ਪਿਆ।

ਘਨ੍ਹੱਈਏ ਨੇ ਉਸ ਨੂੰ ਘੁੱਟ ਕੇ ਗਲਵੱਕੜੀ ਪਾ ਲਈ ਤੇ ਉਸ ਦੀਆਂ ਅੱਖਾਂ ਪੂੰਝਦਾ ਬੋਲਿਆ, 'ਚੱਲ ਉੱਠ ਘਰ ਚੱਲ। ਤੈਨੂੰ ਮੈਂ ਆਪਣਾ ਮੁਤਬੰਨਾ ਬਣਾਉਣਾ ਏਂ ਪੁੱਤਰਾ। ਮੇਰਾ ਤੇ ਲਲਤਾ ਦਾ ਤੈਥੋਂ ਬਿਨਾਂ ਹੋਰ ਕੌਣ ਏਂ, ਬੋਲ?'

'ਤਾਂ ਹੀ ਡੰਡਿਆਂ ਨਾਲ਼ ਕੁੱਟਦਾ ਸੀ ਮੈਨੂੰ? ਬਸ਼ੀਰ ਮੇਰਾ ਆੜੀ ਏ। ਮੈਂ ਉਹਦੇ ਨਾਲ਼ ਖਾਵਾਂਗਾ, ਪੀਵਾਂਗਾ। ਤੂੰ ਚਾਹੇ ਮੈਨੂੰ ਮਾਰ ਦੇਵੇਂ, ਤਾਂ ਵੀ ਨੀ ਹਟਾਂਗਾ।' ਉਹ ਬੋਲਿਆ।

'ਠੀਕ ਏ, ਖਾ-ਪੀ ਲਿਆ ਕਰ। ਅੱਗੇ ਤੋਂ ਮੈਂ ਨਹੀਂ ਤੈਨੂੰ ਰੋਕਦਾ।'

ਘਨ੍ਹੱਈਆ ਦੁਖੀ ਦਾ ਹੱਥ ਫੜ ਕੇ ਘਰ ਨੂੰ ਤੁਰ ਪਿਆ। ਰਸਤੇ ਵਿਚ ਦੁਖੀ ਨੂੰ ਹਸਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਉਸ ਨੇ ਬੁੱਲ੍ਹ ਹੀ ਨਾ ਖੋਲ੍ਹੇ। ਘਨ੍ਹੱਈਆ ਘਰ ਅੰਦਰ ਵੜਦਾ ਬੋਲਿਆ, 'ਲਲਤਾ, ਖੋਪਾ ਦਾਖਾਂ ਪਾ ਕੇ ਕੜਾਹ ਹੀ ਬਣਾ ਲੈ।'

**00**

## ਚਾਰ

ਦੁਖੀ ਦੇ ਪ੍ਰਾਇਮਰੀ ਸਕੂਲ ਅਤੇ ਗੜ੍ਹੀ ਸਾਹਿਬ ਗੁਰਦੁਆਰੇ ਨਾਲ਼ ਲਗਦੀ ਇਕ ਬਹੁਤ ਵੱਡੀ ਸਰਾਇੰ ਸੀ। ਉਸ ਦਾ ਵਿਹੜਾ ਹਾਕੀ ਦੇ ਗਰਾਊਂਡ ਜਿੰਨਾ ਵੱਡਾ ਸੀ ਤੇ ਤਿੰਨ ਪਾਸੇ ਚਾਲ਼ੀ ਪੰਜਾਹ ਕਮਰੇ ਬਣੇ ਹੋਏ ਸਨ। ਕਮਰਿਆਂ ਦੇ ਮੂਹਰੇ ਸਿਰੇ ਤੱਕ ਬਰਾਂਡਾ ਸੀ। ਪਲੱਸਤਰ ਵਾਲ਼ੀਆਂ ਦੀਵਾਰਾਂ ਨੂੰ ਚਿੱਟੇ ਰੰਗ ਦੀ ਕਲੀ ਕੀਤੀ ਹੁੰਦੀ ਸੀ। ਮੁੰਡਿਆਂ ਨੇ ਕਦੀ ਵੀ ਕਿਸੇ ਮੁਸਾਫਰ ਨੂੰ ਇਸ ਥਾਂ ਤੇ ਠਹਿਰਦੇ ਜਾਂ ਰਾਤ ਕੱਟਦੇ ਨਹੀਂ ਸੀ ਦੇਖਿਆ। ਹਰ ਕਮਰੇ ਵਿਚ ਕੋਲ਼ੇ ਨਾਲ਼ ਭੂਤਾਂ, ਚੁੜੇਲਾਂ ਦੀਆਂ ਬਹੁਤ ਡਰਾਉਣੀਆਂ ਸ਼ਕਲਾਂ ਵਾਹੀਆਂ ਹੁੰਦੀਆਂ ਸਨ। ਆਮ ਧਾਰਨਾ ਸੀ ਕਿ ਮੁਗਲਾਂ ਨਾਲ਼ ਹੋਈ ਗੁਰੂ ਗੋਬਿੰਦ ਸਿੰਘ ਦੀ ਲੜਾਈ ਸਮੇਂ ਮਾਰੇ ਗਏ ਸਿੰਘਾਂ ਨੂੰ ਤਾਂ ਸ਼ਹੀਦ ਹੋਣ ਕਰਕੇ ਮੁਕਤੀ ਮਿਲ ਗਈ ਸੀ, ਪਰ ਮੁਗਲਾਂ ਦੇ ਭੂਤ ਅਜੇ ਤੀਕ ਇਸ ਸਰਾਇੰ ਵਿਚ ਭਟਕਦੇ ਫਿਰਦੇ ਸਨ, ਕਿਉਂ ਕਿ ਕਿਸੇ ਨੇ ਉਨ੍ਹਾਂ ਦੀ ਗਤ ਨਹੀਂ ਸੀ ਕਰਵਾਈ। ਸ਼ਾਇਦ ਇਸੇ ਕਰਕੇ ਐਥੇ ਮੁਸਾਫ਼ਰ ਰਾਤ ਕੱਟਣ ਦੀ ਜੁੱਅਰਤ ਨਾ ਕਰਦੇ ਹੋਣ। ਸਕੂਲ ਦੇ ਸਾਰੇ ਮਾਸਟਰ ਉੱਥੇ ਭੂਤ-ਪ੍ਰੇਤ ਹੋਣ ਜਾਂ ਗਤ ਨਾ ਹੋਣ ਦੀ ਗੱਲ ਨੂੰ ਨਿਰਾ ਬਕਵਾਸ ਕਹਿੰਦੇ। ਸਗੋਂ ਉਹ ਤਾਂ ਇਹ ਵੀ ਕਹਿੰਦੇ ਕਿ ਭੂਤ, ਪ੍ਰੇਤ ਚੰਡੇਲ ਨਾਂ ਦੀ ਕੋਈ ਚੀਜ਼ ਹੁੰਦੀ ਹੀ ਨਹੀਂ। ਕਈ ਮੁੰਡੇ ਐਵੇਂ ਹੀ ਦੂਜਿਆਂ ਨੂੰ ਡਰਾਉਣ ਖ਼ਾਤਰ ਕਹਿ ਦਿੰਦੇ ਕਿ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ਼ ਉੱਥੇ ਭੂਤ ਦੇਖੇ ਹਨ। ਇਹੋ ਜਿਹੀਆਂ ਗੱਲਾਂ ਫੈਲਾਉਣ ਵਾਲ਼ੇ ਮੁੰਡਿਆਂ ਦਾ ਪਤਾ ਲੱਗਣ ਤੇ ਮਾਸਟਰ ਉਨ੍ਹਾਂ ਦੇ ਮੁਰਗੇ ਬਣਾ ਕੇ ਖ਼ੂਬ ਕੁਟਾਪਾ ਚਾੜ੍ਹਦੇ। ਵਜੀਦਪੁਰ ਪਿੰਡ ਦੇ ਇਕ ਮਾਸਟਰ ਜੀ ਜਿਨ੍ਹਾਂ ਦਾ ਨਾਂ ਤੋਤਾ ਸਿੰਘ ਸੀ ਜੋ ਬੜੀ ਘੁੱਟ ਕੇ ਪਗੜੀ ਬੰਨ੍ਹਿਆ ਕਰਦੇ ਸਨ ਤੇ ਮੁੰਡਿਆਂ ਨੂੰ ਗੱਤਕਾ ਖੇਡਣ ਅਤੇ ਤਲਵਾਰ-ਬਾਜ਼ੀ ਕਰਨ ਦੇ ਗੁਰ ਸਿਖਾਇਆ ਕਰਦੇ ਸਨ, ਭੂਤ-ਪ੍ਰੇਤ ਦੀ ਗੱਲ ਕਰਨ ਤੇ ਉਹੀ ਬਹੁਤਾ ਕੁੱਟਦੇ। ਤੋਤਾ ਸਿੰਘ ਮਾਸਟਰ ਜੀ ਮੁੰਡਿਆਂ ਨੂੰ ਸਮਝਾਉਂਦੇ ਕਿ ਭੂਤ-ਪ੍ਰੇਤ ਕੇਵਲ ਬੰਦੇ ਦਾ ਵਹਿਮ ਹੈ। ਵਹਿਮੀ ਬੰਦਾ ਜਿਸ ਚੀਜ਼ ਦੀ ਵੀ ਕਲਪਨਾ ਕਰੇ

, ਉਹੀ ਉਸ ਨੂੰ ਦਿਖਣ ਲੱਗ ਪੈਂਦੀ ਏ। ਉਹ ਤਾਂ ਰਾਤ ਵੇਲ਼ੇ ਚਮਕੌਰ ਦੇ ਗੁਰਦੁਆਰਿਆਂ ਉੱਤੇ ਘੁੰਮਣ ਵਾਲ਼ੀ ਜੋਤ ਨੂੰ ਵੀ ਮਨੋ-ਕਲਪਿਤ ਗੱਲ ਹੀ ਆਖਦੇ, ਜਦਕਿ ਦੁਖੀ ਦੇ ਪਿੰਡ ਦੇ ਕਈ ਬੰਦੇ ਇਹ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਉਹ ਜੋਤ ਦੇਖੀ ਹੋਈ ਸੀ। ਇਕ ਵਾਰੀ ਦੁਖੀ ਆਪਣੇ ਪਿੰਡ ਦੇ ਮੁੰਡਿਆਂ ਨਾਲ਼ ਇਹ ਜੋਤ ਦੇਖਣ ਲਈ ਰਾਤ ਭਰ ਮਾਣੇ ਮਾਜਰੇ ਦੇ ਖੇਤਾਂ ਵਿਚ ਬੈਠਿਆ ਵੀ ਸੀ, ਪਰ ਉਸ ਨੂੰ ਇਹ ਜੋਤ ਦਿਖਾਈ ਨਹੀਂ ਸੀ ਦਿੱਤੀ। ਉਨ੍ਹਾਂ ਦੇ ਪਿੰਡ ਦਾ ਜੀਤ ਸਿੰਘ ਐਵੇਂ ਹੀ ਕਹੀ ਗਿਆ ਸੀ, 'ਅਹੁ ਦੇਖੋ ਜੋਤ ਕਤਲਗੜ੍ਹ ਤੋਂ ਉੱਠੀ। ਹੁਣ ਗੜ੍ਹੀ ਸਾਹਿਬ ਉੱਤੇ ਗਈ, ਹੁਣ ਦਮਦਮੇ ਪਹੁੰਚ ਗਈ।'

ਜੋਤ ਬਾਰੇ ਦੁਖੀ ਇਹੋ ਕਹਿੰਦਾ ਰਿਹਾ ਸੀ ਕਿ ਉਹ ਉਦੋਂ ਹੀ ਇਸ ਗੱਲ ਨੂੰ ਮੰਨੇ ਗਾ, ਜਦੋਂ ਜੋਤ ਨੂੰ ਆਪਣੀਆਂ ਅੱਖਾਂ ਨਾਲ਼ ਦੇਖ ਲਵੇਗਾ। ਇਸੇ ਕਰਕੇ ਉਸ ਨੂੰ ਤੋਤਾ ਸਿੰਘ ਮਾਸਟਰ ਚੰਗਾ ਲੱਗਦਾ ਸੀ। ਉਸ ਦਾ ਕਹਿਣਾ ਸੀ ਕਿ ਜੋ ਚੀਜ਼ ਤੁਸੀਂ ਪ੍ਰਤੱਖ ਨਾ ਦੇਖ ਲਵੋ, ਉਸ ਦੀ ਹੋਂਦ ਬਾਰੇ ਕਦੀ ਵਿਸ਼ਵਾਸ਼ ਨਾ ਕਰੋ। ਤੋਤਾ ਸਿੰਘ ਤਾਂ ਰੱਬ ਬਾਰੇ ਵੀ ਇਹੋ ਗੱਲ ਕਿਹਾ ਕਰਦਾ ਸੀ ਕਿ ਜਿਸ ਦਿਨ ਉਹ ਉਸ ਨੂੰ ਅੱਖਾਂ ਨਾਲ਼ ਦੇਖ ਲਵੇਗਾ, ਮੰਨਣਾ ਸ਼ੁਰੂ ਕਰ ਦੇਵੇਗਾ। ਤੋਤਾ ਸਿੰਘ ਮੁੰਡਿਆਂ ਨੂੰ ਨਾਲ਼ ਲੈ ਕੇ ਸਰਾਇੰ ਦੇ ਸਾਰੇ ਕਮਰਿਆਂ ਦਾ ਗੇੜਾ ਲੁਆਇਆ ਕਰਦਾ ਸੀ ਤੇ ਦੱਸਿਆ ਕਰਦਾ ਸੀ ਕਿ ਕੰਧਾਂ ਉੱਤੇ ਵਾਹੇ ਚਿੱਤਰ ਕਿਸੇ ਸ਼ਰਾਰਤੀ ਦਿਮਾਗ ਦੀ ਉਪਜ ਸਨ। ਉਹ ਹਰ ਕਮਰੇ ਵਿਚ ਵੜ ਕੇ ਉੱਚੀ ਦੇਣੇ ਕਿਹਾ ਕਰਦਾ ਸੀ, 'ਉਇ ਭੂਤੋ, ਆਉ ਜੇ ਤੁਸੀਂ ਸੱਚਮੁੱਚ ਹੁੰਦੇ ਹੋ ਤਾਂ ਮੈਨੂੰ ਚੁੰਬੜ ਕੇ ਦਿਖਾਓ।'

ਸਭ ਤੋਂ ਪਹਿਲਾਂ ਦੁਖੀ ਦੇ ਮਨ ਵਿਚ ਤਰਕਸ਼ੀਲਤਾ ਦਾ ਬੀਜ ਤੋਤਾ ਸਿੰਘ ਨੇ ਹੀ ਬੀਜਿਆ ਸੀ।

ਮਾਸਟਰ ਤਾਂ ਬਥੇਰਾ ਕੁਝ ਸਮਝਾਉਂਦੇ ਸਨ, ਪਰ ਫਿਰ ਵੀ ਜਦੋਂ ਮੁੰਡੇ ਉਸ ਸਰਾਇੰ ਵਿੱਚੋਂ ਲੰਘਦੇ ਤਾਂ ਉਨ੍ਹਾਂ ਦੇ ਮੂੰਹਾਂ' ਚੋਂ ਆਪ-ਮੁਹਾਰੇ 'ਵਾਹਿਗੁਰੂ ਵਾਹਿਗੁਰੂ' ਨਿਕਲ਼ਣ ਲੱਗ ਪੈਂਦਾ। ਸਲਾਹਪੁਰ ਪਿੰਡ ਦੇ ਮੁੰਡਿਆਂ ਦੇ ਮਨਾਂ ਵਿਚ ਭੂਤ-ਪ੍ਰੇਤ ਇਸ ਲਈ ਵੀ ਵੜੇ ਰਹਿੰਦੇ ਸਨ ਕਿ ਸਾਰਾ ਪਿੰਡ ਹੀ ਵਹਿਮੀ ਲੋਕਾਂ ਦਾ ਸੀ। ਪਿੰਡ ਦੇ ਬਰੋਟੇ ਹੇਠ ਲੋਕਾਂ ਦੀ ਢਾਣੀ ਜੁੜਦੀ ਜਾਂ ਫਿਰ ਸਰਦੀਆਂ ਵਿਚ ਧੂਣੀ ਲਗਦੀ ਤਾਂ ਅੱਗ ਸੇਕਦੇ ਲੋਕ ਘੁੰਮ-ਘੁਮਾ ਕੇ ਮੁੜ ਮੁੜ ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਛੇੜ ਲੈਂਦੇ। ਵਰਿਆਮ ਸਿੰਘ ਬੁੜ੍ਹੇ ਦਾ ਸਾਰੇ ਪਿੰਡ ਨੇ ਇਸੇ ਗੱਲੋਂ ਬਾਈਕਾਟ ਕਰ ਰੱਖਿਆ ਸੀ ਕਿ ਉਸ ਨੇ ਆਪਣੇ ਸਕੇ ਭਾਣਜੇ ਦੇ ਮੁੰਡੇ ਨੂੰ ਭੂਤ ਛੱਡ ਕੇ ਮਰਵਾ ਦਿੱਤਾ ਸੀ। ਉਸ ਉੱਤੇ ਇਕ ਹੋਰ ਕਲੰਕ ਵੀ ਲੱਗਾ ਹੋਇਆ ਸੀ ਕਿ ਉਸ ਨੇ ਮੱਛੀਆਂ ਫੜਨ ਵਾਲ਼ੀ ਕੁੰਡੀ ਨਾਲ਼ ਕੌਡੀ ਬੰਨ੍ਹ ਕੇ ਸਫੈਦ ਪੋਸ਼ ਤਾਰਾ ਸਿੰਘ ਦਾ ਜਪਾਨੀ ਮੁਰਗਾ ਫੜ ਕੇ ਛਕ ਲਿਆ ਸੀ ਤੇ ਉਸ ਦੇ ਘਰੋਂ ਮੁਰਗੇ ਦੇ ਰੰਗ-ਬਿਰੰਗੇ ਫੰਗ ਬਰਾਮਦ ਹੋ ਗਏ ਸਨ। ਉਸ ਘਟਨਾ ਮਗਰੋਂ ਲੋਕਾਂ ਨੇ ਉਸ ਦਾ ਨਾਂ 'ਕੁੱਕੜੂ ਘੜੂੰ' ਧਰ ਲਿਆ ਸੀ। ਪਿੰਡ ਦੇ ਮੁੰਡੇ ਉਸ ਦੇ ਦਰ ਤੇ ਖੜ੍ਹ ਜਾਂਦੇ। ਇਕ ਜਣਾ ਬੋਲਦਾ, 'ਕੁੱਕੜੂ ਘੜੂੰ।' ਤਾਂ ਬਾਕੀ ਦੇ ਜਵਾਬ ਦਿੰਦੇ, 'ਪਤੀਲੇ ਵਿਚ ਰੋਟੀਆਂ ਛਾਬੇ ਵਿਚ ਤੂੰ।'

ਜਦੋਂ 'ਕੁੱਕੜੂ ਘੜੂੰ' ਮਰਿਆ ਤਾਂ ਉਹ ਘਰ ਵਿਚ ਇਕੱਲਾ ਹੀ ਰਹਿੰਦਾ ਸੀ। ਦੁਖੀ ਦੀ ਨਾਨੀ ਉਸ ਨੂੰ ਦੁੱਧ ਦਾ ਗਿਲਾਸ ਦੇਣ ਲਈ ਗਈ ਸੀ। ਉਹ ਆਪਣੇ ਤਖ਼ਤ ਪੋਸ਼ ਤੇ

ਇੰਝ ਪਿਆ ਸੀ ਜਿਵੇਂ ਮਾਸਟਰ ਨੇ ਮੁਰਗਾ ਬਣਾਇਆ ਹੋਵੇ। ਕਈ ਹਾਕਾਂ ਮਾਰਨ ਮਗਰੋਂ ਵੀ ਜਦ ਉਹ ਸਿੱਧਾ ਨਾ ਹੋਇਆ ਤਾਂ ਚਿੰਦੀ ਮਾਈ ਨੇ ਉਸ ਨੂੰ ਹਲੂਣਿਆ। ਉਹ ਤਖ਼ਤ ਪੋਸ਼ ਤੋਂ ਫੁੜਕ ਕੇ ਧਰਤੀ ਤੇ ਜਾ ਪਿਆ। ਚਿੰਦੀ ਮਾਈ ਰੌਲਾ ਪਾਉਂਦੀ ਉੱਥੋਂ ਨਿੱਕਲੀ ਕਿ 'ਕੁੱਕੜੂ-ਘੜੂੰ' ਮਰ ਗਿਆ ਸੀ। ਕਿਸੇ ਦੀ ਮੌਤ ਤੇ ਪਹਿਲੀ ਵਾਰੀ ਲੋਕ ਐਨਾ ਹੱਸੇ ਹੋਣਗੇ । ਕੱਫਣ ਪਾਉਣ ਵਾਲ਼ਾ ਜਾਂ ਸਿਵੇ ਨੂੰ ਅੱਗ ਦੇਣ ਵਾਲ਼ਾ ਵੀ ਉਸਦਾ ਕੋਈ ਨਹੀਂ ਸੀ। ਨਲ੍ਹਾਈ-ਧੁਲ਼ਾਈ ਦੇ ਨਾਂ ਨੂੰ ਉਸ ਨੂੰ ਲੱਤਾਂ-ਬਾਹਾਂ ਤੋਂ ਫੜਕੇ ਸੂਏ ਵਿਚ ਘਚੱਲ ਦਿੱਤਾ ਗਿਆ। ਕਈ ਜਣਿਆਂ ਨੇ ਡੱਕਾ ਸੁੱਟਣ ਦੀ ਥਾਂ ਬਲ਼ਦੇ ਸਿਵੇ ਦੇ ਸਿਰਹਾਣੇ ਵੱਲ ਆਪਣੀਆਂ ਜੁੱਤੀਆਂ ਮਾਰੀਆਂ। ਉਹ ਮਰਨ ਮਗਰੋਂ ਕਿਸੇ ਨੂੰ ਤੰਗ ਨਾ ਕਰੇ, ਪੰਚਾਇਤ ਵੱਲੋਂ ਪਿਹੋਏ ਜਾ ਕੇ ਉਹਦੀ ਗਤ ਵੀ ਕਰਵਾਈ ਗਈ।

ਫੈਜ਼ਾ ਵੀ ਭੂਤਾ-ਪ੍ਰੇਤਾਂ ਦੀਆਂ ਲੰਬੀਆਂ-ਲੰਬੀਆਂ ਕਹਾਣੀਆਂ ਅੱਧੀ-ਅੱਧੀ ਰਾਤ ਤੱਕ ਛੇੜੀ ਰੱਖਦਾ ਸੀ। ਬਾਤਾਂ ਸੁਣਦਿਆਂ ਮੁੰਡਿਆਂ ਦਾ ਤ੍ਰਾਹ ਨਿਕਲਿਆ ਰਹਿੰਦਾ, ਪਰ ਸੁਣਨੋ ਫਿਰ ਵੀ ਨਾ ਹਟਦੇ। ਜਿਵੇਂ ਇਕ ਪਰੀ ਵੀਹ ਸਾਲ ਤੱਕ ਇਕ ਦਿਉ ਦੀ ਕੈਦ ਵਿਚ ਅਜਿਹੀ ਕੋਠੜੀ' ਚ ਰਹੀ ਜਿਸ ਦੇ ਇਰਦ-ਗਿਰਦ ਸੌ ਵਲਗਣਾਂ ਕਰ ਕੇ ਸੌ ਦਰਵਾਜ਼ਿਆਂ ਨੂੰ ਸੌ ਤਾਲ਼ੇ ਲੱਗੇ ਹੋਏ ਸਨ। ਜਦੋਂ ਦਿਉ ਚਾਹੁੰਦਾ ਉਸ ਨੂੰ ਮੱਖੀ ਬਣਾ ਕੇ ਕੌਲ਼ੇ ਨਾਲ਼ ਲਾ ਦਿੰਦਾ। ਭੂਤਾਂ ਦੀ ਇਕ ਮੰਡਲ਼ੀ ਦੇ ਕਾਬੂ ਆਇਆ ਇਕ ਮੁੰਡਾ ਕਿਵੇਂ ਸਾਰੀ ਉਮਰ ਉਨ੍ਹਾਂ ਦੀ ਸੇਵਾ ਕਰਦਾ ਰਿਹਾ ਤੇ ਆਪਣਾ ਹੀ ਗੰਦ ਖਾਂਦਾ ਰਿਹਾ। ਕਿਵੇਂ ਵਾਅ-ਵਰੋਲੇ ਵਿਚ ਆਏ ਭੂਤਾਂ ਨੇ ਸਾਰੇ ਪਿੰਡ ਦੇ ਮਕਾਨਾਂ ਨੂੰ ਉਡਾ ਕੇ ਸਮੁੰਦਰ ਵਿਚ ਜਾ ਲਾਹਿਆ। ਕੜਾਹੇ ਦੇ ਉੱਬਲ਼ਦੇ ਤੇਲ ਵਿਚ ਤਲ਼ੇ ਜਾਂਦੇ ਬੰਦਿਆਂ ਕੋਲ਼ ਕਿਵੇਂ ਚੁੜੇਲਾਂ ਨੱਚਦੀਆਂ ਰਹੀਆਂ। ਫੈਜ਼ੇ ਕੋਲ਼ ਅਨੇਕਾਂ ਹੀ ਊਟ ਪਟਾਂਗ ਬਾਤਾਂ ਸਨ। ਇਕ ਬਾਤ ਉਹ ਤੋਰ ਲੈਂਦਾ ਤਾਂ ਕਈ ਕਈ ਰਾਤਾਂ ਚਲਦੀ ਰਹਿੰਦੀ। ਦੁਖੀ ਬਸ਼ੀਰ ਨੂੰ ਅਕਸਰ ਕਹਿੰਦਾ, 'ਤੇਰਾ ਅੱਬਾ ਲੋਕਾਂ ਨੂੰ ਭੂਤਾਂ ਦੀਆਂ ਮਨਘੜਤ ਬਾਤਾਂ ਸੁਣਾ ਕੇ ਡਰਾਉਂਦਾ ਕਿਉਂ ਰਹਿੰਦਾ ਏ?'

'ਬਾਅਦ ਵਿਚ ਉਹਨੇ ਭੂਤ ਵੀ ਤਾਂ ਕੱਢਣੇ ਹੁੰਦੇ ਨੇ ਲੋਕਾਂ ਦੇ।' ਉਹ ਹੱਸ ਕੇ ਕਹਿੰਦਾ।

'ਤੂੰ ਰੋਕ ਉਹਨੂੰ।' ਦੁਖੀ ਆਖਦਾ।

'ਆਪਾਂ ਵੱਡੇ ਹੋ ਜਾਈਏ। ਪੜ੍ਹ-ਲਿਖ ਲਈਏ। ਫੇਰ ਰੋਕਾਂਗੇ। ਹੁਣ ਟੋਕ ਕੇ ਕੁੱਟ ਖਾਣੀ ਏ?' ਬਸ਼ੀਰ ਦਾ ਜਵਾਬ ਹੁੰਦਾ।

**00**

# ਪੰਜ

ਸਰਾਇੰ ਤੋਂ ਕਤਲਗੜ੍ਹ ਗੁਰਦੁਆਰੇ ਵੱਲ ਨੂੰ ਢਲ਼ਾਣ ਉਤਰਦਿਆਂ ਮੁੰਡਿਆਂ ਨੂੰ ਬਰੇਕਾਂ ਲਾਉਣੀਆਂ ਪੈਂਦੀਆਂ। ਇਸ ਰਸਤੇ ਦੇ ਦੋਹਾਂ ਪਾਸੇ ਪੁਰਾਣੇ ਢਹੇ ਘਰ ਸਨ, ਜਿਨ੍ਹਾਂ ਵਿਚ ਸਰਹੱਦੀ ਇੱਟਾਂ ਦੇ ਢੇਰ ਪਏ ਹੁੰਦੇ। ਉੱਥੇ ਸੂਰ ਵੀ ਘੁੰਮਦੇ ਤੇ ਤੀਵੀਆਂ ਪਾਥੀਆਂ ਵੀ ਪੱਥਦੀਆਂ। ਇਨ੍ਹਾਂ ਖੋਲ਼ਿਆਂ ਵਿਚ ਲਿੱਪੇ ਹੋਏ ਪਾਥੀਆਂ ਦੇ ਗੁਹਾਰੇ ਹੁੰਦੇ। ਉਦੋਂ ਘਰਾਂ ਵਿਚ

ਜੰਗਲਪਾਣੀ ਜਾਣ ਦੀ ਕੋਈ ਸਹੂਲਤ ਨਹੀਂ ਸੀ ਹੁੰਦੀ। ਲੋਕ ਖੇਤਾਂ ਵਿਚ ਜਾਂਦੇ ਜਾਂ ਅਜਿਹੇ ਖੋਲ਼ਿਆਂ ਵਿਚ। ਇੱਥੇ ਆਉਣ ਵਾਲ਼ੇ ਸੂਰ 'ਸਫਾਈ-ਸੇਵਕ' ਦਾ ਫਰਜ਼ ਨਿਭਾਉਂਦੇ। ਸਕੂਲੋਂ ਦੌੜਨ ਵਾਲ਼ੇ ਮੁੰਡੇ ਵੀ ਇਨ੍ਹਾਂ ਖੰਡਰਾਂ ਵਿਚ ਹੀ ਲੁਕਦੇ ਤੇ ਸਮਾਂ ਬਿਤਾ ਕੇ ਛੁੱਟੀ ਵੇਲ਼ੇ ਦੂਜੇ ਮੁੰਡਿਆਂ ਵਿਚ ਜਾ ਰਲ਼ਦੇ। ਦੁਖੀ ਤੇ ਉਹਦੇ ਪਿੰਡ ਦੇ ਆੜੀ ਜਦੋਂ ਤੀਜੀ-ਪਾਸ ਕਰ ਕੇ ਚੌਥੀ ਚੜ੍ਹੇ ਸਨ ਤਾਂ ਇਕ ਘੁੰਗਰਾਲ਼ੇ ਵਾਲ਼ਾ ਵਾਲ਼ਾ ਲਮਢੀਂਗ ਨਾਂ ਦਾ ਮੁੰਡਾ ਉਨ੍ਹਾਂ ਨੂੰ ਘੇਰਨ ਲੱਗ ਪਿਆ। ਲਮਢੀਂਗ ਨੇ ਆਪਣੇ ਗਲ ਵਿਚ ਤਬੀਤੀ ਪਾਈ ਹੁੰਦੀ ਤੇ ਹੱਥ ਵਿਚ ਠਾਣੇਦਾਰਾਂ ਵਾਲ਼ੀ ਛੜੀ ਫੜੀ ਹੁੰਦੀ। ਮੁੰਡਿਆਂ ਨੂੰ ਘੇਰ ਕੇ ਉਹ ਕਿਸੇ ਖੋਲ਼ੇ ਵਿਚ ਲੈ ਜਾਂਦਾ। ਉਹ ਉਨ੍ਹਾਂ ਦੇ ਲੜ ਬੰਨ੍ਹੀ ਰੋਟੀ ਵਾਲ਼ੇ ਪੋਣੇ ਖੁਲ੍ਹਵਾ ਲੈਂਦਾ ਤੇ ਜਾਤਾਂ ਪੁੱਛ ਕੇ ਪਸੰਦ ਆਈ ਰੋਟੀ ਖਾ ਲੈਂਦਾ। ਜਿਹੜਾ ਮੁੰਡਾ ਮਾੜਾ ਮੋਟਾ ਵਿਰੋਧ ਕਰਦਾ, ਉਹ ਉਸ ਦੀ ਪਗੜੀ ਢਾਹ ਦਿੰਦਾ ਤੇ ਵਿਚ ਪਿਸ਼ਾਬ ਕਰ ਦਿੰਦਾ। ਇੱਟਾਂ ਦੇ ਥੜ੍ਹੇ ਤੇ ਬਹਿ ਕੇ ਔਰੰਗਜੇਬ ਬਣ ਜਾਂਦਾ ਤੇ ਮੁੰਡਿਆਂ ਨੂੰ ਹੁਕਮ ਚਾੜ੍ਹਦਾ ਕਿ ਉਹ ਉਸ ਨੂੰ 'ਜਹਾਂ-ਪਨਾਹ' ਕਹਿਕੇ ਝੁਕ ਝੁਕ ਸਲਾਮਾਂ ਕਰਨ। ਉਸ ਦੀ ਛੜੀ ਤੋਂ ਡਰਦੇ ਸਾਰੇ ਮੁੰਡੇ ਉਵੇਂ ਕਰਦੇ ਜਿਵੇਂ ਉਹ ਕਹਿੰਦਾ। ਉਹ ਇਸ ਗੱਲੋਂ ਵੀ ਸਾਰਿਆਂ ਨੂੰ ਖ਼ਬਰਦਾਰ ਕਰਦਾ ਕਿ ਜੇ ਕਿਸੇ ਨੇ ਘਰ ਜਾ ਕੇ ਜਾਂ ਮਾਸਟਰਾਂ ਕੋਲ਼ ਸ਼ਿਕਾਇਤ ਕੀਤੀ ਤਾਂ ਉਹ ਉਸ ਨੂੰ ਬਲ਼ਦੀ ਅੱਗ ਉੱਤੇ ਪੁੱਠਾ ਲਮਕਾ ਕੇ ਸਿਰ ਵਿਚ ਪੱਛ ਲਾ ਕੇ ਮਨਿਆਈ ਕੱਢ ਕੇ ਖਾ ਜਾਵੇਗਾ। ਮਨਿਆਈ ਦੀ ਕਲਪਨਾ ਕਰ ਕੇ ਹੀ ਮੁੰਡੇ ਕੰਬ ਜਾਂਦੇ ਕਿਉਂਕਿ ਮਨਿਆਈ ਕੱਢਣ ਵਾਲ਼ੀ ਗੱਲ ਫੈਜੇ ਦੀ ਕਿਸੇ ਬਾਤ ਵਿਚ ਵੀ ਆਉਂਦੀ ਸੀ।

ਲਮਢੀਂਗ ਤੋਂ ਮੁੰਡਿਆਂ ਦਾ ਖਹਿੜਾ ਛੇਤੀ ਹੀ ਛੁੱਟ ਗਿਆ। ਸਲਾਹਪੁਰ ਦੇ ਜਿਹੜੇ ਮੁੰਡੇ ਹਾਈ ਸਕੂਲ ਵਿਚ ਪੜ੍ਹਦੇ ਸਨ, ਉਨ੍ਹਾਂ ਨੂੰ ਲਮਢੀਂਗ ਦੇ ਕਾਰਨਾਮਿਆਂ ਦੀ ਭਿਣਕ ਪੈ ਗਈ। ਰਣਜੋਧ, ਮੀਤਾ, ਮਨਜੀਤ ਤੇ ਤਿੰਨ ਚਾਰ ਮੁੰਡੇ ਹੋਰ ਖੇਸ ਅਤੇ ਡੰਡੇ ਲੈ ਕੇ ਖੰਡਰ ਵਿਚ ਲੁਕ ਕੇ ਬੈਠ ਗਏ। ਸਾਰੀ ਸਕੀਮ ਉਨ੍ਹਾਂ ਨੇ ਪ੍ਰਾਇਮਰੀ ਵਾਲ਼ੇ ਮੁੰਡਿਆਂ ਨੂੰ ਪਹਿਲਾਂ ਹੀ ਸਮਝਾ ਦਿੱਤੀ। ਉਹ ਸਵੇਰੇ ਹੀ ਉੱਥੋਂ ਲੰਘਣ ਲੱਗੇ ਤਾਂ ਛਟੀ ਘੁਮਾਉਂਦਾ ਲਮਢੀਂਗ, ਕਾਲ਼ੀਆਂ ਐਨਕਾਂ ਲਾਈ ਉਨ੍ਹਾਂ ਦਾ ਰਾਹ ਰੋਕ ਕੇ ਖੜ੍ਹਾ ਹੋ ਗਿਆ ਤੇ ਹੁਕਮ ਕੀਤਾ ਕਿ ਉਹ ਉਸਦੇ ਮੂਹਰੇ ਮੂਹਰੇ ਚੱਲਣ। ਸਾਰਿਆਂ ਨੂੰ ਅੱਗੇ ਲਾ ਕੇ ਉਹ ਇਕ ਖੋਲ਼ੇ ਵਿਚ ਲੈ ਵੜਿਆ। ਛਟੀ ਘੁਮਾਉਂਦਾ ਉਹ ਥੜੇ ਤੇ ਬੈਠਿਆ ਹੀ ਸੀ ਕਿ ਪਿੱਛੇ ਲੁਕੇ ਮੁੰਡਿਆਂ ਨੇ ਉਸ ਉੱਤੇ ਖੇਸ ਸੁੱਟ ਕੇ ਦਬੋਚ ਲਿਆ ਅਤੇ ਡੰਡਾ ਪਰੇਡ ਸ਼ੁਰੂ ਕਰ ਦਿੱਤੀ। ਛੋਟੇ ਮੁੰਡੇ ਵੀ ਉਸ ਦੇ ਫੱਟੀਆਂ ਮਾਰ-ਮਾਰ ਗਿੱਟੇ-ਗੋਡੇ ਭੰਨਣ ਲੱਗੇ। ਲਮਢੀਂਗ ਨੇ ਬਥੇਰੀ ਹਾਇ ਦੁਹਾਈ ਪਾਈ, ਪਰ ਕੋਈ ਵੀ ਉਸ ਨੂੰ ਛੁਡਾਉਣ ਲਈ ਨਾ ਬਹੁੜਿਆ। ਸਾਰੇ ਜਣਿਆਂ ਨੇ ਖੇਸ ਨੂੰ ਚਾਰੇ ਪਾਸਿਓਂ ਦੱਬਿਆ ਹੋਇਆ ਸੀ। ਸਭ ਤੋਂ ਪਹਿਲਾਂ ਰਣਜੋਧ ਨੇ ਕਿਹਾ, 'ਬੋਲ ਪੁੱਤ ਅੱਗੇ ਤੋਂ ਨਿਆਣਿਆਂ ਨੂੰ ਘੇਰੇਂਗਾ?'

'ਨਹੀਂ ਘੇਰਦਾ, ਮੈਨੂੰ ਛੱਡ ਦਿਓ।' ਖੇਸ ਹੇਠੋਂ ਅਵਾਜ਼ ਆਈ।

'ਇਉਂ ਨਹੀਂ ' ਕਹਿ-ਜਹਾਂਪਨਾਹ, ਮੁੜ ਕੇ ਕਦੀ ਅਜਿਹੀ ਗਲਤੀ ਨਹੀਂ ਕਰਾਂਗਾ।'

'ਜਹਾਂ ਪਨਾਹ, ਮੁੜ ਕੇ ਕਦੀ ਅਜਿਹੀ ਗਲਤੀ ਨਹੀਂ ਕਰਾਂਗਾ।' ਉਹ ਬੋਲਿਆ।

ਕਿਸੇ ਨੇ ਉਸ ਉੱਤੋਂ ਖੇਸ ਖਿੱਚਿਆ ਤੇ ਦੋ-ਤਿੰਨ ਡੰਡੇ ਜੜ ਕੇ ਬੋਲਿਆ,

'ਇੰਨ੍ਹਾਂ ਜੁਆਕਾਂ ਮੂਹਰੇ ਨੱਕ ਨਾਲ਼ ਸੱਤ ਲਕੀਰਾਂ ਕੱਢ।'

ਲਮਢੀਂਗ ਗੋਡਿਆਂ ਭਾਰ ਹੋ ਗਿਆ ਤੇ ਰੋਂਦਾ ਹੋਇਆ ਨੱਕ ਨਾਲ਼ ਲਕੀਰਾਂ ਕੱਢਣ ਲੱਗਾ। ਅੰਤ ਵਿਚ ਉਸ ਨੂੰ ਮੁਰਗਾ ਬਣਾ ਕੇ ਉੱਥੋਂ ਜਾਣ ਦਾ ਹੁਕਮ ਹੋਇਆ। ਉਹ ਮੁਰਗਾ ਤਾਂ ਬਣ ਗਿਆ ਪਰ ਜਦੋਂ ਡਿੰਘ ਪੁੱਟੇ ਡਿਗ ਜਾਵੇ। ਉਹ ਦਫ਼ਾ ਹੋਇਆ ਤਾਂ ਸਾਰੇ ਮੁੰਡੇ ਚਾਂਘਰਾਂ ਮਾਰਦੇ ਸਕੂਲ ਨੂੰ ਚਲੇ ਗਏ। ਉਸ ਦਿਨ ਮਗਰੋਂ ਕਦੀ ਵੀ ਲਮਢੀਂਗ ਦਿਖਾਈ ਨਾ ਦਿੱਤਾ।

**00**

## ਛੇ

ਦੁਖੀ ਜਦੋਂ ਸਕੂਲ ਜਾਂਦਾ ਤਾਂ ਅਕਸਰ ਉਸ ਨੂੰ ਸੌਦੇ ਲਿਆਉਣ ਲਈ ਉਸ ਦਾ ਮਾਮਾ ਪੈਸੇ ਦਿੰਦਾ। ਘਨ੍ਹੱਈਆ ਦਰਜ਼ੀ ਦਾ ਕੰਮ ਕਰਦਾ ਸੀ। ਸਿਲਾਈ ਲਈ ਆਏ ਕੱਪੜਿਆਂ ਦੀਆਂ ਕਾਤਰਾਂ ਦੇ ਕੇ ਉਹ ਉਸ ਰੰਗ ਦੀਆਂ ਧਾਗੇ ਦੀਆਂ ਰੀਲਾਂ ਮੰਗਵਾਉਂਦਾ। ਸੌਦਿਆਂ ਵਿਚ ਮੁੱਖ ਤੌਰ ਤੇ ਨੂਣ, ਹਲ਼ਦੀ, ਵੱਡੀਆਂ ਲੈਚੀਆਂ, ਜ਼ੀਰਾ, ਸੀਖਾਂ ਦੀ ਡੱਬੀ, ਮਿੱਟੀ ਦਾ ਤੇਲ, ਡਾਲਡਾ ਘੀ, ਕੱਪੜੇ ਧੋਣ ਵਾਲ਼ਾ ਸੋਡਾ, ਮੁਸ਼ਕੀ ਤੇਲ, ਨਹੁੰ ਪਾਲਸ਼, ਪਤਾਸੇ ਬਗੈਰਾ ਹੁੰਦੇ। ਪਿੰਡ ਵਿਚ ਬਸ਼ੀਰ ਦੇ ਵੱਡੇ ਭਰਾ ਤਾਰੇ ਦਾ ਕੋਹਲੂ ਸੀ। ਸਰੋਂ ਦੀ ਘਾਣੀ ਪਾ ਕੇ ਤਾਰਾ ਬਲ਼ਦ ਦੀਆਂ ਅੱਖਾਂ ਤੇ ਖੋਪੇ ਬੰਨ੍ਹਦਾ ਤੇ ਉਸ ਦੀ ਪੂਛ ਮਰੋੜ ਦਿੰਦਾ। ਉਸ ਦੇ ਗਲ਼ੇ ਦੇ ਘੁੰਗਰੂ ਖੜਕਦੇ। ਵਿਚਾਰਾ ਬਲ਼ਦ ਇਸੇ ਡਰੋਂ ਗੋਲ਼ ਪੈੜ ਵਿਚ ਘੁੰਮੀ ਜਾਂਦਾ ਕਿ ਉਸ ਦੇ ਪਿੱਛੇ ਪੂਛ ਮਰੋੜਨ ਲਈ ਤਾਰਾ ਆ ਰਿਹਾ ਹੋਵੇਗਾ। ਜੇ ਉਸ ਦੀ ਚਾਲ ਜ਼ਰਾ ਮੱਠੀ ਹੁੰਦੀ ਤਾਂ ਉਹ ਲਲਕਾਰਾ ਮਾਰ ਦਿੰਦਾ ਤੇ ਬਲ਼ਦ ਛਾਲੀਂ ਹੋ ਲੈਂਦਾ। ਸਰ੍ਹੋਂ ਦੀ ਘਾਣੀ' ਚੋਂ ਤੇਲ ਹੇਠਾਂ ਵਹਿ ਕੇ ਇਕ ਕਾਲੇ ਰੰਗ ਦੀ ਮਿੱਟੀ ਦੀ ਘੜੋਲੀ ਵਿਚ' ਕੱਠਾ ਹੋਈ ਜਾਂਦਾ ਤੇ ਖਲ਼, ਘੁੰਮ ਰਹੇ ਭਾਰੇ ਮੁਘਧਰ ਦੇ ਆਲ਼ੇ-ਦੁਆਲ਼ੇ ਰਹਿ ਜਾਂਦੀ। ਪਿੰਡ ਦੇ ਲੋਕ ਤੇਲ ਅਤੇ ਖਲ਼ ਤਾਰੇ ਤੋਂ ਹੀ ਖਰੀਦਦੇ। ਉਹ ਦੋਨੋਂ ਚੀਜਾਂ ਚਮਕੌਰ ਨਾਲ਼ੋਂ ਸਸਤੀਆਂ ਵੀ ਦਿੰਦਾ ਤੇ ਉਧਾਰ ਵੀ ਕਰ ਲੈਂਦਾ। ਬਾਕੀ ਲੋੜਾਂ ਜਿਵੇਂ ਆਲੂ, ਪਿਆਜ, ਲਸਣ, ਸੌਂਫ, ਧਣੀਆਂ, ਮਿਰਚਾਂ, ਗੁੜ, ਖੰਡ, ਚੌਲ਼, ਕਣਕ, ਜਵੈਣ, ਸੋਏ, ਮੱਕੀ, ਬਾਜ਼ਰਾ, ਸਭ ਪਿੰਡ ਦੇ ਖੇਤਾਂ ਵਿਚ ਪੈਦਾ ਹੁੰਦਾ ਸੀ। ਲੋਕ ਇੱਖ ਬੀਜਦੇ ਸਨ। ਘੁਲਾੜੀਆਂ ਚਲਦੀਆਂ ਤਾਂ ਲੋਕ ਗੁੜ, ਸ਼ੱਕਰ ਤਿਆਰ ਕਰ ਲੈਂਦੇ। ਢੋਲਾਂ ਵਿਚ ਪਾਈ ਰਾਬ ਕੁਝ ਦਿਨਾਂ ਵਿਚ ਤਿਆਰ ਹੋ ਜਾਂਦੀ ਤਾਂ ਖੰਡ ਕੱਢਣ ਦੀ ਮਸ਼ੀਨ ਨਾਲ਼ ਸ਼ੀਰਾ ਤੇ ਖੰਡ ਅਲੱਗ ਅਲੱਗ ਹੋ ਜਾਂਦੇ। ਗੁੜ, ਸ਼ੱਕਰ ਤੇ ਖੰਡ ਆਪਣੀ ਵਰਤੋਂ ਲਈ ਰੱਖ ਕੇ ਬਾਕੀ ਰੋਪੜ ਦੀ ਮੰਡੀ ਵਿਚ ਵੇਚ ਆਉਂਦੇ। ਦੁਖੀ ਅਕਸਰ ਲੋਕਾਂ ਦੀਆਂ ਘੁਲਾੜੀਆਂ ਵਿਚ ਗੰਨੇ ਜਾਂ ਝੋਕਾ ਲਾਉਣ ਲਈ ਤੜਕੇ ਹੀ ਚਲਾ ਜਾਂਦਾ ਤੇ ਸਕੂਲ ਦੇ ਸਮੇਂ ਤੋਂ ਪਹਿਲਾਂ ਪਹਿਲਾਂ ਤਿੰਨ-ਚਾਰ ਪੇਸੀਆਂ ਗੁੜ ਜਾਂ ਪੱਲੇ ਵਿਚ ਸ਼ੱਕਰ ਪੁਆ ਕੇ ਘਰ ਮੁੜ ਆਉਂਦਾ। ਸਲਾਹਪੁਰ ਆ ਕੇ ਉਸ ਦੀ ਬੇਬੇ ਮਜ਼ਦੂਰੀ ਕਰਨ ਲੱਗੀ ਸੀ। ਉਹ ਲੋਕਾਂ ਦੇ ਖੇਤਾਂ ਅਤੇ ਘਰਾਂ ਵਿਚ ਕੰਮ ਕਰਦੀ ਸੀ। ਪਾਥੀਆਂ ਦੇ ਗੁਹਾਰੇ ਲਾਉਣੇ ਅਤੇ ਗੋਹੇ ਨਾਲ਼ ਲਿੱਪਣੇ ਵੀ ਉਸ ਦੀ ਬੇਬੇ ਦੀ ਕਲਾਕਾਰੀ ਦਾ ਹਿੱਸਾ ਸਨ। ਉਦੋਂ ਸੂਰਜ ਚੜ੍ਹਨ ਤੋਂ

ਛਿਪਣ ਤੱਕ ਇਕ ਰੁਪਿਆ ਦਿਹਾੜੀ ਮਿਲਦੀ ਸੀ। ਆਪਣੀ ਬੇਬੇ ਦੀਆਂ ਦਿਹਾੜੀਆਂ ਦਾ ਹਿਸਾਬ-ਕਿਤਾਬ ਰੱਖਣਾ ਦੁਖੀ ਦੇ ਜ਼ਿੰਮੇ ਹੀ ਹੁੰਦਾ। ਲੋਕ ਖੁੱਲ੍ਹੀ ਨੀਅਤ ਅਤੇ ਦਰਿਆ ਦਿਲ ਸਨ। ਖਾਣ-ਪੀਣ ਦੀਆਂ ਚੀਜ਼ਾਂ ਉਹ ਫਰੀ ਵਿਚ ਹੀ ਉਨ੍ਹਾਂ ਦੇ ਘਰ ਦੇ ਜਾਂਦੇ। ਲੋਕ ਗਰੀਬ-ਗੁਰਬੇ ਦੀ ਮੱਦਦ ਕਰਨ ਨੂੰ ਗੁਰਦੁਆਰੇ ਦੇਣ ਵਾਲ਼ੇ ਦਸਵੇਂ ਦਸੌਂਧ ਜਿੰਨੀ ਹੀ ਮਹੱਤਤਾ ਦਿੰਦੇ ਸਨ। ਕੋਈ ਇਹ ਕਲਪਨਾ ਵੀ ਨਹੀਂ ਸੀ ਕਰ ਸਕਦਾ ਕਿ ਪਿੰਡ ਦਾ ਕੋਈ ਗਰੀਬ ਕਿਸੇ ਰਾਤ ਭੁੱਖਾ ਸੁੱਤਾ ਹੋਵੇਗਾ।

ਇਕ ਸੌਦਾ ਅਜਿਹਾ ਵੀ ਸੀ, ਜਿਸ ਨੂੰ ਖ਼ਰੀਦਣ ਅਤੇ ਘਰ ਲਿਆਉਣ ਲਈ ਦੁਖੀ ਨੂੰ ਬਾਕੀ ਮੁੰਡਿਆਂ ਤੋਂ ਓਹਲਾ ਰੱਖਣਾ ਪੈਂਦਾ। ਸਕੂਲ ਪੜ੍ਹਦਾ ਕੋਈ ਵੀ ਮੁੰਡਾ ਸਿਗਰਟਾਂ ਦੀ ਡੱਬੀ ਨੂੰ ਹੱਥ ਨਹੀਂ ਸੀ ਲਾਉਂਦਾ ਹੁੰਦਾ। ਮੁੰਡੇ ਸਮਝਦੇ ਸਨ ਕਿ ਉਸ ਦੀ ਛੋਹ ਨਾਲ਼ ਬੰਦਾ ਭਿੱਟਿਆ ਜਾਂਦਾ ਹੈ। ਦੁਖੀ ਦਾ ਮਾਮਾ ਘਨ੍ਹੱਈਆ ਰਾਮ ਸਿਰੋਂ ਮੋਨਾ ਸੀ ਤੇ ਲੰਪ ਮਾਰਕਾ ਸਿਗਰਟ ਪੀਣ ਦਾ ਸ਼ੌਕੀਨ ਸੀ। ਡੱਬੀ ਦਾ ਮੁੱਲ ਦੋ ਆਨੇ ਹੁੰਦਾ ਸੀ, ਜੋ ਬਾਕੀ ਸੌਦਿਆਂ ਦੇ ਮੁਕਾਬਲੇ ਵਿਚ ਬਹੁਤ ਮਹਿੰਗਾ ਸੀ। ਉਹ ਸਿਗਰਟ ਕਿਰਸ ਨਾਲ਼ ਹੀ ਪੀਂਦਾ। ਵੱਧ ਤੋਂ ਵੱਧ ਦੋ ਸਿਗਰਟਾਂ ਹਰ ਰੋਜ਼। ਜਦੋਂ ਸਿਗਰਟ ਦਾ ਟੋਟਾ ਮੁੱਕਣ ਤੇ ਆਉਂਦਾ ਤਾਂ ਉਹ ਉਸ ਨੂੰ ਪੂਰੀ ਸਿਗਰਟ ਨਾਲ਼ ਜੋੜ ਲੈਂਦਾ। ਉਸ ਦੀ ਹੱਟੀ ਵਿਚ ਸਿਗਰਟ ਦਾ ਛੋਟੇ ਤੋਂ ਛੋਟਾ ਟੁਕੜਾ ਵੀ ਕਦੀ ਕਿਸੇ ਨੇ ਨਹੀਂ ਸੀ ਦੇਖਿਆ। ਉਸ ਦੀ ਡੱਬੀ ਲਿਆਉਣ ਲਈ ਦੁਖੀ ਬਾਕੀ ਮੁੰਡਿਆਂ ਤੋਂ ਅਲੱਗ ਹੋ ਜਾਂਦਾ ਤੇ ਦੁਕਾਨਦਾਰ ਤੋਂ ਪਰਨੇ ਦੇ ਲੜ ਵਿਚ ਡੱਬੀ ਬੰਨ੍ਹਵਾ ਕੇ ਘਰ ਲਿਆਉਂਦਾ। ਉਸ ਦਾ ਮਾਮਾ ਹੁੱਕਾ ਵੀ ਪੀਂਦਾ ਸੀ, ਪਰ ਤਮਾਖ਼ੂ ਉਹ ਆਪ ਹੀ ਲੈਕੇ ਆਉਂਦਾ। ਸੁੱਕੇ ਹੋਏ ਸਰੋਂ ਦੇ ਸਾਗ ਵਰਗੇ ਤਮਾਖ਼ੂ ਦੇ ਪੱਤਿਆਂ ਨੂੰ ਉਹ ਸ਼ੀਰੇ ਵਿਚ ਰਗੜ ਰਗੜ ਕੇ ਮਾਰ ਲੈਂਦਾ।

ਸਿਗਰਟ ਜਾਂ ਹੁੱਕਾ ਪੀ ਕੇ ਬੰਦੇ ਨੂੰ ਕੀ ਮਿਲਦਾ ਹੈ, ਇਹ ਦੇਖਣ ਲਈ ਦੁਖੀ ਨੇ ਇਕ ਵਾਰੀ ਸਿਗਰਟ ਸੁਲਘਾ ਕੇ ਸੂਟਾ ਖਿੱਚਿਆ ਤਾਂ ਉਸ ਦਾ ਸਿਰ ਗੰਦੇ ਧੂੰਏ ਨਾਲ਼ ਜਿਵੇ ਂ ਸੁੰਨ ਹੋ ਗਿਆ। ਉਸ ਨੂੰ ਇਹ ਬਿਲਕੁਲ ਪਸੰਦ ਨਾ ਆਇਆ। ਫਿਰ ਇਕ ਵਾਰੀ ਉਸਦਾ ਮਾਮਾ ਭਖ਼ਦਾ ਹੁੱਕਾ ਛੱਡ ਕੇ ਕਿਧਰੇ ਬਾਹਰ ਚਲਾ ਗਿਆ। ਪਿੱਛੋਂ ਉਸ ਨੇ ਨੜੀ ਮੂੰਹ ਵਿਚ ਲੈ ਕੇ ਦੋ ਤਿੰਨ ਵਾਰ ਗੁੜ ਗੁੜ ਕੀਤੀ ਤਾਂ ਜਿਵੇਂ ਸਾਰਾ ਅੰਦਰ ਹੀ ਇਕ ਭੈੜੇ ਮੁਸ਼ਕ ਨਾਲ਼ ਭਰ ਗਿਆ। ਦੁਖੀ ਨੇ ਹਲ਼ਕ ਵਿਚ ਉਂਗਲਾਂ ਪਾ ਕੇ ਉਲਟੀ ਕੀਤੀ, ਫਿਰ ਵੀ ਉਸ ਨੂੰ ਇੰਝ ਲੱਗਦਾ ਰਿਹਾ ਜਿਵੇਂ ਉਸ ਦੇ ਅੰਦਰ ਬਦਬੂ ਜੰਮ ਗਈ ਹੋਵੇ। ਉਹ ਦਿਨ ਗਿਆ, ਮੁੜ ਕੇ ਕਦੀ ਸਿਗਰਟ ਜਾਂ ਹੁੱਕੇ ਵੱਲ ਉਸ ਨੇ ਝਾਕਿਆ ਵੀ ਨਾ। ਚਮਕੌਰ ਤੋਂ ਘਨ੍ਹੱਈਏ ਦਾ ਚਾਚਾ ਸ਼ਾਦੀ ਰਾਮ, ਭਲਿਆਣ ਤੋਂ ਉਸ ਦੀ ਮਾਸੀ ਦਾ ਪੁੱਤ ਬਖਸ਼ੀ ਰਾਮ, ਖਮਾਣੋਂ ਤੋਂ ਉਸ ਦਾ ਸਹੁਰਾ ਬੁੱਘਾ ਰਾਮ ਤੇ ਘੁੰਗਰਾਲੀ ਤੋਂ ਉਸ ਦੀ ਭੂਆ ਦਾ ਪੁੱਤ ਨਰਾਤਾ ਰਾਮ ਅਜਿਹੇ ਰਿਸ਼ਤੇ ਦਾਰ ਸਨ, ਜਿਹੜੇ ਮਹਿਮਾਨ ਬਣ ਕੇ ਜਦ ਵੀ ਆਉਂਦੇ, ਹੁੱਕਾ ਪੀਣ ਦੇ ਲਾਲਚ ਨੂੰ ਤੇ ਘਨ੍ਹੱਈਆ ਰਾਮ ਦੀਆਂ ਗੱਲਾਂ ਸੁਣਨ ਨੂੰ ਕਈ ਕਈ ਦਿਨ ਜਾਣ ਦਾ ਨਾਉਂ ਨਾ ਲੈਂਦੇ। ਹੱਟੀ ਵਿਚ ਸਾਰਾ ਦਿਨ ਗੁੜ-ਗੁੜ ਹੋਈ ਜਾਂਦੀ ਤੇ ਦੁਖੀ ਦੀ ਮਾਮੀ ਚੁੱਲ੍ਹੇ ਦੀ ਸੁਆਹ ਵਿਚ ਦੱਬੀਆਂ ਅੰਗਿਆਰੀਆਂ ਕੱਢ ਕੱਢ ਚਿਲਮਾਂ ਭਰਦੀ ਰਹਿੰਦੀ। ਘਨ੍ਹੱਈਆ ਛੇ ਜਮਾਤਾਂ ਪਾਸ,

ਪੜ੍ਹਿਆ ਲਿਖਿਆ ਗੁਣੀ-ਗਿਆਨੀ ਬੰਦਾ ਸੀ। ਉਹ ਹਿੰਦੂ ਮਿਥਿਹਾਸ ਵਿੱਚੋਂ ਕੋਈ ਨਾ ਕੋਈ ਕਥਾ ਛੇੜੀ ਰੱਖਦਾ, 'ਲਓ ਜੀ, ਮਹਾਰਾਜ ਜੀ, ਮਾਰਿਆ ਧੋਬੀ ਨੇ ਮਿਹਣਾ। ਫਸ ਗਏ ਰਾਮ ਚੰਦਰ ਜੀ ਦੁਚਿੱਤੀ ਵਿਚ। ਕਰਨ ਤਾਂ ਕੀ ਕਰਨ.... ।'

ਜਦੋਂ ਇਹ ਰਿਸ਼ਤੇਦਾਰ ਆਉਂਦੇ ਤਾਂ ਦੁਖੀ ਦੀ ਰੂਹ ਖਿੜ ਜਾਂਦੀ। ਇਕ ਤਾਂ ਆਉਣ ਵੇਲ਼ੇ ਉਹ ਲੱਡੂ, ਜਲੇਬੀਆਂ, ਪਕੌੜੀਆਂ, ਸ਼ਕਰਪਾਰੇ, ਅੰਬ, ਸੰਗਤਰੇ ਬਗੈਰਾ ਲੈ ਕੇ ਆਉਂਦੇ ਤੇ ਜਦੋਂ ਜਾਂਦੇ ਆਨਾ-ਦੁਆਨੀ ਦੁਖੀ ਦੇ ਹੱਥ ਤੇ ਵੀ ਧਰ ਜਾਂਦੇ।

**00**

# ਸੱਤ

ਨਹਿਰੀ ਮਹਿਕਮੇ ਦੇ ਟੈਲੀਫੂਨ ਦਾ ਦਫ਼ਤਰ ਨਹਿਰ ਸਰਹੰਦ ਦੇ ਪੁਲ਼ ਲਾਗੇ ਸੀ ਤੇ ਉਸ ਦਾ ਇੰਚਾਰਜ ਰਲ਼ਾ ਰਾਮ ਦੁਖੀ ਦੇ ਮਾਮੇ ਦਾ ਗੂੜ੍ਹਾ ਦੋਸਤ ਸੀ। ਰਲ਼ਾ ਰਾਮ ਦਫ਼ਤਰ ਦੇ ਬਾਹਰ ਦੱਭ ਦੀ ਸਫ਼ ਵਿਛਾ ਕੇ ਬੈਠਾ ਹੁੱਕਾ ਪੀਈ ਜਾਂਦਾ। ਟੈਲੀਫੂਨ ਦੀ ਘੰਟੀ ਵੱਜਦੀ ਤਾਂ ਉਹ ਬੜਾ ਔਖਾ ਹੋ ਕੇ ਉੱਠ ਖੜ੍ਹਦਾ ਤੇ ਲੱਕ ਤੇ ਹੱਥ ਰੱਖ ਕੋਡਾ-ਕੋਡਾ ਦਫ਼ਤਰ ਅੰਦਰ ਵੜ ਬੜੀ ਉੱਚੀ ਦੇਣੇ ਕਹਿੰਦਾ, 'ਹੈ ਲੋ.. ਅ... ਅ.. ਅ।'

ਦੁਖੀ ਇਸ ਗੱਲੋਂ ਬੜਾ ਹੈਰਾਨ ਹੁੰਦਾ ਕਿ ਟੈਲੀਫੂਨ ਨਾਲ਼ ਦੋਰਾਹੇ ਅਤੇ ਰੋਪੜ ਬੈਠੇ ਬੰਦੇ ਨਾਲ਼ ਕਿਵੇਂ ਗੱਲ ਹੋ ਜਾਂਦੀ ਸੀ। ਉਸ ਦੇ ਮਾਮੇ ਨੇ ਮਾਚਿਸ ਦੀ ਡੱਬੀ ਨਾਲ਼ ਧਾਗਾ ਬੰਨ੍ਹ ਕੇ ਬੜੀ ਦੂਰ ਤੱਕ ਉਸ ਨੂੰ ਖੜ੍ਹਾ ਕੇ ਗੱਲ ਕੀਤੀ ਤਾਂ ਉਸ ਨੂੰ ਇਹ ਭੇਤ ਸਮਝ ਆਇਆ। ਜਿਵੇਂ ਧਾਗੇ ਉੱਤੇ ਸਵਾਰ ਹੋ ਕੇ ਅਵਾਜ਼ ਇਕ ਥਾਂ ਤੋਂ ਦੂਜੀ ਥਾਂ ਪਹੁੰਚਦੀ ਸੀ, ਉਵੇਂ ਤਾਰ ਨਾਲ਼ ਪਹੁੰਚ ਜਾਂਦੀ ਸੀ। ਇਕ ਵਾਰੀ ਉਸ ਅਵਾਜ਼ ਨੂੰ ਸੁਣਨ ਲਈ ਪਿੰਡ ਲਾਗੇ ਲੱਗੇ ਟੈਲੀਫੂਨ ਦੇ ਇਕ ਖੰਭੇ ਉੱਤੇ ਦੁਖੀ ਚੜ੍ਹ ਗਿਆ। ਖੰਭਾ ਦਸ-ਬਾਰਾਂ ਫੁੱਟ ਉੱਚਾ ਸੀ। ਉਸ ਨੇ ਤਾਰ ਨੂੰ ਹੱਥ ਲਾਇਆ ਤਾਂ ਕਰੰਟ ਦਾ ਬੜਾ ਜ਼ਬਰਦਸਤ ਝਟਕਾ ਉਸ ਨੂੰ ਲੱਗਾ। ਉਹ ਡਿਗਣੋਂ ਮਸਾਂ ਹੀ ਬਚਿਆ। ਡਿਗ ਪੈਂਦਾ ਤਾਂ ਹੱਡੀ ਪੱਸਲ਼ੀ ਨਹੀਂ ਸੀ ਲੱਭਣੀ। ਘਨੱ੍ਹਈਆ ਜਦ ਵੀ ਚਮਕੌਰ ਜਾਣ ਵੇਲ਼ੇ ਰਲ਼ਾ ਰਾਮ ਦੇ ਦਫਤਰ ਕੋਲੋਂ ਲੰਘਦਾ ਤਾਂ ਉਹ ਉਸ ਨੂੰ ਮਿਲ ਕੇ ਜ਼ਰੂਰ ਜਾਂਦਾ। ਉਸ ਨੇ ਆਪਣੇ ਸਾਇਕਲ ਮੂਹਰੇ ਦੁਖੀ ਨੂੰ ਬਿਠਾਉਣ ਲਈ ਕਾਠੀ ਲਗਵਾਈ ਹੁੰਦੀ ਸੀ। ਥੋੜ੍ਹਾ ਵੱਡਾ ਹੋਣ ਮਗਰੋਂ ਦੁਖੀ ਸਾਇਕਲ ਮਗਰ ਇਕ ਪਾਸੇ ਨੂੰ ਲੱਤਾਂ ਕਰ ਕੇ ਬੈਠਣਾ ਸਿੱਖ ਗਿਆ ਤਾਂ ਘਨੱ੍ਹਈਏ ਨੇ ਛੋਟੀ ਕਾਠੀ ਉਤਰਵਾ ਦਿੱਤੀ। ਇਕ ਵਾਰੀ ਪਿੱਛੇ ਕੈਰੀਅਰ ਤੇ ਬੈਠਿਆਂ ਉਸ ਦਾ ਪੈਰ ਤਾਰਾਂ ਵਿਚ ਆ ਗਿਆ ਤਾਂ ਅੱਡੀ ਕੋਲੋਂ ਕਾਫੀ ਮਾਸ ਲਹਿ ਗਿਆ। ਖ਼ੂਨ ਵੀ ਵਹਿਣ ਲੱਗਾ, ਪਰ ਦੁਖੀ ਰੋਇਆ ਬਿਲਕੁਲ ਵੀ ਨਾ। ਘਨੱ੍ਹਈਏ ਨੇ ਆਪਣੀ ਪਗੜੀ' ਚੋਂ ਲੀਰ ਫਾੜ ਕੇ ਉਸ ਦੇ ਪੈਰ ਨੂੰ ਚੰਗੀ ਤਰ੍ਹਾਂ ਬੰਨ੍ਹ ਦਿੱਤਾ ਤੇ ਬੋਲਿਆ, 'ਉਇ ਦੁਖੀ ਤੇਰਾ ਪੈਰ ਵੱਢਿਆ ਗਿਆ ਏ, ਤੂੰ ਸੀਅ ਵੀ ਨਹੀਂ ਕਰੀ ਯਾਰ। ਬੜਾ ਪੱਕਾ ਮੁੱਡਾ ਏਂ।'

'ਮਾਮਾ ਰੋ ਕੇ ਕਿਹੜਾ ਮੇਰਾ ਪੈਰਾ ਦੁਖਣੋਂ ਹਟ ਜੂ।' ਦੁਖੀ ਹੱਸਣ ਲੱਗਾ ਸੀ।

ਘਰ ਪੁੱਜਣ ਤੇ ਦੁਖੀ ਦੀ ਬੇਬੇ ਆਪਣੇ ਭਰਾ ਘਨੱ੍ਹਈਏ ਨਾਲ਼ ਲੜ ਪਈ। ਉਹ ਉੱਚੀ

ਉੱਚੀ ਬੋਲਣ ਲੱਗ ਪਈ, 'ਮੇਰੇ ਮੁੰਡੇ ਦਾ ਪੈਰ ਵੱਢ ਕੇ ਰੱਖ ਦਿੱਤਾ। ਤੂੰ ਅੰਨ੍ਹਾਂ ਸੀ?'

'ਤੇਰਾ ਬਹੁਤਾ ਏ ਮੁੰਡਾ? ਮੇਰਾ ਨੀ ਲੱਗਦਾ ਕੁਛ? ਲੱਗੀ ਏਂ ਭੌਂਕਣ ਕੁੱਤੇ ਮੰਗਣਾ।' ਘਨ੍ਹੱਈਆ ਉਸ ਨੂੰ ਕੁੱਦ ਕੇ ਪਿਆ। ਉਸ ਨੇ ਦੁਖੀ ਦੇ ਪੈਰ ਤੇ ਟਿੰਚਰ ਆਇਓਡੀਨ ਦਾ ਫੰਬਾ ਰੱਖ ਪੱਟੀ ਬੰਨ੍ਹ ਦਿੱਤੀ ਤੇ ਬੋਲਿਆ, 'ਹੁਣ ਤੂੰ ਆਪ ਹੀ ਸੋਚ ਸਮਝ ਕੇ ਬੈਠਿਆ ਕਰੇਂਗਾ ਸਾਇਕਲ ਮਗਰ।'

ਜੇ ਦੁਖੀ ਘਰ ਹੁੰਦਾ ਤਾਂ ਸਾਇਕਲ ਦਾ ਖੜਕਾ ਸੁਣਦੀ ਸਾਰ ਹੀ ਉਹ ਉਸ ਦੇ ਮਗਰ ਲੱਗ ਜਾਂਦਾ। ਘਨ੍ਹੱਈਆ ਤੇ ਰਲ਼ਾ ਸਫ਼ ਤੇ ਬੈਠ ਹੁੱਕਾ ਪੀਣ ਲੱਗਦੇ ਤਾਂ ਦੁਖੀ ਐਧਰ-ਉੱਧਰ ਨਿਕਲ਼ ਜਾਂਦਾ। ਉੱਥੇ ਦਸ-ਬਾਰਾਂ ਅੰਬਾਂ ਦਾ ਬਾਗ ਹੁੰਦਾ ਸੀ। ਉੱਥੇ ਡਿਗੀਆਂ ਜਾਂ ਪੱਥਰਾਂ ਨਾਲ਼ ਝਾੜ ਕੇ ਖਾਧੀਆਂ ਸੰਧੂਰੀ ਅੰਬੀਆਂ ਦਾ ਜਾਇਕਾ ਅੱਜ ਤੱਕ ਦੁਖੀ ਨੂੰ ਨਹੀਂ ਭੁੱਲਿਆ। ਮੌਸਮ ਵਿਚ ਕੱਚੀਆਂ ਅੰਬੀਆਂ ਦਾ ਝੋਲ਼ਾ ਭਰ ਕੇ ਰਲ਼ਾ ਰਾਮ ਘਨ੍ਹੱਈਏ ਨੂੰ ਜ਼ਰੂਰ ਦਿਆ ਕਰਦਾ ਸੀ। ਦੁਖੀ ਦੀ ਨਾਨੀ ਮਸਾਲੇ ਪਾਕੇ ਅੰਬ ਦਾ ਅਚਾਰ ਪਾਉਂਦੀ। ਉਸ ਦੇ ਹੱਥਾਂ ਨੂੰ ਬਖਸ਼ੀਸ਼ ਸੀ ਕਿ ਉਸ ਦੇ ਪਾਏ ਅਚਾਰ ਨੂੰ ਕਦੀ ਵੀ ਉੱਲੀ ਨਾ ਲੱਗਦੀ। ਇਹ ਗੱਲ ਪਿੰਡ ਵਿਚ ਵੀ ਮਸ਼ਹੂਰ ਸੀ। ਸਾਰੇ ਲੋਕ ਅਚਾਰ ਪਾਉਣ ਲਈ ਦੁਖੀ ਦੀ ਨਾਨੀ ਨੂੰ ਹੀ ਸੱਦਦੇ ਸਨ।

ਰਲ਼ਾ ਰਾਮ ਦੇ ਲਾਲ ਰੰਗ ਦੇ ਰਿਹਾਇਸ਼ੀ ਕਵਾਰਟਰ ਪਿੱਛੇ ਮਹਿੰਦੀ ਦੇ ਬੂਟਿਆਂ ਦੀ ਇਕ ਲੰਬੀ ਪਾਲ਼ ਹੁੰਦੀ ਸੀ। ਦੁਖੀ ਦੀ ਮਾਮੀ ਫਰਮਾਇਸ਼ ਕਰਦੀ ਤਾਂ ਉਹ ਉਸ ਲਈ ਮਹਿੰਦੀ ਵਰੂਸ ਕੇ ਲਿਆਉਂਦਾ। ਇਕ ਵਾਰੀ ਮਹਿੰਦੀ ਵਰੂਸਦਿਆਂ ਦੁਖੀ ਕੋਲ਼ ਇਕ ਸਾੜ੍ਹੀ ਵਾਲ਼ੀ ਮਧਰੀ ਔਰਤ ਆ ਪਹੁੰਚੀ ਤੇ ਉਸ ਨੂੰ ਹਿੰਦੀ ਵਿਚ ਗਾਹਲਾਂ ਕੱਢਣ ਲੱਗ ਪਈ। ਦੁਖੀ ਦੌੜ ਕੇ ਘਨ੍ਹੱਈਏ ਕੋਲ਼ ਆ ਗਿਆ ਤੇ ਸਾਰੀ ਗੱਲ ਦੱਸੀ। ਰਲ਼ਾ ਰਾਮ ਉੱਠਿਆ ਤੇ ਗਾਹਲਾਂ ਕੱਢਦਾ ਕਵਾਟਰ ਵੱਲ ਚਲਾ ਗਿਆ। ਸਾੜ੍ਹੀ ਵਾਲ਼ੀ ਉਸੇ ਦੀ ਨੂੰਹ ਸੀ। ਉਸ ਨੇ ਸਾਰੇ ਟੱਬਰ ਨੂੰ ਹੀ ਖ਼ਬਰਦਾਰ ਕੀਤਾ ਕਿ ਇਸ ਮੁੰਡੇ ਨੂੰ ਅੱਗੇ ਤੋਂ ਕੁਝ ਨਹੀਂ ਕਹਿਣਾ। ਇਹ ਮੁੰਡਾ ਉਸ ਦੇ ਜਿਗ਼ਰੀ ਯਾਰ ਦਾ ਭਾਣਜਾ ਸੀ। ਇਸ ਲਈ ਉਹ ਉਸ ਦਾ ਵੀ ਭਾਣਜਾ ਸੀ।

ਆਪਣੀ ਮਾਮੀ ਲਲਤਾ ਲਈ ਦੁਖੀ ਮਹਿੰਦੀ ਲਿਆ ਦਿੰਦਾ ਤਾਂ ਉਹ ਬਹੁਤ ਖੁਸ਼ ਹੁੰਦੀ। ਮਹਿੰਦੀ ਨੂੰ ਕੂੰਡੀ ਵਿਚ ਰਗੜਦੀ ਤੇ ਲੱਡੂ ਜਿਹੇ ਵੱਟ ਕੇ ਆਪਣੇ ਹੱਥਾਂ ਵਿਚ ਘੁੱਟੀ ਰੱਖਦੀ। ਦੁਖੀ ਦੀ ਨਾਨੀ ਤੇ ਬੇਬੇ ਉਸ ਦੀਆਂ ਚੁਗਲੀਆਂ ਕਰਦੀਆਂ ਕਿ ਕੰਮ ਤੋਂ ਟਿਭਣ ਦੀ ਮਾਰੀ ਹੱਥਾਂ ਨੂੰ ਮਹਿੰਦੀ ਲਾਕੇ ਬਹਿ ਗਈ। ਦੁਖੀ ਜੇ ਕਦੀ ਮਾਮੀ ਦੇ ਕਹੇ ਮੁਤਾਬਕ ਮਹਿੰਦੀ ਨਾ ਲਿਆਉਂਦਾ ਤਾਂ ਉਹ ਗੁੱਸੇ ਨਾਲ਼ ਤਪਣ ਲਗਦੀ ਤੇ ਕਹਿੰਦੀ, 'ਟੁੱਟ ਪੈਣਾ ਗਣੇਸਾ, ਖਾਣ ਨੂੰ ਬਥੇਰਾ ਏ। ਭੋਰਾ ਭਰ ਕੰਮ ਕਹਿ ਦਿਆਂ ਤਾਂ ਗੋਲ਼ੀ ਵੱਜ ਜਾਂਦੀ ਏ।'

ਸੌਦਾ ਲਿਆਉਣ ਲਈ ਦੁਖੀ ਨੂੰ ਘਰੋਂ ਜੋ ਪੈਸੇ ਮਿਲਦੇ ਸਨ, ਉਨ੍ਹਾਂ ਵਿੱਚੋਂ ਉਹ ਇਕ ਦੋ ਪੈਸਿਆਂ ਦੀ ਕੁੰਡੀ ਲਾ ਲਿਆ ਕਰਦਾ ਸੀ। ਜਿਨ੍ਹਾਂ ਦੀ ਉਹ ਕੋਈ ਖਾਣ-ਪੀਣ ਦੀ ਚੀਜ ਖਰੀਦ ਲੈਂਦਾ। ਸੌਦਾ-ਪੱਤਾ ਉਹ ਕਤਲਗੜ੍ਹ ਗੁਰਦੁਆਰੇ ਦੇ ਮਗਰ ਅਵਤਾਰ ਦੀ ਦੁਕਾਨ ਤੋਂ ਖਰੀਦਦਾ ਹੁੰਦਾ ਸੀ। ਉਹ ਉਸ ਨੂੰ ਹਮੇਸ਼ਾ ਰੂੰਗਾ ਦੇ ਦਿਆ ਕਰਦਾ ਸੀ। ਦੁਖੀ ਨੇ ਜਦੋਂ

ਕੁਝ ਖਾ ਕੇ ਪਿੰਡ ਵੜਨਾ ਹੁੰਦਾ ਤਾਂ ਰਾਹ ਵਿਚ ਪੈਂਦੇ ਬੁੰਬ, ਜਿੱਥੇ ਧਰਤੀ' ਚੋਂ ਆਪ ਮੁਹਾਰੇ ਪਾਣੀ ਦਾ ਚਸਮਾਂ ਫੁੱਟਦਾ ਰਹਿੰਦਾ ਸੀ, ਵਿਚ ਆਪਣਾ ਮੂੰਹ ਚੰਗੀ ਤਰ੍ਹਾਂ ਸਾਫ਼ ਕਰ ਕੇ ਜਾਂਦਾ।

ਨਹਿਰ ਦੇ ਪੁਲ਼ ਤੋਂ ਸਲਾਹਪੁਰ ਤੱਕ ਕੱਚੀ ਸੜਕ ਹੁੰਦੀ ਸੀ, ਜਿੱਥੋਂ ਰੋਪੜ ਸਮਰਾਲ਼ਾ ਰੂਟ ਦੀਆਂ ਬੱਸਾਂ ਲੰਘਦੀਆਂ ਸਨ। ਟਾਈਮ ਘੱਟ ਹੀ ਹੁੰਦੇ ਸਨ। ਕੱਚੀ ਸੜਕ ਉੱਤੇ ਦੂਰੋਂ ਹੀ ਪਹਿਲਾਂ ਉਡਦੀ ਧੂੜ ਦਿਖਿਆ ਕਰਦੀ, ਫੇਰ ਬੱਸ। ਪੜ੍ਹਾਕੂ ਸਕੂਲ ਪੜ੍ਹਨ ਜਾਂਦੇ ਜਾਂ ਵਾਪਸ ਆਉਂਦੇ, ਕਦੀ ਬੱਸ ਆ ਜਾਂਦੀ ਤਾਂ ਉਹ ਹੱਥ ਖੜ੍ਹੇ ਕਰ ਦਿੰਦੇ। ਡਰਾਇਵਰ ਬੱਸ ਰੋਕ ਕੇ ਉਨ੍ਹਾਂ ਨੂੰ ਬਿਠਾ ਲੈਂਦਾ। ਕਿਸੇ ਸੁਹਣੇ ਮੁੰਡੇ ਨੂੰ ਦੇਖ ਕੇ ਉਹ ਇਹ ਗੱਲ ਕਹਿਣੀ ਨਾ ਭੁੱਲਦਾ ਕਿ ਘਰ ਜਾ ਕੇ ਆਪਣੀ ਬੇਬੇ ਨੂੰ ਉਸ ਵੱਲੋਂ ਸਤਿ ਸ੍ਰੀ ਅਕਾਲ ਕਹੇ। ਸੜਕ ਦੇ ਦੋਹਾਂ ਪਾਸੇ ਟਾਹਲੀਆਂ, ਕਿੱਕਰਾਂ, ਖੰਜੂਰਾਂ, ਪਹਾੜੀ ਕਿੱਕਰਾਂ, ਝੂੰਡਾਂ ਅਤੇ ਨੜਿਆਂ ਨਾਲ਼ ਭਰਿਆ ਸੰਘਣਾ ਜੰਗਲ ਹੁੰਦਾ ਸੀ। ਸਰਹੰਦ ਨਹਿਰ ਦੇ ਕੰਢੇ-ਕੰਢੇ ਵੀ ਇਕ ਪਟੜੀ ਲੋਕਾਂ ਦੇ ਲਾਂਘੇ ਨੇ ਹੀ ਬਣਾਈ ਹੋਈ ਸੀ। ਜਿਸ ਨੂੰ 'ਸਾਂਤਰ' ਕਹਿੰਦੇ ਸਨ। ਸਿਆਲ਼ਾਂ ਵਿਚ ਧੁੱਪ ਦਾ ਲਾਹਾ ਲੈਣ ਲਈ ਲੋਕ ਇਸੇ ਰਾਹ ਜਾਂਦੇ। ਜਿਨ੍ਹਾਂ ਮੁੰਡਿਆਂ ਨੂੰ ਪੈਰੀਂ ਪਾਉਣ ਲਈ ਘਰੋਂ ਜੁੱਤੀਆਂ ਮਿਲਦੀਆਂ ਵੀ ਸਨ, ਉਹ ਵੀ ਅਕਸਰ ਨੰਗੇ ਪੈਰੀਂ ਹੀ ਸਕੂਲ ਜਾਂਦੇ ਸਨ। ਸਿਆਲ਼ਾਂ ਵਿਚ ਤਾਂ ਕੋਈ ਫ਼ਰਕ ਨਹੀਂ ਸੀ ਪੈਂਦਾ, ਗਰਮੀਆਂ ਵਿਚ ਇਕ ਰੇਤਲ਼ਾ ਘੱਗ ਉਨ੍ਹਾਂ ਨੂੰ ਪਾਰ ਕਰਨਾ ਪੈਂਦਾ। ਪਿੱਛੋਂ ਹੀ ਕਿਧਰੋਂ ਇਹ ਰੇਤਲ਼ਾ ਘੱਗ ਸ਼ੁਰੂ ਹੋ ਕੇ ਸਰਹੰਦ ਨਹਿਰ ਦੇ ਸਾਈਫ਼ਨ ਤੱਕ ਪੁੱਜਦਾ ਸੀ। ਇਸੇ ਰਾਹੀਂ ਬਰਸਾਤ ਦਾ ਸਾਰਾ ਪਾਣੀ ਨਹਿਰ ਵਿਚ ਪੁੱਜਦਾ। ਗਰਮੀਆਂ ਵਿਚ ਇਹੋ ਘੱਗ ਅੱਗ ਦਾ ਦਰਿਆ ਬਣ ਜਾਂਦਾ, ਜਿਸ ਨੂੰ ਮੁੰਡੇ ਆਪਣੇ ਪੈਰਾਂ ਵਿਚ ਬਰੋਟੇ ਦੇ ਪੱਤਿਆਂ ਤੋਂ ਬਣਾਏ ਸਲੀਪਰ ਪਾ ਕੇ ਪਾਰ ਕਰਦੇ। ਕਈ ਵਾਰੀ ਮੁੰਡੇ ਅੱਧੀ ਛੁੱਟੀ ਨੂੰ ਹੀ ਸਕੂਲੋਂ ਭੱਜਣ ਦਾ ਪ੍ਰੋਗਰਾਮ ਬਣਾ ਲੈਂਦੇ ਤੇ ਢਾਹੇ ਵੱਲ ਚਲੇ ਜਾਂਦੇ, ਜਿੱਥੇ ਸਲਾਹਪੁਰ ਦੀ ਜ਼ਮੀਨ ਸੀ। ਉੱਥੋਂ ਉਹ ਮੂੰਗਫਲੀ ਦੇ ਲਾਂਗੜ ਲੈਕੇ ਹੋਲ਼ਾਂ ਭੁੰਨਦੇ, ਗੰਨੇ ਚੂਪਦੇ, ਬੇਰ, ਚਿੱਭੜ, ਫੁੱਟਾਂ ਲੱਭਦੇ। ਅਗਲੇ ਦਿਨ ਮਾਸਟਰਾਂ ਅੱਗੇ ਪੇਸ਼ੀ ਹੁੰਦੀ। ਉਹ ਮੁੰਡਿਆਂ ਦੇ ਮੁਰਗੇ ਬਣਾ ਦਿੰਦੇ। ਮਨੀਟਰ ਢੂਹੀ ਵਿਚ ਡੰਡੇ ਮਾਰਦੇ। ਆਪਣੇ ਮਾਮੇ ਦੇ ਭੈਅ ਕਰਕੇ ਦੁਖੀ ਇਨ੍ਹਾਂ ਮੁੰਡਿਆਂ ਦਾ ਸਾਥ ਕਦੀ-ਕਦਾਈਂ ਹੀ ਦਿੰਦਾ।

**00**

## ਅੱਠ

ਚੌਥੀ ਵਿਚ ਪੜ੍ਹਦਿਆਂ ਬਰਸਾਤ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਇਕ ਦਿਨ ਦੁਖੀ ਦੀ ਬੇਬੇ ਉਸ ਨੂੰ ਆਪਣੇ ਸਹੁਰੇ ਪਿੰਡ ਆਸ਼ਾਬਾਦ ਕੋਠੇ ਲਿੱਪਣ ਲਈ ਆਪਣੇ ਨਾਲ਼ ਲੈ ਗਈ। ਉਸ ਦਿਨ ਹੀ ਦੁਖੀ ਨੂੰ ਆਪਣੇ ਪਿਓ ਦੇ ਹੋਏ ਕਤਲ ਬਾਰੇ ਪਤਾ ਲੱਗਿਆ। ਸੁੱਕੇ ਟੋਭੇ' ਚੋਂ ਡਲ਼ੇ ਪੁੱਟ ਕੇ ਦੁਖੀ ਦਾ ਮਾਮਾ ਤੇ ਵੱਡਾ ਭਰਾ ਰਾਮ ਚੰਦ ਦੋ ਤਿੰਨ ਦਿਨ ਪਹਿਲਾਂ ਤੂੜੀ-ਮਿੱਟੀ ਦੀ ਘਾਣੀ ਕਰ ਆਏ ਸਨ ਤੇ ਦੁਖੀ ਦੀ ਮਾਂ ਭਾਗਵੰਤੀ ਨੇ ਉਸੇ ਪਿੰਡੋਂ ਝਿਊਰਾਂ ਦੀ ਬੁੜ੍ਹੀ ਰਾਮ ਰੱਖੀ ਨੂੰ ਆਪਣੇ ਨਾਲ਼ ਲਾ ਕੇ ਅੱਜ ਕੋਠੇ ਲਿੱਪਣੇ ਸਨ। ਉਸ ਤੋਂ ਪਹਿਲਾਂ

ਕਈ ਵਾਰ ਦੁਖੀ ਨੂੰ ਉਡਦਾ ਉਡਦਾ ਖਿਆਲ ਤਾਂ ਆਇਆ ਸੀ ਕਿ ਬਾਕੀਆਂ ਵਾਂਗ ਉਸ ਦਾ ਪਿਓ ਕਿਉਂ ਨਹੀਂ ਸੀ। ਉਹ ਆਪਣੇ ਤਿੰਨ ਭਰਾਵਾਂ ਨਾਲ਼ ਆਪਣੇ ਮਾਮੇ ਮਾਮੀ ਕੋਲ਼ ਕਿਉਂ ਰਹਿੰਦਾ ਸੀ। ਪਿੰਡ ਦੇ ਲੋਕਾਂ ਨੂੰ ਉਹ ਮਾਮੇ, ਮਾਮੀਆਂ, ਨਾਨੇ-ਨਾਨੀਆਂ, ਮਾਸੀਆਂ ਕਿਉਂ ਕਹਿੰਦਾ ਸੀ ਜਦਕਿ ਦੂਜੇ ਸਾਰੇ ਮੁੰਡੇ ਚਾਚੇ-ਚਾਚੀਆਂ, ਤਾਏ-ਤਾਈਆਂ, ਅੰਮਾਂ, ਬਾਬੇ , ਭੂਆਂ ਆਦਿ ਕਹਿ ਕੇ ਬੁਲਾਉਂਦੇ ਸਨ। ਦਰਅਸਲ ਦੁਖੀ ਦਾ ਮਾਮਾ ਉਸ ਨੂੰ ਪਿਆਰ ਹੀ ਐਨਾ ਕਰਦਾ ਸੀ ਕਿ ਉਸ ਨੂੰ ਆਪਣੇ ਪਿਓ ਬਾਰੇ ਸੋਚਣ ਦੀ ਕਦੀ ਲੋੜ ਹੀ ਮਹਿਸੂਸ ਨਹੀਂ ਸੀ ਹੋਈ। ਉਹ ਟੇਲਰਿੰਗ ਦਾ ਮਾਹਰ ਬੰਦਾ ਸੀ। ਲਾਲਚੀ ਬਿਲਕੁਲ ਨਹੀਂ ਸੀ। ਰੱਬ ਤੋਂ ਭੈਅ ਖਾਂਦਾ ਸੀ। ਕਦੀ ਕਿਸੇ ਦਾ ਬੁਰਾ ਨਹੀਂ ਸੀ ਚਿਤਵਦਾ। ਵਾਜਬ ਸਿਲਾਈ ਲੈਂਦਾ ਸੀ। ਉਧਾਰ ਵੀ ਕਰ ਲੈਂਦਾ ਸੀ। ਪਿੰਡ ਤੋਂ ਬਾਹਰਲੇ ਬੰਦੇ ਵੀ ਉਸ ਕੋਲ਼ੋਂ ਸਿਲਾਈ ਕਰਵਾਉਂਦੇ ਸਨ। ਆਪਣੀ ਘਰ ਵਾਲ਼ੀ ਲਲਤਾ ਨੂੰ ਵੀ ਉਸ ਨੇ ਇਸੇ ਕੰਮ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਦੀ ਪਕੜ ਵਿਚ ਇਹ ਕਿੱਤਾ ਆ ਨਹੀਂ ਸੀ ਸਕਿਆ। ਉਹ ਤਾਂ ਕਈ ਸਾਲਾਂ ਵਿਚ ਕੱਛਾ ਸਿਊਣਾ ਵੀ ਨਹੀ ਸੀ ਸਿੱਖ ਸਕੀ। ਆਖਿਰ ਘਨ੍ਹੱਈਏ ਨੇ ਹੀ ਹੱਥ ਖੜ੍ਹੇ ਕਰ ਦਿੱਤੇ ਸਨ, 'ਭਾਗਵਾਨੇ, ਤੇਰੇ ਵਸ ਦਾ ਰੋਗ ਨਹੀਂ ਇਹ, ਤੂੰ ਚੁੱਲ੍ਹਾ-ਚੌਕਾ ਹੀ ਸਾਂਭੀ ਚੱਲ। ਬਹੁਤ ਆ।'

ਘਨ੍ਹੱਈਆ ਰਾਮ ਕਿਸੇ ਵਿਆਹ-ਸ਼ਾਦੀ ਜਾਂ ਰਿਸ਼ਤੇਦਾਰੀ ਵਿਚ ਜਾਂਦਾ ਤਾਂ ਦੁਖੀ ਉਸ ਦੇ ਨਾਲ਼ ਹੁੰਦਾ। ਉਹ ਝਿੰਗਾਂ ਵੱਢਣ, ਬਰਸੀਮ ਲੈਣ, ਕਿਧਰੇ ਵੀ ਨਿਕਲ਼ਦਾ, ਦੁਖੀ ਉਸ ਦੇ ਮਗਰ ਲੱਗ ਜਾਂਦਾ। ਵਿਆਹ-ਸ਼ਾਦੀ ਤੋਂ ਪਹਿਲਾਂ ਲੋਕ ਘਰਾਂ ਵਿਚ ਹੀ ਕੱਪੜੇ ਸਿਲਵਾਉਣ ਲਈ ਦਰਜੀ ਬਿਠਾਲ਼ਦੇ। ਹਫ਼ਤਾ-ਹਫ਼ਤਾ ਘਨ੍ਹੱਈਆ ਦੁਪਹਿਰ ਦੀ ਰੋਟੀ ਵੀ ਉਸੇ ਘਰ' ਚੋਂ ਖਾਂਦਾ। ਦੁਖੀ ਸਕੂਲੋਂ ਆ ਕੇ ਸਿੱਧਾ ਉਸ ਕੋਲ਼ ਪੁੱਜ ਜਾਂਦਾ। ਪਿੰਡ ਦਾ ਦੋਹਤਾ ਹੋਣ ਕਰਕੇ ਬੁੜ੍ਹੀਆਂ ਉਸ ਨੂੰ ਕੜਾਹ, ਘਿਓ-ਸ਼ੱਕਰ ਖੁਆਉਂਦੀਆਂ ਤੇ ਦੰਦ-ਘਸਾਈ ਦੇ ਪੈਸਾ ਦੋ ਪੈਸੇ ਦੇ ਕੇ ਪੁੰਨ-ਦਾਨ ਕੱਢਦੀਆਂ। ਖਾਣ-ਪੀਣ ਤੇ ਪੈਸੇ-ਧੇਲੇ ਦੇ ਲਾਲਚ-ਵਸ ਦੁਖੀ ਉਸਦੇ ਲਾਗੇ ਇਕੱਲਾ ਹੀ ਕਿਸੇ ਖੇਡ ਵਿਚ ਪਿਆ ਰਹਿੰਦਾ। ਚੁੱਲ੍ਹੇ ਤੇ ਪੱਕਦੀ ਕਿਸੇ ਚੀਜ਼ ਦੀ ਖੁਸ਼ਬੋ ਤੋਂ ਹੀ ਉਸ ਨੂੰ ਪਤਾ ਲੱਗ ਜਾਂਦਾ ਕਿ ਕੀ ਪੱਕ ਰਿਹਾ ਹੈ। ਉਸ ਦੇ ਮੂੰਹ' ਚੋਂ ਲਾਰ ਟਪਕਣੀ ਸ਼ੁਰੂ ਹੋ ਜਾਂਦੀ ਤੇ ਉਹ ਕੱਪੜੇ ਸਿਉਂ ਰਹੇ ਆਪਣੇ ਮਾਮੇ ਘਨ੍ਹੱਈਏ ਕੋਲ਼ ਜਾ ਬੈਠਦਾ।

ਦੁਖੀ ਵੱਡਾ ਹੋਇਆ ਤਾਂ ਉਸਦੀ ਨਾਨੀ ਚਿੰਦੀ ਕਈ ਵਾਰੀ ਹੱਸ ਕੇ ਇਕ ਗੱਲ ਦੱਸਿਆ ਕਰਦੀ ਸੀ ਕਿ ਇਕ ਵਾਰੀ ਹਫ਼ਤਾ ਭਰ ਝੜੀ ਲੱਗੀ ਰਹੀ ਸੀ। ਇਕ ਦਿਨ ਤੜਕਸਾਰ ਘਨ੍ਹੱਈਆ ਹੱਥ' ਚ ਲਾਲਟਣ ਫੜੀ, ਬਾਹਰਲੇ ਕੋਠੇ ਡੰਗਰਾਂ ਨੂੰ ਕੱਖ-ਕੰਡਾ ਪਾ ਕੇ ਘਰ ਵੱਲ ਆ ਰਿਹਾ ਸੀ ਕਿ ਜਗਤੇ ਸਿਪਾਹੀ ਦੀ ਗਲ਼ੀ ਵਾਲ਼ੀ ਕੰਧ ਧੜੰਮ ਕਰਕੇ ਉਸ ਉੱਤੇ ਡਿਗ ਪਈ। ਮਿੱਟੀ ਹੇਠ ਦੱਬੇ ਦਾ ਇਕੱਲਾ ਮੂੰਹ ਬਾਹਰ ਰਹਿ ਗਿਆ। ਉਸ ਦਾ ਚੀਕ-ਚਿਹਾੜਾ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ ਤੇ ਲੋਕ ਕਹੀਆਂ ਨਾਲ਼ ਉਸ ਉੱਤੋਂ ਮਿੱਟੀ ਹਟਾਉਣ ਲੱਗੇ। ਖ਼ਬਰ ਸੁਣ ਕੇ ਦੁਖੀ ਦੀ ਨਾਨੀ, ਬੇਬੇ ਤੇ ਮਾਮੀ ਵੀ ਉੱਥੇ ਪਹੁੰਚ ਗਈਆਂ। ਲਲਤਾ ਬਾਰ-ਬਾਰ ਘਨ੍ਹੱਈਏ ਉੱਤੇ ਡਿਗੀ ਜਾਵੇ ਤੇ ਚੀਕਾਂ ਮਾਰੀ ਜਾਵੇ, 'ਮੇਰੇ

ਮ੍ਹਾਰਾਜ ਨੂੰ ਕੱਢ ਲਵੋ ਵੇ ਲੋਕੋ। ਮੈਂ ਲੁੱਟੀ ਗਈ ਵੇ। ਮੈਂ ਪੱਟੀ ਗਈ ਵੇ।'

ਮਿੱਟੀ ਹਟਾਉਂਦੇ ਲੋਕਾਂ ਲਈ ਲਲਤਾ ਰੁਕਾਵਟ ਬਣ ਰਹੀ ਸੀ। ਸੁੰਦਰ ਸੂੰ ਨੇ ਉਸ ਨੂੰ ਬਾਹੋਂ ਫੜ ਕੇ ਧੂਹ ਲਿਆ ਤੇ ਦੋ ਤਿੰਨ ਥੱਪੜ ਜੜੇ। ਫਿਰ ਧੱਕਾ ਦੇ ਕੇ ਪਰ੍ਹੇ ਸੁੱਟ ਦਿੱਤੀ। ਉਹ ਉੱਥੇ ਡਿਗੀ ਪਈ ਵੀ ਚੀਕੀ ਜਾਵੇ,' ਮੇਰੇ ਮ੍ਹਾਰਾਜ ਨੂੰ ਕੱਢ ਲਵੋ ਵੇ ਲੋਕੋ।'

ਮਿੱਟੀ ਹਟਾ ਕੇ ਲੋਕਾਂ ਨੇ ਘਨ੍ਹੱਈਏ ਨੂੰ ਬਾਹਰ ਕੱਢਿਆ ਤਾਂ ਉਸ ਦੀ ਸੱਜੀ ਲੱਤ ਟੁੱਟ ਕੇ ਪੈਰ ਪੱਟ ਨਾਲ਼ ਜੁੜਿਆ ਹੋਇਆ ਸੀ। ਮੰਗਲ ਸਿੰਘ ਜਿਹੜਾ ਘਨ੍ਹੱਈਏ ਨਾਲ਼ ਪਿਛਲੇ ਦਸ ਸਾਲਾਂ ਤੋਂ ਨਹੀਂ ਸੀ ਬੋਲਿਆ, ਆਪਣਾ ਗੱਡਾ ਜੋੜ ਲਿਆਇਆ ਤੇ ਕੰਧੋਲਾ ਪਿੰਡ ਦੇ ਸਿਆਣੇ ਨਰਾਇਣ ਸਿੰਘ ਕੋਲ਼ ਲੱਤ ਬੰਨ੍ਹਵਾ ਕੇ ਲਿਆਇਆ। ਦੋ ਕੁ ਮਹੀਨੇ ਉਹ ਮੰਜੇ ਉੱਤੇ ਪਿਆ ਰਿਹਾ। ਸਿਆਣੇ ਨੇ ਉਸਨੂੰ ਤਿੰਨੋਂ ਟਾਇਮ ਦੇਸੀ ਘੀ ਦਾ ਕੜਾਹ ਖਾਣ ਦੀ ਹਦਾਇਤ ਕੀਤੀ ਸੀ। ਘਨ੍ਹੱਈਏ ਦੀ ਲੱਤ ਟੁੱਟੀ ਤਾਂ ਦੁਖੀ ਲਈ ਮੌਜ ਬਣ ਗਈ। ਉਸ ਦਾ ਮਾਮਾ ਹੂੰਗਰਾਂ ਮਾਰਦਾ, ਉਹ ਵੀ ਉਸਦੀ ਨਕਲ ਕਰਦਾ। ਕੜਾਹ ਬਣਾਉਂਦੀ ਉਸਦੀ ਨਾਨੀ ਕਹਿੰਦੀ, ' ਦੇਖ ਲਵੋ ਦੋਹਤਾ ਹਰਾਮ ਖ਼ੋਰ, ਕੜਾਹ ਖਾਣ ਦਾ ਮਾਰਾ ਕਿਹੜੇ ਖੇਖਣ ਕਰਦਾ ਏ।'

ਆਸ਼ਾਬਾਦ ਸਲਾਹਪੁਰ ਤੋਂ ਤਿੰਨ ਕੁ ਮੀਲ ਦੂਰ ਸੀ। ਦੁਖੀ ਆਪਣੀ ਬੇਬੇ ਦੇ ਮਗਰ ਮਗਰ ਨੰਗੇ ਪੈਰੀਂ ਦੌੜਿਆ ਜਾ ਰਿਹਾ ਸੀ। ਕਿਸੇ ਖਾਸ ਸਮੇਂ ਆਉਣ ਜਾਣ ਲਈ ਉਸ ਕੋਲ਼ ਜੁੱਤੀ ਹੈ ਸੀ, ਪਰ ਅੱਜ ਜੁੱਤੀ ਪਾਉਣ ਲਈ ਉਸ ਨੇ ਆਪਣੀ ਬੇਬੇ ਦੀ ਗੱਲ ਮੰਨੀ ਹੀ ਨਹੀਂ ਸੀ। ਇਹ ਗੱਲ ਵੀ ਉਸ ਦੀ ਬੇਬੇ ਨੇ ਉਸ ਨੂੰ ਉਸੇ ਦਿਨ ਦੱਸੀ ਸੀ ਕਿ ਦੁਖੀ ਆਪਣੇ ਪਿਓ ਦੀ ਮੌਤ ਤੋਂ ਕੁਝ ਘੰਟੇ ਮਗਰੋਂ ਹੀ ਜੰਮਿਆਂ ਸੀ। ਸ਼ਾਇਦ ਆਪਣੇ ਨਾਨਕੇ ਪਿੰਡ ਵਿਚ ਉਹ ਪਹਿਲਾ ਬੱਚਾ ਸੀ, ਜਿਸ ਦਾ ਜਨਮ ਕਿਸੇ ਅਨਪੜ੍ਹ ਦਾਈ ਦੇ ਹੱਥੋਂ ਨਹੀਂ, ਸਗੋਂ ਰੋਪੜ ਸ਼ਹਿਰ ਦੀਆਂ ਪੜ੍ਹੀਆਂ ਲਿਖੀਆਂ ਡਾਕਟਰਨੀਆਂ ਤੇ ਨਰਸਾਂ ਦੀ ਦੇਖ-ਰੇਖ ਵਿਚ ਹੋਇਆ ਸੀ। ਜ਼ਹਿਰ ਦਾ ਅਸਰ ਹੋਣ ਕਰਕੇ ਉਸ ਦੀ ਬੇਬੇ ਦਾ ਸ਼ਰੀਰ ਨੀਲਾ ਪੈ ਗਿਆ ਸੀ ਤੇ ਉਹ ਬੇਹੋਸ਼ ਪਈ ਸੀ। ਡਾਕਟਰਾਂ ਨੇ ਉਸ ਦਾ ਪੇਟ ਚੀਰ ਕੇ ਦੁਖੀ ਨੂੰ ਬਾਹਰ ਕੱਢ ਲਿਆ ਸੀ। ਹੋਸ਼ ਆਉਣ ਤੋਂ ਮਗਰੋਂ ਹੀ ਉਸ ਦੀ ਬੇਬੇ ਨੂੰ ਸਭ ਕੁਝ ਪਤਾ ਲੱਗਾ ਸੀ। ਉਹ ਦੁਖੀ ਦੀ ਸ਼ਕਲ ਦੇਖ ਕੇ ਹੀ ਉੱਚੀ-ਉੱਚੀ ਰੋਣ ਲੱਗੀ ਸੀ, 'ਲੈ ਜਾਓ ਇਸ ਨਹਿਸ਼ ਨੂੰ ਮੇਰੇ ਕੋਲੋਂ। ਸੁੱਟ ਆਓ ਇਸ ਨੂੰ ਸਤਲੁਜ ਵਿਚ। ਇਹ ਆਪਣੇ ਪਿਓ ਨੂੰ ਖਾ ਗਿਆ ਏ।'

'ਅਕਲ ਕਰ ਭੈੜੇ ਬੋਲ ਨਾ ਬੋਲ ਚੰਦਰੀਏ। ਇਸ ਨਿੱਕੀ ਜਿਹੀ ਡੱਡ ਦਾ ਕੀ ਕਸੂਰ ਏ ਭਲਾਂ।' ਘਨ੍ਹੱਈਆ ਰਾਮ ਬੋਲਿਆ ਸੀ।

'ਮੈਂ ਫੂਕਣਾ ਏਂ ਇਹਨੂੰ?... ਜੇ ਮੇਰਾ ਘਰ ਹੀ ਬਰਬਾਦ ਹੋ ਗਿਆ।'

'ਮੈਂ ਲੈ ਲਵਾਂਗਾ ਇਸ ਨੂੰ। ਮੈਂ ਆਪੀ ਸਾਂਭੂੰ। ਪੜ੍ਹਾਊਂ-ਲਿਖਾਊਂ। ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨ ਲੈ ਚੰਦਰੀਏ।'

'ਜੋ ਮਿੱਠਾ ਹੈ ਹੀ ਨਹੀਂ, ਕਿਵੇਂ ਮੰਨ ਲਵਾਂ?' ਉਹ ਚੀਕੀ ਸੀ।

ਘਨ੍ਹੱਈਆ ਰਾਮ ਬੇ-ਔਲਾਦ ਸੀ। ਜਦੋਂ ਦੁਖੀ ਦਾ ਪਿਓ ਜਿਉਂਦਾ ਸੀ ਤਾਂ ਉਸ ਨੇ ਦੁਖੀ ਤੋਂ ਵੱਡਾ ਬੇਅੰਤ ਰਾਮ ਲੈਣ ਲਈ ਆਪਣੀ ਭੈਣ ਮੂਹਰੇ ਤਰਲ਼ੇ ਕੀਤੇ ਸਨ, ਪਰ ਉਹ

ਟਾਲਮ ਟੋਲ਼ ਕਰਦੀ ਰਹੀ ਸੀ ਅਖੇ, ਮੁੰਡੇ ਦਾ ਪਿਓ ਨ੍ਹੀ ਮੰਨਦਾ। ਘਨ੍ਹੱਈਏ ਨੂੰ ਸਕੂਲੋਂ ਹਟੇ ਨੂੰ ਵੀਹ-ਬਾਈ ਸਾਲ ਹੋ ਗਏ ਸਨ। ਪੜ੍ਹਨੋਂ ਹਟ ਕੇ ਉਹ ਬਾਗਾਂ ਆਲ਼ੇ ਕਿਸੇ ਦਰਜ਼ੀ ਤੋਂ ਸਿਲਾਈ ਦਾ ਕੰਮ ਸਿੱਖਣ ਲੱਗ ਪਿਆ ਸੀ। ਉਦੋਂ ਹੀ ਉਸ ਦਾ ਵਿਆਹ ਖਮਾਣੋਂ ਕਲਾਂ ਦੇ ਬੁੱਘਾ ਰਾਮ ਦੀ ਧੀ ਲਲਤਾ ਨਾਲ਼ ਹੋ ਗਿਆ ਸੀ। ਅਸਲ ਵਿਚ ਵਿਆਹ ਤਾਂ ਉਸਦੇ ਵੱਡੇ ਭਰਾ ਦੁਰਗਾ ਦਾਸ ਦਾ ਸੀ, ਘਨ੍ਹੱਈਆ ਤਾਂ ਉਸ ਦਾ ਸਰਵਾਲ੍ਹਾ ਬਣ ਕੇ ਗਿਆ ਸੀ। ਰਥ ਗੱਡੀਆਂ ਵਿਚ ਸਵਾਰ ਹੋ ਕੇ ਪਿੰਡੋਂ ਸੌ ਬੰਦਿਆਂ ਦੀ ਬਰਾਤ ਖਮਾਣੋਂ ਢੁੱਕੀ ਸੀ। ਬੁੱਘਾ ਰਾਮ ਨੇ ਆਪਣੀ ਭੈਣ ਲੀਲਾ ਵੰਤੀ ਦਾ ਵਿਆਹ ਬੜਾ ਗੱਜ-ਵੱਜ ਕੇ ਕੀਤਾ ਸੀ ਤੇ ਤਿੰਨ ਦਿਨ ਬਰਾਤ ਰੱਖੀ ਸੀ। ਉੱਥੇ ਹੀ ਕਿਸੇ ਨੇ ਬੁੱਘਾ ਰਾਮ ਦੇ ਕੰਨ ਵਿਚ ਫੂਕ ਮਾਰ ਦਿੱਤੀ ਕਿ ਆਪਣੀ ਧੀ ਨੂੰ ਸਰਵਾਲੇ ਨਾਲ਼ ਤੋਰ ਦੇਵੇ ਤੇ ਵਿਹਲਾ ਹੋ ਕੇ ਢੋਲੇ ਦੀਆਂ ਗਾਵੇ। ਲਲਤਾ ਦੀ ਉਮਰ ਭਾਵੇਂ ਬਹੁਤ ਨਿਆਣੀ ਸੀ, ਪਰ ਬੁੱਘਾ ਰਾਮ ਨੂੰ ਇਹ ਸੁਝਾਅ ਜਚ ਗਿਆ। ਗੱਲ ਤੋਰਨ ਦੀ ਦੇਰ ਸੀ ਕਿ ਦੋਹਾਂ ਧਿਰਾਂ ਵਿਚ ਸਹਿਮਤੀ ਹੋ ਗਈ। ਦੁਖੀ ਦੇ ਦੋਨੋਂ ਮਾਮਿਆਂ ਦਾ ਵਿਆਹ ਭੂਆ-ਭਤੀਜੀ ਨਾਲ਼ ਹੋ ਗਿਆ। ਦੁਰਗਾ ਦਾਸ ਵਿਆਹ ਮਗਰੋਂ ਦੁਖੀ ਦੀ ਵੱਡੀ ਮਾਮੀ ਨੂੰ ਆਪਣੇ ਨਾਲ਼ ਭਾਖੜੇ ਲੈ ਗਿਆ, ਜਿੱਥੇ ਉਹ ਡੈਮ ਉੱਤੇ ਫੋਰਮੈਨ ਲੱਗਾ ਹੋਇਆ ਸੀ। ਉਹ ਬਹੁਤ ਹੈਂਕੜਬਾਜ ਸੀ ਤੇ ਘਰ ਵਿਚ ਕਿਸੇ ਨੂੰ ਬੁਲਾ ਕੇ ਰਾਜੀ ਨਹੀਂ ਸੀ। ਘਨ੍ਹੱਈਏ ਨੇ ਆਪਣੀ ਹੱਟੀ ਵਿਚ ਆਪਣੇ ਇਸ ਵੱਡੇ ਭਰਾ ਦੀ ਹੈਲਮਟ ਵਾਲ਼ੀ ਫ਼ੋਟੋ ਲਾਈ ਹੋਈ ਸੀ, ਜਿਸ ਵਿਚ ਉਹ ਕੁਝ ਫਾਈਲਾਂ ਚੁੱਕੀ ਪੰਡਤ ਜਵਾਹਰ ਲਾਲ ਨਹਿਰੂ ਦੇ ਬਿਲਕੁਲ ਲਾਗੇ ਖੜ੍ਹਾ ਉਂਗਲੀ ਨਾਲ਼ ਕੁਝ ਦਿਖਾ ਰਿਹਾ ਸੀ। ਲੋਕਾਂ ਦਾ ਕਹਿਣਾ ਸੀ ਕਿ ਇਸ ਫ਼ੋਟੋ ਨੇ ਉਸ ਨੂੰ ਐਨਾ ਅਭਿਮਾਨੀ ਬਣਾ ਦਿੱਤਾ ਸੀ ਕਿ ਸਭ ਨੂੰ ਕੀੜੇ ਮਕੌੜਿਆਂ ਤੋਂ ਵੀ ਤੁੱਛ ਸਮਝਦਾ ਸੀ। ਦੁਖੀ ਦੀ ਨਾਨੀ ਨੇ ਆਪਣੇ ਇਸ ਪੁੱਤ ਨੂੰ ਬਥੇਰੇ ਸੁਨੇਹੇ ਭੇਜੇ, ਪਰ ਉਹ ਅਜਿਹਾ ਗਿਆ ਕਿ ਮੁੜ ਕਦੀ ਪਿੰਡ ਪੈਰ ਹੀ ਨਾ ਪਾਇਆ। ਉਸ ਨੇ ਕਿਸੇ ਕੋਲ਼ ਇਹ ਸੁਨੇਹਾ ਵੀ ਭੇਜ ਦਿੱਤਾ ਕਿ 'ਹਮਾਰਾ ਕੋਈ ਨਹੀਂ ਹੈ। ਸਭ ਮੇਰੇ ਲੀਏ ਮਰ ਗਏ ਹੈਂ ਔਰ ਮੈਂ ਸਭ ਕੇ ਲੀਏ ਮਰ ਗਿਆ ਹੂੰ। ਨਾ ਹਮ ਕਭੀ ਗਾਉਂ ਮੇਂ ਆਏਂਗੇ ਔਰ ਨਾ ਕੋਈ ਹਮਾਰੇ ਪਾਸ ਆਨੇ ਕਾ ਕਸ਼ਟ ਕਰੇ।' ਉਸ ਦੀ ਕਿਸੇ ਨਾਲ਼ ਬਣਦੀ ਨਹੀ ਸੀ। ਸਮੇਂ ਦੇ ਬੀਤਣ ਨਾਲ਼ ਉਸਦੀ ਆਪਣੇ ਪੁੱਤ ਨਿੱਤਿਆ ਨੰਦ ਨਾਲ਼ ਵੀ ਨਾ ਬਣੀ। ਸ਼ਾਇਦ ਇਹੀ ਕਾਰਨ ਹੋਵੇ ਕਿ ਬਹੁਤ ਸਾਲਾਂ ਬਾਅਦ ਜਦੋਂ ਦੁਰਗਾ ਦਾਸ ਮਰਿਆ ਤਾਂ ਉਸ ਨੂੰ ਦਾਗ ਲਾ ਕੇ ਵਾਪਸ ਆਉਂਦਿਆਂ ਉਸ ਦੇ ਇਕਲੌਤੇ ਪੁੱਤ ਨਿੱਤਿਆ ਨੰਦ ਨੇ ਠੇਕੇ ਤੋਂ ਬੋਤਲ ਖਰੀਦ ਆਪਣੇ ਡੱਬ ਵਿਚ ਦੇ ਲਈ ਸੀ।

ਦਰਅਸਲ ਦੁਖੀ ਦੀ ਨਾਨੀ ਦਾ ਉਸ ਦੇ ਨਾਨੇ ਨਾਲ਼ ਦੂਜਾ ਵਿਆਹ ਸੀ। ਉਹ ਪਹਿਲਾਂ ਸਾਨ੍ਹੇਵਾਲ ਨੇੜੇ ਕਿਸੇ ਪਿੰਡ ਵਿਚ ਵਿਆਹੀ ਹੋਈ ਸੀ। ਉਸ ਦਾ ਘਰ ਵਾਲ਼ਾ ਵਿਆਹ ਤੋਂ ਸਾਲ ਕੁ ਬਾਅਦ ਸੰਖੀਏ ਦੀ ਪੁੜੀ ਫੱਕ ਕੇ ਪਰਲੋਕ ਸਿਧਾਰ ਗਿਆ ਸੀ। ਇਹ ਭਾਖੜੇ ਵਾਲ਼ਾ ਦੁਖੀ ਦਾ ਮਾਮਾ ਆਪਣੇ ਪਿਓ ਦੀ ਮੌਤ ਤੋਂ ਮਹੀਨਾ ਭਰ ਮਗਰੋਂ ਜੰਮਿਆਂ ਸੀ ਤੇ ਉਹ ਆਪਣੀ ਮਾਂ ਦੇ ਦੂਜੇ ਵਿਆਹ ਸਮੇਂ ਉਸ ਦੇ ਨਾਲ਼ ਹੀ ਸਲਾਹਪੁਰ ਆ ਗਿਆ ਸੀ। ਉਹ ਸ਼ੁਰੂ ਤੋਂ ਹੀ ਕਿਸੇ ਵਿਚ ਭਿੱਜਿਆ ਨਹੀਂ ਸੀ। ਬੱਸ ਚੁੱਪ-ਚਾਪ ਰਹਿੰਦਾ, ਨਾ ਕਿਸੇ

ਨੂੰ ਬੁਲਾਉਂਦਾ ਤੇ ਨਾ ਬੋਲਦਾ।

ਬਹੁਤ ਮਗਰੋਂ ਦੀ ਗੱਲ ਹੈ ਘਨ੍ਹੱਈਆ ਦੁਖੀ ਨੂੰ ਆਪਣੇ ਸਾਲੇ ਮਾਧੋ ਰਾਮ ਦੇ ਵਿਆਹ ਵਿਚ ਲੈਕੇ ਖਮਾਣੋਂ ਗਿਆ ਤਾਂ ਉਸ ਨੇ ਦੁਖੀ ਨੂੰ ਦੱਸਿਆ ਕਿ ਉਸ ਦਾ ਵੱਡਾ ਮਾਮਾ ਦੁਰਗਾ ਦਾਸ ਵੀ ਉਸ ਵਿਆਹ ਵਿਚ ਆਇਆ ਹੋਇਆ ਸੀ। ਉਹ ਪੁਲਸੀਆਂ ਵਰਗੀ ਵਰਦੀ ਪਾਈ, ਸਿਰ ਤੇ ਹੈਟ ਰੱਖੀ ਇਕ ਕੰਧ ਦੀ ਓਟ ਵਿਚ ਕੁਰਸੀ ਡਾਹੀ ਇਕੱਲਾ ਹੀ ਬੈਠਾ ਸਿਗਰਟ ਪੀ ਰਿਹਾ ਸੀ। ਉਸ ਦੇ ਮੂਹਰੇ ਇਕ ਨਿੱਕੇ ਸਟੂਲ ਉੱਤੇ ਇਕ ਬੋਤਲ ਅਤੇ ਸ਼ਰਾਬ ਨਾਲ਼ ਅੱਧਾ ਕੁ ਭਰਿਆ ਗਿਲਾਸ ਪਿਆ ਸੀ। ਘਨ੍ਹੱਈਏ ਦੇ ਕਹਿਣ ਉੱਤੇ ਦੁਖੀ ਨੇ ਉਸ ਕੋਲ਼ ਜਾ ਕੇ ਉਸ ਦੇ ਪੈਰ ਛੂਹੇ ਤੇ ਕਿਹਾ, 'ਮਾਮਾ ਜੀ, ਮੱਥਾ ਟੇਕਦਾ ਹਾਂ।'

'ਭਾਗੋ ਦਾ ਮੁੰਡਾ ਏਂ?' ਉਸ ਨੇ ਉਸ ਨੂੰ ਝੱਟ ਪਛਾਣ ਲਿਆ।

'ਹਾਂ ਜੀ।' ਦੁਖੀ ਬੋਲਿਆ ਤਾਂ ਉਸ ਨੇ ਉਸ ਦਾ ਸਿਰ ਪਲੋਸ ਦਿੱਤਾ।

'ਕੀ ਨਾਂ ਏਂ ਤੇਰਾ?'

'ਜੀ ਦੁਖੀ ਰਾਮ।' ਦੁਖੀ ਨੇ ਦੱਸਿਆ ਤਾਂ ਉਹ ਖਿੜ-ਖਿੜ ਕਰਕੇ ਹੱਸਿਆ।

'ਇਹ ਨਾਂ ਤੇਰਾ ਕਿਹੜੇ ਮੂਰਖ ਨੇ ਰੱਖਿਆ ਏ?'

'ਬੇਬੇ ਨੇ।'

'ਦੁਖਿਆਰੀ ਦਾ ਪੁੱਤ ਦੁਖੀ.... ਚੱਲ ਕੋਈ ਨਾ..... ਤੂੰ ਵੀ ਦੁਖੀ ਰਾਮ, ਮੈਂ ਵੀ ਦੁਖੀ ਰਾਮ... ਆਪਾਂ ਦੋਨੋਂ ਸਾਂਢੂ।'

ਗੱਲ ਦੁਖੀ ਨੂੰ ਸਮਝ ਨਾ ਆਈ। ਉਸ ਦਾ ਨਾਂ ਤਾਂ ਦੁਖੀ ਰਾਮ ਨਹੀਂ, ਸਗੋਂ ਦੁਰਗਾ ਦਾਸ ਸੀ। ਦੁਖੀ ਚੁੱਪ ਕਰ ਗਿਆ।

ਦੁਰਗਾ ਦਾਸ ਨੇ ਆਪਣੀ ਜੇਬ੍ਹ' ਚੋਂ ਇਕ ਸੁਨਹਿਰੀ ਪੈੱਨ ਤੇ ਚਮੜੇ ਦੇ ਪਰਸ ਵਿੱਚੋਂ ਦੋ ਰੁਪਏ ਕੱਢੇ ਤੇ ਦੁਖੀ ਵੱਲ ਵਧਾਉਂਦਾ ਬੋਲਿਆ, 'ਲੈ ਤੈਨੂੰ ਪੈੱਨ ਦਿਆਂ। ਖੂਬ ਪੜ੍ਹਾਈ ਕਰੀਂ ਤੇ ਦੁਖੀ ਰਾਮ ਤੋਂ ਸੁਖੀ ਰਾਮ ਬਣ ਜਾਵੀਂ।'

ਦੁਖੀ ਦੀ ਬੇਬੇ ਦੀ ਸਿੱਖਿਆ ਸੀ ਕਿ ਜਦੋਂ ਕੋਈ ਰਿਸ਼ਤੇਦਾਰ ਪੈਸੇ ਜਾਂ ਕੋਈ ਚੀਜ਼ ਦੇਵੇ ਤਾਂ ਲੈਣ ਤੋਂ ਇਕ ਵਾਰੀ ਨਾਂਹ ਜਰੂਰ ਕਰੋ।

'ਜੀ ਮੈਂ ਨੀ ਲੈਣੇ।' ਦੁਖੀ ਬੋਲਿਆ।

ਦੁਖੀ ਤੋਂ ਪੈੱਨ ਅਤੇ ਨੋਟ ਫੜ ਕੇ ਉਸ ਨੇ ਮੁੜ ਜੇਬ੍ਹ ਵਿਚ ਪਾ ਲਏ ਤੇ ਬੋਲਿਆ, 'ਵਗ ਜਾ, ਸਾਲ਼ਾ ਭੇਡੂ ਜਿਹਾ। ਸਾਲ਼ੇ ਸਲਾਹਪੁਰੀਏ। ਸਭ ਸੱਪ।'

**00**

# ਨੌਂ

ਆਸ਼ਾਬਾਦ ਨੂੰ ਜਾਂਦਿਆਂ ਦੁਖੀ ਤੇ ਉਹਦੀ ਬੇਬੇ ਪਹਿਲਾਂ ਸੂਆ ਟੱਪੇ ਫਿਰ ਹੰਡਿਆਈ। ਹੰਡਿਆਈ ਦੇ ਥੱਲੇ ਕਾਲੇ ਰੰਗ ਦੀ ਜ਼ਿਰਬਲ ਜਮੀ ਹੋਣ ਕਰਕੇ ਸਾਰਾ ਪਾਣੀ ਹੀ ਕਾਲਾ ਦਿਖਾਈ ਦੇ ਰਿਹਾ ਸੀ। ਉਸ ਵਿਚ ਮੱਛੀ ਦੇ ਪੂੰਗਾਂ ਦੇ ਝੁੰਡ ਘੁੰਮ ਰਹੇ ਸਨ। ਪਾਣੀ ਵਿਚ ਵੀ ਡੀਲਾ ਅਤੇ ਧੌਲ਼ੂ ਉੱਗੇ ਹੋਏ ਸਨ। ਦੁਖੀ ਦੀ ਬੇਬੇ ਬੋਲੀ, ' ਦੁਖੀ ਚੰਦਰਿਆ ਆਪਣਾ

ਜੀਵਨ ਵੀ ਹੁਣ ਇਸ ਹੰਡਿਆਈ ਵਰਗਾ ਹੀ ਏ। ਖੜ੍ਹਾ ਹੋਣ ਕਰਕੇ ਇਹਦਾ ਪਾਣੀ ਸੜ ਰਿਹਾ ਏ। ਦੇਖ ਕਿਹੋ ਜਿਹਾ ਗੰਦਾ ਮੁਸ਼ਕ ਆਉਂਦੈ।'

'ਇਹਨੂੰ ਪਾਰ ਕਰਾਂਗੇ ਤਾਂ ਮੁਸ਼ਕ ਆਉਣਾ ਬੰਦ ਹੋ ਜੂ।' ਦੁਖੀ ਬੋਲਿਆ।

ਐਥੋਂ ਹੀ ਕਿਤੋਂ ਭਾਗਵੰਤੀ ਦੇ ਗਿੱਟੇ ਲਾਗੇ ਜੋਕ ਲੱਗ ਗਈ। ਬੜੀ ਦੂਰ ਜਾਕੇ ਉਸ ਨੂੰ ਪਤਾ ਲੱਗਾ। ਜਦ ਨੂੰ ਜੋਕ ਖ਼ੂਨ ਚੂਸ ਕੇ ਰਬੜ ਦੇ ਬੁਲਬੁਲੇ ਵਾਂਗ ਬਣ ਗਈ ਸੀ। ਆਪਣੇ ਨਾਲ਼ੇ ਨਾਲ਼ੋਂ ਕੂੰਜੀ ਖੋਹਲ ਉਸ ਨੇ ਜੋਕ ਨੂੰ ਖ਼ੁਰਚ ਕੇ ਲਾਹ ਦਿੱਤਾ। ਕੋਈ ਪਹਾ ਜਾਂ ਡੰਡੀ ਤਾਂ ਉੱਥੇ ਹੈ ਨਹੀਂ ਸੀ। ਉਹ ਖੇਤਾਂ ਦੀਆਂ ਡੌਲ਼ਾਂ ਉੱਤੋਂ ਜਾ ਰਹੇ ਸਨ। ਬੇਟ ਦਾ ਇਲਾਕਾ ਹੋਣ ਕਰਕੇ ਥਾਂ-ਥਾਂ ਤੇ ਪਾਣੀ ਖੜ੍ਹਾ ਸੀ। ਹਰ ਥਾਂ ਤੇ ਲੰਬੇ ਪੀਲ਼ੇ ਕੰਡਿਆਂ ਵਾਲ਼ਾ ਜੁਲਾਹਾ ਉੱਗਿਆ ਹੋਇਆ ਸੀ।

'ਦੁਖੀ ਤੈਨੂੰ ਐਨਾ ਕਿਹਾ ਬਈ ਜੁੱਤੀ ਫੂਕ ਲੈ। ਤੂੰ ਕਦੀ ਵੀ ਮੇਰਾ ਕਹਿਣਾ ਨੀ ਮੰਨਦਾ। ਮੈਂ ਤੈਨੂੰ ਤੇਰੇ ਮਾਮੇ ਦੇ ਹੀ ਨਾਉਂ ਕਰਵਾ ਦੇਣਾ ਏਂ। ਉਹੀ ਕਰੂ ਤੈਨੂੰ ਸਿੱਧਾ।' ਉਹ ਬੋਲੀ।

'ਮੈਂ ਤਾਂ ਆਪ ਕਹਿਨੈਂ ਬਈ ਕਰਵਾ ਦੇ। ਤੇਰੇ ਕੋਲ਼ ਕੀ ਆ ਜੂੰਆਂ? ਮਾਮੇ ਨਾਲ਼ ਰਹਿ ਕੇ ਤਾਂ ਮੌਜ ਹੀ ਆ।' ਦੁਖੀ ਖੁਸ਼ ਹੁੰਦਾ ਬੋਲਿਆ।

'ਗੌਂਸਾਂ ਕੁੱਟਿਆ ਕਰੂ ਤੈਨੂੰ।' ਉਹ ਲਲਤਾ ਦੀ ਪਿੱਠ ਪਿੱਛੇ ਉਸ ਨੂੰ 'ਗੌਂਸਾਂ' ਕਿਹਾ ਕਰਦੀ ਸੀ।

'ਤੂੰ ਕਿਹੜਾ ਨਹੀਂ ਕੁੱਟਦੀ? ਯਾਦ ਆ ਉੱਦਣ ਭੂਕਨਾ ਮਾਰਿਆ ਸੀ, ਮੇਰੀ ਕੂਹਣੀ ਉੱਤੇ?'

'ਆਹੋ ਯਾਦ ਆ! ਕੋੜ੍ਹੀ ਹੋਣਿਆਂ ਲੁੱਚੇ ਗੀਤ ਗਾਉਂਦਾ ਸੀ ਤੂੰ। ਮੈਂ ਤਾਂ ਮਾਰਿਆ।'

'ਮਾਮਾ ਨੀ ਗਾਉਂਦਾ ਲੁੱਚੇ ਗੀਤ?'

'ਚੱਲ ਬਹੁਤਾ ਭੌਂਕ ਨਾ। ਘਨ੍ਹੱਈਆ ਕਿਤੇ ਸਾਡੇ ਸਾਮ੍ਹਣੇ ਗਾਉਂਦਾ ਏ? ਹੁਣ ਦੇਖ ਕੇ ਚੱਲੀਂ, ਜੇ ਜੁਲਾਹੇ ਦਾ ਕੰਡਾ ਲੱਗ ਗਿਆ, ਕਿਸੇ ਨੂੰ ਲੱਭਣਾ ਨੀ ਪੈਰ' ਚੋਂ।'

ਭਾਗਵੰਤੀ ਕਦੀ ਆਪਣੀ ਜੁੱਤੀ ਪਾ ਲੈਂਦੀ ਕਦੀ ਖੋਲ੍ਹ ਲੈਂਦੀ। ਸਦਾ ਨੰਗੇ ਪੈਰੀਂ ਦੜੁੱਕਦੇ ਰਹਿਣ ਕਰਕੇ ਦੁਖੀ ਦੇ ਪੈਰਾਂ ਹੇਠ ਤਾਂ ਅੱਟਣ ਪਏ ਹੋਏ ਸਨ। ਜੁਲਾਹੇ ਦਾ ਕੰਡਾ ਤਾਂ ਉਹਦੇ ਪੈਰ ਹੇਠ ਆ ਕੇ ਊਈਂ ਟੁੱਟ ਜਾਂਦਾ ਸੀ। ਉਸ ਦਾ ਮਾਮਾ ਘਨ੍ਹੱਈਆ ਕਿਹਾ ਕਰਦਾ ਸੀ, ਜ਼ਿੰਦਗੀ ਵਿਚ ਮੁਸੀਬਤਾਂ ਦਾ ਟਾਕਰਾ ਕਰਨ ਲਈ ਬੰਦੇ ਦੇ ਦਿਲ ਉੱਤੇ ਵੀ ਅੱਟਣ ਪੈਣੇ ਚਾਹੀਦੇ ਹਨ।

ਆਸ਼ਾਬਾਦ ਤੋਂ ਦੋ ਕੁ ਫਰਲਾਂਗ ਉਰੇ ਕੋਲ਼-ਕੋਲ਼ ਉੱਗੀਆਂ ਤਿੰਨ ਬਰੋਟੀਆਂ ਕੋਲ਼ ਪੁੱਜ ਉਹ ਰੁਕ ਗਏ। ਬਰੋਟੀਆਂ ਦੇ ਬਿਲਕੁਲ ਵਿਚਾਲ਼ੇ ਇਕ ਖੂਹੀ ਸੀ, ਜਿਸ ਦੀ ਮੌਣ ਉੱਤੇ ਲੋਹੇ ਦੀ ਸੰਗਲ਼ੀ ਨਾਲ਼ ਬੰਨ੍ਹਿਆਂ ਇਕ ਡੋਲ ਪਿਆ ਸੀ।

'ਫੈਜ਼ਾ ਦੱਸਦਾ ਸੀ, ਐਥੇ ਇਨ੍ਹਾਂ ਬਰੋਟੀਆਂ ਹੇਠ ਰਾਤ ਨੂੰ ਭੂਤਨੀਆਂ ਨੱਚਦੀਆਂ ਹੁੰਦੀਆਂ ਨੇ।' ਦੁਖੀ ਬੋਲਿਆ।

'ਨੱਚਣ ਪਈਆਂ... ਆਪਾਂ ਤੋਂ ਕੀ ਖੋਹ ਲੈਣਗੀਆਂ?' ਉਹ ਬੋਲੀ।

'ਤੈਨੂੰ ਭੂਤਨੀਆਂ ਤੋਂ ਡਰ ਨੀ ਲਗਦਾ?' ਉਸ ਨੇ ਫਿਰ ਪੁੱਛਿਆ।

'ਡਰਦੀ ਏ ਮੇਰੀ ਜੁੱਤੀ।' ਉਹ ਹੱਸੀ

'ਫੈਜਾ ਕਹਿੰਦਾ ਹੁੰਦਾ ਏ ਕਿ ਕਿਸੇ ਤੋਂ ਉਹ ਚੀਜ਼ਾਂ ਨੀ ਖੋਂਹਦੀਆਂ। ਉਹ ਤਾਂ ਬੰਦੇ ਦੇ ਅੰਦਰ ਵੜ ਕੇ ਉਹਦੀ ਜੀਭ ਤੇ ਬੈਠ ਜਾਂਦੀਆਂ ਨੇ। ਜੋ ਚਾਹੁਣ ਉਹੀ ਬੁਲਵਾਉਂਦੀਆਂ ਨੇ। ਪਰ ਸਾਡੇ ਮਾਸਟਰ ਕਹਿੰਦੇ- ਸਭ ਬਕਵਾਸ ਏ। ਭੂਤਨੀਆਂ ਹੁੰਦੀਆਂ ਹੀ ਨਹੀਂ।' ਦੁਖੀ ਬੋਲਿਆ।

'ਚੱਲ ਹੋਣ ਵੀ.. ਆਪਾਂ ਤੋਂ ਵਿਚਾਰੀਆਂ ਨੇ ਕੀ ਲੈਣਾ ਏ? ਐਥੇ ਤਾਂ ਬੰਦੇ ਤੋਂ ਬਚ ਕੇ ਰਹਿਣ ਦੀ ਲੋੜ ਏ। ਫੈਜ਼ਾ ਤਾਂ ਗਪੌੜ-ਸੰਖ ਏ ਮੇਰੇ ਲਾਲ। ਐਵੇਂ ਰੁੜ੍ਹ ਜਾਣਾ ਡਰਾਈ ਜਾਊ ਨਿਆਣਿਆਂ ਨੂੰ।'

ਭਾਗਵੰਤੀ ਨੇ ਖੂਹੀ ਵਿਚ ਡੋਲ ਸੁੱਟ ਕੇ ਪਾਣੀ ਖਿੱਚਿਆ। ਜ਼ਰ ਖਾਧੇ ਡੋਲ ਦੇ ਥੱਲੇ ਵਿਚ ਗਲ਼ੀ ਹੋਣ ਕਰਕੇ ਪਾਣੀ ਦੀ ਤਤੀਰੀ ਡਿਗ ਰਹੀ ਸੀ। ਉਹ ਛੇਤੀ ਛੇਤੀ ਹੱਥ ਮੂੰਹ ਧੋਣ ਲੱਗ ਪਏ। ਦੁਖੀ ਦੀ ਬੇਬੇ ਨੇ ਘਿਓ-ਸ਼ੱਕਰ ਵਿਚ ਕੁੱਟੀ ਰੋਟੀ ਦੀ ਚੂਰੀ ਦਾ ਪਿੰਨਾ ਪਤਾ ਨਹੀਂ ਕਿੱਥੋਂ ਕੱਢ ਕੇ ਦੁਖੀ ਨੂੰ ਫੜਾ ਦਿੱਤਾ ਤੇ ਬੋਲੀ, 'ਉੱਥੇ ਪਿੰਡ ਵਿਚ ਤੈਨੂੰ ਕੋਈ ਕੁਝ ਖਾਣ ਨੂੰ ਦੇਵੇ ਤਾਂ ਖਾਈ ਨਾ।'

ਚੂਰੀ ਦੁਖੀ ਦੀ ਮਨ ਭਾਉਂਦੀ ਖ਼ੁਰਾਕ ਸੀ। ਚੂਰੀ ਤਾਂ ਜਿੰਨੀ ਮਰਜੀ ਹੁੰਦੀ, ਉਹ ਖਾ ਸਕਦਾ ਸੀ। ਇਹੋ ਉਸ ਦੀ ਸੋਚ ਸੀ। ਜਦੋਂ ਉਹ ਖਾਣ ਤੋਂ ਹਟਦਾ ਹੀ ਨਹੀਂ ਸੀ ਹੁੰਦਾ ਤਾਂ ਉਸ ਦੀ ਮਾਮੀ ਕਿਹਾ ਕਰਦੀ ਸੀ, 'ਵੇ ਢੈ ਜਾਣਿਆਂ ਗਣੇਸਿਆ ਤੇਰਾ ਢਿੱਡ ਐ ਕਿ ਟੋਆ?'

'ਗੌਂਸਾਂ ਟੋਆ।' ਉਹ ਜਵਾਬ ਦਿਆ ਕਰਦਾ।

ਉਹ ਉਸ ਨੂੰ ਦੱਸਦੀ ਕਿ ਗਣੇਸ਼ ਜੀ ਮਹਾਰਾਜ ਦਾ ਵੀ ਉਸੇ ਵਾਂਗ ਬਹੁਤ ਬੜਾ ਢਿੱਡ ਹੁੰਦਾ ਸੀ। ਉਹ ਆਪਣੀ ਸੁੰਡ ਨਾਲ਼ ਚੁੱਕ ਚੁੱਕ ਮੂਹਰੇ ਪਏ ਫਲ਼-ਫਰੂਟ ਇਕ ਮਿੰਟ ਵਿਚ ਚੱਟਮ ਕਰ ਜਾਇਆ ਕਰਦਾ ਸੀ। ਇਹ ਕਥਾ ਉਸ ਨੂੰ ਉਸਦਾ ਮਾਮਾ ਘਨੁੱਈਆ ਵੀ ਸੁਣਾਇਆ ਕਰਦਾ ਸੀ।

ਸਕੂਲ ਨੂੰ ਵੀ ਦੁਖੀ ਕਈ ਵਾਰੀ ਚੂਰੀ ਦਾ ਪਿੰਨਾਂ ਹੀ ਲੈ ਕੇ ਜਾਂਦਾ ਤੇ ਪੜ੍ਹਦੇ-ਪੜ੍ਹਦੇ ਹੀ ਮਾਸਟਰ ਤੋਂ ਅੱਖ ਬਚਾ ਕੇ, ਝੋਲ਼ੇ ਵਿਚ ਨੂੰ ਮੂੰਹ ਕਰਕੇ ਦੰਦੀ ਵੱਢ ਲਿਆ ਕਰਦਾ। ਦੁਖੀ ਨੂੰ ਗੁੜ ਖਾਣ ਦਾ ਵੀ ਬੜਾ ਸ਼ੌਕ ਸੀ। ਸ਼ਾਇਦ ਇਸੇ ਕਰਕੇ ਹੀ ਉਸ ਦੀਆਂ ਲੱਤਾਂ-ਬਾਹਵਾਂ ਉੱਤੇ ਫੋੜੇ ਨਿਕਲ਼ੇ ਰਹਿੰਦੇ।

'ਬੇੜਾ ਬਹਿ ਜੇ ਥੁਆਡਾ ਪਾਪੀਓ... ਥੋਡਾ ਕੱਖ ਨਾ ਰਹੇ। ਰੱਬ ਤੁਹਾਡੇ ਮੇਰੇ ਨਾਲ਼ੋਂ ਵੀ ਮਾੜੇ ਦਿਨ ਲਿਆਵੇ।' ਖੂਹੀ ਦੀ ਮੌਣ ਲਾਗੇ ਜੰਮੀਂ ਜ਼ਿਰਬਲ ਤੋਂ ਡਿਗਣੋਂ ਮਸਾਂ ਬਚਦੀ ਹੋਈ ਉਸ ਦੀ ਬੇਬੇ ਬੋਲੀ।

'ਹੁਣ ਕੀਹ ਨੂੰ ਗਾਲ੍ਹਾਂ ਕੱਢਣ ਲੱਗ ਪਈ?' ਦੁਖੀ ਬੋਲਿਆ।

'ਤੇਰੇ ਚਾਚਿਆਂ ਨੂੰ... ਰੁੜ੍ਹ ਜਾਣਿਆਂ ਨੂੰ... ਕੀੜੇ ਪੈਣ ਇਹਨਾਂ ਜ਼ਾਲਮਾਂ ਦੇ। ਦੁਖੀ ਅਹੁ ਸਿਵੇ ਨੇ ਜਿੱਥੇ ਤੇਰੇ ਬਾਈ ਨੂੰ ਦਾਗ ਲਾਇਆ ਤੀ।' ਉਹ ਸੰਘਣੇ ਦਰੱਖਤਾਂ ਵਾਲ਼ੀ ਝਿੜੀ ਵੱਲ ਇਸ਼ਾਰਾ ਕਰਦੀ ਬੋਲੀ।

'ਕਿਵੇਂ ਮਰਿਆ ਤਾ ਬਾਈ? ਤਾਪ ਚੜ੍ਹਿਆ ਤਾ?'

ਉਹ ਚੁੱਪ ਕਰ ਗਈ ਤੇ ਆਪਣੀ ਸੁੱਥਣ ਉੱਤੋਂ ਦੀ ਚਿੱਟੇ ਲੱਠੇ ਦਾ ਘੱਗਰਾ ਪਾਉਣ ਲੱਗ ਪਈ।

'ਇਹ ਘੱਗਰਾ ਕਿਉਂ ਪਾਉਂਦੀ ਹੁੰਦੀ ਏਂ? ਦੁਖੀ ਨੇ ਪੁੱਛਿਆ।

ਉਹ ਬਿਨਾਂ ਬੋਲੇ ਉਸ ਨੂੰ ਨਾਲ਼-ਨਾਲ਼ ਆਈ ਜਾਣ ਦਾ ਇਸ਼ਾਰਾ ਕਰ ਕੇ ਤੁਰ ਪਈ। ਦੁਖੀ ਨੇ ਉਹਦੇ ਮਗਰ ਜਾਕੇ ਉਹਦਾ ਘੱਗਰਾ ਫੜ ਕੇ ਖਿੱਚਿਆ ਤੇ ਕਿਹਾ, 'ਬੋਲ਼ੀਏ... ਤੈਨੂੰ ਸੁਣਦਾ ਨੀ? ਮੈਂ ਕੀ ਪੁੱਛਿਆ ਏ?'

'ਤੂੰ ਦੁਖੀ ਬਹੁਤੀਆਂ ਗੱਲਾਂ ਨਾ ਪੁੱਛਿਆ ਕਰ। ਵੱਡਾ ਹੋਵੇਂਗਾ ਆਪੇ ਪਤਾ ਲੱਗ ਜੂ।'

'ਅਜੇ ਮੈਂ ਵੱਡਾ ਹੀ ਨੀ ਹੋਇਆ? ਜਾਹ ਭੱਜ ਜਾ ਮੈਂ ਨੀ ਜਾਣਾ।' ਦੁਖੀ ਆਕੜ ਕੇ ਖੜੋ ਗਿਆ।

'ਦੂਰ ਫਿਟੇ ਮੂੰਹ ਤੇਰਾ ਗੰਦੀ ਔਲਦ ਦਾ.. ਕਿਉਂ ਤੂੰ ਮੇਰਾ ਲਹੂ ਪੀਨੈਂ ਐਨਾ?'

'ਤੂੰ ਮੈਨੂੰ ਕੁਛ ਵੀ ਨੀ ਦੱਸਦੀ। ਪਹਿਲਾਂ ਦੱਸ ਬਾਈ ਕਿਵੇਂ ਮਰਿਆ ਤਾ?' ਦੁਖੀ ਨੇ ਰੋਣਾ ਸ਼ੁਰੂ ਕਰ ਦਿੱਤਾ। ਉਹ ਪਿੱਛੇ ਨੂੰ ਮੁੜੀ। ਹੰਝੂਆਂ' ਚ ਗੱਚ ਅੱਖਾਂ ਨਾਲ਼ ਦੁਖੀ ਉਸ ਵੱਖ ਦੇਖਣ ਲੱਗਾ। ਭਾਗਵੰਤੀ ਦਾ ਮੂੰਹ ਪਿੱਤਲ ਦੀ ਮੂਰਤੀ ਵਰਗਾ ਹੋ ਗਿਆ। ਉਸ ਨੇ ਆਪਣੀ ਚਿੱਟੀ ਚੁੰਨੀ ਨਾਲ਼ ਦੁਖੀ ਦੇ ਹੰਝੂ ਪੂੰਝੇ ਤੇ ਆਪਣੇ ਨਾਲ਼ ਘੁੱਟ ਲਿਆ। ਫਿਰ ਉਹ ਦੋਨੋਂ ਉੱਥੇ ਬੈਠ ਗਏ। ਦੁਖੀ ਦੀ ਬੇਬੇ ਨੇ ਆਪਣੀ ਦਰਦ-ਕਹਾਣੀ ਸੁਨਾਉਣੀ ਸ਼ੁਰੂ ਕਰ ਦਿੱਤੀ। ਜਿੰਨੀ ਦੇਰ ਉਹ ਬੋਲਦੀ ਰਹੀ, ਹੰਝੂਆਂ ਦਾ ਟਪਕਊਆ ਵੀ ਲੱਗਿਆ ਰਿਹਾ- ਤਿੱਪ-ਤਿੱਪ-ਤਿੱਪ-ਤਿੱਪ। ਕਿੰਨੇ ਹੰਝੂ ਇਕੱਠੇ ਹੋਏ ਪਏ ਸਨ ਭਾਗਵੰਤੀ ਦੇ ਅੰਦਰ।

**00**

## ਦਸ

ਦੁਖੀ ਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ। ਉਸ ਦੇ ਬਾਈ ਦੀ ਪਿੰਡ ਸੁਨਿਆਰੇ ਕੰਮ ਦੀ ਹੱਟੀ ਸੀ। ਦੂਜੀ ਹੱਟੀ ਦੁਖੀ ਦੇ ਦੋਹਾਂ ਚਾਚਿਆਂ ਫਕੀਰੀਏ ਅਤੇ ਹਰੀਏ ਦੀ ਸੀ। ਕਿਸੇ ਜ਼ਮਾਨੇ ਵਿਚ ਦੁਖੀ ਦੇ ਪੜਦਾਦੇ ਦੁਆਰਕਾ ਦਾਸ ਦੇ ਕਾਰੋਬਾਰ ਦੀ ਪੂਰੀ ਚੜ੍ਹਤ ਹੁੰਦੀ ਸੀ। ਦਸਾਂ ਪਿੰਡਾਂ ਦਾ ਸੋਨੇ-ਚਾਂਦੀ ਦਾ ਕੰਮ ਉਸੇ ਕੋਲ਼ ਆਉਂਦਾ ਸੀ। ਉਹ ਚਮਕੌਰ ਜਾਂ ਰੋਪੜ ਸ਼ਹਿਰ ਜਾਂਦਾ ਤਾਂ ਉਸ ਦੇ ਹੇਠ ਚਿੱਟੀ ਘੋੜੀ ਹੁੰਦੀ। ਉਸ ਦੇ ਦੋ ਮੁੰਡੇ ਸਨ, ਦੁਖੀ ਦਾ ਬਾਬਾ ਗੋਧੀ ਤੇ ਹਰਬੰਸ ਰਾਏ। ਦੁਆਰਕਾ ਦਾਸ ਫੇਰੇ-ਤੋਰੇ ਤੇ ਰਹਿੰਦਾ ਸੀ ਤੇ ਪਿੱਛੋਂ ਦੋਨੋਂ ਮੁੰਡੇ ਹੱਟ ਸਾਂਭਦੇ ਸਨ। ਇਕ ਰਾਤ ਬਦਨਾਮ ਡਾਕੂ ਗੱਜਣਾ ਤੇ ਉਹਦੇ ਸਾਥੀ ਰਫ਼ਲਾਂ ਪਾਈ ਘੋੜਿਆਂ ਤੇ ਸਵਾਰ ਹੋ ਕੇ ਸਿੱਧੇ ਉਨ੍ਹਾਂ ਦੇ ਘਰ ਪਹੁੰਚੇ ਤੇ ਗਲ਼ੀ ਵਿਚ ਫਾਇਰ ਕੀਤੇ । ਇਕ ਜਣੇ ਨੇ ਮਿਸ਼ਾਲ ਬਾਲ਼ ਲਈ ਤੇ ਦਰਵਾਜ਼ੇ ਉੱਤੇ ਰਫਲ ਦੀ ਬੱਟ ਮਾਰ ਕੇ ਦਰਵਾਜ਼ਾ ਖੋਲ੍ਹਣ ਲਈ ਕਿਹਾ। ਗੱਜਣੇ ਨੇ ਉੱਚੀ ਅਵਾਜ਼ ਵਿਚ ਆਪਣੀ ਜਾਣ-ਪਛਾਣ ਵੀ ਕਰਵਾ ਦਿੱਤੀ। ਇਹ ਵੀ ਕਿਹਾ ਕਿ ਜੇ ਕੁੰਡਾ ਨਾ ਖੋਲ੍ਹਿਆ ਤਾਂ ਘਰ ਨੂੰ ਅੱਗ ਲਾ ਦਿੱਤੀ ਜਾਵੇ ਗੀ। ਸਾਰਾ ਪਿੰਡ ਸਹਿਮ ਗਿਆ ਤੇ ਦੁਆਰਕਾ ਦਾਸ ਕੁੰਡਾ ਖੋਹਲ ਕੇ ਹੱਥ ਬੰਨ੍ਹ ਕੇ ਖੜ੍ਹਾ

ਹੋ ਗਿਆ। ਗਜਣੇ ਨੇ ਹੁਕਮ ਕੀਤਾ ਕਿ ਚਾਂਦੀ ਸੋਨਾ ਅਤੇ ਸਾਰੇ ਰੁਪਏ ਉਨ੍ਹਾਂ ਦੇ ਹਵਾਲੇ ਕਰ ਦਿੱਤੇ ਜਾਣ। ਮਗਰੋਂ ਜੇ ਤਲਾਸ਼ੀ ਲੈਣ ਤੇ ਘਰ ਵਿਚ ਦੱਬਿਆ ਹੋਇਆ ਮਾਲ ਵੀ ਮਿਲ ਗਿਆ ਤਾਂ ਸਾਰੇ ਟੱਬਰ ਨੂੰ ਗੋਲ਼ੀ ਮਾਰ ਦਿੱਤੀ ਜਾਵੇਗੀ। ਉਨ੍ਹਾਂ ਨੇ ਘਰ ਦੇ ਸਾਰੇ ਜੀਆਂ ਨੂੰ ਡਰਾ ਧਮਕਾ ਕੇ ਸਾਰਾ ਕੀਮਤੀ ਮਾਲ ਇਕ ਬੋਰੀ ਵਿਚ ਪਾ ਲਿਆ। ਡਰਦੇ ਬੁੜ੍ਹੇ ਨੇ ਦੇਹਲ਼ੀ ਹੇਠ ਦੱਬੀ ਚਾਂਦੀ ਦੇ ਰੁਪਿਆਂ ਨਾਲ਼ ਭਰੀ ਪਿੱਤਲ ਦੀ ਗਾਗਰ ਕੱਢ ਕੇ ਉਨ੍ਹਾਂ ਦੇ ਹਵਾਲੇ ਕਰ ਦਿੱਤੀ ਤੇ ਬਕਸਿਆਂ ਵਾਲ਼ੀ ਛੱਤ ਵਿੱਚੋਂ ਵੀ ਸਾਰਾ ਮਾਲ ਕੱਢ ਕੇ ਉਨ੍ਹਾਂ ਦੀ ਬੋਰੀ ਵਿਚ ਪਾ ਦਿੱਤਾ। ਡਾਕੂ ਐਨੇ ਬੇਰਹਿਮ ਸਨ ਕਿ ਔਰਤਾਂ ਦੇ ਕੰਨਾ ਦੀਆਂ ਮੁਰਕੀਆਂ ਤੱਕ ਲੁਹਾ ਕੇ ਲੈ ਗਏ। ਉਹ ਜਾਂਦੇ ਹੋਏ ਉਨ੍ਹਾਂ ਦੀ ਘੋੜੀ ਵੀ ਲੈ ਗਏ ਸਨ। ਦੁਆਰਕਾ ਦਾਸ ਘੋੜੀ ਦੀ ਗਰਦਨ ਨਾਲ਼ ਲਮਕ ਪਿਆ। ਉਹ ਸ਼ੋਰ ਕਰਨ ਲੱਗਾ, 'ਮੈਂ ਘਰ ਦਾ ਸਾਰਾ ਕੁਝ ਤੁਹਾਨੂੰ ਦੇ ਸਕਦਾ ਹਾਂ, ਇਹ ਘੋੜੀ ਨਹੀਂ ਦਿਆਂਗਾ। ਮੈਂ ਇਸ ਨੂੰ ਆਪਣੀ ਧੀ ਵਾਂਗ ਪਾਲਿਆ ਏ। ਜੇ ਤੁਸੀਂ ਇਸ ਨੂੰ ਲੈ ਜਾਣਾ ਹੈ ਤਾਂ ਪਹਿਲਾਂ ਮੈਨੂੰ ਗੋਲ਼ੀ ਮਾਰ ਦਿਓ।'

ਇਕ ਡਾਕੂ ਨੇ ਉਸ ਦੀ ਪਿੱਠ ਵਿਚ ਰਫਲ ਦੀ ਬੱਟ ਮਾਰ ਕੇ ਪਰ੍ਹੇ ਸੁੱਟ ਦਿੱਤਾ। ਉਸ ਨੂੰ ਇਸ ਡਾਕੇ ਨਾਲ਼ ਐਨਾ ਸਦਮਾ ਪੁੱਜਾ ਕਿ ਉਸ ਮਗਰੋਂ ਉਸ ਨੇ ਆਪਣੀ ਜੀਵਨ ਸ਼ੈਲੀ ਹੀ ਬਦਲ ਦਿੱਤੀ। ਉਹ ਬਹੁਤ ਸਧਾਰਣ ਮੰਗਤਿਆਂ ਵਰਗੇ ਕੱਪੜੇ ਪਾ ਕੇ ਬਾਹਰ ਜਾਣ ਲੱਗ ਪਿਆ। ਵਾਪਸੀ ਉੱਤੇ ਗੋਹੇ ਦੇ ਸੁੱਕੇ ਗੋਹਟੇ ਜਾਂ ਤਿੰਬੜੀਆਂ ਚੁਗ ਕੇ ਆਪਣੀ ਧੋਤੀ ਵਿਚ ਹੀ ਪੰਡ ਬੰਨ੍ਹ ਲਿਆਉਂਦਾ। ਉਹ ਨਾ ਸ਼ੇਵ ਕਰਦਾ ਤੇ ਨਾ ਵਾਲ਼ਾਂ ਨੂੰ ਤੇਲ ਲਾਉਂਦਾ। ਉਸ ਦੀਆਂ ਲਟਕਦੀਆਂ ਜਟੂਰੀਆਂ ਕਿਸੇ ਭਿਖਾਰੀ ਦਾ ਭੁਲੇਖਾ ਪਾਉਂਦੀਆਂ। ਹੌਲ਼ੀ ਹੌਲ਼ੀ ਉਸ ਦੀ ਖੁਰਾਕ ਘਟੀ ਤੇ ਉਹ ਮੰਜੇ ਤੇ ਪੈ ਗਿਆ। ਕਈ ਵਾਰੀ ਪਿਆ ਪਿਆ ਹੀ ਉਹ ਬੋਲਣ ਲੱਗ ਪੈਂਦਾ, 'ਨਹੀਂ ਦਿੰਦਾ ਘੋੜੀ, ਨਹੀਂ ਦਿੰਦਾ ਘੋੜੀ। ਮਾਰ ਦਵੋ ਮੈਨੂੰ ਗੋਲ਼ੀ ਮਾਰ ਕੇ।'

ਆਖਰੀ ਸਮੇਂ ਤਾਂ ਉਹ ਬਹੁਤ ਬੇਥਵੀਆਂ ਮਾਰਨ ਲੱਗ ਪਿਆ ਸੀ। ਜਿਸ ਦਿਨ ਮਰਿਆ, ਆਪ ਹੀ ਮੰਜੇ ਤੋਂ ਉਤਰ ਫਰਸ਼ ਤੇ ਲੇਟ ਗਿਆ ਤੇ ਪ੍ਰਾਣ ਤਿਆਗ ਦਿੱਤੇ। ਮਗਰੋਂ ਉਹਦੇ ਦੋਵਾਂ ਮੁੰਡਿਆਂ ਨੇ ਵੀ ਉਸੇ ਦੀ ਪੈੜ ਤੇ ਪੈਰ ਰੱਖਣੇ ਸ਼ੁਰੂ ਕਰ ਦਿੱਤੇ। ਰੱਬ ਦੀ ਮਾਰ ਪਈ ਕਿ ਦੁਖੀ ਦੇ ਬਾਬੇ ਦਾ ਭਰਾ ਹਰਬੰਸ ਰਾਏ, ਉਹਦੀ ਘਰ ਵਾਲ਼ੀ ਤੇ ਦੋ ਬੱਚੇ ਪਲੇਗ ਖਾ ਗਈ। ਪਲੇਗ ਫੈਲਣ ਮਗਰੋਂ ਲੋਕਾਂ ਨੇ ਖੇਤਾਂ ਵਿਚ ਸਿਰਕੀਆਂ ਬੰਨ੍ਹ ਕੇ ਡੇਰੇ ਲਾ ਲਏ। ਖੇਤਾਂ ਵਿਚ ਵੀ ਚੂਹੇ ਅਕਸਰ ਆ ਜਾਂਦੇ। ਜਦੋਂ ਭੱਜਿਆ ਜਾਂਦਾ ਚੂਹਾ ਅਚਾਨਕ ਲੁੜਕ ਜਾਂਦਾ ਤੇ ਮਰ ਜਾਂਦਾ ਤਾਂ ਲੋਕ ਮਿੱਟੀ ਪੁੱਟ ਕੇ ਉਸ ਨੂੰ ਦੱਬ ਦਿੰਦੇ। ਪਿੰਡ ਵਿਚ ਕੋਈ ਘਰ ਅਜਿਹਾ ਨਹੀਂ ਸੀ ਬਚਿਆ ਜਿਸ ਦਾ ਇਕ ਅੱਧ ਜੀਅ ਪਲੇਗ ਦੀ ਭੇਟ ਨਾ ਚੜ੍ਹਿਆ ਹੋਵੇ । ਪਿੱਛੇ ਬਚੇ ਦੁਖੀ ਦੇ ਬਾਬੇ ਗੋਧੀ ਨੇ ਆਪਣੇ ਤਿੰਨਾਂ ਮੁੰਡਿਆਂ ਨੂੰ ਸੁਨਿਆਰੇ ਦੇ ਕੰਮ ਵਿਚ ਹੀ ਪਾ ਲਿਆ। ਉਸ ਨੇ ਆਪ ਉੱਪਰਲੀ ਲਾਣੇਦਾਰੀ ਸਾਂਭ ਲਈ। ਸ਼ਹਿਰ ਜਾ ਕੇ ਸੋਨੇ ਦੀ ਸੁਧਾਈ ਕਰਾਉਣੀ, ਸੋਨਾ ਚਾਂਦੀ ਖਰੀਦਣਾ, ਵੇਚਣਾ, ਪਿੰਡਾਂ ਤੋਂ ਮਾਲ ਲਿਆਉਣਾ ਤੇ ਤਿਆਰ ਕਰਕੇ ਦੇ ਕੇ ਆਉਣਾ। ਲੋਕਾਂ ਦੇ ਵਿਆਹ ਸ਼ਾਦੀਆਂ ਵਿਚ ਵੀ ਇਕੱਲਾ ਗੋਧੀ ਹੀ ਸ਼ਾਮਲ ਹੁੰਦਾ। ਉਸ ਦਾ ਸੁਭਾਅ ਬੜਾ ਕੱਬਾ ਸੀ। ਐਵੇਂ ਘਰ ਵਿਚ ਦਹਿਸ਼ਤ ਪਾਈ ਰੱਖਦਾ।

ਉਸ ਨੂੰ ਪੁੱਛੇ ਬਗੈਰ ਘਰ ਵਿਚ ਪੱਤਾ ਵੀ ਨਹੀਂ ਸੀ ਹਿੱਲ ਸਕਦਾ। ਤਿੰਨੋਂ ਭਰਾ ਤੇ ਉਨ੍ਹਾਂ ਦੀਆਂ ਜ਼ਨਾਨੀਆਂ ਦੜ ਵੱਟੀ ਉਸੇ ਘਰ ਵਿਚ ਰਹਿੰਦੀਆਂ ਰਹੀਆਂ। ਉਨ੍ਹਾਂ ਦੇ ਚਿਹਰਿਆਂ ਤੇ ਦਿਨ ਭਰ ਲੰਬੇ-ਲੰਬੇ ਘੁੰਡ ਲਟਕਦੇ ਰਹਿੰਦੇ। ਰੋਟੀ ਖਾਣ ਵੇਲ਼ੇ ਵੀ ਉਹ ਕਮਰੇ ਦੇ ਖੂੰਜੇ ਵਿਚ ਮੂੰਹ ਦੇ ਕੇ ਬੈਠ ਜਾਂਦੀਆਂ। ਗੋਧੀ ਕਿਸੇ ਔਰਤ ਨੂੰ ਬੋਲਦੀ ਸੁਣ ਲੈਂਦਾ ਤਾਂ ਉਸਦੀ ਗੁੱਤ ਪੁੱਟਣ ਤੱਕ ਜਾਂਦਾ। ਦੁਖੀ ਦੀ ਦਾਦੀ ਗੰਗੀ ਵੀ ਗੋਧੀ ਦੀ ਸ਼ਕਲ ਦੇਖ ਕੇ ਥਰ-ਥਰ ਕੰਬਦੀ। ਉਹ ਉਸ ਨੂੰ ਬਿਨਾਂ ਮਤਲਬ ਠੁੱਡਾ ਮਾਰ ਕੇ ਹੀ ਲੰਘਦਾ, ਸ਼ਾਇਦ ਇਸ ਲਈ ਕਿ ਬਾਕੀ ਜ਼ਨਾਨੀਆਂ ਉਸ ਤੋਂ ਭੈਅ ਖਾਂਦੀਆਂ ਰਹਿਣ। ਘਰ ਵਿਚ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਗੋਧੀ ਅੱਗੇ ਹੀ ਅਰਜ਼ੋਈ ਕੀਤੀ ਜਾਂਦੀ। ਮਨ ਹੁੰਦਾ ਤਾਂ ਉਹ ਪੂਰੀ ਕਰਦਾ, ਨਹੀਂ ਝਿੜਕ ਕੇ ਬਿਠਾਲ ਦਿੰਦਾ। ਉਹ ਸਾਰੀਆਂ ਔਰਤਾਂ ਤੇ ਬੱਚਿਆਂ ਦੇ ਕੱਪੜਿਆਂ ਲਈ ਆਪਣੀ ਪਸੰਦ ਦਾ ਥਾਨ ਹੀ ਚੁੱਕ ਲਿਆਉਂਦਾ ਤੇ ਘਰੇ ਦਰਜ਼ੀ ਬਿਠਾ ਕੇ ਸਿਲਾਈ ਕਰਵਾ ਦਿੰਦਾ। ਸਾਰੇ ਟੱਬਰ ਦੀ ਇੱਕੋ ਜਿਹੀ ਵਰਦੀ ਦੇਖ ਕੇ ਲੋਕ ਮਜ਼ਾਕ ਉਡਾਉਂਦੇ। ਪਰ ਉਸ ਤੇ ਕੋਈ ਅਸਰ ਨਾ ਹੁੰਦਾ। ਪਾਉਣਾ ਹੈ ਪਾਓ, ਨਹੀਂ ਪਾਉਣਾ ਨਾ ਪਾਓ। ਕੋਈ ਵੀ ਕੂੰਦਾ ਨਾ।

ਗੋਧੀ ਨੇ ਆਪਣੇ ਤਿੰਨਾਂ ਮੁੰਡਿਆਂ ਨੂੰ ਸੁਨਿਆਰੇ ਕੰਮ ਦੇ ਸਾਰੇ ਭੇਤ ਸਮਝਾ ਦਿੱਤੇ ਸਨ। ਗਾਹਕ ਨਾਲ਼ ਮਾਖਿਓਂ ਹੋ ਕੇ ਕਿਵੇਂ ਵਰਤਣਾ ਹੈ। ਉਨ੍ਹਾਂ ਦੇ ਘਰਾਂ ਵਿਚ ਵਿਆਹਾਂ ਸਮੇਂ ਵਧ ਚੜ੍ਹ ਕੇ ਕਿਵੇਂ ਨਿਉਂਦਾ ਪਾਉਣਾ ਹੈ ਤੇ ਔਖੇ ਵੇਲ਼ੇ ਸਾਥ ਦੇਣਾ ਹੈ। ਕਿਵੇਂ ਨਵੇ ਂ ਗਾਹਕ ਢਾਹੁਣ ਲਈ ਤੇ ਪੁਰਾਣਿਆਂ ਨੂੰ ਬੰਨੀ ਰੱਖਣ ਲਈ ਘਰ ਵਿਚ ਪਾਠ, ਜਗਰਾਤੇ ਆਦਿ ਦੇ ਪ੍ਰੋਗਰਾਮ ਰੱਖਣੇ ਹਨ। ਕਿਹੜੇ ਗਾਹਕਾਂ ਨੂੰ ਮੀਟ ਨਾਲ਼ ਰੋਟੀ ਖੁਆਉਣੀ ਹੈ ਤੇ ਸ਼ਰਾਬ ਪਿਲਾਉਣੀ ਹੈ। ਖੋਟ ਦੀ ਕਾਟ ਕਿਵੇਂ ਕੱਟਣੀ ਹੈ। ਗਹਿਣੇ ਭੰਨਦੇ ਜਾਂ ਸੋਨਾ ਢਾਲਦੇ ਸਮੇਂ ਹੇਰਾ ਫੇਰੀ ਕਿੰਝ ਕਰਨੀ ਹੈ। ਹਮੇਸ਼ਾਂ 'ਹਾਏ ਮਰ ਗਏ, ਹਾਏ ਮਰ ਗਏ' ਕਹਿੰਦਿਆਂ ਮਹਿੰਗਾਈ ਦਾ ਰੋਣਾ ਕਿੰਝ ਰੋਣਾ ਹੈ। ਪਿੰਨੀਆਂ, ਫਲ, ਪਕੌੜੇ, ਖੀਰ-ਕੜਾਹ, ਕਾਜੂ ਬਦਾਮ ਅੰਦਰ ਲੁਕ ਕੇ ਖਾਣੇ ਹਨ। ਜੇ ਇਕ ਜੇਬ੍ਹ ਵਿਚ ਬਦਾਮ ਦੀ ਗਿਰੀ ਹੈ ਤਾਂ ਦੂਜਿਆਂ ਨੂੰ ਦੇਣ ਲਈ ਦੂਜੀ ਜੇਬ੍ਹ ਵਿਚ ਭੁੱਜੇ ਛੋਲੇ ਵੀ ਰੱਖਣੇ ਹਨ।

'ਜੇ ਜਿਊਂਦੇ ਜੀਅ ਚੰਦਰਾ ਅੱਡ ਕਰ ਜਾਂਦਾ, ਚਾਹੇ ਸਾਨੂੰ ਬਾਕੀਆਂ ਤੋਂ ਘੱਟ ਹੀ ਦੇ ਦਿੰਦਾ ਤਾਂ ਆਹ ਦਿਨ ਤਾਂ ਨਾ ਦੇਖਣੇ ਪੈਂਦੇ।' ਭਾਗਵੰਤੀ ਘੱਗਰੇ ਦੀ ਲੌਣ ਵਿਚ ਫਸੀ ਕਸੁੰਭੀ ਲਾਹੁੰਦੀ ਬੋਲੀ।

'ਫੇਰ ਉਹ ਮਰ ਕਿਵੇਂ ਗਿਆ?' ਦੁਖੀ ਨੇ ਪੁੱਛਿਆ ਤਾਂ ਉਸ ਦੀ ਬੇਬੇ ਨੇ ਅਗਲੀ ਕਹਾਣੀ ਦੱਸੀ।

ਇਕ ਰਾਤ ਗੋਧੀ ਨੂੰ ਉਲਟੀਆਂ ਲੱਗ ਗਈਆਂ। ਉਹ ਗਲ਼ੀ ਵਿਚ ਪੈਰਾਂ ਭਾਰ ਬੈਠਾ ਜ਼ੋਰ ਲਾ ਰਿਹਾ ਸੀ, ਕਿ ਖਾਧਾ-ਪੀਤਾ ਸਭ ਕੁਝ ਨਿਕਲ਼ ਜਾਵੇ, ਪਰ ਅੰਦਰੋਂ ਮਾੜਾ ਮੋਟਾ ਕੁਸੈਲ਼ਾ ਪਾਣੀ ਹੀ ਨਿਕਲ਼ ਰਿਹਾ ਸੀ। ਹਫ਼ਤੇ ਵਿਚ ਹੀ ਪਿੰਡ ਵਿਚ ਤਿੰਨ ਮੌਤਾਂ ਇਸੇ ਤਰ੍ਹਾਂ ਹੋ ਗਈਆਂ ਸਨ। ਲੋਕ ਇਸਨੂੰ ਹੈਜ਼ੇ ਦੀ ਨਿਸ਼ਾਨੀ ਕਹਿੰਦੇ ਸਨ। ਦੁਖੀ ਦਾ ਬਾਈ ਨੰਦੀ ਤੇ ਦੋਨੋਂ ਚਾਚੇ ਹੈਜੇ ਦੀ ਲਾਗ ਤੋਂ ਡਰਦੇ ਮੂੰਹਾਂ ਤੇ ਕੱਪੜੇ ਲਪੇਟੀ ਸਵੇਰ ਹੋਣ ਤੱਕ ਦੇਸੀ ਦਵਾ-ਦਾਰੂ ਕਰਦੇ ਰਹੇ। ਦਿਨ ਚੜ੍ਹਦੇ ਹੀ ਉਹ ਉਸਨੂੰ ਸ਼ਹਿਰ ਲੈ ਜਾਣ ਲੱਗੇ ਤਾਂ ਗੋਧੀ

ਨੇ ਪ੍ਰਾਣ ਤਿਆਗ ਦਿੱਤੇ।

ਗੋਧੀ ਦੀ ਮੌਤ ਮਗਰੋਂ ਦੁਕਾਨਦਾਰੀ ਵਿਚ ਵਿਗਾੜ ਆਉਣਾ ਸ਼ੁਰੂ ਹੋ ਗਿਆ। ਉਸ ਦੇ ਬੈਠੇ-ਬੈਠੇ ਲਾਣੇਦਾਰੀ ਨੰਦ ਲਾਲ ਨੂੰ ਮਿਲ ਗਈ ਹੁੰਦੀ ਤਾਂ ਬਾਕੀਆਂ ਨੇ ਦਬੇ ਰਹਿਣਾ ਸੀ। ਹੁਣ ਤਿੰਨੋ ਭਾਈ ਆਪਣੇ ਆਪ ਨੂੰ ਇਕ ਦੂਜੇ ਤੋਂ ਉੱਤੇ ਸਮਝਣ ਲੱਗੇ। ਕਦੀ ਕੋਈ ਗਹਿਣਾ ਚਲਾ ਜਾਂਦਾ, ਕਦੀ ਰੁਪਏ ਘਟ ਜਾਂਦੇ। ਉਗਰਾਹੀ ਵਾਲ਼ੀ ਰਕਮ ਵੀ ਖ਼ੁਰਦ-ਬੁਰਦ ਹੋਣ ਲੱਗੀ। ਹਰ ਕੋਈ ਆਪੋ ਆਪਣੀ ਜ਼ਨਾਨੀ ਅਤੇ ਜੁਆਕਾਂ ਲਈ ਦੁਕਾਨ' ਚੋਂ ਪੈਸੇ ਕੱਢ ਨਵੇਂ ਸੂਟ ਅਤੇ ਗਹਿਣੇ ਬਣਾਉਣ ਲੱਗ ਪਿਆ। ਬਹਾਨਾ ਹੁੰਦਾ ਕਿ ਉਹ ਸਭ ਕੁਝ ਜ਼ਨਾਨੀ ਦੇ ਪੇਕਿਆਂ ਤੋਂ ਮਿਲਿਆ ਹੈ। ਔਰਤਾਂ ਆਪਸ ਵਿਚ ਵੀ ਉਲਝਣ ਤੇ ਸੁਲਘਣ ਲੱਗ ਪਈਆਂ। ਆਨੀਂ-ਬਹਾਨੀਂ ਇਕ ਦੂਜੀ ਨੂੰ ਭੁੰਜੇ ਲਾਹੁਣ ਲੱਗੀਆਂ। ਉਹ ਦਾਲ਼ ਧਰਨ ਜਾਂ ਰੋਟੀ ਬਣਾਉਣ ਲਈ ਵੀ ਇਕ ਦੂਜੇ ਦਾ ਮੂੰਹ ਤੱਕਣ ਲੱਗੀਆਂ। ਤੀਵੀਆਂ ਨੇ ਘੁੰਡ ਕੱਢਣੇ ਬੰਦ ਕਰ ਦਿੱਤੇ। ਦੁਖੀ ਦੀਆਂ ਦੋਨੋਂ ਚਾਚੀਆਂ ਆਪਣੇ ਜੇਠ ਨੰਦ ਲਾਲ ਨੂੰ ਵੀ ਟੋਕਣ ਲੱਗ ਪਈਆਂ। ਬਾਬੇ ਗੋਧੀ ਦੇ ਜਿਉਂਦਿਆਂ ਕਦੀ ਕੋਈ ਉਨ੍ਹਾਂ ਦਾ ਮਹਿਮਾਨ ਬਣਨ ਦੀ ਜੁੱਅਰਤ ਨਹੀਂ ਸੀ ਕਰਦਾ, ਹੁਣ ਰਿਸ਼ਤੇਦਾਰਾਂ ਲਈ ਵੀ ਰਾਹ ਖੁੱਲ੍ਹ ਗਿਆ। ਕੋਈ ਨਾ ਕੋਈ ਟਪਕਿਆ ਹੀ ਰਹਿੰਦਾ। ਕਿਸੇ ਦਾ ਭਰਾ ਆ ਗਿਆ, ਕਿਸੇ ਦੀ ਮਾਂ ਆ ਗਈ। ਉਹ ਅੱਡ ਹੋਣ ਲਈ ਦੁਖੀ ਦੀਆਂ ਚਾਚੀਆਂ ਨੂੰ ਉਕਸਾਉਣ ਲੱਗੇ। ਵਾਪਸੀ ਸਮੇਂ ਉਨ੍ਹਾਂ ਦੇ ਝੋਲ਼ੇ ਭਰੇ ਹੁੰਦੇ।

ਇਕ ਦਿਨ ਕੋਈ ਬੰਦਾ ਆਪਣੇ ਗਹਿਣੇ ਧਰ ਕੇ ਹਜ਼ਾਰ ਰੁਪਏ ਵਿਆਜੂ ਲੈ ਗਿਆ। ਕੁਝ ਦਿਨਾਂ ਮਗਰੋਂ ਪਤਾ ਲੱਗਾ ਕਿ ਛੱਤ ਦੇ ਬਕਸੇ ਵਿਚ ਰੱਖੇ ਉਹ ਗਹਿਣੇ ਹੀ ਗਾਇਬ ਸਨ। ਨੰਦ ਲਾਲ ਘਰ' ਚ ਵੱਡਾ ਸੀ, ਉਸ ਨੇ ਇਕੱਲੇ-ਇਕੱਲੇ ਨੂੰ ਪੁੱਛਿਆ। ਦੁਖੀ ਦੇ ਦੋਨੋਂ ਚਾਚੇ ਉਸ ਦੇ ਬਾਈ ਨੂੰ ਬਘਿਆੜ ਕੇ ਪਏ। ਚਾਚੀਆਂ ਭਰਿੰਡਾਂ ਵਾਂਗ ਛਿੜ ਪਈਆਂ। ਨੰਦ ਲਾਲ ਸੁੰਨ ਹੋ ਗਿਆ। ਉਸ ਨੇ ਕਿਹਾ, 'ਭਾਗਵੰਤੀ ਦੇਖ ਲੈਣਾ, ਹੁਣ ਇਹ ਘਰ ਟੁੱਟੇਗਾ। ਸਭ ਤਬਾਹ ਹੋ ਜਾਵੇਗਾ।'

ਘਰ ਵਿਚ ਇਤਫ਼ਾਕ ਖ਼ਤਮ ਹੋ ਗਿਆ ਸੀ। ਨਿੱਤ ਕਲੇਸ਼ ਰਹਿਣ ਲੱਗ ਪਿਆ। ਦੁਖੀ ਦਾ ਪਿਓ ਨੰਦ ਲਾਲ ਇਕ ਪਾਸੇ, ਦੋਨੋਂ ਚਾਚੇ ਦੂਜੇ ਪਾਸੇ। ਉਹ ਅੱਡ ਹੋਣ ਲਈ ਦੁਹਾਈ ਪਾਉਣ ਲੱਗੇ। ਜਦੋਂ ਪਾਣੀ ਸਿਰੋਂ ਲੰਘ ਗਿਆ ਤਾਂ ਵੰਡ-ਵੰਡਾਈ ਦਾ ਫੈਸਲਾ ਕਰਨਾ ਪਿਆ। ਜੇ ਤੀਵੀਆਂ ਵਿਚ ਬਹਿੰਦੀਆਂ ਤਾਂ ਗੱਲ ਕਿਸੇ ਸਿਰੇ ਲੱਗਣ ਦੀ ਉਮੀਦ ਨਹੀਂ ਸੀ। ਉਨ੍ਹਾਂ ਨੂੰ ਹੁਕਮ ਹੋਇਆ ਕਿ ਉੱਤੇ ਚੁਬਾਰੇ ਵਿਚ ਜਾ ਬੈਠਣ ਜਾਂ ਕਿਧਰੇ ਬਾਹਰ ਚਲੀਆਂ ਜਾਣ। ਤਿੰਨਾਂ ਭਰਾਵਾਂ ਨੇ ਬੈਠ ਕੇ ਵੰਡ-ਵੰਡਾਰਾ ਕਰ ਲਿਆ। ਫਰਸ਼ ਪੁੱਟ ਕੇ ਚਾਂਦੀ ਦੇ ਰੁਪਏ, ਸੋਨੇ ਚਾਂਦੀ ਦੀਆਂ ਬਾਰਾਂ ਤੇ ਗਹਿਣੇ ਕੱਢ ਕੇ ਤਿੰਨ ਢੇਰੀਆਂ ਲਾਈਆਂ ਤੇ ਪਰਚੀਆਂ ਕੱਢ ਕੇ ਵੰਡ ਲਈਆਂ। ਮਕਾਨ ਅਤੇ ਦੁਕਾਨ ਦਾ ਮੁੱਲ ਸੱਤ ਹਜ਼ਾਰ ਰੁਪਏ ਪਿਆ। ਇਹ ਰਕਮ ਤਾਰਨ ਮਗਰੋਂ ਇਨ੍ਹਾਂ ਤੇ ਦੁਖੀ ਦੇ ਬਾਈ ਨੰਦ ਲਾਲ ਦਾ ਕਬਜ਼ਾ ਹੋ ਜਾਣਾ ਸੀ।

ਉਨ੍ਹਾਂ ਦੀ ਗਲ਼ੀ ਦੇ ਮੁੱਢ ਵਿਚ ਹੀ ਪਟਿਆਲ਼ੇ ਜਾ ਵਸੇ ਕੈਪਟਨ ਹਰਕੰਵਲ ਸਿੰਘ ਦਾ ਕਾਫੀ ਖੁੱਲ੍ਹਾ-ਡੁੱਲ੍ਹਾ ਦਲਾਨ ਤੇ ਪੰਜ-ਛੇ ਕਮਰਿਆਂ ਵਾਲ਼ਾ ਪੱਕਾ ਮਕਾਨ ਦੋਨਾਂ ਭਰਾਵਾਂ

ਨੂੰ ਸਸਤੇ ਭਾਅ ਮਿਲ ਗਿਆ। ਨੰਦ ਲਾਲ ਤੋਂ ਮਿਲੇ ਸੱਤ ਹਜ਼ਾਰ ਰੁਪਏ ਨਾਲ਼ ਉਨ੍ਹਾਂ ਨੇ ਮਕਾਨ ਵੀ ਖਰੀਦ ਲਿਆ ਤੇ ਗਲ਼ੀ ਨਾਲ਼ ਲਗਦੀ ਵੱਡੀ ਪੱਕੀ ਦੁਕਾਨ ਵੀ ਪਾ ਲਈ। ਪਿਛਲਾ ਪੋਰਸ਼ਨ ਦੋਨਾਂ ਨੇ ਆਪਸ ਵਿਚ ਵੰਡ ਲਿਆ। ਦੋਨਾਂ ਦੇ ਟੱਬਰਾਂ ਦਾ ਮੇਨ ਦਰ ਇੱਕੋ ਰਿਹਾ। ਦੁਖੀ ਦੇ ਇਹਨਾਂ ਦੋਨਾਂ ਚਾਚਿਆਂ ਨੇ ਆਪਣੇ ਪੱਕੇ ਗਾਹਕਾਂ ਦੇ ਘਰੀਂ ਲੱਡੂ ਵੀ ਭੇਜੇ ਤੇ ਆਉਣ ਵਾਲ਼ੇ ਸਮੇਂ ਵਿਚ ਉਨ੍ਹਾਂ ਕੋਲੋਂ ਗਹਿਣੇ ਬਣਾਉਣ ਲਈ ਵੀ ਕਿਹਾ। ਸਰਦੂਲੀ ਨਾਇਣ ਨੂੰ ਲੱਡੂਆਂ ਦੀ ਪਰਾਤ ਚੁਕਾ ਕੇ ਉਨ੍ਹਾਂ ਸਾਰੇ ਪਿੰਡ ਵਿਚ ਲੱਡੂ ਵੰਡੇ। ਉਸ ਨੇ ਹਰ ਘਰ ਵਿਚ ਕਿਹਾ, 'ਭਾਈ ਫਕੀਰੀਏ ਤੇ ਹਰੀਏ ਨੇ ਅੱਡ ਦੁਕਾਨ ਕੀਤੀ ਏ ਗਹਿਣਿਆਂ ਦੀ। ਹੁਣ ਉਨ੍ਹਾਂ ਤੋਂ ਕੰਮ ਕਰਵਾਇਆ ਕਰਿਓ।'

ਹੁਣ ਉਹ ਆਪਣੇ ਗਾਹਕਾਂ ਕੋਲ਼ ਨੰਦ ਲਾਲ ਦੀ ਬੁਰਾਈ ਵੀ ਕਰਨ ਲੱਗੇ ਕਿ ਉਹ ਤਾਂ ਉਨ੍ਹਾਂ ਨੂੰ ਲੁੱਟ ਕੇ ਖਾ ਗਿਆ ਸੀ। ਉਹ ਤਾਂ ਚੋਰ ਹੈ ਤੇ ਅੱਧ ਵੀ ਵਾਪਸ ਨਹੀਂ ਮੋੜਦਾ। ਹੌਲ਼ੀ ਹੌਲ਼ੀ ਉਨ੍ਹਾਂ ਦਾ ਨੰਦ ਲਾਲ ਨਾਲ਼ ਇੱਟ ਕੁੱਤੇ ਦਾ ਵੈਰ ਹੋ ਗਿਆ ਤੇ ਅਕਸਰ ਝੜੱਪ ਹੋਣ ਲੱਗੀ। ਸੁਨਿਆਰਾਂ ਦੀ ਹੁੰਦੀ ਲੜਾਈ ਦੇਖ ਲੋਕ ਉਨ੍ਹਾਂ ਦੇ ਚੰਗੇ ਵਡਾਰੂਆਂ ਦੀਆਂ ਗੱਲਾਂ ਕਰਦੇ। ਉਨ੍ਹਾਂ ਵਲੋਂ ਹਰ ਹੀਲਾ ਵਰਤਣ ਦੇ ਬਾਵਜੂਦ ਬਹੁਤੇ ਗਾਹਕ ਪਹਿਲੀ ਦੁਕਾਨ ਨਾਲ਼ ਹੀ ਜੁੜੇ ਰਹੇ। ਦੁਖੀ ਦੇ ਚਾਚਿਆਂ ਦਾ ਕੰਮ ਚੱਲਿਆ ਹੀ ਨਾ।

**00**

## ਗਿਆਰਾਂ

ਗੋਧੀ ਦੀ ਮੌਤ ਮਗਰੋਂ ਪਹਿਲੀ ਦੀਵਾਲ਼ੀ ਆਈ ਤਾਂ ਨੰਦ ਲਾਲ ਨੇ ਭਾਗਵੰਤੀ ਨਾਲ਼ ਸਲਾਹ ਕੀਤੀ ਕਿ ਦੂਜੇ ਜੋ ਮਰਜੀ ਕਰਨ, ਉਹ ਕਾਲ਼ੀ ਦੀਵਾਲ਼ੀ ਹੀ ਮਨਾਉਣਗੇ। ਘਰ ਵਿਚ ਨਾ ਹੀ ਦੀਵਾ-ਬੱਤੀ ਬਲ਼ੇਗੀ ਤੇ ਨਾ ਹੀ ਕੋਈ ਮਠਿਆਈ ਆਵੇਗੀ। ਭੂੰਡ-ਪਟਾਕਾ ਵੀ ਕੋਈ ਨਹੀਂ ਚਲਾਇਆ ਜਾਵੇਗਾ। ਨੰਦ ਲਾਲ ਇਹ ਵੀ ਚਾਹੁੰਦਾ ਸੀ ਕਿ ਬੱਚਿਆਂ ਨੂੰ ਇਸ ਸੋਗ ਵਿਚ ਸ਼ਾਮਲ ਨਾ ਕੀਤਾ ਜਾਵੇ। ਸਭ ਤੋਂ ਵੱਡਾ ਭਰਾ ਰਾਮ ਚੰਦ ਤਾਂ ਆਪਣੇ ਨਾਨਕੇ ਰਾਇਪੁਰ ਰਹਿ ਕੇ ਹੀ ਚਮਕੌਰ ਦੇ ਖਾਲਸਾ ਸਕੂਲ ਵਿਚ ਪੜ੍ਹਨ ਲੱਗ ਪਿਆ ਸੀ, ਉਸ ਤੋਂ ਛੋਟੇ ਹਰੀਵੰਸ਼ ਤੇ ਬੇਅੰਤ ਅਜੇ ਸਕੂਲ ਜਾਣ ਜੋਗੇ ਨਹੀਂ ਸਨ ਹੋਏ। ਨੰਦ ਲਾਲ ਅਜੇ ਉਨ੍ਹਾਂ ਨੂੰ ਸਲਾਹ ਪੁਰ ਛੱਡ ਕੇ ਆਉਣ ਲਈ ਸੋਚ ਹੀ ਰਿਹਾ ਸੀ ਕਿ ਉਹਦੇ ਸਾਲ਼ੇ ਘਨ੍ਹੱਈਏ ਦਾ ਸਾਇਕਲ ਬੂਹੇ ਮੂਹਰੇ ਆ ਰੁਕਿਆ। ਉਹ ਆਪਣੇ ਦੋਨਾਂ ਭਾਣਜਿਆਂ ਨੂੰ ਲੈਣ ਆਇਆ ਸੀ।

ਅਗਲੇ ਦਿਨ ਦੀਵਾਲ਼ੀ ਸੀ। ਪਰਾਤ ਵਿਚ ਦੀਵੇ-ਦਿਉੜੀਆਂ ਭਿਓਂਈਂ ਬੈਠੀ ਭਾਗਵੰਤੀ ਨੂੰ ਦੇਖ ਨੰਦ ਲਾਲ ਕੁੱਦ ਕੇ ਪਿਆ, 'ਤੇਰਾ ਡਮਾਕ ਤਾਂ ਨੀ ਹਿੱਲ ਗਿਆ? ਤੈਨੂੰ ਪਤਾ ਨੀ? ਆਪਾਂ ਕੋਈ ਦੀਵਾਲ਼ੀ-ਦਵੂਲ਼ੀ ਨਹੀਂ ਮਨਾਉਣੀ। ਇਹ ਕਿਆ ਏ?'

'ਸਿਵਿਆਂ' ਚ ਦੀਵੇ ਨਹੀਂ ਰੱਖ ਕੇ ਆਵੇਂਗਾ? ਵਡਾਰੂ ਨੇਰ੍ਹਿਆਂ ਵਿਚ ਖੌਝਲਦੇ ਫਿਰਨਗੇ ਚੰਦਰਿਆ। ਜੇ ਆਪਾਂ ਨੀ ਚਾਨਣ ਦੇਖਣਾ ਤਾਂ ਵਡਾਰੂਆਂ ਲਈ ਤਾਂ ਚਿਰਾਗ ਬਾਲਣੇ ਨੇ ਕਿ ਨਹੀਂ?'

'ਆਹ ਤਾਂ ਭਾਗੋ ਮੈਨੂੰ ਸੁਝਿਆ ਹੀ ਨਹੀਂ। ਤੈਨੂੰ ਪਤਾ ਏ ਹੁਣ ਇਨ੍ਹਾਂ ਗੱਲਾਂ ਦਾ ਤਾਂ।' ਉਹ ਢੈਲ਼ਾ ਹੁੰਦਾ ਬੋਲਿਆ ਤੇ ਆਪਣੇ ਬਾਈ ਨੂੰ ਯਾਦ ਕਰ ਕੇ ਰੋ ਪਿਆ।

ਸ਼ਾਮ ਨੂੰ ਨੰਦ ਲਾਲ ਨੇ ਸਿਰ ਤੇ ਮਢਾਸਾ ਮਾਰਿਆ ਤੇ ਥਾਲੀ ਵਿਚ ਦੀਵੇ ਧਰ ਕੇ ਮੜ੍ਹੀਆਂ ਨੂੰ ਜਾਣ ਲੱਗਾ। ਭਾਗਵੰਤੀ ਨੇ ਉਸ ਨੂੰ ਇਕ ਕਾਗਜ਼ ਦਾ ਲਿਫਾਫ਼ਾ ਫੜਾ ਦਿੱਤਾ, ਜਿਸ ਵਿਚ ਕੁਝ ਖਿੱਲਾਂ ਤੇ ਪਤਾਸੇ ਸਨ। ਉਹ ਬੋਲੀ, 'ਧਰਤੀ ਤੇ ਰੱਖ ਕੇ ਵਡਾਰੂਆਂ ਦਾ ਧਿਆਨ ਕਰੀਂ ਤੇ ਮੱਥਾ ਟੇਕ ਦਈਂ। ਮੁੜ ਆਈਂ ਘਰ ਛੇਤੀ।'

ਨੰਦ ਲਾਲ ਚਲਾ ਗਿਆ। ਨ੍ਹੇਰੇ ਘਰ ਵਿਚ ਭਾਗਵੰਤੀ ਦਾ ਚਿੱਤ ਨਾ ਲੱਗੇ। ਉਹ ਦੇਹਲੀ ਤੇ ਆ ਬੈਠੀ ਤੇ ਉਸ ਨੂੰ ਉਡੀਕਣ ਲੱਗੀ। ਉਡੀਕ ਉਡੀਕ ਵੀ ਥੱਕ ਗਈ, ਉਹ ਤਾਂ ਮੁੜਿਆ ਹੀ ਨਾ। ਤਿੱਥ-ਤਿਓਹਾਰ ਵਾਲ਼ੇ ਦਿਨ ਉਹ ਸ਼ਰਾਬ ਘੁਟ ਪੀ ਲਿਆ ਕਰਦਾ ਸੀ। ਉਸ ਨੂੰ ਸ਼ੱਕ ਹੋਈ ਕਿ ਜ਼ਰੂਰ ਉਹ ਕਿਸੇ ਢਾਣੀ ਵਿਚ ਜਾ ਬੈਠਾ ਹੋਵੇਗਾ। ਜੇ ਸ਼ਰਾਬ ਹੀ ਪੀ ਲਈ ਤਾਂ ਦੀਵਾਲ਼ੀ ਨਾ ਮਨਾਉਣ ਵਾਲ਼ੀ ਕਿਹੜੀ ਗੱਲ ਰਹਿ ਗਈ? ਉਹ ਉਡੀਕ ਉਡੀਕ ਉੱਠੀ ਤੇ ਘਰ ਨੂੰ ਜਿੰਦਰਾ ਲਾਇਆ। ਉਸਨੇ ਘੱਗਰਾ ਪਾਇਆ, ਘੁੰਡ ਕੱਢਿਆ ਤੇ ਬਾਹਰ ਦੇਖਣ ਚਲੀ ਗਈ। ਉਹ ਆਪਣੇ ਦਿਓਰਾਂ ਦੀ ਦੁਕਾਨ ਕੋਲੋਂ ਲੰਘਣ ਲੱਗੀ ਤਾਂ ਅੰਦਰ ਦੇਖਦੀ ਦੇ ਪੈਰ ਜਿਵੇਂ ਧਰਤੀ ਨਾਲ਼ ਜੁੜ ਗਏ। ਦੀਵਿਆਂ ਦੀਆਂ ਪਾਲ਼ਾਂ ਦੁਕਾਨ ਦੇ ਅੰਦਰ ਵੀ ਤੇ ਬਾਹਰ ਵੀ ਟਿਮ-ਟਿਮਾ ਰਹੀਆਂ ਸਨ। ਦੁਕਾਨ ਵਿਚ ਉੱਚੀ ਉੱਚੀ ਗੱਲਾਂ ਕਰਦੇ, ਹਸਦੇ ਨੰਦ ਲਾਲ ਤੇ ਉਹਦੇ ਛੋਟੇ ਭਰਾ ਸ਼ਰਾਬ ਪੀ ਰਹੇ ਸਨ। ਉਨ੍ਹਾਂ ਦਾ ਧਿਆਨ ਭਾਗਵੰਤੀ ਵੱਲ ਗਿਆ ਤਾਂ ਨੰਦ ਲਾਲ ਉੱਠ ਕੇ ਲੜਖੜਾਉਂਦਾ ਹੋਇਆ ਬਾਹਰ ਆਇਆ। ਉਹ ਬੋਲੀ, 'ਰੱਬ ਦੇ ਬੰਦਿਆ ਤੈਨੂੰ ਸ਼ਰਮ ਹੈ ਭੋਰਾ? ਸ਼ਰੀਕਾਂ ਨਾਲ਼ ਬਹਿਕੇ ਸ਼ਰਾਬਾਂ ਡੱਫਣ ਲੱਗਾ ਹੋਇਆ ਏਂ। ਕੱਲ੍ਹ ਤੇਰਾ ਪਿਉ ਮਰਿਆ ਏ। ਤੂੰ ਤਾਂ ਕਹਿੰਦਾ ਸੀ, ਦੀਵਾਲ਼ੀ ਨਹੀਂ ਮਨਾਉਣੀ। ਇਹ ਕੀ ਸੁਆਹ ਉਡਾਉਣ ਲੱਗਿਆ ਏਂ?'

'ਚੁੱਪ ਕਰ ਜਾ... ਖ਼ਬਰਦਾਰ ਜੇ ਜ਼ੁਬਾਨ ਚਲਾਈ। ਮੇਰੇ ਭਰਾ ਨੇ ਭਰਾ। ਨਹੁੰਆਂ ਨਾਲ਼ੋਂ ਮਾਸ ਜੁਦਾ ਨੀ ਹੋਇਆ ਕਰਦਾ। ਤੂੰ ਚੱਲ ਘਰੇ। ਆਉਂਦਾ ਏਂ ਮੈਂ ਠਹਿਰ ਕੇ।'

'ਭੁੱਲ ਗਿਆ ਤੂੰ ਇਨ੍ਹਾਂ ਸੱਪਾਂ ਨੂੰ? ਤੇਰੀ ਮੱਤ ਮਾਰੀ ਗਈ?' ਭਾਗਵੰਤੀ ਨੇ ਕਿਹਾ, ਪਰ ਉਸ ਉੱਤੇ ਕੋਈ ਅਸਰ ਨਾ ਹੋਇਆ। ਉਹ ਉਹਨੂੰ ਧੱਕਾ ਜਿਹਾ ਦਿੰਦਾ, ਮੁੜ ਭਾਈਆਂ ਦੀ ਦੁਕਾਨ' ਚ ਜਾ ਵੜਿਆ।

ਦੁਖੀ ਦੀ ਬੇਬੇ ਦਾ ਮੱਥਾ ਠਣਕਿਆ। ਚਿੰਤਾ' ਚ ਡੁੱਬੀ ਉਹ ਘਰ ਪਰਤ ਆਈ ਤੇ ਦਰਾਂ' ਚ ਬਹਿ ਕੇ ਡੁਸਕਣ ਲੱਗ ਪਈ।

ਅਜੇ ਤਾਂ ਦਸ ਦਿਨ ਵੀ ਨਹੀਂ ਸਨ ਹੋਏ ਜਦੋਂ ਦੋਨਾਂ ਭਰਾਵਾਂ ਨੇ ਗਲ਼ੀ' ਚ ਖੜ੍ਹ ਕੇ ਨੰਦ ਨਾਲ਼ ਨੂੰ ਗਾਲ੍ਹਾਂ ਕੱਢੀਆਂ ਸਨ, 'ਤੇਰੇ ਸੀਰਮੇ ਪੀ ਜਾਵਾਂਗੇ ਉਇ ਵੱਡਿਆ ਵੈਲੀਆ। ਸਣ-ਬੱਚੇ ਘਾਣ ਕਰ ਦਿਆਂਗੇ।'

ਭਾਗਵੰਤੀ ਦੀਆਂ ਦੋਨੋਂ ਦਰਾਣੀਆਂ ਦੀ ਜ਼ੁਬਾਨ ਵੀ ਗਿੱਠ-ਗਿੱਠ ਬਾਹਰ ਲਮਕ ਰਹੀ ਸੀ। ਉਹ ਬਾਹਾਂ ਕੱਢ ਕੱਢ ਉਸ ਦਾ ਅੱਗਾ-ਪਿੱਛਾ ਪੁਣ ਰਹੀਆਂ ਸਨ। ਨਪੁੱਤੀ, ਰੰਡੀ ਹੋ ਜਾਣ ਦੀਆਂ ਰੱਬ ਅੱਗੇ ਦੁਆਵਾਂ ਕਰ ਰਹੀਆਂ ਸਨ। ਪੱਲੇ ਅੱਡ ਰਹੀਆਂ ਸਨ।

ਸ਼ਰਾਬ ਵਿਚ ਧੁੱਤ ਨੰਦ ਲਾਲ ਅੱਧੀ ਰਾਤ ਘਰੇ ਵੜਿਆ ਤੇ ਖੀਸੇ ਵਿੱਚੋਂ ਦੋ ਲੱਡੂ ਕੱਢ ਭਾਗਵੰਤੀ ਵੱਲ ਵਧਾ ਦਿੱਤੇ।

'ਇਹ ਕਿੱਥੋਂ ਲੈ ਆਇਆਂ? ਲੈ ਜਾ ਪਰ੍ਹੇ, ਮੈਂ ਨਹੀਂ ਖਾਣੇ।' ਉਹ ਕਦੋਂ ਦੀ ਸਤੀ ਬੈਠੀ ਸੀ।

'ਤੇਰੀਆਂ ਦਰਾਣੀਆਂ ਨੇ ਪਿਆਰ ਨਾਲ਼ ਦਿੱਤੇ ਨੇ ਚੰਦਰੀਏ। ਅੱਜ ਤੋਂ ਸਭ ਸੁਲ੍ਹਾ ਹੋ ਗਈ ਏ। ਮੈਂ ਛੇ ਖਾ ਸਕਦਾ ਏਂ, ਤੂੰ ਦੋ ਨਹੀਂ ਖਾ ਸਕਦੀ?'

'ਮੈਂ ਥੁੱਕਦੀ ਨ੍ਹੀਂ ਇਨ੍ਹਾਂ ਤੇ... ਸੁੱਟ ਦੇ ਪਰ੍ਹੇ।'

'ਖਾਹ.... ਮੇਰੇ ਸਾਮ੍ਹਣੇ ਖਾ.... ਨਹੀਂ ਖਾਏਂਗੀ ਤਾਂ ਹੁਣੇ ਖੂਹੀ ਵਿਚ ਛਾਲ਼ ਮਾਰ ਦਿਆਂਗਾ।' ਸ਼ਰਾਬੀ ਹੋਏ ਨੰਦ ਲਾਲ ਨੇ ਐਲਾਨ ਕੀਤਾ।

ਪੁਰਾਣੇ ਬਜ਼ੁਰਗਾਂ ਨੇ ਆਪਣੇ ਦਰਾਂ ਵਿਚ ਇਕ ਖੂਹੀ ਪਤਾ ਨਹੀਂ ਕੀ ਸੋਚ ਕੇ ਪੁੱਟੀ ਹੋਵੇਗੀ। ਸਾਰੇ ਪਿੰਡ ਦੀਆਂ ਔਰਤਾਂ ਸਿਰ ਅਤੇ ਕੱਛ ਵਿਚ ਘੜੇ ਚੁੱਕ ਪਿੰਡ ਦੇ ਖੂਹ ਤੋਂ ਪਾਣੀ ਢੋਂਦੀਆਂ ਸਨ। ਇਕ ਸੁਨਿਆਰਾਂ ਦਾ ਟੱਬਰ ਹੀ ਸੀ ਜੋ ਖੂਹ ਤੇ ਨਹੀਂ ਸੀ ਜਾਂਦਾ। ਸ਼ਾਇਦ ਵਡਾਰੂ ਔਰਤਾਂ ਨੂੰ ਘਰੇ ਡੱਕੀ ਰੱਖਣਾ ਚਾਹੁੰਦੇ ਹੋਣਗੇ। ਉਨ੍ਹਾਂ ਦੇ ਵਸ ਹੁੰਦਾ ਤਾਂ ਜੰਗਲਪਾਣੀ ਜਾਣ ਦਾ ਵੀ ਘਰੇ ਜੁਗਾੜ ਬਣਾ ਦਿੰਦੇ, ਪਰ ਉਸ ਜ਼ਮਾਨੇ ਵਿਚ ਕਦੀ ਕਿਸੇ ਨੂੰ ਅਜਿਹਾ ਫੁਰਨਾ ਨਹੀਂ ਸੀ ਫੁਰਿਆ। ਬੜਾ ਫਾਹਾ ਸੀ ਇਸ ਖੂਹੀ ਦਾ। ਉਨ੍ਹਾਂ ਦੇ ਘਰ ਵਿਚ ਮਾੜੀ-ਮੋਟੀ ਲੜਾਈ ਹੋ ਜਾਂਦੀ ਤਾਂ ਕੋਈ ਔਰਤ ਜਾਂ ਮਰਦ ਇਸੇ ਖੂਹੀ ਵਿਚ ਛਾਲ਼ ਮਾਰ ਕੇ ਮਰਨ ਦੀ ਧਮਕੀ ਦੇ ਦਿੰਦਾ। ਤੇ ਹੁਣ ਜਦੋਂ ਇਹੀ ਗੱਲ ਨੰਦ ਲਾਲ ਨੇ ਕਹੀ ਤਾਂ ਭਾਗਵੰਤੀ ਘਬਰਾ ਗਈ। ਜਿਵੇਂ-ਕਿਵੇਂ ਉਸ ਨੇ ਉਹਦੇ ਸਾਮ੍ਹਣੇ ਇਕ ਲੱਡੂ ਖਾ ਲਿਆ ਤੇ ਦੂਜਾ ਅੱਖ ਬਚਾ ਕੇ ਕੂੜੇ ਵਿਚ ਸੁੱਟ ਦਿੱਤਾ।

ਅਜੇ ਉਨ੍ਹਾਂ ਨੂੰ ਪਿਆਂ ਨੂੰ ਅੱਧਾ ਘੰਟਾ ਵੀ ਨਹੀਂ ਸੀ ਬੀਤਿਆ ਕਿ ਨੰਦ ਲਾਲ ਉੱਠ ਬੈਠਾ ਤੇ ਬੋਲਿਆ, 'ਮੇਰੇ ਤਾਂ ਢਿੱਡ ਵਿਚ ਸੂਲ਼ ਹੋਣ ਲੱਗ ਪਿਆ ਏ। ਉਛਾਲੀ ਵੀ ਆ ਰਹੀ ਏ।'

ਉਹ ਉੱਠੀ ਤੇ ਕੌੜ ਤੂੰਬੇ' ਚ ਮਾਰੀ ਜਵੈਣ ਦੀ ਫੱਕੀ ਚੁੱਕ ਲਿਆਈ। ਫਿਰ ਬੋਲੀ, 'ਆਹ ਲੈ... ਫੱਕਾ ਮਾਰ ਕੇ ਪਾਣੀ ਪੀ ਲੈ।'

ਪਰ ਉਹ ਤਾਂ ਮੰਜੇ ਉੱਤੇ ਬੈਠਾ ਹੀ ਉਲਟੀਆਂ ਕਰਨ ਲੱਗ ਪਿਆ ਤੇ ਢਿੱਡ ਵਿਚ ਮੁੱਕੀਆਂ ਦਿੰਦਾ ਚੀਕਣ ਲੱਗਾ, 'ਮੈਂ ਤਾਂ ਮਰ ਗਿਆ ਭਾਗੋ, ਬਚਾ ਲੈ ਮੈਨੂੰ।'

ਭਾਗਵੰਤੀ ਨੇ ਉੱਠ ਕੇ ਉਹਦੇ ਮੱਥੇ' ਤੇ ਹੱਥ ਰੱਖਿਆ, 'ਤੇਰਾ ਮੱਥਾ ਤਾਂ ਭੱਠੀ ਵਾਂਗ ਤਪ ਰਿਹਾ ਏ। ਨਹੀਂ ਪਚਦੀ ਤਾਂ ਨਾ ਪੀਆ ਕਰ।'

ਉਸ ਨੇ ਨੰਦ ਲਾਲ ਨੂੰ ਮੰਜੇ ਤੋਂ ਹੇਠ ਉਤਾਰਿਆ ਤੇ ਦੌੜ ਕੇ ਬਖਸ਼ੀਸ਼ ਸਿੰਘ ਪਾਠੀ ਨੂੰ ਬੁਲਾ ਲਿਆਈ। ਉਹ ਆਕੇ ਅੰਦਰ ਵੜੇ ਤਾਂ ਨੰਦ ਲਾਲ ਦਰਵਾਜ਼ੇ ਕੋਲ਼ ਮੂੰਧੇ ਮੂੰਹ ਡਿਗਿਆ ਪਿਆ ਸੀ। ਬਖਸ਼ੀਸ਼ ਸਿੰਘ ਨੇ ਪਹਿਲਾਂ ਨਬਜ਼ ਟੋਹੀ, ਫਿਰ ਸਾਹ ਦੇਖਿਆ ਤੇ ਬੋਲਿਆ, 'ਭਾਬੀ ਇਹ ਤਾਂ ਗਿਆ।'

ਭਾਗਵੰਤੀ ਨੇ ਉੱਚੀ ਦੇਣੇ ਧਾਹ ਮਾਰੀ ਤੇ ਨੰਦ ਲਾਲ ਦੀ ਦੇਹ ਉੱਤੇ ਡਿਗ ਬੇਹੋਸ਼

ਹੋ ਗਈ। ਜਿਸ ਨੂੰ ਪਤਾ ਲੱਗੀ ਜਾਵੇ, ਉਹ ਉਨ੍ਹਾਂ ਦੇ ਘਰ ਵੱਲ ਨੂੰ ਦੌੜਿਆ ਆਵੇ। ਔਰਤਾਂ ਨੇ ਭਾਗਵੰਤੀ ਨੂੰ ਹੋਸ਼ ਵਿਚ ਲਿਆਉਣ ਲਈ ਵਾਹ ਜਹਾਨ ਦੀ ਲਾ ਲਈ ਪਰ ਉਹ ਹਿੱਲੀ ਵੀ ਨਾ। ਜਦੋਂ ਨੀਲੇ ਰੰਗ ਦੀ ਝੱਗ ਉਸ ਦੇ ਮੂੰਹ' ਚੋਂ ਨਿਕਲ਼ਣ ਲੱਗੀ ਤਾਂ ਕਿਸੇ ਨੇ ਕਿਹਾ, 'ਇਹੋ ਜਿਹੀ ਝੱਗ ਤਾਂ ਨੰਦੀ ਦੇ ਮੂੰਹ' ਚੋਂ ਵੀ ਨਿੱਕਲ਼ੀ ਹੋਈ ਏ। ਇਹ ਤਾਂ ਕੁਝ ਖਾ ਗਏ ।'

ਰੋਪੜ ਦੇ ਹਸਪਤਾਲ਼ ਵਿਚ ਜਾ ਕੇ ਹੀ ਭਾਗਵੰਤੀ ਦੀ ਜਾਗ ਖੁੱਲ੍ਹੀ। ਪਿੰਡੋਂ ਨੰਦ ਲਾਲ ਦੇ ਭਰਾਵਾਂ ਤੇ ਕੁਝ ਹੋਰ ਲੋਕਾਂ ਨੇ ਉਸ ਦੀ ਮਾੜੀ ਹਾਲਤ ਦੇਖਦਿਆਂ ਉਸਨੂੰ ਰਥ' ਚ ਲਿਟਾ ਕੇ ਉਸ ਨੂੰ ਰੋਪੜ ਦੇ ਸਰਕਾਰੀ ਹਸਪਤਾਲ਼ ਵਿਚ ਪਹੁੰਚਾ ਦਿੱਤਾ ਸੀ। ਉਨ੍ਹਾਂ ਸਲਾਹਪੁਰ ਘਨ੍ਹੱਈਏ ਨੂੰ ਇਸ ਦੁਰਘਟਨਾ ਦੀ ਸੂਚਨਾ ਭੇਜ ਦਿੱਤੀ ਸੀ। ਉਹ ਆਸ਼ਾਬਾਦ ਜਾਣ ਦੀ ਬਜਾਇ ਸਿੱਧਾ ਰੋਪੜ ਦੇ ਹਸਪਤਾਲ਼ ਪੁੱਜ ਗਿਆ। ਡਾਕਟਰਾਂ ਨੇ ਦੱਸਿਆ ਕਿ ਜੇ ਘੰਟਾ ਹੋਰ ਪੇਟ ਨਾ ਚੀਰਦੇ ਤਾਂ ਸਾਰੇ ਸ਼ਰੀਰ ਵਿਚ ਜ਼ਹਿਰ ਫੈਲ ਜਾਣੀ ਸੀ ਤੇ ਜੱਚਾ-ਬੱਚਾ ਦੋਹਾਂ ਦਾ ਕੰਮ ਤਮਾਮ ਹੋ ਜਾਣਾ ਸੀ। ਭਾਗਵੰਤੀ ਨੇ ਅੱਖਾਂ ਖੋਲ੍ਹੀਆਂ ਸਿੱਧੀ ਛੱਤ ਵੱਲ ਘੂਰਦੀ ਰਹੀ। ਹੌਲ਼ੀ ਹੌਲ਼ੀ ਉਸ ਨੂੰ ਸਭ ਯਾਦ ਹੋ ਆਇਆ। ਉਸ ਨੇ ਬੜੇ ਜ਼ੋਰ ਦੀ ਚੀਕ ਮਾਰੀ। ਘਨ੍ਹੱਈਆ ਉਸ ਦੇ ਸਿਰਹਾਣੇ ਖੜ੍ਹਾ ਸੀ। ਉਸ ਨੇ ਆਪਣਾ ਹੱਥ ਆਪਣੀ ਭੈਣ ਦੇ ਮੱਥੇ ਤੇ ਧਰ ਦਿੱਤਾ ਤੇ ਬੋਲਿਆ, 'ਬੱਸ ਭਾਗਵੰਤੀ ਬੱਸ... ਮੈਂ ਹਾਂ... ਮੈਂ ਹਾਂ... ਤੂੰ ਭੋਰਾ ਫਿਕਰ ਨਾ ਕਰੀਂ।'

ਤਦੇ ਉਸ ਦੀ ਵੱਖੀ ਲਾਗੇ ਸੁਰਲ਼-ਸੁਰਲ਼ ਹੋਈ ਸੀ। ਇਹ ਸੁਰਲ਼-ਸੁਰਲ਼ ਕਰਨ ਵਾਲ਼ਾ 'ਦੁਖੀ' ਸੀ, ਜਿਸ ਨੂੰ ਉਹ ਦਰਿਆ ਵਿਚ ਰੋੜ੍ਹ ਦੇਣਾ ਚਾਹੁੰਦੀ ਸੀ, ਜਿਵੇਂ ਇਹੋ ਜੀਅ ਸਭ ਕਾਸੇ ਦਾ ਜ਼ਿੰਮੇਵਾਰ ਹੋਵੇ।

'ਇਹ ਕਿਵੇਂ ਭਾਣਾ ਵਰਤ ਗਿਆ ਭਾਗਵੰਤੀ?' ਘਨ੍ਹੱਈਆ ਅਜੇ ਬੋਲਿਆ ਹੀ ਸੀ ਕਿ ਡਾਕਟਰ ਨੂੰ ਆਉਂਦਾ ਦੇਖ ਨਰਸ ਨੇ ਉਸ ਨੂੰ ਵਾਰਡ ਵਿੱਚੋਂ ਬਾਹਰ ਜਾਣ ਲਈ ਕਹਿ ਦਿੱਤਾ। ਉਹ ਬਾਹਰ ਨਿਕਲ਼ਿਆ ਤਾਂ ਦੁਖੀ ਦਾ ਚਾਚਾ ਫਕੀਰੀਆ ਉਸ ਨੂੰ ਜੱਫੀ ਪਾ ਕੇ ਰੋਣ ਲੱਗ ਪਿਆ। ਉਹ ਇਸ ਦੁੱਖ ਦੀ ਘੜੀ ਘਨ੍ਹੱਈਏ ਨੂੰ ਹੌਂਸਲਾ ਦਿੰਦਾ ਰਿਹਾ ਕਿ ਉਹ ਭਾਗਵੰਤੀ ਦੇ ਬੱਚਿਆਂ ਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਹੀ ਪਾਲ਼ੇਗਾ। ਪੜ੍ਹਾਏ, ਲਿਖਾਏਗਾ ਤੇ ਵੱਡੇ ਬੰਦੇ ਬਣਾਵੇਗਾ। ਡਾਕਟਰ ਬਾਹਰ ਨਿਕਲ਼ਿਆ ਤਾਂ ਫਕੀਰੀਆ ਘਨ੍ਹੱਈਏ ਨੂੰ ਉੱਥੇ ਹੀ ਛੱਡ ਕਾਹਲ਼ੀ ਕਾਹਲੀ ਵਾਰਡ ਵਿਚ ਜਾ ਵੜਿਆ। ਹੁਣ ਉੱਥੇ ਹੋਰ ਕੋਈ ਨਹੀਂ ਸੀ। ਉਹ ਭਾਗਵੰਤੀ ਦੇ ਮੂੰਹ ਉੱਤੇ ਝੁਕ ਕੇ ਬੋਲਿਆ, 'ਭਾਬੀ ਪੈਰੀਂ ਪੈਨਾਂ ਏਂ। ਕਿਵੇਂ ਆਂ ਹੁਣ ਤੂੰ?'

'ਤੇਰਾ ਬੇੜਾ ਬਹਿ ਜਾਵੇ ਢਹਿ ਜਾਣੇ ਪਾਪੀ ਦਾ... ਸਭ ਥੋਡੀ ਕਰਤੂਤ ਹੋਈ ਏ ਮਰ ਜਾਣਿਓਂ। ਤੁਸੀਂ ਲੱਡੂਆਂ' ਚ ਜ਼ਹਿਰ ਦਿੱਤੀ ਏ ਮੇਰੇ ਸਾਈਂ ਨੂੰ।' ਭਾਗਵੰਤੀ ਕੜਕੀ।

'ਚੁੱਪ ਕਰ ਜਾ... ਜੇ ਜ਼ੁਬਾਨ ਖੋਲ੍ਹੀ ਤੇਰਾ ਹੁਣੇ ਗਲ਼ਾ ਘੁੱਟ ਦਿਆਂਗਾ। ਜੇ ਕਦੀ ਮੁੜ ਕੇ ਇਹ ਗੱਲ ਜ਼ੁਬਾਨ ਤੇ ਲਿਆਂਦੀ ਤਾਂ ਯਾਦ ਰੱਖੀਂ ਤੇਰੇ ਸਾਰੇ ਜੁਆਕਾਂ ਨੂੰ ਮਿੱਟੀ' ਚ ਮਿਲਾ ਦਿਆਂਗਾ।' ਬਹੁਤ ਧੀਮੀਂ ਅਵਾਜ਼ ਵਿਚ ਫਕੀਰੀਏ ਨੇ ਆਪਣੀ ਭਾਬੀ ਨੂੰ ਧਮਕੀ ਦਿੱਤੀ ਤੇ

ਬਾਹਰ ਬੈਂਚ ਤੇ ਬੈਠੇ ਘਨ੍ਹੱਈਏ ਕੋਲ਼ ਆ ਬੈਠਾ।

ਭਾਗਵੰਤੀ ਸੁੰਨ ਹੋ ਗਈ। ਪਤੀ ਤਾਂ ਗੁਆ ਲਿਆ ਸੀ। ਇਨ੍ਹਾਂ ਜ਼ਾਲਮਾਂ ਦਾ ਕੀ ਵਸਾਹ, ਉਸ ਦੇ ਮੁੰਡਿਆਂ ਦੀ ਜਾਨ ਵੀ ਨਾ ਲੈ ਲੈਣ। ਪਿੰਡ ਉਨ੍ਹਾਂ ਦੀ ਰਖਵਾਲ਼ੀ ਲਈ ਤਾਂ ਹੁਣ ਕੋਈ ਵੀ ਨਹੀਂ ਸੀ। ਉਸ ਨੇ ਆਪਣੇ ਦਿਲ ਉੱਤੇ ਪੱਥਰ ਰੱਖ ਲਿਆ। ਉਸ ਨੇ ਇਹ ਗੱਲ ਘਨ੍ਹੱਈਆ ਰਾਮ ਨੂੰ ਵੀ ਨਾ ਦੱਸੀ। ਐਨਾ ਹੀ ਕਿਹਾ ਕਿ ਭਾਜੀ ਵਿਚ ਕੋਈ ਜ਼ਹਿਰੀਲੀ ਚੀਜ਼ ਡਿਗ ਪਈ ਹੋਵੇਗੀ। ਉਸ ਨੇ ਇਸ ਭੇਤ ਨੂੰ ਦਿਲ ਦੀ ਕਿੰਨੀ ਕੁ ਡੂੰਘਾਈ ਵਿਚ ਦੱਬ ਦਿੱਤਾ ਸੀ, ਕਿਹਾ ਨਹੀਂ ਜਾ ਸਕਦਾ।

ਦੁਖੀ ਦੇ ਬਾਈ ਦਾ ਸਸਕਾਰ ਉਸ ਦੇ ਚਾਚਿਆਂ ਨੇ ਸਵੇਰੇ ਹੀ ਆਪਣੇ ਕੋਲੋਂ ਖਰਚ ਕਰਕੇ ਕਰ ਦਿੱਤਾ ਸੀ। ਧਾਹੀਂ ਰੋਣ ਦਾ ਤੇ ਨੰਦ ਲਾਲ ਨੂੰ ਹਾਕਾਂ ਮਾਰ-ਮਾਰ ਬਹੁੜੀਆ ਪਾਉਣ ਦਾ ਡਰਾਮਾ ਉਹ ਕਰਦੇ ਰਹੇ ਸਨ। ਉਸ ਦੀ ਚਿਤਾ ਨੂੰ ਅੱਗ ਦੇਣ ਲਈ ਦੁਖੀ ਦੀ ਨਾਨੀ ਆਪਣੇ ਵੱਡੇ ਦੋਹਤੇ ਰਾਮ ਚੰਦ ਨੂੰ ਲੈ ਕੇ ਆ ਗਈ ਸੀ। ਜਦ ਨੂੰ ਰੋਪੜ ਤੋਂ ਘਨ੍ਹੱਈਆ ਆਸ਼ਾਬਾਦ ਪੁੱਜਾ, ਨੰਦ ਲਾਲ ਸੁਆਹ ਦੀ ਢੇਰੀ ਬਣ ਚੁੱਕਾ ਸੀ। ਘਨ੍ਹੱਈਆ ਘਰ ਨੂੰ ਜਿੰਦਾ ਲਾਕੇ ਸ਼ਾਮ ਤੱਕ ਮੁੜ ਆਪਣੀ ਭੈਣ ਕੋਲ਼ ਪੁੱਜ ਗਿਆ ਸੀ। ਨੰਦ ਲਾਲ ਦੇ ਫੁੱਲ ਉਸ ਦੇ ਭਰਾ ਹੀ ਹਰਦੁਆਰ ਪਾ ਕੇ ਆਏ ਸਨ। ਭੋਗ ਵੀ ਉਨ੍ਹਾਂ ਨੇ ਹੀ ਪਵਾਇਆ ਸੀ। ਭੋਗ ਵਾਲ਼ੇ ਦਿਨ ਘਨ੍ਹੱਈਆ ਸਲਾਹਪੁਰ ਤੋਂ ਕਾਫੀ ਬੰਦਿਆਂ ਨੂੰ ਨਾਲ਼ ਲੈ ਕੇ ਗਿਆ ਸੀ ਤੇ ਦੁਖੀ ਦੇ ਚਾਚਿਆਂ ਵੱਲੋਂ ਕੀਤੇ ਖਰਚ ਦਾ ਸਾਰਾ ਭੁਗਤਾਨ ਵੀ ਕਰ ਆਇਆ ਸੀ। ਮਗਰੋਂ ਸਾਇਕਲ ਉੱਤੇ ਪਿਹੋਏ ਜਾ ਕੇ ਨੰਦ ਲਾਲ ਦੀ ਗਤ ਵੀ ਕਰਵਾ ਆਇਆ ਸੀ।

ਹਸਪਤਾਲ਼ੋਂ ਛੁੱਟੀ ਮਿਲਣ ਮਗਰੋਂ ਘਨ੍ਹੱਈਆ ਆਪਣੀ ਭੈਣ ਨੂੰ ਸਿੱਧਾ ਸਲਾਹਪੁਰ ਹੀ ਲੈ ਗਿਆ ਸੀ। ਉਹ ਮਗਰੋਂ ਉਸ ਨਾਲ਼ ਆਸ਼ਾਬਾਦ ਗਈ ਤਾਂ ਘਨ੍ਹੱਈਏ ਨੇ ਉਸ ਨੂੰ ਉਹ ਥਾਂ ਦਿਖਾਈ ਜਿੱਥੇ ਨੰਦ ਲਾਲ ਦਾ ਸਸਕਾਰ ਕੀਤਾ ਸੀ। ਜਦੋਂ ਘਰ ਜਾ ਕੇ ਉਨ੍ਹਾਂ ਨੇ ਜਿੰਦਾ ਖੋਲ੍ਹਿਆ ਤਾਂ ਸਾਰਾ ਘਰ ਪੱਟਿਆ ਹੋਇਆ ਸੀ ਤੇ ਮਿੱਟੀ ਦੇ ਪਹਾੜ ਬਣੇ ਪਏ ਸਨ। ਅੰਦਰੋਂ ਹੀ ਦੁਕਾਨ ਨੂੰ ਪਾੜ ਲਾਇਆ ਹੋਇਆ ਸੀ। ਸਾਰੇ ਟਰੰਕਾਂ ਅਤੇ ਸੰਦੂਖ਼ਾਂ ਦੇ ਕੱਪੜੇ ਇੱਧਰ-ਉੱਧਰ ਖਿੰਡੇ ਪਏ ਸਨ। ਘਰ ਨੂੰ ਪਿਛਲੇ ਪਾਸਿਓਂ ਪਾੜ ਲੱਗਾ ਹੋਇਆ ਸੀ, ਜਿਸ ਨੂੰ ਬੜੀ ਹੁਸ਼ਿਆਰੀ ਨਾਲ਼ ਮੱਕੀ ਦੇ ਸੁੱਕੇ ਬੰਦਾਂ ਨਾਲ਼ ਢਕਿਆ ਹੋਇਆ ਸੀ।

'ਸਭ ਕੁਝ ਹੂੰਝ ਕੇ ਲੈ ਗਏ ਸਨ ਢੈ ਜਾਣੇ। ਮੇਰੇ ਹੱਥ ਤਾਂ ਬੱਸ ਮਾੜਾ-ਮੋਟਾ ਹੀ ਆਇਆ, ਜਿਸਦੇ ਦੱਬੇ ਹੋਣ ਬਾਰੇ ਤੇਰੇ ਬਾਈ ਨੂੰ ਪਤਾ ਸੀ ਜਾਂ ਮੈਨੂੰ।' ਭਾਗਵੰਤੀ ਨੇ ਦੁਖੀ ਨੂੰ ਦੱਸਿਆ।

'ਉਹ ਸਭ ਕੁਝ ਚੋਰ ਲੈ ਗਏ?' ਦੁਖੀ ਨੇ ਪੁੱਛਿਆ।

'ਚੋਰਾਂ ਦੇ ਕਿਹੜਾ ਸਿੰਙ ਹੁੰਦੇ ਨੇ... ਇਹੀ ਸੀਗੇ ਤੇਰੇ ਚਾਚੇ ਢੈ ਜਾਣੇ।'

'ਜਦ ਤੈਨੂੰ ਪਤਾ ਸੀ ਉਹਨਾਂ ਨੇ ਜ਼ਹਿਰ ਵਾਲ਼ੇ ਲੱਡੂ ਖੁਆਏ, ਤੂੰ ਮਾਮੇ ਨੂੰ ਕਿਉਂ ਨਾ ਦੱਸਿਆ?'

'ਮਾਮਾ ਤਾਂ ਤੇਰਾ ਅੱਗ ਦੀ ਨਾਲ਼ ਏ। ਪਤਾ ਨ੍ਹੀ ਕਿੰਨਿਆਂ ਦੇ ਸਿਰ ਪਾਟਦੇ। ਮੇਰੇ ਤਾਂ ਤਿੰਨ ਜੁਆਕ ਸੀਗੇ। ਕੀਹਦੀ-ਕੀਹਦੀ ਰਾਖੀ ਕਰਦੀ ਮੈਂ ਕਲੀ-ਕਾਰੀ?' ਭਾਗਵੰਤੀ

ਬੋਲੀ।

'ਕੋਈ ਨਾ... ਹੋਣ ਦੇ ਵੱਡਾ ਮੈਨੂੰ... ਮੈਂ ਫਾੜੂੰ ਸਿਰ ਸਾਲ਼ਿਆਂ ਦੇ।' ਦੁਖੀ ਬੋਲਿਆ।

'ਚੁੱਪ ਕਰ ਜਾ ਚੰਦਰਿਆ... ਸਿਰ ਫਾੜਨੇ ਖੇਲ੍ਹ ਨੀ ਹੁੰਦੇ। ਜੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਮੈਂ ਨਹਿਰ' ਚ ਡੁੱਬ ਕੇ ਮਰ ਜਾਣਾ ਏਂ।'

'ਤੂੰ ਤਾਂ ਪਹਿਲਾਂ ਹੀ ਮਰੀ ਹੋਈ ਏਂ। ਹੋਰ ਕੀ ਮਰੇਂਗੀ।' ਦੁਖੀ ਉੱਚੀ ਬੋਲਿਆ।

ਉੱਥੋਂ ਚੱਲ ਕੇ ਉਨ੍ਹਾਂ ਨੇ ਅਜੇ ਕੁਝ ਡਿੰਘਾਂ ਹੀ ਪੁੱਟੀਆਂ ਸਨ ਕਿ ਦੁਖੀ ਦੇ ਪੈਰ ਵਿੱਚੀਂ ਕੱਚ ਦਾ ਇਕ ਟੁਕੜਾ ਗਚਰ ਦੇਣੀਂ ਲੰਘ ਗਿਆ। ਉਹ ਉੱਥੇ ਹੀ ਬੈਠ ਗਿਆ। ਸੀ ਵੀ ਨਾ ਕਹੀ। ਭਾਗਵੰਤੀ ਨੇ ਉਸ ਦੇ ਪੈਰ ਵਿੱਚੋਂ ਕੱਚ ਖਿੱਚਿਆ ਤਾਂ ਲਹੂ ਦੀ ਘਰਾਲ਼ ਨਾਲ਼ ਹੀ ਆਈ। ਉਸ ਨੇ ਆਪਣੀ ਚੁੰਨੀ ਨਾਲ਼ੋਂ ਇਕ ਲੀਰ ਫਾੜੀ ਤੇ ਆਪਣੇ ਥੁੱਕ ਨਾਲ਼ ਗਿੱਲੀ ਕਰਕੇ ਉਸ ਦੇ ਪੈਰ ਨੂੰ ਘੁੱਟ ਕੇ ਬੰਨ੍ਹ ਦਿੱਤਾ।

'ਤੂੰ ਰੋਇਆ ਨੀ ਵੇ?' ਉਹ ਬੋਲੀ।

'ਮੇਰੇ ਨੀ ਦੁਖ ਲਗਦਾ ਹੁੰਦਾ।' ਉਸ ਨੇ ਹੱਸ ਕੇ ਕਿਹਾ ਤੇ ਲੰਗੜਾ ਕੇ ਤੁਰਨ ਲੱਗ ਪਿਆ।

'ਦੁੱਖ ਕਾਹਤੋਂ ਨੀ ਲਗਦਾ ਤੇਰੇ?'

'ਮੈਂ ਪਹਿਲਾਂ ਹੀ ਦੁਖੀ ਰਾਮ ਹਾਂ। ਦੁਖੀ ਦੇ ਕੀ ਦੁੱਖ ਲੱਗੂ?' ਉਹ ਹੱਸਿਆ।

'ਗੋਦੀ ਚੁੱਕਾਂ ਤੈਨੂੰ?' ਭਾਗਵੰਤੀ ਆਪਣੀਆਂ ਅੱਖਾਂ ਪੂੰਝਦੀ ਬੋਲੀ।

ਅੱਗੇ ਪਿੰਡ ਵਲੋਂ ਤਿੰਨ-ਚਾਰ ਬੰਦੇ ਤੁਰੇ ਆਉਂਦੇ ਸਨ। ਭਾਗਵੰਤੀ ਨੇ ਸਿਰ ਦਾ ਝੋਨਾ ਮੂਹਰੇ ਨੂੰ ਖਿੱਚ ਕੇ ਘੁੰਡ ਕੱਢ ਲਿਆ, ਜਿਸ ਨਾਲ਼ ਉਸ ਦੀ ਪਿੱਠ ਪਿੱਛੇ ਕਾਲ਼ੀ ਗੁੱਤ ਨਿਕਲ਼ ਕੇ ਝੂਲਣ ਲੱਗ ਪਈ।

**00**

# ਬਾਰਾਂ

ਦੁਖੀ ਨੇ ਦੂਜੇ ਨੰਬਰ ਤੇ ਰਹਿ ਕੇ ਚੌਥੀ ਜਮਾਤ ਪਾਸ ਕੀਤੀ। ਉਸ ਦਾ ਆੜੀ ਜਿੰਦਰੂ ਪਹਿਲੇ ਨੰਬਰ ਤੇ ਆ ਗਿਆ ਸੀ। ਫਰਕ ਸਿਰਫ ਦੋ ਨੰਬਰਾਂ ਦਾ ਹੋਣ ਕਰਕੇ ਹੈੱਡਮਾਸਟਰ ਲਛਮਣ ਦਾਸ ਨੇ ਦੋਨਾਂ ਨੂੰ ਇਕ-ਇਕ ਰੁਪਿਆ ਅਤੇ ਦੋ-ਦੋ ਕਾਪੀਆਂ ਇਨਾਮ ਵਿਚ ਦਿੱਤੀਆਂ ਸਨ। ਹੁਣ ਹਾਈ ਸਕੂਲ ਵਿਚ ਪੜ੍ਹਨ ਦਾ ਜੋਸ਼ ਦੁਖੀ ਦੇ ਮਨ ਵਿਚ ਠਾਠਾਂ ਮਾਰ ਰਿਹਾ ਸੀ। ਉਸ ਦਾ ਮਾਮਾ ਘਨ੍ਹੱਈਆ ਰਾਮ ਉਸ ਨੂੰ ਚਮਕੌਰ ਦੇ ਖਾਲਸਾ ਸਕੂਲ ਵਿਚ ਦਾਖਲ ਕਰਵਾ ਆਇਆ। ਉਦੋਂ ਦੁਖੀ ਦੇ ਦੋਨੋਂ ਭਰਾ ਹਰੀਵੰਸ਼ ਤੇ ਬੇਅੰਤ ਉਸੇ ਸਕੂਲ ਵਿਚ ਅੱਠਵੀ' ਚ ਪੜ੍ਹਦੇ ਸਨ। ਸਭ ਤੋਂ ਵੱਡਾ ਰਾਮ ਚੰਦ ਦਸਵੀਂ ਕਰਨ ਮਗਰੋਂ ਵਾਇਰਲੈਸ ਅਪਰੇਟਰ ਦਾ ਕੋਰਸ ਕਰਨ ਲਈ ਬੰਬਈ ਚਲਾ ਗਿਆ ਸੀ। ਇਹ ਗੱਲ ਦੁਖੀ ਨੂੰ ਸਾਰੀ ਉਮਰ ਸਮਝ ਨਾ ਆਈ ਕਿ ਉਹ ਇਸ ਛੋਟੇ ਜਿਹੇ ਕੋਰਸ ਲਈ ਐਨੀ ਦੂਰ ਬੰਬਈ ਕਿਉਂ ਚਲਾ ਗਿਆ ਸੀ। ਉਸ ਦੇ ਇਸ ਕੋਰਸ ਦੇ ਖਰਚ ਲਈ ਭਾਗਵੰਤੀ ਨੇ ਚਾਂਦੀ ਦੀਆਂ ਕੁਝ ਬਾਰਾਂ ਵੇਚ ਦਿੱਤੀਆਂ ਸਨ। ਘਨ੍ਹੱਈਏ ਨੇ ਕਮੀਜ ਹੇਠ ਪਾਉਣ ਵਾਲ਼ੀ ਰਾਮ ਚੰਦ ਦੀ ਫਤੂਹੀ ਨੂੰ

ਜੇਬ ਲਾ ਕੇ ਉਸ ਵਿਚ ਪੈਸੇ ਪਾ ਉੱਤੋਂ ਪੱਕੀ ਸਿਲਾਈ ਮਾਰ ਦਿੱਤੀ ਸੀ ਤਾਂ ਕਿ ਚੋਰਾਂ ਜਾਂ ਜੇਬ ਕਤਰਿਆਂ ਤੋਂ ਬਚਿਆ ਜਾ ਸਕੇ। ਉਸ ਨੇ ਇਕ ਪੁਰਾਣੀ ਦਰੀ ਕੱਟ ਕੇ ਉਸ ਦਾ ਦੁਖੀ ਲਈ ਕਿਤਾਬਾਂ ਵਾਲ਼ਾ ਝੋਲਾ ਬਣਾ ਦਿੱਤਾ ਸੀ। ਸਕੂਲ ਜਾਣ ਤੋਂ ਪਹਿਲਾਂ ਹੀ ਉਸ ਨੇ ਉਸਦੀ ਵਰਦੀ ਵੀ ਸਿਉਂ ਦਿੱਤੀ ਸੀ ਤੇ ਚਮੜੇ ਦੇ ਕਾਲੇ ਬੂਟ ਵੀ ਖਰੀਦ ਦਿੱਤੇ ਸਨ। ਚਿੱਟਾ ਕਮੀਜ਼, ਖਾਕੀ ਪੈਂਟ, ਜ਼ਹਿਰ ਮੋਹਰਾ ਪੱਗ ਤੇ ਬੂਟ ਪਾ ਕੇ ਦੁਖੀ ਫੁੱਲਿਆ ਨਹੀਂ ਸੀ ਸਮਾ ਰਿਹਾ। ਘਨ੍ਹੱਈਆ ਉਸ ਨੂੰ ਆਪਣੇ ਸਾਇਕਲ ਪਿੱਛੇ ਬਿਠਾ ਹਾਈ ਸਕੂਲ ਲੈ ਗਿਆ ਤੇ ਪੰਜਵੀਂ ਵਿਚ ਦਾਖਲ ਕਰਵਾ ਕੇ ਆਪਣੇ ਨਾਲ਼ ਹੀ ਮੋੜ ਲਿਆਇਆ। ਉਸ ਨੇ ਉਸ ਨੂੰ ਬਜ਼ਾਰ ਵਿਚ ਪੂਰਾ ਚੱਕਰ ਦਵਾਇਆ। ਉਹ ਸਾਇਕਲ ਤੇ ਚੜ੍ਹਦਾ ਤਾਂ ਦੁਖੀ ਵੀ ਛਾਲ਼ ਮਾਰ ਕੇ ਪਿੱਛੇ ਚੜ੍ਹ ਜਾਂਦਾ। ਉਹ ਉਤਰਨ ਲਈ ਕਹਿੰਦਾ, ਉਹ ਛਾਲ ਮਾਰ ਦਿੰਦਾ। ਉਸ ਦੇ ਦੋਨੋਂ ਹੱਥ ਧਰਤੀ ਨਾਲ਼ ਜਾ ਜੁੜਦੇ। ਉਸ ਨੇ ਕਾਫ਼ੀ ਸੌਦੇ-ਪੱਤੇ ਖਰੀਦੇ ਤੇ ਸਾਇਕਲ ਦੇ ਹੈਂਡਲ ਨਾਲ਼ ਝੋਲ਼ੇ ਲਮਕਾ ਲਏ। ਕਰਮ ਚੰਦ ਦੀ ਦੁਕਾਨ ਤੋਂ ਕਿਤਾਬਾਂ, ਕਾਪੀਆਂ, ਪੈਨ, ਪੈਨਸਿਲਾਂ ਵੀ ਖਰੀਦ ਲਈਆਂ। ਦੁਖੀ ਨੂੰ ਇਸ ਗੱਲ ਦਾ ਬੜਾ ਚਾਅ ਸੀ ਕਿ ਸਕੂਲ ਨੂੰ ਹੁਣ ਕੇਵਲ ਇਕ ਝੋਲ਼ਾ ਹੀ ਲੈ ਕੇ ਜਾਇਆ ਕਰਨਾ ਸੀ, ਫੱਟੀ-ਦਵਾਤ ਪਿੱਛੇ ਰਹਿ ਗਏ ਸਨ। ਪੈੱਨ ਨਾਲ਼ ਹੀ ਕਾਪੀਆਂ ਤੇ ਲਿਖਾਈ ਕਰਨੀ ਸੀ। ਪ੍ਰਾਇਮਰੀ ਸਕੂਲ ਦੇ ਉਲਟ ਹੁਣ ਘੰਟੀਆਂ ਨਾਲ਼ ਹੀ ਮਾਸਟਰਾਂ ਨੇ ਪੜ੍ਹਾਉਣਾ ਸੀ। ਹਰ ਘੰਟੀ ਨਵਾਂ ਮਾਸਟਰ, ਕਿੰਨੀ ਵਧੀਆ ਗੱਲ ਸੀ ਇਹ।

ਤਮਾਖ਼ੂ ਵਾਲ਼ੇ ਦੀ ਦੁਕਾਨ ਤੇ ਬੈਠਿਆਂ ਘਨ੍ਹੱਈਆ ਰਾਮ ਨੇ ਉਸ ਨੂੰ ਕਹਿ ਦਿੱਤਾ ਸੀ ਕਿ ਅੱਜ ਉਸ ਨੇ ਜਿਹੜੀ ਚੀਜ਼ ਵੀ ਲੈਣੀ ਹੈ ਲੈ ਲਵੇ। ਜੋ ਵੀ ਖਾਣਾ ਹੈ ਖਾ ਲਵੇ। ਦੁਖੀ ਅੱਡ ਅੱਡ ਚੀਜ਼ਾਂ ਖਾਣ ਲਈ ਫਰਮਾਇਸ਼ਾਂ ਕਰਦਾ ਰਿਹਾ। ਉਸ ਲਈ ਇਹ ਸਾਰੇ ਮੇਲਿਆਂ ਤੋਂ ਵੀ ਵਧੀਆ ਦਿਨ ਸੀ। ਘਨ੍ਹੱਈਆ ਜਿੰਨੀ ਦੇਰ ਸਾਇਕਲ ਚਲਾਉਂਦਾ ਰਿਹਾ, ਉਹ ਕਿਸੇ ਗੀਤ ਦੀ ਧੁਨ ਵੀ ਗੁਣਗੁਣਾਉਂਦਾ ਰਿਹਾ। ਇਹ ਉਸ ਦੀ ਆਦਤ ਸੀ ਕਿ ਚਾਹੇ ਮਸ਼ੀਨ ਚਲਾ ਰਿਹਾ ਹੁੰਦਾ, ਚਾਹੇ ਸਾਇਕਲ ਜਾਂ ਫਿਰ ਕੋਈ ਵੀ ਕੰਮ ਕਰ ਰਿਹਾ ਹੁੰਦਾ, ਉਹ ਹਮੇ ਸ਼ਾ ਕੋਈ ਗੀਤ ਗੁਣਗੁਣਾਉਂਦਾ ਰਹਿੰਦਾ। ਉਹ ਸ਼ਬਦ ਤਾਂ ਕੋਈ ਨਾ ਬੋਲਦਾ, ਪਰ ਸੁਣਨ ਵਾਲ਼ੇ ਨੂੰ ਧੁਨ ਤੋਂ ਹੀ ਪਤਾ ਲੱਗ ਜਾਂਦਾ ਕਿ ਉਹ ਕਿਹੜਾ ਗੀਤ ਗੁਣਗੁਣਾ ਰਿਹਾ ਹੁੰਦਾ।

'ਇਹ ਤੂੰ ਕੀ ਗਾਉਂਦਾ ਰਹਿੰਦਾ ਏਂ?' ਦੁਖੀ ਨੇ ਘਨ੍ਹੱਈਏ ਨੂੰ ਪੁੱਛਿਆ।

'ਬੰਦੇ ਨੂੰ ਹਮੇਸ਼ਾ ਦੁੱਖ ਵਿਚ ਵੀ, ਸੁੱਖ ਵਿਚ ਵੀ ਗੁਣਗੁਣਾਉਂਦੇ ਰਹਿਣਾ ਚਾਹੀਦਾ ਏ।' ਉਹ ਬੋਲਿਆ।

'ਜਦੋਂ ਪੈਰ ਵਿਚ ਖੰਜੂਰ ਦਾ ਕੰਡਾ ਖੁਭਿਆ ਹੋਵੇ, ਫੇਰ ਕੀ ਗਾ ਲਊ?'

'ਸੀ ਸੀ ਸੀ ਸੀ... ਹਾਇ ਮਰ ਗਏ... ਸੀ ਸੀ ਸੀ ਸੀ.... ਕੰਡਾ ਚੁਭ ਗਿਆ.... ਸੀ ਸੀ ਸੀ ਸੀ.... ਕੱਢ ਦਓ ਕੋਈ.... ਸੀ ਸੀ ਸੀ ਸੀ।' ਉਹ ਚੁਟਕੀ ਵਜਾਉਂਦਾ ਗਾਉਣ ਲੱਗ ਪਿਆ।

ਸਕੂਲ ਤੋਂ ਵਾਪਸੀ ਸਮੇਂ ਘਨੱਈਏ ਨੇ ਪੁਲ਼ ਤੇ ਪਹੁੰਚ ਸਾਇਕਲ ਰੋਕ ਲਿਆ ਤੇ ਦੁਖੀ ਨੂੰ ਛਾਲ਼ ਮਾਰਨ ਲਈ ਕਿਹਾ। ਉਸ ਨੇ ਨਾਥੀ ਦੇ ਖੋਖੇ ਤੋਂ ਲੰਪ ਮਾਰਕਾ ਸਿਗਰਟਾਂ

ਦੀ ਡੱਬੀ ਖਰੀਦੀ ਤੇ ਇਕ ਸਿਗਰਟ ਸੁਲਘਾ ਲਈ। ਫਿਰ ਬੀਰੂ ਹਲਵਾਈ ਦੀ ਦੁਕਾਨ ਵਿਚ ਜਾ ਵੜਿਆ। ਉਸ ਤੋਂ ਇਕ ਲੱਡੂ ਲੈ ਕੇ ਅੱਧਾ ਆਪ ਖਾ ਲਿਆ ਤੇ ਅੱਧਾ ਦੁਖੀ ਨੂੰ ਫੜਾ ਦਿੱਤਾ। ਬੀਰੂ ਨੂੰ ਕਿਹਾ, 'ਇਕ ਸੇਰ ਜੋਖ਼ ਦੇ ਭਰਾਵਾ। ਮੇਰਾ ਭਾਣਜਾ ਪੰਜਵੀ" ਚ ਹੋਇਆ ਏ।'

ਜਦੋਂ ਉਹ ਮੁੜ ਸਾਇਕਲ ਤੇ ਚੜ੍ਹਿਆ ਤਾਂ ਦੁਖੀ ਬੋਲਿਆ, 'ਹੁਣ ਲੱਡੂ ਕਾਹਤੋਂ ਲੈ ਲਏ? ਦੀਵਾਲ਼ੀ ਏ ਅੱਜ?'

'ਅੱਜ ਤਾਂ ਪੁੱਤਰਾ ਬਹੁਤ ਬੜਾ ਦਿਨ ਏਂ। ਤੂੰ ਹੁਣ ਗੱਭਰੂ ਹੋ ਜਾਣਾ ਏਂ। ਸਾਡੀਆਂ ਆਸਾਂ ਨੂੰ ਬੂਰ ਆਉਣਾ ਏਂ, ਫਿਰ ਫਲ਼ ਲੱਗਣੈਂ। ਤੂੰ ਪੂਰਾ ਜ਼ੋਰ ਲਾ ਕੇ ਪੜ੍ਹੀਂ।'

'ਉਹ ਤਾਂ ਪੜ੍ਹਨਾ ਹੀ ਏ" , ਦੁਖੀ ਬੋਲਿਆ।

'ਤੈਨੂੰ ਕੁਝ ਚੰਗੀਆਂ ਗੱਲਾਂ ਦੱਸਣੀਆਂ ਨੇ ਮੱਲਾ! ਉਨ੍ਹਾਂ ਤੇ ਅਮਲ ਕਰੇਂਗਾ ਤਾਂ ਬੰਦਾ ਬਣ ਜਾਵੇਂਗਾ।'

'ਕਿਉਂ ਹੁਣ ਮੈਂ ਬੰਦਾ ਨੀ ਲਗਦਾ ਤੈਨੂੰ?'

'ਨਹੀਂ ਪੁੱਤਰਾ... 'ਬੰਦਾ' ਬਣਨ ਲਈ ਬੰਦੇ ਨੂੰ ਬਹੁਤ ਕੁਝ ਸਿੱਖਣਾ ਪੈਂਦਾ ਏ ਤੇ ਬਹੁਤ ਕੁਝ ਭੁੱਲਣਾ ਪੈਂਦਾ ਏ। ਮੇਰੀਆਂ ਗੱਲਾਂ ਲੜ ਬੰਨ੍ਹ ਲਵੀਂ।'

ਫਿਰ ਉਹ ਗੱਲਾਂ ਦੱਸਣ ਲੱਗ ਪਿਆ। ਦੁਖੀ ਲਈ ਇਹ ਆਮ ਜਿਹੀਆਂ ਗੱਲਾਂ ਸਨ। ਜਿਹੜੀਆਂ ਉਹ ਪਹਿਲਾਂ ਵੀ ਦੱਸਿਆ ਕਰਦਾ ਸੀ। ਸਕੂਲ ਭਰਾਵਾਂ ਅਤੇ ਮੁੰਡਿਆਂ ਦੇ ਨਾਲ਼ ਹੀ ਆਉਣਾ ਜਾਣਾ ਹੇ। ਕਿਸੇ ਨਾਲ਼ ਲੜਾਈ ਨਹੀਂ ਕਰਨੀ। ਕਦੀ ਵੀ ਚੋਰੀ ਨਹੀਂ ਕਰਨੀ। ਝੂਠ ਨਹੀਂ ਬੋਲਣਾ। ਸਕੂਲ ਦਾ ਕੰਮ ਰੋਜ਼ ਮੁਕਾਉਣਾ ਹੈ। ਕਦੀ ਵੀ ਸਕੂਲੋਂ ਦੌੜਨਾ ਨਹੀਂ ਤੇ ਨਾ ਹੀ ਬਾਹਰ ਲੁਕ ਕੇ ਪੀਰਡ ਕੱਟਣਾ ਹੈ। ਮਾਸਟਰਾਂ ਦਾ ਕਹਿਣਾ ਮੰਨਣਾ ਹੈ। ਨਹਿਰ ਵਿਚ ਕਦੀ ਨਹੀਂ ਨਹਾਉਣਾ। ਕਿਸੇ ਓਪਰੇ ਬੰਦੇ ਦੀ ਦਿੱਤੀ ਚੀਜ਼ ਨਹੀਂ ਖਾਣੀ। ਦੁਖੀ ਉਸ ਦੀ ਹਰ ਗੱਲ ਦੇ ਜਵਾਬ ਵਿਚ 'ਮੈਨੂੰ ਪਤਾ ਏ' 'ਮੈਨੂੰ ਪਤਾ ਏ' ਕਹਿੰਦਾ ਰਿਹਾ। ਘਨ੍ਹੱਈਏ ਨੂੰ ਲੱਗਾ ਜਿਵੇਂ ਉਹ ਉਸ ਦੀ ਗੱਲ ਹੀ ਨਾ ਸੁਣ ਰਿਹਾ ਹੋਵੇ। ਉਹ ਬੋਲਿਆ, 'ਦੂਜੇ ਮੁੰਡਿਆਂ ਦੀ ਰੋਟੀ ਕੱਢ ਕੇ ਖਾਣੀ ਏਂ।'

'ਮੈਨੂੰ ਪਤਾ ਏ।' ਦੁਖੀ ਨੇ ਕਿਹਾ ਤਾਂ ਉਹ ਉੱਚੀ ਉੱਚੀ ਹੱਸਣ ਲੱਗ ਪਿਆ ਤੇ ਬੋਲਿਆ, 'ਇਹਦਾ ਮਤਲਬ ਤੂੰ ਕੁਝ ਨਹੀਂ ਸੁਣਿਆ।'

'ਸੁਣਿਆ ਕਿਉਂ ਨਹੀਂ? ਤੂੰ ਇਹ ਦੱਸ ਬਈ ਮੈਨੂੰ ਸਾਇਕਲ ਕਦੋਂ ਸਿਖਾਏਂਗਾ?'

'ਅਜੇ ਤੇਰੀਆਂ ਲੱਤਾਂ ਤਾਂ ਪੈਡਲਾਂ ਤੱਕ ਆ ਜਾਣ ਦੁਖੀ ਰਾਮਾ। ਵੱਡਾ ਹੋਜਾ ਵੱਡਾ।'

'ਵੱਡਾ ਹੋ ਤਾਂ ਗਿਆ ਮੈਂ। ਕੈਂਚੀ ਪਾ ਕੇ ਤਾਂ ਮੈਂ ਚਲਾ ਵੀ ਲੈਂਦਾ ਏਂ।'

ਫਿਰ ਘਨ੍ਹੱਈਆ ਆਪਣੇ ਰੈਲੇ ਸਾਇਕਲ ਦੀਆਂ ਸਿਫਤਾਂ ਕਰਨ ਲੱਗ ਪਿਆ। ਇਹ ਸਾਇਕਲ ਉਸ ਨੇ ਲਾਹੌਰ ਤੋਂ ਖ਼੍ਰੀਦਿਆ ਸੀ। ਇਸ ਨੂੰ ਉਹ ਲਾਰੀ ਨਾਲ਼ੋਂ ਵੀ ਤੇਜ਼ ਚਲਾ ਸਕਦਾ ਸੀ। ਉਹ ਸਾਇਕਲ ਨੂੰ ਹਮੇਸ਼ਾ ਲਿਸ਼ਕਾ-ਪੁਸ਼ਕਾ ਕੇ ਹੀ ਰੱਖਦਾ ਸੀ। ਉਦੋਂ ਸਲਾਹਪੁਰ ਵਿਚ ਚਾਰ-ਪੰਚ ਸਾਇਕਲ ਹੀ ਹੁੰਦੇ ਸਨ। ਸਾਇਕਲ ਹੋਣਾ ਬੰਦੇ ਦੇ ਰੁਤਬੇ ਦਾ ਚਿੰਨ੍ਹ ਸੀ। ਉਸ ਕੋਲ਼ ਤਾਂ ਇਕ ਗਾਉਣ ਵਾਲ਼ੀ ਮਸ਼ੀਨ ਵੀ ਸੀ। ਉਹ ਨਿੱਤ ਸ਼ਾਮ ਨੂੰ

ਮਸ਼ੀਨ ਲਾਉਂਦਾ ਤਾਂ ਗਾਣੇ ਸੁਣਨ ਲਈ ਮੁੰਡਿਆਂ ਦੀ ਹੇੜ੍ਹ ਉਨ੍ਹਾਂ ਦੇ ਘਰ ਇਕੱਠੀ ਹੋ ਜਾਂਦੀ। ਉਸ ਕੋਲ਼ ਗੀਤਾਂ ਦੇ ਚਾਲ਼ੀ ਪੰਜਾਹ ਤਵੇ ਸਨ। ਉਹ ਸਾਊਂਡ-ਬਕਸ ਦੀ ਸੂਈ ਬਦਲਦਾ ਤੇ ਪੁਰਾਣੀ ਸੂਈ ਮੁੰਡਿਆਂ ਵੱਲ ਵਗਾਹ ਮਾਰਦਾ। ਸੂਈ ਲਈ ਹੀ ਮੁੰਡੇ ਆਪਸ ਵਿਚ ਭਿੜਨ ਲੱਗਦੇ। ਬਾਰ ਬਾਰ ਉਹੀ ਗਾਣੇ ਸੁਣਦੇ ਰਹਿਣ ਨਾਲ਼ ਦੁਖੀ ਨੂੰ ਸਾਰੇ ਗੀਤ ਜ਼ੁਬਾਨੀ ਯਾਦ ਹੋ ਗਏ ਸਨ। ਜਿਨ੍ਹਾਂ ਨੂੰ ਉਹ ਗਲ਼ੀਆਂ ਵਿਚ ਗੁਣਗੁਣਾਉਂਦਾ ਫਿਰਦਾ ਰਹਿੰਦਾ।

ਉਦੋਂ ਦੇ ਸਲਾਹਪੁਰ ਪਿੰਡ ਨੂੰ ਜੇ ਗਰੀਬਾਂ ਦਾ ਪਿੰਡ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪਿੰਡ ਵਿਚ ਜਿਹੜੇ ਸੱਤਰ ਕੁ ਘਰ ਸਨ, ਉਨ੍ਹਾਂ ਵਿਚ ਤਿੰਨ-ਚਾਰ ਹੀ ਪੱਕੇ ਸਨ। ਲੋਕ ਵੱਡੇ ਵੱਡੇ ਡਲੇ ਚਿਣ ਕੇ ਤਿੰਨ-ਤਿੰਨ ਫੁੱਟ ਚੌੜੀਆਂ ਕੰਧਾਂ ਉਸਾਰ ਲੈਂਦੇ। ਜੰਗਲ' ਚੋਂ ਦਰੱਖਤ ਚੋਰੀ ਕਰਕੇ, ਲਟੈਣਾ, ਕੜੀਆਂ ਬਣਾ ਲੈਂਦੇ। ਸਰਕੜੇ ਦੀ ਛੱਤ ਉੱਤੇ ਮਿੱਟੀ ਪਾ ਕੇ ਕੋਠੇ ਛੱਤ ਲੈਂਦੇ। ਕਈ ਵਾਰੀ ਸਰਹੰਦ ਨਹਿਰ ਰਾਹੀਂ ਰੋਪੜ ਤੋਂ ਆਉਣ ਵਾਲ਼ੇ ਸ਼ਤੀਰੀਆਂ ਦੇ ਟੱਲੇ ਟੁੱਟ ਜਾਂਦੇ ਤੇ ਸ਼ਤੀਰੀਆਂ ਬਿਖ਼ਰ ਜਾਂਦੀਆਂ। ਲੋਕ ਨਹਿਰ ਵਿਚ ਹੜ੍ਹੀਆਂ ਜਾਂਦੀਆਂ ਸ਼ਤੀਰੀਆਂ ਕੱਢ ਲੈਂਦੇ ਤੇ ਘਰ ਲਿਆ ਕੇ ਖੁਰਲੀਆਂ ਜਾਂ ਫਰਸ਼ ਵਿਚ ਦਬਾਕੇ ਉੱਤੋਂ ਲਿੱਪ ਦਿੰਦੇ। ਜਦੋਂ ਪੁਲੀਸ ਤਲਾਸ਼ੀਆਂ ਦਾ ਕੰਮ ਮੁਕਾ ਲੈਂਦੀ ਤੇ ਟਿਕ-ਟਿਕਾ ਹੋ ਜਾਂਦਾ ਤਾਂ ਉਹ ਲੋੜ ਮੁਤਾਬਕ ਦੱਬੀਆਂ ਸ਼ਤੀਰੀਆਂ ਕੱਢ ਲੈਂਦੇ, ਘਰਾਂ ਦੇ ਦਰਵਾਜ਼ੇ, ਖਿੜਕੀਆਂ, ਅਲਮਾਰੀਆਂ ਬਗੈਰਾ ਬਣਵਾ ਲੈਂਦੇ। ਘਰਾਂ ਦੇ ਫਰਸ਼ ਕੱਚੇ ਹੀ ਹੁੰਦੇ ਸਨ, ਜਿਨ੍ਹਾਂ ਨੂੰ ਔਰਤਾਂ ਗੋਹੇ-ਮਿੱਟੀ ਨਾਲ਼ ਲਿੱਪਦੀਆਂ ਰਹਿੰਦੀਆਂ। ਕੰਧਾਂ ਇਓਂਟਿਆਂ ਬਗੈਰਾ ਤੇ ਮੋਰ, ਘੁੱਗੀਆਂ, ਘੋੜੇ ਮਿੱਟੀ ਗੁੰਨ੍ਹ-ਗੁੰਨ੍ਹ ਕੇ ਬਣਾਉਣ ਦੀ ਕਲਾਕਾਰੀ ਜਿਹੜੀ ਭਾਗਵੰਤੀ ਕੋਲ਼ ਸੀ, ਉਹ ਸ਼ਾਇਦ ਕਿਸੇ ਹੋਰ ਕੋਲ਼ ਨਹੀਂ ਸੀ। ਪਾਣੀ ਦਾ ਨਲਕਾ ਵੀ ਸ਼ਾਇਦ ਅਜੇ ਕਿਸੇ ਘਰ ਨਹੀਂ ਸੀ ਲੱਗਿਆ। ਲੋਕ ਖੇਤਾਂ ਵਿਚ ਜਾਂ ਟਿੱਬਿਆਂ ਉੱਤੇ ਜੰਗਲ ਪਾਣੀ ਜਾਂਦੇ ਸ। ਤੀਵੀਂਆਂ ਜਾਣ ਲਈ ਝਿੜੀ ਲਾਗੇ ਕਾਫੀ ਸ਼ਾਮਲਾਤ ਜ਼ਮੀਨ ਛੱਡੀ ਹੋਈ ਸੀ। ਤੀਵੀਂਆਂ ਟੋਲ਼ੀਆਂ ਬਣਾ ਕੇ ਸੁਭਾ-ਸ਼ਾਮ ਜੰਗਲਪਾਣੀ ਜਾਂਦੀਆਂ ਤੇ ਚੁਗਲੀਆਂ ਕਰ ਕੇ ਆਪਣੇ ਮਨਾਂ ਦਾ ਗੁੱਭ-ਗੁਭਾਟ ਕੱਢ ਲੈਂਦੀਆਂ। ਉਹ ਘਰ ਦੀਆਂ ਗੱਲਾਂ ਇਕ ਦੂਜੀ ਨੂੰ ਸੁਣਾ ਕੇ ਚੋਹਲ-ਮੋਹਲ ਵੀ ਕਰਦੀਆਂ। ਪੇਤ ਵਾਲ਼ੀਆਂ ਸਭ ਗੱਲਾਂ ਤੀਵੀਆਂ ਤੋਂ ਆਪਣੇ ਮਰਦਾਂ ਕੋਲ਼ ਤੇ ਫਿਰ ਉਨ੍ਹਾਂ ਤੋਂ ਪਰ੍ਹੇ ਵਿਚ ਪਹੁੰਚ ਜਾਂਦੀਆਂ। ਇੰਝ ਮਰਦ ਲੋਕਾਂ ਦਾ ਮਨ ਪ੍ਰਚਾਵਾ ਹੁੰਦਾ ਰਹਿੰਦਾ।

ਇਕ ਵਾਰੀ ਝਿੜੀ ਵਿਚ ਛੁਪ ਕੇ ਬੈਠੇ ਕੀਕਣੇ ਛੜੇ ਨੂੰ ਤੀਵੀਆਂ ਨੇ ਫੜ ਲਿਆ ਸੀ ਤੇ ਉਸਦੀ ਚੰਗੀ ਛਿੱਤਰ-ਪਰੇਡ ਕੀਤੀ ਸੀ। ਉਸ ਦੀ ਦਾੜ੍ਹੀ ਵੀ ਵਾਲ਼-ਵਾਲ਼ ਕਰ ਦਿੱਤੀ ਸੀ। ਲੋਕ ਨਹਿਰ ਜਾਂ ਬੁੰਬ ਉੱਤੇ ਨਹਾ ਕੇ ਆਉਂਦੇ। ਔਰਤਾਂ ਅਕਸਰ ਉੱਥੇ ਕੱਪੜੇ ਧੋ ਕੇ ਲਿਆਉਂਦੀਆਂ। ਰੇਹੀ ਵਾਲ਼ੇ ਪਾਣੀ ਵਿਚ ਅਚੱਲ-ਘਚੱਲ ਪੱਥਰਾਂ ਤੇ ਰੱਖ ਮੋਗਰੀਆਂ ਨਾਲ਼ ਕੱਪੜੇ ਕੁੱਟਦੀਆਂ। ਥੱਪ-ਥੱਪ ਦੀ ਅਵਾਜ਼ ਐਨੀ ਉੱਚੀ ਹੁੰਦੀ ਕਿ ਨਹਿਰ ਦੇ ਦੂਜੇ ਕੰਢੇ ਬਣੇ ਨਹਿਰੀ ਵਿਸ਼ਰਾਮ ਘਰ (ਕੋਠੀ) ਨਾਲ਼ ਟਕਰਾ ਕੇ ਪ੍ਰਤੀ ਧੁਨੀ ਸੁਣਾਈ ਦਿੰਦੀ। ਕੱਪੜੇ ਧੋਣ ਜਾਂ ਨਹਾਉਣ ਦਾ ਸਾਬਣ ਕੋਈ ਵਿਰਲਾ-ਵਿਰਲਾ ਹੀ ਵਰਤਦਾ। ਘਨ੍ਹੱਈਆ ਲਲਤਾ ਲਈ ਨਹਾਉਣ ਵਾਲ਼ਾ ਸਾਬਣ ਤੇ ਮੁਸ਼ਕੀ ਤੇਲ ਜ਼ਰੂਰ ਲਿਆ ਕੇ ਦਿੰਦਾ। ਦੁਖੀ ਕਈ ਵਾਰੀ ਆਪਣੀ ਮਾਮੀ ਦੇ ਲੁਕਾ ਕੇ ਰੱਖੇ ਸਾਬਣ ਤੇ ਦਾਅ ਮਾਰ ਲੈਂਦਾ ਤੇ ਪਿੰਡੇ ਤੇ ਖੂਬ ਘਿਸਾ

ਘਿਸਾ ਕੇ ਨਹਾਉਂਦਾ। ਪਤਾ ਲੱਗਣ ਤੇ ਉਹ ਘਨੱਈਏ ਕੋਲ਼ ਉਸ ਦੀ ਸ਼ਿਕਾਇਤ ਲਾਉਂਦੀ ਪਰ ਉਹ ਉਸ ਦੀ ਸ਼ਿਕਾਇਤ ਗੌਲਦਾ ਹੀ ਨਾ। ਇਕ ਵਾਰੀ ਦੁਖੀ ਨੇ ਉਸ ਦਾ ਮੁਸ਼ਕੀ ਤੇਲ ਆਪਣੇ ਪਿੰਡੇ ਤੇ ਮਲ਼ ਲਿਆ। ਲਲਤਾ ਨੇ ਖ਼ਫਾ ਹੋ ਕੇ ਘਨੱਈਏ ਕੋਲ਼ ਸ਼ਿਕਾਇਤ ਕੀਤੀ। ਉਸ ਨੇ ਸ਼ੀਸ਼ੀ ਚੁੱਕੀ ਤੇ ਬਾਹਰ ਗਲ਼ੀ ਦੀ ਕੰਧ ਨਾਲ਼ ਦੇ ਮਾਰੀ। ਗਲੀ ਵਿਚ ਕੀਚਰਾਂ ਬਣ ਕੇ ਕੱਚ ਖਿਲਰ ਗਿਆ ਤਾਂ ਉਹ ਆਪ ਹੀ ਉਸ ਨੂੰ ਚੁਗਣ ਲੱਗ ਪਿਆ ਤੇ ਹਦਾਇਤ ਕੀਤੀ, 'ਚੁੱਕਿਆ ਗਿਆ ਅੱਡਾ, ਮੁਸ਼ਕੀ ਤੇਲ ਅੱਜ ਤੋਂ ਬੰਦ। ਸਾਰੇ ਜਣੇ ਸਰ੍ਹੋਂ ਦਾ ਤੇਲ ਲਾਇਆ ਕਰੋ।'

ਸੈਣੀ ਬਰਾਦਰੀ ਦੇ ਸੱਠ ਕੁ ਘਰਾਂ ਕੋਲ਼ ਬੇਟ ਅਤੇ ਢਾਹੇ ਵਿਚ ਐਨੀ ਕੁ ਜ਼ਮੀਨ ਹੀ ਸੀ ਕਿ ਉਨ੍ਹਾਂ ਦਾ ਸਾਦਾ ਤੋਰੀ ਫੁਲਕਾ ਹੀ ਚਲਦਾ। ਬਹੁਤੀ ਦੱਬਣੀ ਮਿੱਸੀਆਂ ਰੋਟੀਆਂ ਨਾਲ਼ ਚਟਣੀ, ਮੱਕੀ ਦੀਆਂ ਰੋਟੀਆਂ ਨਾਲ਼ ਸਾਗ ਜਾਂ ਫਿਰ ਚੌਲਾਂ ਨਾਲ਼ ਮਸਰੀ ਦੀ ਦਾਲ਼ ਤੇ ਹੀ ਦਿੱਤੀ ਜਾਂਦੀ ਸੀ। ਕਈ ਵਾਰੀ 'ਵੱਡਾ ਖਾਣਾ' ਵੀ ਹੋ ਜਾਂਦਾ ਸੀ। ਬੇਟ ਅਤੇ ਨਹਿਰ ਦੇ ਨਾਲ਼-ਨਾਲ਼ ਜੰਗਲ ਹੋਣ ਕਰਕੇ ਸੂਰ ਪਾੜ੍ਹੇ ਆਮ ਹੁੰਦੇ ਸਨ। ਤਾਰਾ ਸਿੰਘ ਸਫ਼ੈਦ ਪੋਸ਼, ਕਰੋੜਾ ਸਿੰਘ ਤੇ ਕਪਤਾਨ ਤੇਜਾ ਸਿੰਘ ਕੋਲ਼ ਆਪਣੀਆਂ ਦੋ ਨਾਲ਼ੀ ਬੰਦੂਕਾਂ ਸਨ। ਜਦੋਂ ਕੋਈ ਪੈੜੂ ਇਲਾਕੇ ਵਿਚ ਕਿਸੇ ਜਾਨਵਰ ਦੇ ਆਉਣ ਦੀ ਸੂਹ ਦਿੰਦਾ ਤਾਂ ਲੋਕ ਟੋਲੀਆਂ ਬਣਾ ਕੇ ਡਾਂਗਾਂ ਚੁੱਕ ਝਾੜ ਪਾਉਣ ਲਈ ਇਕੱਠੇ ਹੋ ਜਾਂਦੇ। ਰਫ਼ਲਾਂ ਵਾਲ਼ੇ ਅਜਿਹੀ ਥਾਂ ਤੇ ਨਿਸ਼ਾਨੇ ਸੇਧ ਕੇ ਬੈਠ ਜਾਂਦੇ, ਜਿੱਥੋਂ ਜਾਨਵਰ ਦੇ ਲੰਘਣ ਦੀ ਸੰਭਾਵਨਾ ਹੁੰਦੀ। 'ਹੋਏ ਹੋਏ' ਕਰ ਕੇ ਝਾੜ ਪਾਉਣ ਵਾਲ਼ਿਆਂ ਦੀ ਪਾਲ਼ ਕਾਹੀਆਂ, ਸਰਕੜਿਆਂ ਤੇ ਝਾੜੀਆਂ ਵਿੱਚੀਂ ਧੁੱਸ ਦਿੰਦੀ ਅੱਗੇ ਵਧਦੀ ਤਾਂ ਜਾਨਵਰ ਵੀ ਮੂਹਰੇ ਹੋ ਲੈਂਦਾ। ਕੋਈ ਨਾ ਕੋਈ ਰਫ਼ਲ ਵਾਲ਼ਾ ਜਾਨਵਰ ਨੂੰ ਫੁੰਡ ਲੈਂਦਾ। ਬਰਾਬਰ ਦੀਆਂ ਢੇਰੀਆਂ ਲਾ ਕੇ ਮੀਟ ਵੰਡ ਲਿਆ ਜਾਂਦਾ। ਰਫ਼ਲਾਂ ਵਾਲ਼ਿਆਂ ਦੀਆਂ ਦੋ ਢੇਰੀਆਂ ਹੁੰਦੀਆਂ ਤੇ ਜਾਨਵਰ ਫੁੰਡਣ ਵਾਲ਼ੇ ਨੂੰ ਸਿਰੀ ਤੇ ਖੱਲ ਵਾਧੂ ਵਿਚ ਮਿਲਦੀ। ਉਸ ਦਿਨ ਅੱਧੇ ਤੋਂ ਵੱਧ ਘਰਾਂ ਵਿਚ ਮੀਟ ਰਿੱਝਦਾ। ਲੋਕ ਰੂੜੀ ਮਾਰਕਾ ਪੀਂਦੇ ਤੇ ਖਰਮਸਤੀਆਂ ਕਰਦੇ। ਕਈ ਦੂਜਿਆਂ ਨਾਲ਼ ਲੜਾਈ ਕਰਕੇ ਪੁਰਾਣੇ ਬਦਲੇ ਲੈਂਦੇ ਜਾਂ ਗਿਲੇ ਸ਼ਿਕਵਿਆਂ ਦੀ ਭੜਾਸ ਕੱਢਦੇ।

ਬਹੁਤੇ ਟੱਬਰ ਤਾਂ ਆਪਣੀਆਂ ਗੈਆਂ-ਵੱਛੀਆਂ, ਬੱਕਰੀਆਂ, ਬਲਦਾਂ ਨੂੰ ਵੀ ਉਸੇ ਘਰ ਵਿਚ ਬੰਨ੍ਹਦੇ, ਜਿੱਥੇ ਉਹ ਸੌਂਦੇ। ਬੱਸ ਸੈਣੀ ਜਾਤ ਹੋਣ ਦਾ ਬਿੱਲਾ ਹੀ ਉਨ੍ਹਾਂ ਲਈ ਦੂਜਿਆਂ ਤੋਂ ਵੱਡੇ ਹੋਣ ਦਾ ਚਿੰਨ੍ਹ ਸੀ। ਵੱਡੇ ਹੋਣ ਦੀ ਹੈਂਕੜ ਕਰਕੇ ਹੀ ਉਹ ਮੋਢਿਆਂ ਤੋਂ ਥੁੱਕਦੇ ਫਿਰਦੇ। ਉਹ ਕਿੰਨੇ ਕੁ ਵੱਡੇ ਜਾਂ ਅਮੀਰ ਸਨ, ਇਕ ਘਟਨਾ ਤੋਂ ਇਸ ਗੱਲ ਦਾ ਵੀ ਨਿਬੇੜਾ ਹੋ ਜਾਂਦਾ ਹੈ। ਪਿੰਡ ਵਿਚ ਮਜ਼੍ਹਬੀ ਸੁਰਜਨ ਦੀ ਕੁੜੀ ਦਾ ਵਿਆਹ ਸੀ। ਇਸ ਨੀਵੀਂ ਸਮਝੀ ਜਾਣ ਵਾਲ਼ੀ ਜਾਤ ਦੇ ਲੋਕ ਭਾਵੇਂ ਭੁੱਖੇ ਮਰਦੇ ਸਨ, ਪਰ ਲੋਕ-ਲਾਜ ਦੇ ਸਵਾਲ ਤੇ ਵਿਆਹਾਂ ਸ਼ਾਦੀਆਂ ਮੌਕੇ ਆਪਣਾ ਪੂਰਾ ਜ਼ੋਰ ਲਾ ਦਿੰਦੇ ਸਨ। ਪਤਾ ਨਹੀਂ ਕੁੜੀ ਦੇ ਵਿਆਹ ਲਈ ਕਿੰਨਾ ਕਰਜਾ ਚੁੱਕਿਆ ਹੋਵੇਗਾ ਉਸ ਨੇ, ਕਿ ਚਾਰ ਰਾਤਾਂ ਬਰਾਤ ਰੱਖ ਕੇ ਬੱਕਰੇ ਵੱਢ ਵੱਢ ਬਰਾਤੀਆਂ ਦੀ ਸੇਵਾ ਕੀਤੀ। ਪਤਾ ਨਹੀਂ ਕਿੰਨੇ ਕੁ ਮੱਟ ਸ਼ਰਾਬ ਦੇ ਪਾਏ ਹੋਣਗੇ ਕਿ ਬਰਾਤੀਆਂ ਦੇ ਨਾਲ਼-ਨਾਲ਼ ਪਿੰਡ ਵਾਲ਼ਿਆਂ ਦੀਆਂ ਵੀ ਅੱਖਾਂ ਨਾ ਖੁੱਲ੍ਹਣ

ਦਿੱਤੀਆਂ। ਉਂਝ ਉਨ੍ਹਾਂ ਦੇ ਘਰਾਂ ਦਾ ਖਾਣਾ-ਪੀਣਾ ਉੱਚੀ ਜਾਤ ਵਾਲ਼ਿਆਂ ਲਈ ਬੜੀ ਦੂਰ ਦੀ ਗੱਲ ਸੀ। ਉਨ੍ਹਾਂ ਦੇ ਛੂਹੇ ਭਾਂਡੇ ਵਿਚ ਤਾਂ ਕੋਈ ਪਾਣੀ ਵੀ ਨਹੀਂ ਸੀ ਪੀਂਦਾ, ਪਰ ਮੀਟ ਸ਼ਰਾਬ ਫੜ ਕੇ ਰੱਖੀ ਗਏ। ਜਦੋਂ ਕੁੜੀ ਦੀ ਡੋਲ਼ੀ ਉੱਠੀ ਤਾਂ ਨਜ਼ਾਰਾ ਦੇਖਣ ਵਾਲ਼ਾ ਸੀ। ਰੱਸੀਆਂ ਵਾਲ਼ੇ ਬੰਬ ਕੰਨ ਬੋਲ਼ੇ ਕਰ ਰਹੇ ਸਨ। ਅਨਾਰਾਂ ਦੀ ਰੋਸ਼ਨੀ ਅੱਖਾਂ ਚੁੰਧਿਆ ਰਹੀ ਸੀ। ਬੀਨਾਂ ਤੇ ਢੋਲ ਵਜਾਉਣ ਵਾਲ਼ੇ ਮੋਰਾਂ ਵਾਂਗ ਪੈਲਾਂ ਪਾ ਰਹੇ ਸਨ ਤੇ ਧਰਤੀ ਉੱਤੇ ਲੇਟ ਕੇ ਧੁਨਾਂ ਕੱਢ ਰਹੇ ਸਨ। ਨਚਾਰ ਪੰਜ-ਪੰਜ ਫੁੱਟ ਉੱਚੀਆਂ ਛਾਲ਼ਾਂ ਮਾਰ ਰਹੇ ਸਨ। ਉਹ ਬਰਾਤੀਆਂ ਨੂੰ ਬੁੱਘੀ ਦੇ ਕੇ ਨੋਟ ਫੜ ਰਹੇ ਸਨ। ਇਹ ਨਜ਼ਾਰਾ ਦੇਖਣ ਲਈ ਪਿੰਡ ਦੇ ਲੋਕਾਂ ਦਾ ਕਟਕ ਚੜ੍ਹ ਆਇਆ ਸੀ। ਸਭ ਔਰਤਾਂ ਕੋਠਿਆਂ ਤੇ ਆ ਖੜ੍ਹੀਆਂ ਸਨ। ਉਹ ਆਪਣੇ ਘੁੰਡਾਂ ਨੂੰ ਪੋਟਿਆਂ' ਚ ਫੜੀ 'ਹਾਇ ਮੈਂ ਮਰਜਾਂ, ਹਾਇ ਮੈਂ ਮਰ ਜਾਂ' ਕਰੀ ਜਾ ਰਹੀਆਂ ਸਨ। ਅਚਾਨਕ ਲਾੜੇ ਦੇ ਮਾਮੇ ਨੇ ਲਾਲ ਰੰਗ ਦੀ ਗੁਥਲੀ ਦਾ ਮੂੰਹ ਖੋਲ੍ਹਿਆ ਤੇ ਪੈਸਿਆਂ ਦੀ ਪਹਿਲੀ ਮੁੱਠ ਕੋਠੇ ਤੇ ਖੜ੍ਹੀਆਂ ਤੀਵੀਆਂ ਵੱਲ ਮਾਰੀ। ਉਹ ਪੈਸੇ ਚੁਗਣ ਲੱਗੀਆਂ। ਫਿਰ ਉਸਨੇ ਕੁੜੀ ਦੀ ਡੋਲ਼ੀ ਉੱਤੋਂ ਸੋਟ ਸੁੱਟਣੀ ਸ਼ੁਰੂ ਕਰ ਦਿੱਤੀ। ਲੋਕਾਂ ਦੀਆਂ ਅੱਖਾਂ ਪਥਰਾ ਗਈਆਂ। ਇਹ ਕੀ? ਹਵਾ ਵਿਚ ਚਾਂਦੀ ਦੇ ਰੁਪਿਆਂ, ਅਠਿਆਨੀਆਂ, ਚੁਆਨੀਆਂ ਤੋਂ ਬਿਨਾਂ ਚਾਂਦੀ ਦੇ ਕੰਙਣ, ਮੁੰਦੀਆਂ, ਕੜੇ, ਬਿਛੂਏ ਵੀ ਉਡੇ ਆ ਰਹੇ ਸਨ। ਸੋਟ ਚੁਗਣ ਲਈ ਕਹਿੰਦੇ-ਕਹਾਉਂਦੇ ਲੋਕ ਵੀ ਟੁੱਟ ਕੇ ਪੈ ਗਏ। ਉਨ੍ਹਾਂ ਵਿਚ ਧੱਕਾ-ਮੁੱਕੀ ਹੋਣ ਲੱਗੀ। ਲੋਕਾਂ ਦੇ ਸਾਫ਼ੇ-ਪਰਨੇ ਲਹਿ ਗਏ। ਰਾਹ ਵਿਚ ਭੁੱਬਲ਼ ਐਨੀ ਸੀ ਕਿ ਸਭ ਦੇ ਚਿਹਰੇ ਬੇਪਛਾਣ ਹੋ ਗਏ।

ਦੁਖੀ ਵੀ ਇਸ ਵਿਆਹ ਵਿਚ ਇਕ ਘੁੰਗਰੂਆਂ ਵਾਲ਼ੀ ਝਾਂਜਰ, ਇਕ ਚਾਂਦੀ ਦੀ ਮੁੰਦੀ ਤੇ ਕੁਝ ਭਾਨ ਲੁੱਟ ਲਿਆਇਆ ਸੀ। ਭਾਗਵੰਤੀ ਉਸ ਕੋਲ਼ੋਂ ਇਹ ਸਭ ਕੁਝ ਫੜਦੀ ਹੱਸ ਕੇ ਬੋਲੀ, 'ਢੈ ਜਾਣਿਆਂ, ਚੂੜ੍ਹਿਆਂ ਦੀ ਸੋਟ ਚੁਗਦਿਆਂ ਤੈਨੂੰ ਸ਼ਰਮ ਨਾ ਆਈ? ਤੇਰੇ ਮਾਮੇ ਨੂੰ ਪਤਾ ਲੱਗ ਗਿਆ ਤਾਂ ਤੇਰੀ ਜਾਨ ਕੱਢੂ।'

'ਬੇਬੇ ਉੱਥੇ ਤਾਂ ਮਾਮਾ ਵੀ ਭੁੱਬਲ ਵਿਚ ਡਿਗਿਆ ਪਿਆ ਸੀ।' ਦੁਖੀ ਨੇ ਦੱਸਿਆ ਤਾਂ ਉਹ ਹੋਰ ਵੀ ਹੱਸੀ।

ਪਿੰਡ ਵਿਚ ਕਈ ਜਾਤਾਂ ਦੇ ਲੋਕ ਰਹਿੰਦੇ ਸਨ। ਲੇਖੂ ਨਾਈ ਵਿਆਹ ਸ਼ਾਦੀਆਂ ਦੀਆਂ ਗੱਠਾਂ ਲੈ ਕੇ ਵਾਂਢੇ ਜਾਇਆ ਕਰਦਾ ਸੀ। ਕਿਸੇ ਗੱਲੋਂ ਕਿਸੇ ਦੇ ਘਰ ਇਕੱਠ ਹੁੰਦਾ ਤਾਂ ਉਸ ਦਾ ਟੱਬਰ ਹੀ ਉੱਥੇ ਲਾਗ ਕਰਦਾ। ਵਿਆਹਾਂ ਸਮੇਂ ਬਰਾਤ ਦੀ ਸੇਵਾ ਕਰਦਾ ਤੇ ਜੰਨ ਦੇ ਰੋਟੀ ਖਾਣ ਲਈ ਕੋਰੇ ਵਿਛਾਉਂਦਾ। ਕਾਂਸੀ ਝਿਊਰ ਦਾ ਟੱਬਰ ਭਾਂਡੇ ਮਾਂਜਦਾ ਤੇ ਪਾਣੀ ਭਰਦਾ ਸੀ। ਖੱਲ ਦੀ ਬਣੀ ਮੱਛਕ ਨਾਲ਼ ਉਹਦਾ ਮੁੰਡਾ ਖੂਹ ਤੋਂ ਪਾਣੀ ਢੋਂਦਾ ਰਹਿੰਦਾ। ਫੈਜ਼ੇ ਤੇਲੀ ਦੇ ਟੱਬਰ ਨੇ ਪਿੰਡ ਦਾ ਮਾਲ ਸਾਂਭਿਆ ਹੁੰਦਾ। ਲੋਕ ਆਪਣੀਆਂ ਗਾਵਾਂ-ਵੱਛੀਆਂ ਸਵੇਰੇ ਹੀ ਟਿੱਬੇ ਤੇ ਪਿੱਪਲ਼ੀ ਹੇਠ ਛੱਡ ਆਉਂਦੇ ਜਿੱਥੇ ਉਨ੍ਹਾਂ ਦੇ ਚੱਟਣ ਲਈ ਪਹਾੜੀ ਲੂਣ ਦੇ ਵੱਡੇ ਵੱਡੇ ਡਲ਼ੇ ਧੁੱਪ ਵਿਚ ਹੀਰਿਆਂ ਵਾਂਗ ਚਮਕਦੇ। ਦੋ ਢਾਈ ਸੌ ਡੰਗਰਾਂ ਦੇ ਵੱਗ ਨੂੰ ਹੱਕ ਕੇ ਉਹ ਬੇਟ ਦੀਆਂ ਚਰਾਂਦਾਂ ਵਿਚ ਲੈ ਜਾਂਦੇ। ਪਿੰਡ ਵਿਚ ਮੱਝ ਕਿਸੇ ਘਰ ਵੀ ਨਹੀਂ ਸੀ ਹੁੰਦੀ। ਲੋਕਾਂ ਦੀ ਇਹ ਧਾਰਨਾ ਸੀ ਕਿ ਬੇਟ ਦੇ ਧੌਲੂ ਜਾਂ ਡੀਲੇ (ਘਾਹ ਦੀ ਕਿਸਮ) ਨਾਲ਼

ਮੱਝ ਦੇ ਅੰਦਰ ਗਏ ਜੋਕਾਂ ਦੇ ਆਂਡੇ ਜੋਕਾਂ ਬਣ ਕੇ ਮੱਝ ਦੇ ਪੇਟ ਨੂੰ ਹੀ ਆਪਣਾ ਅੱਡਾ ਬਣਾ ਲੈਂਦੀਆਂ ਸਨ ਤੇ ਖ਼ੂਨ ਚੂਸ ਚੂਸ ਮੱਝ ਦੀ ਕਿਆਮਤ ਲਿਆ ਦਿੰਦੀਆਂ ਸਨ। ਪਰ ਕਿਸੇ ਨੇ ਅਜਿਹਾ ਹੁੰਦਾ ਕਦੀ ਦੇਖਿਆ ਨਹੀਂ ਸੀ। ਪਿੰਡ ਵਿਚ ਜਦ ਮੱਝ ਹੀ ਕੋਈ ਨਹੀਂ ਸੀ, ਦੇਖਦੇ ਕਿਵੇਂ? ਪੁਰਾਣੀ ਧਾਰਨਾ ਉਵੇਂ ਚਲੀ ਆ ਰਹੀ ਸੀ। ਇਕ ਜੀਵਨ ਸਿੰਘ ਜੱਟ ਦਾ ਘਰ ਸੀ, ਜੋ ਕਿਸੇ ਹੋਰ ਪਿੰਡੋਂ ਐਥੇ ਆ ਵਸਿਆ ਸੀ। ਤਰਖਾਣ ਤੇ ਲੁਹਾਰ ਮਾਣੇਮਾਜਰੇ ਪਿੰਡ ਤੋਂ ਆਉਂਦੇ ਸਨ ਤੇ ਆਪਣੇ ਅੱਡਿਆਂ ਤੇ ਬੈਠ ਕੇ ਛਿਮਾਹੀ ਦੇ ਬੰਨ੍ਹੇ ਹਾੜ੍ਹੀ ਜਾਂ ਸਾਉਣੀ ਦੇ ਦਾਣਿਆਂ ਉੱਤੇ ਕਿਸਾਨਾਂ ਦੇ ਕੰਮ ਕਰਦੇ ਸਨ। ਅੱਠ ਦਸ ਘਰ ਹਰੀਜਨਾਂ ਦੇ ਵੀ ਸਨ, ਜਿਹੜੇ ਆਪਣੀ ਰੋਜ਼ੀ ਰੋਟੀ ਲਈ ਸੈਣੀਆਂ ਨਾਲ਼ ਹੀ ਜੁੜੇ ਹੁੰਦੇ ਸਨ। ਵੱਖ ਵੱਖ ਜਾਤਾਂ ਦੇ ਲੋਕ ਉਨ੍ਹਾਂ ਦੇ ਖੇਤਾਂ ਵਿਚ ਦਿਹਾੜੀ ਜੋਤਾ ਕਰ ਕੇ ਜਾਂ ਸਾਂਝੀ ਰਲ ਕੇ ਆਪਣੇ ਟੱਬਰ ਪਾਲਦੇ ਸਨ। ਲੱਗਭੱਗ ਸਾਰੇ ਹੀ ਗਰੀਬੀ ਹੰਢਾਉਂਦੇ ਸਨ। ਫਿਰ ਵੀ ਜੇ ਗਰੀਬੀ ਦੀ ਮੂੰਹੋਂ ਬੋਲਦੀ ਤਸਵੀਰ ਦੇਖਣੀ ਹੋਵੇ ਤਾਂ ਨੌਰੰਗੇ ਅਤੇ ਸਰਘੀ ਦੀ ਹੀ ਹੋ ਸਕਦੀ ਹੈ।

ਦਲਿਤ ਬਰਾਦਰੀ ਦੇ ਇਸ ਜੋੜੇ ਨੇ ਵੀ ਆਪਣੀਆਂ ਛੇ ਧੀਆਂ ਦੇ ਵਿਆਹ ਭਾਈਚਾਰੇ ਵਿਚ ਨੱਕ ਬਚਾਉਣ ਲਈ ਬੜੀ ਸ਼ਾਨੋ-ਸ਼ੌਕਤ ਨਾਲ਼ ਕੀਤੇ ਸਨ। ਹੁਣ ਉਹ ਕਿੰਨੇ ਹੀ ਸਾਲਾਂ ਤੋਂ ਆਪਣਾ ਕਰਜ਼ਾ ਉਤਾਰਨ ਦੇ ਲਈ ਦਸ-ਬਾਰਾਂ ਘਰਾਂ ਦਾ ਗੋਹਾ-ਕੂੜਾ ਵਗਾਰ ਵਾਂਗ ਹੀ ਕਰਦੇ ਸਨ। ਨਾ ਪਤਾ ਕਿੰਨਾ ਦਿੱਤਾ ਗਿਆ, ਨਾ ਪਤਾ ਕੀ ਰਹਿੰਦਾ ਹੈ। ਕਿੰਨੇ ਸਾਲ ਹੋਰ ਕੰਮ ਕਰਨਾ ਹੈ, ਕੋਈ ਪਤਾ ਨਹੀਂ। ਸਾਰਾ ਦਿਨ ਟੋਕਰਿਆਂ' ਚੋਂ ਮੁਤਰਾਲ਼ ਉਨ੍ਹਾਂ ਦੇ ਸਿਰਾਂ ਉੱਤੇ ਚੋਂਦਾ ਰਹਿੰਦਾ ਤੇ ਹੱਥ ਪੈਰ ਖਰੱਈਆਂ ਨਾਲ਼ ਗਲ਼ੇ ਰਹਿੰਦੇ। ਮਾਲਕ ਤੀਵੀਂ ਦੋਨੋਂ ਰਾਤ ਨੂੰ ਛਾਬਾ, ਬਾਲਟੀ ਤੇ ਲਾਲਟਣ ਲੈਕੇ ਰੋਟੀਆਂ ਮੰਗਣ ਲਈ ਪਿੰਡ' ਚ ਘੁੰਮਦੇ ਤੇ ਲੋਕਾਂ ਦੇ ਦਰਾਂ ਮੂਹਰੇ ਸੋਟੀ ਦਾ ਖੜਕਾ ਕਰ ਕੇ ਉੱਚੀ ਸਾਰੀ ਬੋਲਦੇ, 'ਰੱਜੇ ਰਹੋ ਜੀ, ਰੱਬ ਬਹੁਤਾ ਦੇਵੇ ਜੀ, ਸਰਦਾਰੀਆਂ ਕਾਇਮ ਰਹਿਣ ਜੀ, ਬੱਚੇ ਜੀਊਣ ਮਾਲਕੋ।'

ਅਗਲੇ ਬਚੇ-ਖੁਚੇ ਬਾਸੀ ਟੁੱਕਰ ਤੇ ਦਾਲ਼-ਭਾਜੀ ਉਨ੍ਹਾਂ ਦੇ ਛਾਬੇ ਅਤੇ ਬਾਲਟੀ ਵਿਚ ਸੁੱਟ ਦਿੰਦੇ। ਘਰ ਜਾ ਕੇ ਉਹ ਪਹਿਲਾਂ ਆਪ ਉਸ ਜੂਠ' ਚੋਂ ਛਾਂਟ-ਛਾਂਟ ਖਾਂਦੇ ਤੇ ਮਗਰੋਂ ਜੋ ਬਚ ਜਾਂਦਾ ਸੂਰਾਂ ਨੂੰ ਪਾ ਦਿੰਦੇ। ਉਨ੍ਹਾਂ ਨੇ ਕਦੀ ਕੱਪੜੇ ਬਦਲੇ ਹੋਣਗੇ, ਨਹਾ ਕੇ ਵਾਲ਼ਾ ਨੂੰ ਤੇਲ ਲਾਇਆ ਹੋਵੇਗਾ, ਕਦੀ ਜੁੱਤੀ ਪਾਈ ਹੋਵੇਗੀ, ਕਿਸੇ ਰਿਸ਼ਤੇਦਾਰੀ ਵਿਚ ਗਏ ਹੋਣਗੇ ਜਾਂ ਫਿਰ ਕੋਈ ਮੇਲਾ ਦੇਖਿਆ ਹੋਵੇਗਾ, ਕਿਹਾ ਨਹੀਂ ਜਾ ਸਕਦਾ। ਜਦੋਂ ਪਿੰਡ ਵਿਚ ਆਈ ਕੋਈ ਬਰਾਤ ਰੋਟੀ ਖਾਂਦੀ ਤਾਂ ਉਹ ਦੋਨੋਂ ਆਪਣਾ ਛਾਬਾ ਤੇ ਬਾਲਟੀ ਲੈਕੇ ਕਿਸੇ ਖੂੰਜੇ ਵਿਚ ਬੈਠ ਜਾਂਦੇ। ਲੰਘਦੇ-ਵੜਦੇ ਨੂੰ ਆਪਣੀ ਹੋਂਦ ਜਿਤਾਉਂਦੇ ਰਹਿੰਦੇ, 'ਰੱਜੇ ਰਹੋ ਮਾਲਕੋ, ਰੱਬ ਤੁਹਾਨੂੰ ਖੁਸ਼ੀਆਂ ਬਖਸ਼ੇ, ਧੀ ਰਾਜ ਕਰੇ। ਸਾਡੇ ਗਰੀਬਾਂ ਦੀ ਝੋਲ਼ੀ ਵੀ ਨਿਹਾਲ ਕਰਦੋ ਮਾਲਕੋ।'

ਜਦੋਂ ਬਰਾਤ ਰੋਟੀ ਖਾ ਕੇ ਉੱਠ ਖੜ੍ਹਦੀ ਤਾਂ ਉਹ ਭਾਂਡੇ ਮਾਂਜਦੇ ਕਾਂਸੀ ਕੋਲ਼ ਬੈਠ ਜਾਂਦੇ । ਉਹ ਉਨ੍ਹਾਂ ਦੇ ਛਾਬੇ ਅਤੇ ਬਾਲਟੀ ਵਿਚ ਜੂਠ ਵਾਲ਼ੇ ਥਾਲ਼ ਉਲਟਾਈ ਜਾਂਦਾ। ਉਹ ਘਰ ਜਾ ਕੇ ਆਪ ਖਾਣ ਵਾਲ਼ਾ ਮਾਲ ਛਾਂਟ ਲੈਂਦੇ ਤੇ ਬਚਦਾ ਸੂਰਾਂ ਦੇ ਘੁਰਨੇ ਵਿਚ ਸੁੱਟ ਦਿੰਦੇ । ਇਕ ਵਾਰੀ ਇਕ ਵਿਆਹ ਵਿਚ ਉਨ੍ਹਾਂ ਨੂੰ ਬੱਕਰੇ ਦੀਆਂ ਕਾਫੀ ਸੰਖੀਆਂ ਮਿਲ ਗਈਆਂ।

ਨੌਰੰਗੇ ਨੇ ਜੂਠ' ਚੋਂ ਕੱਢੀਆਂ ਸੰਖੀਆਂ ਨੂੰ ਚੂੰਡਣਾ ਸ਼ੁਰੂ ਕਰ ਦਿੱਤਾ। ਉਹ ਸੰਖੀ ਭੰਨਦਾ ਤੇ ਸੜ੍ਹਾਕਾ ਮਾਰ ਕੇ ਸਰਘੀ ਨੂੰ ਕਹਿੰਦਾ, 'ਸੈਣੀ ਜਾਤ ਨੂੰ ਤਾਂ ਮੀਟ ਵੀ ਖਾਣਾ ਨਹੀਂ ਆਉਂਦਾ। ਅਸਲ ਮਾਲ ਤਾਂ ਵਿਚੇ ਛੱਡਿਆ ਪਿਐ।'

'ਰੱਜੇ-ਪੁੱਜੇ' ਸੈਣੀਆਂ ਦੀ ਇਕ ਉਦਾਹਰਣ ਵੀ ਐਥੇ ਦੇਣੀ ਕੁਥਾਂ ਨਹੀਂ ਹੋਵੇਗੀ। ਜ਼ਮੀਨ ਤਾਂ ਬਹੁਤੀ ਮਾਰੂ ਹੀ ਸੀ। ਲੋਕ ਬੱਦਲਾਂ ਵੱਲ ਹੀ ਦੇਖਦੇ ਰਹਿੰਦੇ ਕਿ ਕਦੋਂ ਇੰਦਰ ਸੂੰ ਦਿਆਲ ਹੁੰਦਾ ਹੈ ਤੇ ਕਦੋਂ ਅਨਾਜ ਹੋਣ ਦੀ ਆਸ ਬੱਝਦੀ ਏ। ਦੀਸ਼ੇ ਦੇ ਟੱਬਰ ਦੀ ਢਾਹੇ ਕਾਫ਼ੀ ਜ਼ਮੀਨ ਸੀ। ਉਨ੍ਹਾਂ ਨੇ ਖੇਤਾਂ ਵਿਚ ਖੂਹ ਲੁਆਇਆ। ਸਿੰਜਾਈ ਕਰਨ ਲਈ ਸਲਾਹਪੁਰ ਦੇ ਕਿਸੇ ਵਾਸੀ ਵੱਲੋਂ ਇਹ ਪਹਿਲਾ ਖੂਹ ਸੀ। ਦੀਸ਼ੇ ਦੀ ਬੱਲੇ-ਬੱਲੇ ਹੋ ਗਈ। ਉਸ ਨੇ ਖੱਦਰ ਦੇ ਝੱਗੇ, ਕੱਛੇ ਅਤੇ ਸਿਰ ਉਤਲੇ ਪਰਨੇ ਤੋਂ ਬਿਨਾਂ ਜ਼ਿੰਦਗੀ ਭਰ ਕਦੀ ਕੋਈ ਹੋਰ ਲੀੜਾ ਨਹੀਂ ਸੀ ਪਹਿਨਿਆ। ਉਨ੍ਹਾਂ ਨੇ ਖੂਹ ਵਿਚ ਲੱਕੜ ਦਾ ਗੰਡ ਤਾਰਨਾ ਸ਼ੁਰੂ ਕਰਨ ਸਮੇਂ ਗ੍ਰੰਥ ਸਾਹਿਬ ਦਾ ਸਧਾਰਣ ਪਾਠ ਕਰਵਾਇਆ ਤੇ ਸਾਰੇ ਲੋਕਾਂ ਨੂੰ ਸੱਦਿਆ। ਰੱਜਵਾਂ ਕੜਾਹ-ਪੂਰੀ ਚੱਲਿਆ ਤੇ ਦੀਸ਼ੇ ਨੇ ਡੱਬੀਆਂ ਵਾਲ਼ੇ ਚਾਦਰੇ, ਧੌੜੀ ਦੀ ਨਵੀਂ ਜੁੱਤੀ ਸਮੇਤ ਨਵੇਂ ਕੱਪੜੇ ਵੀ ਪਾਏ। ਖੂਹ ਲੁਆਉਣ ਦਾ ਐਨਾ ਚਾਅ ਚੜ੍ਹਿਆ ਕਿ ਉਸ ਤੋਂ ਸਾਂਭਿਆ ਹੀ ਨਾ ਗਿਆ। ਹਿੱਲ ਗਿਆ ਤੇ ਪਿੰਡ ਵਿਚ ਗੇੜੇ ਕੱਢਣ ਲੱਗ ਪਿਆ। ਲੋਕਾਂ ਨੂੰ ਘੇਰ-ਘੇਰ ਕੇ ਇੱਕੋ ਗੱਲ ਬੋਲੀ ਜਾਵੇ, 'ਖੂਹ ਲੁਆ ਲਿਆ ਹੋਏ.... ਕੀ ਕਹਿੰਦਾ.... ਖੂਹ ਲੁਆ ਲਿਆ... ਹੋਏ... ਕੀ ਕਹਿੰਦਾ।'

ਲੋਕ ਉਸ ਦਾ ਰਾਹ ਛੱਡ ਕੇ ਲੰਘਣ ਲੱਗੇ। ਜਿਸ ਤੋਂ ਐਨੀ ਕੁ ਖੁਸ਼ੀ ਵੀ ਸਾਂਭੀ ਨਾ ਗਈ, ਉਸ ਦੀ ਅਮੀਰੀ ਦਾ ਰੱਬ ਹੀ ਰਾਖਾ।

ਘਨ੍ਹੱਈਆ ਦੁਖੀ ਨੂੰ ਸਕੂਲ ਦਾਖ਼ਲ ਕਰਵਾ ਕੇ ਆਇਆ ਤਾਂ ਭਾਗਵੰਤੀ ਪੁੱਛਣ ਲੱਗੀ, 'ਕਿੰਨੇ ਪੈਸੇ ਲੱਗ ਗਏ ਦਾਖ਼ਲੇ ਤੇ?'

'ਕੋਈ ਨਾ ਲੈ ਲਵਾਂਗਾ ਪੈਸੇ ਵੀ।' ਘਨ੍ਹੱਈਏ ਨੇ ਕੁਝ ਨਾ ਦੱਸਿਆ।

## ਤੇਰਾਂ

ਘਨ੍ਹੱਈਆ ਰਾਮ ਕੋਲ਼ ਉਸੇ ਚੁੱਲ੍ਹੇ ਵੂੱਤੇ ਭਾਗਵੰਤੀ ਤੇ ਉਹਦੇ ਬੱਚਿਆਂ ਨੇ ਕੁਝ ਦਿਨ ਹੀ ਰੋਟੀ ਖਾਧੀ ਸੀ। ਇਕ ਦਿਨ ਉਸ ਨੇ ਆਪਣੇ ਭਰਾ ਨੂੰ ਕਿਹਾ, ' ਦੇਖ ਘਨੱਈਏ, ਮੈਂ ਤੇਰੇ ਤੇ ਭਾਰ ਨਹੀਂ ਬਣਨਾ ਚਾਹੁੰਦੀ। ਜੋ ਵੀ ਮੈਨੂੰ ਕੰਮ ਮਿਲੇਗਾ, ਆਪਣੀ ਰੋਟੀ ਜੋਗਾ ਮੈਂ ਆਪ ਕਰਾਂਗੀ। ਜੇ ਮੈਂ ਬੈਠ ਕੇ ਖਾਣਾ ਹੁੰਦਾ, ਤਾਂ ਰੱਬ ਮੇਰੇ ਸਾਈਂ ਨੂੰ ਹੀ ਜਿਉਂਦਾ ਰੱਖਦਾ। ਮੇਰੀ ਪ੍ਰੀਖਿਆ ਦੀ ਘੜੀ ਹੈ, ਮੈਨੂੰ ਰੋਕੀ ਨਾ।'

ਉਸ ਨੇ ਅੱਡ ਚੁੱਲ੍ਹਾ ਬਾਲ਼ ਲਿਆ ਤੇ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਕਹਿਣ ਨੂੰ ਹੀ ਆਪਣੇ ਭਰਾ ਤੋਂ ਅੱਡ ਸੀ। ਉਹ ਕਿਸੇ ਨਾ ਕਿਸੇ ਦੇ ਘਰ ਕੰਮ ਤੇ ਗਈ ਹੁੰਦੀ ਤਾਂ ਦਿਨੇ ਤਾਂ ਸਾਰੇ ਜਣੇ ਆਪਣੀ ਮਾਮੀ ਕੋਲ਼ ਹੀ ਖਾਂਦੇ-ਪੀਂਦੇ। ਸ਼ਾਮ ਦੀ ਰੋਟੀ ਦਾ ਪਰੋਸਾ ਜ਼ਿੰਮੀਦਾਰਾ ਦੇ ਘਰਾਂ' ਚੋਂ ਉਨ੍ਹਾਂ ਦੇ ਘਰ ਜ਼ਰੂਰ ਆ ਜਾਂਦਾ। ਖਾਣ ਲਈ ਕਿੰਨੇ ਢਿੱਡ ਸਨ, ਪੂਰਾ ਪਿੰਡ ਜਾਣਦਾ ਸੀ। ਅਗਲਾ ਥਾਲ ਭਰ ਕੇ ਦੇ ਦਿੰਦਾ। ਦਰਅਸਲ ਭਾਗਵੰਤੀ

ਦੇਹ ਤੋੜ ਕੇ ਕੰਮ ਕਰਨ ਵਾਲ਼ੀ ਲੋਹੇ ਦੀ ਔਰਤ ਸੀ, ਉਹ ਕਦੀ ਥੱਕਦੀ ਹੀ ਨਹੀਂ ਸੀ ਹੁੰਦੀ। ਦੁਖੀ ਦੀ ਨਾਨੀ ਨੇ ਪਹਿਲਾਂ ਆਪ ਦੂਹਰਾ ਰੰਡੇਪਾ ਹੰਢਾਇਆ ਹੋਇਆ ਸੀ ਤੇ ਹੁਣ ਉਹਦੀ ਧੀ, ਦੁਖੀ ਦੀ ਬੇਬੇ ਆਪਣਾ ਸਭ ਕੁਝ ਖੋ ਕੇ ਜੁਆਕਾਂ ਨੂੰ ਲੈ ਕੇ ਉਸ ਦੇ ਘਰ ਆ ਬੈਠੀ ਸੀ। ਜੋ ਵੀ ਘਰ ਵਿਚ ਰਿੱਝਦਾ-ਪੱਕਦਾ, ਉਹ ਛੋਟੇ ਦਰਵਾਜ਼ੇ ਥਾਣੀਂ ਹਾਕ ਮਾਰ ਕੇ ਕਿਸੇ ਨਾ ਕਿਸੇ ਨੂੰ ਫੜਾ ਦਿੰਦੀ। ਉਂਝ ਘਨੁੱਈਏ ਵੱਲ ਬੈਠ ਕੇ ਖਾਣ ਵਿਚ ਵੀ ਕੋਈ ਉਜ਼ਰ ਨਹੀਂ ਸੀ। ਲਲਤਾ ਵੀ ਕਦੀ ਮੱਥੇ ਵੱਟ ਨਾ ਪਾਉਂਦੀ। ਜੋ ਘਨੁੱਈਏ ਦੀ ਰਾਇ ਹੁੰਦੀ ਉਹ ਅੱਖਾਂ ਮੁੰਦ ਕੇ ਉਸ ਨੂੰ ਮੰਨਦੀ। ਲਲਤਾ ਨੂੰ ਆਪ ਖਾਣ ਦਾ ਚਸਕਾ ਸੀ। ਘਨੁੱਈਆ ਕੁਝ ਨਾ ਕੁਝ ਬਣਾ ਕੇ ਦੇਣ ਲਈ ਕਹਿੰਦਾ ਹੀ ਰਹਿੰਦਾ।

ਤਿੰਨਾਂ ਭਰਾਵਾਂ ਦੀ ਫੀਸ ਅਤੇ ਕਿਤਾਬਾਂ ਕਾਪੀਆਂ ਦਾ ਖਰਚ ਉਨ੍ਹਾਂ ਦਾ ਮਾਮਾ ਹੀ ਦਿਆ ਕਰਦਾ ਸੀ। ਸਾਰਿਆਂ ਨੂੰ ਕੱਪੜੇ ਸਿਉਂ ਕੇ ਵੀ ਉਹੀ ਦਿਆ ਕਰਦਾ ਸੀ। ਦੁਖੀ ਦੇ ਖਦਾ ਕਿ ਜਦੋਂ ਵੀ ਉਸ ਦਾ ਮਾਮਾ ਉਨ੍ਹਾਂ ਤੇ ਕੋਈ ਖਰਚਾ ਕਰਦਾ ਜਾਂ ਕਿਸੇ ਨੂੰ ਪੈਸੇ ਦਿੰਦਾ ਤਾਂ ਅਲਮਾਰੀ ਵਿਚ ਪਈ ਲਾਲ ਜ਼ਿਲਦ ਵਾਲ਼ੀ ਕਾਪੀ ਵਿਚ ਦਰਜ਼ ਕਰ ਲੈਂਦਾ। ਇਕ ਦਿਨ ਦੁਖੀ ਪੁੱਛਣ ਲੱਗਾ, 'ਜਦ ਤੂੰ ਬੇਬੇ ਤੋਂ ਪੈਸੇ ਲੈਂਦਾ ਹੀ ਨਹੀਂ ਫਿਰ ਲਿਖਦਾ ਕਿਉਂ ਏਂ?'

'ਸ਼ੇਰਾ, ਆਪਣੀ ਭੈਣ ਤੋਂ ਵੀ ਕਦੀ ਕੋਈ ਪੈਸੇ ਲੈਂਦਾ ਹੁੰਦਾ ਏ? ਪੈਸੇ ਫੜਨ ਵਾਲ਼ੇ ਹੱਥ ਤੇ ਕੋੜ੍ਹ ਨੀ ਫੁੱਟ ਪਊ? ਲਊਂਗਾ, ਵਕਤ ਆਏ ਤੇ, ਆਪਣੀ ਭੈਣ ਤੋਂ ਨਹੀਂ, ਭਾਣਜਿਆਂ ਤੋਂ ਲਊਂਗਾ। ਬੰਦਾ ਆਪਣੇ ਪੁੱਤਾਂ ਨੂੰ ਪੜ੍ਹਾਉਂਦਾ, ਲਿਖਾਉਂਦਾ ਏ। ਉਹ ਨੌਕਰੀਆਂ ਤੇ ਲਗਦੇ ਨੇ ਤਾਂ ਮਾਂ-ਬਾਪ ਦੇ ਗੂਠੇ ਕਾਲ਼ੇ ਕਰਵਾਉਂਦੇ ਨੇ। ਸੀਨੇ ਠੰਡ ਪੈਂਦੀ ਏ।'

'ਗੂਠੇ ਕਾਲ਼ੇ ਦਾ ਮਤਲਬ?' ਦੁਖੀ ਨੇ ਪੁੱਛਿਆ।

'ਉਹ ਮਨੀਆਰਡਰ ਭੇਜਦੇ ਨੇ ਤਾਂ ਡਾਕੀਆ ਗੂਠਾ ਲਗਵਾਉਂਦਾ ਏ।'

'ਉਹ ਕੋਲ਼ ਜਾ ਕੇ ਲਿਆਉਂਦਾ ਹੁੰਦਾ ਏ?'

'ਆਹੋ।'

'ਮੈਂ ਵੀ ਭੇਜ ਦਿਆਂ ਕਰੂੰ ਮਨੀ ਆਰਡਰ। ਜਦੋਂ ਮੇਰੀ ਨੌਕਰੀ ਲੱਗੂ।'

'ਪੱਕੀ ਗੱਲ?'

'ਹਾਂ, ਨਿਹੰਗਾ ਦੇ ਭਜਨ ਦਾ ਮਨੀਆਰਡਰ ਆਉਂਦਾ ਹੁੰਦਾ ਏ। ਉਵੇਂ ਹੀ ਮੈਂ ਭੇਜੂੰ।'

ਘਨੁੱਈਏ ਨੇ ਉਸ ਨੂੰ ਬਾਹਾਂ' ਚ ਭਰ ਲਿਆ ਤੇ ਅੱਖਾਂ ਭਰ ਲਈਆਂ।

ਦੁਖੀ ਦੇ ਨਾਲ਼ ਪੜ੍ਹਦੇ ਪਿੰਡ ਦੇ ਸਾਰੇ ਮੁੰਡਿਆਂ ਦੇ ਪਿਓ ਸਨ, ਜਿਹੜੇ ਸਾਰੇ ਹੀ ਅਨਪੜ੍ਹ ਸਨ। ਉਨ੍ਹਾਂ ਨੇ ਕਦੀ ਸਕੂਲ ਦਾ ਮੂੰਹ ਨਹੀਂ ਸੀ ਦੇਖਿਆ। ਨਾ ਕਦੀ ਆਪ ਗਏ ਤੇ ਨਾ ਕਦੀ ਆਪਣੇ ਮੁੰਡਿਆਂ ਲਈ ਗਏ। ਘਨੁੱਈਆ ਜਦੋਂ ਵੀ ਚਮਕੌਰ ਜਾਂਦਾ ਤਾਂ ਕਤਲਗੜ੍ਹ ਗੁਰਦੁਆਰੇ ਦੀਆਂ ਦੁਕਾਨਾਂ ਵਿੱਚ ਇਕ ਦਰਜੀ ਦੀ ਦੁਕਾਨ ਤੇ ਸਾਇਕਲ ਖੜ੍ਹਾ ਕੇ ਸਕੂਲ ਅੰਦਰ ਜਾ ਵੜਦਾ। ਕਲਾਸ ਇੰਚਾਰਜਾਂ ਨੂੰ ਮਿਲ ਕੇ ਆਪਣੇ ਭਾਣਜਿਆਂ ਦੇ ਬਾਰੇ ' ਚ ਪੂਰੀ ਰਿਪੋਰਟ ਲੈਂਦਾ। ਪ੍ਰਿੰਸੀਪਲ ਤਾਂ ਉਸਦਾ ਨਾਂ ਵੀ ਜਾਣਦਾ ਸੀ। ਉਸ ਨੇ ਇਕ ਵਾਰੀ ਉਸ ਨੂੰ ਚਾਹ ਵੀ ਪਿਲਾਈ ਸੀ ਤੇ ਚਿੱਟੇ ਰੰਗ ਦੀ ਇਕ ਜਾਕਟ ਦੀ ਸਿਲਾਈ ਵੀ ਕਰਵਾਈ ਸੀ। ਉਸ ਨੇ ਕਿਹਾ ਸੀ, 'ਘਨੁੱਈਆ ਰਾਮ ਜਿਵੇਂ ਤੂੰ ਆਪਣੇ ਭਾਣਜਿਆਂ ਦੀ

ਰਿਪੋਰਟ ਲੈਂਦਾ ਏਂ ਜੇ ਸਾਰੇ ਉਵੇਂ ਲੈਣ ਲੱਗ ਜਾਣ ਤਾਂ ਬੇੜਾ ਹੀ ਤਰ ਜਾਵੇ।'

ਹਰੀਵੰਸ਼ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਉਹ ਦੁਖੀ ਨੂੰ ਪੜ੍ਹਾਉਂਦਾ ਵੀ ਰਹਿੰਦਾ। ਉਸ ਦੇ ਕੰਨ ਵੀ ਖਿੱਚ ਦਿੰਦਾ ਤੇ ਆਪਣੀ ਜਮਾਤ ਵਿੱਚੋਂ ਕੋਈ ਨਾ ਕੋਈ ਪੁਜ਼ੀਸ਼ਨ ਵੀ ਲੈਂਦਾ। ਬੇਅੰਤ ਪੜ੍ਹਾਈ ਵਿਚ ਬਹੁਤ ਘੱਟ ਰੁਚੀ ਲੈਂਦਾ। ਉਹ ਇੱਲਤਾਂ ਕਰਨ ਵਿਚ ਹਮੇ ਸ਼ਾ ਮੋਹਰੀ ਹੁੰਦਾ। ਇਸੇ ਕਰਕੇ ਉਸ ਨੂੰ ਕੁੱਟ ਵੀ ਪੈਂਦੀ ਰਹਿੰਦੀ । ਜੋ ਸ਼ਰਾਰਤ ਕਿਸੇ ਹੋਰ ਨੇ ਕੀਤੀ ਹੁੰਦੀ, ਮਾਸਟਰ ਸ਼ੱਕ ਦੇ ਅਧਾਰ ਤੇ ਉਸੇ ਨੂੰ ਕੁੱਟ ਸੁੱਟਦੇ। ਇਹ ਵੀ ਭਲਾ ਕੀ ਸ਼ਰਾਰਤ ਹੋਈ ਕਿ ਰਾਤ ਵੇਲ਼ੇ ਚਮਕੌਰ ਰਾਮ ਲੀਲਾ ਦੇਖਣ ਗਏ ਤਾਂ ਉਹ ਤੇ ਉਹਦੇ ਦੋ ਤਿੰਨ ਆੜੀ ਗਰੀਬ ਜੁੱਤੀਆਂ ਗੱਠਣ ਵਾਲ਼ੇ ਆਤਮਾ ਰਾਮ ਦੀ ਸੰਦੂਖੜੀ ਚੁੱਕ ਕੇ ਸਰਹੰਦ ਨਹਿਰ ਵਿਚ ਸੁੱਟ ਆਏ। ਪਤਾ ਲੱਗਣ ਤੇ ਘਨ੍ਹੱਈਏ ਨੇ ਬੇਅੰਤ ਨੂੰ ਚੰਗਾ ਫੈਂਟਾ ਚਾੜ੍ਹਿਆ ਤੇ ਮੋਚੀ ਨੂੰ ਆਪ ਸਾਰੀ ਗੱਲ ਦੱਸ ਕੇ ਹਰਜ਼ਾਨਾ ਭਰ ਕੇ ਆਇਆ।

ਕੋਈ ਵੀ ਤਿੱਥ-ਤਿਓਹਾਰ ਹੁੰਦਾ ਤਾਂ ਘਨ੍ਹੱਈਏ ਦਾ ਕਾਣਾ ਪੁਰੋਹਿਤ ਹਰਘੂ ਲਾਲ ਸਲਾਹਪੁਰ ਜ਼ਰੂਰ ਆਉਂਦਾ। ਸਾਰੇ ਉਸ ਦੇ ਪੈਰਾਂ ਨੂੰ ਹੱਥ ਲਾ ਕੇ ਕਹਿੰਦੇ, 'ਮੱਥਾ ਟੇਕਦੇ ਹਾਂ ਪੰਡਤ ਜੀ।'

ਪਰ ਬੇਅੰਤ ਉਸ ਨੂੰ ਮੱਥਾ ਨਾ ਟੇਕਦਾ ਤੇ ਟਿੱਚਰ ਕਰਦਾ, 'ਪੰਡਤ ਜੀ ਐਤਕੀ ਤਾਂ ਫੇਰਾ ਪਾਉਣ ਨੂੰ ਘੁੱਗੀ ਵੀ ਨੀ ਖੰਘਣ ਦਿੱਤੀ। ਗਏ ਤੇ ਆਏ।'

'ਬੱਸ ਮੁੰਡਿਆ, ਟੱਬਰ ਦੀ ਖੈਰ-ਸੁੱਖ ਮੰਗਣ ਆ ਜਾਈਦਾ ਏ।'

'ਖ਼ੈਰ ਸੁੱਖ ਨੂੰ ਕਿਹੜਾ ਟੱਬਰ ਭੱਜਿਆ ਜਾਂਦਾ ਏ।' ਉਹ ਕਹਿੰਦਾ ਤਾਂ ਉਸਦੀ ਨਾਨੀ ਟੋਕਦੀ, 'ਵੇ ਕੋਹੜੀਆ, ਇਉਂ ਨ੍ਹੀ ਬੋਲੀਦਾ। ਬਾਮ੍ਹਣ ਬੰਦੇ ਦੀ ਤਾਂ ਅਸੀਸ ਹੀ ਬੜੀ ਹੁੰਦੀ ਏ।'

ਇਕ ਵਾਰੀ ਉਨ੍ਹਾਂ ਦੇ ਘਰ ਪੁਰੋਹਿਤ ਆਇਆ ਹੋਇਆ ਸੀ। ਭਾਗਵੰਤੀ ਨੇ ਸਵਾ ਰੁਪਿਆ ਤੇ ਗੁੜ ਸ਼ੱਕਰ ਦੇ ਦੋ ਲਿਫਾਫੇ ਉਹਦੇ ਪੈਰਾਂ' ਚ ਰੱਖ ਮੱਥਾ ਟੇਕਿਆ ਤਾਂ ਬੇਅੰਤ ਬੋਲਿਆ, 'ਪੰਡਤ ਜੀ ਵਧੋ ਹੁਣ।'

'ਵਧਣਾ ਤਾਂ ਹੈ ਸੀ ਮੁੰਡਿਆ, ਪਰ ਹੁਣ ਨੀ ਜਾਂਦਾ। ਅੱਜ ਰਾਤ ਥੋਡੇ ਕੋਲ਼ ਹੀ ਰਹੂੰ।' ਪੰਡਤ ਨੇ ਹੱਸ ਕੇ ਕਿਹਾ।

ਘਨ੍ਹੱਈਏ ਨੇ ਵੀ ਪੰਡਤ ਨੂੰ ਰਹਿਣ ਲਈ ਹਰੀ ਝੰਡੀ ਦੇ ਦਿੱਤੀ ਤੇ ਬਾਹਰ ਡੰਗਰਾਂ ਵਾਲ਼ੇ ਕੋਠੇ ਜਾ ਕੇ ਉਹਦਾ ਮੰਜਾ-ਬਿਸਤਰਾ ਵਿਛਾ ਆਇਆ। ਉਸਦੇ ਤਿੰਨੋਂ ਭਾਣਜੇ ਵੀ ਉਸੇ ਕੋਠੇ' ਚ ਪਿਆ ਕਰਦੇ ਸਨ। ਪੜ੍ਹਨ ਮਗਰੋਂ ਬੱਤੀ ਬੁਝਾ ਕੇ ਉਹ ਅਜੇ ਪਏ ਹੀ ਸਨ ਕਿ ਬਰਾਂਡੇ' ਚੋਂ ਪੰਡਤ ਜੀ ਦੀ ਅਵਾਜ਼ ਆਈ, 'ਕੰਡੇ ਮੰਗਣਾ ਚੁਭਦੈ ਕੁਛ।'

'ਉਇ ਕੀ ਚੁਭਣ ਲੱਗ ਪਿਆ ਤੇਰੇ ਹੁਣ?' ਬੇਅੰਤ ਬੋਲਿਆ।

'ਬਿਆਈਆਂ ਫਟੀਆਂ ਹੋਈਆਂ ਨੇ ਪੈਰਾਂ' ਚ ਜਜ਼ਮਾਨ।'

'ਫੇਰ ਜ਼ਰੂਰੀ ਪੰਗਾ ਲੈਣਾ ਹੁੰਦਾ ਏ? ਘਰ ਬੈਠਿਆ ਕਰ ਟਿਕ ਕੇ।'

ਪਰ ਪੰਡਤ ਨੂੰ ਤਾਂ ਚੈਨ ਨਹੀਂ ਸੀ। ਨਾ ਸੌਂ ਰਿਹਾ ਸੀ ਤੇ ਨਾ ਉਨ੍ਹਾਂ ਨੂੰ ਸੌਣ ਦੇ ਰਿਹਾ ਸੀ। ਇੱਕੋ ਰਟ ਬਾਰ ਬਾਰ ਲਾਈ ਜਾ ਰਿਹਾ ਸੀ, 'ਕੰਡੇ ਮੰਗਣਾ ਚੁਭਦੈ ਕੁਛ।'

ਬੇਅੰਤ ਉੱਠਿਆ ਤੇ ਬਾਹਰ ਬਰਾਂਡੇ' ਚ ਜਾ ਕੇ ਬੋਲਿਆ, 'ਓਇ ਪੁਰੋਹਤਾ, ਹੁਣ ਤੂੰ ਜੇ ਚੂੰ ਵੀ ਕੀਤੀ ਤਾਂ ਮੈਂ ਤੇਰਾ ਗਲ਼ਾ ਘੁੱਟ ਦੇਣਾ ਏਂ। ਬੰਦਾ ਬਣ ਕੇ ਚੁੱਪ ਕਰਕੇ ਸੌਂ ਜਾ।'

ਮੁੜ ਪੰਡਤ ਦੀ ਆਵਾਜ਼ ਨਾ ਆਈ। ਅੱਧੀ ਕੁ ਰਾਤ ਹਰੀਵੰਸ਼ ਪਿਸ਼ਾਬ ਕਰਨ ਲਈ ਉੱਠਿਆ। ਪੁਰੋਹਿਤ ਦਾ ਖਾਲੀ ਮੰਜਾ ਦੇਖ ਉਹਨੇ ਬੇਅੰਤ ਤੇ ਦੁਖੀ ਨੂੰ ਵੀ ਉਠਾਲ ਲਿਆ। ਉਹ ਹੈਰਾਨ ਹੋਏ, ਪੁਰੋਹਿਤ ਕਿੱਥੇ ਚਲਾ ਗਿਆ ਸੀ! ਸਾਰੇ ਖੱਲਾਂ-ਖੂੰਜਿਆਂ ਤੇ ਖੁਰਲ਼ੀਆਂ ਵਿਚ ਲੱਭਿਆ। ਕੋਠੇ ਤੇ ਚੜਕੇ ਦੇਖਿਆ। ਫਿਰ ਪਤਾ ਲੱਗਾ ਬਾਹਰ ਵਾਲ਼ੀ ਫਟਕੀ ਤਾਂ ਖੁੱਲ੍ਹੀ ਪਈ ਸੀ। ਸਾਰੇ ਡਰ ਗਏ ਕਿ ਕਿਧਰੇ ਨਹਿਰ' ਚ ਡੁੱਬ ਕੇ ਹੀ ਨਾ ਮਰ ਗਿਆ ਹੋਵੇ। ਤੜਕੇ ਹੀ ਘਨ੍ਹੱਈਆ ਪਹੁੰਚ ਗਿਆ। ਉਸ ਨੇ ਸੁੱਤੇ ਪਏ ਬੇਅੰਤ ਨੂੰ ਵਾਲ਼ਾ ਤੋਂ ਫੜ ਕੇ ਖਿੱਚ ਲਿਆ ਤੇ ਖ਼ੂਬ ਪਿਟਾਈ ਕੀਤੀ। ਪੁਰੋਹਿਤ ਨੇ ਸਾਰੀ ਗੱਲ ਘਰ ਜਾ ਕੇ ਉਸ ਨੂੰ ਦੱਸ ਦਿੱਤੀ ਸੀ। ਘਨ੍ਹੱਈਏ ਦਾ ਗੁੱਸਾ ਹੀ ਅਜਿਹਾ ਸੀ ਕਿ ਕੁੱਟਣ ਲੱਗਿਆਂ ਅੱਗੇ ਪਿੱਛੇ ਨਹੀਂ ਸੀ ਦੇਖਦਾ ਹੁੰਦਾ।

ਘਨ੍ਹੱਈਏ ਵਿਚ ਇਕ ਹੋਰ ਭੈੜ ਵੀ ਸੀ ਕਿ ਉਹ ਮੁੰਡਿਆਂ ਨੂੰ ਮਨਪਸੰਦ ਖੇਡਾਂ ਖੇਡਣ ਤੋਂ ਵੀ ਟੋਕਦਾ ਰਹਿੰਦਾ। ਬੱਸ ਪੜ੍ਹੋ-ਪੜ੍ਹੋ ਦੀ ਰਟ ਹੀ ਲਾਈ ਰੱਖਦਾ। ਪੀਲ-ਪਲੰਘੜਾ ਖੇਡਣ ਲਈ ਮੁੰਡੇ ਪਿੱਪਲੀ ਉੱਤੇ ਚੜ੍ਹ ਕੇ ਲਾਫ਼ਣਾ ਫੜ ਕੇ ਦਸ ਦਸ ਫੁੱਟ ਉੱਤੋਂ ਰੇਤਲੇ ਟਿੱਬੇ ਤੇ ਛਾਲਾਂ ਮਾਰਦੇ। ਸਰਹੰਦ ਨਹਿਰ ਵਿਚ ਨਹਾਉਂਦੇ ਤੈਰ ਕੇ ਪਾਰ ਲੰਘ ਜਾਂਦੇ। ਉਸ ਨੇ ਆਪਣੇ ਭਾਣਜਿਆਂ ਨੂੰ ਇਹ ਸਭ ਕਰਨ ਤੋਂ ਮਨਾ ਕੀਤਾ ਹੋਇਆ ਸੀ। ਸਾਰੇ ਪਿੰਡ ਵਿਚ ਉਸ ਦੇ ਭਾਣਜੇ ਹੀ ਸਨ। ਜਿਨ੍ਹਾਂ ਨੂੰ ਤੈਰਨਾ ਵੀ ਨਹੀਂ ਸੀ ਆਉਂਦਾ। ਘਨ੍ਹੱਈਆ ਆਪ ਤੈਰ ਕੇ ਨਹਿਰ ਦੇ ਪਾਰ ਲੰਘ ਜਾਂਦਾ ਸੀ ਪਰ ਭਾਣਜਿਆਂ ਤੇ ਪਾਣੀ' ਚ ਵੜਨ ਦੀ ਵੀ ਪਾਬੰਦੀ ਲਾ ਰੱਖੀ ਸੀ। ਉਹ ਉਨ੍ਹਾਂ ਨੂੰ ਅਕਲਾਂ ਦੇਣ ਲੱਗਦਾ, 'ਤੁਹਾਡੇ ਮੂਹਰੇ ਇਕ ਸੰਸਾਰ ਰੂਪੀ ਭਵਸਾਗਰ ਹੈ। ਤੁਸੀਂ ਉਸ ਨੂੰ ਪਾਰ ਕਰਨਾ ਹੈ।'

'ਤੈਰਨਾ ਤਾਂ ਆਉਂਦਾ ਨਹੀਂ। ਨਹਿਰ ਤਾਂ ਪਾਰ ਕਰ ਨ੍ਹੀ ਸਕਦੇ, ਭਵਸਾਗਰ ਕਿਵੇਂ ਹੋਜੂ?' ਇਕ ਵਾਰੀ ਬੇਅੰਤ ਨੇ ਕਿਹਾ ਸੀ।

'ਉਇ ਮੂਰਖਾ, ਭਵਸਾਗਰ ਲੱਤਾਂ-ਬਾਹਾਂ ਮਾਰ ਕੇ, ਤੈਰ ਕੇ ਪਾਰ ਨਹੀਂ ਹੁੰਦਾ, ਸਗੋਂ ਤਨਦੇਹੀ ਨਾਲ਼ ਪੜ੍ਹਾਈ ਕਰਕੇ ਹੁੰਦਾ ਏ।' ਉਹ ਬੋਲਿਆ ਸੀ।

ਰਾਤ ਨੂੰ ਪੜ੍ਹਦਿਆਂ ਉੱਤੇ ਵੀ ਉਹ ਛਾਪਾ ਮਾਰਦਾ। ਮੌਕੇ ਤੇ ਹੀ ਸੁੱਤੇ ਪਏ ਨੂੰ ਉਠਾਲ ਕੇ ਸਜ਼ਾ ਦੇ ਦਿੰਦਾ। ਭਾਗਵੰਤੀ ਆਖਦੀ, 'ਕਿਉਂ ਬੱਚਿਆਂ ਦੇ ਪਿੱਛੇ ਪਿਆ ਰਹਿੰਦਾ ਏਂ ਚੌਵੀ ਘੰਟੇ? ਪੜ੍ਹ ਕੇ ਇਨ੍ਹਾਂ ਨੇ ਕਿਹੜੇ ਲਾਟ ਸਾਹਬ ਬਣ ਜਾਣਾ ਏਂ।'

'ਲਾਟ ਸਾਹਬ ਮੂਰਖੇ ਕੋਈ ਉੱਤੋਂ ਨੀ ਡਿਗਦੇ। ਤੂੰ ਮੇਰੇ ਕੰਮ ਵਿਚ ਦਖ਼ਲ ਨਾ ਦਿਆ ਕਰ। ਯਾਦ ਰੱਖੀਂ ਕਿਸੇ ਦਿਨ ਲੋਕ ਇਨ੍ਹਾਂ ਨੂੰ, ਭਾਗਵੰਤੀ ਦੇ ਮੁੰਡੇ ਨਹੀਂ ਸਗੋਂ 'ਘਨੱਈਏ ਦੇ ਭਾਣਜੇ' ਕਿਹਾ ਕਰਨਗੇ। ਦੇਖੋ ਬਈ ਅਹੁ ਜਾਂਦਾ ਏ ਫਿਟਫਿਟੀਏ ਤੇ ਘਨ੍ਹੱਈਏ ਦਾ ਭਾਣਜਾ।' ਬੋਲਦੇ ਘਨ੍ਹੱਈਏ ਦੀ ਛਾਤੀ ਫੁੱਲ ਜਾਂਦੀ।

**00**

## ਚੌਦਾਂ

ਨੰਦ ਲਾਲ ਦੀ ਮੌਤ ਮਗਰੋਂ ਜਦੋਂ ਭਾਗਵੰਤੀ ਰੋਪੜ ਦੇ ਹਸਪਤਾਲ਼ ਵਿਚ ਦਾਖ਼ਲ ਸੀ ਤੇ ਵੱਡੇ ਅਪ੍ਰੇਸ਼ਨ ਨਾਲ਼ ਦੁਖੀ ਦਾ ਜਨਮ ਹੋ ਚੁੱਕਾ ਸੀ। ਘਨ੍ਹੱਈਆ ਹੀ ਨਿੱਤ ਉਸ ਕੋਲ਼ ਰਹਿੰਦਾ ਸੀ। ਰਾਤ ਨੂੰ ਉਹ ਬਰਾਂਡੇ ਵਿਚ ਹੀ ਗੁੱਛਾ-ਮੁੱਛਾ ਹੋ ਕੇ ਸੌਂ ਜਾਂਦਾ। ਇਕ ਰਾਤ ਉਹ ਸੁੱਤਾ ਪਿਆ ਸੀ ਕਿ ਉਸ ਨੂੰ ਸੁਪਨਾ ਆਇਆ ਜਿਸ ਵਿਚ ਭਗਵਾਨ ਨੇ ਉਸ ਨੂੰ ਪ੍ਰਤੱਖ ਦਰਸ਼ਨ ਦਿੱਤੇ। ਸੋਨੇ ਦੇ ਬਸਤਰ ਅਤੇ ਸੀਸ ਉੱਤੇ ਹੀਰਿਆਂ ਜੜਿਆ ਮੁਕਟ ਸਜਾਈ ਭਗਵਾਨ ਇਕ ਸੋਨੇ ਦੇ ਪੱਤਰਿਆਂ ਵਾਲ਼ੀ ਪੋਥੀ ਖੋਲ੍ਹੀ ਸਿੰਘਾਸਣ ਤੇ ਬੈਠੇ ਸਨ। ਉਨ੍ਹਾਂ ਦੀ ਚਿੱਟੀ ਭਰਵੀਂ ਦਾੜ੍ਹੀ ਧਰਤੀ ਨੂੰ ਛੂਹ ਰਹੀ ਸੀ ਤੇ ਚਿਹਰੇ ਦੁਆਲੇ ਰੋਸ਼ਨੀ ਦਾ ਇਕ ਗੋਲ਼ ਚੱਕਰ ਸੀ। ਇਕ ਹੱਥ ਉੱਤੇ ਚੁੱਕ ਕੇ ਉਹ ਹੱਸ ਕੇ ਬੋਲੇ ਸਨ, 'ਘਨ੍ਹੱਈਆ ਰਾਮ ਹੁਣ ਤੈਨੂੰ ਪਤਾ ਲੱਗ ਗਿਆ ਹੋਵੇਗਾ ਕਿ ਤੇਰੇ ਔਲਾਦ ਕਿਉਂ ਨਹੀਂ ਹੋਈ।'

'ਨਹੀਂ ਮਹਾਰਾਜ, ਮੈਂ ਤਾਂ ਚਿਰਾਂ ਤੋਂ ਔਲਾਦ ਲਈ ਭਟਕ ਰਿਹਾ ਹਾਂ। ਕਿਹੜਾ ਦਰ ਹੋਵੇਗਾ ਜਿੱਥੇ ਮੈਂ ਅਲਖ਼ ਨਹੀਂ ਜਗਾਈ। ਕਿਹੜਾ ਉਪਾਅ ਹੋਵੇਗਾ ਜੋ ਮੈਂ ਨਹੀਂ ਕੀਤਾ। ਮਹਾਰਾਜ ਮੈਥੋਂ ਕੀ ਅਵੱਗਿਆ ਹੋ ਗਈ?' ਰੋਂਦਾ ਘਨ੍ਹੱਈਆ ਭਗਵਾਨ ਦੇ ਪੈਰਾਂ' ਚ ਡਿਗ ਪਿਆ।

ਭਗਵਾਨ ਨੇ ਉਸ ਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਉੱਤੇ ਚੁੱਕਿਆ ਤੇ ਬੋਲੇ, 'ਤੈਨੂੰ ਮੈਂ ਇਕ ਨਹੀਂ ਚਾਰ ਪੁੱਤਰ ਦੇਣੇ ਸਨ। ਹੁਣ ਉਹ ਸਮਾਂ ਆ ਗਿਆ ਹੈ। ਤੂੰ ਇਨ੍ਹਾਂ ਨੂੰ ਪਾਲ਼ ਪਲੋਸ, ਪੜ੍ਹਾ-ਲਿਖਾ। ਇਹ ਤੇਰੇ ਬੁਢਾਪੇ ਦੀ ਡੰਘੋਰੀ ਬਣਨਗੇ।'

ਉਸ ਦੇ ਦੇਖਦੇ ਦੇਖਦੇ ਭਗਵਾਨ ਅਲੋਪ ਹੋ ਚੁੱਕੇ ਸਨ। ਉਹ ਅੱਖਾਂ ਮਲ਼ਦਾ ਉੱਠ ਬੈਠਾ ਸੀ। ਬਹੁਤ ਰੋਇਆ ਸੀ, ਫਿਰ ਉੱਚੀ ਉੱਚੀ ਹੱਸਣ ਲੱਗਾ ਸੀ। ਉਸੇ ਦਿਨ ਉਸ ਨੇ ਭਾਗਵੰਤੀ ਦੇ ਸਿਰ ਉੱਤੇ ਹੱਥ ਰੱਖ ਦਿੱਤਾ ਸੀ, 'ਭੈਣ ਮੇਰੀਏ, ਤੇਰਾ ਹੁਣ ਆਸ਼ਾਬਾਦ ਵਿਚ ਕੁਝ ਨਹੀਂ ਰਿਹਾ। ਮਹਾਰਾਜ ਨੇ ਸਾਖ਼ਸ਼ਾਤ ਦਰਸ਼ਨ ਦੇ ਕੇ ਮੈਨੂੰ ਤੇਰੀ ਤੇ ਇਨ੍ਹਾਂ ਬੱਚਿਆਂ ਦੀ ਬਾਂਹ ਫੜਨ ਦਾ ਹੁਕਮ ਦਿੱਤਾ ਹੈ। ਹੁਣ ਸਾਰਿਆਂ ਦੀ ਪਰਵਰਿਸ਼ ਮੇਰੇ ਜ਼ੁੰਮੇਂ ਹੈ। ਮੈਂ ਬਹੁਤ ਖੁਸ਼ ਹਾਂ। ਇਹ ਖੁਸ਼ੀ ਦੇ ਹੰਝੂ ਨੇ। ਤੂੰ ਸਭ ਫਿਕਰ ਛੱਡ ਦੇ। ਰੱਬ ਜਿਹੜੀ ਗੱਲੋਂ ਰਾਜੀ ਸੀ ਉਹ ਮੈਨੂੰ ਪਤਾ ਲੱਗ ਗਿਆ ਹੈ। ਤੂੰ ਹੁਣ ਹਮੇਸ਼ਾ ਲਈ ਸਲਾਹਪੁਰ ਰਹੇਂਗੀ ਤੇ ਮੈਂ ਇਨ੍ਹਾਂ ਬੱਚਿਆਂ ਲਈ ਜਾਨ ਲਾ ਦਿਆਂਗਾ।'

ਮਗਰੋਂ ਪਿੰਡ ਜਾਂ ਰਿਸ਼ਤੇਦਾਰੀ ਵਿਚ ਸ਼ਾਇਦ ਹੀ ਅਜਿਹਾ ਕੋਈ ਬੰਦਾ ਹੋਵੇਗਾ ਜਿਸ ਨੂੰ ਉਸ ਨੇ ਸੁਪਨੇ ਵਾਲ਼ੀ ਇਹ ਗੱਲ ਨਾ ਸੁਣਾਈ ਹੋਵੇ। ਔਲਾਦ ਪ੍ਰਾਪਤੀ ਲਈ ਉਸ ਨੇ ਜੋ ਜਫ਼ਰ ਜਾਲੇ ਸਨ, ਦੁਖੀ ਨੂੰ ਵੀ ਸਭ ਪਤਾ ਸੀ। ਜਦ ਵੀ ਉਹ ਸਾਧਾਂ-ਸੰਤਾਂ, ਜੋਤਸ਼ੀਆਂ, ਬਾਬਿਆਂ, ਸਿਆਣਿਆਂ ਤੇ ਧਾਰਮਿਕ ਅਸਥਾਨਾਂ ਤੇ ਲਲਤਾ ਨੂੰ ਲੈ ਕੇ ਜਾਂਦਾ, ਦੁਖੀ ਵੀ ਉਸ ਦੇ ਸਾਇਕਲ ਮੂਹਰੇ ਬੈਠਾ ਹੁੰਦਾ ਸੀ। ਇਕ ਵਾਰੀ ਕੋਈ ਸਿਆਣਾ ਘਰ ਆਇਆ। ਉਸ ਨੇ ਘਨ੍ਹੱਈਏ ਨੂੰ ਸ਼ਹਿਰ ਭੇਜ ਕੇ ਬਹੁਤ ਸਾਰੀਆਂ ਜੜ੍ਹੀਆਂ-ਬੂਟੀਆਂ ਮੰਗਵਾਈਆਂ। ਉਨ੍ਹਾਂ ਨੂੰ ਮਾਮਜਿਸਤੇ ਵਿਚ ਕੁੱਟ ਕੇ ਗਾੜ੍ਹੇ ਕਾਲ਼ੇ ਰੰਗ ਦਾ ਘੋਲ਼ ਬਣਾ ਲਿਆ ਤੇ ਇਕ ਘੜੇ' ਚ

ਪਾ ਕੇ ਕੋਠੜੀ' ਚ ਟੋਆ ਪੁੱਟ ਕੇ ਦੱਬ ਦਿੱਤਾ। ਪੰਦਰਾਂ ਕੁ ਦਿਨਾਂ ਪਿੱਛੋਂ ਉਹ ਫਿਰ ਆਇਆ ਤੇ ਸ਼ਰਾਬ ਕੱਢਣ ਦੇ ਸਮਾਨ ਨਾਲ਼ ਉਸ ਘੋਲ਼ ਨੂੰ ਕਸੀਦ ਲਿਆ ਤੇ ਦੋ ਬੋਤਲਾਂ ਭਰ ਲਈਆਂ। ਠੰਡਾ ਕਰ ਕੇ ਇਕ ਗਿਲਾਸ ਲਲਤਾ ਨੂੰ ਪੀਣ ਲਈ ਦਿੱਤਾ। ਔਲਾਦ ਦੀ ਭੁੱਖ ਹੀ ਐਨੀ ਸੀ ਕਿ ਉਹ ਜ਼ਹਿਰ ਵਰਗਾ ਤਰਲ ਪਦਾਰਥ ਗਟ ਗਟ ਕਰਕੇ ਪੀ ਗਈ ਤੇ ਉੱਥੇ ਹੀ ਡਿਗਕੇ ਬੇਹੋਸ਼ ਹੋ ਗਈ। ਸਿਆਣਾ ਕੋਈ ਬਹਾਨਾ ਬਣਾ ਕੇ ਦੌੜ ਗਿਆ। ਉਸ ਦਵਾਈ ਦਾ ਲਲਤਾ ਉੱਤੇ ਐਨਾ ਮਾੜਾ ਅਸਰ ਹੋਇਆ ਕਿ ਉਹ ਬੜਾ ਚਿਰ ਚਮਕੌਰ ਦੇ ਹਸਪਤਾਲ਼ ਵਿਚ ਦਾਖਲ ਰਹੀ ਤੇ ਸੁੱਕ ਕੇ ਪਿੰਜਰ ਬਣ ਗਈ। ਉਸ ਦੇ ਅੰਦਰੋਂ ਥੋੜ੍ਹਾ-ਥੋੜ੍ਹਾ ਕਰਕੇ ਖ਼ੂਨ ਰਿਸਦਾ ਰਹਿੰਦਾ ਤੇ ਉਸ ਦੀਆਂ ਅੱਖਾਂ ਦੁਆਲੇ ਕਾਲ਼ੇ ਰੰਗ ਦੀਆਂ ਸ਼ਾਹੀਆਂ ਪੈ ਗਈਆਂ।

ਇਕ ਹੋਰ ਘਟਨਾ ਦੀ ਵੀ ਦੁਖੀ ਦੇ ਮਨ ਤੇ ਬਹੁਤ ਡੂੰਘੀ ਛਾਪ ਪਈ। ਉਸ ਦਾ ਮਾਮਾ ਮਾਮੀ ਬੀਆ-ਬਾਨ ਜੰਗਲ' ਚ ਬਣੇ ਇਕ ਡੇਰੇ ਵਿਚ ਗਏ ਸਨ। ਦੁਖੀ ਵੀ ਉਨ੍ਹਾਂ ਦੇ ਨਾਲ਼ ਸੀ। ਉਸ ਡੇਰੇ ਦੀ ਇਕ ਪਹੁੰਚਿਆ ਹੋਇਆ ਸੰਤ ਮਹਾਤਮਾ ਕਾਰ ਸੇਵਾ ਕਰਵਾ ਰਿਹਾ ਸੀ। ਲੋਕਾਂ ਲਈ ਉਹ ਰੱਬ ਦਾ ਰੂਪ ਹੀ ਸੀ। ਉਸ ਬਾਰੇ ਮਸ਼ਹੂਰ ਸੀ ਕਿ ਉਹ ਕੋਠੇ ਉੱਤੇ ਚੜ੍ਹ ਕੇ, ਅੱਖਾਂ ਬੰਦ ਕਰ ਕੇ ਖੜ੍ਹਾ ਹੋ ਜਾਂਦਾ ਹੈ ਤੇ ਉਸ ਦੀ ਝੋਲ਼ੀ ਰੁਪਿਆਂ ਨਾਲ਼ ਭਰ ਜਾਂਦੀ ਹੈ। ਸਾਰੇ ਰਾਹ ਘਨ੍ਹੱਈਆ ਇੱਕੋ ਗੱਲ ਆਖੀ ਜਾ ਰਿਹਾ ਸੀ ਕਿ ਹੇ ਸੱਚੇ ਪਾਤਸ਼ਾਹ ਸੰਤ ਜੀ ਡੇਰੇ ਵਿਚ ਮਿਲ ਜਾਣ। ਉਹ ਡਿਓਢੀ ਮੂਹਰੇ ਜਾ ਕੇ ਸਾਇਕਲ ਤੋਂ ਉਤਰੇ ਹੀ ਸਨ ਕਿ ਸਿਰ ਉੱਤੇ ਮਿੱਟੀ ਨਾਲ਼ ਭਰਿਆ ਤਸਲਾ ਚੁੱਕੀ ਜਾਂਦੇ ਸੰਤ ਜੀ ਦਿਖਾਈ ਦਿੱਤੇ। ਉਨ੍ਹਾਂ ਨੇ ਖੇਸੀ ਦਾ ਝੁੰਮ ਮਾਰਿਆ ਹੋਇਆ ਸੀ ਤੇ ਬਹੁਤ ਸਧਾਰਨ ਕੱਪੜਿਆਂ ਵਿਚ ਮਿੱਟੀ ਢੋ ਰਹੇ ਸਨ। ਘਨ੍ਹੱਈਆ, ਲਲਤਾ ਅਤੇ ਦੁਖੀ ਨੇ ਸੰਤ ਜੀ ਦੇ ਪੈਰੀਂ ਹੱਥ ਲਾਏ ਤਾਂ ਉਸ ਨੇ ਤਸਲਾ ਹੇਠ ਰੱਖ ਦਿੱਤਾ। ਘਨ੍ਹੱਈਏ ਦੇ ਮੱਥੇ ਉੱਤੇ ਅੰਗੂਠਾ ਰੱਖ ਕੇ ਹੱਸਿਆ ਤੇ ਕੰਧ ਨਾਲ਼ ਪਏ ਤਸਲਿਆਂ ਵੱਲ ਇਸ਼ਾਰਾ ਕਰ ਦਿੱਤਾ। ਘਨ੍ਹੱਈਆ ਅਤੇ ਲਲਤਾ ਵੀ ਮਿੱਟੀ ਢੋਣ ਲੱਗ ਪਏ। ਦੁਖੀ ਅੰਦਰ ਗਿਆ, ਉੱਥੇ ਇਕ ਸਮਾਧ ਬਣੀ ਹੋਈ ਸੀ। ਉਸ ਨੇ ਮੱਥਾ ਟੇਕ ਕੇ ਪੀਪੇ' ਚੋਂ ਪਤਾਸੇ ਕੱਢੇ ਤੇ ਆਪਣਾ ਖੀਸਾ, ਜ੍ਹੇਬ ਭਰ ਲਏ। ਬਾਹਰ ਆ ਕੇ ਉਹ ਛੋਟੀ ਚਾਰ ਦੀਵਾਰੀ ਤੇ ਜਾ ਬੈਠਾ ਤੇ ਪਤਾਸੇ ਖਾਣ ਲੱਗਾ। ਜਦੋਂ ਘਨ੍ਹੱਈਏ ਤੇ ਲਲਤਾ ਥੱਕ ਗਏ ਤਾਂ ਉਹ ਵੀ ਉਸ ਦੇ ਕੋਲ਼ ਆ ਬੈਠੇ। ਹਸਦੇ ਹੋਏ ਸੰਤ ਜੀ ਵੀ ਉਨ੍ਹਾਂ ਕੋਲ਼ ਆ ਗਏ ਤੇ ਬੋਲੇ, 'ਕੀ ਚਾਹੁੰਦੇ ਹੋ?'

'ਤੁਸੀਂ ਆਪ ਜਾਣੀ ਜਾਣ ਹੋ ਬਾਬਾ ਜੀ, ਇਕ ਬੱਚੇ ਦੀ ਦਾਤ ਚਾਹੁੰਦਾ ਹਾਂ।'

'ਆਹ ਹੈ ਤਾਂ ਸਹੀ।' ਸੰਤ ਜੀ ਨੇ ਦੁਖੀ ਵੱਲ ਇਸ਼ਾਰਾ ਕੀਤਾ।

'ਇਹ ਤਾਂ ਮੇਰਾ ਭਾਣਜਾ ਹੈ ਬਾਬਾ ਜੀ। ਸਾਡੇ ਕੋਲ਼ ਹੀ ਰਹਿੰਦਾ ਹੈ। ਮੇਰੇ ਜੀਜੇ ਦੀ ਮੌਤ ਹੋ ਗਈ ਸੀ।'

ਸੰਤ ਜੀ ਮੁਸਕਰਾਏ ਤੇ ਬੋਲੇ, 'ਔਲਾਦ ਤਾਂ ਗੁਰਮੁਖਾ ਸੱਚੇ ਪਾਤਸ਼ਾਹ ਨੇ ਆਪ ਦੇਣੀ ਏਂ। ਮੈਂ ਤਾਂ ਬੱਸ ਉਹਦੀ ਦਰਗਾਹ ਵਿਚ ਅਰਦਾਸ ਹੀ ਕਰ ਸਕਦਾ ਹਾਂ ਤੇ ਦਵਾ-ਬੂਟੀ ਦੇ ਸਕਦਾ ਹਾਂ।'

'ਕੁਝ ਵੀ ਕਰੋ ਮਹਾਰਾਜ- ਬੜੀ ਆਸ ਲੈ ਕੇ ਆਏ ਹਾਂ।'

ਉਸ ਨੇ ਘਨ੍ਹੱਈਏ ਨੂੰ ਕੁਝ ਚੀਜ਼ਾਂ ਲਿਖਵਾਈਆਂ ਤੇ ਸ਼ਹਿਰੋਂ ਲਿਆਉਣ ਲਈ ਆਖਿਆ।

'ਠੀਕ ਏ ਮਹਾਰਾਜ ਮੈਂ ਆਉਂਦੇ ਐਤਵਾਰ ਲੈ ਆਵਾਂਗਾ।' ਘਨ੍ਹੱਈਆ ਬੋਲਿਆ।

'ਐਤਵਾਰ ਨਹੀਂ, ਹੁਣੇ ਜਾਓ। ਉਨੀਂ ਦੇਰ ਬੀਬੀ ਕਮਰੇ' ਚ ਬੈਠ ਕੇ ਮੰਤਰ ਦਾ ਉਚਾਰਣ ਕਰੇਗੀ।'

'ਪਰ ਬਾਬਾ ਜੀ, ਉਹ ਤਾਂ ਬਿਲਕੁਲ ਅਨਪੜ੍ਹ ਏ। ਉਸਨੂੰ ਮੰਤਰਾਂ ਦਾ ਕੀ ਪਤਾ।'

'ਮੈਂ ਬੋਲਾਂਗਾ ਤਾਂ ਉਹ ਵੀ ਉਵੇਂ ਬੋਲਦੀ ਰਹੇਗੀ। ਤੁਸੀਂ ਇਸ ਕਾਕੇ ਨੂੰ ਵੀ ਨਾਲ਼ ਲੈ ਜਾਓ।'

ਲਲਤਾ ਨੂੰ ਉੱਥੇ ਹੀ ਛੱਡ ਘਨ੍ਹੱਈਆ ਤੇ ਦੁਖੀ ਸ਼ਹਿਰ ਚਲੇ ਗਏ। ਛੇ ਮੀਲ ਜਾਣਾ ਤੇ ਛੇ ਮੀਲ ਆਉਣਾ। ਦੋ ਘੰਟੇ ਮਗਰੋਂ ਜਦੋਂ ਉਹ ਵਾਪਸ ਉੱਥੇ ਆਏ ਤਾਂ ਡੇਰੇ ਤੋਂ ਕਾਫੀ ਉਰੇ ਲਲਤਾ ਖੜ੍ਹੀ ਸੀ। ਉਨ੍ਹਾਂ ਨੂੰ ਦੇਖਦੀ ਸਾਰ ਉਹ ਛਿੜ ਪਈ, 'ਮਾਰੋ ਉਸ ਰੁੜ੍ਹ ਜਾਣੇ ਦੇ ਜੁੱਤੀਆਂ, ਬਦਮਾਸ਼ ਦੇ। ਇਹ ਦੇਵੇਗਾ ਔਲਾਦ। ਮੈਂ ਤਾਂ ਹਰਾਮਜ਼ਾਦੇ ਦੀ ਛਾਤੀ ਚੀਰ ਕੇ ਰੱਖ ਦਊਂ।'

'ਕੀ ਹੋਇਆ?' ਘਨ੍ਹੱਈਆ ਘਬਰਾ ਕੇ ਬੋਲਿਆ।

ਲਲਤਾ ਨੇ ਆਪਣੀ ਮੁੱਠੀ ਉਹਦੇ ਮੂਹਰੇ ਖੋਹਲ ਦਿੱਤੀ, ਜਿਸ ਵਿਚ ਵਾਲ਼ਾਂ ਦਾ ਰੁੱਗ ਫੜਿਆ ਹੋਇਆ ਸੀ। ਦੁਖੀ ਹੈਰਾਨ ਸੀ ਕਿ ਉਸ ਦੀ ਮਾਮੀ ਨੇ ਐਨੇ ਵੱਡੇ ਸੰਤ ਦੀ ਦਾਹੜੀ ਕਿਉਂ ਪੁੱਟ ਦਿੱਤੀ ਸੀ। ਘਨ੍ਹੱਈਆ ਕੁਝ ਵੀ ਨਾ ਬੋਲਿਆ। ਦੁਖੀ ਨੂੰ ਮੂਹਰੇ ਬਿਠਾ ਆਪ ਸਾਇਕਲ ਦੀ ਗੱਦੀ ਤੇ ਬੈਠ ਗਿਆ। ਜਦੋਂ ਲਲਤਾ ਸਾਇਕਲ ਪਿੱਛੇ ਚੜ੍ਹ ਗਈ ਤਾਂ ਤੇਜ਼-ਤੇਜ਼ ਪੈਡਲ ਮਾਰਨ ਲੱਗ ਪਿਆ। ਸਾਇਕਲ ਚਲਾਉਂਦਿਆਂ ਹਮੇਸ਼ਾ ਗੁਣਗੁਣਾਉਣ ਵਾਲ਼ਾ ਘਨ੍ਹੱਈਆ ਗੰਦੀਆਂ ਗਾਹਲਾਂ ਬਕ ਰਿਹਾ ਸੀ।

**00**

# ਪੰਦਰਾਂ

ਆਸ਼ਾਬਾਦ ਤੋਂ ਵਿਧਵਾ ਹੋਈ ਭਾਗਵੰਤੀ ਦਾ ਸਮਾਨ ਤਿੰਨ ਗੱਡਿਆਂ ਵਿਚ ਲੱਦ ਕੇ ਲਿਆਂਦਾ ਗਿਆ ਸੀ। ਲੱਕੜ ਦੀ ਵੱਡੀ ਪੇਟੀ, ਦੋ ਸੰਦੂਖ਼, ਚਾਰ ਪੰਜ ਟਰੰਕ, ਪੰਜ-ਛੇ ਮੰਜੇ , ਪੀੜ੍ਹੇ-ਪੀੜ੍ਹੀਆਂ, ਲੋਹੇ ਦੀ ਭਾਰੀ ਸੇਫ, ਟੇਬਲ, ਕੁਰਸੀਆਂ, ਬਾਲਟੀਆਂ, ਕੜਾਹੀਆਂ, ਚੱਕੀ, ਸੇਵੀਆਂ ਵੱਟਣ ਦੀ ਮਸ਼ੀਲ, ਖੇਸੀਆਂ, ਦਰੀਆਂ, ਲੇਫ਼, ਤਲਾਈਆਂ, ਕੱਪੜੇ, ਭਾਂਡੇ -ਟੀਂਡੇ ਲੱਦਣ ਮਗਰੋਂ ਵੀ ਐਨਾ ਸਮਾਨ ਬਚ ਗਿਆ ਸੀ ਕਿ ਇਕ ਗੱਡਾ ਹੋਰ ਭਰ ਜਾਂਦਾ। ਉਹ ਸਮਾਨ ਭਾਗਵੰਤੀ ਨੇ ਆਲ਼ੇ-ਦੁਆਲ਼ੇ ਦੇ ਘਰਾਂ ਵਾਲ਼ਿਆਂ ਨੂੰ ਚੁਕਵਾ ਦਿੱਤਾ। ਉਸ ਨੇ ਦੁਕਾਨ ਵਿਚ ਪਏ ਸਾਰੇ ਸੰਦ, ਅਹਿਰਨਾਂ, ਠੱਪੇ ਬਗੈਰਾ ਬੋਰੀ ਵਿਚ ਪਾ ਕੇ ਪਿੰਡ ਦੇ ਟੋਭੇ ਵਿਚ ਸੁਟਵਾ ਕੇ ਮੱਥਾ ਟੇਕ ਦਿੱਤਾ ਸੀ ਕਿ ਉਹਦਾ ਕੋਈ ਵੀ ਮੁੰਡਾ ਮੁੜ ਸੁਨਿਆਰੇ ਕੰਮ ਵਿਚ ਨਹੀਂ ਪਵੇਗਾ। ਅੰਦਰੋਂ ਦਰ ਬੰਦ ਕਰਕੇ, ਜਿੱਥੇ ਜਿੱਥੇ ਉਸ ਨੂੰ ਸ਼ੱਕ ਸੀ, ਫਰਸ਼

ਪੁੱਟਿਆ ਗਿਆ। ਥਮਲੇ ਲਾਗੇ ਗੱਡੀ ਇਕ ਪੱਥਰ ਦੀ ਉੱਖਲੀ ਪੁੱਟੀ ਤਾਂ ਥੱਲਿਓਂ ਚੀਨੀ ਦਾ ਇਕ ਮਰਤਬਾਨ ਨਿਕਲਿਆ। ਉਸ ਵਿਚ ਅੱਧ ਕੁ ਪਾ ਦੀ ਸੋਨੇ ਦੀ ਇਕ ਡਲ਼ੀ, ਸੋਨੇ ਚਾਂਦੀ ਦੇ ਕੁਝ ਗਹਿਣੇ, ਚਾਂਦੀ ਦੀਆਂ ਬਾਰਾਂ ਤੇ ਪੰਜੇਬਾਂ ਬਗੈਰਾ ਨਿਕਲੀਆਂ। ਭਾਗਵੰਤੀ ਨੇ ਉਸ ਮਰਤਬਾਨ ਨੂੰ ਚੰਗੀ ਤਰ੍ਹਾਂ ਸਾਫ ਕਰ ਕੇ ਇਸ ਮਾਲ ਉੱਤੇ ਅੰਬ ਦੇ ਅਚਾਰ ਦਾ ਕੁੱਜਾ ਪਲਟ ਦਿੱਤਾ। ਸਾਰਾ ਮਾਲ ਹੇਠ ਛੁਪ ਗਿਆ ਤਾਂ ਮਰਤਬਾਨ ਗੱਡੇ ਉੱਤੇ ਰੱਖ ਦਿੱਤਾ। ਘਨ੍ਹੱਈਆ ਥਾਂ-ਥਾਂ ਤੋਂ ਹੋਰ ਡੂੰਘਾ ਪੁੱਟਣ ਲਈ ਕਹਿੰਦਾ ਰਿਹਾ ਪਰ ਮਰਤਬਾਨ ਵਾਲ਼ੇ ਸਮਾਨ ਤੋਂ ਬਿਨਾਂ ਹੋਰ ਕੁਝ ਨਾ ਥਿਆਇਆ। ਹੁਣ ਕੋਲ਼ ਕੀਮਤੀ ਮਾਲ ਸੀ। ਲੁੱਟ-ਖੋਹ ਦਾ ਡਰ ਹੋਣ ਕਰਕੇ ਘਨ੍ਹੱਈਆ ਮੁੜ ਸਲਾਹਪੁਰ ਗਿਆ ਤੇ ਤਾਰਾ ਸਿੰਘ ਸਫ਼ੈਦਪੋਸ਼ ਨੂੰ ਨਾਲ਼ ਚੱਲਣ ਦੀ ਗੁਜ਼ਾਰਿਸ਼ ਕੀਤੀ। ਉਹ ਮੋਢੇ ਨਾਲ਼ ਰਫ਼ਲ ਲਟਕਾ ਕੇ ਸਾਇਕਲ ਉੱਤੇ ਹੀ ਪਹੁੰਚ ਗਿਆ। ਸਭ ਦੀ ਚਿੰਤਾ ਦੂਰ ਹੋ ਗਈ।

ਸਮਾਨ ਤਾਂ ਸਲਾਹਪੁਰ ਪੁਜ ਗਿਆ, ਹੁਣ ਉਸ ਨੂੰ ਰੱਖਿਆ ਕਿੱਥੇ ਜਾਵੇ। ਆਪਣੇ ਘਰ ਵਿਚ ਕੰਧ ਕਰ ਕੇ ਘਨ੍ਹੱਈਏ ਨੇ ਜੋ ਕੋਠਾ ਭਾਗਵੰਤੀ ਨੂੰ ਦਿੱਤਾ ਸੀ, ਉਹ ਤਾਂ ਇਸ ਸਮਾਨ ਲਈ ਬਹੁਤ ਛੋਟਾ ਸੀ। ਘਨ੍ਹੱਈਏ ਕੋਲ਼ ਜਿਹੜਾ ਮਕਾਨ ਸੀ, ਉਹ ਬਹੁਤ ਵਿੰਗਾ-ਟੇਢਾ ਸੀ। । ਕੇਵਲ ਗਲ਼ੀ ਵਾਲ਼ੀ ਕੰਧ ਸਿੱਧੀ ਸੀ। ਕੋਠੇ ਚੜ੍ਹਨ ਲਈ ਬਾਹਰ ਗਲ਼ੀ ਵਿਚ ਹੀ ਲੱਕੜ ਦੀ ਪੌੜੀ ਲੱਗੀ ਹੋਈ ਸੀ। ਕੰਧ ਨੂੰ ਵਾਛੜ ਤੋਂ ਬਚਾਉਣ ਲਈ ਘਨ੍ਹੱਈਏ ਨੇ ਆਪਣੇ ਹੱਥੀਂ ਛਪਰੀਆਂ ਬੰਨ੍ਹੀਆਂ ਹੋਈਆਂ ਸਨ। ਦੋ ਖਣਾਂ ਵਿਚ ਉਸ ਦੀ ਹੱਟੀ ਸੀ, ਜਿਸ ਵਿਚ ਉਹ ਸਿਲਾਈ ਦਾ ਕੰਮ ਕਰਦਾ ਸੀ। ਲੱਕੜ ਦੇ ਇਕ ਵੱਡੇ ਫੱਟੇ ਉੱਤੇ ਉਸ ਦੀ ਸਿਲਾਈ ਮਸ਼ੀਨ ਪਈ ਹੁੰਦੀ ਤੇ ਇਕ ਪਾਸੇ ਇਸਤਰੀ ਕਰਨ ਵਾਲ਼ਾ ਲੋਹਾ (ਆਇਰਨ) ਪਿਆ ਹੁੰਦਾ। ਉਹ ਇਕ ਮੋਟੇ ਗੱਦੇ ਉੱਤੇ ਚੱਪਲ ਮਾਰ ਕੇ ਬੈਠਦਾ ਤੇ ਸਿਲਾਈ ਕਰਦਾ। ਉਸ ਦੇ ਖੱਬੇ ਹੱਥ ਪਿੱਤਲ ਦੀਆਂ ਤਾਰਾਂ ਨਾਲ਼ ਮੜ੍ਹੀ ਨੜੀ ਵਾਲ਼ਾ ਵੱਡਾ ਹੁੱਕਾ ਪਿਆ ਹੁੰਦਾ। ਐਨ ਸਿਰ ਉੱਤੇ ਇਕ ਮੋਟੀ ਲਟੈਣ ਨਾਲ਼ ਕੱਪੜੇ ਦੀ ਝਾਲਰ ਵਾਲ਼ਾ ਫੱਟਾ ਲਟਕਾ ਕੇ ਉਸ ਦੀ ਰੱਸੀ ਬਾਹਰਲੇ ਦਰਵਾਜ਼ੇ ਵਿਚ ਫਿੱਟ ਇਕ ਫਿਰਕੀ ਵਿੱਚੋਂ ਲੰਘਾਈ ਹੁੰਦੀ। ਰੱਸੀ ਖਿੱਚਣ ਨਾਲ਼ ਫੱਟਾ ਖਿੱਚਿਆ ਜਾਂਦਾ ਤੇ ਹਵਾ ਫਰਨ-ਫਰਨ ਕਰ ਕੇ ਅੰਦਰ ਆਉਣ ਲੱਗਦੀ। ਗਰਮੀ ਦੇ ਮੌਸਮ ਵਿਚ ਜਦੋਂ ਘਨ੍ਹੱਈਆ ਸਿਲਾਈ ਕਰਦਾ, ਦੇਹਲੀ ਉੱਤੇ ਬੈਠਾ ਦੁਖੀ ਰੱਸੀ ਖਿੱਚ ਕੇ ਹਵਾ ਝੱਲਦਾ ਰਹਿੰਦਾ। ਹੱਥ ਥੱਕ ਜਾਂਦਾ ਤਾਂ ਰੱਸੀ ਦਾ ਸਿਰਾ ਮੂੰਹ ਵਿਚ ਫੜ ਕੇ ਪੈਰ ਦੇ ਅੰਗੂਠੇ ਨਾਲ਼ ਖਿੱਚਦਾ-ਛੱਡਦਾ ਰਹਿੰਦਾ। ਘਨ੍ਹੱਈਏ ਦੇ ਸੱਜੇ ਹੱਥ ਗਾਹਕਾਂ ਦੇ ਸੀਤੇ, ਅਣਸੀਤੇ ਕੱਪੜੇ ਰੱਖਣ ਲਈ ਵੱਡੀ ਅਲਮਾਰੀ ਸੀ। ਉੱਤੇ ਇਕ ਅਚੋਰ ਜਿਹੀ ਪੜਛੱਤੀ ਬਣੀ ਹੋਈ ਸੀ। ਜਿਸ ਉੱਤੇ ਪੁਰਾਣੇ ਤੋਂ ਪੁਰਾਣਾ ਹਰ ਕਿਸਮ ਦਾ ਸਮਾਨ ਜਮ੍ਹਾਂ ਹੋਈ ਜਾਂਦਾ।

ਇਕ ਵਾਰੀ ਦੁਖੀ ਨੇ ਉਸ ਨੂੰ ਪੁੱਛਿਆ, 'ਇਹ ਪੁਰਾਣਾ ਸਮਾਨ ਤੂੰ ਸੁੱਟ ਕਿਉਂ ਨੀ ਦਿੰਦਾ? ਇਹ ਕਿਹੜਾ ਕਿਸੇ ਕੰਮ ਆਉਂਦਾ ਏ।'

'ਬੱਲੇ ਓਇ ਤੇਰੇ ਦੁਖੀ ਰਾਮਾ, ਤੈਨੂੰ ਪਤਾ ਏ ਓਲਡ ਕੀਹਨੂੰ ਕਹਿੰਦੇ ਨੇ?'

'ਆਹੋ ਓਲਡ ਮੈਨੇ ਪੁਰਾਣਾ।'

'ਇਕੱਲਾ ਪੁਰਾਣਾ ਹੀ ਨਹੀਂ। ਓਲਡ ਮੈਨੇ ਬੁੱਢਾ ਵੀ ਹੁੰਦਾ ਏ। ਜਿਵੇਂ ਪੁਰਾਣਾ ਸਮਾਨ ਕਿਸੇ ਕੰਮ ਨੀ ਆਉਂਦਾ, ਬੁੱਢੇ ਕਿਹੜਾ ਕਿਸੇ ਕੰਮ ਆਉਂਦੇ ਨੇ, ਪਰ ਦੋਨਾਂ ਨੂੰ ਸਾਂਭਣਾ ਬੰਦੇ ਦਾ ਫਰਜ਼ ਹੁੰਦਾ ਏ।'

'ਪਰ ਬੇਬੇ ਤਾਂ ਸਾਰਾ ਪੁਰਾਣਾ ਸਮਾਨ ਸੁੱਟ ਆਈ।' ਦੁਖੀ ਬੋਲਿਆ।

'ਉਹ ਤਾਂ ਕਮਲ਼ੀ ਆ ਦੁਖੀ ਰਾਮਾ... ਤੇਰੀ ਬੇਬੇ ਨੇ ਵੀ ਬੁੱਢੀ ਹੋ ਜਾਣਾ ਏਂ ਤੇ ਅਸੀਂ ਵੀ। ਸਾਂਭੇਂਗਾ ਸਾਨੂੰ?'

'ਉਹ ਤਾਂ ਸਾਂਭੂੰਗਾ ਹੀ, ਤੁਸੀਂ ਬੁੱਢੇ ਤਾਂ ਹੋਵੋ।'

'ਮੇਰਾ ਲਾਲ ਜਵਾਨ ਤਾਂ ਹੋਵੇ, ਅਸੀਂ ਬੁੱਢੇ ਵੀ ਹੋ ਜਾਵਾਂਗੇ।' ਘਨ੍ਹੱਈਏ ਨੇ ਦੁਖੀ ਦੀਆਂ ਕੱਛਾ' ਚ ਹੱਥ ਪਾ ਕੇ ਉੱਤੇ ਚੁੱਕ ਲਿਆ ਸੀ।

ਉਸ ਦੀ ਹੱਟੀ ਦੀ ਦੀਵਾਰ ਉੱਤੇ ਫੋਟੋਆਂ ਅਤੇ ਕੈਲੰਡਰਾਂ ਦੀ ਭਰਮਾਰ ਰਹਿੰਦੀ। ਪੰਡਤ ਨਹਿਰੂ ਨਾਲ਼ ਵੱਡੇ ਮਾਮੇ ਦੁਰਗਾ ਦਾਸ ਦੀ ਫ਼ੋਟੋ, ਬਾਬਾ ਵਡਭਾਗ ਸਿੰਘ ਦੇ ਮੇਲੇ ਸਮੇਂ ਖਿਚਵਾਈ ਘਨ੍ਹੱਈਏ ਦੇ ਧਰਮ ਭਰਾ ਪਪਰਾਲੇ ਦੇ ਆਸਾ ਸਿੰਘ, ਉਹਦੀ ਘਰਵਾਲ਼ੀ ਸੰਤ ਕੌਰ, ਲਲਤਾ, ਘਨਂਈਏ ਦੀ ਫ਼ੋਟੋ, ਦੁਖੀ ਦੀ ਮਾਸੀ ਦੀ ਧੀ ਸ਼ਕੁੰਤਲਾ ਦੇ ਪ੍ਰਾਹੁਣੇ ਪਰੇ ਮ ਸਿੰਘ, ਛੋਟੇ ਭਰਾ ਹਰਵੰਤ, ਘਨ੍ਹੱਈਏ ਤੇ ਉਸ ਦੇ ਸਾਲ਼ੇ ਮਾਧੋ ਰਾਮ ਦੀ ਚਮਕੌਰ ਦੀ ਸਭਾ ਵੇਲ਼ੇ ਖਿਚਵਾਈ ਫ਼ੋਟੋ, ਮੁੱਖ ਫ਼ੋਟੋਆਂ ਸਨ। ਕੈਲੰਡਰਾਂ ਵਿਚ ਦੇਵੀ ਦੇਵਤਿਆਂ ਅਤੇ ਦਸਾਂ ਗੁਰੂਆਂ ਦੀਆਂ ਫ਼ੋਟੋਆਂ, ਕਾਲੀ ਮਾਈ ਦੀ ਮਨੁੱਖੀ ਖੋਪੜੀਆਂ ਦੇ ਹਾਰ ਵਾਲ਼ੀ ਫ਼ੋਟੋ ਦੇ ਨਾਲ਼ ਸਾਲ ਭਰ ਦੇ ਮਹੀਨਿਆਂ ਦੀਆਂ ਤਰੀਕਾਂ ਅਤੇ ਖਾਸ ਦਿਨ ਦਰਜ ਹੁੰਦੇ। ਇਕ ਆਲ਼ੇ ਵਿਚ ਪਤਲੇ ਕੱਪੜੇ ਦੇ ਪਿੱਛੇ ਜੋਤ ਰੱਖੀ ਹੁੰਦੀ, ਜਿਸ ਨੂੰ ਸੁਬ੍ਹਾ-ਸ਼ਾਮ ਘਨ੍ਹੱਈਆ ਜਗਾਉਂਦਾ ਤੇ ਸਾਰੀਆਂ ਫ਼ੋਟੋਆਂ ਮੂਹਰੇ ਘੁਮਾ ਕੇ ਕਹਿੰਦਾ, 'ਬੋਲ ਸਾਚੇ ਦਰਬਾਰ ਕੀ ਜੈ।'

ਹੱਟੀ ਵਿੱਚੋਂ ਇਕ ਵੱਡਾ ਦਰਵਾਜ਼ਾ ਗਲ਼ੀ ਵੱਲ ਨੂੰ ਤੇ ਛੋਟਾ ਅੰਦਰ ਘਰ ਵੱਲ ਨੂੰ ਖੁੱਲ੍ਹਦਾ ਸੀ। ਇਸੇ ਵਿੱਚੋਂ ਕੰਧ ਖਿੱਚ ਕੇ ਘਨੱਈਏ ਨੇ ਚਾਰ ਖਣ ਆਪਣੀ ਭੈਣ ਨੂੰ ਦੇ ਦਿੱਤੇ ਸਨ ਤੇ ਦੋਨਾਂ ਘਰਾਂ ਵਿਚਕਾਰ ਇਕ ਨਿੱਕਾ ਦਰਵਾਜ਼ਾ ਲਾ ਦਿੱਤਾ ਸੀ। ਇਸ ਛੋਟੇ ਦਰ ਵਿੱਚੀਂ ਲੰਘਣ ਲੱਗਿਆਂ ਦੁਖੀ ਦੀ ਨਾਨੀ ਦਾ ਸਿਰ ਸਰਦਲ ਨਾਲ਼ ਬਾਰ-ਬਾਰ ਟਕਰਾਉਂਦਾ ਰਹਿੰਦਾ ਸੀ ਤੇ ਉਸਦੇ ਸਿਰ ਵਿਚ ਪੱਕਾ ਹੀ ਡੰਘੂਨ ਪੈ ਗਿਆ ਸੀ। ਘਨ੍ਹੱਈਏ ਵਾਲ਼ੇ ਪਾਸੇ ਕਮਰੇ ਅੰਦਰ ਹੀ ਇਕ ਖੁਰਾ, ਇਹਦੇ ਪਿੱਛੇ ਚੁੱਲ੍ਹਾ ਅਤੇ ਹਾਰਾ ਬਣੇ ਹੋਏ ਸਨ। ਕਮਰੇ ਦੇ ਪਿੱਛੇ ਪੂਛ ਵਰਗੀ ਲੰਬੀ ਕੋਠੜੀ ਸੀ ਜਿਸ ਵਿਚ ਸੰਦੂਖ਼, ਪੇਟੀਆਂ, ਮਿੱਟੀ ਦੀ ਕੋਠੀ, ਘੜੇ, ਘੜੋਲੀਆਂ, ਮੱਟੀਆਂ, ਚਾਟੀਆਂ ਤੇ ਹੋਰ ਪਤਾ ਨਹੀਂ ਕੀ ਕੀ ਭਰਿਆ ਰਹਿੰਦਾ। ਇਸ ਨੇਰ੍ਹੀ ਕੋਠੜੀ ਦੇ ਮੋਘੇ ਵਿੱਚੋਂ ਰੋਸ਼ਨੀ ਦਾ ਇਕ ਮੋਟਾ ਬੀਮ ਧਰਤੀ ਉੱਤੇ ਇਉਂ ਪੈਂਦਾ ਜਿਵੇ ਂ ਕੋਈ ਸ਼ਤੀਰ ਰੱਖਿਆ ਹੋਵੇ। ਇਹ ਬੀਮ ਸੂਰਜ ਦੇ ਨਾਲ਼ ਹੀ ਆਪਣੀ ਦਿਸ਼ਾ ਬਦਲਦਾ ਰਹਿੰਦਾ ਤੇ ਮਿੱਟੀ ਦੇ ਮਹੀਨ ਕਣ ਭੱਬੂ ਤਾਰਿਆਂ ਵਾਂਗ ਇਸ ਵਿਚ ਘੁੰਮਦੇ ਰਹਿੰਦੇ।

ਜੋ ਕੋਠਾ ਭਾਗਵੰਤੀ ਨੂੰ ਮਿਲਿਆ ਸੀ, ਉਸ ਵਿਚ ਗਲ਼ੀ ਵੱਲ ਖੁੱਲ੍ਹਦੀਆਂ ਦੋ ਖਿੜਕੀਆਂ ਅਤੇ ਪੁੱਠੀਆਂ ਗੱਡੀਆਂ ਬੋਤਲਾਂ ਤੇ ਘੁੰਮਣ ਵਾਲ਼ਾ ਇਕ ਵੱਡਾ ਦਰਵਾਜ਼ਾ ਸੀ। ਬਿਲਕੁਲ ਗੱਭੇ ਇਕ ਥਮਲਾ ਸੀ। ਇਕ ਖਿੜਕੀ ਮੂਹਰੇ ਚੁੱਲ੍ਹਾ ਸੀ ਤੇ ਨਾਲ਼ ਹੀ ਇਓਟਾ।

ਇਓਟੇ ਅਤੇ ਕੰਧ ਨਾਲ਼ ਜੁੜਿਆ ਇਕ ਹਾਰਾ ਸੀ। ਥਮਲੇ ਅਤੇ ਇਓਟੇ ਉੱਤੇ ਮਿੱਟੀ ਦੀਆਂ ਬਣੀਆਂ ਚਿੜੀਆਂ, ਘੁੱਗੀਆਂ ਅਤੇ ਮੋਰ ਜਿਵੇਂ ਉਡਣ-ਉਡਣ ਕਰਦੇ। ਦੂਜੀ ਖਿੜਕੀ ਮੂਹਰੇ ਚੱਕੀ ਪਈ ਹੁੰਦੀ, ਜਿਸਨੂੰ ਭਾਗਵੰਤੀ ਤੀਜੇ ਚੌਥੇ ਦਿਨ ਝੋਦੀ ਤੇ ਖਾਣ ਜੋਗੀ ਕਣਕ ਪੀਹ ਲੈਂਦੀ। ਦਰਵਾਜ਼ੇ ਦੇ ਮੂਹਰੇ ਦੇਹਲ਼ੀ ਟੱਪਦਿਆਂ ਹੀ ਇਕ ਖੁਰਾ ਸੀ। ਜਿੱਥੇ ਨਹਾਉਣ ਲੱਗੀ ਭਾਗਵੰਤੀ ਮੁੰਡਿਆਂ ਨੂੰ ਬਾਹਰ ਕੱਢ ਦਿੰਦੀ। ਚੱਕੀ ਵਾਲ਼ੇ ਖੂੰਜੇ ਵਿਚ ਤਿੰਨ ਘੜੇ ਰੱਖਣ ਲਈ ਘੜਵੰਜੀ ਸੀ, ਘੜੇ ਉਹ ਤੜਕੇ-ਤੜਕੇ ਪਿੰਡ ਦੇ ਖੂਹ ਤੋਂ ਭਰ ਲਿਆਉਂਦੀ। ਘਰ ਵਿਚ ਪੇਟੀ, ਸੰਦੂਖ਼ ਅਤੇ ਟਰੰਕ ਰੱਖਣ ਮਗਰੋਂ ਕੁਝ ਜਰੂਰੀ ਸਮਾਨ ਖੱਲਾਂ ਖੂੰਜਿਆਂ ਵਿਚ ਟਿਕਾਇਆ ਹੋਇਆ ਸੀ। ਦਾਣੇ ਪਾਉਣ ਲਈ ਮਿੱਟੀ ਦੀ ਇਕ ਕੋਠੀ ਵੀ ਇਕ ਖੂੰਜੇ ਵਿਚ ਫਿੱਟ ਕੀਤੀ ਹੋਈ ਸੀ। ਕੋਠੀ ਵਿਚਾਲਿਓਂ ਦੋ ਭਾਗਾਂ ਵਿਚ ਵੰਡੀ ਹੋਈ ਸੀ। ਭਾਗਵੰਤੀ ਇਕ ਪਾਸੇ ਕਣਕ, ਦੂਜੇ ਪਾਸੇ ਧਾਨ ਪਾਉਂਦੀ।

ਸਾਰਾ ਸਮਾਨ ਸੈੱਟ ਕਰਨ ਮਗਰੋਂ ਇਕ ਮੰਜਾ ਤੇ ਇਕ ਮੰਜੀ ਡਾਹੁਣ ਜੋਗੀ ਥਾਂ ਮਸੀਂ ਬਚਦੀ ਸੀ। ਭਾਗਵੰਤੀ ਮੰਜਾ ਮੰਜੀ ਦਿਨ ਵੇਲ਼ੇ ਚੱਕੀ ਦੇ ਮਗਰ ਖੜ੍ਹਾ ਦਿੰਦੀ। ਉਨ੍ਹਾਂ ਦਾ ਬਹੁਤਾ ਸਮਾਨ ਤਾਂ ਘਨ੍ਹੱਈਏ ਵੱਲ ਜਾਂ ਉਨ੍ਹਾਂ ਦੇ ਗੁਆਂਢੀ ਫੱਲ੍ਹੇ ਵੱਲ ਹੀ ਪਿਆ ਸੀ। ਸਾਰੇ ਜਣੇ ਤਾਂ ਉਸ ਘਰ ਵਿਚ ਪੈ ਨਹੀਂ ਸਨ ਸਕਦੇ, ਸੋ ਰਾਤ ਪਈ ਤੋਂ ਖਾ ਪੀ ਕੇ ਮੁੰਡੇ ਡੰਗਰਾਂ ਵਾਲ਼ੇ ਕੋਠੇ ਚਲੇ ਜਾਂਦੇ। ਇਹ ਕੋਠਾ ਪਿੰਡ ਦੇ ਬਾਹਰਵਾਰ ਸੀ। ਜਿਸ ਦੇ ਮੂਹਰੇ ਬਰਾਂਡਾ ਸੀ। ਖੰਜੂਰ ਦੀਆਂ ਲਟੈਣਾਂ ਪਾ ਕੇ ਛੇ ਖਣ ਛੱਤੇ ਹੋਏ ਸਨ। ਡੰਗਰਾਂ ਲਈ ਇਕ ਛਤੜਾ ਅਲੱਗ ਸੀ। ਉਸ ਉੱਤੇ ਵੀ ਖੰਜੂਰ ਦੀ ਲਟੈਣ ਪਾ ਕੇ ਕੜੀਆਂ ਫੂਸ ਪਾਏ ਹੋਏ ਸਨ। ਖੰਜੂਰ ਦੀ ਲਟੈਣ ਬਾਰੇ ਘਨ੍ਹੱਈਆ ਕਿਹਾ ਕਰਦਾ ਸੀ, ਸੁੱਕੀ ਲੋਹਾ, ਗਿੱਲੀ ਗੋਹਾ। ਇਸੇ ਕਰਕੇ ਭਾਗਵੰਤੀ ਤੇ ਉਹਦੀ ਮਾਂ ਇਸ ਕੋਠੇ ਨੂੰ ਤੂੜੀ-ਮਿੱਟੀ ਨਾਲ਼ ਲਿੱਪਦੀਆਂ ਹੀ ਰਹਿੰਦੀਆਂ। ਇਹ ਕੋਠਾ ਕਦੀ ਚੋਂਦਾ ਵੀ ਨਾ। ਛਤੜੇ ਦੇ ਨਾਲ਼ ਹੀ ਲੱਕੜ ਦੀ ਪੌੜੀ ਹੁੰਦੀ ਸੀ ਤੇ ਫੱਟੀਆਂ ਜੋੜ ਕੇ ਬਣਾਇਆ ਮੇਨ ਗੇਟ ਜਦੋਂ ਆਪਣੇ ਪਹੀਏ ਉੱਤੇ ਘੁੰਮਦਾ ਤਾਂ ਇੰਝ ਲਗਦਾ ਜਿਵੇ ਂ ਸਾਨਗੀ (ਸਾਰੰਗੀ) ਵੰਜ ਰਹੀ ਹੋਵੇ। ਰਾਤ ਵੇਲ਼ੇ ਉਹ ਤਿੰਨੋਂ ਭਰਾ ਲਾਲਟਣ ਬਾਲ਼ ਇਕ ਕਰਾਸ ਟੰਗਾਂ ਵਾਲ਼ੇ ਟੇਬਲ ਉੱਤੇ ਰੱਖ ਦਿੰਦੇ ਤੇ ਮੰਜਿਆਂ ਤੇ ਬਹਿ ਕੇ ਉਦੋਂ ਤੱਕ ਪੜ੍ਹਦੇ ਰਹਿੰਦੇ ਜਦੋਂ ਤੱਕ ਉਨ੍ਹਾਂ ਦਾ ਮਾਮਾ ਉਨ੍ਹਾਂ ਲਈ ਦੁੱਧ ਲੈਕੇ ਨਾ ਆ ਜਾਂਦਾ। ਉਹ ਅਕਸਰ ਲੇਟ ਹੀ ਆਉਂਦਾ ਤਾਂ ਕਿ ਮੁੰਡੇ ਦੇਰ ਤੱਕ ਪੜ੍ਹਦੇ ਰਹਿਣ। ਜੇ ਕੋਈ ਸੁੱਤਾ ਫੜਿਆ ਜਾਂਦਾ ਤਾਂ ਉਹ ਮੌਕੇ ਤੇ ਹੀ ਥਪੜਾ ਦਿੰਦਾ।

ਲਲਤਾ ਅਤੇ ਚਿੰਦੀ ਨਾਨੀ ਨਾਲ਼ ਦੁਖੀ ਦੀ ਚੰਗੀ ਬਣਦੀ ਸੀ। ਉਹ ਤਿੰਨੋਂ ਚਾਹੁੰਦੇ ਸਨ ਕਿ ਉਹ ਉਸਨੂੰ ਕਾਗਜ਼ਾਂ ਵਿਚ ਆਪਣਾ ਮੁਤਬੰਨਾ ਬਣਾ ਲੈਣ। ਉਹ ਜਦੋਂ ਵੀ ਗੱਲ ਤੋਰਦੇ ਤਾਂ ਭਾਗਵੰਤੀ ਝੱਟ ਬੋਲਦੀ, 'ਤੁਹਾਡੇ ਹੀ ਨੇ ਸਾਰੇ। ਇਹ ਕੀ ਗੱਲਾਂ ਕਰਦੇ ਹੁੰਦੇ ਹੋ ਭਲਾ?'

ਹਾਈ ਸਕੂਲ ਵਿਚ ਜਾਣ ਮਗਰੋਂ ਘਨ੍ਹੱਈਆ ਦੁਖੀ ਨੂੰ ਘੱਟ-ਵੱਧ ਹੀ ਕੁੱਟਦਾ ਹੁੰਦਾ ਸੀ। ਜੇ ਗੁੱਸਾ ਆਉਂਦਾ ਤਾਂ ਗੋਲ਼ ਗੋਲ਼ ਅੱਖਾਂ ਕਰਕੇ ਘੂਰ ਦਿੰਦਾ, ਜਿਸ ਨਾਲ਼ ਉਹ ਡਰ ਜਾਂਦਾ। ਪੜ੍ਹਾਈ ਵਿਚ ਤਾਂ ਉਹ ਪਹਿਲਾਂ ਹੀ ਹੁਸ਼ਿਆਰ ਸੀ। ਪਰ ਕੋਈ ਨਾ ਕੋਈ ਇੱਲਤ

ਉਸ ਤੋਂ ਹੋ ਜਾਂਦੀ ਸੀ। ਇਕ ਦਿਨ ਉਹ ਸਕੂਲ ਤੋਂ ਆਉਂਦਾ ਸੜਕ ਤੋਂ ਲੁੱਕ ਦਾ ਇਕ ਗੋਲ਼ਾ ਚੁੱਕ ਲਿਆਇਆ। ਪੁਲ਼ ਤੋਂ ਕਤਲਗੜ੍ਹ ਗੁਰਦੁਆਰੇ ਤੱਕ ਪੱਕੀ ਸੜਕ ਬਣ ਰਹੀ ਸੀ, ਜਿਸ ਉੱਤੇ ਥਾਂ ਥਾਂ ਤੇ ਲੁੱਕ ਦੇ ਢੋਲ ਪਏ ਸਨ। ਮੁੰਡੇ ਉਨ੍ਹਾਂ ਢੋਲਾਂ ਨੂੰ ਧੱਕਾ ਮਾਰ ਕੇ ਸੁੱਟ ਦਿੰਦੇ ਤੇ ਲੁੱਕ ਗਰਮੀ ਨਾਲ਼ ਪੰਘਰ ਆਲ਼ੇ-ਦੁਆਲ਼ੇ ਫੈਲ ਜਾਂਦੀ। ਉਹ ਲੁੱਕ ਦੇ ਸੱਪ ਬਣਾ ਕੇ ਸੜਕ ਉੱਤੇ ਵਿਛਾ ਦਿੰਦੇ। ਲੁੱਕ ਨਾਲ਼ ਹੋਰ ਵੀ ਬੜਾ ਕੁਝ ਬਣਾਉਂਦੇ ਰਹਿੰਦੇ। ਦੁਖੀ ਗਲ਼ੀ ਵਿਚ ਖੇਡਦੇ ਮਣਸੂਹੋ ਦੇ ਮੁੰਡੇ ਮੋਹਣੇ ਨੂੰ ਲੁੱਕ ਦਾ ਪਿੰਨਾ ਫੜਾ ਕੇ ਆਪਣੇ ਘਰ ਚਲਾ ਗਿਆ। ਥੋੜੀ ਦੇਰ ਬਾਅਦ ਮਣਸੂਹੋ ਉਲਾਂਭਾ ਲੈ ਕੇ ਘਨੲਈਏ ਕੋਲ਼ ਪਹੁੰਚ ਗਈ। ਮੋਹਣੇ ਨੇ ਲੁੱਕ ਦਾ ਪਿੰਨਾ ਆਪਣੇ ਸਿਰ ਵਿਚ ਮੱਥ ਲਿਆ ਸੀ ਤੇ ਹੁਣ ਉਹ ਰੋ ਰਿਹਾ ਸੀ। ਘਨ੍ਹੱਈਏ ਨੇ ਦੁਖੀ ਨੂੰ ਮਾਰਨ ਲਈ ਹੱਥ ਉੱਤੇ ਚੁੱਕਿਆ ਹੀ ਸੀ ਕਿ ਭਾਗਵੰਤੀ ਵੀ ਆ ਗਈ। ਉਹ ਬੋਲੀ, 'ਮੈਂ ਤਾਂ ਹੀ ਨੀ ਤੇਰੇ ਨਾਂਉਂ ਕਰਵਾਉਂਦੀ ਮੁੰਡਾ। ਤੂੰ ਤਾਂ ਕੁੱਟ ਕੁੱਟ ਕੇ ਹੀ ਉਸ ਨੂੰ ਮਾਰ ਦੇਵੇਂਗਾ।'

ਘਨ੍ਹੱਈਏ ਦਾ ਹੱਥ ਰੁਕ ਗਿਆ। ਉਹ ਮਣਸੂਹੋ ਅੱਗੇ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ ਤੇ ਬੋਲਿਆ, 'ਭਾਬੀ, ਮੁੜ ਜਾ ਪਿੱਛੇ। ਜੇ ਮੇਰਾ ਮੁੰਡਾ ਹੁੰਦਾ ਤਾਂ ਮੈਂ ਇਸ ਦੀਆਂ ਹੱਡੀਆਂ ਤੋੜ ਦਿੰਦਾ।'

ਘਨ੍ਹੱਈਆ ਰੋਣ ਲੱਗ ਪਿਆ ਤੇ ਭਾਗਵੰਤੀ ਦੁਖੀ ਦੀ ਬਾਂਹ ਫੜਕੇ ਅੰਦਰ ਘੜੀਸ ਲੈ ਗਈ।

**00**

## ਸੋਲਾਂ

ਉਨ੍ਹਾਂ ਕੋਲ਼ ਤਿੰਨ ਗਾਵਾਂ ਤੇ ਦੋ ਵੱਛੀਆਂ ਸਨ। ਦੁਖੀ ਦੀ ਨਾਨੀ ਨੇ ਸਾਰੀਆਂ ਦੇ ਵੱਖੋ-ਵੱਖਰੇ ਨਾਂ ਧਰੇ ਹੋਏ ਸਨ। ਸੋਮਾਂ, ਮੰਗੋ, ਬੁੱਧਾਂ, ਵੀਰੋ, ਜੁੰਮੋਂ.... । ਉਹ ਕਿਸੇ ਦਾ ਨਾਂ ਲੈ ਕੇ ਬੁਲਾਉਂਦੀ ਤਾਂ ਉਹੀ ਬੂਥੀ ਚੁੱਕ ਉਸ ਵੱਲ ਝਾਕਣ ਲੱਗਦੀ। ਬੁੱਧਾਂ ਗਾਂ ਤੇ ਜੁੰਮੋਂ ਵੱਛੀ ਉਨ੍ਹਾਂ ਨੇ ਭਾਗਵੰਤੀ ਨੂੰ ਦੇ ਰੱਖੀਆਂ ਸਨ। ਇਹ ਵੰਡ ਨਾਂ ਨੂੰ ਹੀ ਸੀ, ਦੁੱਧ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਦਾ ਕੰਮ ਸਾਂਝਾ ਹੀ ਸੀ। ਦੁੱਧ ਇੱਕੋ ਜਗ੍ਹਾ ਘਨ੍ਹੱਈਏ ਵੱਲ ਦਧੌੜੀ' ਚ ਪਿਆ ਰਹਿੰਦਾ। ਭਾਗਵੰਤੀ ਲੋੜ ਮੁਤਾਬਕ ਗੜਵੀ ਜਾਂ ਗੰਗਾਸਾਗਰ ਭਰ ਲਿਆਉਂਦੀ। ਦੁਖੀ ਦੀ ਨਾਨੀ ਚਿੰਦੀ ਨਿੱਤ ਸ਼ਾਮ ਨੂੰ ਦੁੱਧ ਜਮਾਉਂਦੀ ਤੇ ਤੜਕੇ ਉੱਠ ਕੇ ਚਾਟੀ ਵਿਚ ਮਧਾਣੀ ਪਾ ਰਿੜਕਣ ਬਹਿ ਜਾਂਦੀ। ਜੇ ਦੁਖੀ ਨੇੜੇ-ਤੇੜੇ ਹੁੰਦਾ ਤਾਂ ਉਹ ਅਧ ਰਿੜਕੇ ਦਾ ਗਿਲਾਸ ਭਰ ਕੇ ਉਸ ਨੂੰ ਕਹਿੰਦੀ, 'ਲੈ ਵੇ ਦੁਖੀ ਪੀ ਜਾ, ਤਕੜਾ ਹੋਵੇਂ।'

ਉਦੋਂ ਤਾਂ ਬਰਸਾਤ ਵੀ ਲੋਹੜੇ ਦੀ ਪੈਂਦੀ ਸੀ। ਝੜੀ ਲੱਗ ਜਾਂਦੀ ਤਾਂ ਲੋਕਾਂ ਦਾ ਤ੍ਰਾਹ ਕੱਢ ਦਿੰਦੀ। ਕੋਠੇ ਚੋਣ ਲਗਦੇ। ਲੋਕੀ ਥਾਂ-ਥਾਂ ਤੇ ਭਾਂਡੇ ਰੱਖ ਕੇ ਛੱਤਾਂ' ਚੋਂ ਚੋਂਦੇ ਪੀਲੇ ਰੰਗ ਦੇ ਪਾਣੀ ਨੂੰ ਸਾਂਭਦੇ। ਧਾਨਾਂ ਦੀ ਲੁਆਈ ਲਈ ਸੌਣ ਦੇ ਮੀਂਹ ਦੀ ਲੋਕ ਬੜੀ ਬੇਸਬਰੀ ਨਾਲ਼ ਉਡੀਕ ਕਰਦੇ। ਝੜੀ ਲੱਗਦੀ ਤਾਂ ਖੇਤ ਵੀ ਪਾਣੀ ਨਾਲ਼ ਭਰ ਜਾਂਦੇ। ਸਭ ਲੋਕ ਪਾਟੇ-ਪੁਰਾਣੇ ਲੀੜੇ ਪਾ ਕੇ ਧਾਨਾਂ ਦੀ ਲੁਆਈ ਕਰਦੇ। ਬਾਹਰਲੇ ਪਿੰਡਾਂ ਤੋਂ ਲੋਕ ਬਾਸਮਤੀ ਦੀ

ਪਨੀਰੀ ਖਰੀਦਣ ਲਈ ਸਲਾਹਪੁਰ ਪਿੰਡ ਆਉਂਦੇ। ਭਾਗਵੰਤੀ ਵੀ ਧਾਨ ਲੁਆਉਣ ਲਈ ਦਿਹਾੜੀ ਉੱਤੇ ਲੋਕਾਂ ਦੇ ਖੇਤਾਂ ਵਿਚ ਜਾਂਦੀ। ਬਰਸਾਤ ਲੰਬੀ ਹੋਣ ਤੇ ਘਰਾਂ' ਚ ਮੁਤਰਲ਼ ਵਿਚ ਖੜ੍ਹੇ ਡੰਗਰ ਅੱਕ ਜਾਂਦੇ ਤੇ ਰੰਭਦੇ ਰਹਿੰਦੇ। ਉਨ੍ਹਾਂ ਦੇ ਖ਼ੁਰ ਗਲ਼ ਜਾਂਦੇ। ਪਿੰਡ ਵੱਲੋਂ ਡੰਗਰਾਂ ਦੀ ਬੀਮਾਰੀ ਦੀ ਰੋਕਥਾਮ ਲਈ ਸਾਂਝਾ ਟੂਣਾ ਕਰਵਾਇਆ ਜਾਂਦਾ। ਗੋਹਾ-ਕੂੜਾ ਸਾਂਭਣ ਦੀ ਨੌਬਤ ਤਾਂ ਆਉਂਦੀ ਹੀ, ਕੱਖ-ਕੰਡੇ ਦੀ ਦਿੱਕਤ ਵੀ ਆ ਜਾਂਦੀ। ਲੋਕ ਬਰਸਾਤ ਤੋਂ ਪਹਿਲਾਂ ਹੀ ਧੌਲ਼ੂ ਵੱਢ ਵੱਢ ਸੁਕਾ ਲੈਂਦੇ। ਭੁੱਖੇ ਡੰਗਰ ਸੁੱਕੇ ਘਾਹ ਨੂੰ ਹਾਬੜ ਕੇ ਪੈਂਦੇ ।

ਸੁੱਕਾ ਘਾਹ ਜਮ੍ਹਾਂ ਕਰਨ ਲਈ ਘਨੱਈਏ ਕੋਲ਼ ਇਕ ਚਾਰ ਕੁ ਖਣਾਂ ਦਾ ਕੱਚਾ ਕੋਠਾ ਸੀ, ਜਿਸ ਵਿਚ ਉਹ ਸੁੱਕਾ ਘਾਹ ਤੁੰਨ-ਤੁੰਨ ਕੇ ਕੜੀਆਂ ਤੱਕ ਭਰ ਦਿੰਦੇ। ਗੁਰਦੁਆਰੇ ਦੇ ਕੋਲ਼ ਹੀ ਜੀਵਨ ਸਿੰਘ ਜੱਟ ਦਾ ਖੁੱਲ੍ਹਾ-ਡੁੱਲ੍ਹਾ ਘਰ ਸੀ, ਜਿਸ ਦਾ ਚੀਰੂਆਂ ਦੀ ਕੰਧ ਨਾਲ਼ ਛੇ-ਛੇ ਫੁੱਟ ਉੱਚਾ ਵਾਗਲ਼ਾ ਸੀ। ਇਸੇ ਵਾਗਲ਼ੇ ਦੇ ਅੰਦਰ ਉਸ ਦੇ ਤਿੰਨ ਕੋਠਿਆਂ ਦੇ ਨਾਲ਼ ਘਨੱਈਏ ਦਾ ਇਹ ਕੱਖਾਂ ਵਾਲ਼ਾ ਕੋਠਾ ਸੀ। ਇਹ ਇਕ ਅਜੀਬ ਜਿਹੀ ਗੱਲ ਸੀ ਕਿ ਉਹ ਕੋਠਾ ਉਨ੍ਹਾਂ ਦੇ ਘਰ ਦੇ ਵਿਚ ਸੀ ਤੇ ਸੁਨਿਆਰਾਂ ਨੂੰ ਬਾਹਰਲਾ ਦਰ ਖੁਲ੍ਹਵਾ ਕੇ ਅੰਦਰ ਜਾਣਾ ਪੈਂਦਾ। ਉਹ ਕਦੀ ਵੀ ਕੁੰਡਾ ਖੋਲ੍ਹਣ ਜਾਂ ਬੰਦ ਕਰਨ ਤੋਂ ਨਾ ਅੱਕਦੇ। ਸਗੋਂ ਕੱਖ ਕੰਡਾ ਰੱਖਣ ਜਾਂ ਲੈਣ ਗਿਆਂ ਨੂੰ ਖਿੜੇ ਮੱਥੇ ਮਿਲਦੇ ਵੀ ਤੇ ਮੌਸਮ ਅਨੁਸਾਰ ਜੋ ਫਸਲ ਹੁੰਦੀ, ਕੁਝ ਨਾ ਕੁਝ ਉਨ੍ਹਾਂ ਨੂੰ ਦਿੰਦੇ ਵੀ। ਉਹ ਸਾਰੇ ਹੀ ਬੜੇ ਪਿਆਰ ਨਾਲ਼ ਹੱਸ-ਹੱਸ ਗੱਲਾਂ ਕਰਦੇ। ਦਰਅਸਲ ਦੋਨਾਂ ਪਰਿਵਾਰਾਂ ਦੇ ਪਿਆਰ ਪਿੱਛੇ ਇਕ ਕਹਾਣੀ ਛੁਪੀ ਹੋਈ ਸੀ।

ਕੋਈ ਸਮਾਂ ਸੀ ਕਿ ਇਹ ਸਾਰੀ ਥਾਂ ਦੁਖੀ ਦੇ ਨਾਨੇ ਮੁਣਸ਼ੀ ਰਾਮ ਦੀ ਸੀ, ਜਿਸ ਨੂੰ ਪਿੰਡ ਵਿਚ ਮੁਣਸ਼ੀ ਪਹਿਲਵਾਨ ਕਹਿੰਦੇ ਸਨ। ਉਸ ਦੀ ਬਾਗਾਂਆਲੇ ਗੰਨਾਂ ਪੀੜਨ ਵਾਲ਼ੀਆਂ ਘੁਲਾੜੀਆਂ ਦੀ ਦੁਕਾਨ ਸੀ। ਜੀਵਨ ਸਿੰਘ ਕੁਰਾਲ਼ੀ ਲਾਗੇ ਇਕ ਪਿੰਡ ਦਾ ਵਸਨੀਕ ਸੀ। ਉਸ ਦੇ ਤਿੰਨ ਭਰਾ ਹੋਰ ਸਨ ਤੇ ਉਨ੍ਹਾਂ ਕੋਲ਼ ਵਾਹ-ਵਾਹ ਜ਼ਮੀਨ ਸੀ। ਘਰ ਵਿਚ ਦਸ-ਬਾਰਾਂ ਮੱਝਾਂ ਸਨ, ਸਮਝ ਲਓ, ਦੁੱਧ ਦਾ ਦਰਿਆ ਵਗਦਾ ਸੀ। ਜੀਵਨ ਨੂੰ ਘੁਲ਼ਣ ਦਾ ਸ਼ੌਕ ਪੈ ਗਿਆ। ਉਹ ਬੇਲੇ ਦੀ ਛਿੰਝ ਵਿਚ ਪਹਿਲੀ ਵਾਰੀ ਆਇਆ ਤਾਂ ਉਸ ਦਾ ਦੁਖੀ ਦੇ ਨਾਨੇ ਮੁਣਸ਼ੀ ਰਾਮ ਨਾਲ਼ ਜੁੱਟ ਪੈ ਗਿਆ। ਜੇ ਜੀਵਨ ਨੇ ਬੂਰੀਆਂ ਚੁੰਘੀਆਂ ਹੋਈਆਂ ਸਨ ਤਾਂ ਮੁਣਸ਼ੀ ਰਾਮ ਸਾਨ੍ਹੇਵਾਲ਼ੀਏ ਪਹਿਲਵਾਨ ਦਾ ਸ਼ਾਗਿਰਦ ਸੀ। ਜ਼ੋਰ ਕਿਸੇ' ਚ ਜਿੰਨਾ ਮਰਜੀ ਹੋਵੇ ਪਰ ਦਾਅ ਤੋਂ ਬਿਨਾਂ ਉਹ ਸਿਫ਼ਰ ਬਣ ਜਾਂਦਾ ਹੈ। ਮੁਣਸ਼ੀ ਰਾਮ ਦਾ ਸ਼ਰੀਰ ਜੀਵਨ ਦੇ ਮੁਕਾਬਲੇ ਕੁਝ ਵੀ ਨਹੀਂ ਸੀ ਪਰ ਮੁਣਸ਼ੀ ਰਾਮ ਨੇ ਅਜਿਹਾ ਧੋਬੀ ਪਟੜਾ ਮਾਰਿਆ ਕਿ ਜੀਵਨ ਡੌਰ-ਭੌਰ ਹੋ ਗਿਆ। ਉਸ ਮਗਰੋਂ ਕਦੀ ਮੁਣਸ਼ੀ ਰਾਮ ਨੇ ਧਰਤੀ ਫੜੀ ਹੁੰਦੀ ਤੇ ਕਦੀ ਜੀਵਨ ਨੇ। ਮਿੱਟੀ ਦੀਆਂ ਮੁੱਠਾਂ ਭਰ ਭਰ ਉਹ ਇਕ ਦੂਜੇ ਦੇ ਪਿੰਡੇ ਤੇ ਮਲ਼ਦੇ ਰਹੇ। ਬਾਕੀ ਪਹਿਲਵਾਲ਼ਾ ਦੇ ਜੁੱਟਾਂ ਦਾ ਫੈਸਲਾ ਹੁੰਦਾ ਰਿਹਾ, ਪਰ ਉਹ ਦੋਨੋਂ ਉਤਰ ਕਾਟੋ ਮੈਂ ਚੜਾਂ ਹੀ ਕਰਦੇ ਰਹੇ।

ਜਿਹੜਾ ਪਹਿਲਵਾਨ ਘੋਲ਼ ਜਿੱਤ ਲੈਂਦਾ, ਉਹ ਛਿੰਝ ਦੇਖਦੇ ਵੱਡੇ ਗੋਲ ਦਾਇਰੇ ਵਿਚ ਬੈਠੇ ਖੜ੍ਹੇ ਹਜ਼ਾਰਾਂ ਦਰਸ਼ਕਾਂ ਦੇ ਮੂਹਰੇ ਦੀ ਹੋਕੇ ਪਾੜੇ ਦਾ ਗੇੜਾ ਦਿੰਦਾ। ਲੋਕ ਉਨ੍ਹਾਂ ਦੀ

ਹੌਂਸਲਾ ਅਫ਼ਜਾਈ ਲਈ ਇਕ-ਇਕ, ਦੋ-ਦੋ ਰੁਪਏ ਦੇ ਨੋਟ ਉਂਗਲਾਂ' ਚ ਫੜ ਉੱਤੇ ਚੁੱਕਦੇ ਤਾਂ ਪਹਿਲਵਾਨ ਭੱਜ ਕੇ ਨੋਟ ਫੜ ਲੈਂਦੇ। ਮਿੱਟੀ ਨਾਲ਼ ਲੱਥ-ਪੱਥ ਚਿਹਰਿਆਂ ਵਿਚ ਉਨ੍ਹਾਂ ਦੇ ਦੰਦ ਚਮਕਣ ਲਗਦੇ। ਜਦੋਂ ਡੱਬਵਾਲ਼ੀ ਦੇ ਖੋਖਰ ਨੂੰ ਰੋਪੜ ਦੇ ਬਿੰਦਰਖੀਏ ਨੇ ਚਿੱਤ ਕਰ ਕੇ ਝੰਡੀ ਦੀ ਕੁਸ਼ਤੀ ਜਿੱਤੀ ਤਾਂ ਭੀੜ ਦੀ ਹੋ-ਹੋ ਦੀ ਅਵਾਜ਼ ਅਕਾਸ਼ ਨੂੰ ਛੂਹਣ ਲੱਗੀ। ਪ੍ਰਬੰਧਕਾਂ ਨੇ ਦੋ-ਤਿੰਨ ਘੰਟਿਆਂ ਤੋਂ ਫਸੀ ਮੁਣਸ਼ੀ ਅਤੇ ਜੀਵਨ ਦੀ ਜੋਟੀ ਨੂੰ ਵੀ ਛੁਡਾ ਦਿੱਤਾ। ਦੋਨਾਂ ਨੇ ਹੱਸ ਕੇ ਇਕ ਦੂਜੇ ਨੂੰ ਘੁੱਟ ਕੇ ਗਲਵੱਕੜੀ ਪਾ ਲਈ। ਦੋਨਾਂ ਦੇ ਸਿਰ-ਮੂੰਹ ਪਸੀਨੇ ਨਾਲ਼ ਚੁੰਬੜੀ ਮਿੱਟੀ ਕਰਕੇ ਬੇਪਛਾਣ ਹੋਏ ਪਏ ਸਨ। ਬਿੰਦਰਖੀਏ ਦੇ ਨਾਲ਼-ਨਾਲ਼ ਲੋਕਾਂ ਵੱਲ ਦੇਖਦੇ, ਇਕ ਦੂਜੇ ਨਾਲ਼ ਜੋਟੀ ਪਾ ਕੇ ਉਹ ਵੀ ਪਿੜ ਵਿਚ ਘੁੰਮਣ ਲੱਗੇ ਤਾਂ ਲੋਕਾਂ ਨੇ ਉਨ੍ਹਾਂ ਨੂੰ ਵੀ ਵਾਹ ਵਾਹ ਰੁਪਏ ਦਿੱਤੇ। ਦੋਨਾਂ ਦਾ ਐਨਾ ਪਿਆਰ ਵਧਿਆ ਕਿ ਮੁਣਸ਼ੀ ਰਾਮ ਉਸਨੂੰ ਆਪਣੇ ਨਾਲ਼ ਸਲਾਹਪੁਰ ਲੈ ਆਇਆ। ਉਹ ਹਫ਼ਤਾ ਭਰ ਇਕੱਠੇ ਕੁਸ਼ਤੀ ਵੀ ਲੜਦੇ ਰਹੇ, ਬਦਾਮ, ਖਸਖਸ, ਕਾਲ਼ੀ ਮਿਰਚ ਤੇ ਚਾਰੇ ਮਗਜ਼ਾਂ ਦੀ ਸਰਦਈ ਦੁੱਧ ਵਿਚ ਘੋਟ ਘੋਟ ਪੀਂਦੇ ਰਹੇ। ਉਸ ਮਗਰੋਂ ਤਾਂ ਐਨੀ ਆੜੀ ਪਈ ਕਿ ਉਹ ਦੋਨੋਂ ਇਕ-ਦੂਜੇ ਵੱਲ ਤੁਰੇ ਹੀ ਰਹਿੰਦੇ।

ਇਕ ਸ਼ਾਮ ਦੇ ਘੁਸਮੁਸੇ ਵਿਚ ਜੀਵਨ ਸਲਾਹਪੁਰ ਆਇਆ ਤਾਂ ਉਸ ਦੇ ਨਾਲ਼ ਇਕ ਗੋਰੀ ਚਿੱਟੀ ਸੋਹਣੀ-ਸੁਨੱਖੀ ਤੇ ਭਰਵੇਂ ਸਰੀਰ ਵਾਲ਼ੀ ਮੁਟਿਆਰ ਵੀ ਸੀ। ਉਸ ਦੇ ਨੱਕ ਵਿਚ ਸੋਨੇ ਦੇ ਵੱਡੇ ਸਾਰੇ ਕੋਕੇ ਵਿਚ ਰੰਗ ਬਿਰੰਗੇ ਚਮਕਦੇ ਨਗ ਦੇਖ ਕੇ ਮੁਣਸ਼ੀ ਰਾਮ ਸਮਝ ਗਿਆ ਕਿ ਉਹ ਐਧਰਲੀ ਨਹੀਂ ਹੋ ਸਕਦੀ। ਜੀਵਨ ਉਸ ਨੂੰ ਅੱਖ ਮਾਰ ਕੇ ਇਕ ਪਾਸੇ ਲੈ ਗਿਆ ਤੇ ਸਾਰੀ ਕਹਾਣੀ ਦੱਸੀ। ਉਨ੍ਹਾਂ ਦੇ ਪਿੰਡ ਕਸ਼ਮੀਰੀ ਗੁੱਜਰ ਆਪਣੀਆਂ ਮੱਝਾਂ ਦੇ ਚੌਣੇ ਲੈ ਕੇ ਉਤਰੇ ਹੋਏ ਸਨ। ਉਨ੍ਹਾਂ ਨੇ ਧਾਨਾਂ ਦੀ ਪਰਾਲੀ ਦੇ ਵੱਡੇ ਵੱਡੇ ਅੰਬਾਰ ਲਾ ਕੇ ਜੀਵਨ ਹੋਰਾਂ ਦੇ ਖੇਤ ਵਿਚ ਆਪਣਾ ਡੇਰਾ ਜਮਾਇਆ ਹੋਇਆ ਸੀ। ਉਨ੍ਹਾਂ ਦੀ ਬਸੰਤੀ ਨਾਂ ਦੀ ਇਸ ਕੁੜੀ ਉੱਤੇ ਜੀਵਨ ਦਾ ਦਿਲ ਆ ਗਿਆ। ਪਹਿਲਾਂ ਤਾਂ ਮੌਕਾ ਪਾ ਕੇ ਉਹ ਉਸਨੂੰ ਖੰਜੂਰਾਂ ਦੇ ਪੱਠੇ ਵੱਢ ਵੱਢ ਦਿੰਦਾ ਰਿਹਾ। ਫਿਰ ਭਰਾਵਾਂ ਤੋਂ ਚੋਰੀ ਬਰਸੀਮ ਦੀਆਂ ਪੰਡਾਂ ਦੇਣ ਲੱਗ ਪਿਆ। ਉਹ ਖੂਹ ਉੱਤੇ ਅਕਸਰ ਮਿਲਦੇ ਤੇ ਪਿਆਰ ਪੀਂਘਾਂ ਝੂਟਦੇ। ਜਦੋਂ ਕਹਾਣੀ ਸਭ ਹੱਦ-ਬੰਨੇ ਟੱਪ ਗਈ ਤਾਂ ਉਹ ਇਕ ਦਿਨ ਪਹੁ-ਫੁਟਾਲ਼ੇ ਹੀ ਬਸੰਤੀ ਨੂੰ ਆਪਣੇ ਨਾਲ਼ ਭਜਾ ਲਿਆਇਆ।

'ਕੰਜਰਾ ਹੋਰ ਨਾ ਕੋਈ ਫਾਹਾ ਖੜ੍ਹਾ ਕਰ ਲਵੀਂ। ਪੁਲ਼ਸ ਤੱਕ ਗੱਲ ਪਹੁੰਚ ਗਈ ਤਾਂ ਦੋਨਾਂ ਦੇ ਚਿੱਤੜ ਕੁੱਟੇ ਜਾਣਗੇ।' ਮੁਣਸ਼ੀ ਰਾਮ ਨੇ ਜੀਵਨ ਵੱਲ ਘੂਰਦਿਆਂ ਕਿਹਾ ਸੀ।

ਪਰ ਜੀਵਨ ਤਾ ਹੰਢਿਆ ਹੋਇਆ ਸੀ। ਪੁਲ਼ਸ ਦਾ ਮੂੰਹ ਪਹਿਲਾਂ ਹੀ ਬੰਦ ਕਰ ਆਇਆ ਸੀ। ਸੁਲਫੇ ਦੀ ਲਾਟ ਵਰਗੀ ਜ਼ਨਾਨੀ ਘਰ ਆਈ ਦੇਖ ਮੁਣਸ਼ੀ ਰਾਮ ਦੀ ਘਰ ਵਾਲ਼ੀ ਚਿੰਦੀ ਦਾ ਦਿਲ ਘਾਊਂ-ਮਾਊਂ ਹੋਣ ਲੱਗਾ। ਉਸ ਨੂੰ ਧੁੜਕੂ ਲੱਗ ਗਿਆ ਕਿ ਇਹ ਅਫਰਊ ਜਿਹੀ ਦਿਖਦੀ ਜ਼ਨਾਨੀ ਜੀਵਨ ਜੱਟ ਦੀ ਨਹੀਂ ਹੋ ਸਕਦੀ। ਜੀਵਨ ਨੂੰ ਉਸ ਵੱਲ ਹੋਰ ਹੀ ਹੋਰ ਤਰ੍ਹਾਂ ਝਾਕਦਾ ਤੇ ਦੰਦੀਆਂ ਕੱਢਦਾ ਦੇਖ ਉਸ ਦਹ ਸ਼ੱਕ ਯਕੀਨ' ਚ ਬਦਲ ਗਈ ਤੇ ਉਹ ਮੁਣਸ਼ੀ ਰਾਮ ਨੂੰ ਪੈ ਨਿੱਕਲ਼ੀ। ਮੁਣਸ਼ੀ ਰਾਮ ਨੇ ਬਥੇਰੇ ਪੋਚੇ ਮਾਰੇ ਪਰ

ਆਪਣੀ ਘਰ ਵਾਲ਼ੀ ਦੀ ਤਸੱਲੀ ਨਾ ਕਰਵਾ ਸਕਿਆ। ਚਿੰਦੀ ਨੇ ਦੋਨਾਂ ਨੂੰ ਘਰੋਂ ਕੱਢ ਕੇ ਹੀ ਦਮ ਲਿਆ। ਮੁਣਸ਼ੀ ਰਾਮ ਨੇ ਆਪਣੇ ਯਾਰ ਨਾਲ਼ ਯਾਰੀ ਤਾਂ ਪੁਗਾਉਣੀ ਹੀ ਸੀ, ਉਸ ਨੇ ਆਪਣਾ ਬਾਹਰ ਵਾਲ਼ਾ ਮਕਾਨ ਜੀਵਨ ਨੂੰ ਦੇ ਦਿੱਤਾ, ਜਿੱਥੇ ਹੁਣ ਘਨੱਈਏ ਦੇ ਟੱਬਰ ਦਾ ਇਕੱਲਾ ਕੋਠਾ ਸੀ, ਜਿੱਥੇ ਉਹ ਸੁੱਕਾ ਘਾਹ ਜਮ੍ਹਾਂ ਕਰਿਆ ਕਰਦੇ ਸਨ।

ਅਜੇ ਜੀਵਨ ਤੇ ਬਸੰਤੀ ਨੂੰ ਉੱਥੇ ਰਹਿੰਦਿਆਂ ਪੰਜ-ਸੱਤ ਦਿਨ ਹੀ ਲੰਘੇ ਸਨ ਕਿ ਬਸੰਤੀ ਦਾ ਪਿਓ ਨੂਰਾ ਸੂਹ ਕੱਢਦਾ-ਕੱਢਦਾ ਸਲਾਹਪੁਰ ਆ ਵੜਿਆ। ਉਸ ਦੇ ਨਾਲ਼ ਉਸ ਦੇ ਕਬੀਲੇ ਦੇ ਚਾਰ ਪੰਜ ਬੰਦੇ ਹੋਰ ਸਨ। ਜੀਵਨ ਤਾਂ ਉਨ੍ਹਾਂ ਨੂੰ ਦੇਖ ਕੇ ਜਿਵੇਂ ਮੋਮ ਦਾ ਬਣ ਗਿਆ। ਉਹ ਕਹਿਣ ਲੱਗਾ, 'ਜੇ ਮੈਂ ਇਸ ਨੂੰ ਨਾ ਲਿਆਉਂਦਾ ਤਾਂ ਇਸ ਨੇ ਜਾਨ ਦੇ ਦੇਣੀ ਸੀ। ਮੈਂ ਕਿਸੇ ਨੂੰ ਵੀ ਮਰਦਾ ਨਹੀਂ ਦੇਖ ਸਕਦਾ। ਤੁਹਾਡੀ ਧੀ ਹੈਗੀ ਏ। ਮੰਨਦੀ ਏ ਤਾਂ ਲੈ ਜਾਓ।'

ਬਸੰਤੀ ਦਲੇਰ ਹੋ ਕੇ ਸਾਰਿਆਂ ਨੂੰ ਪੈ ਨਿੱਕਲੀ, 'ਖ਼ਬਰਦਾਰ... ਪਿੱਛੇ ਮੁੜ ਜਾਓ। ਮੈਂ ਆਪਣਾ ਸਭ ਕੁਝ ਇਸ ਜੱਟ ਨੂੰ ਦੇ ਬੈਠੀ ਹਾਂ। ਵਸਾਂਗੀ ਹੁਣ ਇਸੇ ਦੇ। ਜਿਹੜਾ ਮੇ ਰੇ ਰਾਹ ਦਾ ਰੋੜਾ ਬਣਿਆ, ਮੈਂ ਪਾਸੇ ਹਟਾਉਣਾ ਜਾਣਦੀ ਹਾਂ। ਦਾਅ ਵੀ ਵਾਹੁਣਾ ਜਾਣਦੀ ਹਾਂ।'

ਮੁਣਸ਼ੀ ਰਾਮ ਵਿਚੋਲਾ ਬਣ ਗਿਆ। ਉਸ ਨੇ ਮੌਕਾ ਸੰਭਾਲ ਲਿਆ ਤੇ ਸੌ ਤੋਂ ਵੀ ਵੱਧ ਚਾਂਦੀ ਦੇ ਰੁਪਏ ਘਰੋਂ ਚੁੱਕ ਲਿਆਇਆ। ਜੀਵਨ ਨਾਲ਼ ਘੁਸਰ-ਮੁਸਰ ਕੀਤੀ ਤੇ ਰੁਪਏ ਨੂਰੇ ਗੁੱਜਰ ਨੂੰ ਫੜਾ ਦਿੱਤੇ। ਰੁਪਏ ਫੜ ਦੇ ਉਸ ਦੀਆਂ ਅੱਖਾਂ ਹੀ ਚੁੰਧਿਆ ਗਈਆਂ। ਉਹ ਆਪਣੇ ਨਾਲ਼ ਦਿਆਂ ਨੂੰ ਕਹਿਣ ਲੱਗਾ, 'ਅੱਲਾ ਮੀਆਂ ਜਿਹੜਾ ਸੰਜੋਗ ਬਣਾ ਦਿੰਦਾ ਏ, ਉਸ ਨੂੰ ਕੋਈ ਟਾਲ਼ ਨਹੀਂ ਸਕਦਾ। ਮੁੰਡਾ ਰਾਜੀ, ਕੁੜੀ ਰਾਜੀ ਕੀ ਕਰੂਗਾ ਕਾਜੀ। ਮੈਂ ਆਪਣੀ ਧੀ ਦੀ ਖੁਸ਼ੀ ਲਈ ਇਹ ਗੱਲ ਐਥੇ ਹੀ ਠੱਪ ਕਰਦਾ ਏਂ। ਆਓ ਚੱਲੀਏ।' ਉਹ ਬਸੰਤੀ ਦਾ ਸਿਰ ਪਲ਼ੋਸ ਕੇ ਤੁਰਦਾ ਬਣਿਆ।

ਇਹ ਗੱਲ ਦੁਖੀ ਨੂੰ ਬਹੁਤ ਮਗਰੋਂ ਉਹਦੇ ਮਾਮੇ ਘਨ੍ਹੱਈਏ ਨੇ ਦੱਸੀ ਸੀ। ਉਸ ਨੇ ਇਹ ਵੀ ਦੱਸਿਆ ਸੀ ਕਿ ਉਹਦੇ ਪਿਓ ਮੁਣਸ਼ੀ ਰਾਮ ਦੀ ਅੱਖ ਵੀ ਬਸੰਤੀ ਤੇ ਮੈਲ਼ੀ ਹੋ ਗਈ ਸੀ। ਉਸ ਦੀ ਮਾਂ ਬਥੇਰਾ ਮਰੀ ਖਪੀ ਪਰ ਪਿਓ ਤੇ ਭੋਰਾ ਅਸਰ ਨਾ ਹੋਇਆ। ਪਿੰਡ ਵਿਚ ਵੀ ਇਹ ਗੱਲ ਫੈਲ ਗਈ ਸੀ, ਪਰ ਜੀਵਨ ਨੇ ਰੱਤੀ ਭਰ ਪ੍ਰਵਾਹ ਨਾ ਕੀਤੀ। ਉਸ ਨੇ ਤਾਂ ਸ਼ਰੇਆਮ ਲੋਕਾਂ ਵਿਚ ਵੀ ਕਹਿਣਾ ਸ਼ੁਰੂ ਕਰ ਦਿੱਤਾ, 'ਮੁਣਸ਼ੀ ਮੇਰਾ ਪੱਗ ਵੱਟ ਭਰਾ ਏ। ਤੁਹਾਡੇ ਸਾਲ਼ਿਓ ਕਿਉਂ ਸੂਲ਼ ਉੱਠਦਾ ਏ?'

ਜੀਵਨ ਆਪਣੇ ਪਿੰਡ ਦੀ ਹਿੱਸੇ ਬਹਿੰਦੀ ਜਮੀਨ ਵੰਡਾ ਕੇ ਆਪਣੇ ਭਰਾਵਾਂ ਨੂੰ ਹੀ ਵਟਾਈ ਤੇ ਦੇ ਆਇਆ। ਕੁਝ ਜ਼ਮੀਨ ਉਸ ਨੇ ਸਲਾਹਪੁਰ ਦੀ ਖਰੀਦ ਲਈ। ਮੁਣਸ਼ੀ ਰਾਮ ਚੌਵੀ ਘੰਟੇ ਉਸ ਦੇ ਘਰ ਹੀ ਵੜਿਆ ਰਹਿੰਦਾ। ਘੁਲਾੜੀਆਂ ਦਾ ਕੰਮ ਠੱਪ ਹੋਣਾ ਸੀ, ਹੋ ਗਿਆ। ਉਹ ਵੀ ਸਭ ਕੁਝ ਵੇਚ-ਵੱਟ ਕੇ ਘਰ ਆ ਬੈਠਾ। ਮਗਰੋਂ ਬਸੰਤੀ ਦੇ ਦੋ ਨਿਆਣੇ ਹੋਏ। ਮੁੰਡਾ ਹਰਮਨ ਤੇ ਕੁੜੀ ਪ੍ਰੀਤਮਾ। ਹਰਮਨ ਦੁਖੀ ਦੇ ਮਾਮੇ ਘਨ੍ਹੱਈਏ ਤੋਂ ਛੋਟਾ ਤੇ ਪ੍ਰੀਤਮਾ ਉਸ ਦੇ ਹਾਣ ਦੀ ਸੀ। ਇਕ ਦਿਨ ਦੁਖੀ ਤੇ ਉਹਦੀ ਬੇਬੇ ਕੋਠੇ' ਚੋਂ ਸੁੱਕੇ ਕੱਖ

ਲੈ ਕੇ ਬਾਹਰ ਨਿਕਲ਼ੇ ਤਾਂ ਬਸੰਤੀ ਨੇ ਭਾਗਵੰਤੀ ਨੂੰ ਹਾਕ ਮਾਰ ਲਈ ਤੇ ਦਧੌੜੀ' ਚੋਂ ਉਨ੍ਹਾਂ ਦੇ ਪੀਣ ਲਈ ਦੁੱਧ ਕੱਢ ਲਿਆਈ। ਪ੍ਰੀਤਮਾ ਵੀ ਕੋਲ਼ ਆ ਬੈਠੀ। ਉਨ੍ਹਾਂ ਦੇ ਕੋਲ਼ ਆ ਕੇ ਉਨ੍ਹਾਂ ਦੀ ਇਕ ਕੁੱਤੀ ਪੂਛ ਹਿਲਾਉਣ ਲੱਗ ਪਈ। ਦੁਖੀ ਦੇਖ ਕੇ ਹੈਰਾਨ ਹੋਇਆ ਕਿ ਉਸ ਦੀ ਪੂਛ ਹੇਠਾਂ ਲਟਕਦੇ ਮਾਸ ਵਿੱਚੋਂ ਇਕ ਬਕਸੂਆ ਆਰ-ਪਾਰ ਲੰਘਾਇਆ ਹੋਇਆ ਸੀ, ਤਾਂ ਵੀ ਉਸ ਦੇ ਲਹੂ ਨਹੀਂ ਸੀ ਚੱਲ ਰਿਹਾ। ਇਹੀ ਗੱਲ ਦੁਖੀ ਨੇ ਵਾਪਸ ਆਉਂਦਿਆਂ ਆਪਣੀ ਬੇਬੇ ਤੋਂ ਪੁੱਛੀ ਤਾਂ ਉਹ ਬੋਲੀ, 'ਤੁਰਿਆ ਚੁੱਪ ਕਰ ਕੇ, ਵੱਡਾ ਹੋਵੇਂਗਾ, ਆਪੀ ਪਤਾ ਲੱਗ ਜੂ।'

'ਤੇਰਾ ਦੱਸਦੀ ਦਾ ਢਿੱਡ ਦੁਖਦੈ? ਬਕਸੂਏ ਨਾਲ਼ ਕੁੱਤੀ ਦੇ ਦੁੱਖ ਨੀ ਲੱਗਦਾ?'

'ਕਿਉਂ ਭੌਂਕੀ ਜਾਂਦੈ ਕੁੱਤੇ ਮੰਗਣਾਂ? ਤੁਰ ਆ ਅੱਗੇ।' ਉਹ ਬੋਲੀ।

ਮਗਰੋਂ ਇਹੀ ਗੱਲ ਉਸ ਨੇ ਮੁੰਡਿਆਂ ਕੋਲ਼ ਕੀਤੀ ਤਾਂ ਪਤਾ ਲੱਗਾ ਕਿ ਕੁੱਤਿਆਂ ਦੇ ਪਰਿਵਾਰ ਨਿਯੋਜਨ ਦਾ ਇਹ ਦੇਸੀ ਢੰਗ ਸੀ। ਇਸ ਤਰਕੀਬ ਦੀ ਪੂਰੀ ਜਾਣਕਾਰੀ ਮਿਲਣ ਤੇ ਉਹ ਬੜਾ ਹੱਸਿਆ। ਉਸ ਰਾਤ ਜਦੋਂ ਉਹ ਆਪਣੀ ਬੇਬੇ ਨੂੰ ਜੱਫੀ ਪਾਈ ਪਿਆ ਸੀ ਤਾਂ ਬਕਸੂਏ ਵਾਲ਼ੀ ਗੱਲ ਯਾਦ ਕਰਕੇ ਖਿੜ-ਖਿੜ ਹੱਸ ਪਿਆ।

'ਤੈਨੂੰ ਕੀ ਹੋ ਗਿਆ ਵੇ? ਦੰਦੀਆਂ ਕੱਢਣ ਲੱਗੈਂ।' ਭਾਗਵੰਤੀ ਨੇ ਪੁੱਛਿਆ।

'ਕਿਉਂ ਦੱਸਾਂ? ਤੂੰ ਦੱਸਦੀ ਹੁੰਦੀ ਏਂ? ਉਹ ਬੋਲਿਆ।

**00**

# ਸਤਾਰਾਂ

ਉਨ੍ਹਾਂ ਦਿਨਾਂ ਵਿਚ ਹੀ ਇਕ ਦਿਨ ਦੁਖੀ ਮੁੰਡਿਆਂ ਦੀ ਟੋਲੀ ਨਾਲ਼ ਸਕੂਲ ਜਾ ਰਿਹਾ ਸੀ ਕਿ ਕਿਸੇ ਮੁੰਡੇ ਨੇ ਉੱਚੀ ਆਵਾਜ਼ ਵਿਚ ਕਿਹਾ, 'ਅਹੁ ਦੇਖੋ ਉਇ ਪੂਪਨਾ।'

ਸਾਰਿਆਂ ਨੇ ਉੱਧਰ ਦੇਖਿਆ। ਬੁੰਬ ਦੇ ਬਾਹਰ ਕੱਚੀ ਸੜਕ ਲਾਗੇ ਇਕ ਜਟਾਧਾਰੀ ਨੌਜਵਾਨ ਸਾਧ ਧੂਣਾ ਧੁਖਾਈ ਬੈਠਾ ਸੀ।

'ਆ ਜੋ ਮੇਰੇ ਆੜੀਓ ਆ ਜੋ... ਪੂਪਨੇ ਦੀ ਗੱਲ ਸੁਣ ਜੋ।' ਸਾਧ ਨੇ ਹੱਸ ਕੇ ਅਵਾਜ਼ ਮਾਰੀ। ਸਾਰੇ ਮੁੰਡੇ ਉਸ ਲਾਗੇ ਚਲੇ ਗਏ। ਉਹ ਹੱਸ ਹੱਸ ਕੇ ਗੱਲਾਂ ਕਰਨ ਲੱਗਾ। ਗੱਲਾਂ ਕਰਦੇ ਦੇ ਮੂੰਹ ਵਿੱਚੋਂ ਜਿਵੇਂ ਫੁੱਲ ਕਿਰਦੇ ਹੋਣ। ਉਸ ਦੇ ਕੰਨਾਂ ਵਿਚ ਪਾਈਆਂ ਕੱਚ ਦੀਆਂ ਮੁੰਦਰਾਂ ਟਪੂੰ-ਟਪੂੰ ਕਰ ਰਹੀਆਂ ਸਨ। ਉਸ ਨੇ ਤੇੜ ਕਾਲ਼ੀ ਧੋਤੀ ਬੰਨ੍ਹੀ ਹੋਈ ਸੀ ਤੇ ਗਲ਼ੇ ਵਿਚ ਰੁਦਰਾਕਸ਼ ਦੀ ਮਾਲ਼ਾ ਪਾਈ ਹੋਈ ਸੀ। ਲਾਗੇ ਹੀ ਪਿੱਤਲ ਦੇ ਸਿਰ ਵਾਲ਼ੀਆ ਖੜਾਵਾਂ ਪਈਆਂ ਸਨ। ਉਸ ਦੇ ਚਿਹਰੇ ਉੱਤੇ ਜਲੌ ਸੀ। ਆਪਣੇ ਮਿੱਠੇ ਬੋਲਾਂ ਨਾਲ਼ ਜਿਵੇਂ ਉਸ ਨੇ ਸਭ ਨੂੰ ਕੀਲ ਲਿਆ। ਸਾਧ ਦੀ ਬਾਂਹ ਉੱਤੇ ਮਸ਼ੀਨ ਨਾਲ਼ ਖੁਣਿਆਂ 'ਸੁਦਾਗਰ ਸਿੰਘ' ਨਾਂ ਮੁੜ ਮਸ਼ੀਨ ਨਾਲ਼ ਹੀ ਉਘੜ-ਦੁਘੜੀਆਂ ਲਾਈਨਾਂ ਮਾਰ ਕੇ ਮਿਟਾਇਆ ਹੋਣ ਦੇ ਬਾਵਜੂਦ ਸਾਫ ਪੜ੍ਹਿਆ ਜਾਂਦਾ ਸੀ। ਉਹ ਕਹਿਣ ਲੱਗਾ, 'ਆੜੀਓ ਖ਼ੂਬ ਪੜ੍ਹਾਈ ਕਰੋ। ਪੜ੍ਹਾਈ ਵਰਗੀ ਕੋਈ ਸ਼ੈਅ ਨਹੀਂ ਹੈਗੀ ਦੁਨੀਆਂ ਵਿਚ। ਮੈਂ ਵੀ ਬਾਰਾਂ ਪੜ੍ਹੀਆਂ ਸਨ... ਹੀ.... ਹੀ.... ਹੀ..... ਹੀ ਹੜ੍ਹ ਗਈਆਂ ਸਭ। ਪੁੱਠੇ ਕੰਮੀਂ ਪੈ ਗਿਆ ਸਾਂ ਮੈਂ। ਮਾਰੀ ਲੱਤ ਪੜ੍ਹਾਈ ਨੂੰ...

ਜਾ ਡਿਗਿਆ ਗਾਰ ਵਿਚ। ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ। ਕਮੀਨਾ ਬੰਦਾ ਹਾਂ। ਤੁਸੀਂ ਚੰਗੇ ਬਣੋ, ਬਹੁਤ ਚੰਗੇ..... ਹਾਂ ਸੱਚ ਕੁੜੀਆਂ ਦੇ ਚੱਕਰ ਤੋਂ ਬਚਕੇ ਰਿਹੋ।' ਉਹ ਮੁਸਕਰਾਇਆ ਤਾਂ ਸਾਰੇ ਮੁੰਡੇ ਹੱਸ ਪਏ।

ਅਜੇ ਮੁੰਡੇ ਹੱਸ ਹੀ ਰਹੇ ਸਨ ਕਿ ਸਾਧ ਰੋਣ ਲੱਗ ਪਿਆ। ਦੁਖੀ ਬਹੁਤ ਹੈਰਾਨ ਹੋਇਆ। ਕੋਈ ਰੋ ਰਿਹਾ ਸਾਧ ਉਸ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਦੇਖਿਆ ਸੀ। ਕੋਈ ਸਾਧ ਆਪਣੇ ਆਪ ਨੂੰ ਹੀ ਮਾੜਾ ਕਹੇ, ਐਸੀ ਗੱਲ ਵੀ ਉਸਨੇ ਪਹਿਲੀ ਵਾਰੀ ਸੁਣੀ ਸੀ। ਸਕੂਲੋਂ ਵਾਪਸ ਆ ਕੇ ਵੀ ਮੁੰਡੇ ਉਸ ਕੋਲ਼ ਬੈਠ ਗਏ।

'ਬਾਬਾ ਜੀ ਤੁਸੀਂ ਦਿਨ ਭਰ ਕੁਝ ਖਾਧਾ?' ਮੁੰਡਿਆਂ' ਚੋਂ ਕਿਸੇ ਨੇ ਪੁੱਛਿਆ।

'ਹਾਂ ਹਾਂ ਢਿੱਡ ਭਰ ਕੇ ਖਾਧਾ।'

'ਕੀ ਖਾਧਾ?'

'ਹਵਾ।' ਉਹ ਉੱਚੀ ਉੱਚੀ ਹੱਸਿਆ।

ਇਸ ਦਾ ਮਤਲਬ ਸਾਧ ਸਵੇਰ ਤੋਂ ਹੀ ਭੁੱਖਾ ਬੈਠਾ ਸੀ। ਦੁਖੀ ਨੇ ਸੋਚਿਆ ਕਿ ਉਹ ਆਪਣੀ ਬੇਬੇ ਕੋਲੋਂ ਰੋਟੀ ਬਣਵਾ ਕੇ ਉਸ ਨੂੰ ਦੇਕੇ ਜਾਵੇਗਾ। ਪਰ ਜਦੋਂ ਘਰ ਜਾ ਕੇ ਉਸ ਨੇ ਉਸ ਕੋਲ਼ ਗੱਲ ਕੀਤੀ ਤਾਂ ਉਹ ਉਸਦੇ ਗਲ਼ ਪੈ ਗਈ, 'ਵੇ ਢੈ ਜਾਣਿਆਂ ਖ਼ਬਰਦਾਰ ਜੇ ਸਾਧਾਂ ਕੋਲ਼ ਗਿਆ ਏਂ। ਇਹ ਮੋਮੋਠਗਣੇ ਹੁੰਦੇ ਨੇ। ਸੁਆਹ ਪਾ ਦਿੰਦੇ ਨੇ ਬੰਦੇ ਦੇ ਸਿਰ ਵਿਚ। ਲੈ ਜਾਂਦੇ ਨੇ ਨਾਲ਼ ਹੀ। ਮੁੜ ਨਾ ਉੱਧਰ ਨੂੰ ਮੂੰਹ ਕਰੀਂ।'

ਪਰ ਦੁਖੀ ਤੇ ਦੂਜੇ ਮੁੰਡਿਆਂ ਨੇ ਉਸ ਵੱਲ ਨੂੰ ਮੂੰਹ ਕਰੀ ਰੱਖਿਆ। ਮੁੰਡੇ ਨਿੱਤ ਹੀ ਉਸ ਕੋਲ਼ ਬਹਿਣ ਲੱਗੇ। ਖਾਣ-ਪੀਣ ਦੀਆਂ ਚੀਜ਼ਾਂ ਆਉਣ ਲੱਗ ਪਈਆਂ। ਜੋ ਕੁਝ ਵੀ ਆਉਂਦਾ ਉਹ ਕੋਲ਼ ਬੈਠਿਆਂ ਨੂੰ ਹੀ ਵਰਤਾ ਦਿੰਦਾ। ਉਸ ਦੇ ਅੱਗੇ ਪਿਆ ਵੱਡਾ ਖੁੰਢ ਮਘਦਾ ਰਹਿੰਦਾ। ਮੁੰਡੇ ਹੈਰਾਨ ਹੁੰਦੇ ਕਿ ਸਾਧ ਤਾਂ ਸੱਚ ਮੁੱਚ ਹੀ ਕੁਝ ਨਹੀਂ ਸੀ ਖਾਂਦਾ। ਇਸੇ ਕਾਰਨ ਉਹ ਉਸ ਨੂੰ 'ਪਹੁੰਚਿਆ ਹੋਇਆ' ਸਮਝਣ ਲੱਗੇ ਸਨ। ਮੁੰਡਿਆਂ ਨੇ ਕੁੱਝ ਹੀ ਦਿਨਾਂ ਵਿਚ ਉਸ ਲਈ ਛੰਨ ਪਾ ਦਿੱਤੀ। ਮਰਦ-ਔਰਤਾਂ ਦੁੱਧ ਭੋਜਨ ਬਗੈਰਾ ਲੈ ਕੇ ਉਸ ਦੀਆਂ ਚੌਂਕੀਆਂ ਭਰਨ ਲੱਗੇ। ਕਰਨੀ ਵਾਲ਼ੇ ਸਾਧ ਵਜੋਂ ਹੋਰਨਾਂ ਪਿੰਡਾਂ ਤੱਕ ਵੀ ਉਸ ਦੀ ਸਾਖ਼ ਪਹੁੰਚ ਗਈ। ਸਾਧ ਹੱਸਦਾ ਕਹਿੰਦਾ, 'ਭੱਜ ਲੈ ਘਰੋਂ ਪੁੱਤਰਾ ਸਾਧ ਬਣਕੇ। ਇਹ ਤੈਨੂੰ ਸਾਧ ਨਹੀਂ ਰਹਿਣ ਦੇਣਗੇ। ਦੁਨੀਆਂ ਦੀਆਂ ਵਿਸ਼-ਗੰਦਲਾਂ... ਹਾਏ ਉਇ ਰੱਬਾ। ਮੈਂ ਤਾਂ ਘਰੋਂ ਭੱਜਿਆ ਪ੍ਰੂਪਨਾ ਹਾਂ। ਜੱਟਾਂ ਦਾ ਮੁੰਡਾ ਹਾਂ। ਭਾਦੋਂ ਦੀ ਧੁੱਪ ਨੇ ਭਜਾ ਦਿੱਤਾ... ਹੀ.... ਹੀ..... ਹੀ... ਹੀ।'

ਲੋਕ ਉਸ ਦੇ ਨਾਲ਼ ਹੀ ਹੱਸਦੇ ਪਰ ਆਪਣੀਆਂ ਮਰਜਾਂ ਦਾ ਹੱਲ ਪੁੱਛਣੋਂ ਨਾ ਟਲ਼ਦੇ । ਉਹ ਕਹਿੰਦਾ, 'ਜਿਹੜਾ ਆਪ ਦੁਖੀ ਹੈ। ਰੋਟੀ ਦੇ ਟੁੱਕਰ ਵੱਲ ਕੁੱਤੇ ਦੀ ਤਰ੍ਹਾਂ ਦੇਖਦਾ ਏ। ਜ਼ਮੀਨ-ਜਾਇਦਾਦ ਛੱਡ ਕੇ ਘਰੋਂ ਦੌੜ ਆਇਆ ਏ, ਉਹ ਤੁਹਾਨੂੰ ਕੀ ਦੇ ਸਕਦਾ ਏ ਭਾਈ?'

ਉਸ ਦੀ ਇਸ ਗੱਲ ਦਾ ਅਰਥ ਵੀ ਲੋਕ ਇਹੀ ਕੱਢਦੇ ਕਿ ਉਹ ਉਨ੍ਹਾਂ ਨੂੰ ਬੜਾ ਕੁਝ ਦੇ ਸਕਦਾ ਹੈ। ਉਨ੍ਹਾਂ ਦੇ ਦੁੱਖ-ਦਰਦ ਦੂਰ ਕਰ ਸਕਦਾ ਹੈ। ਉਨ੍ਹਾਂ ਦੇ ਮਨ ਦੀਆਂ

ਮੁਰਾਦਾਂ ਪੂਰੀਆਂ ਕਰ ਸਕਦਾ ਹੈ। ਉਸ ਕੋਲ਼ ਔਰਤਾਂ ਦਾ ਜਮਘਟਾ ਵੀ ਰਹਿਣ ਲੱਗ ਪਿਆ। ਉਹ ਸਭ ਨੂੰ ਬੀਬੀ, ਭੈਣ, ਮਾਤਾ ਕਹਿ ਕੇ ਆਖਦਾ, 'ਤੁਸੀਂ ਮੈਨੂੰ ਰਹਿ ਲੈਣ ਦਿਓ ਕੁਝ ਦਿਨ ਆਪਣੇ ਪਿੰਡ। ਜੇ ਤੁਸੀਂ ਨਾ ਹਟੀਆਂ ਤਾਂ ਮੈਂ ਦੌੜ ਜਾਵਾਂਗਾ। ਮੈਂ ਗੁਰੂ ਨਾਨਕ ਜੀ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੇਰੇ ਕੋਲ਼ ਕੋਈ ਸ਼ਕਤੀ ਨਹੀਂ। ਮੈਂ ਤਾਂ ਪੂਪਨਾ ਹਾਂ ਪੂਪਨਾ।'

ਬਸੰਤੀ ਅਤੇ ਉਹਦੀ ਕੁੜੀ ਪ੍ਰੀਤਮਾ ਵੀ ਉਸ ਕੋਲ਼ ਜਾਣ ਲੱਗ ਪਈਆਂ। ਫਿਰ ਉਸ ਦੇ ਕਹਿਣ ਉੱਤੇ ਪਿੰਡ ਵਾਲ਼ਿਆਂ ਨੇ ਮਿੱਠੇ ਚੌਲ਼ਾਂ ਦਾ ਜੱਗ ਕੀਤਾ। ਜੱਗ ਦੀ ਸਮਾਪਤੀ ਮਗਰੋਂ ਉਸ ਨੇ ਜੋ ਸੀਧਾ, ਰੁਪਏ ਬਚੇ, ਪਿੰਡ ਦੇ ਗੁਰਦੁਆਰੇ ਭਿਜਵਾ ਦਿੱਤੇ। ਉਹ ਨੰਗੇ ਪੈਰੀਂ ਹੱਥ ਵਿਚ ਚਿੱਪਰ ਫੜ ਕੇ ਤੁਰਦਾ ਬੋਲਿਆ, ' ਚੰਗਾ ਪਿੰਡ ਵਾਸੀਓ... ਵਸਦੇ ਰਹੋ। ਸਾਧ ਤਾਂ ਚਲਦੇ ਹੀ ਭਲੇ ਹੁੰਦੇ ਆ।'

ਲੋਕ ਹੈਰਾਨ ਹੋ ਕੇ ਉਸ ਵੱਲ ਦੇਖਣ ਲੱਗੇ। ਸਾਧ ਨੇ ਤਾਂ ਜਾਣ ਬਾਰੇ ਕੋਈ ਗੱਲ ਪਹਿਲਾਂ ਦੱਸੀ ਹੀ ਨਹੀਂ ਸੀ। ਅਚਾਨਕ ਹੀ ਲੋਕਾਂ ਨੇ ਜੋ ਦੇਖਿਆ, ਸਭ ਦੇ ਦੰਦ ਜੁੜ ਗਏ । ਪ੍ਰੀਤਮਾ ਭੀੜ' ਚੋਂ ਦੌੜੀ ਆਈ ਤੇ ਸਾਧ ਨੂੰ ਚੁੰਬੜ ਕੇ ਚੀਕਾਂ ਮਾਰਨ ਲੱਗ ਪਈ, 'ਮੈਨੂੰ ਨਾਲ਼ ਲੈ ਕੇ ਜਾਓ। ਮੈਂ ਤੁਹਾਡੇ ਨਾਲ਼ ਜਾਵਾਂਗੀ। ਨਹੀਂ ਲੈ ਕੇ ਜਾਓਗੇ, ਮੈਂ ਨਹਿਰ' ਚ ਡੁੱਬ ਮਰਾਂਗੀ।'

ਸਾਧ ਨੇ ਉਸ ਨੂੰ ਮੋਢਿਆਂ ਤੋਂ ਫੜ ਕੇ ਪਿੱਛੇ ਕੀਤਾ ਤੇ ਭੀੜ ਵੱਲ ਨਜ਼ਰਾਂ ਘੁਮਾ ਕੇ ਅੱਖਾਂ ਭਰਦਾ ਬੋਲਿਆ, 'ਮੈਨੂੰ ਮਰੇ ਹੋਏ ਨੂੰ ਹੋਰ ਨਾ ਮਾਰ ਭੈਣ ਮੇਰੀਏ। ਮੈਂ ਤਾਂ ਆਪ ਵਕਤ ਦਾ ਸਤਾਇਆ ਹੋਇਆ ਠੋਕਰਾਂ ਖਾਂਦਾ ਘੁੰਮ ਰਿਹਾ ਹਾਂ। ਤੂੰ ਕੀ ਕਰੇਂਗੀ ਮੇਰੇ ਨਾਲ਼ ਜਾ ਕੇ? ਸੰਭਲ ਜਾ ਮੇਰੀ ਭੈਣ ਬਣ ਕੇ। ਮੈਂ ਫਿਰ ਆਵਾਂਗਾ।'

ਹੈਰਾਨ-ਪਰੇਸ਼ਾਨ ਪ੍ਰੀਤਮਾ ਪਹਿਲਾਂ ਡੁਬਡੁਬਾਈਆਂ ਅੱਖਾਂ ਨਾਲ਼ ਉਸ ਵੱਲ ਝਾਕਦੀ ਰਹੀ। ਫਿਰ ਭੁੰਜੇ ਬੈਠ ਕੇ ਗੋਡਿਆਂ ਵਿਚ ਆਪਣਾ ਸਿਰ ਦੇ ਲਿਆ। ਸਾਧ ਉਸ ਦਾ ਸਿਰ ਪਲੋਸ ਕੇ ਤੁਰ ਗਿਆ। ਪਿੰਡ ਦੇ ਕਈ ਮੁੰਡੇ ਉਹਦੇ ਮਗਰ ਮਗਰ ਗਏ। ਅਗਲੇ ਦਿਨ ਸਕੂਲ ਜਾਂਦਿਆਂ ਸਰੂਪ ਨੇ ਸਾਰਿਆਂ ਨੂੰ ਇਹ ਗੱਲ ਦੱਸੀ ਕਿ ਪਿਆਰ ਵਿਚ ਨਾਕਾਮੀ ਮਿਲਣ ਤੇ ਉਸ ਸਾਧ ਨੇ ਆਪਣਾ ਹੀ ਲਿੰਗ ਚਾਕੂ ਨਾਲ਼ ਵੱਢ ਦਿੱਤਾ ਸੀ। ਇਹ ਗੱਲ ਸਾਧ ਨੇ ਚਮਕੌਰ ਦੇ ਪੁਲ਼ ਤੱਕ ਉਸ ਨਾਲ਼ ਗਏ ਮੁੰਡਿਆਂ ਨੂੰ ਦੱਸੀ ਸੀ।

**00**

## ਅਠਾਰਾਂ

ਭਾਗਵੰਤੀ ਆਪਣੀ ਦਿਹਾੜੀ ਉੱਤੇ ਸੂਰਜ ਦੀ ਟਿੱਕੀ ਚੜ੍ਹਨ ਸਾਰ ਹੀ ਨਿਕਲ਼ ਜਾਇਆ ਕਰਦੀ ਸੀ। ਉਹ ਆਪਣੇ ਮੁੰਡਿਆਂ ਦੀ ਹਾਜ਼ਰੀ ਬਣਾ ਕੇ ਛਾਬੇ ਵਿਚ ਰੱਖ ਜਾਇਆ ਕਰਦੀ ਸੀ। ਤੀਜੇ ਪਹਿਰ ਖੇਤਾਂ ਦੀਆਂ ਡੌਲ਼ਾਂ ਜਾਂ ਸ਼ਾਮਲਾਤ ਵਿੱਚੋਂ ਘਾਹ ਖੋਤਣ ਲਈ ਦੁਖੀ ਆਪਣੀ ਨਾਨੀ ਨਾਲ਼ ਜਾਇਆ ਕਰਦਾ ਸੀ। ਚਿੰਦੀ ਆਪਣੀ ਪੰਡ ਦੇ ਨਾਲ਼ ਨਾਲ਼ ਦੁਖੀ ਦੀ ਛੋਟੀ ਪੰਡ ਵੀ ਬੰਨ੍ਹ ਦਿੰਦੀ। ਉਹ ਕਈ ਵਾਰ ਮੌਕਾ ਤਾੜ ਕੇ ਕਿਸੇ ਖੇਤ ਵਿੱਚੋਂ

ਬਰਸੀਮ, ਸੇਂਜੀ ਚਰ੍ਹੀ ਜਾਂ ਆਗ ਵੱਢ ਕੇ ਆਪਣੇ ਕੱਖਾਂ ਵਿਚ ਛੁਪਾ ਲੈਂਦੀ। ਦੁਖੀ ਉਸ ਨਾਲ਼ ਮਾੜਾ ਮੋਟਾ ਕੰਮ ਹੀ ਕਰਵਾਉਂਦਾ। ਸਾਲ ਭਰ ਹੀ ਖਾਣ ਦੀ ਕੋਈ ਨਾ ਕੋਈ ਚੀਜ਼ ਖੇਤਾਂ ਵਿਚ ਹੁੰਦੀ ਹੀ ਸੀ। ਉਹ ਕਿਸੇ ਇੱਖ ਵਿਚ ਵੜਕੇ ਗੰਨੇ ਪੁੱਟ ਲੈਂਦਾ ਤੇ ਚੂਪਦਾ ਰਹਿੰਦਾ। ਖੇਤਾਂ ਦੀਆਂ ਡੌਲਾਂ ਤੋਂ ਗਾਜਰਾਂ ਮੂਲ਼ੀਆਂ ਜਾਂ ਸ਼ਲਗਮਾਂ ਪੁੱਟਕੇ ਖਾਲ਼ਾਂ ਵਿਚ ਸੇਮ ਦੇ ਚਲਦੇ ਪਾਣੀ ਨਾਲ਼ ਧੋ ਕੇ ਖਾਂਦਾ ਰਹਿੰਦਾ। ਖੇਤਾਂ ਦੇ ਲਾਗੇ ਹੀ ਝਾੜੀਆਂ ਤੋਂ ਬੇਰ ਵੀ ਤੋੜ ਲਿਆਉਂਦਾ। ਪੰਚਾਇਤ ਵੱਲੋਂ ਇਹ ਮਤਾ ਪਾਸ ਕੀਤਾ ਹੁੰਦਾ ਕਿ ਚਮਕੌਰ ਦੀ ਸਭਾ ਤੋਂ ਪਹਿਲਾਂ, ਭਾਵ ਛੇ ਪੋਹ ਤੋਂ ਪਹਿਲਾਂ ਜੇ ਕੋਈ ਗੰਨੇ ਪੁੱਟਦਾ ਜਾਂ ਚੂਪਦਾ ਫੜਿਆ ਜਾਵੇਗਾ, ਉਸ ਨੂੰ ਡੰਨ ਲੱਗੇਗਾ। ਇੱਖ ਦਾ ਮਾਲਕ ਵੀ ਇਸੇ ਕਾਨੂੰਨ ਤਹਿਤ ਆਉਂਦਾ ਸੀ, ਪਰ ਉਹ ਛੁਪਕੇ ਗੰਨੇ ਪੁੱਟਦੇ ਤੇ ਖੇਤ ਦੇ ਅੰਦਰ ਹੀ ਬੈਠ ਕੇ ਚੂਪ ਲੈਂਦੇ। ਗੰਨਿਆਂ ਦੇ ਟੋਟੇ ਕਰ ਕੇ ਚਿੰਦੀ ਕੱਖਾਂ ਦੀ ਪੰਡ ਵਿਚ ਛੁਪਾ ਕੇ ਘਰ ਲੈ ਜਾਂਦੀ। ਰਾਤ ਨੂੰ ਸਾਰੇ ਘਰ' ਚ ਬੈਠ ਗੰਨੇ ਚੂਪਦੇ ਤਾਂ ਉਹ ਟੋਕਦੀ, 'ਚੰਦਰਿਓ ਹੌਲ਼ੀ ਹੌਲ਼ੀ ਚੂਪੋ! ਸੜ੍ਹਾਕੇ ਕਿਉਂ ਮਾਰੀ ਜਾਂਦੇ ਹੋ?'

ਪਿੰਡ ਦਾ ਰਾਖਾ ਆਪ ਗਰੀਬ ਸੀ। ਉਹ ਕਛਹਿਰਾ ਤੇ ਖੱਦਰ ਦਾ ਲੰਬਾ ਝੱਗਾ ਪਾਈ, ਸਿਰ ਤੇ ਮੰਢਾਸਾ ਮਾਰੀ, ਮੋਢੇ ਤੇ ਡਾਂਗ ਚੁੱਕੀ, ਨੰਗੇ ਪੈਰੀਂ ਵੱਡੀਆਂ ਵੱਡੀਆਂ ਡਿੰਘਾਂ ਪੁੱਟਦਾ ਪਸ਼ੂਆਂ, ਜੰਗਲੀ ਜਾਨਵਰਾਂ ਅਤੇ ਬੰਦਿਆਂ ਤੋਂ ਖੇਤਾਂ ਦੀ ਰਾਖੀ ਕਰਦਾ। ਕਿਸੇ ਟਾਹਲੀ ਤੇ ਚੜ੍ਹ ਕੇ ਚਾਰੇ ਪਾਸੇ ਨਿਗਾਹ ਘੁਮਾਉਂਦਾ ਤੇ ਲੋੜ ਅਨੁਸਾਰ ਕਿਸੇ ਵੀ ਪਾਸੇ ਨਿਕਲ਼ ਜਾਂਦਾ। ਉਸ ਨੂੰ ਹਾੜ੍ਹੀ-ਸਾਉਣੀ ਪਿੰਡ ਵਾਲ਼ੇ ਦਾਣੇ ਦਿੰਦੇ। ਉਹ ਔਰਤਾਂ ਦੀਆਂ ਘਾਹ ਦੀਆਂ ਪੰਡਾਂ ਦੀ ਤਲਾਸ਼ੀ ਲੈਣ ਤੱਕ ਜਾਂਦਾ ਕਿ ਕਿਸੇ ਨੇ ਗੰਨਿਆਂ ਦੇ ਟੋਟੇ ਕਰ ਕੇ ਵਿਚ ਨਾ ਛੁਪਾਏ ਹੋਣ। ਕਿਸੇ ਨੇ ਆਗ ਨਾ ਵੱਢ ਲਏ ਹੋਣ। ਦੁਖੀ ਦੀ ਨਾਨੀ ਨੂੰ ਉਹ ਕਹਿੰਦਾ, 'ਅੰਮਾਂ, ਲੈਜਾ ਤੂੰ ਗੰਨੇ ਟੋਟੇ ਕਰਕੇ ਬੱਚਿਆਂ ਲਈ, ਪਰ ਖਿਆਲ ਰੱਖੀਂ ਛਿਲਕ ਕੂੜੇ ਦੇ ਢੇਰ ਦੇ ਹੇਠ ਦੱਬ ਦੇਣੇ ਨੇ।'

ਬਸ਼ੀਰ ਅਤੇ ਦੁਖੀ ਨੂੰ ਵੀ ਉਹ ਬੜਾ ਪਿਆਰ ਕਰਦਾ ਤੇ ਕਹਿੰਦਾ, 'ਇੱਖ ਦੇ ਗੱਭੇ ਬੈਠ ਕੇ ਚੂਪ ਲਉ ਗੰਨੇ। ਇਨ੍ਹਾਂ ਸੈਣੀਆਂ ਨੇ ਤਾਂ ਰੋਂਦੇ ਹੀ ਰਹਿਣਾ ਏਂ।'

ਘਾਹ ਖੋਤਦੀ ਚਿੰਦੀ ਨੂੰ ਕੋਈ ਚਿੱਭੜ ਭੰਬੋਲਾ ਲੱਭ ਪੈਂਦਾ ਤਾਂ ਉਹ ਦੁਖੀ ਨੂੰ ਹਾਕ ਮਾਰਦੀ। 'ਆਈਂ ਵੇ ਦੁਖੀ ਦੌੜ ਕੇ।'

'ਸੱਪ ਆ?' ਦੁਖੀ ਪੁੱਛਦਾ।

'ਵੇ ਟੁੱਟ ਪੈਣਿਆਂ ਚਿੱਭੜ ਏ ਚਿੱਭੜ।'

ਲਲਤਾ ਘਨੱਈਏ ਨੂੰ ਜੋ ਵੀ ਗੱਲ ਕਹਿੰਦੀ 'ਮ੍ਹਾਰਾਜ ਜੀ' ਕਹਿ ਕੇ ਸ਼ੁਰੂ ਕਰਦੀ। ਉਹ ਨਿੱਤ ਸਵੇਰੇ ਉੱਠ ਕੇ ਉਹਦੇ ਪੈਰਾਂ ਵਿਚ ਮੱਥਾ ਟੇਕਦੀ। ਘਨ੍ਹੱਈਆ ਜੋ ਆਖ ਦਿੰਦਾ, ਉਸ ਲਈ 'ਰੱਬੀ ਹੁਕਮ' ਹੁੰਦਾ। ਦੁਖੀ ਦੀ ਨਾਨੀ ਦੀ ਵੀ ਘਰ ਵਿਚ ਪੂਰੀ ਚਲਦੀ ਸੀ। ਉਹ ਆਪਣੀ ਨੂੰਹ ਲਲਤਾ ਤੇ ਪੂਰਾ ਕੰਟਰੋਲ ਰੱਖਦੀ ਤੇ ਝਿੜਕ ਵੀ ਦਿੰਦੀ। ਕਈ ਵਾਰੀ ਉਹ ਘਨ੍ਹੱਈਏ ਦੀ ਗੈਰਹਾਜ਼ਰੀ ਵਿਚ ਤੂੰ-ਤੂੰ, ਮੈਂ-ਮੈਂ ਵੀ ਹੋ ਜਾਂਦੀਆਂ। ਹਾਰ ਕੇ ਚਿੰਦੀ ਕਹਿੰਦੀ, 'ਆਹ ਲੈ ਤੇਰੇ ਮੂਹਰੇ ਬੰਨ੍ਹੇ ਹੱਥ। ਚੁੱਪ ਕਰਜਾ ਹੁਣ।' ਉਹ ਦੋਨੋਂ ਹੀ ਘਨ੍ਹੱਈਏ ਕੋਲ਼ ਕਦੀ ਕੋਈ ਸ਼ਿਕਾਇਤ ਨਾ ਕਰਦੀਆਂ।

ਹਰੀਵੰਸ਼ ਅਤੇ ਬੇਅੰਤ ਦੀ ਨਿੱਤ ਤੀਜੇ ਪਹਿਰ ਬਾਲਣ ਲਿਆਉਣ ਦੀ ਡਿਊਟੀ ਹੁੰਦੀ। ਬਾਲਣ ਵੀ ਕਈ ਕਿਸਮਾਂ ਦਾ ਹੁੰਦਾ। ਜਦੋਂ ਇੱਖ ਵੱਢੇ ਜਾਂਦੇ ਗਲ਼ੇ ਅਤੇ ਸੁੱਕੇ ਗੰਨੇ ਇਕੱਠੇ ਕਰ ਕੇ ਲਿਆਉਂਦੇ। ਖੰਜੂਰਾਂ ਦੇ ਖੱਗੇ ਤੋੜਨ ਲਈ ਉਹ ਆਪਣੇ ਨਾਲ਼ ਲੰਬੇ ਬਾਂਸ ਵਾਲ਼ੀ ਬਾਂਕ ਲੈ ਜਾਂਦੇ। ਉਹ ਖੱਗਿਆਂ ਦੀਆਂ ਭਰੀਆਂ ਚੁੱਕ ਲਿਆਉਂਦੇ। ਕਈ ਵਾਰੀ ਪਤਾ ਹੀ ਨਾ ਲਗਦਾ ਕਿ ਕਦੋਂ ਖੱਗਿਆਂ ਦੇ ਲੰਬੇ ਕੰਡੇ ਉਨ੍ਹਾਂ ਦੇ ਸਿਰਾਂ ਵਿਚ ਖੁਭ ਕੇ ਲਹੂ-ਲੁਹਾਣ ਕਰ ਦਿੰਦੇ। ਕਈ ਵਾਰ ਬਾਂਕ ਨਾਲ਼ ਖਿੱਚਿਆ ਖੱਗਾ ਸਿੱਧਾ ਮੂੰਹ ਨੂੰ ਪੈਂਦਾ। ਘਨ੍ਹੱਈਆ ਸਵੇ ਰੇ ਸਵੇਰੇ ਪਹਾੜੀ ਕਿੱਕਰਾਂ ਦੀਆਂ ਹਰੀਆਂ ਝਿੰਙਾਂ ਵੱਢਣ ਲਈ ਆਪਣੇ ਭਾਣਜਿਆਂ ਨੂੰ ਨਾਲ਼ ਲੈ ਜਾਂਦਾ। ਉਹ ਟਿੱਬੇ ਉੱਤੇ ਵਗਲੇ ਵਾੜੇ ਵਿਚ ਝਿੰਙਾਂ ਦੇ ਪਹਾੜ ਚਿਣੀ ਜਾਂਦੇ। ਸਵੇਰ ਵੇ ਲ਼ੇ ਪਿੱਪਲੀ ਹੇਠ ਮਾਲ ਖੜ੍ਹਦਾ ਤਾਂ ਭਾਗਵੰਤੀ ਤੇ ਉਹਦੀ ਮਾਂ ਡੰਗਰਾਂ ਦਾ ਗੋਹਾ ਇਕੱਠਾ ਕਰ ਲੈਂਦੀਆਂ ਤੇ ਟਿੱਬੇ ਉੱਤੇ ਪਾਥੀਆਂ ਪੱਥ ਕੇ ਆਉਂਦੀਆਂ।

ਸਲਾਹਪੁਰ ਪਿੰਡ ਦਾ ਇਕ ਰਿਟਾਇਰਡ ਸੂਬੇਦਾਰ ਲਖਵੀਰ ਸਿੰਘ ਆਗਰੇ ਇਕ ਫੈਕਟਰੀ ਵਿਚ ਨੌਕਰੀ ਕਰਦਾ ਸੀ। ਉਹ ਨਿਹੰਗਾਂ ਦੇ ਲਾਣੇ ਵਿੱਚੋਂ ਸੀ ਤੇ ਉਸ ਦਾ ਸਾਰਾ ਟੱਬਰ ਵੀ ਆਗਰੇ ਹੀ ਰਹਿੰਦਾ ਸੀ। ਜਦੋਂ ਉਹ ਪਿੰਡ ਮਿਲਣ ਆਇਆ ਤਾਂ ਰਾਮ ਚੰਦ ਵੀ 'ਵਾਇਰਲੈਸ ਮਕੈਨਿਕ' ਦਾ ਕੋਰਸ ਪੂਰਾ ਕਰਨ ਮਗਰੋਂ ਬੰਬਈ ਤੋਂ ਆ ਗਿਆ ਸੀ। ਉਹ ਕਿਸੇ ਨੌਕਰੀ ਦੀ ਤਲਾਸ਼ ਵਿਚ ਸੀ। ਸੂਬੇਦਾਰ ਉਸਨੂੰ ਆਪਣੇ ਨਾਲ਼ ਆਗਰੇ ਲੈ ਗਿਆ। ਸੂਬੇਦਾਰ ਦੀ ਸਿਫਾਰਿਸ਼ ਹੀ ਸੀ ਕਿ ਉਸ ਨੂੰ 'ਕੇਂਦਰੀ ਅਸਲਾ ਡੀਪੂ' ਵਿਚ ਵਾਇਰਲੈਸ ਮਕੈਨਿਕ ਦੀ ਸਰਕਾਰੀ ਨੌਕਰੀ ਮਿਲ ਗਈ। ਇਸ ਨੌਕਰੀ ਬਾਰੇ ਲਖਵੀਰ ਸਿੰਘ ਨੇ ਬਹੁਤ ਵਧਾ ਚੜ੍ਹਾ ਕੇ ਘਨ੍ਹੱਈਏ ਨੂੰ ਖ਼ਤ ਪਾਇਆ ਤਾਂ ਉਸ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਉਸ ਨੇ ਹਰ ਕਿਸੇ ਨੂੰ ਉਹ ਚਿੱਠੀ ਪੜ੍ਹ ਕੇ ਸੁਣਾਈ। ਆਉਂਦੀ ਸੰਗਰਾਂਦ ਉਹ ਗੁਰਦੁਆਰੇ ਗਿਆ ਤੇ ਇਹ ਕਹਿ ਕੇ ਆਪਣੇ ਕੋਲੋਂ ਹੀ ਪੰਜਾਹ ਰੁਪਏ ਦੀ ਅਰਦਾਸ ਕਰਵਾ ਦਿੱਤੀ ਕਿ ਮੁੰਡੇ ਨੇ ਪਹਿਲੀ ਤਨਖਾਹ' ਚੋਂ ਇਹ ਰੁਪਏ ਭੇਜੇ ਸਨ। ਪੰਜਾਹ ਰੁਪਏ ਬਹੁਤ ਵੱਡੀ ਰਕਮ ਸੀ। ਲੋਕ ਅਸ਼-ਅਸ਼ ਕਰ ਉੱਠੇ। ਇਹ ਰਕਮ ਘਨ੍ਹੱਈਏ ਨੇ ਕਈ ਮਹੀਨਿਆਂ ਵਿਚ ਜੋੜੀ ਹੋਵੇਗੀ। ਇਸ ਗੱਲ ਦੀ ਚਰਚਾ ਹੋਣ ਕਰਕੇ ਰਾਮ ਚੰਦ ਲਈ ਰਿਸ਼ਤੇ ਆਉਣੇ ਸ਼ੁਰੂ ਹੋ ਗਏ ।

ਇਹ ਸਭਨਾ ਲਈ ਅਚੰਭੇ ਵਾਲ਼ੀ ਗੱਲ ਸੀ ਕਿ ਇਕ ਚਿੱਟੀ ਦਾਹੜੀ ਤੇ ਪਗੜੀ ਵਾਲ਼ਾ ਬਜ਼ੁਰਗ ਬੰਦਾ ਰਾਮ ਚੰਦ ਨੂੰ ਦੇਖਣ ਲਈ ਆਗਰੇ ਪਹੁੰਚ ਗਿਆ, ਜਿੱਥੇ ਉਹ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਉਹ ਬੰਦਾ ਪਟਿਆਲੇ ਲਾਗੇ ਕਿਸੇ ਪਿੰਡ ਵਿਚ ਸੁਨਿਆਰਾ ਕੰਮ ਕਰਦਾ ਸੀ ਤੇ ਆਪਣੀ ਧੀ ਲਈ ਕਿਸੇ ਸਿੱਖ ਮੁੰਡੇ ਦੀ ਚਿਰਾਂ ਤੋਂ ਤਲਾਸ਼ ਵਿਚ ਸੀ। ਜਦੋਂ ਉਹ ਰਾਮ ਚੰਦ ਕੋਲ਼ ਪੁੱਜਾ, ਉਹ ਸਟੋਵ ਉੱਤੇ ਸਬਜ਼ੀ ਬਣਾਉਣ ਮਗਰੋਂ ਰੋਟੀਆਂ ਪਕਾ ਰਿਹਾ ਸੀ। ਉਸ ਨੇ ਆਪਣੇ ਆਉਣ ਦਾ ਮਕਸਦ ਦੱਸਿਆ ਤਾਂ ਰਾਮ ਚੰਦ ਨੇ ਉਸ ਨੂੰ ਸਤਿਕਾਰ ਨਾਲ਼ ਬਿਠਾਇਆ ਤੇ ਉਸ ਲਈ ਵੀ ਰੋਟੀ ਬਣਾ ਦਿੱਤੀ। ਉਸ ਨੇ ਰੋਟੀ ਖਾਧੀ ਹੋਣ ਦਾ ਬਹਾਨਾ ਮਾਰਿਆ, ਪਰ ਰਾਮ ਚੰਦ ਮੰਨਿਆਂ ਹੀ ਨਾ। ਮੁੰਡਾ ਤਾਂ ਉਸ ਨੂੰ ਪਹਿਲੀ ਨਜ਼ਰੇ ਹੀ ਪਸੰਦ ਆ ਗਿਆ ਸੀ। ਉਸ ਨੇ ਸ਼ਗਨ ਵਜੋਂ ਰੁਪਿਆ ਵੀ ਦੇਣਾ ਚਾਹਿਆ ਪਰ

ਰਾਮ ਚੰਦ ਨੇ ਕਿਹਾ, 'ਸਰਦਾਰ ਸਾਹਬ, ਮੈਂ ਭਲਾਂ ਰੁਪਿਆ ਕਿਵੇਂ ਫੜ ਸਕਦਾ ਹਾਂ? ਬੱਚਿਆਂ ਦੇ ਵਿਆਹ ਬਜ਼ੁਰਗਾਂ ਨੇ ਕਰਨੇ ਹੁੰਦੇ ਨੇ। ਮੇਰੇ ਮਾਮਾ ਜੀ ਹੀ ਸਾਡੇ ਸਭ ਕੁਝ ਹਨ। ਤੁਸੀਂ ਚਾਹੋ ਤਾਂ ਉਨ੍ਹਾਂ ਨੂੰ ਮਿਲ ਸਕਦੇ ਹੋ।'

'ਠੀਕ ਏ ਤੁਸੀਂ ਉਨ੍ਹਾਂ ਨੂੰ ਖ਼ਤ ਪਾ ਦਿਓ। ਮੈਂ ਅਗਲੇ ਸੋਮਵਾਰ ਉਨ੍ਹਾਂ ਨੂੰ ਮਿਲ ਲਵਾਂਗਾ।' ਉਹ ਬੋਲਿਆ।

ਰਾਮ ਚੰਦ ਉਸ ਨੂੰ ਆਪਣੇ ਸਾਇਕਲ ਉੱਤੇ ਰਾਜਾ ਕੀ ਮੰਡੀਂ ਸਟੇਸ਼ਨ ਤੋਂ ਰਾਜਪੁਰੇ ਦੀ ਗੱਡੀ ਚੜ੍ਹਾ ਆਇਆ। ਪੇਠੇ ਅਤੇ ਦਾਲ਼ਮੋਠ ਦੇ ਦੋ ਡੱਬੇ ਵੀ ਉਸ ਨੇ ਬਜ਼ੁਰਗ ਨੂੰ ਸੁਗਾਤ ਵਜੋਂ ਦਿੱਤੇ। ਸੋਮਵਾਰ ਨੂੰ ਤਾਂ ਅਜੇ ਹਫ਼ਤਾ ਪਿਆ ਸੀ ਰਾਮ ਚੰਦ ਨੇ ਸਾਰੀ ਗੱਲਬਾਤ ਲਿਖ ਕੇ ਘਨ੍ਹੱਈਏ ਨੂੰ ਚਿੱਠੀ ਲਿਖ ਦਿੱਤੀ। ਇਹ ਵੀ ਕਹਿ ਦਿੱਤਾ ਕਿ ਉਹ ਸਿੱਖ ਹਨ ਸਿਗਰਟ ਤਮਾਖੂ ਹੁੱਕਾ ਘਰ' ਚ ਨਜ਼ਰ ਨਾ ਆਉਣ।

ਘਨੱਈਏ ਨੂੰ ਚਿੱਠੀ ਮਿਲੀ ਤਾਂ ਉਹ ਖੁਸ਼ ਹੋ ਗਿਆ। ਭਾਗਵੰਤੀ ਤੇ ਉਹਦੀ ਮਾਂ ਨੇ ਗੋਹੇ-ਮਿੱਟੀ ਨਾਲ਼ ਸਾਰਾ ਘਰ ਲਿੱਪਿਆ। ਮਹਿਮਾਨਾਂ ਲਈ ਘਨ੍ਹੱਈਆ ਮਠਿਆਈ ਲੈਕੇ ਆਇਆ। ਸੋਮਵਾਰ ਨੂੰ ਦੁਪਹਿਰ ਤੋਂ ਪਹਿਲਾਂ ਹੀ ਤਿੰਨ ਬੰਦੇ ਸਲਾਹਪੁਰ ਉਨ੍ਹਾਂ ਦੇ ਘਰ ਪਹੁੰਚ ਗਏ। ਨਿੱਕਾ ਜਿਹਾ ਕੱਚਾ ਘਰ, ਜਿਸ ਦੀਆਂ ਕੰਧਾਂ ਨੂੰ ਖੋਰੇ ਤੋਂ ਬਚਾਉਣ ਲਈ ਮੂਹਰੇ ਛਪਰੀਆਂ ਲਟਕ ਰਹੀਆਂ ਸਨ, ਦੇਖ ਕੇ ਬਜ਼ੁਰਗ ਦਾ ਮਨ ਬੁਝ ਗਿਆ। ਘਨ੍ਹੱਈਆ ਰਾਮ ਨੇ ਉਨ੍ਹਾਂ ਤਿੰਨਾਂ ਨੂੰ ਹੱਟੀ ਵਿਚ ਕੁਰਸੀਆਂ ਤੇ ਬਿਠਾਇਆ। ਦੋ ਕੁਰਸੀਆਂ ਉਹ ਕਿਸੇ ਤੋਂ ਮੰਗ ਲਿਆਇਆ ਸੀ। ਉਸ ਨੇ ਹੁੱਕਾ ਪਹਿਲਾਂ ਹੀ ਹੱਟੀ' ਚੋਂ ਚੁਕਵਾ ਦਿੱਤਾ ਸੀ। ਬਹਿੰਦੇ ਸਾਰ ਬਜ਼ੁਰਗ ਬੋਲਿਆ, 'ਕੁੜੀ ਤਾਂ ਮੈਂ ਵਿਆਹ ਦਿੰਦਾ, ਪਰ ਰਹੂ ਕਿੱਥੇ?'

'ਮ੍ਹਾਰਾਜ ਜੀ, ਕੁੜੀ ਰਹੂ ਆਗਰੇ ਸ਼ਹਿਰ ਵਿਚ। ਮੁੰਡੇ ਨੂੰ ਸਰਕਾਰੀ ਨੌਕਰੀ ਮਿਲ ਗਈ ਏ। ਪਿੰਡ' ਚ ਵੀ ਬਣਾ ਲਵੇਗਾ ਮਕਾਨ ਕਿਸੇ ਦਿਨ।'

ਬਜ਼ੁਰਗ ਨੂੰ ਸਾਰੀ ਗੱਲ ਤਾਂ ਭਾਵੇਂ ਪਹਿਲਾਂ ਹੀ ਪਤਾ ਲੱਗ ਚੁੱਕੀ ਸੀ, ਫਿਰ ਵੀ ਉਹ ਬੋਲਿਆ, 'ਲਾਲਾ ਜੀ, ਇਹ ਤੁਹਾਡੀ ਭੈਣ, ਤੁਹਾਡੇ ਕੋਲ਼ ਕਿਉਂ ਰਹਿੰਦੀ ਹੈ?'

'ਮਹਿਲਾਂ ਵਿਚ ਰਾਜ ਕਰਨ ਵਾਲ਼ੀ ਮੇਰੀ ਭੈਣ ਨੂੰ ਰੱਬ ਨੇ ਭੁੰਜੇ ਪਟਕਾ ਮਾਰਿਆ ਸੀ। ਉਹ ਵਿਧਵਾ ਹੋ ਕੇ ਕੀ ਤੋ ਕੀ ਬਣ ਗਈ। ਦਾਤੇ ਦੀਆਂ ਲਿਖੀਆਂ ਨੂੰ ਕੌਣ ਜਾਣਦਾ ਏ ਸਰਦਾਰ ਜੀ। ਸੁਲਤਾਨੋ ਘਾਹੀ ਤੇ ਘਾਹੀ ਤੋਂ ਸੁਲਤਾਨ ਉਹਦੇ ਹੁਕਮ ਨਾਲ਼ ਹੀ ਬਣਦੇ ਨੇ। ਕਦੀ ਭੈਣ ਕੋਲ਼ ਸੋਨੇ ਦੀਆਂ ਇੱਟਾਂ ਸੁਣੀਦੀਆਂ ਸਨ। ਐਸਾ ਥਪੇੜਾ ਮਾਰਿਆ ਮੇਰੇ ਸਾਈਂ ਨੇ ਕਿ ਮੇਰੇ ਵਰਗੇ ਗਰੀਬ ਬੰਦੇ ਦੀ ਸ਼ਰਨ ਲੈਣੀ ਪਈ ਵਿਚਾਰੀ ਨੂੰ। ਹੁਣ ਹੀਰਿਆਂ ਵਰਗੇ ਮੁੰਡੇ ਨੇ ਚਾਰ। ਸਰਦਾਰ ਸਾਹਬ ਤੁਸੀਂ ਦੇਖੋਗੇ ਇਕ ਦਿਨ ਮੇਰੀ ਭੈਣ ਨੂੰ ਮੁੜ ਰਾਜ ਭਾਗ ਮਿਲ ਜਾਣਾ ਏਂ।'

ਘਨ੍ਹੱਈਆ ਰਾਮ ਦੀਆਂ ਗੱਲਾਂ ਸੁਣ ਕੇ ਬਜ਼ੁਰਗ ਭਾਵਕ ਹੋ ਗਿਆ। ਉਹ ਬੋਲਿਆ, 'ਤੁਹਾਡੀ ਕੋਈ ਮੰਗ ਲਾਲਾ ਜੀ।'

'ਰੱਬ ਰੱਬ ਜੀ... ਮੰਗ ਕੇ ਲੈਣ ਵਾਲ਼ਿਆਂ ਦੇ ਮੂੰਹ' ਚ ਕੀੜੇ ਪੈਣ। ਤਿੰਨ ਕੱਪੜਿਆਂ' ਚ ਲੈ ਆਵਾਂਗੇ ਆਪਣੀ ਨੂੰਹ। ਬੱਸ ਇੱਕੋ ਇਕ ਸ਼ਰਤ ਏ ਸਾਡੀ। ਦੁਖ ਨਿਵਾਰਨ

ਗੁਰਦੁਆਰੇ ਆ ਜਾਵੇ ਉਹ। ਤੁਸੀਂ ਆਪਣੀ ਧੀ ਦਾ ਮੇਲ ਕਰਵਾ ਦਿਓ ਮੇਰੀ ਭੈਣ ਨਾਲ਼।' ਘਨੱਈਏ ਨੇ ਦੱਸਿਆ।

ਅਗਲੇ ਹਫ਼ਤੇ ਗੁਰਦੁਆਰੇ ਵਿਚ ਹੀ ਮੇਲ ਹੋ ਗਿਆ। ਭਾਗਵੰਤੀ ਐਨੀ ਸੁਹਣੀ ਨੂੰਹ ਦੇਖ ਕੇ ਖਿੜ ਗਈ। ਉਸ ਦਾ ਨਾਂ ਜਿੰਦਰ ਸੀ। ਕੁੜੀ ਦੇ ਪਿਓ ਲਹਿੰਬਰ ਸਿੰਘ ਨੇ ਚਾਂਦੀ ਦਾ ਰੁਪਿਆ ਘਨੱਈਏ ਨੂੰ ਫੜਾ ਕੇ ਕਿਹਾ, 'ਲਾਲਾ ਜੀ, ਮੁੰਡਾ ਸਾਡਾ ਹੋ ਗਿਆ।'

**00**

# ਉਂਨੀ

ਜਦੋਂ ਰਾਮ ਚੰਦ ਦਾ ਮੁਕਲਾਵਾ ਆਇਆ ਤਾਂ ਦੁਖੀ ਸੱਤਵੀਂ ਜਮਾਤ ਚੜ੍ਹ ਗਿਆ ਸੀ। ਖਾਲਸਾ ਸਕੂਲ ਦੇ ਛੋਟੇ ਗੇਟ ਵੱਲ ਛੰਨਾਂ ਵਾਲ਼ੇ ਤਿੰਨ ਕੱਚੇ ਕਮਰੇ ਸਨ, ਜਿਨ੍ਹਾਂ ਵਿਚ ਸੱਤਵੀਂ ਜਮਾਤ ਦੇ ਤਿੰਨੋਂ ਸੈਕਸ਼ਨ ਬੈਠਦੇ ਸਨ। ਇਹ ਕਮਰੇ ਕਾਫ਼ੀ ਠੰਡੇ ਸਨ ਤੇ ਇਨ੍ਹਾਂ ਵਿਚ ਚਿੜੀਆਂ ਦੇ ਬੇਸ਼ੁਮਾਰ ਆਲ੍ਹਣੇ ਸਨ। ਚਿੜੇ-ਚਿੜੀਆਂ ਆਪਣੇ ਨਿੱਕੇ-ਨਿੱਕੇ ਬੱਚਿਆਂ ਨੂੰ ਚੋਗਾ ਵੀ ਦਿੰਦੇ ਤੇ ਆਪਣੇ ਸ਼ਰੀਕਾਂ ਨਾਲ਼ ਲੜਾਈ ਵੀ ਕਰਦੇ। ਕਤਲਗੜ੍ਹ ਗੁਰਦੁਆਰੇ ਦੇ ਖੇਤਾਂ ਵੱਲ ਨੂੰ, ਬਿਨਾਂ ਸਰੀਆਂ ਵਾਲ਼ੀਆਂ ਖਿੜਕੀਆਂ ਖੁੱਲ੍ਹਦੀਆਂ, ਜਿੱਥੋਂ ਸਕੂਲੋਂ ਦੌੜਨ ਵਾਲ਼ੇ ਮੁੰਡੇ ਅਸਾਨੀ ਨਾਲ਼ ਛਾਲ਼ਾਂ ਮਾਰ ਜਾਂਦੇ ਤੇ ਪੀਰਡ ਕੱਟ ਕੇ ਉਸੇ ਰਾਹ ਵਾਪਸ ਆ ਜਾਂਦੇ। ਖੇਤਾਂ ਵਿੱਚੋਂ ਮੂਲ਼ੀਆਂ, ਸ਼ਲਗਮਾਂ ਤੇ ਟਮਾਟਰ ਬਗੈਰਾ ਵੀ ਲੈ ਆਉਂਦੇ। ਸਲਾਹਪੁਰ ਪਿੰਡ ਦੇ ਸੱਤਵੀ' ਚ ਪੜ੍ਹਦੇ ਮੁੰਡੇ ਏ ਸੈਕਸ਼ਨ ਵਿਚ ਹੀ ਸਨ। ਦੁਖੀ, ਬਸ਼ੀਰ ਤੇ ਭਾਗ ਨੇ ਵਿਚਕਾਰਲੀ ਲਾਈਨ ਵਿਚ ਦੂਜਾ ਡੈਸਕ ਮੱਲਿਆ ਹੋਇਆ ਸੀ। ਬਾਹਰ ਗਰਾਊਂਡ ਵਿਚ ਉਨ੍ਹਾਂ ਦੇ ਕਮਰੇ ਤੋਂ ਬਿਲਕੁਲ ਸਾਮ੍ਹਣੇ ਲੋਹੇ ਦੀਆਂ ਤਿੰਨ ਟੰਗਾਂ ਉੱਤੇ ਢੇਰਾ ਸਿੰਘ ਚਪੜਾਸੀ ਦੀ ਵੱਡੀ ਸਾਰੀ ਪਿੱਤਲ ਦੀ ਘੰਟੀ ਲਟਕਦੀ ਰਹਿੰਦੀ। ਮੁੰਡਿਆਂ ਦਾ ਧਿਆਨ ਉਸੇ ਵੱਲ ਲੱਗਿਆ ਰਹਿੰਦਾ। ਢੇਰਾ ਸਿੰਘ ਨੂੰ ਤੁਰਿਆ ਆਉਂਦਾ ਦੇਖ ਉਨ੍ਹਾਂ ਦੇ ਕੰਨ ਖੜ੍ਹੇ ਹੋ ਜਾਂਦੇ । ਇਕ ਦੂਜੇ ਦੇ ਹੁੱਜਾਂ ਮਾਰ ਕੇ ਸਾਰੇ ਮੁੰਡਿਆਂ ਤੱਕ ਢੇਰਾ ਸਿੰਘ ਦੇ ਆਉਣ ਦੀ ਖ਼ਬਰ ਪੁੱਜ ਜਾਂਦੀ। ਬਹੁਤੀ ਵਾਰੀ ਉਹ ਮੁੰਡਿਆਂ ਨੂੰ ਭੁਚਲਾਉਣ ਲਈ ਤੇਜ਼ ਤੇਜ਼ ਤੁਰਦਾ ਘੰਟੀ ਕੋਲ਼ ਪਹੁੰਚ ਜਾਂਦਾ। ਲੱਕੜ ਦਾ ਹਥੌੜਾ ਮੋਢੇ ਤੱਕ ਉੱਤੇ ਚੁੱਕ ਲੈਂਦਾ। ਉਸ ਨੂੰ ਦੇਖ ਕੇ ਦੌੜਨ ਲਈ ਸਾਰੇ ਮੁੰਡੇ ਪੱਬਾਂ ਭਾਰ ਹੋ ਜਾਂਦੇ ਪਰ ਉਹ ਘੰਟੀ ਵਜਾਉਂਦਾ ਹੀ ਨਾ। ਹਥੌੜਾ ਰੱਖ ਹੱਸਦਾ ਹੋਇਆ ਕਿਧਰੇ ਹੋਰ ਪਾਸੇ ਨੂੰ ਖਿਸਕ ਜਾਂਦਾ। ਕਿੰਨੀ ਚਲਦੀ ਸੀ ਢੇਰਾ ਸਿੰਘ ਚਪੜਾਸੀ ਦੀ। ਉਦੋਂ ਉਹ ਮਾਲਕ ਹੁੰਦਾ। ਜਿੰਨੀ ਦੇਰ ਘੰਟੀ ਨਾ ਮਾਰਦਾ, ਮੁੰਡੇ ਤੇ ਅਧਿਆਪਕਾਂ ਨੂੰ ਬੰਨ੍ਹੀ ਰੱਖਦਾ। ਜਿਵੇਂ ਉਹਦੇ ਹੁਕਮ ਬਿਨਾਂ ਪੱਤਾ ਨਾ ਹਿੱਲਦਾ ਹੋਵੇ। ਦੁਖੀ ਨੂੰ ਉਹਦੀ ਨੌਕਰੀ ਬੜੀ ਸ਼ਾਨਦਾਰ ਲੱਗਦੀ। ਉਸ ਦੇ ਮਨ ਵਿਚ ਅਕਸਰ ਇੱਛਾ ਜਾਗਦੀ ਕਿ ਵੱਡਾ ਹੋ ਕੇ ਜੇ ਉਸਨੂੰ ਕਦੀ ਉਹ ਨੌਕਰੀ ਮਿਲ ਜਾਵੇ ਤਾਂ ਹੋਰ ਕੀ ਚਾਹੀਦਾ ਸੀ। ਉਸ ਦੇ ਹਥੌੜਾ ਰੱਖਣ ਨਾਲ਼ ਭੱਜਣ ਦੇ ਮੂਡ ਵਿਚ ਆਏ ਮੁੰਡਿਆਂ ਦੀ ਜਿਵੇਂ ਫੂਕ ਨਿਕਲ਼ ਜਾਂਦੀ। ਸਾਰਾ ਜੋਸ਼ ਠੰਡਾ ਪੈ ਜਾਂਦਾ।

ਮੀਹਾਂ ਸਿੰਘ ਮਾਸਟਰ ਉਨ੍ਹਾਂ ਨੂੰ ਖੇਤੀਬਾੜੀ ਦਾ ਵਿਸ਼ਾ ਪੜ੍ਹਾਉਣ ਲੱਗਾ ਸੀ। ਉਸ ਦੀ ਇਕ ਭੈੜੀ ਆਦਤ ਸੀ ਕਿ ਥੋੜ੍ਹੇ ਥੋੜ੍ਹੇ ਚਿਰ ਮਗਰੋਂ ਉਹ ਖੰਘੂਰਾ ਮਾਰ ਕੇ ਖਿੜਕੀ ਵਿੱਚੋਂ ਥੁੱਕਣ ਜਾਂਦਾ ਹੁੰਦਾ। ਪਿੰਡ ਦੇ ਵੱਡੇ ਮੁੰਡੇ ਪਹਿਲਾਂ ਹੀ ਉਨ੍ਹਾਂ ਨੂੰ ਦੱਸਿਆ ਕਰਦੇ ਸਨ ਕਿ ਮੀਹਾਂ ਸਿੰਘ ਦੀ ਜਮਾਤ ਵਿਚ ਨਾ ਕਦੀ ਹੱਸਿਓ ਤੇ ਨਾ ਉਹਦੇ ਖੰਘੂਰੇ ਦੀ ਸਾਂਗ ਲਾਇਓ। ਇਕ ਵਾਰੀ ਉਸ ਦੀ ਸਾਂਗ ਲਾਉਂਦਾ ਇਕ ਮੁੰਡਾ ਫੜਿਆ ਗਿਆ ਸੀ ਤਾਂ ਉਸ ਨੇ ਦੋ ਪੈਨਸਲਾਂ ਵਿਚ ਉਸਦੀ ਉਂਗਲੀ ਦੇ ਕੇ ਇਸ ਕਦਰ ਘੁੱਟ ਦਿੱਤੀ ਸੀ ਕਿ ਉਮਰ ਭਰ ਲਈ ਵਿਚਾਰੇ ਦੀ ਉਂਗਲ ਸਵਾਲ਼ੀਆ ਨਿਸ਼ਾਨ ਵਰਗੀ ਬਣ ਗਈ ਸੀ। ਸਕੂਲ ਵਿਚ ਇਕੱਲਾ ਇਹੋ ਮਾਸਟਰ ਸੀ ਜਿਹੜਾ ਮੁੰਡਿਆਂ ਦੇ ਢਿੱਡ ਦਾ ਘਰੂਟ ਭਰ ਕੇ ਤ੍ਰਿਲੋਕੀ ਦੇ ਦਰਸ਼ਣ ਕਰਵਾਇਆ ਕਰਦਾ ਸੀ। ਉਹ ਜਦੋਂ ਢਿੱਡ ਨੂੰ ਮਰੋੜੀ ਦਿਆ ਕਰਦਾ ਸੀ ਤਾਂ ਫਸਿਆ ਮੁੰਡਾ ਕਿਹਾ ਕਰਦਾ ਸੀ, 'ਛੱਡ ਦਿਓ ਮਾਸਟਰ ਜੀ, ਦਿਖ ਪਈ ਤ੍ਰਿਲੋਕੀ।' ਇਹ ਤ੍ਰਿਲੋਕੀ ਕੀ ਸੀ ਮੁੰਡਿਆਂ ਨੂੰ ਕੋਈ ਪਤਾ ਨਹੀਂ ਸੀ ਹੁੰਦਾ। ਕਈ ਸਮਝਦੇ ਕਿਸੇ ਦੇਵੀ ਦਾ ਨਾਂ ਹੋਊ।

ਖੇਤੀਬਾੜੀ ਪੀਰਡ ਦੀ ਸਭ ਤੋਂ ਵੱਡੀ ਮੁਸੀਬਤ ਇਹ ਹੁੰਦੀ ਕਿ ਮੀਹਾਂ ਸਿੰਘ ਦੀ ਬੋਲੀ ਮੁੰਡਿਆਂ ਨੂੰ ਸਮਝ ਹੀ ਨਾ ਪੈਂਦੀ। ਉਹ ਸ਼ਾਇਦ ਜਨਮ ਤੋਂ ਹੀ ਤੁਤਲਾ ਸੀ। ਉਸ ਦਾ ਚਿਹਰਾ ਦੇਖ ਕੇ ਹੀ ਮੁੰਡਿਆਂ ਦੇ ਐਨਾ ਹੌਲ ਪੈਂਦਾ ਕਿ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਉਨ੍ਹਾਂ ਦੇ ਹੋਸ਼ ਉਡੇ ਰਹਿੰਦੇ। ਰੰਦਾ ਲੱਗਿਆ ਤੂਤ ਦਾ ਡੰਡਾ ਉਹਦੇ ਹੱਥਾਂ ਵਿਚ ਟੱਪਦਾ ਰਹਿੰਦਾ। ਪਤਾ ਹੀ ਨਾ ਲੱਗਦਾ ਉਹ ਕਦੋਂ ਕਿਸੇ ਮੁੰਡੇ ਤੇ ਵਰ੍ਹਨ ਲੱਗ ਜਾਂਦਾ। ਖੇਤੀਬਾੜੀ ਦਾ ਵਿਸ਼ਾ ਦੁਖੀ ਨੂੰ ਸਾਰੇ ਵਿਸ਼ਿਆਂ ਤੋਂ ਔਖਾ ਲੱਗਣ ਲੱਗ ਪਿਆ ਸੀ। ਉਸ ਵੱਲ ਵੇਖਦਿਆਂ ਉਸ ਨੂੰ ਇਹ ਵੀ ਭੁੱਲ ਜਾਂਦਾ ਸੀ ਕਿ ਕੋਈ ਫਸਲ ਹਾੜ੍ਹੀ ਦੀ ਹੈ ਜਾਂ ਸਾਉਣੀ ਦੀ। ਇਕ ਦਿਨ ਮੀਹਾਂ ਸਿੰਘ ਕਲਾਸ ਵਿਚ ਵੜਦਾ ਹੀ ਬੋਲਿਆ, 'ਹਾਂ ਬੀ ਬੱਤਿਓ ਤੱਥੂ ਭੂੰਦੀ ਤਿਆ ਹੁੰਦੀ ਆ?' ਤਿਹੜੀਆਂ ਤਿਹੜੀਆਂ ਫਥਲਾਂ ਨੂੰ ਨੁਥਾਨ ਪਤਾਉਂਦੀਆ?'

ਦੁਖੀ ਮੂੰਹ ਵਿਚ ਰਿਓੜੀ ਪਾਈ ਬੈਠਾ ਸੀ। ਮੀਹਾਂ ਸਿੰਘ ਦਾ ਡੰਡਾ ਉਸ ਵੱਲ ਨੂੰ ਸਿੱਧਾ ਹੋ ਗਿਆ। ਉਹ ਉੱਠ ਖੜ੍ਹਾ ਹੋਇਆ। ਪਹਿਲਾਂ ਤਾਂ ਮੂੰਹ ਵਿੱਚਲੀ ਰਿਓੜੀ ਹੀ ਲੋਟ ਨਾ ਆਵੇ। ਮੂੰਹ ਵਿਹਲਾ ਕਰ ਕੇ ਉਹ ਬੋਲਿਆ, 'ਜੀ ਤੱਥੂ ਭੂੰਦੀ?'

'ਓਇ ਤੱਥੂ ਭੂੰਦੀ ਨੀ.... ਤੱਥੂ ਭੂੰਦੀ।'

'ਜੀ ਪਤਾ ਨੀ ਤੱਥੂ ਭੂੰਦੀ।' ਦੁਖੀ ਨੇ ਕਿਹਾ। ਉਸ ਦੀਆਂ ਲੱਤਾਂ ਕੰਬਣ ਲੱਗ ਪਈਆਂ। ਸਾਰੇ ਮੁੰਡੇ ਹੱਸ ਪਏ। ਮੀਹਾਂ ਸਿੰਘ ਨੇ ਸਮਝਿਆ ਕਿ ਸ਼ੈਤਾਨ ਮੁੰਡਾ ਉਸ ਦੀ ਸਾਂਗ ਲਾ ਰਿਹਾ ਸੀ ਤੇ ਜਾਣ ਬੁੱਝ ਕੇ 'ਕੱਛੂ ਭੂੰਡੀ' ਨੂੰ 'ਤੱਥੂ ਭੂੰਦੀ' ਕਹਿ ਰਿਹਾ ਸੀ। ਉਹ ਗੁੱਸੇ ਨਾਲ਼ ਤਪ ਗਿਆ ਤੇ ਉਸ ਦੀ ਪਿੱਠ ਤੇ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ।

'ਹਾਇ ਉਇ ਮਾਸਟਰ ਜੀ ਮਰ ਗਿਆ... ਹਾਇ ਉਇ ਮਾਸਟਰ ਜੀ ਮਰ ਗਿਆ।' ਉਹ ਹਰ ਡੰਡੇ ਨਾਲ਼ ਬੋਲਦਾ ਗਿਆ।

'ਦਾਦ ਕਰੋ ਤੁੱਪ-ਤਾਪ ਬੈਥ ਕੇ' ਮੀਹਾਂ ਸਿੰਘ ਕੁਰਸੀ ਤੇ ਬੈਠ ਗਿਆ। ਸਾਰੀ ਜਮਾਤ ਜਿਵੇਂ ਸੁੰਨ ਹੋ ਗਈ। ਦੁਖੀ ਬੈਠਾ ਹੰਝੂ ਸੁੱਟਦਾ ਰਿਹਾ।

'ਜੀ ਖੇਮਾ 'ਤੱਥੂ ਭੂੰਦੀ' 'ਤੱਥੂ ਭੂੰਦੀ' ਕਹੀ ਜਾਂਦਾ ਏ।' ਕਿਸੇ ਮੁੰਡੇ ਨੇ ਖੜ੍ਹਾ ਹੋ ਕੇ ਸ਼ਿਕਾਇਤ ਲਾਈ। ਮੀਹਾਂ ਸਿੰਘ ਕੁਰਸੀ ਤੋਂ ਬੁੜ੍ਹਕਿਆ। ਖੇਮੇ ਅਤੇ ਸ਼ਿਕਾਇਤ ਕਰਨ ਵਾਲੇ ਦੋਨਾਂ ਮੁੰਡਿਆਂ ਨੂੰ ਕੁੱਟ ਸੁੱਟਿਆ।

ਘਰ ਵੜਦਿਆਂ ਹੀ ਦੁਖੀ ਦਾ ਰੋਣ ਨਿਕਲ਼ ਗਿਆ ਤੇ ਉਸ ਨੇ ਸਾਰੀ ਗੱਲ ਆਪਣੇ ਮਾਮੇ ਘਨ੍ਹੱਈਆ ਰਾਮ ਨੂੰ ਦੱਸੀ। ਉਸ ਨੇ ਝੱਗਾ ਚੁੱਕ ਕੇ ਦੁਖੀ ਦੀ ਪਿੱਠ ਤੇ ਪਈਆਂ ਲਾਸਾਂ ਦੇਖੀਆਂ ਤੇ ਬੋਲਿਆ, 'ਕੋਈ ਮਾਸਟਰ ਤੇਰੀ ਜਾਨ ਵੀ ਕੱਢ ਦੇਵੇ, ਉਲਾਂਭਾ ਲੈ ਕੇ ਨਾ ਮੈਂ ਕਦੀ ਗਿਆ ਏਂ ਤੇ ਨਾ ਜਾਣਾ ਏਂ। ਬੱਚਿਆਂ ਦੇ ਭਲੇ ਲਈ ਕੁੱਟਦੇ ਨੇ ਮਾਸਟਰ, ਕੋਈ ਗੱਲ ਨੀ... ਦੋ ਪਈਆਂ ਕਿੱਧਰ ਗਈਆਂ ਸਦਕੇ ਮੇਰੀ ਢੂਈ ਦੇ।'

ਉਸ ਦੀ ਭਾਬੀ ਜਿੰਦਰ ਨੇ ਵੀ ਉਸ ਦੀ ਪਿੱਠ ਦੇਖੀ ਤੇ ਘੁੰਡ ਵਿੱਚੀਂ ਘਨ੍ਹੱਈਏ ਨੂੰ ਕਹਿਣ ਲੱਗੀ, 'ਮਾਮਾ ਜੀ ਤੁਸੀਂ ਇਕ ਵਾਰੀ ਸਕੂਲ ਜਾ ਕੇ ਤਾਂ ਆਓ। ਉਹ ਮਾਸਟਰ ਏ ਕਿ ਕਸਾਈ। ਬੁੱਚੜਖਾਨਾ ਬਣਾਇਆ ਹੋਇਆ ਏ ਇਨ੍ਹਾਂ ਨੇ। ਹੈੱਡਮਾਸਟਰ ਨੂੰ ਪਿੱਠ ਦਿਖਾਓ ਮੁੰਡੇ ਦੀ।'

ਉਸ ਦੀ ਗੱਲ ਸੁਣ ਕੇ ਦੁਖੀ ਰੋਣ ਲੱਗ ਪਿਆ ਪਰ ਘਨੱਈਏ ਨੇ ਜਿੰਦਰ ਨੂੰ ਵੀ ਅਣਸੁਣੀ ਕਰ ਦਿੱਤਾ। ਉਹਦਾ ਵਿਸ਼ਵਾਸ਼ ਸੀ ਕਿ ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ। ਜਿੰਦਰ ਦੇ ਵੱਸ ਨਹੀਂ ਸੀ ਕਿ ਉਹ ਆਪ ਸਕੂਲ ਜਾ ਸਕਦੀ, ਨਹੀਂ ਤਾਂ ਉਸ ਮਾਸਟਰ ਦੀ ਦਾੜ੍ਹੀ ਪੁੱਟ ਕੇ ਆਉਂਦੀ। ਉਸ ਨੇ ਦੁਖੀ ਦੀ ਪਿੱਠ ਤੇ ਮੱਲ੍ਹਮ ਲਾਉਂਦਿਆਂ ਇਸੇ ਤਰ੍ਹਾਂ ਕਿਹਾ ਸੀ। ਇਹ ਵੀ ਕਿਹਾ ਸੀ ਕਿ ਉਸ ਜ਼ਾਲਮ ਮਾਸਟਰ ਦੇ ਕੋਈ ਜੁਆਕ ਨੀ ਹੋਣਾ।

ਜਿੰਦਰ ਹੈ ਹੀ ਐਨੀ ਚੰਗੀ ਸੀ ਕਿ ਉਸ ਦੇ ਆਉਣ ਨਾਲ਼ ਦੋਨੋਂ ਘਰ ਰੌਣਕ ਨਾਲ਼ ਭਰ ਗਏ ਸਨ। ਉਹ ਸਵੇਰੇ ਸਭ ਤੋਂ ਪਹਿਲਾਂ ਉੱਠਦੀ। ਆਲ਼ੇ ਵਿਚ ਪਿਆ ਦੀਵਾ ਬਾਲ਼ ਕੇ ਘੜੇ' ਚੋਂ ਪਾਣੀ ਦੀ ਬਾਲਟੀ ਭਰ ਲੈਂਦੀ। ਦਾਤਣ ਦੀ ਥਾਂ ਬਰੁਸ਼ ਨੂੰ ਪੇਸਟ ਲਾ ਕੇ ਦੰਦ ਸਾਫ਼ ਕਰਦੀ ਤੇ ਦਰਵਾਜ਼ੇ ਮੂਹਰੇ ਬਣੇ ਖੁਰੇ' ਚ ਬੈਠ ਨਹਾ ਲੈਂਦੀ। ਜੇ ਦੁਖੀ ਦਾ ਪਏ ਦਾ ਮੂੰਹ ਉਸ ਪਾਸੇ ਹੁੰਦਾ ਤਾਂ ਉਹ ਕਹਿੰਦੀ, 'ਵੇ ਦੁਖੀ, ਮੈਂ ਨਹਾਉਣ ਲੱਗੀ ਹਾਂ, ਆਪਣਾ ਮੂੰਹ ਦੂਜੇ ਪਾਸੇ ਕਰ ਲੈ।'

ਦੁਖੀ ਪਾਸਾ ਵੱਟ ਲੈਂਦਾ ਤੇ ਬਾਲਟੀ' ਚੋਂ ਪਾਣੀ ਦੀ ਗੜਵੀ ਭਰਨ ਤੇ ਉਹਦੇ ਪਿੰਡੇ ਤੇ ਡੁੱਲ੍ਹਣ ਦੀਆਂ ਅਵਾਜ਼ਾ ਸੁਣਦਾ ਰਹਿੰਦਾ। ਸ਼ਾਇਦ ਜਿੰਦਰ ਦੇ ਕਹਿਣ ਕਰਕੇ ਹੀ ਉਹ ਡੰਗਰਾਂ ਵਾਲ਼ੇ ਕੋਠੇ ਦੀ ਥਾਂ ਘਰ ਸੌਣ ਲੱਗਾ ਸੀ। ਉਹ ਉੱਠਦੀ ਤਾਂ ਬਾਕੀ ਸਾਰੇ ਵੀ ਇਕ ਇਕ ਕਰਕੇ ਉੱਠੀ ਜਾਂਦੇ। ਜਿਹੜਾ ਵੀ ਉੱਠਦਾ ਜਿੰਦਰ ਉਸ ਕੋਲ਼ ਜਾ ਕੇ ਉਹਦੇ ਪੈਰੀਂ ਹੱਥ ਲਾਉਂਦੀ। ਹਰ ਕੋਈ ਉਸ ਦਾ ਸਿਰ ਪਲ਼ੋਸਦਾ ਤੇ ਅਸੀਸਾਂ ਦਿੰਦਾ। ਮਗਰੋਂ ਉਹ ਗੁਟਕਾ ਲੈਕੇ ਮੰਜੇ ਤੇ ਬੈਠ ਜਾਂਦੀ। ਦੁਖੀ ਆਲ਼ੇ ਵਿਚ ਦੀਵੇ ਉੱਤੇ ਕਾਲਸ ਦੇ ਪੁੱਠੇ ਲਟਕੇ ਪਹਾੜ ਵੱਲ ਦੇਖਦਾ ਰਹਿੰਦਾ। ਕਾਲਸ ਉੱਤੇ ਹੋਰ ਕਾਲਸ ਜੰਮਦੀ ਰਹਿਣ ਕਰਕੇ ਇਹ ਪਹਾੜ ਛਲੇਡੇ ਵਾਂਗ ਸ਼ਕਲਾਂ ਬਦਲਦਾ ਰਹਿੰਦਾ, ਪਰ ਡਿਗਦਾ ਕਦੀ ਨਾ।

ਸਕੂਲ ਵਿਚ ਉਨ੍ਹਾਂ ਦੀ ਧਾਰਮਿਕ ਦੀ ਘੰਟੀ ਗਿਆਨੀ ਗੁਰਦਿੱਤ ਸਿੰਘ ਲਾਇਆ ਕਰਦੇ ਸਨ। ਹੌਲ਼ੀ-ਹੌਲ਼ੀ ਉਨ੍ਹਾਂ ਨੇ ਜਪੁਜੀ ਸਾਹਬ ਦੀਆਂ ਅਠੱਤੀ ਪੌੜੀਆਂ ਮੁੰਡਿਆਂ ਨੂੰ

ਜ਼ੁਬਾਨੀ ਯਾਦ ਕਰਵਾ ਦਿੱਤੀਆਂ ਸਨ ਤੇ ਉਨ੍ਹਾਂ ਦੇ ਅਰਥ ਵੀ ਸਮਝਾ ਦਿੱਤੇ ਸਨ। ਜਦੋਂ ਉਸ ਨੂੰ ਪਤਾ ਲੱਗਾ ਕਿ ਦੁਖੀ ਨੂੰ ਜਪੁਜੀ ਸਾਹਬ ਪੂਰਾ ਯਾਦ ਸੀ ਤਾਂ ਉਹ ਬਹੁਤ ਖੁਸ਼ ਹੋਈ ਤੇ ਉਸ ਨੂੰ ਗਲਵਕੜੀ' ਚ ਲੈ ਕੇ 'ਸ਼ਾਬਾਸ਼' ਕਿਹਾ।

ਉਨ੍ਹਾਂ ਦੇ ਘਰ ਵਿਚ ਸਾਰਾ ਦਿਨ 'ਜਿੰਦਰ ਜਿੰਦਰ' ਹੁੰਦੀ ਰਹਿੰਦੀ। ਜਿੰਦਰ ਮੁਕਲਾਵੇ ਸਮੇਂ ਆਪਣੇ ਨਾਲ਼ ਪਤਾ ਨਹੀਂ ਕਿੰਨੇ ਸੂਟ ਲੈ ਕੇ ਆਈ ਸੀ। ਉਹ ਨਿੱਤ ਨਵਾਂ ਸੂਟ ਪਾਉਂਦੀ। ਆਂਢ-ਗੁਆਂਢ ਦੀਆਂ ਔਰਤਾਂ ਉਹਦੇ ਸੂਟਾਂ ਨੂੰ ਹੱਥ ਲਾ ਲਾ ਦੇਖਦੀਆਂ। ਕੱਪੜੇ ਦੀ ਸਿਲਾਈ ਦੀਆਂ ਸਿਫ਼ਤਾਂ ਕਰਦੀਆਂ ਤੇ ਭਾਅ ਪੁੱਛਦੀਆਂ। ਜਿੰਦਰ ਨੇ ਤਾਂ ਆਪ ਸਿਲਾਈ-ਕਢਾਈ ਸਿੱਖੀ ਹੋਈ ਸੀ। ਉਸ ਦੇ ਪੇਕੀਂ ਬਹੁਤੀਆਂ ਤੀਵੀਂਆਂ ਉਸੇ ਕੋਲੋਂ ਕੱਪੜੇ ਸਿਲਵਾਇਆ ਕਰਦੀਆਂ ਸਨ, ਪਰ ਉਹ ਘਨੱਈਏ ਦੀ ਸਿਲਾਈ ਦੀਆਂ ਬਹੁਤ ਸਿਫ਼ਤਾਂ ਕਰਦੀ। ਉਸਦੇ ਵਿਆਹ ਵਾਲ਼ੇ ਪੰਜ ਸੂਟਾਂ ਦੀ ਸਿਲਾਈ ਘਨ੍ਹੱਈਏ ਨੇ ਉਸ ਦੇ ਪੇਕਿਆਂ ਤੋਂ ਨਾਪ ਮੰਗਵਾ ਕੇ ਬੜੀ ਰੂਹ ਨਾਲ਼ ਕੀਤੀ ਸੀ। ਫੁੱਲ ਪਾ ਪਾ ਕੇ ਗਲ਼ਿਆਂ ਦੇ ਐਨੇ ਸ਼ਾਨਦਾਰ ਡੀਜ਼ਾਈਨ ਬਣਾਏ ਸਨ ਕਿ ਜਿੰਦਰ ਦੇ ਪਿੰਡ' ਚ ਇਸਦੀ ਖ਼ੂਬ ਚਰਚਾ ਹੋਈ ਸੀ। ਇਹ ਗੱਲ ਜਦੋਂ ਉਸਨੇ ਘਨ੍ਹੱਈਏ ਨੂੰ ਦੱਸੀ ਤਾਂ ਉਸਦੇ ਚਿਹਰੇ ਉੱਤੇ ਭਰਵੀਂ ਮੁਸਕਰਾਹਟ ਫੈਲ ਗਈ ਸੀ। ਦੂਜਿਆਂ ਵੱਲੋਂ ਕੰਮ ਦੀ ਕੀਤੀ ਸਿਫ਼ਤ ਵੀ ਕਾਰੀਗਰ ਨੂੰ ਕਿੰਨਾ ਹੌਸਲਾ ਤੇ ਖੁਸ਼ੀ ਦਿੰਦੀ ਹੈ।

ਜਿੰਦਰ ਦੇ ਆਉਣ ਨਾਲ਼ੇ ਸਾਰੇ ਭੁੱਲ ਗਏ ਸਨ ਕਿ ਉਨ੍ਹਾਂ ਦੇ ਦੋ ਚੁੱਲ੍ਹੇ ਸਨ। ਉਸ ਕਰਕੇ ਹੀ ਹਰ ਰੋਜ਼ ਦਾਲ਼ਾਂ ਸਬਜ਼ੀਆਂ ਰਿੱਝਣ ਲੱਗ ਪਈਆਂ ਸਨ। ਘਿਓ ਬੂਰਾ ਤੇ ਕੜਾਹ ਮਿਲਣ ਲੱਗਾ ਸੀ। ਘਨ੍ਹੱਈਆ ਚਮਕੌਰ ਜਾਂਦਾ ਤਾਂ ਖਾਣ ਲਈ ਮਠਿਆਈ ਤੇ ਫਲ਼-ਫਰੂਟ ਲੈ ਕੇ ਆਉਂਦਾ। ਉਹ ਜਾਣ ਲੱਗਿਆਂ ਜਿੰਦਰ ਨੂੰ ਉਸ ਸਬਜ਼ੀ ਬਾਰੇ ਪੁੱਛਦਾ, ਜੋ ਬਣਾਉਣੀ ਹੁੰਦੀ। ਜਲੇਬੀਆਂ ਤਾਂ ਹਰ ਤੀਜੇ ਚੌਥੇ ਦਿਨ ਆਉਣ ਲੱਗ ਪਈਆਂ, ਜਿਨ੍ਹਾਂ ਨੂੰ ਉਹ ਬਹੁਤ ਪਸੰਦ ਕਰਦੀ। ਉਸ ਤੋਂ ਪਹਿਲਾਂ ਮੱਕੀ ਦੀ ਰੋਟੀ, ਸਾਗ, ਚੌਲ਼ ਤੇ ਸਾਬਤ ਮਸਰੀ ਦੀ ਦਾਲ਼ ਤੱਕ ਚੁੱਲ੍ਹਾ ਸੀਮਤ ਸੀ। ਕਈ ਵਾਰ ਤਾਂ ਮਿੱਸੀਆਂ ਰੋਟੀਆਂ ਤੇ ਚਟਣੀ ਹੀ ਉਨ੍ਹਾਂ ਦਾ ਡੰਗ ਟਪਾ ਦਿਆ ਕਰਦੀ ਸੀ। ਨਾਸ਼ਤੇ ਵਿਚ ਆਲੂਆਂ ਵਾਲ਼ੇ ਪਰੌਂਠੇ ਤੇ ਦਹੀਂ ਮਿਲਣ ਦੀ ਗੱਲ ਦੁਖੀ ਨੇ ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚੀ। ਮਠਿਆਈ ਵੀ ਕਿਸੇ ਪ੍ਰਾਹੁਣੇ ਦੇ ਲਿਆਉਣ ਨਾਲ਼ ਜਾਂ ਤਿੱਥ-ਤਿਓਹਾਰ ਤੇ ਹੀ ਨਸੀਬ ਹੁੰਦੀ ਸੀ। ਘਨ੍ਹੱਈਏ ਨੇ ਆਪਣਾ ਹੁੱਕਾ ਪਤਾ ਨਹੀਂ ਕਿੱਥੇ ਲੁਕਾ ਦਿੱਤਾ ਸੀ। ਸਿਗਰਟ ਵੀ ਉਹ ਕਿਧਰੇ ਬਾਹਰ ਹੀ ਪੀ ਕੇ ਆਉਂਦਾ। ਜਦੋਂ ਘੌਂਕਾ ਛੁੱਟਦਾ ਹੱਟੀ ਦਾ ਦਰ ਓੜ੍ਹ ਕੇ ਕੋਠੇ ਜਾ ਚੜ੍ਹਦਾ ਜਾਂ ਬਾਹਰ ਨੂੰ ਨਿਕਲ਼ ਜਾਂਦਾ।

ਪਿੰਡ ਵਿਚ ਜਿਨ੍ਹਾਂ ਘਰਾਂ ਨਾਲ਼ ਉਨ੍ਹਾਂ ਦੀ ਵੱਧ ਨੇੜਤਾ ਸੀ। ਉਨ੍ਹਾਂ ਨੇ ਰਾਮ ਚੰਦ ਤੇ ਜਿੰਦਰ ਨੂੰ ਰੋਟੀ ਕੀਤੀ। ਉਹ ਜਿਸ ਘਰ ਵੀ ਜਾਂਦੇ ਉਹ ਬਾਕੀ ਟੱਬਰ ਦੀ ਰੋਟੀ ਦਾ ਪਰੋਸਾ ਵੀ ਉਨ੍ਹਾਂ ਦੇ ਘਰ ਭੇਜ ਦਿੰਦੇ। ਰਾਮ ਚੰਦ ਦੇ ਜਮਾਤੀ ਜਗੀਰ ਦਾ ਵਿਆਹ ਉਸ ਦੇ ਮੁਕਲਾਵੇ ਤੋਂ ਕੁਝ ਸਮਾਂ ਪਹਿਲਾਂ ਹੀ ਹੋਇਆ ਸੀ। ਉਨ੍ਹਾਂ ਵਿਚ ਮੁਕਲਾਵੇ ਦਾ ਰਿਵਾਜ ਨਹੀਂ ਸੀ। ਬੱਸ, ਵਿਆਹ ਹੋਇਆ ਤੇ ਉਸ ਦੀ ਘਰ ਵਾਲ਼ੀ ਦਰਸ਼ਨ ਕੌਰ ਸਲਾਹਪੁਰ ਰਹਿਣ ਲੱਗ

ਪਈ। ਘਨ੍ਹੱਈਏ ਨਾਲ਼ ਵੀ ਉਸ ਟੱਬਰ ਦੀ ਬਹੁਤੀ ਸਾਂਝ ਸੀ। ਸੋ, ਉਨ੍ਹਾਂ ਨੂੰ ਇਕ ਦਿਨ ਰੋਟੀ ਤੇ ਸੱਦ ਲਿਆ। ਜਿੰਦਰ ਅਜੇ ਚੁੱਲ੍ਹੇ-ਚੌਂਕੇ ਨਹੀਂ ਸੀ ਚੜ੍ਹੀ, ਫਿਰ ਵੀ ਉਹ ਭਾਗਵੰਤੀ ਦੇ ਰੋਕਦੇ ਰੋਕਦੇ ਮੂਹਰੇ ਹੋ ਕੇ ਰੋਟੀਆਂਵੇਲਣ ਲੱਗ ਪਈ ਸੀ। ਉਸ ਨੇ ਇਕ ਪੇੜੇ ਵਿਚ ਰੂੰ ਦਾ ਵੱਡਾ ਸਾਰਾ ਫੰਬਾ ਵੇਲ ਕੇ ਰੋਟੀ ਪਕਾਈ ਤੇ ਜਗੀਰ ਵਾਲ਼ੀ ਥਾਲ਼ੀ ਵਿਚ ਲਿਜਾ ਧਰੀ। ਉਹ ਬੁਰਕੀ ਤੋੜੇ ਤਾਂ ਰੂੰ ਦੀਆਂ ਤੰਦਾਂ ਨਾਲ਼ ਹੀ ਆਉਣ।

'ਆਹ ਕੀ ਹੋ ਗਿਆ ਰੋਟੀ ਨੂੰ?' ਜਗੀਰ ਨੇ ਆਪਣੀ ਘਰ ਵਾਲ਼ੀ ਦਰਸ਼ਨ ਨੂੰ ਕੂਹਣੀ ਮਾਰ ਕੇ ਪੁੱਛਿਆ। ਉਸ ਨੇ ਚਲਾਕੀ ਫੜ ਲਈ ਤੇ ਰੋਟੀ ਚੁੱਕ ਕੇ ਦੁਖੀ ਦੀ ਬੇਬੇ ਨੂੰ ਕਹਿਣ ਲੱਗੀ, 'ਬੂਆ ਜੀ, ਆਹ ਰੋਟੀ ਜ਼ਿੰਦਰ ਨੂੰ ਦੇ ਦਵੋ। ਖਾ ਲਵੇਗੀ। ਪਟਿਆਲੇ ਵਾਲ਼ੇ ਰੂੰ ਪਾ ਕੇ ਖਾਂਦੇ ਨੇ ਰੋਟੀਆਂ।' ਉਸ ਦੀ ਗੱਲ ਤੇ ਖ਼ੂਬ ਹਾਸਾ ਮੱਚਿਆ ਸੀ।

ਗਲ਼ੀ ਦੀਆਂ ਤੀਵੀਆਂ ਇਕੱਠੀਆਂ ਹੋ ਕੇ ਜੰਗਲ ਪਾਣੀ ਦੇ ਬਹਾਨੇ ਆਪਣੇ ਮਨਾਂ ਦੇ ਗੁੱਭ-ਗੁਭਾਟ ਕੱਢਣ ਲਈ ਸੁਭ੍ਹਾ-ਸ਼ਾਮ ਝਿੜੀ ਵੱਲ ਜ਼ਰੂਰ ਜਾਂਦੀਆਂ। ਉਹ ਜਿੰਦਰ ਨੂੰ ਵੀ ਆਪਣੇ ਨਾਲ਼ ਲੈ ਜਾਂਦੀਆਂ ਤੇ ਹੈਰਾਨ ਹੁੰਦੀਆਂ ਕਿ ਨਖਰੋ ਤਾਂ ਚੁੱਪ-ਚੁਪੀਤੀ ਹੀ ਰਹਿੰਦੀ ਸੀ। ਪੁੱਛਣ ਤੇ ਵੀ ਕੋਈ ਗੱਲ ਨਹੀਂ ਸੀ ਦੱਸਦੀ। ਉਹ ਭਾਗਵੰਤੀ ਬਾਰੇ ਪੁੱਛਦੀਆਂ ਤਾਂ ਉਹ ਕਹਿੰਦੀ, 'ਜਿਸ ਨੂੰ ਹੁਣ ਮਾਂ ਹੀ ਬਣਾ ਲਿਆ। ਉਸ ਦੀਆਂ ਚੁਗਲੀਆਂ ਕੀ ਕਰੀਏ?'

ਜਿੰਦਰ ਨੇ ਲੰਬਾ ਘੁੰਡ ਕੱਢਿਆ ਹੁੰਦਾ ਤੇ ਉਸ ਦੇ ਪੈਰਾਂ ਦੀਆਂ ਝਾਂਜਰਾਂ ਛਣਕਦੀਆਂ ਜਾਂਦੀਆਂ। ਉਸ ਦੇ ਮਾਮੇ ਦੀ ਗੌਣਿਆਂ ਵਾਲ਼ੀ ਮਸ਼ੀਨ ਵਿਚ ਵੱਜਦਾ ਤਵਾ ਦੁਖੀ ਨੂੰ ਮੱਲੋ ਮੱਲੀ ਯਾਦ ਆ ਜਾਂਦਾ। ਉਹ ਹੌਲ਼ੀ ਹੌਲ਼ੀ ਗੁਣਗੁਣਾਉਣ ਲੱਗ ਪੈਂਦਾ... ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਪਈਆਂ। ਗਲ਼ੀ ਦੇ ਵਿਚ ਡੰਡ ਪਾਉਂਦੀਆਂ ਗਈਆਂ..... ।' ਬਾਹਰ ਬਰੋਟੇ ਹੇਠ ਬੈਠੇ ਲੋਕ ਜਿੰਦਰ ਦੇ ਗੋਰੇ-ਚਿੱਟੇ ਹੱਥ-ਪੈਰ ਦੇਖ ਉਸ ਦੀ ਸੂਰਤ ਅਤੇ ਨੈਣ-ਨਕਸ਼ਾਂ ਦਾ ਅੰਦਾਜ਼ਾ ਲਾਉਂਦੇ, ਆਪਸ ਵਿਚ ਗੱਲਾਂ ਕਰਦੇ, 'ਯਾਰ... ਇਹ ਸੁਨਿਆਰੀਆਂ ਤਾਂ ਹੁੰਦੀਆਂ ਹੀ ਬਾਹਲੀਆਂ ਸੁਹਣੀਆਂ ਨੇ... ਆਪਣੀਆਂ ਤਾਂ ਮੈਸ੍ਹਾਂ ਨੇ ਮੈਸ੍ਹਾਂ।'

'ਇਹ ਤਾਂ ਪੜ੍ਹੀ ਲਿਖੀ ਸ਼ਹਿਰਨ ਲਗਦੀ ਏ। ਦੇਖ ਲਵੋ ਸੂਟ ਵੀ ਨਿੱਤ ਨਵਾਂ ਪਾਇਆ ਹੁੰਦਾ ਏ।'

'ਬੱਲੇ ਉਇ ਤੇਰੇ ਨਲੀ-ਚੋਚਾ, ਪੜ੍ਹੀ ਲਿਖੀ ਹੁੰਦੀ ਤਾਂ ਘੁੰਡ ਕੱਢਦੀ?'

'ਉਇ ਮੂਰਖਾ, ਚੰਗੇ ਖਾਨਦਾਨ ਦੀਆਂ ਚਾਹੇ ਜਿੰਨੀਆਂ ਮਰਜ਼ੀ ਪੜ੍ਹ ਜਾਣ। ਅੱਖ ਦੀ ਸ਼ਰਮ ਰੱਖਦੀਆਂ ਹੁੰਦੀਆਂ ਨੇ।'

'ਰਾਮ ਚੰਦ ਵੱਲ ਤਾਂ ਰੱਬ ਨੇ ਭਾਈ ਨੱਕੇ ਹੀ ਵੱਢ ਦਿੱਤੇ। ਕਹਿੰਦੇ ਦਾਜ ਵੀ ਬੜਾ ਦਿੱਤਾ ਏ। ਨਵਾਰੀ ਪਲੰਘ, ਸਿਲਾਈ ਮਸ਼ੀਨ, ਸਾਇਕਲ, ਮੇਜ਼ ਕੁਰਸੀਆਂ.... ਪੇਟੀ ਦੇਖੀ?.... ਦਸ ਬੰਦਿਆਂ ਨੇ ਚੁੱਕ ਕੇ ਪੁਜਾਈ ਘਰ.... ਸੁਨਿਆਰਾਂ ਨੂੰ ਭਾਗ ਲੱਗ ਗਏ।'

'ਸਾਡੇ ਨਾਲ਼ ਹੀ ਰੱਬ ਸਾਲ਼ਾ ਰੁੱਸਿਆ ਹੋਇਆ ਏ। ਮ੍ਹਾਤੜ ਵੀ ਪੜ੍ਹ ਜਾਂਦੇ ਤਾਂ ਕੋਈ ਨੱਥ ਵਾਲ਼ੀ ਸਾਨੂੰ ਵੀ ਟੱਕਰ ਜਾਂਦੀ।'

'ਤੈਨੂੰ ਟੱਕਰੂ ਹੁਣ ਮੜ੍ਹੀਆਂ' ਚ ਭੂਤਨੀ ਕੋਈ... ਉਹਦੇ ਚੁੰਬੜਨ ਤੋਂ ਪਹਿਲਾਂ ਹੀ ਚੁੰਬੜ ਜਾਈਂ।' ਕੋਈ ਹੱਸਦਾ।

ਕਿਸੇ ਨਾ ਕਿਸੇ ਗੱਲੋਂ ਹਾਸਾ ਮਚਿਆ ਹੀ ਰਹਿੰਦਾ। ਇਕ ਜਣਾ ਗੱਲ ਕਰਦਾ ਤਾਂ ਗੱਲ ਵਾਵਰੋਲ਼ੇ ਵਾਂਗ ਘੁੰਮੀਂ ਜਾਂਦੀ, ਮੁੱਕਣ ਵਿਚ ਹੀ ਨਾ ਆਉਂਦੀ ਤੇ ਜਾਭਾਂ ਦਾ ਭੇੜ ਹੋਈ ਜਾਂਦਾ। ਰਾਮ ਚੰਦ ਦੀ ਛੁੱਟੀ ਤਾਂ ਹਫ਼ਤੇ ਕੁ ਦੀ ਹੀ ਸੀ। ਉਹ ਨਿੱਤ ਹੀ ਜਿੰਦਰ ਨੂੰ ਸਾਇਕਲ ਉੱਤੇ ਕਿਤੇ ਨਾ ਕਿਤੇ ਲੈ ਕੇ ਜਾਂਦਾ। ਘਨ੍ਹੱਈਏ ਨੇ ਦੁਖੀ ਨੂੰ ਪਹਿਲਾਂ ਹੀ ਇਹ ਗੱਲ ਸਮਝਾ ਦਿੱਤੀ ਸੀ ਕਿ ਉਹ ਉਨ੍ਹਾਂ ਨਾਲ਼ ਜਾਣ ਦੀ ਹਿੰਡ ਨਾ ਕਰੇ।

'ਕਿਉਂ? ਮੈਂ ਕਿਉਂ ਨਾ ਜਾਵਾਂ?' ਦੁਖੀ ਨੇ ਪੁੱਛਿਆ ਸੀ।

'ਉਇ ਤੂੰ ਜ਼ਰੂਰ ਕੋਕੜੂ ਬਣਨੈਂ? ਉਨ੍ਹਾਂ ਦਾ ਨਵਾਂ-ਨਵਾਂ ਵਿਆਹ ਹੋਇਆ ਏ, ਸੌ ਗੱਲ ਕਰਨੀ ਹੁੰਦੀ ਏ ਮਾਲਕ ਤੀਵੀਂ ਨੇ। ਕਬੀਲਦਾਰ ਬਣਨ ਮਗਰੋਂ ਤਾਂ ਸਾਰੀਆਂ ਗੱਲਾਂ ਭੁੱਲ ਜਾਂਦੀਆਂ ਨੇ ਬੰਦੇ ਨੂੰ। ਮੇਰੇ ਨਾਲ਼ ਚੱਲਿਆ ਕਰ, ਜਦ ਜਾਣਾ ਹੁੰਦਾ ਏ।'

ਦੁਖੀ ਚੁੱਪ ਕਰ ਗਿਆ। ਆਪਣੇ ਮਾਮੇ ਦਾ ਆਖਾ ਉਹ ਮੰਨ ਹੀ ਲਿਆ ਕਰਦਾ ਸੀ। ਇਕ ਦਿਨ ਉਹ ਦੋਨੋਂ ਜਾਣ ਲੱਗੇ ਤਾਂ ਪਿੱਛਲੇ ਟਾਇਰ ਦੀ ਫੂਕ ਨਿਕਲ਼ੀ ਹੋਈ। ਅਜੇ ਕੱਲ੍ਹ ਹੀ ਉਹ ਰੋਪੜ ਲਾਗੇ ਭੱਠਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕਰ ਕੇ ਆਏ ਸਨ, ਜਿੱਥੇ ਠੰਡੇ ਹੋਏ ਭੱਠੇ ਵਿਚ ਗੁਰੂ ਜੀ ਦੇ ਘੋੜੇ ਦੇ ਪੌੜਾਂ ਦੇ ਨਿਸ਼ਾਨ ਅਜੇ ਵੀ ਸਾਂਭੇ ਹੋਏ ਸਨ। ਜੇ ਪੈਂਚਰ ਰਾਹ ਵਿਚ ਹੋ ਜਾਂਦਾ ਤਾਂ ਕੋਈ ਹੀਲਾ ਨਹੀਂ ਸੀ। ਪੰਜ-ਸੱਤ ਮੀਲ ਤੱਕ ਪੈਂਚਰ ਲਾਉਣ ਵਾਲ਼ਾ ਕੋਈ ਨਹੀਂ ਸੀ ਮਿਲਣਾ। ਤੁਰਦੇ ਤੁਰਦੇ ਨਜ਼ਕ ਜ਼ਿੰਦਰ ਦੀ ਭਿਆਂ ਬੋਲ ਜਾਣੀ ਸੀ। ਟਾਇਰ' ਚ ਧਸੀ ਮਹੀਨ ਮੇਖ ਨੇ ਹੀ ਸ਼ਾਇਦ ਟਿਊਬ' ਚੋਂ ਹਵਾ ਨਹੀਂ ਸੀ ਨਿਕਲ਼ਣ ਦਿੱਤੀ। ਘਰ ਪੁੱਜਣ ਮਗਰੋਂ ਹੀ ਹੌਲ਼ੀ-ਹੌਲ਼ੀ ਹਵਾ ਨਿੱਕਲ਼ੀ ਹੋਵੇਗੀ। ਘਨੱਈਏ ਨੇ ਗਲ਼ੀ ਵਿਚ ਸਾਇਕਲ ਲਿਟਾਇਆ ਤੇ ਚਾਬੀ ਨਾਲ਼ ਟਾਇਰ ਚੁੱਕ ਕੇ ਟਿਊਬ ਬਾਹਰ ਕੱਢ ਲਈ। ਟਾਇਰ ਅੰਦਰ ਹੱਥ ਦੇ ਪੋਟੇ ਘੁਮਾ ਕੇ ਮੇਖ਼ ਵੀ ਲੱਭ ਲਈ। ਉਹ ਰਾਮ ਚੰਦ ਨੂੰ ਕਹਿਣ ਲੱਗਾ, 'ਸਾਇਕਲ ਚਲਾਉਂਦੇ ਸਮੇਂ ਸੜਕ ਤੇ ਬਾਜ ਅੱਖ ਰੱਖੋ, ਮੇਖ ਵੱਜ ਕਿਵੇ ਂ ਜਾਵੇ। ਜਿੱਥੇ ਵੀ ਕੋਈ ਪੈਂਚਰ ਲਾਉਣ ਵਾਲ਼ਾ ਬੈਠਾ ਏ। ਉੱਥੋਂ ਤਾਂ ਹੋਰ ਵੀ ਖ਼ਬਰਦਾਰ ਹੋਕੇ ਲੰਘੋ। ਸਾਲ਼ੇ ਮੇਖ਼ਾ ਖਿੰਡਾ ਦਿੰਦੇ ਨੇ ਰਾਹ' ਚ।'

ਉਸ ਨੇ ਰੇਤੀ ਨਾਲ਼ ਟਿਊਬ ਦੀ ਪੈਂਚਰ ਵਾਲ਼ੀ ਥਾਂ ਰਗੜੀ ਤੇ ਸਲੋਸ਼ਨ ਲਾ ਕੇ ਉਂਗਲ਼ੀ ਨਾਲ਼ ਮਲਿਆ। ਫਿਰ ਉਸ ਥਾਂ ਤੇ ਫੂਕਾਂ ਮਾਰ ਕੇ ਸਲੋਸ਼ਨ ਲੱਗਾ ਰਬੜ ਦਾ ਕੱਟਿਆ ਗੋਲ਼ ਟੁਕੜਾ ਚਿਪਕਾ ਦਿੱਤਾ। ਕੈਂਚੀ ਦੇ ਮੁਠੇ ਨਾਲ਼ ਉਸ ਨੂੰ ਚੰਗੀ ਤਰ੍ਹਾਂ ਠੋਕ ਦਿੱਤਾ। ਰਾਮ ਚੰਦ ਨੇ ਕਿਹਾ, 'ਕਿਤੇ ਇਹ ਫੇਰ ਨਾ ਖੁੱਲ੍ਹ ਜਾਵੇ।'

'ਟੀਪ ਫਟ ਜੂ ਪਰ ਮੇਰਾ ਲਾਇਆ ਪੈਂਚਰ ਨਹੀਂ ਖੁੱਲ੍ਹ ਸਕਦਾ।'

'ਪੰਪ ਤੇ ਪੈਂਚਰ ਦਾ ਸਮਾਨ ਨਾਲ਼ ਲੈ ਕੇ ਜਾਇਆ ਕਰੋ ਭਾਈ।' ਲਲਤਾ ਬੋਲੀ।

'ਲੈ ਜਲੂਸ ਕੱਢਣਾ ਏਂ?' ਦੁਖੀ ਨੇ ਕਿਹਾ।

ਨੇੜੇ ਤੇੜੇ ਤਾਂ ਸ਼ਾਇਦ ਹੀ ਕੋਈ ਗੁਰਦੁਆਰਾ ਬਚਿਆ ਹੋਵੇਗਾ, ਜਿੱਥੇ ਉਹ ਨਾ ਗਏ ਹੋਣ। ਉਹ ਕਈ ਰਿਸ਼ਤੇਦਾਰੀਆਂ ਵਿਚ ਵੀ ਜਾ ਆਏ ਸਨ। ਇਕ ਦਿਨ ਦੋਨੋਂ ਘਨ੍ਹੱਈਏ ਦੇ ਸਹੁਰੇ ਪਿੰਡ ਖਮਾਣੋ ਜਾ ਪਹੁੰਚੇ। ਘਨ੍ਹੱਈਏ ਦਾ ਸਹੁਰਾ ਬੁੱਘਾ ਰਾਮ ਤੇ ਸਾਲ਼ਾ ਮਾਧੋ ਬਹੁਤ ਖੁਸ਼ ਹੋਏ। ਮਾਧੋ ਰਾਮ ਇਕ ਕਾਲ਼ੇ ਕੱਪੜੇ ਉੱਤੇ ਸੁਨਹਿਰੀ ਅੱਖਰ ਜੋੜ ਕੇ 'ਵੈਲਕਮ' ਲਿਖ

ਰਿਹਾ ਸੀ। ਬੁੱਘਾ ਰਾਮ ਮਾਮਜਿਸਤੇ ਵਿਚ ਕੁਝ ਕੁੱਟ ਰਿਹਾ ਸੀ। ਉਹ ਦਰਵਾਜ਼ੇ' ਚ ਖੜ੍ਹੀ ਜੋੜੀ ਵੱਲ ਝਾਕਦਾ ਹੱਸ ਕੇ ਬੋਲਿਆ, 'ਬੱਲੇ.... ਬੱਲੇ..... ਬੱਲੇ.... ਬੱਲੇ! ਕੀੜੀ ਦੇ ਘਰ ਨਰਾਇਣ... ਆਹ ਤਾਂ ਕੌਤਿਕ ਹੀ ਹੋ ਗਿਆ। ਮੈਂ ਵੀ ਸੋਚੀ ਜਾਵਾਂ ਅੱਜ ਕਿਹੜੇ ਮਹਾਂਪੁਰਖਾਂ ਨੇ ਚਰਨ ਪਾ ਕੇ ਗਰੀਬ ਦੀ ਕੁਟੀਆ ਨੂੰ ਪਵਿੱਤਰ ਕਰਨਾ ਏਂ। ਸਵੇਰੇ ਸਵੇਰੇ ਪਰਾਂਤ' ਚੋਂ ਆਟਾ ਬੁੜ੍ਹਕ ਕੇ ਅਹੁ ਗਿਆ। ਕੋਠੇ ਉੱਤੋਂ ਚੀਕਾਂ ਮਾਰਦੀ ਇੱਲ੍ਹ ਦੋ ਵਾਰੀ ਲੰਘੀ।'

ਸਦਾ ਬਹਾਰ ਬੁੱਘੇ ਦੀ ਟਿੱਚਰ ਸੁਣ ਰਾਮ ਚੰਦ ਤੇ ਜਿੰਦਰ ਹੱਸ ਪਏ ਤੇ ਉਸ ਦੇ ਪੈਰਾਂ ਨੂੰ ਹੱਥ ਲਾਏ। ਉਹ ਬੋਲਿਆ, 'ਰੱਬ ਤੈਨੂੰ ਸੌ ਮੁੰਡੇ ਹਜ਼ਾਰ ਪੋਤੇ ਦਵੇ ਬਈ ਮੁੰਡਿਆ ਤੇ ਤੂੰ ਭਾਈ ਬੁੱਢ ਸੁਹਾਗਣ ਹੋਵੇਂ।'

ਮਾਧੋ ਰਾਮ ਵੀ ਉੱਠ ਕੇ ਉਨ੍ਹਾਂ ਨੂੰ ਮਿਲਿਆ। ਉਹ ਹੱਟ' ਚੋਂ ਕਮਰੇ' ਚ ਲੰਘਿਆ ਤੇ ਪੰਜ ਮਿੰਟਾਂ ਵਿਚ ਹੀ ਚੁੱਲ੍ਹੇ ਤੇ ਚਾਹ ਬਣਾ ਲਿਆਇਆ। ਪਿੰਨੀਆਂ ਦੀ ਇਕ ਪਲੇਟ ਵੀ ਉਨ੍ਹਾਂ ਮੂਹਰੇ ਲਿਆ ਧਰੀ।

'ਭਾਈ ਥੌੜਾ ਵੀ ਰੱਖ ਲਿਆਉਂਦਾ ਪਲੇਟ' ਚ।' ਬੁੱਘਾ ਰਾਮ ਹੱਸਿਆ।

'ਉਹ ਕਾਹਦੇ ਲਈ ਜੀ?' ਰਾਮ ਚੰਦ ਨੇ ਹੱਸਦਿਆਂ ਪੁੱਛਿਆ।

'ਦੰਦ ਨਾ ਤੁੜਵਾ ਲਿਓ..... ਸਖ਼ਤ ਨੇ ਪਿੰਨੀਆਂ।' ਉਸ ਦੀ ਗੱਲ ਸੁਣ ਕੇ ਉਹ ਤਿੰਨੋਂ ਹੱਸ ਪਏ। ਚੌਲ਼ਾਂ ਦੀਆਂ ਪਿੰਨੀਆਂ ਸੱਚਮੁੱਚ ਪੱਥਰ ਵਰਗੀਆਂ ਸਨ। ਘਰ ਵਿਚ ਕੋਈ ਔਰਤ ਤਾਂ ਹੈ ਨਹੀਂ ਸੀ। ਮਾਧੋ ਰਾਮ ਨੇ ਹੀ ਦਾਲ਼-ਸਬਜ਼ੀ ਬਣਾਈ। ਜਿੰਦਰ ਬਥੇਰਾ ਕਹਿੰਦੀ ਰਹੀ ਕਿ ਉਹ ਬਣਾ ਦਵੇਗੀ ਸਭ ਕੁਝ, ਪਰ ਉਹ ਮੰਨੇ ਹੀ ਨਾ। ਜਿੰਦਰ ਨੇ ਕਾਫੀ ਜ਼ਿੱਦ ਕਰਕੇ ਆਟੇ ਵਾਲ਼ੀ ਪਰਾਂਤ ਚੁੱਕੀ ਤੇ ਰੋਟੀਆਂ ਪਕਾਈਆਂ। ਸ਼ਾਮ ਨੂੰ ਉਹਨਾਂ ਨੇ ਰਾਮ ਚੰਦ ਦਾ ਇਕ ਬੂਟ ਲਕੋ ਦਿੱਤਾ, ਜਿਸ ਕਰਕੇ ਉਨ੍ਹਾਂ ਨੂੰ ਉੱਥੇ ਹੀ ਰਾਤ ਕੱਟਣੀ ਪਈ। ਜਿੰਦਰ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਦੇਖ ਕੇ ਬੜਾ ਖੁਸ਼ ਹੋਈ। ਉਹ ਘਰ ਆ ਕੇ ਕਹਿਣ ਲੱਗੀ, 'ਮੇਰਾ ਤਾਂ ਉੱਥੇ ਬਹੁਤ ਜੀਅ ਲੱਗਿਆ। ਅੱਧੀ ਰਾਤ ਤੱਕ ਐਨਾ ਹੱਸੇ ਕਿ ਢਿੱਡੀਂ ਪੀੜਾਂ ਪੈ ਗਈਆਂ। ਭਾਈ ਉਹਨਾਂ ਨੂੰ ਤਾਂ ਮੈਂ ਮਿਲਣ ਜਾਇਆ ਕਰੂੰ। ਬੜੀ ਰੂਹ ਵਾਲ਼ੇ ਬੰਦੇ ਨੇ।'

ਲਲਤਾ ਆਪਣੇ ਪਿਓ ਤੇ ਭਰਾ ਦੀਆਂ ਸਿਫ਼ਤਾਂ ਸੁਣ ਕੇ ਬਹੁਤ ਖੁਸ਼ ਹੋਈ।

**00**

# ਵੀਹ

ਰਾਮ ਚੰਦ ਇਕੱਲਾ ਹੀ ਆਗਰੇ ਨੂੰ ਵਾਪਸ ਚਲਾ ਗਿਆ। ਜਿੰਦਰ ਉਨ੍ਹਾਂ ਕੋਲ਼ ਸਲਾਹਪੁਰ ਹੀ ਰਹਿ ਗਈ। ਉਹ ਆਗਰੇ ਜਿਸ ਮਕਾਨ ਵਿਚ ਰਹਿੰਦਾ ਸੀ, ਉਹ ਇਕ ਉਜਾੜ, ਬੀਆਬਾਨ ਵਿਚ ਕਿਸੇ ਜ਼ਿੰਮੀਦਾਰ ਦੀ ਪੰਦਰਾਂ ਵੀਹ ਕਮਰਿਆਂ ਦੀ ਬਿਲਡਿੰਗ ਸੀ, ਜਿਸ ਨੂੰ ਸਾਰੇ 'ਕੋਠੀ' ਕਹਿੰਦੇ ਸਨ। ਉੱਥੇ ਸਾਰੇ ਕਮਰੇ ਛੜੇ-ਛੜਾਂਗ ਬੰਦਿਆਂ ਨੇ ਕਿਰਾਏ ਤੇ ਲਏ ਹੋਏ ਸਨ। ਔਰਤ ਕੋਈ ਨਹੀਂ ਸੀ। ਹਰੇਕ ਕਮਰੇ ਦਾ ਕਿਰਾਇਆ ਸੱਤ ਰੁਪਏ ਸੀ। ਬਿਜਲੀ ਦਾ ਬਿਲ ਜ਼ਿੰਮੀਦਾਰ ਹੀ ਭਰਦਾ ਸੀ। ਸਾਰੇ ਨੌਕਰੀ ਪੇਸ਼ਾ ਸਨ ਤੇ ਸਭ ਨੇ ਆਪੋ-ਆਪਣੇ ਸਾਇਕਲ ਰੱਖੇ ਹੋਏ ਸਨ। ਸ਼ਾਮ ਵੇਲ਼ੇ ਸਾਰੇ ਇਕੱਠੇ ਹੋ ਜਾਂਦੇ।

ਚਾਰ-ਪੰਚ ਜਣੇ ਪੀਣ ਵਾਲ਼ੇ ਵੀ ਸਨ। ਤਾਸ਼ ਦੀਆਂ ਬਾਜ਼ੀਆਂ ਲੱਗਦੀਆਂ ਤੇ ਚੰਗੀ ਮਹਿਫ਼ਲ ਜੰਮਦੀ। ਕਬੀਲਦਾਰ ਬੰਦੇ ਲਈ ਉਹ ਥਾਂ ਬਿਲਕੁਲ ਫਿੱਟ ਨਹੀਂ ਸੀ। ਉਸ ਇਲਾਕੇ ਵਿਚ ਨਿੱਕੇ-ਮੋਟੇ ਜਾਨਵਰਾਂ ਤੋਂ ਬਿਨਾਂ ਬਘਿਆੜ ਵੀ ਸਨ, ਜਿਨ੍ਹਾਂ ਦੀ ਹੂ-ਹੂ ਦੀ ਅਵਾਜ਼ ਦਾ ਸ਼ੋਰ ਰਾਮ ਚੰਦ ਨੇ ਬਹੁਤ ਵਾਰੀ ਸੁਣਿਆ ਸੀ। ਉੱਥੇ ਰਹਿਣ ਵਾਲ਼ੇ ਸਾਰੇ ਹੀ ਮਾਸਾਹਾਰੀ ਸਨ, ਜਾਂ ਉਹ ਹੌਲ਼ੀ-ਹੌਲ਼ੀ ਮਾਸਾਹਾਰੀ ਬਣ ਗਏ ਸਨ। ਉਨ੍ਹਾਂ ਵਿਚ ਹੀ ਇਕ ਹਸਨ ਨਾਂ ਦੇ ਬੰਦੇ ਕੋਲ਼ ਤੋੜੇ ਵਾਲ਼ੀ ਬੰਦੂਖ਼ ਸੀ। ਉਹ ਆਪਣੇ ਚਮੜੇ ਦੇ ਝੋਲੇ ਵਿਚ ਬਾਰੂਦ ਅਤੇ ਲੋਹੇ ਦੇ ਛੱਰਿਆਂ ਵਾਲ਼ੀਆਂ ਦੋ ਸ਼ੀਸ਼ੀਆਂ ਰੱਖਦਾ। ਇਕ ਲੋਹੇ ਦਾ ਸਰੀਆ ਵੀ ਉਸ ਦੀ ਬੰਦੂਖ਼ ਦੀ ਨਾਲ਼ੀ ਨਾਲ਼ ਫਿੱਟ ਸੀ। ਦੋਨਾਂ ਨਾਲ਼ੀਆਂ ਵਿਚ ਬਾਰੂਦ ਅਤੇ ਗੋਲ਼ੀਆਂ ਭਰ ਕੇ ਉਹ ਲੋਹੇ ਦੇ ਸਰੀਏ ਨਾਲ਼ ਠੋਕ ਲੈਂਦਾ ਤੇ ਨਿੱਤ ਹੀ ਕੋਈ ਨਾ ਕੋਈ ਜਾਨਵਰ ਮਾਰ ਲਿਆਉਂਦਾ। ਕਈ ਵਾਰੀ ਕੋਈ ਹਿਰਨ ਜਾਂ ਸੂਰ ਵੀ ਹੱਥ ਲੱਗ ਜਾਂਦਾ। ਜੋ ਖਾ ਹੁੰਦਾ ਸਾਰੇ ਖਾ ਲੈਂਦੇ ਬਾਕੀ ਦਾ ਅਚਾਰ ਪਾ ਲੈਂਦੇ। ਉਸ ਕੋਠੀ ਬਾਰੇ ਇਹ ਮਸ਼ਹੂਰ ਸੀ ਕਿ ਉੱਥੇ ਜੇ ਕੋਈ ਪਿੰਜਰ ਬਣਿਆ ਬੰਦਾ ਵੀ ਆਇਆ, ਉਹ ਦਿਨਾਂ ਵਿਚ ਹੀ ਝੋਟਾ ਬਣ ਕੇ ਫਟਣ ਨੂੰ ਆ ਗਿਆ। ਆਪਣੀ ਚੰਗੀ ਸਿਹਤ ਦਾ ਰਾਜ਼ ਦੱਸਣ ਵੇਲ਼ੇ ਹੀ ਰਾਮ ਚੰਦ ਨੇ ਇਸ ਕੋਠੀ ਦੀਆਂ ਸਾਰੀਆਂ ਗੱਲਾਂ ਸੁਣਾਈਆਂ ਸਨ। ਹਸਨ ਐਨਾ ਖੁਲ੍ਹਦਿਲਾ ਸੀ ਕਿ ਸਿੱਕੇ-ਬਾਰੂਦ ਦਾ ਕਦੀ ਕਿਸੇ ਤੋਂ ਇਕ ਧੇਲਾ ਵੀ ਨਾ ਲੈਂਦਾ। ਹਸਨ ਦਾ ਸਾਰਿਆਂ ਨੂੰ ਇਕ ਹੋਰ ਵੀ ਫਾਇਦਾ ਸੀ। ਉਸ ਨੇ ਤਿੰਨ ਸ਼ੇਰਾਂ ਵਰਗੇ ਕੁੱਤੇ ਵੀ ਪਾਲ਼ੇ ਹੋਏ ਸਨ, ਜਿਹੜੇ ਆਮ ਖੁੱਲ੍ਹੇ ਫਿਰਦੇ ਰਹਿੰਦੇ। ਉਹ ਕੋਠੀ ਦੇ ਕਿਸੇ ਵਸਿੰਦੇ ਨੂੰ ਕੁਝ ਨਾ ਕਹਿੰਦੇ। ਬੰਦੂਖ਼ ਅਤੇ ਕੁੱਤਿਆਂ ਦੇ ਡਰੋਂ ਕੋਈ ਚੋਰ ਉਚੱਕਾ ਕੋਠੀ ਵੱਲ ਝਾਕਣ ਦੀ ਵੀ ਹਿੰਮਤ ਨਹੀਂ ਸੀ ਕਰ ਸਕਦਾ।

ਰਾਮ ਚੰਦ ਦਾ ਵਿਆਹ ਹੋ ਜਾਣ ਕਰਕੇ ਉਸ ਨੂੰ ਹੁਣ ਉਹ ਕੋਠੀ ਛੱਡਣੀ ਪੈਣੀ ਸੀ ਤੇ ਸ਼ਰੀਫਾਂ ਦੇ ਕਿਸੇ ਮੁਹੱਲੇ ਵਿਚ ਘਰ ਲੱਭਣਾ ਪੈਣਾ ਸੀ। ਉਹ ਦੂਰ ਦੀ ਸੋਚਦਾ ਸੀ ਕਿ ਸ਼ਰੀਫ ਤੇ ਇੱਜ਼ਤਦਾਰ ਲੋਕਾਂ ਦੇ ਬੱਚੇ ਸ਼ਰੀਫ ਹੋਣਗੇ। ਕੱਲ੍ਹ ਉਨ੍ਹਾਂ ਦੇ ਬੱਚੇ ਹੋਏ ਤਾਂ ਸ਼ਰੀਫਾਂ ਦੀ ਸੰਗਤ ਵਿਚ ਉਹ ਵੀ ਸ਼ਰੀਫ ਬਣਨਗੇ। ਉਸ ਨੇ ਘਰ ਬੰਨ੍ਹਣ ਲਈ ਬੜਾ ਕੁਝ ਕਰਨਾ ਸੀ। ਮੰਜੇ, ਬਿਸਤਰੇ, ਭਾਂਡੇ-ਟੀਂਡੇ ਤੇ ਹੋਰ ਨਿਕਸੁਕ ਖਰੀਦਣਾ ਸੀ। ਕੋਠੀ ਕੋਈ ਜਿੰਦਰ ਦੇ ਰਹਿਣ ਵਾਲ਼ੀ ਥਾਂ ਥੋੜ੍ਹੇ ਸੀ। ਇਹ ਗੱਲ ਰਾਮ ਚੰਦ ਨੇ ਕਿਸੇ ਚਿੱਠੀ ਵਿਚ ਲਿਖੀ ਸੀ। ਜਿਸ ਦਿਨ ਉਹ ਆਗਰੇ ਗਿਆ ਸੀ, ਜਾਣ ਤੋਂ ਪਹਿਲਾਂ ਦੁਖੀ ਦੀ ਬੇਬੇ ਅਤੇ ਨਾਨੀ ਨੇ ਵੀ ਬਹੁਤ ਸਾਰਾ ਜ਼ਰੂਰੀ ਸਮਾਨ ਇਕੱਠਾ ਕੀਤਾ ਸੀ। ਸਾਰੀ ਕਿਸਮ ਦੇ ਅਚਾਰ ਪਾਏ ਸਨ। ਗੁੜ, ਸ਼ੱਕਰ, ਚੌਲਾਂ ਬਗੈਰਾ ਦੀਆਂ ਵੱਡੀਆਂ ਵੱਡੀਆਂ ਪੋਟਲੀਆਂ ਬਣਾ ਕੇ ਬੋਰੀ ਵਿਚ ਪਾ ਦਿੱਤੀਆਂ ਸਨ। ਜਿੰਦਰ ਨੇ ਆਪਣੇ ਦਾਜ ਦੇ ਸਮਾਨ ਵਿੱਚੋਂ ਕਾਫੀ ਕੁਝ ਕੱਢ ਲਿਆ ਸੀ। ਇਕ ਬੋਰੀ ਤਾਂ ਪਿੱਤਲ ਦੇ ਭਾਂਡਿਆਂ ਨਾਲ਼ ਹੀ ਭਰ ਦਿੱਤੀ ਸੀ। ਦੋ ਰਜਾਈਆਂ, ਦੋ ਦਰੀਆਂ, ਗੱਦੇ, ਵਿਛਾਉਣੇ ਪਾ ਕੇ ਬਿਸਤਰ ਬੰਨ੍ਹ ਤਿਆਰ ਕਰ ਦਿੱਤਾ ਸੀ। ਟਰੰਕ, ਬੈਗ... ਸਮਾਨ ਕਾਫੀ ਵਧ ਗਿਆ ਸੀ।

'ਜੀ ਕੱਪੜੇ ਸਿਊਣ ਵਾਲ਼ੀ ਮਸ਼ੀਨ ਵੀ ਲੈ ਜਾਓ।' ਜਿੰਦਰ ਬੋਲੀ ਸੀ।

'ਮੈਂ ਉੱਥੇ ਜਾ ਕੇ ਕੱਪੜੇ ਸਿਊਣੇ ਨੇ? ਆਉਂਦੀ ਹੋਈ ਲੈ ਆਈਂ।' ਰਾਮ ਚੰਦ ਦੀ

ਗੱਲ ਸੁਣ ਕੇ ਸਾਰੇ ਹੱਸ ਪਏ ਸਨ। ਉਸ ਦੇ ਜਾਣ ਵੇਲ਼ੇ ਜਿੰਦਰ ਨੇ ਆਪਣੇ ਬੁੱਲ੍ਹ ਦੰਦਾਂ ਵਿਚ ਘੁੱਟ ਲਏ ਸਨ। ਪਰਲ-ਪਰਲ ਹੰਝੂ ਉਸਦੀਆਂ ਗੱਲ੍ਹਾਂ ਉੱਤੇ ਵਹਿਣ ਲੱਗੇ ਸਨ। ਦੁਖੀ ਵੀ ਰੋ ਪਿਆ ਸੀ। ਔਰਤਾਂ ਨੇ ਤਾਂ ਰੋਣਾ ਹੀ ਸੀ। ਕੇਵਲ ਘਨ੍ਹੱਈਆ ਹੱਸਦਾ ਰਿਹਾ। ਉਹ ਸਭ ਨੂੰ ਚੁੱਪ ਕਰਾ ਰਿਹਾ ਸੀ। ਉਸ ਨੇ ਜਿੰਦਰ ਨੂੰ ਕਿਹਾ ਸੀ, 'ਨਾ ਮੇਰੀ ਧੀ ਹੱਸ ਕੇ ਵਿਦਾ ਕਰ ਉਹਨੂੰ। ਕੁਝ ਦਿਨਾਂ ਦੀ ਗੱਲ ਏ, ਤੂੰ ਉੱਥੇ ਹੀ ਚਲੀ ਜਾਣਾ ਏਂ। ਅਸੀਂ ਤਾਂ ਫੇ ਰ ਇਕੱਲੇ ਰਹਿ ਜਾਣਾ ਏ।' ਬੋਲਦਾ ਬੋਲਦਾ ਘਨ੍ਹੱਈਆ ਵੀ ਰੋਣ ਲੱਗ ਪਿਆ ਸੀ। ਕੁਝ ਦਿਨ ਪਹਿਲਾਂ ਰਾਮ ਚੰਦ ਨੇ ਹੀ ਜਿੰਦਰ ਨੂੰ ਕਿਹਾ ਸੀ ਕਿ ਉਹ ਉਸ ਦੇ ਮਾਮੇ ਤੋਂ ਘੁੰਡ ਨਾ ਕੱਢੇ। ਉਹ ਨੰਗੇ ਮੂੰਹ ਹੋਈ ਤਾਂ ਘਨ੍ਹੱਈਏ ਨੂੰ ਜਿਵੇਂ ਧੀ ਮਿਲ ਗਈ ਸੀ। ਜਾਣ ਵੇਲ਼ੇ ਰਾਮ ਚੰਦ ਪੱਕਾ ਰਿਹਾ ਸੀ। ਉਸ ਦਾ ਇਕ ਵੀ ਹੰਝੂ ਨਹੀਂ ਸੀ ਨਿਕਲਿਆ। ਬੋਲ ਵੀ ਉਸ ਦਾ ਕੋਈ ਨਹੀਂ ਸੀ ਨਿਕਲਿਆ।

ਰਾਮ ਚੰਦ ਦੇ ਜਾਣ ਮਗਰੋਂ ਹੀ ਭਾਗਵੰਤੀ ਨੇ ਜਿੰਦਰ ਨੂੰ ਚੌਂਕੇ ਚੜ੍ਹਾਇਆ। ਉਹ ਤਾਂ ਪਹਿਲੇ ਦਿਨੋਂ ਹੀ ਰਸੋਈ ਸਾਂਭਣ ਲਈ ਤਹੂ ਸੀ। ਖੁਸ਼ ਹੋ ਗਈ। ਉਸ ਨੇ ਦਾਲ਼, ਸਬਜ਼ੀ, ਰੋਟੀਆਂ, ਰਿਐਤਾ, ਚੌਲ਼, ਕੜਾਹ, ਕਿੰਨਾ ਹੀ ਕੁਝ ਬਣਾਇਆ। ਅੱਠ-ਨੌਂ ਕੰਜਕਾਂ ਨੂੰ ਖੁਆਉਣ ਮਗਰੋਂ ਸਾਰਿਆਂ ਨੂੰ ਥਾਲ਼ੀਆਂ ਪਰੋਸੀਆਂ। ਖਾਣਾ ਐਨਾ ਸਵਾਦੀ ਬਣਿਆ ਕਿ ਸਭ ਉਂਗਲਾਂ ਚੱਟਦੇ ਰਹਿ ਗਏ। ਘਨ੍ਹੱਈਏ ਦੀਆਂ ਅੱਖਾਂ ਭਰ ਆਈਆਂ ਤੇ ਬੋਲਿਆ, 'ਕੌਣ ਕਹਿੰਦਾ ਏ ਭਾਗਵੰਤੀ ਕਿ ਚੰਗੇ ਦਿਨ ਮੁੜ ਕੇ ਨਹੀਂ ਆਉਂਦੇ ਹੁੰਦੇ? ਦੇਖ ਆ ਗਏ। ਘਰ ਨੂੰਹ ਆ ਗਈ ਤਾਂ ਸਾਰਾ ਕੁਝ ਆ ਗਿਆ। ਜਿੰਦਰ ਵਰਗੀ ਚੰਗੀ ਬਹੂ ਦਾ ਮਿਲਣਾ ਚੰਗੇ ਦਿਨਾਂ ਦੇ ਮੁੜਨ ਦੀ ਨਿਸ਼ਾਨੀ ਏਂ। ਤੇਰੀ ਕੋਈ ਧੀ ਨਹੀਂ ਹੈਗੀ। ਇਸਨੂੰ ਹਮੇਸ਼ਾ ਧੀ ਸਮਝੀਂ। ਰੱਬ ਤੇਰੇ ਬਹੁਤ ਭਲੇ ਦਿਨ ਲਿਆਵੇਗਾ। ਇਹ ਜੋ ਵਾਕ ਮੂੰਹੋਂ ਮੈਂ ਕੱਢਿਆ ਏ ਨਾ, ਇਹ ਸੱਚ ਹੋਵੇਗਾ। ਮੈਂ ਉਹ ਬੰਦਾ ਏਂ ਜੀਹਨੇ ਮ੍ਹਾਰਾਜ ਦੇ ਸਾਕਸ਼ਾਤ ਦਰਸ਼ਨ ਕੀਤੇ ਹੋਏ ਨੇ।'

ਉਸ ਦਿਨ ਮਗਰੋਂ ਦੋਨਾਂ ਘਰਾਂ ਦੇ ਚੁੱਲ੍ਹੇ ਭਾਵੇਂ ਗਰਮ ਰਹਿੰਦੇ, ਪਰ ਖਾਣ ਸਾਂਝਾ ਹੀ ਹੁੰਦਾ। ਜਿਸ ਦਾ ਜਿੱਥੇ ਜੀਅ ਕਰਦਾ ਖਾ ਲੈਂਦਾ। ਕਈ ਵਾਰੀ ਤਾਂ ਜਿੰਦਰ ਲਲਤਾ ਨੂੰ ਕੁਝ ਬਣਾਉਣ ਤੋਂ ਸਵੇਰੇ ਹੀ ਮਨ੍ਹਾਂ ਕਰ ਦਿੰਦੀ। ਉਹ ਕਹਿੰਦੀ ਰਹਿੰਦੀ ਕਿ ਅੱਜ ਪੂਰੀਆਂ ਛੋਲੇ ਬਣਾਵਾਂਗੀ, ਅੱਜ ਕੜ੍ਹੀ ਚੌਲ਼ ਚੱਲਣਗੇ, ਮਾਮਾ ਜੀ ਘੀਆ ਲਿਆਦੋ, ਕੋਫਤੇ ਬਣਾਵਾਂਗੇ। ਅੱਜ ਛੋਲਿਆਂ ਦੀ ਦਾਲ਼ ਨਾਲ਼ ਮਿੱਸੀਆਂ ਖਾਵਾਂਗੇ, ਚਟਣੀ ਲਈ ਪੁਦੀਨਾ ਤੋੜ ਲਿਆਓ। ਉਹ ਕਹਿੰਦੀ ਤਾਂ ਘਨ੍ਹੱਈਆ ਆਪਣੇ ਭਾਣਜਿਆਂ' ਚੋਂ ਕਿਸੇ ਨੂੰ ਚਮਕੌਰ ਭਜਾ ਦਿੰਦਾ। ਹਰ ਕਿਸੇ ਨੂੰ ਉਸ ਦਾ ਸਾਇਕਲ ਚਲਾਉਣ ਦਾ ਚਾਅ ਹੁੰਦਾ। ਥਾਲੀਆਂ ਵਿਚ ਰੋਟੀ ਪਾ ਕੇ ਉਹ ਛੋਟੇ ਦਰ ਥਾਣੀ ਹਾਕ ਮਾਰਦੀ, 'ਮਾਮੀ ਜੀ ਫੜਿਓ ਰੋਟੀ।'

ਉਹ ਉਸ ਕੋਲੋਂ ਥਾਲੀ ਫੜਦੀ ਧਰਤੀ ਨਮਸਕਾਰਦੀ। ਦੁਖੀ ਦੀ ਨਾਨੀ ਵੀ ਅਸੀਸਾਂ ਦਿੰਦੀ, 'ਜਿਉਂਦੀ ਰਹਿ ਧੀਏ। ਰੱਬ ਤੈਨੂੰ ਭਾਗ ਲਾਏ। ਦੇਹ ਨਰੋਈ ਰੱਖੇ। ਪੁੱਤਾਂ-ਪੋਤਿਆਂ' ਚ ਖੇਡੇਂ। ਬੁੱਢ ਸੁਹਾਗਣ ਹੋਵੇਂ।'

ਦੁਖੀ ਦੀ ਨਾਨੀ, ਮਾਮੀ ਜਾਂ ਬੇਬੇ ਬਾਹਰਲੇ ਕੋਠੇ ਗੈਆਂ ਦੀ ਧਾਰ ਕੱਢਣ ਜਾਂਦੀਆਂ ਤਾਂ ਜਿੰਦਰ ਵੀ ਉਨ੍ਹਾਂ ਨਾਲ਼ ਚਲੀ ਜਾਂਦੀ। ਉਹੀ ਗੈਆਂ ਜਿਹੜੀਆਂ ਪਹਿਲੇ ਇਕ ਦੋ ਦਿਨ

ਉਸ ਨੂੰ ਦੇਖ, ਝਾਂਜਰਾਂ ਦੀ ਅਵਾਜ ਸੁਣ ਡਰਦੀਆਂ ਰਹੀਆਂ ਸਨ, ਉਹ ਹੁਣ ਉਸ ਵੱਲ ਪਿਆਰ ਨਾਲ਼ ਝਾਕਦੀਆਂ ਕਿ ਉਹ ਉਹਨਾਂ ਵੱਲ ਆਵੇ, ਗਲ਼ ਦੁਆਲੇ ਬਾਂਹ ਲਪੇਟ ਥਾਪੜਾ ਦੇਵੇ, ਉਨ੍ਹਾਂ ਦੇ ਮੂੰਹ ਵਿਚ ਦੈੜ ਦਾ ਪੇੜਾ ਦਵੇ ਤੇ ਉਨ੍ਹਾਂ ਨਾਲ਼ ਗੱਲਾਂ ਕਰੇ। ਦੁਖੀ ਆਪਣੀ ਭਾਬੀ ਨੂੰ ਗੈਆਂ ਨਾਲ਼ ਗੱਲਾਂ ਕਰਦੀ ਦੇਖ ਸੋਚਦਾ, 'ਕੌਣ ਕਹਿੰਦਾ ਹੈ ਕਿ ਪਸ਼ੂ ਬੋਲਦੇ ਨਹੀਂ। ਕਿੰਨੀ ਪਿਆਰ ਦੀ ਭੁੱਖ ਹੈ ਉਹਨਾਂ ਨੂੰ।'

ਜਿਹੜੀ ਵੱਡੀ ਸਿੰਗਾਂ ਵਾਲ਼ੀ ਸੋਮਾ ਧਾਰ ਕੱਢਣ ਲਈ ਚਿੰਦੀ ਦੇ ਹੱਥ ਪਈ ਹੋਈ ਸੀ ਤੇ ਹੋਰ ਕਿਸੇ ਨੂੰ ਲਾਗੇ ਨਹੀਂ ਸੀ ਢੁਕਣ ਦਿੰਦੀ, ਉਹ ਵੀ ਬੜੇ ਮੋਹ ਨਾਲ਼ ਜਿੰਦਰ ਵੱਲ ਝਾਕਦੀ ਤੇ ਕਹਿੰਦੀ ਲੱਗਦੀ, 'ਆ ਜਾ ਬੀਬੀ ਭੈਣ, ਮੇਰੀ ਧਾਰ ਕੱਢ ਲੈ।'

ਜਿੰਦਰ ਪੇਕਿਆਂ ਤੋਂ ਮੱਝਾਂ ਸਾਂਭਦੀ ਆਈ ਸੀ। ਉਸ ਨੂੰ ਪਤਾ ਸੀ ਕਿ ਪਸ਼ੂ ਵੀ ਪਿਆਰ ਦੇ ਭੁੱਖੇ ਹੁੰਦੇ ਹਨ। ਮਨੁੱਖ ਦੀ ਤੱਕਣੀ ਨੂੰ ਸਮਝਦੇ ਹਨ। ਬੰਦਿਆਂ ਵੱਲੋਂ ਚੰਗੇ ਵਿਵਹਾਰ ਦੀ ਤਵੱਕੋ ਕਰਦੇ ਹਨ। ਜਿੰਦਰ ਤਾਂ ਬਿਨਾਂ ਨਿਆਣਾ ਪਾਏ ਸੋਮਾਂ ਨੂੰ ਚੋਣ ਲੱਗ ਪਈ ਸੀ। ਉਹ ਜਿੱਥੇ ਖ਼ੁਰ ਅੜਾ ਲੈਂਦੀ, ਬੱਸ ਅੜਾ ਲੈਂਦੀ। ਲੱਤ ਉੱਤੇ ਆਕੇ ਮੱਖ ਵੀ ਬੈਠ ਜਾਵੇ, ਤਾਂ ਵੀ ਨਾ ਹਿੱਲਦੀ। ਜਿੰਦਰ ਗਾਂ ਹੇਠ ਬੈਠ ਉਹਦੇ ਥਣਾਂ ਤੇ ਪਾਣੀ ਦੇ ਛਿੱਟੇ ਮਾਰਦੀ ਤਾਂ ਉਹਦੇ ਥਣ ਮੱਕੀ ਦੀਆਂ ਕੁੱਕੜੀਆਂ ਵਾਂਗ ਆਕੜ ਜਾਂਦੇ। ਉਹ ਬਾਲਟੀ ਭੁੰਜੇ ਨਾ ਰੱਖਦੀ ਸਗੋਂ ਆਪਣੇ ਗੋਡਿਆਂ ਵਿਚ ਹੀ ਜਕੜ ਲੈਂਦੀ। ਬਾਲਟੀ ਵਿਚ ਦੁੱਧ ਦੀਆਂ ਧਾਰਾਂ ਇਉਂ ਡਿਗਦੀਆਂ ਜਿਵੇਂ ਸ਼ਿਵ ਦੀਆਂ ਜਟਾਂ' ਚੋਂ ਗੰਗਾ।

**00**

# ਇੱਕੀ

ਹਰੀਵੰਸ਼ ਅਤੇ ਬੇਅੰਤ ਪਹਿਲਾਂ ਤੋਂ ਹੀ ਜਿੰਦਰ ਨੂੰ 'ਭਾਬੀ ਜੀ' ਪਤਾ ਨਹੀਂ ਕਿਵੇ ਂ ਕਹਿਣ ਲੱਗ ਪਏ ਸਨ। ਉਨ੍ਹਾਂ ਦੇ ਘਰ ਵਿਚ ਤਾਂ ਜੀ ਕਹਿਣ ਦਾ ਰਿਵਾਜ਼ ਹੀ ਨਹੀਂ ਸੀ। ਉਹ ਤਾਂ ਇਕ ਦੂਜੇ ਨੂੰ ਬੁਲਾਉਣ ਲੱਗੇ 'ਏ' 'ਉਇ' ਸ਼ਬਦਾਂ ਦਾ ਇਸਤੇਮਾਲ ਕਰਦੇ, ਓਏ ਮਾਮੇ, ਏ ਬੇਬੇ। ਤਿੰਨੋਂ ਭਰਾ ਰਾਮ ਚੰਦ ਨੂੰ 'ਵੀਰ ਜੀ' ਵੀ ਪਤਾ ਨਹੀਂ ਕਿਵੇਂ ਕਹਿਣ ਲੱਗ ਪਏ ਸਨ, ਇਹ ਹੈਰਾਨੀ ਦੀ ਗੱਲ ਸੀ। ਹਰੀਵੰਸ਼ ਤੇ ਬੇਅੰਤ ਦੀ ਤਰ੍ਹਾਂ ਦੁਖੀ ਵੀ ਚਾਹੁੰਦਾ ਤਾਂ ਸੀ ਕਿ ਜਿੰਦਰ ਨੂੰ 'ਭਾਬੀ ਜੀ' ਕਿਹਾ ਕਰੇ, ਪਰ ਉਸ ਦੇ ਮੂੰਹੋਂ ਇਕੱਲਾ 'ਭਾਬੀ' ਹੀ ਨਿਕਲ਼ਦਾ। ਦੁਖੀ ਤੋਂ ਤਾਂ ਮਾਸਟਰਾਂ ਲਈ ਵੀ ਕਈ ਵਾਰੀ ਗੰਵਾਰ ਬੋਲੀ ਮੂੰਹੋਂ ਨਿਕਲ਼ ਜਾਂਦੀ। ਮੰਗਲ ਰਾਏ ਜਾਂ ਮੰਗਲ ਸੈਨ ਨਾਂ ਦੇ ਨਵੇਂ ਆਏ ਹਿੰਦੀ ਮਾਸਟਰ ਉਨ੍ਹਾਂ ਨੂੰ ਪਹਿਲੇ ਦਿਨ ਪੜ੍ਹਾਉਣ ਆਏ ਤਾਂ ਦੁਖੀ ਨੇ ਹੀ ਸਭ ਤੋਂ ਪਹਿਲਾਂ ਉਨ੍ਹਾਂ ਤੋਂ ਕੁੱਟ ਖਾਧੀ ਸੀ। ਹਿੰਦੀ ਮਾਸਟਰ ਨੂੰ ਆਮ ਤੌਰ' ਤੇ 'ਸਾਸ਼ਤਰੀ ਜੀ' ਕਿਹਾ ਜਾਂਦਾ ਸੀ। ਉਹ ਜਮਾਤ ਵਿਚ ਵੜੇ ਤਾਂ ਸਾਰੇ ਮੁੰਡਿਆਂ ਨੇ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਕਿਹਾ। ਸਾਸ਼ਤਰੀ ਜੀ ਨੇ ਬੈਠਣ ਦਾ ਇਸ਼ਾਰਾ ਕੀਤਾ। ਦੁਖੀ ਨੇ ਬੈਠਦੇ ਸਾਰ ਹੇਠ ਨੂੰ ਮੂੰਹ ਕਰ ਕੇ ਕਹਿ ਦਿੱਤਾ, 'ਪੰਡਤਾ ਮੱਥਾ ਟੇਕਦੇ ਹਾਂ।'

ਉਹ ਇਕ ਦਮ ਤ੍ਰਬਕੇ ਤੇ ਉੱਚੀ ਅਵਾਜ਼' ਚ ਕਿਹਾ, 'ਕਿਹੜਾ ਹਰਾਮਜ਼ਾਦਾ ਏ

ਬਕਵਾਸ ਕਰਦਾ?'

ਮੁੰਡੇ ਚੁੱਪ ਰਹੇ। ਉਨ੍ਹਾਂ ਨੇ ਪਹਿਲੇ ਡੈਸਕ ਤੇ ਬੈਠੇ ਮੁੰਡੇ ਤੋਂ ਹਿੰਦੀ ਦੀ ਕਿਤਾਬ ਫੜ ਲਈ ਤੇ ਬੋਲੇ, 'ਕਿੰਨੇ ਸਬਕ ਪੜ੍ਹ ਲਏ ਬਈ?'

'ਜੀ, ਕੋਈ ਵੀ ਨਹੀਂ।' ਕਿਸੇ ਨੇ ਕਿਹਾ।

'ਕੋਈ ਕਲਾਸ ਨੀ ਲੱਗੀ ਹਿੰਦੀ ਦੀ ਹੁਣ ਤੱਕ?'

'ਨਾ ਪੰਡਤ ਜੀ।' ਦੁਖੀ ਦੇ ਮੂੰਹੋਂ ਨਿਕਲ਼ ਗਿਆ। ਉਹ ਸਮਝ ਗਏ ਕਿ ਪਹਿਲਾਂ ਵੀ ਇਹੀ ਬੋਲਿਆ ਸੀ। ਉਨ੍ਹਾਂ ਨੇ ਇਸ਼ਾਰੇ ਨਾਲ਼ ਦੁਖੀ ਨੂੰ ਆਪਣੇ ਕੋਲ਼ ਬੁਲਾਇਆ ਤੇ ਕਿਹਾ, 'ਐਧਰ ਆ ਪੁੱਤਰਾ ਤੈਨੂੰ ਬੋਲਣਾ ਸਿਖਾਈਏ।'

ਦੁਖੀ ਉੱਠ ਕੇ ਉਨ੍ਹਾਂ ਦੇ ਲਾਗੇ ਜਾ ਖੜ੍ਹਿਆ। ਸਾਸ਼ਤਰੀ ਜੀ ਨੇ ਬੜੇ ਪਿਆਰ ਨਾਲ਼ ਉਸਦੀ ਪਿੱਠ ਤੇ ਹੱਥ ਫੇਰਿਆ ਤੇ ਬੋਲੇ, 'ਇਉਂ ਕਰ ਜਾ ਕੇ ਡੰਡਾ ਲਿਆ ਤੂਤ ਦਾ ਵਧੀਆ ਜਿਹਾ।'

ਦੁਖੀ ਬਾਹਰ ਨਿਕਲ਼ ਗਿਆ। ਸਾਫ਼ ਸੀ ਕਿ ਡੰਡਾ ਉਸੇ ਨੂੰ ਕੁੱਟਣ ਲਈ ਮੰਗਵਾਇਆ ਗਿਆ ਸੀ। ਪਹਿਲਾਂ ਉਸ ਨੇ ਸੋਚਿਆ ਕਿ ਸਕੂਲੋਂ ਦੌੜ ਜਾਵੇ। ਫਿਰ ਇਹ ਸੋਚ ਕੇ ਕਿ ਉਸ ਨੇ ਝੋਲ਼ਾ ਜ਼ਬਤ ਕਰ ਲੈਣਾ ਸੀ ਤੇ ਦੂਹਰੀ ਕੁੱਟ ਪੈਣੀ ਸੀ, ਸਾਸ਼ਤਰੀ ਜੀ ਤੋਂ ਵੀ ਤੇ ਉਹਦੇ ਮਾਮੇ ਤੋਂ ਵੀ, ਜੋ ਹੁੰਦਾ ਹੈ ਦੇਖੀ ਜਾਵੇਗੀ। ਗੱਲ ਇਕ ਕੰਢੇ ਤਾਂ ਲੱਗ ਜਾਏਗੀ। ਉਹ ਸਟਾਫ ਰੂਮ' ਚੋਂ ਡੰਡਾ ਚੁੱਕ ਲਿਆਇਆ ਤੇ ਸਾਸ਼ਤਰੀ ਜੀ ਨੂੰ ਫੜਾ ਦਿੱਤਾ। ਉਨ੍ਹਾਂ ਨੇ ਦੋਨਾਂ ਹੱਥਾਂ ਨੂੰ ਥੁੱਕ ਲਾ ਕੇ ਡੰਡਾ ਘੁਮਾਇਆ ਤੇ ਦੁਖੀ ਦੇ ਗੋਡੇ-ਗਿੱਟੇ ਛਾਂਗਣ ਲੱਗ ਪਏ। ਉਹ ਕੁਟੀ ਗਏ ਤੇ ਦੁਖੀ ਚੀਕਾਂ ਮਾਰੀ ਗਿਆ। ਸਾਸ਼ਤਰੀ ਜੀ ਹਫ ਕੇ ਕੁਰਸੀ ਤੇ ਬੈਠ ਗਏ ਤੇ ਬੋਲੇ, 'ਮੈਨੂੰ ਖੀਰ ਖਾਣਾ ਬਾਮ੍ਹਣ ਨਾ ਸਮਝ ਲਿਓ। ਮੈਂ ਬੰਦੇ ਦਾ ਪੁੱਤ ਬਣਾ ਦਿਆ ਕਰਦਾ ਏਂ।'

ਸਾਸ਼ਤਰੀ ਜੀ ਨੇ ਪਹਿਲੇ ਹੀ ਦਿਨ ਐਸੀ 'ਬਿੱਲੀ ਮਾਰੀ' ਕਿ ਉਹਨਾਂ ਦਾ ਮੁੰਡਿਆਂ ਤੇ ਰੋਹਬ ਪੈ ਗਿਆ। ਮੁੜ ਕੇ ਕਦੀ ਕਿਸੇ ਮੁੰਡੇ ਨੇ ਚੂੰ ਨਾ ਕੀਤੀ।

ਇਕ ਦਿਨ ਦੁਖੀ ਦੀ ਭਾਬੀ ਜਿੰਦਰ ਕਹਿਣ ਲੱਗੀ, 'ਵੇ ਦੁਖੀ ਖੋਲ੍ਹ ਕੱਪੜੇ ਤੈਨੂੰ ਨੁਹਾਵਾਂ।'

'ਮੈਂ ਨਹੀਂ ਭਾਬੀ ਤੇਰੇ ਕੋਲੋਂ ਨਹਾਉਣਾ। ਮੈਂ ਤਾਂ ਆਪੀ ਨ੍ਹਾਊਂ।' ਉਹ ਬੋਲਿਆ।

ਜਿੰਦਰ ਨੇ ਉਸ ਨੂੰ ਕੰਨੋਂ ਫੜ ਲਿਆ ਤੇ ਕਹਿਣ ਲੱਗੀ, 'ਹਰੀਵੰਸ਼ 'ਜੀ' ਕਹਿੰਦਾ ਏ, 'ਬੇਅੰਤ' 'ਜੀ' ਕਹਿੰਦਾ ਏ। ਤੂੰ ਕਿਉਂ ਨਹੀਂ ਕਹਿੰਦਾ ਵੇ?'

'ਮੈਂ ਨੀ 'ਜੀ' ਕਹਿੰਦਾ। ਮੈਨੂੰ ਸੰਗ ਆਉਂਦੀ ਏ।' ਉਹ ਬੋਲਿਆ।

ਜਿੰਦਰ ਨੇ ਨਾਲ਼ੇ ਕੋਲੋਂ ਹੱਥ ਪਾ ਕੇ ਉਹਦਾ ਕੱਛਾ ਫੜ ਲਿਆ ਤੇ ਬੋਲੀ, 'ਸੋਚ ਲੈ ਦੁਖੀ, ਸਭ ਦੇ ਸਾਮ੍ਹਣੇ ਨੰਗਾ ਕਰ ਦੂੰ ਜੇ 'ਭਾਬੀ ਜੀ' ਨਾ ਕਿਹਾ।' ਉਹ ਡਰ ਗਿਆ ਤੇ ਹੌਲ਼ੀ ਦੇਣੇ 'ਭਾਬੀ ਜੀ' ਕਹਿ ਦਿੱਤਾ।

'ਅੱਜ ਤੋਂ ਬਾਅਦ ਮਾਮਾ ਜੀ, ਮਾਮੀ ਜੀ, ਨਾਨੀ ਜੀ, ਬੇਬੇ ਜੀ, ਵੀ ਕਹਿਣਾ ਏਂ। ਜੇ ਨਹੀਂ ਕਹੇਂਗਾ ਤਾਂ ਦੇਖ ਲਵੀਂ।' ਉਹ ਰੋਹਬ ਨਾਲ਼ ਬੋਲੀ।

ਜਿੰਦਰ ਉਸ ਨੂੰ ਬੋਲੀ ਸੁਧਾਰਨ ਲਈ ਵੀ ਕਹਿੰਦੀ ਰਹੀ ਤੇ ਉਸ ਨੂੰ ਖੁਰੇ ਵਿਚ ਖਿੱਚ ਕੱਪੜੇ ਲਾਹ ਦਿੱਤੇ। ਉਹ ਸ਼ਰਮ ਨਾਲ਼ ਗੁੱਛਾ-ਮੁੱਛਾ ਹੋ ਕੇ ਉਹਦੇ ਮੂਹਰੇ ਬੈਠ ਗਿਆ, ਜਿਵੇਂ ਦਿਨ ਵੇਲ਼ੇ ਦਰੱਖਤ ਤੇ ਉੱਲੂ ਬੈਠਾ ਹੁੰਦਾ ਹੈ। ਉਸ ਨੇ ਉਸਦੇ ਸਾਰੇ ਪਿੰਡੇ ਤੇ ਸਾਬਣ ਮਲ਼ਿਆ ਤੇ ਫਿਰ ਝਾਵਾਂ ਚੁੱਕ ਕੇ ਉਸ ਦੇ ਗਿੱਟੇ, ਅੱਡੀਆਂ ਗੋਡੇ ਰਗੜਨ ਲੱਗ ਪਈ। ਇਹ ਕੰਮ ਬੜਾ ਔਖਾ ਸੀ। ਦੁਖੀ ਦੇ ਕੁਤਕੁਤਾਰੀਆਂ ਨਿਕਲ਼ ਰਹੀਆਂ ਸਨ, ਪਰ ਜਿੰਦਰ ਉਸ ਦੀ ਇਕ ਵੀ ਨਹੀਂ ਸੀ ਸੁਣ ਰਹੀ।

'ਖਲੇਪੜ ਦੇਖ ਲੈ ਕਿਵੇਂ ਜੰਮੇ ਪਏ ਨੇ ਮੈਲ਼ ਦੇ। ਦਾਈ ਮਗਰੋਂ ਤੈਨੂੰ ਕਿਸੇ ਨੇ ਨਹਾਇਆ ਨਹੀਂ ਵੇ? ਹੁਣ ਰੋਜ਼ ਮੇਰੇ ਕੋਲ਼ੋਂ ਨਹਾਈਂ। ਦਸ ਦਿਨਾਂ' ਚ ਕੂਚ-ਕੂਚ ਕੇ ਤੈਨੂੰ ਚਿੱਟਾ ਕੱਢ ਦੇਣਾ ਏਂ।' ਉਹ ਹੱਸਦੀ ਰਹੀ।

ਜਿੰਦਰ ਦੀ ਪੇਟੀ ਰੱਖਣ ਨਾਲ਼ ਘਰ ਹੋਰ ਵੀ ਛੋਟਾ ਹੋ ਗਿਆ ਸੀ। ਹੁਣ ਤਾਂ ਅੰਦਰ ਕੇਵਲ ਇਕ ਮੰਜਾ ਹੀ ਡਹਿ ਸਕਦਾ ਸੀ। ਚੁੱਲ੍ਹੇ ਵਾਲ਼ੇ ਪਾਸੇ ਇਕ ਛੋਟੀ ਮੰਜੀ ਡਹਿ ਜਾਂਦੀ ਸੀ, ਪਰ ਉਸ ਦੀ ਦੌਣ ਟੁੱਟੀ ਹੋਣ ਕਰਕੇ ਉਹ ਘਨੱਈਏ ਵੱਲ ਕੋਠੜੀ' ਚ ਰੱਖੀ ਹੋਈ ਸੀ। ਜਿੰਨੀ ਦੇਰ ਰਾਮ ਚੰਦ ਸਲਾਹਪੁਰ ਰਿਹਾ, ਉਹ ਦੋਨੋਂ ਘਨੱਈਏ ਵਾਲ਼ੀ ਹੱਟੀ ਵਿਚ ਸੌਂਦੇ ਰਹੇ ਸਨ। ਉਸਦੇ ਜਾਣ ਮਗਰੋਂ ਉਹ ਤਿੰਨ ਜਣੇ ਇੱਕੋ ਮੰਜੇ ਤੇ ਕਿਵੇਂ ਪੈਂਦੇ? ਘਨੱਈਆ ਸਣ ਦੀਆਂ ਢਾਈਆਂ ਲੈ ਆਇਆ ਤੇ ਦੁਖੀ ਨੇ ਮੋਟੀ ਸਾਰੀ ਰੱਸੀ ਵੱਟ ਕੇ ਮੰਜੀ' ਚ ਦੌਣ ਪਾ ਲਈ। ਸਮਾਨ ਦੀ ਖਿੱਚ-ਧੂਹ ਕਰ ਕੇ ਚੁੱਲ੍ਹੇ ਲਾਗੇ ਮੰਜੀ ਡਾਹ ਲਈ। ਲਲਤਾ ਬੋਲੀ, 'ਸਵੇਰੇ ਉੱਠ ਕੇ ਚੁੱਲ੍ਹਾ ਨੀ ਬਾਲਣਾ? ਦੁਖੀ ਦੀ ਮੰਜੀ ਪੇਟੀ ਉੱਤੇ ਡਾਹ ਦਿਓ। ਤੁਸੀਂ ਸੱਸ ਨੂੰਹ ਪਈਆਂ ਰਹੋ ਇਕੱਠੀਆਂ।'

'ਮੈਂ ਮਰਨਾ ਏਂ ਉੱਤੋਂ ਡਿਗ ਕੇ? ਤੂੰ ਪੈ ਜਾ ਪੇਟੀ ਤੇ ਗੌਂਸਾਂ ਜਿਹੀ।' ਉਹ ਲਲਤਾ ਨੂੰ ਕੁੱਦ ਕੇ ਪਿਆ।

ਸੋਚ ਸੋਚ ਘਨੱਈਏ ਨੇ ਰਾਇ ਦਿੱਤੀ, 'ਭੈਣ ਮੇਰੀਏ ਬਹੂ ਨੂੰ ਕਾਹਨੂੰ ਦੁੱਖ ਦਿੰਦੀ ਏਂ। ਆਪਣਾ ਕੀ ਵੰਡਿਆ ਹੋਇਆ ਏ। ਮਿੱਟੀ ਦੀ ਕੋਠੀ' ਚ ਜਿਹੜਾ ਅਨਾਜ ਪਿਆ ਏ , ਉਹ ਸਾਡੇ ਆਲ਼ੀ' ਚ ਹੀ ਪਾ ਦੇ, ਕੋਠੀ ਭੰਨ ਦਿੰਦੇ ਹਾਂ। ਇਕ ਮੰਜਾ ਹੋਰ ਡਹਿ ਜੂ।'

ਕੋਠੀ ਭੰਨਣ ਦੀ ਸਲਾਹ ਤਾਂ ਭਾਗਵੰਤੀ ਨੂੰ ਜਚ ਗਈ, ਪਰ ਸ਼ਾਇਦ ਉਹ ਐਨੇ ਸਾਰੇ ਧਾਨ ਤੇ ਕਣਕ ਘਨੱਈਏ ਨੂੰ ਨਹੀਂ ਸੀ ਦੇਣਾ ਚਾਹੁੰਦੀ। ਉਸ ਨੇ ਅਗਲੇ ਦੋ ਦਿਨਾਂ ਵਿਚ ਉੱਖਲੀ' ਚ ਸਾਰੇ ਧਾਨ ਕੁੱਟ ਲਏ। ਜਿਹੜੇ ਚੌਲ਼ ਨਿਕਲ਼ੇ, ਉਹ ਤਾਂ ਇਕ ਬੋਰੀ ਵਿਚ ਹੀ ਆ ਗਏ। ਦੂਜੀ ਬੋਰੀ ਕਣਕ ਨਾਲ਼ ਭਰ ਲਈ। ਘਰ ਵਿਚ ਚੂਹਿਆਂ ਦਾ ਕਿਹੜਾ ਪੱਤਣ ਸੀ। ਰਾਤਾਂ ਨੂੰ ਲਟੈਣਾਂ ਉੱਤੇ ਦੌੜਦੇ ਫਿਰਦੇ, ਉੱਪਰ ਲਈ ਖੇਸੀ ਉੱਤੋਂ ਦੀ ਲੰਘਦੇ ਤੇ ਫਰਸ਼ ਉੱਤੇ ਕਬੱਡੀ ਖੇਡਦੇ। ਪਿੰਜਰੇ ਜਾਂ ਕੁੜਿੱਕੀ ਦੇ ਨੇੜੇ ਨਾ ਢੁੱਕਦੇ। ਜੇ ਬੋਰੀਆਂ ਬਾਹਰ ਰੱਖਦੇ ਤਾਂ ਚੂਹਿਆਂ ਦੀ ਪਲਟਣ ਨੇ ਚਾਰ ਦਿਨਾਂ' ਚ ਚੱਟਮ ਕਰ ਜਾਣੀਆਂ ਸਨ। ਭਾਗਵੰਤੀ ਨੇ ਆਪਣੇ ਸੰਦੂਖ਼' ਚੋਂ ਕੁਝ ਸਮਾਨ ਕੱਢ ਕੇ ਥਾਂ ਬਣਾਈ ਤੇ ਦੋਨੋਂ ਬੋਰੀਆਂ ਉਸ ਵਿਚ ਰੱਖ ਦਿੱਤੀਆਂ। ਮਿੱਟੀ ਦੀ ਕੋਠੀ ਤਾਂ ਦੁਖੀ ਅਤੇ ਜਿੰਦਰ ਨੇ ਮਿੰਟਾਂ ਵਿਚ ਹੀ ਭੰਨ ਦਿੱਤੀ ਸੀ। ਹਰੀਵੰਸ਼ ਤੇ ਬੇਅੰਤ ਤਾਂ ਘੱਟ ਹੀ ਘਰ ਵੜਦੇ ਸਨ। ਉਹ ਦੋਨੋਂ ਵੀ ਉਨ੍ਹਾਂ ਨਾਲ਼ ਲੱਗ ਗਏ

। ਉਹ ਖਲੇਪੜ ਤੇ ਮਿੱਟੀ ਦੀ ਰਹਿੰਦ-ਖੂੰਹਦ ਅਮਰ ਸਿੰਘ ਦੇ ਖੋਲ਼ੇ ਵਿਚ ਸੁੱਟ ਆਏ। ਕੋਠੀ ਵਾਲ਼ੀ ਥਾਂ ਤੇ ਜਿੰਦਰ ਦੀ ਪੇਟੀ ਪੁਜਾ ਦਿੱਤੀ ਤਾਂ ਘਰ ਮੋਕਲ਼ਾ ਹੋ ਗਿਆ। ਉਹ ਤਿੰਨੋਂ ਆਪੋ-ਆਪਣੇ ਮੰਜਿਆਂ ਤੇ ਸੌਣ ਲੱਗੇ। ਦਿਨ ਵੇਲ਼ੇ ਉਹ ਸਾਰੇ ਮੰਜੇ ਬਾਹਰ ਕੱਢ ਲੱਕੜ ਦੀ ਪੌੜੀ ਦੇ ਪਿੱਛੇ ਰੱਖ ਦਿੰਦੇ। ਲਲਤਾ ਬਹੁਤਾ ਹੀ ਟੋਕਾ-ਟਾਕੀ ਕਰਦੀ ਰਹਿੰਦੀ, 'ਵੇ ਗਣੇਸਿਆ, ਚੰਦਰਿਆ ਤੂੰ ਬਾਹਰ ਬੇਅੰਤ ਹੋਣਾ ਕੋਲ਼ ਡੰਗਰਾਂ ਵਾਲ਼ੇ ਦਫ਼ਾ ਹੋ ਜਾਇਆ ਕਰ। ਐਥੇ ਤੀਵੀਂਆਂ' ਚ ਪੈਂਦਾ ਏਂ, ਤੈਨੂੰ ਸ਼ਰਮ ਨਹੀਂ ਆਉਂਦੀ?'

'ਤੂੰ ਨੀ ਪੈਂਦੀ ਆਦਮੀਆਂ ਕੋਲ਼?' ਉਹ ਕਹਿੰਦਾ।

'ਵੇ ਕਿਹੜੇ ਆਦਮੀਆਂ ਕੋਲ਼ ਪੈਂਦੀ ਹਾਂ ਮੈਂ?'

'ਮਾਮਾ ਆਦਮੀ ਨੀ ਹੈਗਾ?'

'ਵੇ ਫੋਟ ਤੇਰਾ ਗਣੇਸੇ ਦਾ।'

'ਤੇਰਾ ਵੀ ਦੂਰ ਫਿਟੇ ਮੂੰਹ ਗੌਂਸਾਂ।'

ਉਨ੍ਹਾਂ ਦੀ ਸ਼ਬਦੀ ਜੰਗ ਸ਼ੁਰੂ ਹੋ ਜਾਂਦੀ ਤਾਂ ਕੋਈ ਨਾ ਕੋਈ ਵਿਚ ਪੈ ਕੇ ਉਨ੍ਹਾਂ ਨੂੰ ਹਟਾ ਦਿੰਦਾ।

ਇਹ ਉਹ ਦਿਨ ਸਨ ਜਦੋਂ ਜਿੰਦਰ ਦੀ ਸ਼ਖ਼ਸੀਅਤ ਦਾ ਜਾਦੂ ਦੁਖੀ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਉਹ ਨਿੱਤ ਹੀ ਦੁਖੀ ਨੂੰ ਕੋਈ ਨਾ ਕੋਈ ਬਾਤ ਸੁਣਾਉਂਦੀ। ਇਹ ਸਭ ਬਾਤਾਂ ਜਿੰਦਰ ਨੂੰ ਉਸ ਦੀ ਦਾਦੀ ਨੇ ਸੁਣਾਈਆਂ ਹੋਈਆਂ ਸਨ। ਇਕ ਬਾਤ ਸੀ ਕਿ ਇਕ ਗਰੀਬ ਬੰਦੇ ਨੂੰ ਉਸ ਦੀ ਘਰ ਵਾਲ਼ੀ, ਜੋ ਸੱਤ ਬੱਚਿਆਂ ਦੀ ਮਾਂ ਹੁੰਦੀ ਹੈ ਤੇ ਜਿਹੜੇ ਅਕਸਰ ਭੁੱਖੇ ਹੀ ਰਹਿੰਦੇ ਹਨ, ਸੱਤ ਰੋਟੀਆਂ ਪੱਲੇ ਬੰਨ੍ਹ ਕੇ ਘਰੋਂ ਕਮਾਈ ਕਰਨ ਲਈ ਤੋਰਦੀ ਹੈ। ਉਹ ਜੰਗਲ ਵਿਚ ਇਕ ਪੁਰਾਣੇ ਖੂਹ ਉੱਤੇ ਕਿਵੇਂ ਸੱਤ ਪਰੀਆਂ ਨੂੰ ਮਿਲਦਾ ਹੈ ਤੇ ਕਿਵੇ ਂ ਪਰੀਆਂ ਉਸ ਨੂੰ ਅਲੱਗ-ਅਲੱਗ ਸਮੇਂ ਉੱਤੇ ਸੋਨੇ ਦੀਆਂ ਮੀਂਗਣਾਂ ਹਗਣ ਵਾਲ਼ੀ ਬੱਕਰੀ, ਮਠਿਆਈਆਂ ਦੇਣ ਵਾਲ਼ੀ ਕੜਾਹੀ ਤੇ ਕੁੱਟ ਪਾਉਣ ਵਾਲ਼ੀ ਰੱਸੀ ਤੇ ਸੋਟਾ ਦਿੰਦੀਆਂ ਹਨ। ਕਿੰਨੀ ਕਮਾਲ ਦੀ ਬਾਤ ਸੀ ਉਹ। ਦੁਖੀ ਮੰਤਰ-ਮੁਗਧ ਹੋ ਕੇ ਸੁਣਦਾ। ਉਹ ਸੋਚਦਾ ਕਿ ਕਾਸ਼! ਇਹੋ ਜਿਹੀਆਂ ਪਰੀਆਂ ਉਸ ਨੂੰ ਵੀ ਮਿਲ ਜਾਣ ਤੇ ਉਨ੍ਹਾਂ ਦੀ ਗਰੀਬੀ ਧੋਤੀ ਜਾਵੇ । ਉਸ ਦੀ ਬੇਬੇ ਨੂੰ ਲੋਕਾਂ ਦੇ ਘਰਾਂ ਤੇ ਖੇਤਾਂ ਵਿਚ ਕੰਮ ਨਾ ਕਰਨਾ ਪਵੇ। ਉਸ ਦਾ ਮਾਮਾ ਸ਼ਾਹੀ ਮਹਿਲ ਦੇ ਸਿੰਘਾਸਣ ਤੇ ਬੈਠ ਹੁੱਕਾ ਬੜ੍ਹਕਾਵੇ। ਉਸ ਦੀ ਭਾਬੀ ਨੇ ਉਸ ਨੂੰ ਨਿੱਤ ਸੌਣ ਵੇਲ਼ੇ ਕੋਈ ਲੰਬੀ ਬਾਤ ਸੁਣਾਉਣੀ ਸ਼ੁਰੂ ਕਰ ਦਿੱਤੀ ਸੀ। ਉਸ ਦੀਆਂ ਸੁਣਾਈਆਂ ਪੰਦਰਾਂ-ਸੋਲ਼ਾਂ ਬਾਤਾਂ ਦੁਖੀ ਨੂੰ ਜ਼ੁਬਾਨੀ ਯਾਦ ਹੋ ਗਈਆਂ ਸਨ। ਉਸ ਦੀ ਹਰ ਬਾਤ ਵਿਚ ਗਰੀਬ ਤੇ ਮਿਹਨਤਕਸ਼ ਲੋਕ ਪਤਾ ਨਹੀਂ ਕਿੱਥੋਂ ਆ ਵੜਦੇ ਸਨ, ਜਿਹੜੇ ਦਸਾਂ ਨਹੁੰਆਂ ਦੀ ਕਿਰਤ ਕਰਦੇ, ਕਦੀ ਝੂਠ ਨਾ ਬੋਲਦੇ, ਚੋਰੀ ਨਾ ਕਰਦੇ, ਕਿਸੇ ਦਾ ਹੱਕ ਨਾ ਮਾਰਦੇ ਤੇ ਆਪਣੇ ਹੱਕਾਂ ਲਈ ਲੜਦੇ। ਦੁਖੀ ਅਜਿਹੇ ਪਾਤਰਾਂ ਨੂੰ ਆਪਣੀਆਂ ਅੱਖਾਂ ਅੱਗੇ ਘੁੰਮਦੇ ਦੇਖਣ ਲਗਦਾ। ਉਸ ਨੂੰ ਲਗਦਾ ਜਿਵੇਂ ਉਸਦੀ ਬੇਬੇ ਆਪਣਾ ਰੂਪ ਬਦਲ ਕੇ ਜਿੰਦਰ ਦੀ ਹਰ ਬਾਤ ਵਿਚ ਆ ਵੜਦੀ। ਇਕ ਬਹੁਤ ਚੰਗੀ ਔਰਤ ਉਸ ਦੀ ਹਰ ਬਾਤ ਵਿਚ ਮੌਜੂਦ ਹੁੰਦੀ। ਜਿਸ ਦੁਆਲ਼ੇ ਸਾਰਾ ਘਰ ਘੁੰਮਦਾ ਰਹਿੰਦਾ, ਜਿਹੜੀ ਪਿਆਰ ਦੀ ਇਕ ਜਿਊਂਦੀ

ਜਾਗਦੀ ਮੂਰਤ ਹੁੰਦੀ। ਉਹ ਕਿਸੇ ਬਾਤ ਨੂੰ ਦਵਾਰਾ ਸੁਣਨ ਦੀ ਫਰਮਾਇਸ਼ ਕਰਦਾ ਤਾਂ ਉਸ ਦੀ ਭਾਬੀ ਜ਼ਰਾ ਵੀ ਨਾ ਅੱਕਦੀ। ਦਵਾਰਾ ਸੁਣਾਉਣ ਵੇਲ਼ੇ ਬਾਤ ਪਹਿਲਾਂ ਨਾਲ਼ੋਂ ਕਿਧਰੇ ਹੋਰ ਲੰਘ ਜਾਂਦੀ। ਪਹਿਲੀਆਂ ਗੱਲਾਂ ਦੀ ਥਾਂ ਨਵੀਆਂ ਗੱਲਾਂ ਜੁੜ ਜਾਂਦੀਆਂ। ਦੁਖੀ ਕਹਿੰਦਾ, 'ਨਹੀਂ ਭਾਬੀ ਜੀ, ਇਉਂ ਥੋੜ੍ਹੋ ਸੀ ਬਾਤ। ਉਸ ਔਰਤ ਨੇ ਤਾਂ ਦੂਜਾ ਵਿਆਹ ਕਰਵਾਇਆ ਹੀ ਨਹੀਂ ਸੀ। ਤੁਸੀਂ ਕਹਿੰਦੇ ਹੋ ਰਾਜ ਕੁਮਾਰ ਵਿਆਹ ਕੇ ਲੈ ਗਿਆ।'

'ਨਹੀਂ ਦੁਖੀ... ਬਾਤ ਇਸ ਤਰ੍ਹਾਂ ਵੀ ਹੋ ਸਕਦੀ ਏ, ਜਿਵੇਂ ਮੈਂ ਹੁਣ ਸੁਣਾਈ ਏ। ਉਸ ਤਰ੍ਹਾਂ ਵੀ ਹੋ ਸਕਦੀ ਏ ਜਿਵੇਂ ਮੈਂ ਪਹਿਲਾਂ ਸੁਣਾਈ ਸੀ।'

'ਫੇਰ ਬਾਤਾਂ ਸੱਚ ਨੀ ਹੁੰਦੀਆਂ?'

'ਸੱਚ ਹੁੰਦੀਆਂ ਨੇ। ਉਹ ਵੀ ਸੱਚ ਸੀ, ਤੇ ਹੁਣ ਵਾਲ਼ੀ ਵੀ ਸੱਚ ਏ। ਹਰ ਬਾਤ ਤੋਂ ਬੰਦੇ ਨੂੰ ਕੋਈ ਸਿੱਖਿਆ ਮਿਲਣੀ ਚਾਹੀਦੀ ਏ। ਤੂੰ ਆਪ ਵੀ ਬਾਤ ਜੋੜ ਸਕਦਾ ਏਂ। ਚੁੱਪ-ਚਾਪ ਸੁਣ ਲਿਆ ਕਰ ਬੱਸ।' ਜਿੰਦਰ ਆਖਦੀ।

ਘਨ੍ਹੱਈਆ ਵੀ ਇਕ ਵਧੀਆ ਕਥਾ ਵਾਚਕ ਸੀ, ਪਰ ਉਸ ਦੀਆਂ ਬਾਤਾਂ ਰਮਾਇਣ ਅਤੇ ਮਹਾਂ ਭਾਰਤ ਵਿੱਚੋਂ ਹੀ ਹੁੰਦੀਆਂ ਸਨ। ਉਹ ਵੀ ਦਿਲਚਸਪ ਹੁੰਦੀਆਂ ਸਨ, ਪਰ ਉਨ੍ਹਾਂ ਦੇ ਪਾਤਰਾਂ ਦੇ ਨਾਂ ਦੁਖੀ ਨੂੰ ਵਿਸਰ ਜਾਂਦੇ। ਜਿਵੇਂ 'ਘਟੋਤ ਕੱਚ' , ਇਹ ਵੀ ਭਲਾ ਕੀ ਨਾਂ ਹੋਇਆ। ਘਨ੍ਹੱਈਏ ਵਿਚ ਇਹ ਖ਼ੂਬੀ ਸੀ ਕਿ ਉਹ ਆਪਣੇ ਪਾਤਰਾਂ ਵਾਂਗ ਬੋਲਦਾ ਐਕਟਿੰਗ ਵੀ ਪੂਰੀ ਕਰਦਾ। ਸੁਣਨ ਵਾਲ਼ਾ ਜਿਵੇਂ ਕੀਲਿਆ ਜਾਂਦਾ। ਜਿੰਦਰ ਤੋਂ ਸੁਣੀਆਂ ਬਾਤਾਂ ਦੇ ਪਾਤਰਾਂ ਦੀ ਸ਼ਕਲ ਇਕ ਦਮ ਮੂਹਰੇ ਆ ਜਾਂਦੀ। ਧੂਣੀ ਸੇਕਦਿਆਂ ਜਾਂ ਬਰੋਟੇ ਹੇਠ ਬੈਠਿਆਂ ਫੈਜ਼ੇ ਦੀਆਂ ਬਾਤਾਂ ਦੇ ਪਾਤਰ ਸੁਣਨ ਵਾਲ਼ੇ ਦੀ ਜਾਨ ਕੱਢ ਦਿੰਦੇ। ਡਰਾਉਣੇ ਅਤੇ ਭਿਆਨਕ ਬੰਦੇ, ਭੂਤ-ਪ੍ਰੇਤ, ਡੈਣਾ, ਛਲੇਡੇ, ਦਿਓ, ਅੱਖਾਂ ਮੂਹਰੇ ਆਉਂਦੇ। ਪਰੀਆਂ ਦੀ ਦੁਰਦਸ਼ਾ ਰੋਣ ਲਾ ਦਿੰਦੀ। ਮੁੰਡੇ ਸੁਣੀ ਵੀ ਜਾਂਦੇ ਡਰੀ ਵੀ ਜਾਂਦੇ। ਜਿੰਦਰ ਦੀਆਂ ਬਾਤਾਂ ਹੀ ਸਨ ਜੋ ਬਹੁਤ ਸਹਿਜ, ਆਲ਼ੇ ਦੁਆਲ਼ੇ ਨਾਲ਼ ਜੁੜੀਆਂ ਹੁੰਦੀਆਂ, ਜਿਨ੍ਹਾਂ ਤੋਂ ਬੰਦੇ ਨੂੰ ਸਿੱਖਿਆ ਮਿਲਦੀ ਕਿ ਕੀ ਮਾੜਾ ਕੀ ਚੰਗਾ ਹੁੰਦਾ ਹੈ। ਦੁਖੀ ਅਤੇ ਬਸ਼ੀਰ ਸਕੂਲ ਇਕੱਠੇ ਜਾਂਦੇ ਤੇ ਆਉਂਦੇ ਸਨ। ਇਹ ਪਤਾ ਹੋਣ ਦੇ ਬਾਵਜੂਦ ਕਿ ਦਿਨੇ ਬਾਤਾਂ ਪਾਉਣ ਨਾਲ਼ ਮਾਮਾ ਰਾਹ ਭੁੱਲ ਜਾਂਦਾ ਹੈ, ਉਹ ਬਸ਼ੀਰ ਨੂੰ ਭਾਬੀ ਤੋਂ ਸੁਣੀਆਂ ਬਾਤਾਂ ਨਿੱਤ ਹੀ ਸੁਣਾਉਂਦਾ ਰਹਿੰਦਾ।

**00**

# ਬਾਈ

ਭਾਗਵੰਤੀ ਨੂੰ ਇਕ ਗੱਲ ਬੜਾ ਸਤਾਉਂਦੀ ਰਹਿੰਦੀ ਕਿ ਉਸ ਦੀ ਨੂੰਹ ਜਿੰਦਰ ਨੂੰ ਇਸ ਗੱਲ ਦੀ ਭਿਣਕ ਨਾ ਪੈ ਜਾਵੇ ਕਿ ਉਹ ਲੋਕਾਂ ਦੇ ਘਰਾਂ ਤੇ ਖੇਤਾਂ ਵਿਚ ਕੰਮ ਕਰਨ ਵਾਲ਼ੀ ਮਜ਼ਦੂਰ ਔਰਤ ਹੈ। ਘਰ ਦਾ ਖ਼ਰਚ ਤੋਰਨ ਲਈ ਉਸ ਦਾ ਕੰਮ ਕਰਦੇ ਰਹਿਣਾ ਬਹੁਤ ਜ਼ਰੂਰੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਘਰ' ਚ ਵਿਹਲੀ ਬੈਠ ਕੇ ਆਪਣੇ ਭਰਾ ਘਨੱਈਏ ਤੇ ਵਾਧੂ ਦਾ ਭਾਰ ਬਣੇ। ਉਸ ਦੇ ਦਿਹਾੜੀ ਉੱਤੇ ਜਾਣ ਨੂੰ ਜਿੰਦਰ ਕੋਲ਼ੋਂ ਕਿੰਨੀ

ਕੁ ਦੇਰ ਛੁਪਾਇਆ ਜਾ ਸਕਦਾ ਸੀ! ਭਾਗਵੰਤੀ ਨੇ ਪਿੰਡ ਵਿਚ ਸਭ ਨੂੰ ਕਹਿ ਰੱਖਿਆ ਸੀ ਕਿ ਜਦੋਂ ਕੰਮ ਲਈ ਸੱਦਣਾ ਹੋਵੇ, ਉਸ ਦੀ ਨੂੰਹ ਨੂੰ ਪਤਾ ਨਾ ਲੱਗੇ। ਅਗਲਾ ਉਸ ਤੋਂ ਕੰਮ ਕਰਵਾਉਣ ਲਈ ਘਰ ਆ ਕੇ ਗੱਲੀਂ-ਬਾਤੀਂ ਸਮਝਾ ਜਾਂਦਾ ਤੇ ਉਹ ਕੋਈ ਨਾ ਕੋਈ ਬਹਾਨਾ ਬਣਾ ਘਰੋਂ ਖਿਸਕ ਜਾਂਦੀ। ਇਕ ਦਿਨ ਸਵੇਰੇ ਪੀੜ੍ਹੀ ਉੱਤੇ ਬੈਠੀ ਜਿੰਦਰ ਆਪਣੇ ਦਿਓਰ ਦੁਖੀ ਦੀਆਂ ਮੀਢੀਆਂ ਗੁੰਦ ਕੇ ਜੂੜਾ ਕਰ ਰਹੀ ਸੀ ਕਿ ਚੁਬਾਰੇ ਵਾਲ਼ਿਆਂ ਦਾ ਕੁੰਦਨ ਗਲ਼ੀ' ਚ ਆ ਖੜ੍ਹਿਆ ਤੇ ਹਾਕ ਮਾਰੀ, 'ਏ ਬੂਆ ਘਰੇ ਐਂ?'

'ਹਾਂ ਕੁੰਦੀ ਕੀ ਗੱਲ ਭਾਈ?... ਰੁਕ ਭਾਈ ਮੈਂ ਬਾਹਰ ਹੀ ਆਉਂਦੀ ਹਾਂ।' ਚੁੱਲ੍ਹੇ ਮੂਹਰੇ ਪਰਾਂਤ ਵਿਚ ਆਟਾ ਗੁੰਨ੍ਹਦੀ ਭਾਗਵੰਤੀ ਕਾਹਲ਼ੀ ਨਾਲ਼ ਉੱਠਦੀ ਬਾਹਰ ਜਾਣ ਲੱਗੀ ਤਾਂ ਕੁੰਦਨ ਫਿਰ ਬੋਲ ਪਿਆ, 'ਬੂਆ ਟਿੱਬੇ ਤੇ ਗੁਹਾਰਾ ਲਾਉਣਾ ਏਂ। ਮੇਰੀ ਬੇਬੇ ਨੇ ਬੁਲਾਇਆ ਏ। ਹਾਜ਼ਰੀ ਉੱਧਰ ਹੀ ਖਾ ਲਵੀਂ। ਖਾਲੀ ਟੋਕਰਾ ਲੈ ਆਈਂ ਜੇ ਪਾਥੀਆਂ ਚਾਹੀਦੀਆਂ ਨੇ।'

'ਵੇ ਕੁੰਦੀ... ਮੈਂ ਤਾਂ ਭਾਈ ਕਦੀ ਲਾਇਆ ਨੀ ਗੁਹਾਰਾ। ਵਿਹੜੇ' ਚੋਂ ਸੱਦ ਲਿਆ ਕਿਸੇ ਤੀਵੀਂ ਨੂੰ।'

ਗਲ਼ੀ' ਚ ਖੜ੍ਹੇ ਕੁੰਦੀ ਨੇ ਲੱਤਾਂ ਚੌੜੀਆਂ ਕਰ ਕੇ ਦੋਨਾਂ ਹੱਥਾਂ ਨਾਲ਼ ਤਾੜੀ ਮਾਰੀ ਤੇ ਐਨੀ ਜ਼ੋਰ ਨਾਲ਼ ਹੱਸਿਆ ਕਿ ਜਿੰਦਰ ਅਤੇ ਦੁਖੀ ਉਸ ਵੱਲ ਦੇਖਣ ਲੱਗ ਪਏ। ਉਹ ਬੋਲਿਆ, 'ਕਿਉਂ ਮਖੌਲ ਕਰਦੀ ਏਂ ਬੂਆ ਸਾਰੇ ਗੁਹਾਰੇ ਤਾਂ ਤੂੰ ਹੀ ਲੁਆਏ ਨੇ ਪਿੰਡ ਦੇ । ਕੋਈ ਕੰਮ ਹੈਗਾ ਜਿਹੜਾ ਤੇਰੇ ਬਿਨਾਂ ਨੇਪਰੇ ਚੜ੍ਹ ਜੂ? ਜੇ ਤੇਰਾ ਕਦੀ ਹੱਕ ਰੱਖਿਆ ਏ ਤਾਂ ਦੱਸ? ਫੇਰ ਲੋਕਾਂ ਨੇ ਤੈਨੂੰ ਧਾਨਾਂ ਤੋਂ ਸਾਹ ਨੀ ਲੈਣ ਦੇਣਾ। ਅੱਜ ਆਜਾ ਚੁੱਪ ਕਰ ਕੇ।'

ਸਾਰਾ ਭੇਤ ਖੁੱਲ੍ਹ ਗਿਆ। ਭਾਗਵੰਤੀ ਦਾ ਚਿਹਰਾ ਫੱਕ ਹੋ ਗਿਆ। ਜਿੰਦਰ ਉਸੇ ਵੱਲ ਦੇਖ ਰਹੀ ਸੀ। ਉਹ ਬੋਲੀ, 'ਤੂੰ ਜਾ ਬੀਰਾ, ਆਉਂਦੇ ਨੇ ਬੇਬੇ ਜੀ ਤੇਰੇ ਮਗਰ ਹੀ।'

ਫਿਰ ਉਹ ਆਪਣੀ ਸੱਸ ਨੂੰ ਕਹਿਣ ਲੱਗੀ, 'ਬੇਬੇ ਜੀ ਜਵਾਬ ਨਾ ਦਵੋ। ਕੰਮ ਤਾਂ ਕੰਮ ਹੀ ਹੁੰਦਾ ਏ। ਇਹ ਮਿਹਣਾ ਨੀ ਕੋਈ। ਤੁਸੀਂ ਚਲੇ ਜਾਓ। ਮੈਂ ਘਰ ਹੈਗੀ ਹਾਂ।'

ਪਿੱਛੋਂ ਜਿੰਦਰ ਨੇ ਦੁਖੀ ਨੂੰ ਕੁਰੇਦ ਲਿਆ। ਫਰਨ-ਫਰਨ ਉਸ ਨੇ ਸਭ ਕੁਝ ਬਕ ਦਿੱਤਾ। ਉਹ ਕਾਪੀ ਵੀ ਕੱਢ ਕੇ ਦਿਖਾ ਦਿੱਤੀ, ਜਿਸ ਵਿਚ ਉਸ ਨੇ ਆਪਣੀ ਮਾਂ ਵੱਲੋਂ ਲਾਈਆਂ ਦਿਹਾੜੀਆਂ ਦਰਜ਼ ਕੀਤੀਆਂ ਹੋਈਆਂ ਸਨ। ਸ਼ਾਮ ਨੂੰ ਉਹ ਘਰ ਮੁੜੀ ਤਾਂ ਜਿੰਦਰ ਕਹਿਣ ਲੱਗੀ, 'ਬੇਬੇ ਜੀ ਇਕ ਗੱਲ ਕਹਾਂ?'

'ਕਹਿ ਧੀਏ।'

'ਮੈਂ ਤੁਹਾਡੀ ਨੂੰਹ ਹਾਂ। ਮੈਂ ਵੀ ਕੋਈ ਸ਼ਹਿਨਸ਼ਾਹਾਂ ਦੀ ਧੀ ਨਹੀਂ। ਬੰਦੇ ਤੇ ਨਾ ਕਦੀ ਅਮੀਰੀ ਟਿਕਦੀ ਏ ਤੇ ਨਾ ਕਦੀ ਗਰੀਬੀ। ਜਦੋਂ ਗਰੀਬੀ ਆ ਜਾਵੇ ਤਾਂ ਪੇਟ ਦੀ ਖਾਤਰ, ਬੱਚਿਆਂ ਦੀ ਖਾਤਰ ਦੂਜਿਆਂ ਦੇ ਅਧੀਨ ਕੰਮ ਵੀ ਕਰਨਾ ਪੈ ਸਕਦਾ ਹੈ। ਮੇਰੇ ਬਾਬੇ ਦੇ ਚਾਰ ਪੁੱਤ ਸਨ। ਚੰਗੀ ਅਮੀਰੀ ਭੋਗੀ ਸੀ ਬਚਪਨ ਵਿਚ ਉਹਨਾਂ ਨੇ। ਇਕ ਦੁਕਾਨ ਹੁੰਦੀ ਸੀ ਸੁਨਿਆਰੇ ਕੰਮ ਦੀ ਪਿੰਡ ਵਿਚ। ਇਕ ਤੋਂ ਚਾਰ ਬਣ ਗਈਆਂ ਤਾਂ ਗਾਹਕ ਵੀ ਵੰਡੇ

ਗਏ। ਗੁਜ਼ਾਰਾ ਮੁਸ਼ਕਲ ਹੋਇਆ ਤਾਂ ਮੇਰੀ ਮਾਂ ਨੇ ਲੋਕਾਂ ਦੀਆਂ ਦਰੀਆਂ ਬੁਣੀਆਂ, ਮੈਂ ਕੱਪੜੇ ਸੀਤੇ, ਕਢਾਈਆਂ ਕੀਤੀਆਂ। ਘਰ ਤੁਰੀ ਗਿਆ ਤੇ ਹੌਲ਼ੀ ਹੌਲ਼ੀ ਸਭ ਠੀਕ ਹੋ ਗਿਆ। ਤੁਹਾਡੇ ਬਾਰੇ ਮੈਨੂੰ ਸਭ ਪਤਾ ਲੱਗ ਗਿਆ ਏ। ਜੇ ਤੁਸੀਂ ਕੰਮ ਛੱਡ ਕੇ ਭੁੱਖੇ ਰਹੋਗੇ ਤਾਂ ਮੈਨੂੰ ਵੀ ਤਾਂ ਭੁੱਖੇ ਰਹਿਣਾ ਪੈ ਸਕਦਾ ਹੈ। ਜੇ ਤੁਸੀਂ ਕੰਮ ਨਹੀਂ ਕਰੋਗੇ ਤਾਂ ਇਨ੍ਹਾਂ ਬੱਚਿਆਂ ਦੀ ਜ਼ਿੰਮੇਵਾਰੀ ਕਿਵੇਂ ਨਿਭਾਓਗੇ? ਕਿਸੇ ਦੇ ਹੱਥਾਂ ਵੱਲ ਦੇਖ ਕੇ ਜਿਊਣਾ ਸਭ ਤੋਂ ਭੈੜੀ ਗੱਲ ਹੁੰਦੀ ਏ ਬੇਬੇ ਜੀ। ਮੈਂ ਵੀ ਉਹ ਸਭ ਕੁਝ ਕਰ ਸਕਦੀ ਹਾਂ, ਜੋ ਤੁਸੀਂ ਕਰ ਰਹੇ ਹੋ। ਪਾਪਾ ਜੀ ਕਿਹਾ ਕਰਦੇ ਨੇ ਕਿ ਹਰੇਕ ਔਰਤ ਦੇ ਦੋ ਜਨਮ ਹੁੰਦੇ ਨੇ; ਇਕ ਪੇਕਿਆਂ ਵਿਚ ਦੂਜਾ ਸਹੁਰਿਆਂ ਵਿਚ। ਦੋਹਾਂ ਵਿਚ ਫਰਕ ਵੀ ਬੜਾ ਹੁੰਦਾ ਏ। ਔਰਤ ਉਹ ਕਾਮਯਾਬ ਜਿਹੜੀ ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲ਼ ਲਵੇ, ਜਿਵੇਂ ਤੁਸੀਂ ਢਾਲ਼ਿਆ ਏ। ਦੁਖੀ ਦਾ ਪਿਓ ਜੇ ਅੱਜ ਆ ਕੇ ਤੁਹਾਨੂੰ ਦੇਖੇ ਤਾਂ ਇਹ ਸਭ ਕੁਝ ਬਰਦਾਸ਼ਤ ਕਰ ਲਵੇ? ਰਾਣੀ ਬਣਾ ਕੇ ਰੱਖੀ ਔਰਤ ਨੂੰ ਉਸ ਬਾਝੋਂ ਕੀ ਤੋਂ ਕੀ ਕਰਨਾ ਪੈ ਗਿਆ। ਸਮੇਂ ਨਾਲ਼ ਸਮਝੌਤਾ ਜ਼ਰੂਰੀ ਹੁੰਦਾ ਏ ਬੇਬੇ ਜੀ। ਕੰਮ ਕੋਈ ਮਾੜਾ ਨਹੀਂ ਹੁੰਦਾ ਬੇਬੇ ਜੀ, ਬੰਦੇ ਮਾੜੇ ਹੋ ਸਕਦੇ ਨੇ, ਜਿਵੇ ਂ ਤੁਹਾਡੇ ਦਿਓਰ ਹੋਏ, ਦਰਾਣੀਆਂ ਹੋਈਆਂ। ਰੱਬ ਨੇ ਚਾਹਿਆ ਤਾਂ ਇਕ ਦਿਨ ਮੁੜ ਸਭ ਠੀਕ ਹੋ ਜਾਵੇਗਾ। ਤੁਹਾਡੇ ਚਾਰ ਪੁੱਤ ਨੇ। ਦੇਵਤੇ ਵਰਗੇ ਮਾਮਾ ਜੀ ਦਾ ਆਸ਼ੀਰਵਾਦ ਸਾਰਿਆਂ ਦੇ ਸਿਰ ਤੇ ਹੈ। ਚੁੱਕ ਲੈਣਗੇ ਘਰ ਨੂੰ.... ।' ਜਿੰਦਰ ਕਾਫੀ ਦੇਰ ਬੋਲਦੀ ਰਹੀ ਤੇ ਉਹਦੀ ਸੱਸ ਭਾਗਵੰਤੀ ਅੱਖਾਂ ਭਰੀ ਸੁਣਦੀ ਰਹੀ।

ਅਗਲੇ ਦਿਨ ਤੋਂ ਭਾਗਵੰਤੀ ਦਾ ਜਿੰਦਰ ਤੋਂ ਓਹਲਾ ਰੱਖਣ ਦਾ ਫਿਕਰ ਵੀ ਦੂਰ ਹੋ ਗਿਆ ਤੇ ਉਹ ਨਿਧੜਕ ਹੋ ਕੇ ਕੰਮ ਤੇ ਜਾਣ ਲੱਗ ਪਈ। ਦੇਹ ਤੋੜ ਕੇ ਕੰਮ ਕਰਨ ਵਾਲ਼ੀ ਭਾਗਵੰਤੀ ਨੂੰ ਦਿਹਾੜੀ ਤੇ ਲੈ ਜਾਣ ਲਈ ਲੋਕ ਉਨ੍ਹਾਂ ਦੀ ਦੇਹਲ਼ੀ ਨੀਵੀਂ ਕਰੀ ਰੱਖਦੇ। ਕੋਈ ਲੱਸਣ ਪੁੱਟਦਾ ਤਾਂ ਲੰਘਦਾ ਲੰਘਦਾ ਦੋ ਗੱਠੇ ਉਨ੍ਹਾਂ ਨੂੰ ਦੇਣੇ ਨਾ ਭੁੱਲਦਾ। ਕੋਈ ਪਿਆਜ ਸੁੱਟ ਜਾਂਦਾ, ਕੋਈ ਆਲੂ, ਗੁੜ, ਸ਼ੱਕਰ, ਚੌਲ਼। ਕੋਈ ਮਿਰਚਾਂ ਦਾ ਥੱਬਾ ਹੀ ਉਨ੍ਹਾਂ ਨੂੰ ਫੜਾ ਜਾਂਦਾ ਤੇ ਆਖਦਾ, 'ਬੂਆ, ਮਿੰਨਤ ਦਾ ਹੀ ਕੰਮ ਏਂ। ਭੈਣ ਬਣ ਕੇ ਦੋ ਦਿਨ ਲੁਆ ਦੇ। ਮੂੰਗਫ਼ਲੀ ਤੋੜਨੀ ਏਂ ਜੀਂਗੜ ਤੋਂ।'

'ਵੇ ਭਤੀਜਿਆ... ਬੂਆ ਇਕ ਤੇ ਕੰਮ ਸੌ... ਟੋਟੇ ਕਰ ਲਓ ਬੂਆ ਦੇ.... ਕਿੱਧਰ ਕਿੱਧਰ ਹੋ ਜਾਵਾਂ ਮੈਂ?' ਉਹ ਹੱਸ ਕੇ ਜਵਾਬ ਦਿੰਦੀ।

ਭਾਗਵੰਤੀ ਕਈ ਵਾਰੀ ਉਸ ਸੋਨੇ ਚਾਂਦੀ ਨੂੰ ਯਾਦ ਕਰ ਕੇ ਝੂਰਨ ਲਗਦੀ ਜਿਹੜਾ ਦੁਖੀ ਦੇ ਪਿਓ ਦੇ ਜਿਉਂਦਿਆਂ ਘਰ ਵਿਚ ਦੱਬਿਆ ਹੁੰਦਾ ਸੀ ਤੇ ਉਸ ਦੀ ਮੌਤ ਮਗਰੋਂ ਚਾਚੇ ਪੁੱਟ ਕੇ ਲੈ ਗਏ ਸਨ। ਅਜੇ ਵੀ ਉਸ ਨੂੰ ਸ਼ੱਕ ਸੀ ਕਿ ਕਿਤੇ ਨਾ ਕਿਤੇ ਕੁਝ ਨਾ ਕੁਝ ਦੱਬਿਆ ਰਹਿ ਗਿਆ ਹੋਵੇਗਾ। ਉਸ ਦਾ ਇਹ ਵਹਿਮ ਵੀ ਸੀ ਕਿ ਘਰ ਪੁੱਟਣ ਲੱਗਿਆਂ ਜੇ ਕੋਈ ਸੱਪ ਨਿਕਲ਼ ਆਵੇ ਤਾਂ ਇਹ ਗੱਲ ਪੱਕੀ ਹੋ ਜਾਣੀ ਸੀ, ਕਿ ਘਰ' ਚ ਦੱਬਿਆ ਮਾਲ ਅਜੇ ਹੈ। ਜਿਸ ਦੀ ਰਾਖੀ ਕੋਈ ਵਡਾਰੂ ਸੱਪ ਦੀ ਜੂਨ ਪੈ ਕੇ ਕਰ ਰਿਹਾ ਹੈ। ਉਸ ਨੂੰ ਇਸ ਗੱਲ ਤੇ ਵੀ ਅਟੱਲ ਵਿਸ਼ਵਾਸ਼ ਸੀ ਕਿ ਧਰਤੀ ਵਿਚ ਦੱਬਿਆ ਸੋਨਾ-ਚਾਂਦੀ ਸਮੇ ਂ ਦੇ ਬੀਤਣ ਨਾਲ਼ ਉਸ ਥਾਂ ਤੋਂ ਤੁਰਦਾ ਤੁਰਦਾ ਕਿਧਰੇ ਹੋਰ ਹੀ ਨਿਕਲ਼ ਜਾਇਆ ਕਰਦਾ

ਹੈ। ਮੁੱਕਦੀ ਗੱਲ ਇਹ ਕਿ ਉਹ ਚਾਹੁੰਦੀ ਸੀ ਕਿ ਇਸ ਤੋਂ ਪਹਿਲਾਂ ਕਿ ਘਰ ਵੇਚਿਆ ਜਾਵੇ, ਸਾਰਾ ਫਰਸ਼ ਇਕ ਵਾਰੀ ਫਿਰ ਪੁੱਟ ਕੇ ਦੇਖ ਲਿਆ ਜਾਵੇ। ਇਹ ਗੱਲ ਉਸ ਨੇ ਜਿੰਦਰ ਕੋਲ਼ ਵੀ ਕਰ ਦਿੱਤੀ। ਉਸ ਨੇ ਇਹ ਗੱਲ ਆਪਣੇ ਪਿਓ ਲਹਿਬੰਰ ਸਿੰਘ ਕੋਲ਼ ਪੁਜਾ ਦਿੱਤੀ। ਉਹ ਵੀ ਸੋਨੇ-ਚਾਂਦੀ ਦੇ ਕਾਰੋਬਾਰ ਨਾਲ਼ ਜੁੜਿਆ ਚੁਸਤ ਬੰਦਾ ਸੀ। ਘਰ ਤਾਂ ਉਸ ਦੀ ਧੀ ਦਾ ਹੀ ਸੀ, ਜੇ ਕੁਝ ਮਾਲ ਹੱਥ ਲੱਗ ਜਾਵੇ ਤਾਂ ਦੁਖੀ ਟੱਬਰ ਦੀ ਮੱਦਦ ਹੋ ਜਾਣੀ ਸੀ, ਉਹ ਕਾਹਲਾ ਪੈ ਗਿਆ ਤੇ ਇਕ ਦਿਨ ਆਪਣੇ ਨਾਲ਼ ਇਕ ਭਗਵੇਂ ਕੱਪੜਿਆਂ ਵਾਲ਼ੇ ਸਾਧ ਨੂੰ ਲੈ ਕੇ ਸਲਾਹਪੁਰ ਪਹੁੰਚ ਗਿਆ। ਸਾਧ ਨੇ ਆਪਣੇ ਕਾਲ਼ੇ ਸਿਆਹ ਵਾਲ਼ ਮਗਰ ਨੂੰ ਵਾਹ ਕੇ ਗੁੱਤ ਕੀਤੀ ਹੋਈ ਸੀ ਤੇ ਉਸ ਦੀ ਲੰਬੀ ਦਾੜ੍ਹੀ ਦੀ ਸਮ-ਦੋ-ਬਾਹੂ ਤਿਕੋਣ ਬਣਦੀ ਸੀ। ਉਸ ਨੇ ਇਕ ਕਾਲ਼ੇ ਰੰਗ ਦਾ ਝੋਲ਼ਾ ਆਪਣੇ ਮੋਢੇ ਨਾਲ਼ ਲਟਕਾਇਆ ਹੋਇਆ ਸੀ। ਉਹ ਘਰ ਵਿਚ ਵੜਦਾ ਹੀ ਬੋਲਿਆ, 'ਜੈ ਬੋਲੋ... ਸ੍ਰੀ ਸ੍ਰੀ ਇਕ ਸੌ ਅੱਠ ਬਾਬੇ ਜੰਡ ਵਾਲ਼ੇ ਦੀ।'

ਘਨ੍ਹੱਈਏ ਨੂੰ ਲਹਿੰਬਰ ਸਿੰਘ ਨੇ ਕੰਨ ਵਿਚ ਕੁਝ ਕਿਹਾ ਤਾਂ ਉਹਦੇ ਸਮੇਤ ਘਰ ਦੇ ਸਾਰੇ ਜੀਆਂ ਨੇ ਉਸ ਦੇ ਫੁੱਟ ਫੁੱਟ ਲੰਬੇ ਚਰਣ ਛੂਹੇ ਤੇ ਬੈਠਣ ਲਈ ਉਸ ਦੇ ਅੱਗੇ ਢੋਅ ਵਾਲ਼ਾ ਪੀੜ੍ਹਾ ਡਾਹ ਦਿੱਤਾ। ਉਹ ਚਾਹ ਨਹੀਂ ਸੀ ਪੀਂਦਾ, ਦੁਖੀ ਦੀ ਨਾਨੀ ਉਹਦੇ ਪੀਣ ਲਈ ਦਧੋੜ੍ਹੀ' ਚੋਂ ਦੁੱਧ ਦਾ ਗਿਲਾਸ ਕੱਢ ਸ਼ੱਕਰ ਘੋਲ਼ ਲਿਆਈ। ਜਿੰਨੀ ਦੇਰ ਸਾਧ ਦੁੱਧ ਪੀਂਦਾ ਰਿਹਾ ਉਹ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਘੁਮਾਉਂਦਾ ਸਾਰੇ ਘਰ ਅਤੇ ਬੰਦਿਆਂ ਦਾ ਜਾਇਜ਼ਾ ਲੈਂਦਾ ਰਿਹਾ। ਨਾਲ਼ ਦੀ ਨਾਲ਼ ਮਾਲ਼ਾ ਦੇ ਮਣਕਿਆਂ ਨੂੰ ਗੇੜਾ ਵੀ ਦੇਈ ਗਿਆ। ਲਹਿੰਬਰ ਸਿੰਘ ਨੇ ਦੱਸਿਆ ਕਿ ਉਹ ਨਾਭੇ ਦੇ ਪਹੁੰਚੇ ਹੋਏ ਸੰਤ ਮਹਾਰਾਜ ਜੀ ਹਨ। ਕਿਸੇ ਵੇਲ਼ੇ ਉਨ੍ਹਾਂ ਦੇ ਵਡਾਰੂ ਭੂਪੇ ਰਾਜੇ ਦੇ ਮਹਿਲਾਂ ਵਿਚ ਰਾਜ ਜੋਤਸ਼ੀ ਰਹੇ ਸਨ। ਉਹ ਅੱਖਾਂ ਮੁੰਦ ਕੇ ਧਰਤੀ' ਚ ਦੱਬੇ ਖਜ਼ਾਨਿਆਂ ਦੀ ਨਿਸ਼ਾਨਦੇਹੀ ਕਰਨ ਦੇ ਸਮਰੱਥ ਸਨ। ਉਹ ਆਸ਼ਾਬਾਦ ਦੇ ਮਕਾਨ ਵਿਚ ਹਵਨ ਕਰਨਗੇ ਤੇ ਭਾਗਵੰਤੀ ਵਿਚ ਕਿਸੇ ਰੂਹ ਨੂੰ ਪ੍ਰਵੇਸ਼ ਕਰਵਾ ਕੇ ਜਿੱਥੇ ਵੀ ਕੋਈ ਮਾਲ ਦੱਬਿਆ ਹੋਵੇਗਾ, ਉਸ ਨੂੰ ਬਾਹਰ ਕਢਵਾ ਲੈਣਗੇ। ਘਨ੍ਹੱਈਏ ਨੇ ਤਾਂ ਉਸ ਮਕਾਨ ਦੇ ਫਰਸ਼ ਅਤੇ ਕੰਧਾਂ ਦਾ ਚੱਪਾ ਚੱਪਾ ਪੁੱਟ ਕੇ ਦੇਖਿਆ ਹੋਇਆ ਸੀ ਤੇ ਉਹ ਹੁਣ ਬੇਆਸ ਵੀ ਹੋ ਚੁੱਕਾ ਸੀ। ਦੁਖੀ ਦੇ ਚਾਚੇ ਵੀ ਗੁੜ੍ਹੇ ਹੋਏ ਚਲਾਕ, ਤਜ਼ਰਬੇਕਾਰ ਸੁਨਿਆਰ ਸਨ। ਉਨ੍ਹਾਂ ਦੀ ਅੱਖ ਤੋਂ ਦੱਬਿਆ ਹੋਇਆ ਰੱਤੀ ਭਰ ਸੋਨਾ ਵੀ ਬਚ ਸਕਣਾ ਅਸੰਭਵ ਸੀ। ਉਸ ਨੇ ਇਹ ਮਾਮਲਾ ਟਾਲ਼ਣਾ ਚਾਹਿਆ ਤੇ ਬੋਲਿਆ, 'ਸਰਦਾਰ ਸਾਹਿਬ ਤੁਸੀਂ ਸੰਤ ਜੀ ਮਹਾਰਾਜ ਨੂੰ ਲੈ ਕੇ ਆਏ ਹੋ, ਜੀ ਆਇਆਂ ਨੂੰ, ਪਰ ਅਸੀਂ ਹੁਣ ਉੱਥੇ ਨਹੀਂ ਜਾਵਾਂਗੇ। ਮੇਰੀ ਭੈਣ ਦੀ ਕਿਸਮਤ ਵਿਚ ਹੁੰਦਾ ਤਾਂ ਪਹਿਲਾਂ ਹੀ ਮਿਲ ਜਾਂਦਾ। ਐਵੇਂ ਜੱਗ ਹਸਾਈ ਕਰਨ ਦਾ ਕੀ ਫਾਇਦਾ।'

'ਤੁਸੀਂ ਇਕ ਵਾਰੀ ਪਰਖ ਲਓ। ਸੰਤ ਜੀ ਬੜੇ ਕਰਾਮਾਤੀ ਹਨ। ਝੱਟ ਪਤਾ ਕਰ ਦੇਣਗੇ। ਮੈਂ ਇਨ੍ਹਾਂ ਨੂੰ ਬੜੀ ਮੁਸ਼ਕਲ ਨਾਲ਼ ਮਨਾ ਕੇ ਲਿਆਇਆ ਹਾਂ।' ਦੁਖੀ ਦਾ ਮਾਸੜ ਬੋਲਿਆ।

'ਇਹ ਗੱਲ ਤਾਂ ਐਥੇ ਹੀ ਪਰਖ਼ ਲੈਂਦੇ ਹਾਂ।' ਘਨ੍ਹੱਈਆ ਮੁਸਕਰਾ ਕੇ ਬੋਲਿਆ।

ਘਨ੍ਹੱਈਆ ਰਾਮ ਨੇ ਕੋਠੜੀ ਦੇ ਥਮਲੇ ਵਿਚ ਆਪਣੇ ਕੱਦ ਦੀ ਉਚਾਈ ਤੇ ਇਕ ਖੋਲ਼ ਬਣਾ ਕੇ ਉਸ ਵਿਚ ਸੋਨੇ ਚਾਂਦੀ ਦੀਆਂ ਸਾਰੀਆਂ ਟੂੰਬਾਂ ਰੱਖੀਆਂ ਹੋਈਆ ਸਨ। ਉਸ ਥਾਂ ਉੱਤੇ ਚੀਰੂ ਲਾ ਕੇ ਬਾਕੀ ਥਮਲੇ ਵਾਂਗ ਹੀ ਲਿੱਪਿਆ ਹੋਇਆ ਸੀ। ਇਹ ਕੰਮ ਐਨੀ ਸਫ਼ਾਈ ਨਾਲ਼ ਕੀਤਾ ਹੋਇਆ ਸੀ ਕਿ ਸੰਤ ਜੀ ਦੇ ਫਰਿਸ਼ਤਿਆਂ ਨੂੰ ਵੀ ਇਸ ਦੀ ਸੂਹ ਮਿਲਣੀ ਅਸੰਭਵ ਸੀ। ਦੁਖੀ ਨੂੰ ਵੀ ਉਸ ਨੇ ਇਕ ਵਾਰੀ ਇਹ ਕਹਿ ਕੇ ਇਸ ਬਾਰੇ ਦੱਸਿਆ ਸੀ ਕਿ ਬੰਦੇ ਦਾ ਕੀ ਵਸਾਹ ਕਦੋਂ ਮਹਾਰਾਜ ਹਾਕ ਮਾਰ ਲਵੇ। ਮਗਰੋਂ ਉਸ ਦੇ ਵਾਰਸ ਨੂੰ ਪਤਾ ਤਾਂ ਹੋਣਾ ਚਾਹੀਦਾ ਹੈ। ਕਿੰਨੇ ਹੀ ਲੋਕ ਹੋਣਗੇ ਜਿਹੜੇ ਧਰਤੀ ਵਿਚ ਦੱਬਿਆ ਮਾਲ ਛੱਡ ਕੇ ਇਸ ਦੁਨੀਆਂ ਤੋਂ ਰੁਖ਼ਸਤ ਹੁੰਦੇ ਰਹੇ। ਘਨ੍ਹੱਈਏ ਨੇ ਦੁਖੀ ਨੂੰ ਇਹ ਵੀ ਹਦਾਇਤ ਕੀਤੀ ਸੀ ਕਿ ਇਸ ਗੱਲ ਦੀ ਭਾਫ਼ ਘਰ ਦੇ ਕਿਸੇ ਜੀਅ ਕੋਲ਼ ਵੀ ਨਹੀਂ ਕੱਢਣੀ। ਬੱਸ ਭੇਤ ਨੂੰ ਜ਼ਿੰਦਾ ਲਾ ਕੇ ਚਾਬੀ ਨਹਿਰ ਵਿਚ ਸੁੱਟ ਦੇਣੀ ਹੈ।

'ਐਧਰ ਆਉਣਾ ਸੰਤ ਜੀ ਮਹਾਰਾਜ' । ਘੱਨ੍ਹਈਆ ਉੱਠ ਕੇ ਕੋਠੜੀ ਵੱਲ ਜਾਂਦਾ ਬੋਲਿਆ। ਸੰਤ ਜੀ ਤੇ ਲਹਿੰਬਰ ਸਿੰਘ ਉਹਦੇ ਮਗਰ ਚਲੇ ਗਏ। ਉਹ ਬੋਲਿਆ, 'ਸੰਤ ਜੀ, ਮੈਂ ਤੁਹਾਨੂੰ ਚਾਂਦੀ ਦੇ ਸੌ ਰੁਪਏ ਦਿਆਂਗਾ ਜੇ ਤੁਸੀਂ ਇਹ ਦੱਸ ਦੇਵੋ ਕਿ ਐਥੇ ਕੋਠੜੀ ਵਿਚ ਸਾਡੇ ਗਹਿਣੇ ਕਿੱਥੇ ਪਏ ਹਨ।'

ਪਹਿਲਾਂ ਤਾਂ ਸੰਤ ਜੀ ਭਮੱਤਰ ਗਏ ਫਿਰ ਹੌਸਲਾ ਕਰ ਕੇ ਬੋਲੇ, 'ਬੱਚਾ ਸੰਤ ਮਹਾਤਮਾ ਕੀ ਪਰੀਕਸ਼ਾ ਮੱਤ ਲੋ। ਨੁਕਸਾਨ ਉਠਾਓਗੇ।'

'ਨੁਕਸਾਨ ਉਠਾਨੇ ਕੇ ਲੀਏ ਵੀ ਖ਼ਾਕਸਾਰ ਤਿਆਰ ਹੈ, ਮਹਾਰਾਜ।' ਘਨ੍ਹੱਈਆ ਉਹਦੇ ਵਰਗੀ ਭਾਸ਼ਾ ਵਿਚ ਬੋਲਿਆ।

'ਲੇਕਿਨ ਹਵਨ ਕਰਨਾ ਪੜਤਾ ਹੈ। ਕਿਸੀ ਵਿਅਕਤੀ ਕੇ ਭੀਤਰ ਰੂਹ ਪ੍ਰਵੇਸ਼ ਕਰਵਾਲ਼ੀ ਪੜਤੀ ਹੈ।'

'ਹਵਨ ਵੀ ਕਰਵਾ ਦਿੰਦੇ ਹਾਂ ਤੇ ਜਿਸ ਵਿਚ ਕਹੋ ਰੂਹ ਪ੍ਰਵੇਸ਼ ਕਰਵਾਉਣ ਲਈ ਵੀ ਉਸ ਨੂੰ ਤਿਆਰ ਕਰਵਾ ਦਿੰਦੇ ਹਾਂ। ਬੋਲੋ ਕਿਆ ਲਾਊਂ ਸ਼ਹਿਰ ਸੇ?' ਘਨ੍ਹੱਈਆ ਸੰਤ ਜੀ ਦਾ ਅੰਤਵਾਰਾ ਲੈਣ ਲਈ ਤੁਲ ਗਿਆ ਸੀ।

ਸੰਤ ਜੀ ਨੇ ਸੋਚਿਆ ਕਿ ਇਸ ਹਠੀ ਬੰਦੇ ਮੂਹਰੇ ਉਸ ਦੀ ਦਾਲ਼ ਨਹੀਂ ਗਲ਼ਣੀ। ਉਹ ਪਿੱਠ ਘੁਮਾ ਕੇ ਬਾਹਰ ਵੱਲ ਤੁਰ ਪਿਆ ਤੇ ਬੋਲਿਆ, 'ਲਹਿੰਬਰ ਸਿੰਘ ਇਸੀ ਲੀਏ ਲਾਏ ਥੇ ਹਮੇਂ ਨਿਰਾਦਰ ਕਰਵਾਨੇ ਕੋ? ਹਮ ਜਾਤੇ ਹੈਂ।'

ਲਹਿੰਬਰ ਸਿੰਘ ਨੇ ਉਸ ਦੇ ਪੈਰ ਫੜ ਲਏ। ਘਨ੍ਹੱਈਆ ਵੀ ਜ਼ਰਾ ਢੈਲ਼ਾ ਹੋ ਗਿਆ। ਘਰ ਪੁੱਟਣ ਦੀ ਗੱਲ ਮੁੜਕੇ ਨਾ ਹੋਈ। ਸੰਤ ਜੀ ਵੱਟੇ ਵੱਟੇ ਜ਼ਰੂਰ ਰਹੇ, ਪਰ ਟਿਕ ਗਏ । ਘਨ੍ਹੱਈਏ ਨੇ ਬੜੀ ਸ਼ਰਧਾ ਨਾਲ਼ ਉਨ੍ਹਾਂ ਨੂੰ ਭੋਜਨ ਛਕਾਇਆ ਤੇ ਉਨ੍ਹਾਂ ਦਾ ਆਸਣ ਭੁੰਜੇ ਹੀ ਲਾ ਦਿੱਤਾ, ਕਿਉਂ ਕਿ ਉਹ ਹਮੇਸ਼ਾ ਹੀ ਧਰਤੀ ਉੱਤੇ ਸੌਂਦੇ ਸਨ।

'ਮਹਾਰਾਜ, ਸ਼ਰੀਰ ਤੇ ਚੂਹੇ ਕੁੱਦਣਗੇ ਰਾਤ ਨੂੰ। ਚਾਰਪਾਈ ਪਰ ਸੌਂ ਜਾਓ।' ਘਨ੍ਹੱਈਆ ਬੋਲਿਆ ਸੀ।

'ਹਮ ਸ਼ੇਰੋਂ ਸੇ ਨਹੀਂ ਡਰਤੇ, ਤੁਮ ਚੂਹੋਂ ਕੀ ਬਾਤ ਕਰਤੇ ਹੋ।' ਸੰਤ ਜੀ ਬੋਲੇ ਸਨ।

ਉਹ ਜੰਗਲ ਪਾਣੀ ਜਾਣ ਲਈ ਸਵੇਰੇ ਹੀ ਉੱਠ ਬੈਠੇ। ਲਹਿੰਬਰ ਸਿੰਘ ਵੀ ਨਾਲ਼ ਹੀ ਤਿਆਰ ਹੋ ਗਿਆ। ਘਨ੍ਹੱਈਏ ਨੇ ਦੁਖੀ ਨੂੰ ਵੀ ਉਨ੍ਹਾਂ ਨਾਲ਼ ਤੋਰ ਦਿੱਤਾ। ਇਹ ਵੀ ਕਿਹਾ ਕਿ ਡੰਗਰਾਂ ਵਾਲ਼ੇ ਕੋਠੇ ਤੋਂ ਹਰੀਵੰਸ਼ ਤੇ ਬੇਅੰਤ ਨੂੰ ਵੀ ਨਾਲ਼ ਲੈ ਜਾਈਏ। ਸੰਤ ਜੀ ਚਾਹੁੰਦੇ ਸਨ ਕਿ ਸਾਡੇ ਵਿੱਚੋਂ ਕੋਈ ਪਾਣੀ ਦਾ ਲੋਟਾ ਨਾਲ਼ ਲੈ ਕੇ ਜਾਵੇ, ਪਰ ਘਨ੍ਹੱਈਆ ਬੋਲਿਆ ਸੀ, 'ਮਹਾਰਾਜ ਜੀ ਬੇਟ ਕਾ ਇਲਾਕਾ ਹੈ। ਚਾਰੋਂ ਤਰਫ਼ ਜਲ ਹੀ ਜਲ ਹੈ।'

ਹਰੀਵੰਸ਼ ਉਨ੍ਹਾਂ ਦੇ ਨਾਲ਼ ਗਿਆ। ਉਹ ਸਰਹੰਦ ਨਹਿਰ ਦੇ ਨਾਲ਼ ਬਣੇ ਹੌਜਾਂ ਵੱਲ ਚਲੇ ਗਏ। ਜੰਗਲ ਪਾਣੀ ਜਾਣ ਮਗਰੋਂ ਸੰਤ ਜੀ ਕਹਿਣ ਲੱਗੇ, 'ਯਹਾਂ ਤੋਂ ਬੜਾ ਘਨਾ ਜੰਗਲ ਹੈ, ਹਮ ਜੜੀ-ਬੂਟੀ ਤਲਾਸ਼ ਕਰੇਂਗੇ।'

ਜੜੀਆਂ-ਬੂਟੀਆਂ ਲੱਭਦੇ ਲੱਭਦੇ ਉਹ ਤੀਜੇ ਹੌਜ ਤੱਕ ਚਲੇ ਗਏ। ਬ੍ਰਹਮ ਬੂਟੀ ਦਾ ਤਾਂ ਸਭ ਨੂੰ ਪਹਿਲਾਂ ਹੀ ਗਿਆਨ ਸੀ। ਸੰਤ ਜੀ ਨੇ ਚਿੱਟੇ ਫੁੱਲਾਂ ਵਾਲ਼ੀ ਇਕ ਬੂਟੀ ਉਨ੍ਹਾਂ ਨੂੰ ਦਿਖਾਈ, ਜਿਸ ਦੇ ਫੁੱਲ ਸ਼ਹਿਦ ਵਿਚ ਮਿਲਾ ਕੇ ਖਾਣ ਨਾਲ਼ ਪੁਰਾਣੇ ਤੋਂ ਪੁਰਾਣਾ ਦਮੇ ਂ ਦਾ ਰੋਗ ਦੂਰ ਹੋ ਜਾਂਦਾ ਸੀ। ਹੁੰਦਾ ਸੀ ਜਾਂ ਨਹੀਂ, ਪਰ ਇਹ ਸੰਤਾਂ ਦਾ ਦਾਅਵਾ ਜਰੂਰ ਸੀ। ਦਿਨ ਕਾਫ਼ੀ ਚੜ੍ਹ ਆਇਆ ਸੀ, ਪਰ ਸੰਤ ਜੀ ਮੁੜਨ ਵਿਚ ਹੀ ਨਾ ਆਉਣ। ਜਦ ਨੂੰ ਉਨ੍ਹਾਂ ਨੂੰ ਲੱਭਦਾ ਘਨ੍ਹੱਈਆ ਵੀ ਉੱਥੇ ਪਹੁੰਚ ਗਿਆ। ਉਸ ਨੇ ਉਨ੍ਹਾਂ ਦੀ ਪੈੜ ਨੱਪ ਲਈ ਸੀ। ਉਸ ਨੂੰ ਚਿੰਤਾ ਹੋ ਗਈ ਸੀ ਕਿ ਸੰਤ ਜੀ ਨੇ ਆਪਣੇ ਨਿਰਾਦਰ ਦਾ ਬਦਲਾ ਲੈਣ ਲਈ ਉਸ ਦੇ ਭਾਣਜਿਆਂ ਨਾਲ਼ ਕੋਈ ਅਣਹੋਣੀ ਨਾ ਕਰ ਦਿੱਤੀ ਹੋਵੇ। ਉਹ ਜੜੀਆਂ-ਬੂਟੀਆਂ ਦੇ ਥੱਬੇ ਚੁੱਕੀ ਘਰ ਮੁੜੇ। ਵਾਪਸੀ ਉੱਤੇ ਹਰੀਵੰਸ਼ ਨੇ ਇਕ ਨਿੱਕਾ ਜਿਹਾ ਸਹੇ ਦਾ ਬੱਚਾ ਪਤਾ ਨਹੀਂ ਕਿੱਥੋਂ ਫੜ ਲਿਆ। ਸੰਤ ਜੀ ਬੱਚਾ ਛੱਡਣ ਲਈ ਕਹਿੰਦੇ ਰਹੇ, ਪਰ ਉਸ ਨੇ ਇਕ ਨਾ ਸੁਣੀ। ਉਹ ਸਹੇ ਨੂੰ ਘਰ ਰੱਖ ਕੇ ਪਾਲਣਾ ਚਾਹੁੰਦਾ ਸੀ। ਬੱਚਾ ਉਸ ਨੇ ਦੁਖੀ ਦੇ ਹੱਥਾਂ ਵਿਚ ਫੜਾਇਆ ਹੀ ਸੀ ਕਿ ਉਸ ਦੀ ਗਰਦਣ ਲੁੜ੍ਹਕ ਗਈ ਤੇ ਡੇਲੇ ਸਥਿਰ ਹੋ ਗਏ। ਬੱਚਾ ਸ਼ਾਇਦ ਘਬਰਾ ਕੇ ਹੀ ਮਰ ਗਿਆ ਸੀ।

'ਯੇ ਤੋ ਔਰ ਪਾਪ ਹੋ ਗਿਆ ਹੈ। ਸੋਨੇ ਕਾ ਖਰਗੋਸ਼ ਬਨਵਾ ਕਰ ਮੰਦਰ ਮੇਂ ਚੜ੍ਹਾਨਾ ਪੜੇਗਾ। ਮੈਨੇ ਕਹਾ ਥਾ ਨਾ ਕਿ ਛੋਡ ਦੋ ਉਸੇ।' ਸੰਤ ਜੀ ਬੋਲੇ।

ਹਰੀਵੰਸ਼ ਹੱਸ ਕੇ ਬੋਲਿਆ, 'ਸੰਤ ਜੀ ਅਸੀਂ ਤਾਂ ਸੈਂਕੜੇ ਖ਼ਰਗੋਸ਼ ਮਾਰ ਕੇ ਖਾਧੇ ਹੋਣਗੇ। ਫੇਰ ਤਾਂ ਮਣ ਸੋਨੇ ਦੀ ਲੋੜ ਪਵੇਗੀ। ਕੀ ਗੱਲਾਂ ਕਰਦੇ ਹੋ ਤੁਸੀਂ?'

'ਬੜੇ ਗੁਸਤਾਖ਼ ਔਰ ਮੂੰਹ-ਫੱਟ ਹੈਂ ਆਪ ਸਭੀ... ਜਾਹਲ ਲੋਕ ਹੈਂ ਜਾਹਲ।' ਸੰਤ ਜੀ ਨੂੰ ਗੁੱਸਾ ਚੜ੍ਹ ਗਿਆ।

ਉਹ ਘਰ ਪੁੱਜੇ ਤਾਂ ਲਲਿਤਾ ਨੂੰ ਛਿੱਕਾਂ ਦੀ ਹਨੇਰੀ ਚੜ੍ਹੀ ਹੋਈ ਸੀ। ਉਸ ਨੂੰ ਇਹ ਬਹੁਤ ਪੁਰਾਣੀ ਬੀਮਾਰੀ ਸੀ, ਜਿਸ ਦਾ ਘਨ੍ਹੱਈਏ ਨੇ ਦੇਸੀ ਅਤੇ ਅੰਗਰੇਜ਼ੀ ਦਵਾਈਆਂ ਨਾਲ਼ ਬਹੁਤ ਇਲਾਜ ਕਰਵਾਇਆ ਸੀ, ਪਰ ਕੋਈ ਫਰਕ ਨਹੀਂ ਸੀ ਪਿਆ। ਜਦੋਂ ਛਿੱਕਾਂ ਸ਼ੁਰੂ ਹੋ ਜਾਂਦੀਆਂ ਤਾਂ ਤੀਹ-ਤੀਹ, ਚਾਲ਼ੀ-ਚਾਲ਼ੀ ਆ ਕੇ ਹੀ ਰੁਕਦੀਆਂ। ਵਿਚਾਰੀ ਲਲਤਾ ਦਾ ਮੱਕੂ ਬੰਨ੍ਹਿਆ ਜਾਂਦਾ। ਸਿਰ ਵਿਚ ਪੀੜ ਉੱਠਦੀ ਤੇ ਪੁੜਪੁੜੀਆਂ ਦੀਆਂ ਨਸਾਂ ਟਸ-ਟਸ ਕਰਨ ਲਗਦੀਆਂ। ਛਿੱਕਾਂ ਥੰਮੀਆਂ ਤਾਂ ਸੰਤ ਜੀ ਨੇ ਆਪਣੇ ਝੋਲ਼ੇ' ਚੋਂ ਇਕ ਸ਼ੀਸ਼ੀ ਕੱਢੀ

ਤੇ ਲਲਤਾ ਨੂੰ ਦਸ ਪੁੜੀਆਂ ਬਣਾ ਕੇ ਦਿੱਤੀਆਂ। ਨਿੱਤ ਸਵੇਰੇ ਇਕ ਪੁੜੀ ਗੋਕੇ ਦੁੱਧ ਨਾਲ਼ ਲੈਣ ਮਗਰੋਂ ਹਫ਼ਤੇ ਦੇ ਵਿਚ ਵਿਚ ਛਿੱਕਾਂ ਹਮੇਸ਼ਾ-ਹਮੇਸ਼ਾਂ ਲਈ ਖ਼ਤਮ ਹੋ ਜਾਣਗੀਆਂ। ਅਜਿਹਾ ਸੰਤ ਜੀ ਦਾ ਦਾਅਵਾ ਸੀ। ਸੰਤ ਜੀ ਤਾਂ ਚਲੇ ਗਏ, ਲਲਤਾ ਬੜੀ ਦੇਰ ਤੱਕ ਉਹ ਪੁੜੀਆਂ ਖਾਂਦੀ ਰਹੀ। ਇਕ ਦਿਨ ਅੱਕ ਕੇ ਬਚਦੀਆਂ ਪੁੜੀਆਂ ਚੁੱਲ੍ਹੇ' ਚ ਸੁੱਟ ਦਿੱਤੀਆਂ ਤੇ ਬੋਲੀ, 'ਸੁਆਹ ਦੀਆਂ ਪੁੜੀਆਂ ਦੇ ਗਿਆ ਢੈ ਜਾਣਾ।'

**00**

# ਤੇਈ

ਰਾਮ ਚੰਦ ਆਗਰੇ ਜਾਣ ਤੋਂ ਪਹਿਲਾਂ ਆਪਣੀ ਪਤਨੀ ਜਿੰਦਰ ਨੂੰ ਪਤੇ ਲਿਖ ਕੇ ਨੀਲੇ ਲਿਫਾਫ਼ਿਆਂ ਦਾ ਇਕ ਬੰਡਲ਼ ਦੇ ਗਿਆ ਸੀ। ਚੌਥੇ ਪੰਜਵੇਂ ਦਿਨ ਸਕੂਲ ਜਾਣ ਲੱਗੇ ਦੁਖੀ ਨੂੰ ਉਸ ਦੀ ਭਾਬੀ ਜਿੰਦਰ ਇਕ ਬੰਦ ਲਿਫਾਫ਼ਾ ਫੜਾ ਦਿੰਦੀ ਤੇ ਡਾਕਖਾਨੇ ਪਾਉਣ ਲਈ ਕਹਿੰਦੀ। ਇਸ ਗੱਲੋਂ ਵੀ ਖ਼ਬਰਦਾਰ ਕਰਦੀ ਕਿ ਉਸ ਨੂੰ ਪੜ੍ਹਨਾ ਨਹੀਂ ਤੇ ਨਾ ਹੀ ਇਸ ਬਾਰੇ ਕਿਸੇ ਨੂੰ ਦੱਸਣਾ ਹੈ। ਦੁਖੀ ਲਿਫਾਫ਼ਾ ਕਿਸੇ ਕਿਤਾਬ ਵਿਚ ਰੱਖ ਕਾਹਲ਼ੀ ਨਾਲ਼ ਸਕੂਲ ਨੂੰ ਨਿਕਲ਼ ਜਾਂਦਾ। ਰਾਹ ਵਿਚ ਝੁੰਡਾਂ, ਝਾੜੀਆਂ ਤੇ ਦਰੱਖਤਾਂ ਦਾ ਘਣਾ ਜੰਗਲ ਹੁੰਦਾ ਸੀ, ਉਹ ਕਿਤੇ ਨਾ ਕਿਤੇ ਲੁਕ ਕੇ ਬੈਠ ਜਾਂਦਾ ਤੇ ਲਿਫ਼ਾਫ਼ਾ ਬਿਨਾਂ ਖੋਲ੍ਹੇ, ਸੱਜੇ-ਖੱਬੇ ਘੁਮਾ ਕੇ ਸਾਰੀ ਚਿੱਠੀ ਪੜ੍ਹ ਲੈਂਦਾ। ਚਿੱਠੀਆਂ ਵਿਚ ਬੜੀਆਂ ਸੁਹਣੀਆਂ ਤੇ ਪਿਆਰ ਭਰੀਆਂ ਗੱਲਾਂ ਲਿਖੀਆਂ ਹੁੰਦੀਆਂ ਸਨ- ਮੇਰੇ ਪ੍ਰਾਣ ਅਧਾਰ ਜੀਓ... ਤੁਹਾਥੋਂ ਬਿਨਾਂ ਮੈਂ ਰੇਤ ਉੱਤੇ ਪਈ ਮੱਛੀ ਵਾਂਗ ਤੜਫ਼ਦੀ ਹਾਂ... ਜਿਹੜਾ ਪਿਆਰ ਦਾ ਰੋਗ ਮੈਨੂੰ ਲਾ ਕੇ ਗਏ ਹੋ, ਇਸ ਦਾ ਤੁਹਾਡੇ ਮਿਲਣ ਬਿਨਾਂ ਕੋਈ ਇਲਾਜ ਨਹੀਂ... ਨਿੱਤ ਰਾਤ ਨੂੰ ਸੋਚਦੀ ਹਾਂ, ਤੁਹਾਡੇ ਸੁਪਨੇ ਆਉਣ, ਪਰ ਸੁਪਨੇ ਤਾਂ ਤਦ ਆਉਣ ਜੇ ਨੀਂਦ ਆਵੇ... ਦੁਖੀ ਬਹੁਤ ਚੰਗਾ ਮੁੰਡਾ ਏ, 'ਭਾਬੀ ਜੀ' 'ਭਾਬੀ ਜੀ' ਕਰਦਾ ਰਹਿੰਦਾ ਹੈ.... ਬੇਅੰਤ ਤੇ ਹਰੀਵੰਸ਼ ਵੀ ਬੜੇ ਚੰਗੇ ਮੁੰਡੇ ਹਨ... ਸਭ ਚੰਗੇ ਹਨ... ਕਿੰਨਾਂ ਪਿਆਰ ਕਰਦੇ ਹਨ ਸਾਰੇ ਜਣੇ... ਬੇਬੇ ਜੀ ਜਿਵੇਂ ਮੇਰੇ ਬਿਨਾਂ ਸਾਹ ਨਹੀਂ ਲੈਂਦੇ। ਵਿਚਾਰੀ ਨੇ ਕਿੰਨੀਆਂ ਮੁਸੀਬਤਾਂ ਝੱਲੀਆਂ ਹਨ ਜ਼ਿੰਦਗੀ ਵਿਚ... ਮਾਮਾ ਜੀ ਨੂੰ ਤਾਂ ਮੇਰਾ ਹੀ ਫਿਕਰ ਲੱਗਾ ਰਹਿੰਦਾ ਹੈ, ਸ਼ਹਿਰ ਤੋਂ ਸੌ ਚੀਜ਼ ਲਿਆ ਕੇ ਦਿੰਦੇ ਹਨ... ਬੇ ਬੇ ਜੀ ਦਾ ਕਰਜ਼ ਹੁਣ ਆਪਾਂ ਰਲ਼ ਕੇ ਲਾਹੁਣਾ ਹੈ.. ਇਨ੍ਹਾਂ ਬੱਚਿਆਂ ਨੂੰ ਆਪ ਤੋਂ ਵੱਧ ਪੜ੍ਹਾਉਣਾ ਹੈ। ਉੱਚੇ ਅਹੁਦਿਆਂ ਤੇ ਪੁਜਾਉਣਾ ਹੈ... ਐਥੇ ਇਕ ਗਾਂ ਹੈ ਸੋਮਾਂ। ਮੈਂ ਛਤੜੇ ਹੇਠ ਜਾ ਕੇ ਉਸ ਨੂੰ ਮਿਲੇ ਬਿਨਾਂ ਬਾਹਰ ਨਿਕਲ਼ ਆਵਾਂ ਤਾਂ ਉਹ ਉਨੀਂ ਦੇਰ ਰੰਭਣ ਤੋਂ ਨੀ ਹਟਦੀ ਜਿੰਨੀ ਦੇਰ ਮੈਂ ਮੁੜ ਉਸ ਕੋਲ਼ ਜਾਕੇ ਗਲ਼ੇ ਨਾ ਮਿਲ ਲਵਾਂ, ਗੱਲਾਂ ਨਾ ਕਰ ਲਵਾਂ। ... ਮੇਰਾ ਸਮਾਂ ਬਹੁਤ ਵਧੀਆ ਬੀਤਦਾ ਹੈ, ਪਰ ਤੁਹਾਨੂੰ ਯਾਦ ਕਰਕੇ ਮੇਰਾ ਰੋਣ ਨਿਕਲ਼ ਜਾਂਦਾ ਹੈ... ਮੇਰਾ ਬਹੁਤ ਦਿਲ ਕਰਦਾ ਹੈ ਕਿ ਤੁਹਾਡੇ ਕੋਲ਼ ਉਡ ਕੇ ਪਹੁੰਚ ਜਾਵਾਂ... ਮੈਨੂੰ ਤਾਂ ਇਸ ਗੱਲ ਦਾ ਵੀ ਫਿਕਰ ਲੱਗ ਗਿਆ ਹੈ ਕਿ ਜੋ ਐਥੇ ਮੈਨੂੰ ਪਿਆਰ ਕਰਨ ਲੱਗੇ ਨੇ, ਜਦੋਂ ਮੈਂ ਤੁਹਾਡੇ ਕੋਲ਼ ਆ ਗਈ ਤਾਂ ਉਨ੍ਹਾਂ ਵਿਚਾਰਿਆਂ ਦਾ ਕੀ ਬਣੇਂਗਾ... । ਬਗੈਰਾ... ਬਗੈਰਾ... ।

ਰਾਮ ਚੰਦ ਦਾ ਖ਼ਤ ਤਾਂ ਹਫਤੇ ਦਸ ਦਿਨਾਂ ਮਗਰੋਂ ਹੀ ਆਉਂਦਾ ਸੀ। ਉਹ ਵੀ ਘਨੱਈਏ ਦੇ ਨਾਂ ਉਰਦੂ ਵਿਚ ਲਿਖਿਆ ਹੁੰਦਾ। ਉਰਦੂ ਕੇਵਲ ਘਨੂੱਈਆ ਹੀ ਪੜ੍ਹ ਸਕਦਾ ਸੀ। ਲੀਡਰਾਂ ਨੇ ਉਰਦੂ ਨੂੰ ਵੀ ਪਾਕਿਸਤਾਨ ਜਾਣ ਵਾਲ਼ੇ ਬੇਘਰ ਹੋਏ ਮੁਸਲਮਾਨਾਂ ਨਾਲ਼ ਦੇਸ਼ ਨਿਕਾਲ਼ਾ ਦੇ ਦਿੱਤਾ ਸੀ। ਸਕੂਲਾਂ ਵਿਚ ਇਸ ਦੀ ਪੜ੍ਹਾਈ ਬੰਦ ਹੋ ਗਈ ਸੀ। ਚਿੱਠੀ ਆਉਂਦੀ ਤਾਂ ਘਨੂੱਈਆ ਸਾਰਿਆਂ ਨੂੰ ਰਾਮ ਚੰਦ ਦੇ ਰਾਜੀ-ਖੁਸ਼ੀ ਹੋਣ ਬਾਰੇ ਦੱਸ ਦਿੰਦਾ। ਉਸ ਨੇ ਪੜ੍ਹਦੇ ਸੁਣਦਿਆਂ ਨੂੰ ਸਤਿ ਸ੍ਰੀ ਅਕਾਲ ਵੀ ਲਿਖਿਆ ਹੁੰਦਾ। ਜਿੰਦਰ ਦੇ ਨਾਂ ਤੇ ਤਾਂ ਰਾਮ ਚੰਦ ਨੇ ਕਦੀ ਕੋਈ ਖ਼ਤ ਪਾਇਆ ਹੀ ਨਹੀਂ ਸੀ, ਸ਼ਾਇਦ ਸੰਗਦਾ ਹੋਵੇ ਕਿ ਜੇ ਲੋਕਾਂ ਨੂੰ ਪਤਾ ਲੱਗ ਗਿਆ ਤਾਂ ਕਿੰਨੀਂ ਬਦਨਾਮੀ ਹੋਵੇਗੀ। ਫਿਰ ਚਿੱਠੀ ਆਈ, ਪਤਾ ਲੱਗਾ ਕਿ ਰਾਮ ਚੰਦ ਨੇ ਸ਼ਹਿਰ ਵਿਚ ਦੋ ਕਮਰਿਆਂ ਤੇ ਰਸੋਈ, ਬਾਥਰੂਮ ਵਾਲ਼ਾ ਮਕਾਨ ਕਿਰਾਏ ਤੇ ਲੈ ਲਿਆ ਸੀ। ਉਸ ਘਰ ਵਿਚ ਫਲੱਸ਼ ਵੀ ਬਣੀ ਹੋਈ ਸੀ। ਟੈਂਕੀ ਦੀ ਜੰਜ਼ੀਰ ਖਿੱਚ ਕੇ ਪਾਣੀ ਦਾ ਜਿਵੇਂ ਹੜ੍ਹ ਹੀ ਆ ਜਾਂਦਾ ਸੀ। ਉਸ ਨੇ ਇਕ ਵੱਡਾ ਪਲੰਘ ਤੇ ਗੱਦਾ ਖਰੀਦ ਲਏ ਸਨ। ਪਿੱਤਲ ਦਾ ਸਟੋਵ ਵੀ ਲੈ ਆਂਦਾ ਸੀ, ਜਿਸ ਵਿਚ ਮਿੱਟੀ ਦਾ ਤੇਲ ਪੈਂਦਾ ਤੇ ਹਵਾ ਭਰ ਕੇ ਚੱਲਦਾ। ਸਰਕਾਰੀ ਡੀਪੂ ਵਾਲ਼ਾ ਉਸ ਦਾ ਦੋਸਤ ਸੀ, ਜਿਸ ਨੇ ਮਿੱਟੀ ਦੇ ਤੇਲ ਦਾ ਪੂਰਾ ਕਨੱਸਤਰ ਉਸ ਨੂੰ ਦੇ ਦਿੱਤਾ ਸੀ। ਸਾਰੀਆਂ ਗੱਲਾਂ ਦੱਸ ਕੇ ਇਹ ਵੀ ਲਿਖਿਆ ਸੀ ਕਿ ਹੋਟਲ ਦੀਆਂ ਬਹੁਤੀਆਂ ਮਿਰਚ ਮਸਾਲਿਆਂ ਵਾਲ਼ੀਆਂ ਦਾਲ਼ਾਂ ਸਬਜ਼ੀਆਂ ਖਾਣ ਦੀ ਵਜ੍ਹਾ ਨਾਲ਼ ਉਸ ਦਾ ਪੇਟ ਖ਼ਰਾਬ ਰਹਿਣ ਲੱਗਾ ਸੀ। ਬੁਖ਼ਾਰ ਵੀ ਚੜ੍ਹ ਜਾਂਦਾ ਸੀ। ਘਰ ਦੀ ਰੋਟੀ ਵਰਗੀ ਰੀਸ ਨਹੀਂ ਹੁੰਦੀ। ਉੱਥੇ ਚਾਰ ਪਰਿਵਾਰਾਂ ਦਾ ਇਕ ਸਾਂਝਾ ਵਿਹਾ ਸੀ, ਬਾਕੀ ਤਿੰਨੇ ਪਰਿਵਾਰ ਬਾਲ-ਬੱਚੇਦਾਰ ਸਨ। ਮਕਾਨ ਮਾਲਕ ਨੇ ਉਸ ਨੂੰ ਕਿਹਾ ਸੀ ਕਿ ਜੇ ਉਹ ਇਸ ਮਹੀਨੇ ਦੀ ਇਕੱਤੀ ਤਰੀਕ ਤੱਕ ਫੈਮਿਲੀ ਲੈ ਕੇ ਨਾ ਆਇਆ ਤਾਂ ਮਕਾਨ ਖਾਲੀ ਕਰਨਾ ਪਵੇਗਾ। ਇਨ੍ਹਾਂ ਸਾਰੀਆਂ ਗੱਲਾਂ ਦਾ ਜਿੰਦਰ ਨੂੰ ਪਤਾ ਨਹੀਂ ਸੀ ਲੱਗਣਾ ਜੇ ਉਹ ਘਨੱਈਏ ਦੀ ਹੱਟੀ' ਚੋਂ ਇਹ ਚਿੱਠੀ ਚੁੱਕ ਕੇ ਜਗੀਰ ਕੋਲ਼ੋਂ ਪੜ੍ਹਾ ਕੇ ਨਾ ਸੁਣਦੀ। ਰਾਮ ਚੰਦ ਕਿੱਥੋਂ ਬੋਲ ਰਿਹਾ ਸੀ, ਜਿੰਦਰ ਸਭ ਸਮਝ ਗਈ ਸੀ। ਉਸ ਨੇ ਦੁਖੀ ਨੂੰ ਰਾਮ ਚੰਦ ਦੀ ਚਿੱਠੀ ਦੇ ਅਰਥ ਸਮਝਾਏ ਸਨ ਕਿ ਨਾ ਹੀ ਕਿਸੇ ਦਾ ਪੇਟ ਖ਼ਰਾਬ ਹੈ ਤੇ ਨਾ ਹੀ ਮਕਾਨ ਖਾਲੀ ਕਰਵਾਉਣ ਦੀ ਕੋਈ ਨੌਬਤ ਆਉਣ ਵਾਲ਼ੀ ਹੈ। ਇਹ ਮਰਦ ਲੋਕਾਂ ਦੇ ਚਲਿੱਤਰ ਹੁੰਦੇ ਨੇ। ਵਿਚਲੀ ਗੱਲ ਤਾਂ ਇਹ ਸੀ ਕਿ ਉਨ੍ਹਾਂ ਦਾ ਉਸ ਤੋਂ ਬਿਨਾਂ ਦਿਲ ਨਹੀਂ ਸੀ ਲੱਗਦਾ।

'ਭਾਬੀ ਜੀ ਵੀਰ ਜੀ ਤੁਹਾਡੀਆਂ ਚਿੱਠੀਆਂ ਦਾ ਜਵਾਬ ਕਿਉਂ ਨਹੀਂ ਦਿੰਦੇ?' ਇਕ ਦਿਨ ਦੁਖੀ ਨੇ ਉਸ ਨੂੰ ਪੁੱਛਿਆ।

'ਉਹ ਸੰਗਦੇ ਨੇ ਦੁਖੀ। ਮਾਮਾ ਜੀ ਦੀ ਚਿੱਠੀ ਵਿਚ ਹੀ ਦੇ ਦਿੰਦੇ ਨੇ ਜਵਾਬ। ਪੜ੍ਹਦੇ -ਸੁਣਦਿਆਂ ਨੂੰ ਸਤਿ ਸ੍ਰੀ ਅਕਾਲ ਹੋਰ ਉਹ ਡੰਗਰਾਂ ਨੂੰ ਥੋੜ੍ਹੋ ਲਿਖਦੇ ਨੇ। ਬੜੇ ਗੁੱਝੇ ਨੇ ਤੇਰੇ ਵੀਰ ਜੀ।' ਉਸ ਨੇ ਦੱਸਿਆ।

ਰਾਮ ਚੰਦ ਦੀ ਹਾਲਤ ਮਹਿਸੂਸ ਕਰ ਕੇ ਘਨੂੱਈਏ ਨੇ ਜਿੰਦਰ ਨੂੰ ਆਗਰੇ ਜਾਣ ਲਈ ਹਰੀ ਝੰਡੀ ਦੇ ਦਿੱਤੀ। ਉਸ ਨੇ ਪਟਿਆਲੇ ਲਹਿੰਬਰ ਸਿੰਘ ਨੂੰ ਖ਼ਤ ਵੀ ਪਾ ਦਿੱਤਾ।

ਜਿੰਦਰ ਦਾ ਛੋਟਾ ਭਰਾ ਗੁਰਿੰਦਰ ਤੇ ਮਾਂ ਆਗਰੇ ਭੇਜਣ ਲਈ ਕਾਫੀ ਸਾਰਾ ਸਮਾਨ ਲੈ ਕੇ ਸਲਾਹਪੁਰ ਆ ਗਏ। ਦੁਖੀ ਨੂੰ ਸ਼ਹਿਰ ਵਿੱਚੋਂ ਖਰੀਦੇ ਅਜੀਬ ਕਿਸਮ ਦੇ ਸਮਾਨ ਦੀ ਕੋਈ ਜਾਣਕਾਰੀ ਨਹੀਂ ਸੀ। ਉਹ ਸਮਾਨ ਚੁੱਕ ਚੁੱਕ ਗੁਰਿੰਦਰ ਤੋਂ ਪੁੱਛਦਾ ਰਿਹਾ, ਇਹ ਕੀ ਕੰਮ ਆਉਂਦਾ ਏ? ਇਹ ਕੀ ਕੰਮ ਆਉਂਦਾ ਏ? ਗੁਰਿੰਦਰ ਤੇ ਉਹਦੀ ਮਾਂ ਤਿੰਨ ਚਾਰ ਰਾਤਾਂ ਸਲਾਹਪੁਰ ਰਹੇ। ਗੁਰਿੰਦਰ ਦੁਖੀ ਤੋਂ ਕੁਝ ਸਾਲ ਵੱਡਾ ਸੀ, ਉਹ ਉਸ ਦਾ ਦੋਸਤ ਬਣ ਗਿਆ। ਉਹ ਦੁਖੀ ਨੂੰ ਸਾਇਕਲ ਉੱਤੇ ਚਮਕੌਰ ਲੈ ਜਾਂਦਾ ਤੇ ਖ਼ੂਬ ਪੈਸੇ ਖਰਚਦਾ। ਗੁਰਿੰਦਰ ਨੇ ਉਸ ਨੂੰ ਪੋਸਟ ਕਾਰਡ ਸਾਈਜ਼ ਦੀ ਕਿਸੇ ਕੁੜੀ ਦੀ ਇਕ ਰੰਗਦਾਰ ਫ਼ੋਟੋ ਦਿੱਤੀ। ਕੁੜੀ ਅੰਗਰੇਜ਼ਣ ਲਗਦੀ ਸੀ। ਜੇ ਸਿੱਧੀ ਰੱਖ ਕੇ ਦੇਖੋ ਤਾਂ ਦੋਨੋਂ ਅੱਖਾਂ ਖੁੱਲ੍ਹੀਆਂ ਜੇ ਰਤਾ ਕੁ ਘੁਮਾ ਕੇ ਦੇਖੋ ਤਾਂ ਉਹ ਇਕ ਅੱਖ ਮੀਚ ਲੈਂਦੀ। ਮਤਲਬ, ਅੱਖ ਮਾਰਦੀ। ਦੁਖੀ ਤੇ ਬਸ਼ੀਰ ਉਸ ਨੂੰ ਘੁਮਾ ਘੁਮਾ ਕੇ ਸ਼ਰਾਰਤਾਂ ਕਰਦੇ ਤੇ ਮਜ਼ੇ ਲੈਂਦੇ। ਇਸ ਟਰਿੱਕ ਪਿੱਛੇ ਸਾਇੰਸ ਦਾ ਕਿਹੜਾ ਨਿਯਮ ਸੀ, ਮੁੰਡਿਆਂ ਨੂੰ ਕੁਝ ਵੀ ਸਮਝ ਨਾ ਪੈਂਦੀ।

ਉਹ ਫ਼ੋਟੋ ਦੁਖੀ ਸਕੂਲ ਨੂੰ ਲੈ ਗਿਆ। ਬਸ਼ੀਰ ਨੇ ਉਸ ਤੋਂ ਲੈ ਕੇ ਹੋਰ ਮੁੰਡਿਆਂ ਨੂੰ ਦਿਖਾ ਦਿੱਤੀ। ਕਿਸੇ ਮੁੰਡੇ ਨੇ ਅੰਗਰੇਜ਼ੀ ਮਾਸਟਰ ਵਰਿੰਦਰ ਸਿੰਘ ਕੋਲ਼ ਸ਼ਿਕਾਇਤ ਕਰ ਦਿੱਤੀ। ਉਸ ਨੇ ਦੁਖੀ ਦੇ ਕੰਨ ਫੜਾਏ। ਕੁੱਟਿਆ ਵੀ ਤੇ ਫ਼ੋਟੋ ਵੀ ਰੱਖ ਲਈ। ਵਰਿੰਦਰ ਸਿੰਘ ਨੇ ਉਸ ਫ਼ੋਟੋ ਦਾ ਕੀ ਕੀਤਾ, ਰੱਬ ਹੀ ਜਾਣੇ। ਇਹ ਗੱਲ ਘਨ੍ਹੱਈਏ ਕੋਲ਼ ਪਹੁੰਚ ਜਾਂਦੀ ਤਾਂ ਦੁਖੀ ਨੂੰ ਹੋਰ ਕੁੱਟ ਪੈਣੀ ਸੀ।

ਗੁਰਿੰਦਰ ਕਹਿੰਦਾ, 'ਭੈਣ ਨੂੰ ਆਗਰੇ ਮੈਂ ਛੱਡ ਆਉਂਦਾ ਹਾਂ।'

'ਨਹੀਂ ਬੇਟਾ, ਜਿੰਦਰ ਹੁਣ ਸਾਡੀ ਧੀ ਏ। ਅਸੀਂ ਜਾਣੀਏਂ, ਸਾਡਾ ਕੰਮ ਜਾਣੇ। ਤੁਸੀਂ ਫਿਕਰ ਨਾ ਕਰੋ, ਅਸੀਂ ਆਪ ਹੀ ਬੰਦੋਬਸਤ ਕਰਾਂਗੇ।' ਘਨ੍ਹੱਈਏ ਨੇ ਕਿਹਾ।

'ਮੈਂ ਇਕੱਲੀ ਚਲੀ ਜਾਵਾਂਗੀ। ਮੈਂ ਕੋਈ ਨਿਆਣੀ ਥੋੜ੍ਹੋ ਹਾਂ ਮਾਮਾ ਜੀ।' ਜਿੰਦਰ ਬੋਲੀ।

ਦਰਅਸਲ ਘਨੱਈਏ ਨੇ ਜਿੰਦਰ ਨਾਲ਼ ਆਪਣੀ ਮਾਂ ਨੂੰ ਭੇਜਣ ਦਾ ਪ੍ਰੋਗਰਾਮ ਬਿਨਾਂ ਕਿਸੇ ਨਾਲ਼ ਸਲਾਹ-ਮਸ਼ਵਰਾ ਕੀਤੇ ਪਹਿਲਾਂ ਹੀ ਬਣਾ ਲਿਆ ਸੀ। ਦੁਖੀ ਦੀ ਨਾਨੀ ਵੀ ਖੁਸ਼ ਹੋ ਗਈ। ਉਸ ਨੇ ਨਾ ਕਦੀ ਪਹਿਲਾਂ ਕੋਈ ਸ਼ਹਿਰ ਦੇਖਿਆ ਸੀ ਤੇ ਨਾ ਹੀ ਰੇਲ ਗੱਡੀ ਚੜ੍ਹੀ ਸੀ। ਦੁਖੀ ਦਾ ਦਿਲ ਕਰਦਾ ਸੀ ਕਿ ਉਹ ਉਸ ਨੂੰ ਵੀ ਨਾਲ਼ ਲੈ ਕੇ ਜਾਣ, ਪਰ ਉਸ ਦੀ ਕੋਈ ਸੁਣ ਹੀ ਨਹੀਂ ਸੀ ਰਿਹਾ। ਉਸ ਨੂੰ ਆਪਣੀ ਭਾਬੀ ਤੋਂ ਅਲੱਗ ਹੋਣਾ ਵੀ ਬੜਾ ਔਖਾ ਲੱਗਦਾ ਸੀ। ਉਹ ਇਹ ਗੱਲ ਵੀ ਕਿਸੇ ਨੂੰ ਕਹਿ ਨਹੀਂ ਸੀ ਸਕਦਾ। ਉਹ ਕੋਠੇ' ਤੇ ਚੜ੍ਹਕੇ ਮੰਜੇ ਉੱਤੇ ਲੇਟ ਗਿਆ ਤੇ ਅੱਖਾਂ' ਚ ਘਸੁੰਨ ਦੇਈ ਪਿਆ ਸੋਚਦਾ ਰਿਹਾ। ਜਿੰਦਰ ਉੱਤੇ ਆਈ ਤੇ ਬੋਲੀ, 'ਦੁਖੀ ਤੈਨੂੰ ਕੀ ਹੋ ਗਿਆ?'

ਉਸ ਨੇ ਅੱਖਾਂ ਖੋਲ੍ਹੀਆਂ। ਉਹ ਹੰਝੂਆਂ ਨਾਲ਼ ਐਨੀਆਂ ਭਰੀਆਂ ਹੋਈਆਂ ਸਨ ਕਿ ਉਸ ਨੂੰ ਜਿੰਦਰ ਵੀ ਇੰਝ ਦਿਖਾਈ ਦੇ ਰਹੀ ਸੀ ਜਿਵੇਂ ਗਿੱਲੇ ਕੱਪੜਿਆਂ ਵਿਚ ਨੁੱਚੜ ਰਹੀ ਹੋਵੇ।

'ਦੁਖੀ ਤੂੰ ਰੋਂਦਾ ਸੀ? ਕਿਸੇ ਨੇ ਕੁਝ ਕਿਹਾ?' ਉਹ ਬੋਲੀ।

'ਮੈਂ ਤਾਂ ਤੁਹਾਡੇ ਨਾਲ਼ ਜਾਊਂ ਆਗਰੇ।' ਉਹ ਰੋ ਪਿਆ।

'ਸੱਦੂੰ.... ਤੈਨੂੰ ਵੀ ਸੱਦੂੰ... ਜ਼ਰਾ ਸਬਰ ਤਾਂ ਕਰ। ਪਹਿਲਾਂ ਹਰੀਵੰਸ਼ ਤੇ ਬੇਅੰਤ ਦੀ ਵਾਰੀ ਏ। ਤੂੰ ਘਬਰਾਉਂਦਾ ਕਿਉਂ ਏਂ? ਤੇਰੇ ਵੀਰ ਜੀ ਦੇ ਪੈਰ ਤਾਂ ਜੰਮ ਜਾਣ ਅਜੇ।'

'ਕਦੋਂ ਸੱਦੋਂਗੇ?' ਦੁਖੀ ਨੇ ਪੁੱਛਿਆ।

'ਵੀਰ ਬਣ ਕੇ ਅਜੇ ਐਥੇਹੀ ਪੜ੍ਹ। ਮੈਂ ਤਾਂ ਪਹਿਲਾਂ ਹੀ ਮਾਮਾ ਜੀ ਕੋਲ਼ ਗੱਲ ਕੀਤੀ ਸੀ। ਤੇਰੇ ਬਿਨਾਂ ਉਹ ਰਹਿ ਨੀ ਸਕਦੇ। ਉਹ ਤੈਨੂੰ ਆਪਣੇ ਕੋਲ਼ ਰੱਖ ਕੇ ਪਾਲਣਾ ਚਾਹੁੰਦੇ ਨੇ।'

ਜਿੰਦਰ ਅਤੇ ਦੁਖੀ ਦੀ ਨਾਨੀ ਦੇ ਜਾਣ ਮਗਰੋਂ ਘਰ ਬੀਆਬਾਨ ਬਣ ਗਿਆ। ਦੁਖੀ ਲਈ ਇਹ ਅਸਹਿ ਸੀ। ਉਹ ਇਕ ਅਫ਼ਰਊ ਡੰਗਰ ਵਾਂਗ ਘੁੰਮਦਾ ਰਹਿੰਦਾ। ਉਸ ਦਾ ਕਿਧਰੇ ਵੀ ਜੀਅ ਨਾ ਲੱਗਦਾ। ਟਿੱਬੇ ਉੱਤੇ ਕਿੱਕਰਾਂ ਫਲਾਹੀਆਂ ਦੇ ਝੁਰਮਟ ਵਿਚ ਜਾ ਬਹਿੰਦਾ। ਉੱਥੇ ਥਾਂ-ਥਾਂ ਪਰ ਕੰਡਿਆਂ ਵਾਲ਼ੀਆਂ ਝਿੰਙਾਂ ਉੱਤੇ ਮਿੱਟੀ ਪਾ ਕੇ ਉੱਚੀਆਂ ਢੇਰੀਆਂ ਬਣੀਆਂ ਹੁੰਦੀਆਂ ਸਨ। ਇਹ ਉਹ ਥਾਂ ਸੀ ਜਿੱਥੇ ਮੋਏ ਬੱਚਿਆਂ ਨੂੰ ਦੱਬਿਆ ਜਾਂਦਾ ਸੀ। ਕੁੱਤੇ-ਬਿੱਲਿਆਂ ਦੇ ਡਰੋਂ ਕੰਡਿਆਂ ਵਾਲ਼ੀਆਂ ਝਿੰਙਾਂ ਵੀ ਦੱਬ ਦਿੱਤੀਆਂ ਜਾਂਦੀਆਂ ਸਨ। ਇਹੀ ਥਾਂ ਸੀ ਜਿੱਥੇ ਇਕ ਦਿਨ ਬਸ਼ੀਰ ਨੇ ਝਾੜੀਆਂ' ਚ ਰੋਂਦਾ ਇਕ ਨਿੱਕਾ ਬੱਚਾ ਦੇਖਿਆ ਸੀ। ਉਹ ਛੂਟ ਵੱਟ ਕੇ ਪਿੰਡ ਆ ਪੁੱਜਾ ਸੀ ਤੇ ਦੁਖੀ ਨੂੰ ਸਾਰੀ ਗੱਲ ਦੱਸੀ ਸੀ। ਉਹ ਦੋਨੋਂ ਮੁੜ ਉਹ ਬੱਚਾ ਦੇਖਣ ਗਏ ਸਨ। ਉੱਥੇ ਤਿੰਨ-ਚਾਰ ਕੁੱਤੇ ਇਕ ਦੂਜੇ ਦੇ ਮਗਰ ਭੱਜਦੇ ਖਰਮਸਤੀਆਂ ਕਰ ਰਹੇ ਸਨ, ਜਿਨ੍ਹਾਂ ਦੇ ਮੂੰਹ ਲਹੂ ਨਾਲ਼ ਲਿੱਬੜੇ ਹੋਏ ਸਨ। ਮੁੰਡੇ ਕਹਿੰਦੇ ਕਿ ਜਿੱਥੇ ਬੱਚਿਆਂ ਦੀਆਂ ਕਬਰਾਂ ਹੋਣ, ਉੱਥੇ ਭੂਤ ਵੀ ਵਾਸਾ ਕਰ ਲਿਆ ਕਰਦੇ ਹਨ, ਪਰ ਬਸ਼ੀਰ ਤੇ ਦੁਖੀ ਨੇ ਕਦੀ ਕੋਈ ਭੂਤ ਨਹੀਂ ਸੀ ਦੇਖਿਆ ਤੇ ਨਾ ਹੀ ਉਹ ਭੂਤਾਂ ਤੋਂ ਡਰਦੇ ਸਨ।

ਦੁਖੀ ਦੀ ਬੇਬੇ ਤਾਂ ਸਵੇਰੇ ਹੀ ਕੰਮਕਾਰ ਤੇ ਨਿਕਲ਼ ਜਾਇਆ ਕਰਦੀ ਸੀ। ਸ਼ਾਮ ਨੂੰ ਗੋਹਰ ਵਿਚ ਵਾਪਸ ਆਉਂਦੇ ਮਾਲ ਦੇ ਖੁਰਾਂ ਨਾਲ਼ ਜਿਹੜੀ ਧੂੜ ਉਡਦੀ ਸੀ, ਉਹਦੀ ਬੇਬੇ ਵੀ ਉਸ ਧੂੜ ਵਿੱਚੋਂ ਨਿਕਲ਼ ਆਇਆ ਕਰਦੀ ਸੀ। ਦੁਖੀ ਦੌੜ ਕੇ ਉਸ ਨੂੰ ਜੱਫੀ ਮਾਰ ਲਿਆ ਕਰਦਾ ਸੀ। ਕਈ ਵਾਰੀ ਤਾਂ ਉਸ ਦੇ ਸਿਰ ਉੱਤੇ ਧਾਨਾਂ ਦੀ ਬਹੁਤ ਵੱਡੀ ਭਰੀ ਹੁੰਦੀ ਤਾਂ ਵੀ ਉਹ ਦੁਖੀ ਨੂੰ ਬਾਹੋਂ ਫੜ ਹੁਝਕਾ ਮਾਰ ਆਪਣੀ ਗੋਦੀ ਚੜ੍ਹਾ ਲੈਂਦੀ। ਲਲਤਾ ਕਹਿੰਦੀ, 'ਦੇਖ ਤਾਂ ਕਿਵੇਂ ਬੋਤਾ ਚੜ੍ਹਿਆ ਏ ਮਾਂ ਦੀ ਗੋਦੀ।'

ਦੁਖੀ ਹੁਣ ਰਾਤ ਨੂੰ ਆਪਣੀ ਬੇਬੇ ਨਾਲ਼ ਹੀ ਸੌਂਦਾ। ਦਿਨ ਭਰ ਦੀ ਥੱਕੀ ਟੁੱਟੀ ਉਹ ਛੇਤੀ ਹੀ ਘੁਰਾੜੇ ਮਾਰਨ ਲੱਗ ਪੈਂਦੀ। ਉਹ ਕਹਿੰਦਾ, 'ਕੋਈ ਬਾਤ ਸੁਣਾਦੇ।' ਉਹ ਸ਼ੁਰੂ ਕਰਦੀ, 'ਇਕ ਭਲੇ ਪੁਰਸ਼ ਦੇ ਤਿੰਨ ਮੁੰਡੇ ਸਨ। ਵਸਦਾ-ਰਸਦਾ ਘਰ ਸੀ। ਉਹਦੇ ਭਰਾਵਾਂ ਨੇ ਉਸ ਨੂੰ ਦੀਵਾਲ਼ੀ ਵਾਲ਼ੇ ਦਿਨ..... ।'

'ਫਿਰ ਵਸਦੇ-ਰਸਦੇ ਘਰ ਤੇ ਬਿਜਲੀ ਪੈ ਗਈ। ਹੈ ਨਾ? ਮੈਂ ਨਹੀਂ ਸੁਣਨੀ ਇਹ ਗੰਦੀ ਬਾਤ।' ਉਹ ਪਿਆ ਪਿਆ ਦੂਜੇ ਪਾਸੇ ਨੂੰ ਮੂੰਹ ਕਰ ਲੈਂਦਾ ਤੇ ਰੋਣ ਲਗਦਾ। ਉਸਦੀ ਬੇਬੇ ਨੂੰ ਕੋਈ ਪਤਾ ਨਾ ਲਗਦਾ। ਜਦੋਂ ਉਸ ਦੀ ਅੱਖ ਖੁੱਲ੍ਹਦੀ, ਉਹ ਦੁਖੀ ਨੂੰ ਆਪਣੇ ਨਾਲ਼

ਨੂੰ ਖਿੱਚਦੀ ਫਿਰ ਸੌਂ ਜਾਂਦੀ। ਉਹ ਜਾਗਦਾ ਜਿੰਦਰ ਭਾਬੀ ਨੂੰ ਯਾਦ ਕਰੀ ਜਾਂਦਾ। ਉਸ ਵੱਲੋਂ ਸੁਣਾਈਆਂ ਬਾਤਾਂ ਨੂੰ ਮਨ ਹੀ ਮਨ ਦੋਹਰਾਈ ਜਾਂਦਾ। ਉਸ ਨੂੰ ਉਸੇ ਦੇ ਸੁਪਨੇ ਆਉਂਦੇ। ਕਈ ਵਾਰੀ ਉਹ ਜਿਵੇਂ ਉਸ ਦੀਆਂ ਛਾਤੀਆਂ ਨੂੰ ਚੁੰਬੜਿਆ, ਉਸ ਦਾ ਦੁੱਧ ਪੀ ਰਿਹਾ ਹੁੰਦਾ। ਉਹ ਉਸ ਨੂੰ ਗੋਦੀ ਚੁੱਕੀ ਮੇਲਾ ਦਿਖਾਉਂਦੀ ਫਿਰਦੀ। ਖਾਣ-ਪੀਣ ਦੀਆਂ ਚੀਜ਼ਾ ਲੈਕੇ ਦਿੰਦੀ, ਪਰ ਉਸ ਦਾ ਢਿੱਡ ਹੀ ਨਾ ਭਰਦਾ। ਫਿਟੇ ਮੂੰਹ ਤੇਰਾ ਗਣੇਸੇ ਦਾ, ਤੇਰਾ ਢਿੱਡ ਏ ਕਿ ਟੋਆ? ਜਿੰਦਰ ਦੀ ਥਾਂ ਜਿਵੇਂ ਉਸਦੀ ਮਾਮੀ ਬੋਲ ਪੈਂਦੀ। ਸੁਪਨਾ ਟੁੱਟਦਾ ਤਾਂ ਸਭ ਕੁਝ ਤਹਿਸ-ਨਹਿਸ ਹੋ ਜਾਂਦਾ। ਉਹ ਅੱਖਾਂ ਖੋਲ੍ਹ ਛੱਤ ਦੀਆਂ ਕੜੀਆਂ ਵੱਲ ਝਾਕਣ ਲੱਗ ਪੈਂਦਾ।

ਆਗਰੇ ਜਾਣ ਲੱਗੀ ਜਿੰਦਰ ਉਸ ਨੂੰ ਚਾਬੀਆਂ ਪਾਉਣ ਵਾਲ਼ਾ ਇਕ ਛੱਲਾ ਦੇ ਗਈ ਸੀ, ਜਿਸ ਨਾਲ਼ ਇਕ ਬਹੁਤ ਖ਼ੂਬਸੂਰਤ ਜੰਜ਼ੀਰ ਬੰਨ੍ਹੀ ਹੋਈ ਸੀ ਤੇ ਸਿਰੇ ਉੱਤੇ ਪਲਾਸਟਿਕ ਦਾ ਇਕ ਸ਼ੇਰ ਲਟਕਦਾ ਸੀ। ਦੁਖੀ ਇਕ ਦਿਨ ਉਹ ਛੱਲਾ ਆਪਣੇ ਨਾਲ਼ ਸਕੂਲ ਲੈ ਗਿਆ। ਸੰਧੂਆਂ ਪਿੰਡ ਦੇ ਬਲਦੇਵ ਨੇ ਛੱਲਾ ਦੇਖਣ ਲਈ ਦੁਖੀ ਦੇ ਹੱਥੋਂ ਫੜ ਲਿਆ ਤੇ ਅੱਗੇ ਹੋਰ ਕਿਸੇ ਨੂੰ ਫੜਾ ਦਿੱਤਾ। ਕਾਫੀ ਸਾਰੇ ਮੁੰਡੇ ਸਨ, ਕਿਸੇ ਨੇ ਉਹ ਛੱਲਾ ਛੁਪਾ ਲਿਆ। ਦੁਖੀ ਨੇ ਆਪਣੇ ਇੰਚਾਰਜ਼ ਮਾਸਟਰ ਜਗਨ ਨਾਥ ਕੋਲ਼ ਜਾ ਕੇ ਸ਼ਿਕਾਇਤ ਕੀਤੀ ਤੇ ਰੋ ਪਿਆ। ਉੱਥੇ ਕੁਰਸੀਆਂ ਡਾਹੀ ਪੰਜ-ਸੱਤ ਅਧਿਆਪਕ ਹੋਰ ਬੈਠੇ ਸਨ। ਦੁਖੀ ਨੇ ਬਲਦੇਵ ਦਾ ਨਾਂ ਲਾਇਆ ਕਿ ਛੱਲਾ ਉਸੇ ਨੇ ਫੜਿਆ ਸੀ। ਉਹ ਬੋਲਿਆ, 'ਸੱਦੋ ਬਲਦੇ ਵ ਨੂੰ।'

ਬਲਦੇਵ ਆਇਆ ਤਾਂ ਮੁੱਕਰ ਗਿਆ ਕਿ ਉਸ ਨੇ ਤਾਂ ਛੱਲਾ ਦੇਖਿਆ ਵੀ ਨਹੀਂ ਸੀ। ਉਹ ਕਲਾਸ ਦਾ ਮਨੀਟਰ ਹੋਣ ਕਰਕੇ ਦੰਦੀਆਂ ਵੀ ਕੱਢਣ ਲੱਗਾ।

'ਤੇਰੇ ਕੋਲ਼ ਛੱਲਾ ਕਿੱਥੋਂ ਆਇਆ ਉਇ?' ਜਗਨ ਨਾਥ ਨੇ ਦੁਖੀ ਨੂੰ ਪੁੱਛਿਆ।

'ਜੀ ਮੇਰੀ ਭਾਬੀ ਦੀ ਦਿੱਤੀ ਨਿਸ਼ਾਨੀ ਸੀ ਉਹ।'

'ਭਾਬੀ ਦੀ ਨਿਸ਼ਾਨੀ।' ਇਕ ਅਧਿਆਪਕ ਨੇ ਹੱਸ ਕੇ ਕਿਹਾ। ਬਾਕੀ ਵੀ ਹਿੜ ਹਿੜ ਕਰਨ ਲੱਗ ਪਏ।

'ਜਾਓ ਉਇ ਲੱਭ ਕੇ ਦਿਓ ਇਹਨੂੰ, ਇਹਦੀ ਭਾਬੀ ਦੀ ਨਿਸ਼ਾਨੀ।' ਜਗਨ ਨਾਥ ਨੇ ਦੰਦ ਚਿੱਥਦਿਆਂ ਬੋਲ ਕੇ ਉਨ੍ਹਾਂ ਨੂੰ ਤੋਰ ਦਿੱਤਾ। ਛੱਲਾ ਕਿੱਥੇ ਲੱਭਣਾ ਸੀ! ਦੁਖੀ ਨੂੰ ਬੜਾ ਪਛਤਾਵਾ ਹੋਇਆ। ਪਤਾ ਨਹੀਂ ਕਿੰਨੇ ਦਿਨ ਉਹ ਛੱਲੇ ਨੂੰ ਯਾਦ ਕਰ ਕਰ ਝੂਰਦਾ ਰਿਹਾ।

ਲਲਤਾ ਕੱਖਾਂ ਨੂੰ ਕਦੀ-ਕਦੀ ਹੀ ਜਾਂਦੀ ਸੀ। ਦੁਖੀ ਦੀ ਨਾਨੀ ਦੇ ਆਗਰੇ ਤੁਰ ਜਾਣ ਕਰਕੇ ਹੁਣ ਉਸ ਨੂੰ ਨਿੱਤ ਜਾਣਾ ਪੈਂਦਾ। ਉਹ ਦੁਖੀ ਨੂੰ ਆਪਣੇ ਨਾਲ਼ ਲੈ ਜਾਂਦੀ। ਉਹ ਕਹਿੰਦੀ, 'ਵੇ ਦੁਖੀ ਤੂੰ ਮੇਰਾ ਪੁੱਤ ਬਣਨਾ ਏਂ?'

'ਮੈਂ ਨਹੀਂ ਬਣਨਾ। ਤੂੰ ਉਹੀ ਏਂ ਨਾ ਜੀਹਨੇ ਦੂਜੀ ਵਾਰ ਖੀਰ ਮੰਗਣ ਤੇ ਕੜਛੀ ਨਾਲ਼ ਖੜਕਾ ਕੀਤਾ ਸੀ। ਤੂੰ ਤਾਂ ਗੌਂਸਾਂ ਏਂ ਗੌਂਸਾਂ।'

'ਜਾ ਵੇ ਗਣੇਸਿਆ... ਤੇਰੀ ਮਾਂ ਦੇ ਤਾਂ ਹੋਰ ਹੈਗੇ ਨੇ ਤਿੰਨ। ਤੂੰ ਮੇਰੇ ਹੀ ਜੰਮ ਪੈਂਦਾ ਚੰਦਰਿਆ।'

'ਕਿਉਂ ਜੰਮਦਾ ਤੇਰੇ?... ਮੈਂ ਤਾਂ ਭਾਬੀ ਦਾ ਪੁੱਤ ਬਣਨੈਂ।'

'ਕਿਹੜੀ ਭਾਬੀ ਦਾ ਵੇ?' ਉਹ ਹੱਸਦੀ।

'ਜਿੰਦਰ ਭਾਬੀ ਦਾ... ।'

'ਫ਼ੋਟ ਤੇਰੇ ਕਮਲ਼ੇ ਦਾ। ਕੋਈ ਆਪਣੀ ਭਾਬੀ ਦਾ ਵੀ ਪੁੱਤ ਬਣਦਾ ਹੁੰਦਾ ਏ?'

'ਪਤਾ ਨਹੀਂ ਉਹਨੇ ਕੀ ਸਵਾਹ ਪਾ ਲਈ ਸਾਰਿਆਂ ਦੇ ਸਿਰਾਂ ਵਿਚ। ਤੇਰੀ ਮਾਂ ਐਨੀ ਲੜਾਕੀ ਸੀ ਮਿਰਚ ਵਰਗੀ। ਉਹ ਵੀ ਸੀਲ ਬਣਾ ਲਈ ਉਹਨੇ। ਦੋਹਤੇ ਕਦੋਂ ਕਿਸੇ ਦੇ ਹੋਏ। ਦੋਹਤੇ ਹੁੰਦੇ ਹਰਾਮ ਖੋਰ, ਅੱਜ ਹੋਰ, ਕੱਲ੍ਹ ਹੋਰ... ਮਤਲਬ ਦੀ ਦੁਨੀਆਂ ਏ ਸਾਰੀ। ਗਣੇਸਿਆ ਵੇ ਦੁਨੀਆਂ ਮਤਲਬ ਦੀ ਕੋਈ ਨਾ ਕਿਸੇ ਦਾ ਬੇਲੀ।'

'ਤੂੰ ਗੌਂਸਾਂ... ਖਮਾਣੋ ਦੀ ਗੌਂਸਾਂ... ਫੁਰਰ-ਫੁਰਰਂ...... ਫੁਰਰ।' ਦੁਖੀ ਦੋਨੋਂ ਹੱਥਾਂ ਦੀ ਚਿੜੀ ਬਣਾ ਕੇ ਉਡਾਉਣ ਲਗਦਾ।

**00**

# ਚੌਵੀ

ਇਕ ਦਿਨ ਦੁਖੀ ਸਕੂਲੋਂ ਪੜ੍ਹਕੇ ਵਾਪਸ ਆਉਂਦਿਆਂ ਵੱਟਿਆਂ ਨਾਲ਼ ਖੰਜੂਰਾਂ ਝਾੜ ਕੇ ਖਾ ਰਿਹਾ ਸੀ ਕਿ ਢਾਹੇ ਵੱਲੋਂ ਬੋਤੀ ਦਾ ਰੱਸਾ ਫੜੀ ਫੱਲ੍ਹੇ ਦਾ ਜੱਗ ਆ ਗਿਆ।

'ਉਇ ਦੁਖੀ, ਲੈਣੀ ਏਂ ਝਾਂਟੀ ਬੋਤੀ ਤੇ?' ਉਹ ਬੋਲਿਆ।

'ਆਹੋ ਦੇ ਦੇ।' ਦੁਖੀ ਖੁਸ਼ ਹੋ ਗਿਆ।

ਜੱਗ ਨੇ ਦੋ ਵਾਰੀ ਨਕੇਲ ਦਾ ਰੱਸਾ ਖਿੱਚ ਕੇ 'ਹਿੱਛ-ਹਿੱਛ' ਕਹੀ ਤਾਂ ਬੋਤੀ ਆਪਣੇ ਗੋਡੇ ਮਰੋੜ ਭੁੰਜੇ ਬੈਠ ਗਈ। ਦੁਖੀ ਝੋਲ਼ੇ ਸਮੇਤ ਉਹਦੀ ਪਿੱਠ ਤੇ ਚੜ੍ਹ ਗਿਆ ਤੇ ਢੁੱਠ ਦੇ ਵਾਲ ਘੁੱਟ ਕੇ ਫੜ ਲਏ। ਬੋਤੀ ਉੱਠੀ ਤਾਂ ਉਹ ਪਹਿਲਾਂ ਪਿੱਛੇ ਨੂੰ ਤੇ ਫਿਰ ਅੱਗੇ ਨੂੰ ਡਿਗਣੋਂ ਮਸਾਂ ਬਚਿਆ। ਜੱਗ ਨੇ ਬੋਤੀ ਭਜਾ ਲਈ ਤਾ ਉਹ ਗਿੱਠ-ਗਿੱਠ ਉਛਲਣ ਲੱਗਾ।

'ਓ ਬਾਈ... ਲਾਹ ਦੇ ਮੈਨੂੰ... ਮੈਂ ਮਰ ਗਿਆ ਉਇ।' ਦੁਖੀ ਰੋਣ ਲੱਗ ਪਿਆ। ਬੋਤੀ ਦੀ ਪਿੱਠ ਦੀ ਉੱਭਰੀ ਹੋਈ ਹੱਡੀ ਉਸ ਦੇ ਚੱਡਿਆਂ ਵਿਚ ਠਾਹ-ਠਾਹ ਵੱਜ ਰਹੀ ਸੀ। ਜੱਗ ਨਾ ਹੀ ਉਸਦੀ ਗੱਲ ਸੁਣ ਰਿਹਾ ਸੀ ਤੇ ਨਾ ਹੀ ਬੋਤੀ ਨੂੰ ਭਜਾਉਣੋਂ ਹਟ ਰਿਹਾ ਸੀ। ਉਹ ਬੁੰਬ ਤੱਕ ਉਵੇਂ ਭਜਾਈ ਗਿਆ। ਉੱਥੇ ਰੋਕ ਉਸ ਨੇ ਦੁਖੀ ਨੂੰ ਲਾਹਿਆ ਤਾਂ ਉਸ ਦਾ ਬੁਰਾ ਹਾਲ ਹੋ ਚੁੱਕਾ ਸੀ। ਉਹ ਤਾਂ ਚਲਾ ਗਿਆ, ਪਰ ਦੁਖੀ ਬੜੀ ਦੇਰ ਉਸੇ ਥਾਂ ਤੇ ਬੈਠਾ ਰਿਹਾ। ਐਸੀ ਭਿਆਨਕ ਸਵਾਰੀ ਉਸ ਨੇ ਪਹਿਲੀ ਵਾਰੀ ਕੀਤੀ ਸੀ ਤੇ ਹੁਣ ਕੰਨਾਂ ਨੂੰ ਹੱਥ ਲਾ ਕੇ ਤੋਬਾ ਕਰ ਰਿਹਾ ਸੀ। ਜੱਗ ਫੌਜੀ ਸੀ ਤੇ ਉਸ ਨੂੰ ਫੌਜ਼ੀ ਦੀ ਅਕਲ ਤੇ ਗੁੱਸਾ ਵੀ ਆ ਰਿਹਾ ਸੀ। ਪਹਿਲਾਂ ਤਾਂ ਉਸ ਨੇ ਸੋਚਿਆ ਕਿ ਘਰ ਜਾ ਕੇ ਆਪਣੇ ਮਾਮੇ ਕੋਲ਼ ਸ਼ਿਕਾਇਤ ਕਰੇਗਾ ਪਰ ਫਿਰ ਉਸ ਨੇ ਇਹ ਸੋਚ ਕੇ ਆਪਣਾ ਫੈਸਲਾ ਬਦਲ ਲਿਆ ਕਿ ਮਾਮੇ ਦਾ ਕੀ ਪਤਾ ਸੀ, ਉਲ਼ਟਾ ਉਸੇ ਦੀ ਛਿੱਤਰ ਪਰੇਡ ਨਾ ਕਰ ਦੇਵੇ।

ਜਦੋਂ ਉਹ ਉੱਠ ਕੇ ਖੜ੍ਹਾ ਹੋਇਆ ਤਾਂ ਉਸ ਕੋਲੋਂ ਤਾਂ ਡਿੰਘ ਵੀ ਮਸਾਂ ਪੁੱਟੀ ਗਈ। ਹੌਲ਼ੀ-ਹੌਲ਼ੀ ਉਹ ਬੁੰਬ ਵੱਲ ਨੂੰ ਉਤਰ ਗਿਆ। ਝੋਲ਼ਾ ਸੁੱਕੀ ਥਾਂ ਰੱਖ ਕੱਪੜੇ ਖੋਲ਼ੇ ਤੇ ਉਸ ਨਾਲ਼ੀ ਵਿਚ ਬੈਠ ਗਿਆ ਜਿਸ ਵਿਚ ਹਮੇਸ਼ਾ ਗਰਮ ਪਾਣੀ ਆਇਆ ਕਰਦਾ ਸੀ। ਇਹ

ਇਕ ਕ੍ਰਿਸ਼ਮਾ ਹੀ ਸੀ ਕਿ ਪਾਣੀ ਗਰਮ ਕਿਵੇਂ ਹੋ ਜਾਂਦਾ ਸੀ। ਇਹ ਬਹੁਤ ਵੱਡੀ ਬੁਝਾਰਤ ਸੀ। ਲੋਕ ਇਸ ਗੱਲ ਨੂੰ ਗੁਰੂ ਸਾਹਿਬ ਦੀ ਕਿਸੇ ਸਾਖੀ ਨਾਲ਼ ਜੋੜਦੇ ਸਨ, ਪਰ ਦੁਖੀ ਨੂੰ ਉਹ ਸਾਖੀ ਮਨਘੜਤ ਹੀ ਲਗਦੀ ਸੀ। ਦੂਜੇ ਪਾਸੇ ਜਿੱਥੇ ਪਾਣੀ ਦਾ ਫ਼ੁਹਾਰਾ ਫੁੱਟਦਾ ਸੀ, ਉਹ ਪਾਣੀ ਠੰਡਾ ਹੁੰਦਾ ਤੇ ਇਕ ਵੱਡਾ ਪੱਥਰ ਉਸ ਥਾਂ ਤੇ ਪਿਆ ਰਹਿੰਦਾ। ਗਰਮ ਪਾਣੀ ਨਾਲ਼ ਦੁਖੀ ਦੇ ਅੰਗਾਂ ਨੂੰ ਕੁਝ ਰਾਹਤ ਮਿਲੀ ਤਾਂ ਉਹ ਠੰਡੇ ਪਾਣੀ ਦੇ ਫੁਹਾਰੇ ਲਾਗੇ ਪੱਥਰ ਤੇ ਜਾ ਬੈਠਾ। ਉਸਨੂੰ ਯਾਦ ਆਇਆ ਕਿ ਇਕ ਝੂੰਡ ਵਿਚ ਉਸ ਨੇ ਆਪਣੀ ਮਾਮੀ ਦੇ ਨਹਾਉਣ ਵਾਲ਼ੇ ਸਾਬਣ ਦੀ ਇਕ ਚਿੱਪਰ ਲਕੋਈ ਹੋਈ ਸੀ। ਉਹ ਚਿੱਪਰ ਕੱਢ ਲਿਆਇਆ ਤੇ ਸਾਰੇ ਪਿੰਡੇ ਨੂੰ ਸਾਬਣ ਮਲ਼-ਮਲ਼ ਸਾਰੀ ਚਿੱਪਰ ਘਸਾ ਦਿੱਤੀ। ਪਿੰਡੇ ਨੂੰ ਸਾਬਣ ਲਾ ਕੇ ਉਹ ਟਾਹਲੀ ਹੇਠ ਜਾਂ ਲੇਟਿਆ ਤਾਂ ਕਿ ਪਿੰਡੇ ਦੀ ਮੈਲ਼ ਉੱਫਣ ਆਵੇ। ਐਸਾ ਪਿਆ ਕਿ ਉੱਥੇ ਹੀ ਉਸ ਨੂੰ ਨੀਂਦ ਆ ਗਈ।

ਜਦੋਂ ਉਸ ਦੀ ਅੱਖ ਖੁੱਲ੍ਹੀ ਤਾਂ ਬੜਾ ਹੈਰਾਨ ਹੋਇਆ ਕਿ ਉਹ ਬੁੰਬ ਤੇ ਕਿਵੇਂ ਆ ਗਿਆ ਸੀ। ਅਕਾਸ਼ ਵਿਚ ਬੱਦਲ਼ਵਾਈ ਹੋਣ ਕਰਕੇ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਦਿਨ ਛਿਪਣ ਵਾਲ਼ਾ ਸੀ ਕਿ ਚੜ੍ਹਨ ਵਾਲ਼ਾ। ਫਿਰ ਹੌਲ਼ੀ-ਹੌਲ਼ੀ ਸਾਰਾ ਕੁਝ ਯਾਦ ਆ ਗਿਆ। ਉਸ ਨੇ ਪੱਥਰ ਉੱਤੇ ਬਹਿ ਕੇ ਛੇਤੀ ਛੇਤੀ ਪਿੰਡਾ ਧੋਤਾ ਤੇ ਉੱਪਰ ਅਕਾਸ਼ ਵੱਲ ਦੇਖਿਆ। ਗੁਟਾਰਾਂ ਅਤੇ ਤਿਲੀਅਰਾਂ ਦੇ ਕਾਫ਼ਲੇ ਪੂਰਬ ਤੋਂ ਪੱਛਮ ਵੱਲ ਨੂੰ ਉਡੇ ਜਾ ਰਹੇ ਸਨ। ਪੱਛਮ ਵਿਚ ਹੀ ਕਿਧਰੇ ਉਨ੍ਹਾਂ ਦਾ ਰੈਣ-ਬਸੇਰਾ ਹੋਵੇਗਾ। ਕੱਪੜੇ ਪਾ ਕੇ ਉਸ ਨੇ ਝੋਲ਼ਾ ਚੁੱਕਿਆ ਤੇ ਘਰ ਨੂੰ ਜਾਣ ਲੱਗਾ। ਉਸ ਨੇ ਦੇਖਿਆ ਕਿ ਗਰਮ ਪਾਣੀ ਦੀ ਨਾਲੀ ਦੇ ਲਾਗੇ ਹੀ ਇਕ ਪਿੱਤਲ਼ ਦਾ ਗੰਗਾ ਸਾਗਰ ਅਤੇ ਗਿਲਾਸ ਪਏ ਸਨ। ਉਸ ਨੇ ਸੋਚਿਆ ਕਿ ਸ਼ਾਇਦ ਕੋਈ ਜੰਗਲਪਾਣੀ ਗਿਆ ਹੋਵੇਗਾ। ਉਹ ਮੁੜ ਪੱਥਰ ਉੱਤੇ ਜਾ ਬੈਠਾ। ਇਕ ਜਿੰਦਾ (ਕੇਕੜਾ) ਉਸ ਵੱਲ ਨੂੰ ਵਧਿਆ ਆ ਰਿਹਾ ਸੀ। ਜਿੰਦੇ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਜੇ ਉਹ ਕਿਸੇ ਦੇ ਪੈਰ ਨੂੰ ਆਪਣੀ ਦਾਤੀ ਨਾਲ਼ ਘੁੱਟ ਲਵੇ ਤਾਂ ਉੰਨੀਂ ਦੇਰ ਛੱਡਦਾ ਨਹੀਂ, ਜਿੰਨੀਂ ਦੇਰ ਉਸ ਕੋਲ਼ ਆਕੇ ਕੋਈ ਗਧਾ ਨਾ ਰੀਂਗੇ। ਪਿੰਡ ਦੇ ਇਤਿਹਾਸ ਵਿਚ ਐਸੀ ਕੋਈ ਘਟਨਾ ਕਦੀ ਨਹੀਂ ਸੀ ਵਾਪਰੀ ਕਿ ਕਿਸੇ ਦੇ ਪੈਰ ਨੂੰ ਜਿੰਦਾ ਲੱਗਿਆ ਹੋਵੇ ਤੇ ਗਧਾ ਲਿਆਉਣ ਦੀ ਤੇ ਉਸ ਦੇ ਰੀਂਗਣ ਦੀ ਉਡੀਕ ਕਰਨੀ ਪਈ ਹੋਵੇ। ਬੱਸ ਦੇਖਦੀ ਸਾਰ ਲੋਕ ਜਿੰਦੇ ਨੂੰ ਪੱਥਰ ਮਾਰ ਕੇ ਮਾਰ ਦਿੰਦੇ। ਉਸ ਦੇ ਸ਼ਰੀਰ' ਚੋਂ ਨਿਕਲਿਆ ਚਿੱਟੇ ਰੰਗ ਦਾ ਪਦਾਰਥ ਐਧਰ-ਉਧਰ ਖਿੰਡ ਜਾਂਦਾ। ਦੁਖੀ ਨੇ ਵੀ ਪੱਥਰ ਚੁੱਕ ਕੇ ਜਿੰਦੇ ਨੂੰ ਮਾਰ ਦਿੱਤਾ। ਕਾਫੀ ਦੇਰ ਉਡੀਕ ਕਰਨ ਦੇ ਬਾਵਜੂਦ ਜਦੋਂ ਕੋਈ ਆਪਣਾ ਗੰਗਾ ਸਾਗਰ ਤੇ ਗਿਲਾਸ ਚੁੱਕਣ ਨਾ ਆਇਆ ਤਾਂ ਦੁਖੀ ਫਿਰ ਗੰਗਾ ਸਾਗਰ ਵੱਲ ਚਲਾ ਗਿਆ। ਉਸ ਦੇ ਬਿਲਕੁਲ ਲਾਗੇ ਬੈਠੇ ਕਾਲ਼ੇ ਨਾਗ ਨੇ ਸਿਰੀ ਚੁੱਕ ਲਈ ਤੇ ਆਪਣਾ ਕੌਡੀਆਂ ਵਾਲ਼ਾ ਫਣ ਫੈਲਾ ਲਿਆ। ਉਸ ਦੀਆਂ ਅੱਖਾਂ ਕਰੋਧ ਨਾਲ਼ ਲਾਲ ਡੋਰੇ ਛੱਡਣ ਲੱਗੀਆਂ।

ਸੱਪ ਤੋਂ ਦੁਖੀ ਕਦੀ ਡਰਦਾ ਨਹੀਂ ਸੀ ਹੁੰਦਾ। ਉਹ ਤਾਂ ਪਹਿਲਾਂ ਕਿੰਨੇਂ ਸੱਪ ਮਾਰ ਚੁੱਕਾ ਸੀ। ਬੇਟ ਦਾ ਇਲਾਕਾ ਹੈ ਹੀ ਸੱਪਾਂ ਦਾ ਇਲਾਕਾ ਸੀ। ਉਹ ਸੱਪ ਨਾਲ਼ ਅੱਖਾਂ ਮਿਲਾਉਂਦਾ ਉਹਦੇ ਸਾਮ੍ਹਣੇ ਡਟ ਕੇ ਖਲੋ ਗਿਆ। ਸੱਪ ਪਾਣੀ ਵਿਚ ਜਾ ਵੜਿਆ ਤੇ ਵਹਾ

ਦੇ ਨਾਲ਼ ਨਾਲ਼ ਵਹਿਣ ਲੱਗਾ। ਸੂਏ ਵਿਚ ਗੋਡੇ ਤੋਂ ਰਤਾ ਘੱਟ ਡੂੰਘਾ ਪਾਣੀ ਹੋਵੇਗਾ। ਉਹ ਵੀ ਪੱਥਰ ਚੁੱਕੀ ਸੱਪ ਦੇ ਮਗਰ ਦੌੜਨ ਲੱਗ ਪਿਆ। ਕੁਝ ਦੂਰ ਜਾਕੇ ਸੱਪ ਰੁਕਿਆ ਤੇ ਪਿੱਛੇ ਮੁੜਿਆ। ਦੁਖੀ ਦੇ ਪੱਥਰ ਦਾ ਨਿਸ਼ਾਨਾ ਸੱਪ ਦੇ ਫਣ ਉੱਤੇ ਲੱਗਾ। ਉਹ ਉਲਟ ਗਿਆ। ਉਸ ਨੇ ਉਸ ਨੂੰ ਪੂਛ ਤੋਂ ਫੜ ਕੇ ਬਾਹਰ ਖਿੱਚ ਲਿਆ ਤੇ ਪੱਥਰ ਨਾਲ਼ ਸਿਰੀ ਫੇਹ ਦਿੱਤੀ। ਗੰਗਾ ਸਾਗਰ ਤੇ ਗਿਲਾਸ ਚੁੱਕ ਉਹ ਸੱਪ ਨੂੰ ਵੀ ਪੂਛ ਤੋਂ ਫੜ ਕੇ ਬਾਹਰ ਖਿੱਚ ਲਿਆਇਆ ਤੇ ਚੌੜੇ ਦਾਅ ਕੱਚੀ ਸੜਕ ਉੱਤੇ ਲਿਟਾ ਦਿੱਤਾ। ਉਹ ਚਾਹੁੰਦਾ ਸੀ ਕਿ ਉਹ ਲੰਘਣ ਵਾਲ਼ਿਆਂ ਨੂੰ ਸੱਪ ਮਾਰਨ ਅਤੇ ਆਪਣੇ ਕਾਰਨਾਵੇਂ ਬਾਰੇ ਦੱਸੇ, ਪਰ ਉਸ ਕੋਲ਼ ਕੋਈ ਵੀ ਰੁਕਿਆ ਨਾ। ਸੱਪ ਮਾਰ ਦੇਣ ਨੂੰ ਕੋਈ ਬਹਾਦਰੀ ਦਾ ਕੰਮ ਸਮਝਦਾ ਹੀ ਨਹੀਂ ਸੀ। ਸੱਪ ਵਾਲ਼ੀ ਗੱਲ ਤਾਂ ਉਸ ਨੇ ਘਰ ਜਾ ਕੇ ਕਿਸੇ ਨੂੰ ਨਾ ਦੱਸੀ, ਆਪਣੇ ਮਾਮੇ ਨੂੰ ਗੰਗਾ ਸਾਗਰ ਤੇ ਗਿਲਾਸ ਲੱਭਣ ਦੀ ਗੱਲ ਜ਼ਰੂਰ ਦੱਸ ਦਿੱਤੀ।

'ਲੱਭੇ ਨੇ? ਮੂਰਖਾ, ਕੋਈ ਟੱਟੀ ਬੈਠਾ ਹੋਊ। ਜਾਹ ਰੱਖ ਕੇ ਆ ਉੱਥੇ ਹੀ।' ਉਹ ਬੋਲਿਆ।

'ਉੱਥੇ ਰੱਖੂ ਕੋਈ ਹੋਰ ਚੁੱਕ ਕੇ ਲੈ ਜੂ। ਗੁਰਦੁਆਰੇ ਚੜ੍ਹਾ ਦੋ।' ਲਲਤਾ ਬੋਲੀ।

'ਠੀਕ ਏ... ਆਪੀ ਸੰਗਰਾਂਦ ਨੂੰ ਲੈ ਜਾਊ ਜੀਹਦਾ ਹੋਊ।' ਘਨ੍ਹੱਈਏ ਨੇ ਕਿਹਾ। ਉਸ ਨੇ ਅੱਗੇ ਤੋਂ ਅਜਿਹੀ ਮੂਰਖਮੱਤੀ ਕਰਨ ਤੋਂ ਦੁਖੀ ਨੂੰ ਤਾੜਿਆ ਵੀ ਤੇ ਗੰਗਾ ਸਾਗਰ ਤੇ ਗਿਲਾਸ ਗੁਰਦੁਆਰੇ ਜਾ ਕੇ ਚੜ੍ਹਾਉਣ ਲਈ ਕਿਹਾ ਵੀ। ਉਸ ਨੇ ਦੋ ਪੈਸੇ ਮੱਥਾ ਟੇਕਣ ਲਈ ਵੀ ਉਸ ਨੂੰ ਦਿੱਤੇ ਜੋ ਦੁਖੀ ਨੇ ਅਗਲੇ ਦਿਨ ਖਰਚਣ ਦੀ ਮਣਸ਼ਾ ਨਾਲ਼ ਪਜਾਮੇ ਦੇ ਨੇਫ਼ੇ ਵਿਚ ਧੱਕ ਦਿੱਤੇ।

**00**

# ਪੱਚੀ

ਇਕ ਦਿਨ ਘਨੱਈਏ ਨੂੰ ਰਾਮ ਚੰਦ ਦਾ ਖ਼ਤ ਆਇਆ ਕਿ ਹਰੀਵੰਸ਼ ਅਤੇ ਬੇਅੰਤ ਦੇ ਦਸਵੀਂ ਵਿਚ ਪੜ੍ਹਦਿਆਂ ਦੇ ਸਰਟੀਫ਼ਿਕੇਟ ਕਟਵਾ ਕੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਆਗਰੇ ਭੇਜ ਦਿੱਤਾ ਜਾਵੇ। ਘਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਸ ਨੇ ਉੱਥੇ ਕਿਸੇ ਇੰਟਰਮੀਡੀਏਟ ਕਾਲਜ ਵਿਚ ਦੋਨਾਂ ਦੇ ਦਾਖ਼ਲੇ ਦਾ ਜੁਗਾੜ ਕਰ ਲਿਆ ਸੀ। ਦੋਨੋਂ ਛਾਲ਼ਾਂ ਮਾਰਦੇ ਫਿਰਨ। ਦੁਖੀ ਨੂੰ ਗੁੱਸਾ ਚੜ੍ਹਿਆ ਕਿ ਉਸ ਨੂੰ ਕਿਉਂ ਨਹੀਂ ਸੀ ਸੱਦਿਆ ਗਿਆ। ਜਿੰਦਰ ਦੀ ਕਹੀ ਗੱਲ ਨੂੰ ਯਾਦ ਕਰਕੇ ਉਸ ਨੇ ਸਬਰ ਦਾ ਘੁੱਟ ਭਰ ਲਿਆ। ਕੁਝ ਦਿਨਾਂ ਮਗਰੋਂ ਹੀ ਘਨ੍ਹੱਈਏ ਨੇ ਗੱਡੀ ਦਾ ਸਮਾਂ ਅਤੇ ਤਰੀਕ ਲਿਖਕੇ ਰਾਮ ਚੰਦ ਨੂੰ ਤਾਰ ਭੇਜ ਦਿੱਤੀ ਤਾਂ ਕਿ ਉਹ ਰਾਜਾ ਕੀ ਮੰਡੀ (ਆਗਰਾ) ਸਟੇਸ਼ਨ ਤੇ ਆ ਕੇ ਦੋਨਾਂ ਨੂੰ ਲੈ ਜਾਵੇ। ਗੱਡੀ ਉਨ੍ਹਾਂ ਨੇ ਸਰਹੰਦ ਦੇ ਰੇਲਵੇ ਸਟੇਸ਼ਨ ਤੋਂ ਫੜੀ ਸੀ। ਦੋਨੋਂ ਭਰਾ ਚਲੇ ਗਏ ਤਾਂ ਦੁਖੀ ਹੋਰ ਵੀ ਇਕੱਲਾ ਰਹਿ ਗਿਆ। ਉਸ ਦਾ ਪੜ੍ਹਾਈ ਵਿਚ ਵੀ ਦਿਲ ਨਾ ਖੁਭਦਾ। ਆਪਣੇ ਮਨ ਦੀ ਹਾਲਤ ਉਸ ਨੇ ਬਸ਼ੀਰ ਨਾਲ਼ ਸਾਂਝੀ ਕੀਤੀ ਤਾਂ ਉਸ ਨੇ ਉਸ ਨੂੰ ਬੜਾ ਹੌਸਲਾ ਦਿੱਤਾ। ਉਹ ਵੀ ਦੁਖੀ ਵਾਂਗ ਪੜ੍ਹਾਈ ਵਿਚ ਹੁਸ਼ਿਆਰ ਸੀ। ਉਨ੍ਹਾਂ ਦਾ ਟੱਬਰ ਸੰਨ ਸੰਤਾਲੀ

ਦੇ ਹੱਲਿਆਂ ਦੀ ਪਈ ਮਾਰ ਤੋਂ ਅਜੇ ਤਾਬ ਨਹੀਂ ਸੀ ਆਇਆ। ਉਨ੍ਹਾਂ ਦੇ ਕਿੰਨੇ ਹੀ ਰਿਸ਼ਤੇਦਾਰ ਜਨੂੰਨੀਆਂ ਵੱਲੋਂ ਵੱਢੇ-ਟੁੱਕੇ ਗਏ ਸਨ। ਜ਼ਖ਼ਮ ਸਨ ਕਿ ਉਨ੍ਹਾਂ ਤੇ ਖਰੀਂਢ ਹੀ ਨਹੀਂ ਸਨ ਆ ਰਹੇ। ਉਨ੍ਹਾਂ ਦੇ ਘਰ ਦੀਆਂ ਕੰਧਾਂ ਤੱਕ ਸੋਗ ਵਿਚ ਡੁੱਬੀਆਂ ਰਹਿੰਦੀਆਂ ਸਨ। ਜਿਹੜੇ ਰਿਸ਼ਤੇਦਾਰ ਬਚ ਗਏ ਸਨ, ਉਨ੍ਹਾਂ' ਚੋਂ ਬਹੁਤੇ ਪਾਕਿਸਤਾਨ ਚਲੇ ਗਏ ਸਨ। ਪਰਿਵਾਰ ਖੇਰੂੰ ਖੇਰੂੰ ਹੋ ਗਏ ਸਨ। ਉਹ ਕਹਿਣ ਲੱਗਾ, 'ਭਰਾਵਾ ਤੇਰੀ ਤਾਂ ਗੱਲ ਹੀ ਕੁਝ ਨੀ। ਜੀਊਂਦੇ ਵੀ ਹਨ ਸਭ ਤੇ ਮਿਲਦੇ ਵੀ ਰਹਿਣਗੇ। ਸਾਡਿਆਂ ਨੇ ਤਾਂ ਕਦੀ ਆਉਣਾ ਵੀ ਨਹੀਂ। ਜਿਹੜੇ ਪਾਕਿਸਤਾਨ ਚਲੇ ਗਏ ਹਨ, ਉਨ੍ਹਾਂ ਅੱਗੇ ਸਰਕਾਰਾਂ ਨੇ ਦੀਵਾਰਾਂ ਉਸਾਰ ਦਿੱਤੀਆਂ ਨੇ। ਹਿੰਮਤ ਕਰ, ਦਿਲ ਨਾ ਛੱਡ। ਪੜ੍ਹਾਈ ਕਰ ਦੱਬ ਕੇ, ਇਹੋ ਆਪਾਂ ਦੇ ਕੰਮ ਆਉਣੀ ਹੈ।'

ਦੋਨਾਂ ਨੇ ਸਲਾਹ ਬਣਾ ਲਈ ਕਿ ਉਹ ਦੋਨੋਂ ਦੁਖੀ ਹੋਣਾ ਦੇ ਡੰਗਰਾਂ ਵਾਲ਼ੇ ਕੋਠੇ ਹੀ ਪੜ੍ਹਿਆ ਕਰਨਗੇ ਤੇ ਸੌਂਇਆਂ ਕਰਨਗੇ। ਦੁਖੀ ਦੇ ਦੋਨਾਂ ਭਰਾਵਾਂ ਦਾ ਸਮਾਨ, ਮੰਜੇ, ਮੇਜ ਤੇ ਲਾਲਟਣ ਬਗੈਰਾ ਉੱਥੇ ਪਏ ਸਨ। ਕਿਤਾਬਾਂ ਰੱਖਣ ਲਈ ਵੱਡੀ ਅਲਮਾਰੀ ਵੀ ਸੀ। ਉਨ੍ਹਾਂ ਨੇ ਲਾਲਟਣ ਦੀ ਚਿਮਨੀ ਸਾਫ ਕਰ ਕੇ ਤੇਲ ਪਾ ਲਿਆ ਤੇ ਅਲਮਾਰੀ ਵਿਚ ਕਿਤਾਬਾਂ ਚਿਣ ਲਈਆਂ। ਬਸ਼ੀਰ ਇਕ ਦਰੀ ਤੇ ਖੇਸੀ ਚੁੱਕ ਲਿਆਇਆ। ਉਹ ਅੱਧੀ-ਅੱਧੀ ਰਾਤ ਤੱਕ ਬੈਠ ਕੇ ਪੜ੍ਹਨ ਲੱਗੇ।

ਗਰਮੀਆਂ ਦੇ ਦਿਨ ਸਨ। ਉਨ੍ਹਾਂ ਨੇ ਆਪਣੇ ਮੰਜੇ ਕੋਠੇ ਉੱਤੇ ਹੀ ਡਾਹੇ ਹੋਏ ਸਨ। ਰਾਤ ਚੰਨ-ਚਾਨਣੀ ਸੀ ਤੇ ਉਹ ਲਾਲਟਣ ਦੀ ਰੋਸ਼ਨੀ ਵਿਚ ਕਾਫੀ ਦੇਰ ਪੜ੍ਹਨ ਮਗਰੋਂ ਸੁੱਤੇ ਸਨ। ਅਚਾਨਕ ਖੜਕਾ ਹੋਇਆ ਤੇ ਦੁਖੀ ਦੀ ਅੱਖ ਖੁੱਲ੍ਹ ਗਈ। ਉਸ ਨੂੰ ਲੱਗਾ ਜਿਵੇਂ ਹੇਠ ਕੋਈ ਧਾਰ ਕੱਢ ਰਿਹਾ ਹੋਵੇ। ਉਸ ਦੀ ਨਾਨੀ ਕਈ ਵਾਰੀ ਦਿਨ ਚੜ੍ਹਨ ਦਾ ਭੁਲੇਖਾ ਖਾ ਕੇ ਧਾਰ ਚੋਣ ਲਈ ਬਹੁਤੀ ਸਵੱਖਤੇ ਆ ਜਾਇਆ ਕਰਦੀ ਸੀ, ਪਰ ਹੁਣ ਤਾਂ ਉਹ ਆਗਰੇ ਗਈ ਹੋਈ ਸੀ। ਐਨੀ ਸਾਝਰੇ ਉਸ ਦੀ ਮਾਮੀ ਲਲਤਾ ਵੀ ਨਹੀਂ ਸੀ ਆ ਸਕਦੀ। ਉਸ ਨੇ ਸੋਚਿਆ ਕਿ ਸ਼ਾਇਦ ਉਸ ਦੀ ਬੇਬੇ ਹੋਵੇ। ਉਹ ਉੱਠਿਆ ਤੇ ਹੇਠਾਂ ਦੇਖਣ ਲਈ ਪੌੜੀ ਉਤਰ ਗਿਆ। ਉਸ ਨੇ ਪੌੜੀ ਉੱਤੇ ਖੜ੍ਹੇ ਨੇ ਹੀ ਛਤੜੇ ਹੇਠ ਨਿਗਾਹ ਮਾਰੀ ਤੇ ਹੈਰਾਨ ਰਹਿ ਗਿਆ। ਢਿੰਬਰੀ ਦੀ ਧੱਤੋ ਯੁੱਧਾਂ ਦੀ ਧਾਰ ਚੋ ਰਹੀ ਸੀ, ਜੋ ਖੁਰਲ਼ੀ ਵਿਚ ਮੂੰਹ ਮਾਰ ਰਹੀ ਸੀ। ਇਹ ਤੜਕੇ ਹੀ ਕਿੱਥੋਂ ਆ ਗਈ? ਕਹਾਣੀ ਦੁਖੀ ਨੂੰ ਸਮਝ ਆ ਗਈ। ਲਲਤਾ ਨੇ ਪਹਿਲਾਂ ਉਸਦੇ ਮਾਮੇ ਨੂੰ ਦੱਸਿਆ ਵੀ ਸੀ ਕਿ ਕਿਸੇ ਕਿਸੇ ਦਿਨ ਯੁੱਧਾਂ ਇਕ ਗਿਲਾਸ ਦੁੱਧ ਵੀ ਨਹੀਂ ਦਿੰਦੀ। ਲਿਓਟੀ ਵੀ ਪਿਚਕੀ ਹੁੰਦੀ ਸੀ, ਜਿਵੇਂ ਕਿਸੇ ਨੇ ਪਹਿਲਾਂ ਹੀ ਧਾਰ ਕੱਢ ਲਈ ਹੋਵੇ। ਦੁਖੀ ਦਾ ਪਾਰਾ ਇਕ ਦਮ ਚੜ੍ਹ ਗਿਆ ਤੇ ਉਸ ਨੇ ਮਲ੍ਹਕ ਦੇਣੇ ਹੇਠ ਉਤਰ ਫੌੜ੍ਹਾ ਚੁੱਕ ਲਿਆ। ਸ਼ਾਇਦ ਧੱਤੋ ਨੂੰ ਵੀ ਬਿੜਕ ਆ ਗਈ। ਘੁੰਮਣ ਲੱਗੀ ਦੇ ਫੌੜ੍ਹਾ ਸਿਰ ਦੀ ਥਾਂ ਢੂਹੀ ਵਿਚ ਜਾ ਵੱਜਾ। ਬਾਲਟੀ ਰੁੜ੍ਹ ਗਈ ਤੇ ਦੁੱਧ ਫੈਲ ਗਿਆ। ਧੱਤੋ ਸੰਭਲੀ ਤੇ ਮੂੰਹ ਛੁਪਾਉਂਦੀ ਬਾਲਟੀ ਚੁੱਕ ਕੇ ਦੌੜ ਗਈ। ਬਸ਼ੀਰ ਤਾਂ ਜਿਵੇਂ ਘੋੜੇ ਵੇਚ ਕੇ ਸੁੱਤਾ ਪਿਆ ਸੀ, ਉਸ ਨੂੰ ਕੁਝ ਪਤਾ ਨਾ ਲੱਗਾ ਕਿ ਕੀ ਹੋਇਆ ਸੀ। ਸਵੇਰੇ ਹੀ ਘਰ ਜਾ ਕੇ ਦੁਖੀ ਨੇ ਘਨ੍ਹੱਈਏ ਨੂੰ ਸਾਰੀ ਗੱਲ ਦੱਸੀ। ਉਹ ਬੋਲਿਆ, 'ਮੂਰਖਾ ਫੌੜ੍ਹਾ ਕਾਹਨੂੰ ਮਾਰਨਾ

ਸੀ। ਕਿਰਪਾਨ ਮਾਰੇ ਤੋਂ ਬੰਦਾ ਬਚ ਜਾਊ ਪਰ ਫੌੜ੍ਹੇ ਨਾਲ਼ ਸਿਰ ਘੜੇ ਵਾਂਗ ਫੁੱਟ ਜਾਂਦਾ ਏ ਤੇ ਬੰਦਾ ਪਾਣੀ ਵੀ ਨੀ ਮੰਗ ਸਕਦਾ। ਜੇ ਮਰ ਜਾਂਦੀ ਤਾਂ ਜਾਹ-ਜਾਂਦੀ ਹੋ ਜਾਣੀ ਸੀ। ਹੁਣ ਚੁੱਪ ਹੀ ਕਰ ਜਾਓ। ਕਿਸੇ ਦਾ ਨਾਂ ਨਾ ਲਈਂ। ਐਵੇਂ ਦੁਸ਼ਮਣੀ ਵਧੂ।'

ਘੁੰਗਰਾਲ਼ੀ ਦੇ ਨਰਾਤਾ ਰਾਮ ਨਾਲ਼ ਘਨ੍ਹੱਈਏ ਦੀ ਗੂੜ੍ਹੀ ਦੋਸਤੀ ਸੀ। ਉਹ ਉਸਦੀ ਭੂਆ ਦਾ ਪੁੱਤ ਵੀ ਸੀ। ਇਕ ਦਿਨ ਉਹ ਸਲਾਹਪੁਰ ਆਇਆ ਤਾਂ ਉਸ ਨਾਲ਼ ਦਰੋਪਤੀ ਵੀ ਸੀ। ਉਹ ਗਹਿਣਿਆਂ ਨਾਲ਼ ਐਨੀ ਲੱਦੀ ਹੋਈ ਕਿ ਦਰੋਪਤੀ ਘੱਟ ਤੇ ਉਹਦੇ ਗਹਿਣੇ ਵੱਧ ਦਿਖਾਈ ਦਿੰਦੇ। ਐਨੇ ਗਹਿਣਿਆਂ ਨਾਲ਼ ਉਜਾੜ ਭਰਿਆ ਸਫ਼ਰ ਕਰ ਕੇ ਆਏ ਸਨ, ਕੋਈ ਚੋਰ-ਲੁਟੇਰਾ ਨਹੀਂ ਟੱਕਰਿਆ, ਭਲੇ ਵਕਤ ਸਨ। ਨਰਾਤਾ ਰਾਮ ਆਪ ਤਾਂ ਤੀਜੇ ਕੁ ਦਿਨ ਵਾਪਸ ਚਲਾ ਗਿਆ ਪਰ ਦਰੋਪਤੀ ਨੂੰ ਕੁਝ ਕੁ ਦਿਨ ਉਨ੍ਹਾਂ ਕੋਲ਼ ਰਹਿਣ ਲਈ ਛੱਡ ਗਿਆ। ਭਾਗਵੰਤੀ ਵਾਂਗ ਦਰੋਪਤੀ ਦੇ ਵੀ ਚਾਰ ਮੁੰਡੇ ਸਨ। ਭਾਗਵੰਤੀ ਵਿਧਵਾ ਹੋ ਜਾਣ ਕਰਕੇ ਚਿੱਟੀ ਚੁੰਨੀ ਲੈਂਦੀ ਸੀ। ਦਰੋਪਤੀ ਸੁਹਾਗਣ ਹੋਣ ਕਰਕੇ ਫੁੱਲਾਂ ਵਾਲ਼ੀ ਰੰਗ-ਬਿਰੰਗੀ ਚੁੰਨੀ ਲੈ ਕੇ ਆਈ ਸੀ। ਉਹਦੇ ਚਾਰ ਮੁੰਡਿਆਂ' ਚੋਂ ਸਭ ਤੋਂ ਵੱਡਾ ਬਲਦੇਵ ਕ੍ਰਿਸ਼ਨ ਅਫ਼ਰੀਕਾ ਵਿਚ ਰਹਿੰਦਾ ਸੀ। ਇਕ ਸਮਰਾਲੇ ਡਾਕਟਰ ਸੀ ਹਰੀ ਚੰਦ ਵਰਮਾ ਤੇ ਦੋ ਹੋਰ ਘੁੰਗਰਾਲੀ ਪਿੰਡ ਹੀ ਰਹਿੰਦੇ ਸਨ। ਬਲਦੇਵ ਕ੍ਰਿਸ਼ਨ ਦੀ ਵਿਆਹ ਦੀ ਕਹਾਣੀ ਵੀ ਬੜੀ ਰੌਚਕ ਹੈ।

ਘਰ ਵਾਲ਼ਿਆਂ ਨੇ ਉਸ ਨਾਲ਼ ਚਿੱਠੀਆਂ ਰਾਹੀਂ ਸਲਾਹ ਕਰਕੇ ਉਸ ਦੇ ਵਿਆਹ ਦੀ ਤਰੀਕ ਮਿੱਥ ਦਿੱਤੀ। ਉਸ ਨੇ ਦੱਸਿਆ ਸੀ ਕਿ ਉਹ ਵਿਆਹ ਤੋਂ ਇਕ ਜਾਂ ਦੋ ਦਿਨ ਪਹਿਲਾਂ ਹੀ ਪਹੁੰਚ ਸਕੇਗਾ। ਅੱਜ ਆਇਆ, ਕੱਲ੍ਹ ਆਇਆ, ਕਰਦੇ ਵਿਆਹ ਦਾ ਦਿਨ ਆ ਚੜ੍ਹਿਆ। ਦੋਨਾਂ ਪਾਸੇ ਕੜਾਹੀ ਚੜ੍ਹ ਗਈ ਸੀ। ਬਰਾਤ ਨੇ ਬਾਗਾਂਆਲ਼ੇ ਨੇੜੇ ਅੰਨ੍ਹਿਆਂ ਦੇ ਗਰੌਂ ਢੁੱਕਣਾ ਸੀ। ਕੁੜੀ ਵਾਲ਼ਿਆਂ ਤੋਂ ਵੀ ਮੁੰਡੇ ਦੇ ਹੁਣ ਤੱਕ ਨਾ ਆਉਣ ਦਾ ਓਹਲਾ ਰੱਖਿਆ ਗਿਆ। ਘਨ੍ਹੱਈਏ ਨੂੰ ਵੀ ਇਸ ਬਾਰੇ ਕੋਈ ਪਤਾ ਨਹੀਂ ਸੀ। ਉਹ ਦੁਖੀ ਨੂੰ ਆਪਣੇ ਸਾਇਕਲ ਤੇ ਬਿਠਾ ਕੇ ਸਿੱਧਾ ਕੁੜੀ ਦੇ ਪਿੰਡ ਪਹੁੰਚ ਗਿਆ। ਪਿੰਡੋਂ ਬਾਹਰ ਇਕ ਸੂਏ ਦੀ ਪੁਲ਼ੀ ਤੇ ਉਹ ਦੋਨੋਂ ਬੈਠ ਗਏ ਤੇ ਬਰਾਤ ਦੀ ਉਡੀਕ ਕਰਨ ਲੱਗੇ। ਲਲਤਾ ਨੂੰ ਉਹ ਦੋ ਦਿਨ ਪਹਿਲਾਂ ਹੀ ਘੁੰਗਰਾਲੀ ਛੱਡ ਆਇਆ ਸੀ। ਭੁੱਖਣ-ਭਾਣੇ ਉਹ ਸ਼ਾਮ ਤੱਕ ਬਰਾਤ ਨੂੰ ਉਡੀਕਦੇ ਰਹੇ, ਪਰ ਬਰਾਤ ਆਈ ਕੋਈ ਨਾ। ਉਨ੍ਹਾਂ ਨੂੰ ਉੱਥੋਂ ਹੀ ਵਾਪਸ ਮੁੜਨਾ ਪਿਆ ਸੀ। ਕੁੜੀ ਵਾਲ਼ਿਆਂ ਨੇ ਨਰਾਤਾ ਰਾਮ ਨੂੰ ਸੌ ਗਾਲ੍ਹ ਕੱਢੀ। ਜਦੋਂ ਪੰਦਰਾਂ ਦਿਨਾਂ ਬਾਅਦ ਬਲਦੇਵ ਕ੍ਰਿਸ਼ਨ ਆਇਆ ਤਾਂ ਵਿਚੋਲੇ ਅਤੇ ਘਨ੍ਹੱਈਆ ਰਾਮ ਨੂੰ ਨਾਲ਼ ਲੈ ਕੇ ਨਰਾਤਾ ਰਾਮ ਕੁੜੀ ਵਾਲ਼ਿਆਂ ਦੇ ਘਰ ਜਾ ਪੁੱਜਾ। ਉਹਨੇ ਆਪਣੀ ਮਾਇਆ ਲੱਗੀ, ਲੰਬੇ ਤੁਰਲ਼ੇ ਵਾਲ਼ੀ ਗੁਲਾਬੀ ਪੱਗ ਲਾਹ ਕੇ ਕੁੜੀ ਦੇ ਬਾਪ ਦੇ ਪੈਰਾਂ' ਚ ਧਰ ਦਿੱਤੀ। ਮਨ-ਮੁਟਾਵ ਦੂਰ ਹੋ ਗਏ ਤੇ ਬਲਦੇਵ ਕ੍ਰਿਸ਼ਨ ਦਾ ਵਿਆਹ ਉਸ ਦੀ ਮੰਗੇਤਰ ਨਾਲ਼ ਸਿਰੇ ਚੜ੍ਹ ਗਿਆ।

ਤੇ ਹੁਣ ਉਸੇ ਬਲਦੇਵ ਕ੍ਰਿਸ਼ਨ ਦੀ ਵਹੁਟੀ ਨਾਲ਼ ਲੜਕੇ ਦਰੋਪਤੀ ਸਲਾਹਪੁਰ ਆਈ ਹੋਈ ਸੀ। ਸ਼ਾਇਦ ਹਾਲਾਤ ਠੀਕ ਹੋਣ ਤੱਕ ਉਸ ਨੇ ਉੱਥੇ ਹੀ ਟਿਕਣਾ ਸੀ। ਫਿਰ ਇਕ ਦਿਨ ਇਕ ਹੋਰ ਅਣਸੁਖਾਵੀਂ ਘਟਨਾ ਵਾਪਰ ਗਈ। ਦਰੋਪਤੀ ਚੁੱਲ੍ਹੇ ਮੂਹਰੇ ਬੈਠੀ ਹਾਜ਼ਰੀ

ਖਾ ਰਹੀ ਸੀ ਕਿ ਉਸ ਦਾ ਧਿਆਨ ਆਪਣੇ ਖਾਲੀ ਕੰਨ ਵੱਲ ਚਲਾ ਗਿਆ। ਉਸ ਦਾ ਇਕ ਕਾਂਟਾ ਗਾਇਬ ਸੀ। ਉਹ ਘਬਰਾ ਗਈ ਤੇ ਬੋਲੀ, 'ਮੇਰਾ ਤਾਂ ਕਾਂਟਾ ਕਿਧਰੇ ਡਿਗ ਪਿਆ, ਤੂੰ ਤਾਂ ਨਹੀਂ ਦੇਖਿਆ?'

'ਦੇਖਿਆ ਹੁੰਦਾ ਤਾਂ ਭੈਣੇ ਮੈਂ ਰੱਖ ਲੈਂਦੀ?' ਲਲਤਾ ਬੋਲੀ। ਉਹ ਦੋਨੋਂ ਕਾਂਟਾ ਲੱਭਣ ਲੱਗ ਪਈਆਂ। ਘਨ੍ਹੱਈਆ ਅਤੇ ਭਾਗਵੰਤੀ ਨੂੰ ਪਤਾ ਲੱਗਾ ਤਾਂ ਉਹ ਵੀ ਫੋਲਾ-ਫਾਲੀ ਕਰਨ ਲੱਗ ਪਏ। ਕਾਂਟਾ ਤਾਂ ਜਿਵੇਂ ਸੂਈ ਹੀ ਹੋ ਗਿਆ। ਉਨ੍ਹਾਂ ਨੇ ਘਰ ਦਾ ਪੱਤ-ਪੱਤ ਕਰ ਮਾਰਿਆ। ਦਰਪੋਤੀ ਕਹਿੰਦੀ ਰਹੀ ਕਿ ਘਰ ਵਿਚ ਕੋਈ ਹੋਰ ਬੰਦਾ ਵੀ ਤਾਂ ਨਹੀਂ ਸੀ ਆਇਆ। ਗਿਆ ਤਾਂ ਕਿੱਥੇ ਗਿਆ। ਸਾਰੇ ਚੁੱਪ-ਚਾਪ ਸੁਣੀ ਗਏ। ਉਹਦਾ ਨੁਕਸਾਨ ਹੋਇਆ ਸੀ, ਉਹਨੇ ਤਾਂ ਬੋਲਣਾ ਹੀ ਸੀ। ਵਹਿਮਣ ਤਾਂ ਉਹ ਹੈ ਹੀ ਸੀ। ਗਵਾਂਢ' ਚੋਂ ਕਿਸੇ ਔਰਤ ਨੂੰ ਨਾਲ਼ ਲੈ ਕੇ ਚਮਕੌਰ ਰਾਧੇ ਸ਼ਿਆਮ ਜੋਤਸ਼ੀ ਕੋਲ਼ ਪੁੱਛਿਆ ਪਵਾਉਣ ਚਲੀ ਗਈ। ਜੋਤਸ਼ੀ ਨੇ ਘਰ' ਚ ਅੱਗ ਲਾ ਦਿੱਤੀ। ਉਹ ਚਮਕੌਰ ਤੋਂ ਮੁੜੀ ਅਤੇ ਭਾਗਵੰਤੀ ਦੇ ਟਰੰਕ ਅਤੇ ਪੇਟੀ ਖੁਲ੍ਹਵਾ ਕੇ ਫੋਲਾ-ਫਾਲੀ ਕੀਤੀ। ਫਿਰ ਬੋਲੀ, 'ਭਲੀ ਮਾਣਸ ਬਣ ਕੇ ਮੇਰਾ ਕਾਂਟਾ ਦੇਦੇ ਬੀਬੀ। ਨਹੀਂ ਤਾਂ ਸਭ ਕੋਲ਼ ਭੰਡੂੰ ਤੈਨੂੰ।'

'ਭਾਬੀ ਤੈਨੂੰ ਕੀ ਸ਼ੱਕ ਪੈ ਗਿਆ? ਮੈਂ ਤਾਂ ਪਹਿਲਾਂ ਹੀ ਰੱਬ ਦੀ ਮਾਰੀ ਹੋਈ ਹਾਂ। ਮੈਂ ਤੇਰਾ ਕਾਂਟਾ ਚੋਰੀ ਕਰੂੰ?'

'ਤੂੰ ਨੀ ਚੁਰਾਇਆ ਕਾਂਟਾ। ਤੇਰੇ ਇਸ ਨੱਪਲ਼ ਜਿਹੇ ਮੁੰਡੇ ਨੇ ਚੁੱਕ ਕੇ ਦਿੱਤਾ ਏ ਤੈਨੂੰ।'

'ਅਕਲ ਕਰ ਭਾਬੀ, ਜੇ ਮੁੰਡਾ ਫੜਾਉਂਦਾ ਵੀ ਮੈਂ ਤਾਂ, ਤਾਂ ਵੀ ਨਾ ਲੈਂਦੀ।'

'ਸੋਨਾ ਕੌਣ ਛੱਡਦਾ ਏ? ਚੰਗਿਆਂ ਚੰਗਿਆਂ ਦੀ ਨੀਤ ਫਿੱਟ ਜਾਂਦੀ ਏ।' ਦਰੋਪਤੀ ਨੇ ਕਿਹਾ ਤਾਂ ਭਾਗਵੰਤੀ ਰੋਣ ਲੱਗ ਪਈ। ਆਪਣੇ ਚਾਰਾਂ ਪੁੱਤਾਂ ਦੀਆਂ ਸਹੁੰਆਂ ਖਾਣ ਲੱਗ ਪਈ। ਘਨ੍ਹੱਈਆ ਜੋਤਸ਼ੀ ਨੂੰ ਗਾਹਲਾਂ ਕੱਢਣ ਲੱਗ ਪਿਆ। ਉਸ ਨੂੰ ਇਹ ਵੀ ਸ਼ੱਕ ਸੀ ਕਿ ਜੋਤਸ਼ੀ ਇਹ ਗੱਲ ਨਹੀਂ ਕਹਿ ਸਕਦਾ ਕਿਉਂਕਿ ਉਹ ਉਸ ਨੂੰ ਜਾਣਦਾ ਸੀ। ਉਹ ਉਸ ਨੂੰ ਜ਼ਰੂਰ ਪੁੱਛ ਕੇ ਆਵੇਗਾ ਤੇ ਸਚਾਈ ਦਾ ਨਿਤਾਰਾ ਕਰੇਗਾ।

'ਮੈਂ ਖਲਪਾੜ ਮਾਰ ਕੇ ਸਿਰ ਫਾੜ ਦਊਂ ਜਿਹੜਾ ਮੇਰਾ ਨਾਂ ਲਊ।' ਦੁਖੀ ਨੂੰ ਵੀ ਗੁੱਸਾ ਚੜ੍ਹ ਗਿਆ।

ਗੁਸਤਾਖ਼ ਬੋਲਣ ਕਰਕੇ ਘਨ੍ਹੱਈਏ ਨੇ ਉਸ ਦੇ ਥੱਪੜ ਮਾਰਿਆ ਤੇ ਦਰੋਪਤੀ ਨੂੰ ਕਹਿਣ ਲੱਗਾ, 'ਥੋੜ੍ਹੀ ਸ਼ਰਮ ਕਰ। ਆਪਣਿਆਂ ਤੇ ਹੀ ਦੋਸ਼ ਲਾਉਣ ਲੱਗੀ ਏਂ। ਮੈਂ ਆਪਣੇ ਟੱਬਰ ਨੂੰ ਚੰਗੀ ਤਰ੍ਹਾਂ ਜਾਣਦਾ ਏਂ ਕਿ ਐਥੇ ਚੋਰ ਕੋਈ ਨਹੀਂ।'

'ਫਿਰ ਕਾਂਟਾ ਗਿਆ ਕਿੱਥੇ? ਇਹ ਵੀ ਦੱਸ। ਉਹ ਛਲੇਡਾ ਸੀਗਾ? ਜਿਹੜਾ ਭੇਸ ਵਟਾ ਕੇ ਉਡੰਤਰ ਹੋ ਗਿਆ?' ਦਰੋਪਤੀ ਬੋਲੀ ਜਾ ਰਹੀ ਸੀ।

'ਹੁਣ ਤੂੰ ਚੁੱਪ ਹੋ ਜਾ। ਜੇ ਨਾ ਮਿਲਿਆ, ਤੇਰਾ ਕਾਂਟਾ ਮੈਂ ਬਣਵਾ ਕੇ ਦਊਂ। ਘਨੱਈਏ ਨੇ ਕਿਹਾ।

ਉਸ ਨੇ ਪੰਜ ਰੁਪਏ ਦੇ ਕੇ ਕਾਂਸੀ ਝਿਊਰ ਦੇ ਮੁੰਡੇ ਨੂੰ ਘੁੰਗਰਾਲੀ ਨਰਾਤਾ ਰਾਮ ਕੋਲ਼

ਭੇਜ ਦਿੱਤਾ। ਉਸ ਨੂੰ ਆਪਣਾ ਸਾਇਕਲ ਵੀ ਦੇ ਦਿੱਤਾ। ਸ਼ਾਮ ਤੱਕ ਨਰਾਤਾ ਰਾਮ ਵੀ ਪੁੱਜ ਗਿਆ। ਭਲਾ ਪੁਰਸ਼ ਸੀ, ਉਸ ਨੇ ਦਰੋਪਤੀ ਦੀ ਚੰਗੀ ਝੰਡ ਲਾਹੀ, 'ਭਾਗਵੰਤੀ ਮੇਰੀ ਭੈਣ ਏਂ ਕੁੱਤੀਏ! ਸੇਰ ਸਿਉਨਾ ਪਿਆ ਹੋਵੇ ਉਹ ਤਾਂ ਤਾਂ ਨੀ ਝਾਕੇਗੀ ਉਹਦੇ ਵੱਲ। ਇਹ ਤੂੰ ਇਲਜ਼ਾਮ ਲਾਉਣ ਦੀ ਸੋਚ ਕਿਵੇਂ ਲਈ?'

ਰਾਤ ਪਈ ਤਾਂ ਘਨੱਈਏ ਨੇ ਨਰਾਤਾ ਰਾਮ ਦਾ ਮੰਜਾ ਆਪਣੇ ਕੋਲ਼ ਹੱਟੀ ਵਿਚ ਹੀ ਡਾਹ ਲਿਆ। ਚਿਲਮ ਦੀ ਠੰਡੀ ਹੋ ਚੁੱਕੀ ਸੁਆਹ ਸੁੱਟ ਕੇ ਉਸ ਨੇ ਤਮਾਖੂ ਉੱਤੇ ਅੰਗਿਆਰੀ ਪਾ ਕੇ ਹੁੱਕਾ ਚਾਲੂ ਕਰ ਦਿੱਤਾ। ਉਹ ਗਈ ਰਾਤ ਤਕ ਗੱਲਾਂ ਵੀ ਮਾਰਦੇ ਰਹੇ ਤੇ ਗੁੜ-ਗੁੜ ਵੀ ਕਰਦੇ ਰਹੇ। ਲਲਤਾ ਨੇ ਉਹਦੇ ਮੰਜੇ ਉੱਤੇ ਨਵੀਂ ਦਰੀ ਅਤੇ ਚਾਦਰ ਵਿਛਾ ਕੇ ਖੇਸੀ ਪੈਂਦ ਰੱਖ ਦਿੱਤੀ ਸੀ। ਜਦੋਂ ਨਰਾਤਾ ਰਾਮ ਨੇ ਖੇਸੀ ਖੋਹਲ ਕੇ ਆਪਣੇ ਉੱਤੇ ਲਈ ਤਾਂ ਹੈਰਾਨ ਰਹਿ ਗਿਆ। ਲਾਲਟਣ ਦੇ ਚਾਨਣ ਵਿਚ ਖੇਸੀ ਨਾਲ਼ ਲਟਕਦਾ ਕਾਂਟਾ ਝਿਲਮਿਲ ਝਿਲਮਿਲ ਕਰ ਰਿਹਾ ਸੀ। ਉਸ ਨੇ ਘਨ੍ਹੱਈਏ ਨੂੰ ਦੱਸਿਆ ਤਾਂ ਉਸ ਨੇ ਦਰੋਪਤੀ ਨੂੰ ਹਾਕ ਮਾਰੀ, 'ਏ ਭਾਬੀ, ਐਧਰ ਆ, ਚੁੱਕ ਆਪਣਾ ਕਾਂਟਾ। ਮੇਰੀ ਭੈਣ ਕਲੰਕ ਤੋਂ ਬਚ ਗਈ। ਆਹੀ ਖੇਸੀ ਤੂੰ ਕੱਲ੍ਹ ਰਾਤ ਉੱਤੇ ਲਈ ਹੋਈ ਸੀ। ਹੁਣ ਦਿਨੇ ਚਮਕੌਰ ਜਾਈਂ ਤੇ ਉਸ ਜੋਤਸ਼ੀ ਦੇ ਸੌ ਜੁੱਤੀ ਮਾਰ ਕੇ ਆਈਂ।'

'ਆਪਣੇ ਵੀ ਮਾਰ ਲਈਂ ਦਸ ਕੁ... ਜੀਹਨੇ ਮੇਰੀ ਭੈਣ ਤੇ ਝੂਠਾ ਇਲਜ਼ਾਮ ਲਾਇਆ।' ਨਰਾਤਾ ਰਾਮ ਹੱਸਿਆ ਤੇ ਹੁੱਕੇ ਦੀ ਨੜੀ ਮੂੰਹ' ਚ ਫਸਾ ਕੇ ਗੁੜ ਗੁੜ ਕਰਨ ਲੱਗ ਪਿਆ।

**00**

# ਛੱਬੀ

ਬੇਗਮਪੁਰਾ ਚਾਰ ਪੱਤੀਆਂ ਵਾਲ਼ਾ ਵੱਡਾ ਪਿੰਡ ਸੀ, ਜਿੱਥੇ ਦੁਖੀ ਦੀ ਮਾਸੀ ਦੀ ਧੀ ਸ਼ਕੁੰਤਲਾ ਅਤੇ ਜੀਜਾ ਪਰੇਮ ਸਿੰਘ ਲੰਬੇ ਅਰਸੇ ਤੋਂ ਕਿਰਾਏ ਤੇ ਇਕ ਵੱਡੇ ਮਕਾਨ ਵਿਚ ਰਹਿੰਦੇ ਸਨ। ਸ਼ਕੁੰਤਲਾ ਦੇ ਪ੍ਰਾਇਮਰੀ ਸਕੂਲ' ਚ ਪੜ੍ਹਦੇ ਦੋ ਬੱਚੇ ਸਨ, ਵੱਡੀ ਕੁੜੀ ਰੋਸ਼ੀ ਤੇ ਛੋਟਾ ਮੁੰਡਾ ਲਵਲੀ। ਸ਼ਕੁੰਤਲਾ ਦੁਖੀ ਦੇ ਸਭ ਤੋਂ ਵੱਡੇ ਭਰਾ ਰਾਮ ਚੰਦ ਦੀ ਹਾਣਨ ਸੀ। ਉਸ ਦਾ ਬਹੁਤਾ ਬਚਪਨ ਦੁਖੀ ਦੇ ਮਾਮੇ ਘਨ੍ਹੱਈਏ ਕੋਲ਼ ਸਲਾਹਪੁਰ ਹੀ ਬੀਤਿਆ ਸੀ। ਇਹੀ ਕਾਰਨ ਸੀ ਕਿ ਉਹ ਪਿੰਡ ਦੇ ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਸਭ ਨੂੰ ਜਾਣਦੀ ਸੀ। ਉਸ ਦੀ ਮਾਂ ਉਸ ਨੂੰ ਤੇ ਇਕ ਨਿੱਕੇ ਮੁੰਡੇ ਹਰਵੰਤ ਨੂੰ ਬਚਪਨ ਵਿਚ ਹੀ ਛੱਡ ਕੇ ਰੱਬ ਨੂੰ ਪਿਆਰੀ ਹੋ ਗਈ ਸੀ, ਤੇ ਪਿਓ ਨੇ ਦੂਜਾ ਵਿਆਹ ਕਰਵਾ ਲਿਆ ਸੀ। ਇਹੀ ਕਾਰਨ ਸੀ ਕਿ ਸ਼ਕੁੰਤਲਾ ਦਾ ਬਚਪਨ ਰੁਲ਼-ਖੁਲ਼ ਕੇ ਹੀ ਬੀਤਿਆ। ਸ਼ਕੁੰਤਲਾ ਦਾ ਵਿਆਹ ਉਦੋਂ ਹੋ ਗਿਆ ਸੀ, ਜਦੋਂ ਅਜੇ ਦੁਖੀ ਆਪਣੀ ਬੇਬੇ ਦਾ ਦੁੱਧ ਚੁੰਘਣੋ ਵੀ ਨਹੀਂ ਸੀ ਹਟਿਆ। ਇਹ ਗੱਲ ਦੁਖੀ ਦੇ ਚੇਤੇ ਵਿਚ ਅਜੇ ਤੀਕ ਸਮਾਈ ਪਈ ਸੀ ਕਿ ਸ਼ਕੁੰਤਲਾ ਦੇ ਵਿਆਹ ਸਮੇਂ ਮੋਹਲ਼ੇਧਾਰ ਮੀਂਹ ਪੈ ਰਿਹਾ ਸੀ, ਆਹਣ ਡਿਗ ਰਹੀ ਸੀ, ਬੱਦਲ ਘੋਰ ਰਹੇ ਸਨ ਤੇ

ਬਿਜਲੀ ਲਿਸ਼ਕ ਰਹੀ ਸੀ। ਦੁਖੀ ਰਥ ਵਿਚ ਜਾ ਕਿਸੇ ਤੰਬੂ ਹੇਠ ਬੈਠੀ ਆਪਣੀ ਮਾਂ ਦਾ ਦੁੱਧ ਚੁੰਘਦਿਆਂ ਰੀਂ-ਰੀਂ ਕਰ ਰਿਹਾ ਸੀ ਤੇ ਉਹਦੀ ਬੇਬੇ ਕਹਿ ਰਹੀ ਸੀ, 'ਟਿਕ ਜਾ ਲਹੂ ਪੀਣੀ ਜੋਕੇ, ਤੇਰੇ ਕੀ ਸੱਪ ਲੜਦੈ?'

ਬੇਗਮਪੁਰ ਪਿੰਡ ਵਿਚ ਸ਼ਕੁੰਤਲਾ ਦੇ ਘਰ ਵਾਲ਼ੀ ਗਲ਼ੀ ਦੇ ਐਨ ਸਿਰੇ ਜਾ ਕੇ ਇਕ ਰੇਲ ਗੱਡੀ ਵਾਂਗ ਲੰਬੇ ਕੱਚੇ ਕੋਠੇ ਵਿਚ ਪਰੇਮ ਸਿੰਘ ਦੀ ਸੁਨਿਆਰੇ ਕੰਮ ਦੀ ਦੁਕਾਨ ਸੀ। ਜਿਸ ਦੀ ਸਰਦਲ਼ ਦੇ ਉੱਪਰ ਇਕ ਟੁੱਟਿਆ ਜਿਹਾ ਟੀਨ ਦਾ ਬੋਰਡ ਲੱਗਾ ਹੁੰਦਾ ਸੀ ਜਿਸ ਤੇ ਪੰਜਾਬੀ ਦੇ ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ ਸੀ- ਸ. ਪਰੇਮ ਸਿੰਘ ਜਰਗਰ, ਭਦੌੜ ਵਾਲ਼ੇ। ਉਸ ਕੋਠੇ ਦੇ ਅੱਧੇ ਹਿੱਸੇ ਵਿਚ ਚੀਰੂਆਂ ਦੀ ਕੰਧ ਕਰ ਕੇ ਤੂੜੀ ਵਾਲ਼ਾ ਕੋਠਾ ਬਣਾਇਆ ਹੋਇਆ ਸੀ। ਤੂੜੀ ਵਾਲ਼ੇ ਕੋਠੇ ਵਿਚ ਉਸੇ ਕੰਧ ਦੇ ਨਾਲ਼ ਇਕ ਮੰਜੇ ਉੱਤੇ ਮੋਟਾ ਗਦੈਲਾ ਪਿਆ ਰਹਿੰਦਾ ਸੀ, ਜਿੱਥੇ ਦੁਪਹਿਰ ਦੀ ਰੋਟੀ ਖਾਣ ਮਗਰੋਂ ਪਰੇਮ ਅਰਾਮ ਕਰਦਾ ਹੁੰਦਾ ਸੀ। ਉੱਥੇ ਹੀ ਕਦੀ ਕਦਾਈਂ ਉਸ ਦੇ ਬੇਲੀ ਬੈਠ ਕੇ ਦਾਰੂ ਵੀ ਪੀ ਲਿਆ ਕਰਦੇ ਸਨ। ਸ਼ਕੁੰਤਲਾ ਇਕ-ਦੋ ਮੱਝਾਂ ਤਾਂ ਹਮੇਸ਼ਾ ਹੀ ਰੱਖਿਆ ਕਰਦੀ ਸੀ। ਝਿਊਰਾਂ ਦਾ ਇਕ ਮੁੰਡਾ ਭਾਸ਼ੀ ਬਚਪਨ ਤੋਂ ਹੀ ਉਨ੍ਹਾਂ ਦੇ ਨਾਲ਼ ਰਹਿੰਦਾ ਸੀ। ਭਾਸ਼ੀ ਦੇ ਮਾਂ ਬਾਪ ਤੇ ਉਸ ਤੋਂ ਵੱਡੀਆਂ ਚਾਰ ਭੈਣਾਂ ਇਕ ਝੜੀ ਸਮੇਂ ਕੋਠੇ ਹੇਠ ਦਬ ਕੇ ਮਰ ਗਏ ਸਨ ਤੇ ਰਹਿਮ ਦਿਲ ਪਰੇਮ ਸਿੰਘ ਨੇ ਉਸ ਨੂੰ ਆਪਣੇ ਘਰ ਪਨਾਹ ਦੇ ਦਿੱਤੀ ਸੀ। ਭਾਸ਼ੀ ਹੀ ਮੱਝਾਂ ਦੀ ਦੇਖ ਭਾਲ਼ ਕਰਦਾ ਸੀ। ਉਹ ਘਰ ਅਤੇ ਬਾਹਰ ਦੇ ਸਾਰੇ ਕੰਮ ਵੀ ਬੜੀ ਫੁਰਤੀ ਨਾਲ਼ ਦੌੜ ਦੌੜ ਕੇ ਕਰਦਾ। ਉਹ ਇਸ ਟੱਬਰ ਦਾ ਇਸ ਕਦਰ ਇਕ ਮੈਂਬਰ ਸੀ ਕਿ ਸ਼ਕੁੰਤਲਾ ਸੌਦੇ ਖ਼ੀਦਣ ਲਈ ਪੰਜਾਹ-ਪੰਜਾਹ ਰੁਪਏ ਦੇ ਕੇ ਉਸ ਨੂੰ ਸ਼ਹਿਰ ਤੋਰ ਦਿੰਦੀ ਤੇ ਕਦੀ ਵੀ ਹਿਸਾਬ ਨਾ ਮੰਗਦੀ। ਕਈ ਵਾਰੀ ਉਹ ਸਾਰੇ ਭਾਸ਼ੀ ਆਸਰੇ ਘਰ ਛੱਡ ਕੇ ਰਿਸ਼ਤੇਦਾਰੀਆਂ ਵਿਚ ਰਹਿ ਆਉਂਦੇ। ਭਾਸ਼ੀ ਨੂੰ ਘਰ ਵਿਚ ਲੋੜ ਮੁਤਾਬਕ ਕੱਪੜੇ ਅਤੇ ਨਾਲ਼ ਦਾ ਖਾਣਾ ਮਿਲਦਾ ਸੀ। ਉਹ ਡੰਗਰਾਂ ਵਾਲ਼ੇ ਕੋਠੇ ਵਿਚ ਹੀ ਆਪਣਾ ਮੰਜਾ ਡਾਹ ਕੇ ਸੌਂਦਾ। ਸਵੇਰੇ ਉੱਠ ਕੇ ਮੰਜਾ ਖੜ੍ਹਾ ਕਰ ਦਿੰਦਾ ਤੇ ਉਸ ਦੇ ਪਾਵੇ ਉੱਤੇ ਆਪਣਾ ਬਿਸਤਰਾ ਟਿਕਾ ਦਿੰਦਾ। ਬੇਗਮਪੁਰ ਪਰੇ ਮ ਸਿੰਘ ਦਾ ਜੱਦੀ ਪਿੰਡ ਨਹੀਂ ਸੀ। ਉਸ ਦੇ ਦੋ ਭਰਾ ਤੇ ਪੰਜ ਭੈਣਾਂ ਸਨ। ਕਿਸੇ ਗੱਲੋਂ ਘਰ ਝਗੜਾ ਹੋਣ ਕਰਕੇ ਉਹ ਆਪਣਾ ਪਿੰਡ ਭਦੌੜ ਛੱਡ ਕੇ ਐਥੇ ਆ ਵਸਿਆ ਸੀ। ਦਿਨਾਂ ਵਿਚ ਹੀ ਉਸ ਦੀ ਦੁਕਾਨਦਾਰੀ ਚੱਲ ਨਿਕਲ਼ੀ ਸੀ। ਉਸ ਨੇ ਆਪਣਾ ਅਸਰ-ਰਸੂਖ਼ ਐਨਾ ਵਧਾ ਲਿਆ ਸੀ ਕਿ ਕੁਝ ਸਾਲ ਪਹਿਲਾਂ ਪੰਚਾਇਤੀ ਚੋਣਾਂ ਸਮੇਂ ਉਹ ਬਿਨਾਂ ਕਿਸੇ ਵਿਰੋਧ ਤੋਂ ਪੰਚ ਚੁਣਿਆ ਗਿਆ ਸੀ। ਉਸ ਦੇ ਨਾਂ ਨਾਲ਼ ਪੰਚ ਪੱਕੇ ਤੌਰ ਤੇ ਜੁੜ ਗਿਆ ਸੀ ਤੇ ਲੋਕ ਉਸ ਨੂੰ ਪਰੇਮ ਸੁਨਿਆਰ ਦੀ ਥਾਂ ਪਰੇਮ ਪੰਚ ਕਹਿ ਕੇ ਹੀ ਬੁਲਾਉਂਦੇ ਸਨ।

ਦੁਖੀ ਨੇ ਅੱਠਵੀਂ ਜਮਾਤ ਦੇ ਪੇਪਰ ਦਿੱਤੇ ਹੋਏ ਸਨ। ਨਤੀਜਾ ਆਉਣ ਅਤੇ ਅਗਲੀ ਜਮਾਤ ਸ਼ੁਰੂ ਹੋਣ ਨੂੰ ਅਜੇ ਮਹੀਨਾ ਭਰ ਲੱਗ ਜਾਣਾ ਸੀ। ਪਹਿਲਾਂ ਵੀ ਛੁੱਟੀਆਂ ਸਮੇਂ ਉਹ ਆਪਣੀ ਬੀਬੀ ਸ਼ਕੁੰਤਲਾ ਕੋਲ਼ ਬੇਗਮਪੁਰ ਚਲਿਆ ਜਾਇਆ ਕਰਦਾ ਸੀ ਤੇ ਹੁਣ ਫਿਰ ਉਹ ਆਪਣੇ ਜੀਜੇ ਪਰੇਮ ਦੀ ਸਲਾਹਪੁਰ ਦੀ ਫੇਰੀ ਦੀ ਉਡੀਕ ਕਰ ਰਿਹਾ ਸੀ। ਉਸ ਦੇ ਮਾਮੇ ਨੇ ਉਸ ਨੂੰ ਬੇਗਮਪੁਰ ਜਾਣ ਲਈ ਹਰੀ ਝੰਡੀ ਦੇ ਦਿੱਤੀ ਸੀ। ਉਸ ਦੇ ਪੇਪਰ ਖ਼ਤਮ ਹੋਣ

ਤੋਂ ਹਫਤਾ ਕੁ ਮਗਰੋਂ ਉਸ ਦੀ ਨਾਨੀ ਚਿੰਦੀ ਆਗਰੇ ਤੋਂ ਵਾਪਸ ਪਰਤ ਆਈ ਸੀ, ਕਿਉਂਕਿ ਉਸ ਦਾ ਸ਼ਹਿਰ ਵਿਚ ਜੀਅ ਨਹੀਂ ਸੀ ਲੱਗਾ। ਉਹ ਹਮੇਸ਼ਾ ਪਿੰਡ ਵਿਚ ਰਹੀ ਹੋਣ ਕਰਕੇ ਸ਼ਹਿਰ ਦੀ ਜੀਵਨ ਸ਼ੈਲੀ ਮੁਤਾਬਕ ਆਪਣੇ ਆਪ ਨੂੰ ਢਾਲ਼ ਨਹੀਂ ਸੀ ਸਕੀ। ਪੂਰੀ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਘਰ ਵਿਚ ਮੌਜੂਦ ਫਲੱਸ਼ ਵਿਚ ਨਹੀਂ ਸੀ ਜਾ ਸਕੀ। ਵੱਡੇ ਤੜਕੇ ਦੁਖੀ ਦੀ ਭਾਬੀ ਜਿੰਦਰ ਉਸ ਨੂੰ ਨਾਲ਼ ਲੈ ਕੇ ਜਮਨਾ ਨਦੀ ਵੱਲ ਨਿੱਕਲ਼ ਜਾਂਦੀ, ਜੋ ਉਸ ਨੂੰ ਜੋਖ਼ਮ ਭਰਿਆ ਕੰਮ ਲਗਦਾ। ਗਲ਼ੀ-ਗੁਆਂਢ ਵਿਚ ਕੋਈ ਨਹੀਂ ਸੀ ਜੋ ਉਸ ਦੀ ਪੰਜਾਬੀ ਸਮਝ ਸਕਦਾ। ਉੱਥੇ ਕੋਈ ਚਰਖ਼ਾ, ਚੱਕੀ ਜਾਂ ਉੱਖਲੀ ਬਗੈਰਾ ਨਹੀਂ ਸੀ ਤੇ ਨਾ ਹੀ ਕੋਈ ਤਾਣਾ ਤਣਕੇ ਦਰੀਆਂ ਬੁਣਦਾ ਸੀ। ਉੱਥੋਂ ਦੇ ਪਾਣੀ ਵਿੱਚੋਂ ਉਸ ਨੂੰ ਬਦਬੂ ਆਉਂਦੀ ਰਹਿੰਦੀ। ਜਿੰਦਰ ਰਸੋਈ ਵਿਚ ਖੜੋ ਕੇ ਦਾਲ਼-ਸਬਜ਼ੀ ਰਿੰਨ੍ਹਦੀ ਤੇ ਰੋਟੀਆਂ ਪਕਾਉਂਦੀ ਤਾਂ ਉਸ ਨੂੰ ਸਾਰੇ ਖਾਣੇ ਵਿੱਚੋਂ ਮਿੱਟੀ ਦੇ ਤੇਲ ਦੀ ਬੋਅ ਆਉਂਦੀ। ਉੱਥੇ ਤਾਂ ਭਾਂਡੇ ਮਾਂਜਣ ਲਈ ਸੁਆਹ ਵੀ ਨਹੀਂ ਸੀ ਹੁੰਦੀ ਤੇ ਨਾ ਹੀ ਕਿਧਰੇ ਰੋੜ ਹੁੰਦੇ ਸਨ, ਜਿਨ੍ਹਾਂ ਨੂੰ ਚੱਬਣ ਦੀ ਉਸ ਨੂੰ ਬਚਪਨ ਤੋਂ ਆਦਤ ਸੀ। ਜਦੋਂ ਘਰ ਵਿਚ ਪੱਥਰ ਦੇ ਕੋਲਿਆਂ ਦੀ ਅੰਗੀਠੀ ਲਗਦੀ ਤਾਂ ਉਹ ਖੁਸ਼ ਹੁੰਦੀ ਤੇ ਬਾਕੀਆਂ ਤੋਂ ਅੱਖ ਬਚਾ ਕੇ ਸੁਆਹ ਦੀ ਗੋਲ਼ੀ ਆਪਣੇ ਮੂੰਹ ਵਿਚ ਸੁੱਟ ਲੈਂਦੀ।

ਉਸ ਨੂੰ ਜੇ ਕੋਈ ਬਜ਼ਾਰ ਲੈ ਜਾਂਦਾ ਤਾਂ ਉਹ ਭੀੜ, ਧੂਏਂ ਅਤੇ ਗੱਡੀਆਂ ਦੇ ਸ਼ੋਰ ਤੋਂ ਬਹੁਤ ਘਬਰਾਉਂਦੀ। ਬੱਸ ਵਿਚ ਤਾਂ ਬੈਠਦਿਆਂ ਹੀ ਉਸ ਦਾ ਜੀਅ ਕੱਚਾ ਹੋਣ ਲੱਗਦਾ। ਜਦੋਂ ਦੀ ਉਹ ਆਗਰੇ ਗਈ ਸੀ, ਉਹ ਰਾਮ ਚੰਦ ਅੱਗੇ ਇੱਕੋ ਰਟ ਲਾਈ ਰੱਖਦੀ ਕਿ ਉਸ ਨੂੰ ਛੇਤੀ ਤੋਂ ਛੇਤੀ ਸਲਾਹਪੁਰ ਵਾਪਸ ਭੇਜ ਦਿੱਤਾ ਜਾਵੇ। ਉਸ ਨੂੰ ਇਹੀ ਲਗਦਾ ਰਹਿੰਦਾ ਕਿ ਉਹ ਆਪਣੇ ਪਿੰਡ ਤੋਂ ਵਿਛੜੀ ਹੀ ਮਰ ਜਾਵੇਗੀ। ਪਿਛਲੇ ਸਾਰਿਆਂ ਨੂੰ ਯਾਦ ਕਰਕੇ ਉਹ ਰੋਣ ਲੱਗਦੀ। ਘਰ ਦੇ ਡੰਗਰਾਂ ਵੱਲ ਵੀ ਉਸਦੀ ਸੁਤਾ ਰਹਿੰਦੀ ਕਿ ਪਤਾ ਨਹੀਂ ਉਨ੍ਹਾਂ ਨੂੰ ਕਿਸੇ ਨੇ ਕੱਖ-ਕੰਡਾ ਪਾਇਆ ਹੋਵੇਗਾ ਜਾਂ ਨਹੀਂ। ਉਹ ਭੁੱਖੇ-ਪਿਆਸੇ ਕਿੱਲਿਆਂ ਨਾਲ਼ ਬੰਨ੍ਹੇ ਅੜਿੰਗਦੇ ਰਹਿੰਦੇ ਹੋਣਗੇ। ਉਹ ਸੋਚਦੀ ਕਿ ਉਸ ਦੀ ਨੂੰਹ ਲਲਤਾ ਨੂੰ ਤਾਂ ਡੰਗਰ ਸਾਂਭਣ ਦਾ ਚੱਜ ਹੀ ਨਹੀਂ ਸੀ, ਭਾਗਵੰਤੀ ਕੰਮ ਤੇ ਚਲੀ ਜਾਂਦੀ ਹੋਵੇਗੀ ਤਾਂ ਵਿਚਾਰਾ ਘਨ੍ਹੱਈਆ ਪਤਾ ਨਹੀਂ ਕਿੱਧਰ ਕਿੱਧਰ ਹੁੰਦਾ ਭੌਂਦਾ ਫਿਰਦਾ ਹੋਵੇਗਾ।

ਜਿੰਦਰ ਉਸ ਦੇ ਖਾਣ ਲਈ ਭਾਂਤ-ਭਾਂਤ ਦੀਆਂ ਚੀਜ਼ਾਂ ਬਣਾਉਂਦੀ ਜਾਂ ਬਜ਼ਾਰੋਂ ਲੈਕੇ ਆਉਂਦੀ, ਪਰ ਉਹ ਮੂੰਹ ਹੀ ਨਾ ਧਰਦੀ। ਉਹ ਉਸ ਦਾ ਜੀਅ ਲਾਉਣ ਲਈ ਬਥੇਰੀ ਵਾਹ ਲਾਉਂਦੇ, ਪਰ ਉਹ ਦਿਨ-ਵ-ਦਿਨ ਉਚਾਟ ਹੁੰਦੀ ਚਲੀ ਗਈ। ਆਗਰੇ ਤੋਂ ਰਾਮ ਚੰਦ ਦੇ ਕਿਸੇ ਵਾਕਿਫ਼ ਨੇ ਆਪਣੇ ਟੱਬਰ ਸਮੇਤ ਦਿੱਲੀ ਆਉਣਾ ਸੀ। ਉਨ੍ਹਾਂ ਨੇ ਹਾਮੀ ਭਰੀ ਕਿ ਉਹ ਦਿੱਲੀ ਤੋਂ ਉਸ ਦੀ ਨਾਨੀ ਨੂੰ ਸਰਹੰਦ ਜਾਣ ਵਾਲ਼ੀ ਗੱਡੀ ਚੜ੍ਹਾ ਦੇਣਗੇ। ਉੱਥੋਂ ਕੋਈ ਆ ਕੇ ਲੈ ਜਾਵੇ। ਜਿਸ ਗੱਡੀ ਵਿਚ ਉਹ ਆ ਰਹੀ ਸੀ, ਉਸ ਬਾਰੇ ਸਲਾਹਪੁਰ ਟੈਲੀਗਰਾਮ ਆ ਗਈ। ਗੱਡੀ ਆਉਣ ਤੋਂ ਪਹਿਲਾਂ ਘਨ੍ਹੱਈਆ ਅਤੇ ਦੁਖੀ ਸਰਹੰਦ ਰੇਲਵੇ ਸਟੇਸ਼ਨ ਤੇ ਪੁੱਜ ਗਏ। ਗੱਡੀ ਸਟੇਸ਼ਨ ਤੇ ਪੁੱਜੀ ਤਾਂ ਚੜ੍ਹਨ ਉਤਰਨ ਵਾਲ਼ੇ ਲੋਕਾਂ ਵਿਚ ਹਫ਼ੜਾ-ਦਫ਼ੜੀ ਮਚ ਗਈ। ਪਹਿਲਾਂ ਤਾਂ ਦੁਖੀ ਦੀ ਨਾਨੀ ਕਿਧਰੇ ਦਿਖਾਈ ਹੀ ਨਾ ਦਿੱਤੀ। ਉਹ ਦੋਨੋਂ ਪਲੇਟ ਫਾਰਮ ਤੇ ਨਜ਼ਰਾਂ ਜਮਾਈ ਉਸ ਨੂੰ ਲੱਭਦੇ ਰਹੇ। ਅਚਾਨਕ ਦੁਖੀ ਦੀ ਨਜ਼ਰ ਉਸ ਉੱਤੇ

ਜਾ ਪਈ। ਉਹ ਇਕ ਮੋਟੇ ਪੱਕੇ ਰੰਗ ਦੇ ਬੰਦੇ ਮਗਰ ਤੁਰੀ ਆ ਰਹੀ ਸੀ, ਜਿਸ ਨੇ ਸਿਰ ਉੱਤੇ ਬਿਸਤਰ-ਬੰਨ੍ਹ ਚੁੱਕਿਆ ਹੋਇਆ ਸੀ। ਉਸ ਦੇ ਇਕ ਹੱਥ ਵਿਚ ਪੀਪਾ ਸੀ ਤੇ ਮੋਢੇ ਨਾਲ਼ ਬੈਗ ਵੀ ਲਟਕਾਇਆ ਹੋਇਆ ਸੀ।

'ਇਹ ਬੰਦਾ ਕੁਲੀ ਤਾਂ ਹੈ ਨੀ, ਫਿਰ ਕੌਣ ਹੋਇਆ?' ਘਨ੍ਹੱਈਆ ਬੋਲਿਆ।

'ਕੁਲੀ ਕਿਉਂ ਨੀ ਹੈਗਾ? ਕੁਲੀ ਦੇ ਸਿੰਙ ਹੁੰਦੇ ਆਂ?' ਦੁਖੀ ਹੱਸਿਆ।

'ਕੁਲੀ ਦੇ ਕੱਪੜੇ ਲਾਲ ਹੁੰਦੇ ਆ ਮੂਰਖਾ, ਨਾਲ਼ੇ ਬਾਂਹ ਉੱਤੇ ਪਿੱਤਲ ਦਾ ਬਿੱਲਾ ਲੱਗਿਆ ਹੁੰਦੈ।'

ਦੁਖੀ ਤੇ ਉਹਦਾ ਮਾਮਾ ਉਨ੍ਹਾਂ ਕੋਲ਼ ਪੁੱਜ ਗਏ। ਦੋਹਾਂ ਨੇ ਉਸ ਦੇ ਪੈਰੀਂ ਹੱਥ ਲਾਏ ਤਾਂ ਉਹ ਖੁਸ਼ ਹੁੰਦੀ ਬੋਲੀ, 'ਵੇ ਘਨ੍ਹੱਈਏ, ਪਛਾਣਿਆਂ ਨੀ ਇਸ ਨੂੰ? ਇਹ ਖੁਸ਼ੀਆ ਏ ਆਪਣਾ। ਤੇਰੇ ਮਾਮੇ ਦਾ ਮੁੰਡਾ। ਦਿੱਲੀ ਟੇਸ਼ਨ ਤੋਂ ਲੱਭਿਆ ਏ।'

ਉਹ ਬੰਦਾ ਬਿਟਰ-ਬਿਟਰ ਉਨ੍ਹਾਂ ਵੱਲ ਝਾਕੀ ਗਿਆ। ਚਿੰਦੀ ਦੇ ਕਹਿਣ ਉੱਤੇ ਦੁਖੀ ਨੇ ਉਹਦੇ ਪੈਰ ਛੂਹੇ ਤੇ ਹੈਰਾਨ ਹੁੰਦੇ ਘਨ੍ਹੱਈਏ ਨੇ ਉਹਦੇ ਨਾਲ਼ ਹੱਥ ਮਿਲਾਇਆ।

ਇਹ ਸੰਨ ਸੰਤਾਲੀ ਦੇ ਹੱਲਿਆਂ ਸਮੇਂ ਦੀ ਗੱਲ ਹੈ, ਉਦੋਂ ਖੁਸ਼ੀਆ ਸਲਾਹਪੁਰ ਆਇਆ ਹੋਇਆ ਸੀ। ਇਕ ਦਿਨ ਪਿੰਡ ਵਿਚ ਇਹ ਖ਼ਬਰ ਪੁੱਜੀ ਕਿ ਕੀੜੀ ਅਫ਼ਗਾਨਾ ਪਿੰਡ ਤੋਂ ਮੁਸਲਮਾਨ ਆਪਣਾ ਕੀਮਤੀ ਸਮਾਨ ਵੀ ਪਿੱਛੇ ਛੱਡ ਕੇ ਦੌੜ ਰਹੇ ਸਨ। ਕਈ ਤਾਂ ਇਸ ਆਸ ਨਾਲ਼ ਕਿ ਉਨ੍ਹਾਂ ਨੇ ਅੱਗ ਠੰਡੀ ਹੋਣ ਮਗਰੋਂ ਪਰਤ ਹੀ ਆਉਣਾ ਹੈ, ਆਪਣਾ ਸੋਨਾ, ਚਾਂਦੀ ਤੇ ਰੁਪਏ ਵੀ ਧਰਤੀ ਵਿਚ ਦੱਬ ਕੇ ਜਾ ਰਹੇ ਸਨ। ਕੁਝ ਮਾਲ ਹੱਥ ਲੱਗਣ ਦੀ ਆਸ ਨਾਲ਼ ਪਿੰਡ ਦੇ ਕਈ ਬੰਦੇ ਕੀੜੀ ਅਫ਼ਗਾਨਾ ਪਿੰਡ ਵੱਲ ਨੂੰ ਚੱਲ ਪਏ। ਕਈਆਂ ਨੇ ਤਾਂ ਲੁੱਟਣ ਦੇ ਇਰਾਦੇ ਨਾਲ਼ ਬਰਛੇ, ਕਿਰਪਾਨਾਂ ਵੀ ਆਪਣੇ ਨਾਲ਼ ਚੁੱਕ ਲਏ। ਜਾਤੂ ਘੁਮਾਰ ਤਾਂ ਲੁੱਟ ਦਾ ਸਮਾਨ ਲੱਦਣ ਲਈ ਆਪਣੇ ਦੋ ਗਧੇ ਵੀ ਨਾਲ਼ ਲੈ ਗਿਆ। ਖੁਸ਼ੀਆ ਉਸ ਤੋਂ ਚਾਰ-ਪੰਜ ਸਾਲ ਵੱਡਾ ਸੀ ਤੇ ਤਕੜਾ ਵੀ ਸੀ। ਉਨ੍ਹਾਂ ਵਿਚ ਘਨ੍ਹੱਈਆ ਵੀ ਸ਼ਾਮਲ ਹੋ ਗਿਆ ਤੇ ਖੁਸ਼ੀਏ ਨੂੰ ਵੀ ਉਹ ਆਪਣੇ ਨਾਲ਼ ਲੈ ਗਿਆ। ਖੁਸ਼ੀਏ ਨੇ ਤਿੰਨ ਖਾਲੀ ਬੋਰੀਆਂ ਸੇਬੇ ਨਾਲ਼ ਬੰਨ੍ਹ ਕੇ ਆਪਣੇ ਨਾਲ਼ ਲੈ ਲਈਆਂ। ਉਸ ਦਾ ਖਿਆਲ ਸੀ ਕਿ ਲੁੱਟ ਦੇ ਮਾਲ ਨਾਲ਼ ਬੋਰੀਆਂ ਭਰ ਕੇ ਕਿਧਰੇ ਲੁਕਾ ਦਿਆਂਗੇ ਤੇ ਇਕ ਇਕ ਕਰਕੇ ਪਿੰਡ ਨੂੰ ਚੁੱਕ ਲਿਆਵਾਂਗੇ।

ਤੁਰਨ ਲੱਗਿਆਂ ਨੂੰ ਸਫੈਦਪੋਸ਼ ਤਾਰਾ ਸਿੰਘ ਨੇ ਟੋਕਿਆ, 'ਕੀੜੀ ਮੁਸਲਮਾਨਾਂ ਦਾ ਵੱਡਾ ਪਿੰਡ ਏ। ਪਾਪੀਓ ਪਿੱਛਾ ਨਾ ਤਕਾਓ। ਲੈਣੇ ਦੇ ਦੇਣ ਵੀ ਪੈ ਸਕਦੇ ਨੇ। ਅੱਕਿਆ ਹੋਇਆ ਦੁਖੀ ਬੰਦਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਿਆ ਕਰਦਾ।'

'ਚੱਲ ਭਰਾਵਾ ਦੇਖੀ ਜਾਊ। ਜੇ ਮੁਸਲਮਾਨਾਂ ਦੇ ਹੱਥੋਂ ਮੌਤ ਲਿਖੀ ਹੋਈ ਤਾਂ ਸਫ਼ੈਦਪੋਸ਼ ਕਿਵੇਂ ਰੋਕ ਲਊ? ਸ਼ੁਭ ਕੰਮ ਕਰਨ ਲੱਗੇ ਬੰਦੇ ਨੂੰ ਟੋਕੀਦਾ ਨੀ ਭਾਈ। ਤੂੰ ਆਪ ਨਹੀਂ ਜਾਣਾ ਤਾਂ ਬੇਸ਼ੱਕ ਨਾ ਜਾ। ਸਾਨੂੰ ਤਾਂ ਧੋ ਲੈਣ ਦੇ ਵਹਿੰਦੀ ਗੰਗਾ' ਚ ਹੱਥ।' ਰੱਬੂ ਨੇ ਕਿਹਾ।

'ਕਰੋ ਬਈ ਕਰੋ ਸ਼ੁਭ ਕੰਮ।' ਉਹ ਚੁੱਪ ਕਰ ਗਿਆ ਸੀ।

ਕੀੜੀ ਪਿੰਡ ਵਿਚ ਇਕ ਘਰ ਦੀ ਕੰਧ ਨਾਲ਼ ਕੀਲੀਆਂ ਉੱਤੇ ਲਟਕਦਾ ਇਕ

ਸਾਇਕਲ ਘਨ੍ਹੱਈਏ ਨੇ ਹੇਠ ਲਾਹ ਲਿਆ ਤੇ ਅੱਗੇ ਇਕ ਪੱਕੀ ਹਵੇਲੀ ਦੇਖ ਕੇ ਉਸ ਅੰਦਰ ਜਾ ਵੜਿਆ। ਸਾਰੇ ਫਰਸ਼ ਦਾ ਜਾਇਜ਼ਾ ਲਿਆ ਤੇ ਇਕ ਥਮਲੇ ਦੀਆਂ ਜੜ੍ਹਾਂ ਵਿਚ ਗੱਡੀ ਪੱਥਰ ਦੀ ਉੱਖਲ਼ੀ ਪੁੱਟਣ ਲੱਗ ਪਿਆ, ਕਿਉਂਕਿ ਉੱਖਲ਼ੀ ਦੁਆਲ਼ੇ ਤਾਜ਼ਾ-ਤਾਜ਼ਾ ਲਿੱਪਿਆ ਹੋਇਆ ਸੀ। ਕਾਫ਼ੀ ਖੌਝਲ਼ ਕੇ ਉਸ ਨੇ ਉੱਖਲ਼ੀ ਤਾਂ ਬਾਹਰ ਕੱਢ ਲਈ ਪਰ ਹੇਠੋਂ ਦੇਖਣ ਦਾ ਹੁਕਮ ਨਾ ਹੋਇਆ। ਮਿਲਟਰੀ ਦੀਆਂ ਗੱਡੀਆਂ ਪਿੰਡ ਵਿਚ ਦਾਖਲ ਹੋ ਗਈਆਂ ਸਨ ਤੇ ਵਿਸਲਾਂ ਵੱਜਣ ਲੱਗੀਆਂ ਸਨ। ਫਿਰ ਤਿੰਨ ਚਾਰ ਵਾਰੀ ਗੋਲ਼ੀ ਚੱਲਣ ਦੀ ਅਵਾਜ਼ ਆਈ। ਜੋ ਕੁਝ ਕਿਸੇ ਦੇ ਹੱਥ ਲੱਗਿਆ, ਚੁੱਕ ਕੇ ਦੌੜ ਲਿਆ। ਇਸੇ ਭਗਦੜ ਵਿਚ ਖੁਸ਼ੀਆ ਉਸ ਤੋਂ ਵਿੱਛੜ ਗਿਆ। ਘਨ੍ਹੱਈਏ ਨੇ ਸਾਇਕਲ ਦੇ ਪਿੱਛੇ ਉੱਖਲ਼ੀ ਲੱਦੀ ਤੇ ਪਿੰਡੋਂ ਬਾਹਰ ਨਿਕਲ਼ ਆਇਆ। ਉੱਥੇ ਇਕ ਬੱਕਰੀ ਕਿੱਕਰ ਦੇ ਤਣੇ ਤੇ ਅਗਲੀਆਂ ਟੰਗਾਂ ਰੱਖੀ ਲੁੰਗ ਚੂੰਡ ਰਹੀ ਸੀ। ਉਸ ਨੇ ਆਪਣੇ ਸਿਰੋਂ ਪਰਨਾ ਲਾਹ ਕੇ ਬੱਕਰੀ ਦੇ ਗਲ਼' ਚ ਪਾ ਲਿਆ ਤੇ ਸਾਇਕਲ ਪਿੱਛੇ ਬੰਨ੍ਹ ਲਈ। ਅੱਗੇ ਜਾ ਕੇ ਉਹ ਸਰਹੰਦ ਨਹਿਰ ਦੇ ਕੰਢੇ ਖੜ੍ਹ ਕੇ ਖੁਸ਼ੀਏ ਨੂੰ ਉਡੀਕਣ ਲੱਗਾ। ਲੁੱਟ ਦਾ ਸਮਾਨ ਚੁੱਕੀ ਕਈ ਬੰਦੇ ਉਸ ਕੋਲ਼ੋਂ ਲੰਘ ਗਏ, ਪਰ ਖੁਸ਼ੀਆ ਆਇਆ ਹੀ ਨਾ। ਉਸ ਨੇ ਸੋਚਿਆ ਕਿ ਉਹ ਪੁਲ਼ ਟੱਪ ਕੇ ਦੂਜੇ ਰਾਹ ਚਲਾ ਗਿਆ ਹੋਵੇ ਗਾ ਜਾਂ ਬਹੁਤਾ ਮਾਲ ਹੱਥ ਲੱਗਣ ਕਰਕੇ ਉਹ ਕਿਸੇ ਘਰ ਵਿਚ ਹੀ ਛੁਪ ਗਿਆ ਹੋਵੇਗਾ। ਉਹ ਘਰ ਪੁੱਜਾ ਤਾਂ ਖੁਸ਼ੀਆ ਨਹੀਂ ਸੀ ਬਹੁੜਿਆ। ਘਰ ਵਿਚ ਹਾਏ-ਦੁਹਾਈ ਮਚ ਗਈ। ਇਸ ਗੱਲ ਦਾ ਪਤਾ ਲੱਗਣ ਤੇ ਕਿ ਚਿੜੀਏ ਦਾ ਬਾਈ ਘਊਆ ਜਦੋਂ ਸਿਰ ਉੱਤੇ ਚਰਖ਼ਾ ਚੁੱਕੀ ਉਸ ਪਿੰਡੋਂ ਦੌੜਿਆ ਸੀ ਤਾਂ ਫੌਜੀਆਂ ਦੀ ਗੋਲ਼ੀ ਦਾ ਸ਼ਿਕਾਰ ਹੋ ਗਿਆ ਸੀ ਤਾਂ ਉਨ੍ਹਾਂ ਨੂੰ ਖੁਸ਼ੀਏ ਦੀ ਵੀ ਇਸੇ ਤਰ੍ਹਾਂ ਦੀ ਹੋਣੀ ਦਾ ਸ਼ੱਕ ਪੈ ਗਿਆ। ਅਗਲੇ ਕਈ ਦਿਨਾਂ ਤਕ ਉਸ ਦੀ ਭਾਲ ਹੁੰਦੀ ਰਹੀ। ਉਸ ਦੇ ਪਿੰਡ ਘਨ੍ਹੱਈਆ ਆਪ ਜਾ ਕੇ ਆਇਆ। ਪਤਾ ਲੱਗਣ ਤੇ ਉੱਥੇ ਵੀ ਸੋਗ ਪੈ ਗਿਆ। ਦੁਖੀ ਦੀ ਨਾਨੀ ਤਾਂ ਕਈ ਮਹੀਨਿਆਂ ਤੱਕ ਉਸ ਨੂੰ ਯਾਦ ਕਰ ਕਰ ਰੋਂਦੀ ਰਹੀ- 'ਤੂੰ ਕਿਹੜੀ ਦੁਨੀਆਂ ਵਿਚ ਖੋ ਗਿਆ ਵੇ ਮੇਰੇ ਪੁੱਤਾ।' ਕੱਖ ਲੈਣ ਗਈ ਵੀ ਉਹ ਕੀਰਨੇ ਪਾਉਣ ਲੱਗ ਪਿਆ ਕਰਦੀ। ਖੁਸ਼ੀਆਂ ਨਾ ਮੁੜਿਆ ਤਾਂ ਹੌਲ਼ੀ-ਹੌਲ਼ੀ ਸਭ ਨੇ ਸਬਰ ਕਰ ਲਿਆ ਤੇ ਹੁਣ ਉਹ ਕਹਿ ਰਹੀ ਸੀ ਕਿ ਇਹ ਬੰਦਾ ਖੁਸ਼ੀਆ ਹੈ।

ਘਨ੍ਹੱਈਆ ਉਸ ਦੇ ਕੱਦ, ਰੰਗ ਤੇ ਨੈਣ-ਨਕਸ਼ਾਂ ਦੀ ਤੁਲਨਾ ਮਨ' ਚ ਵਸੀ ਖੁਸ਼ੀਏ ਦੀ ਸ਼ਕਲ ਨਾਲ਼ ਕਰ ਕੇ ਹੈਰਾਨ ਹੋ ਰਿਹਾ ਸੀ। ਉਸ ਬੰਦੇ ਦਾ ਤਾਂ ਕੁਝ ਵੀ ਖੁਸ਼ੀਏ ਨਾਲ਼ ਨਹੀ ਸੀ ਮਿਲਦਾ। ਉਸ ਦੀ ਸੱਜੀ ਅੱਖ ਦੇ ਭਰਵੱਟੇ ਉੱਤੇ ਕਾਲ਼ਾ ਮਹੁਕਾ ਵੀ ਨਹੀਂ ਸੀ, ਜੋ ਖੁਸ਼ੀਏ ਦੀ ਪੱਕੀ ਪਛਾਣ ਸੀ। ਕੀ ਦੇਖ ਕੇ ਉਸ ਦੀ ਮਾਂ ਨੇ ਉਸ ਨੂੰ ਖੁਸ਼ੀਆ ਸਮਝ ਲਿਆ ਸੀ, ਉਸ ਨੂੰ ਸਮਝ ਨਹੀਂ ਸੀ ਪੈ ਰਹੀ। ਉਸ ਨੇ ਉਸ ਬੰਦੇ ਨੂੰ ਇਕ ਪਾਸੇ ਲੈ ਜਾ ਕੇ ਪੁੱਛਿਆ, 'ਭਰਾਵਾ, ਸੱਚ ਸੱਚ ਦੱਸ, ਇਹ ਚੱਕਰ ਕੀ ਏ? ਕੌਣ ਏਂ ਤੂੰ? ਤੂੰ ਮੇਰੀ ਮਾਂ ਨਾਲ਼ ਕਿੱਥੋਂ ਆਇਆ ਏਂ?'

ਬੰਦਾ ਭਲਾ ਮਾਣਸ ਸੀ, ਉਸ ਨੇ ਘਨੱਈਏ ਨੂੰ ਸਭ ਕੁਝ ਦੱਸ ਦਿੱਤਾ। ਉਸ ਦਾ ਨਾਂ ਸੁਭਾਸ਼ ਕੁਮਾਰ ਸੀ ਤੇ ਉਹ ਰਾਜਪੁਰੇ ਦੇ ਮੇਨ ਬਜ਼ਾਰ ਵਿਚ ਕਰਿਆਨੇ ਦੀ ਹੱਟੀ ਕਰਦਾ ਸੀ। ਦਿੱਲੀ ਰੇਲਵੇ ਸਟੇਸ਼ਨ ਤੇ ਉਸ ਨੇ ਅਚਾਨਕ ਉਸ ਦਾ ਹੱਥ ਫੜ ਲਿਆ ਸੀ ਤੇ ਰੋਣ

ਲੱਗੀ ਸੀ, 'ਵੇ ਪੁੱਤ ਵੇ... ਵੇ ਖੁਸ਼ੀਏ... ਤੂੰ ਘਰੋਂ ਕਿਉਂ ਦੌੜ ਆਇਆ ਸੀ ਵੇ? ਕੀ ਦੁੱਖ ਸੀ ਤੈਨੂੰ ਪੁੱਤਾ? ਚੱਲ ਤੁਰ ਪੈ ਘਰ ਨੂੰ ਸਿੱਧਾ ਹੋ ਕੇ... ਮੈਂ ਨਹੀਂ ਹੁਣ ਜਾਣ ਦਿੰਦੀ ਤੈਨੂੰ ਕਿਧਰੇ।'

ਉਸ ਬੰਦੇ ਨੇ ਬਥੇਰਾ ਸਮਝਾਇਆ ਸੀ ਕਿ ਉਸ ਨੂੰ ਭੁਲੇਖਾ ਲੱਗਾ ਹੈ, ਪਰ ਉਹ ਮੰਨੀਂ ਹੀ ਨਾ। ਉਸ ਨੇ ਉਸ ਕੋਲ਼ੋਂ ਭੱਜਣਾ ਚਾਹਿਆ ਤਾਂ ਉਸ ਨੇ ਸ਼ੋਰ ਮਚਾ ਦਿੱਤਾ। ਲੋਕਾਂ ਨੇ ਚੋਰ ਸਮਝ ਕੇ ਉਸ ਨੂੰ ਦਬੋਚ ਲਿਆ। ਉਹ ਕਹਿਣ ਲੱਗੀ ਕਿ ਜੇ ਉਹ ਉਸ ਨਾਲ਼ ਘਰ ਨਹੀਂ ਜਾਵੇਗਾ ਤਾਂ ਉਹ ਰੇਲ ਗੱਡੀ ਹੇਠ ਆ ਕੇ ਜਾਨ ਦੇ ਦੇਵੇਗੀ। ਫਿਰ ਉਹ ਕਰਦਾ ਵੀ ਕੀ? ਵਿਚਾਰਾ ਡਰਦਾ ਉਸ ਦੇ ਨਾਲ਼ ਆ ਗਿਆ। ਉਸ ਨੇ ਹੱਥ ਜੋੜ ਕੇ ਘਨੁੱਈਏ ਨੂੰ ਬੇਨਤੀ ਕੀਤੀ, 'ਭਰਾ ਮੇਰਿਆ, ਆਪਣੀ ਮਾਂ ਨੂੰ ਸਾਂਭ ਤੇ ਮੇਰਾ ਖਹਿੜਾ ਛੁਡਾ।'

'ਨਹੀਂ ਸੁਭਾਸ਼ ਵੀਰੇ, ਹੁਣੇ ਤੂੰ ਮੈਨੂੰ ਭਰਾ ਕਿਹਾ ਏ ਨਾ? ਹੁਣ ਤੂੰ ਨਹੀਂ ਜਾ ਸਕਦਾ। ਖੁਸ਼ੀਆ ਮੇਰੀ ਮਾਂ ਨੂੰ ਪੁੱਤਾਂ ਵਾਂਗ ਸੀ। ਤੂੰ ਉਸ ਲਈ ਖੁਸ਼ੀਆਂ ਬਣਿਆਂ ਰਹਿ। ਘਰ ਤੱਕ ਸਾਡੇ ਨਾਲ਼ ਚੱਲ। ਮੇਰੀ ਮਾਂ ਦਾ ਭਰਮ ਬਣਿਆ ਰਹਿਣ ਦੇ। ਉੱਥੋਂ ਤੈਨੂੰ ਵਾਪਸ ਭੇਜ ਦਿਆਂਗੇ।' ਘਨੁੱਈਏ ਨੇ ਕਿਹਾ ਤੇ ਸੁਭਾਸ਼ ਨੂੰ ਜੱਫੀ ਪਾ ਲਈ। ਉਹ ਉਨ੍ਹਾਂ ਨਾਲ਼ ਸਲਾਹਪੁਰ ਚਲਾ ਗਿਆ। ਉਸ ਦੇ ਪਿੰਡ ਮਿਲਾਉਣ ਦੇ ਬਹਾਨੇ ਘਨੁੱਈਆ ਉਸ ਨੂੰ ਨਾਲ਼ ਲੈ ਕੇ ਆਪਣੀ ਰਿਸ਼ਤੇਦਾਰੀ ਵਿਚ ਘੁਮਾ ਲਿਆਇਆ। ਸਲਾਹਪੁਰ ਉਹ ਦੋ ਰਾਤਾਂ ਠਹਿਰਿਆ ਤੇ ਮੁੜ ਮਿਲਣ ਦਾ ਵਾਅਦਾ ਕਰ ਕੇ ਹੀ ਗਿਆ। ਘਨੁੱਈਆ ਉਸ ਨੂੰ ਚਮਕੌਰ ਤੋਂ ਬੱਸ ਚੜ੍ਹਾਉਣ ਗਿਆ ਤਾਂ ਇੱਕ ਦੂਜੇ ਦੇ ਮੋਢਿਆਂ ਤੇ ਹੱਥ ਰੱਖ ਕੇ ਉਨ੍ਹਾਂ ਨੇ ਫ਼ੋਟੋ ਖਿਚਵਾਈ ਜਿਹੜੀ ਉਸ ਨੇ ਫਰੇਮ ਕਰਵਾ ਕੇ ਆਪਣੀ ਹੱਟੀ ਵਿਚ ਲਾ ਲਈ।

ਦੁਖੀ ਦੀ ਨਾਨੀ ਦੇ ਸਲਾਹਪੁਰ ਆਉਣ ਨਾਲ਼ ਦੁਖੀ ਬੁਰਾ ਫਸਿਆ। ਉਸ ਦਾ ਦੋਸਤ ਬਸ਼ੀਰ ਤਾਂ ਪਹਿਲਾਂ ਹੀ ਆਪਣੇ ਅੱਬੇ ਫੈਜ਼ੇ ਨਾਲ਼ ਵਿਛੜੇ ਰਿਸ਼ਤੇਦਾਰਾਂ ਨੂੰ ਮਿਲਣ ਪਾਕਿਸਤਾਨ ਗਿਆ ਹੋਇਆ ਸੀ। ਮਾਨ ਸਿੰਘ ਵੀ ਉਸਦਾ ਦੋਸਤ ਸੀ, ਪਰ ਉਸ ਦਾ ਪਿਉ ਉਸ ਨੂੰ ਆਪਣੇ ਨਾਲ਼ ਖੇਤਾਂ ਨੂੰ ਲੈ ਜਾਂਦਾ। ਉਸ ਦੀ ਮਾਂ ਦੀ ਮੌਤ ਮਗਰੋਂ ਮਾਨ ਸਿੰਘ ਨੂੰ ਸਕੂਲੋਂ ਪੜ੍ਹਨੋਂ ਹਟਾ ਲਿਆ ਗਿਆ ਸੀ ਤੇ ਛੋਟੀ ਉਮਰੇ ਹੀ ਵਿਚਾਰਾ ਮਿੱਟੀ ਨਾਲ਼ ਮਿੱਟੀ ਹੋਣ ਲੱਗਾ ਸੀ। ਦੁਖੀ ਆਪਣੀ ਮਾਮੀ ਨਾਲ਼ ਕੱਖਾਂ ਨੂੰ ਜ਼ਰੂਰ ਜਾਂਦਾ ਸੀ, ਪਰ ਬਾਲਣ ਲਿਆਉਣ ਤੋਂ ਬਚਿਆ ਰਹਿੰਦਾ ਸੀ। ਉਸ ਦਾ ਮਾਮਾ ਕਦੀ ਕਦੀ ਉਸ ਨੂੰ ਚੋਰੀ ਦੀ ਮੁੰਜ ਤੋੜਨ ਜਾਂ ਹੌਜਾਂ' ਚੋਂ ਝਿੰਗਾਂ ਵੱਢਣ ਆਪਣੇ ਨਾਲ਼ ਲੈ ਜਾਇਆ ਕਰਦਾ ਸੀ। ਜਦੋਂ ਉਹ ਇਹ ਕੰਮ ਕਰ ਰਿਹਾ ਹੁੰਦਾ ਤਾਂ ਦੁਖੀ ਕਿਸੇ ਟਾਹਲੀ ਤੇ ਚੜ੍ਹ ਕੇ ਆਲ਼ੇ-ਦੁਆਲ਼ੇ ਨਿਗਾਹ ਘੁਮਾਉਂਦਾ ਰਹਿੰਦਾ। ਜੇ ਜੰਗਲਾਤੀਆ ਜਾਂ ਸਰਕੜੇ ਦਾ ਮਾਲਕ ਨਜ਼ਰੀਂ ਪੈਂਦਾ ਉਹ ਮੂੰਹ ਨਾਲ਼ ਘੁੱਗੀ ਬੁਲਾ ਦਿੰਦਾ। ਘਨੁੱਈਆ ਸਾਰੀ ਗੱਲ ਸਮਝ ਜਾਂਦਾ। ਹੁਣ ਚਿੰਦੀ ਨਾਨੀ ਦੇ ਆਉਣ ਨਾਲ਼ ਦੁਖੀ ਦਾ ਕੰਮ ਵਧ ਗਿਆ। ਟਿੱਬੇ ਵਾਲ਼ੇ ਵਾੜੇ ਵਿਚ ਜਮ੍ਹਾਂ ਕੀਤਾ ਇੰਨ੍ਹਣ ਮੁੱਕਣ ਨੂੰ ਆ ਗਿਆ ਸੀ। ਉਹ ਉਸ ਨੂੰ ਆਪਣੇ ਨਾਲ਼ ਕੱਖਾਂ ਨੂੰ ਲੈ ਤੁਰਦੀ। ਉਸ ਨੂੰ ਘਾਹ ਵੀ ਖੋਤਣਾ ਪੈਂਦਾ ਤੇ ਆਪਣੀ ਨਾਨੀ ਦੇ ਬਰਾਬਰ ਭਾਰੀ ਕੱਖਾਂ ਦੀ ਪੰਡ ਚੁੱਕ ਕੇ ਲਿਆਉਣੀ ਪੈਂਦੀ। ਉਸ ਦੇ ਸਿਰ' ਚੋਂ ਭਾਫ਼ਾਂ ਨਿਕਲਣ ਲੱਗਦੀਆਂ, ਗਰਦਨ ਦੀਆਂ ਨਾੜਾਂ ਫੁੱਲ ਕੇ ਟਸ-

ਟਸ ਕਰਨ ਲਗਦੀਆਂ। ਪਿੰਡੇ' ਚੋਂ ਪਸੀਨਾ ਚੋ ਚੋ ਗਿੱਟਿਆਂ ਤੱਕ ਪੁੱਜ ਜਾਂਦਾ। ਫਿਰ ਘਰ ਆ ਕੇ ਉਹ ਵਾਧੂ ਕੱਖ ਕੋਠੇ ਤੇ ਚੜ੍ਹਾ ਧੁੱਪ ਵਿਚ ਸੁਕਾਉਣ ਲਈ ਫੋਲ ਦਿੰਦਾ। ਪਿੱਪਲੀ ਹੇਠ ਦੂਜੇ ਮੁੰਡਿਆਂ ਨਾਲ਼ ਪਿੱਠੂ ਖੇਡਦਿਆਂ ਬੱਦਲ ਚੜ੍ਹ ਆਉਂਦਾ ਤਾਂ ਉਸ ਦੀ ਨਾਨੀ ਉੱਥੇ ਆ ਕੇ ਹਾਕਾਂ ਮਾਰਨ ਲਗਦੀ, 'ਵੇ ਦੁਖੀ ਵੇ.... ਵੇ ਮਰ ਜਾਣਿਆਂ ਕਿੱਥੇ ਮਰ ਗਿਆਂ ਤੂੰ? ਵੇ ਕਣੀਆਂ ਆ ਗਈਆਂ ਵੇ। ਕੱਖ' ਕੱਠੇ ਕਰ ਕੇ' ਠਾਹਾਂ ਲਾਹਦੇ।'

'ਹੈਅ ਤੇਰੇ ਲੜ ਜਾਏ ਕਾਲ਼ਾ ਨਾਗ ਬੁੜ੍ਹੀਏ। ਘੜੀ ਭਰ ਖੇਡ ਵੀ ਲੈਣ ਦਿਆ ਕਰ ਕਦੀ।' ਦੁਖੀ, ਦੁਖੀ ਹੋ ਕੇ ਕਹਿੰਦਾ।

ਜਦੋਂ ਕੱਖ ਸੁੱਕ ਜਾਂਦੇ ਤਾਂ ਜੀਵਨ ਜੱਟ ਵੱਲ ਦੇ ਕੋਠੇ ਵਿਚ ਲਾ ਕੇ ਆਉਂਦਾ। ਜੇ ਜ਼ਰਾ ਨਰਮ ਹੁੰਦੇ ਤਾਂ ਦਵਾਰਾ ਧੁੱਪ ਨਿਕਲਣ ਤੇ ਉਨ੍ਹਾਂ ਨੂੰ ਕੋਠੇ ਤੇ ਚੜ੍ਹਾ ਕੇ ਫੋਲਦਾ। ਤੀਜੇ ਪਹਿਰ ਉਸਦੀ ਨਾਨੀ ਉਸ ਨੂੰ ਫਿਰ ਹੁਕਮ ਕਰਦੀ, 'ਚੱਲ ਪੁੱਤ ਬਣ ਕੇ ਖੱਗੇ ਤੋੜ ਲਿਆਈਏ।'

ਖੰਜੂਰਾਂ ਦੀ ਬਹੁਤਾਤ ਹੋਣ ਕਰਕੇ ਪਿੰਡ ਦੇ ਸਭ ਲੋਕ ਬਾਲਣ ਲਈ ਖੱਗੇ ਤੋੜਨ ਜਾਂਦੇ। ਦੁਖੀ ਨੂੰ ਇਕੱਲੀ ਇਕੱਲੀ ਖੰਜੂਰ ਦਾ ਪਤਾ ਸੀ ਕਿ ਕਿਸਦੇ ਖੱਗੇ ਚੀੜ੍ਹੇ ਹੋਣ ਕਰਕੇ ਟੁੱਟਣ ਵਿਚ ਨਹੀਂ ਆਉਂਦੇ ਤੇ ਕਿਸਦੇ ਇਕ ਨੂੰ ਬਾਂਕ ਛੁਹਾਇਆਂ ਬਾਕੀ ਵੀ ਫਰਨ-ਫਰਨ ਹੇਠ ਡਿਗ ਜਾਂਦੇ। ਵੱਡੇ ਵੱਡੇ ਕੰਡਿਆਂ ਵਾਲ਼ੇ ਖੰਜੂਰ ਦੇ ਖੱਗਿਆਂ ਨੂੰ ਬਾਂਕ ਨਾਲ਼ ਤੋੜਨਾ ਵੀ ਇਕ ਮੁਸੀਬਤ ਸੀ। ਕਈ ਵਾਰੀ ਤਾਂ ਖੱਗਾ ਬੁੜ੍ਹਕ ਕੇ ਸਿੱਧਾ ਮੂੰਹ ਨੂੰ ਆਉਂਦਾ।

'ਬਚ ਕੇ ਵੇ ਪੁੱਤਾ.... ਤਾਹਾਂ ਨੂੰ ਨਾ ਝਾਕ।' ਆਪ ਛਾਵੇਂ ਬੈਠੀ ਉਸ ਦੀ ਨਾਨੀ ਉਸ ਨੂੰ ਹਦਾਇਤਾਂ ਕਰਦੀ।

'ਤਾਹਾਂ ਨੂੰ ਝਾਕੇ ਬਗੈਰ ਤੇਰਾ ਲਗਦਾ ਕਿਵੇਂ ਟੁੱਟਜੂ ਬੁੜ੍ਹੀਏ? ਛਾਂ' ਚ ਬੈਠੀ ਭੌਂਕੀ ਜਾਂਦੀ ਏਂ ਕੁੱਤੇ ਮੰਗਣਾ।' ਦੁਖੀ ਉਸ ਨੂੰ ਝਿੜਕ ਕੇ ਪੈਂਦਾ।

'ਦੂਰ ਫਿਟੇ ਮੂੰਹ ਤੇਰਾ... ਦੋਹਤਿਆ ਹਰਾਮ ਖ਼ੋਰਾ।' ਉਸ ਦੀ ਨਾਨੀ ਹੱਸ ਕੇ ਕਹਿੰਦੀ।

'ਬਾਂਕ ਮਾਰ ਕੇ ਤੇਰਾ ਗਾਟਾ ਲਾਹੂੰ ਬੁੜ੍ਹੀਏ ਇਕ ਦਿਨ। ਚੁੱਪ ਹੋ ਜਾ ਨਹੀਂ ਤਾਂ।' ਦੁਖੀ ਉਸ ਨੂੰ ਖ਼ਬਰਦਾਰ ਕਰਦਾ।

'ਲੈਅ... ਲਾਹ ਦੇ ਗਾਟਾ... ਕਰਦੇ ਮੁਕਤੀ ਮੇਰੀ।' ਉਹ ਆਪਣੀ ਗਰਦਨ ਤੇ ਹੱਥ ਰੱਖ ਕੇ ਕਹਿੰਦੀ। ਉਹ ਹੱਸਣ ਲੱਗਦਾ। ਉਸ ਦੀ ਨਾਨੀ ਇਸ ਲੜਾਈ ਬਾਰੇ ਘਰ ਕਦੀ ਗੱਲ ਨਾ ਕਰਦੀ। ਉਹ ਦਧੌੜੀ' ਚੋਂ ਕੜ੍ਹਿਆ ਹੋਇਆ ਦੁੱਧ ਕੱਢ ਕੇ ਵਿੱਚ ਮਲਾਈ ਦੀ ਬੁੱਕ ਸੁੱਟਦੀ। ਸ਼ੱਕਰ ਘੋਲ਼ਦੀ ਤੇ ਦੁਖੀ ਨੂੰ ਫੜਾਉਂਦੀ ਕਹਿੰਦੀ, 'ਲੈ ਵੇ ਦੁਖੀ ਡੱਫ ਲੈ। ਹੋ ਜਾ ਜੁਆਨ ਛੇਤੀ ਛੇਤੀ ਮੇਰਿਆ ਬਚੜਿਆ।'

ਕੁਝ ਹੀ ਦਿਨਾਂ ਵਿਚ ਦੁਖੀ ਨੇ ਵਾੜੇ ਵਿਚ ਖੱਗਿਆਂ ਦਾ ਐਡਾ ਵੱਡਾ ਅੰਬਾਰ ਲਾ ਦਿੱਤਾ, ਜਿੰਨਾ ਉਸ ਦੀ ਭਾਬੀ ਜਿੰਦਰ ਦੀ ਇਕ ਬਾਤ ਵਿਚ ਸ਼ੇਰ ਦੇ ਘੁਰਨੇ ਦੇ ਬਾਹਰ ਜਾਨਵਰਾਂ ਦੀਆਂ ਹੱਡੀਆਂ ਦਾ ਹੁੰਦਾ ਸੀ। ਵੱਡੇ ਵੱਡੇ ਕੰਡਿਆਂ ਵਾਲ਼ੇ ਖੱਗਿਆਂ ਦੀ ਪਾਲ਼ ਉੱਤੇ ਨਵੀਂ ਭਰੀ ਸੁੱਟ ਕੇ ਉਹ ਆਪਣੀ ਭਾਬੀ ਨੂੰ ਯਾਦ ਕਰਦਾ ਤੇ ਨਾਨੀ ਨੂੰ ਕਹਿੰਦਾ, 'ਹੱਡੀਆਂ

ਦਾ ਤੇਰਾ ਚੌਂਤਰਾ, ਗੂੰਹ ਨਾਲ਼ ਲਿੱਪਿਆ, ਉੱਤੇ ਬੈਠੀ ਸੁਨਿਆਰਾਂ ਦੀ ਬੁੜ੍ਹੀ ਚਿੰਦੀ।'

'ਵੇ ਫ਼ੋਟ-ਟੁੱਟ ਪੈਣਿਆਂ... ਆਪਣੀ ਨਾਨੀ ਦਾ ਨਾਂ ਲੈਂਦਾ ਏਂ ਚੰਦਰਿਆ। ਤੇਰੇ ਗਲੇ ਡੂ ਨਿਕਲਣਗੇ।' ਉਹ ਖ਼ੂਬ ਹੱਸਦੀ।

**00**

# ਸਤਾਈ

ਉਸ ਨਿੱਤ ਦੇ ਖਲ਼ਜਗਣ ਤੋਂ ਦੁਖੀ ਦਾ ਖਹਿੜਾ ਉਦੋਂ ਛੁੱਟਿਆ ਜਦੋਂ ਇਕ ਦਿਨ ਉਸ ਦਾ ਜੀਜਾ ਪਰੇਮ ਤੇ ਸ਼ਕੁੰਤਲਾ ਦਾ ਛੋਟਾ ਭਰਾ ਹਰਬੰਤ ਆਪਣੇ ਸਾਇਕਲਾਂ ਉੱਤੇ ਸਲਾਹਪੁਰ ਪੁੱਜ ਗਏ। ਪਰੇਮ ਜਦੋਂ ਵੀ ਸਲਾਹਪੁਰ ਆਉਂਦਾ ਹਰਬੰਤ ਹਮੇਸ਼ਾ ਉਸ ਦੇ ਨਾਲ਼ ਹੁੰਦਾ। ਉਸ ਵੇਲ਼ੇ ਦੁਖੀ ਪੱਖੇ ਦੀ ਰੱਸੀ ਦਾ ਸਿਰਾ ਦੰਦਾਂ ਵਿਚ ਦਬਾਈ ਗਲੀ' ਚ ਬੈਠਾ ਪੈਰ ਨਾਲ਼ ਰੱਸੀ ਖਿੱਚ ਖਿੱਚ ਕੱਪੜੇ ਸਿਉਂਦੇ ਆਪਣੇ ਮਾਮੇ ਘਨੱਈਏ ਨੂੰ ਝੱਲ ਮਾਰ ਰਿਹਾ ਸੀ। ਰੱਸੀ ਛੱਡ ਕੇ ਉਹ ਦੌੜ ਕੇ ਪਰੇਮ ਨੂੰ ਲਿਪਟ ਗਿਆ ਤੇ ਉਸ ਦੇ ਹੱਥੋਂ ਸਾਇਕਲ ਫੜ ਕੇ ਗਲ਼ੀ' ਚ ਲੱਗੀ ਪੌੜੀ ਮਗਰ ਲਾ ਦਿੱਤਾ। ਪਰੇਮ ਸਾਇਕਲ ਦੇ ਹੈਂਡਲ ਨਾਲ਼ੋਂ ਦੋ ਝੋਲ਼ੇ ਲਾਹ ਕੇ ਅੰਦਰ ਜਾ ਵੜਿਆ। ਉਹ ਤੇ ਹਰਬੰਤ ਸਾਰਿਆਂ ਦੇ ਪੈਰੀਂ ਹੱਥ ਲਾਉਣ ਲੱਗੇ। ਪਰੇਮ ਨੇ ਲੱਠੇ ਦੇ ਖੁੱਲ੍ਹੀ ਮੂਹਰੀ ਦੇ ਪਜਾਮੇ ਤੇ ਰੰਗਦਾਰ ਕਮੀਜ਼ ਉੱਤੋਂ ਡੱਬੀਆਂ ਵਾਲ਼ੀ ਹਲਕੀ ਜਿਹੀ ਫਤੂਹੀ ਪਾਈ ਹੋਈ ਸੀ। ਉਸ ਨੇ ਸਤਰੰਗੀ ਪੀਂਘ ਵਰਗੀ ਚੀਰੇ ਵਾਲ਼ੀ ਪੱਗ ਬੰਨ੍ਹੀ ਹੋਈ ਸੀ। ਘੁੱਟ ਕੇ ਬੰਨ੍ਹੀ ਦਾੜ੍ਹੀ ਤੇ ਨੋਕਦਾਰ ਮੁੱਛਾਂ ਵਿੱਚੀਂ ਜਦੋਂ ਉਹ ਮੁਸਕਰਾਉਂਦਾ ਤਾਂ ਉਸ ਦਾ ਸੋਨੇ ਦਾ ਦੰਦ ਚਮਕਦਾ। ਉਸ ਨੇ ਅੱਖਾਂ ਵਿਚ ਸੁਰਮਾ ਵੀ ਪਾਇਆ ਹੋਇਆ ਸੀ। ਉਸ ਦੇ ਦੋਨੋਂ ਹੱਥਾਂ ਵਿਚ ਮੁੰਦੀਆਂ ਤੇ ਗਲ਼ੇ ਵਿਚ ਸੋਨੇ ਦੀ ਚੇਨੀ ਸੀ। ਪੈਰਾਂ ਵਿਚ ਨਾਭੀ ਰੰਗ ਦੇ ਨਵੇਂ ਨਕੋਰ ਸੈਂਡਲ ਪਾਏ ਹੋਏ ਸਨ। ਉਸ ਦਾ ਰੰਗ ਪਹਿਲਾਂ ਨਾਲ਼ੋਂ ਵੀ ਗੋਰਾ ਲੱਗ ਰਿਹਾ ਸੀ। ਉੱਫਣੀਆਂ ਹੋਈਆਂ ਗੁਲਾਬੀ ਗੱਲ੍ਹਾਂ ਇਉਂ ਲੱਗਦੀਆਂ ਸਨ ਜਿਵੇਂ ਉਨ੍ਹਾਂ ਤੇ ਗੇਰੂ ਮਲ਼ਿਆ ਹੋਵੇ। ਹਰਬੰਤ ਨੇ ਲਾਲ ਫਿਫਟੀ ਉੱਤੋਂ ਖਾਕੀ ਪੱਗ ਬੰਨ੍ਹੀ ਹੋਈ ਸੀ। ਉਹ ਪਰੇ ਮ ਦੇ ਪਿੱਛੇ ਮੂੰਹ ਘੁੱਟੀ ਖੜ੍ਹਾ ਇਉਂ ਲੱਗ ਰਿਹਾ ਸੀ, ਜਿਵੇਂ ਕੋਈ ਪੁਲ਼ਸੀਆ ਤਫ਼ਤੀਸ਼ ਕਰਨ ਆਇਆ ਹੋਵੇ। ਇਹ ਗੱਲ ਇਕ ਵਾਰੀ ਘਨੱਈਏ ਨੇ ਦੁਖੀ ਨੂੰ ਦੱਸੀ ਸੀ ਕਿ ਪੁਲ਼ਸ ਵਰਗੀ ਵਰਦੀ ਪਾਉਣ ਪਿੱਛੇ ਵੀ ਗੁੱਝਾ ਰਾਜ ਛੁਪਿਆ ਹੋਇਆ ਸੀ। ਇਕ ਕਿਸਮ ਦਾ ਉਹ ਪਰੇ ਮ ਦਾ ਬਾਡੀਗਾਰਡ ਸੀ। ਹਰਬੰਤ ਬੇਗਮਪੁਰ ਵਿਚ ਹੀ ਗੁਰਦੁਆਰਾ ਲੰਘ ਕੇ ਲਹਿੰਦੇ ਪਾਸੇ ਖੂਹ ਵਾਲ਼ੀ ਗਲ਼ੀ ਵਿਚ ਆਪਣੀ ਘਰ ਵਾਲ਼ੀ ਤੇ ਇਕ ਮੁੰਡੇ ਨਾਲ਼ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਉਹ ਲੁਧਿਆਣੇ ਕਿਸੇ ਹੌਜ਼ਰੀ ਵਿਚ ਸਕਿਉਰਿਟੀ ਅਫ਼ਸਰ ਦੀ ਨੌਕਰੀ ਕਰਦਾ ਸੀ ਤੇ ਨਾਵਾਂ ਕਟਵਾ ਕੇ ਆਇਆ ਫੌਜੀ ਸੀ। ਉਸ ਦਿਨ ਉਹ ਘਨ੍ਹੱਈਏ ਲਈ ਇਕ ਕੋਟੀ ਲੈ ਕੇ ਆਇਆ ਸੀ। ਪਰੇਮ ਨੇ ਦੋਨੋਂ ਝੋਲ਼ੇ ਦੇਵ ਦੀ ਮਾਮੀ ਲਲਤਾ ਨੂੰ ਫੜਾਉਂਦਿਆਂ ਕਿਹਾ, 'ਮਾਮੀ ਆਹ ਛੋਟੇ ਵਾਲ਼ਾ ਅੰਦਰ ਕਿਸੇ ਟਰੰਕ ਵਿਚ ਸਾਂਭ ਕੇ ਰੱਖ ਦੇ।'

ਉਸ ਝੋਲ਼ੇ ਵਿਚ ਗਹਿਣੇ ਤੋਲਣ ਵਾਲ਼ਾ ਕੰਡਾ, ਵੱਟਿਆਂ ਵਾਲ਼ੀ ਡੱਬੀ, ਕਸਵੱਟੀ, ਗਹਿਣੇ ਅਤੇ ਨੋਟ ਸਨ। ਲਲਤਾ ਨੇ ਵੱਡਾ ਝੋਲ਼ਾ ਜਿਹੜਾ ਮਠਿਆਈ ਅਤੇ ਫਲਾਂ ਨਾਲ਼

ਭਰਿਆ ਹੋਇਆ ਸੀ, ਚੁੱਲ੍ਹੇ ਸਾਮ੍ਹਣੇ ਕੰਧ ਦੇ ਕੀਲੇ ਉੱਤੇ ਲਟਕਾ ਦਿੱਤਾ ਤੇ ਛੋਟਾ ਅੰਦਰ ਕੋਠੜੀ ਵਿਚ ਕਿਧਰੇ ਰੱਖ ਆਈ। ਦੁਖੀ ਖੜ੍ਹਾ ਦੇਖਦਾ ਰਿਹਾ ਕਿ ਸ਼ਾਇਦ ਉਸ ਦੀ ਮਾਮੀ ਉਸ ਨੂੰ ਖਾਣ ਲਈ ਕੁਝ ਦੇਵੇ, ਪਰ ਉਹ ਭੁੱਲ ਹੀ ਗਈ।

'ਉਇ ਦੁਖੀ ਤੂੰ ਐਨਾ ਵੱਡਾ ਹੋ ਗਿਆ? ਯਾਰ ਤੂੰ ਆਪਣਾ ਨਾਂ ਬਦਲ ਲੈ ਹੁਣ।' ਹਰਬੰਤ ਉਸ ਨੂੰ ਆਪਣੀ ਵੱਖੀ ਨਾਲ਼ ਘੁੱਟਦਾ ਬੋਲਿਆ।

ਘਨ੍ਹੱਈਆ ਕਹਿਣ ਲੱਗਾ, 'ਨਾ ਵਿਚ ਕੀ ਪਿਆ ਏ ਭਾਣਜਿਆ। ਸਾਡੇ ਪਿੰਡ ਦੇ ਸੁਖੀ ਦਾ ਨਾਂ ਸੁਖਜੀਵਨ ਸਿੰਘ ਏ, ਮਤਲਬ ਸਾਰੀ ਜ਼ਿੰਦਗੀ ਸੁੱਖ। ਪਰ ਕਹਾਣੀ ਸਾਲ਼ੀ ਸਾਰੀ ਉਲ਼ਟ। ਕੀ ਹਾਲ ਹੋਇਆ ਉਹਦਾ, ਪਰੇਮ ਨੂੰ ਤਾਂ ਸਭ ਪਤਾ ਏ। ਸ਼ਾਇਦ ਹੀ ਵਿਚਾਰੇ ਨੇ ਜੀਵਨ' ਚ ਕੋਈ ਸੁੱਖ ਦੀ ਘੜੀ ਦੇਖੀ ਹੋਵੇ। ਨਾਉਂ ਚਾਹੇ ਦੁਖੀ ਏ ਮੇਰੇ ਭਾਣਜੇ ਦਾ। ਪਰ ਇਹ ਮੁੰਡਾ ਦੇਖ ਲਵੀਂ, ਸਾਰੀ ਉਮਰ ਸੁੱਖ ਭੋਗੂ ਤੇ ਦੂਜਿਆਂ ਨੂੰ ਸੁੱਖ ਦੇਊ।'

'ਆਪਣੇ ਨਾਂ ਹੀ ਕਰਵਾ ਲੈ ਮਾਮਾ ਇਸ ਨੂੰ। ਮਾਸੀ ਦੇ ਤਾਂ ਤਿੰਨ ਹੋਰ ਹੈਗੇ। ਤੈਨੂੰ ਵੀ ਤਾਂ ਲੋੜ ਏ ਬੁਢਾਪੇ ਵਿਚ।' ਹਰਬੰਤ ਬੋਲਿਆ।

'ਸਾਰੇ ਇਹਦੇ ਹੀ ਨੇ ਭਾਣਜਿਆ। ਸਾਡਾ ਕੁਝ ਵੰਡਿਆ ਹੋਇਆ ਏ?' ਭਾਗਵੰਤੀ ਬੋਲ ਪਈ।

ਪਰੇਮ, ਹਰਬੰਤ ਤੇ ਘਨ੍ਹੱਈਆ ਹੱਟੀ ਵਿਚ ਬੈਠ ਗਏ ਤੇ ਗੱਲਾਂ ਕਰਨ ਲੱਗੇ। ਦੇ ਵ ਦੀ ਬੇਬੇ ਕਿਸੇ ਕੰਮ ਕੋਠੇ ਜਾ ਚੜ੍ਹੀ। ਦੁਖੀ ਦੇਹਲ਼ੀ ਉੱਤੇ ਬੈਠ ਪੱਖੇ ਦੀ ਰੱਸੀ ਖਿੱਚਣ ਲੱਗਾ। ਲਲਤਾ ਚਾਹ ਦੀ ਗੜਵੀ, ਗਿਲਾਸ ਤੇ ਇਕ ਪਲੇਟ ਵਿਚ ਖਾਣ ਲਈ ਕੁਝ ਲੈ ਕੇ ਹੱਟੀ ਅੰਦਰ ਆ ਵੜੀ ਤੇ ਗਿਲਾਸਾਂ ਵਿਚ ਚਾਹ ਪਾਉਣ ਲੱਗ ਪਈ। ਦੁਖੀ ਪੱਖੇ ਦੀ ਰੱਸੀ ਛੱਡ ਕਮਰੇ' ਚ ਜਾ ਵੜਿਆ। ਕੀਲੇ ਨਾਲ਼ ਲਟਕਦੇ ਝੋਲ਼ੇ' ਚ ਹੱਥ ਮਾਰ ਇਕ ਸੇਬ ਖਿਸਕਾਇਆ ਤੇ ਛੋਟੇ ਦਰ ਰਾਹੀਂ ਆਪਣੇ ਕਮਰੇ' ਚ ਵੜ ਕਿਤਾਬਾਂ ਵਾਲ਼ੇ ਝੋਲ਼ੇ' ਚ ਰੱਖ ਆਇਆ। ਉਸ ਨੇ ਇਹ ਕੰਮ ਐਨੀ ਫੁਰਤੀ ਨਾਲ਼ ਕੀਤਾ ਕਿ ਲਲਤਾ ਅਜੇ ਪ੍ਰਾਹੁਣਿਆਂ ਨੂੰ ਚਾਹ ਦੇ ਗਿਲਾਸ ਹੀ ਫੜਾ ਰਹੀ ਸੀ ਕਿ ਦੁਖੀ ਆਕੇ ਪੱਖੇ ਦੀ ਰੱਸੀ ਖਿੱਚਣ ਲੱਗ ਪਿਆ। ਜਦ ਨੂੰ ਛੱਜ ਚੁੱਕੀ ਦੁਖੀ ਦੀ ਨਾਨੀ ਵੀ ਆ ਗਈ। ਪਰੇਮ ਤੇ ਹਰਬੰਤ ਉੱਠ ਕੇ ਉਸ ਨੂੰ ਮੱਥਾ ਟੇਕਣ ਲੱਗ ਪਏ ਤੇ ਆਗਰੇ ਦਾ ਹਾਲ-ਚਾਲ ਪੁੱਛਣ ਲੱਗੇ। ਉਹ ਬੋਲੀ, 'ਚੁੱਪ ਹੀ ਭਲੀ ਏ ਭਾਈ, ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ਼ ਨਾ ਬੁਖ਼ਾਰੇ। ਮੈਂ ਤਾਂ ਮੁੜ ਕੇ ਮੂੰਹ ਨੀ ਕਰਦੀ ਉੱਧਰ ਨੂੰ।'

ਪਰੇਮ ਨੇ ਦੁਖੀ ਨੂੰ ਵੀ ਚਾਹ ਦਾ ਇਕ ਗਿਲਾਸ ਫੜਾ ਦਿੱਤਾ ਤੇ ਪਲੇਟ ਵਿੱਚੋਂ ਕੁਝ ਖਾਣ ਲਈ ਕਿਹਾ। ਇਸ਼ਾਰਾ ਮਿਲਦੇ ਹੀ ਦੁਖੀ ਸ਼ੁਰੂ ਹੋ ਗਿਆ ਤੇ ਘਨ੍ਹੱਈਏ ਦੇ ਦੇਖਦੇ ਹੀ ਦੇਖਦੇ ਤਿੰਨ ਚਾਰ ਟੁਕੜੇ ਬਰਫੀ ਦੇ ਹੜੱਪ ਗਿਆ। ਘਨ੍ਹੱਈਏ ਨੇ ਉਸ ਨੂੰ ਉਠਾਉਣ ਦੇ ਖਿਆਲ ਨਾਲ਼ ਕਿਹਾ, 'ਦੁਖੀ ਇਕ ਕੰਮ ਤਾਂ ਕਰ ਕੇ ਆ... ਦੇਖ ਕੇ ਆ ਰਤਨ ਸਿਉਂ ਘਰ ਏ ਕਿ ਚਲਾ ਗਿਆ ਚਮਕੌਰ।'

ਉੱਠਦਾ ਉੱਠਦਾ ਉਹ ਬਰਫ਼ੀ ਦੀਆਂ ਦੋ ਟੁਕੜੀਆਂ ਹੋਰ ਚੁੱਕ ਕੇ ਲੈ ਗਿਆ। ਦੁਖੀ ਨੂੰ ਆਪਣੇ ਮਾਮੇ ਦੀ ਹੀ ਕਹੀ ਗੱਲ ਯਾਦ ਆਈ, 'ਜੀਹਨੇ ਕੀਤੀ ਸ਼ਰਮ, ਉਹਦੇ ਫੁੱਟੇ

ਕਰਮ।'

ਦੁਖੀ ਦੇ ਵਾਪਸ ਆਉਣ ਮਗਰੋਂ ਪਰੇਮ ਬੋਲਿਆ, 'ਚੱਲ ਬਈ ਦੁਖੀ ਸਿਆਂ ਮੇਰੇ ਨਾਲ਼। ਆਪਾਂ ਪਿੰਡ ਵਾਲ਼ਿਆਂ ਦਾ ਹਿਸਾਬ ਕਿਤਾਬ ਨਿਬੇੜ ਆਈਏ।'

'ਪਰੇਮ ਦੇ ਤਾਂ ਭਾਈ ਪੈਰਾਂ' ਚ ਚੱਕਰ ਆ। ਜਿਵੇਂ ਛੁਰਕਣੀ ਬੰਨ੍ਹੀ ਹੁੰਦੀ ਏ। ਆਊ ਪਿੱਛੋਂ ਪਹਿਲਾਂ ਪਿੰਡ ਦੇ ਬੰਦਿਆਂ ਵੱਲ ਨੂੰ ਦੌੜ ਲੂ।' ਲਲਤਾ ਭਾਂਡੇ ਚੁੱਕਦੀ ਬੋਲੀ।

'ਮਾਮੀ ਜਿਨ੍ਹਾਂ ਦੇ ਤਗਾਦੇ ਦੇਣੇ ਨੇ, ਦੇ ਆਵਾਂ। ਜਿਹੜਾ ਹੋਰ ਭਾਗਾਂ' ਚ ਹੋਇਆ ਲੈ ਲਾਵਾਂ। ਵਿਹਲੇ ਹੋ ਕੇ ਫੇਰ ਗੱਲਾਂ ਹੀ ਕਰਨੀਆਂ ਨੇ ਰਾਤ ਨੂੰ। ਤੂੰ ਮੇਰਾ ਝੋਲ਼ਾ ਲਿਆ ਦੇ ।'

ਲਲਤਾ ਦੀ ਛੁਰਕਣੀ ਵਾਲ਼ੀ ਗੱਲ ਸੱਚ ਹੀ ਸੀ। ਪਰੇਮ ਹਮੇਸ਼ਾ ਇੰਝ ਹੀ ਕਰਿਆ ਕਰਦਾ ਸੀ। ਨਿਚਲਾ ਹੋ ਕੇ ਤਾਂ ਇਕ ਮਿੰਟ ਵੀ ਨਹੀਂ ਸੀ ਬੈਠ ਸਕਦਾ। ਉਸ ਨੂੰ ਸਲਾਹਪੁਰ ਦੇ ਸਭ ਮਰਦਾਂ ਔਰਤਾਂ ਦੇ ਨਾਂ ਯਾਦ ਸਨ। ਉਹ ਉਨ੍ਹਾਂ ਦੇ ਹਰ ਦੁੱਖ-ਸੁੱਖ ਵਿਚ ਸ਼ਰੀਕ ਹੋਣ ਵਾਲ਼ਾ ਬੰਦਾ ਸੀ। ਉਹ ਕਿਸੇ ਦੇ ਪੈਰੀਂ ਹੱਥ ਲਾਉਂਦਾ, ਕਿਸੇ ਨੂੰ ਜੱਫ਼ੀ ਪਾਉਂਦਾ ਤੇ ਕਿਸੇ ਦਾ ਸਿਰ ਪਲ਼ੋਸਦਾ। ਥਾਂ ਸਿਰ ਰੁਪਿਆ ਧੇਲੀ ਵੀ ਕਿਸੇ ਬਹੂ ਕੁੜੀ ਦੇ ਹੱਥ ਧਰ ਦਿੰਦਾ। ਬੱਚਿਆਂ ਤੋਂ ਲੈ ਕੇ ਬੁੜ੍ਹੇ-ਬੁੜ੍ਹੀਆਂ ਤੱਕ ਦਾ ਹਾਲ ਪੁੱਛਦਾ। ਜੀ ਜੀ ਕਰਦੇ ਦੇ ਮੂੰਹੋਂ ਜਿਵੇਂ ਫੁੱਲ ਕਿਰਦੇ। ਕਿੰਨੇ ਹੀ ਘਰਾਂ ਨਾਲ਼ ਉਸ ਨੇ ਸਾਂਝ ਪਾਈ ਹੋਈ ਸੀ। ਸਭ ਉਸ ਉੱਤੇ ਰੱਬ ਜਿੰਨਾਂ ਵਿਸ਼ਵਾਸ਼ ਕਰਦੇ ਸਨ ਤੇ ਤਗਾਦੇ ਉਸ ਕੋਲੋਂ ਹੀ ਬਣਵਾਉਂਦੇ ਸਨ। ਕੰਮ ਦਾ ਉਹ ਮਾਹਰ ਕਾਰੀਗਰ ਸੀ, ਜੋ ਵੀ ਗਹਿਣਾ ਬਣਾਉਂਦਾ, ਉਸ ਨੂੰ ਬੋਲਣ ਲਾ ਦਿੰਦਾ। ਮਾਲ ਦੀ ਵਾਪਸੀ ਦੀ ਗਰੰਟੀ ਛਪੇ ਕਾਗਜ਼ ਤੇ ਲਿਖ ਕੇ ਦਿੰਦਾ। ਉਹ ਇਸ ਗੱਲੋਂ ਭਲੀ ਭਾਂਤ ਜਾਣੂ ਸੀ ਕਿ ਨਾ ਹੀ ਉਸ ਦੇ ਕਿਸੇ ਗਾਹਕ ਨੇ ਗਰੰਟੀ ਵਾਲ਼ਾ ਕਾਗਜ਼ ਸੰਭਾਲਣਾ ਹੈ ਤੇ ਨਾ ਹੀ ਕਿਸੇ ਨੂੰ ਇਹ ਗੱਲ ਯਾਦ ਰਹਿਣੀ ਹੈ। ਜੇ ਕਦੀ ਕੋਈ ਨੌਬਤ ਆ ਵੀ ਜਾਵੇ ਤਾਂ ਉਸ ਦਾ ਲਿਖਿਆ ਕਿਸੇ ਨੂੰ ਸਮਝ ਹੀ ਨਹੀਂ ਆਉਣਾ। ਉਹ ਕਹਿੰਦਾ, 'ਸੋਨੇ ਦੇ ਕੰਮ ਵਿਚ ਤਾਂ ਮਾਮੀ ਜੀ ਟਾਂਕਾ ਹੀ ਮਾਨ ਨ੍ਹੀ ਹੁੰਦਾ। ਉਹ ਮੈਂ ਕਹਿ ਕੇ ਲੈ ਲੈਣਾ ਏਂ। ਮੇਰਾ ਸਤਿਗੁਰ ਦੇਖਦਾ ਏ, ਰੱਤੀ ਭਰ ਹੋਰ ਕਮਾਈ ਕਰਾਂ ਜੇ। ਬਹੁਤਾ ਮੂੰਹ ਅੱਡਿਆਂ ਤਾਂ ਮੱਖੀਆਂ ਹੀ ਪੈਂਦੀਆਂ ਨੇ।'

'ਤੇਰੇ ਤੇ ਵਿਸ਼ਵਾਸ ਏ ਭਾਈ ਪਰੇਮ। ਤਾਂ ਹੀ ਤੈਥੋਂ ਕਰਵਾਉਂਦੇ ਆਂ।' ਅਗਲੀ ਕਹਿੰਦੀ ਪਰੇਮ ਬਹੁਤਾ ਲਾਲਚ ਕਰਦਾ ਵੀ ਨਾ। ਉਧਾਰ ਵੀ ਸਭ ਨਾਲ਼ ਕਰ ਲੈਂਦਾ। ਅਗਲੇ ਨੇ ਜਦੋਂ ਉਧਾਰ ਮੋੜਨਾ ਤਾਂ ਵੀ ਉਸ ਨੇ ਕਹਿਣਾ, 'ਭਾਈ ਔਖੇ ਨਾ ਹੋਇਓ। ਆਪਣਾ ਲਾਂਘਾ ਤਾਂ ਲੰਘੀ ਜਾਂਦਾ ਏ। ਆ ਜਾਣਗੇ ਪੈਸੇ। ਅਜੇ ਸਾਰ ਲਓ ਆਪਣਾ ਕੰਮ।'

'ਫੇਰ ਵੀ ਤਾਂ ਵੀਰ ਦੇਣੇ ਹੀ ਨੇ। ਭਾਰ ਰਹਿੰਦਾ ਏ ਮਨ ਤੇ ਜਦ ਤੱਕ ਸੁਰਖ਼ਰੂ ਨਾ ਹੋ ਜਾਈਏ।' ਅਗਲਾ ਕਹਿੰਦਾ।

ਲੋਕ ਰੱਬ ਤੋਂ ਡਰਨ ਵਾਲ਼ੇ ਅਤੇ ਵਰਤੋਂ ਦੇ ਸਾਫ਼ ਸਨ। ਕੋਈ ਵੀ ਉਸ ਦੀ ਰਕਮ ਨਾ ਮਾਰਦ। ਪਰੇਮ ਨੂੰ ਸਭ ਯਾਦ ਹੁੰਦਾ ਕਿ ਫਲਾਣੀ ਔਰਤ ਕੋਲ਼ ਕਿਹੜੇ ਕਿਹੜੇ ਗਹਿਣੇ ਹਨ ਤੇ ਉਸ ਨੇ ਕਿਹੜੇ ਬਣਾ ਕੇ ਦਿੱਤੇ ਹਨ। ਉਨ੍ਹਾਂ ਦਾ ਵਜ਼ਨ ਕਿੰਨਾ ਹੈ ਤੇ ਖੋਟ ਕਿੰਨੀ

ਹੈ। ਉਹ ਲੋਕਾਂ ਨੂੰ ਪੁਰਾਣੇ ਗਹਿਣੇ ਭੰਨਵਾ ਕੇ ਨਵੇਂ ਡੀਜ਼ਾਈਨ ਦੇ ਬਣਵਾਉਣ ਲਈ ਉਕਸਾਉਂਦਾ ਰਹਿੰਦਾ। ਪਿੰਡ ਦੀ ਹਰ ਨੂੰਹ ਨੂੰ ਸਲਾਹ ਦਿੰਦਾ, 'ਦੇਖ ਭੈਣੇ ਮੇਰੀਏ, ਗੁੱਸਾ ਤਾਂ ਕਰੀਂ ਨਾ, ਤੇਰੇ ਨ੍ਹੀ ਇਹ ਝੁਮਕੇ ਫਬਦੇ। ਚਾਰ ਮਾਸੇ ਹੋਰ ਸੋਨਾ ਪਾ ਕੇ ਨਵੇਂ ਡੀਜ਼ਾਈਨ ਦੇ ਬਣਵਾ ਲੈ। ਸ਼ਰੀਕ ਦੇਖਦੇ ਰਹਿ ਜਾਣਗੇ।'

ਉਹ ਅਗਲੇ ਦੇ ਮੂਹਰੇ ਇਕ ਕਾਪੀ ਰੱਖ ਦਿੰਦਾ ਜਿਸ ਵਿਚ ਦੁਨੀਆਂ ਭਰ ਦੇ ਗਹਿਣਿਆਂ ਦੇ ਡੀਜ਼ਾਈਨ ਛਪੇ ਹੁੰਦੇ। ਅਗਲੀ ਮਨ ਬਣਾ ਲੈਂਦੀ ਤੇ ਘਰ ਵਾਲ਼ੇ ਨੂੰ ਵੀ ਮਨਾ ਹੀ ਲੈਂਦੀ। ਚਾਹ ਪਾਣੀ ਤਾਂ ਹਰ ਕੋਈ ਉਸ ਨੂੰ ਪੁੱਛਦਾ ਹੀ ਕਈ ਤਾਂ ਰੋਟੀ ਖਾਣ ਲਈ ਵੀ ਮਜ਼ਬੂਰ ਕਰ ਦਿੰਦੇ। ਪਰੇਮ ਦੇ ਨਾਲ਼ ਲੈ ਕੇ ਜਾਣ ਲਈ ਗੁੜ, ਬਾਸਮਤੀ ਦੇ ਚੌਲ਼ ਤੇ ਹੋਰ ਪਤਾ ਨਹੀਂ ਕੀ ਕੀ ਪੋਟਲੀਆਂ ਬਣਾ ਕੇ ਘਨ੍ਹੱਈਏ ਦੀ ਹੱਟੀ ਵਿਚ ਪੁਜਾ ਆਉਂਦੇ। ਪਿੰਡ ਦੀ ਬਾਸਮਤੀ ਦੇ ਚੌਲ਼ ਸ਼ਾਇਦ ਹੀ ਕਿਤੇ ਐਨੇ ਖੁਸ਼ਬੂਦਾਰ ਹੋਣ। ਇਹੀ ਕਾਰਨ ਸੀ ਕਿ ਧਾਨਾਂ ਦੀ ਲੁਆਈ ਸਮੇਂ ਪਨੀਰੀ ਖਰੀਦਣ ਲਈ ਲੋਕ ਤੀਹ-ਤੀਹ ਕੋਹਾਂ ਤੋਂ ਸਲਾਹਪੁਰ ਆਇਆ ਕਰਦੇ ਸਨ। ਪਿੰਡੋਂ ਜਿੰਨੇ ਵੀ ਗਹਿਣਿਆਂ ਦਾ ਆਰਡਰ ਮਿਲਦਾ, ਪਰੇਮ ਆਪਣੀ ਕਾਪੀ ਵਿਚ ਦਰਜ਼ ਕਰੀ ਜਾਂਦਾ। ਕਈ ਗਹਿਣੇ ਤਾਂ ਉਹ ਬਣੇ-ਬਣਾਏ ਆਪਣੇ ਨਾਲ਼ ਲੈ ਆਉਂਦਾ ਤੇ ਗੱਲੀਂ-ਬਾਤੀਂ ਹੀ ਲੋਕਾਂ ਦੇ ਸਿਰ ਮੜ੍ਹ ਦਿੰਦਾ। ਅਗਲੇ 'ਨਾ ਭਾਈ, ਨਾ ਭਾਈ' ਕਰਦੇ ਰਹਿ ਜਾਂਦੇ, ਉਹ ਸੁਣਦਾ ਹੀ ਨਾ।

ਅੱਜ ਵੀ ਉਸ ਨੇ ਦੁਖੀ ਨੂੰ ਨਾਲ਼ ਲੈ ਕੇ ਕਾਫ਼ੀ ਘਰਾਂ ਦਾ ਗੇੜਾ ਲਾਇਆ। ਜਿਹੜੇ ਗਹਿਣੇ ਉਹ ਆਰਡਰ ਤੇ ਬਣਾ ਕੇ ਲਿਆਇਆ ਸੀ, ਉਹ ਦਿੱਤੇ। ਨਵੇਂ ਆਰਡਰ ਲਏ। ਉਹ ਦੁਖੀ ਨੂੰ ਵਿਹੜੇ ਵਾਲ਼ਿਆਂ ਦੇ ਲੈ ਵੜਿਆ। ਪੰਜ ਛੇ ਮਾਸੇ ਦੀ ਇਕ ਮੁੰਦੀ ਨਿਹਾਲੀ ਦੇ ਗਲ ਮੜ੍ਹ ਦਿੱਤੀ। ਉਸ ਦੇ ਘਰੋਂ ਸ਼ੱਕਰ ਘੋਲ਼ ਕੇ ਬਣਾਇਆ ਸ਼ਰਬਤ ਵੀ ਪੀਤਾ, ਪਰੇ ਮ ਨੇ ਅੱਧਾ ਕੁ ਗਿਲਾਸ ਪੀ ਕੇ ਦੁਖੀ ਨੂੰ ਫੜਾ ਦਿੱਤਾ, ਜੋ ਉਸ ਤੋਂ ਮੁੱਕਿਆ ਹੀ ਨਾ। ਤੁਰਨ ਲੱਗਿਆਂ ਨਿਹਾਲੀ ਫਿਰ ਕਹਿਣ ਲੱਗੀ, 'ਵੀਰ ਪਰੇਮ ਤੂੰ ਮੁੰਦੀ ਲੈ ਹੀ ਜਾਹ। ਬੀਰ੍ਹੀ ਦਾ ਬਾਪੂ ਐਵੇਂ ਕੁਪੱਤ ਕਰੂ। ਨਾਲ਼ੇ ਸਵਾ ਸੌ ਰੁਪਿਆ ਦੇਣਾ ਕਿਹੜਾ ਖੇਲ੍ਹ ਪਿਐ।'

'ਨਾ ਦਵੀਂ ਤੂੰ ਭੈਣੇ... ਦਸ ਸਾਲ ਨਾ ਦਵੀਂ।' ਉਹ ਹੱਸ ਕੇ ਤੁਰ ਆਇਆ।

'ਜੀਜੇ ਜੇ ਉਹਨੇ ਦਸ ਸਾਲ ਪੈਸੇ ਦਿੱਤੇ ਹੀ ਨਾ?' ਰਾਹ ਵਿਚ ਦੁਖੀ ਬੋਲਿਆ।

'ਉਇ ਦੁਖੀ ਤੂੰ ਭੋਲ਼ਾ ਏਂ। ਪੈਸੇ ਦੇਣ ਦੀ ਫਿਕਰ ਵਿਚ ਇਸ ਵਿਚਾਰੀ ਦੀ ਤਾਂ ਅੱਜ ਤੋਂ ਹੀ ਨੀਂਦ ਉਡ ਜਾਣੀ ਏਂ। ਕਿੰਨੀਆਂ ਕੁ ਰਾਤਾਂ ਉਣੀਂਦੀ ਕੱਟ ਲਊ? ਪੈਸੇ ਮੇਰੇ ਆਏ ਕਿ ਆਏ।' ਪਰੇਮ ਹੱਸਿਆ।

'ਚੰਗਾ ਜੀਜਾ ਘਰ ਜਾ ਕੇ ਇਹ ਨਾ ਦੱਸਿਓ ਕਿ ਮੈਂ ਨਿਹਾਲੀ ਦੇ ਘਰ ਸ਼ਰਬਤ ਪੀਤਾ ਸੀ। ਮਾਮਾ ਜਾਤ-ਪਾਤ ਬਹੁਤੀ ਮੰਨਦਾ ਏ।' ਦੁਖੀ ਨੇ ਕਿਹਾ।

'ਦੁਖੀ ਮੈ ਨ੍ਹੀ ਕਦੀ ਇਨ੍ਹਾਂ ਵਹਿਮਾਂ' ਚ ਪਿਆ। ਜਿੱਥੇ ਮਿਲ ਗਿਆ ਖਾ ਪੀ ਲਈਦਾ ਏ। ਇਹ ਸਾਰੇ ਲੋਕ ਮੇਰੇ ਗਾਹਕ ਨੇ। ਦੁਕਾਨਦਾਰ ਲਈ ਗਾਹਕ ਹੀ ਰੱਬ ਹੁੰਦਾ ਏ। ਤੂੰ ਦੱਸ ਰੱਬ ਦੇ ਘਰ ਦਾ ਕੌਣ ਨ੍ਹੀ ਖਾਂਦਾ?' ਪਰੇਮ ਹੱਸਦਾ ਬੋਲਿਆ।

**00**

# ਅਠਾਈ

ਅਗਲੀ ਸਵੇਰ ਉਹ ਬੇਗਮਪੁਰ ਵਾਪਸ ਜਾਣ ਲਈ ਤਿਆਰ ਹੋਏ ਤਾਂ ਲਲਤਾ ਨੇ ਪਰੌਂਠੇ ਬਣਾਕੇ ਉਨ੍ਹਾਂ ਦੇ ਲੜ ਬੰਨ੍ਹ ਦਿੱਤੇ। ਪਰੇਮ ਬਥੇਰਾ ਨਾ ਨਾ ਕਰਦਾ ਰਿਹਾ, ਪਰ ਉਸ ਨੇ ਇਕ ਨਾ ਸੁਣੀ। ਇੱਕੋ ਗੱਲ ਕਹੀ ਜਾਵੇ, 'ਘਰ ਦਾ ਜੁਆਈ ਭੁੱਖਣਭਾਣਾ ਘਰੋਂ ਜਾਵੇ , ਇਹ ਨ੍ਹੀ ਹੋ ਸਕਦਾ। ਬੰਨ੍ਹਣੇਂ ਨਹੀਂ ਤਾਂ ਬਹਿ ਕੇ ਖਾਓ।'

ਘਨ੍ਹੱਈਆ ਕਹਿਣ ਲੱਗਾ, 'ਪ੍ਰਾਹੁਣਿਆਂ ਖ਼ਬਰਦਾਰ ਹੋ ਕੇ ਜਾਇਆ ਕਰ ਭਾਈ। ਲੁਟੇਰੇ ਸਾਲ਼ੇ ਹਰਲ਼-ਹਰਲ਼ ਕਰਦੇ ਫਿਰਦੇ ਨੇ।'

ਪਰੇਮ ਨੇ ਆਪਣੀ ਫਤੂਹੀ ਦੀ ਅੰਦਰਲੀ ਜੇਬ੍ਹ' ਚੋਂ ਕਾਲ਼ੇ ਰੰਗ ਦਾ ਪਸਤੌਲ ਕੱਢਕੇ ਉਸ ਨੂੰ ਦਿਖਾ ਦਿੱਤਾ ਤੇ ਬੋਲਿਆ, 'ਬੇਫਿਕਰ ਰਹਿ ਮਾਮਾ। ਆਪਣੇ ਕੋਲ਼ ਹੈਗਾ ਏ ਖਿਡਾਉਣਾ।'

ਘਰੋਂ ਨਿਕਲ਼ੇ ਤਾਂ ਦੁਖੀ ਦੀ ਖੁਸ਼ੀ ਦਾ ਅੰਤ ਨਹੀਂ ਸੀ। ਦੁਖੀ ਹਰਬੰਤ ਦੇ ਸਾਇਕਲ ਮਗਰ ਬੈਠਾ ਉਵੇਂ ਗੁਣਗੁਣਾ ਰਿਹਾ ਸੀ ਜਿਵੇਂ ਘਨ੍ਹੱਈਆ ਗੁਣ ਗੁਣਾਇਆ ਕਰਦਾ ਸੀ। ਸਾਰਾ ਰਸਤਾ ਉਜਾੜ ਸੀ। ਨਹਿਰ ਦੇ ਨਾਲ਼ ਨਾਲ਼ ਬਣੀ ਕੱਚੀ ਪਟੜੀ ਤੇ ਕਿਤੇ ਰੇਤਾ ਆ ਜਾਂਦਾ ਕਿਤੇ ਟੋਆ। ਸਾਇਕਲਾਂ ਤੋਂ ਬਾਰ-ਬਾਰ ਉਤਰਨਾ ਪੈਂਦਾ। ਕਈ ਥਾਵਾਂ' ਤੇ ਨਹਿਰ ਦਾ ਲੈਵਲ ਐਨਾ ਡੂੰਘਾ ਹੋ ਜਾਂਦਾ ਕਿ ਪਤਾਲ਼ ਵਿਚ ਵਗਦੀ ਨਦੀ ਦਾ ਭੁਲੇਖਾ ਪੈਂਦਾ, ਜਿਹੜੀ ਘਨ੍ਹੱਈਏ ਦੀ ਕਿਸੇ ਬਾਤ ਵਿਚ ਆਉਂਦੀ ਸੀ।

'ਐਥੇ ਜੇ ਕੋਈ ਮਾਰ ਕੇ ਨਹਿਰ ਵਿਚ ਸੁੱਟ ਦੇਵੇ ਤਾਂ ਕੋਈ ਨ੍ਹੀ ਲੱਭ ਸਕਦਾ।' ਸਾਇਕਲ ਮਗਰ ਬੈਠੇ ਦੁਖੀ ਨੂੰ ਭੈੜੇ ਭੈੜੇ ਵਿਚਾਰ ਘੇਰਨ ਲੱਗੇ।

ਉਨ੍ਹਾਂ ਨੂੰ ਰਾਹ ਵਿਚ ਕੋਈ ਵਿਰਲਾ ਬੰਦਾ ਹੀ ਪੈਦਲ ਜਾਂ ਸਾਇਕਲ ਉੱਤੇ ਜਾਂਦਾ ਮਿਲਦਾ। ਕਿਤੇ ਕਿਤੇ ਕੋਈ ਗੱਡਾ ਵੀ ਦਿਖਾਈ ਦੇ ਜਾਂਦਾ ਜਿਸ ਦੇ ਪਹੀਆਂ ਨੇ ਆਲ਼ੇ-ਦੁਆਲ਼ੇ ਪਸਰੀ ਚੁੱਪ-ਚਾਂ ਵਿਚ ਚੀਂ-ਚੀਂ ਦਾ ਰਾਗ ਅਲਾਪਿਆ ਹੁੰਦਾ। ਉਨ੍ਹਾਂ ਨੂੰ ਕਈ ਥਾਵਾਂ ਤੇ ਭੇਡਾਂ-ਬੱਕਰੀਆਂ ਚਾਰਦੇ ਆਜੜੀ ਵੀ ਮਿਲੇ। ਉਨ੍ਹਾਂ ਦੀ ਉਡਾਈ ਭੈੜੀ ਬੋਅ ਵਾਲ਼ੀ ਧੂੜ ਵਿੱਚੀਂ ਲੰਘਦਾ ਪਰੇਮ ਗਾਲ੍ਹਾਂ ਵੀ ਕੱਢਦਾ ਤੇ ਰੁਮਾਲ ਨਾਲ਼ ਆਪਣਾ ਨੱਕ ਵੀ ਢਕ ਲੈਂਦਾ। ਇਸ ਰਸਤੇ ਉੱਤੇ ਹੋਈਆਂ ਅਨੇਕਾਂ ਲੁੱਟਾਂ-ਖੋਹਾਂ ਦੇ ਕਿੱਸੇ ਘਨ੍ਹੱਈਆ ਆਪਣੇ ਭਾਣਜੇ ਦੁਖੀ ਨੂੰ ਬੜੇ ਨੂਣ-ਮਸਾਲੇ ਲਾ ਕੇ ਸੁਣਾਇਆ ਕਰਦਾ ਸੀ। ਖਾਸ ਤੌਰ ਤੇ ਚਮਕੌਰ ਦੇ ਪਰਗਾਸ ਡੱਗੀ ਵਾਲ਼ੇ ਦਾ ਕਿੱਸਾ ਜਿਸ ਦੀ ਸਾਰੀ ਡੱਗੀ ਲੁਟੇਰੇ ਲੁੱਟ ਕੇ ਲੈ ਗਏ ਸਨ ਤੇ ਉਸ ਨੂੰ ਹੱਥ ਪੈਰ ਬੰਨ੍ਹ ਕੇ ਸੜਕ ਕਿਨਾਰੇ ਸੁੱਟ ਗਏ ਸਨ। ਉਹ ਆਪਣੀ ਗੱਲ ਕਰਨ ਲੱਗਾ ਸਮੇ ਂ ਨੂੰ ਕੀਲ ਲਿਆ ਕਰਦਾ ਸੀ, 'ਲਓ ਜੀ... ਮਾਰ੍ਹਾਜ ਜੀ, ਕਾਲ਼ੀ ਘਨਘੋਰ ਘਟਾ ਚੜ੍ਹ ਆਈ ਬੱਦਲਾਂ ਦੀ, ਨਾਲ਼ ਹੀ ਚੜ੍ਹ ਆਈ ਭੂਰੇ ਰੰਗ ਦੀ ਜ਼ਬਰਦਸਤ ਨ੍ਹੇਰੀ। ਕਾੜ੍ਹ-ਕਾੜ੍ਹ ਕਰ ਕੇ ਦਰੱਖਤ ਲੱਗੇ ਟੁੱਟਣ। ਚਾਰੇ ਪਾਸੇ ਨ੍ਹੇਰਾ ਛਾ ਗਿਆ। ਨ੍ਹੇਰੀ ਕਹੇ, ਮੈਂ ਥੋਨੂੰ ਸਾਰਿਆਂ ਨੂੰ ਉਡਾ ਕੇ ਨਹਿਰ' ਚ ਸੁੱਟੂੰ, ਛੁੰਮਣ ਸੂੰ ਕਹਿੰਦਾ, ਦਾਤਿਆ ਰੁਕਣ ਵਾਲ਼ੇ ਅਸੀਂ ਵੀ ਨੀ। ਲਓ ਜੀ, ਨਿਕਲ਼ ਆਏ ਲੁਟੇਰੇ ਝੁੰਡਾਂ' ਚੋਂ। ਹੱਥਾਂ' ਚ ਸਫ਼ਾ ਜੰਗ ਲਿਸ਼ਕਣ। ਮੂੰਹ ਬੰਨ੍ਹੇ ਹੋਏ।

ਛੁੰਮਣ ਸੂੰ ਨੇ ਸਾਇਕਲ ਰੋਕ ਲਿਆ ਤੇ ਲਲਕਾਰਾ ਮਾਰਿਆ, 'ਉਇ ਮੈਂ ਛੁੰਮਣ ਸੂੰ ਆਂ ਕਤਲੌਰੀਆ। ਵੀਹ ਸਾਲੀ ਕੱਟੀ ਹੋਈ ਆ। ਜ਼ਰਾ ਹੋਸ਼ ਨਾਲ਼ ਰੋਕਿਓ ਰਾਹ। ਮਲ਼ੀਆ ਮੇਟ ਕਰ ਦੂੰ ਸਭ ਕੁਝ। ਸੱਤ ਪੁਸ਼ਤਾਂ ਨੂੰ ਮੰਗਤੇ ਬਣਾ ਦੂੰ। ਲਓ ਜੀ... ਮਾਰ੍ਹਾਜ ਜੀ ਨਿਕਲ਼ ਗਿਆ ਮੂਤ ਸਾਲ਼ਿਆਂ ਦਾ। ਲੱਗ ਪਏ ਚੋਣ.... ਤਿੱਤ.... ਤਿੱਪ.... ਤਿੱਪ... ਛੱਡ ਦਿੱਤਾ ਰਾਹ।'

ਬੱਸ ਘਨ੍ਹੱਈਏ ਵਿਚ ਕਲਾ ਸੀ ਗੱਲ ਕਹਿਣ ਦੀ। ਉਹ ਅਜਿਹਾ ਦ੍ਰਿਸ਼ ਚਿਤਰਦਾ ਕਿ ਸੁਣਨ ਵਾਲ਼ਾ ਅੱਖ ਵੀ ਨਾ ਝਮਕ ਸਕਦਾ। ਪਤਾ ਨਹੀਂ ਇਹ ਸੱਚ ਸੀ ਕਿ ਗੱਪ, ਉਸ ਨੂੰ ਵੀ ਇਕ ਵਾਰੀ ਬੇਗਮਪੁਰ ਜਾਂਦਿਆਂ ਲੁਟੇਰਿਆਂ ਨੇ ਘੇਰਨ ਦੀ ਕੋਸ਼ਿਸ਼ ਕੀਤੀ ਸੀ ਤਾ ਉਸ ਨੇ ਸਾਇਕਲ ਤੇਜ਼ ਕਰ ਕੇ ਇਕ ਲੁਟੇਰੇ ਦੀਆਂ ਟੰਗਾਂ ਵਿਚ ਮਾਰ ਦਿੱਤਾ ਸੀ। ਕਸੂਤੀ ਥਾਂ ਤੇ ਸੱਟ ਵੱਜਣ ਕਰਕੇ ਲੁਟੇਰਾ ਉੱਥੇ ਹੀ ਡਿਗ ਪਿਆ ਸੀ ਤੇ ਉਹ ਆਪ ਬਚ ਕੇ ਨਿਕਲ਼ ਗਿਆ ਸੀ। ਉਸ ਦੀ ਇਹ ਕਥਾ ਸੁਣ ਕੇ ਦੁਖੀ ਮਨ ਹੀ ਮਨ ਸੋਚਿਆ ਕਰਦਾ ਸੀ ਕਿ ਡਾਕੂਆਂ ਕੋਲੋਂ ਬਚ ਕੇ ਕਿਵੇਂ ਨਿਕਲ਼ ਸਕਦਾ ਸੀ ਭਲਾ?

ਉਹ ਘਰ ਪੁੱਜੇ ਤਾਂ ਸ਼ਕੁੰਤਲਾ ਦੁਖੀ ਦਾ ਸਿਰ ਪਲ਼ੋਸ ਕੇ ਬਹੁਤ ਖ਼ੁਸ਼ ਹੋਈ। ਪਤਾ ਨਹੀਂ ਕਿਉਂ ਉਸ ਦੀਆਂ ਅੱਖਾਂ ਵਿਚ ਹੰਝੂ ਵੀ ਆ ਗਏ ਤੇ ਉਹ ਦੁਖੀ ਦੀ ਬੇਬੇ, ਨਾਨੀ, ਮਾਮਾ, ਮਾਮੀ ਤੇ ਪਿੰਡ ਦੇ ਲੋਕਾਂ ਦਾ ਹਾਲ ਪੁੱਛਣ ਲੱਗੀ। ਲਵਲੀ ਤੇ ਰੋਜ਼ੀ ਵੀ ਉਸ ਨੂੰ ਮਾਮਾ-ਮਾਮਾ ਆਖ਼ ਲੱਤਾਂ ਨੂੰ ਚੁੰਬੜ ਗਏ। ਉਹ ਆਪਣੇ ਸਕੂਲ ਤੋਂ ਅੱਧੀ ਛੁੱਟੀ ਵੇਲ਼ੇ ਰੋਟੀ ਖਾਣ ਘਰ ਆਏ ਸਨ। ਕਈ ਵਾਰੀ ਸ਼ਕੁੰਤਲਾ ਦੋਹਾਂ ਬੱਚਿਆਂ ਨਾਲ਼ ਹਫ਼ਤਾ ਹਫ਼ਤਾ ਸਲਾਹਪੁਰ ਰਹਿ ਆਇਆ ਕਰਦੀ ਸੀ, ਇਸੇ ਲਈ ਦੁਖੀ ਦੀ ਬੱਚਿਆਂ ਨਾਲ਼ ਸਾਂਝ ਬਣੀ ਹੋਈ ਸੀ। ਆਪਣੀ ਭਾਬੀ ਜਿੰਦਰ ਤੋਂ ਉਸ ਨੇ ਜਿਹੜੀਆਂ ਬਾਤਾਂ ਸੁਣੀਆਂ ਹੋਈਆਂ ਸਨ, ਉਹ ਸਾਰੀਆਂ ਉਸ ਨੂੰ ਯਾਦ ਸਨ। ਆਪਣੀ ਭਾਬੀ ਵਾਂਗ ਹਰ ਬਾਤ ਵਿਚ ਕੁਝ ਨਾ ਕੁਝ ਤਬਦੀਲੀ ਕਰ ਕੇ ਨਵਾਂ ਰੰਗ ਦੇਣ ਦਾ ਢੰਗ ਵੀ ਦੁਖੀ ਨੂੰ ਆ ਗਿਆ ਸੀ। ਉਨ੍ਹਾਂ ਬਾਤਾਂ' ਚੋਂ ਉਹ ਬਹੁਤੀਆਂ ਲਵਲੀ ਤੇ ਰੋਜ਼ੀ ਨੂੰ ਸੁਣਾ ਚੁੱਕਿਆ ਸੀ। ਕਈ ਵਾਰੀ ਸਿਲਾਈ ਕਢਾਈ ਦਾ ਕੋਈ ਕੰਮ ਕਰਦੀ ਜਾਂ ਨਾਲ਼ੇ ਬੁਣਦੀ ਸ਼ਕੁੰਤਲਾ ਵੀ ਬਾਤ ਸੁਣਦੀ ਰਹਿੰਦੀ ਤੇ ਅਕਸਰ ਕਹਿੰਦੀ, 'ਵੇ ਦੁਖੀ ਤੂੰ ਐਨੀਆਂ ਸੁਹਣੀਆਂ ਸੁਹਣੀਆਂ ਬਾਤਾਂ ਕਿੱਥੋਂ ਸਿੱਖ ਲਈਆਂ?'

'ਬੀਬੀ ਮੈਨੂੰ ਜਿੰਦਰ ਭਾਬੀ ਨੇ ਸੁਣਾਈਆਂ ਨੇ। ਉਹਦੇ ਬੜੀਆਂ ਯਾਦ ਨੇ ਬਾਤਾਂ।' ਉਹ ਦੱਸਦਾ।

ਬੱਚੇ ਜਦੋਂ ਸਲਾਹਪੁਰ ਜਾਂਦੇ, ਉਨ੍ਹਾਂ ਨੂੰ ਚਾਅ ਚੜ੍ਹਿਆ ਰਹਿੰਦਾ। ਦੁਖੀ ਦੋਨਾਂ ਨੂੰ ਬਸ਼ੀਰ ਹੋਣਾ ਦੇ ਬਾੜੇ ਵਿਚ ਲੈ ਜਾਂਦਾ ਤੇ ਬੱਕਰੀ ਦੇ ਥਣਾਂ' ਚੋਂ ਉਨ੍ਹਾਂ ਦੇ ਮੂੰਹਾਂ ਵਿਚ ਦੁੱਧ ਦੀਆਂ ਧਾਰਾਂ ਮਾਰਦਾ। ਕਈ ਵਾਰੀ ਧਾਰ ਚਿਹਰੇ ਤੇ ਕਿਸੇ ਹੋਰ ਥਾਂ ਹੀ ਜਾ ਵੱਜਦੀ ਤਾਂ ਉਹ ਹੱਸ ਹੱਸ ਇਕ ਦੂਜੇ ਨੂੰ ਚੱਟਣ ਲੱਗਦੇ। ਮਾਨ ਉਨ੍ਹਾਂ ਨੂੰ ਆਪਣੇ ਘੰਡ ਉੱਤੇ ਉਂਗਲਾਂ ਮਾਰ ਮਾਰ ਬੀਨ ਵਜਾ ਕੇ 'ਮਨ ਡੋਲੇ ਮੇਰਾ ਤਨ ਡੋਲੇ' ਦੀ ਧੁਨ ਕੱਢਦਾ। ਚਰਨਾ ਕੱਛਾਂ' ਚ ਹੱਥ ਫਸਾ ਕੇ ਬਾਹਾਂ ਮਾਰ ਮਾਰ ਬਾਘੀ ਪਾਉਂਦਾ, 'ਸਾਰੇ ਪਿੰਡ ਦੇ ਕੁੱਤੇ ਮਰ ਗਏ ਪਰਤਾਪੀ ਦੀ ਮੌਤ ਨਾ ਆਈ।' ਸ਼ਕੁੰਤਲਾ ਲੋਕਾਂ ਦੇ ਘਰੀਂ ਜਾ ਕੇ ਸਭ ਨੂੰ ਮਿਲ ਕੇ

ਆਉਂਦੀ। ਉਸ ਦੀ ਪਹਿਲੀ ਫੇਰੀ ਮਗਰੋਂ ਜਿਹੜੇ ਰੱਬ ਨੂੰ ਪਿਆਰੇ ਹੋ ਗਏ ਹੁੰਦੇ, ਉਹ ਉਨ੍ਹਾਂ ਦੇ ਘਰ ਅਫ਼ਸੋਸ ਕਰਦੀ, ਜਿਨ੍ਹਾਂ ਦੇ ਮੁੰਡੇ ਜੰਮੇ ਹੋਣ, ਵਿਆਹ ਹੋਏ ਹੋਣ, ਉਨ੍ਹਾਂ ਨੂੰ ਵਧਾਈਆਂ ਦਿੰਦੀ। ਸ਼ਕੁੰਤਲਾ ਦਾ ਸੁਭਾਅ ਬੜਾ ਨਿੱਘਾ ਸੀ। ਖੂਹ ਜਾਂ ਨਹਿਰ ਤੇ ਜਾ ਕੇ ਮੈਲ਼ ਨਾਲ਼ ਕਾਲ਼ੀਆਂ ਪੈ ਗਈਆਂ ਦਰੀਆਂ ਖੇਸੀਆਂ ਤੇ ਚਾਦਰਾਂ ਰੇਹੀ ਪਾ ਕੇ ਕੁੱਟ ਲਿਆਉਂਦੀ। ਗੋਹੇ ਮਿੱਟੀ ਨਾਲ਼ ਸਾਰੇ ਘਰ ਨੂੰ ਲਿੱਪ ਦਿੰਦੀ। ਸ਼ਕੁੰਤਲਾ ਨੂੰ ਆਪਣੇ ਅਮੀਰ ਹੋਣ ਦਾ ਜ਼ਰਾ ਭਰ ਵੀ ਗੁਮਾਨ ਨਹੀਂ ਸੀ। ਘਰ ਵਿਚ ਜਿਵੇਂ ਬਾਕੀ ਸੌਂਦੇ ਉਹ ਵੀ ਵਿੱਚ ਵੜ ਕੇ ਸੌਂ ਜਾਂਦੀ।

ਸਕੂਲੋਂ ਛੁੱਟੀ ਹੋਣ ਮਗਰੋਂ ਲਵਲੀ ਤੇ ਰੋਜ਼ੀ ਘਰ ਵੜਦੇ ਹੀ ਦੁਖੀ ਦੁਆਲ਼ੇ ਹੋ ਗਏ , 'ਚੱਲ ਮਾਮਾ ਸੁਣਾ ਬਾਤ।'

'ਉਇ ਦਿਨ' ਚ ਨੀ ਬਾਤਾਂ ਸੁਣੀਂਦੀਆਂ ਹੁੰਦੀਆਂ ਉੱਲੂਓ।' ਸ਼ਕੁੰਤਲਾ ਬੋਲੀ।

'ਹੁਣ ਤੂੰ ਕਹੇਂਗੀ, ਮਾਮਾ ਰਾਹ ਭੁੱਲਜੂ। ਮਾਮਾ ਤਾਂ ਕੋਲ਼ ਬੈਠਾ ਏ।' ਲਵਲੀ ਬੋਲਿਆ।

'ਹੋਰ ਵੀ ਤੁਹਾਡੇ ਮਾਮੇ ਹੈ ਗੇ।' ਸ਼ਕੁੰਤਲਾ ਬੋਲੀ।

ਨਿੱਤ ਰਾਤ ਨੂੰ ਉਹ ਦੋਨੋਂ ਦੁਖੀ ਦੇ ਪਾਸਿਆਂ ਨਾਲ਼ ਲੇਟ ਜਾਂਦੇ ਤੇ ਉਹ ਉਦੋਂ ਤੱਕ ਬਾਤਾਂ ਪਾਈ ਜਾਂਦਾ, ਜਦ ਤੱਕ ਉਹ ਦੋਨੋਂ ਸੌਂ ਨਾ ਜਾਂਦੇ। ਸ਼ਕੁੰਤਲਾ ਦੁੱਧ ਦਾ ਭਰਿਆ ਗਿਲਾਸ ਲੈ ਆਉਂਦੀ ਤੇ ਕਹਿੰਦੀ, 'ਦੁਖੀ ਲੈ ਵੀਰੇ ਦੁੱਧ ਪੀ ਲੈ।'

'ਬੀਬੀ, ਮੈਂ ਨੀ ਹੁਣ ਪੀਣਾ ਦੁੱਧ। ਢਿੱਡ ਤਾਂ ਫਟਣ ਨੂੰ ਆਇਆ ਪਿਐ ਖਾ -ਖਾ।'

'ਚੁੱਕ-ਚੁੱਕ... ਬਹੁਤੇ ਬਹਾਨੇ ਨ੍ਹੀ ਮਾਰੀਦੇ। ਕੁਝ ਖਾਏਂਗਾ ਪੀਏਂਗਾ ਨਹੀਂ ਤਾਂ ਤਕੜਾ ਕਿਵੇਂ ਹੋਵੇਂਗਾ?'

ਸ਼ਕੁੰਤਲਾ ਤਾਂ ਦੁਖੀ ਨੂੰ ਸਾਰਾ ਦਿਨ ਕੁਝ ਨਾ ਕੁਝ ਖਾਣ ਨੂੰ ਦਿੰਦੀ ਹੀ ਰਹਿੰਦੀ। ਦੁਖੀ ਉਸ ਘਰ ਵਿਚ ਫਲ-ਫਰੂਟ, ਬਦਾਮ, ਸੌਗੀ ਰੁਲ਼ਦੇ ਦੇਖਦਾ। ਉਸ ਦੇ ਜੀਜੇ ਪਰੇਮ ਨੇ ਦੁਕਾਨ ਵਿਚ ਕਈ ਮਰਤਵਾਨ ਰੱਖੇ ਹੁੰਦੇ, ਜਿਹੜੇ ਬਰਫ਼ੀ, ਬਾਲੂ ਸ਼ਾਹੀਆਂ, ਮਿੱਠੀਆਂ ਗੋਲੀਆਂ, ਲੱਡੂਆਂ, ਪਕੌੜੀਆਂ ਬਗੈਰਾ ਨਾਲ਼ ਹਮੇਸ਼ਾ ਭਰੇ ਰਹਿੰਦੇ। ਉਹ ਦੁਖੀ ਨੂੰ ਕਹਿੰਦਾ, 'ਜਿਹੜੀ ਚੀਜ਼ ਖਾਣ ਨੂੰ ਚਿੱਤ ਕਰੇ, ਕੱਢ ਕੇ ਖਾ ਲਿਆ ਕਰ।'

ਉਹ ਇਹ ਸਮਾਨ ਵੇਚ ਕੇ ਕਮਾਈ ਕਰਨ ਦੀ ਇੱਛਾ ਨਹੀਂ ਸੀ ਰੱਖਦਾ। ਇਸੇ ਬਹਾਨੇ ਉਸ ਕੋਲ਼ ਗਲ਼ੀ ਦੇ ਬੱਚੇ ਤੇ ਉਨ੍ਹਾਂ ਦੀਆਂ ਮਾਵਾਂ ਗੇੜੇ ਲਾਉਂਦੀਆਂ ਰਹਿੰਦੀਆਂ। ਪਰੇ ਮ ਦਾ ਜੀਅ ਲੱਗਿਆ ਰਹਿੰਦਾ। ਉਸ ਨੇ ਦੁਖੀ ਨੂੰ ਇਕ ਦਿਨ ਇਹ ਗੱਲ ਦੱਸੀ ਸੀ ਕਿ ਦੁਕਾਨ ਵਿਚ ਇਕੱਲੇ ਬੈਠੇ ਰਹਿਣਾ ਉਸ ਨੂੰ ਪਿੰਜਰੇ ਵਿਚ ਬੰਦ ਪੰਛੀ ਵਰਗਾ ਲਗਦਾ ਸੀ। ਉਸ ਨੇ ਦੁਕਾਨ ਵਿਚ ਕਈ ਕਿੱਸੇ ਵੀ ਰੱਖੇ ਹੁੰਦੇ। ਜਦੋਂ ਵੀ ਉਸ ਦਾ ਕੰਮ ਤੋਂ ਜੀਅ ਉਕਤਾ ਜਾਂਦਾ, ਉਹ ਕਿੱਸਾ ਚੁੱਕ ਕੇ ਪੜ੍ਹਨ ਬੈਠ ਜਾਂਦਾ। ਦੁਖੀ ਵੀ ਕੋਈ ਨਾ ਕੋਈ ਕਿੱਸਾ ਚੁੱਕ ਕੇ ਪੜ੍ਹਦਾ ਰਹਿੰਦਾ। ਉਸ ਨੂੰ ਕਿੱਸਾ ਬਾਤਾਂ ਵਰਗਾ ਹੀ ਲਗਦਾ। ਕਿੱਸੇ ਵਿਚਲੀ ਕਵਿਤਾ ਨੂੰ ਉਹ ਕਹਾਣੀ ਵਿਚ ਬਦਲ ਕੇ ਰੋਜ਼ੀ ਤੇ ਲਵਲੀ ਨੂੰ ਸੁਣਾ ਦਿੰਦਾ। ਉਹ ਹੈਰਾਨ ਹੋਕੇ ਪੁੱਛਦੇ, 'ਮਾਮਾ, ਤੂੰ ਇਹ ਬਾਤਾਂ ਕਿੱਥੋਂ ਕੱਢ ਲਿਆਉਂਦਾ ਏਂ?'

ਸ਼ਕੁੰਤਲਾ ਨੇ ਘਰੇ ਚਾਰ-ਪੰਜ ਮੁਰਗੀਆਂ ਤੇ ਦੋ ਮੁਰਗੇ ਵੀ ਰੱਖੇ ਹੋਏ ਸਨ। ਵੱਡਾ, ਕਈ ਰੰਗਾਂ ਦੇ ਖੰਭਾਂ ਵਾਲ਼ਾ ਜਪਾਨੀ ਮੁਰਗਾ ਸੀ, ਜਿਸ ਬਾਰੇ ਪਰੇਮ ਦੱਸਿਆ ਕਰਦਾ ਸੀ ਕਿ ਢੋਲੂ ਨਾਂ ਦਾ ਉਹ ਮੁਰਗਾ ਪਤਾ ਨਹੀਂ ਕਿੰਨੀ ਵਾਰੀ ਵੱਢ ਹੋਣੋ ਬਚਿਆ ਸੀ। ਇਕ ਦਿਨ ਚੋਰੀ ਦਾ ਮਾਲ ਵੇਚਣ ਲਈ ਉਸ ਕੋਲ਼ ਉਸ ਦੇ ਚਾਰ-ਪੰਜ ਪੁਰਾਣੇ ਗਾਹਕ ਆ ਗਏ। ਹਿਸਾਬ ਕਿਤਾਬ ਮੁਕਾਉਣ ਮਗਰੋਂ ਉਹ ਇਕ ਕਮਰੇ' ਚ ਬੈਠ ਪੀਣ ਲੱਗ ਪਏ। ਅਚਾਲਕ ਹੀ ਢੋਲੂ ਨੂੰ ਵੱਢਣ ਦਾ ਪ੍ਰੋਗਰਾਮ ਬਣ ਗਿਆ। ਊਸ ਨੂੰ ਫੜਨ ਲਈ ਪਰੇਮ ਅਤੇ ਦੋਨੋਂ ਬੱਚੇ ਉਸ ਮਗਰ ਦੌੜੇ ਫਿਰ ਰਹੇ ਸਨ ਕਿ ਲਵਲੀ ਨੇ ਡਿਗ ਕੇ ਬਾਂਹ ਤੁੜਵਾ ਲਈ। ਸਾਰਾ ਪ੍ਰੋਗਰਾਮ ਧਰਿਆ-ਧਰਾਇਆ ਰਹਿ ਗਿਆ ਤੇ ਢੋਲੂ ਬਚ ਗਿਆ। ਉਹ ਤੜਕੇ ਠੀਕ ਚਾਰ ਵਜੇ ਖੁਰਲੀ ਜਾਂ ਕਿਸੇ ਉੱਚੀ ਥਾਂ ਤੇ ਚੜ੍ਹ ਕੇ ਬਾਂਗ ਦਿਆ ਕਰਦਾ ਸੀ, 'ਕੁੱਕੜੂੰ ਘੜੂੰ।' ਜਿਸ ਨੂੰ ਵੀ ਬਾਂਗ ਸੁਣਾਈ ਦਿੰਦੀ ਉਹ ਆਪ ਮੁਹਾਰੇ ਬੋਲਦਾ, 'ਛਾਬੇ ਵਿਚ ਰੋਟੀਆਂ, ਪਤੀਲੇ ਵਿਚ ਤੂੰ।'

ਮੁਰਗੇ ਮੁਰਗੀਆਂ ਦੀ ਖੇਡ ਵੀ ਦੁਖੀ ਨੂੰ ਬੜੀ ਪਿਆਰੀ ਲਗਦੀ। ਮੁਰਗਾ ਕਿਸੇ ਉੱਚੀ ਥਾਂ ਤੇ ਚੜ੍ਹਕੇ ਬਾਂਗ ਦਿੰਦਾ ਤੇ ਕਿਸੇ ਨਾ ਕਿਸੇ ਮੁਰਗੀ ਦੇ ਮਗਰ ਕੁੜ ਕੁੜ ਕਰਦਾ ਫੰਗ ਫੈਲਾ ਕੇ ਨੱਚਣ ਦੇ ਅੰਦਾਜ਼ ਵਿਚ ਦੌੜਦਾ, ਬਿਲਕੁਲ ਉਵੇਂ ਜਿਵੇਂ ਬੀਨਾਂ ਵਾਲ਼ੇ ਵਾਜੇ ਵਿਚ ਬੀਨ ਵਜਾਉਂਦਾ ਉਨ੍ਹਾਂ ਦੇ ਪਿੰਡ ਦਾ ਅਰਜਣ ਅਮਲੀ ਗੇੜਾ ਦੇ ਕੇ ਨੱਚਿਆ ਕਰਦਾ ਸੀ। ਢੋਲੂ ਕਿਸੇ ਨਾ ਕਿਸੇ ਮੁਰਗੀ ਨੂੰ ਘੇਰ ਲੈਂਦਾ, ਪੰਜਿਆਂ ਹੇਠ ਦੱਬ ਕੇ ਚੁੰਜ ਨਾਲ਼ ਗਰਦਨ ਫੜ ਲੈਂਦਾ। ਥੱਕੀ ਤੇ ਬੇਵਸ ਮੁਰਗੀ ਪਿਛਲੇ ਖੰਭ ਉੱਤੇ ਨੂੰ ਚੁੱਕ ਦਿੰਦੀ। ਮਗਰੋਂ ਮੁਰਗਾ ਆਪਣੇ ਖੰਭ ਝੰਡਕਦਾ। ਮੁਰਗੀਆਂ ਕਦੀ ਕਿਤੇ ਆਂਡਾ ਦਿੰਦੀਆਂ ਤੇ ਕਦੀ ਕਿਤੇ । ਆਂਡਾ ਟੁੱਟਣ ਤੋਂ ਬਚਾਉਣ ਲਈ ਉਹ ਐਸੀ ਥਾਂ ਦੀ ਚੋਣ ਕਰਦੀਆਂ, ਜਿੱਥੇ ਘਾਹ ਫੂਸ ਹੋਵੇ, ਤੂੜੀ ਹੋਵੇ। ਬੱਚੇ ਆਂਡੇ ਲੱਭ ਲੱਭ ਸ਼ਕੁੰਤਲਾ ਨੂੰ ਫੜਾ ਦਿੰਦੇ, ਉਹ ਉਨ੍ਹਾਂ ਨੂੰ ਉਬਾਲ ਕੇ ਜਾਂ ਭੁਰਜੀ ਬਣਾ ਕੇ ਖੁਆਉਂਦੀ।

ਜਦੋਂ ਦੁਖੀ ਬੇਗਮਪੁਰ ਗਿਆ ਹੀ ਸੀ, ਉਸ ਨੇ ਦੇਖਿਆ ਕਿ ਇਕ ਮੁਰਗੀ ਤੂੜੀ ਉੱਤੇ ਪਏ ਸੱਤ-ਅੱਠ ਆਂਡਿਆਂ ਉੱਤੇ ਬੈਠੀ ਰਹਿੰਦੀ। ਸਾਰੇ ਉਸ ਮੁਰਗੀ ਨੂੰ ਕੁੜਕ ਮੁਰਗੀ ਆਖਦੇ। ਕੁੜਕ ਮੁਰਗੀ ਨੇ ਆਪਣੀ ਜੀਵਨ ਸ਼ੈਲੀ ਹੀ ਬਦਲ ਲਈ ਸੀ। ਉਸ ਦਾ ਦੂਜੇ ਮੁਰਗੇ ਮੁਰਗੀਆਂ ਨਾਲ਼ ਜਿਵੇਂ ਸੰਬੰਧ ਹੀ ਟੁੱਟ ਗਿਆ ਸੀ। ਉਹ ਆਪ ਆਂਡੇ ਦੇਣੋਂ ਹਟ ਗਈ ਸੀ ਤੇ ਉਸ ਨੇ ਆਪਣਾ ਸਾਰਾ ਧਿਆਨ ਉਨ੍ਹਾਂ ਆਂਡਿਆਂ ਨੂੰ ਲੋੜੀਂਦੇ ਤਾਪਕ੍ਰਮ ਤੇ ਰੱਖਣ ਲਈ ਲਾਇਆ ਹੋਇਆ ਸੀ, ਜਿਨ੍ਹਾਂ ਵਿੱਚੋਂ ਉਸ ਦੇ ਬੱਚਿਆਂ ਨੇ ਜਨਮ ਲੈਣਾ ਸੀ। ਇਕ ਦਿਨ ਇਕ ਆਂਡਾ ਤਿੜਕਿਆ ਹੋਇਆ ਸੀ ਤੇ ਉਸ ਵਿਚ ਬੰਦ ਚੂਚੇ ਦੇ ਰੰਗਦਾਰ ਖੰਭ ਦਿਖਾਈ ਦੇ ਰਹੇ ਸਨ। ਦੁਖੀ ਨੇ ਪਰੇਮ ਨੂੰ ਦੱਸਿਆ ਤਾਂ ਉਸ ਨੇ ਆਂਡਾ ਖੋਹਲ ਦਿੱਤਾ। ਆਂਡੇ' ਚੋਂ ਨਿਕਲ਼ਿਆ ਚੂਚਾ ਆਪਣੇ ਨਿੱਕੇ ਨਿੱਕੇ ਪੈਰਾਂ ਤੇ ਖੜੋ ਬੜੀ ਹੈਰਾਨੀ ਨਾਲ਼ ਐਧਰ-ਉੱਧਰ ਦੇਖਣ ਲੱਗਾ। ਉਸ ਨੇ ਤੁਰੰਤ ਫਰਸ਼ ਉੱਤੇ ਤੁਰੇ ਜਾਂਦੇ ਇਕ ਕੀੜੇ ਨੂੰ ਠੂੰਗ ਮਾਰੀ ਤੇ ਖਾ ਗਿਆ। ਦੁਖੀ ਬੜਾ ਹੈਰਾਨ ਹੋਇਆ। ਐਨੇ ਸਾਲ ਪਿੰਡ ਰਹਿਣ ਦੇ ਬਾਵਜ਼ੂਦ ਇਹੋ ਜਿਹਾ ਕੁਦਰਤ ਦਾ ਕ੍ਰਿਸ਼ਮਾਂ ਉਸ ਨੇ ਪਹਿਲਾਂ ਕਦੀ ਨਹੀਂ ਸੀ ਦੇਖਿਆ। ਉਹ ਸੋਚਣ ਲੱਗਾ

ਕਿ ਆਂਡੇ ਵਿਚ ਬੰਦ ਚੂਚਾ ਇਹ ਸਭ ਕੁਝ ਕਿਵੇਂ ਸਿਖ ਗਿਆ ਸੀ। ਦੋ-ਤਿੰਨ ਦਿਨਾਂ ਵਿਚ ਹੀ ਸਾਰੇ ਚੂਚੇ ਨਿਕਲ਼ ਆਏ ਸਨ। ਉਹ ਮੁਰਗੀ ਦੇ ਮਗਰ ਮਗਰ ਘੁੰਮਦੇ ਰਹਿੰਦੇ। ਮੁਰਗੀ ਆਪਣੇ ਪੰਜੇ ਪਿੱਛੇ ਨੂੰ ਮਾਰ ਮਾਰ ਪਤਾ ਨਹੀਂ ਕੀ ਲੱਭ ਦਿੰਦੀ ਕਿ ਚੂਚੇ ਦੌੜ ਕੇ ਉਸ ਥਾਂ ਤੇ ਠੂੰਗਾਂ ਮਾਰਨ ਲੱਗਦੇ। ਕੋਈ ਕੀੜਾ, ਭੁਣਖੀ, ਮੱਖੀ, ਸੁੰਡ, ਗੰਡੋਆ ਜਾਂ ਦਾਣਾ ਉਨ੍ਹਾਂ ਦੀ ਨਿਗਾਹ ਚੜ੍ਹ ਜਾਂਦਾ ਤਾਂ ਉਹ ਚੱਟਮ ਕਰ ਜਾਂਦੇ।

ਇਕ ਦਿਨ ਸ਼ਕੁੰਤਲਾ ਪਰੇਮ ਨੂੰ ਕਹਿਣ ਲੱਗੀ, 'ਦੁਖੀ ਨੂੰ ਕਿਸੇ ਹਕੀਮ ਨੂੰ ਦਿਖਾਓ ਜੀ। ਇਹ ਤਾਂ ਰੋਟੀ ਹੀ ਬੜੀ ਘੱਟ ਖਾਂਦਾ ਏ।'

'ਸਾਰਾ ਦਿਨ ਤਾਂ ਬੀਬੀ ਕੁਝ ਨਾ ਕੁਝ ਖਾਂਦਾ ਰਹਿੰਦਾ ਹਾਂ। ਰੋਟੀ ਦੀ ਭੁੱਖ ਹੀ ਨੀ ਰਹਿੰਦੀ।' ਦੁਖੀ ਨੇ ਕਿਹਾ।

ਉਹ ਆਪ ਹੈਰਾਨ ਹੁੰਦਾ ਕਿ ਸਲਾਹਪੁਰ ਤਾਂ ਉਸ ਦਾ ਢਿੱਡ ਹੀ ਨਹੀਂ ਸੀ ਭਰਨ' ਚ ਆਇਆ ਕਰਦਾ। ਹੁਣ ਤਾਂ ਉਸ ਦੀ ਨਕਤੋੜੀ ਹੋਈ ਪਈ ਸੀ। ਗਰਮੀਆਂ ਹੋਣ ਚਾਹੇ ਸਰਦੀਆਂ ਸ਼ਕੁੰਤਲਾ ਨੇ ਬਦਾਮ, ਸੌਂਗੀ, ਮਗਜ਼ ਬਗੈਰਾ ਪਾ ਕੇ ਦੇਸੀ ਘਿਓ ਦੀਆਂ ਪਿੰਨੀਆਂ ਜ਼ਰੂਰ ਬਣਾਈਆਂ ਹੁੰਦੀਆਂ। ਉਹ ਸਵੇਰੇ ਦੁੱਧ ਦੇ ਗਿਲਾਸ ਨਾਲ਼ ਦੋ ਪਿੰਨੀਆਂ ਕੌਲੀ' ਚ ਰੱਖ ਕੇ ਦੁਖੀ ਨੂੰ ਫੜਾਉਂਦੀ ਕਹਿੰਦੀ, 'ਲੈ ਦੁਖੀ ਵੀਰੇ, ਤੈਨੂੰ ਇਹ ਖਾਣੀਆਂ ਹੀ ਪੈਣੀਆਂ ਨੇ। ਜੇ ਮੇਰੀ ਗੱਲ ਨਹੀਂ ਮੰਨੇਂਗਾ ਤਾਂ ਠਿੱਬਲ਼-ਠੌਲੇ ਕੋਲ਼ ਜਾਣ ਲਈ ਤਿਆਰ ਹੋ ਜੀਂ। ਉਹ ਬਹੁਤ ਕੌੜੀ ਦਾਰੂ ਦਿੰਦਾ ਏ।'

ਇਹ ਗੱਲ ਦੁਖੀ ਨੂੰ ਉਸ ਦੇ ਜੀਜੇ ਪਰੇਮ ਨੇ ਦੱਸੀ ਸੀ ਕਿ ਉਸ ਹਕੀਮ ਨੂੰ 'ਠਿੱਬਲ਼-ਠੌਲਾ' ਇਸ ਲਈ ਕਹਿੰਦੇ ਸਨ ਕਿ ਉਹ ਉਸ ਮਰੀਜ਼ ਦੀ ਸੇਫ਼ਟੀ ਲਈ ਇਕ ਵਾਧੂ ਟੀਕਾ ਲਾਇਆ ਕਰਦਾ ਸੀ, ਜਿਸ ਨੇ ਸਾਇਕਲ ਮਗਰ ਬੈਠ ਕੇ ਠਿੱਬਲ਼-ਠੌਲ਼ਿਆਂ ਵਾਲ਼ੇ ਰਾਹ ਤੇ ਵਾਪਸ ਜਾਣਾ ਹੋਵੇ।

**00**

# ਉਣੱਤੀ

ਜਦੋਂ ਦੁਖੀ ਬੇਗਮਪੁਰੇ ਆਇਆ ਹੁੰਦਾ ਤਾਂ ਹੱਟ ਵਿਚ ਚਾਹ ਦੁੱਧ ਦੇਣ ਲਈ ਸ਼ਕੁੰਤਲਾ ਉਸੇ ਨੂੰ ਭੇਜਿਆ ਕਰਦੀ ਸੀ, ਕਿਉਂਕਿ ਭਾਜ਼ੀ ਤਾਂ ਬਾਹਰਲੇ ਕੰਮਾਂ-ਕਾਰਾਂ ਲਈ ਹੀ ਤੁਰਿਆ ਰਹਿੰਦਾ ਸੀ। ਇਕ ਦਿਨ ਦੁਖੀ ਤੀਜੇ ਪਹਿਰ ਚਾਹ ਲੈ ਕੇ ਗਿਆ ਤਾਂ ਪਰੇਮ ਉੱਥੇ ਹੈ ਹੀ ਨਾ। ਦੁਕਾਨ ਖੁੱਲ੍ਹੀ ਸੀ। ਉਸ ਨੇ ਸੋਚਿਆ ਕਿਧਰੇ ਲਾਗੇ-ਚਾਗੇ ਗਿਆ ਹੋਵੇਗਾ। ਉਸ ਨੇ ਐਧਰ-ਉਧਰ ਦੇਖਿਆ ਤੇ ਮਰਤਵਾਨ' ਚੋਂ ਗੋਲ਼ੀਆਂ ਕੱਢ ਕੇ ਚੂਸਣ ਲੱਗ ਪਿਆ। ਤਦੇ ਪਰੇ ਮ ਤੂੜੀ ਵਾਲ਼ੇ ਕੋਠੇ' ਚੋਂ ਨਿਕਲ਼ਿਆ ਤੇ ਬੋਲਿਆ, 'ਦੁਖੀ ਚਾਹ ਲੈ ਆਇਆ? ਐਧਰ ਬੀਬੀ ਦੇ ਮੁੰਡੇ ਦੀ ਫਿੰਡ ਆ ਗਿਰੀ ਕਿਧਰੇ ਤੂੜੀ ਵੱਲ ਨੂੰ। ਜ਼ਰਾ ਲਭਾ ਦੇ ਜਾ ਕੇ।'

ਦੁਖੀ ਅੰਦਰ ਵੜਿਆ ਤਾਂ ਉੱਥੇ ਇਕ ਔਰਤ ਐਵੇਂ ਫੋਲਾ-ਫਾਲੀ ਕਰ ਰਹੀ ਸੀ। ਦੁਖੀ ਨੂੰ ਦੇਖ ਕੇ ਉਹ ਬੋਲੀ, 'ਢੈਅ ਜਾਣੇ ਪਤਾ ਨੀ ਕਿੱਥੇ ਮਾਰ ਦਿੰਦੇ ਆਂ ਬਾਲਾਂ। ਪੱਤ ਪੱਤ ਕਰ ਤਾ।'

ਪਹਿਲਾਂ ਤਾਂ ਦੁਖੀ ਵੀ ਲੱਭਣ ਲੱਗ ਪਿਆ, ਪਰ ਫਿਰ ਉਸ ਨੇ ਸੋਚਿਆ ਕਿ ਜੇ ਨਿਆਣੇ ਨੇ ਬਾਲ ਉੱਧਰ ਸੁੱਟੀ ਹੁੰਦੀ ਤਾਂ ਨਿਆਣੇ ਨੇ ਵੀ ਤਾਂ ਉੱਥੇ ਹੀ ਹੋਣਾ ਸੀ। ਨਾ ਬਾਹਰ ਨਾ ਅੰਦਰ, ਉੱਥੇ ਤਾਂ ਕੋਈ ਜੁਆਕ ਹੀ ਨਹੀਂ ਸੀ। ਦੁਖੀ ਤੂੜੀ ਵਾਲ਼ੇ ਕੋਠੇ' ਚੋਂ ਬਾਹਰ ਨਿਕਲ਼ਿਆ ਤਾਂ ਉਹ ਔਰਤ ਵੀ ਮੰਜੇ ਤੋਂ ਆਪਣੀ ਚੁੰਨੀ ਚੱਕ ਕੇ ਚਲ਼ੀ ਗਈ। ਪਰੇਮ ਹੱਸਦਾ ਬੋਲਿਆ, 'ਜੁਆਕ ਸਹੁਰੀ ਦੇ ਸਿੱਧੇ ਹੱਟ' ਚ ਮਾਰਦੇ ਆਂ ਫਿੰਡਾਂ।'

ਦੁਖੀ ਨੇ ਤਾਂ ਮਗਰੋਂ ਵੀ ਕਾਫ਼ੀ ਲੱਭੀ ਕਿ ਉਹ ਬਾਲ ਉਸ ਨੂੰ ਖੇਡਣ ਲਈ ਮਿਲ ਜਾਵੇ, ਪਰ ਬਾਲ ਤਾਂ ਤਦ ਲੱਭਦੀ ਜੇ ਉੱਥੇ ਹੁੰਦੀ।

ਇਕ ਦਿਨ ਦੁਖੀ ਦੁਕਾਨ ਵਿਚ ਬੈਠਾ 'ਜਾਨੀ ਚੋਰ' ਦਾ ਕਿੱਸਾ ਪਰੇਮ ਨੂੰ ਪੜ੍ਹ ਕੇ ਸੁਣਾ ਰਿਹਾ ਸੀ। ਉਹ ਲੱਕੜ ਦੇ ਕੋਲ਼ੇ ਉੱਤੇ ਇਕ ਬਾਲ਼ੀ ਰੱਖ ਦੀਵੇ ਦੀ ਲਾਟ ਨੂੰ ਇਕ ਮੁੜਵੇਂ ਪਾਈਪ ਨਾਲ਼ ਫੂਕ ਮਾਰ ਕੇ ਬਾਲ਼ੀ ਦੇ ਉੱਤੇ ਸੁੱਟ ਰਿਹਾ ਸੀ। ਜਿਵੇਂ ਕੋਈ ਬੰਗਾਲਾ ਸਾਹ ਬਦਲ ਕੇ ਬੀਨ ਵਿਚ ਲਗਾਤਾਰ ਫੂਕ ਮਾਰਦਾ ਰਹਿੰਦਾ ਹੈ, ਉਵੇਂ ਪਰੇਮ ਕਰ ਰਿਹਾ ਸੀ। ਲਾਟ ਟੁੱਟਦੀ ਨਹੀਂ ਸੀ ਲਗਾਤਾਰ ਬਾਲ਼ੀ ਉੱਤੇ ਪੈ ਰਹੀ ਸੀ। ਜਦੋਂ ਉਹ ਫੂਕ ਮਾਰਨੀ ਬੰਦ ਕਰਦਾ ਤਾਂ ਕਹਿ ਦਿੰਦਾ, 'ਆਹ ਤਾਂ ਬਈ ਸੁਆਦ ਆ ਗਿਆ, ਮੁੱਢੋਂ ਪੜ੍ਹ ਦੁਖੀ।'

ਉਹ ਦਵਾਰਾ ਪੜ੍ਹਨ ਲਗਦਾ। ਤਦੇ ਦੋ ਔਰਤਾਂ ਅਤੇ ਤਿੰਨ ਆਦਮੀ ਸੋਨੇ ਦਾ ਕੋਈ ਕੰਮ ਕਰਵਾਉਣ ਉਸ ਕੋਲ਼ ਆ ਗਏ। ਪਰੇਮ ਨੇ ਖੜ੍ਹਾ ਹੋ ਕੇ ਹੱਥ ਜੋੜ ਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਹਾਲ-ਚਾਲ ਪੁੱਛਿਆ। ਜਦੋਂ ਪੰਜੇ ਜਣੇ ਬੈਠ ਗਏ ਤਾਂ ਇਕ ਔਰਤ ਨੇ ਆਪਣੇ ਝੋਲੇ' ਚੋਂ ਪੁਰਾਣੇ ਸੱਗੀ ਫੁੱਲ, ਤੰਦੀਰੇ, ਛਿੰਙ ਤਬੀਤੀਆਂ, ਗਜ਼ਰੇ ਬਗੈਰਾ ਕੱਢ ਕੇ ਪਰੇਮ ਦੇ ਮੂਹਰੇ ਪਏ ਸ਼ੀਸ਼ੇ ਦੇ ਬਕਸੇ ਉੱਤੇ ਧਰ ਦਿੱਤੇ ਤੇ ਬੋਲੀ, 'ਲੈ ਭਾਈ ਪਰੇਮ ਸਿਆਂ, ਜੱਸੀ ਦਾ ਵਿਆਹ ਆ ਗਿਆ। ਇਨ੍ਹਾਂ ਨੂੰ ਭੰਨਵਾ ਕੇ ਕੁਝ ਤਗਾਦੇ ਬਣਵਾਉਣੇ ਨੇ।'

'ਚਾਚੀ, ਕਿੱਥੇ ਮੰਗੀ ਬੀਬੀ?'

'ਈਸੜੂ... ਕੁੜਮਾਂ ਦਾ ਗੱਡੀਆਂ ਦਾ ਕਾਰੋਬਾਰ ਏ।'

ਪਰੇਮ ਨੇ ਗੱਲ ਹੋਰ ਅੱਗੇ ਵਧਾ ਲਈ। ਉਸਨੇ ਗੱਡੀਆਂ ਦੇ ਕਾਰੋਬਾਰ ਵਾਲ਼ੇ ਬੰਦੇ ਦਾ ਨਾਂ ਵੀ ਦੱਸ ਦਿੱਤਾ। ਇਹ ਵੀ ਕਿਹਾ ਕਿ ਮੁਣਸ਼ਾ ਸਿੰਘ ਤਾਂ ਉਸ ਦਾ ਲੰਗੋਟੀਆ ਯਾਰ ਹੈ ਤੇ ਉਸ ਨਾਲ਼ ਉਸ ਦਾ ਖਾਣ-ਪੀਣ ਸਾਂਝਾ ਏ। ਉਸ ਨੂੰ ਵਿਸ਼ਵਾਸ ਦੁਆਇਆ ਕਿ ਉਹ ਬਹੁਤ ਚੰਗੇ ਬੰਦੇ ਹਨ। ਕੁੜੀ ਰਾਜ ਕਰੇਗੀ। ਪਰੇਮ ਨੇ ਅਜਿਹੀ ਕਥਾ ਛੇੜੀ ਕਿ ਉਨ੍ਹਾਂ ਦੇ ਟਰੱਕ ਵਿਚ ਨੈਣਾ ਦੇਵੀ ਦੇ ਮੰਦਰ ਤੱਕ ਪਹੁੰਚ ਗਿਆ। ਉਹ ਨੈਣਾ ਦੇਵੀ ਦੇ ਬਜ਼ਾਰ ਵਿਚ ਆਪਣੇ ਪੁਰੋਹਿਤ ਦੇ ਚੁਬਾਰੇ ਵਿਚ ਬਿਤਾਈ ਠੰਡੀ-ਯੱਖ ਰਾਤ ਦਾ ਵਰਨਣ ਵੀ ਕਰਦਾ ਰਿਹਾ ਤੇ ਇਕੱਲਾ-ਇਕੱਲਾ ਗਹਿਣਾ ਚੁੱਕ ਕੇ ਲਾਖ ਵੀ ਝਾੜੀ ਗਿਆ। ਨਗਾਂ ਨੂੰ ਕੱਢਦਾ ਰਿਹਾ ਤੇ ਅੱਗ ਵਿਚ ਗਰਮ ਕਰਕੇ ਗਹਿਣੇ ਨੂੰ ਕੁੱਟਦਾ ਰਿਹਾ। ਸਾਰੇ ਉਸ ਦੀਆਂ ਦਿਲਚਸਪ ਗੱਲਾਂ ਨੂੰ ਬੜੇ ਧਿਆਨ ਨਾਲ਼ ਸੁਣ ਰਹੇ ਸਨ ਤੇ ਖੁਸ਼ ਹੋ ਰਹੇ ਸਨ। ਫਿਰ ਉਹ ਉੱਥੇ ਨਿੱਕਲ਼ੇ ਸੱਪ ਬਾਰੇ ਦੱਸਣ ਲੱਗ ਪਿਆ, 'ਬੱਸ ਜਿੰਨੀ ਦੂਰ ਅਹੁ ਪਿੱਤਲ ਦਾ ਗੰਗਾਸਾਗਰ ਪਿਆ ਏ, ਡੱਬ-ਖੜੱਬਾ ਸੱਪ ਫਣ ਚੁੱਕ ਕੇ ਖੜ੍ਹਾ ਹੋ ਗਿਆ।' ਸਭ ਨੇ ਦਰਵਾਜੇ ਦੇ ਲਾਗੇ ਪਏ ਗੰਗਾ ਸਾਗਰ ਵੱਲ ਦੇਖਿਆ। ਅਚਾਨਕ ਹੀ ਉਸ ਨੂੰ ਯਾਦ ਆਇਆ

ਤੇ ਬੋਲਿਆ, 'ਉਇ ਦੁਖੀ, ਤੂੰ ਐਥੇ ਬੈਠਾ ਕੀ ਕਰ ਰਿਹਾ ਏਂ? ਘਰ ਜਾ ਕੇ ਸੱਤ-ਅੱਠ ਕੱਪ ਦੁੱਧ-ਪੱਤੀ ਦੇ ਬਣਵਾ ਕੇ ਲਿਆ ਆਪਣੀ ਬੀਬੀ ਤੋਂ।'

ਦੁਖੀ ਉੱਠ ਕੇ ਘਰ ਨੂੰ ਤੁਰ ਪਿਆ। ਠੰਡੀ-ਯੱਖ ਰਾਤ ਵਿਚ ਸੱਪ ਦੇ ਫਣ ਚੁੱਕ ਕੇ ਖੜ੍ਹੇ ਹੋ ਜਾਣ ਵਾਲ਼ੀ ਗੱਲ ਦੁਖੀ ਨੂੰ ਹਜ਼ਮ ਨਾ ਹੋਈ। ਉਸ ਨੂੰ ਪਤਾ ਸੀ ਕਿ ਠੰਡ ਵਿਚ ਤਾਂ ਸੱਪ ਤੇ ਰੱਸੀ ਇਕ ਸਮਾਨ ਹੁੰਦੇ ਨੇ, ਚਾਹੇ ਕੋਈ ਚੁੱਕ ਕੇ ਗਲ਼ ਵਿਚ ਪਾ ਲਵੇ, ਫ਼ਣ ਕਿਵੇਂ ਚੁੱਕ ਲਊ? ਉਸ ਨੂੰ ਆਪਣਾ ਜੀਜਾ ਸਭ ਤੋਂ ਵੱਡਾ ਗੱਪੀ ਲੱਗਾ। ਘਰ ਜਾ ਕੇ ਉਸ ਨੇ ਸ਼ਕੁੰਤਲਾ ਨੂੰ ਹੱਟ ਵਿਚ ਆਏ ਗਾਹਕਾਂ ਬਾਰੇ ਦੱਸਿਆ। ਪਰੇਮ ਗਹਿਣੇ ਭੰਨ ਰਿਹਾ ਸੀ, ਬਾਰੇ ਸੁਣਕੇ ਸ਼ਕੁੰਤਲਾ ਦੀ ਖੁਸ਼ੀ ਦੀ ਹੱਦ ਨਾ ਰਹੀ। ਉਸ ਨੇ ਇਕ ਡੋਲੂ ਵਿਚ ਚਾਹ ਪਾ ਕੇ ਪਿੰਨੀਆਂ ਵਾਲ਼ਾ ਡੱਬਾ ਵੀ ਦੁਖੀ ਨੂੰ ਫੜਾ ਦਿੱਤਾ। ਦੁਖੀ ਨੇ ਹੱਟ' ਚ ਜਾ ਕੇ ਚਾਹ ਤੇ ਡੱਬਾ ਫੜਾਏ ਤਾਂ ਪਰੇਮ ਨੇ ਫਿਰ ਹੁਕਮ ਕੀਤਾ, 'ਉਇ ਦੁਖੀ, ਆਪਣੀ ਬੀਬੀ ਨੂੰ ਜਾ ਕੇ ਕਹਿ, ਵਧੀਆ ਰੋਟੀ ਤਿਆਰ ਕਰੇ।'

'ਨਾ ਭਾਈ ਪਰੇਮ। ਰੋਟੀ ਅਸੀਂ ਨ੍ਹੀ ਖਾਣੀ। ਖਾ ਕੇ ਚੱਲੇ ਸਾਂ।'

'ਪਤਾ ਏ ਮੈਨੂੰ ਜਿਹੜੀ ਖਾ ਕੇ ਆਏ ਹੋ। ਆਪ ਕਦੀ ਆਉਣ ਦਿੰਦੇ ਹੋ ਬਿਨਾਂ ਖੁਆਏ? ਰੋਟੀ ਨਹੀਂ ਖਾਣੀ ਤਾਂ ਲੈਜੋ ਆਪਣੇ ਗਹਿਣੇ। ਮੇਰੇ ਕੋਲ਼ ਨੀ ਟਾਇਮ ਹੈਗਾ।' ਪਰੇ ਮ ਨੇ ਰਿਹਾੜ ਕੀਤੀ।

'ਚੰਗਾ ਭਾਈ ਬਣਵਾ ਲੈ। ਮੈਂ ਨਹੀਂ ਬੋਲਦੀ। ਤੈਨੂੰ ਕੌਣ ਜਿੱਤਿਆ।' ਤੀਵੀਂ ਨੇ ਹੱਥ ਜੋੜ ਕੇ ਕਿਹਾ ਤਾਂ ਸਾਰੇ ਹੱਸਣ ਲੱਗ ਪਏ।

ਉਨ੍ਹਾਂ ਸਾਰਿਆਂ ਨੇ ਰੋਟੀ ਵੀ ਖਾਧੀ ਤੇ ਕਾਫੀ ਦੇਰ ਮੰਜਿਆਂ ਤੇ ਲੇਟ ਕੇ ਅਰਾਮ ਵੀ ਕੀਤਾ। ਜਿਵੇਂ ਉਹ ਸਵਾਦ-ਸਵਾਦ ਵਿਚ ਵੱਧ ਖਾ ਗਏ ਹੋਣ। ਸ਼ਕੁੰਤਲਾ ਨੇ ਤਾਂ ਉਨ੍ਹਾਂ ਅੱਗੇ ਛੱਤੀ ਪ੍ਰਕਾਰ ਦਾ ਭੋਜਨ ਪਰੋਸ ਦਿੱਤਾ ਸੀ।

ਸ਼ਾਮ ਨੂੰ ਪਰੇਮ ਦੁਖੀ ਨੂੰ ਖੇਤਾਂ ਵੱਲ ਲੈ ਗਿਆ। ਉਹ ਤਾਂ ਜਿਵੇਂ ਖਿੜਿਆ ਪਿਆ ਸੀ। ਕਦੀ ਕੋਈ ਗੀਤ ਗਾਉਣ ਲੱਗ ਪੈਂਦਾ, ਕਦੀ ਕੋਈ। ਪਿੰਡ ਤੋਂ ਪੱਛਮ ਵੱਲ ਕੁਝ ਦੂਰੀ ਤੇ ਇਕ ਡਵਿੱਢਾ ਹਰਟ ਚਲਦਾ ਸੀ। ਪਰੇਮ ਨੇ ਖੇਤ ਵਿਚ ਨੱਕੇ ਮੋੜਦੇ ਕਹੀ ਵਾਲ਼ੇ ਬੰਦੇ ਨੂੰ ਹਾਕ ਮਾਰੀ।' ਉਇ ਸੁਣਾ ਬਈ ਤੇਜੀ ਯਾਰਾ, ਕੀ ਹਾਲ ਏ ਤੇਰਾ?'

'ਉਇ ਆ ਜਾ ਪਰੇਮ ਸਿਆਂ। ਕਿੱਥੇ ਰਹਿੰਦਾ ਏਂ ਅੱਜ ਕੱਲ੍ਹ ਤੂੰ? ਸੱਪ ਬਣੇਂਗਾ ਸੱਪ। ਛੱਡ ਦੇ ਮਾਇਆ ਦੇ ਮੋਹ ਨੂੰ। ਮਿਲਿਆ ਗਿਲਿਆ ਕਰ ਬੰਦਿਆਂ ਨੂੰ ਵੀ।'

'ਉਇ ਰੱਬ ਦੇ ਬੰਦਿਆ ਤਾਂ ਹੀ ਤੇਰੇ ਕੋਲ਼ ਆਇਆ ਏਂ।'

'ਮੇਰੇ ਕੋਲ਼, ਪਤਾ ਏ, ਤੂੰ ਕਿਉਂ ਆਇਆਂ ਏਂ। ਮੰਜੀ ਸੁੱਟ ਲਓ। ਮੈਂ ਹੁਣੇ ਆਇਆ ਨੱਕਾ ਮੋੜ ਕੇ।'

ਉਹ ਦੋਨੋਂ ਮੰਜੀ ਡਾਹ ਕੇ ਬੈਠ ਗਏ। ਪਰੇਮ ਦੇ ਪੈਰਾਂ ਵਿਚ ਤਾਂ ਜਿਵੇਂ ਛੁਰਕਣੀ ਬੰਨ੍ਹੀ ਹੋਈ ਸੀ। ਕਦੀ ਉੱਠ ਖੜ੍ਹਦਾ, ਕਦੀ ਫਿਰ ਬਹਿ ਜਾਂਦਾ। ਖੂਹ ਦੇ ਦੋਨਾਂ ਪਾਸੇ ਦੋ ਗੋਲ਼ ਪੈੜਾਂ ਉੱਤੇ ਖੋਪੇ ਲਾਈ ਇਕ ਪਾਸੇ ਊਂਟ ਤੇ ਦੂਜੇ ਪਾਸੇ ਝੋਟਾ ਘੁੰਮ ਰਹੇ ਸਨ। ਊਂਟ ਦੇ ਗੋਡਿਆਂ ਕੋਲ਼ ਚਮੜੇ ਦੀ ਬੱਧਰੀ ਨਾਲ਼ ਲੱਗੇ ਘੁੰਗਰੂ ਖੜਕ ਰਹੇ ਸਨ। ਟਿੰਡਾਂ ਦੋ ਪਾੜਛਿਆਂ ਵਿਚ

ਪਾਣੀ ਸੁੱਟ ਰਹੀਆਂ ਸਨ। ਨਿੱਕਾ ਜਿਹਾ ਇੱਕ ਬਾਵਰਾ ਮੁੰਡਾ ਝੋਟੇ ਵਾਲ਼ੀ ਗਰਦਲ਼ ਉੱਤੇ ਬੈਠਾ ਝਾਂਟੀ ਲੈ ਰਿਹਾ ਸੀ। ਦੁਖੀ ਦੇ ਇਲਾਕੇ ਵਿਚ ਤਾਂ ਅਜੇ ਤੀਕ ਮਾਰੂ ਫਸਲ ਹੀ ਹੁੰਦੀ ਸੀ। ਕਿਧਰੇ-ਕਿਧਰੇ ਕਿਸੇ ਨੇ ਖੂਹ ਜ਼ਰੂਰ ਲੁਆ ਲਏ ਸਨ। ਖੂਹਾਂ' ਚੋਂ ਖਿੱਚ ਖਿੱਚ ਸੁੱਟੇ ਪਾਣੀ ਨਾਲ਼ ਤਾਂ ਖੇਤਾਂ ਦੇ ਹਲ਼ਕ ਵੀ ਗਿੱਲੇ ਨਹੀਂ ਸਨ ਹੁੰਦੇ। ਡਵਿੱਢੇ ਖੂਹ ਦੇ ਪਾੜਛਿਆਂ' ਚੋਂ ਡਿਗਦੀਆਂ ਪਾਣੀ ਦੀਆਂ ਦੋ ਮੋਟੀਆਂ ਘਰਾਲਾਂ ਦੇਖ ਦੁਖੀ ਹੈਰਾਨ ਹੋ ਰਿਹਾ ਸੀ। ਉਸ ਦਾ ਜੀਅ ਕੀਤਾ ਕਿ ਔਲੂ ਵਿਚ ਵੜਕੇ ਨਹਾ ਲਵੇ। ਉਸ ਦੇ ਜੀਜੇ ਨੇ ਛਿੱਕ ਮਾਰੀ ਤਾਂ ਘੁੰਗਰੂ ਛਣਕਾਉਂਦਾ ਊਂਟ ਛਾਲੀਂ ਹੋ ਲਿਆ। ਦੁਖੀ ਨੂੰ ਜੱਗ ਦੀ ਬੋਤੀ ਯਾਦ ਆਈ ਜਿਸ ਨੇ ਦੌੜ ਦੌੜ ਉਸ ਦੇ ਚੱਡਿਆਂ' ਚੋਂ ਖ਼ੂਨ ਨਿਕਲ਼ਣ ਵਰਗਾ ਕਰ ਦਿੱਤਾ ਸੀ। ਪਰੇਮ ਖੇਤ ਵਿਚ ਕਿਉਂ ਆਇਆ ਸੀ। ਸ਼ਾਇਦ ਤੇਜੀ ਪਹਿਲਾਂ ਹੀ ਸਮਝ ਗਿਆ ਸੀ। ਉਹ ਖਾਲ਼ ਪੁੱਟ ਕੇ ਢੇਰ ਮਾਰਕਾ ਦਾਰੂ ਦੀ ਬੋਤਲ ਕੱਢ ਲਿਆਇਆ ਤੇ ਬੋਲਿਆ, ' ਪਰੇਮ ਸਿਆਂ ਪਹਿਲੇ ਤੋੜ ਦੀ ਆ, ਜ਼ਰਾ ਸੰਭਲ਼ ਕੇ ਲਾਇਓ।'

ਬੋਤਲ ਦੇ ਅੰਦਰ ਪੀਲ਼ੇ ਰੰਗ ਦੀ ਮੈਲ਼ ਜਮੀਂ ਹੋਈ ਸੀ ਤੇ ਮੂੰਹ ਵਿਚ ਛੱਲੀ ਦਾ ਗੁੱਲਾ ਠੋਕਿਆ ਹੋਇਆ ਸੀ। ਪਰੇਮ ਨੇ ਬੋਤਲ ਹੁੜਕਾ ਮਾਰ ਕੇ ਹਿਲਾਈ ਤਾਂ ਉਸ ਵਿਚ ਮੋਤੀਆਂ ਵਰਗੇ ਬੁਲਬੁਲੇ ਉੱਪਰ ਵੱਲ ਦੌੜਨ ਲੱਗੇ।

'ਲਾ ਲਓ ਬਹਿ ਕੇ ਭੋਰਾ ਅਚਾਰ ਪਿਆ ਏ ਛੰਨ' ਚ।'

ਪਰੇਮ ਨੇ ਇਕ ਪੈੱਗ ਬਣਾ ਕੇ ਪਾਣੀ ਪਾਇਆ ਤੇ ਖੜ੍ਹਾ ਖੜ੍ਹਾ ਹੀ ਡੀਕ ਗਿਆ। ਫਿਰ ਇਕ ਪੈੱਗ ਉਸ ਨੇ ਦੁਖੀ ਨੂੰ ਦੇ ਦਿੱਤਾ। ਉਹ ਵੀ ਉਸੇ ਵਾਂਗ ਪੀ ਗਿਆ।

ਪਰੇਮ ਨੂੰ ਪਤਾ ਸੀ ਕਿ ਦੁਖੀ ਤੇ ਉਹਦਾ ਮਾਮਾ ਘਨ੍ਹੱਈਆ ਘਰੇ ਘੜਾ ਪਾ ਕੇ ਦਾਰੂ ਕਸੀਦ ਲਿਆ ਕਰਦੇ ਸਨ ਤੇ ਦੁਖੀ ਵੀ ਉਸ ਨਾਲ਼ ਇਕ ਅੱਧ ਪੈੱਗ ਪੀ ਲਿਆ ਕਰਦਾ ਸੀ। ਤੇਜ਼ੀ ਦੀ ਦਾਰੂ ਬੜੀ ਤੇਜ਼ ਸੀ। ਉਹ ਦੁਖੀ ਦੇ ਅੰਦਰ ਨੂੰ ਚੀਰਦੀ ਲੰਘੀ। ਉਸ ਦੇ ਸਿਰ ਨੂੰ ਸਰੂਰ ਚੜ੍ਹਿਆ ਤਾਂ ਲੱਗਾ ਜਿਵੇਂ ਉਹ ਡਾਵਾਂਡੋਲ ਹੋ ਰਹੇ ਚੰਦ ਉੱਤੇ ਉਤਰ ਗਿਆ ਹੋਵੇ। ਬਾਕੀ ਬਚਦੀ ਬੋਤਲ ਪਰੇਮ ਨੇ ਡੱਬ ਵਿਚ ਦੇ ਲਈ ਸੀ। ਰਾਹ ਵਿਚ ਉਹ ਕਹਿਣ ਲੱਗਾ, 'ਅੱਜ ਤਾਂ ਬਾਰੇ-ਨਿਆਰੇ ਹੋ ਗਏ ਦੁਖੀ। ਤੇਰਾ ਪੈੜਾ ਯਾਰ ਬੜੇ ਭਾਗਾਂ ਵਾਲ਼ਾ ਏ । ਪਿੰਡ ਵਿਚ ਵੀ ਮੈਂ ਤੈਨੂੰ ਤਾਂ ਹੀ ਨਾਲ਼ ਲਿਜਾਇਆ ਕਰਦਾ ਏਂ। ਤਿੰਨ ਤੋਲ਼ੇ ਸੋਨਾ ਬਚ ਗਿਆ ਅੱਜ।'

'ਉਹ ਕਿਵੇਂ ਬਚ ਗਿਆ?' ਦੁਖੀ ਨੇ ਹੈਰਾਨ ਹੋ ਕੇ ਪੁੱਛਿਆ।

'ਬੱਸ ਗਹਿਣੇ ਭੰਨਦੇ ਭੰਨਦੇ ਹੀ ਸੋਨਾ ਛਾਲ਼ ਮਾਰ ਮੇਰੀ ਤਪੜੀ ਹੇਠ ਜਾ ਵੜਿਆ। ਕਹਿੰਦਾ, ਪਰੇਮ ਸਿਆਂ ਮੈਂ ਤਾਂ ਤੇਰੇ ਕੋਲ਼ ਹੀ ਰਹੂੰ।' ਪਰੇਮ ਹੱਸਿਆ।

'ਜੀਜਾ, ਮੈਂ ਤਾਂ ਸਮਝਿਆ ਸੀ ਤੁਸੀਂ ਠੱਗੀ ਮਾਰਦੇ ਨੀ।' ਦੁਖੀ ਨੇ ਕਿਹਾ।

'ਜੀਅ ਤਾਂ ਬਥੇਰਾ ਕਰਦਾ ਏ ਦੁਖੀ, ਬਈ ਨਾ ਮਾਰੀਏ, ਪਰ ਠੱਗੀ ਵੀ ਸਾਲ਼ੀ ਅਮਲੀ ਵਾਂਗ ਬੰਦੇ ਦੀ ਆਦਤ ਬਣ ਜਾਂਦੀ ਏ। ਅੰਦਰਲਾ ਲਾਅਣਤਾਂ ਵੀ ਪਾਉਂਦਾ ਏ। ਇਕ ਵਾਰੀ ਤਾਂ ਹੱਥ ਕੰਬਦਾ ਹੀ ਏ। ਜੇ ਅੱਜ ਵੀ ਪਤਾ ਲੱਗ ਜਾਂਦਾ ਨੱਕ ਡੋਬ ਕੇ ਮਰਨ ਲਈ ਚੱਪਣੀ ਨਹੀਂ ਸੀ ਥਿਆਉਣੀ। ਉਹ ਔਰਤ ਤਾਂ ਬਾਰ-ਬਾਰ ਕਹੀ ਜਾਵੇ, ਵੇ ਪਰੇਮ ਇਹ ਤਾਂ ਐਨਾ

ਸੀ, ਐਨਾ ਕਿਵੇਂ ਰਹਿ ਗਿਆ। ਮੈਂ ਵੀ ਕਹੀ ਗਿਆ, ਸੋਨਾ ਘਸ ਜਾਂਦੈ ਚਾਚੀ, ਲਾਖ਼ ਵੀ ਖਾ ਜਾਂਦੀ ਏ ਉਸ ਨੂੰ। ਤੁਹਾਡੇ ਸਾਮ੍ਹਣੇ ਹੀ ਏ ਸਭ ਕੁਝ। ਪਰੇਮ ਨੂੰ ਅਜੇ ਤੀਕ ਤੁਸੀਂ ਸਮਝੇ ਨੀ? ਉਹ ਕਦੀ ਠੱਗੀ ਨ੍ਹੀ ਮਾਰੂ, ਟਾਂਕੇ ਦਾ ਮੰਗ ਕੇ ਲੈ ਲਊ।' ਉਹ ਬੋਲਿਆ।

'ਇਹ ਤਾਂ ਜੀਜਾ ਚੋਰੀ ਹੋਈ ਫੇਰ, ਚੋਰੀ ਵੀ ਨਹੀਂ ਡਾਕਾ... ਮਨ ਤੇ ਭਾਰ ਨ੍ਹੀ ਪੈਂਦਾ?'

'ਪੈਂਦਾ ਏ, ਕਿਉਂ ਨ੍ਹੀ ਪੈਂਦਾ... ਇਸ ਭਾਰ ਦਾ ਵੀ ਇਲਾਜ ਹੈਗਾ ਏ ਦੁਖੀ।'

'ਉਹ ਕੀ?'

'ਤੈਨੂੰ ਪਤਾ ਏ ਦੁਖੀ ਮੈਂ ਦੇਵੀ ਭਗਤ ਹਾਂ। ਵੱਡੇ ਵੱਡੇ ਚੋਰ ਡਾਕੂ ਵੀ ਦੇਵੀ ਦੇ ਭਗਤ ਰਹੇ ਆਂ। ਤੂੰ ਵੱਡਾ ਹੋ ਕੇ ਕਿੱਸੇ ਪੜ੍ਹੇਂਗਾ, ਪਤਾ ਲੱਗੂ। ਮੈਂ ਹਰ ਸਾਲ ਸਾਉਣ ਦੇ ਚਾਲੇ ਦੇ ਵੀ ਦੇ ਜਾਂਦਾ ਹਾਂ। ਇਮਾਨਦਾਰੀ ਨਾਲ਼ ਐਸੀ ਕਮਾਈ ਦਾ ਦਸੌਂਧ ਦੇਵੀ ਦੇ ਚਰਨਾਂ' ਚ ਚੜ੍ਹਾ ਆਇਆ ਕਰਦਾ ਹਾਂ। ਦੇਵੀ ਮਾਂ ਦਾ ਚੜ੍ਹਾਵਾ ਮੈਂ ਅਲੱਗ ਹੀ ਰੱਖਿਆ ਹੋਇਆ ਏ। ਜਿਵੇ ਂ ਅੱਜ ਤਿੰਨ ਤੋਲ਼ੇ ਚਾਰ ਮਾਸੇ ਹੱਥ ਲੱਗੇ, ਚਾਰ ਮਾਸੇ ਦੇਵੀ ਦੇ ਚੜ੍ਹਾਵੇ' ਚ ਚਲੇ ਗਏ।'

ਇਹ ਗੱਲ ਦੁਖੀ ਨੂੰ ਪਹਿਲੀ ਵਾਰ ਪਤਾ ਲੱਗੀ ਕਿ ਉਸ ਦਾ ਜੀਜਾ ਪਰੇਮ ਟਾਂਕੇ ਦੀ ਕਮਾਈ ਤੇ ਸਬਰ ਕਰਨ ਵਾਲ਼ਾ ਸੁਨਿਆਰ ਨਹੀਂ ਸੀ। ਦੁਖੀ ਦੇ ਬਾਪ, ਦਾਦੇ ਵੀ ਇਹੋ ਜਿਹੇ ਦਾਅ ਮਾਰਦੇ ਆਏ ਸਨ। ਉਹ ਸਾਰੇ ਵੀ ਦੇਵੀ ਦੇ ਭਗਤ ਸਨ। ਦੁਖੀ ਦੀ ਬੇਬੇ ਨੂੰ ਵਿਧਵਾ ਹੋ ਜਾਣ ਮਗਰੋਂ ਉਸ ਕਮਾਈ ਤੋਂ ਨਫ਼ਰਤ ਹੋ ਗਈ ਸੀ, ਤਾਂ ਹੀ ਤਾਂ ਉਹ ਪਿੰਡ ਛੱਡਣ ਵੇਲੇ ਸੁਨਿਆਰੇ ਕੰਮ ਦੇ ਸਾਰੇ ਸੰਦ, ਠੱਪੇ ਬਗੈਰਾ ਆਸ਼ਾਬਾਦ ਦੇ ਟੋਭੇ ਵਿਚ ਸੁੱਟ ਆਈ ਸੀ।

'ਫੇਰ ਤਾਂ ਜੀਜਾ ਦੇਵੀ ਕਹਿੰਦੀ ਏ, ਲੁੱਟੀ ਜਾਓ ਲੋਕਾਂ ਨੂੰ।' ਦੁਖੀ ਨੇ ਕਿਹਾ ਤਾਂ ਉਹ ਹੱਸ ਪਿਆ। ਉਸ ਨੂੰ ਆਪਣੇ ਨਾਲ਼ ਘੁੱਟ ਕੇ ਬੋਲਿਆ, 'ਤੇਰੀ ਉਮਰ ਕਿੰਨੀ ਹੋਊ ਦੁਖੀ?'

'ਪੰਦਰਵਾਂ ਸਾਲ ਲੱਗਾ ਹੋਇਆ ਏ ਮੈਨੂੰ।' ਉਹ ਬੋਲਿਆ।

'ਤੂੰ ਤਾਂ ਹੁਣੇ ਐਨਾ ਸਿਆਣਾ ਏਂ, ਵੱਡਾ ਹੋ ਕੇ ਪਤਾ ਨੀ ਕੀ ਬਣੇਂਗਾ। ਅੱਜ ਵੀ ਮੈਂ ਤੈਨੂੰ ਚਾਹ-ਰੋਟੀ ਲਈ ਤਾਂ ਹੀ ਘਰ ਘੱਲਿਆ ਸੀ ਕਿ ਕਿਤੇ ਤੂੰ ਤਪੜੀ ਹੇਠ ਵੜਦਾ ਸੋਨਾ ਦੇਖ ਕੇ ਕੁਝ ਬੋਲ ਹੀ ਨਾ ਦੇਵੇਂ। ਵੱਡਾ ਹੋ ਕੇ ਤੂੰ ਜ਼ਰੂਰ ਕੋਈ ਅਫ਼ਸਰ ਲੱਗੇਂਗਾ।'

'ਮਾਮਾ ਕਹਿੰਦਾ ਸੀ, ਤੈਨੂੰ ਪੜ੍ਹਾ-ਲਿਖਾ ਕੇ ਵਜ਼ੀਰ ਬਣਾਉਣਾ ਏ।'

'ਵਜ਼ੀਰ ਮਾਮਾ ਕਿਵੇਂ ਬਣਾਦੂ? ਉਹ ਤਾਂ ਆਪ ਕੱਪੜੇ ਸਿਉਂਦਾ ਏ। ਨਾਲ਼ੇ ਤੈਨੂੰ ਕਿਸ ਨੇ ਕਿਹਾ ਕਿ ਵਜ਼ੀਰ ਬਣਨ ਲਈ ਪੜ੍ਹਨਾ ਪੈਂਦਾ ਏ?'

'ਕੰਮ ਕੀ ਕਰਦਾ ਹੁੰਦਾ ਏ ਵਜ਼ੀਰ?' ਦੁਖੀ ਨੇ ਪੁੱਛਿਆ।

'ਕੰਮ ਤਾਂ ਉਹ ਵੀ ਮੇਰੇ ਵਾਲ਼ਾ ਹੀ ਕਰਦਾ ਏ।' ਪਰੇਮ ਹੱਸਿਆ।

'ਸੁਨਿਆਰਾ?'

'ਨਹੀਂ ਸੁਨਿਆਰਾ ਨਹੀਂ, ਥੋੜ੍ਹਾ ਜਿਹਾ ਫ਼ਰਕ ਏ। ਉਹ ਭੇਡਾਂ ਚਾਰਦਾ ਹੁੰਦਾ ਏ। ਲੋਕ ਭੇਡਾਂ ਹੀ ਤਾਂ ਹੁੰਦੇ ਨੇ ਦੁਖੀ। ਚਾਰੀ ਜਾਉ ਤੇ ਉੱਨ ਲਾਹੀ ਜਾਉ।' ਪਰੇਮ ਬਹੁਤ ਜ਼ੋਰ ਨਾਲ਼ ਹੱਸਿਆ।

ਦੁਖੀ ਨੂੰ ਪਤਾ ਸੀ ਕਿ ਜਦੋਂ ਪਰੇਮ ਦੇਵੀ ਦੇ ਚਾਲੇ ਜਾਂਦਾ ਸੀ, ਤਾਂ ਉਸ ਨਾਲ਼ ਸਾਇਕਲਾਂ ਉੱਤੇ ਦਸ ਦਸ ਬੰਦੇ ਹੁੰਦੇ ਸਨ। ਜਾਂਦੇ ਹੋਏ ਵੀ ਤੇ ਫਿਰ ਮੁੜਦੇ ਹੋਏ ਵੀ ਉਹ ਰਾਤ ਦਾ ਪੜਾ ਘਨ੍ਹੱਈਏ ਕੋਲ਼ ਸਲਾਹਪੁਰ ਹੀ ਕਰਿਆ ਕਰਦੇ ਸਨ। ਔਰਤਾਂ ਰਲ਼-ਮਿਲ਼ ਕੇ ਖਾਣ ਲਈ ਬੜਾ ਕੁਝ ਬਣਾਉਂਦੀਆਂ। ਚੌਲ਼ਾਂ ਨਾਲ਼ ਬੂਰਾ ਪਾਇਆ ਜਾਂਦਾ, ਜਿਸ ਉੱਤੇ ਦੁਖੀ ਦੀ ਨਾਨੀ ਦਾ ਜੋੜਿਆ ਦੇਸੀ ਘੀ ਤਰਦਾ। ਖੀਰ, ਕੜਾਹ ਬਣਾਇਆ ਜਾਂਦਾ। ਘਨ੍ਹੱਈਏ ਵਿਚ ਪ੍ਰਾਹੁਣਚਾਰੀ ਦੀ ਬੜੀ ਭਾਵਨਾ ਸੀ। ਉਹ ਉਨ੍ਹਾਂ ਦੇ ਪੀਣ ਦਾ ਜੁਗਾੜ ਜੇਠ ਹਾੜ ਵਿਚ ਹੀ ਕਰ ਲਿਆ ਕਰਦਾ। ਰੋਟੀ ਖੁਆਉਣ ਲਈ ਪ੍ਰਾਹੁਣਿਆਂ ਨੂੰ ਤਹਿ ਮਾਰੇ ਖੇਸਾਂ ਦੀ ਪਾਲ਼ ਉੱਤੇ ਬਿਠਾਇਆ ਜਾਂਦਾ। ਉੱਥੇ ਬੈਠਿਆਂ ਦੇ ਹੀ ਹੱਥ ਧੁਆ ਕੇ ਥਾਲ਼ਾਂ ਵਿਚ ਸਭ ਕੁਝ ਪਰੋਸਿਆ ਜਾਂਦਾ। ਪ੍ਰਾਹੁਣੇ ਖਾਣੇ ਦੀਆਂ ਤਾਰੀਫ਼ਾਂ ਕਰੀ ਜਾਂਦੇ, 'ਵਾਹ ਬਈ ਮਾਮਾ, ਨਹੀਂ ਰੀਸਾਂ ਤੇਰੀਆਂ। ਬਈ ਸੁਆਦ ਆ ਗਿਆ। ਢਿੱਡ ਭਰ ਗਿਆ, ਪਰ ਜੀਭ ਸਹੁਰੀ ਦੀ ਰੱਜਣ' ਚ ਨੀ ਆਉਂਦੀ।'

'ਤਿਲਫੁਲ ਏ ਭਾਈ ਗਰੀਬ ਦਾ। ਪ੍ਰਵਾਨ ਕਰਿਓ। ਮੇਰੀ ਕੁੱਲੀ' ਚ ਚਰਨ ਪਾ ਕੇ ਤੁਸੀਂ ਮੈਨੂੰ ਧੰਨ ਕਰ ਦਿੱਤਾ।' ਘਨ੍ਹੱਈਆ ਖੁਸ਼ ਹੋ ਕੇ ਕਹਿੰਦਾ।

ਪਰੇਮ ਵੀ ਬਹੁਤ ਖੁਲ੍ਹ-ਦਿਲਾ ਸੀ। ਉਹ ਜੁਆਕਾਂ ਨੂੰ ਦੋ ਦੋ ਰੁਪਏ ਤੱਕ ਵੀ ਦੇ ਦਿੰਦਾ। ਇਕ ਵਾਰੀ ਉਸ ਨੇ ਦੁਖੀ ਦੀ ਬੇਬੇ ਨੂੰ ਵੀਹਾਂ ਦਾ ਨੋਟ ਦੇ ਕੇ ਕਿਹਾ ਸੀ, 'ਮਾਸੀ ਚੁੱਪ-ਚਾਪ ਫੜ ਲੈ। ਹੁਣ ਇਉਂ ਨਾ ਕਹਿ ਦਵੀਂ ਕਿ ਤੂੰ ਜੁਆਈ ਏਂ ਸਾਡਾ। ਕਦੀ ਗਹਿਣੇ ਭੰਨਵਾਏਂਗੀ ਤਾਂ ਮੈਂ ਆਪੇ ਪੂਰੇ ਕਰ ਲਊਂ।'

ਤੇ ਅੱਜ ਜਦੋਂ ਉਹ ਤੇਜੀ ਕੋਲੋਂ ਘਰ ਪੁੱਜੇ ਤਾਂ ਸ਼ਕੁੰਤਲਾ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਕਿ ਪਰੇਮ ਪੀ ਆਇਆ ਸੀ। ਪੈਰ ਤਾਂ ਉਹ ਸਿੱਧੇ ਹੀ ਧਰਦਾ ਸੀ, ਪਰ ਉੱਚੀ ਅਵਾਜ਼ ਵਿੱਚ ਗੱਲਾਂ ਪੁੱਠੀਆਂ ਕਰਨ ਲੱਗਾ ਸੀ।

'ਐਸ ਜੁਆਕ ਨੂੰ ਤਾਂ ਨੀ ਦੇ ਦਿੱਤੀ?' ਸ਼ਕੁੰਤਲਾ ਨੇ ਪੁੱਛਿਆ।

'ਲੈ ਭਾਗਾਂ ਆਲ਼ੀਏ ਮੈਂ ਕਿਤੇ ਨਿਆਣਾ ਏਂ?' ਉਹ ਬੋਲਿਆ।

**00**

# ਤੀਹ

ਦੁਖੀ ਜਿੰਨੀ ਦੇਰ ਬੇਗਮਪੁਰ ਰਹਿੰਦਾ, ਰੋਜ਼ੀ ਅਤੇ ਲਵਲੀ ਨੂੰ ਨਿੱਤ ਪੜ੍ਹਾਉਂਦਾ। ਦੋਨੋਂ ਬੱਚੇ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ। ਪੰਜਾਬੀ ਦੀ ਲਿਖਾਈ ਵਿਚ ਉਹ ਕੋਈ ਵੀ ਗਲਤੀ ਨਾ ਕਰਦੇ। ਹਿਸਾਬ ਦੇ ਸੁਆਲ ਵੀ ਝੱਟ ਕੱਢ ਕੇ ਅਹੁ ਮਾਰਦੇ। ਦੋਰਾਹੇ ਕਿਤਾਬਾਂ ਕਾਪੀਆਂ ਦੀ ਇੱਕੋ ਹੱਟੀ ਹੁੰਦੀ ਸੀ। ਪਰੇਮ ਜਦੋਂ ਵੀ ਦੋਰਾਹੇ ਜਾਂਦਾ, ਉਹ ਪੜ੍ਹਨ ਲਈ ਕਿੱਸੇ ਅਤੇ ਕਿਤਾਬਾਂ ਖ਼ੀਦਣ ਲਈ ਉਸ ਦੁਕਾਨ' ਤੇ ਜ਼ਰੂਰ ਜਾਂਦਾ। ਜੇ ਦੁਖੀ ਨਾਲ਼ ਹੁੰਦਾ ਤਾਂ ਦੁਕਾਨ ਦੇ ਬੁੱਢੇ ਮਾਲਕ ਗਰੇਵਾਲ ਦੇ ਚਿਹਰੇ ਵਿਚ ਅੱਖਾਂ ਗੱਡ ਕੇ ਉਹ 'ਬਾਬਾ ਬੁੱਢਾ ਜੀ' ਦੇ ਦਰਸ਼ਨ ਕਰ ਲੈਂਦਾ। ਉਸ ਦੀ ਸ਼ਕਲ ਬਾਬਾ ਜੀ ਨਾਲ਼ ਇੰਨ-ਬਿੰਨ ਮਿਲਦੀ ਸੀ। ਪਰੇਮ ਬੱਚਿਆਂ ਲਈ ਵੀ ਕਿਤਾਬਾਂ ਖ਼ੀਦਦਾ। ਉਹਨਾਂ ਨੂੰ ਵੀ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ।

ਉਨ੍ਹਾਂ ਦੇ ਗੁਆਂਢ ਵਿਚ ਹੀ ਪੰਮੀ ਨਾਂ ਦੀ ਇਕ ਗੋਰੀ ਚਿੱਟੀ ਤੇ ਚੰਗੀ ਸਿਹਤ ਵਾਲ਼ੀ ਕੁੜੀ ਆਪਣੀ ਮਾਂ ਨਾਲ਼ ਰਹਿੰਦੀ ਸੀ। ਕੁੜੀ ਦੇ ਆਪਣੀ ਮਾਂ ਵਾਂਗ ਹੀ ਭੂਰੇ ਰੇਸ਼ਮੀ ਵਾਲ਼ ਸਨ ਤੇ ਉਸ ਦੀਆਂ ਅੱਖਾਂ ਦੇ ਭਰਵੱਟੇ ਜਿਵੇਂ ਸੁੱਜੇ ਸੁੱਜੇ ਰਹਿੰਦੇ ਸਨ। ਸ਼ਕੁੰਤਲਾ ਨਾਲ਼ ਉਸ ਦੀ ਮਾਂ ਦਾ ਸਹੇਲਪੁਣਾ ਸੀ। ਉਹ ਬਹੁਤਾ ਸ਼ਕੁੰਤਲਾ ਦੇ ਘਰ ਹੀ ਵੜੀ ਰਹਿੰਦੀ। ਦੋਨੋਂ ਜਣੀਆਂ ਕੋਈ ਸਿਲਾਈ, ਕਢਾਈ ਜਾਂ ਨਾਲ਼ੇ, ਸਵੈਟਰ, ਕੋਟੀਆਂ ਆਦਿ ਬੁਣਨ ਦਾ ਕੰਮ ਵੀ ਕਰਦੀਆਂ ਰਹਿੰਦੀਆਂ ਤੇ ਗੱਲੀਂ ਵੀ ਜੁਟੀਆਂ ਰਹਿੰਦੀਆਂ। ਪੰਮੀ ਦਾ ਪਿਓ ਕਲਕੱਤੇ ਟਰਾਂਸਪੋਰਟਰ ਸੀ ਤੇ ਉਹ ਵਰ੍ਹੇ ਛਿਮਾਹੀ ਹੀ ਪੰਜਾਬ ਦਾ ਚੱਕਰ ਲਾਇਆ ਕਰਦਾ ਸੀ। ਪਿੱਛੇ ਜ਼ਮੀਨ ਠੇਕੇ ਤੇ ਦਿੱਤੀ ਹੋਣ ਕਰਕੇ ਮਾਂ ਧੀ ਪਿੰਡ ਹੀ ਰਹਿੰਦੀਆਂ ਸਨ। ਪੰਮੀ ਸੱਤਵੀਂ ਜਮਾਤ ਵਿਚ ਪੜ੍ਹਦੀ ਸੀ। ਸ਼ਕੁੰਤਲਾ ਨੇ ਉਸ ਦੀ ਮਾਂ ਨੂੰ ਦੁਖੀ ਬਾਰੇ ਦੱਸਿਆ ਤਾਂ ਪੰਮੀ ਵੀ ਉਸ ਕੋਲ਼ ਪੜ੍ਹਨ ਆਉਣ ਲੱਗ ਪਈ।

ਵਿਰੋਧੀ ਲਿੰਗ ਵੱਲ ਖਿੱਚ ਦਾ ਦੁਖੀ ਦੀ ਜ਼ਿੰਦਗੀ ਵਿਚ ਇਹ ਪਹਿਲਾ ਮੌਕਾ ਸੀ। ਪਤਾ ਹੀ ਨਾ ਲੱਗਾ, ਜਦੋਂ ਉਹ ਉਸ ਕੁੜੀ ਨੂੰ ਪਿਆਰ ਕਰਨ ਲੱਗ ਪਿਆ। ਪੰਮੀ ਉਸ ਵੱਲ ਦੇਖ ਕੇ ਮੁਸਕਰਾਉਂਦੀ ਤਾਂ ਉਸ ਨੂੰ ਲੱਗਦਾ ਜਿਵੇਂ ਉਸ ਦੇ ਅੰਦਰ ਖ਼ੂਨ ਦੌੜਨ ਲੱਗ ਪਿਆ ਹੋਵੇ। ਇਕ ਝਰਨਾਹਟ ਜਿਹੀ ਸਭ ਕੁਝ ਉਥਲ-ਪੁਥਲ ਕਰ ਰਹੀ ਹੋਵੇ। ਉਹ ਆਉਂਦੀ ਤਾਂ ਦੁਖੀ ਦੀ ਨਜ਼ਰ ਉਸਦੇ ਚਿਹਰੇ ਉੱਤੇ ਜੰਮ ਜਾਂਦੀ। ਉਸ ਦੀਆਂ ਮੋਟੀਆਂ ਮੋਟੀਆਂ ਪਲਕਾਂ ਫੁੱਲ ਤੇ ਬੈਠੀ ਤਿਤਲੀ ਦੇ ਖੰਭਾਂ ਦੀ ਤਰ੍ਹਾਂ ਖੁੱਲਦੀਆਂ, ਬੰਦ ਹੁੰਦੀਆਂ ਰਹਿੰਦੀਆਂ। ਉਸ ਦੇ ਕੰਨਾਂ ਹੇਠ ਗੱਲ੍ਹਾਂ ਵੱਲ ਨੂੰ ਭੂਰੇ ਭੂਰੇ ਵਾਲਾਂ ਦੀ ਲੂਈਂ ਦੁਖੀ ਨੂੰ ਬਹੁਤ ਪਿਆਰੀ ਲਗਦੀ। ਉਸ ਨੂੰ ਪੜ੍ਹਾਉਂਦਿਆਂ ਉਹ ਉਸਦੀਆਂ ਲੰਬੀਆਂ ਲੰਬੀਆਂ ਉਂਗਲਾਂ ਵੱਲ ਹੀ ਦੇਖਦਾ ਰਹਿੰਦਾ। ਕਦੀ ਕਦੀ ਉਸ ਦਾ ਹੱਥ ਉਸ ਦੇ ਹੱਥ ਨੂੰ ਛੂਹ ਜਾਂਦਾ ਤਾਂ ਸਾਰੇ ਸ਼ਰੀਰ' ਚੋਂ ਕੰਬਣੀ ਲੰਘ ਜਾਂਦੀ। ਇਕ ਸੁਖਦ ਅਨੁਭਵ ਨਾਲ਼ ਉਹ ਸੁਆਦ-ਸੁਆਦ ਹੋ ਜਾਂਦਾ। ਉਹ ਨਿੱਤ ਕਈ ਕਈ ਘੰਟੇ ਪੜ੍ਹਦੇ ਰਹਿੰਦੇ। ਦੁਖੀ ਉਸਦੀ ਡਰਾਇੰਗ ਵਾਲ਼ੀ ਕਾਪੀ ਉੱਤੇ ਤੋਤੇ, ਚਿੜੀਆਂ-ਘੁੱਗੀਆਂ, ਮੋਰਨੀਆਂ ਦੀਆਂ ਸ਼ਕਲਾਂ ਵਾਹ ਦਿੰਦਾ ਤਾਂ ਉਹ ਉਨ੍ਹਾਂ ਵਿਚ ਰੰਗ ਭਰਦੀ।

ਪੰਮੀ ਅਤੇ ਸ਼ਕੁੰਤਲਾ ਦੇ ਘਰਾਂ ਦੀ ਛੱਤ ਨਾਲ਼ੋ-ਨਾਲ਼ ਸੀ। ਦੋਹਾਂ ਘਰਾਂ' ਚੋਂ ਪੱਕੀਆਂ ਪੌੜੀਆਂ ਚੜ੍ਹਦੀਆਂ ਸਨ। ਦੁਖੀ ਇਕ ਦਿਨ ਕੋਠੇ ਤੇ ਚੜ੍ਹਿਆ ਤਾਂ ਪੰਮੀਂ ਤਾਰ ਉੱਤੇ ਕੱਪੜੇ ਸੁੱਕਣੇ ਪਾ ਰਹੀ ਸੀ। ਉਸ ਦੇ ਲਾਗੇ ਹੀ ਮੋਘੇ ਦੀ ਚਿਮਨੀ ਉੱਤੇ ਲੰਬੇ ਖੰਭਾਂ ਵਾਲ਼ਾ ਇਕ ਮੋਰ ਬੈਠਾ ਸੀ। ਦੁਖੀ ਦੇ ਪਿੰਡ ਤਾਂ ਮੋਰ ਕਦੀ-ਕਦਾਈਂ ਹੀ ਦਿਖਦੇ ਸਨ, ਪਰ ਐਥੇ ਬੇ ਗਮਪੁਰ ਵਿਚ ਕੋਠਿਆਂ ਉੱਤੇ ਆਮ ਘੁੰਮਦੇ ਸਨ।

ਪੈਲਾਂ ਪਾਉਂਦੇ ਸਨ ਤੇ ਮੋਰਨੀਆਂ ਦੁਆਲੇ ਘੁੰਮਦੀਆਂ ਜ਼ਮੀਨ ਤੇ ਠੂੰਗਾਂ ਮਾਰ ਦੀਆਂ ਰਹਿੰਦੀਆਂ ਸਨ। ਸਲਾਹਪੁਰ ਪਿੰਡ ਤੋਂ ਉਲਟ ਇੱਥੋਂ ਦੇ ਲੋਕ ਮੋਰਾਂ ਨੂੰ ਕੁਝ ਨਹੀਂ ਸਨ ਕਹਿੰਦੇ। ਪੰਮੀ ਦੁਖੀ ਨੂੰ ਦੇਖ ਕੇ ਮੁਸਕਰਾਈ ਤੇ ਕੱਪੜਿਆਂ ਵਾਲ਼ੀ ਬਾਲਟੀ ਉੱਥੇ ਹੀ ਛੱਡ ਉਸ ਦੇ ਲਾਗੇ ਆ ਕੇ ਬੋਲੀ, 'ਕੀ ਕਰਦਾ ਏਂ ਦੁਖੀ? ਦੁਖੀ ਵੀ ਕੀ ਨਾਂ ਰੱਖਿਆ ਏ ਤੂੰ।'

'ਕਿਉਂ ਚੰਗਾ ਨੀ ਲਗਦਾ ਤੈਨੂੰ?'

'ਨਹੀਂ, ਮੈਂ ਤੇਰਾ ਨਾਉਂ ਦੇਵ ਰੱਖ ਦਿੱਤਾ ਏ। ਤੈਨੂੰ ਅੱਗੇ ਤੋਂ ਦੇਵ ਹੀ ਕਿਹਾ ਕਰਾਂਗੀ।'

'ਦੇਵ ਤੈਨੂੰ ਚੰਗਾ ਲੱਗਦਾ ਏ?'

'ਆਹੋ, ਤੇਰੇ ਜਿੰਨਾਂ ਹੀ ਚੰਗਾ।' ਉਹ ਹੱਸੀ।

'ਇਹਦਾ ਮਤਲਬ ਮੈਂ ਤੈਨੂੰ ਚੰਗਾ ਲਗਦਾ ਏਂ?'

'ਆਹੋ।'

'ਕਿੰਨਾ ਕੁ?'

'ਐਨਾ!' ਪੰਮੀ ਨੇ ਹੱਸ ਕੇ ਦੋਨੋਂ ਬਾਹਾਂ ਆਲ਼ੇ-ਦੁਆਲੇ ਨੂੰ ਫੈਲਾ ਦਿੱਤੀਆਂ। ਚਿਮਨੀ ਤੇ ਬੈਠਾ ਮੋਰ ਡਰ ਗਿਆ ਤੇ ਉਡਾਰੀ ਭਰ ਲਈ। ਉਹ ਲਹਿਰੀਏ ਪਾਉਂਦਾ ਵੱਡੇ ਬੋਹੜ ਉੱਤੇ ਜਾ ਬੈਠਿਆ। ਦੁਖੀ ਨੇ ਪੰਮੀ ਦਾ ਹੱਥ ਫੜ ਲਿਆ। ਉਸ ਨੇ ਛੁਡਾਇਆ ਤਾਂ ਨਾ ਪਰ ਬੋਲੀ, 'ਛੱਡ ਦੇ ਦੇਵ ਮੇਰਾ ਹੱਥ ਕੋਈ ਦੇਖ ਲਊ।'

'ਤੈਨੂੰ ਇੱਕ ਗੱਲ ਪੁੱਛਣੀ ਏਂ।' ਦੁਖੀ ਬੋਲਿਆ।

'ਪੁੱਛ.... ਚਾਹੇ ਸੌ ਪੁੱਛ।' ਉਹ ਮੁਸਕਰਾਈ।

ਦੁਖੀ ਨੂੰ ਆਪ ਨੂੰ ਪਤਾ ਨਹੀਂ ਸੀ ਕਿ ਉਹ ਕੀ ਪੁੱਛਣਾ ਚਾਹੁੰਦਾ ਸੀ। ਸੋਚ ਸੋਚ ਕੇ ਉਹ ਬੋਲਿਆ, 'ਇਕੱਲੇ ਮੋਰ ਹੀ ਕਿਉਂ ਪੈਲਾਂ ਪਾਉਂਦੇ ਨੇ, ਮੋਰਨੀਆਂ ਕਿਉਂ ਨਹੀਂ?'

'ਛੱਡ ਦੇਵ, ਮੈਨੂੰ ਨ੍ਹੀ ਪਤਾ।' ਉਸ ਨੇ ਸੰਗ ਕੇ ਅੱਖਾਂ ਝੁਕਾ ਲਈਆਂ।

'ਤੇਰਾ ਹੱਥ ਬੜਾ ਸੁਹਣਾ ਏਂ ਪੰਮੀ।' ਉਹ ਬੋਲਿਆ।

'ਕਿਉਂ ਮੈਂ ਨ੍ਹੀ?'

'ਤੂੰ ਵੀ ਬਹੁਤ ਸੁਹਣੀ ਏਂ ਪੰਮੀ।' ਦੇਵ ਨੇ ਕਿਹਾ ਤੇ ਉਸਦਾ ਹੱਥ ਛੱਡ ਦਿੱਤਾ। ਪਿੱਠ ਘੁਮਾ ਕੇ ਉਹ ਪੌੜੀਆਂ ਵੱਲ ਨੂੰ ਭੱਜ ਗਈ। ਉਸ ਦੇ ਜਾਣ ਮਗਰੋਂ ਹੀ ਦੇਵ ਨੂੰ ਪਤਾ ਲੱਗਾ ਕਿ ਉਸ ਦਾ ਦਿਲ ਤਾਂ ਬੜੀ ਤੇਜ਼ੀ ਨਾਲ਼ ਧੱਕ-ਧੱਕ ਕਰ ਰਿਹਾ ਸੀ। ਇਕ ਨਸ਼ਾ ਜਿਹਾ ਉਸ ਤੇ ਭਾਰੂ ਹੋ ਗਿਆ।

ਪਰੇਮ ਨੇ ਘਰ ਟੋਕਾ ਕਰਨ ਵਾਲ਼ੀ ਮਸ਼ੀਨ ਗੱਡੀ ਹੋਈ ਸੀ। ਨਿੱਤ ਹੀ ਟਾਂਡੀ ਅਤੇ ਬਰਸੀਮ ਦਾ ਟੋਕਾ ਕਰਨਾ ਹੁੰਦਾ ਸੀ। ਜਦੋਂ ਭਾਸ਼ੀ ਘਰ ਨਾ ਹੁੰਦਾ, ਮਸ਼ੀਨ ਦੁਖੀ ਹੀ ਗੇੜਦਾ ਸੀ। ਸ਼ਕੁੰਤਲਾ ਟਾਂਡੀ ਤੇ ਬਰਸੀਮ ਮਿਲਾ ਮਿਲਾ ਰੁੱਗ ਲਾਈ ਜਾਂਦੀ। ਕਦੀ ਜੇ ਉੱਥੇ ਪੰਮੀ ਹੁੰਦੀ ਤਾਂ ਮਸ਼ੀਨ ਦਾ ਚੱਕਰ ਬੜੀ ਤੇਜ ਘੁੰਮਣ ਲੱਗਦਾ। ਦੁਖੀ ਇਕ ਵਾਰ ਵੀ ਨਾ ਰੁਕਦਾ। ਸਾਰਾ ਟੋਕਾ ਕਰਨ ਮਗਰੋਂ ਹੀ ਸਾਹ ਲੈਂਦਾ। ਪੰਮੀ ਨੂੰ ਦੇਖ ਕੇ ਦੁਖੀ ਵਿਚ ਲੋਹੜੇ ਦਾ ਜੋਸ਼ ਅਤੇ ਤਾਕਤ ਆ ਜਾਂਦੀ।

ਹੈਲੀਕਾਪਟਰਾਂ ਵਰਗੀਆਂ ਲੰਬੀ ਪੂਛ ਵਾਲ਼ੀਆਂ ਤਿੱਤਲੀਆਂ ਉੱਥੇ ਆਮ ਹੀ ਘੁੰਮਦੀਆਂ ਸਨ। ਸਲਾਹਪੁਰ ਉਨ੍ਹਾਂ ਨੂੰ ਭੰਬੀਰੀਆਂ ਕਹਿੰਦੇ ਸਨ, ਪਰ ਬੇਗਮਪੁਰ ਵਿਚ ਤਿਤਲੀਆਂ। ਲਵਲੀ, ਰੋਜ਼ੀ ਤੇ ਦੁਖੀ ਨਿੱਤ ਹੀ ਇਕ ਖੇਡ ਖੇਡਦੇ। ਕੋਈ ਤਿਤਲੀ ਫੜ ਲੈਣੀ ਤੇ ਉਸ ਦੀ ਪੂਛ ਨਾਲ਼ ਧਾਗਾ ਬੰਨ੍ਹ ਪਤੰਗ ਵਾਂਗ ਉਡਣ ਲਈ ਛੱਡ ਦੇਣੀ। ਉਹ ਧਾਗਾ ਖਿੱਚਕੇ ਜਾਂ ਛੱਡ ਕੇ ਉਸ ਨੂੰ ਹੇਠਾਂ ਉੱਪਰ ਵੀ ਕਰਦੇ ਰਹਿੰਦੇ। ਇਕ ਦਿਨ ਉਹ ਤਿੰਨੋਂ ਇਹ ਖੇਡ ਖੇ

ਡ ਰਹੇ ਸਨ ਕਿ ਤਿਤਲੀਆਂ ਵਾਲ਼ੀ ਫਰਾਕ ਪਾਈ ਪੰਮੀ ਉਨ੍ਹਾਂ ਕੋਲ਼ ਆ ਗਈ। ਉਹ ਇਹ ਖੇਡ ਦੇਖ ਕੇ ਰੋ ਪਈ ਤੇ ਬੋਲੀ, ' ਦੇਵ ਇਹ ਕੀ? ਤੂੰ ਵਿਚਾਰੀ ਤਿਤਲੀ ਦਾ ਪੇਟ ਨੂੜ ਦਿੱਤਾ। ਇਹ ਤਾਂ ਹੁਣ ਮਰ ਜਾਵੇਗੀ।'

'ਤਾਂ ਕੀ ਹੋਇਆ। ਬਥੇਰੀਆਂ ਨੇ ਤਿਤਲੀਆਂ। ਹੋਰ ਫੜ ਲਵਾਂਗੇ।' ਦੁਖੀ ਬੋਲਿਆ।

'ਹੋਇਆ ਕਿਉਂ ਨਹੀਂ? ਖੋਲ੍ਹ ਵਿਚਾਰੀ ਨੂੰ। ਉਡਣ ਦੇ ਇਸ ਨੂੰ। ਜੇ ਤੈਨੂੰ ਕੋਈ ਬੰਨ੍ਹੇ ?'

ਦੁਖੀ ਨੇ ਪੰਮੀ ਵੱਲ ਦੇਖਿਆ। ਉਸ ਦੀਆਂ ਅੱਖਾਂ' ਚੋਂ ਤਾਂ ਜਿਵੇਂ ਲਹੂ ਚੋਣ ਲੱਗ ਪਿਆ ਸੀ। ਦੁਖੀ ਧਾਗਾ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਤਿਤਲੀ ਦਾ ਲੱਕ ਵਿੱਚੋਂ ਟੁੱਟ ਗਿਆ। ਅੱਧਾ ਹਿੱਸਾ ਧਾਗੇ ਨਾਲ਼ ਹੀ ਲਟਕਦਾ ਰਹਿ ਗਿਆ। ਪੰਮੀ ਰੋਂਦੀ ਰੋਂਦੀ ਉਥੋਂ ਦੌੜ ਗਈ। ਉਸ ਦਿਨ ਮਗਰੋਂ ਦੁਖੀ ਨੇ ਤਿਤਲੀਆਂ ਫੜਨੀਆਂ ਬੰਦ ਕਰ ਦਿੱਤੀਆਂ। ਪੰਮੀ ਤਿੰਨ-ਚਾਰ ਦਿਨ ਉਸ ਨਾਲ਼ ਰੁੱਸੀ ਰਹੀ। ਜਦੋਂ ਮਿਲੀ ਤਾਂ ਉਹ ਬੋਲਿਆ, ' ਪੰਮੀ ਮੈਥੋਂ ਗਲਤੀ ਹੋ ਗਈ। ਸਾਰੀ ਉਮਰ ਨਹੀਂ ਫੜਾਂਗਾ ਕੋਈ ਤਿਤਲੀ।'

ਰੋਜ਼ੀ ਤੇ ਲਵਲੀ ਉਸ ਨੂੰ ਤਿਤਲੀਆਂ ਫੜਨ ਲਈ ਕਹਿੰਦੇ ਵੀ, ਪਰ ਦੁਖੀ ਨੂੰ ਤਾਂ ਤਿਤਲੀ ਦਾ ਲੱਕ ਟੁੱਟਣ ਦਾ ਬਹੁਤ ਪਛਤਾਵਾ ਹੋ ਗਿਆ ਸੀ। ਉਹ ਬੱਚਿਆਂ ਨੂੰ ਕਹਿੰਦਾ, 'ਮਾਰਨ ਦਿਓ ਉਡਾਰੀਆਂ ਵਿਚਾਰੀਆਂ ਨੂੰ, ਇਨ੍ਹਾਂ ਦੀ ਵੀ ਆਪਣੇ ਵਰਗੀ ਹੀ ਜਾਨ ਏਂ।'

ਇਕ ਦਿਨ ਰੋਜ਼ੀ ਨੇ ਆਪਣੀ ਮੰਮੀਂ ਸ਼ਕੁੰਤਲਾ ਨੂੰ ਕਿਹਾ, 'ਮਾਮੇ ਦਾ ਪੰਮੀ ਨੇ ਪਤਾ ਏ ਕੀ ਨਾਂ ਰੱਖਿਆ ਏ?'

'ਕੀ?' ਉਹ ਬੋਲੀ।

'ਦੇਵ ਕਹਿੰਦੀ ਦੁਖੀ ਵੀ ਭਲਾ ਕੋਈ ਨਾਂ ਹੋਇਆ।'

'ਦੁਖੀ, ਤੈਨੂੰ 'ਦੇਵ' ਨਾਂ ਚੰਗਾ ਲਗਦਾ ਏ?' ਸ਼ਕੁੰਤਲਾ ਨੇ ਪੁੱਛਿਆ।

'ਹਾਂ, ਬਹੁਤ ਚੰਗਾ ਬੀਬੀ।'

'ਤਾਂ ਫੇਰ ਅਸੀਂ ਵੀ ਤੈਨੂੰ ਦੇਵ ਹੀ ਕਿਹਾ ਕਰਾਂਗੇ। ਤੇਰਾ ਨਾਂ ਮਾਮੇ ਨੂੰ ਕਹਿ ਕੇ ਸਕੂਲ ਵਿਚ ਵੀ ਬਦਲਵਾ ਦੇਣਾ ਏਂ। 'ਦੁਖੀ' ਨਾਂ ਮੈਨੂੰ ਵੀ ਚੰਗਾ ਨ੍ਹੀ ਲਗਦਾ।'

'ਸਕੂਲ ਵਿਚ ਥੋੜ੍ਹੋ ਬਦਲ ਸਕਦੇ ਹਾਂ ਨਾਂ।' ਦੁਖੀ ਬੋਲਿਆ।

'ਬਦਲ ਕਿਉਂ ਨਹੀਂ ਸਕਦੇ। ਤੂੰ ਦੇਖੀਂ।' ਸ਼ਕੁੰਤਲਾ ਹੱਸੀ।

ਦੁਖੀ ਨੂੰ ਸਾਰੇ ਦੇਵ ਕਹਿਣ ਲੱਗ ਪਏ। ਪਰੇਮ ਕਹਿਣ ਲੱਗਾ, 'ਮਰਜਾਣੀ ਇਹ ਪੰਮੀ ਬੜੀ ਤੇਜ਼ ਆ। ਕਿੰਨਾ ਸੁਹਣਾ ਨਾਂ ਲੱਭਿਆ ਏ। ਦੇਵ ਯਾਨੀ ਦੇਵਤਾ। ਦੁਖੀ ਦਾ ਨਾਂ ਬਦਲਣ ਨੂੰ ਤਾਂ ਮੈਂ ਵੀ ਸੋਚਦਾ ਰਿਹਾ, ਪਰ ਕੋਈ ਸੁਝਿਆ ਹੀ ਨਹੀਂ।'

ਉਸ ਦੀ ਗੱਲ ਸੁਣ ਕੇ ਦੁਖੀ ਬਹੁਤ ਖੁਸ਼ ਹੋਇਆ। ਕੁਝ ਹੀ ਦਿਨਾਂ ਮਗਰੋਂ ਉਸ ਨੂੰ ਇੰਝ ਲੱਗਣ ਲੱਗਾ ਕਿ ਜਿਹੜਾ 'ਦੁਖੀ' ਉਸ ਦਿਨ ਹਰਬੰਤ ਦੇ ਸਾਇਕਲ ਮਗਰ ਬੈਠ ਸਲਾਹਪੁਰ ਤੋਂ ਬੇਗਮਪੁਰ ਆਇਆ ਸੀ, ਉਹ ਤਾਂ ਹੁਣ ਕਿਧਰੇ ਹੈ ਹੀ ਨਹੀਂ ਸੀ। ਉੱਥੇ ਤਾਂ ਹੁਣ ਦੇਵ ਸੀ, ਜਿਸ ਦੇ ਮੂਹਰੇ ਰੰਗਲ਼ੀ ਦੁਨੀਆਂ ਦੇ ਅਨੇਕ ਭੇਤ ਖੁੱਲ੍ਹਦੇ ਜਾ ਰਹੇ ਸਨ। ਜਿਸ ਦੀ ਛਾਤੀ ਅੰਦਰ ਦਿਲ ਨਾਂ ਦੀ ਇਕ ਅਜੀਬ ਸ਼ੈਅ ਨੇ ਧੜਕਣ ਰਾਹੀਂ ਆਪਣੀ ਹੋਂਦ

ਦੱਸਣੀ ਸ਼ੁਰੂ ਕਰ ਦਿੱਤੀ ਸੀ।

ਬੇਗਮਪੁਰ ਦੇ ਬਹੁਤੇ ਘਰਾਂ ਵਿਚ ਖੁੱਲ੍ਹੇ ਮੂੰਹ ਵਾਲ਼ੇ, ਮਧਰੇ ਕੱਦ ਦੇ ਨਲ਼ਕੇ ਹੁੰਦੇ ਸਨ। ਜਿਹੜੇ ਗੇੜਨ ਸਮੇਂ 'ਬੁਗਚੂ-ਬੁਗਚੂ' ਦੀ ਅਵਾਜ਼ ਕੱਢਦੇ ਸਨ। ਡੰਡੀ ਵੀ ਇਹਨਾਂ ਦੀ ਨਿੱਕੀ ਜਿਹੀ ਹੁੰਦੀ ਤੇ ਬੋਕੀ ਵੀ ਸੰਘ ਦੇ ਕੋਲ਼ ਹੀ ਪਈ ਦਿਖਾਈ ਦਿੰਦੀ। ਅਜਿਹੇ ਨਲ਼ਕੇ ਚਮਕੌਰ ਦੇ ਇਲਾਕੇ ਵਿਚ ਨਹੀਂ ਸਨ ਹੁੰਦੇ। ਇਕ ਦੋ ਘਰਾਂ ਵਿਚ ਸਲਾਹਪੁਰ ਵੀ ਨਲ਼ਕੇ ਲੱਗ ਗਏ ਸਨ। ਉਹ ਕਾਫੀ ਉੱਚੇ ਹੁੰਦੇ ਸਨ। ਲੰਬੀ ਪੂਛ ਅਤੇ ਮੁੜਵੇਂ ਮੂੰਹ ਵਾਲ਼ੇ ਉਹ ਨਲ਼ਕੇ ਕਿਸੇ ਲੰਗੂਰ ਦਾ ਭੁਲੇਖਾ ਪਾਉਂਦੇ ਸਨ। ਸ਼ਕੁੰਤਲਾ ਦੇ ਘਰ ਵੀ ਉਹੀ 'ਬੁਗਚੂ' ਕਹਿਣ ਵਾਲਾ ਬੌਣਾ ਨਲ਼ਕਾ ਲੱਗਾ ਹੋਇਆ ਸੀ। ਇਕ ਦਿਨ ਉਸ ਦੀ ਬੋਕੀ ਖ਼ਰਾਬ ਹੋ ਗਈ। ਪੰਮੀ ਦੀ ਮੰਮੀ ਤੇ ਸ਼ਕੁੰਤਲਾ ਵਿਹੜੇ ਵਿਚ ਬੈਠੀਆਂ ਉੱਨ ਦੇ ਗੋਲ਼ੇ ਬਣਾ ਰਹੀਆਂ ਸਨ ਕਿ ਸ਼ਕੁੰਤਲਾ ਬੋਲੀ, 'ਵੇ ਦੁਖੀ, ਇਕ ਬਾਲਟੀ ਪਾਣੀ ਦੀ ਭਰ ਲਿਆ, ਪੰਮੀ ਦੇ ਘਰੋਂ।'

'ਭੈਣੇ ਨਾਲ਼ੇ ਕਹਿੰਦੇ ਸੀ ਮੁੰਡੇ ਦਾ ਨਾਂ ਦੇਵ ਧਰ ਲਿਆ ਏ। ਫੇਰ 'ਦੁਖੀ' 'ਦੁਖੀ' ਕਹੀ ਜਾਂਦੀ ਏਂ।' ਪੰਮੀ ਦੀ ਮੰਮੀ ਬੋਲੀ।

'ਜ਼ੁਬਾਨ ਤੇ ਦੁਖੀ ਚੜ੍ਹਿਆ ਹੋਇਆ ਏ। ਭੁੱਲ ਜਾਂਦੀ ਹਾਂ ਕੀ ਕਰਾਂ।' ਸ਼ਕੁੰਤਲਾ ਹੱਸਦੀ ਬੋਲੀ।

ਦੁਖੀ ਬਾਲਟੀ ਚੁੱਕ ਕੇ ਬਾਹਰ ਨਿਕਲ਼ ਗਿਆ। ਪੰਮੀ ਦੇ ਘਰ ਨਲ਼ਕੇ ਦੇ ਮੂਹਰੇ ਇੱਟਾਂ ਦਾ ਇਕ ਛੋਟਾ ਜਿਹਾ ਵਾਗਲ਼ਾ ਬਣਿਆ ਹੋਇਆ ਸੀ। ਬਾਹਰਵਾਲਾ ਦਰਵਾਜ਼ਾ ਧੱਕ ਉਹ ਉਸ ਵਾਗਲ਼ੇ' ਚ ਵੜਿਆ ਤਾਂ ਕੱਪੜੇ ਖੋਲ੍ਹੀ ਪਟੜੇ ਤੇ ਬੈਠੀ ਪੰਮੀ ਬਾਲਟੀ ਵਿੱਚੋਂ ਗੜਵੀ ਨਾਲ਼ ਆਪਣੇ ਗੋਰੇ ਪਿੰਡੇ' ਤੇ ਪਾਣੀ ਪਾ ਰਹੀ ਸੀ। ਦੁਖੀ ਨੂੰ ਆਇਆ ਦੇਖ ਉਸ ਦੇ ਹੱਥੋਂ ਗੜਬੀ ਡਿਗ ਪਈ। ਉਸ ਨੇ ਦੋਨਾਂ ਹੱਥਾਂ ਨਾਲ਼ ਆਪਣਾ ਚਿਹਰਾ ਢਕ ਕੇ ਗੋਡਿਆਂ' ਚ ਫਸਾ ਲਿਆ ਤੇ ਗੁੱਛਾ-ਮੁੱਛਾ ਹੋ ਕੇ ਬੈਠ ਗਈ। ਦੁਖੀ ਦੇ ਤਾਂ ਜਿਵੇਂ ਹਸਾਨ ਹੀ ਮਾਰੇ ਗਏ। ਉਸ ਨੂੰ ਪਿੱਛੇ ਮੁੜ ਆਉਣਾ ਚਾਹੀਦਾ ਸੀ, ਪਰ ਇਹ ਗੱਲ ਉਸ ਨੂੰ ਸੁਝੀ ਹੀ ਨਾ। ਨਲ਼ਕੇ ਹੇਠ ਪਈ ਪੰਮੀ ਦੀ ਬਾਲਟੀ ਉਸ ਨੇ ਪਰ੍ਹੇ ਨੂੰ ਧੱਕ ਦਿੱਤੀ ਤੇ ਉਸ ਦੀ ਥਾਂ ਆਪਣੇ ਵਾਲ਼ੀ ਰੱਖ ਕੇ ਨਲ਼ਕੇ ਦਾ ਹੈਂਡਲ ਗੇੜਨ ਲੱਗ ਪਿਆ। 'ਬੁਗਚੂ' 'ਬੁਗਚੂ' ਹੁੰਦੀ ਰਹੀ ਤੇ ਦੁਖੀ ਐਧਰ-ਉੱਧਰ ਦੇਖਦਾ ਰਿਹਾ। ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਪਾਣੀ ਨਾਲ਼ ਬਾਲਟੀ ਭਰ ਕੇ ਉਛਲਣ ਲੱਗ ਪਈ। ਜਦੋਂ ਤੱਕ ਉਹ ਬਾਲਟੀ ਚੁੱਕ ਕੇ ਬਾਹਰ ਨਾ ਨਿਕਲ਼ ਗਿਆ, ਪੰਮੀ ਉਵੇਂ ਚਿਹਰਾ ਛੁਪਾਈ ਬੈਠੀ ਰਹੀ।

ਥੋੜ੍ਹੀ ਦੇਰ ਮਗਰੋਂ ਹੀ ਉਹ ਪੜ੍ਹਨ ਆ ਗਈ। ਉਸ ਦੇ ਰੇਸ਼ਮੀਂ ਵਾਲ਼ਾਂ ਦੇ ਸਿਰਿਆਂ ਤੋਂ ਪਾਣੀ ਦੇ ਮੋਤੀ ਬਣ ਬਣ ਧਰਤੀ ਤੇ ਡਿਗ ਰਹੇ ਸਨ। ਰੋਜ਼ੀ ਅਤੇ ਲਵਲੀ ਚੁੱਲ੍ਹੇ ਮੂਹਰੇ ਬੈਠੇ ਆਂਡਿਆਂ ਦੇ ਪੂੜੇ ਖਾ ਰਹੇ ਸਨ। ਪੰਮੀ ਦੀ ਮੰਮੀ ਬੋਲੀ, 'ਪੜ੍ਹ ਲੈ ਨੀ ਕੁੜੀਏ ਵੀਰ ਕੋਲ਼ੋਂ ਚਾਰ ਦਿਨ। ਪਤਾ ਨਹੀਂ ਇਹਨੇ ਕਦੋਂ ਚਲੇ ਜਾਣਾ ਏ।'

ਉਹ ਦੋਨੋਂ ਬਰਾਂਡੇ ਵਿਚ ਪਏ ਮੰਜੇ ਉੱਤੇ ਜਾ ਬੈਠੇ। ਦੌਣ ਉੱਤੇ ਬੈਠੀ ਪੰਮੀ ਹੌਲ਼ੀ ਦੇਣੇ ਬੋਲੀ, 'ਦੇਵ ਤੂੰ ਬੜਾ ਗੰਦਾ ਏਂ। ਮੈਂ ਨਹੀਂ ਤੇਰੇ ਕੋਲ਼ੋਂ ਪੜ੍ਹਿਆ ਕਰਨਾ।'

'ਕੀ ਗੱਲ ਪੰਮੀ ਮੈਥੋਂ ਕੋਈ ਗਲਤੀ ਹੋ ਗਈ?' ਉਸ ਨੇ ਪੁੱਛਿਆ।

'ਅਜੇ ਪੁੱਛਦੈ ਗਲਤੀ ਹੋ ਗਈ। ਤੂੰ ਤਾਂ ਬਹੁਤ ਬੇਸ਼ਰਮ ਏਂ। ਮੈਨੂੰ ਨਹਾਉਂਦੀ ਦੇਖ ਕੇ ਤੂੰ ਪਿੱਛੇ ਕਿਉਂ ਨਹੀਂ ਮੁੜਿਆ?'

'ਸਹੁੰ ਲੱਗੇ ਪੰਮੀ, ਜਿੰਨੀ ਦੇਰ ਮੈਂ ਬਾਲਟੀ ਭਰਦਾ ਰਿਹਾ। ਮੈਂ ਤਾਂ ਤੇਰੇ ਵੱਲ ਦੇਖਿਆ ਵੀ ਨਹੀਂ। ਮੇਰੇ ਨਾਲ਼ ਗੁੱਸੇ ਨਾ ਹੋਈਂ। ਮੈਂ ਮਾਫ਼ੀ ਮੰਗ ਲੈਂਦਾ ਏਂ।'

'ਚੰਦਰਿਆ ਜੇ ਮੰਮੀ ਆ ਜਾਂਦੀ ਉੱਤੇ? ਤੈਨੂੰ ਅਕਲ ਨੀ ਹੈਗੀ?'

'ਅਕਲ ਤਾਂ ਪੰਮੀ ਤੈਨੂੰ ਵੀ ਨੀ ਹੈਗੀ।'

'ਉਹ ਕਿਉਂ?'

'ਤੂੰ ਹੁਣ ਨਿਆਣੀ ਥੋੜ੍ਹੋ ਏਂ, ਚੌਦਾਂ ਪੰਦਰਾਂ ਸਾਲ ਦੀ ਤਾਂ ਹੋਵੇਂਗੀ ਹੀ। ਪਹਿਲਾਂ ਬਾਹਰਲੇ ਦਰਵਾਜ਼ੇ ਦੀ ਕੁੰਡੀ ਅੰਦਰੋਂ ਲਾਉਂਦੀ, ਫੇਰ ਨਹਾਉਂਦੀ।' ਦੇਵ ਨੇ ਕਿਹਾ।

'ਬੜਾ ਸ਼ੈਤਾਨ ਹੋ ਗਿਆ ਤੂੰ। ਪਰ ਮੈਨੂੰ ਤੂੰ ਫੇਰ ਵੀ ਚੰਗਾ ਲਗਦਾ ਏਂ। ਚੱਲ ਹੁਣ ਮਾਈ ਡੀਅਰ ਫਰੈਂਡ ਦੇਵ, ਪੜ੍ਹਾ ਮੈਨੂੰ।' ਪੰਮੀ ਨੇ ਉਸ ਦੀਆਂ ਅੱਖਾਂ ਵਿਚ ਦੇਖਦਿਆਂ ਕਿਹਾ।

ਦੁਖੀ ਕਈ ਵਾਰੀ ਜਿੰਦਰ ਭਾਬੀ ਨੂੰ ਯਾਦ ਕਰਦਾ। ਉਸ ਨੂੰ ਯਾਦ ਕਰ ਕਰ ਕੇ ਉਹ ਕਿੰਨਾ ਰੋਇਆ ਸੀ, ਪਰ ਪੰਮੀ ਦੇ ਪਿਆਰ ਦੀ ਤਾਂ ਤਾਸੀਰ ਹੀ ਹੋਰ ਸੀ। ਉਸ ਨੂੰ ਦੇਖਦਿਆਂ ਹੀ ਜੋ ਅਹਿਸਾਸ ਹੁੰਦਾ ਸੀ, ਉਸ ਦੇ ਤੁਲ ਦੁਨੀਆਂ ਵਿਚ ਕੋਈ ਖੁਸ਼ੀ ਅਜੇ ਤੱਕ ਉਸ ਨੇ ਨਹੀਂ ਸੀ ਦੇਖੀ।

**00**

# ਇਕੱਤੀ

ਬੇਗਮਪੁਰ ਪਿੰਡ ਵਿਚ ਜੱਟਾਂ ਦੇ ਇਕ ਵਿਆਹ ਸੀ ਤੇ ਬਰਾਤ ਇਕ ਵੱਡੀ ਮੋਟਰ ਤੇ ਕਈ ਕਾਰਾਂ ਵਿਚ ਦਿੱਲੀ ਤੋਂ ਆਈ ਸੀ। ਪਰੇਮ ਦੁਖੀ ਨੂੰ ਉਸ ਵਿਆਹ ਵਿਚ ਲੈ ਗਿਆ। ਉਸ ਦੀ ਮੁੰਡੇ ਦੇ ਪਿਓ ਨਾਲ਼ ਦੋਸਤੀ ਹੋਣ ਕਰਕੇ ਉਹ ਮੁੰਡੇ ਵਾਲ਼ਿਆਂ ਵੱਲੋਂ ਹੀ ਬਰਾਤੀ ਬਣ ਕੇ ਸ਼ਾਮਲ ਹੋਇਆ ਸੀ। ਉਹ ਦੋਨੋਂ ਸਿੱਧੇ ਡੇਰੇ ਵਿਚ ਪੁੱਜ ਗਏ। ਪਰੇਮ ਬਰਾਤੀਆਂ ਵਿਚ ਬਹਿ ਕੇ ਤਾਸ਼ ਖੇਡਣ ਲੱਗ ਪਿਆ। ਦੁਖੀ ਵੀ ਉਹਦੇ ਮਗਰ ਹੀ ਖੜ੍ਹ ਗਿਆ। ਦੁਖੀ ਨੂੰ ਪਤਾ ਨਾ ਲੱਗਾ ਕਿ ਉਹ ਮੰਜੇ ਉੱਤੇ ਪੈਸੇ ਰੱਖ ਰੱਖ ਕਿਹੜੀ ਖੇਡ, ਖੇਡ ਰਹੇ ਸਨ। ਇਕ ਜਣਾ ਪੱਤੇ ਦਿਖਾਉਂਣ ਲਈ ਕਹਿੰਦਾ ਜੇ ਅਗਲਾ ਉਹੀ ਪੱਤੇ ਦਿਖਾ ਦਿੰਦਾ ਤਾਂ ਸਾਰਿਆਂ ਮੂਹਰੇ ਪਏ ਰੁਪਏ ਵੀ ਹੂੰਝ ਲੈਂਦਾ। ਉਹ ਨਾਲ਼ ਦੀ ਨਾਲ਼ ਸ਼ਰਾਬ ਵੀ ਪੀਈ ਜਾ ਰਹੇ ਸਨ। ਇਕ ਬਿਲਕੁਲ ਚਿੱਟੇ ਸਿਰ ਵਾਲਾ ਮੋਨਾ ਬੰਦਾ, ਜਿਸ ਨੇ ਗਲ਼ੇ ਅਤੇ ਹੱਥਾਂ ਵਿਚ ਕਾਫ਼ੀ ਸੋਨਾ ਪਾਇਆ ਹੋਇਆ ਸੀ, ਜੇਬ੍ਹ ਵਿੱਚੋਂ ਕੱਢ ਰੁਪਿਆਂ ਦਾ ਮੀਂਹ ਵਰ੍ਹਾ ਰਿਹਾ ਸੀ ਤੇ ਹਾਰੀ ਜਾ ਰਿਹਾ ਸੀ। ਸ਼ਰਾਬ ਦਾ ਇਕ ਗਿਲਾਸ ਚੁੱਕ ਕੇ ਪਰੇਮ ਨੇ ਪਿੱਛੇ ਖੜ੍ਹੇ ਦੁਖੀ ਵੱਲ ਵਧਾਇਆ, ਪਰ ਉੱਸਨੇ ਲੈਣ ਤੋਂ ਇਨਕਾਰ ਕਰ ਦਿੱਤਾ। ਉਸ ਨੂੰ ਸ਼ਕੁੰਤਲਾ ਨੇ ਵਿਆਹ ਵਿਚ ਨਾ ਪੀਣ ਦੀ ਹਦਾਇਤ ਕੀਤੀ ਸੀ। ਪਰੇਮ ਨੇ ਦੁਖੀ ਨੂੰ ਆਪਣੀ ਵੱਖੀ ਕੋਲ਼ ਬਿਠਾ ਲਿਆ। ਉਸਨੇ ਕਾਫ਼ੀ ਸਾਰੇ ਨੋਟ ਦੁਖੀ ਨੂੰ ਫੜਾਏ ਤੇ ਕੰਨ ਲਾਗੇ ਮੂੰਹ ਕਰਕੇ ਕਿਹਾ,

'ਆਪਣੀ ਬੀਬੀ ਨੂੰ ਦਿਆ ਜਾ ਕੇ।'

ਉਹ ਘਰ ਨੂੰ ਉਡ ਲਿਆ ਤੇ ਸ਼ਕੁੰਤਲਾ ਨੂੰ ਪੈਸੇ ਜਾ ਫੜਾਏ। ਉਹ ਬੋਲੀ, 'ਵੇ ਦੁਖੀ ਉਹ ਤਾਸ਼ ਖੇਡਦੇ ਨੇ?'

'ਆਹੋ, ਰੁਪਏ ਵਿਚ ਰੱਖ ਦਿੰਦੇ ਨੇ ਤੇ ਥੋੜ੍ਹੀ ਦੇਰ ਮਗਰੋਂ ਇਕ ਜਣਾ ਹੂੰਝ ਲੈਂਦਾ ਏ।'

'ਸ਼ਰਾਬ ਵੀ ਪੀ ਰਹੇ ਹੋਣਗੇ?'

'ਆਹੋ।'

'ਫੇਰ ਤਾਂ ਜੂਆ ਚੱਲ ਰਿਹਾ ਏ। ਜ਼ਰੂਰ ਝਗੜਾ ਹੋਊ। ਕਰਦੀ ਹਾਂ ਲੋਟ ਜਾ ਕੇ।'

ਸ਼ਕੁੰਤਲਾ ਨੇ ਕੱਪੜੇ ਬਦਲੇ ਤੇ ਦੁਖੀ ਨੂੰ ਨਾਲ਼ ਲੈਕੇ ਡੇਰੇ ਜਾ ਵੜੀ। ਉਸਨੇ ਅੱਗੇ ਵਧ ਕੇ ਪਰੇਮ ਨੂੰ ਮੋਢੇ ਤੋਂ ਹਲੂਣ ਕੇ ਕਿਹਾ, 'ਸ਼ਰਮ ਹੈ ਭੋਰਾ ਤੁਹਾਨੂੰ? ਉੱਠੋ ਚਲੋ ਘਰ।'

'ਚੱਲ ਚੱਲ ਤੂੰ। ਆਉਂਦਾ ਏਂ ਮੈਂ ਠਹਿਰ ਕੇ।' ਪਰੇਮ ਬੋਲਿਆ।

'ਉੱਠਦੇ ਹੋ ਕਿ ਨਹੀਂ?' ਉੱਚੀ ਬੋਲਦਿਆਂ ਸ਼ਕੁੰਤਲਾ ਨੇ ਉਸ ਨੂੰ ਮੁੜ ਹਲੂਣਿਆਂ ਤਾਂ ਉਸਨੇ ਉਸਦਾ ਹੱਥ ਪਿੱਛੇ ਝੰਡਕ ਦਿੱਤਾ ਤੇ ਬੋਲਿਆ, 'ਐਵੇਂ ਪਾਗਲ ਨਾ ਬਣ। ਸੁਣਦਾ ਨਹੀਂ ਤੈਨੂੰ?'

'ਸਿੱਧੇ ਹੋ ਜੋ... ਮੈਂ ਕਹਿਨੀਆਂ... ਉੱਠੋ, ਨਹੀਂ ਖੇਡਣੀ ਤਾਸ਼ ਐਥੇ।' ਸ਼ਕੁੰਤਲਾ ਨੇ ਮੁੜ ਘੁਰਕੀ ਲਈ ਤਾਂ ਉਹ ਉੱਠ ਖੜ੍ਹਾ ਹੋਇਆ।

'ਪਰੇਮ ਸਿਆਂ ਇਉਂ ਵਿਚਾਲ਼ੇ ਛੱਡ ਕੇ ਨ੍ਹੀ ਦੌੜਨ ਦਿਆਂਗੇ। ਹਜਾਰ ਹਾਰੀ ਬੈਠਾ ਏਂ ਮੈਂ। ਆਹ ਸਭ ਕੁਝ ਲਾ ਦੂੰ।' ਚਿੱਟੇ ਸਿਰ ਵਾਲ਼ੇ ਬੰਦੇ ਨੇ ਪਹਿਨੇ ਹੋਏ ਸੋਨੇ ਵੱਲ ਇਸ਼ਾਰਾ ਕੀਤਾ।

'ਜੇ ਇਹ ਵੀ ਹਾਰ ਗਿਆ, ਹੋਰ ਕੀ ਲਾਏਂਗਾ? ਦਿੱਲੀ ਜਾ ਕੇ ਕਰੀਂ ਲਾਲਾ ਇਹ ਕਰਤੂਤਾਂ। ਸਾਡੇ ਘਰ ਨਾ ਪੱਟ। ਅਸੀਂ ਕਬੀਲਦਾਰ ਬੰਦੇ ਹਾਂ। ਬੈਠ ਰਹਿ ਚੁੱਪ ਕਰਕੇ। ਚਲੋ ਜੀ ਚਲੋ ਤੁਸੀਂ.... ਮੈਂ ਦੇਖਦੀ ਹਾਂ, ਕਿਵੇਂ ਰੋਕਦੈ ਕੋਈ।' ਲਾਲੇ ਨੂੰ ਘੁਰਕੀ ਦੇ ਕੇ ਉਸ ਨੇ ਪਰੇਮ ਨੂੰ ਘਰ ਵੱਲ ਤੋਰ ਲਿਆ। ਲਾਲਾ ਮੱਥੇ ਤੇ ਹੱਥ ਮਾਰ ਕੇ ਰਹਿ ਗਿਆ। ਦੁਖੀ ਉਨ੍ਹਾਂ ਦੋਨਾਂ ਦੇ ਮਗਰ ਘਰ ਨੂੰ ਚੱਲ ਪਿਆ।

'ਮੈਂ ਤਾਂ ਆਪ ਨੱਠਣਾ ਚਾਹੁੰਦਾ ਸੀ। ਬੜੀ ਸਿਆਣਪ ਕੀਤੀ ਤੂੰ ਭਾਗਵਾਨੇ।' ਪਰੇ ਮ ਘਰ ਅੰਦਰ ਵੜਦਾ ਬੋਲਿਆ।

'ਐਵੇਂ ਨਾ ਲੰਡੋਰਾਂ ਨਾਲ਼ ਬੈਠਿਆ ਕਰੋ ਪੀਣ। ਜੂਏ ਦੀ ਲਤ ਪੈ ਗਈ ਤਬਾਹ ਹੋਜੋਗੇ । ਛੱਡ ਦੋ ਇਹ ਪੁੱਠੇ ਕੰਮ।'

'ਉਹ ਲੰਡੋਰ ਨੀ ਹੈਗਾ ਸ਼ਕੁੰਤਲਾ। ਚਾਰ ਫੈਕਟਰੀਆਂ ਚਲਦੀਆਂ ਨੇ ਉਸ ਦੀਆਂ ਦਿੱਲੀ ਸ਼ਹਿਰ' ਚ। ਉਹਨੇ ਤਾਂ ਨਚਾਰ ਉੱਤੋਂ ਦੀ ਹੀ ਤੀਹ ਚਾਲ਼ੀ ਰੁਪਏ ਵਾਰ ਦਿੱਤੇ।'

'ਚਲੋ ਚਲੋ... ਪੈ ਜਾਉ ਅੰਦਰ ਵੜਕੇ। ਕੋਈ ਲੋੜ ਨੀ ਸਾਨੂੰ ਐਸੇ ਪੈਸੇ ਦੀ।'

ਪ੍ਰੇਮ ਅੰਦਰ ਵੜਿਆ ਤਾਂ ਸ਼ਕੁੰਤਲਾ ਦੁਖੀ ਨੂੰ ਕਹਿਣ ਲੱਗੀ, 'ਜਿਹੜਾ ਅੱਜ ਜਿੱਤ ਕੇ ਆਇਆ ਏ, ਉਹ ਭਲਕੇ ਫੇਰ ਖੇਡੂ। ਹਾਰੂ, ਹਾਰਦਾ ਜਾਊ। ਜੂਏਬਾਜ਼ੀ ਅਵੱਲਾ ਸ਼ੌਕ

ਏ। ਪੁੱਠੀ ਆਦਤ ਏ। ਜੀਹਨੂੰ ਪੈ ਗਈ, ਘਰਾਂ ਦੇ ਘਰ ਤਬਾਹ ਹੋ ਗਏ। ਦੁਖੀ, ਨਾ ਸੱਚ ਦੇਵ ਤੂੰ ਨਾ ਵੀਰੇ ਕਦੀ ਜੂਆ ਖੇਡੀਂ ਜ਼ਿੰਦਗੀ ਵਿਚ। ਤੂੰ ਸੁਣੀ ਨ੍ਹੀ ਕਹਾਣੀ ਉਹ ਪਾਂਡੋਆਂ ਦੀ... ਵੈਅ ਜਾਣੇ ਆਪਣੀ ਜ਼ਨਾਨੀ ਹੀ ਹਾਰ ਗਏ ਸੀ ਜੂਏ ਵਿਚ..... ਕੀ ਨਾਂ ਸੀ ਉਹਦਾ ਭਲਾ ਜਿਹਾ।'

'ਦਰਪੋਤੀ.... ਮਾਮੇ ਨੇ ਸੁਣਾਈ ਸੀ ਇਹ ਕਹਾਣੀ।' ਉਹ ਬੋਲਿਆ।

ਅਗਲੇ ਦਿਨ ਦੁਪਹਿਰ ਤੋਂ ਪਹਿਲਾਂ ਹੀ ਘਨ੍ਹੱਈਆ ਬੇਗਮਪੁਰ ਪੁੱਜ ਗਿਆ। ਉਹ ਦੁਖੀ ਨੂੰ ਲੈਣ ਆ ਗਿਆ ਸੀ। ਉਸ ਨੇ ਦੱਸਿਆ ਕਿ ਉਹ ਫਸਟ ਡਵੀਜ਼ਨ ਵਿਚ ਅੱਠਵੀਂ ਚੋਂ ਪਾਸ ਹੋ ਗਿਆ ਸੀ। ਉਹ ਲੱਡੂਆਂ ਦੇ ਦੋ ਲਿਫਾਫ਼ੇ, ਗੁੜ, ਸ਼ੱਕਰ, ਚੌਲ਼, ਲਸਣ ਬਗੈਰਾ ਵੀ ਲੈ ਕੇ ਆਇਆ ਸੀ। ਇਕ ਲਿਫਾਫ਼ਾ ਜੋ ਹਰਬੰਤ ਲਈ ਸੀ, ਉਹ ਉਸ ਨੇ ਝੋਲ਼ੇ ਵਿਚ ਹੀ ਰਹਿਣ ਦਿੱਤਾ। ਦੁਖੀ ਨੇ ਹੱਟ ਤੇ ਜਾ ਕੇ ਪਰੇਮ ਨੂੰ ਉਸ ਦੇ ਆਉਣ ਬਾਰੇ ਦੱਸਿਆ ਤਾਂ ਉਹ ਹੱਟ ਨੂੰ ਜਿੰਦਾ ਮਾਰ ਉਹਦੇ ਨਾਲ਼ ਹੀ ਘਰ ਆ ਗਿਆ। ਦੁਪਹਿਰ ਦੀ ਰੋਟੀ ਖਾਣ ਮਗਰੋਂ ਉਹ ਦੋਨੋਂ ਦੋਰਾਹੇ ਚਲੇ ਗਏ। ਪਰੇਮ ਉਸ ਨੂੰ ਉੱਥੇ ਕੋਈ ਪਲਾਟ ਦਿਖਾਉਣਾ ਚਾਹੁੰਦਾ ਸੀ। ਤੀਜੇ ਕੁ ਪਹਿਰ ਦੁਖੀ ਰੋਜ਼ੀ ਤੇ ਲਵਲੀ ਨੂੰ ਪੜ੍ਹਾਉਣ ਲੱਗ ਪਿਆ। ਛੇਤੀ ਹੀ ਪੰਮੀ ਦੀ ਮੰਮੀ ਵੀ ਉਸ ਨੂੰ ਨਾਲ਼ ਲੈ ਕੇ ਆ ਗਈ। ਬਰਾਂਡੇ ਵਿਚ ਉਹ ਤੇ ਸ਼ਕੁੰਤਲਾ ਦਰੀ ਬੁਣਨ ਲਈ ਤਾਣਾ ਤਣਨ ਲੱਗ ਪਈਆਂ। ਉਹ ਚਾਰੋਂ ਜਣੇ ਪੜ੍ਹਨਾ ਵਿੱਚੇ ਛੱਡ ਲੁਕਣਮੀਟੀ ਖੇਡਣ ਲੱਗ ਪਏ। ਜਿਸ ਦੀ ਵਾਰੀ ਆਉਂਦੀ ਉਹ ਸ਼ਕੁੰਤਲਾ ਹੋਣਾਂ ਕੋਲ਼ ਅੱਖਾਂ ਮੁੰਦ ਕੇ ਬੈਠ ਜਾਂਦਾ। ਜਦੋਂ ਸਾਰੇ ਲੁਕ ਜਾਂਦੇ, ਉਹ ਉੱਠ ਕੇ ਉਨ੍ਹਾਂ ਨੂੰ ਲੱਭਣ ਲੱਗਦਾ। ਲਵਲੀ ਨੇ ਅੱਖਾਂ ਮੁੰਦੀਆਂ ਤਾਂ ਉੱਥੇ ਪਈ ਇਕ ਬੋਰੀ ਵਿਚ ਵੜਕੇ ਰੋਜ਼ੀ ਗੁੱਛਾ-ਮੁੱਛਾ ਹੋ ਗਈ। ਪੰਮੀ ਦੌੜ ਕੇ ਦਰੋਂ ਬਾਹਰ ਨਿਕਲ਼ ਆਪਣੇ ਘਰ ਅੰਦਰ ਜਾ ਵੜੀ ਤੇ ਹਨੇਰੇ ਕਮਰੇ ਦੀ ਖੁਰਲ਼ੀ ਵਿਚ ਵੜ ਕੇ ਖਾਲੀ ਟੋਕਰਾ ਆਪਣੇ ਉਪਰ ਖਿੱਚ ਲਿਆ। ਦੁਖੀ ਵੀ ਉਹਦੇ ਮਗਰ ਗਿਆ ਤੇ ਉਹਦੇ ਘਰ' ਚ ਵੜ ਗਿਆ। ਇਹ ਸਬੱਬ ਹੀ ਸੀ ਕਿ ਉਹ ਵੀ ਖੁਰਲ਼ੀ ਵਿਚ ਪਏ ਉਸੇ ਟੋਕਰੇ ਹੇਠ ਜਾ ਵੜਿਆ। ਅੱਗੇ ਪੰਮੀ ਡਿਗੀ ਪਈ ਸੀ। ਉਸ ਨੇ ਦੁਖੀ ਨੂੰ ਆਪਣੇ ਨਾਲ਼ ਘੁੱਟ ਲਿਆ। ਦੁਖੀ ਨੇ ਵੀ ਉਸ ਦਾ ਹੱਥ ਫੜ ਲਿਆ ਤੇ ਬੋਲਿਆ, 'ਪੰਮੀ ਆਪਾਂ ਨੂੰ ਐਥੇ ਕੋਈ ਨਹੀਂ ਲੱਭ ਸਕਦਾ।'

'ਲੇਟ ਜਾ ਤੇਰਾ ਸਿਰ ਦਿਖਦਾ ਏ।' ਉਹ ਬੋਲੀ ਤਾਂ ਦੁਖੀ ਉਸਦੇ ਨਾਲ਼ ਜੁੜ ਕੇ ਪੈ ਗਿਆ। ਕਿੰਨੀਂ ਹੀ ਦੇਰ ਉਹ ਇਕ ਦੂਜੇ ਨਾਲ਼ ਚੁੰਬੜੇ ਸਾਹਾਂ ਦੀ ਅਵਾਜ਼ ਸੁਣਦੇ ਰਹੇ।

'ਮੈਂ ਕੱਲ੍ਹ ਸਵੇਰੇ ਚਲੇ ਜਾਣਾ ਏਂ ਪੰਮੀ। ਤੂੰ ਬਹੁਤ ਯਾਦ ਆਏਂਗੀ।' ਦੁਖੀ ਨੇ ਹੌਲ਼ੀ ਦੇਣੇ ਕਿਹਾ।

'ਮੈਨੂੰ ਆਪਣੇ ਨਾਲ਼ ਲੈ ਜਾ ਦੇਵ। ਮੇਰਾ ਵੀ ਜੀਅ ਨ੍ਹੀ ਲੱਗਣਾ।' ਅਜੇ ਉਹ ਬੋਲੀ ਹੀ ਸੀ ਕਿ ਉਨ੍ਹਾਂ ਦੇ ਉਪਰੋਂ ਟੋਕਰਾ ਖਿੱਚਿਆ ਗਿਆ। ਦੋਨਾਂ ਨੇ ਸਮਝਿਆ ਲਵਲੀ ਹੋਵੇਗਾ।

'ਐਥੇ ਕੀ ਕਰ ਰਹੇ ਹੋ ਤੁਸੀਂ?' ਪੰਮੀ ਦੀ ਮੰਮੀ ਦੀ ਸਖ਼ਤ ਅਵਾਜ਼ ਆਈ।

'ਅਸੀਂ ਲੁਕਣਮੀਟੀ ਖੇਡਦੇ ਹਾਂ।' ਪੰਮੀ ਬੋਲੀ ਤਾਂ ਉਸ ਦੀ ਮੰਮੀ ਨੇ ਉਸ ਨੂੰ ਗੁੱਤੋਂ

ਫੜ ਕੇ ਖਿੱਚਿਆ ਤੇ ਸਿਰ ਪਿੱਛੇ ਥੱਪੜ ਮਾਰਿਆ। ਫਿਰ ਚੀਕੀ, 'ਨਿਖ਼ਸਮੀਏਂ ਐਸ ਤਰ੍ਹਾਂ ਖੇਡਦੇ ਹੁੰਦੇ ਨੇ ਲੁੱਕਣਮੀਟੀ? ਤੈਨੂੰ ਸ਼ਰਮ ਹਿਆ ਹੈ ਭੋਰਾ?'

ਦੁਖੀ ਵੀ ਉੱਠ ਕੇ ਖੁਰਲ਼ੀ ਤੋਂ ਬਾਹਰ ਆ ਗਿਆ। ਪੰਮੀ ਰੋਣ ਲੱਗ ਪਈ ਸੀ।

'ਚੱਲ ਭੱਜ ਉਇ ਤੂੰ ਐਥੋਂ ਦੁਖੀ ਦੇ ਬੱਚਿਆ। ਖ਼ਬਰਦਾਰ ਜੇ ਕੁੜੀਆਂ ਨਾਲ਼ ਖੇਡਿਆ। ਤੇਰਾ ਬੂਥਾ ਭੰਨ ਦੇਊਂ ਜਨੌਰ ਜਿਹੇ ਦਾ।' ਉਹ ਕੜਕੀ।

ਦੁਖੀ ਕੰਬਦੀਆਂ ਲੱਤਾਂ ਨਾਲ਼ ਉੱਥੋਂ ਬਾਹਰ ਨਿਕਲ਼ਿਆ। ਉਹ ਲਵਲੀ ਹੋਣਾਂ ਕੋਲ਼ ਜਾਣ ਦੀ ਬਜਾਇ ਸਿੱਧਾ ਪਰੇਮ ਦੀ ਹੱਟ ਵੱਲ ਨਿਕਲ਼ ਗਿਆ, ਕਿਉਂਕਿ ਉਸ ਦਾ ਪਜਾਮਾ ਗਿੱਲਾ ਹੋ ਗਿਆ ਸੀ। ਪਰੇਮ ਦੀ ਹੱਟ ਨੂੰ ਤਾਲ਼ਾ ਲੱਗਾ ਹੋਇਆ ਸੀ। ਉਹ ਉਸ ਦੀ ਦੇਹਲ਼ੀ ਤੇ ਬੈਠ ਗਿਆ ਤੇ ਆਪਣਾ ਸਿਰ ਗੋਡਿਆਂ ਵਿਚ ਦੇ ਲਿਆ।

ਉਹ ਰਾਤ ਦੁਖੀ ਲਈ ਬਹੁਤ ਕਹਿਰ ਭਰੀ ਸੀ। ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਜੇ ਰਤਾ ਭਰ ਅੱਖ ਲੱਗਦੀ ਤਾਂ ਪੰਮੀ ਦੀ ਮੰਮੀ ਮੂਹਰੇ ਆ ਖੜ੍ਹਦੀ, 'ਚੱਲ ਭੱਜ ਉਇ ਐਥੋਂ ਦੁਖੀ ਦੇ ਬੱਚਿਆ। ਖ਼ਬਰਦਾਰ ਜੇ ਕੁੜੀਆਂ ਨਾਲ਼ ਖੇਡਿਆ। ਤੇਰਾ ਬੂਥਾ ਭੰਨ ਦੇਊਂ ਜਨੌਰ ਜਿਹੇ ਦਾ।'

ਮੁੜ ਉਸ ਨੇ ਨਾ ਪੰਮੀ ਦੇਖੀ ਨਾ ਉਸ ਦੀ ਮਾਂ। ਸਲਾਹਪੁਰ ਜਾਣ ਤੋਂ ਪਹਿਲਾਂ ਉਹ ਚਾਰ-ਪੰਜ ਵਾਰੀ ਪੌੜੀਆਂ ਚੜ੍ਹ ਕੇ ਕੋਠੇ ਦਾ ਗੇੜਾ ਕੱਢ ਆਇਆ। ਪੀਲ਼ੀ ਪੀਲ਼ੀ ਧੁੱਪ ਨਿਕਲੀ ਹੋਈ ਸੀ। ਕੋਈ ਚਿੜੀ ਜਨੌਰ ਕਿਧਰੇ ਵੀ ਦਿਖਾਈ ਨਹੀਂ ਸੀ ਦੇ ਰਿਹਾ। ਸਵੇਰੇ ਚੱਲਣ ਲੱਗਿਆਂ ਉਸ ਨੇ ਪੰਮੀ ਦੇ ਬੰਦ ਦਰ ਵੱਲ ਦੇਖ ਕੇ ਹਉਕਾ ਭਰਿਆ। ਪਿੰਡ ਦੇ ਦਰਵਾਜ਼ੇ ਤੱਕ ਉਹ ਆਪਣੇ ਮਾਮੇ ਦੇ ਮਗਰ ਮਗਰ ਤੁਰੀ ਗਿਆ। ਦਰਵਾਜ਼ਾ ਲੰਘ ਕੇ ਘਨ੍ਹੱਈਆ ਸਾਇਕਲ ਤੇ ਚੜ੍ਹ ਗਿਆ ਤੇ ਬੋਲਿਆ, 'ਮਾਰ ਬਈ ਦੁਖੀ ਪਲਾਕ੍ਹੀ। ਬਹਿ ਜਾ ਪਿੱਛੇ।'

'ਦੁਖੀ ਨਾ ਕਿਹਾ ਕਰ ਮੈਨੂੰ... ਹੁਣ ਮੇਰਾ ਨਾਂ 'ਦੇਵ' ਏ।' ਭਰੀਆਂ ਅੱਖਾਂ ਨਾਲ਼ ਦੁਖੀ ਬੋਲਿਆ ਤੇ ਸਾਇਕਲ ਮਗਰ ਚੜ੍ਹ ਗਿਆ।

'ਇਹ ਨਾਂ ਸ਼ਕੁੰਤਲਾ ਨੇ ਰੱਖਿਆ ਏ? ਬੜਾ ਵਧੀਆ ਏ। ਦੇਵ ਦਾ ਮਤਲਬ ਵੀ ਸਮਝਦਾ ਏਂ?'

ਉਹ 'ਦੇਵ' ਦਾ ਵੀ ਤੇ 'ਦੈਂਤ' ਦਾ ਵੀ ਮਤਲਬ ਸਮਝਦਾ ਸੀ, ਪਰ ਚੁੱਪ ਰਿਹਾ। ਥੋੜ੍ਹੀ ਦੂਰ ਜਾ ਕੇ ਘਨ੍ਹੱਈਆ ਬੋਲਿਆ, 'ਚੰਗਾ ਬਈ ਦੇਵ ਸਿਆਂ ਕੋਈ ਗੀਤ ਹੀ ਸੁਣਾ ਦੇ।'

ਦੁਖੀ ਦੇ ਕਿੰਨੇ ਹੀ ਗੀਤ ਯਾਦ ਸਨ, ਪਰ ਉਹ ਬੋਲਿਆ, 'ਮੈਨੂੰ ਨਹੀਂ ਆਉਂਦਾ ਗੀਤ ਗੂਤ।'

'ਛੁੱਟੀਆਂ ਫੇਰ ਆਈਆਂ ਛੀ ਮਹੀਨੇ ਤੱਕ, ਆ ਜਾਈਂ ਯਾਰ। ਦੇਵ ਸਿਆਂ, ਦੁਖੀ ਕਿਉਂ ਹੁੰਦਾ ਏਂ।' ਉਸਦਾ ਮਾਮਾ ਬੋਲਿਆ।

ਉਹ ਪਿੰਡ ਪਹੁੰਚ ਘਰ ਵੜੇ ਤਾਂ ਗਲ਼ੀ ਵਿਚ ਵੱਡੀ ਕਾਠੀ ਵਾਲ਼ਾ ਨਰਾਤਾ ਰਾਮ ਦਾ ਸਾਇਕਲ ਖੜ੍ਹਾ ਸੀ। ਉਹ ਘਨ੍ਹੱਈਏ ਦੇ ਜਾਣ ਮਗਰੋਂ ਘੁੰਗਰਾਲ਼ੀ ਤੋਂ ਆ ਗਿਆ ਹੋਵੇਗਾ।

ਨਰਾਤਾ ਰਾਮ ਹੱਟੀ' ਚੋਂ ਉੱਠ ਉਨ੍ਹਾਂ ਲਾਗੇ ਜਾ ਖੜ੍ਹਿਆ। ਦੁਖੀ ਦੀ ਮਾਮੀ ਲਲਤਾ ਵੀ ਆ ਗਈ ਤੇ ਬੋਲੀ, 'ਮਾਰ੍ਹਾਜ ਜੀ, ਇਹਨੂੰ ਕਹੋ ਇਹ ਆਪਣੀ ਗੰਦੀ ਸੂਰਤ ਲੈ ਕੇ ਐਥੋਂ ਦਫ਼ਾ ਹੋ ਜਾਵੇ ਤੇ ਮੁੜ ਕਦੀ ਸਾਡੇ ਮੱਥੇ ਨਾ ਲੱਗੇ।'

'ਕੀ ਗੱਲ ਹੋਈ ਲਲਤਾ?' ਘਨ੍ਹੱਈਆ ਹੈਰਾਨ ਹੋ ਕੇ ਬੋਲਿਆ।

ਉਹ ਉਸ ਨੂੰ ਕੋਠੜੀ ਅੰਦਰ ਲੈ ਗਈ ਤੇ ਕਾਫੀ ਦੇਰ ਘੁਸਰ-ਮੁਸਰ ਕਰਦੀ ਰਹੀ। ਬਾਹਰ ਆ ਕੇ ਘਨ੍ਹੱਈਆ ਬੋਲਿਆ, 'ਤੈਨੂੰ ਸ਼ਰਮ ਨਾ ਆਈ ਵੀਰ? ਇਹ ਤੂੰ ਕੀ ਕੀਤਾ?'

'ਮੈਨੂੰ ਮਾਫ ਕਰਦੇ ਘਨ੍ਹੱਈਏ। ਮੇਰੀ ਬੁੱਧੀ ਭ੍ਰਿਸ਼ਟ ਹੋ ਗਈ ਸੀ। ਇਹ ਤਾਂ ਮੇਰੀ ਛੋਟੀ ਭੈਣ ਏਂ।'

'ਮੈਂ ਕਰਨਾ ਏ ਮਾਫ਼ ਤੈ... ਅ.... ਅ...... ਨੂੰ?' ਘਨ੍ਹੱਈਏ ਦੇ ਬੁੱਲ੍ਹ ਕੰਬਣ ਲੱਗੇ ਤੇ ਹੱਕ ਪੈਣ ਲੱਗੀ।

ਨਰਾਤਾ ਰਾਮ ਤੁਰਲੇ ਵਾਲ਼ੀ ਮਾਇਆ ਲੱਗੀ ਗੁਲਾਬੀ ਪੱਗ ਸਿਰੋਂ ਲਾਹ ਕੇ ਅੱਗੇ ਵਧਿਆ ਤਾਂ ਘਨ੍ਹੱਈਏ ਨੇ ਰੋਕ ਲਿਆ ਤੇ ਬੋਲਿਆ, 'ਬਲਦੇਵ ਦੇ ਸਹੁਰੇ ਦੇ ਪੈਰੀਂ ਪੱਗ ਰੱਖ ਕੇ ਤੂੰ ਮਾਫ਼ੀ ਮੰਗ ਲਈ ਸੀ.... ਹੁਣ ਗੱਲ ਹੋਰ ਐ। ਲਲਤਾ ਤੈਨੂੰ ਮਾਫ਼ ਨਹੀਂ ਕਰਨ ਲੱਗੀ।'

ਦੁਖੀ ਇਹ ਸਾਰਾ ਡਰਾਮਾ ਦੇਖਦਾ ਹੀ ਰਹਿ ਗਿਆ। ਉਸ ਦੇ ਪਿੜ-ਪੱਲੇ ਕੁਝ ਵੀ ਨਾ ਪਿਆ।

**00**

# ਬੱਤੀ

ਦੁਖੀ ਦੇ ਨੌਂਵੀਂ ਜਮਾਤ ਵਿਚ ਦਾਖ਼ਲਾ ਲੈਣ ਤੋਂ ਪੰਜ-ਸੱਤ ਦਿਨ ਪਹਿਲਾਂ ਹੀ ਆਗਰੇ ਤੋਂ ਰਾਮ ਚੰਦ ਆਪਣੇ ਸਹੁਰੀਂ ਕਿਸੇ ਕੰਮ ਪਟਿਆਲ਼ੇ ਆਇਆ ਸੀ। ਵਾਪਸੀ ਸਮੇਂ ਉਹ ਸਲਾਹਪੁਰ ਵੀ ਮਿਲਣ ਆ ਗਿਆ। ਉਹ ਆਗਰੇ ਤੋਂ ਕਾਫ਼ੀ ਸਮਾਨ ਲੈ ਕੇ ਆਇਆ ਸੀ। ਪੇਠੇ ਦੀ ਮਠਿਆਈ, ਦਾਲ਼ ਮੋਠ, ਅੰਗੂਰੀ ਪੇਠਾ, ਮਾਰਬਲ ਦਾ ਸ਼ੀਸ਼ੇ ਵਿਚ ਬੰਦ ਤਾਜ਼ ਮਹੱਲ, ਬਨਾਉਟੀ ਕਬੂਤਰਾਂ ਦੀ ਜੋੜੀ, ਟਾਈਮ ਪੀਸ, ਕਾਪੀਆਂ ਪੈੱਨ, ਜੁਮੈਟਰੀ ਬਕਸ ਬਗੈਰਾ ਨਾਲ਼ ਇਕ ਪੂਰਾ ਗੱਤੇ ਦਾ ਡੱਬਾ ਭਰਿਆ ਹੋਇਆ ਸੀ। ਉਹ ਘਨ੍ਹੱਈਏ, ਲਲਤਾ, ਭਾਗਵੰਤੀ ਤੇ ਆਪਣੀ ਨਾਨੀ ਚਿੰਦੀ ਲਈ ਦਿਆਲਬਾਗ ਦੀਆਂ ਬਣੀਆਂ ਜੁੱਤੀਆਂ ਵੀ ਲਿਆਇਆ ਸੀ। ਇਨ੍ਹਾਂ ਜੁੱਤੀਆਂ ਦੇ ਨਾਪ ਉਸ ਨੇ ਪਹਿਲਾਂ ਹੀ ਮੰਗਵਾ ਲਏ ਸਨ। ਹਰ ਜੁੱਤੀ ਵਿਚ ਕੁਝ ਨਾ ਕੁਝ ਨੁਕਸ ਹੋਣ ਕਰਕੇ ਇਹ ਰਿਜੈਕਟਡ ਮਾਲ ਸੀ ਤੇ ਉਸ ਨੂੰ ਕੌਡੀਆਂ ਦੇ ਭਾਅ ਹੀ ਮਿਲ ਗਿਆ ਸੀ। ਉਸ ਨੇ ਦੁਖੀ ਨੂੰ ਟਾਈਮਪੀਸ ਫੜਾਉਂਦਿਆਂ ਕਿਹਾ ਸੀ, 'ਤੂੰ ਦੁਖੀ ਟਾਈਮ ਟੇਬਲ ਬਣਾ ਕੇ ਪੜ੍ਹਿਆ ਕਰਨਾ ਹੈ। ਨਿੱਤ ਚਾਰ ਵਜੇ ਦਾ ਅਲਾਰਮ ਲਾ ਕੇ ਤੜਕੇ ਉੱਠਣਾ ਹੈ। ਦਸਵੀਂ ਐਥੋਂ ਪਾਸ ਕਰ ਲੈ, ਅਗਲੀ ਪੜ੍ਹਾਈ ਦੀ ਜ਼ਿੰਮੇਵਾਰੀ ਮੇਰੀ। ਆਖ਼ਿਰ ਨੂੰ ਆਉਣਾ ਤਾਂ ਪੰਜਾਬ ਹੀ ਪੈਣਾ ਏਂ। ਹਰ ਜਗ੍ਹਾ ਦਸਵੀਂ ਤੀਕ ਪੰਜਾਬੀ ਦੀ ਪੜ੍ਹਾਈ ਦੀ ਲੋੜ ਪਵੇਗੀ।'

ਉਹ ਆਪਣੇ ਨਾਲ਼ ਇਕ ਵੱਡੇ ਸਿੰਙਾਂ ਵਾਲ਼ੇ ਹਿਰਨ ਦੀ ਸਿਰੀ ਵੀ ਲੈ ਕੇ ਆਇਆ

ਸੀ। ਇਹ ਸਿਰੀ ਗਰਦਣ ਤੱਕ ਮਸਾਲਿਆਂ ਨਾਲ਼ ਭਰਕੇ ਗਰਦਣ ਪਿੱਛੇ ਲੱਕੜੀ ਦੀ ਪਲੇਟ ਲਾਈ ਹੋਈ ਸੀ। ਉਸ ਵਿਚ ਜੜੀ ਪੱਤੀ ਦੇ ਆਸਰੇ ਉਸ ਨੂੰ ਕੰਧ ਵਿਚ ਫਿੱਟ ਕੀਤਾ ਜਾ ਸਕਦਾ ਸੀ। ਇਸ ਹਿਰਨ ਦਾ ਮੂੰਹ ਜਿਉਂਦੇ ਜਾਗਦੇ ਹਿਰਨ ਵਰਗਾ ਸੀ। ਇਹ ਸਿਰੀ ਉਸ ਨੇ ਬਾਹਰਲੇ ਕੋਠੇ ਦੀ ਸਾਮ੍ਹਣੀ ਕੰਧ ਉੱਤੇ ਫਿੱਟ ਕਰ ਦਿੱਤੀ। ਉਸ ਹਿਰਨ ਦੀਆਂ ਅੱਖਾਂ' ਚੋਂ ਹਰ ਸਮੇਂ ਹੰਝੂਆਂ ਦੀ ਇਕ ਲੀਕ ਜਿਹੀ ਵਹਿੰਦੀ ਰਹਿੰਦੀ। ਦੁਖੀ ਨੂੰ ਉਹ ਹਮੇਸ਼ਾ ਰੋ ਰਿਹਾ ਲਗਦਾ। ਉਸ ਨੂੰ ਦੇਖ ਕੇ ਉਸ ਦਾ ਮਨ ਬੜਾ ਖ਼ਰਾਬ ਹੁੰਦਾ। ਰਾਮ ਚੰਦ ਉਸੇ ਹਿਰਨ ਦਾ ਤਲ਼ਿਆ ਹੋਇਆ ਮਾਸ ਵੀ ਨਾਲ਼ ਲੈ ਕੇ ਆਇਆ ਸੀ, ਬਿਲਕੁਲ ਜਿੰਮੀਕੰਦ ਦੇ ਭੁੰਨੇ ਹੋਏ ਟੁਕੜਿਆਂ ਵਰਗਾ। ਉਹ ਮਾਸ ਕਿਸੇ ਨੂੰ ਸਵਾਦ ਹੀ ਨਹੀਂ ਸੀ ਲੱਗਾ। ਜੰਗਲ ਵਿੱਚੋਂ ਮਾਰੇ ਗਏ ਹਿਰਨਾਂ ਪਾੜ੍ਹਿਆਂ ਦਾ ਮਾਸ ਤਾਂ ਉਨ੍ਹਾਂ ਨੂੰ ਮਿਲਦਾ ਹੀ ਰਹਿੰਦਾ ਸੀ, ਜੋ ਬੜਾ ਸਵਾਦੀ ਹੁੰਦਾ, ਪਰ ਇਸ ਵਾਲ਼ੇ ਦਾ ਤਾਂ ਜਾਇਕਾ ਹੀ ਹੋਰ ਸੀ। ਰਾਮ ਚੰਦ ਇਹ ਗੱਲ ਬੜੇ ਫ਼ਖ਼ਰ ਨਾਲ਼ ਦੱਸ ਰਿਹਾ ਸੀ, ਕਿ ਇਹ ਹਿਰਨ ਉਸ ਨੇ ਖ਼ੁਦ ਮਾਰਿਆ ਸੀ।

ਉਸ ਨੇ ਆਪਣੇ ਮਾਮੇ ਘਨ੍ਹੱਈਏ ਨੂੰ ਇਕ ਗੱਲ ਹੋਰ ਦੱਸੀ ਕਿ ਉਹ ਤਿੰਨੋਂ ਭਰਾ ਹੁਣ ਸਿੱਖ ਨਾਵਾਂ ਵਾਲ਼ੇ ਬਣ ਗਏ ਸਨ। ਉਹ ਆਪ ਰਾਮ ਸਿੰਘ, ਹਰੀਵੰਸ਼, ਹਰੀਵੰਸ਼ ਸਿੰਘ ਤੇ ਬੇਅੰਤ, ਬੇਅੰਤ ਸਿੰਘ। ਇਹ ਨਾਂ ਅਖ਼ਬਾਰ ਵਿਚ ਕਢਵਾ ਕੇ ਬਦਲੇ ਗਏ ਸਨ। ਘਨ੍ਹੱਈਆ ਬੋਲਿਆ, 'ਜਿਹੜਾ ਬਦਲਣਾ ਸੀ, ਉਹ ਤਾਂ ਬਦਲਿਆ ਨਹੀਂ।'

'ਉਹ ਕਿਹੜਾ?' ਰਾਮ ਚੰਦ ਨੇ ਪੁੱਛਿਆ।

'ਦੁਖੀ ਦਾ। ਨਾਂ ਤਾਂ ਉਹਨੇ ਰੱਖ ਲਿਆ ਪਰ ਅਖ਼ਬਾਰ' ਚ ਆਊ ਸਕੂਲ ਵਾਲ਼ੇ ਤਾਂ ਹੀ ਬਦਲਣਗੇ।'

'ਕੀ ਰੱਖਣਾ ਏਂ ਨਾਂ? ਮੈਂ ਅਖ਼ਬਾਰ' ਚ ਕਢਵਾ ਦਿਆਂਗਾ।' ਉਹ ਬੋਲਿਆ।

ਜਦੋਂ ਦੁਖੀ ਨੇ ਦੱਸਿਆ ਕਿ ਉਸ ਨੇ ਕੇਵਲ ਦੇਵ ਨਾਂ ਰੱਖਣਾ ਏਂ ਦੇਵ ਸਿੰਘ ਜਾਂ ਦੇਵ ਰਾਮ ਨਹੀਂ ਤਾਂ ਰਾਮ ਚੰਦ ਬੜਾ ਹੈਰਾਨ ਹੋਇਆ ਤੇ ਹਸਦਾ ਬੋਲਿਆ, 'ਸਾਡੇ ਵਡਾਰੂ ਹਿੰਦੂ ਸੀਗੇ, ਅਸੀਂ ਤਿੰਨੋਂ ਤਾਂ ਭਾਈ ਬਣ ਗਏ ਸਿੱਖ, ਇਹ 'ਦੇਵ' ਕੀ ਹੋਇਆ?'

'ਨਾ ਸਿੱਖ ਨਾ ਹਿੰਦੂ, ਬੱਸ 'ਕੱਲਾ ਦੇਵ।' ਦੁਖੀ ਬੋਲਿਆ।

ਰਾਮ ਚੰਦ ਚਮਕੌਰ ਦੇ ਗੁਰਦੁਆਰਿਆਂ ਵਿਚ ਮੱਥਾ ਟੇਕਣ ਗਿਆ ਤਾਂ ਦੁਖੀ ਨੂੰ ਵੀ ਨਾਲ਼ ਲੈ ਗਿਆ। ਸਾਇਕਲ ਦੇ ਕੁੱਤੇ ਫੇਲ੍ਹ ਹੋਏ ਹੋਏ ਸੀ, ਇਸ ਕਰਕੇ ਉਹ ਪੈਦਲ ਹੀ ਗਏ। ਰਸਤੇ ਵਿਚ ਦੁਖੀ ਨੇ ਉਸ ਨੂੰ ਪੁੱਛਿਆ, 'ਵੀਰ ਜੀ, ਭਲਾਂ ਇਹ ਕੁੱਤੇ ਕੀ ਹੁੰਦੇ ਨੇ ? ਇਹ ਫੇਲ੍ਹ ਕਿਉਂ ਹੋ ਜਾਂਦੇ ਆਂ?'

'ਕੁੱਤਿਆਂ ਕਰ ਕੇ ਸਾਇਕਲ ਨੂੰ ਸਿੱਧਾ ਗੇੜਾ ਆਉਂਦਾ ਏ ਤੇ ਉਹ ਅੱਗੇ ਵਧਦਾ ਏ। ਜਦੋਂ ਕੁੱਤੇ ਫੇਲ੍ਹ ਹੋ ਜਾਣ ਤਾਂ ਪੈਡਲ ਉਵੇਂ ਚੈਨ ਨੂੰ ਘੁਮਾਈ ਜਾਂਦਾ ਏ, ਸਾਇਕਲ ਅੱਗੇ ਨਹੀਂ ਤੁਰਦਾ। ਬੰਦੇ ਨੂੰ ਵੀ ਆਪਣੇ ਕੁੱਤੇ ਕਾਇਮ ਰੱਖਣੇ ਚਾਹੀਦੇ ਨੇ, ਤਾਂ ਕਿ ਅੱਗੇ ਹੀ ਅੱਗੇ ਵਧਦਾ ਜਾਵੇ। ਹਰਟ ਦੇ ਵੀ ਕੁੱਤਾ ਲੱਗਾ ਹੁੰਦਾ ਏ ਜਿਹੜਾ ਗਰਧਲ਼ ਨੂੰ ਪਿੱਛੇ ਨਹੀਂ ਮੁੜਨ ਦਿੰਦਾ। ਸਮਝ ਲੈ ਕੁੱਤਾ ਇਕ ਰਾਖਾ ਹੁੰਦਾ ਏ ਜਿਹੜਾ ਕਹਿੰਦਾ ਏ ਬੱਸ ਅੱਗੇ ਵੱਧ। ਪਿੱਛੇ ਦਾ ਕੋਈ ਕੰਮ ਨ੍ਹੀ।' ਰਾਮ ਚੰਦ ਨੇ ਸਾਰਾ ਇਤਿਹਾਸ ਹੀ ਦੱਸ ਦਿੱਤਾ।

ਚਾਰ-ਪੰਜ ਗੁਰਦੁਆਰਿਆਂ ਦੇ ਦਰਸ਼ਨ ਕਰਨ ਮਗਰੋਂ ਉਹ ਦਮਦਮਾ ਸਾਹਿਬ ਗੁਰਦੁਆਰੇ ਜਾ ਵੜੇ। ਉੱਥੇ ਮੱਥਾ ਟੇਕਣ ਅਤੇ ਪ੍ਰਸ਼ਾਦ ਲੈਣ ਮਗਰੋਂ ਕਿਸੇ ਨੇ ਦੱਸਿਆ ਕਿ ਗੁਰਦੁਆਰੇ ਦੇ ਪਿੱਛੇ ਨਿਹੰਗਾਂ ਦੀ ਛਾਉਣੀ ਉਤਰੀ ਹੋਈ ਸੀ। ਬੀਤੀ ਰਾਤ ਉਨ੍ਹਾਂ ਨੇ ਪੰਜ ਬੱਕਰੇ ਝਟਕਾਏ ਸਨ। ਜੇ ਉਨ੍ਹਾਂ ਨੇ ਮਹਾਂ-ਪ੍ਰਸ਼ਾਦ ਛਕਣਾ ਹੈ ਤਾਂ ਉਹ ਪਿੱਛੇ ਉਨ੍ਹਾਂ ਦੇ ਲੰਗਰ ਵਿਚ ਚਲੇ ਜਾਣ। ਉਹ ਦੋਨੋਂ ਉੱਧਰ ਜਾ ਨਿਕਲ਼ੇ ਤਾਂ ਇਕ ਤੱਪੜ ਉੱਤੇ ਪਹਿਲਾਂ ਹੀ ਤਿੰਨ-ਚਾਰ ਬੰਦੇ ਬੈਠੇ ਕੱਲ੍ਹ ਦਾ ਬਚਿਆ ਮੀਟ ਛਕ ਰਹੇ ਸਨ। ਉਹ ਵੀ ਬਾਟੀਆਂ ਚੁੱਕ ਕੇ ਪੰਗਤ ਵਿਚ ਬੈਠ ਗਏ। ਇਕ ਨਿਹੰਗ ਸਿੰਘ ਬਾਲਟੀ ਤੇ ਡੋਹਰੀ ਚੁੱਕ ਲਿਆਇਆ ਤੇ ਮਹਾਂ ਪ੍ਰਸ਼ਾਦ ਨਾਲ਼ ਉਨ੍ਹਾਂ ਦੋਨਾਂ ਦੀਆਂ ਬਾਟੀਆਂ ਭਰ ਦਿੱਤੀਆਂ। ਚਮਚਾ ਤਾਂ ਉੱਥੇ ਕੋਈ ਹੈ ਨਹੀਂ ਸੀ। ਉਨ੍ਹਾਂ ਦੋਨਾਂ ਨੇ ਬਾਟੀਆਂ ਨੂੰ ਮੂੰਹ ਲਾ ਕੇ ਪਹਿਲਾਂ ਤਰੀ ਪੀਤੀ ਤੇ ਫਿਰ ਬੋਟੀਆਂ ਖਾਧੀਆਂ। ਨਿਹੰਗ ਸਿੰਘ ਦਵਾਰਾ ਬਾਲਟੀ ਲਿਆਇਆ ਤੇ ਮਹਾਂ ਪ੍ਰਸ਼ਾਦ ਨਾਲ਼ ਡੋਹਰੀ ਭਰ ਲਈ। ਉਨ੍ਹਾਂ ਦੋਨਾਂ ਨੇ ਆਪਣੇ ਹੱਥ ਬਾਟੀਆਂ ਮੂਹਰੇ ਕਰ ਦਿੱਤੇ। ਉਨ੍ਹਾਂ ਦੀ ਤਾਂ ਐਨੀ ਨਕਤੋੜੀ ਹੋ ਗਈ ਸੀ ਕਿ ਪਹਿਲੀਆਂ ਬਾਟੀਆਂ ਹੀ ਮੁਸ਼ਕਲ ਨਾਲ਼ ਮੁਕਾਈਆਂ ਸਨ। ਸੰਤੁਸ਼ਟ ਹੋ ਕੇ ਉਹ ਗੁਰਦੁਆਰੇ' ਚੋਂ ਬਾਹਰ ਨਿਕਲ਼ੇ ਹੀ ਸਨ ਕਿ ਆਪਣੀ ਬਾਂਹ ਹੇਠ ਕਾਲ਼ੇ ਰੰਗ ਦਾ ਬੈਗ ਦਬਾਈ ਬੂਰਮਾਜਰੇ ਵਾਲ਼ੇ ਮਾਸਟਰ ਜੋਗਿੰਦਰ ਸਿੰਘ ਕੰਗ ਸੜਕ ਉਤੇ ਤੁਰੇ ਆ ਰਹੇ ਸਨ। ਰਾਮ ਚੰਦ ਨੇ ਪਹਿਲਾਂ ਹੱਥ ਜੋੜੇ ਤੇ ਫਿਰ ਅੱਗੇ ਵਧ ਕੇ ਉਨ੍ਹਾਂ ਦੇ ਪੈਰ ਛੂਹੇ। ਉਹ ਬੋਲੇ, 'ਤੂੰ ਰਾਮ ਚੰਦ ਏਂ, ਸਲਾਹਪੁਰੀਆ?'

'ਹਾਂ ਜੀ, ਤੁਹਾਡਾ ਸ਼ਾਗਿਰਦ ਹਾਂ।' ਰਾਮ ਚੰਦ ਬੋਲਿਆ ਤਾਂ ਉਹ ਹੱਸੇ। ਉਨ੍ਹਾਂ ਦੀ ਲੰਬੀ ਚਿੱਟੀ ਦਾੜ੍ਹੀ ਝੂਲਣ ਲੱਗੀ, 'ਵਾਹ-ਬਈ-ਵਾਹ- ਕੀ ਹਾਲ ਏ ਤੇਰਾ ਪੁੱਤਰਾ?'

'ਜੀ ਬਹੁਤ ਵਧੀਆ ਏ, ਤੁਹਾਡੀ ਕਿਰਪਾ ਨਾਲ਼।'

'ਕੀ ਕਰਦਾ ਏਂ ਅੱਜ ਕੱਲ੍ਹ?'

'ਜੀ ਆਗਰੇ ਸੀ. ਓ. ਡੀ. ਵਿਚ ਵਾਇਰਲੈੱਸ ਮਕੈਨਿਕ ਹਾਂ।'

'ਸ਼ਾਬਾਸ਼ੇ ਪੁੱਤਰਾ। ਬਈ ਮਾਣ ਏ ਮੈਨੂੰ ਤੇਰੇ ਤੇ। ਜੇ ਮੈਂ ਭੁੱਲਦਾ ਨਾ ਹੋਵਾਂ, ਇਕ ਬੰਦਾ ਆਇਆ ਕਰਦਾ ਸੀ ਸਕੂਲ, ਤੇਰੀ ਰਿਪੋਰਟ ਲੈਣ, ਤੇਰਾ ਮਾਮਾ ਸੀ ਉਹ?'

'ਹਾਂ ਜੀ... ਹਾਂ ਜੀ.... ਘਨ੍ਹੱਈਆ ਰਾਮ।'

'ਬਈ ਐਨਾ ਤਾਂ ਕੋਈ ਪਿਉ ਨੀ ਫਿਕਰ ਕਰਦਾ ਬੱਚਿਆਂ ਦਾ। ਪੂਰੀ ਰਿਪੋਰਟ ਲੈ ਕੇ ਜਾਂਦਾ ਹੁੰਦਾ ਸੀ ਉਹ ਤੇਰੀ।'

ਉਹ ਕਾਫ਼ੀ ਦੇਰ ਗੱਲਾਂ ਕਰਦੇ ਰਹੇ। ਕੰਗ ਸਾਹਿਬ ਮੇਨ ਬਜ਼ਾਰ ਵਿਚ ਮੁੰਡਿਆਂ ਦੇ ਹੋਸਟਲ ਵਿਚ ਹੀ ਰਹਿੰਦੇ ਸਨ। ਉਨ੍ਹਾਂ ਦੀ ਦੇਖ-ਰੇਖ ਵਿਚ ਹੋਸਟਲ ਰਹਿੰਦੇ ਮੁੰਡਿਆਂ ਨੇ ਨਾ ਕੇਵਲ ਪੜ੍ਹਾਈ ਵਿਚ ਸਗੋਂ ਬਾਲੀਵਾਲ ਵਿਚ ਵੀ ਚੰਗੀਆਂ ਮੱਲਾਂ ਮਾਰੀਆਂ ਸਨ, ਕਿਉਂ ਕਿ ਉਹ ਆਪ ਕਦੀ ਬਾਲੀਵਾਲ਼ ਦੇ ਉੱਘੇ ਖਿਡਾਰੀ ਰਹੇ ਸਨ। ਉਨ੍ਹਾਂ ਨੇ ਰਾਮ ਚੰਦ ਨੂੰ ਦੱਸਿਆ ਕਿ ਹੋਸਟਲ ਦਾ ਰੇਡਿਓ ਦੋ ਮਹੀਨਿਆਂ ਤੋਂ ਖ਼ਰਾਬ ਪਿਆ ਸੀ। ਉਹ ਤਿੰਨ ਮਕੈਨਕਾਂ ਨੂੰ ਪਹਿਲਾਂ ਹੀ ਦਿਖਾ ਚੁੱਕੇ ਸਨ, ਪਰ ਨੁਕਸ ਕਿਸੇ ਦੀ ਪਕੜ ਵਿਚ ਨਹੀਂ ਸੀ ਆਇਆ।

'ਜੀ ਰੇਡੀਓ ਤਾਂ ਮੈਂ ਠੀਕ ਕਰ ਸਕਦਾ ਏਂ, ਪਰ ਕੋਲ਼ ਔਜ਼ਾਰ ਨੀ ਹੈਗੇ।' ਰਾਮ ਚੰਦ ਨੇ ਦੱਸਿਆ।

'ਉਹ ਸਭ 'ਸ਼ਰਮਾ ਰੇਡਿਓਜ਼' ਵਾਲ਼ੇ ਤੋਂ ਲੈ ਦਿੰਦਾ ਹਾਂ।'

ਉਹ ਲਲਾਰੀਆਂ ਦੀ ਹੱਟ ਕੋਲ਼ੋਂ ਮੇਨ ਬਜ਼ਾਰ ਦੇ ਰਾਹ ਪੈ ਗਏ, ਜਿਹੜਾ ਕਤਲਗੜ੍ਹ ਗੁਰਦੁਆਰੇ ਕੋਲ਼ ਜਾ ਨਿਕਲ਼ਦਾ ਸੀ। ਕੰਗ ਸਾਹਿਬ ਨੇ ਸ਼ਰਮੇ ਤੋਂ ਲੋੜੀਂਦੇ ਔਜ਼ਾਰ ਲੈ ਦਿੱਤੇ ਤੇ ਉਨ੍ਹਾਂ ਨੂੰ ਹੋਸਟਲ ਦੇ ਕਮਰੇ ਵਿਚ ਲੈ ਗਏ। ਚਪੜਾਸੀ ਨੇ ਉਨ੍ਹਾਂ ਨੂੰ ਲੱਡੂਆਂ ਨਾਲ਼ ਚਾਹ ਪਿਲਾਈ। ਦੋਨਾਂ ਦਾ ਢਿੱਡ ਤਾਂ ਪਹਿਲਾਂ ਹੀ ਭਰਿਆ ਪਿਆ ਸੀ। ਰਾਮ ਚੰਦ ਰੇਡਿਓ ਵਿਚ ਨੁਕਸ ਲੱਭਣ ਲੱਗ ਪਿਆ ਤਾਂ ਦੁਖੀ ਨੇ ਦੋ ਲੱਡੂ ਚੁੱਕ ਕੇ ਖੀਸੇ ਵਿਚ ਪਾ ਲਏ। ਉਸ ਨੇ ਸੋਚਿਆ ਕਿ ਢਿੱਡ ਨੇ ਕਿਹੜਾ ਇਸੇ ਤਰ੍ਹਾਂ ਭਰਿਆ ਰਹਿਣਾ ਸੀ। ਰਾਤ ਨੂੰ ਮੌਜ ਨਾਲ਼ ਖਾਏਗਾ। ਕਿਸੇ ਚੂਹੇ ਨੇ ਰੇਡਿਓ ਦੀਆਂ ਦੋ ਤਾਰਾਂ ਟੁੱਕੀਆਂ ਹੋਈਆਂ ਸਨ, ਜਿਨ੍ਹਾਂ ਨੂੰ ਉਸ ਨੇ ਸੋਲਡਰ ਆਇਰਨ ਨਾਲ਼ ਜੋੜ ਦਿੱਤਾ। ਫਿਰ ਉਸ ਨੇ ਬਜ਼ਾਰ ਤੋਂ ਇਕ ਰੇਡਿਓ ਟਿਊਬ ਤੇ ਦੋ ਤਿੰਨ ਕਪੈਸਟਰ ਬਗੈਰਾ ਖਰੀਦ ਲਿਆਂਦੇ। ਅੱਧੇ ਘੰਟੇ ਵਿਚ ਹੀ ਰੇਡਿਓ ਘੋਰਾ ਪਾਉਣ ਲੱਗ ਪਿਆ ਤਾਂ ਕੰਗ ਸਾਹਿਬ ਨੇ ਉਸਦੀ ਪਿੱਠ ਥਾਪੜੀ ਤੇ ਬੋਲੇ, 'ਨਹੀਂ ਰੀਸਾਂ ਤੇਰੀਆਂ ਰਾਮ ਚੰਦ। ਤੂੰ ਤੇ ਪੁੱਤਰਾ ਕਮਾਲ ਕਰ' ਤੀ।'

'ਜੀ ਤੁਹਾਡਾ ਹੀ ਸ਼ਾਗਿਰਦ ਹਾਂ। ਜਦੋਂ ਵੀ ਅਗਲੀ ਵਾਰੀ ਆਇਆ ਤੁਹਾਡੇ ਲਈ ਆਪ ਰੇਡਿਓ ਬਣਾ ਕੇ ਲਿਆਵਾਂਗਾ।' ਰਾਮ ਚੰਦ ਨੇ ਕਿਹਾ।

ਕੰਗ ਸਾਹਿਬ ਨੇ ਪੈਸੇ ਦੇਣੇ ਚਾਹੇ, ਪਰ ਰਾਮ ਚੰਦ ਨੇ ਹੱਥ ਜੋੜ ਦਿੱਤੇ, 'ਤੁਸੀਂ ਮੇ ਰੇ ਗੁਰੂ ਹੋ ਜੀ। ਗੁਰੂ ਜੀ ਦੀ ਸੇਵਾ ਦਾ ਸੁਭਾਗ ਕਿਸੇ ਕਰਮਾਂ ਵਾਲ਼ੇ ਨੂੰ ਹੀ ਮਿਲਦਾ ਏ । ਦੋ ਸਾਲ ਮੈਂ ਤੁਹਾਡੇ ਕੋਲੋਂ ਹਿਸਾਬ ਪੜ੍ਹਿਆ ਏ। ਤੁਹਾਡੇ ਵਰਗੇ ਵਧੀਆ ਟੀਚਰ ਮੈਂ ਘੱਟ ਹੀ ਦੇਖੇ ਨੇ ਜੀ। ਪੈਸੇ ਕਿਵੇਂ ਲੈ ਸਕਦਾ ਹਾਂ? ਤੁਸੀਂ ਬੱਸ ਆਸ਼ਰੀਵਾਦ ਦੇ ਦਿਓ। ਇਹ ਨਿੱਕਾ ਜਿਹਾ ਕੰਮ ਕਰਕੇ ਮੈਨੂੰ ਬੜੀ ਖੁਸ਼ੀ ਹੋਈ ਏ ਜੀ।'

ਉਨ੍ਹਾਂ ਨੇ ਮੁੜ ਰਾਮ ਚੰਦ ਦੀ ਪਿੱਠ ਥਾਪੜੀ। ਰਾਹ ਵਿਚ ਉਸ ਨੇ ਦੁਖੀ ਨੂੰ ਦੱਸਿਆ ਕਿ ਨੌਂ ਰੁਪਏ ਦਾ ਸਮਾਨ ਪਿਆ ਸੀ। ਦੁਖੀ ਹੈਰਾਨ ਹੋਇਆ, ਨੌਂ ਰੁਪਏ ਤਾਂ ਬਹੁਤ ਹੁੰਦੇ ਹਨ। ਐਨੇ ਰੁਪਏ ਉਸ ਦੇ ਵੀਰ ਜੀ ਨੇ ਕਿਉਂ ਛੱਡ ਦਿੱਤੇ ਸਨ।

'ਹੁਣ ਜਦੋਂ ਰੇਡਿਓ ਬਣਾ ਕੇ ਦਿੱਤਾ, ਪੈਸੇ ਲੈ ਲਿਓ।' ਦੁਖੀ ਬੋਲਿਆ।

'ਉਸਤਾਦਾਂ ਤੋਂ ਨੀ ਪੈਸੇ ਲਈਦੇ ਦੁਖੀ। ਇਨ੍ਹਾਂ ਦਾ ਦਿੱਤਾ ਕੌਣ ਮੋੜ ਸਕਦਾ ਏ।'

'ਦੁਖੀ ਨਾ ਕਿਹਾ ਕਰੋ ਹੁਣ ਮੈਨੂੰ। ਮੇਰਾ ਨਾਂ ਦੇਵ ਏ।' ਦੁਖੀ ਬੋਲਿਆ ਤੇ ਉਸ ਨੂੰ ਬੋਲਦੇ ਸਾਰ ਪੰਮੀ ਯਾਦ ਆ ਗਈ।

'ਚੰਗਾ-ਚੰਗਾ ਦੇਵ ਹੀ ਕਹਾਂਗਾ... ਛੋਲੇ ਲੈ ਜਾਣੇ ਨੇ ਘਰ ਨੂੰ?' ਬਿਲਕੁਲ ਸੜਕ ਕਿਨਾਰੇ ਭੱਠੀ ਤੇ ਦਾਣੇ ਭੁੰਨਦੀ ਔਰਤ ਵੱਲ ਦੇਖ ਰਾਮ ਚੰਦ ਬੋਲਿਆ।

'ਲੈ ਚੱਲੋ।' ਦੇਵ ਨੇ ਕਿਹਾ।

ਰਾਮ ਚੰਦ ਨੇ ਇਕ ਵੱਡਾ ਲਿਫਾਫ਼ਾ ਭੁੱਜੇ ਛੋਲਿਆਂ ਦਾ ਲੈ ਲਿਆ। ਅੱਗੇ ਜਾ ਕੇ ਬਰਫ਼ੀ ਦਾ ਡੱਬਾ ਅਤੇ ਕੇਲੇ ਬਗੈਰਾ ਵੀ ਖਰੀਦ ਲਏ। ਫਿਰ ਇਕ ਬਜਾਜੀ ਦੀ ਦੁਕਾਨ

ਅੰਦਰ ਵੜ ਕੇ ਦੁਖੀ ਨੂੰ ਪੈਂਟ ਕਮੀਜ ਦਾ ਕੱਪੜਾ ਤੇ ਪਗੜੀ ਵੀ ਲੈ ਦਿੱਤੀ।

'ਪੈਂਟ ਤਾਂ ਮੈਂ ਕਦੀ ਪਾਈ ਨੀ।' ਦੁਖੀ ਬੋਲਿਆ।

'ਹੁਣ ਪਾਇਆ ਕਰੀਂ ਕਮੀਜ਼ ਵਿਚ ਦੇ ਕੇ। ਜੈਂਟਲਮੈਨ ਲੱਗੇਂਗਾ।'

ਖਾਲਸਾ ਸਕੂਲ ਦੀ ਨੌਂਵੀਂ ਵਿਚ ਦਾਖ਼ਲਾ ਕਰਾਉਣ ਘਨ੍ਹੱਈਆ ਹੀ ਦੁਖੀ ਨੂੰ ਆਪਣੇ ਨਾਲ਼ ਲੈ ਕੇ ਗਿਆ। ਉੱਥੇ ਜਾ ਕੇ ਪਤਾ ਲੱਗਾ ਕਿ ਮਾਸਟਰ ਜੋਗਿੰਦਰ ਸਿੰਘ ਕੰਗ ਹੀ ਉਸ ਦੇ ਇੰਚਾਰਜ ਸਨ। ਘਨ੍ਹੱਈਏ ਨੂੰ ਮਾਸਟਰ ਜੀ ਨੇ ਝੱਟ ਪਛਾਣ ਲਿਆ ਤੇ ਬੋਲੇ, 'ਆਓ ਜੀ, ਆਓ ਬੈਠੋ। ਸਟੂਲ ਲੈ ਲਵੋ... ਇਹ ਮੁੰਡਾ ਵੀ ਤੁਹਾਡਾ ਭਾਣਜਾ ਏ? ਇਕ ਦਿਨ ਰਾਮ ਚੰਦ ਨਾਲ਼ ਆਇਆ ਸੀ ਇਹ ਹੋਸਟਲ... ਕੀ ਨਾਂ ਏਂ ਤੁਹਾਡਾ ਭਲਾਂ?'

'ਜੀ ਘਨ੍ਹੱਈਆ ਰਾਮ ਟੇਲਰ ਮਾਸਟਰ।' ਉਹ ਸਟੂਲ ਤੇ ਬਹਿੰਦਾ ਬੋਲਿਆ। ਦੁਖੀ ਖੜ੍ਹਾ ਰਿਹਾ ਤੇ ਸੋਚੀ ਗਿਆ ਕਿ ਉਸ ਨੂੰ ਘਨ੍ਹੱਈਆ ਦਰਜ਼ੀ ਕਹਿਣਾ ਚਾਹੀਦਾ ਸੀ। ਟੇਲਰ ਮਾਸਟਰ ਕਿੱਥੋਂ ਬਣ ਗਿਆ ਉਹ।

'ਰਾਮ ਚੰਦ ਐਥੇ ਈ ਐ?' ਕੰਗ ਸਾਹਬ ਨੇ ਪੁੱਛਿਆ।

'ਨਹੀਂ ਜੀ ਉਹ ਚਲਾ ਗਿਆ ਆਗਰੇ ਨੂੰ।'

'ਬਈ ਬੜਾ ਮਾਹਰ ਏ ਉਹ ਤਾਂ ਰੇਡਿਓ ਦਾ। ਮਿੰਟ ਲਾਇਆ ਚਿਰਾਂ ਤੋਂ ਖਰਾਬ ਪਿਆ ਸੈਟ ਘੂਕਣ ਲਾ' ਤਾ।'

ਘਨ੍ਹੱਈਏ ਨੂੰ ਰੇਡਿਓ ਦੀ ਗੱਲ ਦੁਖੀ ਪਹਿਲਾਂ ਹੀ ਦੱਸ ਚੁੱਕਾ ਸੀ। ਉਹ ਬੋਲਿਆ, 'ਬੱਸ ਜੀ, ਪਰਮਾਤਮਾ ਦੀ ਨਿਗਾਹ ਸਿੱਧੀ ਹੋ ਗੀ। ਇਸ ਤੋਂ ਵੱਡੇ ਦੋ ਭਾਈਆਂ ਨੂੰ ਕੋਲ਼ ਰੱਖ ਕੇ ਪੜ੍ਹਾ ਰਿਹਾ ਏ ਉਹ। ਵਹੁਟੀ ਵੀ ਉਸਨੂੰ ਬੜੀ ਚੰਗੀ ਮਿਲੀ ਏ। ਦਸਵੀਂ ਮਗਰੋਂ ਇਹਨੂੰ ਵੀ ਉੱਥੇ ਹੀ ਲੈ ਜਾਵੇਗਾ। ਮੁੰਡੇ ਪੜ੍ਹ ਲਿਖ ਕੇ ਰੁਜ਼ਗਾਰਾਂ' ਤੇ ਲੱਗ ਜਾਣ ਭੈਣ ਮੇਰੀ ਨੂੰ ਸੁੱਖ ਦਾ ਸਾਹ ਤਾਂ ਆਉਣਾ ਏਂ।'

ਘਨ੍ਹੱਈਏ ਨੇ ਫਿਰ ਆਪਣੇ ਉਸੇ ਸੁਪਨੇ ਵਾਲ਼ੀ ਗੱਲ ਤੋਰ ਲਈ, ਜਿਸ ਵਿਚ ਉਸ ਨੂੰ ਸ਼ਾਖ਼ਸ਼ਾਤ ਭਗਵਾਨ ਦੇ ਦਰਸ਼ਨ ਹੋਏ ਸਨ। ਮਾਸਟਰ ਜੀ ਹੱਸ ਕੇ ਬੋਲੇ, 'ਜੇ ਭਗਵਾਨ ਆਉਣਾ ਵੀ ਨਾ ਚਾਹੇ ਤੇਰੇ ਵਰਗੇ ਪਿਆਰੇ ਬੰਦੇ ਉਸ ਨੂੰ ਆਉਣ ਲਈ ਮਜ਼ਬੂਰ ਕਰ ਦਿਆ ਕਰਦੇ ਨੇ। ਪੱਥਰ' ਚੋਂ ਪ੍ਰਗਟ ਕਰ ਲਿਆ ਕਰਦੇ ਨੇ।'

ਘਨ੍ਹੱਈਏ ਨੇ ਕੰਗ ਸਾਹਿਬ ਨੂੰ ਐਨੀਆਂ ਗੱਲਾਂ ਦੱਸੀਆਂ ਕਿ ਉਹ ਪਸੀਜ ਗਏ ਤੇ ਰੁਮਾਲ ਕੱਢ ਕੇ ਅੱਖਾਂ ਪੂੰਝਣ ਲੱਗ ਪਏ। ਉਹ ਉਨ੍ਹਾਂ ਦੋਹਾਂ ਨੂੰ ਪ੍ਰਿੰਸੀਪਲ ਹਰਚੰਦ ਸਿੰਘ ਕੰਧੋਲ਼ਾ ਦੇ ਦਫਤਰ' ਚ ਲੈ ਵੜੇ। ਮਾਸਟਰ ਜੀ ਤੇ ਘਨ੍ਹੱਈਆ ਕੰਧ ਨਾਲ਼ ਡਹੀਆਂ ਕੁਰਸੀਆਂ ਤੇ ਬੈਠ ਗਏ। ਦੁਖੀ ਨੇ ਵੱਡੇ ਟੇਬਲ ਦੇ ਹੇਠ ਵੜ ਕੇ ਪ੍ਰਿੰਸੀਪਲ ਦੇ ਪੈਰਾਂ ਨੂੰ ਹੱਥ ਲਾਏ ਤੇ ਪਿੱਛੇ ਮੁੜ ਕੇ ਹੱਥ ਜੋੜ ਖੜ੍ਹਾ ਹੋ ਗਿਆ। ਇੰਝ ਕਰਨ ਲਈ ਉਸ ਨੂੰ ਘਨ੍ਹੱਈਏ ਨੇ ਘਰੋਂ ਤੁਰਨ ਲੱਗੇ ਹੀ ਸਮਝਾ ਦਿੱਤਾ ਸੀ।

'ਇਸ ਮੁੰਡੇ ਦੀ ਫੀਸ ਮਾਫ਼ ਕਰਨੀ ਏਂ ਜੀ।' ਕੰਗ ਸਾਹਿਬ ਬੋਲੇ।

'ਕੀ ਕਾਰਨ?' ਪ੍ਰਿੰਸੀਪਲ ਨੇ ਪੁੱਛਿਆ।

ਮਾਸਟਰ ਜੀ ਨੂੰ ਤਾਂ ਸਾਰੀ ਕਹਾਣੀ ਦਾ ਪਤਾ ਹੀ ਸੀ। ਉਨ੍ਹਾਂ ਨੇ ਪ੍ਰਿੰਸੀਪਲ ਨੂੰ ਵੀ

ਸੁਣਾ ਦਿੱਤੀ।

'ਕਿਉਂ ਬਈ ਕਾਕਾ ਪੜ੍ਹਾਈ ਕਰੇਂਗਾ ਦੱਬ ਕੇ?'

'ਹਾਂ ਜੀ, ਮੇਰੀ ਫਸਟ ਡਵੀਜ਼ਨ ਆਈ ਏ ਅੱਠਵੀ" ਚ।'

'ਕੀ ਚਾਹੁੰਦੈਂ ਬਣਨਾ ਵੱਡਾ ਹੋ ਕੇ?'

'ਜੀ ਮਾਸਟਰ।' ਦੁਖੀ ਬੋਲਿਆ ਤਾਂ ਉਹ ਤਿੰਨੋਂ ਹੱਸ ਪਏ।

'ਸ਼ਾਬਾਸ਼.... ਬਈ ਤੁਸੀਂ ਇਸ ਦੇ ਮਾਮਾ ਜੀ ਹੋ? ਤੁਸੀਂ ਤਾਂ ਪਹਿਲਾਂ ਵੀ ਅਕਸਰ ਸਕੂਲ ਆਉਂਦੇ ਰਹੇ ਹੋ। ਇਹ ਗੱਲ ਪਹਿਲਾਂ ਕਿਉਂ ਨੀ ਦੱਸੀ?' ਉਹ ਬੋਲੇ।

'ਅੱਜ ਵੀ ਕਿਹੜਾ ਦੱਸਣੀ ਸੀ ਜੀ। ਮੈਂ ਤਾਂ ਫੇਰ ਟੇਲਰਿੰਗ ਦਾ ਕੰਮ ਕਰਦਾ ਏਂ। ਫੀਸ ਤਾਂ ਦੇ ਹੀ ਸਕਦਾ ਹਾਂ। ਦੂਜੇ ਗਰੀਬ ਬੱਚਿਆਂ ਦਾ ਕਿਉਂ ਹੱਕ ਮਾਰੀਏ?'

ਪ੍ਰਿੰਸੀਪਲ ਨੇ ਘਨ੍ਹੱਈਏ ਵੱਲ ਐਨਕਾਂ ਨੀਵੀਆਂ ਕਰ ਕੇ ਸ਼ੀਸ਼ਿਆਂ ਉੱਤੋਂ ਦੀ ਦੇਖਿਆ ਤੇ ਬੋਲਿਆ, ' ਫੀਸ ਤੁਹਾਡੀ ਨਹੀਂ, ਸਗੋਂ ਇਸ ਮੁੰਡੇ ਦੀ ਮਾਫ਼ ਕਰਨੀ ਏਂ। ਜੇ ਇਹ ਠੀਕ ਪੜ੍ਹਦਾ ਰਿਹਾ ਤਾਂ ਗਿਆਰਵੀਂ ਤੱਕ ਇਸ ਤੋਂ ਇਕ ਪਾਈ ਵੀ ਨਹੀਂ ਲਿਆਂਗੇ। ਤੁਸੀਂ ਅਰਜ਼ੀ ਲਿਖਵਾ ਲਵੋ ਕੰਗ ਸਾਹਿਬ। ਹੋ ਸਕੇ ਤਾਂ ਇਸ ਮੁੰਡੇ ਨੂੰ ਨੌਂਵੀਂ ਦੀਆਂ ਕਿਤਾਬਾਂ ਵੀ ਲੈ ਦਿਓ।'

ਘਨ੍ਹੱਈਏ ਦੀ ਤਾਂ ਜਿਵੇਂ ਮੱਤ ਮਾਰੀ ਗਈ। ਬੈਠਾ ਬੈਠਾ ਰੋਣ ਲੱਗ ਪਿਆ ਐਨੇ ਵੱਡੇ ਵੱਡੇ ਹਉਕੇ ਲੈਣ ਲੱਗ ਪਿਆ। ਕੰਗ ਸਾਹਿਬ ਨੇ ਹੀ ਉਸ ਨੂੰ ਚੁੱਪ ਕਰਾਇਆ। ਦੁਖੀ ਨੇ ਬਹੁਤ ਖੁਸ਼ ਹੋ ਕੇ ਪ੍ਰਿੰਸੀਪਲ ਦੇ ਪੈਰ ਛੂਹੇ ਤੇ ਦਫਤਰੋਂ ਬਾਹਰ ਆ ਗਿਆ।

ਕੰਗ ਸਾਹਿਬ ਨੇ ਦੁਖੀ ਨੂੰ ਦਾਖ਼ਲ ਕਰ ਲਿਆ। ਉਸਦੇ ਮਾਮੇ ਕੋਲ਼ੋਂ ਇਕ ਪੈਸਾ ਵੀ ਨਾ ਲਿਆ। ਅੰਗਰੇਜ਼ੀ ਵਾਲ਼ੇ ਵਰਿੰਦਰ ਸਿੰਘ ਨੂੰ ਕਹਿ ਕੇ ਬੁੱਕ-ਬੈਂਕ' ਚੋਂ ਕਿਤਾਬਾਂ ਵੀ ਮੁਫ਼ਤ ਦਵਾ ਦਿੱਤੀਆਂ। ਨੌਂਵੀਂ ਦੀ ਪੜ੍ਹਾਈ ਸ਼ੁਰੂ ਹੋ ਗਈ ਤਾਂ ਇਕ ਤੋਂ ਇਕ ਵਧ ਕੇ ਚੰਗੇ ਮਾਸਟਰਾਂ ਨੇ ਉਨ੍ਹਾਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਬਸ਼ੀਰ ਤੇ ਦੁਖੀ ਇਕ ਦੂਜੇ ਤੋਂ ਬਿਨਾਂ ਸਾਹ ਨਹੀਂ ਸਨ ਲੈਂਦੇ। ਕਲਾਸ ਵਿਚ ਵੀ ਉਹ ਇੱਕੋ ਬੈਂਚ ਤੇ ਬਹਿੰਦੇ ਸਨ। ਉਨ੍ਹਾਂ ਨਾਲ਼ ਬੈਠਣ ਵਾਲਾ ਤੀਜਾ ਮੁੰਡਾ ਤਾਲਾਪੁਰ ਦਾ ਅਜੀਤ ਸਿੰਘ ਸੀ, ਜਿਹੜਾ ਘਰੋਂ ਖਾਂਦਾ-ਪੀਂਦਾ ਸੀ। ਉਸ ਦਾ ਕੱਦ ਲੰਬਾ ਅਤੇ ਰੰਗ ਗੋਰਾ ਸੀ। ਬਾਕੀ ਸਾਰੇ ਤਾਂ ਪਜਾਮੇ ਪਾ ਕੇ ਹੀ ਸਕੂਲ ਆਉਂਦੇ ਸਨ, ਪਰ ਅਜੀਤ ਹਮੇਸ਼ਾ ਕਮੀਜ਼-ਪੈਂਟ ਵਿਚ ਦੇ ਕੇ ਆਉਂਦਾ। ਅਜੀਤ ਨੂੰ ਘਰੋਂ ਖਰਚਣ ਲਈ ਪੈਸੇ ਵੀ ਮਿਲਦੇ ਸਨ। ਆਨੇ-ਦੁਆਨੀਆਂ ਦੀ ਥਾਂ ਉਸ ਕੋਲ਼ ਇਕ ਇਕ ਰੁਪਏ ਦੇ ਨੋਟ ਹੁੰਦੇ। ਉਹ ਖੁਲ੍ਹ ਦਿਲਾ ਵੀ ਬਹੁਤ ਸੀ। ਅੱਧੀ ਛੁੱਟੀ ਵੇਲ਼ੇ ਲੜ ਬੰਨ੍ਹ ਕੇ ਲਿਆਂਦੀ ਰੋਟੀ ਉਹ ਤੇ ਦੁਖੀ ਇਕੱਠੇ ਹੀ ਖਾਂਦੇ ਤੇ ਬਾਹਰ ਦਾ ਗੇੜਾ ਵੀ ਲਾਕੇ ਆਉਂਦੇ । ਜੋ ਕੁਝ ਵੀ ਉਹ ਖਾਂਦੇ, ਉਸ ਦੇ ਪੈਸੇ ਅਜੀਤ ਹੀ ਦਿੰਦਾ। ਦੁਖੀ ਖਾਣਾ ਚਾਹੁੰਦਾ ਹੋਇਆ ਵੀ ਇਹੋ ਆਖਦਾ, 'ਯਾਰ ਅਜੀਤ ਤੂੰ ਖਾ ਲੈ ਮੇਰਾ ਨੀ ਚਿੱਤ ਕਰਦਾ।'

'ਚੁੱਕ-ਚੁੱਕ, ਐਵੇਂ ਨਾ ਬੋਲੀ ਜਾਇਆ ਕਰ।' ਅਜੀਤ ਕਹਿੰਦਾ।

ਅੱਠਵੀਂ ਜਮਾਤ ਵਿਚ ਅਜੀਤ ਦੀ ਵੀ ਫਸਟ ਡਵੀਜ਼ਨ ਸੀ ਤੇ ਉਸ ਦੇ ਨੰਬਰ ਦੁਖੀ ਤੋਂ ਕੁਝ ਵੱਧ ਸਨ। ਮਾਸਟਰ ਜੋਗਿੰਦਰ ਸਿੰਘ ਕੰਗ ਉਨ੍ਹਾਂ ਨੂੰ ਹਿਸਾਬ ਪੜ੍ਹਾਉਣ ਲੱਗੇ ਸਨ।

ਉਹ ਉਨ੍ਹਾਂ ਨੂੰ ਕੋਈ ਵੀ ਸਵਾਲ ਪਾਉਂਦੇ ਉਹ ਝੱਟ ਕੱਢ ਦਿੰਦੇ। ਉਹ ਉਨ੍ਹਾਂ ਦੀ ਪਿੱਠ ਥਾਪੜ ਕੇ ਕਹਿੰਦੇ, 'ਸ਼ਾਬਾਸ਼ ਪੁੱਤਰੋ, ਚੱਕ ਦੋ ਫੱਟੇ।'

ਫਿਰ ਇਕ ਦਿਨ ਦੁਖੀ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਉਸਦੇ ਨਾਂ ਬਦਲੀ ਦੇ ਇਸ਼ਤਿਹਾਰ ਵਾਲ਼ਾ ਅਖ਼ਬਾਰ ਡਾਕ ਰਾਹੀਂ ਘਰ ਪਹੁੰਚ ਗਿਆ। ਉਹ ਅਖ਼ਬਾਰ ਉਸ ਨੇ ਮਾਸਟਰ ਜੋਗਿੰਦਰ ਸਿੰਘ ਨੂੰ ਦਿੱਤਾ ਉਸ ਨੇ ਦਾਖ਼ਲਾ ਖਾਰਜ ਅਤੇ ਹਾਜ਼ਰੀ ਰਜਿਸਟਰ ਵਿਚ 'ਦੁਖੀ' ਦੇ ਨਾਂ ਤੇ ਲੀਕ ਮਾਰ ਕੇ 'ਦੇਵ' ਲਿਖ ਦਿੱਤਾ। ਸਾਰੀ ਜਮਾਤ ਅਤੇ ਫਿਰ ਅਗਲੇ ਦਿਨ ਪਰੇਅਰ ਵਿਚ ਕੰਗ ਸਾਹਿਬ ਨੇ ਸਾਰੇ ਬੱਚਿਆਂ ਨੂੰ ਦੱਸਿਆ ਕਿ ਹੁਣ ਦੁਖੀ ਦੀ ਥਾਂ ਉਸ ਨੂੰ ਦੇਵ ਕਿਹਾ ਜਾਵੇ। ਉਹ ਪੰਮੀ ਨੂੰ ਇਹ ਗੱਲ ਦੱਸਣੀ ਚਾਹੁੰਦਾ ਸੀ, ਪਰ ਪੰਮੀ ਤਾਂ ਉਸ ਤੋਂ ਬਹੁਤ ਦੂਰ ਬੈਠੀ ਹੋਈ ਸੀ। ਘਰ ਜਾ ਕੇ ਸਾਰੀਆਂ ਕਿਤਾਬਾਂ ਕਾਪੀਆਂ ਤੇ ਉਸਨੇ 'ਦੁਖੀ' ਨਾਂ ਤੇ ਲੀਕ ਫੇਰ 'ਦੇਵ' ਲਿਖ ਦਿੱਤਾ।

ਇਕ ਦਿਨ ਕੰਗ ਮਾਸਟਰ ਜੀ ਨੇ ਉਨ੍ਹਾਂ ਪਛੜੀਆਂ ਜਾਤਾਂ ਦੇ ਨਾਂ ਬੋਲੇ ਜਿਨ੍ਹਾਂ ਨੂੰ ਸਰਕਾਰ ਵੱਲੋਂ ਹਰ ਮਹੀਨੇ ਛੇ ਰੁਪਏ ਵਜੀਫ਼ਾ ਮਿਲਣਾ ਸੀ। ਦੇਵ ਦੀ ਜਾਤ ਨੂੰ ਤਾਂ ਕੋਈ ਵਜੀਫਾ ਨਹੀਂ ਸੀ ਮਿਲਣਾ ਪਰ ਜਦੋਂ ਵਜੀਫਾ ਆਇਆ ਤਾਂ ਦੇਵ ਦਾ ਨਾਂ ਵੀ ਲਿਸਟ ਵਿਚ ਸੀ। ਜਦੋਂ ਪੈਸੇ ਲੈਣ ਲਈ ਉਹ ਨਗੀਨਾ ਸਿੰਘ ਕਲੱਰਕ ਦੇ ਦਫਤਰ ਗਿਆ ਤਾਂ ਉਹ ਐਨਕਾਂ ਦੇ ਉੱਤੋਂ ਝਾਕ ਕੇ ਬੋਲਿਆ, 'ਕੌਣ ਹੁੰਦਾ ਏਂ ਤੂੰ ਉਇ?'

'ਜੀ ਸੁਨਿਆਰ।'

'ਉਇ ਗੁਟ੍ਹਾਰ ਜਾਤੇ, ਐਥੇ ਤਾਂ ਕੁਲੀਨ ਬ੍ਰਾਹਮਣ ਲਿਖਿਆ ਹੋਇਆ ਏ।'

ਦੁਖੀ ਚੁੱਪ ਹੋ ਗਿਆ ਤਾਂ ਉਹ ਫਿਰ ਬੋਲਿਆ, 'ਕੰਮ ਕੀ ਕਰਦਾ ਏ ਤੇਰਾ ਬੁੜਾ?'

'ਜੀ ਮਰ ਗਿਆ।'

ਉਸ ਨੇ ਜੀਭ ਨਾਲ਼ ਟੱਚ-ਟੱਚ ਕੀਤੀ ਤੇ ਬੋਲਿਆ, 'ਚੱਲਣ ਦੇ ਕੁਲੀਨ ਬ੍ਰਾਹਮਣ ਹੀ। ਤੂੰ ਪੈਸੇ ਚੁੱਕ ਤੇ ਤੁਰਦਾ ਹੋ। ਮੈਂ ਵਿੱਚੋਂ ਧਾਰਾਂ ਲੈਣੀਆਂ? ਚਾਹੇ ਜੱਟ ਵੀ ਲੈਂਦੇ ਰਹਿਣ।'

ਦੇਵ ਨੇ ਘਰ ਜਾ ਕੇ ਘਨ੍ਹੱਈਏ ਨੂੰ ਦੱਸਿਆ ਤਾਂ ਉਹ ਬੋਲਿਆ, 'ਨਹੀਂ ਲੈਣਾ ਵਜੀਫ਼ਾ ਅਸੀਂ।'

ਉਹ ਅਗਲੇ ਦਿਨ ਹੀ ਸਕੂਲ ਚਲਾ ਗਿਆ ਤੇ ਕੰਗ ਮਾਸਟਰ ਨੂੰ ਮਿਲਿਆ। ਉਨ੍ਹਾਂ ਹੱਸ ਕੇ ਦੱਸਿਆ, 'ਜਾਓ ਤੁਸੀਂ ਘਰ। ਇਹ ਮੈਂ ਜਾਣ ਬੁੱਝ ਕੇ ਹੀ ਲਿਖਿਆ ਸੀ। ਕਿਸੇ ਨੂੰ ਕਹਿਣ ਦੀ ਲੋੜ ਨਹੀਂ। ਜੇ ਸਰਕਾਰ ਲੋੜਵੰਦਾਂ ਨੂੰ ਨਹੀਂ ਦਿੰਦੀ ਤਾਂ ਜੋਗਿੰਦਰ ਸਿੰਘ ਕੰਗ ਤਾਂ ਦੇ ਸਕਦਾ ਹੈ।'

ਉਨ੍ਹਾਂ ਦੀ ਗੱਲ ਸੁਣ ਕੇ ਘਨ੍ਹੱਈਆ ਚੁੱਪ ਕਰ ਗਿਆ। ਵਜੀਫ਼ੇ ਦੇ ਪੈਸੇ ਦੇਵ ਨੇ ਉਸ ਨੂੰ ਦੇਣੇ ਚਾਹੇ, ਪਰ ਉਹ ਬੋਲਿਆ, 'ਆਪਣੀ ਬੇਬੇ ਨੂੰ ਦੇ ਦਵੀਂ ਮੱਲਾ। ਜਿਵੇਂ ਇਹ ਵਜੀਫ਼ੇ ਦੀ ਰਕਮ ਦੇਵੇਂਗਾ, ਵੱਡਾ ਹੋ ਕੇ ਤਨਖ਼ਾਹ ਵੀ ਦਿਆ ਕਰੀਂ।'

**00**

# ਤੇਤੀ

ਬਸ਼ੀਰ ਅਤੇ ਦੇਵ ਨੇ ਮੁੜ ਡੰਗਰਾਂ ਵਾਲ਼ੇ ਕੋਠੇ ਆਪਣੇ ਮੰਜੇ-ਬਿਸਤਰੇ ਲਾ ਲਏ ਸਨ। ਉਹ ਕੋਠੇ ਉੱਤੇ ਮੇਜ਼ ਤੇ ਲਾਲਟਣ ਰੱਖ ਮੰਜਿਆਂ ਤੇ ਬੈਠ ਅੱਧੀ-ਅੱਧੀ ਰਾਤ ਤੱਕ ਪੜ੍ਹਦੇ ਰਹਿੰਦੇ। ਹੋਰਨਾਂ ਕੋਠਿਆਂ ਉੱਤੇ ਵੀ ਸਕੂਲੀ ਮੁੰਡੇ ਇਸੇ ਤਰ੍ਹਾਂ ਜਿੱਦਮ-ਜਿੱਦੀ ਪੜ੍ਹਦੇ। ਜਦੋਂ ਸਭ ਦੀਆਂ ਲਾਲਟਣਾ ਤੇ ਲੰਪ ਬੁਝ ਜਾਂਦੇ ਤਾਂ ਹੀ ਉਹ ਸੌਂਦੇ। ਜੇ ਵਿਚ-ਵਿਚਾਲੇ ਨੀਂਦ ਦਾ ਝੂਟਾ ਆਉਂਦਾ ਤਾਂ ਉਹ ਅੱਖਾਂ ਤੇ ਪਾਣੀ ਦੇ ਛਿੱਟੇ ਮਾਰ ਲੈਂਦੇ ਤੇ ਹਿਸਾਬ ਦੇ ਸਵਾਲ ਕੱਢਣ ਲੱਗ ਪੈਂਦੇ। ਸਵੇਰੇ ਚਾਰ ਵਜੇ ਉਹ ਫਿਰ ਉੱਠ ਬੈਠਦੇ। ਇਕ ਰਾਤ ਪੜ੍ਹਦੇ ਸਮੇਂ ਕਿਸੇ ਗੱਲੋਂ ਉਨ੍ਹਾਂ ਦੋਨਾਂ ਦੀ ਝੜੱਪ ਹੋ ਗਈ। ਗੁੱਸੇ ਵਿਚ ਆ ਕੇ ਬਸ਼ੀਰ ਨੇ ਪਹਿਲਾਂ ਲਾਲਟਣ ਕੋਠੇ ਤੋਂ ਵਗਾਹ ਮਾਰੀ ਤੇ ਫਿਰ ਮੇਜ਼। ਦੇਵ ਨੇ ਉਸ ਦਾ ਮੰਜਾ ਕੋਠੇ ਤੋਂ ਹੇਠ ਸੁੱਟ ਦਿੱਤਾ। ਚਿਮਨੀ ਫੁੱਟ ਗਈ। ਮੇਜ਼ ਦੀਆਂ ਦੋ ਲੱਤਾਂ ਤੇ ਮੰਜੇ ਦਾ ਪਾਵਾ ਟੁੱਟ ਗਏ। ਦੇਵ ਆਪਣੇ ਮੰਜੇ ਤੇ ਲੇ ਟ ਗਿਆ ਤੇ ਬਸ਼ੀਰ ਨੇ ਭੁੰਜੇ ਹੀ ਆਪਣੀ ਦਰੀ ਸੁੱਟ ਲਈ ਤੇ ਸੌਂ ਗਿਆ। ਉਹ ਸਵੇਰੇ ਉੱਠ ਕੇ ਜਾਣ ਲੱਗਾ ਤਾਂ ਦੇਵ ਬੋਲਿਆ, 'ਬੇਸ਼ਰਮਾ ਹੁਣ ਮੇਰੇ ਕੋਲ਼ ਪੜ੍ਹਿਆ ਕਰੇਂਗਾ ਕਿ ਨਹੀਂ?'

'ਪੜੂੰਗਾ ਬੇਸ਼ਰਮਾ, ਪੜੂੰਗਾ ਕਿਉਂ ਨੀ?'

'ਫੇਰ ਲਾਲਟਣ ਤੇ ਮੇਜ਼ ਬੇਸ਼ਰਮਾ?' ਦੇਵ ਨੇ ਪੁੱਛਿਆ।

'ਬੇਸ਼ਰਮਾ ਮੈਂ ਲਾਲਟਣ ਦੀ ਚਿਮਨੀ ਪੁਆਦੂੰ ਤੇ ਮੇਜ਼ ਠੀਕ ਕਰਵਾ ਦੂੰ, ਤੂੰ ਮੇਰਾ ਪਾਵਾ ਪਵਾ ਦੇ।'

ਉਨ੍ਹਾਂ ਦੇ ਪਿੰਡ ਵਿਚ ਇਹ ਰਵਾਇਤ ਪਤਾ ਨਹੀਂ ਕਦੋਂ ਦੀ ਚਲੀ ਆਉਂਦੀ ਸੀ ਕਿ ਜੇ ਦੋ ਮੁੰਡੇ ਆਪਸ ਵਿਚ ਲੜ ਪੈਂਦੇ ਤਾਂ ਉਹ ਬੋਲਣੋਂ ਤਾਂ ਨਾ ਹਟਦੇ ਪਰ ਇਕ ਦੂਜੇ ਨੂੰ ਸੰਬੋਧਨ ਹੁੰਦਿਆਂ 'ਬੇਸ਼ਰਮਾ' ਜਰੂਰ ਕਹਿੰਦੇ। ਬਸ਼ੀਰ ਨੇ ਅਗਲੇ ਦਿਨ ਲਾਲਟਣ ਦੀ ਚਿਮਨੀ ਪਵਾ ਦਿੱਤੀ ਤੇ ਮੇਜ਼ ਦੀਆਂ ਟੁੱਟੀਆਂ ਲੱਤਾਂ ਲਗਵਾ ਦਿੱਤੀਆਂ। ਦੇਵ ਨੇ ਉਸ ਦੇ ਮੰਜੇ ਦਾ ਟੁੱਟਿਆ ਪਾਵਾ ਬਦਲਵਾ ਦਿੱਤਾ। ਹਫ਼ਤਾ ਭਰ ਉਹ ਇਕ ਦੂਜੇ ਨੂੰ 'ਬੇਸ਼ਰਮਾਂ' ਕਹਿ ਕੇ ਬੁਲਾਉਂਦੇ ਰਹੇ। ਘਨ੍ਹੱਈਏ ਨੂੰ ਪਤਾ ਲੱਗਾ ਤਾਂ ਉਸ ਨੇ ਦੋਨਾਂ ਨੂੰ 'ਫਾਲ ਇਨ' ਕਰ ਲਿਆ ਤੇ ਕਿਹਾ, 'ਇਕ ਦੂਜੇ ਦੇ ਮੂੰਹ ਤੇ ਦੋ ਦੋ ਚਪੇੜਾਂ ਮਾਰੋ, ਫਿਰ ਹੱਥ ਮਿਲਾਓ ਤੇ ਜੱਫੀ ਪਾਉ।'

ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ। ਇਕ ਦੂਜੇ ਦੇ ਹਲਕੀਆਂ ਹਲਕੀਆਂ ਪਿਆਰ ਭਰੀਆਂ ਚਪੇੜਾਂ ਮਾਰੀਆਂ ਤੇ ਹੱਥ ਮਿਲਾ ਕੇ ਜੱਫੀਆਂ ਪਾ ਲਈਆਂ। ਘਨ੍ਹੱਈਏ ਨੇ ਉਨ੍ਹਾਂ ਲਈ ਇਕ ਮੋਟੀ ਜਿਹੀ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਲਿਆ ਕੇ ਦੇ ਦਿੱਤੀ। ਉਹ ਨਿੱਤ ਵਿੱਚੋਂ ਛਾਂਟ ਛਾਂਟ ਕੇ ਦਸ-ਦਸ ਸ਼ਬਦ ਆਪਣੀਆਂ ਕਾਪੀਆਂ ਉੱਤੇ ਅਰਥਾਂ ਸਮੇਤ ਲਿਖ ਲੈਂਦੇ ਤੇ ਬੁੱਝਣ-ਬੁੱਝਣ ਦੀਆਂ ਖੇਡਾਂ ਖੇਡਦੇ। ਭੂਰੜੇ ਪਿੰਡ ਤੋਂ ਗਿਆਨੀ ਗੁਰਦਿਆਲ ਸਿੰਘ ਭੰਗੂ ਉਨ੍ਹਾਂ ਨੂੰ ਪੰਜਾਬੀ ਪੜ੍ਹਾਉਂਦੇ ਸਨ। ਬਾਕੀ ਅਧਿਆਪਕਾਂ ਨਾਲ਼ੋਂ ਇਕ ਵੱਖਰੀ ਗੱਲ ਉਨ੍ਹਾਂ ਵਿਚ ਇਹ ਸੀ ਕਿ ਉਹ ਮਾਸਟਰ ਘੱਟ ਦੋਸਤ ਵੱਧ ਸਨ। ਕਿਸੇ ਗੱਲੋਂ ਉਨ੍ਹਾਂ ਨੂੰ ਵੀ ਗੁੱਸਾ ਆ ਜਾਂਦਾ ਤਾਂ ਉਹ ਕੁਟਾਈ ਕਰਨ ਦੇ ਮੂਡ ਵਿਚ ਡੰਡਾ ਮੰਗਵਾ ਲੈਂਦੇ। ਡੰਡਾ ਕਿਸੇ ਮੁੰਡੇ ਦੇ ਹੱਥ ਤੇ ਮਾਰਨ ਲਈ ਉਲਾਰ ਲੈਂਦੇ, ਪਰ ਮਾਰਨ ਤੋਂ ਪਹਿਲਾਂ ਹੀ ਡੰਡਾ ਤੋੜ ਕੇ ਤਾਕੀ ਵਿੱਚੋਂ ਬਾਹਰ

ਵਗਾਹ ਮਾਰਦੇ ਤੇ ਕਹਿੰਦੇ, 'ਲੋਕੀ ਕਹਿਣਗੇ ਰਾਜ ਦੀ ਹਵਸ ਬਦਲੇ, ਮਾਰ ਦਿੱਤੇ ਨੇ ਵੀਰਾਂ ਨੇ ਵੀਰ ਕਾਨ੍ਹਾ। ਮੈਥੋਂ ਜੱਗ ਦੇ ਮਿਹਣੇ ਨਹੀਂ ਸਹੇ ਜਾਣੇ, ਆਹ ਲੈ ਚੁੱਕ ਲੈ ਆਪਣੇ ਤੀਰ ਕਾਨ੍ਹਾ।'

ਉਹ ਕਿਸੇ ਕਵਿਤਾ ਦੇ ਅਰਥ ਕਰਨ ਲਗਦੇ ਤਾਂ ਵੱਜਦੀ ਬੀਨ ਅੱਗੇ ਫਣ ਫੈਲਾਈ ਬੈਠੇ ਸੱਪ ਵਾਗ ਮੁੰਡੇ ਕੀਲੇ ਜਾਂਦੇ। ਕਵਿਤਾ ਦੇ ਨਾਲ਼ ਨਾਲ਼ ਉਸਦੇ ਡੂੰਘੇ ਅਰਥ ਮੁੰਡਿਆਂ ਦੀ ਰੂਹ ਵਿਚ ਸਮਾਉਂਦੇ ਜਾਂਦੇ। ਸਲੇਬਸ ਦੀਆਂ ਕਿਤਾਬਾਂ ਦੇ ਗਿਆਨ ਤੋਂ ਬਾਹਰਲੇ ਗਿਆਨ ਦੀ ਸੋਝੀ ਦੇਣ ਵਾਲ਼ੇ ਗਿਆਨੀ ਜੀ ਅਜਿਹੇ ਸਿਰਲੇਖਾਂ ਵਾਲ਼ੇ ਲੇਖ ਲਿਖਕੇ ਲਿਆਉਣ ਲਈ ਕਹਿੰਦੇ, ਜਿਨ੍ਹਾਂ ਦੀ ਕੋਈ ਕਲਪਨਾ ਵੀ ਨਹੀਂ ਸੀ ਕਰ ਸਕਦਾ। ਇਕ ਦਿਨ ਉਨ੍ਹਾਂ 'ਟੋਭੇ ਦੀ ਆਤਮ ਕਥਾ' ਲਿਖ ਕੇ ਲਿਆਉਣ ਲਈ ਕਿਹਾ ਤਾਂ ਅਗਲੇ ਦਿਨ ਇਕੱਲੇ-ਇਕੱਲੇ ਤੋਂ ਉਹ ਲੇਖ ਸੁਣਿਆ। ਦੇਵ ਦਾ ਲੇਖ ਦੂਜੇ ਨੰਬਰ ਤੇ ਰਿਹਾ ਤਾਂ ਉਹ ਪਿੰਡ ਵਿਚ ਆਪਣੀ ਇਸ ਪ੍ਰਾਪਤੀ ਬਾਰੇ ਸਭ ਨੂੰ ਦੱਸਦਾ ਫਿਰਿਆ। ਗਿਆਨੀ ਜੀ ਜਮਾਤ ਵਿਚ ਵੜਦੇ ਹੀ ਕਿਸੇ ਕਵੀ ਦੀਆਂ ਕੁਝ ਸਤਰਾਂ ਜਾਂ ਕਿਸੇ ਵਿਦਵਾਨ ਦਾ ਕੋਈ ਕਥਨ ਬਲੈਕ ਬੋਰਡ ਉੱਤੇ ਲਿਖ ਦਿੰਦੇ ਤੇ ਮੁੰਡਿਆਂ ਨੂੰ ਜ਼ੁਬਾਨੀ ਯਾਦ ਕਰਨ ਲਈ ਕਹਿੰਦੇ। ਜਿਨ੍ਹਾਂ ਦੀ ਵਰਤੋਂ ਮੁੰਡੇ ਆਪਣੇ ਲੇਖਾਂ ਵਿਚ ਕਰਦੇ । ਉਹ ਆਪਣੀ ਚੋਣ ਦੇ ਨਾਵਲ, ਕਹਾਣੀਆਂ ਅਤੇ ਕਵਿਤਾਵਾਂ ਮੁੰਡਿਆਂ ਨੂੰ ਪੜ੍ਹਨ ਲਈ ਦਿੰਦੇ। ਮਨੋਰੰਜਨ ਦਾ ਕੋਈ ਹੋਰ ਸਾਧਨ ਤਾਂ ਉਨ੍ਹਾਂ ਦਿਨਾਂ ਵਿਚ ਹੁੰਦਾ ਨਹੀਂ ਸੀ। ਪਿੰਡ ਵਿਚ ਤਾਂ ਅਜੇ ਰੇਡਿਓ ਵੀ ਦੋ ਤਿੰਨ ਘਰਾਂ ਵਿਚ ਹੀ ਸਨ। ਮੁੰਡਿਆਂ ਨੂੰ ਕਿਤਾਬਾਂ ਪੜ੍ਹਕੇ ਆਨੰਦ ਆਉਣ ਲੱਗਾ। ਦੇਵ ਵੀ ਕਿਤਾਬਾਂ ਦੀ ਇਸ ਦੁਨੀਆਂ ਵਿਚ ਗਵਾਚਾ ਰਹਿੰਦਾ। ਮਨੋਰੰਜਨ ਅਤੇ ਗਿਆਨ ਦੀ ਇਕ ਬਹੁਰੰਗੀ ਖਿੜਕੀ ਉਸਦੇ ਮੂਹਰੇ ਖੁੱਲ੍ਹ ਗਈ। ਲਾਇਬ੍ਰੇਰੀ ਵਿਚ ਜਾ ਕੇ ਅਖ਼ਬਾਰ ਜਾਂ ਰਿਸਾਲੇ ਪੜ੍ਹਨ ਦੀ ਆਦਤ ਵੀ ਗਿਆਨੀ ਜੀ ਕਰਕੇ ਹੀ ਪਈ। ਦੇਵ ਨੇ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਕਈ ਨਾਵਲ ਟਿੱਬੇ ਉੱਤੇ ਜਾਂ ਨਹਿਰ ਦੇ ਕੰਢੇ ਬੈਠ ਕੇ ਪੜ੍ਹੇ ਸਨ। ਬੇਗਮਪੁਰ ਦੀ ਪੰਮੀ ਉਨ੍ਹਾਂ ਨਾਵਲਾਂ ਵਿਚ ਉਸ ਨੂੰ ਥਾਂ-ਥਾਂ ਦਿਖਾਈ ਦਿੰਦੀ। ਦੇਵ ਨਾਵਲ ਦੇ ਹੀਰੋ ਵਿਚ ਆਪਣਾ ਅਕਸ ਲੱਭਣ ਲੱਗਦਾ। ਕੰਵਲ ਦੇ ਪਾਲੀ ਨਾਵਲ ਵਿਚ ਤਾਂ ਪੰਮੀ ਜਿਵੇਂ ਪੂਰੀ ਦੀ ਪੂਰੀ ਆ ਵੜੀ ਸੀ। ਉਸ ਨਾਵਲ ਨੇ ਦੇਵ ਵਿਚ ਅਜੀਬ ਕਿਸਮ ਦੇ ਜਜ਼ਬਾਤ ਪੈਦਾ ਕਰ ਦਿੱਤੇ। ਉਹ ਜੋ ਪਹਿਲਾਂ ਸੀ, ਹੁਣ ਨਾ ਰਿਹ। ਪੰਮੀ ਬਾਰੇ ਵੀ ਉਸ ਦੇ ਵਿਚਾਰਾਂ ਵਿਚ ਬੜੀ ਤਬਦੀਲੀ ਆ ਗਈ। ਇਨ੍ਹਾਂ ਨਾਵਲਾਂ ਤੋਂ ਉਸ ਨੂੰ ਪਿਆਰ ਦੇ ਸਹੀ ਅਰਥਾਂ ਦੀ ਸੂਝ ਮਿਲ ਗਈ। ਦੇਵ ਨੇ ਕੰਵਲ ਨੂੰ ਇਕ ਚਿੱਠੀ ਲਿਖੀ। ਪਾਲੀ ਨਾਵਲ ਦੀ ਤਾਰੀਫ ਕੀਤੀ ਤੇ ਆਪਣੇ ਸ਼ਬਦਾਂ ਵਿਚ ਪੰਮੀ ਦੇ ਨਾਲ਼ ਵਾਪਰੀਆਂ ਸਾਰੀਆਂ ਘਟਨਾਵਾਂ ਵੀ ਲਿਖ ਦਿੱਤੀਆਂ। ਉਸ ਚਿੱਠੀ ਵਿਚ ਉਸ ਨੇ ਕੰਵਲ ਤੋਂ ਫ਼ੋਟੋ ਦੀ ਵੀ ਮੰਗ ਕੀਤੀ ਸੀ। ਕੰਵਲ ਨੇ ਪੋਸਟ ਕਾਰਡ ਉੱਤੇ ਜਵਾਬ ਭੇਜਿਆ। ਉਸ ਨੇ ਦੇਵ ਨੂੰ ਦੱਬ ਕੇ ਪੜ੍ਹਨ ਦੀ ਪ੍ਰੇਰਣਾ ਦਿੱਤੀ। ਉਸ ਨੇ ਲਿਖਿਆ, 'ਮੈਂ ਤਾਂ ਇਕ ਸਧਾਰਣ ਜਿਹਾ ਜੱਟ ਬੰਦਾ ਹਾਂ, ਫ਼ੋਟੋ ਕਦੀ ਖਿਚਵਾਈ ਹੀ ਨਹੀਂ। ਜੇ ਕਿਧਰੇ ਕਿਸੇ ਨੇ ਖਿੱਚੀ ਵੀ ਹੋਵੇਗੀ ਤਾਂ ਹੁਣ ਉਸ ਕੋਲ਼ ਹੈ ਨਹੀਂ।' ਇਹ ਚਿੱਠੀ ਦੇਵ ਨੇ ਗਿਆਨੀ ਜੀ ਨੂੰ ਦਿਖਾਈ ਤਾਂ ਉਨ੍ਹਾਂ ਨੇ ਜਮਾਤ ਵਿਚ ਪੜ੍ਹ ਕੇ ਸੁਣਾਈ। ਮਗਰੋਂ ਜਮਾਤ ਦਾ ਸ਼ਾਇਦ ਹੀ ਕੋਈ

ਮੁੰਡਾ ਹੋਵੇਗਾ, ਜਿਸ ਨੇ 'ਪਾਲੀ' ਨਾਵਲ ਨਾ ਪੜ੍ਹਿਆ ਹੋਵੇ।

ਚਮਕੌਰ ਦਾ ਐਸ. ਡੀ. ਹਾਈ ਸਕੂਲ ਨਵਾਂ-ਨਵਾਂ ਬਣਿਆ ਸੀ। ਉਸ ਸਕੂਲ ਵਿਚ ਅਮਰ ਸਿੰਘ ਨਾਂ ਦਾ ਪਤਲਾ ਤੇ ਮਧਰਾ ਬੰਦਾ, ਜਿਸ ਦੀ ਠੋਡੀ ਉੱਤੇ ਮਸਾਂ ਗਿਣਤੀ ਦੇ ਵਾਲ਼ ਸਨ, ਮਾਸਟਰ ਆ ਲੱਗਾ। ਉਹ ਆਪਣੀ ਲੰਬੀ ਤੇ ਗੋਰੇ ਰੰਗ ਦੀ ਵਹੁਟੀ ਨਾਲ਼ ਸਲਾਹਪੁਰ ਪਿੰਡ ਵਿਚ ਸੁਰਤੇ ਲੰਬਰਦਾਰ ਦੇ ਇਕ ਪੰਜ ਕੁ ਖਣਾਂ ਵਾਲ਼ੇ ਕੋਠੇ ਵਿਚ ਪੰਜ ਰੁਪਏ ਮਹੀਨਾ ਕਿਰਾਏ ਉੱਤੇ ਰਹਿਣ ਲੱਗ ਪਿਆ। ਉਹ ਲਾਲ ਰੰਗ ਦੀ ਫਿਫਟੀ ਲਾਕੇ ਖਾਕੀ ਪੱਗ ਬੰਨ੍ਹਦਾ ਸੀ ਤੇ ਚਿੱਟੇ ਰੰਗ ਦੇ ਕਮੀਜ਼ ਪੈਂਟ ਪਾਉਂਦਾ ਸੀ। ਉਸ ਦੀ ਘਰ ਵਾਲ਼ੀ ਦਾ ਸਾਰਾ ਬਾਣਾ ਹੀ ਚਿੱਟਾ ਹੁੰਦਾ ਸੀ। ਉਹ ਨਾ ਕਦੀ ਸੁਰਖ਼ੀ, ਪਾਊਡਰ, ਨਹੁੰ ਪਾਲਸ਼ ਬਗੈਰਾ ਲਾਉਂਦੀ ਤੇ ਨਾ ਹੀ ਕੋਈ ਗਹਿਣਾ ਪਾਉਂਦੀ। ਮੁੰਡੇ ਉਸ ਮਾਸਟਰ ਨੂੰ 'ਖੋਜਾ ਮਾਸਟਰ' ਤੇ ਉਹਦੀ ਵਹੁਟੀ ਨੂੰ 'ਪੀਰੀ ਪੈਨ ਜੀ' ਕਹਿਣ ਲੱਗੇ ਸਨ। ਉਹ 'ੜਾੜੇ' ਨੂੰ 'ਰਾਰਾ' 'ਭੱਬੇ ਨੂੰ 'ਪੱਪਾ' ਬੋਲਣ ਕਰਕੇ 'ਪੀੜ੍ਹੀ' ਨੂੰ 'ਪੀਰੀ' ਤੇ 'ਭੈਣ' ਨੂੰ 'ਪੈਣ' ਕਹਿੰਦੀ ਸੀ। ਪੜ੍ਹਨ ਵਾਲ਼ੇ ਮੁੰਡੇ ਖੋਜੇ ਮਾਸਟਰ ਦਾ ਮਜ਼ਾਕ ਉਡਾਉਣ ਲੱਗੇ ਤੇ ਪਿੰਡ ਦੀਆਂ ਤੀਵੀਆਂ ਉਸ ਦੀ ਘਰ ਵਾਲ਼ੀ ਦਾ। ਉਹ ਸਕੂਲ ਪੜ੍ਹਾਉਣ ਲਈ ਪੈਦਲ ਹੀ ਜਾਇਆ ਕਰਦਾ ਸੀ। ਨਵੀਂ ਬਣੀ ਪੱਕੀ ਸੜਕ ਲੁੱਕ ਪੈਣ ਕਰਕੇ ਕਾਲ਼ੇ ਨਾਗ ਵਾਂਗ ਚਮਕਦੀ ਸੀ। ਮੁੰਡੇ ਸਕੂਲੋਂ ਚਾਕ ਚੁੱਕ ਲਿਆਉਂਦੇ ਤੇ ਸੜਕ ਉੱਤੇ ਉਨ੍ਹਾਂ ਦੋਨਾਂ ਦੀਆਂ ਸ਼ਕਲਾਂ ਵਾਹਕੇ 'ਖੋਜਾ ਮਾਸਟਰ' ਤੇ 'ਪੀਰੀ ਪੈਨ ਜੀ' ਲਿਖ ਦਿੰਦੇ। ਰਸਤੇ ਵਿਚ ਟਿੱਬੇ ਦੀਆਂ ਝਾੜੀਆਂ ਪਿੱਛੇ ਲੁਕ ਕੇ ਬੈਠ ਜਾਂਦੇ। ਜਦੋਂ ਉਹ ਲੰਘਦਾ ਤਾਂ ਅਵਾਜ਼ੇ ਕੱਸਦੇ।' ਖੋਜਾ ਮਾਸਟਰ ਆਇਆ, ਪੀਰੀ ਪੈਨ ਜੀ ਲਿਆਇਆ।'

ਉਹ ਰੁਕ ਜਾਂਦਾ, ਹੱਸਦਾ ਤੇ ਟਿੱਬੇ ਵੱਲ ਨੂੰ ਝਾਕ ਕੇ ਕਹਿੰਦਾ, 'ਉਇ ਆ ਜੋ ਬਈ ਜੁਆਨੋ। ਚੱਲੀਏ ਸਕੂਲ ਨੂੰ। ਖੋਜਾ ਮਾਸਟਰ ਤੁਹਾਨੂੰ ਬੁਲਾ ਰਿਹਾ ਏ।'

ਇਲਾਕੇ ਵਿਚ ਕਿਸੇ ਬਾਘ ਦੇ ਆਉਣ ਦਾ ਰੌਲ਼ਾ ਪੈ ਗਿਆ ਤੇ ਸਾਰੇ ਪਿੰਡ ਵਿਚ ਦਹਿਸ਼ਤ ਫੈਲ ਗਈ। ਸਭ ਤੋਂ ਪਹਿਲਾਂ ਬੱਕਰੀਆਂ ਦੇ ਆਜੜੀ ਰੁਲਦੂ ਨੇ ਇਹ ਖ਼ਬਰ ਪਿੰਡ ਵਿਚ ਦਿੱਤੀ ਕਿ ਬਾਘ ਬੱਕਰੀਆਂ ਉੱਤੇ ਟੁੱਟ ਕੇ ਪੈ ਗਿਆ ਸੀ ਤੇ ਇਕ ਛੇਲੇ ਨੂੰ ਗਰਦਣੋਂ ਫੜ ਕੇ ਦੌੜ ਗਿਆ ਸੀ। ਫਿਰ ਉਸ ਨੇ ਚਮਕੌਰ ਤੋਂ ਆਉਂਦੇ ਦੱਲੂ ਗੱਪੀ' ਤੇ ਹਮਲਾ ਕੀਤਾ ਸੀ। ਨਹਿਰ ਕੰਢੇ ਪਾਣੀ ਪੀਂਦੇ ਨੂੰ ਹਰੀਏ ਪੰਡਤ ਨੇ ਵੀ ਦੇਖਿਆ ਸੀ। ਕੀ ਸੱਚ ਸੀ ਤੇ ਕੀ ਝੂਠ, ਬੱਸ ਅਫਵਾਹਾਂ ਦਾ ਬਜ਼ਾਰ ਪੂਰਾ ਗਰਮ ਸੀ। ਤੀਜੇ ਚੌਥੇ ਦਿਨ ਕੋਈ ਨਾ ਕੋਈ ਆਖ ਦਿੰਦਾ ਕਿ ਉਸ ਨੇ ਫਲ਼ਾਂ ਜਗ੍ਹਾ ਤੇ ਬਾਘ ਦੇਖਿਆ ਸੀ। ਤਾਰਾ ਸਿੰਘ ਅਤੇ ਕਰੋੜ ਆਪਣੀਆਂ ਰਾਇਫ਼ਲਾਂ ਲੈ ਕੇ ਚਾਰ-ਪੰਜ ਰਾਤਾਂ ਉਨ੍ਹਾਂ ਥਾਵਾਂ ਤੇ ਬੈਠਦੇ ਰਹੇ ਸਨ, ਜਿੱਥੋਂ ਬਾਘ ਦੇ ਲੰਘਣ ਦੀ ਸੰਭਾਵਨਾ ਸੀ। ਬਾਘ ਤਾਂ ਦੂਰ ਦੀ ਗੱਲ, ਉਨ੍ਹਾਂ ਨੂੰ ਬਾਘ ਦੀ ਕਿਧਰੇ ਪੈੜ ਵੀ ਨਜ਼ਰ ਨਹੀਂ ਸੀ ਆਈ। ਡਰ ਤਾਂ ਡਰ ਹੀ ਹੁੰਦਾ ਹੈ। ਖ਼ਤਰੇ ਨੂੰ ਭਾਂਪਦਿਆਂ ਸਾਰੇ ਮੁੰਡੇ ਆਪਣੇ ਨਾਲ਼ ਹਾਕੀਆਂ ਲੈ ਕੇ, ਟੋਲਾ ਬਣਾ ਕੇ ਸਕੂਲ ਜਾਣ ਲੱਗੇ ਸਨ। ਕਿਸੇ ਨੂੰ ਅੱਕ ਦਾ ਪੱਤਾ ਵੀ ਹਿਲਦਾ ਦਿਖਦਾ, ਤਾਂ ਉਹ ਚੀਕ ਮਾਰ ਕੇ ਦੌੜ ਪੈਂਦਾ, 'ਭੱਜ ਲਓ ਸਾਲ਼ਿਓ, ਆ ਗਿਆ ਬਾਘ।'

ਵੱਡੀ ਉਮਰ ਦੇ ਮੁੰਡੇ ਨਿੱਕਿਆਂ ਨੂੰ ਡਰਾ ਕੇ ਮਨ-ਪ੍ਰਚਾਵਾ ਵੀ ਕਰਦੇ। ਇਕ ਦਿਨ

ਇਸੇ ਤਰ੍ਹਾਂ ਕਿਸੇ ਦੇ ਡਰਾਉਣ ਉੱਤੇ ਸਾਰੇ ਮੁੰਡੇ ਦੌੜੇ ਤਾਂ ਕੁਝ ਦੂਰੀ ਤੇ ਅਮਰ ਸਿੰਘ ਮਾਸਟਰ ਆਪਣੇ ਹੱਥ' ਚ ਹਾਕੀ ਫੜੀ ਤੁਰਿਆ ਜਾ ਰਿਹਾ ਸੀ। ਉਹ ਸਾਰੀ ਗੱਲ ਸਮਝ ਗਿਆ ਤੇ ਹੱਸ ਕੇ ਬੋਲਿਆ, 'ਜੁਆਨੋ, ਬਹਾਦਰ ਬਣੋ ਬਹਾਦਰ। ਤੁਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਾਜਿਆ ਹੋਇਆ ਖਾਲਸਾ ਹੋ। 'ਸਵਾ ਲਾਖ ਸੇ ਏਕ ਲੜਾਊ" ਵਾਲਾ। ਡਰ ਰਹੇ ਹੋ ਇਕ ਬਾਘ ਤੋਂ। ਜੇ ਬਾਘ ਆ ਜਾਵੇ ਤਾਂ ਤੁਹਾਨੂੰ ਤਾਂ ਉਸ ਦੀ ਬੋਟੀ-ਬੋਟੀ ਨ੍ਹੀ ਥਿਆਉਣੀ। ਇਕ ਗੱਲ ਸੁਣੋ, ਬਾਘ ਇਕ ਤਕੜੇ ਕੁੱਤੇ ਜਿੱਡਾ ਹੀ ਹੁੰਦਾ ਏ। ਤੁਹਾਡੇ ਤੇ ਹਮਲਾ ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਕੋਈ ਵੀ ਜਾਨਵਰ ਬੰਦੇ ਤੇ ਉਦੋਂ ਹਮਲਾ ਕਰਦਾ ਏ, ਜਦੋਂ ਉਸ ਨੂੰ ਆਪਣੀ ਜਾਨ ਦਾ ਖਤਰਾ ਹੋ ਜਾਵੇ। ਮੈਂ ਹਾਕੀ ਤਾਂ ਲੈ ਕੇ ਆਇਆਂ ਹਾਂ ਕਿ ਜੇ ਲੋੜ ਪਈ ਤਾਂ ਉਸ ਨੂੰ ਪਹਿਲੀ ਸੱਟੇ ਚਿੱਤ ਕਰ ਦਿਆਂਗਾ। ਮੈਂ ਤਾਂ ਉਸ ਨੂੰ ਹਾਕੀ ਤੋਂ ਬਿਨਾਂ ਵੀ ਚਿੱਤ ਕਰ ਸਕਦਾ ਏਂ। ਮੇਰੇ ਨਾਲ਼ ਆਇਆ ਕਰੋ ਸਾਰੇ।'

ਫਿਰ ਉਸ ਨੇ ਇਕ ਦਿਲਚਸਪ ਘਟਨਾ ਸੁਣਾਈ, ਜਦੋਂ ਉਹ ਕੇਵਲ ਸੋਲ਼ਾਂ ਸਾਲਾਂ ਦਾ ਸੀ। ਰੋਪੜ ਕੋਲ਼ ਦਰਿਆ ਦੇ ਪਾਰ ਸ਼ਿਵਾਲਿਕ ਪਹਾੜੀਆਂ ਵਿਚ ਉਸ ਦਾ ਪਿੰਡ ਸੀ। ਇਕ ਵਾਰੀ ਉਹ ਤੇ ਉਹਦੀ ਮਾਂ ਬਾਲਣ ਲਈ ਸੁੱਕੀਆਂ ਲੱਕੜੀਆਂ ਤੋੜਦੇ ਫਿਰ ਰਹੇ ਸਨ ਕਿ ਬਾਘ ਉਨ੍ਹਾਂ ਲਾਗੇ ਆ ਕੇ ਖੜ੍ਹ ਗਿਆ। ਉਸ ਦੀ ਮਾਂ ਨੇ ਬਥੇਰਾ ਰੋਕਿਆ ਕਿ ਉਹ ਬਾਘ ਨੂੰ ਕੁਝ ਨਾ ਕਹੇ, ਉਹ ਆਪਣੇ ਆਪ ਚਲਾ ਜਾਵੇਗਾ। ਉਸ ਨੇ ਮਾਂ ਦੀ ਗੱਲ ਨਾ ਮੰਨੀ ਤੇ 'ਪੁਚ-ਪੁਚ' ਕਰ ਕੇ ਬਾਘ ਨੂੰ ਆਪਣੇ ਕੋਲ਼ ਬੁਲਾ ਲਿਆ। ਬਾਘ ਨੇੜੇ ਆਇਆ ਤਾਂ ਉਸ ਨੇ ਛਾਲ਼ ਮਾਰ ਕੇ ਬਾਘ ਦੀ ਪੂਛ ਫੜ ਲਈ। ਬਾਘ ਅੱਗੇ ਨੂੰ ਖਿੱਚੇ ਤੇ ਉਹ ਪਿੱਛੇ ਨੂੰ। ਉਸ ਨੇ ਪੂਛ ਨੂੰ ਮਰੋੜੀ ਦਿੱਤੀ ਤਾਂ ਬਾਘ ਦੀਆਂ ਚੀਕਾਂ ਨਿਕਲ਼ ਗਈਆਂ। ਉਸ ਨੇ ਹੱਥ' ਚ ਫੜੀ ਦੰਦਲ਼ ਦਾਤੀ ਮਾਰ ਕੇ ਉਸਦੀ ਪੂਛ ਵੱਢ ਲਈ। ਬਾਘ ਅਜਿਹਾ ਭਮੱਤਰਿਆ ਕਿ ਅੰਨ੍ਹੇ ਵਾਹ ਦੌੜਦਾ ਪਹਾੜੀ ਤੋਂ ਸਿੱਧਾ ਹੇਠ ਗਿਰਿਆ।

'ਜੀ ਮਰ ਗਿਆ ਕਿ ਬਚ ਗਿਆ?' ਕਿਸੇ ਨੇ ਪੁੱਛਿਆ।

'ਮਰ ਹੀ ਗਿਆ ਹੋਊ, ਜਿਹੜਾ ਮੁੜ ਕੇ ਕਦੀ ਦਿਖਿਆ ਹੀ ਨਹੀਂ।'

'ਗੱਪ।' ਕਿਸੇ ਨੇ ਉੱਚੀ ਦੇਣੇ ਕਿਹਾ।

'ਚੱਲ ਬਈ ਨਹੀਂ ਮੰਨਣਾ ਨਾ ਮੰਨੋ। ਆਪਾਂ ਕਿਹੜਾ ਤੁਹਾਥੋਂ ਬਹਾਦਰੀ ਦਾ ਮੈਡਲ ਲੈਣਾ ਏਂ।'

'ਜੀ ਉਸ ਪੂਛ ਦਾ ਕੀ ਬਣਿਆਂ?' ਕਿਸੇ ਮੁੰਡੇ ਨੇ ਪੁੱਛਿਆ।

'ਉਹ ਰੱਸੀ ਨਾਲ਼ ਬੰਨ੍ਹ ਕੇ ਪਿੰਡ ਦੇ ਦਰਵਾਜ਼ੇ ਮੂਹਰੇ ਲਟਕਾ ਦਿੱਤੀ ਤਾਂ ਕਿ ਜੇ ਬਾਘ ਆਵੇ ਤਾਂ ਪੂਛ ਦੇਖ ਕੇ ਉੱਥੋਂ ਹੀ ਦੌੜ ਜਾਵੇ।'

ਮੁੰਡੇ ਹੀ-ਹੀ ਕਰਕੇ ਹੱਸਦੇ ਰਹੇ, ਪਰ ਦੇਵ ਨੂੰ ਇਹ ਗੱਲ ਸੱਚੀ ਲੱਗੀ। ਅਮਰ ਸਿੰਘ ਦੀ ਗੱਲ ਸੁਣ ਕੇ ਉਸ ਦਾ ਡਰ ਜਾਂਦਾ ਰਿਹਾ ਤੇ ਉਸ ਨੂੰ ਹੌਂਸਲਾ ਹੋ ਗਿਆ। ਦੇ ਵ ਸਮੇਤ ਕਈ ਮੁੰਡੇ ਮਾਸਟਰ ਅਮਰ ਸਿੰਘ ਨਾਲ਼ ਸਕੂਲ ਜਾਣ ਲੱਗ ਪਏ। ਸ਼ਾਮ ਨੂੰ ਉਹ ਆਪ ਹੀ ਖਾਲਸਾ ਸਕੂਲ ਵੱਲ ਆ ਜਾਂਦਾ ਤੇ ਭੂਰੀ ਲਲਾਰੀ ਦੀ ਹੱਟ ਦੇ ਬਾਹਰ ਸਟੂਲ ਡਾਹ ਕੇ ਬਹਿ ਜਾਂਦਾ। ਛੁੱਟੀ ਹੁੰਦੀ ਤਾਂ ਮੁੰਡੇ ਉਸ ਨਾਲ਼ ਪਿੰਡ ਆ ਜਾਂਦੇ। ਹੌਲ਼ੀ-ਹੌਲ਼ੀ ਉਸ

ਨਾਲ਼ ਆਉਣ ਵਾਲ਼ੇ ਮੁੰਡਿਆਂ ਦੀ ਗਿਣਤੀ ਵਧਦੀ ਚਲੀ ਗਈ। ਕਾਰਨ ਇਕ ਹੋਰ ਵੀ ਸੀ ਕਿ ਅਮਰ ਸਿੰਘ ਬੜੀਆਂ ਦਿਲਚਸਪ ਅਤੇ ਸਿੱਖਿਆਦਾਇਕ ਕਹਾਣੀਆਂ ਸੁਣਾਇਆ ਕਰਦਾ ਸੀ। ਬੰਦੇ ਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ, ਉਹ ਸਿੱਧਾ ਤਾਂ ਨਾ ਕਹਿੰਦਾ ਪਰ ਕਿਸੇ ਨਾ ਕਿਸੇ ਕਹਾਣੀ ਦੇ ਜ਼ਰੀਏ ਠੀਕ, ਗਲਤ ਦੀ ਨਿਸ਼ਾਨਦੇਹੀ ਕਰ ਦਿੰਦਾ। ਉਹ ਆਪਣੇ ਅਤੇ ਹੋ ਚੁੱਕੇ ਮਹਾਨ ਲੋਕਾਂ ਦੇ ਜੀਵਨ ਦੀਆਂ ਅਨੇਕ ਕਹਾਣੀਆਂ ਸੁਣਾਉਂਦਾ। ਜਿਨ੍ਹਾਂ ਦਾ ਮੁੰਡਿਆਂ ਦੇ ਦਿਮਾਗਾਂ ਉੱਤੇ ਜਾਦੂਮਈ ਅਸਰ ਹੁੰਦਾ। ਜਦੋਂ ਉਹ ਅਮਰੀਕਾ ਦੇ ਮਹਾਨ ਰਾਸ਼ਟਰਪਤੀ ਲਿੰਕਨ ਦੀਆਂ ਕਹਾਣੀਆਂ ਸੁਣਾਉਂਦਾ ਤਾਂ ਇੰਝ ਲੱਗਦਾ ਜਿਵੇਂ ਮਾਸਟਰ ਜੀ ਲਿੰਕਨ ਦਾ ਜਮਾਤੀ ਰਿਹਾ ਹੋਵੇ। ਮੁੰਡਿਆਂ ਲਈ ਇਹ ਅਜੀਬ ਅਤੇ ਪ੍ਰੇਰਣਾਦਾਇਕ ਗੱਲ ਸੀ ਕਿ ਉਹ ਗਰੀਬ ਬੱਚਾ ਜਿਸਦੇ ਘਰ ਵਿਚ ਦੀਵਾ ਵੀ ਨਹੀਂ ਸੀ, ਆਪਣੀ ਪੜ੍ਹਾਈ ਦੇ ਬਲਬੂਤੇ ਅਮਰੀਕਾ ਦਾ ਰਾਸ਼ਟਰਪਤੀ ਬਣ ਗਿਆ। ਇਹ ਗੱਲ ਵੀ ਸੱਚ ਹੈ ਕਿ ਇਸੇ ਮਾਸਟਰ ਜੀ ਵੱਲੋਂ ਮਿਲੀ ਸਿੱਖਿਆ ਕਰਕੇ 'ਛੋਟੀਆਂ ਜਾਤਾਂ' ਵਾਲ਼ੇ ਉਨ੍ਹਾਂ ਬਜ਼ੁਰਗਾਂ ਨੂੰ ਵੀ ਮੁੰਡੇ ਚਾਚੇ, ਤਾਏ, ਮਾਮੇ ਆਖਣ ਲੱਗ ਪਏ ਸਨ, ਜਿਨ੍ਹਾਂ ਨੂੰ ਪਹਿਲਾਂ ਨਾਂ ਲੈ ਕੇ ਬੁਲਾਇਆ ਕਰਦੇ ਸਨ। ਮਾਸਟਰ ਅਮਰ ਸਿੰਘ ਨੇ ਮੁੰਡਿਆਂ ਨੂੰ ਚੁੰਬਕ ਵਾਂਗ ਆਪਣੇ ਵੱਲ ਖਿੱਚ ਲਿਆ ਸੀ। ਮੁੰਡੇ ਸਕੂਲ ਦਾ ਕੰਮ ਵੀ ਉਸ ਦੇ ਵਿਹੜੇ ਵਿਚ ਤੂਤਾਂ ਹੇਠ ਬਹਿ ਕੇ ਮੁਕਾਉਣ ਲੱਗੇ ਸਨ। ਫੁਟਬਾਲ ਖੇਡਣ ਦਾ ਸ਼ੌਕ ਵੀ ਮੁੰਡਿਆਂ ਨੂੰ ਇਸੇ ਮਾਸਟਰ ਜੀ ਨੇ ਪਾਇਆ ਸੀ। ਉਸ ਤੋਂ ਪਹਿਲਾਂ ਮੁੰਡਿਆਂ ਦਾ ਫੁਟਬਾਲ ਖੇਡਣ ਦਾ ਤਰੀਕਾ ਹੀ ਅਜੀਬ ਹੁੰਦਾ ਸੀ। ਸਾਰੇ ਇਕੱਠੇ ਹੋਕੇ ਫੁਟਬਾਲ ਮਗਰ ਇੰਝ ਦੌੜ ਲਿਆ ਕਰਦੇ ਸਨ ਜਿਵੇਂ ਔਂਟਲ਼ਿਆ ਹੋਇਆ ਕੋਈ ਜੰਗਲੀ ਸੂਰ ਫੜਨਾ ਹੋਵੇ। ਸ਼ਾਮ ਨੂੰ ਨਿੱਤ ਦੋ ਘੰਟੇ ਉਹ ਮੁੰਡਿਆਂ ਨੂੰ ਪਿੜਾਂ ਵਿਚ ਲੈ ਜਾਂਦਾ ਤੇ ਫੁਟਬਾਲ ਖੇਡਣ ਦੇ ਸਾਰੇ ਨਿਯਮ ਸਮਝਾਉਂਦਾ। ਦੇਵ ਉਸ ਦਾ ਬਹੁਤ ਸ਼ਰਧਾਲੂ ਹੋ ਗਿਆ ਸੀ। ਉਸ ਨੇ ਇਕ ਵਾਰੀ ਉਸ ਨੂੰ ਪੁੱਛਿਆ ਸੀ, 'ਮਾਸਟਰ ਜੀ, ਕੀ ਮੈਂ ਵੀ ਬੜਾ ਹੋ ਕੇ ਮਾਸਟਰ ਬਣ ਸਕਦਾ ਹਾਂ?'

'ਮਾਸਟਰ ਕਿਹੜਾ ਬੱਚੂ ਉੱਤੋਂ ਡਿਗਦੇ ਨੇ। ਜ਼ੋਰ-ਸ਼ੋਰ ਨਾਲ਼ ਪੜ੍ਹਾਈ ਕਰਨ ਵਾਲੇ ਬੱਚੇ ਤਾਂ ਜੋ ਚਾਹੁਣ ਬਣ ਸਕਦੇ ਨੇ। ਤੂੰ ਇਕੱਲਾ ਨਹੀਂ ਐਥੇ ਪਿੰਡ ਵਿਚ ਸਾਰੇ ਮੁੰਡੇ ਗਰੀਬ ਮਾਪਿਆਂ ਦੇ ਪੁੱਤ ਨੇ। ਗਰੀਬੀ ਦੀ ਦਲਦਲ ਵਿੱਚੋਂ ਤਾਂ ਪੜ੍ਹਾਈ ਹੀ ਕੱਢ ਸਕਦੀ ਏ। ਹੰਭਲ਼ਾ ਮਾਰੋ। ਜਿਹੜੇ ਇਸ ਦਲਦਲ' ਚੋਂ ਨਿਕਲ਼ ਗਏ ਉਹ ਬਚ ਗਏ ਜਿਹੜੇ ਧਸ ਗਏ, ਉਹ ਮਰ ਗਏ।'

ਉਨ੍ਹਾਂ ਦੀ ਘਰ ਵਾਲ਼ੀ ਨੇ ਪਿੰਡ ਵਿਚ ਇਕ ਨਵਾਂ ਹੀ ਕੰਮ ਆਰੰਭ ਲਿਆ ਸੀ। ਜਦੋਂ ਮਾਸਟਰ ਜੀ ਸਕੂਲ ਚਲੇ ਜਾਂਦੇ ਤਾਂ ਉਹ ਪਿੰਡ ਦਾ ਗੇੜਾ ਲਾਉਂਦੀ ਤੇ ਔਰਤਾਂ ਨੂੰ ਮਿਲਦੀ। ਉਹੀ ਸੀ ਜਿਸ ਨੇ ਅਨਪੜ੍ਹ ਔਰਤਾਂ ਨੂੰ ਬਰੁਸ਼ ਕਰ ਕੇ, ਨਹਾ ਧੋ ਕੇ, ਸਾਫ਼ ਸੁਥਰੇ ਕੱਪੜੇ ਪਾਉਣ ਲਾ ਦਿੱਤਾ ਸੀ। ਪਰਿਵਾਰ ਨਿਯੋਜਨ ਦੀ ਸੂਝ ਦਿੱਤੀ ਸੀ। ਆਪਸੀ ਈਰਖ਼ਾ ਤੇ ਲੜਾਈਆਂ ਕਰਨ ਤੋਂ ਰੋਕ ਦਿੱਤਾ ਸੀ। ਬੱਚਿਆਂ ਦੀ ਪਰਿਵਰਸ਼ ਕਰਨ ਦੇ ਤੌਰ-ਤਰੀਕੇ ਸਮਝਾ ਦਿੱਤੇ ਸਨ। ਉਹੀ ਔਰਤਾਂ ਜਿਹੜੀਆਂ ਉਸਦੇ ਪੁੱਠੇ-ਸਿੱਧੇ ਨਾਂ ਰੱਖ ਕੇ ਮਜ਼ਾਕ ਉਡਾਉਣੋਂ ਥੱਕਦੀਆਂ ਨਹੀਂ ਸਨ, ਹੁਣ ਹੱਥ ਜੋੜ ਕੇ, ਗੰਭੀਰ ਹੋ ਕੇ ਉਸ ਨੂੰ 'ਭੈਣ ਜੀ-

ਭੈਣ ਜੀ' ਆਖ ਪਿਆਰ ਕਰਨ ਲੱਗੀਆਂ ਸਨ।

**00**

# ਚੌਂਤੀ

ਰਾਮ ਸਿੰਘ ਆਗਰੇ ਤੋਂ ਆਪਣੇ ਮਾਮੇ ਘਨ੍ਹੱਈਏ ਨੂੰ ਸਾਰੇ ਵੇਰਵਿਆਂ ਸਹਿਤ ਦੋ ਕੁ ਹਫਤੇ ਮਗਰੋਂ ਜਵਾਬੀ ਖ਼ਤ ਪਾਇਆ ਕਰਦਾ ਸੀ। ਖ਼ਤ ਦੀਆਂ ਮੋਟੀਆਂ ਮੋਟੀਆਂ ਗੱਲਾ ਉਹ ਘਰ ਵਿਚ ਸਭ ਨੂੰ ਦੱਸ ਦਿੰਦਾ। ਹਰੀਵੰਸ਼ ਤਾਂ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ, ਪਰ ਬੇਅੰਤ ਅੰਗਰੇਜ਼ੀ ਵਿਸ਼ੇ ਤੋਂ ਬਿਨਾਂ ਬਾਕੀ ਵਿਚ ਢਿੱਲਾ-ਮੱਠਾ ਹੀ ਸੀ। ਦੋਹਾਂ ਦੇ ਰੋਲ ਨੰਬਰ ਇਕੱਠੇ ਹੋਣ ਕਰਕੇ ਉਹ ਲੱਗਭੱਗ ਬਰਾਬਰ ਦੇ ਅੰਕ ਲੈ ਕੇ ਦੂਜੇ ਦਰਜੇ ਵਿਚ ਦਸਵੀਂ ਪਾਸ ਕਰ ਗਏ ਸਨ। ਬੇਅੰਤ ਨਕਲ ਮਾਰਨ ਵਿਚ ਐਕਸਪਰਟ ਸੀ। ਉਸ ਦਾ ਕਹਿਣਾ ਸੀ ਕਿ ਜੇ ਹਰੀਵੰਸ਼ ਦੇ ਲਿਖਦੇ ਪੈੱਨ ਦਾ ਉੱਪਰਲਾ ਸਿਰਾ ਹੀ ਦਿਖਦਾ ਰਹੇ ਤਾਂ ਉਹ ਉਸ ਦਾ ਲਿਖਿਆ ਪੜ੍ਹ ਸਕਦਾ ਸੀ। ਗਿਆਰਵੀਂ ਜਮਾਤ ਚੜ੍ਹਦਿਆਂ ਹੀ ਦੋਨਾਂ ਨੇ ਇਕ ਸ਼ਰਾਰਤ ਕੀਤੀ। ਉਨ੍ਹਾਂ ਦਾ ਪੀਰਡ ਲਈ ਬੈਠਾ ਕੋਈ ਟੀਚਰ ਉਘਦਾ ਉਘਦਾ ਸੌਂ ਗਿਆ ਤੇ ਘੁਰਾੜੇ ਮਾਰਨ ਲੱਗਾ। ਹਰੀਵੰਸ਼ ਨੇ ਉਸਦੇ ਮੂਹਰਿਓਂ ਡੰਡਾ ਚੁੱਕ ਕੇ ਬਾਹਰ ਸੁੱਟ ਦਿੱਤਾ ਤੇ ਬੇਅੰਤ ਨੇ ਮੇਜ਼ ਹੇਠਾਂ ਪਏ ਉਸ ਦੇ ਬੂਟ ਡਸਟਬਿਨ ਵਿਚ ਸੁੱਟ ਦਿੱਤੇ। ਇਹ ਸ਼ਰਾਰਤ ਕਿਉਂ ਕਿ ਸਾਰੀ ਜਮਾਤ ਦੀ ਮੌਜੂਦਗੀ ਵਿਚ ਹੋਈ ਸੀ, ਇਸ ਲਈ ਪੰਗਾ ਪੈਣਾ ਹੀ ਸੀ। ਬੇਅੰਤ ਨੂੰ ਪਹਿਲਾਂ ਹੀ ਸ਼ਰਾਰਤਾਂ ਕਰਨ ਕਰਕੇ ਸਜਾ ਮਿਲ ਚੁੱਕੀ ਸੀ। ਕਿਸੇ ਮੁੰਡੇ ਦੀ ਕਮੀਜ਼ ਪਿੱਛੇ ਪੈੱਨ ਦੀ ਸਿਆਹੀ ਛਿੜਕਣ ਕਰਕੇ ਪ੍ਰਿੰਸੀਪਲ ਨੇ ਰਾਮ ਸਿੰਘ ਨੂੰ ਘਰੋਂ ਸੱਦ ਕੇ ਸਾਰੀ ਗੱਲ ਦੱਸੀ ਸੀ ਤੇ ਅੱਗੇ ਤੋਂ ਕੋਈ ਸ਼ਰਾਰਤ ਨਾ ਕਰਨ ਲਈ ਵਾਰਨਿੰਗ ਦਿੱਤੀ ਹੋਈ ਸੀ। ਡੰਡਾ ਸੁੱਟਣ ਵਾਲ਼ੀ ਗੱਲ ਤਾਂ ਦਬ ਗਈ ਪਰ ਬੂਟ ਸੁੱਟਣ ਵਾਲ਼ੀ ਗੱਲ ਕਰਕੇ ਬੇਅੰਤ ਨੂੰ ਸਜਾ ਮਿਲੀ ਤੇ ਉਸ ਦਾ ਸੈਕਸ਼ਨ ਬਦਲ ਦਿੱਤਾ ਗਿਆ। ਸੈਕਸ਼ਨ ਬਦਲਿਆ ਤਾਂ ਮੁਸੀਬਤ ਖੜੀ ਹੋ ਗਈ। ਨਕਲ ਬਿਨਾਂ ਤਾਂ ਉਸ ਦਾ ਬੇੜਾ ਪਾਰ ਲੱਗਣਾ ਮੁਸ਼ਕਲ ਸੀ, ਪਰ ਨਕਲ ਤਾਂ ਹੋਣੀ ਸੀ ਜੇ ਹਰੀਵੰਸ਼ ਉਸਦੇ ਮੂਹਰੇ ਬੈਠਦਾ। ਬੇਅੰਤ ਆਨੀ-ਬਹਾਨੀ ਪੜ੍ਹਾਈ ਤੋਂ ਟਲ਼ਣ ਲੱਗ ਪਿਆ। ਉਹ ਕਈ ਕਈ ਪੀਰਡ ਕਲਾਸ ਤੋਂ ਮਿਸ ਮਾਰ ਜਾਂਦਾ ਤੇ ਹਰੀਵੰਸ਼ ਨੂੰ ਘਰ ਨਾ ਦੱਸਣ ਲਈ ਕਹਿੰਦਾ ਰਹਿੰਦਾ। ਸਕੂਲੋਂ ਸ਼ਿਕਾਇਤ ਫਿਰ ਆ ਗਈ ਤਾਂ ਜਿੰਦਰ ਉਸ ਦੇ ਸਕੂਲ ਗਈ। ਉਸ ਨੇ ਤਾਂ ਤਿਮਾਹੀ ਪ੍ਰੀਖਿਆ ਦੇ ਹਿਸਾਬ ਅਤੇ ਸਾਇੰਸ ਦੇ ਪੇਪਰ ਵੀ ਨਹੀਂ ਸਨ ਦਿੱਤੇ। ਜਿੰਦਰ ਨੇ ਪ੍ਰਿੰਸੀਪਲ ਦੇ ਦਫਤਰ ਵਿਚ ਹੀ ਉਸਦੇ ਕੰਨ ਖਿੱਚੇ ਤੇ ਅੱਗੇ ਤੋਂ ਧਿਆਨ ਰੱਖਣ ਦਾ ਵਿਸ਼ਵਾਸ਼ ਦਵਾ ਕੇ ਉਸ ਦਾ ਨਾਂ ਕੱਟ ਹੋਣ ਤੋਂ ਬਚਾ ਲਿਆ।

ਇਹ ਸਾਰੀਆਂ ਗੱਲਾਂ ਰਾਮ ਸਿੰਘ ਨੇ ਘਨ੍ਹੱਈਏ ਨੂੰ ਲਿਖ ਦਿੱਤੀਆਂ ਸਨ ਤੇ ਸਲਾਹ ਮੰਗੀ ਸੀ ਕਿ ਹੁਣ ਕੀ ਕਰੀਏ। ਇਸ ਸਟੇਜ ਤੇ ਸਕੂਲ ਬਦਲਣਾ ਵੀ ਮੁਸ਼ਕਲ ਸੀ ਤੇ ਉੱਥੇ ਪੜ੍ਹ ਕੇ ਉਸ ਦਾ ਪਾਸ ਹੋਣਾ ਵੀ। ਘਨ੍ਹੱਈਏ ਨੇ ਸੋਚਿਆ ਕਿ ਉਸ ਨੂੰ ਪੰਜਾਬ ਹੀ ਵਾਪਸ ਬੁਲਾ ਲਿਆ ਜਾਵੇ ਤੇ ਖਾਲਸਾ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਜਾਵੇ। ਇਸ ਸਬੰਧੀ ਉਸ ਨੇ ਸਕੂਲ ਦੇ ਪ੍ਰਿੰਸੀਪਲ ਨੂੰ ਮਿਲ ਕੇ ਪਤਾ ਕਰਨਾ ਸੀ ਕਿ ਉਹ ਦਾਖ਼ਲ ਕਰ ਲੈਣਗੇ

ਕਿ ਨਹੀਂ।

ਘਨ੍ਹੱਈਏ ਨੇ ਅਜੇ ਚਿੱਠੀ ਦਾ ਜਵਾਬ ਵੀ ਨਹੀਂ ਸੀ ਦਿੱਤਾ ਕਿ ਇਕ ਸ਼ਾਮ ਹਨੇਰਾ ਹੋਏ ਬੇਅੰਤ ਸਲਾਹਪੁਰ ਪੁੱਜ ਗਿਆ। ਸਾਰੇ ਜਣੇ ਲਾਲਟਣ ਦੇ ਚਾਨਣ ਵਿਚ ਰੋਟੀ ਖਾਣ ਲੱਗੇ ਸਨ ਕਿ ਉਹ ਅੰਦਰ ਵੜਦਿਆਂ ਹੀ ਫੁੱਟ-ਫੁੱਟ ਕੇ ਰੋਣ ਲੱਗ ਪਿਆ।

'ਵੇ ਕੀ ਹੋਇਆ ਵੇ ਤੈਨੂੰ? ਤੂੰ ਕਿਵੇਂ ਆ ਗਿਆ?' ਭਾਗਵੰਤੀ ਨੇ ਦੌੜ ਕੇ ਉਸ ਨੂੰ ਫੜਿਆ ਤੇ ਮੰਜਾ ਡਾਹ ਕੇ ਉੱਤੇ ਬਿਠਾ ਦਿੱਤਾ। ਕਾਹਲ਼ੀ ਕਾਹਲ਼ੀ ਘਨ੍ਹੱਈਆ, ਲਲਤਾ ਤੇ ਦੇਵ ਦੀ ਨਾਨੀ ਵੀ ਅੰਦਰ ਆ ਵੜੇ। ਉਹ ਰੋਈ ਜਾ ਰਿਹਾ ਸੀ ਤੇ ਕੁਝ ਵੀ ਨਹੀਂ ਸੀ ਦੱਸ ਰਿਹਾ। ਉਸ ਦਾ ਪਜਾਮਾ, ਕਮੀਜ਼ ਤੇ ਹੱਥ ਮੂੰਹ ਕਾਲ਼ਸ ਨਾਲ਼ ਲੱਥ-ਪੱਥ ਹੋਏ ਹੋਏ ਸਨ। ਉਸ ਨੇ ਪੈਰਾਂ ਵਿਚ ਫੌਜੀਆਂ ਵਾਲ਼ੇ ਭਾਰੇ ਚਮੜੇ ਦੇ ਬੂਟ ਪਾਏ ਹੋਏ ਸਨ।

'ਕੀ ਹੋਇਆ ਬੇਅੰਤ ਦੱਸ ਤੂੰ ਮੈਨੂੰ?' ਘਨ੍ਹੱਈਏ ਨੇ ਉਸ ਨੂੰ ਚੁੱਪ ਕਰਾਉਂਦਿਆਂ ਪੁੱਛਿਆ।

'ਜਿੰਦਰ ਭਾਬੀ ਨੇ ਮੈਨੂੰ ਤੇ ਹਰੀਵੰਸ਼ ਨੂੰ ਜ਼ਹਿਰ ਦੇ ਦਿੱਤੀ ਸੀ। ਮੈਂ ਤਾਂ ਬਚ ਕੇ ਦੌੜ ਆਇਆ, ਹਰੀਵੰਸ਼ ਦਾ ਕੋਈ ਪਤਾ ਨਹੀਂ।' ਉਹ ਬੋਲਿਆ।

ਘਰ ਉੱਤੇ ਜਿਵੇਂ ਬੰਬ ਦਾ ਗੋਲ਼ਾ ਫਟਿਆ। ਘਨ੍ਹੱਈਏ ਤੋਂ ਬਿਨਾਂ ਸਾਰੇ ਚੀਕਾਂ ਹੀ ਮਾਰਨ ਲੱਗ ਪਏ।

'ਚੁੱਪ ਕਰ ਜਾਓ ਸਾਰੇ। ਐਸੀ ਗੱਲ ਨਹੀਂ ਹੋ ਸਕਦੀ।' ਘਨ੍ਹੱਈਆ ਬਹੁਤ ਉੱਚੀ ਬੋਲਿਆ।

ਉਸ ਨੇ ਬੇਅੰਤ ਨੂੰ ਡੌਲ਼ੇ ਕੋਲੋਂ ਫੜ ਕੇ ਘੁੱਟਿਆ ਫਿਰ ਹਲੂਣ ਕੇ ਬੋਲਿਆ, 'ਮੁੱਢੋਂ ਸਾਰੀ ਗੱਲ ਦੱਸ। ਹੋਇਆ ਕੀ ਏ? ਜੇ ਝੂਠ ਬੋਲਿਆ ਥੌੜਾ ਮਾਰ ਕੇ ਤੇਰਾ ਸਿਰ ਫੇਹ ਦਿਆਂਗਾ।'

ਬੇਅੰਤ ਆਪਣੀ ਭਾਬੀ ਦੀ ਬਦਖੋਈ ਕਰਨ ਲੱਗ ਪਿਆ ਕਿ ਉਹ ਤਾਂ ਰੱਜਵੀਂ ਰੋਟੀ ਵੀ ਨਹੀਂ ਸੀ ਦਿੰਦੀ। ਦੁੱਧ, ਚਾਹ ਵੀ ਤਰਸਾ ਕੇ ਦਿੰਦੀ ਸੀ। ਆਪਣੇ ਕੰਮਾਂ ਨੂੰ ਬਜ਼ਾਰ ਤੋਰੀ ਰੱਖਦੀ ਸੀ। ਆਟਾ ਪਿਸਾਓ, ਕੋਲ਼ੇ ਲਿਆਓ, ਡੀਪੂ ਤੋਂ ਤੇਲ ਲੈ ਕੇ ਆਓ। ਕੱਪੜੇ ਵੀ ਸੁਆ ਕੇ ਨਹੀਂ ਸੀ ਦਿੰਦੀ ਤੇ ਪੈੱਨ, ਕਾਪੀਆਂ ਵੀ ਨਹੀਂ।

'ਅੱਛਿਆ... ਜਿੰਦਰ ਕਰਦੀ ਸੀ ਇਹ ਸਭ ਕੁਛ? ਫੇਰ ਤਾਂ ਪੁੱਤ ਤੂੰ ਬੜਾ ਤੰਗ ਸੀ ਉੱਥੇ। ਰਾਮ ਸਿੰਘ ਨੂੰ ਦੱਸਿਆ ਸੀ?'

'ਹਾਂ, ਉਹ ਕਿਹੜਾ ਸੁਣਦਾ ਸੀ ਸਾਡੀ। ਅਸੀਂ ਦੋਨੋਂ ਹੀ ਬਹੁਤ ਦੁਖੀ ਸੀ।' ਉਹ ਫਿਰ ਰੋਣ ਲੱਗ ਪਿਆ।

'ਫੇਰ ਅੱਜ ਤੂੰ ਆਇਆ ਕਿਵੇਂ?' ਘਨ੍ਹੱਈਏ ਨੇ ਪੁੱਛਿਆ।

'ਵਿਦਾਊਟ ਚੜ੍ਹ ਕੇ ਆਇਆ ਏਂ ਗੱਡੀ' ਚ। ਮੇਰੇ ਕੋਲ਼ ਤਾਂ ਧੇਲਾ ਵੀ ਨੀ ਸੀ- ਅੱਗੇ ਸਰਹੰਦ ਤੋਂ ਤੁਰ ਕੇ ਆਇਆ ਏਂ।'

'ਕਿੰਨੇ ਵਜੇ ਪਹੁੰਚੀ ਗੱਡੀ ਸਰਹੰਦ?'

'ਤੀਜੇ ਪਹਿਰ... ਤਿੰਨ ਚਾਰ ਵਜੇ।'

'ਹੁਣ ਵੱਜੇ ਨੇ ਸੱਤ... ਤੂੰ ਤਿੰਨ ਘੰਟੇ ਵਿਚ ਤੁਰ ਕੇ ਕਿਵੇਂ ਪਹੁੰਚ ਗਿਆ ਸਰਹੰਦ ਤੋਂ? ਤੈਨੂੰ ਪਤਾ ਏ ਸਾਇਕਲ ਤੇ ਵੀ ਚਾਰ-ਪੰਜ ਘੰਟੇ ਲੱਗ ਜਾਂਦੇ ਨੇ?'

'ਨਹੀਂ ਮੈਂ ਬਾਗਾਂ ਆਲ਼ੇ ਤੱਕ ਬੱਸ ਆ ਗਿਆ ਸੀ। ਫੇਰ ਤੁਰ ਕੇ ਆਇਆ ਏਂ।'

'ਬੱਸ ਵੀ ਵਿਦਾਊਟ ਆਇਆ?'

'ਨਹੀਂ, ਪੈਸੇ ਦੇ ਕੇ।'

'ਨਾਲ਼ੇ ਕਹਿੰਦਾ ਧੇਲਾ ਵੀ ਨੀ ਸੀ ਕੋਲ਼। ਪੈਸੇ ਕਿੱਥੋਂ ਆ ਗਏ?'

'ਬੇਅੰਤ ਨੇ ਐਧਰ-ਉੱਧਰ ਦੇਖਿਆ। ਬੁੱਲ੍ਹਾਂ ਤੇ ਜੀਭ ਫੇਰੀ ਤੇ ਸਿਰ ਝੁਕਾ ਲਿਆ।

'ਰੋਟੀ ਖਾਧੀ?'

'ਨਹੀਂ, ਬਹੁਤ ਭੁੱਖ ਲੱਗੀ ਹੋਈ ਏ।' ਉਹ ਰੋਣ ਲੱਗ ਪਿਆ।

'ਭਾਗਵੰਤੀ ਇਹਨੂੰ ਰੋਟੀ ਖੁਆਓ ਪਹਿਲਾਂ... ਕੁਝ ਨਹੀਂ ਹੋਇਆ ਆਗਰੇ... ਇਹ ਆਪਾਂ ਨੂੰ ਚਾਰਦਾ ਏ। ਉੱਠ ਉਇ ਹੱਥ ਮੂੰਹ ਧੋ ਜਾ ਕੇ।'

ਭਾਗਵੰਤੀ ਨੇ ਤਸਲੇ ਵਿਚ ਪਾਣੀ ਪਾ ਕੇ ਖੁਰੇ ਵਿਚ ਰੱਖ ਦਿੱਤਾ। ਲੱਛਮੀ ਨੇ ਸਾਬਣ ਦੀ ਇਕ ਚਿੱਪਰ ਉਸ ਨੂੰ ਫੜਾ ਦਿੱਤੀ। ਉਹ ਪਟੜੇ ਤੇ ਬਹਿ ਕੇ ਹੱਥ ਮੂੰਹ ਧੋਣ ਲੱਗ ਪਿਆ।

'ਵੇ ਪੁੱਤ ਸੱਚ ਸੱਚ ਦੱਸ ਦੇ ਕੀ ਹੋਇਆ?' ਉਸਦੀ ਬੇਬੇ ਨੇ ਕੋਲ਼ ਬਹਿ ਕੇ ਹੌਲ਼ੀ ਦੇਣੇ ਕਿਹਾ। ਫਿਰ ਉਸ ਦੀ ਪਿੱਠ ਤੇ ਹੱਥ ਘੁਮਾਉਣ ਲੱਗ ਪਈ, ਪਰ ਉਹ ਬੋਲਿਆ ਹੀ ਨਾ।

ਬੇਅੰਤ ਨੇ ਉੱਠ ਕੇ ਹੱਥ-ਮੂੰਹ ਪੂੰਝੇ ਤੇ ਫੌਜੀ ਬੂਟ ਚੁੱਕ ਕੇ ਟਾਂਡ ਉੱਤੇ ਧਰ ਦਿੱਤੇ । ਉਸਦੀ ਬੇਬੇ ਨੇ ਕੋਈ ਪੁਰਾਣਾ ਕਮੀਜ਼ ਪਜਾਮਾ ਲੱਭ ਕੇ ਉਸ ਨੂੰ ਫੜਾ ਦਿੱਤਾ। ਬੇਅੰਤ ਉਸ ਨੂੰ ਕੁੱਦ ਕੇ ਪਿਆ, 'ਇਹ ਘੜੇ' ਚੋਂ ਕੱਢ ਕੇ ਲਿਆਈ ਏਂ? ਵਲ਼ ਤਾਂ ਦੇਖ ਕਿਵੇਂ ਪਏ ਹੋਏ ਨੇ।'

'ਵਲ਼ ਤਾਂ ਕੱਪੜਿਆਂ ਦੇ ਵੀ ਕੱਢੂੰ ਤੇ ਤੇਰੇ ਵੀ।' ਘਨ੍ਹੱਈਏ ਛੋਟੇ ਦਰ ਰਾਹੀਂ ਕਮਰੇ ' ਚ ਵੜਦਾ ਬੋਲਿਆ।

ਰੋਟੀ ਨੂੰ ਉਹ ਹਾਬੜਿਆਂ ਵਾਂਗ ਪਿਆ। ਇਕ ਇਕ ਰੋਟੀ ਦੀਆਂ ਦੋ ਦੋ ਬੁਰਕੀਆਂ ਹੀ ਕੀਤੀਆਂ। ਉਹ ਰੋਟੀ ਖਾ ਹਟਿਆ ਤਾਂ ਘਨ੍ਹੱਈਆ ਨੇ ਉਸ ਨੂੰ ਫਿਰ ਹੱਟੀ ਵਿਚ ਸੱਦ ਲਿਆ। ਲਾਲਟਣ ਦੀ ਬੱਤੀ ਉੱਤੇ ਕੀਤੀ ਤਾਂ ਰੋਸ਼ਨੀ ਬੇਅੰਤ ਦੇ ਚਿਹਰੇ ਉੱਤੇ ਪੈਣ ਲੱਗੀ। ਉਸ ਨੇ ਉਸ ਨੂੰ ਪੀੜ੍ਹੇ ਉੱਤੇ ਬੈਠਣ ਲਈ ਕਿਹਾ ਤੇ ਅਗਲੀ ਸੁਣਵਾਈ ਸ਼ੁਰੂ ਕਰ ਦਿੱਤੀ, 'ਫੇਰ ਜਿੰਦਰ ਨੇ ਤੁਹਾਨੂੰ ਦੋਨਾਂ ਨੂੰ ਜ਼ਹਿਰ ਦੇ ਦਿੱਤੀ। ਬੜੀ ਮਾੜੀ ਔਰਤ ਨਿਕਲ਼ੀ। ਪਟਿਆਲ਼ੇ ਵੱਲ ਦੀਆਂ ਇਹੋ ਜਿਹੀਆਂ ਹੀ ਹੁੰਦੀਆਂ ਨੇ। ਜੇ ਪਤਾ ਹੁੰਦਾ, ਕਾਹਨੂੰ ਉੱਥੇ ਵਿਆਹ ਕਰਦੇ ਰਾਮ ਸਿਉਂ ਦਾ।'

'ਹਾਂ ਮਾਮਾ... ਉਹ ਤਾਂ ਬਹੁਤ ਮਾੜੀ ਔਰਤ ਏ। ਮੈਂ ਤਾਂ ਬਚ ਕੇ ਆ ਗਿਆ।'

'ਹਰੀਵੰਸ਼ ਤਾਂ ਫੇਰ ਖ਼ਤਮ ਹੀ ਸਮਝੋ।'

'ਕੀ ਪਤਾ, ਮੈਂ ਤਾਂ ਭੱਜ ਆਇਆ।'

'ਕਾਹਦੇ' ਚ ਪਾ ਕੇ ਜ਼ਹਿਰ ਦਿੱਤੀ?'

'ਦੁੱਧ' ਚ ਘੋਲ਼ ਕੇ।'

'ਨਾਲ਼ੇ ਕਹਿੰਦਾ, ਦੁੱਧ ਉਹ ਦਿੰਦੀ ਨਹੀਂ ਸੀ ਪੀਣ ਨੂੰ।'

'ਦੁੱਧ ਵਿਚ ਨੀ, ਚਾਹ ਵਿਚ।' ਬੇਅੰਤ ਨੇ ਆਪਣਾ ਬਿਆਨ ਬਦਲਿਆ।

'ਫੇਰ ਤੁਸੀਂ ਦੋਨਾਂ ਨੇ ਚਾਹ ਪੀ ਲਈ?'

'ਮੈਂ ਤਾਂ ਡੋਹਲ ਕੇ ਭੱਜ ਆਇਆ। ਹਰੀਵੰਸ਼ ਦਾ ਪਤਾ ਨ੍ਹੀ।'

'ਤੈਨੂੰ ਮੁਸ਼ਕ ਆ ਗਿਆ, ਬਈ ਚਾਹ' ਚ ਜ਼ਹਿਰ ਏ?'

ਬੇਅੰਤ ਡੋਰ-ਭੌਰ। ਕੋਈ ਉੱਤਰ ਸੁਝੇ ਹੀ ਨਾ। ਉਸ ਨੇ ਨੀਵੀਂ ਪਾ ਲਈ। ਮਸ਼ੀਨ ਮੂਹਰੇ ਬੇਠੇ ਘਨ੍ਹੱਈਏ ਨੇ ਕੈਂਚੀ ਪੁੱਠੇ ਪਾਸਿਓਂ ਫੜ ਲਈ ਤੇ ਗੋਡਿਆਂ ਭਾਰ ਹੋ ਕੇ ਬੜੇ ਜ਼ੋਰ ਨਾਲ਼ ਉਸਦੀ ਕੂਹਣੀ' ਤੇ ਮਾਰੀ। ਉਹ ਤੜਫ਼ ਕੇ ਰਹਿ ਗਿਆ ਤੇ ਚੀਕ ਮਾਰੀ, 'ਹਾਇ ਉਇ ਰੱਬਾ... ਮਾਰਤਾ ਉਇ.... ਮੈਨੂੰ ਕਿਉਂ ਮਾਰਦੈਂ?'

'ਤੇਰੀ ਤਾਂ ਅੱਜ ਜਾਨ ਕੱਢੂੰ ਮੈਂ ਝੂਠਿਆ। ਤੂੰ ਮੈਨੂੰ ਘਨ੍ਹੱਈਏ ਨੂੰ ਚਾਰਦੈਂ? ਹੁਣੇ ਪੱਖੇ ਨਾਲ਼ ਲਟਕਾਊਂ ਪੁੱਠਾ ਤੈਨੂੰ। ਸੱਚ ਸੱਚ ਦੱਸ ਕੀ ਹੋਇਆ?'

'ਵੇ ਚੰਦਰਿਆ... ਕਿਉਂ ਮਾਰਦੈਂ ਮੁੰਡੇ ਨੂੰ?' ਭਾਗਵੰਤੀ ਤੇ ਉਹਦੀ ਮਾਂ ਇਕੱਠੀਆਂ ਹੀ ਬੋਲੀਆਂ।

'ਚੁੱਪ ਕਰ ਜਾਉ ਤੁਸੀਂ.... ਨਹੀਂ ਥੁਆਡੇ ਵੀ ਧਰੂੰ।' ਘਨ੍ਹੱਈਆ ਚੀਕਿਆ, 'ਮੈਂ ਜਾਣਦੈਂ ਜਿੰਦਰ ਨੂੰ। ਪੈਸਾ ਖੋਟਾ ਆਪਣਾ ਬਾਣੀਏਂ ਨੂੰ ਕੀ ਦੋਸ਼। ਬੋਲ ਉਇ ਸਾਰੀ ਗੱਲ ਸੱਚ-ਸੱਚ ਦੱਸ- ਨਹੀਂ ਫੇਰ ਆਈ ਕੈਂਚੀ।'

'ਮੈਂ ਨੀ ਪੜ੍ਹਨਾ ਉੱਥੇ। ਸਾਰੇ ਮਾਸਟਰ ਕੁੱਟਦੇ ਰਹਿੰਦੇ ਆਂ। ਸਾਰੇ ਸਬਜੈਕਟ ਹਿੰਦੀ ਵਿਚ ਪੜ੍ਹਨੇ ਪੈਂਦੇ ਆਂ। ਮੈਨੂੰ ਨੀ ਆਉਂਦੀ ਹਿੰਦੀ।' ਬੇਅੰਤ ਰੋਣ ਵੀ ਲੱਗ ਪਿਆ ਤੇ ਲੀਹ ਉੱਤੇ ਵੀ ਆ ਗਿਆ। ਘਨ੍ਹੱਈਏ ਨੇ ਉੱਠ ਕੇ ਉਸਨੂੰ ਆਪਣੀ ਗਲਵੱਕੜੀ ਵਿਚ ਖਿੱਚ ਲਿਆ ਤੇ ਬੋਲਿਆ, 'ਵਾਹ ਕਿਸਮਤ ਦਾ ਵਲ਼ੀਆ ਰਿੰਨ੍ਹੀ ਖੀਰ ਤੇ ਬਣ ਗਿਆ ਦਲ਼ੀਆ। ਕੀ ਸੋਚਿਆ ਸੀ ਤੇ ਕੀ ਬਣਦਾ ਜਾ ਰਿਹਾ ਏਂ ਮੇਰੇ ਬੱਚੜਿਆ।'

ਘਨ੍ਹੱਈਏ ਨੇ ਉਸ ਨੂੰ ਪਿਆਰ ਕੀਤਾ ਤਾਂ ਉਸ ਨੇ ਸਾਰੀ ਗੱਲ ਦੱਸ ਦਿੱਤੀ। ਉਸ ਦੇ ਸਕੂਲ ਦੀ ਪਿੱਠ ਬਿਲਕੁਲ ਧਰਤੀ ਨਾਲ਼ ਜੁੜਦੀ ਸੀ। ਬੇਅੰਤ ਸਕੂਲੋਂ ਦੌੜ ਉੱਥੇ ਬੈਠਾ ਹਿਸਾਬ ਦਾ ਪੀਰਡ ਕੱਟ ਰਿਹਾ ਸੀ ਕਿ ਉਸ ਦੇ ਲਾਗੇ ਔਂਟਲ਼ਿਆ ਹੋਇਆ ਇਕ ਬਤ੍ਹਾਰੂ ਆ ਖੜ੍ਹਿਆ। ਉਸ ਨੇ ਕਿੱਕਰ ਦੀ ਲੁੰਗ ਤੋੜ ਕੇ ਹਿਲਾਈ ਤਾਂ ਬਤ੍ਹਾਰੂ ਉਹਦੇ ਕੋਲ਼ ਆ ਗਿਆ। ਉਹ ਛੱਤ ਉੱਤੇ ਚੜ੍ਹ ਲੁੰਗ ਹਿਲਾਉਣ ਲੱਗਾ ਤਾਂ ਬਤ੍ਹਾਰੂ ਵੀ ਛੱਤ ਤੇ ਆ ਚੜ੍ਹਿਆ। ਹੌਲ਼ੀ-ਹੌਲ਼ੀ ਉਹ ਉਸ ਨੂੰ ਪ੍ਰਿੰਸੀਪਲ ਦੇ ਦਫ਼ਤਰ ਦੀ ਛੱਤ ਤੱਕ ਲੈ ਗਿਆ। ਕਿਸੇ ਟੀਚਰ ਨੇ ਇਹ ਸ਼ਰਾਰਤ ਕਰਦਿਆਂ ਉਸ ਨੂੰ ਦੇਖ ਲਿਆ ਸੀ। ਉਸ ਨੇ ਪੰਜ-ਸੱਤ ਮੁੰਡੇ ਦੌੜਾਏ ਜਿਹੜੇ ਬੇਅੰਤ ਨੂੰ ਟੰਗਾਂ ਬਾਹਾਂ ਤੋਂ ਫੜ ਕੇ ਇੰਝ ਘੜੀਸ ਲਿਆਏ ਜਿਵੇਂ ਕੀੜੀਆਂ ਭੂੰਡ ਨੂੰ ਘੜੀਸ ਲੈਂਦੀਆਂ ਹਨ। ਪ੍ਰਿੰਸੀਪਲ ਕੋਲ਼ ਪੇਸ਼ੀ ਪਈ ਤਾਂ ਉਸ ਨੇ ਬੇਅੰਤ ਦੇ ਪਹਿਲਾਂ ਕੰਨ ਫੜਾਏ ਤੇ ਫਿਰ ਬੈਂਤਾਂ ਮਾਰੀਆਂ। ਅਗਲੇ ਦਿਨ ਘਰਦਿਆਂ ਨੂੰ ਸੱਦ ਕੇ ਲਿਆਉਣ ਦਾ ਹੁਕਮ

ਵੀ ਦੇ ਦਿੱਤਾ। ਉਹ ਦੋ ਦਿਨ ਤਾਂ ਸਕੂਲ ਜਾਣ ਦੀ ਥਾਂ ਪਾਲੀਵਾਲ ਪਾਰਕ ਵਿਚ ਹੀ ਲੁਕਦਾ ਰਿਹਾ। ਤੀਜੇ ਦਿਨ ਹਰੀਵੰਸ਼ ਨੇ ਆਪਣੀ ਭਾਬੀ ਨੂੰ ਸਾਰੀ ਗੱਲ ਦੱਸ ਦਿੱਤੀ। ਉਹ ਸਾਇਕਲ ਉੱਤੇ ਸਕੂਲ ਗਈ ਤਾਂ ਪ੍ਰਿੰਸੀਪਲ ਨੇ ਉਸ ਵੱਲੋਂ ਲਗਾਤਾਰ ਸ਼ਰਾਰਤਾਂ ਕਰਨ ਕਰਕੇ ਉਸ ਦਾ ਨਾਂ ਕੱਟ ਦੇਣ ਬਾਰੇ ਦੱਸਿਆ। ਉਹ ਬੜਾ ਦੁਖੀ ਹੋਈ। ਮਿੰਨਤਾਂ ਤਰਲ਼ੇ ਕੀਤੇ, ਪਰ ਪ੍ਰਿੰਸੀਪਲ ਦੇ ਕੰਨ ਤੇ ਜੂੰ ਨਾ ਰੀਂਗੀ। ਉਹ ਬੋਲਦਾ ਰਿਹਾ, 'ਐਸੇ ਵਿਗੜੇ ਹੂਏ ਬਦਮਾਸ਼ੋਂ ਕੀ ਹਮੇਂ ਕੋਈ ਆਵਸ਼ਕਤਾ ਨਹੀਂ ਹੈ। ਲੇ ਜਾਈਏ ਇਸੇ ਯਹਾਂ ਸੇ।'

ਭਰੀ ਪੀਤੀ ਜਿੰਦਰ ਘਰ ਪੁੱਜੀ, ਬੇਅੰਤ ਰੇਡਿਓ ਲਾਈ ਬੈਠਾ ਗਾਣੇ ਸੁਣ ਰਿਹਾ ਸੀ। ਜਿੰਦਰ ਨੂੰ ਬੜਾ ਗੁੱਸਾ ਆਇਆ। ਉਸ ਨੇ ਮੋਗਰੀ ਚੁੱਕ ਕੇ ਦੋ ਤਿੰਨ ਉਸ ਦੀ ਢੂਹੀ ਵਿਚ ਠੋਕ ਦਿੱਤੀਆਂ। ਉਹ ਉੱਠਿਆ ਬਾਥਰੂਮ' ਚੋਂ ਲੋਹੇ ਦੀ ਬਾਲਟੀ ਚੁੱਕ ਲਿਆਇਆ ਤੇ ਜਿੰਦਰ ਦੇ ਸਿਰ ਵਿਚ ਮਾਰ ਦੌੜ ਆਇਆ।

'ਹੁਣ ਤੇਰੀ ਕੀ ਸਲਾਹ ਏ?' ਘਨੱ੍ਹਈਏ ਨੇ ਪੁੱਛਿਆ।

'ਆਗਰੇ ਤਾਂ ਮੈਂ ਮੁੜ ਕੇ ਪੈਰ ਨੀ ਪਾਉਣਾ।'

'ਚਮਕੌਰ ਖਾਲਸਾ ਸਕੂਲ ਵਿਚ ਪਤਾ ਕਰਾਂ ਜੇ ਰੱਖ ਲੈਣ?'

'ਨਹੀਂ ਪੜ੍ਹਨਾ ਵੀ ਨੀ। ਮੈਂ ਤਾਂ ਕੋਈ ਨੌਕਰੀ ਕਰਾਂਗਾ।'

'ਦਸ ਪੜ੍ਹਿਆ ਤੂੰ ਕਿਹੜਾ ਡੀ. ਸੀ. ਲੱਗ ਜੇਂਗਾ? ਮੇਰਾ ਨੱਕ ਕਟਵਾਏਂਗਾ ਚਪੜਾਸੀ ਬਣ ਕੇ?' ਉਹ ਚੁੱਪ ਕਰ ਗਿਆ। ਘਨੱ੍ਹਈਏ ਦੀਆਂ ਲੱਖ ਨਸੀਹਤਾਂ ਦਾ ਵੀ ਉਹਦੇ ਤੇ ਕੋਈ ਅਸਰ ਨਾ ਹੋਇਆ। ਉਸ ਨੇ ਆਗਰੇ ਨੂੰ ਤਾਰ ਦੇ ਦਿੱਤੀ ਤੇ ਰਾਮ ਸਿੰਘ ਦੀ ਸਲਾਹ ਮੰਗੀ ਕਿ ਹੁਣ ਇਸ ਲਫੈਂਡ ਦਾ ਕੀ ਕਰੀਏ। ਇਹ ਗੱਲ ਬਹੁਤ ਮਗਰੋਂ ਪਤਾ ਲੱਗੀ ਕਿ ਜਿੰਦਰ ਦੇ ਸਿਰ ਵਿਚ ਚਾਰ ਟਾਂਕੇ ਲੱਗੇ ਸਨ, ਰਾਮ ਸਿੰਘ ਨੇ ਇਹ ਗੱਲ ਕਿਸੇ ਨੂੰ ਨਾ ਦੱਸੀ। ਜਿੰਦਰ ਦਾ ਬੇਅੰਤ ਨੂੰ ਘਨੱ੍ਹਈਏ ਦੀ ਮਾਰਫ਼ਤ ਖ਼ਤ ਆਇਆ। ਉਹ ਤਾਂ ਉਲਟਾ ਆਪਣੀ ਹੀ ਗ਼ਲਤੀ ਮੰਨ ਰਹੀ ਸੀ। ਬੇਅੰਤ ਨੂੰ ਵਾਪਸ ਆਉਣ ਲਈ ਤਰਲ਼ੇ ਕਰ ਰਹੀ ਸੀ। ਉਸ ਨੇ ਇਹ ਵੀ ਲਿਖਿਆ ਸੀ ਕਿ ਜੇ ਉਹ ਵਾਪਸ ਨਾ ਆਇਆ ਤਾਂ ਜਿੰਦਰ ਦੀ ਆਗਰੇ ਵਿਚ ਵੀ ਸਲਾਹਪੁਰ ਵਿਚ ਵੀ ਬਦਨਾਮੀ ਹੋਵੇਗੀ। ਜੇ ਇਸ ਘਟਨਾ ਦਾ ਉਸਦੇ ਪਿਤਾ ਲਹਿੰਬਰ ਸਿੰਘ ਨੂੰ ਪਤਾ ਲੱਗ ਗਿਆ ਤਾਂ ਉਹ ਕੀ ਸਫ਼ਾਈ ਦੇਵੇਗੀ ਕਿ ਉਹ ਆਪਣੇ ਦਿਓਰ ਨੂੰ ਆਪਣੇ ਕੋਲ਼ ਠੀਕ ਤਰ੍ਹਾਂ ਕਿਉਂ ਨਹੀਂ ਸੀ ਰੱਖ ਸਕੀ। ਬੇਅੰਤ ਨੇ ਉਸਦੀ ਚਿੱਠੀ ਟੋਟੇ ਕਰਕੇ ਚੁੱਲ੍ਹੇ' ਚ ਸੁੱਟ ਦਿੱਤੀ ਤੇ ਬੋਲਿਆ, 'ਕਿਤਾਬਾਂ ਤੋਂ ਮਸੀਂ ਖਹਿੜਾ ਛੁਡਾਇਆ ਏ। ਉਸ ਜੰਜਾਲ਼ ਵਿਚ ਮੁੜ ਨੀ ਫਸਣਾ।'

**00**

# ਪੇਤੀ

ਸਾਰੇ ਟੱਬਰ ਨੇ ਮਿੰਨਤਾਂ ਕਰ ਲਈਆਂ ਪਰ ਬੇਅੰਤ ਨੇ ਕਿਸੇ ਦੀ ਇਕ ਨਾ ਸੁਣੀ। ਉਹ ਖੱਦਰ ਦਾ ਕਮੀਜ਼ ਪਜ਼ਾਮਾ ਪਾ ਕੇ ਘੁੰਮਣ ਲੱਗਾ। ਇਕ ਦਿਨ ਉਹ ਟਰੱਕ ਦੇ ਟੂਲ-ਬਕਸ ਤੇ ਚੜ੍ਹ ਕੇ ਭੱਠਾ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਨੂੰ ਗਿਆ ਤਾਂ ਰਸਤੇ ਵਿਚ ਉਸ

ਦੀ ਪਗੜੀ ਟਾਹਲੀ ਦੀਆਂ ਟਹਿਣੀਆਂ ਵਿਚ ਫਸ ਗਈ। ਉਹ ਨੰਗੇ ਸਿਰ ਰਹਿ ਗਿਆ। ਰਾਹ ਵਿਚ ਹੀ ਉਤਰ ਕੇ ਨਾਈ ਦੇ ਜਾ ਵੜਿਆ ਤੇ ਸ਼ਾਮ ਨੂੰ ਘੋਨ-ਮੋਨ ਹੋ ਕੇ ਘਰ ਆ ਪਹੁੰਚਿਆ। ਭਾਗਵੰਤੀ ਆਪਣੇ ਪੁੱਤ ਦੀ ਸ਼ਕਲ ਦੇਖ ਕੇ ਰੋਣ ਲੱਗ ਪਈ, 'ਵੇ ਅਸੀਂ ਤਾਂ ਮਹਾਰਾਜ ਦੇ ਲੜ ਲੱਗੇ ਸੀ। ਇਹ ਤੂੰ ਕੀ ਜੱਗੋਂ ਤੇਰ੍ਹਵੀਂ ਕਰ ਆਇਆ?'

'ਕਿਉਂ ਮਹਾਰਾਜ ਰੋਡਿਆਂ ਨੂੰ ਲੜ ਨੀ ਫੜਾਉਂਦਾ? ਮੇਰਾ ਬਾਪ ਨੀ ਸੀ ਰੋਡਾ? ਮਾਮਾ ਨੀ ਰੋਡਾ?' ਉਹ ਦਲੀਲਾਂ ਦੇਣ ਲੱਗਾ।

ਘਰ ਦੇ ਹੋਰ ਜੀਅ ਵੀ ਉਸ ਨੂੰ ਫਿਟਲਾਹਣਤਾਂ ਦਿੰਦੇ ਰਹੇ ਪਰ ਉਹ ਇੱਕੋ ਗੱਲ ਕਹੀ ਜਾਵੇ, 'ਜੇ ਉਹ ਚਾਹੁੰਦਾ, ਟਾਹਲੀ' ਚ ਪਗੜੀ ਕਿਉਂ ਫਸਾਉਂਦਾ? ਮਹਾਰਾਜ ਹੀ ਨੀ ਚਾਹੁੰਦਾ ਕਿ ਮੈਂ ਵਾਲ਼ ਰੱਖਾਂ, ਫੇਰ ਤੁਸੀਂ ਕੌਣ ਹੁੰਦੇ ਹੋ ਮੇਰੇ ਵਾਲ਼ ਰਖਵਾਉਣ ਵਾਲ਼ੇ?'

ਉਸ ਦੀ ਸ਼ਕਲ ਦੇਖ ਕੇ ਭਾਗਵੰਤੀ ਨੂੰ ਐਨਾ ਗੁੱਸਾ ਆਇਆ ਕਿ ਉਸ ਨੇ ਉਸ ਨੂੰ ਬੜੇ ਜ਼ੋਰ ਨਾਲ਼ ਧੱਕਾ ਮਾਰਿਆ। ਉਹ ਬੀਹੀ ਦੀ ਗੰਦੀ ਨਾਲ਼ੀ ਤੇ ਜਾ ਡਿਗਿਆ। ਚੁੱਪ ਚਾਪ ਉੱਠਿਆ ਤੇ ਬਾਹਰ ਵੱਲ ਤੁਰ ਪਿਆ। ਕਿਸੇ ਨੇ ਘਰ ਆ ਕੇ ਦੱਸਿਆ ਕਿ ਬੇਅੰਤ ਮੌਣ ਤੇ ਚੜ੍ਹਿਆ ਖੂਹ ਵਿਚ ਲੱਤਾਂ ਲਮਕਾਈ ਬੈਠਾ ਏ ਤੇ ਸਭ ਨੂੰ ਕਹਿ ਰਿਹਾ ਏ ਕਿ ਛੇਤੀ ਛੇਤੀ ਘੜੇ ਭਰ ਕੇ ਲੈ ਜੋ ਘਰਾਂ ਨੂੰ। ਫੇਰ ਨਾ ਕਿਹੋ ਪਾਣੀ ਗੰਦਾ ਕਰਤਾ। ਮੈਂ ਡੁੱਬ ਕੇ ਮਰਨਾ ਏਂ ਅੱਜ।'

ਘਰੋਂ ਸਾਰੇ ਜਣੇ ਖੂਹ ਵੱਲ ਦੌੜੇ ਤੇ ਮਿੰਨਤਾਂ ਕਰ ਕੇ ਉਸਨੂੰ ਵਾਪਸ ਘਰ ਲਿਆਏ । ਮਗਰੋਂ ਤਾਂ ਉਸ ਨੂੰ ਆਪਣੀ ਪੁਗਾਉਣ ਲਈ ਇਹੋ ਗੱਲ ਲੱਭ ਪਈ। ਮਾੜੀ-ਮੋਟੀ ਗੱਲ ਕਹਿਣ ਤੇ ਵੀ ਕਿਹਾ ਕਰੇ, 'ਜਾਂਦਾ ਹਾਂ ਡੁੱਬ ਮਰਨ ਖੂਹ' ਚ।'

ਇਕ ਦਿਨ ਉਹ ਆਪਣੇ ਫੌਜੀ ਬੂਟ ਪਾ ਕੇ ਸਰਬਣ ਦੀ ਘੁਲਾੜੀ ਵਿਚ ਜਾ ਬੈਠਾ। ਉੱਥੇ ਪਿੰਡ ਦੇ ਵਿਹਲੇ ਬੰਦਿਆਂ ਨੇ ਕਾਫ਼ੀ ਰੌਣਕ ਲਾਈ ਹੋਈ ਸੀ। ਸਾਰੇ ਕਹਿਣ ਲੱਗੇ, 'ਆ ਬਈ ਬੇਅੰਤੇ... ਆ ਬਈ ਬੇਅੰਤੇ... ਤੂੰ ਕਦੋਂ ਆਇਆ?'

'ਛੁੱਟੀਆਂ ਸੀਗੀਆਂ, ਸੋਚਿਆ ਪਿੰਡ ਗੰਨੇ ਚੂਪ ਆਈਏ ਤੇ ਤੱਤਾ ਤੱਤਾ ਲਾਲ਼ਾ ਛਕ ਆਈਏ। ਉੱਥੇ ਤਾਂ ਇਕੱਲੇ ਬਿਸਕੁਟ ਅਤੇ ਡਬਲ ਰੋਟੀ ਖਾਣੇ ਪੈਂਦੇ ਨੇ।' ਉਹ ਬੋਲਿਆ।

'ਸਿਰ ਜਮ੍ਹਾਂ ਈਂ ਟਿੰਡ ਕਢਾਤਾ?' ਕੋਈ ਬੋਲਿਆ।

'ਜੂਆਂ ਪੈ ਗਈਆਂ ਸੀ, ਫੇਰ ਆ ਜਾਣਗੇ ਵਾਲ਼।'

'ਹਰੀਵੰਸ਼ ਨੀ ਆਇਆ?'

'ਨਹੀਂ ਉਹਦੇ ਕਚਰਾਲੀਆਂ ਨਿਕਲ਼ੀਆਂ ਹੋਈਆਂ ਨੇ।'

'ਵਾਹ... ਬਈ.... ਵਾਹ... ਛੱਡ ਤੀ ਗੱਪ।' ਸਾਰੇ ਹੱਸੇ।

ਫਿਰ ਉਹ ਸ਼ਹਿਰ ਅਤੇ ਸ਼ਹਿਰੀ ਜੀਵਨ ਦੀਆਂ ਵੱਡੀਆਂ ਗੱਲਾਂ ਦੱਸਣ ਲੱਗ ਪਿਆ। ਲੋਕ ਸਵਾਲ ਪੁੱਛੀ ਗਏ ਤੇ ਉਹ ਮਨੋਂ ਗੱਲਾਂ ਬਣਾ ਕੇ ਉੱਤਰ ਦੇਈ ਗਿਆ। ਲੋਕ ਹੱਸੀ ਗਏ।

'ਸੁਣਿਐਂ ਉੱਥੇ ਸੰਖਮਲਮਲ ਦਾ ਤਾਜ਼ ਆ ਬਹੁਤ ਵੱਡਾ।' ਕਿਸੇ ਕਿਹਾ।

'ਆਹੋ ਹੁਣ ਉਸ ਨੂੰ ਉੱਥੋਂ ਪੱਟ ਲਿਆ।'

'ਪੱਟ ਲਿਆ? ਉਹ ਕਾਹਦੇ ਲਈ?'

'ਕਹਿੰਦੇ ਰੱਸੇ ਪਾ ਕੇ ਦਿੱਲੀ ਖਿੱਚ ਲਿਆਉਣਾ ਏਂ।'

'ਗੱਪ।' ਕੋਈ ਬੋਲਿਆ।

'ਗੱਪ ਏ ਤਾਂ ਗੱਪ ਸਹੀ.. ਆਪਾਂ ਕਿਹੜਾ ਤੁਹਾਥੋਂ ਇਨਾਮ ਲੈਣਾ ਏਂ।'

ਫਿਰ ਉਹ ਆਪਣੀ ਭਾਬੀ ਤੇ ਰਾਮ ਸਿੰਘ ਦੇ ਗੁਣ ਗਾਉਣ ਲੱਗ ਪਿਆ। ਉਹ ਬੋਲਿਆ, 'ਭਾਬੀ ਦੀ ਤਾਂ ਪੁੱਛੋ ਨਾ ਬਾਈ ਜੀ। ਤੜਕੇ ਉੱਠ ਕੇ ਨਾਉਂ ਲੈਣ ਵਾਲ਼ੀ ਔਰਤ ਏ ਉਹ। ਐਨੀ ਚੰਗੀ ਔਰਤ ਕੋਈ ਹੋ ਹੀ ਨਹੀਂ ਸਕਦੀ। ਦੋ ਰੁਪਏ ਮੰਗੋ ਤਾਂ ਪੰਜ ਦਾ ਨੋਟ ਫੜਾਉਂਦੀ ਏ। ਸਾਡੀ ਤਾਂ ਭਾਈ ਮਾਂ ਵਰਗੀ ਏ ਉਹ। ਤਾਰ ਤਾ ਟੱਬਰ ਉਹਨੇ। ਖਾਨਦਾਨੀ ਔਰਤ ਦਾ ਇਹੀ ਫਰਕ ਹੁੰਦਾ ਏ। ਗੱਲ ਮੁਕਾਓ ਜੀ ਨਾਸ਼ਤੇ ਵਿਚ ਵੀ ਬਦਾਮ ਖਾਣੇ ਪੈਂਦੇ ਨੇ।'

'ਇਹ ਨਾਸ਼ਤਾ ਕੀ ਹੁੰਦੈ?' ਕਿਸੇ ਨੇ ਪੁੱਛਿਆ।

'ਉਇ ਮੂਰਖਾ, ਹਾਜ਼ਰੀ ਨੂੰ ਕਹਿੰਦੇ ਆ ਨਾਸ਼ਤਾ।' ਵਿੱਚੋਂ ਹੀ ਕਿਸੇ ਨੇ ਜਵਾਬ ਦਿੱਤਾ।

'ਵਾਹ-ਬਈ ਵਾਹ। ਨਹੀਂ ਰੀਸਾਂ ਸ਼ੇਰ ਬੱਚੀ ਦੀਆਂ। ਕੱਢ ਲਏ ਆ ਕੇ ਦਲਦਲ' ਚ ਡਿਗੇ ਹੋਏ।' ਕੋਈ ਬੋਲਿਆ।

ਫਿਰ ਉਸ ਦੇ ਫੌਜੀ ਬੂਟਾਂ ਵੱਲ ਦੇਖਦਿਆਂ ਕਿਸੇ ਨੇ ਪੁੱਛਿਆ, 'ਉਇ ਬੇਅੰਤ ਯਾਰ। ਆਹ ਐਨੇ ਸੁਹਣੇ ਬੂਟ ਕਿੱਥੋਂ ਮਾਰ ਲਏ?'

'ਇਹ ਤਾਂ ਯਾਰ ਆਗਰੇ ਸਕੂਲ ਵਾਲਿਆਂ ਨੇ ਇਨਾਮ ਵਿਚ ਦਿੱਤੇ ਸਨ। ਮੈਂ ਦਸਵੀਂ ਕਲਾਸ' ਚੋਂ ਸੈਕਿੰਡ ਆਇਆ ਸੀ। ਵੀਹ ਸਾਲ ਨੀ ਟੁੱਟਣ ਲੱਗੇ। ਪਰ ਮੇਰੇ ਇਹ ਮੇਚ ਨ੍ਹੀ ਹੈਗੇ। ਵੇਚਣ ਦੀ ਸੋਚ ਰਿਹੈਂ।'

'ਬੋਲ ਕੀ ਲੈਣਾ ਏਂ?' ਕੋਈ ਹੋਰ ਬੋਲਿਆ।

ਸਾਰਿਆਂ ਦਾ ਧਿਆਨ ਬੂਟਾਂ ਤੇ ਕੇਂਦਰਤ ਹੋ ਗਿਆ। ਪਖੀਰੀਆ ਵੀ ਕੜਾਹੇ ਵਿਚ ਰਸ ਉੱਲਦਦਾ ਬੂਟਾਂ ਵੱਲ ਦੇਖਣ ਲੱਗ ਪਿਆ ਤੇ ਬੋਲਿਆ, 'ਸਾਡੇ ਬੁੜ੍ਹੇ ਕੋਲ਼ ਵੀ ਜਮ੍ਹਾਂ ਈ ਇਹਦੇ ਨਾਲ਼ ਦੇ ਨੇ। ਮਿਲਟਰੀ ਦੇ ਬੂਟ ਆਂ। ਪਾਉਣ ਵਾਲ਼ਾ ਬੰਦਾ ਮਰਜੂ ਪਰ ਇਹ ਬੂਟ ਨੀ ਟੁੱਟਣ ਲੱਗੇ।'

ਬੇਅੰਤ ਨੇ ਪੈਰਾਂ' ਚੋਂ ਬੂਟ ਖੋਲ੍ਹ ਦਿੱਤੇ। ਸਾਰੇ ਹੀ ਆਪੋ ਆਪਣੇ ਪੈਰਾਂ' ਚ ਪਾ ਕੇ ਦੇਖਣ ਲੱਗੇ। ਉਹ ਬੂਟਾਂ ਦੀ ਤਾਰੀਫ਼ ਕਰਦਾ ਰਿਹਾ, 'ਇਹ ਬੁੱਢੇ ਝੋਟੇ ਦੀ ਖੱਲ ਦੇ ਨੇ। ਮਹੀਨਾ ਪਾਣੀ' ਚ ਰੱਖ ਲਓ। ਜਦੋਂ ਕੱਢੋਗੇ ਫੇਰ ਉਹੋ ਜਿਹੇ। ਪਾਲਸ਼ ਨਾਲ਼ ਤਾਂ ਸ਼ੀਸ਼ਾ ਬਣ ਜਾਂਦੇ ਨੇ। ਚਾਹੇ ਵਿੱਚੀਂ ਦੇਖ ਕੇ ਪੱਗ ਬੰਨ੍ਹ ਲਉ।'

'ਅੱਠ ਆਨੇ ਮੈਂ ਦਿੰਦਾ ਏਂ।' ਕਿਸੇ ਨੇ ਬੋਲੀ ਸ਼ੁਰੂ ਕੀਤੀ।

'ਉਇ ਅੱਠ ਆਨੇ ਦੇ ਤਾਂ ਇਨ੍ਹਾਂ ਦੇ ਫੀਤੇ ਨਾ ਆਉਣ। ਮਖੌਲ ਦੀ ਘੱਗਰੀ ਨੀ। ਤੂੰ ਤਾਂ ਯਾਰ ਲਿੱਦ ਹੀ ਕਰ ਦਿੱਤੀ। ਮੇਰੇ ਬੂਟਾਂ ਦੀ ਹੀ ਬੇਜ਼ਤੀ ਖ਼ਰਾਬ ਕਰ' ਤੀ।' ਬੇ ਅੰਤ ਬੋਲਿਆ।

'ਬਾਰਾਂ ਆਨੇ ਮੇਰੇ।' ਤੂੰਬੇ ਨੇ ਹੱਥ ਖੜ੍ਹਾ ਕਰ ਕੇ ਕਿਹਾ।

'ਮੇਰਾ ਸਵਾ ਰੁਪਿਆ।'

'ਬੋਲੀ ਦਿੰਦਾ ਏਂ ਕਿ ਦੇਗ ਕਰਾਉਂਦਾ ਏਂ?' ਕੋਈ ਹੱਸਿਆ।

'ਚੱਲ ਮੇਰਾ ਡੂਢ ਰੁਪਿਆ।' ਗੰਨਾ ਚੂਪਦੇ ਮਿੰਦਰ ਨੇ ਗੰਨਾ ਧਰਤੀ ਤੇ ਮਾਰ ਕੇ ਕਿਹਾ।

ਸ਼ੋਰ ਪੈਣ ਲੱਗਾ। ਬੋਲੀ ਵਧਦੀ ਗਈ, ਪਰ ਬੇਅੰਤ ਨਾ ਨਾ ਕਰਦਾ ਰਿਹਾ। ਉਹ ਬੋਲਦਾ ਵੀ ਰਿਹਾ, 'ਮਖੌਲ ਦੀ ਘੱਗਰੀ ਨੀ ਯਾਰ... ਚਾਰ ਚਾਰ ਆਨੇ ਵਧਾਉਣ ਲੱਗੇ ਹੋ। ਇਹ ਕੋਈ ਮੁਰਗਾ ਏ?'

ਆਖ਼ਰ ਸੁੱਖੇ ਨੇ ਥਾਪੀ ਮਾਰ ਕੇ ਕਿਹਾ, 'ਚੁੱਕ ਉਇ ਬੇਅੰਤਿਆ ਮੇਰੇ ਦੋ ਰੁਪਏ। ਜਿਹੜੇ ਮਾਂ ਦੇ ਲਾਲ ਵਿਚ ਦਮ ਏਂ। ਵਧਾਵੇ ਬੋਲੀ।'

ਹੋਰ ਬੋਲੀ ਕੀਹਨੇ ਵਧਾਉਣੀ ਸੀ। ਸਾਰਿਆਂ ਦੇ ਦੰਦ ਜੁੜ ਗਏ, ਜਿਵੇਂ ਸੱਪ ਸੁੰਘ ਗਿਆ ਹੋਵੇ। ਸੁੱਖਾ ਬੂਟ ਚੁੱਕਣ ਲੱਗਾ ਤਾਂ ਬੇਅੰਤ ਬੋਲਿਆ, 'ਪਹਿਲਾਂ ਰਕਮ ਫੇਰ ਬੂਟ।'

ਉਹ ਘਰ ਨੂੰ ਪੈਸੇ ਲੈਣ ਦੌੜ ਗਿਆ। ਬੇਅੰਤ ਖੁਸ਼ ਹੋ ਗਿਆ। ਉਹ ਬੂਟ ਉਹਦੇ ਮੇਚ ਤੋਂ ਦੋ ਉਂਗਲ ਵੱਡੇ ਸਨ। ਭਾਰੇ ਐਨੇ ਸਨ ਕਿ ਉਨ੍ਹਾਂ ਨੇ ਉਸ ਦੇ ਪੈਰ ਥਕਾ ਦਿੱਤੇ ਸਨ, ਗਿੱਟੇ ਵੀ ਛਿੱਲ ਦਿੱਤੇ ਸਨ। ਉਨ੍ਹਾਂ ਦੇ ਅੰਦਰੋਂ ਚੁਭਦੀਆਂ ਗੁਪਤ ਮੇਖਾਂ ਨੂੰ ਕੋਈ ਮੋਚੀ ਵੀ ਨਹੀਂ ਸੀ ਕੱਢ ਸਕਦਾ। ਉਸ ਨੇ ਤਾਂ ਆਪਣੇ ਗਲੋਂ ਕਰੀਂਢਲ ਲਾਹੁਣਾ ਸੀ, ਲਾਹ ਦਿੱਤਾ। ਬੇਅੰਤ ਨੇ ਦੇਵ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਸ ਨੂੰ ਇਹ ਬੂਟ ਰੇਲ ਗੱਡੀ ਦੀ ਸੀਟ ਹੇਠੋਂ ਲੱਭੇ ਸਨ, ਘਰੋਂ ਤਾਂ ਉਹ ਨੰਗੇ ਪੈਰ ਹੀ ਦੌੜਿਆ ਸੀ।

ਸੁੱਖਾ ਜਿਵੇਂ ਹਿਰਨ ਵਾਂਗ ਘਰ ਨੂੰ ਦੌੜਿਆ ਸੀ, ਉਵੇਂ ਦੌੜਦਾ ਵਾਪਸ ਆ ਗਿਆ। ਉਸ ਨੇ ਬੇਅੰਤ ਨੂੰ ਦੋ ਰੁਪਏ ਦੇ ਬਰਾਬਰ ਚਵੰਨੀਆਂ, ਦੁਆਨੀਆਂ, ਅਧਿਆਨੀਆਂ ਤੇ ਪੈਸਿਆਂ ਦੀ ਭਾਨ ਦੇ ਦਿੱਤੀ ਤੇ ਬੂਟ ਚੁੱਕ ਕੇ ਆਪਣੇ ਰਾਹ ਪਿਆ।

ਬੇਅੰਤ ਘਰ ਗਿਆ ਤਾਂ ਘਨ੍ਹੱਈਏ ਨੂੰ ਪਤਾ ਲੱਗਾ। ਉਹ ਬੋਲਿਆ, ' ਤੂੰ ਊਤ ਦਾ ਊਤ ਹੀ ਰਿਹਾ। ਜੇ ਤੂੰ ਨਹੀਂ ਸੀ ਪਾਉਣੇ ਮੈਨੂੰ ਦੇ ਦਿੰਦਾ। ਦੋ ਰੁਪਏ ਮੈਥੋਂ ਲੈ ਲੈਂਦਾ। ਕੌਡੀਆਂ ਦੇ ਭਾਅ ਸੁੱਟ ਆਇਆ।'

'ਨਹੀਂ ਮਾਮਾ ਉਹ ਤਾਂ ਬਿਲਕੁਲ ਕੰਡਮ ਸੀਗੇ। ਰਜਾਈ' ਚ ਮੂੰਹ ਦੇਕੇ ਰੋਊਗਾ ਸੁੱਖਾ।'

ਘਨ੍ਹੱਈਏ ਦਾ ਸਾਇਕਲ ਲੈ ਕੇ ਉਨ੍ਹਾਂ ਪੈਸਿਆਂ ਨਾਲ਼ ਉਹ ਚਮਕੌਰ ਤੋਂ ਟਾਇਰ ਦੇ ਬਣੇ ਤਿੰਨ ਜੋੜੇ ਸਲੀਪਰ ਖਰੀਦ ਲਿਆਇਆ। ਇਕ ਆਪਣੇ ਲਈ, ਇਕ ਘਨ੍ਹੱਈਏ ਲਈ ਤੇ ਇੱਕ ਦੇਵ ਲਈ। ਬੜੇ ਨਰਮ ਨਰਮ ਕਾਲੀਆਂ ਬੱਧਰੀਆਂ ਅਤੇ ਬਕਸੂਏ ਵਾਲ਼ੇ ਸਲੀਪਰ ਸਨ ਉਹ। ਦੇਵ ਤਾਂ ਸਾਲ ਭਰ ਉਹੀ ਪਾਈ ਫਿਰੀ ਗਿਆ।

**00**

# ਛੱਤੀ

ਸਲਾਹਪੁਰ ਦੇ ਖਾਊਆਂ ਦਾ 'ਦਿੱਤਾ' ਬਾਗਾਂਆਲ਼ੇ ਕਿਸੇ ਮਿੱਲ ਵਿਚ ਫੋਰਮੈਨ ਲੱਗਾ ਹੋਇਆ ਸੀ। ਬੇਅੰਤ ਨਾਲ਼ ਉਸ ਦਾ ਕਾਫੀ ਉੱਠਣ-ਬੈਠਣ ਹੋ ਗਿਆ। ਇਕ ਦਿਨ ਉਸ ਨੇ ਦੱਸਿਆ ਕਿ ਉੱਥੇ ਮਿਲ ਵਿਚ ਕਲਰਕ ਦੀ ਇਕ ਜਗ੍ਹਾ ਖਾਲੀ ਪਈ ਸੀ ਜੇ ਉਹ ਅੰਗਰੇਜ਼ੀ ਦੀ ਟਾਈਪ ਜਾਣਦਾ ਹੁੰਦਾ ਤਾਂ ਉੱਥੇ ਉਸ ਨੂੰ ਨੌਕਰੀ ਮਿਲ ਸਕਦੀ ਸੀ।

'ਪਰ ਬਾਈ ਜੀ ਮੈਂ ਅੰਗਰੇਜ਼ੀ ਦੀ ਟਾਈਪ ਤਾਂ ਜਾਣਦਾ ਏਂ। ਟਾਈਪਿੰਗ ਮੇਰਾ ਵਾਧੂ ਵਿਸ਼ਾ ਸੀ ਦਸਵੀ" ਚ।' ਬੇਅੰਤ ਨੇ ਦੱਸਿਆ।

'ਤਾਂ ਫੇਰ ਚੁੱਕ ਆਪਣੇ ਸਰਟੀਫਿਕੇਟ ਤੇ ਚੱਲ ਮੇਰੇ ਨਾਲ਼।' ਉਹ ਬੋਲਿਆ।

'ਸਰਟੀਫਿਕੇਟ ਤਾਂ ਬਾਈ ਜੀ ਸਾਰੇ ਆਗਰੇ ਪਏ ਨੇ।'

'ਚੱਲ ਇਕ ਵਾਰੀ ਮਿਲ ਤਾਂ ਸਹੀ ਮਨੇਜਰ ਨੂੰ। ਸਰਟੀਫਿਕੇਟ ਮਗਰੋਂ ਮੰਗਵਾ ਲਵੀਂ।'

ਉਹ ਉਸ ਨੂੰ ਆਪਣੇ ਸਾਇਕਲ ਤੇ ਹੀ ਨਾਲ਼ ਲੈ ਗਿਆ ਤੇ ਮਨੇਜਰ ਨਾਲ਼ ਗੱਲ ਕੀਤੀ। ਉਸ ਨੇ ਇਕ ਚਿੱਠੀ ਟਾਈਪ ਕਰਨ ਲਈ ਉਸ ਨੂੰ ਫੜਾ ਦਿੱਤੀ। ਉਸ ਨੇ ਤਾਂ ਟਾਈਪ ਕਰਨ ਨੂੰ ਘੁੱਗੀ ਨਾ ਖੰਘਣ ਦਿੱਤੀ। ਝੱਟ ਦੇਣੇ ਚਿੱਠੀ ਟਾਈਪ ਕਰ ਕੇ ਮਨੇਜਰ ਮੂਹਰੇ ਜਾ ਰੱਖੀ। ਉਹ ਪੜ੍ਹਕੇ ਬੋਲਿਆ,' ਵਾਹ! ਨਹੀਂ ਰੀਸਾਂ। ਤੂੰ ਤਾਂ ਇਕ ਵੀ ਗਲਤੀ ਨਹੀਂ ਕੀਤੀ।'

'ਸਰ, ਇਹਦੇ ਸਰਟੀਫਿਕੇਟ ਆਗਰੇ ਪਏ ਨੇ, ਜਿੱਥੇ ਇਹ ਪੜ੍ਹਦਾ ਸੀ। ਉਹ ਮੰਗਵਾ ਕੇ ਦਿਖਾ ਦੇਵੇਗਾ। ਜੇ ਤੁਸੀਂ ਹੁਣ ਤੋਂ ਹੀ ਇਸ ਨੂੰ ਰੱਖ ਲਵੋ ਤਾਂ ਬਹੁਤ ਮਿਹਰਬਾਨੀ। ਸਮਝ ਲਵੋ ਇਹ ਮੇਰਾ ਛੋਟਾ ਭਰਾ ਏ ਤੇ ਮੈਂ ਇਸ ਦੀ ਜ਼ਿੰਮੇਂਵਾਰੀ ਲੈਂਦਾ ਹਾਂ।' ਦਿੱਤੇ ਨੇ ਸਿਫਾਰਸ਼ ਕੀਤੀ।

ਮਨੇਜਰ ਨੇ ਉਸੇ ਦਿਨ ਉਸ ਨੂੰ ਪੰਤਾਲ਼ੀ ਰੁਪਏ ਮਹੀਨਾ ਤਨਖ਼ਾਹ ਤੇ ਕਲੱਰਕ ਦੇ ਤੌਰ ਤੇ ਨਿਯੁਕਤ ਕਰ ਲਿਆ ਤੇ ਉਸ ਦੇ ਕਰਨ ਵਾਲ਼ੇ ਕੰਮ ਸਮਝਣ ਲਈ ਹੈੱਡ ਕਲੱਰਕ ਰਾਮਦੇਵ ਕੋਲ਼ ਭੇਜ ਦਿੱਤਾ। ਮਿੱਲ ਵੱਲੋਂ ਉਸ ਨੂੰ ਚਮੜੇ ਦੇ ਕਾਲ਼ੇ ਬੂਟ ਅਤੇ ਅਸਮਾਨੀ ਰੰਗ ਦੀ ਡਰੈੱਸ ਵੀ ਮਿਲ ਗਈ।

ਹੁਣ ਬਾਗਾਂਆਲ਼ੇ ਨਿੱਤ ਜਾਣ ਦੀ ਸਮੱਸਿਆ ਸੀ। ਸਾਇਕਲ ਤਾਂ ਘਰ ਘਨ੍ਹੱਈਏ ਵਾਲ਼ਾ ਸੀਗਾ ਪਰ ਉਸ ਨੂੰ ਵੀ ਤਾਂ ਲੋੜ ਪੈਂਦੀ ਰਹਿੰਦੀ ਸੀ। ਘਨ੍ਹੱਈਏ ਨੇ ਕਿਹਾ ਵੀ ਕਿ ਉਹ ਉਸ ਵਾਲ਼ਾ ਸਾਇਕਲ ਲੈ ਜਾਇਆ ਕਰੇ, ਪਰ ਦਿੱਤੇ ਨੇ ਉਸ ਨੂੰ ਕਹਿ ਦਿੱਤਾ, 'ਤੂੰ ਚਾਚੇ ਨੂੰ ਤਕਲੀਫ਼ ਨਾ ਦਈਂ। ਆਪਾਂ ਇੱਕੋ ਸਾਇਕਲ ਤੇ ਚੱਲਿਆ ਕਰਾਂਗੇ। ਕਦੀ ਤੂੰ ਚਲਾ ਲਿਆ ਕਰੀਂ, ਕਦੀ ਮੈਂ।'

ਉਹ ਦੋਨੋਂ ਇਕੱਠੇ ਜਾਣ ਲੱਗ ਪਏ। ਕੁਝ ਹੀ ਦਿਨਾਂ ਮਗਰੋਂ ਆਗਰੇ ਤੋਂ ਸਰਟੀਫਿਕੇਟ ਪੁੱਜ ਗਏ ਤਾਂ ਉਸ ਨੇ ਉਨ੍ਹਾਂ ਦੀ ਨਕਲ ਹੈੱਡ ਕਲਰਕ ਕੋਲ਼ ਜਮ੍ਹਾਂ ਕਰਵਾ ਦਿੱਤੀ। ਬੇਅੰਤ ਕੰਮ ਵਿਚ ਤੇਜ਼ ਸੀ। ਉਸ ਨੂੰ ਕੋਈ ਕੰਮ ਇਕ ਵਾਰੀ ਹੀ ਕਹਿਣ ਦੀ ਲੋੜ ਪੈਂਦੀ। ਉਹ ਫੱਟ ਨਿਪਟਾ ਦਿੰਦਾ। ਉਹ ਨਿੱਤ ਮਨੇਜਰ ਨੂੰ ਤਾਂ 'ਸਤਿ ਸ੍ਰੀ ਅਕਾਲ' ਕਹਿ ਦਿਆ ਕਰੇ ਪਰ ਰਾਮ ਦੇਵ ਕੋਲ਼ ਜਾ ਕੇ ਮਿਲਾਉਣ ਲਈ ਹੱਥ ਕੱਢ ਲਿਆ ਕਰੇ। ਉਸ ਨਾਲ਼

ਹੱਥ ਮਿਲਾਉਂਦਿਆਂ ਰਾਮ ਦੇਵ ਜਿਵੇਂ ਆਪਣੀ ਹੇਠੀ ਸਮਝਿਆ ਕਰੇ। ਇਕ ਦਿਨ ਉਸ ਨੇ ਕਹਿ ਹੀ ਦਿੱਤਾ, 'ਬੇਅੰਤ ਸਿੰਘ ਮੈਂ ਤੇਰਾ ਸੀਨੀਅਰ ਹਾਂ, ਤੂੰ ਮੈਨੂੰ ਨਮਸਤੇ ਬੁਲਾਇਆ ਕਰ।' ਪਰ ਨਮਸਤੇ ਤਾਂ ਦੂਰ ਰਹੀ ਬੇਅੰਤ ਨੇ ਉਸ ਨੂੰ ਬੁਲਾਉਣਾ ਹੀ ਛੱਡ ਦਿੱਤਾ। ਇਕ ਮਹੀਨਾ ਹੀ ਲੰਘਿਆ ਸੀ ਕਿ ਉਸ ਦੇ ਕੰਮ ਤੋਂ ਖੁਸ਼ ਹੋ ਕੇ ਮਨੇਜਰ ਨੇ ਉਸ ਦੀ ਤਨਖ਼ਾਹ ਦਸ ਰੁਪਏ ਵਧਾ ਦਿੱਤੀ ਤੇ ਮਿੱਲ ਵੱਲੋਂ ਨਵਾਂ ਸਾਇਕਲ ਲੈ ਕੇ ਦੇ ਦਿੱਤਾ। ਇਕ ਦਿਨ ਹੈੱਡ ਕਲਰਕ ਰਾਮਦੇਵ ਮਿੱਲ ਦੇ ਕਿਸੇ ਕੰਮ ਚੰਡੀਗੜ੍ਹ ਜਾਣ ਲੱਗਾ ਤਾਂ ਮਨੇਜਰ ਨੂੰ ਕਹਿਕੇ ਬੇਅੰਤ ਨੂੰ ਵੀ ਆਪਣੇ ਨਾਲ਼ ਲੈ ਗਿਆ। ਉੱਥੇ ਉਸ ਨੇ ਇਕ ਗੁਦਾਮ ਵਿੱਚੋਂ ਸਮਾਨ ਨਾਲ਼ ਭਰੇ ਦੋ ਵੱਡੇ ਬੈਗ ਬੇਅੰਤ ਨੂੰ ਚੁਕਵਾ ਦਿੱਤੇ ਤੇ ਆਪ ਲੈਫ਼ਟ-ਰਾਈਟ ਕਰਦਾ ਮੂਹਰੇ ਮੂਹਰੇ ਤੁਰਨ ਲੱਗਾ। ਬੱਸ ਅੱਡਾ ਅਜੇ ਦੂਰ ਹੀ ਸੀ ਕਿ ਬੇਅੰਤ ਰੁਕ ਗਿਆ ਤੇ ਬੋਲਿਆ, 'ਬਾਬੂ ਜੀ, ਮੇਰੀ ਤਾਂ ਭਿਆਂ ਬੋਲ ਗਈ। ਇਕ ਬੈਗ ਚੁੱਕੋ ਜਾਂ ਰਿਕਸ਼ਾ ਕਰ ਲਵੋ।'

'ਐਥੇ ਚੰਡੀਗੜ੍ਹ ਵਿਚ ਰਿਕਸ਼ਾ ਪਤਾ ਏ ਕਿੰਨੇ ਦਾ ਮਿਲਦਾ ਏ?'

'ਨਹੀਂ ਕਰਨਾ ਤਾਂ ਬੈਗ ਚੁੱਕੋ ਤੁਸੀਂ ਵੀ।'

'ਮੈਂ ਚੁੱਕਾਂਗਾ ਬੈਗ? ਤੈਨੂੰ ਪਤਾ ਏ ਮੈਂ ਹੈੱਡ ਕਲਰਕ ਹਾਂ।'

'ਬਾਬੂ ਜੀ ਜੇ ਇਕੱਲੇ ਆਉਂਦੇ ਫੇਰ ਵੀ ਤਾਂ ਚੁੱਕਦੇ।'

'ਇਸੇ ਲਈ ਤਾਂ ਤੈਨੂੰ ਲਿਆਇਆ ਸੀ ਨਾਲ਼।'

'ਮੈਨੂੰ ਸਮਾਨ ਚੁੱਕਣ ਲਿਆਏ ਹੋ? ਮੈਂ ਗਧਾ ਹਾਂ?' ਬੇਅੰਤ ਬੋਲਿਆ
।

'ਹੋਰ ਕੀ ਏਂ ਤੂੰ? ਗਧਾ ਹੀ ਤਾਂ ਹੈਂ।' ਹੈੱਡ ਕਲਰਕ ਦੇ ਕਹਿਣ ਦੀ ਦੇਰ ਸੀ ਕਿ ਬੇਅੰਤ ਨੇ ਦੋਨੋਂ ਬੈਗ ਸੜਕ ਤੇ ਵਗਾਹ ਮਾਰੇ ਤੇ ਮਾਂ ਦੀ ਗੰਦੀ ਗਾਲ੍ਹ ਕੱਢ ਕੇ ਰਾਮਦੇਵ ਨੂੰ ਗਲ਼ੋਂ ਜਾ ਫੜਿਆ। ਸ਼ਰੀਰਕ ਤੌਰ ਤੇ ਉਹ ਬਾਬੂ ਨਾਲ਼ੋਂ ਕਿਤੇ ਤਕੜਾ ਸੀ। ਉਸ ਨੇ ਉਸ ਦੇ ਪੱਟਾਂ ਪਿੱਛੇ ਗੋਡਾ ਮਾਰਿਆ ਹੀ ਸੀ ਕਿ ਬਾਬੂ ਮੂੰਹ ਪਰਨੇ ਧਰਤੀ ਤੇ ਜਾ ਡਿੱਗਿਆ। ਬੇਅੰਤ ਨੇ ਉਸ ਦੇ ਡਿਗੇ ਪਏ ਦੇ ਕਈ ਠੁੱਡੇ ਮਾਰੇ ਤੇ ਸਮਾਨ ਉੱਥੇ ਹੀ ਛੱਡ ਬੱਸ ਬੈਠ ਆਇਆ। ਮਿੱਲ ਵਿਚ ਤਾਂ ਕਦੋਂ ਦੀ ਛੁੱਟੀ ਹੋ ਚੁੱਕੀ ਸੀ। ਉਹ ਕਮਰਾ ਵੀ ਬੰਦ ਸੀ ਜਿਸ ਵਿਚ ਉਸ ਨੇ ਸਾਇਕਲ ਖੜ੍ਹਾਇਆ ਸੀ। ਚਮਕੌਰ ਜਾਣ ਲਈ ਬੱਸ ਦਾ ਵੀ ਕੋਈ ਟਾਈਮ ਨਹੀਂ ਸੀ ਰਿਹਾ। ਉਹ ਪੈਦਲ ਹੀ ਚੱਲ ਪਿਆ। ਇਕ ਸਾਇਕਲ ਵਾਲ਼ਾ ਮਿਲਿਆ। ਜਿਸ ਨੇ ਇਸ ਸ਼ਰਤ ਤੇ ਉਸ ਨੂੰ ਰੁੜਕੀ ਤਕ ਲੈਜਾਣਾ ਮੰਨ ਲਿਆ, ਜੇ ਉਹ ਸਾਇਕਲ ਚਲਾਏ ਗਾ। ਰੁੜਕੀ ਪਹੁੰਚ ਕੇ ਉਸ ਨੂੰ ਮਾਣੇਮਾਜਰੇ ਦਾ ਟਾਂਗੇ ਵਾਲਾ ਮਲ੍ਹਾਰਾ ਮਿਲ ਗਿਆ। ਉਹ ਮਾਣੇ ਮਾਜਰੇ ਦੇ ਰਾਹ ਤੱਕ ਉਸ ਦੇ ਟਾਂਗੇ ਤੇ ਬੈਠ ਆਇਆ। ਘਨ੍ਹੱਈਏ ਦਾ ਲਿਹਾਜੀ ਹੋਣ ਕਰ ਕੇ ਉਸ ਨੇ ਉਸ ਤੋਂ ਕੋਈ ਕਿਰਾਇਆ ਵੀ ਨਾ ਲਿਆ। ਪਿੰਡ ਪਹੁੰਚ ਉਹ 'ਦਿੱਤੇ' ਦੇ ਘਰ ਗਿਆ ਤੇ ਉਸ ਨੇ ਸੱਚੋ ਸੱਚ ਸਾਰੀ ਘਟਨਾ ਦੱਸ ਦਿੱਤੀ। ਉਹ ਬੋਲਿਆ, 'ਇਹ ਤੂੰ ਕੀ ਮੂਰਖਮੱਤੀ ਕੀਤੀ? ਮਨੇਜਰ ਬੜਾ ਸਖ਼ਤ ਏ। ਉਹ ਤੈਨੂੰ ਨੌਕਰੀ ਤੋਂ ਕੱਢ ਦੇਵੇਗਾ।'

'ਕੱਢਦਾ ਏ ਕੱਢ ਦੇਵੇ। ਇਹੋ ਜਿਹੀਆਂ ਵੀਹ ਨੌਕਰੀਆਂ।' ਉਹ ਬੋਲਿਆ।

'ਤੂੰ ਕੱਲ੍ਹ ਬੜੇ ਬਾਬੂ ਤੋਂ ਮਾਫੀ ਮੰਗ ਲਵੀਂ।'

'ਮਾਫ਼ੀ ਮੈਂ ਬਾਈ ਜੀ ਕਦੀ ਕਿਸੇ ਤੋਂ ਨ੍ਹੀ ਮੰਗੀ। ਮੈਂ ਨ੍ਹੀ ਹੁਣ ਜਾਣਾ। ਸਾਇਕਲ ਉਨ੍ਹਾਂ ਦਾ ਉੱਥੇ ਹੀ ਪਿਆ ਏ। ਚਾਬੀ ਅਤੇ ਡਰੈੱਸ ਤੁਸੀਂ ਲੈ ਜਾਇਓ।'

'ਮੇਰੀ ਗੱਲ ਤਾਂ ਸੁਣ। ਐਨਾ ਲੋਹੇ ਦਾ ਥਣ ਨ੍ਹੀ ਬਣੀਂਦਾ। ਐਵੇਂ ਹਿੰਡ ਕਰਦਾ ਏਂ ਤੂੰ ਤਾਂ। ਮੈਂ ਤੇਰੇ ਨਾਲ਼ ਚੱਲੂੰ। ਗੱਲ ਕਰਾਂਗੇ। ਜੇ ਨੌਕਰੀ ਤੋਂ ਜਵਾਬ ਵੀ ਮਿਲ ਗਿਆ ਤਾਂ ਤੈਨੂੰ ਵਾਪਸ ਘਰ ਆਉਣ ਤੋਂ ਤਾਂ ਕੋਈ ਨੀ ਨਾ ਰੋਕ ਸਕਦਾ।'

ਉਹ ਅਗਲੇ ਦਿਨ ਮਿੱਲ ਜਾਣ ਲਈ ਮੰਨ ਗਿਆ, ਪਰ ਇਕ ਸ਼ਰਤ ਤੇ ਕਿ ਉਹ ਨਾ ਉਸ ਬਾਬੂ ਨੂੰ ਬੁਲਾਏਗਾ ਤੇ ਨਾ ਕੋਈ ਮਾਫੀ ਮੰਗੇਗਾ। ਉਹ ਗਏ ਤਾਂ ਬਾਬੂ ਰਾਮ ਦੇਵ ਉਸ ਨੂੰ ਉਡ ਕੇ ਮਿਲਿਆ। ਸਗੋਂ ਬੇਅੰਤ ਦੀ ਥਾਂ ਬੇਅੰਤ ਜੀ ਕਹਿ ਕੇ। ਜਿਵੇਂ ਕੋਈ ਗੱਲ ਹੋਈ ਹੀ ਨਾ ਹੋਵੇ। ਉਹ ਪੁੱਛਣ ਲੱਗਾ, 'ਯਾਰ ਬੇਅੰਤ ਸਿੰਘ ਜੀ, ਤੁਸੀਂ ਕੱਲ੍ਹ ਕਿਵੇਂ ਗਏ? ਸਾਇਕਲ ਤਾਂ ਅੰਦਰ ਪਿਆ ਸੀ।'

'ਮੈਂ ਬੱਸ ਚਲਾ ਗਿਆ ਸੀ ਬਾਬੂ ਜੀ। ਤੁਸੀਂ ਤਾਂ ਐਵੇਂ ਨਰਾਜ਼ ਹੋ ਗਏ।'

'ਮੈਂ ਨਰਾਜ਼ ਕਿੱਥੇ ਹਾਂ। ਤੂੰ ਤਾਂ ਮੇਰਾ ਛੋਟਾ ਭਰਾ ਏਂ।'

ਰਾਮ ਦੇਵ ਨੇ ਤਾਂ ਮਨੇਜਰ ਨਾਲ਼ ਕੋਈ ਗੱਲ ਹੀ ਨਹੀਂ ਸੀ ਕੀਤੀ। ਬੇਅੰਤ ਘਰੋਂ ਸੋਚ ਕੇ ਆਇਆ ਸੀ ਕਿ ਜਦੋਂ ਮਿੱਲ ਵਾਲ਼ੇ ਕੱਢ ਦੇਣਗੇ ਤਾਂ ਹੀ ਆਪਣੇ ਮਾਮੇ ਨੂੰ ਦੱਸੇਗਾ, ਪਰ ਉਹ ਨੌਬਤ ਹੀ ਨਾ ਆਈ। ਰਾਮ ਦੇਵ ਦੇ ਨਾਲ਼ ਦੀ ਸੀਟ ਉਸੇ ਦੀ ਸੀ, ਨਾ ਉਸਦਾ ਸਰੇ ਨਾ ਉਸਦਾ। ਦੁਪਹਿਰ ਨੂੰ ਉਹ ਰੋਟੀ ਖਾਣ ਲੱਗੇ ਤਾਂ ਰਾਮਦੇਵ ਬੋਲਿਆ, 'ਛੋਟੇ ਭਾਈ ਥੋੜ੍ਹੀ ਸਬਜ਼ੀ ਲੈ ਲਾ ਖੁੰਬਾਂ ਦੀ। ਤੇਰੀ ਭਰਜਾਈ ਨੇ ਬੜੀ ਰੂਹ ਨਾਲ਼ ਬਣਾਈ ਏ।'

'ਬਾਬੂ ਜੀ ਮੈਂ ਚੰਡੀਗੜ੍ਹ ਤੁਹਾਡੇ ਨਾਲ਼ ਬਦਤਮੀਜ਼ੀ ਕੀਤੀ। ਮੈਨੂੰ ਮਾਫ਼ ਕਰ ਦਿਓ।' ਬੇਅੰਤ ਆਪਣੀ ਬੁਰਕੀ ਨਾਲ਼ ਥੋੜ੍ਹੀ ਸਬਜ਼ੀ ਚੁੱਕਦਾ ਬੋਲਿਆ।

'ਅਰੇ ਯਾਰ ਕੋਈ ਗੱਲ ਨਹੀਂ। ਅੱਜ ਕੱਲ੍ਹ ਛੋਟੇ ਭਰਾ ਹੀ ਵੱਡਿਆਂ ਨੂੰ ਕੁੱਟਦੇ ਹੁੰਦੇ ਨੇ।' ਰਾਮਦੇਵ ਹੱਸ ਕੇ ਬੋਲਿਆ।

ਸਮਾਂ ਮੁੜ ਪਹਿਲੀ ਲੀਹ ਤੇ ਤੁਰ ਪਿਆ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਰਾਮਦੇਵ ਮਿੰਨਾ ਸੀ। ਉਹ ਲੋਹੇ ਦੇ ਗਰਮ ਹੋਣ ਦੀ ਉਡੀਕ ਵਿਚ ਸੀ ਤਾਂ ਕਿ ਕਰਾਰੀ ਸੱਟ ਮਾਰੀ ਜਾ ਸਕੇ। ਇਕ ਦਿਨ ਛੁੱਟੀ ਤੋਂ ਦਸ ਕੁ ਮਿੰਟ ਪਹਿਲਾਂ ਕਹਿਣ ਲੱਗਾ, 'ਉਨ੍ਹਾਂ ਦੋਨਾਂ ਬੋਰਿਆਂ ਉੱਤੇ ਐਡਰੈਸ ਲਿਖ ਕੇ ਰੇਲਵੇ ਸਟੇਸ਼ਨ ਤੇ ਬੁਕਿੰਗ ਕਰਵਾਇਆ।'

'ਬਾਬੂ ਜੀ ਹੁਣ ਟਾਇਮ ਹੀ ਕਿੱਥੇ ਰਹਿ ਗਿਆ? ਕੱਲ੍ਹ ਕਰਵਾ ਦਿਆਂਗਾ।'

'ਮੈਨੂੰ ਨ੍ਹੀ ਪਤਾ ਤੂੰ ਕਰਵਾ ਕੇ ਆ। ਇਹ ਬਹੁਤ ਜ਼ਰੂਰੀ ਨੇ।'

'ਨਹੀਂ ਜਾਂਦਾ ਅੱਜ। ਕੱਲ੍ਹ ਕਰਵਾਵਾਂਗਾ।' ਬੇਅੰਤ ਅੜ ਗਿਆ।

ਬਾਬੂ ਨੇ ਮਨੇਜਰ ਕੋਲ਼ ਸ਼ਿਕਾਇਤ ਕਰ ਦਿੱਤੀ। ਉਸ ਨੇ ਬੇਅੰਤ ਨੂੰ ਸੱਦ ਲਿਆ ਤੇ ਬੋਲਿਆ, 'ਜੇ ਨੌਕਰੀ ਕਰਨੀ ਏਂ ਤਾਂ ਵੱਡੇ ਬਾਬੂ ਦਾ ਕਹਿਣਾ ਮੰਨਿਆ ਕਰ। ਹੁਣੇ ਬੋਰਿਆਂ ਤੇ ਐਡਰੈਸ ਲਿਖ ਤੇ ਰੇਲਵੇ ਸਟੇਸ਼ਨ ਤੇ ਜਮ੍ਹਾਂ ਕਰਵਾ ਕੇ ਆ।'

'ਟਾਇਮ ਹੋ ਗਿਆ ਏ ਛੁੱਟੀ ਦਾ। ਹੁਣ ਤਾਂ ਮੈਂ ਜਾ ਨੀ ਸਕਦਾ ਜੀ।'

'ਜੇ ਅੱਧਾ ਘੰਟਾ ਹੋਰ ਲੱਗ ਜਾਏਗਾ ਤਾਂ ਜਾਨ ਨਿਕਲਦੀ ਏ?'

'ਅਸੂਲ ਤਾਂ ਅਸੂਲ ਹੀ ਹੁੰਦਾ ਏ ਜੀ। ਸਵੇਰ ਦਾ ਲੱਗਾ ਹੋਇਆ ਹਾਂ ਕੰਮ ਕਰਨ।'

ਤਦੇ ਬਾਹਰ ਖੜ੍ਹਾ ਰਾਮਦੇਵ ਅੰਦਰ ਲੰਘ ਆਇਆ ਤੇ ਬੋਲਿਆ, 'ਬੜਾ ਗੁਸਤਾਖ਼ ਬੰਦਾ ਏ ਜੀ ਇਹ। ਕਹਿੰਦਾ ਵਗਾਰ ਮੈਂ ਨੀ ਕਰਿਆ ਕਰਦਾ।'

'ਤੂੰ ਝੂਠ ਬੋਲਦਾ ਏਂ। ਠਹਿਰ ਤੈਨੂੰ ਦਿੰਦਾ ਏਂ ਦੱਖੂ ਦਾਣਾ।' ਉਹ ਰਾਮਦੇਵ ਵੱਲ ਨੂੰ ਮੁੱਕਾ ਉਲਾਰ ਕੇ ਵਧਿਆ ਤਾਂ ਉਹ ਬਾਹਰ ਦੌੜ ਲਿਆ। ਬੇਅੰਤ ਵੀ ਉਸ ਦੇ ਮਗਰ ਦੌੜਿਆ ਤੇ ਮਿੱਲ ਦੀ ਕੰਧ ਕੋਲ਼ ਹੀ ਢਾਹ ਲਿਆ। ਉਸ ਦਾ ਮੂੰਹ ਭੰਨ ਦਿੱਤਾ ਤੇ ਕਈ ਗੋਡੇ ਮਾਰੇ । ਮਨੇਜਰ ਦੌੜਿਆ ਆਇਆ। ਕਈ ਬੰਦਿਆਂ ਨੇ ਉਹਦੇ ਹੇਠੋਂ ਰਾਮਦੇਵ ਨੂੰ ਕੱਢਿਆ। ਉਸ ਦੇ ਨੱਕ' ਚੋਂ ਖ਼ੂਨ ਦੀਆਂ ਘਰਾਲਾਂ ਵਗ ਰਹੀਆਂ ਸਨ।

**00**

# ਸੈਂਤੀ

ਮਿੱਲ ਦੀ ਨੌਕਰੀ ਨੂੰ ਲੱਤ ਮਾਰ ਕੇ ਬੇਅੰਤ ਘਰ ਆ ਗਿਆ। ਘਨ੍ਹੱਈਏ ਨੂੰ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ। ਭਾਗਵੰਤੀ ਰੋਣ ਲੱਗੀ ਤਾਂ ਬੇਅੰਤ ਕੜਕਿਆ, 'ਮਰ ਗਿਆ ਕੋਈ? ਲੱਗੀ ਏਂ ਚੀਕਾਂ ਮਾਰਨ?'

ਉਹ ਮੁੜ ਅਵਾਰਾ ਘੁੰਮਣ ਲੱਗ ਪਿਆ। ਘਰ ਦਾ ਕੋਈ ਵੀ ਜਣਾ ਉਸ ਨੂੰ ਕੋਈ ਕੰਮ ਕਹਿੰਦਾ ਤਾਂ ਉਹ ਤੌੜ ਕੇ ਜਵਾਬ ਦੇ ਦਿੰਦਾ, 'ਮੈਥੋਂ ਨ੍ਹੀ ਹੁੰਦਾ। ਕਰ ਲਓ ਆਪੀ।'

'ਖਾਂਦਾ ਨ੍ਹੀ ਹੈਗਾ, ਢੈ ਜਾਣਿਆਂ? ਕੰਮ ਤੇਰਾ ਪਿਉ ਕਰੂ?' ਉਸਦੀ ਬੇਬੇ ਆਖਦੀ।

'ਸੱਦ ਲਿਆ ਪਿਓ ਨੂੰ ਆਸ਼ਾਬਾਦ ਦੀਆਂ ਮੜ੍ਹੀਆਂ' ਚੋਂ। ਤੁੜਵਾ ਲਈਂ ਖੱਗੇ। ਵੱਢ ਲਿਆਊ ਕੱਖ।'

'ਦੁਰ ਫਿਟੇ ਮੂੰਹ ਤੇਰਾ... ਕਾਲ਼ੇ ਮੂੰਹ ਵਾਲਿਆ। ਵਿਛੜੀਆਂ ਰੂਹਾਂ ਨੂੰ ਦੁੱਖ ਦੇਣ ਵਾਲਿਆ ਤੇਰਾ ਹੋਵੇ ਬੇੜਾ ਗਰਕ।'

'ਕੋਈ ਨਾ ਉਡੀਕ ਥੋੜ੍ਹੇ ਦਿਨ। ਨਹਿਰ' ਚ ਪਾਣੀ ਚੜ੍ਹ ਲੈਣ ਦੇ। ਅਜੇ ਉਤਰੀ ਹੋਈ ਆ। ਚੌਦਾਂ ਫੁੱਟ ਪਾਣੀ ਚੜ੍ਹ ਫੇਰ ਜਾਊਂ।' ਉਹ ਸਭ ਨੂੰ ਇਹੀ ਗੱਲ ਕਹਿ ਕੇ ਤੋੜਾ ਝਾੜਦਾ। ਹੌਲ਼ੀ-ਹੌਲ਼ੀ ਸਾਰੇ ਉਸ ਨੂੰ ਕੋਈ ਕੰਮ ਕਹਿਣੋ ਵੀ ਹਟ ਗਏ।

ਬੇਗਮਪੁਰ ਤੋਂ ਪਰੇਮ ਅਤੇ ਹਰਬੰਤ ਸਲਾਹਪੁਰ ਆਏ ਤਾਂ ਘਨ੍ਹੱਈਆ ਰਾਮ ਨੇ ਉਨ੍ਹਾਂ ਕੋਲ਼ ਬੇਅੰਤ ਦੀ ਗੱਲ ਕੀਤੀ। ਪਰੇਮ ਕਹਿਣ ਲੱਗਾ ਕਿ ਉਹ ਉਸ ਦੇ ਨਾਲ਼ ਹੀ ਦੁਕਾਨ ਤੇ ਬੈਠਣਾ ਸ਼ੁਰੂ ਕਰ ਦੇਵੇ। ਪੰਜ-ਛੇ ਸਾਲ ਵਿਚ ਜਦੋਂ ਕੰਮ ਦਾ ਪੂਰਾ ਟਰੇਂਡ ਹੋ ਗਿਆ ਤਾਂ ਗਹਿਣਿਆਂ ਦੀ ਦੁਕਾਨ ਖੁਲ੍ਹਵਾ ਦਵੇਗਾ। ਉਸ ਦੀ ਗੱਲ ਸੁਣ ਕੇ ਭਾਗਵੰਤੀ ਬੋਲੀ, 'ਨਾ ਭਾਈ ਪ੍ਰਾਹੁਣਿਆਂ। ਸੁਨਿਆਰੇ ਕੰਮ ਦੀ ਤਾਂ ਤੂੰ ਗੱਲ ਹੀ ਨਾ ਕਰ।'

'ਫੇਰ ਮੇਰੇ ਨਾਲ਼ ਹੌਜ਼ਰੀ ਵਿਚ ਲਗਵਾ ਦੋ। ਬੇਗਮਪੁਰ ਤੋਂ ਦੋਨੋਂ ਚਲੇ ਜਾਇਆ ਕਰਾਂਗੇ।' ਹਰਬੰਤ ਨੇ ਕਿਹਾ ਤਾਂ ਵੀ ਬੇਅੰਤ ਨਾ ਮੰਨਿਆ। ਜਾਣ ਲੱਗਿਆ ਪਰੇਮ ਉਸ ਨੂੰ ਇਹ ਆਖ ਕੇ ਆਪਣੇ ਨਾਲ਼ ਲੈ ਗਿਆ ਕਿ ਉਹ ਉਸ ਲਈ ਦੋਰਾਹੇ ਮੰਡੀ ਕੋਈ ਨੌਕਰੀ ਲੱਭ ਦੇਵੇਗਾ। ਕੁਝ ਦਿਨਾਂ ਬਾਅਦ ਪੁਲ਼ ਵਾਲ਼ੇ ਰਲ਼ਾ ਰਾਮ ਨੇ ਘਨ੍ਹੱਈਏ ਨੂੰ ਦੱਸਿਆ ਕਿ

ਪਰੇਮ ਦਾ ਫ਼ੋਨ ਉੱਤੇ ਸੁਨੇਹਾ ਆਇਆ ਹੈ ਕਿ ਮੁੰਡਾ ਕਟਾਣੀ ਪਿੰਡ ਹਰਦਾਸ ਮੱਲ ਡਾਕਟਰ ਕੋਲ਼ ਕੰਪੋਡਰ ਲੱਗ ਗਿਆ ਹੈ। ਉਸ ਨੇ ਆਪਣਾ ਸਾਇਕਲ ਉਸ ਨੂੰ ਦੇ ਦਿੱਤਾ ਹੈ। ਉਹ ਰਾਤ ਨੂੰ ਬੇਗਮਪੁਰ ਆ ਜਾਂਦਾ ਹੈ ਤੇ ਖੁਸ਼ ਹੈ। ਘਨ੍ਹੱਈਏ ਨੇ ਰਲ਼ਾ ਰਾਮ ਦੀ ਗੱਲ ਸੁਣ ਕੇ ਧਰਤੀ ਨਮਸਕਾਰੀ ਤੇ ਬੋਲਿਆ, 'ਚਲੋ ਵਧੀਆ ਹੋ ਗਿਆ। ਜਿੱਥੇ ਦਾ ਦਾਣਾ ਪਾਣੀ ਲਿਖਿਆ, ਉਹ ਚੁਗਣੈ। ਮੁੰਡਾ ਹੌਲ਼ੀ-ਹੌਲ਼ੀ ਡਾਕਟਰ ਬਣ ਜਾਵੇਗਾ।' ਉਸ ਨੇ ਰਲ਼ਾ ਰਾਮ ਦਾ ਵੀ ਮੂੰਹ ਮਿੱਠਾ ਕਰਵਾਇਆ ਤੇ ਘਰ ਨੂੰ ਵੀ ਲੱਡੂ ਲੈ ਕੇ ਆਇਆ।

ਦੋ ਢਾਈ ਮਹੀਨੇ ਮਗਰੋਂ ਘਨ੍ਹੱਈਆ ਬੇਅੰਤ ਨੂੰ ਮਿਲਣ ਲਈ ਬੇਗਮਪੁਰ ਜਾਣ ਲੱਗਾ ਤਾਂ ਉਹ ਦੇਵ ਨੂੰ ਵੀ ਨਾਲ਼ ਲੈ ਗਿਆ। ਉਸਨੇ ਦੱਸਿਆ ਕਿ ਅਗਲੇ ਦਿਨ ਬੇਅੰਤ ਦੀ ਛੁੱਟੀ ਕਰਵਾ ਲਵਾਂਗੇ ਤੇ ਦੋ ਰਾਤਾਂ ਰਹਿ ਕੇ ਆਵਾਂਗੇ। ਉਸ ਦੇ ਸਾਇਕਲ ਪਿੱਛੇ ਬੈਠਾ ਦੇਵ ਬਹੁਤ ਖੁਸ਼ ਸੀ। ਉਹ ਬਾਰ ਬਾਰ ਪੰਮੀ ਬਾਰੇ ਸੋਚ ਰਿਹਾ ਸੀ। ਮਨ ਹੀ ਮਨ ਉਸ ਨੇ ਫੈਸਲਾ ਕਰ ਲਿਆ ਕਿ ਜੇ ਪੰਮੀ ਸ਼ਕੁੰਤਲਾ ਦੇ ਘਰ ਨਾ ਆਈ ਤਾਂ ਉਹ ਆਪ ਹੀ ਉਸਦੇ ਘਰ ਚਲਾ ਜਾਵੇਗਾ, ਭਾਵੇਂ ਉਸਦੀ ਮਾਂ ਉਸ ਨੂੰ ਘਰੋਂ ਬਾਹਰ ਹੀ ਕਿਉਂ ਨਾ ਕੱਢ ਦੇਵੇ। ਘਨ੍ਹੱਈਏ ਦੇ ਮਨ ਵਿਚ ਪਤਾ ਨਹੀਂ ਕੀ ਆਈ ਕਿ ਉਹ ਨੀਲੋਂ ਪੁੱਜ ਸਿੱਧਾ ਜਾਣ ਦੀ ਬਜਾਇ ਪੁਲ਼ ਤੋਂ ਸੱਜੇ ਹੱਥ ਮੁੜ ਗਿਆ।

'ਹੁਣ ਐਧਰ ਕਿੱਧਰ ਨੂੰ?' ਦੇਵ ਨੇ ਪੁੱਛਿਆ।

'ਕਟਾਣੀ ਨੇੜੇ ਹੀ ਹੈ। ਬੇਅੰਤ ਨੂੰ ਮਿਲ ਲਈਏ, ਫੇਰ ਬੇਗਮਪੁਰ ਚੱਲਾਂਗੇ।'

'ਉਹਨੇ ਉੱਥੇ ਹੀ ਆ ਜਾਣਾ ਏ। ਆਪਾਂ ਚਲਦੇ।' ਪੰਮੀ ਦੀ ਖਿੱਚ ਕਾਰਨ ਦੇਵ ਬੋਲਿਆ।

'ਤੂੰ ਬੈਠਾ ਰਹਿ ਚੁੱਪ ਕਰ ਕੇ। ਦੇਖੀਏ ਤਾਂ ਸਹੀ ਕਿਹੜਾ ਡਾਕਟਰ ਏ ਹਰਦਾਸ ਮੱਲ ਤੇ ਆਪਣਾ ਬੇਅੰਤ ਕਿਵੇਂ ਕੰਮ ਕਰਦਾ ਏ।'

ਕਟਾਣੀ ਕਲਾਂ ਪਿੰਡ ਵਿਚ ਪੁੱਛਦੇ-ਪੁਛਾਉਂਦੇ ਉਹ ਡਾਕਟਰ ਹਰਦਾਸ ਮੱਲ ਦੇ ਹਸਪਤਾਲ਼ ਵਿਚ ਜਾ ਵੜੇ। ਬਰਾਂਡੇ ਵਿਚ ਦੋ ਬੈਂਚ ਡਹੇ ਹੋਏ ਸਨ। ਇਕ ਉੱਤੇ ਚਾਰ-ਪੰਜ ਮਰੀਜ਼ ਬੈਠੇ ਸਨ ਤੇ ਬੇਅੰਤ ਇਕ ਉੱਚੇ ਸਟਰੈਚਰ ਤੇ ਬੱਚੇ ਨੂੰ ਲਿਟਾਈ ਉਹਦੇ ਸਿਰ ਉੱਤੇ ਪੱਟੀ ਬੰਨ੍ਹ ਰਿਹਾ ਸੀ। ਉਨ੍ਹਾਂ ਨੂੰ ਦੇਖ ਉਹ ਮੁਸਕ੍ਰਾਇਆ ਤੇ ਘਨ੍ਹੱਈਏ ਨੂੰ ਮੱਥਾ ਟੇਕਣਾ ਕਿਹਾ। ਉਹ ਦੋਨੋਂ ਜਣੇ ਦੂਜੇ ਬੈਂਚ ਤੇ ਬੈਠ ਗਏ। ਬੇਅੰਤ ਸਾਬਣ ਨਾਲ਼ ਸ਼ੈਂਕ ਤੇ ਹੱਥ ਧੋ ਕੇ, ਤੌਲੀਏ ਨਾਲ਼ ਪੂੰਝ ਕੇ ਅੰਦਰ ਗਿਆ ਤੇ ਬਾਹਰ ਆਕੇ ਇਕ ਲਿਫਾਫ਼ੀ ਬੈਂਚ ਲਾਗੇ ਖੜ੍ਹੀ ਔਰਤ ਨੂੰ ਫੜਾਉਂਦਾ ਬੋਲਿਆ, 'ਇਕ ਇਕ ਗੋਲ਼ੀ ਤਿੰਨੋਂ ਟਾਇਮ ਰੋਟੀ ਮਗਰੋਂ ਦੇਣੀ ਏ ਂ। ਪਰਸੋਂ ਨੂੰ ਫੇਰ ਦਿਖਾ ਜਾਣਾ।'

'ਡਾਕਟਰ ਸਾਹਬ ਖਾਣ ਲਈ ਕੀ ਦੇਵਾਂ?' ਔਰਤ ਨੇ ਪੁੱਛਿਆ।

'ਦੱਸਿਆ ਤਾਂ ਹੈ ਬੀਬੀ ਰੋਟੀ ਮਗਰੋਂ ਦਵਾਈ ਦੇਣੀ ਏਂ।'

'ਨਹੀਂ ਮੇਰਾ ਮਤਲਬ ਕੋਈ ਖਿਚੜੀ ਦਲ਼ੀਆ।' ਉਹ ਬੋਲੀ।

'ਸੱਟ ਸਿਰ' ਚ ਲੱਗੀ ਏ ਬੀਬੀ, ਢਿੱਡ' ਚ ਥੋੜੀ ਏ। ਜੋ ਮੰਗਦਾ ਏ ਖੁਆਈ ਚੱਲ।'

ਉਸ ਦੀ ਗੱਲ ਸੁਣ ਕੇ ਦੇਵ ਨੂੰ ਹਾਸਾ ਆ ਗਿਆ। ਘਨ੍ਹੱਈਆ ਵੀ ਬੁੱਲ੍ਹ ਘੁੱਟਦਾ ਖੁਸ਼

ਹੋ ਗਿਆ।

'ਡਾਕਟਰ ਸਾਹਬ ਇਹ ਇੱਲਤ ਬਹੁਤ ਕਰਦਾ ਏ, ਤਾਂ ਹੀ ਸੱਟਾਂ ਖਾਂਦਾ ਏ।' ਔਰਤ ਬੋਲੀ।

'ਮਾਰਿਆ ਕਰ ਚਪੇੜ ਵੱਟ ਕੇ, ਤੂੰ ਹੀ ਚਮ੍ਹਲਾਉਂਦੀ ਹੋਣੀ ਏਂ।'

ਘਨ੍ਹੱਈਆ ਹੌਲ਼ੀ ਦੇਣੇ ਦੇਵ ਨੂੰ ਕਹਿਣ ਲੱਗਾ, 'ਕੰਪੋਂਡਰ ਲੱਗ ਗਿਆ। ਕਾਮਯਾਬ ਏ। ਇਹਨੇ ਹੌਲ਼ੀ ਹੌਲ਼ੀ ਡਾਕਟਰ ਬਣ ਜਾਣਾ ਏਂ। ਜਦ ਨੂੰ ਚਮਕੌਰ ਵਾਲ਼ਾ ਸਿਰੀ ਰਾਮ ਮਰਜੂ। ਇਹਦੀ ਹੱਟੀ ਖੁਲ੍ਹਵਾ ਦਿਆਂਗੇ ਉੱਥੇ।'

ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕਿ ਬੇਅੰਤ ਨੇ ਚਾਹ ਅਤੇ ਮੱਠੀਆਂ ਦਾ ਆਰਡਰ ਕਦੋਂ ਦੇ ਦਿੱਤਾ ਸੀ। ਇਕ ਮੁੰਡੂ ਦੋ ਗਿਲਾਸ ਚਾਹ ਤੇ ਚਾਰ ਮੱਠੀਆਂ ਵਾਲ਼ੀ ਪਲੇਟ ਬੈਂਚ ਤੇ ਰੱਖ ਕੇ ਚਲਾ ਗਿਆ।

'ਤੂੰ ਵੀ ਲੈ ਲੈਂਦਾ।' ਘਨ੍ਹੱਈਆ ਬੋਲਿਆ।

'ਚਾਹਾਂ ਪੀ ਪੀ ਨਕਤੋੜੀ ਹੋ ਜਾਂਦੀ ਏ ਐਥੇ ਤਾਂ। ਮੱਠੀਆਂ ਵੱਲ ਦੇਖ ਕੇ ਤੂੰ ਧੁੜਧੁੜੀ ਆਉਂਦੀ ਏ।' ਉਹਦੀ ਗੱਲ ਸੁਣ ਕੇ ਘਨ੍ਹੱਈਆ ਫਿਰ ਖੁਸ਼ ਹੋਇਆ।

ਡਾਕਟਰ ਕਿਧਰੇ ਅੰਦਰ ਹੀ ਕਮਰੇ' ਚ ਮਰੀਜ਼ ਦੇਖ ਰਿਹਾ ਸੀ। ਬੇਅੰਤ ਨੇ ਦੱਸਿਆ ਕਿ ਠੀਕ ਬਾਰਾਂ ਵਜੇ ਉਸ ਨੇ ਉੱਠ ਜਾਣਾ ਏਂ ਤੇ ਮੁੜ ਚਾਰ ਤੋਂ ਛੇ ਵਜੇ ਤੱਕ ਮਰੀਜ਼ ਦੇਖਣੇ ਨੇ। ਬੇਅੰਤ ਖੁਸ਼ ਸੀ ਕਿ ਰੋਜ਼ ਤਿੰਨ ਚਾਰ ਰੁਪਏ ਉਤਲੀ ਕਮਾਈ ਵੀ ਹੋ ਜਾਂਦੀ ਸੀ। ਜਦੋਂ ਡਾਕਟਰ ਅੰਦਰੋਂ ਹੀ ਕਿਧਰੇ ਅਰਾਮ ਕਰਨ ਚਲਾ ਗਿਆ ਤਾਂ ਉਹ ਉਨ੍ਹਾਂ ਨੂੰ ਲਾਗੇ ਹੀ ਇਕ ਪੱਕੇ ਚੁਬਾਰੇ' ਚ ਲੈ ਚੜ੍ਹਿਆ ਤੇ ਮੰਜੇ ਉੱਤੇ ਬਹਿ ਕੇ ਸਾਰੀ ਗੱਲ ਦੱਸੀ।

ਸ਼ਕੁੰਤਲਾ ਕੋਲ਼ ਬੇਗਮਪੁਰ ਉਹ ਚਾਰ ਪੰਜ ਦਿਨ ਹੀ ਗਿਆ ਸੀ। ਉਹ ਇਕ ਦਿਨ ਪਰੇਮ ਨਾਲ਼ ਤੜਿੰਗ ਹੋ ਗਿਆ। ਪਰੇਮ ਨੇ ਕਹਿ ਦਿੱਤਾ ਕਿ ਅੱਜ ਸਾਇਕਲ ਉਸ ਨੂੰ ਚਾਹੀਦਾ ਏ, ਉਹ ਹਸਪਤਾਲ਼ ਪੈਦਲ ਚਲਾ ਜਾਵੇ। ਛੇ ਸੱਤ ਮੀਲ ਉਹ ਚਲਾ ਤਾਂ ਗਿਆ ਪਰ ਸਾਰਾ ਦਿਨ ਰਿੱਝੀ ਗਿਆ ਅਖੇ, ਸਾਇਕਲ ਦਾ ਮਾਲਕ ਹੋਣ ਦੀ ਹੋਂਦ ਜਿਤਾ ਕੇ ਇਕ ਅਮੀਰ ਬੰਦੇ ਨੇ ਇਕ ਗਰੀਬ ਦਾ ਮਜ਼ਾਕ ਉਡਾਇਆ ਹੈ। ਦੁਪਹਿਰ ਨੂੰ ਉਸ ਨੇ ਡਾਕਟਰ ਨੂੰ ਕਿਹਾ, 'ਡਾਕਟਰ ਸਾਹਬ ਜੇ ਮੇਰੀ ਰਿਹਾਇਸ਼ ਦਾ ਪ੍ਰਬੰਧ ਕਰੋਗੇ, ਮੈਂ ਰਹਾਂਗਾ, ਨਹੀਂ ਮੇਰਾ ਹਿਸਾਬ ਕਰਦੋ।'

ਡਾਕਟਰ ਉਸ ਦੀ ਗੱਲ ਸੁਣ ਕੇ ਹੱਸਿਆ ਤੇ ਬੋਲਿਆ, 'ਬੇਅੰਤ ਸਿੰਘ ਜਿਤਨੀ ਦੇਰ ਮੈਂ ਜਿੰਦਾ ਹੂੰ, ਤੁਮਹੇਂ ਯਹਾਂ ਸੇ ਜਾਨੇ ਨਹੀਂ ਦੂੰਗਾ। ਤੁਮਹੇਂ ਡਾਕਟਰ ਬਨਾ ਕੇ ਇਸੀ ਚੇਅਰ ਪਰ ਬਿਠਾਊਂਗਾ। ਯੇ ਹਸਪਤਾਲ਼ ਤੁਮਹਾਰੇ ਨਾਮ ਕਰਵਾ ਦੂੰਗਾ, ਯੇ ਕਯਾ ਬੋਲ ਦੀਆਂ ਤੁਮਨੇ?'

ਡਾਕਟਰ ਜਾਣਦਾ ਸੀ ਕਿ ਬੰਦਾ ਕੰਮ ਦਾ ਏ, ਜਾਣ ਕਿਵੇਂ ਦਿੰਦਾ? ਉਸਨੇ ਆਪਣਾ ਚੁਬਾਰਾ ਉਹਦੇ ਹਵਾਲੇ ਕਰ ਦਿੱਤਾ। ਮੰਜਾ ਬਿਸਤਰਾ ਵੀ ਦੇ ਦਿੱਤਾ ਤੇ ਰੋਟੀ ਬਣਾਉਣ ਦਾ ਸਾਰਾ ਸਮਾਨ ਵੀ। ਉਸ ਨੇ ਤਾਂ ਇਕ ਪੀਪਾ ਆਟੇ ਦਾ ਵੀ ਭਿਜਵਾ ਦਿੱਤਾ। ਚੁੱਲ੍ਹਾ ਬਾਲਣ ਲਈ ਕਪਾਹ ਦੀਆਂ ਛਿਟੀਆਂ ਦਾ ਢੇਰ ਪਹਿਲਾਂ ਹੀ ਉੱਥੇ ਲੱਗਾ ਹੋਇਆ ਸੀ।

'ਤੂੰ ਰੋਟੀ ਆਪ ਬਣਾਉਂਦਾ ਏਂ?' ਘਨ੍ਹੱਈਏ ਨੇ ਪੁੱਛਿਆ।

'ਗਲ਼ ਪਿਆ ਢੋਲ ਤਾਂ ਵਜਾਉਣਾ ਪੈਂਦਾ ਏ ਮਾਮਾ। ਪਹਿਲਾਂ ਪਹਿਲਾਂ ਤਾਂ ਔਖਾ ਲੱਗਿਆ। ਫੇਰ ਸਭ ਠੀਕ ਹੋ ਗਿਆ। ਹੁਣ ਰੋਟੀ ਨਹੀਂ ਫੁਲਕੇ ਬਣਾਉਂਦਾ ਏਂ ਗੋਲ਼ ਗੋਲ਼। ਭੁਕਾਨੇ ਵਾਂਗ ਫੁੱਲਦੇ ਨੇ ਸਾਰੇ।' ਉਹ ਹੱਸਿਆ।

ਉਹ ਸੱਚ ਹੀ ਕਹਿ ਰਿਹਾ ਸੀ। ਉਸ ਦੀ ਸਵੇਰ ਦੀ ਬਣਾਈ ਆਲੂ-ਗੋਭੀ ਦੀ ਸਬਜ਼ੀ ਨਾਲ਼ ਤਾਜ਼ੇ ਫੁਲਕੇ ਖਾ ਕੇ ਦੋਨਾਂ ਨੂੰ ਬੜਾ ਆਨੰਦ ਆਇਆ। ਰੋਟੀ ਖਾਣ ਮਗਰੋਂ ਘਨ੍ਹੱਈਆ ਬੋਲਿਆ, 'ਚੰਗਾ ਬਈ ਭਾਣਜਿਆ, ਤੂੰ ਕਰ ਡਿਊਟੀ। ਰੱਬ ਤੈਨੂੰ ਤਰੱਕੀਆਂ ਬਖਸ਼ੇ। ਦਿਲ ਲਾ ਕੇ ਕੰਮ ਕਰੀਂ। ਅਸੀਂ ਹੁਣ ਬੇਗਮਪੁਰ ਜਾਣਾ ਏਂ।'

'ਨਹੀਂ ਜਾਣਾ ਬੇਗਮਪੁਰ। ਉੱਥੋਂ ਕੀ ਲੈਣਾ ਏਂ?' ਬੇਅੰਤ ਬੋਲਿਆ।

'ਸ਼ਕੁੰਤਲਾ ਨੂੰ ਮਿਲ ਆਵਾਂਗੇ। ਬਾਸਮਤੀ ਦੇ ਚੌਲ਼ ਦੇ ਆਵਾਂਗੇ।'

'ਚੌਲ਼ ਕਰੋ ਉਰੇ। ਪਿੰਡ ਨੂੰ ਜਾਓ ਵਾਪਸ। ਮੇਰੀ ਸਹੁੰ ਲੱਗੇ ਤੁਸੀਂ ਹੁਣ ਬੇਗਮਪੁਰ ਨਹੀਂ ਜਾਣਾ।'

ਉਸ ਨੂੰ 'ਚੰਗਾ' ਕਹਿ ਕੇ ਘਨ੍ਹੱਈਆ ਉੱਠ ਖੜ੍ਹਾ ਹੋਇਆ। ਉਹ ਦੋਨਾਂ ਨੂੰ ਹੇਠ ਛੱਡਣ ਆਇਆ। ਨੀਲੋਂ ਦੇ ਪੁਲ਼ ਤੇ ਪੁੱਜ ਘਨ੍ਹੱਈਆ ਚਮਕੌਰ ਵੱਲ ਮੁੜਨ ਲੱਗਾ ਤਾਂ ਦੇਵ ਬੋਲਿਆ, 'ਕਹੀ ਜਾਣ ਦੇ ਬੇਅੰਤ ਨੂੰ। ਚੱਲ ਆਪਾਂ ਬੇਗਮਪੁਰ ਚੱਲੀਏ। ਮੇਰਾ ਬਹੁਤ ਦਿਲ ਕਰਦਾ ਏ।'

'ਉਹਨੇ ਆਪਣੀ ਸਹੁੰ ਪਾ ਦਿੱਤੀ ਏ ਦੇਵ। ਚੱਲ ਹੁਣ ਸਲਾਹਪੁਰ ਨੂੰ। ਫੇਰ ਕਦੀ ਸਹੀ। ਮੈਨੂੰ ਏਸ ਮੁੰਡੇ ਦਾ ਫਿਕਰ ਵੱਢ ਵੱਢ ਖਾਂਦਾ ਸੀ। ਹੁਣ ਰੱਬ ਨੇ ਸਭ ਠੀਕ ਕਰ ਦਿੱਤਾ ਏ।'

ਉਸ ਦੇ ਮਗਰ ਬੈਠੇ ਦੇਵ ਦਾ ਦਿਲ ਬੁਝ ਗਿਆ। ਉਹ ਪੰਮੀ ਨੂੰ ਯਾਦ ਕਰ ਕੇ ਹੌਲ਼ੀ-ਹੌਲ਼ੀ ਹੰਝੂ ਸੁੱਟਣ ਲੱਗ ਪਿਆ।

ਤਿੰਨ ਕੁ ਮਹੀਨੇ ਲੰਘੇ ਸਨ ਇਕ ਦਿਨ ਤੜਕੇ ਹੀ ਬੇਅੰਤ ਸਲਾਹਪੁਰ ਆ ਪੁੱਜਾ। ਉਹ ਤਾਂ ਅਜੇ ਸੁੱਤੇ ਹੀ ਪਏ ਸਨ ਕਿ ਦਰ ਖੜਕਿਆ।

'ਕੌਣ ਏਂ?' ਭਾਗਵੰਤੀ ਬੋਲੀ।

'ਬੇਅੰਤ... ਖੋਲ੍ਹੋ ਕੁੰਡਾ।'

'ਵੇ ਐਸ ਟਾਇਮ? ਸੁੱਖ ਤਾਂ ਹੈ?'

ਭਾਗਵੰਤੀ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ਉਹ ਛਕੜਾ ਜਿਹਾ ਸਾਇਕਲ ਲਈ ਦਰ ਮੂਹਰੇ ਖੜ੍ਹਾ ਸੀ।

'ਵੱਢ ਆਇਆ ਫਸਤਾ ਹਰਦਾਸ ਮੱਲ ਦਾ ਵੀ।' ਉਹ ਬੋਲਿਆ।

'ਵੇ ਕੀਹਨੂੰ ਵੱਢ ਆਇਆ ਤੂੰ? ਕੀ ਹੋ ਗਿਆ ਵੇ?' ਭਾਗਵੰਤੀ ਉੱਚੀ ਦੇਣੇ ਬੋਲੀ।

ਘਨ੍ਹੱਈਆ ਤਾਂ ਪਹਿਲਾਂ ਹੀ ਉੱਠਿਆ ਹੋਇਆ ਸੀ। ਦੇਵ ਦੀ ਮਾਮੀ ਅਤੇ ਨਾਨੀ ਵੀ ਉੱਠ ਆਈਆਂ।

'ਕੌਣ ਏਂ?' ਘਨ੍ਹੱਈਏ ਨੇ ਪੁੱਛਿਆ।

'ਬੇਅੰਤ ਏ, ਕਹਿੰਦਾ, ਵੱਢ ਆਇਆ ਕਿਸੇ ਨੂੰ।'

'ਕੀ ਹੋ ਗਿਆ? ਕਿੱਥੋਂ ਆ ਰਿਹਾ ਏਂ ਤੂੰ ਐਸ ਵੇਲ਼ੇ?' ਘਨੱ੍ਹਈਏ ਨੇ ਪੁੱਛਿਆ।

'ਕਟਾਣੀ ਤੋਂ ਹਰਦਾਸ ਮੱਲ ਦਾ ਫਸਤਾ ਵੱਢ ਆਇਆ।'

'ਮਾਰ ਆਇਆ ਡਾਕਟਰ ਨੂੰ ਤੂੰ?' ਉਹ ਘਬਰਾ ਗਿਆ।

'ਡਾਕਟਰ ਦਾ ਨੀ... ਉਹਦੀ ਕੁੱਤੀ ਨੌਕਰੀ ਦਾ ਫਸਤਾ ਵੱਢ ਆਇਆ।'

'ਗੱਲ ਕੀ ਹੋਈ?'

'ਗੱਲ ਕੀ ਹੋਣੀ ਤੀ... ਮਾੜੀ ਮੋਟੀ ਕਿਤੇ ਚੋਰੀ ਹੋ ਗਈ ਰਾਤ ਨੂੰ। ਮੈਨੂੰ ਕਹਿੰਦਾ ਨੌਕਰੀ ਕਰਨੀ ਏਂ ਤਾਂ ਰਾਤ ਨੂੰ ਵੀ ਦਵਾਖਾਨੇ' ਚ ਪਿਆ ਕਰ।'

'ਫੇਰ ਤੂੰ ਕੀ ਕਿਹਾ?'

'ਮੈਂ ਕੀ ਕਹਿਣਾ ਸੀ, ਮੈਂ ਕਿਹਾ, ਬੰਦਾ ਤੂੰ ਬੰਦਾ ਮੈਂ। ਇਕ ਰਾਤ ਤੂੰ ਪਿਆ ਕਰ, ਇਕ ਰਾਤ ਮੈਂ ਪੈ ਜੂੰ, ਵਾਰੀ ਵਾਰੀ।'

'ਆਹ ਤੂੰ ਲੋਹੜਾ ਮਾਰਿਆ।'

'ਲੋਹੜਾ ਕੀ ਮਾਰਿਆ? ਮਰਨਾ ਏਂ ਦਵਾਈਆਂ ਦੇ ਮੁਸ਼ਕ' ਚ। ਅੱਧੀ ਰਾਤ ਉੱਠ ਕੇ ਦੌੜ ਆਇਆ ਮੈਂ।'

'ਬੇਵਕੂਫ਼ ਬੰਦਾ ਏਂ ਤੂੰ। ਤੂੰ ਸਾਨੂੰ ਜੀਊਣ ਨੀ ਦੇਣਾ। ਵਜਾਉਂਦਾ ਫਿਰੀਂ ਐਥੇ ਡੰਡੇ।' ਘਨੱ੍ਹਈਆ ਨੱਕੋ-ਨੱਕ ਨਿਰਾਸ਼ਾ ਵਿਚ ਡੁੱਬ ਗਿਆ।

**00**

# ਅਠੱਤੀ

ਸਲਾਹਪੁਰ ਦੇ ਉਸ ਨਿੱਕੇ ਜਿਹੇ ਘਰ ਵਿਚ ਤਣਾਅ-ਭਰਪੂਰ ਜ਼ਿੰਦਗੀ ਫਿਰ ਸ਼ੁਰੂ ਹੋ ਗਈ। ਬੇਅੰਤ ਸਵੇਰੇ ਹੀ ਉੱਠਦਾ। ਨਹਾ ਧੋ ਕੇ, ਰੋਟੀ ਖਾ ਕੇ ਚਮਕੌਰ ਨੂੰ ਚਲਾ ਜਾਂਦਾ। ਸ਼ਾਮ ਨੂੰ ਵਾਪਸ ਮੁੜਦਾ ਤੇ ਖਾ ਪੀ ਕੇ ਸੌਂ ਜਾਂਦਾ। ਕੋਈ ਟੋਕਦਾ ਤਾਂ ਸੂਈ ਕੁੱਤੀ ਵਾਂਗ ਵੱਢਣ ਨੂੰ ਆਉਂਦਾ। ਘਨੱ੍ਹਈਏ ਨੂੰ ਮਹਾਰਾਜ ਦੇ ਦਰਸ਼ਨਾਂ ਵਾਲ਼ਾ ਸੁਪਨਾ ਖੇਰੂੰ ਖੇਰੂੰ ਹੋ ਗਿਆ ਨਜ਼ਰ ਆ ਰਿਹਾ ਸੀ। ਉਹ ਤਾਂ ਘਰੋਂ ਹੀ ਨਾ ਨਿਕਲ਼ਦਾ। ਉਹ ਡਰਦਾ ਸੀ ਕਿ ਕਿਧਰੇ ਕੋਈ ਪੁੱਛ ਨਾ ਲਵੇ ਕਿ ਕਿਉਂ ਘਨੱ੍ਹਈਆ ਜੀ ਕੀ ਬਣਿਆ ਤੇਰੇ ਮਹਾਰਾਜ ਦੇ ਵਚਨੋਂ ਦਾ? ਉਹ ਬੇ ਅੰਤ ਦੀ ਗੁਸਤਾਖ਼ ਬੋਲੀ ਤੇ ਹਠ ਮੂਹਰੇ ਝੁਕ ਗਿਆ। ਉਸਦਾ ਜੀਅ ਕਰਦਾ ਕਿ ਹਾਕੀ ਲੈ ਕੇ ਉਸ ਨੂੰ ਭੰਨ ਸੁਟੇ ਪਰ ਫਿਰ ਸਿਆਣਿਆਂ ਦਾ ਕਿਹਾ ਚੇਤੇ ਕਰਕੇ ਦੜ ਵੱਟ ਲੈਂਦਾ ਕਿ ਉਹਦੀ ਜੁੱਤੀ ਦਾ ਮੇਚ ਉਹੀ ਬਣ ਗਿਆ ਸੀ ਜੋ ਘਨੱ੍ਹਈਏ ਦਾ ਸੀ। ਹੌਲ਼ੀ-ਹੌਲ਼ੀ ਉਹ ਉਸਨੂੰ ਬੁਲਾਉਣੋਂ ਹੀ ਹਟ ਗਿਆ। ਭਾਗਵੰਤੀ ਉਹਦੀ ਰੋਟੀ ਬਣਾ ਕੇ ਪੋਣੇ ਵਿਚ ਲਪੇਟ ਕੇ ਰੱਖ ਦਿੰਦੀ। ਉਹ ਬੁਲਾਉਂਦਾ ਤਾਂ ਹੀ ਬੋਲਦੀ।

ਇਕ ਦਿਨ ਉਹ ਰਾਤ ਨੂੰ ਗਿਆਰਾਂ ਵਜੇ ਘਰ ਮੁੜਿਆ। ਭਾਗਵੰਤੀ ਦਰਾਂ' ਚ ਬੈਠੀ ਸੋਚ ਰਹੀ ਸੀ ਕਿ ਅੱਜ ਉਹ ਜ਼ਰੂਰ ਕਿਸੇ ਖ਼ੂਹ ਖਾਤੇ ਪੈ ਗਿਆ ਹੋਵੇਗਾ। ਬੇਅੰਤ ਨੇ ਭਾਗਵੰਤੀ ਦੇ ਸਿਰ ਤੇ ਹੱਥ ਰੱਖ ਕੇ ਆਸ਼ੀਰਵਾਦ ਦਿੱਤਾ ਤੇ ਬੋਲਿਆ, 'ਮੈਂ ਉੱਚੇ ਜਟਾਣੇ

ਸਿਰੀਏ ਮਾਮੇ ਨੂੰ ਮਿਲ ਕੇ ਆਇਆ ਏਂ। ਅਗਲੀ ਪੂਰਨਮਾਸ਼ੀ ਨੂੰ ਮੈਂ ਉਹਦੇ ਕੋਲ਼ ਜਾ ਕੇ ਦਕਸ਼ਣਾ ਲੈ ਲੈਣੀ ਏਂ ਤੇ ਨਗਨ ਸਾਧ ਬਣ ਜਾਣਾ ਏਂ।'

'ਦੁਰ ਫਿਟੇ ਮੂੰਹ ਤੇਰਾ। ਇਹ ਤੂੰ ਕੀ ਮਗਜੌਲ਼ੀਆਂ ਮਾਰ ਰਿਹਾ ਏਂ ਪਾਪੀਆ? ਤੇਰੀ ਬੁੱਧੀ ਤਾਂ ਭਰਿਸ਼ਟ ਨਹੀਂ ਹੋਗੀ?'

'ਸਿਰੀਏ ਮਾਮੇ ਤੋਂ ਬਿਨਾਂ ਸਾਰੇ ਜੱਗ ਦੀ ਬੁੱਧੀ ਭ੍ਰਿਸ਼ਟ ਏ ਮਾਤਾ। ਮੈਨੂੰ ਤਾਂ ਚਾਨਣ ਹੋ ਗਿਆ ਏ। ਰੱਬ ਕੋਲੋਂ ਪ੍ਰਾਣੀ ਨੰਗਾ ਆਇਆ ਏ ਤੇ ਕੱਪੜੇ ਪਾ ਕੇ ਸ਼ੈਤਾਨ ਬਣ ਗਿਆ ਏ। ਖਾਲੀ ਹੱਥ ਆਇਆ ਏ, ਲੁੱਟਾਂ ਮਚਾ ਕੇ ਧਨੀ ਬਣ ਗਿਆ ਏ। ਪਤਾ ਉਦੋਂ ਲੱਗੂ ਜਦ ਨੰਗਾ ਹੋ ਕੇ, ਸਭ ਛੱਡ ਛਡਾ ਕੇ ਜਾਣਾ ਪਊ। ਸੈਂਕੜੇ ਲੋਕਾਂ ਦੇ ਇਕੱਠ ਵਿਚ ਮੈਂ ਇਨ੍ਹਾਂ ਦੁਨਿਆਵੀ ਬਸਤਰਾਂ, ਐਸ਼ੋ ਆਰਾਮ, ਪੈਸੇ-ਟਕੇ ਦਾ ਤਿਆਗ ਕਰ ਦਿਆਂਗਾ ਤੇ ਸਾਰੀ ਉਮਰ ਆਪਣੇ ਤਨ ਨੂੰ ਕੱਪੜਾ ਨਹੀਂ ਛੁਹਾਵਾਂਗਾ। ਮੈਂ ਦੁਨੀਆਂ ਦਾ ਮੋਹ, ਪਿਆਰ, ਲੋਭ, ਹੰਕਾਰ ਸਭ ਕੁਝ ਤਿਆਗ ਦਿੱਤਾ ਏ ਮਾਤਾ। ਮੈਂ ਉਸ ਨੂੰ ਗੁਰੂ ਧਾਰ ਆਇਆ ਹਾਂ।' ਬੇਅੰਤ ਬੋਲਿਆ।

'ਦੁਰ ਫਿਟੇ ਮੂੰਹ ਤੇਰਾ ਪਾਪੀਆ... ਹੁਣ ਮੈਨੂੰ ਇਹ ਦਿਨ ਵੀ ਦਿਖਾਉਣੇ ਨੇ ਤੂੰ?' ਭਾਗਵੰਤੀ ਉੱਚੀ ਬੋਲੀ ਤੇ ਰੋਣ ਲੱਗ ਪਈ। ਘਨ੍ਹੱਈਆ ਵੀ ਉੱਠ ਕੇ ਆ ਗਿਆ ਤੇ ਬੋਲਿਆ, 'ਕੀ ਕਹਿੰਦਾ ਏ ਇਹ?'

ਇਸ ਤੋਂ ਪਹਿਲਾਂ ਕਿ ਉਹ ਕੁਝ ਦੱਸਦੀ ਬੇਅੰਤ ਬੋਲ ਪਿਆ, 'ਤਿਆਗ ਦੇ ਤੂੰ ਵੀ ਮਾਮਾ ਇਨ੍ਹਾਂ ਮੋਹਾਂ ਨੂੰ। ਇਹ ਸਭ ਮ੍ਰਿਗ ਤ੍ਰਿਸ਼ਨਾ ਏ। ਐਵੇਂ ਫਿਕਰ ਲੱਦੀ ਫਿਰਦੈਂ ਸਭ ਦੇ। ਮਸਤ ਮਲੰਗ ਹੋ ਜਾ। ਤੇਰਾ ਵਹਿਮ ਏਂ, ਬੁਢਾਪੇ ਦਾ ਆਸਰਾ ਮਿਲੂ ਤੈਨੂੰ। ਕੋਈ ਨੀ ਮਿਲਣਾ। ਕੱਢ ਦੇ ਮਨ ਦਾ ਵਹਿਮ।'

'ਉਇ ਤੂੰ ਬਕੀ ਕੀ ਜਾਨੈਂ? ਕੋਈ ਭੂਤ ਤਾਂ ਨੀ ਵੜ ਗਿਆ ਤੇਰੇ ਵਿਚ?'

ਘਨ੍ਹੱਈਆ ਕੜਕਿਆ।

'ਗਿਆਨ ਹੋ ਗਿਐ ਬੁੱਧ ਵਾਂਗ ਮੈਨੂੰ ਮਾਮਾਂ। ਉਹ ਤਾਂ ਫੇਰ ਦੁਨੀਆਂ' ਚ ਜਾ ਵੜਿਆ ਸੀ, ਪਰ ਮੈਂ ਨੀ ਮੁੜਨ ਲੱਗਾ। ਦੱਭ ਦੀ ਸਫ਼ ਵਿਛਾ ਦੇ ਮਾਤਾ ਚੁੱਲ੍ਹੇ ਲਾਗੇ। ਅੱਜ ਤੋਂ ਮੈਂ ਮੰਜੇ ਬਿਸਤਰੇ ਤੇ ਸੌਣਾ ਬੰਦ ਕਰ ਦਿਆਂਗਾ। ਮੈਂ ਵੈਰਾਗ ਵਿਚ ਆ ਗਿਆ ਹਾਂ। ਜਾਣਦੀ ਏਂ ਕੀ ਹੁੰਦੈ ਵੈਰਾਗ?'

'ਦੁਰ ਫਿਟੇ ਮੂੰਹ ਤੇਰਾ ਚੰਦਰਿਆ, ਮੇਰੇ ਹੋਰ ਕਿੰਨੇ ਲੇਖੇ ਲੈਣੇ ਨੇ ਤੂੰ ?' ਭਾਗਵੰਤੀ ਬੋਲੀ।

'ਮਾੜੇ ਵਚਨ ਮੱਤ ਬੋਲੋ ਮਾਤਾ। ਨੰਗੇ ਆਏ ਨੰਗੇ ਜਾਣਾ, ਫਿਰ ਕਿਉਂ ਤਨ ਤੇ ਬਸਤਰ ਪਾਣਾ। ਮੇਰੇ ਰਾਹ ਵਿਚ ਆਓਗੇ, ਤਬਾਹ ਹੋ ਜਾਓਗੇ।' ਉਹ ਅੱਖਾਂ ਮੀਚਦਾ ਬੋਲਿਆ।

ਘਨ੍ਹੱਈਏ ਨੇ ਬੋਹੜ ਜਿਹੀ ਮਾਰੀ ਤੇ ਬੁਸ-ਬੁਸ ਕਰਦਾ ਮੁੜ ਹੱਟੀ ਵੱਲ ਚਲਾ ਗਿਆ।

'ਵੇ ਪੁੱਤ ਨਾ ਸਤਾ ਮੈਨੂੰ। ਮੇਰੇ ਤੇ ਰਹਿਮ ਕਰ।' ਭਾਗਵੰਤੀ ਹੱਥ ਜੋੜਦੀ ਬੋਲੀ।

'ਭਾਗਵੰਤੀ ਚੁੱਪ ਕਰ ਜਾ। ਇਹ ਪਾਗਲ ਹੋ ਗਿਆ ਏ।' ਉੱਧਰੋਂ ਘਨ੍ਹੱਈਏ ਦੀ ਅਵਾਜ਼ ਆਈ।

ਭਾਗਵੰਤੀ ਦੋਨਾਂ ਹੱਥਾਂ ਦੀ ਕਰਿੰਗੜੀ ਪਾ ਮੰਜੀ ਉੱਤੇ ਬੈਠ ਆਲ਼ੇ ਵਿਚ ਬਲਦੇ ਦੀਵੇ ਵੱਲ ਦੇਖਣ ਲੱਗ ਪਈ। ਬੇਅੰਤ ਨੇ ਚੁੱਲ੍ਹੇ ਲਾਗੇ ਦੱਭ ਦੀ ਸਫ਼ ਸੁੱਟ ਲਈ। ਕੱਪੜੇ ਖੋਲ੍ਹ ਤੇੜ ਬੋਰੀ ਲਪੇਟ ਲਈ ਤੇ ਲੇਟ ਗਿਆ।

ਭਾਗਵੰਤੀ ਫਿਰ ਉੱਠੀ ਤੇ ਬੋਲੀ, 'ਵੇ ਪੁੱਤ ਰੋਟੀ ਖਾ ਲੈ। ਨਾਲ਼ੇ ਮੰਜੇ ਤੇ ਪੈਜਾ।'

'ਕੀ ਹੁੰਦੀ ਏ ਰੋਟੀ? ਕੀ ਹੁੰਦਾ ਏ ਮੰਜਾ? ਧਰਤੀ ਨਾਲ਼ ਜੁੜ ਕੇ ਪਵਾਂਗਾ ਮਾਤਾ। ਜਦੋਂ ਤੱਕ ਢਿੱਡ ਢੂਹੀ ਨਾਲ਼ ਨਹੀਂ ਲਗਦਾ ਅੰਨ ਦਾ ਭੋਰਾ ਵੀ ਨਹੀਂ ਖਾਵਾਂਗਾ। ਤੈਨੂੰ ਵੀ ਤਿਆਗ ਦਿਆਂਗਾ। ਹੁਣ ਤਾਂ ਧਰਤੀ ਹੀ ਮੇਰੀ ਮਾਂ ਏ।'

'ਵੇ ਪੁੱਤਾ ਤੈਨੂੰ ਕੋਈ ਕਸਰ ਤਾਂ ਨਹੀਂ ਹੋਗੀ? ਕਿਉਂ ਬਦਲੇ ਲੈਣ ਲੱਗਾ ਏਂ? ਲੀਹ ਤੇ ਆ ਜਾ ਲੀਹ ਤੇ।'

'ਲੀਹ ਤੇ ਤਾਂ ਮਾਤਾ ਹੁਣ ਆਇਆ ਏਂ। ਪਹਿਲਾਂ ਤਾਂ ਠਿੱਬੇ-ਠੌਲ਼ਿਆਂ ਵਿਚ ਹੀ ਧੱਕੇ ਖਾਂਦਾ ਫਿਰਦਾ ਰਿਹਾ। ਸਿਰੀਏ ਮਾਮੇ ਦੀ ਦਿਆ-ਦ੍ਰਿਸ਼ਟੀ ਪੈ ਗਈ ਏ ਮੇਰੇ ਤੇ।'

ਦੇਵ ਉਦੋਂ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹਦਾ ਸੀ ਜਦੋਂ ਸਿਰੀਆ ਇਕ ਸ਼ਾਮ ਸਲਾਹਪੁਰ ਪਿੰਡ ਆਇਆ ਸੀ। ਪਿੰਡ ਵਿਚ ਤਾਂ ਉਹ ਵੜਿਆ ਨਹੀਂ ਸੀ। ਪਿੰਡ ਦੇ ਬਾਹਰ ਹੀ ਇਕ ਪਿਲਕਣ ਹੇਠ ਉਸ ਨੇ ਆਪਣਾ ਡੇਰਾ ਜਮਾ ਲਿਆ ਸੀ। ਪਿੰਡ ਦੇ ਮੁੰਡਿਆਂ ਨੇ ਇਕ ਖੁੰਢ ਲਿਆ ਕੇ ਉਸ ਮੂਹਰੇ ਮਘਾ ਦਿੱਤਾ ਸੀ। ਕਾਫ਼ੀ ਸਾਰੀਆਂ ਪਾਥੀਆਂ ਵੀ ਚੁੱਕ ਲਿਆਏ ਸਨ। ਉਸ ਦੇ ਸਿਰ ਉੱਤੇ ਮੋਟੀਆਂ ਮੋਟੀਆਂ ਜਟਾਂ ਸਨ ਤੇ ਤੇੜ ਇਕ ਤਪੜੀ ਜਿਹੀ ਲਪੇਟੀ ਹੋਈ ਸੀ। ਉਸ ਨੇ ਮੁੰਡਿਆਂ ਨੂੰ ਦੱਸਿਆ ਸੀ ਕਿ ਉਹ ਨਗਨ ਸਾਧ ਸੀ ਤੇ ਆਪਣੀ ਚਿੰਦੀ ਮਾਸੀ ਨੂੰ ਮਿਲਣ ਆਇਆ ਸੀ ਇਸੇ ਲਈ ਉਸ ਨੇ ਆਪਣਾ ਨੰਗ ਢਕਣ ਲਈ ਤਪੜੀ ਲਪੇਟ ਲਈ ਸੀ। ਉਸ ਨੇ ਸੁਨੇਹਾ ਦਿੱਤਾ ਸੀ ਕਿ ਮੁੰਡੇ ਉਸਦੀ ਮਾਸੀ ਨੂੰ ਸੱਦ ਕੇ ਲਿਆਉਣ। ਸੁਨਿਆਰਾਂ ਦਾ ਸਾਰਾ ਟੱਬਰ ਹੀ ਸਿਰੀਏ ਨੂੰ ਮਿਲਣ ਪਹੁੰਚ ਗਿਆ। ਦੇਵ ਦੀ ਨਾਨੀ ਉਸ ਨੂੰ ਮਿਲ ਕੇ ਰੋਣ ਲੱਗ ਪਈ ਤੇ ਬੋਲੀ, 'ਪੁੱਤ ਵੇ ਤੂੰ ਘਰ ਚੱਲ।'

'ਮਾਸੀ, ਘਰ ਤਾਂ ਤਿਆਗ ਦਿੱਤਾ ਏ। ਤੈਨੂੰ ਮਿਲਣ ਨੂੰ ਜੀਅ ਕੀਤਾ ਤਾਂ ਆ ਗਿਆ ਏਂ।'

ਜਦੋਂ ਦੇਵ ਨੇ ਉਹਦੇ ਪੈਰੀਂ ਮੱਥਾ ਟੇਕਿਆ ਸੀ ਤਾਂ ਉਸ ਦੀ ਨਾਨੀ ਨੇ ਸਿਰੀਏ ਨੂੰ ਦੱਸਿਆ ਸੀ ਕਿ ਇਹ ਉਸ ਦਾ ਛੋਟਾ ਦੋਹਤਾ ਏ। ਉਸ ਨੇ ਫਹੁੜੀ ਜਿਹੀ ਦਾ ਢੱਕਣ ਖੋਲ੍ਹ ਕੇ ਇਕ ਰੁਪਏ ਦਾ ਨੋਟ ਦੇਵ ਨੂੰ ਫੜਾ ਦਿੱਤਾ ਸੀ। ਇਹ ਗੱਲ ਉਨ੍ਹਾਂ ਦੀ ਨਾਨੀ ਨੇ ਦੱਸੀ ਸੀ ਕਿ ਉਸ ਦਾ ਉਹ ਭਾਣਜਾ ਜਿਸ ਦਾ ਅਸਲ ਨਾਂ ਬਲਰਾਮ ਸੀ, ਆਪਣੇ ਵਿਆਹ ਤੋਂ ਦੂਜੇ ਦਿਨ ਹੀ ਘਰੋਂ ਅਲੋਪ ਹੋ ਗਿਆ ਸੀ। ਬੜੀ ਦੇਰ ਬਾਅਦ ਪਤਾ ਲੱਗਾ ਸੀ ਕਿ ਉਹ ਉੱਤਰ ਪ੍ਰਦੇਸ਼ ਵਿਚ ਨਾਗੇ ਸਾਧੂਆਂ ਨਾਲ਼ ਰਲ਼ ਗਿਆ ਸੀ। ਦੋ ਕੁ ਮਹੀਨੇ ਉਡੀਕਣ ਮਗਰੋਂ ਉਸ ਦੀ ਪਤਨੀ ਜ਼ਹਿਰ ਖਾ ਕੇ ਮਰ ਗਈ ਸੀ ਤੇ ਬਹੁਤ ਮਗਰੋਂ ਉਸ ਨੇ ਜਟਾਣੇ ਪਿੰਡ ਤੋਂ ਬਾਹਰ ਆਪਣਾ ਆਸਣ ਜਮਾ ਲਿਆ ਸੀ।

ਬੇਅੰਤ ਦੇ ਨਗਨ ਸਾਧ ਬਣਨ ਦੇ ਫੈਸਲੇ ਨਾਲ਼ ਘਰਦਿਆਂ ਨੂੰ ਬੜਾ ਧੱਕਾ ਲੱਗਾ। ਉਹ ਐਨਾ ਢੀਠ ਬਣ ਗਿਆ ਸੀ ਕਿ ਕਿਸੇ ਦੀ ਕੋਈ ਗੱਲ ਸੁਣਦਾ ਹੀ ਨਹੀਂ ਸੀ। ਨਿੱਤ ਸਵੇਰੇ ਉਹ ਆਪਣਾ ਛਕੜਾ ਜਿਹਾ ਸਾਇਕਲ ਚੁੱਕ ਕੇ ਪਤਾ ਨਹੀਂ ਕਿੱਥੇ ਨਿਕਲ਼ ਜਾਂਦਾ ਤੇ ਕਾਫ਼ੀ ਰਾਤ ਗਏ ਹੀ ਵਾਪਸ ਮੁੜਦਾ। ਪੋਣੇ ਵਿਚ ਲਪੇਟੀਆਂ ਰੋਟੀਆਂ ਕਦੀ ਖਾ ਲੈਂਦਾ ਤੇ ਕਦੀ ਬਿਨਾਂ ਖਾਧੇ ਹੀ ਸਫ਼ ਤੇ ਲੇਟ ਸੌਂ ਜਾਂਦਾ।

ਇਕ ਛੁੱਟੀ ਵਾਲ਼ੇ ਦਿਨ ਦੇਵ ਤੇ ਬਸ਼ੀਰ ਨਹਿਰ ਦੇ ਘਾਟ ਉੱਤੇ ਮੱਛੀਆਂ ਫੜਨ ਲਈ ਆਪਣੀਆਂ ਕੁੰਡੀਆਂ ਨਹਿਰ ਵਿਚ ਸੁੱਟੀ ਬੈਠੇ ਸਨ ਕਿ ਦੂਜੇ ਪਾਸੇ ਸੜਕ ਉੱਤੇ ਅੱਠ ਦਸ ਫੌਜੀ ਤੇ ਕੁਝ ਮੁੰਡੇ ਜਾਂਦੇ ਦੇਖੇ। ਬਸ਼ੀਰ ਨੇ ਦੱਸਿਆ, 'ਅੱਜ ਮਿਲਟਰੀ ਦੀ ਭਰਤੀ ਸੀ ਕੋਠੀ ਵਿਚ।' ਉੱਚੀ ਥਾਂ ਤੇ ਬਣੇ ਨਹਿਰੀ ਵਿਸ਼ਰਾਮ ਘਰ ਨੂੰ ਸਭ ਕੋਠੀ ਹੀ ਆਖਦੇ ਸਨ।

'ਤੈਨੂੰ ਕੌਣ ਕਹਿੰਦੈ?' ਦੇਵ ਨੇ ਪੁੱਛਿਆ।

'ਬੰਤੂ ਚੌਂਕੀਦਾਰ ਨੇ ਸਵੇਰੇ ਹੋਕਾ ਦਿੱਤਾ ਸੀ ਪਿੰਡ' ਚ।'

'ਉਇ ਦੇਵ.... ਉਇ ਬਸ਼ੀਰ ਪੁਲ਼ ਤੇ ਆ ਕੇ ਮਿਲੋ ਮੈਨੂੰ।' ਦੂਜੇ ਪਾਸਿਓਂ ਉੱਚੀ ਅਵਾਜ਼ ਆਈ। ਇਹ ਤਾਂ ਬੇਅੰਤ ਸੀ ਜਿਹੜਾ ਕੱਦ ਮਿਣਨ ਵਾਲ਼ਾ ਲੰਬਾ ਜਿਹਾ ਡੰਡਾ ਚੁੱਕੀ ਫੌਜੀਆਂ ਦੇ ਮਗਰ ਜਾ ਰਿਹਾ ਸੀ।

ਬੇਅੰਤ ਤੂੰ ਕਿੱਥੇ ਜਾ ਰਿਹਾਂ ਏਂ? ਦੇਵ ਨੇ ਹਾਕ ਮਾਰ ਕੇ ਪੁੱਛਿਆ।

'ਭਰਤੀ ਹੋ ਗਿਆਂ ਮੈਂ ਫੌਜ਼ ਵਿਚ।'

ਉਨ੍ਹਾਂ ਦੋਨਾਂ ਨੇ ਡੋਰਾਂ ਇਕੱਠੀਆਂ ਕੀਤੀਆਂ ਤੇ ਪੁਲ਼ ਉੱਤੇ ਪਹੁੰਚ ਗਏ। ਬੇਅੰਤ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਉਹ ਦੋਨਾਂ ਨੂੰ ਜੱਫੀਆਂ ਪਾ ਪਾ ਮਿਲਿਆ। ਪੁਲ਼ ਉੱਤੇ ਮਿਲਟਰੀ ਦਾ ਇਕ ਟਰੱਕ ਖੜ੍ਹਾ ਸੀ, ਜਿਸ ਨੇ ਰਾਤ ਨੂੰ ਅੱਠ ਵਜੇ ਘਰਾਂ ਨੂੰ ਮਿਲਣ ਗਏ ਭਰਤੀ ਹੋਏ ਮੁੰਡਿਆਂ ਦੇ ਵਾਪਸ ਆਉਣ ਤੇ ਬਰੇਲੀ ਨੂੰ ਚੱਲਣਾ ਸੀ।

'ਤੂੰ ਵੀ ਬੇਬੇ ਅਤੇ ਮਾਮੇ ਹੋਣਾਂ ਨੂੰ ਮਿਲਿਆ।' ਦੇਵ ਬੋਲਿਆ।

'ਮਿਲ ਮਿਲ ਕੇ ਥੱਕੇ ਪਏ ਆਂ।' ਉਹ ਹੱਸਿਆ।

'ਕੋਈ ਕੱਪੜਾ ਬਗੈਰਾ ਘਰੋਂ ਲਿਆ ਦਿਆਂ?'

'ਲੈਅ ਜੇ ਨਗਨ ਸਾਧ ਬਣ ਜਾਂਦਾ ਤਾਂ ਆਹ ਤੇੜ ਵਾਲ਼ੇ ਵੀ ਨਹੀਂ ਸੀ ਹੋਣੇ।' ਉਹ ਫਿਰ ਹੱਸਿਆ।

'ਮੈਂ ਘਰ ਜਾ ਕੇ ਦੱਸ ਦਿੰਦਾ ਏਂ। ਉਹ ਮਿਲ ਜਾਣਗੇ ਤੈਨੂੰ।' ਦੇਵ ਨੇ ਫਿਰ ਕਿਹਾ।

'ਕਿਉਂ ਮਿਲਣ ਨੂੰ ਬਾਹਾਂ ਆਕੜੀਆਂ ਨੇ? ਤੁਸੀਂ ਬਹਿ ਜੋ ਥੋੜ੍ਹੀ ਦੇਰ।'

ਦੁਖੀ ਨੇ ਘਰ ਜਾ ਕੇ ਬੇਅੰਤ ਦੇ ਭਰਤੀ ਹੋਣ ਬਾਰੇ ਦੱਸਿਆ, ਇਹ ਵੀ ਕਿ ਟਰੱਕ ਨੇ ਰਾਤ ਨੂੰ ਅੱਠ ਵਜੇ ਜਾਣਾ ਸੀ। ਦੇਵ ਦੀ ਬੇਬੇ, ਮਾਮਾ, ਮਾਮੀ ਤੇ ਨਾਨੀ ਸਭ ਪੁਲ਼ ਵੱਲ ਨੂੰ ਦੌੜ ਲਏ। ਘਨੱਈਏ ਨੇ ਸਾਇਕਲ ਚੁੱਕਿਆ ਤਾਂ ਪਿਛਲੀ ਟਿਊਬ' ਚ ਪੈਂਚਰ। ਭਾਗਵੰਤੀ 'ਪੁੱਤ ਵੇ' ਪੁੱਤ ਵੇ' ਕਰਦੀ ਦੌੜੀ ਜਾ ਰਹੀ ਸੀ। ਜਦੋਂ ਪੁਲ਼ ਤੇ ਪਹੁੰਚੇ ਤਾਂ ਟਰੱਕ ਜਾ ਚੁੱਕਾ ਸੀ। ਉਹ ਰੋਣ ਲੱਗ ਪਈ, 'ਚੰਦਰਿਆ ਮਿਲ ਕੇ ਤਾਂ ਜਾਂਦਾ ਵੇ। ਦੋ ਕੱਪੜਿਆਂ' ਚ ਘਰੋਂ ਨਿਕਲ਼ ਗਿਆ ਵੇ ਤੂੰ। ਤੇਰੇ ਕੋਲ਼ ਤਾਂ ਕੋਈ ਪੈਸਾ ਵੀ ਨੀ ਸੀ।'

ਭਾਗਵੰਤੀ ਨੂੰ ਰੋਂਦੀ ਦੇਖ ਪਹਿਲਾਂ ਤਾਂ ਘਨੱਈਆ ਅੱਖਾਂ ਮਲਣ ਲੱਗ ਪਿਆ। ਫਿਰ ਹੱਸਿਆ ਤੇ ਬੋਲਿਆ, 'ਭੈਣ ਮੇਰੀਏ.... ਲੈ ਹੁਣ ਪੈ ਗਏ ਪੈਂਖੜ ਪੱਕੇ। ਭੱਜੇ ਪੁੱਤ ਹੁਣ ਕਿੱਥੇ ਭੱਜਦਾ ਏ।'

**00**

# ਉਣਤਾਲ਼ੀ

ਦੇਵ ਦੇ ਮੈਟ੍ਰਿਕ ਦੇ ਪੇਪਰ ਬਹੁਤ ਚੰਗੇ ਹੋਏ ਸਨ। ਕੋਈ ਵੀ ਪੇਪਰ ਅਜਿਹਾ ਨਹੀਂ ਸੀ ਕਿ ਤਿੰਨ ਘੰਟੇ ਦੇ ਸਮੇਂ ਵਿਚ ਉਸ ਦਾ ਪੈੱਨ ਪਲ ਭਰ ਵੀ ਚੱਲਣੋਂ ਰੁਕਿਆ ਹੋਵੇ। ਇਮਤਿਹਾਨਾਂ ਤੋਂ ਮਹੀਨਾਂ ਪਹਿਲਾਂ ਸਕੂਲੋਂ ਫਰੀ ਹੋ ਕੇ ਦੇਵ ਤੇ ਬਸ਼ੀਰ ਨੇ ਕਿਤਾਬਾਂ ਚੁੱਕਣੀਆਂ ਤੇ ਨਹਿਰ ਦੇ ਕੰਢੇ ਟਿੱਬੇ ਉੱਤੇ ਦਰਖ਼ਤਾਂ ਦੀ ਛਾਂ ਹੇਠ ਬੈਠ ਪੇਪਰਾਂ ਦੀ ਤਿਆਰੀ ਕਰਦੇ ਰਹਿਣਾ। ਉਨ੍ਹਾਂ ਦੋਨਾਂ ਨੂੰ ਘਰ ਦਾ ਕੋਈ ਵੀ ਕੰਮ ਕਰਨ ਤੋਂ ਪੂਰੀ ਛੁੱਟੀ ਮਿਲੀ ਹੋਈ ਸੀ। ਰਾਤ ਨੂੰ ਵੀ ਉਹ ਡੰਗਰਾਂ ਵਾਲ਼ੇ ਕੋਠੇ ਤੇ ਪੜ੍ਹਾਈ ਕਰਦਿਆਂ ਨਿੱਤ ਅੱਧੀ ਰਾਤ ਲੰਘਾ ਦਿੰਦੇ ਤੇ ਤੜਕੇ ਚਾਰ ਵਜੇ ਫਿਰ ਉਨ੍ਹਾਂ ਦੀ ਲਾਲਟਣ ਬਲ ਰਹੀ ਹੁੰਦੀ। ਫ਼ਸਟ ਡਵੀਜ਼ਨ ਲੈਣੀ, ਉਨ੍ਹਾਂ ਦਾ ਹੁਣ ਨਿਸ਼ਾਨਾ ਨਹੀਂ ਸੀ ਰਹਿ ਗਿਆ। ਹੁਣ ਤਾਂ ਦੌੜ ਇਹ ਲੱਗੀ ਹੋਈ ਸੀ ਕਿ ਸਕੂਲ ਵਿਚ ਕੀ ਪੁਜੀਸ਼ਨ ਆਉਂਦੀ ਹੈ। ਪਰ, ਕਈ ਵਾਰੀ ਬੰਦਾ ਸੋਚਦਾ ਕੁਝ ਤੇ ਬਣ ਕੁਝ ਹੋਰ ਹੀ ਜਾਂਦਾ ਹੈ। ਬੱਸ ਅਚਿੰਤੇ ਬਾਜ਼ ਪੈਣ ਵਰਗੀ ਗੱਲ ਦੇਵ ਨਾਲ਼ ਵਾਪਰ ਗਈ।

ਸਾਇੰਸ ਦੇ ਪ੍ਰੈਕਟੀਕਲ ਤੋਂ ਕੁਝ ਦਿਨ ਮਗਰੋਂ ਹੋਣ ਵਾਲ਼ੀ ਟੇਲਰਿੰਗ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ ਦਾ ਕੇਂਦਰ ਖਰੜ ਦਾ ਹਾਈ ਸਕੂਲ ਬਣ ਗਿਆ। ਜਿਨ੍ਹਾਂ ਮੁੰਡਿਆਂ ਨੇ ਖੇਤੀਬਾੜੀ ਦਾ ਵਿਸ਼ਾ ਰੱਖਿਆ ਸੀ, ਉਨ੍ਹਾਂ ਦੀ ਪ੍ਰਯੋਗੀ ਪ੍ਰੀਖਿਆ ਕਦੋਂ ਦੀ ਹੋ ਚੁੱਕੀ ਸੀ। ਪ੍ਰੀਖਿਆ ਵੀ ਕਾਹਦੀ ਹੋਈ ਸੀ। ਦੁਪਹਿਰੇ ਹੀ ਸ਼ਰਾਬ ਨਾਲ਼ ਰੱਜੇ ਹੋਏ ਪ੍ਰੀਖਿਆ ਲੈਣ ਆਏ ਮਾਸਟਰ ਜੀ ਨੇ ਪੰਜਾਹ ਵਿੱਚੋਂ ਸਾਰਿਆਂ ਦੇ ਚਾਲ਼ੀ ਤੋਂ ਉੱਪਰ ਨੰਬਰ ਲਾ ਦਿੱਤੇ ਸਨ। ਮੁੰਡਿਆਂ ਤੋਂ ਪੁੱਛਿਆ-ਗਿੱਛਿਆ ਕੁਝ ਨਹੀਂ ਸੀ। ਕੇਵਲ ਦਸਖ਼ਤ ਕਰਵਾਏ ਸਨ। ਟੇਲਰਿੰਗ ਦੀ ਤਲਵਾਰ ਮੁੰਡਿਆਂ ਤੇ ਕਈ ਦਿਨ ਤਕ ਲਟਕਦੀ ਰਹੀ। ਟੇਲਰਿੰਗ ਵਿਸ਼ੇ ਦਾ ਆਉਂਦਾ ਜਾਂਦਾ ਤਾਂ ਕਿਸੇ ਨੂੰ ਕੁਝ ਹੈ ਨਹੀਂ ਸੀ। ਖੇਤੀਬਾੜੀ ਵਾਲ਼ੇ ਮੀਹਾਂ ਸਿੰਘ ਦੇ ਡੰਡੇ ਤੋਂ ਡਰਦੇ ਅੱਠ-ਦੱਸ ਮੁੰਡਿਆਂ ਨੇ ਟੇਲਰਿੰਗ ਦਾ ਵਿਸ਼ਾ ਲੈ ਤਾਂ ਲਿਆ ਸੀ, ਪਰ ਅੱਗੇ ਜਿਹੜਾ ਟੇਲਰ ਮਾਸਟਰ ਖੇਤਾ ਸਿੰਘ ਟੱਕਰਿਆ ਉਸ ਨੇ ਸਾਲ ਭਰ ਡੱਕਾ ਭੰਨ ਕੇ ਦੂਹਰਾ ਨਾ ਕਰਾਇਆ। ਟੇਲਰਿੰਗ ਦਾ ਪੀਰਡ ਵੀ ਉਹ ਬਜ਼ਾਰ ਵਿਚ ਉਹਦੀ ਦੁਕਾਨ ਤੇ ਲਾਉਣ ਜਾਇਆ ਕਰਦੇ ਸਨ। ਹੱਟੀ ਦੇ ਪਿੱਛੇ ਹੀ ਉਸ ਦਾ ਘਰ ਸੀ। ਮੁੰਡੇ ਨਿੱਤ ਉਸ ਲਈ ਸਾਗ, ਮੂਲ਼ੀਆਂ, ਗੰਨੇ ਤੇ ਹੋਰ ਨਿਕਸੁਕ ਲੈਕੇ ਜਾਂਦੇ। ਜਦੋਂ ਪੀਰਡ ਹੁੰਦਾ ਉਸ ਦੀ ਘਰ ਵਾਲ਼ੀ ਮੁੰਡਿਆਂ ਨੂੰ ਘਰ ਦੇ ਕੰਮ ਲਾਈ ਰੱਖਦੀ। ਉਹ ਤਾਂ ਮੁੰਡਿਆਂ ਤੋਂ ਲੱਤਾਂ ਵੀ ਘੁਟਾਉਂਦੀ ਤੇ ਫਰਸ਼ ਉੱਤੇ ਪੋਚੇ ਵੀ ਮਰਵਾਉਂਦੀ। ਬਜ਼ਾਰੋਂ ਸੌਦੇ ਲਿਆਉਣ ਲਈ ਤੋਰੀ ਰੱਖਦੀ। ਖੇਤਾ ਸਿੰਘ ਮਾਸਟਰ ਕਹਿੰਦਾ ਰਹਿੰਦਾ, 'ਫਿਕਰ ਨਾ ਕਰੋ ਬੱਚੂ। ਟੇਲਰਿੰਗ ਦਾ ਕੀ ਏ, ਤੁਹਾਡੇ ਪੂਰੇ-ਪੂਰੇ ਨੰਬਰ

ਲੁਆ ਦਿਆਂਗਾ।'

ਕਹਿਣ ਨੂੰ ਤਾਂ ਖੇਤਾ ਸਿੰਘ ਮਾਸਟਰ ਸੀ, ਪਰ ਲਿਖਣਾ-ਪੜ੍ਹਨਾ ਉਸ ਨੂੰ ਬਿਲਕੁਲ ਨਹੀਂ ਸੀ ਆਉਂਦਾ। ਗਰੀਬ-ਗੁਰਬੇ ਹੀ ਉਸ ਦੀ ਹੱਟੀ ਤੋਂ ਕੱਪੜੇ ਸੁਆਉਂਦੇ। ਕੱਪੜੇ ਵੀ ਉਹ ਕਾਹਦੇ ਸਿਉਂਦਾ, ਬੱਸ ਜਿਵੇਂ ਨਿਰੇ ਕੱਫ਼ਣ ਹੋਣ। ਜਿਸ ਨੂੰ ਆਪ ਕੁਝ ਨਹੀਂ ਸੀ ਆਉਂਦਾ, ਉਸ ਨੇ ਮੁੰਡਿਆਂ ਨੂੰ ਕੀ ਸਿਖਾਉਣਾ ਸੀ। ਉਹ ਵੱਡਾ ਸਾਰਾ ਪੱਗੜ ਬੰਨ੍ਹਦਾ, ਜਿਸ ਦੀ ਨੋਕ ਉੱਤੇ ਧਾਗੇ ਸਮੇਤ ਸੂਈ ਖੋਭੀ ਹੁੰਦੀ। ਮੁੰਡੇ ਹੌਲ਼ੀ-ਹੌਲ਼ੀ ਉਹਦੇ ਨਾਲ਼ ਐਨਾ ਖੁੱਲ੍ਹ ਗਏ ਸਨ ਕਿ ਉਸ ਨੂੰ 'ਖੇਤੇ ਮਾਸਟਰ ਜੀ' ਕਹਿ ਕੇ ਬੁਲਾਉਣ ਲੱਗ ਪਏ ਸਨ। ਉਸ ਨੂੰ ਟਿੱਚਰ-ਮਖੌਲ ਤਾਂ ਆਮ ਹੀ ਕਰਦੇ ਰਹਿੰਦੇ ਤੇ ਉਹ ਮੁੰਡਿਆਂ ਨੂੰ ਗੰਦੀਆਂ, ਸੜੀਆਂ ਹੋਈਆਂ ਗਾਹਲਾਂ ਕੱਢਣ ਤੋਂ ਵੀ ਕਦੀ ਗੁਰੇਜ਼ ਨਾ ਕਰਦਾ। ਮੁੰਡਿਆਂ ਨੂੰ ਉਹ 'ਤੇਰੀ ਬੁੜ੍ਹੀ, ਤੇਰੀ ਬੁੜ੍ਹੀ' ਹੀ ਆਖਦਾ ਰਹਿੰਦਾ। ਮੁੰਡੇ ਵੀ ਉਹਦੀ ਗਾਲ੍ਹ ਦਾ ਜਵਾਬ ਗਾਲ੍ਹ ਵਿਚ ਦੇਣ ਲੱਗੇ ਸਨ। ਪ੍ਰਿੰਸੀਪਲ ਕੋਲ਼ ਨਾ ਉਹ ਕਦੀ ਸ਼ਿਕਾਇਤ ਕਰਦਾ ਤੇ ਨਾ ਕੋਈ ਮੁੰਡਾ। ਸਾਲ ਭਰ ਮੁੰਡੇ ਖੇਤੇ ਕੋਲ਼ ਸਿਲਾਈ ਦੀ ਘੰਟੀ ਲਾਉਣ ਜਾਂਦੇ ਰਹੇ, ਪਰ ਰੱਬ ਦੇ ਬੰਦੇ ਨੇ ਉਨ੍ਹਾਂ ਨੂੰ ਕਾਜ਼ ਕਰਨਾ, ਬਟਨ ਲਾਉਣਾ, ਕੱਛਾ ਸਿਊਣਾ ਤੱਕ ਵੀ ਨਾ ਸਿਖਾਇਆ। ਜੇ ਉਹ ਮਾੜੀ ਮੋਟੀ ਕੋਸ਼ਿਸ਼ ਕਰਦਾ ਵੀ ਤਾਂ ਕੋਈ ਮੁੰਡਾ ਉਹਦੇ ਪੱਗੜ ਉੱਤੇ ਲੀਰਾਂ ਰੱਖ ਦਿੰਦਾ ਜਾਂ ਉਹਦੀ ਕਮੀਜ਼ ਪਿੱਛੇ ਪੈਨ ਤੋਂ ਸਿਆਹੀ ਛਿੜਕ ਦਿੰਦਾ। ਪਤਾ ਲੱਗਣ ਤੇ ਉਹ ਮੁੰਡੇ ਦੇ ਹੱਥ ਤੇ ਪੁੱਠੀ ਕੈਂਚੀ ਮਾਰਦਾ ਤੇ ਗੰਦੀਆਂ ਗਾਹਲਾਂ ਕੱਢਣ ਲੱਗ ਪੈਂਦਾ। ਕੈਂਚੀ ਕੱਪੜਾ ਵਗਾਹ ਮਾਰਦਾ ਤੇ ਕਹਿੰਦਾ, 'ਐਸੀ ਤੈਸੀ ਮਰਵਾਓ ਸਾਲ਼ਿਓ। ਸਾਰੇ ਫੇਲ੍ਹ ਹੋਵੋਂਗੇ। ਫੇਰ ਯਾਦ ਕਰਿਓ ਆਪਣੀ ਮਾਂ ਦੇ ਯਾਰ ਖੇਤੇ ਨੂੰ।'

ਉਹਦੀ ਗੱਲ ਸੁਣ ਕੇ ਬੜੀ ਹਲੀਮੀ ਨਾਲ਼ ਕੋਈ ਨਾ ਕੋਈ ਪੁੱਛ ਬੈਠਦਾ, 'ਭਲਾਂ ਮਾਸਟਰ ਜੀ ਤੁਹਾਡਾ ਨਾਂ 'ਖੋਤੇ' ਤੋਂ 'ਖੇਤਾ' ਕਿਵੇਂ ਬਣ ਗਿਆ?'

'ਤੇਰੀ ਬੁੜ੍ਹੀ ਨਾਲ਼' ਨੰਦ ਲੈਣ ਮਗਰੋਂ ਤਾਂ ਬਦਲਣਾ ਹੀ ਸੀ।' ਉਹ ਕਹਿੰਦਾ।

ਖਰੜ ਦੇ ਹਾਈ ਸਕੂਲ ਵਿਚ ਟੇਲਰਿੰਗ ਦੀ ਪ੍ਰਯੋਗੀ ਪ੍ਰੀਖਿਆ ਦੇਣ ਲਈ ਦਿਨ ਦੇ ਦਿਨ ਪਹੁੰਚਣਾ ਅਸਾਨ ਨਹੀਂ ਸੀ। ਗਰਮੀ ਵੀ ਪੂਰੀ ਪੈ ਰਹੀ ਸੀ। ਖੇਤਾ ਮਾਸਟਰ ਮਿਲ ਮਿਲਾ ਕੇ ਮੁੰਡਿਆਂ ਦੇ ਨੰਬਰ ਵੀ ਲਗਵਾਉਣੇ ਚਾਹੁੰਦਾ ਸੀ ਤਾਂ ਕਿ ਆਪਣੀ ਬਦਨਾਮੀ ਤੋਂ ਬਚ ਸਕੇ। ਉਨ੍ਹਾਂ ਨੇ ਸਾਇਕਲਾਂ ਉੱਤੇ ਇਕ ਦਿਨ ਪਹਿਲਾਂ ਹੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਹਰੇਕ ਨੇ ਖੇਤਾ ਸਿੰਘ ਦੇ ਦੱਸਣ ਮੁਤਾਬਕ ਢਾਈ ਗਜ਼ ਲੱਠਾ, ਚਿੱਟੀ ਰੀਲ੍ਹ, ਸੂਈ, ਕੈਂਚੀ ਬਗੈਰਾ ਆਪਣੇ ਨਾਲ਼ ਲੈ ਲਏ ਤੇ ਤੀਜੇ ਕੁ ਪਹਿਰ ਖੇਤੇ ਦੀ ਹੱਟੀ' ਤੇ ਪਹੁੰਚ ਗਏ ।

'ਯਾਰ ਖੇਤੇ ਮਾਸਟਰ ਜੀ ਚਾਹ ਤਾਂ ਪਿਲਾ ਦੇ।' ਖੇਤੇ ਤੇ ਪਹਿਲਾ ਵਾਰ ਅਬਰਾਵਾਂ ਦੇ ਸਰਦੂਲ ਨੇ ਕੀਤਾ।

'ਪਿਲਾਵਾਂ ਚਾਹਟਾ ਤੈਨੂੰ? ਐਥੇ ਤੇਰੀ ਬੁੜ੍ਹੀ ਆਲ਼ਾ ਲੰਗਰ ਲੱਗਾ ਹੋਇਆ ਏ?' ਖੇ ਤਾ ਉਸ ਨੂੰ ਕੁੱਦ ਕੇ ਪਿਆ। ਉਹ ਚੱਲਣ ਲੱਗੇ ਤਾਂ ਖੇਤੇ ਨੇ ਬੱਤਖਾਂ ਦੀ ਕਢਾਈ ਵਾਲ਼ਾ ਝੋਲ਼ਾ ਆਪਣੇ ਮੋਢੇ ਨਾਲ਼ ਲਟਕਾ ਲਿਆ ਤੇ ਮੁੰਡਿਆਂ ਮੂਹਰੇ ਆ ਖੜ੍ਹਿਆ।

'ਮਾਸਟਰ ਜੀ, ਤੁਹਾਡਾ ਸਾਇਕਲ?' ਕਿਸੇ ਨੇ ਪੁੱਛਿਆ।

'ਤੁਸੀਂ ਮੈਨੂੰ ਵਾਰੀ ਵਾਰੀ ਪਿੱਛੇ ਬਿਠਾਇਓ।' ਉਹ ਬੋਲਿਆ।

'ਕਿਉਂ ਬਿਠਾਈਏ? ਤੁਸੀਂ ਆਪਣਾ ਸਾਇਕਲ ਲੈ ਕੇ ਆਓ।'

'ਉਇ ਹੈ ਨੀ ਕੰਜਰੋ ਮੇਰੇ ਕੋਲ਼ ਸਾਇਕਲ ਤੇ ਨਾ ਹੀ ਮੈਨੂੰ ਚਲਾਉਣਾ ਆਉਂਦੈ।'

'ਮਾਸਟਰ ਬਣ ਗਏ, ਸਾਇਕਲ ਵੀ ਨ੍ਹੀ ਆਉਂਦਾ?' ਕੋਈ ਹੱਸਿਆ।

'ਟੱਟੂਆਂ ਦੇ ਮਾਸਟਰ ਬਣ ਗਏ? ਤੇਈ ਰੁਪਏ ਮਹੀਨਾ ਤਨਖ਼ਾਹ ਦਿੰਦੇ ਨੇ ਖਾਲਸੇ ।'

'ਚੱਲੋ ਜਿਹੋ ਜਿਹੀ ਨੰਦੋ ਉਹੋ ਜਿਹਾ ਮੁਕਲਾਵਾ... ਐਥੇ ਕਿਹੜਾ ਪਹਾੜ ਢਾਉਂਦੇ ਹੋ ਤੁਸੀਂ।'

'ਮਾਸਟਰ ਜੀ ਥੋਡਾ ਬੁੜ੍ਹਾ ਵੀ ਹਰਾਮੀਓਂ ਤਾ। ਨਾ ਪੜ੍ਹਾਇਆ ਨਾ ਸਾਇਕਲ ਸਿਖਾਇਆ।'

'ਹਾਂ ਉਹ ਤਾਂ ਹੈਗਾ ਹੀ ਸੀ... ਕਹਿੰਦਾ ਪੜ੍ਹ ਕੇ ਮੁੰਡਾ ਹੱਥੋਂ ਜਾਂਦਾ ਰਹੂ।' ਖੇਤਾ ਸਿੰਘ ਨੇ ਹੱਸ ਕੇ ਦੱਸਿਆ।

'ਉਇ, ਤੁਰੋ ਯਾਰ ਖੇਤੇ ਨੇ ਤਾਂ ਯੱਬਲੀਆਂ ਮਾਰੀਂ ਜਾਣੀਆਂ ਨੇ।' ਤਾਰੂ ਬੋਲਿਆ।

'ਸਾਲ਼ਿਓ, ਅੱਜ ਤਾਂ ਮੈਨੂੰ ਇੱਜ਼ਤ ਨਾਲ਼ ਬੁਲਾਓ। ਦੇਖ ਲਓ ਜੇ ਬਕਵਾਸ ਕਰੀ ਗਏ ਸਾਰਿਆਂ ਦੇ ਆਂਡੇ ਲੁਆਊਂ।' ਉਸ ਨੇ ਡਰਾਵਾ ਦਿੱਤਾ।

'ਮੁੜਦੇ ਹੋਏ ਥੋਡਾ ਗਲ਼ਾ ਘੁੱਟ ਕੇ ਪੱਕੀ ਨਹਿਰ' ਚ ਵੀ ਸੁੱਟਾਂਗੇ।' ਦੇਵ ਦੇ ਪਿੰਡੋਂ ਬਲਵੀਰ ਬੋਲਿਆ। ਜਿਹੜਾ ਉਸੇ ਕਰਕੇ ਹੀ ਟੇਲਰਿੰਗ ਵਿਸ਼ਾ ਲੈ ਕੇ ਫਸ ਗਿਆ ਸੀ।

ਮੁੰਡਿਆਂ ਨੂੰ ਨੰਬਰ ਲੁਆਉਣ ਲਈ ਖੇਤੇ ਮਾਸਟਰ ਦੀ ਸਿਫਾਰਸ਼ ਦੀ ਲੋੜ ਸੀ। ਸਾਰਿਆਂ ਨੇ ਬਲਵੀਰ ਨੂੰ ਅਜਿਹਾ ਕਰਨ ਤੋਂ ਟੋਕਿਆ ਤੇ ਮਾਫ਼ੀ ਮੰਗਣ ਲਈ ਕਿਹਾ।

'ਚੱਲ ਯਾਰ ਖੇਤੇ ਮਾਸਟਰ ਜੀ ਮਾਫ਼ ਕਰਦੇ।' ਬਲਵੀਰ ਨੇ ਹੱਸ ਕੇ ਕੰਨਾਂ ਨੂੰ ਹੱਥ ਲਾਏ।

ਫੈਸਲਾ ਹੋਇਆ ਕਿ ਦੋ-ਦੋ ਮੀਲ ਹਰੇਕ ਜਣਾ ਖੇਤੇ ਨੂੰ ਸਾਇਕਲ ਤੇ ਬਿਠਾਏਗਾ। ਜਿਸ ਨੇ ਸਿਫਾਰਸ਼ ਨਹੀਂ ਕਰਾਉਣੀ ਉਹ ਨਾ ਬਿਠਾਵੇ।

'ਮੇਰੇ ਸਾਇਕਲ ਨੂੰ ਤਾਂ ਕੈਰੀਅਰ ਨੀ ਹੈਗਾ।' ਨੌਖਾ ਬੋਲਿਆ।

'ਚੱਲ ਤੂੰ ਡੰਡੇ ਤੇ ਬਿਠਾਲੀਂ... ਗੁਦਗੁਦਾ ਪਿਆ ਏ। ਇਹਦੇ ਕਿਹੜਾ ਚੁਭਣੈਂ।' ਕਿਸੇ ਨੇ ਸਲਾਹ ਦਿੱਤੀ ਤਾਂ ਸਾਰੇ ਹੱਸ ਪਏ। ਖੇਤਾ ਸਿੰਘ ਚਿੜ੍ਹ ਗਿਆ ਤੇ ਬੋਲਿਆ, 'ਆਪਣੀ ਬੁੜ੍ਹੀ ਨੂੰ ਬਿਠਾਇਓ ਡੰਡੇ ਤੇ ਸਾਲ਼ੇ ਕੰਜਰ ਨਾ ਹੋਣ ਤਾਂ।'

ਮੁੰਡਿਆਂ ਦੀ ਖਰੜ ਦੀ ਯਾਤਰਾ ਸ਼ੁਰੂ ਹੋ ਗਈ। ਜਿਹੜਾ ਮੁੰਡਾ ਖੇਤੇ ਨੂੰ ਆਪਣੇ ਨਾਲ਼ ਬਿਠਾਉਂਦਾ ਉਹ ਜਾਣ ਬੁੱਝ ਕੇ ਸਾਰਿਆਂ ਤੋਂ ਮਗਰ ਰਹਿ ਜਾਂਦਾ। ਦੋ ਮੀਲ ਲੰਘਣ ਤੇ ਉਹ ਬੁਰਜੀ ਲਾਗੇ ਪਹੁੰਚ ਕੇ ਕਹਿੰਦਾ, 'ਮਾਰੋ ਛਾਲ਼ ਮਾਸਟਰ ਜੀ।'

'ਉਇ ਪਤੰਦਰਾ ਨਾਲ਼ ਤਾਂ ਰਲ਼ਾ ਦੇ ਦੂਜਿਆਂ ਦੇ। ਮੈਂ ਤੇਰੀ ਮਾਂ ਦੀ ਬੱਘੀ' ਚ ਬਹਿ ਕੇ ਆਊਂ? ਉਹ ਹਰਾਮੀ ਤਾਂ ਸਾਰੇ ਅੱਗੇ ਲੰਘ ਗਏ।'

'ਮੈਂ ਠੇਕਾ ਨੀ ਲਿਆ ਹੋਇਆ। ਉੱਤਰੋ ਥੱਲੇ।' ਮੁੰਡਾ ਸਾਇਕਲ ਰੋਕ ਲੈਂਦਾ।

ਭਰਿਆ-ਪੀਤਾ ਖੇਤਾ ਨੱਕ' ਚੋਂ ਚੂਹੇ ਸੁੱਟਦਾ ਫੇਲ੍ਹ ਕਰਾਉਣ ਦੀਆਂ ਧਮਕੀਆਂ ਦੇਣ ਲੱਗਦਾ।

ਰਸਤੇ ਵਿਚ ਘੜੂੰਏਂ ਲਾਗੇ ਇਕ ਹਲਟ ਚੱਲ ਰਿਹਾ ਸੀ, ਉੱਥੇ ਸਾਰੇ ਰੁਕ ਗਏ ਤੇ ਲੜ ਬੰਨ੍ਹ ਕੇ ਲਿਆਂਦੀ ਰੋਟੀ ਖਾਣ ਲੱਗੇ। ਖੇਤੇ ਮਾਸਟਰ ਕੋਲ਼ ਤਾਂ ਰੋਟੀ ਹੈ ਹੀ ਨਹੀਂ ਸੀ। ਦਰਅਸਲ ਮੁੰਡਿਆਂ ਕੋਲ਼ ਸ਼ਾਮ ਦੀ ਰੋਟੀ ਸੀ ਤੇ ਸਾਇਕਲ ਚਲਾਉਣ ਕਰਕੇ ਉਨ੍ਹਾਂ ਦੀ ਭੁੱਖ ਚਮਕ ਆਈ ਸੀ।

'ਅੱਧੀ ਅੱਧੀ ਰੋਟੀ ਸਾਰੇ ਮਾਸਟਰ ਜੀ ਨੂੰ ਦਵੋ ਉਇ।' ਨਿਰਮਲ ਬੋਲਿਆ।

'ਸਾਲ਼ਿਓ ਮੈਂ ਕੁੱਤਾ ਏਂ? ਖਾ ਲਉ ਆਪੀ। ਮੈਂ ਧਾਰ ਨੀ ਮਾਰਦਾ।' ਉਹ ਚੀਕਿਆ।

ਸਕੂਲ ਦੇ ਸਾਇੰਸ ਰੂਮ ਵਿਚ ਵੱਡੇ ਟੇਬਲਾਂ ਤੇ ਪੈ ਕੇ ਸਾਰਿਆਂ ਨੇ ਰਾਤ ਕੱਟੀ। ਖੇਤਾ ਸਿੰਘ ਵੀ ਵਿੱਚੇ ਪੈ ਗਿਆ। ਅੱਧੀ ਰਾਤ ਤੱਕ ਮੁੰਡੇ ਉਸ ਨੂੰ ਛੇੜਦੇ ਰਹੇ ਤੇ ਉਹ ਮਣ-ਮਣ ਦੀਆਂ ਗਾਹਲਾਂ ਕੱਢਦਾ ਰਿਹਾ। ਬਲਵੀਰ ਨੇ ਉਹਦਾ ਪੱਗੜ ਚੁੱਕ ਕੇ ਇਕ ਡੈਸਕ ਵਿਚ ਲਕੋ ਦਿੱਤਾ, ਜਿਸ ਨੂੰ ਲੱਭਣ ਲਈ ਸਵੇਰੇ ਸਵੇਰੇ ਪੂਰਾ ਡਰਾਮਾ ਹੋਇਆ। ਪ੍ਰੈਕਟੀਕਲ ਕੋਈ ਮੈਡਮ ਲੈਣ ਆਈ ਸੀ। ਉੱਥੇ ਹੋਰਨਾਂ ਸਕੂਲਾਂ ਦੇ ਵੀ ਕਈ ਮੁੰਡੇ ਕੁੜੀਆਂ ਪ੍ਰੈਕਟੀਕਲ ਦੇਣ ਲਈ ਆਏ ਹੋਏ ਸਨ। ਸਭ ਨੂੰ ਇਕ ਇਕ ਮਸ਼ੀਨ ਦੇ ਦਿੱਤੀ ਗਈ ਤੇ ਧਾਗਾ ਪਾਉਣ ਲਈ ਕਿਹਾ ਗਿਆ। ਚਮਕੌਰ ਸਕੂਲ ਵਾਲ਼ਿਆਂ' ਚੋਂ ਕਈਆਂ ਨੂੰ ਧਾਗਾ ਪਾਉਣਾ ਵੀ ਨਹੀਂ ਸੀ ਆਉਂਦਾ। ਇਕ ਦੂਜੇ ਵੱਲ ਝਾਕਣ ਲੱਗੇ। ਫਿਰ ਉਨ੍ਹਾਂ ਵਾਲ਼ੇ ਗਰੁੱਪ ਨੂੰ ਬਾਸਕਟ ਦੀ ਸਿਲਾਈ ਕਰਨ ਲਈ ਕਿਹਾ ਗਿਆ। ਕਿਸੇ ਨੇ ਖੇਤੇ ਮਾਸਟਰ ਨੂੰ ਪੁੱਛਿਆ, 'ਇਹ ਬਾਸਕਟ ਕੀ ਬਲਾ ਹੁੰਦੀ ਏ ਮਾਸਟਰ ਜੀ?'

'ਉਇ ਜਿਹੜੀ ਪੰਡਤ ਨਹਿਰੂ ਪਾਉਂਦਾ ਹੁੰਦਾ ਏ।'

'ਉਹ ਘੁੱਟਵੀਂ ਸੁੱਥਣ ਜਿਹੀ?' ਕਿਸੇ ਹੋਰ ਨੇ ਪੁੱਛਿਆ।

'ਸਾਲ਼ਿਓ ਜਾਨਵਰੋ ਸੁੱਥਣ ਨਹੀਂ ਫਤੂਹੀ। ਜਿਹੜੀ ਝੱਗੇ ਉੱਪਰ ਨੂੰ ਪਾਈ ਜਾਂਦੀ ਏ।'

ਕਿਸੇ ਨੂੰ ਬਾਸਕਟ ਕੱਟਣੀ ਜਾਂ ਸਿਊਣੀ ਨਹੀਂ ਸੀ ਆਉਂਦੀ। ਮਜੌਰ ਬਣੇ ਸਾਰੇ ਬਿਟਰ ਬਿਟਰ ਝਾਕ ਰਹੇ ਸਨ। ਪ੍ਰੈਕਟੀਕਲ ਲੈਣ ਵਾਲ਼ੀ ਮੈਡਮ ਆ ਕੇ ਬੋਲੀ, ' ਕਰੋ ਬੱਚਿਓ ਕਰੋ.... ਛੇਤੀ ਆਪਣਾ ਕੰਮ ਸ਼ੁਰੂ ਕਰੋ।'

'ਸ਼ੁਰੂ ਕੀ ਕਰੀਏ ਜੀ? ਮਾਸਟਰ ਜੀ ਨੇ ਤਾਂ ਸਾਨੂੰ ਸਿਖਾਇਆ ਕੁਝ ਨਹੀਂ।'

'ਕਿਉਂ ਮਾਸਟਰ ਜੀ ਕੀ ਆਖਦੇ ਨੇ ਬੱਚੇ?' ਉਹ ਬੋਲੀ।

'ਸਾਲ਼ੇ ਹਰਾਮੀ ਨੇ ਜੀ ਸਾਰੇ। ਝੂਠ ਬੋਲਦੇ ਨੇ। ਸਾਰਾ ਸਾਲ ਮੈਂ ਮੱਥਾ ਮਾਰਦਾ ਰਿਹਾ ਏਂ ਇਨ੍ਹਾਂ ਨਾਲ਼। ਹੁਣ ਮਰਾਉਣ ਏਹੀ ਤੇਹੀ।'

'ਤੁਸੀਂ ਮਾੜਾ-ਮੋਟਾ ਦੱਸ ਦਵੋ ਇਨ੍ਹਾਂ ਨੂੰ।' ਉਹ ਹੱਸ ਕੇ ਚਲੀ ਗਈ।

ਮੁੰਡੇ ਖੇਤੇ ਨੂੰ ਕਹਿਣ ਲੱਗੇ, 'ਮਾਸਟਰ ਜੀ ਦੱਸੋ ਸਾਨੂੰ ਕਿਵੇਂ ਬਣਨੀ ਏਂ ਬਾਸਕਟ?'

'ਸਾਲ਼ਿਓ ਮੈਨੂੰ ਕਿਹੜਾ ਆਉਂਦੀ ਏ।' ਉਹ ਹੱਸਿਆ।

ਬਲਵੀਰ ਮੈਡਮ ਕੋਲ਼ ਚਲਾ ਗਿਆ ਤੇ ਬੋਲਿਆ, 'ਭੈਣ ਜੀ, ਉਹ ਕਹਿੰਦਾ ਏ ਮੈਨੂੰ ਵੀ ਨੀ ਆਉਂਦੀ।'

'ਫੇਰ ਕਾਕਾ ਹੁਣ ਮੈਂ ਥੋੜ੍ਹੋ ਦੱਸ ਸਕਦੀ ਹਾਂ।'

'ਭੈਣ ਜੀ, ਸਾਨੂੰ ਪਾਸ ਕਰ ਦਿਓ। ਸਾਡੀ ਕੋਈ ਗਲਤੀ ਨੀ ਜੀ।'

'ਪਾਸ ਕਿਵੇਂ ਕਰ ਦਿਆਂ? ਚਲੋ ਆਪਣਾ ਕੰਮ ਕਰੋ।'

ਉਹ ਖੇਤੇ ਕੋਲ਼ ਚਲਾ ਗਿਆ, 'ਮਾਸਟਰ ਜੀ, ਅਸੀਂ ਤਾਂ ਮਾਰੇ ਜਾਵਾਂਗੇ। ਤੁਸੀਂ ਹੀ ਮਾਰੋ ਕੋਈ ਰੇਖ' ਚ ਮੇਖ।'

ਉਹ ਬੱਘ-ਬਘਿਆ ਕੇ ਪਿਆ, 'ਮੈਂ ਨਹੀਂ ਕਹਿਣਾ ਉਇ ਮੈਡਮ ਨੂੰ। ਹੋਵੋ ਸਾਲ਼ਿਓ ਫੇਲ੍ਹ। ਬਥੇਰਾ ਤੰਗ ਕੀਤਾ ਏ ਤੁਸੀਂ ਮੈਨੂੰ।'

'ਚੰਗਾ ਫੇਰ.... ਕਰਦੇ ਹਾਂ ਤੇਰਾ ਹੀਲ਼ਾ।' ਬਲਵੀਰ ਬੋਲਿਆ।

ਕਿਸੇ ਮੁੰਡੇ ਨੇ ਵੀ ਕੁਝ ਨਾ ਕੀਤਾ। ਵਾਪਸੀ ਉੱਤੇ ਖੇਤੇ ਮਾਸਟਰ ਨੂੰ ਕੁੱਟਣ ਦੀ ਸਲ੍ਹਾਹ ਜ਼ਰੂਰ ਬਣਾ ਲਈ। ਉਹ ਵੀ ਖਚਰਾ ਨਿਕਲ਼ਿਆ। ਤਾੜ ਗਿਆ ਤੇ ਕਹਿਣ ਲੱਗਾ, 'ਚੰਗਾ ਬਈ ਮੁੰਡਿਓ, ਜਾਓ ਤੁਸੀਂ ਆਪੋ-ਆਪਣੇ ਘਰਾਂ ਨੂੰ। ਮੈਂ ਤਾਂ ਦਾਊਂ ਮਾਜਰੇ ਆਪਣੀ ਭੂਆ ਦੀ ਕੁੜੀ ਕੋਲ਼ ਹੀ ਰਹਿਣਾ ਏਂ ਅੱਜ।'

**00**

# ਚਾਲ਼ੀ

ਦੇਵ ਦੇ ਦਸਵੀਂ ਦੇ ਪੇਪਰ ਸ਼ੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਦੀ ਗੱਲ ਹੈ ਕਿ ਕਿਸੇ ਸਿਆਣੇ ਨੇ ਘਨ੍ਹੱਈਏ ਨੂੰ ਦੱਸਿਆ ਕਿ ਜੇ ਉਹ ਕਾਲ਼ੇ ਰੰਗ ਦੀ ਸੱਜਰ-ਸੂਈ ਗੈਂਅ ਦਾ ਕਿਸੇ ਬ੍ਰਾਹਮਣ ਨੂੰ ਪੁੰਨ ਦਾਨ ਕਰ ਦੇਵੇ ਤਾਂ ਉਸ ਦੇ ਘਰ ਪੁੱਤਰ ਪ੍ਰਾਪਤੀ ਦਾ ਯੋਗ ਬਣਦਾ ਹੈ। ਬੜੀ ਦੇਰ ਤੋਂ ਭਾਵੇਂ ਉਸ ਨੇ ਚਾਰ ਪੁੱਤਰ ਮਿਲਣ ਦੀ ਮਹਾਰਾਜ ਵੱਲੋਂ ਸੁਪਨੇ' ਚ ਕਹੀ ਗੱਲ ਕਰ ਕੇ ਸਬਰ ਕਰ ਲਿਆ ਸੀ, ਪਰ ਹੁਣ ਫੇਰ ਇਕ ਵਾਰੀ ਉਸ ਦੀਆਂ ਅੱਖਾਂ ਲਿਸ਼ਕ ਪਈਆਂ। ਉਹ ਤਾਂ ਕਿੰਨੇ ਹੀ ਸਾਲ ਔਲਾਦ ਪ੍ਰਾਪਤੀ ਲਈ ਸੈਂਕੜੇ ਹੀ ਦਰ ਖੜਕਾ ਚੁੱਕਾ ਸੀ। ਉਸ ਨੇ ਸੋਚਿਆ ਚਲੋ ਆਖ਼ਰੀ ਵਾਰ ਇਕ ਹੰਭਲ਼ਾ ਹੋਰ ਮਾਰ ਕੇ ਦੇਖ ਲੈਂਦੇ ਹਾਂ, ਨਹੀਂ ਤਾਂ, 'ਜੇ' ਵਾਲ਼ੀ ਸੋਚ ਨੇ ਉਸ ਨੂੰ ਪ੍ਰੇਸ਼ਾਨ ਕਰਦੇ ਰਹਿਣਾ ਸੀ, ਪਰ ਇਕ ਗੈਂਅ ਉਹ ਵੀ ਕਾਲ਼ੇ ਰੰਗ ਦੀ ਤੇ ਸੱਜਰ ਸੂਈ, ਕਿੱਥੋਂ ਆਉਂਦੀ? ਘਨ੍ਹੱਈਏ ਨੇ ਭਾਲ਼ ਸ਼ੁਰੂ ਕਰ ਦਿੱਤੀ। ਭੱਜ ਨੱਠ ਕਰ ਕੇ ਰੋਪੜ ਜਾਂ ਹਿਸਾਰ ਦੀ ਪਸ਼ੂ ਮੰਡੀ ਤੋਂ ਲੰਬੇ ਲੰਬੇ ਸਿੰਙਾਂ ਵਾਲ਼ੀ, ਨਵੇ ਂ ਦੁੱਧ ਹੋਈ ਇਕ ਕਾਲ਼ੀ ਗੈਂਅ ਖਰੀਦ ਲਿਆਇਆ। ਉਸ ਨੇ ਘਰ ਦੇ ਸਾਰੇ ਜੀਆਂ ਨੂੰ ਹਦਾਇਤ ਕਰ ਦਿੱਤੀ ਕਿ ਸੂਣ ਤੱਕ ਉਸ ਗੈਂਅ ਦੀ ਸਾਰਿਆਂ ਨੇ ਤਨੋਂ-ਮਨੋਂ ਸੇਵਾ ਕਰਨੀ ਹੈ। ਕਦੀ ਵੀ ਕਿਸੇ ਨੇ ਉਸ ਦੇ ਸੋਟੀ ਨਹੀਂ ਮਾਰਨੀ। ਹਰ ਰੋਜ਼ ਉਸ ਨੂੰ ਸਾਬਣ ਨਾਲ਼ ਨਹਾਉਣਾ ਹੈ ਤੇ ਸਿੰਙਾਂ ਨੂੰ ਸਰ੍ਹੋਂ ਦਾ ਤੇਲ ਲਾਉਣਾ ਹੈ। ਇਹੀ ਨਹੀਂ ਉਸ ਦੇ ਅਗਲੇ ਚਰਨਾਂ (ਖੁਰਾਂ) ਨੂੰ ਛੂਹ ਕੇ ਇਹ ਵੀ ਕਹਿਣਾ ਹੈ ਕਿ ਹੇ ਗਊ ਮਾਤਾ ਘਰ ਵਿਚ ਔਲਾਦ ਦੀ ਬਖ਼ਸ਼ਿਸ਼ ਕਰੀਂ। ਮਨ ਦੀਆਂ ਮੁਰਾਦਾਂ ਪੂਰੀਆਂ ਕਰੀਂ।

ਉਸ ਗੈਂਅ ਨੂੰ ਮਾਲ ਵਿਚ ਚਰਨ ਭੇਜਣ ਦੀ ਥਾਂ ਘਰੇ ਰੱਖ ਕੇ ਸਪੈਸ਼ਲ ਚਾਰੇ ਅਤੇ ਖਲ਼-ਵੜੇਵਿਆਂ ਨਾਲ਼ ਸੇਵਾ ਵੀ ਕਰਨੀ ਸੀ। ਦੇਵ ਨੂੰ ਉਸ ਗੈਂਅ ਨਾਲ਼ ਪਹਿਲੇ ਦਿਨ ਤੋਂ ਹੀ ਨਫ਼ਰਤ ਹੋ ਗਈ, ਜਦੋਂ ਉਹ ਚਾਰੇ ਪੈਰ ਚੁੱਕ ਕੇ ਉਸ ਨੂੰ ਮਾਰਨ ਆਈ ਸੀ। ਘਨੱਈਏ ਵੱਲੋਂ ਦਿੱਤੀ ਫੂਕ ਛਕਣ ਕਰਕੇ ਉਹ ਰਕਾਨ ਆਪਣੇ ਆਪ ਨੂੰ ਪਤਾ ਨਹੀਂ ਕਿਹੜੇ ਸੱਤ ਅਸਮਾਨੋਂ ਉੱਤਰੀ ਹੂਰਪਰੀ ਸਮਝਣ ਲੱਗ ਪਈ ਕਿ ਬਾਕੀ ਗੈਂਆਂ ਵਿਚ ਜਮ੍ਹਾਂ ਵੀ ਨਾ ਭਿੱਜਦੀ। ਉਹ ਪਤਾ ਨਹੀਂ ਕਿਹੜੇ ਗਏ ਗੁਜ਼ਰੇ ਭੁੱਖੇ ਘਰੋਂ ਆਈ ਸੀ ਕਿ ਉਸ ਨੂੰ ਭੋਖੜਾ ਹੀ ਲੱਗਾ ਰਹਿੰਦਾ। ਐਨੀ ਮਾੜੀ ਨੀਯਤ ਵਾਲ਼ਾ ਭੁੱਖੜ ਡੰਗਰ ਦੇਵ ਨੇ ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਸੀ ਦੇਖਿਆ। ਉਹ ਆਪਣੇ ਮੂਹਰੇ ਖੁਰਲ਼ੀ ਵਿਚ ਪਏ ਚਾਰੇ ਨੂੰ ਛੱਡ ਪਹਿਲਾਂ ਆਪਣੇ ਲੰਬੇ ਸਿੰਙਾਂ ਨਾਲ਼ ਲਾਗੇ ਖੜ੍ਹੀ ਗੈਂਅ ਨੂੰ ਡਰਾਉਂਦੀ ਤੇ ਉਸ ਮੂਹਰੇ ਪਏ ਚਾਰੇ ਨੂੰ ਚੱਟਮ ਕਰ ਕੇ ਹੀ ਆਪਣੇ ਹਿੱਸੇ ਦਾ ਖਾਣ ਲੱਗਦੀ। ਮਗਰੋਂ ਦੂਜੀਆਂ ਵੱਲ ਨੂੰ ਦੰਦੀਆਂ ਕੱਢ ਕੱਢ ਜੁਗਾਲ਼ੀ ਕਰਨ ਲੱਗਦੀ। ਦੇਵ ਨੂੰ ਉਹ ਵਿਹੁੰ ਵਰਗੀ ਲਗਦੀ। ਉਹ ਜਦੋਂ ਵੀ ਕੱਖ-ਕੰਡਾ ਪਾਉਣ ਜਾਂ ਪਾਣੀ ਪਿਲਾਉਣ ਲਈ ਛਤੜੇ ਹੇਠ ਵੜਦਾ ਤਾਂ ਉਹ ਉਸ ਵੱਲ ਕੌੜ-ਕੌੜ ਝਾਕਦੀ ਤੇ ਮਾਰਨ ਨੂੰ ਆਉਂਦੀ। ਦੇਵ ਨੇ ਉਹਦਾ ਨਾਂ 'ਕਲੂਟੀ' ਰੱਖ ਦਿੱਤਾ ਸੀ। ਬਾਕੀ ਤਿੰਨੋਂ ਗੈਂਆਂ ਸੀਲ ਸਨ ਤੇ ਦੇਵ ਨਾਲ਼ ਉਨ੍ਹਾਂ ਦਾ ਪਿਆਰ ਬਣਿਆ ਹੋਇਆ ਸੀ। ਉਹ ਇਕੱਲੀ-ਇਕੱਲੀ ਨੂੰ ਨਾਂ ਲੈ ਕੇ ਬੁਲਾਉਂਦਾ ਤੇ ਉਨ੍ਹਾਂ ਨਾਲ਼ ਗੱਲਾਂ ਕਰਦਾ। ਉਹ ਉਨ੍ਹਾਂ ਦੀ ਪਿੱਠ ਤੇ ਥਾਪੀ ਦਿੰਦਾ ਕਹਿੰਦਾ, 'ਫਿਕਰ ਨਾ ਕਰੋ ਮੇਰੀਓ ਭੈਣੋਂ, ਜਿਸ ਦਿਨ ਇਹ ਹਰਾਮਜ਼ਾਦੀ ਕਲੂਟੀ ਭੁੱਖੜ ਸੂ ਪਈ, ਇਹਦਾ ਫਾਹਾ ਵੱਢਿਆ ਜਾਣਾ ਏ।'

ਉਹ ਕਲੂਟੀ ਵੱਲ ਨੂੰ ਹੱਥ ਫੈਲਾ ਕੇ, ਜੀਭ ਕੱਢ ਕੇ ਘੁਰ-ਘੁਰ ਕਰਦਾ ਤਾਂ ਉਹ ਸੜ ਬਲ਼ ਜਾਂਦੀ ਤੇ ਹੇਠ ਨੂੰ ਸਿਰ ਝੁਕਾ ਕੇ ਆਪਣੇ ਲੰਬੇ-ਸਿੰਙ ਉਸ ਵੱਲ ਨੂੰ ਸਿੱਧੇ ਕਰ ਲੈਂਦੀ। ਤਿੰਨੋਂ ਗੈਂਆਂ ਕਲੂਟੀ ਨੂੰ ਬਿਲਕੁਲ ਪਸੰਦ ਨਹੀਂ ਸਨ ਕਰਦੀਆਂ ਤੇ ਨਾ ਹੀ ਉਸ ਨਾਲ਼ ਅੱਖ ਮਿਲਾਉਣ ਜਾਂ ਮੂਕ ਗੱਲਾਂ ਕਰਨ ਦੀ ਸਾਂਝ ਰੱਖਦੀਆਂ ਸਨ। ਜੇ ਕਿਸੇ ਇਕ ਨੂੰ ਖੋਲ੍ਹ ਕੇ ਬਾਹਰ ਲੈ ਜਾਣਾ ਹੁੰਦਾ ਤਾਂ ਉਹ ਆਪਣਾ ਰੱਸਾ ਖਿੱਚ ਕੇ ਆਪਣੇ ਸਿੰਙ ਕਲੂਟੀ ਦੇ ਢਿੱਡ' ਚ ਮਾਰਨ ਨੂੰ ਜਾਂਦੀ। ਦੇਵ ਦੇ ਦਸਵੀਂ ਦੇ ਪੇਪਰ ਹੋਣ ਤੱਕ ਕਲੂਟੀ ਫੁੱਲ ਕੇ ਕੁੱਪਾ ਬਣ ਗਈ ਸੀ ਤੇ ਤਾਰਾਂ ਦੇਣ ਲੱਗ ਪਈ ਸੀ। ਉਹ ਚੌੜੀ ਹੋ-ਹੋ ਪਹਿਲਵਾਨਾਂ ਦੀ ਤਰ੍ਹਾਂ ਤੁਰਨ ਲੱਗ ਪਈ ਸੀ। ਘਰ ਦੇ ਬਾਕੀ ਜੀਅ ਤਾਂ ਉਸ ਨੂੰ ਖ਼ੂਬ ਖਿਲ਼ਾਉਂਦੇ-ਪਿਲਾਉਂਦੇ ਰਹੇ , ਪਰ ਦੇਵ ਨਿੱਤ ਸੌਣ ਤੋਂ ਪਹਿਲਾਂ ਉਸ ਦੀਆਂ ਪਿਛਲੀਆਂ ਟੰਗਾਂ ਉੱਤੇ ਚਾਰ-ਪੰਜ ਡੰਡੇ ਜਰੂਰ ਮਾਰ ਦਿੰਦਾ। ਕਲੂਟੀ ਉਸ ਨੂੰ ਆਉਂਦਾ ਦੇਖ ਕੇ ਹੀ ਛੜੱਪੇ ਮਾਰਨ ਲੱਗਦੀ, ਨਿੱਤ ਦਾ ਰੁਟੀਨ ਜੋ ਸੀ। ਬਸ਼ੀਰ ਹੱਸ ਕੇ ਕਹਿੰਦਾ, 'ਜਿੰਨੇ ਮਰਜੀ ਮਾਰੀ ਚੱਲ ਡੰਡੇ। ਸੇਵਾ ਸਾਲ਼ੀ ਦੀ ਖ਼ੂਬ ਹੁੰਦੀ ਏ।'

ਪੇਪਰਾਂ ਤੋਂ ਵਿਹਲੇ ਹੋ ਕੇ ਵੀ ਬਸ਼ੀਰ ਤੇ ਦੇਵ ਡੰਗਰਾਂ ਵਾਲ਼ੇ ਕੋਠੇ ਹੀ ਸੌਂਦੇ ਰਹੇ। ਨਿੱਤ ਰਾਤ ਨੂੰ ਤਿੰਨ ਚਾਰ ਮੁੰਡੇ ਉਨ੍ਹਾਂ ਕੋਲ਼ ਹੋਰ ਆ ਜਾਂਦੇ ਤੇ ਉਹ ਨਾਨਕ ਸਿੰਘ ਜਾਂ ਕੰਵਲ ਦੇ ਨਾਵਲ ਪੜ੍ਹਦੇ। ਲਾਲਟਣ ਦੇ ਚਾਨਣ ਵਿਚ ਪੜ੍ਹਦਾ ਤਾਂ ਕੇਵਲ ਦੇਵ ਹੀ ਹੁੰਦਾ ਸੀ। ਬਾਕੀ ਬੜੇ ਗਹੁ ਨਾਲ਼ ਸੁਣਦੇ ਰਹਿੰਦੇ। ਬਸ਼ੀਰ ਨੂੰ ਇਹ ਸੋਚ ਬੜਾ ਸਤਾਉਂਦੀ ਕਿ ਦੇਵ ਨੇ ਛੇ

ਤੀ ਹੀ ਉਸ ਨੂੰ ਛੱਡ ਕੇ ਆਗਰੇ ਚਲੇ ਜਾਣਾ ਸੀ। ਉਹ ਦਿਨ ਵਿਚ ਵੀ ਦੇਵ ਦੇ ਨਾਲ਼-ਨਾਲ਼ ਹੀ ਰਹਿੰਦਾ। ਪਿੰਡ ਵਿਚ ਐਨੀ ਆੜੀ ਸ਼ਾਇਦ ਹੀ ਕਿਸੇ ਹੋਰ ਦੀ ਹੋਵੇਗੀ, ਜਿਹੜੀ ਇਨ੍ਹਾਂ ਦੋਨਾਂ ਵਿਚ ਸੀ। ਇਕ ਦਿਨ ਪਤਾ ਲੱਗਾ ਕਿ ਅਸਲ ਸਰਟੀਫਿਕੇਟ ਤਾਂ ਗਿਆਰਵੀਂ ਭਾਵ ਹਾਇਰ ਸੈਕੰਡਰੀ ਪਾਸ ਦਾ ਹੀ ਮਿਲਣਾ ਸੀ। ਦਸਵੀਂ (ਕੋਰ ਵਿਸ਼ੇ) ਦੇ ਨੰਬਰ ਵੀ ਗਿਆਰਵੀਂ ਦੇ ਨੰਬਰਾਂ ਵਿਚ ਜੋੜ ਕੇ ਫਾਈਨਲ ਡਵੀਜ਼ਨ ਬਣਨੀ ਸੀ। ਉਹ ਦਸਵੀਂ ਯੂ. ਪੀ. ਦੀ ਦਸਵੀਂ ਦੇ ਬਰਾਬਰ ਨਹੀਂ ਸੀ ਗਿਣੀ ਜਾਣੀ, ਇਸ ਲਈ ਆਗਰੇ ਦਾਖ਼ਲਾ ਗਿਆਰਵੀਂ ਪਾਸ ਸਰਟੀਫਿਕੇਟ ਦੇ ਅਧਾਰ' ਤੇ ਹੀ ਮਿਲਣਾ ਸੀ। ਇਹ ਗੱਲ ਜਾਣ ਕੇ ਦੇ ਵ ਨੂੰ ਬੜੀ ਨਮੋਸ਼ੀ ਹੋਈ ਕਿ ਇਕ ਸਾਲ ਹੋਰ ਪੰਜਾਬ ਵਿਚ ਹੀ ਪੜ੍ਹਨਾ ਪਵੇਗਾ। ਉੱਧਰ ਬਸ਼ੀਰ ਨੂੰ ਇਹ ਪਤਾ ਲੱਗਣ ਤੇ ਬੜੀ ਖ਼ੁਸ਼ੀ ਹੋਈ ਕਿ ਇਕ ਸਾਲ ਲਈ ਹੋਰ ਦੇਵ ਦਾ ਸਾਥ ਬਣਿਆ ਰਹਿਣਾ ਸੀ।

ਇਕ ਰਾਤ ਉਹ ਕੋਠੇ ਉੱਤੇ ਸੁੱਤੇ ਪਏ ਸਨ ਕਿ ਹੇਠੋਂ ਕਲੂਟੀ ਦੇ ਰੰਭਣ ਦੀ ਅਵਾਜ਼ ਆਈ। ਉਸ ਦੀ ਅਵਾਜ਼ ਦੀ ਵੱਖਰੀ ਹੀ ਪਛਾਣ ਸੀ। ਸੁਭਾਅ ਵੀ ਵੱਖਰਾ ਤੇ ਬੋਲੀ ਵੀ ਵੱਖਰੀ, ਦੂਜੀਆਂ ਗੈਂਆਂ ਨਾਲ਼ ਇਸੇ ਲਈ ਉਸ ਦੀ ਪਟਦੀ ਨਹੀਂ ਸੀ। ਸੂਣ ਵਾਲ਼ੀ ਹੋਣ ਕਰਕੇ ਘਨ੍ਹੱਈਏ ਨੇ ਉਸ ਦਾ ਪੂਰਾ ਖਿਆਲ ਰੱਖਣ ਲਈ ਦੇਵ ਨੂੰ ਹਦਾਇਤ ਕੀਤੀ ਹੋਈ ਸੀ, ਕਿ ਉਹ ਖ਼ਬਰਦਾਰ ਰਹੇ। ਉਸ ਨੇ ਸਿਰਹਾਣੇ ਪਈ ਬੈਟਰੀ ਚੁੱਕੀ ਤੇ ਪੌੜੀ ਉਤਰ ਹੇਠ ਚਲਾ ਗਿਆ। ਜਦੋਂ ਟਾਰਚ ਦੀ ਰੋਸ਼ਨੀ ਕਲੂਟੀ ਵੱਲ ਸਿੱਟੀ ਤਾਂ ਘਬਰਾ ਗਿਆ। ਉਹ ਪਰੇਸ਼ਾਨੀ ਵਿਚ ਘੁੰਮ ਰਹੀ ਸੀ ਤੇ ਉਸ ਦੀ ਪੂਛ ਹੇਠਾਂ ਨਿੱਕੇ ਜਿਹੇ ਵੱਛਰੂ ਦੀ ਬੂਥੀ ਅਤੇ ਦੋ ਖੁੰਡਰੂ ਬਾਹਰ ਨਿਕਲ਼ੇ ਹੋਏ ਸਨ। ਦੇਵ ਕੁਦਰਤ ਦਾ ਇਹ ਕੌਤਕ ਪਹਿਲੀ ਵਾਰ ਦੇ ਖ ਰਿਹਾ ਸੀ। ਉਸ ਨੇ ਬਸ਼ੀਰ ਨੂੰ ਹਾਕ ਮਾਰੀ। ਉਹ ਵੀ ਹੇਠ ਉਤਰ ਆਇਆ।

'ਤੂੰ ਦੌੜ ਕੇ ਚਾਚੇ ਨੂੰ ਬੁਲਾ ਕੇ ਲਿਆ, ਜਦ ਨੂੰ ਮੈਂ ਸਾਂਭਦਾ ਏਂ ਇਹਨੂੰ।' ਉਹ ਬੋਲਿਆ।

ਬਸ਼ੀਰ ਆਪਣੇ ਅੱਬੇ ਫੈਜ਼ੇ ਨਾਲ਼ ਕਈ ਵਾਰੀ ਪਿੰਡ ਦਾ ਮਾਲ ਚਾਰਨ ਲਈ ਜਾਇਆ ਕਰਦਾ ਸੀ। ਚਰਾਂਦ ਵਿਚ ਕਦੀ-ਕਦੀ ਕੋਈ ਗਾਂ ਸੂ ਪਿਆ ਕਰਦੀ ਸੀ। ਗਾਂ ਸੁਆਉਣ ਦੀ ਉਸ ਨੂੰ ਜਾਂਚ ਸੀ। ਜਦ ਨੂੰ ਦੇਵ ਦੌੜ ਕੇ ਘਨ੍ਹੱਈਏ ਨੂੰ ਸੱਦ ਕੇ ਲਿਆਇਆ, ਬਸ਼ੀਰ ਨੇ ਕਾਲ਼ੇ ਰੰਗ ਦਾ ਵੱਛਾ ਗਾਂ ਦੇ ਪੇਟ' ਚੋਂ ਬਾਹਰ ਖਿੱਚ ਲਿਆ ਸੀ। ਕਲੂਟੀ ਆਪਣੀ ਖ਼ੁਰਦਰੀ ਲੰਬੀ ਜੀਭ ਨਾਲ਼ ਵੱਛੇ ਨੂੰ ਚੱਟ ਰਹੀ ਸੀ। ਘਨ੍ਹੱਈਏ ਨੇ ਇਕ ਕੱਪੜਾ ਲੈਕੇ ਵੱਛੇ ਨੂੰ ਸਾਫ਼ ਕੀਤਾ ਤੇ ਉਸ ਦਾ ਨਾੜੂਆ ਕੱਟ ਦਿੱਤਾ। ਥੋੜ੍ਹੀ ਦੇਰ ਮਗਰੋਂ ਹੀ ਦੇਵ ਦੀ ਨਾਨੀ ਕਾਲ਼ੇ ਰੰਗ ਦਾ ਕਾੜ੍ਹਾ ਲੈ ਕੇ ਡੰਗਰਾਂ ਵਾਲ਼ੇ ਕੋਠੇ ਪਹੁੰਚ ਗਈ। ਮਰੀਅਲ ਜਿਹਾ ਵੱਛਾ ਆਪਣੀਆਂ ਚਾਰਾਂ ਟੰਗਾਂ ਤੇ ਲੜਖੜਾਉਂਦਾ ਗਾਂ ਦੇ ਥਣ ਲੱਭ ਰਿਹਾ ਸੀ। ਜਿਵੇਂ ਕਿਸੇ ਨੇ ਪਿੱਛੋਂ ਹੀ ਸਾਰੀਆਂ ਗੱਲਾਂ ਸਮਝਾ ਕੇ ਭੇਜਿਆ ਹੋਵੇ, ਬਈ ਤੂੰ ਥਣ ਲੱਭਣੇ ਨੇ। ਉਨ੍ਹਾਂ' ਚੋਂ ਦੁੱਧ ਨਿੱਕਲੂ। ਮੌਜ ਕਰੀਂ।

ਘਨ੍ਹੱਈਏ ਅਤੇ ਉਹਦੀ ਮਾਂ ਨੇ ਗਾਂ ਸਾਂਭ ਲਈ। ਬਸ਼ੀਰ ਤੇ ਦੇਵ ਮੁੜ ਕੋਠੇ ਉੱਤੇ ਜਾ ਸੁੱਤੇ। ਗਾਂ ਦੀ ਜ਼ੇਰ ਤਾਂ ਦਿਨ ਚੜ੍ਹੇ ਜਾ ਕੇ ਪਈ, ਜਿਸ ਨੂੰ ਘਨ੍ਹੱਈਏ ਨੇ ਬਾਹਰ ਕਿੱਕਰ

ਹੇਠ ਟੋਆ ਪੁੱਟ ਕੇ ਦੱਬ ਦਿੱਤਾ ਤੇ ਉੱਤੇ ਕੰਡਿਆਂ ਵਾਲ਼ੀਆਂ ਝਿੰਗਾਂ ਧਰ ਦਿੱਤੀਆਂ ਤਾਂ ਕਿ ਕੁੱਤੇ-ਬਿੱਲੇ ਖ਼ੇਹ ਖ਼ਰਾਬੀ ਨਾ ਕਰਨ। ਦੁਖੀ ਦੀ ਨਾਨੀ ਨੇ ਗਾਂ ਦੇ ਨਿਆਣਾ ਪਾਇਆ ਤੇ ਰੱਬ ਦਾ ਨਾਂ ਲੈ ਕੇ ਧਾਰ ਕੱਢ ਲਈ।

ਇਹ ਗਾਂ ਘਨ੍ਹੱਈਏ ਨੇ ਆਪਣੇ ਕਾਣੇ ਪੁਰੋਹਿਤ ਹਰਘੂ ਲਾਲ ਕੋਟਲ਼ੇ ਵਾਲ਼ੇ ਨੂੰ ਦਾਨ ਕਰਨੀ ਸੀ। ਪੁੰਨ ਦਾਨ ਛੇਤੀ ਕਰ ਕੇ 'ਮਹਾਂ ਕਲਿਆਣ' ਦੀ ਆਸ ਨਾਲ਼ ਉਹ ਤੀਜੇ ਦਿਨ ਹੀ ਆਪਣੇ ਸਾਇਕਲ ਉੱਤੇ ਕੋਟਲ਼ੇ ਜਾ ਪਹੁੰਚਿਆ। ਪੁਰੋਹਿਤ ਨੇ ਪੱਤਰੀ ਖੋਲ੍ਹ ਕੇ ਦਾਨ-ਪੁੰਨ ਦੀ ਸ਼ੁਭ ਮਹੂਰਤ ਅਗਲ਼ੀ ਸੰਗਰਾਂਦ ਦੀ ਕੱਢ ਦਿੱਤੀ। ਉਸ ਨੇ ਉਹ ਸਾਰਾ ਸਮਾਨ, ਸੁੱਕਾ-ਸੀਧਾ, ਕੱਪੜਾ-ਲੱਤਾ ਘਨ੍ਹੱਈਏ ਨੂੰ ਲਿਖਾ ਦਿੱਤਾ ਜਿਸ ਦੀ ਦਾਨ-ਪੁੰਨ ਦੀ ਰਸਮ ਵੇਲ਼ੇ ਲੋੜ ਪੈਣੀ ਸੀ। ਗਾਂ ਦੀ ਬਹੁਲ਼ੀ ਨਾਲ਼ ਭਰਿਆ ਵੱਡਾ ਪਿੱਤਲ਼ ਦਾ ਡੋਲੂ ਪੁਰੋਹਿਤ ਨੂੰ ਦੇ ਕੇ ਘਨ੍ਹੱਈਆ ਘਰ ਆ ਗਿਆ।

ਸੰਗਰਾਂਦ ਵਾਲ਼ੇ ਦਿਨ ਪੁਰੋਹਿਤ ਤੜਕੇ ਹੀ ਪਿੰਡ ਆ ਪਹੁੰਚਿਆ। ਘਨ੍ਹੱਈਏ ਨੇ ਗਾਂ ਦੇ ਸਿੰਙਾਂ ਉੱਤੇ ਚਾਂਦੀ ਦੇ ਪੱਤਰੇ ਦੀਆਂ ਟੋਪੀਆਂ ਪਹਿਲਾਂ ਹੀ ਚੜ੍ਹਾ ਦਿੱਤੀਆਂ ਸਨ। ਹੁਣ ਲਾਲ ਰੰਗ ਦਾ ਝੁੱਲ ਵੀ ਦੇ ਦਿੱਤਾ। ਚੰਦਨ ਦੀਆਂ ਲੱਕੜਾਂ ਬਾਲ਼ ਉੱਤੇ ਦੇਸੀ ਘੀ ਤੇ ਸਮੱਗਰੀ ਪਾ ਕੇ ਹਵਨ ਕੀਤਾ ਗਿਆ। ਪੁਰੋਹਿਤ ਨੇ ਸੰਸਕ੍ਰਿਤ ਵਿਚ ਮੰਤਰ ਵੀ ਉਚਾਰੇ ਤੇ ਸੁਆਹਾ-ਸੁਆਹਾ ਵੀ ਕਰਦਾ ਰਿਹਾ। ਜਿੰਨੀ ਦੇਰ ਧੂੰਆਂ ਉੱਠਦਾ ਰਿਹਾ ਤੇ ਪੰਡਤ ਸ਼ਲੋਕ ਬੋਲਦਾ ਰਿਹਾ ਰੱਬ ਦੀ ਬੰਦੀ ਕਲੂਟੀ ਨੇ ਭੈਜਲ ਮਚਾਈ ਰੱਖੀ ਤੇ ਛੜੱਪੇ ਮਾਰਦੀ ਰਹੀ। ਗੈਂਅ ਦੀ ਵਿਦਾਇਗੀ ਸਮੇਂ ਘਨ੍ਹੱਈਏ ਨੇ ਉਸ ਦੇ ਚਾਰੇ ਖੁਰਾਂ ਹੇਠ ਚਾਂਦੀ ਦੇ ਪੱਤਰੇ ਰੱਖੇ ਤੇ ਉਸ ਮੂਹਰੇ ਗੋਡੇ ਟੇਕੇ। ਸਾਰਿਆਂ ਨੇ ਪੈਸੇ ਚੜ੍ਹਾ ਕੇ ਗਾਂ ਨੂੰ ਮੱਥਾ ਟੇਕਿਆ। ਪੁਰੋਹਿਤ ਨੇ ਪੈਸੇ ਅਤੇ ਪੱਤਰੇ ਹੂੰਝ ਕੇ ਆਪਣੀ ਜੇਬ੍ਹ ਵਿਚ ਪਾ ਲਏ। ਘਨ੍ਹੱਈਏ ਨੇ ਉਸ ਨੂੰ ਧੋਤੀ, ਕਮੀਜ਼, ਪਗੜੀ, ਜੁੱਤੀ ਅਤੇ ਇੱਕ ਮਾਲ਼ਾ ਦਿੱਤੀ। ਕੁਝ ਪੈਸੇ ਵੀ ਫੜਾਏ ਤੇ ਮੱਥਾ ਟੇਕਿਆ। ਪੁਰੋਹਿਤ ਨਾਲ਼ ਜਿਹੜਾ ਬੰਦਾ ਆਇਆ ਸੀ, ਉਹ ਆਪਣੀ ਗੋਦ ਵਿਚ ਵੱਛੇ ਨੂੰ ਚੁੱਕ ਕੇ ਤੁਰ ਪਿਆ। ਰੰਭਦੀ ਹੋਈ ਕਲੂਟੀ ਉਹਦੇ ਮਗਰ ਤੁਰ ਪਈ।

ਘਨ੍ਹੱਈਏ ਨੂੰ ਜਿਹੜਾ ਧੁੜਕੂ ਸੀ, ਉਹੀ ਗੱਲ ਹੋਈ। ਜਾਣ ਲੱਗਿਆਂ ਉਸ ਨੇ ਪੁਰੋਹਿਤ ਨੂੰ ਕਿਹਾ ਸੀ ਕਿ ਗੈਂਅ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਰੱਸਾ ਪਾ ਕੇ ਲੈ ਜਾਵੇ, ਪਰ ਉਹ ਮੰਨਿਆਂ ਹੀ ਨਾ। ਅਖੇ, ਗਊ ਮਾਤਾ ਕੀ ਆਂਖੋਂ ਪਰ ਪੱਟੀ ਬਾਂਧ ਕਰ ਨਰਕ ਕਾ ਭਾਗੀ ਕਿਉਂ ਬਨੂੰ। ਅਜੇ ਚਾਰ ਕੁ ਦਿਨ ਹੀ ਲੰਘੇ ਸਨ ਕਿ ਇਕ ਸਵੇਰ ਦੇਵ ਦੀ ਨਾਨੀ ਧਾਰ ਕੱਢਣ ਗਈ ਤਾਂ ਉੱਥੇ ਬਾਹਰਲੇ ਫਾਟਕ ਕੋਲ਼ ਕਲੂਟੀ ਖੜ੍ਹੀ ਰੰਭਣ ਲੱਗੀ ਹੋਈ। ਸ਼ਾਇਦ ਪੁਰੋਹਿਤ ਦੀ ਸੇਵਾ-ਸੰਭਾਲ ਵਿਚ ਢਿੱਲ-ਮੱਠ ਰਹੀ ਹੋਵੇਗੀ ਜਾਂ ਫਿਰ ਸਲਾਹਪੁਰ ਉਸ ਦੀ ਲੋੜੋਂ ਵੱਧ ਹੋਈ ਸੇਵਾ ਨੇ ਉਸ ਨੂੰ ਐਨੀ ਦੀਵਾਨੀ ਬਣਾ ਦਿੱਤਾ ਸੀ ਕਿ ਆਪਣੇ ਨਿੱਕੇ ਜਿਹੇ ਵੱਛੇ ਨੂੰ ਵੀ ਪਿੱਛੇ ਛੱਡ ਕੇ ਦੌੜ ਆਈ ਸੀ। ਐਨਾ ਫਾਸਲਾ ਇਕੱਲੀ ਨੇ ਕਿਵੇਂ ਤੈਅ ਕੀਤਾ ਤੇ ਉਸ ਦੇ ਵੱਛੇ ਦਾ ਕੀ ਬਣਿਆਂ, ਇਹ ਤਾਂ ਜਾਂ ਗੈਂਅ ਜਾਣਦੀ ਸੀ ਜਾਂ ਰੱਬ। ਉਸ ਨੂੰ ਦੇ ਵ ਦੀ ਨਾਨੀ ਨੇ ਕੀਲੇ ਨਾਲ਼ ਬੰਨ੍ਹ ਥੱਬਾ ਕੱਖਾਂ ਦਾ ਪਾ ਦਿੱਤਾ। ਉਹ ਸਾਰੇ ਪੁਰੋਹਿਤ ਨੂੰ ਉਡੀਕਣ ਲੱਗੇ।

ਇਨ੍ਹਾਂ ਦਿਨਾਂ ਵਿਚ ਹੀ ਦੇਵ ਦਾ ਟੇਲਰਿੰਗ ਦਾ ਪ੍ਰੈਕਟੀਕਲ ਵੀ ਹੋ ਚੁੱਕਾ ਸੀ ਜਿਸ ਨੇ ਉਸ ਨੂੰ ਸਕੂਲ ਵਿਚ ਕੋਈ ਪੁਜੀਸ਼ਨ ਨਾ ਆਉਣ ਦੀ ਅਗਾਊਂ ਚਿੰਤਾ ਵਿਚ ਡੋਬ ਦਿੱਤਾ ਸੀ। ਉਸ ਦਾ ਮਨ ਬੜਾ ਉਦਾਸ ਸੀ ਤੇ ਉਹ ਬੇਸਬਰੀ ਨਾਲ਼ ਪਰੇਮ ਦੀ ਉਡੀਕ ਕਰ ਰਿਹਾ ਸੀ। ਘਨ੍ਹੱਈਏ ਨੇ ਬੇਗਮਪੁਰ ਜਾਣ ਦੀ ਆਗਿਆ ਦੇ ਦਿੱਤੀ ਸੀ ਤੇ ਉਸ ਲਈ ਨਵਾਂ ਕਮੀਜ਼ ਪਜ਼ਾਮਾ ਵੀ ਸਿਉਂ ਦਿੱਤਾ ਸੀ। ਦੇਵ ਸੋਚ ਰਿਹਾ ਸੀ ਕਿ ਬੇਗਮਪੁਰ ਉਸ ਦੀ ਰੂਹ ਦੀ ਖ਼ੁਰਾਕ ਪੰਮੀ ਸੀ ਜਿਸ ਦੀ ਇਕ ਤੱਕਣੀ ਨਾਲ਼ ਹੀ ਉਸ ਦਾ ਮਨ ਟਿਕਾਣੇ ਆ ਜਾਣਾ ਸੀ। ਇਕ ਅਜੀਬ ਕਿਸਮ ਦੀ ਬੇਚੈਨੀ ਵਿਚ ਘਿਰਿਆ ਉਹ ਐਧਰ-ਉੱਧਰ ਭਟਕਦਾ ਰਹਿੰਦਾ।

ਇਕ ਦਿਨ ਬਾਅਦ ਦੁਪਹਿਰ ਦੇਵ ਅਤੇ ਉਹਦੀ ਬੇਬੇ ਨਿਹੰਗਾਂ ਦੀ ਟੋਕੇ ਵਾਲ਼ੀ ਮਸ਼ੀਨ ਉੱਤੇ ਆਗਾਂ ਅਤੇ ਸੇਂਜੀ ਦੀਆਂ ਦੋ ਪੰਡਾਂ ਕੁਤਰਕੇ ਲਿਆਏ। ਭਾਗਵੰਤੀ ਗੈਆਂ ਦੀ ਖੁਰਲ਼ੀ ਵਿਚ ਕੁਤਰਾ ਪਾਉਣ ਲੱਗੀ ਕਲੂਟੀ ਨੂੰ ਪਿੱਛੇ ਧੱਕਣ ਲੱਗੀ। ਬੇਸਬਰੀ ਕਲੂਟੀ ਨੇ ਆਪਣੇ ਸਿਰ ਦਾ ਉੱਪਰ ਨੂੰ ਝੰਡਕਾ ਮਾਰਿਆ। ਉਸ ਦਾ ਤਿੱਖਾ ਸਿੰਙ ਭਾਗਵੰਤੀ ਦੇ ਨੱਕ ਦੀ ਕੋਠੀ ਨੂੰ ਭੰਨਦਾ ਦੋਨਾਂ ਅੱਖਾਂ ਦੇ ਵਿਚਾਲ਼ੇ ਜਾ ਖੁਭਿਆ। ਉਸ ਨੇ ਚੀਕ ਮਾਰੀ ਤੇ ਬੇ ਹੋਸ਼ ਹੋ ਕੇ ਡਿਗ ਪਈ। ਦੇਵ ਨੇ ਰੌਲ਼ਾ ਪਾਇਆ ਤਾਂ ਆਸ-ਪਾਸ ਤੋਂ ਕਈ ਬੰਦੇ ਦੌੜੇ ਆਏ । ਉਨ੍ਹਾਂ ਨੇ ਭਾਗਵੰਤੀ ਨੂੰ ਚੁੱਕ ਕੇ ਬਾਹਰ ਕੱਢਿਆ। ਡਿਗਣ ਵਾਲ਼ੀ ਥਾਂ ਤੇ ਖ਼ੂਨ ਦਾ ਛੱਪੜ ਲੱਗ ਗਿਆ ਸੀ। ਕਿਸੇ ਨੇ ਨਬਜ਼ ਫੜਕੇ ਕਿਹਾ, 'ਇਹਦੇ' ਚ ਕੀ ਆ ਹੁਣ।'

ਘਨ੍ਹੱਈਏ ਦੇ ਆਉਣ ਤੱਕ ਉਸ ਨੂੰ ਭੁੰਜੇ ਲਿਟਾ ਕੇ ਉੱਤੇ ਖੇਸ ਪਾ ਦਿੱਤਾ ਗਿਆ। ਅੰਦਰ ਵੜਦੇ ਹੀ ਘਨ੍ਹੱਈਏ ਨੇ ਬਹੁਤ ਉੱਚੀ ਲੇਰ ਮਾਰੀ, 'ਏ ਭਾਗਵੰਤੀ ਤੂੰ ਕਿੱਥੇ ਚਲੀ ਗਈ ਮੇਰੀਏ ਭੈਣੇ?'

ਉਸ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਫਹੁੜਾ ਚੁੱਕ ਲਿਆ ਤੇ ਉਲਾਰ ਉਲਾਰ ਕੇ ਪੂਰੇ ਜ਼ੋਰ ਨਾਲ਼ ਕਲੂਟੀ ਦੇ ਮਾਰਨ ਲੱਗ ਪਿਆ। ਕੁਝ ਬੰਦਿਆਂ ਨੇ ਅੱਗੇ ਵਧ ਕੇ ਉਸ ਨੂੰ ਫੜਿਆ, 'ਕਿਉਂ ਬੇਜ਼ੁਬਾਨ ਨੂੰ ਕੁੱਟਣ ਲੱਗਾ ਏਂ ਘਨ੍ਹੱਈਏ? ਇਸ ਨੂੰ ਮਾਰ ਕੇ ਤੇਰੀ ਭੈਣ ਹੁਣ ਜਿਉਂਦੀ ਹੋਜੂ?'

ਘਨ੍ਹੱਈਆ ਉੱਥੇ ਹੀ ਬੈਠ ਕੇ ਰੋਣ ਲੱਗ ਪਿਆ। ਜਦ ਨੂੰ ਕੰਪੋਡਰ ਚੰਨਣ ਸਿੰਘ ਆ ਪੁੱਜਾ। ਉਸ ਨੂੰ ਬਸ਼ੀਰ ਸੱਦ ਲਿਆਇਆ ਸੀ। ਉਸ ਨੇ ਭਾਗਵੰਤੀ ਦੇ ਮੂੰਹ ਤੋਂ ਖੇਸੀ ਹਟਾਈ। ਉਸ ਦਾ ਸਾਰਾ ਸ਼ਰੀਰ ਖ਼ੂਨ ਵਿਚ ਲੱਥ ਪੱਥ ਸੀ। ਫਿਰ ਉਸ ਨੇ ਨਬਜ਼ ਟੋਹੀ ਤੇ ਬੋਲਿਆ, 'ਚੁੱਪ ਕਰ ਜਾਓ। ਚੁੱਪ ਕਰ ਜਾਓ... ਹਵਾ ਆਉਣ ਦਿਓ। ਬੀਬੀ ਅਜੇ ਜਿਉਂਦੀ ਏ।'

ਉਸ ਨੇ ਪੱਟੀਆਂ ਦੇ ਛੋਟੇ ਛੋਟੇ ਟੋਟੇ ਪੀਲ਼ੀ ਦਵਾਈ ਵਿਚ ਭਿਉਂ ਲਏ ਤੇ ਭਾਗਵੰਤੀ ਦੇ ਜਖ਼ਮ ਵਿਚ ਤੁੰਨ ਦਿੱਤੇ। ਉੱਤੇ ਫੰਬੇ ਰੱਖ ਕੇ ਪੱਟੀ ਬੰਨ੍ਹ ਦਿੱਤੀ। ਫਿਰ ਉਸ ਦੇ ਮੂੰਹ ਵਿਚ ਹੱਥ ਪਾ ਕੇ ਗਲ਼ੇ' ਚ ਉਂਗਲਾਂ ਘੁਮਾਈਆਂ ਤੇ ਬੋਲਿਆ, 'ਪਾਣੀ ਲਿਆਓ ਪਾਣੀ।'

ਪਾਣੀ ਭਾਗਵੰਤੀ ਦੇ ਗਲ਼ੇ' ਚੋਂ ਮਾੜਾ ਮੋਟਾ ਹੀ ਲੰਘਿਆ। ਚੰਨਣ ਸਿੰਘ ਬੋਲਿਆ, 'ਘਨ੍ਹੱਈਆ ਰਾਮ ਆਸ ਤਾਂ ਭਾਈ ਹੁਣ ਕੋਈ ਨੀ ਰਹੀ। ਕੋਈ ਕਰਾਮਾਤ ਹੋ ਜਾਵੇ ਤਾਂ ਕਹਿ ਨੀ ਸਕਦਾ। ਬੀਬੀ ਨੂੰ ਚਮਕੌਰ ਲੈ ਜਾਓ ਡਾਕਟਰ ਰਾਜਿੰਦਰ ਦੇ ਛੇਤੀ। ਬਾਕੀ ਭਾਈ ਸਾਰੇ

ਜਣੇ ਦੁਆ ਕਰੋ। ਇਹ ਗਰੀਬਣੀ ਤਾਂ ਪਹਿਲਾਂ ਹੀ ਐਨੇ ਦੁੱਖ ਭੋਗ ਚੁੱਕੀ ਏ।'

ਦੁਖੀ ਲਗਾਤਾਰ ਰੋਈ ਜਾ ਰਿਹਾ ਸੀ। ਭੀੜ ਵਿਚ ਖੜ੍ਹੇ ਸਾਰੇ ਲੋਕ ਆਪਣੀਆਂ ਅੱਖਾਂ ਪੂੰਝ ਰਹੇ ਸਨ। ਮੱਖਣ ਦਾ ਬਾਪੂ ਰਤਨ ਸਿੰਘ ਦੌੜ ਕੇ ਆਪਣਾ ਰਥ ਜੋੜ ਲਿਆਇਆ ਤੇ ਭਾਗਵੰਤੀ ਨੂੰ ਉਸ ਵਿਚ ਲਿਟਾ ਕੇ ਚਮਕੌਰ ਪੁਜਾ ਦਿੱਤਾ। ਅੱਗੇ ਡਾਕਟਰ ਰਾਜਿੰਦਰ ਨੇ ਵੀ ਸਿਰ ਫੇਰ ਦਿੱਤਾ ਤੇ ਬੋਲਿਆ, 'ਇਹਦੇ ਵਿਚ ਹੁਣ ਕੀ ਏ? ਖ਼ੂਨ ਬਹੁਤਾ ਵਹਿ ਗਿਆ ਏ। ਕੋਸ਼ਿਸ਼ ਕਰਨੀ ਏਂ ਕਰ ਕੇ ਦੇਖ ਲਉ। ਰੋਪੜ ਲੈ ਜੋ ਸਰਕਾਰੀ ਹਸਪਤਾਲ਼ ਵਿਚ।'

ਰਤਨ ਸਿੰਘ ਨੇ ਰਥ ਰੋਪੜ ਦੇ ਰਾਹ ਦੌੜਾ ਲਿਆ। ਉੱਥੇ ਡਾਕਟਰਾਂ ਨੇ ਐਕਸਰੇ ਖਿੱਚਿਆ ਤੇ ਖ਼ੂਨ ਚੜ੍ਹਾਉਣ ਮਗਰੋਂ ਅਪ੍ਰੇਸ਼ਨ ਕਰ ਦਿੱਤਾ। ਜੋ ਖ਼ਰਚ ਆਇਆ ਪਿੰਡ ਦੇ ਲੋਕਾਂ ਨੇ ਹੀ ਕੀਤਾ। ਘਨ੍ਹੱਈਆ ਤਾਂ ਜਿਵੇਂ ਆਪਣੀ ਸੁੱਧ-ਬੁੱਧ ਹੀ ਖੋ ਬੈਠਾ ਸੀ। ਇਸੇ ਹਸਪਤਾਲ਼ ਵਿਚ ਕਦੀ ਦੇਵ ਦਾ ਜਨਮ ਹੋਇਆ ਸੀ ਤੇ ਭਾਗਵੰਤੀ ਨੂੰ ਜ਼ਿੰਦਗੀ ਮਿਲੀ ਸੀ। ਡਾਕਟਰ ਤਾਂ ਰੱਬ ਦਾ ਰੂਪ ਹੀ ਸਨ ਜਿਹੜੇ ਭਾਗਵੰਤੀ ਨੂੰ ਮੁੜ ਰੱਬ ਦੀ ਦਰਗਾਹ' ਚੋਂ ਮੋੜ ਲਿਆਏ। ਉਸ ਦੇ ਨੱਕ ਦੀ ਟੁੱਟੀ ਹੱਡੀ ਕੱਢ ਕੇ, ਕੋਈ ਨਲ਼ਕੀ ਪਾ ਕੇ ਸਾਹ ਚਾਲੂ ਕਰ ਦਿੱਤਾ ਸੀ। ਹਫ਼ਤੇ ਦਸ ਦਿਨਾਂ ਮਗਰੋਂ ਉਸ ਨੂੰ ਹਸਪਤਾਲ਼ੋਂ ਛੁੱਟੀ ਮਿਲੀ ਤਾਂ ਘਨ੍ਹੱਈਏ ਨੇ ਵੱਡੇ ਡਾਕਟਰ ਦੇ ਪੈਰ ਫੜ ਲਏ ਤੇ ਬੋਲਿਆ, ' ਕੌਣ ਕਹਿੰਦਾ ਰੱਬ ਹੈ ਨੀ ਜੀ... ਤੂੰ ਸ਼ਾਖ਼ਸ਼ਾਤ ਰੱਬ ਏਂ ਸਾਡਾ ਰੱਬ.... ਹੋਰ ਕਰਾਮਾਤ ਕੀਹਨੂੰ ਕਹਿੰਦੇ ਆਂ? ਅਸੀਂ ਤਾਂ ਮਿੱਟੀ ਦੀ ਢੇਰੀ ਚੁੱਕ ਕੇ ਲਿਆਏ ਸਾਂ, ਤੁਸੀਂ ਸਾਹ ਚੱਲਣ ਲਾ ਦਿੱਤਾ।'

ਜਜ਼ਬਾਤੀ ਹੋਏ ਘਨ੍ਹੱਈਏ ਦੀ ਪਿੱਠ ਥਾਪੜਦਾ ਡਾਕਟਰ ਵੀ ਭਾਵਕ ਹੋ ਗਿਆ। ਘਨ੍ਹੱਈਏ ਨੇ ਟੁੱਟੇ-ਫੁੱਟੇ ਸ਼ਬਦਾਂ ਵਿਚ ਆਪਣੀ ਭੈਣ ਦੀ ਕਹਾਣੀ ਡਾਕਟਰ ਨੂੰ ਦੱਸੀ ਤਾਂ ਉਹ ਬੋਲਿਆ, 'ਉਸਨੂੰ ਅਸੀਂ ਨਹੀਂ ਬਚਾਇਆ, ਤੇਰੀ ਇੱਛਾ-ਸ਼ਕਤੀ ਨੇ ਬਚਾ ਲਿਆ।'

**00**

# ਇਕਤਾਲ਼ੀ

ਭਾਗਵੰਤੀ ਨਾਲ਼ ਵਾਪਰੀ ਦੁਰਘਟਨਾ ਉਸ ਪਰਿਵਾਰ ਲਈ ਇਕ ਭਿਆਨਕ ਤੁਫ਼ਾਨ ਸੀ, ਜਿਹੜਾ ਉਸ ਦੇ ਚਿਹਰੇ ਉੱਤੇ ਕੁਝ ਸਦੀਵੀ ਨਿਸ਼ਾਨ ਛੱਡ ਕੇ ਲੰਘ ਗਿਆ। ਉਸ ਦੀਆਂ ਅੱਖਾਂ ਦੇ ਵਿਚਾਲੇ ਦੀ ਥਾਂ ਬਿਲਕੁਲ ਪੱਧਰੀ ਹੋ ਗਈ ਸੀ। ਉਸ ਦੇ ਘਰ ਪੁੱਜਣ ਮਗਰੋਂ ਹੀ ਘਨ੍ਹੱਈਏ ਨੂੰ ਖਿਆਲ ਆਇਆ ਕਿ ਇਸ ਦੁਰਘਟਨਾ ਦਾ ਤਾਂ ਰਾਮ ਸਿੰਘ ਸਮੇਤ ਕਿਸੇ ਵੀ ਰਿਸ਼ਤੇਦਾਰ ਨੂੰ ਪਤਾ ਨਹੀਂ ਸੀ। ਸਾਰੀ ਗੱਲ ਦਾ ਵੇਰਵਾ ਲਿਖ ਕੇ ਉਸ ਨੇ ਅੱਠ-ਦੱਸ ਥਾਵਾਂ' ਤੇ ਖ਼ਤ ਪਾਏ। ਪਿੰਡ ਦੇ ਸਾਰੇ ਬੰਦੇ ਭਾਗਵੰਤੀ ਦੀ ਖ਼ਬਰ ਨੂੰ ਆਉਂਦੇ ਰਹੇ। ਆਸ਼ਾਬਾਦ ਤੋਂ ਵੀ ਜਿਸ ਨੂੰ ਪਤਾ ਲੱਗਾ, ਉਸ ਦੀ ਖ਼ਬਰ ਨੂੰ ਆਇਆ। ਕਿਸੇ ਨੇ ਇਹ ਵੀ ਦੱਸਿਆ ਕਿ ਦੇਵ ਦਾ ਚਾਚਾ ਹਰੀਆ ਤੇ ਚਾਚੀ ਦੁਆਰਕੀ ਵੈਸ਼ਨੋਦੇਵੀ ਮਾਤਾ ਦੇ ਦਰਸ਼ਨਾਂ ਨੂੰ ਗਏ, ਘਰ ਵਾਪਸ ਨਹੀਂ ਸਨ ਪਰਤੇ। ਘਰ ਵਾਲ਼ੇ ਦੋ ਤਿੰਨ ਮਹੀਨੇ ਉਨ੍ਹਾਂ ਦੀ ਸਾਰੇ ਤੀਰਥਾਂ ਤੇ ਭਾਲ਼ ਕਰਦੇ ਰਹੇ ਪਰ ਕੋਈ ਖ਼ੁਰਾ ਖੋਜ ਮਿਲ ਨਾ ਸਕਿਆ। ਉੱਥੋਂ ਜੱਟਾਂ ਦਾ ਭਾਗੀ ਵੀ ਭਾਗਵੰਤੀ ਦੀ ਖ਼ਬਰ ਨੂੰ ਆਇਆ। ਉਸ ਨੇ ਸੁੱਖ-ਸਾਂਦ ਪੁੱਛਣ ਮਗਰੋਂ

ਆਸ਼ਾਬਾਦ ਦੇ ਮਕਾਨ ਦੀ ਗੱਲ ਤੋਰ ਲਈ। ਉਹ ਬੋਲਿਆ, 'ਚਾਚੀ ਹੁਣ ਜੇ ਤੁਸੀਂ ਉੱਥੇ ਰਹਿਣਾ ਹੀ ਨਹੀਂ। ਵੇਚੋ ਪਰ੍ਹੇ ਮਕਾਨ ਨੂੰ। ਮੈਨੂੰ ਲੋੜ ਏ, ਜੇ ਮਨ ਬਣਦਾ ਏ ਮੈਂ ਪੰਜ ਸੌ ਰੁਪਏ ਦੇਣ ਨੂੰ ਤਿਆਰ ਹਾਂ।'

ਭਾਗਵੰਤੀ ਤਾਂ ਆਪ ਅੱਕੀ ਪਈ ਸੀ। ਹਰ ਸਾਲ ਬਰਸਾਤ ਤੋਂ ਪਹਿਲਾਂ ਕੋਠੇ, ਕੰਧਾਂ ਲਿੱਪਣ ਜਾਣਾ ਉਸ ਨੂੰ ਬਹੁਤ ਔਖਾ ਲਗਦਾ ਸੀ। ਸੁੱਕੇ ਟੋਭੇ' ਚੋਂ ਮਿੱਟੀ ਦੇ ਡਲ਼ੇ ਪੁੱਟ ਕੇ ਲਿਆਓ। ਉਨ੍ਹਾਂ ਨੂੰ ਭੰਨ ਕੇ ਤੂੜੀ-ਮਿੱਟੀ ਦੀ ਘਾਣੀ ਕਰੋ। ਗਾਰੇ ਦੇ ਬੱਠਲ ਚੁੱਕ ਚੁੱਕ ਉੱਪਰ ਕੋਠੇ ਤੇ ਚੜ੍ਹਾਓ। ਸੌ ਟਟਵੈਰ ਕਰਨੇ ਪੈਂਦੇ ਸਨ। ਬੰਦ ਪਏ ਮਕਾਨ ਵਿਚ ਦੋ ਚਾਰ ਮਹੀਨੇ ਮਗਰੋਂ ਹੀ ਰੇਹੀ ਦੀ ਭੁੱਬਲ਼ ਉੱਠ ਖੜ੍ਹਦੀ। ਕਾਲ਼ੇ ਭੂੰਡ ਲੀਕਾਂ ਵਾਹੁੰਦੇ ਫਿਰਦੇ। ਆਲ਼ੇ-ਦੁਆਲ਼ੇ ਦੇ ਘਰਾਂ' ਚੋਂ ਚੂਹੇ ਉਨ੍ਹਾਂ ਦੇ ਘਰ ਵੱਲ ਸੁਰੰਗਾਂ ਬਣਾ ਲੈਂਦੇ ਤੇ ਆਪਣੀ ਸੁਰੱਖਿਅਤ ਅਰਾਮ-ਗਾਹ ਬਣਾ ਕੇ ਜਨ-ਸੰਖਿਆ ਵਿਚ ਵਾਧਾ ਕਰਦੇ। ਦੁਨੀਆਂ ਭਰ ਦੇ ਕਬੂਤਰਾਂ ਨੇ ਘਰ ਨੂੰ ਅੱਡਾ ਬਣਾਇਆ ਹੋਇਆ ਸੀ। ਚੰਦਰੇ ਦਿਨ ਰਾਤ ਹੂੰਗਰਾਂ ਮਾਰ ਕੇ ਉਜਾੜ ਭਾਲਦੇ । ਚੁਬਾਰੇ ਵਿਚ ਚਮਗਿੱਦੜਾਂ ਛਤਰੀਆਂ ਵਾਂਗ ਖੰਭ ਫੈਲਾ ਕੇ ਪੁੱਠੀਆਂ ਲਟਕਦੀਆਂ। ਘਰ ਵਾਲ਼ੀ ਕੋਈ ਗੱਲ ਹੁਣ ਉੱਥੇ ਰਹਿ ਹੀ ਕਿੱਥੇ ਗਈ ਸੀ। ਭਾਗਵੰਤੀ ਚਾਹੁੰਦੀ ਸੀ ਕਿ ਮਕਾਨ ਵਿਕ ਜਾਵੇ, ਪਰ ਪੰਜ ਸੌ ਰੁਪਏ ਤਾਂ ਬਹੁਤ ਘੱਟ ਸਨ। ਉਸ ਨੇ ਘਨ੍ਹੱਈਏ ਨਾਲ਼ ਸਲਾਹ ਕੀਤੀ ਤੇ ਭਾਗੀ ਨੂੰ ਕਿਹਾ, 'ਹਜ਼ਾਰ ਰੁਪਏ ਦੇਦੇ ਭਾਗੀ ਵੀਰੇ। ਮਕਾਨ ਤੇਰਾ ਹੋਇਆ।'

ਉਦੋਂ ਤਾਂ ਭਾਗੀ ਉੱਠ ਕੇ ਚਲਾ ਗਿਆ, ਪਰ ਤੀਜੇ ਕੁ ਦਿਨ ਫੇਰ ਆ ਗਿਆ। ਉਸ ਨੇ ਧੌੜੀ ਦੀ ਜੁੱਤੀ ਵਿਚ ਪਾਏ ਅੱਠ ਸੌ ਰੁਪਏ ਕੱਢੇ ਤੇ ਭਾਗਵੰਤੀ ਦੇ ਮੂਹਰੇ ਰੱਖ ਦਿੱਤੇ । ਕਹਿਣ ਲੱਗਾ, 'ਚਾਚੀ ਮੇਰਾ ਮਾਣ ਰੱਖ ਲਈਂ। ਵੱਡਾ ਮੁੰਡਾ ਲੱਖੀ ਨਿੱਤ ਮੇਰੇ ਪੈਰ ਵੱਢਦਾ ਏ ਅੱਡ ਹੋਣ ਲਈ। ਮੇਰੀ ਜਾਨ ਸੁਖਾਲ਼ੀ ਕਰਦੇ ਚਾਚੀ।'

ਭਾਗਵੰਤੀ ਨੇ ਚੁੱਪ ਚਾਪ ਰੁਪਏ ਫੜ ਲਏ। ਘਨ੍ਹੱਈਏ ਨੇ ਦੋ ਸਾਦੇ ਕਾਗਜ਼ਾਂ ਉੱਤੇ ਉਰਦੂ ਵਿੱਚ ਮਕਾਨ ਵੇਚਣ-ਖਰੀਦਣ ਦੀ ਇਬਾਰਤ ਲਿਖੀ। ਭਾਗੀ ਅਤੇ ਭਾਗਵੰਤੀ ਦੇ ਅੰਗੂਠੇ ਲੁਆ ਕੇ ਆਪਣੀ ਗੁਆਹੀ ਪਾਈ। ਇਕ ਇਕ ਕਾਗਜ਼ ਦੋਨਾਂ ਨੂੰ ਦੇ ਦਿੱਤਾ। ਉਸ ਨੇ ਆਪਣੇ ਕੋਲ਼ੋਂ ਦਸ ਰੁਪਏ ਛੋਟ ਦੇ ਵੀ ਭਾਗੀ ਨੂੰ ਦੇ ਦਿੱਤੇ ਤੇ ਮਗਰੋਂ ਆਪਣੀ ਲਾਲ ਜਿਲਦ ਵਾਲ਼ੀ ਕਾਪੀ ਤੇ ਨੋਟ ਕਰ ਲਏ।

ਆਗਰੇ ਤੋਂ ਰਾਮ ਸਿੰਘ ਖ਼ਤ ਮਿਲਦੀ ਸਾਰ ਪਿੰਡ ਨੂੰ ਦੌੜ ਆਇਆ। ਉਹ ਘਨ੍ਹੱਈਏ ਨੂੰ ਗੁੱਸੇ ਹੋਣ ਲੱਗਾ, 'ਬੇਬੇ ਦਾ ਐਡਾ ਵੱਡਾ ਐਕਸੀਡੈਂਟ ਹੋਇਆ ਹੋਵੇ ਤੇ ਤੁਸੀਂ ਮੈਨੂੰ ਤਾਰ ਵੀ ਨਾ ਦੇ ਸਕੇ। ਮੈਂ ਤੁਹਾਡਾ ਕੁਝ ਲਗਦਾ ਨ੍ਹੀ?'

'ਸਾਊਆ ਮੇਰੀ ਤਾਂ ਮੱਤ ਮਾਰੀ ਗਈ ਸੀ। ਸੁਝਿਆ ਹੀ ਕੁਝ ਨੀ। ਤੈਨੂੰ ਵੀ ਖਾਮ-ਖਾਹ ਦੀਆਂ ਭਾਜੜਾਂ ਪੈਣੀਆਂ ਸੀ ਪੁੱਤ। ਤੂੰ ਵੀ ਉਸ ਨੂੰ ਉਵੇਂ ਸਾਂਭਣਾ ਸੀ ਜਿਵੇਂ ਸਾਰੇ ਪਿੰਡ ਨੇ ਸਾਂਭ ਲਿਆ। ਰੱਬ ਸੌ ਹੀਲੇ, ਵਸੀਲੇ ਬਣਾ ਦਿੰਦੈ। ਪਿੰਡ ਵਾਲ਼ੇ ਸਾਰੇ ਤਿਆਰ ਹੋ ਗਏ ਖ਼ੂਨ ਦੇਣ ਨੂੰ। ਜੀਹਦਾ ਮਿਲਿਆ, ਅਗਲਿਆਂ ਨੇ ਕੱਢ ਲਿਆ।' ਘਨ੍ਹੱਈਏ ਨੇ ਦੱਸਿਆ।

ਰਾਮ ਸਿੰਘ ਆਪਣੀ ਬੇਬੇ ਦੀਆਂ ਦੋਨਾਂ ਅੱਖਾਂ ਦੇ ਵਿਚਾਲਿਓਂ ਗਾਇਬ ਹੋਈ ਨੱਕ ਦੀ ਕੋਠੀ ਤੇ ਮੱਲ੍ਹਕ-ਮੱਲ੍ਹਕ ਹੱਥ ਫੇਰਦਾ ਫਿੱਸ ਪਿਆ, 'ਬੇਬੇ ਤੂੰ ਸਾਡਾ ਬੜਾ ਕੁਝ ਕੀਤਾ ਏ

। ਆਪਣੀ ਸੇਵਾ ਕਰਵਾਏ ਬਿਨਾਂ ਹੀ ਨਾ ਚਲੀ ਜਾਈਂ ਸਾਨੂੰ ਛੱਡ ਕੇ।'

'ਕਿਤੇ ਨੀ ਜਾਂਦੀ ਮੈਂ, ਜਦ ਤਕ ਚਾਰੋਂ ਵਿਆਹੇ ਨੀ ਜਾਂਦੇ। ਜਦੋਂ ਐਨ ਜਾਣ ਵਾਲ਼ੀ ਸਾਂ, ਮੈਂ ਤਾਂ ਉਦੋਂ ਨ੍ਹੀ ਗਈ। ਤੂੰ ਕਾਹਨੂੰ ਦਿਲ ਛੋਟਾ ਕਰਦਾ ਏਂ ਪੁੱਤ?'

ਭਾਗਵੰਤੀ ਹੁਣ ਠੀਕ ਹੀ ਸੀ। ਰਾਮ ਸਿੰਘ ਨੇ ਆਪਣੀ ਮਾਮੀ ਲਲਤਾ ਨੂੰ ਦੱਸਿਆ, ਲਲਤਾ ਨੇ ਘਨ੍ਹੱਈਏ ਨੂੰ ਕਿਹਾ ਕਿ ਆਗਰੇ ਜਿੰਦਰ ਦੇ ਨਿਆਣਾ-ਨਿੱਕਾ ਹੋਣ ਵਾਲ਼ਾ ਸੀ। ਸਾਂਭ-ਸੰਭਾਲ ਲਈ ਰਾਮ ਸਿੰਘ ਆਪਣੀ ਬੇਬੇ ਨੂੰ ਆਪਣੇ ਨਾਲ਼ ਆਗਰੇ ਲੈ ਜਾਣਾ ਚਾਹੁੰਦਾ ਸੀ। ਉਸ ਨੇ ਘਨ੍ਹੱਈਏ ਤੋਂ ਆਗਿਆ ਮੰਗੀ ਸੀ। ਘਨ੍ਹੱਈਆ ਇਸ ਗੱਲੋਂ ਖੁਸ਼ ਹੋ ਗਿਆ, ਨਹੀਂ ਅੱਜ ਕੱਲ੍ਹ ਕਿਹੜਾ ਪਛਾਣਦਾ ਏ ਕਿ ਮੇਲੇ' ਚ ਰੂੜਾ ਕੀਹਦਾ ਫੁੱਫੜ ਏ। ਆਪੋ-ਧਾਪੀ ਮਚੀ ਏ ਲੋਕਾਂ' ਚ। ਆਪ ਹੁਦਰਾਪਣ ਵਧ ਗਿਆ ਏ। ਜ਼ਮਾਨਾ ਬਦਲ ਗਿਆ ਹੈ। ਇਹੀ ਗੱਲ ਕਹੀ ਸੀ ਘਨ੍ਹੱਈਏ ਨੇ। ਤੀਜੇ ਕੁ ਦਿਨ ਹੀ ਭਾਗਵੰਤੀ ਉਸ ਨਾਲ਼ ਆਗਰੇ ਨੂੰ ਚਲੀ ਗਈ। ਜਾਂਦੀ ਹੋਈ ਦੇਵ ਨੂੰ ਸੌ ਮੱਤਾਂ ਦੇ ਕੇ ਗਈ, 'ਘਨ੍ਹੱਈਆ ਤੇਰਾ ਪਿਓ ਏ। ਲਲਤਾ ਤੇਰੀ ਮਾਂ ਏਂ। ਸਾਰਿਆਂ ਦਾ ਕਹਿਣਾ ਮੰਨੀਂ। ਸੁਆਰ ਕੇ ਪੜ੍ਹੀਂ। ਕਿਸੇ ਨਾਲ਼ ਲੜੀਂ ਨਾ। ਤੇਰੀ ਨਾਨੀ ਕੋਈ ਕੰਮ ਕਹੇ ਤਾਂ ਜਵਾਬ ਨਾ ਦੇਈਂ। ਪਿੰਡ ਦੀਆਂ ਕੁੜੀਆਂ ਸਭ ਭੈਣਾਂ ਲੱਗਦੀਆਂ ਨੇ, ਕਦੀ ਕਿਸੇ ਨੂੰ ਮੰਦਾ ਨਾ ਬੋਲੀਂ।'

ਦੇਵ 'ਚੰਗਾ ਚੰਗਾ' ਆਖਦਾ ਹੱਸਦਾ ਰਿਹਾ।

'ਚੱਲੀ ਤਾਂ ਹੈਗੀ ਦੇਵ ਨੂੰ ਮੇਰੇ ਨਾਂ ਹੀ ਲੁਆਜਾ ਹੁਣ।' ਘਨ੍ਹੱਈਆ ਬੋਲਿਆ।

'ਸਾਰੇ ਤੇਰੇ ਹੀ ਨੇ। ਚਾਹੇ ਚਾਰਾਂ ਨੂੰ ਨਾਉਂ ਲੁਆ ਲੈ।' ਭਾਗਵੰਤੀ ਨੇ ਕਿਹਾ।

ਜਾਣ ਲੱਗੀ ਭਾਗਵੰਤੀ ਨੂੰ ਕੋਈ ਗੱਲ ਯਾਦ ਆ ਗਈ ਹੋਵੇਗੀ, ਉਹ ਪਹਿਲਾਂ ਲਲਤਾ ਨੂੰ ਤੇ ਫੇਰ ਦੇਵ ਦੀ ਨਾਨੀ ਨੂੰ ਜੱਫੀ ਪਾ ਕੇ ਰੋਣ ਲੱਗ ਪਈ। ਉਹ ਦੋਨੋਂ ਵੀ ਰੋਣ ਲੱਗ ਪਈਆਂ।

'ਚੁੱਪ ਕਰੋ। ਕਮਲ਼ੀਆਂ ਨਾ ਹੋਣ।' ਘਨ੍ਹੱਈਏ ਨੇ ਉਨ੍ਹਾਂ ਨੂੰ ਚੁੱਪ ਵੀ ਕਰਵਾਇਆ ਤੇ ਅਲੱਗ ਅਲੱਗ ਵੀ ਕਰੀਆਂ। ਰਾਮ ਸਿੰਘ ਨੇ ਆਪਣੇ ਬਟੂਏ' ਚੋਂ ਦਸ ਦਸ ਦੇ ਦੋ ਨੋਟ ਕੱਢੇ ਤੇ ਘਨ੍ਹੱਈਏ ਨੂੰ ਫੜਾਉਣੇ ਚਾਹੇ। ਉਹ ਬੋਲਿਆ, 'ਰੱਖ ਰੱਖ ਤੂੰ ਕੋਲ਼ ਹੀ। ਪੈਸੇ ਤੈਨੂੰ ਦੇਣੇ ਨੇ ਕਿ ਲੈਣੇ ਨੇ? ਖੁਸ਼ ਰਹੋ। ਜੁਆਨੀਆਂ ਮਾਣੋ। ਤੁਹਾਡੇ ਤੇ ਮੈਨੂੰ ਬਹੁਤ ਮਾਣ ਏਂ।'

ਦੇਵ ਦਾ ਦਸਵੀਂ ਦਾ ਨਤੀਜਾ ਆਇਆ ਤਾਂ ਚਾਰ ਪੰਜ ਦਿਨਾਂ ਮਗਰੋਂ ਨੰਬਰ ਕਾਰਡ ਵੀ ਆ ਗਿਆ। ਉਹ ਪਹਿਲੇ ਦਰਜ਼ੇ ਵਿਚ ਪਾਸ ਹੋ ਗਿਆ ਸੀ, ਪਰ ਸਕੂਲ ਵਿਚ ਕੋਈ ਪੁਜੀਸ਼ਨ ਨਹੀਂ ਸੀ ਆਈ। ਟੇਲਰਿੰਗ ਵਿਚ ਪੰਜਾਹ' ਚੋਂ ਕੇਵਲ ਸੱਤ ਨੰਬਰ ਲੱਗੇ ਹੋਏ ਸਨ। ਜੋ ਕੁੱਲ ਟੋਟਲ ਵਿਚ ਨਹੀਂ ਸਨ ਜੁੜੇ। ਉਹ ਸੋਚਣ ਲੱਗਾ ਕਿ ਜੇ ਖੇਤੀਬਾੜੀ ਲਈ ਹੁੰਦੀ ਤਾਂ ਉਸ ਨੇ ਸਕੂਲ ਵਿੱਚੋਂ ਫਸਟ ਆ ਜਾਣਾ ਸੀ, ਕਿਉਂਕਿ ਫਸਟ ਆਉਣ ਵਾਲ਼ੇ ਹਰਜਾਪ ਦੇ ਖੇਤੀਬਾੜੀ ਵਿਚ ਪੰਤਾਲੀ ਨੰਬਰ ਸਨ। ਹਰਜਾਪ ਦਾ ਨਾਂ ਡਰਾਇੰਗ ਮਾਸਟਰ ਨੇ ਉਸੇ ਦਿਨ ਆਨਰ ਬੋਰਡ ਤੇ ਲਿਖ ਦਿੱਤਾ ਸੀ। ਦੇਵ ਦੇ ਹਰਜਾਪ ਤੋਂ ਵੀਹ ਨੰਬਰ ਘੱਟ ਸਨ। ਜੇ ਟੇਲਰਿੰਗ ਵਿਚ ਇੱਕੀ ਨੰਬਰ ਵੀ ਆ ਜਾਂਦੇ ਤਾਂ ਆਨਰ ਬੋਰਡ ਤੇ ਉਸ ਦਾ ਨਾਂ ਹੋਣਾ ਸੀ। ਘਰ ਤੱਕ ਤਾਂ ਉਹ ਚੁੱਪ-ਚਾਪ ਚਲਾ ਗਿਆ ਪਰ ਡੰਗਰਾਂ ਵਾਲ਼ੇ ਕੋਠੇ ਜਾ ਕੇ ਬਹੁਤ

ਰੋਇਆ। ਕਾਸ਼! ਇਸ ਜ਼ਾਲਮ ਸਮੇਂ ਨੂੰ ਪੁੱਠਾ ਗੇੜਾ ਦਿੱਤਾ ਜਾ ਸਕਦਾ।

ਗਿਆਰਵੀਂ ਦੀ ਪੜ੍ਹਾਈ ਸ਼ੁਰੂ ਹੋਣ ਵਿਚ ਅਜੇ ਵੀਹ-ਬਾਈ ਦਿਨ ਪਏ ਸਨ। ਇਕ ਸਵੇਰ ਤੜਕੇ ਤਿੰਨ-ਚਾਰ ਵਜੇ ਘਨ੍ਹੱਈਏ ਵਾਲ਼ਾ ਦਰ ਖੜਕਿਆ। ਸਾਰੇ ਘਬਰਾ ਗਏ, ਇਸ ਵੇਲ਼ੇ ਕੌਣ ਹੋ ਸਕਦਾ ਹੈ। ਪਰ ਤਦੇ ਜਾਣੀ-ਪਛਾਣੀ ਅਵਾਜ਼ ਆ ਗਈ, 'ਕੁੰਡਾ ਖੋਲ੍ਹੋ ਮਾਮਾ। ਮੈਂ ਪਰੇਮ ਹਾਂ।'

ਘਨ੍ਹੱਈਏ ਨੇ ਕੁੰਡਾ ਖੋਲ੍ਹਿਆ ਤਾਂ ਸਾਰੇ ਹੀ ਉੱਠ ਬੈਠੇ। ਹਰਬੰਤ ਵੀ ਉਹਦੇ ਨਾਲ਼ ਸੀ। ਦੋ-ਤਿੰਨ ਵਾਰੀ ਪਹਿਲਾਂ ਵੀ ਇੰਞ ਹੋਇਆ ਸੀ ਕਿ ਜੇ ਪਰੇਮ ਕੋਲ਼ ਸੋਨਾ ਚਾਂਦੀ ਵੱਧ ਹੁੰਦਾ ਤਾਂ ਉਹ ਅੱਧੀ ਰਾਤ ਮਗਰੋਂ ਬੇਗਮਪੁਰ ਤੋਂ ਚੱਲਦਾ। ਉਹ ਅਜਿਹਾ ਸਮਾਂ ਹੁੰਦਾ ਕਿ ਆਮ ਬੰਦੇ ਤਾਂ ਕੀ ਚੋਰਾਂ ਲੁਟੇਰਿਆਂ ਨੂੰ ਵੀ ਨੀਂਦ ਆਪਣੀ ਬੁੱਕਲ਼ ਵਿਚ ਲੈ ਚੁੱਕੀ ਹੁੰਦੀ। ਉਹ ਆਉਂਦੇ ਹੀ ਚਾਹ ਪੀ ਕੇ ਸੌਂ ਗਏ, ਪਰ ਦੇਵ ਨੂੰ ਮੁੜ ਨੀਂਦ ਨਾ ਆਈ। ਆਪਣੇ ਜੀਜੇ ਨਾਲ਼ ਬੇਗਮਪੁਰ ਜਾਣ ਦੀ ਤੇ ਪੰਮੀ ਨੂੰ ਮਿਲਣ ਦੀ ਖੁਸ਼ੀ ਉਸ ਨੂੰ ਕਿਸੇ ਵੱਖਰੇ ਸੰਸਾਰ ਵਿਚ ਲੈ ਗਈ। ਭੁੱਲ ਗਿਆ ਸਭ ਕੁਝ ਕਿ ਉਹ ਸਕੂਲ ਵਿਚ ਫਸਟ ਕਿਉਂ ਨਹੀਂ ਸੀ ਆਇਆ।

ਆਪਣੀ ਮਾਸੀ ਭਾਗਵੰਤੀ ਨਾਲ਼ ਹੋਏ ਹਾਦਸੇ ਬਾਰੇ ਜਾਣ ਕੇ ਪਰੇਮ ਬੜਾ ਹੈਰਾਨ ਹੋਇਆ। ਉਸ ਨੇ ਗਿਲਾ ਕੀਤਾ ਕਿ ਦੁਖ-ਸੁਖ ਵੇਲੇ ਹੀ ਬੰਦਾ ਇਕ ਦੂਜੇ ਦੇ ਕੰਮ ਆਇਆ ਕਰਦਾ ਹੈ। ਉਸ ਨੂੰ ਖ਼ਬਰ ਕਿਉਂ ਨਹੀਂ ਸੀ ਦਿੱਤੀ। ਉਸ ਨੂੰ ਤਾਂ ਉਹ ਚਿੱਠੀ ਵੀ ਨਹੀਂ ਸੀ ਮਿਲੀ ਜਿਹੜੀ ਘਨ੍ਹੱਈਏ ਨੇ ਭਾਗਵੰਤੀ ਦੇ ਹਸਪਤਾਲ਼ੋਂ ਆਉਣ ਮਗਰੋਂ ਲਿਖੀ ਸੀ। ਘਨ੍ਹੱਈਏ ਨੇ ਕਿਹਾ, 'ਚੱਲ ਪ੍ਰਾਹੁਣਿਆਂ ਕੋਈ ਨਾ ਭਾਈ। ਅੱਖਾਂ ਬਚ ਗਈਆਂ। ਸਿਰ ਬਚ ਗਿਆ। ਕਾਲੀ ਗਊ ਤਾਂ ਗ੍ਰਹਿ ਬਣ ਕੇ ਆਈ ਸੀ ਸਾਡੇ ਘਰ। ਟਲ਼ ਗਿਆ। ਕਿਸੇ ਚੰਗੇ ਕੀਤੇ ਦਾ ਫਲ਼ ਮੂਹਰੇ ਆ ਗਿਆ ਮੇਰੀ ਭੈਣ ਦੇ।'

ਪਰੇਮ ਨੇ ਘਨ੍ਹੱਈਏ ਨੂੰ ਦੱਸਿਆ ਕਿ ਉਸ ਨੇ ਦੋਰਾਹੇ ਰੇਲਵੇ ਰੋਡ ਉੱਤੇ ਅਠਾਰਾਂ ਫੁੱਟ ਮੱਥੇ ਵਾਲ਼ੀ ਇਕ ਦੁਕਾਨ ਦਾ ਪਲਾਟ ਸਤਾਈ ਸੌ ਰੁਪਏ ਵਿਚ ਖਰੀਦ ਲਿਆ ਸੀ, ਜਿਸ ਦੀ ਪਿੱਛੇ ਨੂੰ ਲੰਬਾਈ ਸੌ ਗਜ਼ ਸੀ। ਉੱਥੇ ਉਸ ਨੇ ਰਿਹਾਇਸ਼ ਲਈ ਚਾਰ ਕਮਰੇ, ਰਸੋਈ, ਬਾਥਰੂਮ ਬਗੈਰਾ ਛੱਤ ਲਏ ਸਨ। ਲੋਕ ਧੜਾ-ਧੜ ਦੁਕਾਨਾਂ ਅਤੇ ਪਲਾਟ ਖਰੀਦ ਰਹੇ ਸਨ। ਉਸ ਨੇ ਘਨ੍ਹੱਈਏ ਨੂੰ ਆਪਣੇ ਲਈ ਤੇ ਭਾਗਵੰਤੀ ਲਈ ਪਲਾਟ ਜਾਂ ਦੁਕਾਨਾਂ ਖਰੀਦਣ ਦੀ ਸਲਾਹ ਦਿੱਤੀ। ਘਨ੍ਹੱਈਆ ਇਸ ਗੱਲੋਂ ਹੱਸ ਪਿਆ। ਪਿੰਡ ਛੱਡ ਕੇ ਕਿਸੇ ਕਸਬੇ ਵਿਚ ਜਾ ਵਸਣਾ ਉਹਦੇ ਲਈ ਅਲੋਕਾਰੀ ਗੱਲ ਸੀ। ਉਹ ਬੋਲਿਆ, 'ਭਾਈ, ਮੁੰਡੇ ਉਡਾਰੂ ਹੋਣਗੇ । ਕਰਦੇ ਰਹਿਣਗੇ ਜੋ ਕਰਨਾ ਏਂ। ਸਾਡੀ ਤਾਂ ਲੰਘ ਜਾਣੀ ਏਂ ਇਸੇ ਤਰ੍ਹਾਂ।'

'ਜ਼ਮੀਨਾਂ ਦੇ ਭਾਅ ਬੜੀ ਤੇਜ਼ੀ ਨਾਲ਼ ਵਧ ਰਹੇ ਨੇ ਮਾਮਾ। ਚਾਹੇ ਨਾ ਪਾਉਣਾ, ਨਾ ਰਹਿਣਾ, ਪਲਾਟ ਲੈ ਕੇ ਰੱਖ ਲਵੋ। ਮਹਿੰਗਾ ਹੋਏ ਤੋਂ ਵੇਚ ਦੇਣਾ। ਮੋਟੀ ਰਕਮ ਹੱਥ ਲੱਗ ਸਕਦੀ ਏ। ਮੈਂ ਤਾਂ, ਜੋ ਕੁਛ ਮੇਰੇ ਕੋਲ਼ ਹੈ, ਸਭ ਵੇਚ ਕੇ ਪੰਜ-ਸੱਤ ਪਲਾਟ ਲੈ ਲੈਣੇ ਨੇ । ਤੂੰ ਵੀ ਮੰਨ ਗੱਲ ਮੇਰੀ। ਘਰ ਪਿਆ ਸੋਨਾ ਕਿਹੜੇ ਕੰਮ ਆਉਣਾ ਏਂ?' ਪਰੇਮ ਬੋਲਿਆ।

'ਮੇਰੇ ਕੋਲ਼ ਕਿਹੜਾ ਸੋਨਾ ਚਾਂਦੀ ਭਾਈ ਪ੍ਰੇਮ ਸਿਆਂ? ਚਾਰ ਗਹਿਣੇ ਨੇ ਲਲਤਾ ਦੇ

। ਸਿਲਾਈ ਕਿਹੜਾ ਸਾਰੀ ਉਮਰ ਹੋਣੀ ਏਂ। ਪਲਾਟਾਂ ਦਾ ਕੀ ਪਤਾ ਡੁੱਬਣੇ ਨੇ ਕਿ ਤਰਨੇ ਨੇ। ਚਾਰ ਗਹਿਣੇ ਕੋਲ਼ ਹੋਣਗੇ ਤਾਂ ਜੇ ਮਾਤੜ੍ਹ ਦੀ ਫੂਕ ਵੀ ਨਿਕਲ਼ ਗਈ ਵਿਚਾਰੀ ਲਲਤਾ ਰੋਟੀ ਤਾਂ ਖਾਂਦੀ ਰਹੂ।'

'ਫੇਰ ਇਉਂ ਕਰ ਮਾਸੀ ਨੂੰ ਪਾ ਚਿੱਠੀ। ਚਾਰ ਮੁੰਡੇ ਨੇ। ਉਦੋਂ ਵੀ ਤੈਨੂੰ ਪਲਾਟ ਦਿਖਾਏ ਸੀ, ਤੂੰ ਮੰਨਿਆਂ ਨਹੀਂ ਸੀ। ਸਾਰੇ ਮੁੰਡਿਆਂ ਦਾ ਪਿੰਡ ਕਿਵੇਂ ਗੁਜ਼ਾਰਾ ਹੋਜੂ? ਆਖ਼ਰ ਵਸਣਾ ਤਾਂ ਸ਼ਹਿਰ ਵਿਚ ਹੀ ਪੈਣੈਂ, ਕੋਲ਼ ਪਲਾਟ ਹੋਊ ਤਾਂ ਹੌਲ਼ੀ ਹੌਲ਼ੀ ਛੱਤਿਆ ਵੀ ਜਾਊ।'

'ਕੋਈ ਨਾ ਆਗਰੇ ਚਿੱਠੀ ਪਾ ਦਊਂ ਰਾਮ ਸਿੰਘ ਨੂੰ। ਉਨ੍ਹਾਂ ਦੀ ਸਲਾਹ ਹੋਈ ਤਾਂ ਲੈ ਦਿਆਂਗੇ।'

ਪਿੰਡ ਵਿਚ ਆਪਣੇ ਕੰਮ ਦਾ ਲੈਣ-ਦੇਣ ਕਰਨ ਲਈ ਪਰੇਮ ਦੇਵ ਨੂੰ ਨਾਲ਼ ਲੈ ਗਿਆ। ਤਿੰਨ ਚਾਰ ਘੰਟੇ ਉਸ ਦੀ ਪਿੰਡ ਫੇਰੀ ਤੇ ਲੱਗ ਗਏ। ਜਦ ਨੂੰ ਘਰ ਮੁੜੇ ਲਲਤਾ ਨੇ ਚੌਲ਼ ਅਤੇ ਮਸਰੀ ਦੀ ਦਾਲ਼ ਰਿੰਨ੍ਹ ਲਈ ਸੀ। ਉਸ ਨੇ ਸ਼ੱਕਰ ਦੀਆਂ ਕੌਲੀਆਂ ਭਰ ਕੇ ਵਿੱਚ ਦੇਸੀ ਘੀ ਪਾ ਦਿੱਤਾ। ਪਰੇਮ ਦੀ ਇਹ ਮਨ ਭਾਉਂਦੀ ਖੁਰਾਕ ਸੀ। ਉਨ੍ਹਾਂ ਦੇ ਮੁੜਦਿਆਂ ਤੱਕ ਹਰਬੰਤ ਨੇ ਆਪਣੇ ਨਾਲ਼ ਲਿਆਂਦੇ ਕੱਪੜੇ ਦੇ ਕਮੀਜ਼ ਪਜਾਮਾ ਸਿਲਵਾ ਲਏ ਸਨ। ਦੇਵ ਦੀ ਤਾਂ ਪਹਿਲਾਂ ਹੀ ਤਿਆਰੀ ਸੀ। ਖਾ ਪੀ ਕੇ ਉਹ ਤਿੰਨੋਂ ਹੀ ਬੇਗਮਪੁਰ ਲਈ ਚੱਲ ਪਏ। ਦੇਵ ਹਰਬੰਤ ਦੇ ਪਿੱਛੇ ਬੈਠ ਗਿਆ। ਹੁਣ ਉਹ ਗੱਭਰੂ ਹੋ ਰਿਹਾ ਸੀ। ਰਸਤੇ ਵਿਚ ਉਹ ਵੀ ਹਰਬੰਤ ਨੂੰ ਪਿੱਛੇ ਬਿਠਾ ਕੇ ਬੜੀ ਤੇਜ਼ ਸਾਇਕਲ ਚਲਾਉਂਦਾ ਰਿਹਾ। ਦਰਅਸਲ ਉਸਦਾ ਸਾਇਕਲ ਲਗਾਤਾਰ ਉਹਦੇ ਅਤੇ ਪੰਮੀ ਦੇ ਵਿਚਾਲੇ ਵਿੱਥ ਨੂੰ ਘਟਾ ਰਿਹਾ ਸੀ। ਆਖਰ ਉਹ ਪੁਲ਼ ਵੀ ਆ ਗਿਆ ਜਿੱਥੋਂ ਬੇਗਮਪੁਰ ਨੂੰ ਸੜਕ ਮੁੜਨਾ ਸੀ, ਪਰ ਉੱਥੇ ਜਾ ਕੇ ਹਰਬੰਤ ਨੇ ਕਿਹਾ, 'ਲੈ ਬਈ ਦੇਵ ਰੋਕ ਲੈ ਸਾਇਕਲ। ਮੈਂ ਤਾਂ ਐਧਰ ਪਿੰਡ ਜਾਵਾਂਗਾ।'

'ਅਸੀਂ ਵੀ ਤਾਂ ਐਧਰ ਹੀ ਜਾਣਾ ਏਂ।' ਸਾਇਕਲ ਤੋਂ ਉਤਰਦਾ ਦੇਵ ਬੋਲਿਆ।

'ਨਹੀਂ ਦੇਵ ਤੁਸੀਂ ਤਾਂ ਦੋਰਾਹੇ ਜਾਣਾ ਏਂ, ਤੂੰ ਪਰੇਮ ਨਾਲ਼ ਹੋ ਜਾ।'

'ਦੋਰਾਹੇ? ਉੱਥੇ ਕੀ ਕਰਨਾ ਏਂ ਅਸੀਂ?'

'ਪਰੇਮ ਨੇ ਦੋਰਾਹੇ ਰਿਹਾਇਸ਼ ਕਰ ਲਈ ਏ ਨਾ।' ਉਹ ਬੋਲਿਆ।

ਉਸ ਦੀ ਗੱਲ ਸੁਣ ਕੇ ਦੇਵ ਦੇ ਤਾਂ ਜਿਵੇਂ ਸਿਰ ਵਿਚ ਸੌ ਘੜੇ ਪਾਣੀ ਪੈ ਗਿਆ ਹੋਵੇ। ਉਹ ਤਾਂ ਨਹਿਰ ਦੇ ਸਾਰੇ ਸਫ਼ਰ ਪੰਮੀ ਦੇ ਸੁਪਨੇ ਲੈਂਦਾ ਆ ਰਿਹਾ ਸੀ। ਹੁਣ ਕੀ ਕਰੇ ? ਦੋਰਾਹੇ ਜਾ ਕੇ ਉਸ ਨੇ ਕੀ ਕਰਨਾ ਸੀ। ਉਸ ਦਾ ਸਾਰਾ ਉਤਸ਼ਾਹ ਠੰਡਾ ਹੋ ਗਿਆ। ਲੱਤਾਂ ਵਿਚ ਜਿਵੇਂ ਸਾਹ-ਸੱਤ ਹੀ ਨਾ ਰਿਹਾ ਹੋਵੇ। ਪੈਰ ਘੜੀਸਦਾ ਉਹ ਪਰੇਮ ਦੇ ਸਾਇਕਲ ਮਗਰ ਜਾ ਬੈਠਾ।

ਅਗਲੇ ਦਿਨ ਦਰੀ ਦਾ ਬਣਿਆ ਗਹਿਣਿਆਂ ਵਾਲ਼ਾ ਝੋਲ਼ਾ ਸਾਇਕਲ ਦੇ ਹੈਂਡਲ ਨਾਲ਼ ਲਟਕਾ ਕੇ ਪ੍ਰੇਮ ਬੇਗਮਪੁਰ ਜਾਣ ਲੱਗਾ ਤਾਂ ਪਹਿਲਾਂ ਹੀ ਉੱਥੇ ਜਾਣ ਦੀ ਤਿਆਰੀ ਕਰੀ ਬੈਠਾ ਦੇਵ ਉਸ ਕੋਲ਼ ਆਇਆ ਤੇ ਬੋਲਿਆ, 'ਜੀਜਾ, ਮੈਨੂੰ ਵੀ ਲੈ ਚੱਲੋ ਆਪਣੇ ਨਾਲ਼ ਬੇਗਮਪੁਰ।'

'ਤੂੰ ਮੱਲਾ ਉੱਥੇ ਕੀ ਕਰਨਾ ਏਂ? ਸਾਰੇ ਜਣੇ ਤਾਂ ਘਰ ਨੇ।' ਉਹ ਬੋਲਿਆ।

ਉਹ ਕਿਵੇਂ ਦੱਸਦਾ ਕਿ ਸਾਰੇ ਜਣੇ ਘਰ ਨਹੀਂ ਸਨ। ਜੇ ਪੰਮੀ ਨਹੀਂ ਸੀ ਤਾਂ ਉਸ ਲਈ ਤਾਂ ਉੱਥੇ ਕੋਈ ਵੀ ਨਹੀਂ ਸੀ। ਉਸ ਦੇ ਦਿਲ ਵਿਚ ਜਿਹੜੀ ਤਾਰ ਟੁਣਕਦੀ ਸੀ, ਉਸ ਦਾ ਸਾਜਿੰਦਾ ਤਾਂ ਬੇਗਮਪੁਰ ਵਿਚ ਸੀ। ਉਹ ਤਾਂ ਸਾਰੀ ਰਾਤ ਇਹੋ ਸਕੀਮਾਂ ਬਣਾਉਣ ਵਿਚ ਲੱਗਾ ਰਿਹਾ ਸੀ ਕਿ ਉਹ ਪੰਮੀ ਨੂੰ ਕਿਵੇਂ ਮਿਲੇ।

'ਜੀਜਾ, ਮੈਂ ਤੁਹਾਡੇ ਨਾਲ਼ ਘੁੰਮ ਵੀ ਆਵਾਂਗਾ ਤੇ ਹਰਬੰਤ ਭਾਜੀ ਨੂੰ ਵੀ ਮਿਲ ਆਵਾਂਗਾ।' ਉਸਨੇ ਮੁੜ ਪਰੇਮ ਕੋਲ਼ ਤਰਲ਼ਾ ਕੀਤਾ।

'ਉਹ ਤਾਂ ਡਿਊਟੀ ਤੇ ਚਲਾ ਗਿਆ ਹੋਊ, ਇਕੱਲੀ ਕਰਮਜੀਤ ਹੋਊ ਘਰ ਤਾਂ।'

'ਚੱਲ ਮੈਂ ਕਰਮਜੀਤ ਭਾਬੀ ਨੂੰ ਮਿਲ ਆਵਾਂਗਾ।' ਉਹ ਬੋਲਿਆ ਤਾਂ ਪਰੇਮ ਹੱਸ ਪਿਆ ਤੇ ਕਹਿਣ ਲੱਗਾ, 'ਚੱਲ ਭਾਈ ਮਿਲ ਆਈਂ ਆਪਣੀ ਭਾਬੀ ਕਰਮਜੀਤ ਨੂੰ।'

ਪਰੇਮ ਦੇ ਸਾਇਕਲ ਮਗਰ ਬੈਠ ਦੇਵ ਬੇਗਮਪੁਰ ਚਲਾ ਗਿਆ। ਦਰਵਾਜ਼ਾ ਵੜਦੇ ਹੀ ਉਹ ਸਾਇਕਲ ਤੋਂ ਉਤਰ ਪੈਦਲ ਚੱਲਣ ਲੱਗੇ। ਗਲ਼ੀ ਵਿਚ ਐਧਰ-ਉਧਰ ਝਾਕਦਾ ਦੇਵ ਸੋਚ ਰਿਹਾ ਸੀ ਕਿ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ, ਜੇ ਇਹ ਗੱਲ ਸੱਚ ਹੋਈ ਤਾਂ ਪੰਮੀ ਉਸ ਨੂੰ ਹੁਣੇ ਮਿਲ ਜਾਵੇਗੀ। ਪਰ ਇਹ ਉਸ ਦਾ ਵਹਿਮ ਹੀ ਸੀ। ਪੰਮੀ ਦਾ ਘਰ ਆਇਆ ਤਾਂ ਉਸ ਦੀ ਮੰਮੀ ਗਲ਼ੀ ਵਿਚ ਝਾੜੂ ਮਾਰ ਰਹੀ ਸੀ। ਪਰੇਮ ਉਸ ਕੋਲ਼ ਰੁਕ ਗਿਆ। ਉਹ ਸਿੱਧੀ ਖੜ੍ਹੀ ਹੋ ਕੇ ਪਰੇਮ ਵੱਲ ਦੇਖਦੀ ਮੁਸਕਰਾਈ। ਪੰਮੀ ਦੀ ਮੰਮੀ ਵੱਲ ਦੇਖਦਿਆਂ ਦੇਵ ਦੇ ਅੰਦਰ ਜਿਵੇਂ ਕੋਈ ਬਿਜਲੀ ਲਿਸ਼ਕੀ, ' ਚੱਲ ਭੱਜ ਉਇ ਐਥੋਂ। ਦੁਖੀ ਦੇ ਬੱਚੇ। ਖ਼ਬਰਦਾਰ ਜੇ ਕੁੜੀਆਂ ਨਾਲ਼ ਖੇਡਿਆ। ਤੇਰਾ ਬੂਥਾ ਭੰਨ ਦੇਊਂ ਜਨੌਰ ਜਿਹੇ ਦਾ।'

ਉਹ ਦੋਨੋਂ ਕੀ ਗੱਲਾਂ ਕਰ ਰਹੇ ਸਨ, ਦੇਵ ਨੂੰ ਸਮਝ ਨਹੀਂ ਸੀ ਆ ਰਹੀ। ਉਸ ਦੇ ਕੰਨ ਤਾਂ ਸਾਂ-ਸਾਂ ਕਰਨ ਲੱਗੇ ਸਨ। ਪਰੇਮ ਨੇ ਆਪਣੇ ਝੋਲ਼ੇ' ਚੋਂ ਚਾਬੀਆਂ ਦਾ ਗੁੱਛਾ ਕੱਢਿਆ ਤੇ ਬੋਲਿਆ, 'ਦੇਵ ਆਹ ਲੈਜਾ ਚਾਬੀਆਂ। ਹੱਟ ਖੋਲ੍ਹ ਜਾ ਕੇ।'

ਪਰੇਮ ਉੱਥੇ ਹੀ ਰੁਕ ਗਿਆ। ਦੇਵ ਨੇ ਅੱਗੇ ਜਾ ਕੇ ਹੱਟ ਖੋਹਲ ਲਈ। ਮਰਤਵਾਨਾਂ ਵਿਚ ਵੰਨ-ਸੁਵੰਨੀਆਂ ਖਾਣ ਵਾਲੀਆਂ ਚੀਜ਼ਾਂ ਪਈਆਂ ਸਨ, ਪਰ ਦੇਵ ਦਾ ਕਾਸੇ ਨੂੰ ਵੀ ਖਾਣ ਲਈ ਦਿਲ ਨਾ ਕੀਤਾ। ਕਿੱਸਿਆਂ ਦੀ ਢੇਰੀ' ਚੋਂ ਉਹਨੇ ਇਕ ਕਿੱਸਾ ਖਿੱਚ ਲਿਆ। ਇਹ ਪ੍ਰਤਾਪੀ ਨਾਂ ਦੀ ਕਿਸੇ ਸੁਨਿਆਰੀ ਦਾ ਕਿੱਸਾ ਸੀ। ਉਹਨੇ ਵਾਕ ਲੈਣ ਵਾਂਗ ਕਿੱਸਾ ਖੋਲ੍ਹਿਆ ਤੇ ਪੜ੍ਹਨ ਲੱਗਾ-

ਕੋਈ ਆਖੇ ਨੱਢੀ ਨੀ ਮੇਰੇ ਵੱਲ ਵੇਖਦਾ ਸੀ  
ਕੋਈ ਆਖੇ ਭੈਣੋਂ ਮੈਨੂੰ ਅੱਖਾਂ ਮਟਕਾ ਗਿਆ।  
ਕੋਈ ਆਖੇ ਮੈਨੂੰ ਨੀ ਬੁਲਾਵੇ ਨਾਲ਼ ਸੈਨਤਾਂ ਦੇ  
ਵੱਟੀ ਜਾਂ ਮੈਂ ਘੂਰ ਤਾਂ ਤੜੱਕ ਨੀਵੀਂ ਪਾ ਗਿਆ।  
ਕੋਈ ਆਖੇ ਟੇਢੀ ਨਿਗ੍ਹਾ ਵੇਖਦਾ ਸੀ ਮੇਰੇ ਵੱਲ,  
ਸਾਮ੍ਹਣੇ ਮੈਂ ਝਾਕੀ ਤਦੇ ਅੱਖ ਨੀ ਚੁਰਾ ਗਿਆ। ....

ਦੇਵ ਕਾਫੀ ਦੇਰ ਉਸ ਕਿੱਸੇ ਨੂੰ ਪੜ੍ਹਦਾ ਰਿਹਾ। ਉਸ ਨੂੰ ਲੱਗਾ, ਇਹ ਪਰੇਮ ਹੀ

ਸੀ, ਜਿਸ ਦੀਆਂ ਗੱਲਾਂ ਗਲ਼ੀ ਵਿਚ ਖੜ੍ਹੀਆਂ ਤੀਵੀਆਂ ਕਰਦੀਆਂ ਹੋਣ। ਉਸ ਨੇ ਸੋਚਿਆ, ਉੱਠਾਂ ਤੇ ਜਾ ਕੇ ਦੇਖਾਂ, ਪ੍ਰੇਮ ਪੰਮੀ ਦੇ ਘਰ ਵਿਚ ਕਰਦਾ ਕੀ ਸੀ। ਉਸ ਬਾਰੇ ਸੋਚਣ ਦੀ ਦੇਰ ਸੀ ਕਿ ਉਹ ਸਾਇਕਲ ਰੇੜ੍ਹੀ ਤੁਰਿਆ ਆਉਂਦਾ ਦਿਖਾਈ ਦਿੱਤਾ।

ਹੱਟ ਵਿਚ ਆ ਕੇ ਉਹ ਅੱਡੇ ਤੇ ਬੈਠ ਗਿਆ ਤੇ ਕੋਈ ਗਹਿਣਾ ਬਣਾਉਣ ਲੱਗ ਪਿਆ। ਦੇਵ ਮਲ੍ਹਕ ਦੇਣੇ ਉੱਥੋਂ ਖਿਸਕ ਆਇਆ। ਉਹ ਪੰਮੀ ਦੇ ਬੰਦ ਦਰਵਾਜ਼ੇ ਵੱਲ ਦੇਖਦਾ, ਉੱਥੋਂ ਅੱਗੇ ਲੰਘ ਗਿਆ ਤੇ ਖ਼ੂਹ ਵਾਲਾ ਮੋੜ ਮੁੜ ਗਿਆ। ਅੱਗੇ ਗਲ਼ੀ ਦੇ ਸਿਰੇ ਹਰਬੰਤ ਦਾ ਘਰ ਸੀ। ਉਹ ਉਸ ਦੀ ਵਹੁਟੀ ਨੂੰ ਭਾਬੀ ਆਖਿਆ ਕਰਦਾ ਸੀ, ਉਸ ਨੂੰ ਅੱਜ ਹੀ ਪਰੇਮ ਤੋਂ ਪਤਾ ਲੱਗਾ ਸੀ ਕਿ ਉਸ ਦਾ ਨਾਂ ਕਰਮਜੀਤ ਸੀ। ਉਹ ਘਰ ਅੰਦਰ ਵੜਿਆ, ਕਰਮਜੀਤ ਵਿਹੜੇ ਵਿਚ ਬੈਠੀ ਨਾਲ਼ਾ ਬੁਣ ਰਹੀ ਸੀ। ਦੇਵ ਨੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਸ ਨੇ ਉੱਠ ਕੇ ਉਸ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ। ਉਹ ਬੋਲੀ, 'ਵੇ ਦੁਖੀ, ਤੇਰਾ ਕਿਵੇਂ ਚਿੱਤ ਕਰ ਆਇਆ, ਬਈ ਭਾਬੀ ਨੂੰ ਮਿਲ ਆਵਾਂ?'

'ਭਾਬੀ, ਮੇਰਾਂ ਨਾਂ ਹੁਣ ਦੁਖੀ ਨਹੀਂ ਦੇਵ ਆ। ਮੈਨੂੰ ਦੇਵ ਆਖਿਆ ਕਰ।'

'ਚੱਲ ਭਾਈ 'ਦੇਵ' ਕਹਿ ਦਊਂ।' ਉਹ ਬੋਲੀ ਤੇ ਦੇਵ ਨੂੰ ਕਮਰੇ ਅੰਦਰ ਲੈ ਜਾ ਕੇ ਡਹੇ ਪਲੰਘ ਉੱਤੇ ਬਿਠਾ ਦਿੱਤਾ। ਸਾਰਿਆਂ ਦਾ ਹਾਲ-ਚਾਲ ਵੀ ਪੁੱਛਦੀ ਰਹੀ ਤੇ ਚਾਹ ਵੀ ਬਣਾ ਲਿਆਈ। ਦੇਵ ਨੇ ਸੋਚਿਆ ਕਿ ਉਸ ਨੂੰ ਕਹਾਂ, ਜੇ ਉਹ ਪੰਮੀ ਨੂੰ ਮਿਲਾ ਦੇਵੇ। ਪਰ ਇਹ ਗੱਲ ਸੋਚਣੀ ਤਾਂ ਆਸਾਨ ਸੀ, ਕਹਿਣੀ ਬਹੁਤ ਮੁਸ਼ਕਲ। ਫਿਰ ਵੀ ਉਸ ਨੇ ਹੌਸਲਾ ਬਟੋਰਿਆ ਤੇ ਬੋਲਿਆ, 'ਮੈਂ ਤਾਂ ਭਾਬੀ ਤੇਰੇ ਕੋਲ਼ ਇਕ ਕੰਮ ਆਇਆ ਹਾਂ ਜੇ ਕਰੇਂ।'

'ਹਾਂ ਹਾਂ ਬੋਲ? ਕਿਹੜਾ ਕੰਮ ਪੈ ਗਿਆ ਮੇਰੇ ਤੱਕ?' ਉਹ ਬੋਲੀ।

ਕਹਿਣਾ ਤਾਂ ਸੀ ਕਿ ਉਸ ਨੂੰ ਪੰਮੀ ਨਾਲ਼ ਮਿਲਾ ਦੇ ਕਹਿ ਬੈਠਾ, 'ਦੋਰਾਹੇ ਤਾਂ ਮੇਰਾ ਜੀਅ ਹੀ ਨੀ ਲਗਦਾ।'

'ਰਹਿ ਮੇਰੇ ਕੋਲ਼ ਜੀਅ ਲੱਗਜੂ ਤੇਰਾ।' ਉਹ ਹੱਸੀ।

'ਕਿਵੇਂ ਲੱਗਜੂ?' ਉਸਦੇ ਮੂੰਹੋਂ ਨਿਕਲ਼ਿਆ।

'ਬੜਾ ਸ਼ੈਤਾਨ ਹੋ ਗਿਆ ਏਂ ਵੇ ਤੂੰ... ਕੱਲ੍ਹ ਅਜੇ ਚੂੰਆਂ ਜਿਹਾ ਹੁੰਦਾ ਸੀ। ਕਿੰਨਾ ਗੱਭਰੂ ਹੋ ਗਿਆ ਏਂ ਤੂੰ।' ਪਲੇਟ ਚੁੱਕਦੀ ਕਰਮਜੀਤ ਨੇ ਉਸਦੀ ਗੱਲ੍ਹ ਉੱਤੇ ਘਰੂਟ ਭਰ ਲਿਆ।

'ਚੰਗਾ ਭਾਬੀ, ਮੈਂ ਫੇਰ ਆਉਂਦਾ ਏਂ।' ਉਹ ਉੱਠ ਕੇ ਬਾਹਰ ਜਾਣ ਲੱਗਾ ਤਾਂ ਕਰਮਜੀਤ ਉਸ ਦੇ ਮੂਹਰੇ ਹੋ ਗਈ। ਉਸ ਨੂੰ ਫਿਰ ਪਲੰਘ ਤੇ ਬਿਠਾ ਲਿਆ। ਫੇਰ ਬਿਲਕੁਲ ਉਸ ਦੇ ਨਾਲ਼ ਲੱਗ ਕੇ ਪਿੱਠ ਤੇ ਹੱਥ ਫੇਰਨ ਲੱਗ ਪਈ। ਫਿਰ ਬੋਲੀ, 'ਤੂੰ ਐਨਾ ਸੰਗਦਾ ਕਿਉਂ ਏਂ? ਬੋਲ ਕੀ ਕੰਮ ਆਇਆ ਸੀ?'

'ਦੱਸਾਂ?' ਗੁੱਸੇ ਤਾਂ ਨਹੀਂ ਹੋਵੇਂਗੀ?'

'ਆਪਣੇ ਦਿਓਰ ਨਾਲ਼ ਕਿਉਂ ਗੁੱਸੇ ਹੋਵਾਂਗੀ ਭਲਾ?'

'ਮੈਨੂੰ ਪੰਮੀ ਨਾਲ਼ ਮਿਲਾ ਦੇ।'

'ਕਿਹੜੀ ਪੰਮੀ?'

'ਸ਼ਕੁੰਤਲਾ ਬੀਬੀ ਦੇ ਘਰ ਦੇ ਲਾਗੇ ਰਹਿੰਦੀ ਏ ਉਹ ਕੁੜੀ।'

'ਤੂੰ ਛੱਡ, ਕੁੜੀਆਂ ਦੇ ਚੱਕਰ ਵਿਚ ਨਹੀਂ ਪਈਦਾ ਦੇਵ।' ਕਰਮਜੀਤ ਨੇ ਉਸ ਦੇ ਮੋਢੇ ਤੋਂ ਬਾਂਹ ਵਲ਼ਾ ਲਈ ਤੇ ਫਿਰ ਉਸ ਨੂੰ ਆਪਣੇ ਨਾਲ਼ ਘੁੱਟ ਲਿਆ। ਫਿਰ ਬੋਲੀ, 'ਪੰਮੀ' ਚ ਕੀ ਏ? ਜਿਹੜਾ ਮੇਰੇ ਵਿਚ ਨਹੀਂ?'

ਕਰਮਜੀਤ ਉੱਠ ਕੇ ਦਰਵਾਜ਼ੇ ਦੀ ਕੁੰਡੀ ਲਾ ਆਈ।

ਹਰਬੰਤ ਨੇ ਪੰਜ ਵਜੇ ਡਿਊਟੀ ਤੋਂ ਵਾਪਸ ਆਉਣਾ ਸੀ। ਉਹ ਚਾਰ ਵਜੇ ਉਸ ਦੇ ਘਰੋਂ ਨਿਕਲ਼ਿਆ। ਕਰਮਜੀਤ ਬੋਲੀ, 'ਕਿਸੇ ਨੂੰ ਨਾ ਦੱਸੀਂ ਕਿ ਤੂੰ ਮੇਰੇ ਕੋਲੋਂ ਆਇਆ ਸੀ। ਜਿੰਨੇ ਦਿਨ ਦੋਰਾਹੇ ਹੈਗਾ ਏਂ, ਮੇਰੇ ਕੋਲ਼ ਆਉਂਦਾ ਰਹੀਂ।'

ਦੇਵ ਉਸ ਦੇ ਘਰੋਂ ਬਾਹਰ ਨਿਕਲ਼ਿਆ। ਪਰੇਮ ਦੀ ਦੁਕਾਨ ਤੇ ਜਾਣ ਦੀ ਥਾਂ ਉਹ ਉੱਥੋਂ ਦੋਰਾਹੇ ਲਈ ਪੈਦਲ ਹੀ ਚੱਲ ਪਿਆ। ਉਸ ਦਾ ਮਾਮਾ ਘਨ੍ਹੱਈਆ ਕਿਹਾ ਕਰਦਾ ਸੀ-ਬੁੱਲਿਆ ਦਿਲ ਦਾ ਕੀ ਸਮਝਾਉਣਾ, ਐਧਰੋਂ ਪੁੱਟਣਾ ਉੱਧਰ ਲਾਉਣਾ।' ਦੇਵ ਨੂੰ ਲੱਗਾ ਕਿ ਇਹ ਛੋਟਾ ਜਿਹਾ ਵਾਕ ਕਿੰਨੇ ਡੂੰਘੇ ਅਰਥ ਸਮੋਈ ਬੈਠਾ ਸੀ।

**00**

# ਬਿਆਲ਼ੀ

ਗਿਆਰਵੀਂ ਜਮਾਤ ਵਿਚ ਦਾਖ਼ਲ ਹੋਣ ਮਗਰੋਂ ਵੀ ਦਿਲ ਨੂੰ ਸਮਝਾਉਣ ਤੇ ਪੱਟ ਕੇ ਦੂਜੇ ਥਾਂ ਲਾਉਣ ਦੀ ਗੱਲ ਬਾਰੇ ਦੇਵ ਅਕਸਰ ਸੋਚਦਾ ਰਹਿੰਦਾ। ਉਸ ਨੇ ਬਸ਼ੀਰ ਨਾਲ਼ ਗੱਲ ਕੀਤੀ ਤਾਂ ਉਹ ਹੱਸ ਕੇ ਕਹਿਣ ਲੱਗਾ ਕਿ ਇਹ ਦਿਲ ਵੀ ਧਾਨਾਂ ਦੀ ਪਨੀਰੀ ਵਾਂਗ ਹੀ ਹੁੰਦਾ ਏ। ਜਿੱਥੋਂ ਮਰਜ਼ੀ ਪੁੱਟੋ, ਜਿੱਥੇ ਮਰਜ਼ੀ ਲਾਵੋ। ਦੇਵ ਹੁਣ ਇਸ ਦਿਲ ਨੂੰ ਸਭ ਪਾਸਿਓਂ ਪੁੱਟ ਕੇ ਪੜ੍ਹਾਈ ਵਿਚ ਲਾਉਣਾ ਚਾਹੁੰਦਾ ਸੀ। ਖੋਜੇ ਮਾਸਟਰ ਅਮਰ ਸਿੰਘ ਨੂੰ ਉਸ ਨੇ ਆਪਣਾ ਆਦਰਸ਼ ਮੰਨ ਲਿਆ ਸੀ ਤੇ ਲੱਗਭਗ ਨਿੱਤ ਹੀ ਉਸ ਨੂੰ ਮਿਲਣ ਜਾਇਆ ਕਰਦਾ ਸੀ। ਇਹ ਗੱਲ ਮੁੰਡਿਆਂ ਨੂੰ ਮਗਰੋਂ ਜਾ ਕੇ ਪਤਾ ਲੱਗੀ ਕਿ ਸਕੂਲ ਆਉਂਦੇ ਜਾਂਦੇ ਕੁਦਰਤ ਦੇ ਭੇਤਾਂ ਦੀ ਵਿਗਿਆਨਕ ਦ੍ਰਿਸ਼ਟੀਕੋਣ ਨਾਲ਼ ਵਿਆਖਿਆ ਕਰਨ ਵਾਲ਼ਾ ਅਮਰ ਸਿੰਘ ਐਸ. ਡੀ. ਹਾਈ ਸਕੂਲ ਵਿਚ ਪੀ. ਟੀ. ਜਾਂ ਡੀ. ਪੀ. ਨਹੀਂ ਸਗੋਂ ਸਾਇੰਸ ਮਾਸਟਰ ਲੱਗਾ ਹੋਇਆ ਸੀ। ਉਸ ਨੇ ਬੀ. ਐਸ. ਸੀ. ਬੀ. ਟੀ. ਤੱਕ ਦੀ ਸਿੱਖਿਆ ਹਾਸਲ ਕੀਤੀ ਹੋਈ ਸੀ। ਉਸੇ ਦੀ ਬਦੌਲਤ ਮੁੰਡਿਆਂ ਨੂੰ ਇਹ ਗੱਲ ਸਮਝ ਆਈ ਸੀ ਕਿ ਕੁਦਰਤ ਦਾ ਹਰ ਵਰਤਾਰਾ ਸਾਇੰਸ ਦੇ ਨਿਯਮਾਂ ਦਾ ਗੁਲਾਮ ਹੈ। ਟੂਣੇ-ਟਾਮਣਾ, ਹੱਥ-ਹੌਲ਼ਿਆਂ, ਕਰਾਮਾਤਾਂ ਜਾਂ ਜੋਤਸ਼ੀਆਂ ਦੇ ਅਟਕਲਪਚੂਆਂ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੁੰਦਾ। ਇਸ ਲਈ ਸਭ ਝੂਠ ਹਨ ਤੇ ਸ਼ਾਤਰ ਬੰਦਿਆਂ ਨੇ ਦੂਜਿਆਂ ਦੀ ਲੁੱਟ-ਖਸੁੱਟ ਕਰਨ ਲਈ ਬੇਬੁਨਿਆਦ ਜਾਲ਼ ਵਿਛਾਏ ਹੋਏ ਹਨ। ਹੱਥ ਦੀਆਂ ਲਕੀਰਾਂ ਦਾ ਕਿਸੇ ਦੀ ਕਿਸਮਤ ਨਾਲ਼ ਕੋਈ ਸੰਬੰਧ ਨਹੀਂ। ਮੰਤਰ ਉਚਾਰਣ ਨਾਲ਼, ਉਪਾਵਾਂ ਨਾਲ਼ ਜਾਂ ਪੂਜਾ-ਪਾਠਾਂ ਨਾਲ਼ ਘਟਨਾਵਾਂ ਨੂੰ ਆਪਣੇ ਹੱਕ ਵਿਚ ਨਹੀਂ ਭੁਗਤਿਆ ਜਾ ਸਕਦਾ। ਗੈਬੀ ਸ਼ਕਤੀ ਨਾਂ ਦੀ ਕੋਈ ਵੀ ਸ਼ੈਅ ਕਿਤੇ ਮੌਜੂਦ ਨਹੀਂ ਹੁੰਦੀ। ਕਿਉਂ? ਤੇ ਕਿਵੇਂ? ਦਾ ਸਵਾਲ ਮੁੰਡਿਆਂ ਦੀ ਸੋਚ ਵਿਚ ਸ਼ਾਮਲ

ਹੋ ਗਿਆ ਸੀ। ਮੁੰਡੇ ਭੇਤ ਵਾਲ਼ੀ ਕੋਈ ਵੀ ਗੱਲ ਦੇਖਦੇ ਤਾਂ ਉਸ ਵਰਤਾਰੇ ਦੀ ਤਹਿ ਤੱਕ ਜਾਣ ਦੀ ਸਿਰਤੋੜ ਕੋਸ਼ਿਸ਼ ਕਰਦੇ। ਮਾਸਟਰ ਅਮਰ ਸਿੰਘ ਨੇ ਘਨੱਈਏ ਨੂੰ ਸਲਾਹ ਦਿੱਤੀ ਕਿ ਮੁੰਡੇ ਨੂੰ ਗਿਆਰਵੀਂ ਜਮਾਤ ਵਿਚ ਸਾਇੰਸ ਵਿਸ਼ੇ ਲੈ ਕੇ ਦੇਵੇ। ਸਾਇੰਸ ਅਤੇ ਗਣਿਤ ਵਿਚ ਦੇਵ ਦੇ ਸ਼ਾਨਦਾਰ ਨੰਬਰ ਦੇਖ ਕੇ ਉਸ ਨੇ ਉਸ ਨੂੰ ਸ਼ਾਬਾਸ਼ ਵੀ ਦਿੱਤੀ ਸੀ ਤੇ ਕਿਹਾ ਸੀ, 'ਬੱਚੂ ਮੈਂ ਗਣਿਤ, ਫਜਿਕਸ ਤੇ ਕਮਿਸਟਰੀ ਬੀ. ਐਸ. ਸੀ. ਤੱਕ ਪੜ੍ਹੇ ਹੋਏ ਨੇ। ਤੈਨੂੰ ਕੋਈ ਵੀ ਪਰਾਬਲਮ ਆਏ ਤਾਂ ਸੌਲਵ ਕਰਨ ਲਈ ਮੈਂ ਹਾਜ਼ਰ ਹਾਂ। ਘੰਟਾ ਦੋ ਘੰਟੇ ਰੋਜ਼ ਮੇਰੇ ਕੋਲ਼ ਪੜ੍ਹ ਕੇ ਜਾਇਆ ਕਰੀਂ।'

ਉਦੋਂ ਕਿਸੇ ਨੂੰ ਪੈਸੇ ਦੇ ਕੇ ਟਿਊਸ਼ਨ ਪੜ੍ਹਨ ਦਾ ਰਿਵਾਜ਼ ਨਹੀਂ ਸੀ ਹੁੰਦਾ। ਅਧਿਆਪਕ ਮੁੰਡਿਆਂ ਨੂੰ ਸਕੂਲ ਸਮੇਂ ਮਗਰੋਂ ਵੀ ਕਿੰਨਾਂ ਕਿੰਨਾਂ ਚਿਰ ਪੜ੍ਹਾਉਂਦੇ ਰਿਹਾ ਕਰਦੇ ਸਨ। ਅਮਰ ਸਿੰਘ ਮਾਸਟਰ ਨੇ ਵੀ ਦੇਵ ਨੂੰ ਮੁਫਤ ਵਿਚ ਪੜ੍ਹਾਉਣ ਦੀ ਆਫ਼ਰ ਦਿੱਤੀ ਸੀ, ਪਰ ਉਸ ਨੂੰ ਉਸ ਤੋਂ ਮੱਦਦ ਲੈਣ ਦੀ ਬਹੁਤੀ ਲੋੜ ਨਾ ਪੈਂਦੀ। ਸਾਇੰਸ ਗਰੁੱਪ ਵਿਚ ਦਾਖ਼ਲਾ ਲਿਆ ਤਾਂ ਸਾਰੇ ਹੀ ਮਾਸਟਰਾਂ ਨੇ ਉਹੀ ਗੱਲ ਆਖੀ ਜੋ ਅਮਰ ਸਿੰਘ ਨੇ ਕਹੀ ਸੀ। ਫਜਿਕਸ ਦੇ ਗੁਰਚਰਨ ਸਿੰਘ ਕਟਾਣੀ, ਕਮਿਸਟਰੀ ਦੇ ਬਰਾੜ ਸਾਹਬ ਤੇ ਗਣਿਤ ਦੇ ਬਲਦੇਵ ਸਿੰਘ ਸੈਣੀ ਕਹਿੰਦੇ-ਕਹਾਉਂਦੇ ਟੀਚਰ ਸਨ, ਜਿਨ੍ਹਾਂ ਨੂੰ ਯਾਦ ਕਰਕੇ ਦੇਵ ਦਾ ਸਿਰ ਸ਼ਰਧਾ ਨਾਲ਼ ਝੁਕ ਜਾਂਦਾ। ਉਹ ਤਿੰਨੋਂ ਆਪਣੀ ਜਵਾਨੀ ਵਿਚ ਸਨ ਤੇ ਉਤਸ਼ਾਹ ਨਾਲ਼ ਭਰੇ ਪਏ ਸਨ। ਤਿੰਨੋਂ ਜਣੇ ਮੁੰਡਿਆਂ ਨੂੰ ਆਪਣੇ ਦੋਸਤਾਂ ਵਾਂਗ ਹੀ ਡੀਲ ਕਰਦੇ ਸਨ। ਬਲਦੇਵ ਸਿੰਘ ਨੇ ਨਿੱਤ ਹੀ ਉਨ੍ਹਾਂ ਨੂੰ ਛੁੱਟੀ ਮਗਰੋਂ ਰੋਕ ਲੈਣਾ ਤੇ ਆਖਣਾ, 'ਯਾਰੋ ਮੇਰੀ ਮੱਦਦ ਤਾਂ ਕਰੋ। ਤਿੰਨ ਚਾਰ ਸੁਆਲ ਅੜੇ ਪਏ ਨੇ ਰਾਤ ਦੇ।'

ਮੁੰਡਿਆਂ ਨੇ ਚਾਮ੍ਹਲ ਜਾਣਾ ਤੇ ਪੁੱਛਣਾ, 'ਦੱਸੋ ਜੀ ਦੱਸੋ, ਕੱਢ ਮਾਰਾਂਗੇ।'

'ਲਉ ਬਈ ਕਰੋ ਹੱਥ ਅਜ਼ਮਾਈ। ਮੈਂ ਗੁਲਾਬ ਜਾਮਣਾ ਮੰਗਵਾਉਂਦਾ ਏਂ ਤੁਹਾਡੇ ਲਈ।'

ਸਵਾਲ ਨਿਕਲ਼ ਜਾਣਾ ਤਾਂ ਉਨ੍ਹਾਂ ਨੇ ਕਹਿਣਾ, 'ਲਓ ਯਾਰ, ਤੁਸੀਂ ਤਾਂ ਘੁੱਗੀ ਨੀ ਖੰਘਣ ਦਿੱਤੀ। ਇਹ ਸਵਾਲ ਕੱਢਣ ਲਈ ਤਾਂ ਮੈਂ ਰਾਤ ਦੋ ਘੰਟੇ ਖੌਝਲ਼ਦਾ ਰਿਹਾ।'

ਇਸ ਗੱਲ ਦੀ ਤਾਂ ਮੁੰਡਿਆਂ ਨੂੰ ਬਾਅਦ ਵਿਚ ਸੋਝੀ ਆਈ ਕਿ ਬਲਦੇਵ ਸਿੰਘ ਤਾਂ ਸਭ ਕੁਝ ਜਾਣਦੇ ਹੋਏ ਮੁੰਡਿਆਂ ਦਾ ਹੌਸਲਾ ਵਧਾਉਣ ਲਈ ਅਜਿਹਾ ਟਰਿੱਕ ਖੇਡਿਆ ਕਰਦੇ ਸਨ। ਆਪ ਉਹ ਗੁਲਾਬ ਜਾਮਣਾ ਖਾਣ ਦੇ ਸ਼ੌਕੀਨ ਸਨ ਤੇ ਦੂਜਿਆਂ ਨੂੰ ਖੁਆ ਕੇ ਖੁਸ਼ ਹੋਇਆ ਕਰਦੇ ਸਨ।

ਇਸੇ ਜਮਾਤ ਵਿਚ ਫਤਹਿਪੁਰ ਪਿੰਡ ਦੇ ਉਜਾਗਰ ਨਾਲ਼ ਦੇਵ ਦੀ ਦੋਸਤੀ ਹੋ ਗਈ। ਗਣਿਤ ਵਿਚ ਉਹ ਬਹੁਤ ਹੁਸ਼ਿਆਰ ਸੀ। ਉਸ ਦੀ ਅੰਗਰੇਜ਼ੀ ਵੀ ਦੇਵ ਨਾਲ਼ੋਂ ਚੰਗੀ ਸੀ। ਘਨੱਈਆ ਵੀ ਉਸ ਨੂੰ ਇਹੋ ਨਸੀਹਤ ਕਰਿਆ ਕਰਦਾ ਸੀ ਕਿ ਦੋਸਤੀ ਆਪ ਤੋਂ ਹੁਸ਼ਿਆਰ ਮੁੰਡੇ ਨਾਲ਼ ਪਾਓ। ਨਾਲ਼ ਜੁੜਿਆ ਮਾੜਾ ਢੱਗਾ ਤਾਂ ਦੂਜੇ ਨੂੰ ਵੀ ਲੈ ਬਹਿੰਦਾ ਹੈ। ਉਜਾਗਰ ਦਾ ਪਿੰਡ ਬੇਟ ਇਲਾਕੇ ਦਾ ਪਛੜਿਆ ਪਿੰਡ ਸੀ। ਪਿੰਡ ਤੱਕ ਜਾਣ ਵਾਲ਼ੀ ਕੱਚੀ ਸੜਕ ਵੀ ਪਾਣੀ ਅਤੇ ਗਾਰੇ ਨਾਲ਼ ਭਰੀ ਹੁੰਦੀ ਸੀ। ਉਧਰਲੇ ਸਾਰੇ ਮੁੰਡੇ ਪੈਦਲ ਆਇਆ ਕਰਦੇ

ਸਨ ਤੇ ਚਮਕੌਰ ਦੇ ਪੁਲ਼ ਉੱਤੇ ਪੁੱਜ ਕੇ ਪੈਰ ਅਤੇ ਲੱਤਾਂ ਧੋ ਕੇ ਆਪਣੇ ਪਜਾਮੇਂ ਤੇ ਜੁੱਤੀਆਂ ਪਾਇਆ ਕਰਦੇ ਸਨ। ਉਜਾਗਰ ਦਾ ਪਿਓ ਬਿਲਕੁਲ ਅਨਪੜ੍ਹ ਸੀ। ਇਕ ਵਾਰੀ ਉਨ੍ਹਾਂ ਦੀ ਅੰਗਰੇਜ਼ੀ ਦੀ ਕਲਾਸ ਲੱਗੀ ਹੋਈ ਸੀ ਕਿ ਉਹਦਾ ਬਾਪੂ ਪਿਛਲੇ ਦਰਵਾਜ਼ੇ ਰਾਹੀਂ ਕਲਾਸ ਅੰਦਰ ਆ ਵੜਿਆ ਤੇ ਹਾਕ ਮਾਰੀ, 'ਉਇ ਜਾਗਰਾ... ਕਿੱਥੇ ਹੈਗਾ ਏਂ ਤੂੰ?'

ਸਾਰੇ ਮੁੰਡੇ ਹੱਸ ਪਏ। ਮਾਸਟਰ ਵਰਿੰਦਰ ਸਿੰਘ ਨੇ ਉਜਾਗਰ ਨੂੰ ਬਾਹਰ ਭੇਜ ਦਿੱਤਾ ਤੇ ਮੁੰਡਿਆਂ ਨੂੰ ਝਾੜ ਪਾਈ, ਜਿਹੜੇ ਖਿੜ-ਖਿੜ ਕਰ ਕੇ ਹੱਸ ਪਏ ਸਨ, 'ਆਪਣੇ ਮਾਪਿਆਂ ਦੀ ਇੱਜ਼ਤ ਕਰਨੀ ਸਿੱਖੋ। ਇੱਥੋਂ ਤੱਕ ਇਨ੍ਹਾਂ ਨੇ ਹੀ ਪੁਚਾਇਆ ਏ ਤੁਹਾਨੂੰ। ਸਕੂਲ ਵਿਚ ਆ ਕੇ ਕਿਵੇਂ ਮਿਲੀਦਾ ਏ, ਇੰਨ੍ਹਾਂ ਨੂੰ ਤੁਸੀਂ ਹੀ ਦੱਸਣਾ ਏਂ। ਕਿਸੇ ਦਾ ਮਜ਼ਾਕ ਉਡਾਉਣਾ ਚੰਗੀ ਗੱਲ ਨਹੀਂ।'

ਬਸ਼ੀਰ ਨੇ ਆਰਟਸ ਗਰੁੱਪ ਲੈ ਲਿਆ ਸੀ, ਪਰ ਰਾਤ ਵੇਲੇ ਦੋਨੋਂ ਇਕੱਠੇ ਹੀ ਪੜ੍ਹਦੇ ਹੁੰਦੇ ਸਨ। ਜਿਸ ਦਿਨ ਛੁੱਟੀ ਹੁੰਦੀ ਉਨ੍ਹਾਂ ਵਿਚ ਉਜਾਗਰ ਵੀ ਸ਼ਾਮਲ ਹੋ ਜਾਂਦਾ। ਉਹ ਸੂਏ ਦੇ ਕੰਢੇ ਜਾ ਬੈਠਦੇ। ਕੁੰਡੀ ਦੇ ਸਿਰੇ ਤੇ ਪੂੰਗ ਫਸਾ ਕੇ, ਲਾਗੇ ਹੀ ਡੋਰ ਨੂੰ ਇਕ ਨਿੱਕਾ ਕਾਨਾ ਬੰਨ੍ਹ ਕੇ ਪਾਣੀ ਵਿਚ ਸੁੱਟ ਦਿੰਦੇ ਤੇ ਪੜ੍ਹਦੇ ਰਹਿੰਦੇ। ਕੋਈ ਮੱਛੀ ਫਸਦੀ ਤਾਂ ਬਾਹਰ ਖਿੱਚ ਲੈਂਦੇ। ਚਾਕੂ ਨਾਲ਼ ਉਸ ਨੂੰ ਸਾਫ ਕਰ ਲੈਂਦੇ ਤੇ ਝੂੰਡ ਨੂੰ ਅੱਗ ਲਾ ਕੇ ਭੁੰਨਦੇ ਤੇ ਲੂਣ ਭੁੱਕ ਕੇ ਖਾ ਲੈਂਦੇ।

ਇਕ ਸਵੇਰ ਹਰੀਵੰਸ਼ ਪਿੰਡ ਆਇਆ ਤੇ ਦੱਸਿਆ ਕਿ ਉਹ ਪਟਿਆਲੇ ਤੋਂ ਆ ਰਿਹਾ ਸੀ। ਘਨ੍ਹੱਈਆ ਹੈਰਾਨ ਹੋ ਕੇ ਬੋਲਿਆ, 'ਪਟਿਆਲ਼ੇ ਤੋਂ? ਉੱਥੇ ਕੀ ਕਰਨ ਗਿਆ ਸੀ?'

'ਮੈਂ ਉੱਥੇ ਲਾਹੌਰੀ ਦਰਵਾਜ਼ੇ ਦੇ ਅੰਦਰ ਰੇਡਿਓ ਰਿਪੇਅਰਿੰਗ ਦੀ ਦੁਕਾਨ ਖੋਲ੍ਹ ਲਈ ਏ।' ਉਹ ਬੋਲਿਆ।

'ਦੁਕਾਨ ਖੋਹਲ ਲਈ? ਹੱਦ ਹੋ ਗਈ। ਪਤਾ ਤਾਂ ਲੱਗਿਆ ਨੀ। ਤੂੰ ਤਾਂ ਆਗਰੇ ਪੜ੍ਹਦਾ ਸੀ। ਆਗਰੇ ਵਾਲ਼ੀ ਦੁਕਾਨ ਦਾ ਤਾਂ ਦੱਸਿਆ ਸੀ ਰਾਮ ਸਿੰਘ ਨੇ.... ਇਹ ਕੀ ਕਰ ਰਹੇ ਹੋ ਤੁਸੀਂ?'

'ਮਾਮਾ ਪਟਿਆਲ਼ੇ ਦੁਕਾਨ ਕੀਤੀ ਨੂੰ ਤਾਂ ਚਾਰ ਮਹੀਨੇ ਹੋ ਗਏ। ਪੜ੍ਹਾਈ ਤਾਂ ਹੁਣ ਪ੍ਰਾਈਵੇਟ ਹੀ ਪੂਰੀ ਕਰਾਂਗਾ।'

'ਬੱਲੇ ਉਇ ਪੁੱਤਰੋ। ਮਾਮੇ ਨੂੰ ਬਿਲਕੁਲ ਮਨਫ਼ੀ ਕਰ ਦਿੱਤਾ ਏ ਆਪਣੇ' ਚੋਂ। ਆਗਰੇ ਸੂਬੇਦਾਰ ਲਖਵੀਰ ਸਿੰਘ ਨਾਲ਼ ਸਾਂਝੀ ਦੁਕਾਨ ਕੀਤੀ ਤਾਂ ਨੀ ਕੋਈ ਭੇਤ ਦਿੱਤਾ। ਰਾਮ ਸਿੰਘ ਨੂੰ ਕਿਹਾ ਕਿ ਸਾਂਝੀਆਂ ਦੁਕਾਨਾਂ ਨਹੀਂ ਪੁੱਗਿਆ ਕਰਦੀਆਂ, ਮਿਲਣ-ਵਰਤਣੋਂ ਵੀ ਜਾਓਗੇ। ਸੁਣ ਕੇ ਦੰਦੀਆਂ ਕੱਢਣ ਲੱਗ ਪਿਆ, ਅਖੇ ਤੈਨੂੰ ਕੀ ਪਤਾ ਏ ਮਾਮਾ। ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰ ਰਿਹਾਂ ਏਂ ਤੂੰ ਤਾਂ। ਇਹ ਗਹਿਣਿਆਂ ਦੀ ਦੁਕਾਨ ਨਹੀਂ ਕਿ ਅਗਲਾ ਹੇਰਾ ਫੇਰੀ ਕਰ ਜੂ। ਕਰੋ ਭਾਈ ਜੋ ਕਰਨਾ ਹੈ। ਮੈਂ ਕੌਣ ਹੁੰਦਾ ਏਂ ਟੋਕਣ ਵਾਲ਼ਾ। ਪਟਿਆਲ਼ੇ ਦੁਕਾਨ ਕਰੀ ਸੀ ਤਾਂ ਮਾਮੇ ਨੂੰ ਮਹੂਰਤ ਉੱਤੇ ਹੀ ਸੱਦ ਲੈਂਦਾ। ਮਾਣ-ਤਾਣ ਦੀ ਭੁੱਖ ਹੁੰਦੀ ਏ ਸਾਲ਼ੀ... ਹੋਰ ਮੈਂ ਕਿਹੜਾ ਕੜ੍ਹੀ ਲੈਣੀ ਏਂ ਵਿੱਚੋਂ।'

'ਮਾਮਾ ਤੂੰ ਗੁੱਸੇ ਨਾ ਹੋ। ਮੈਂ ਸੋਚਿਆ ਕੰਮ ਰਿੜ੍ਹ ਪਵੇ। ਤੈਨੂੰ ਸਰਪਰਾਈਜ਼ ਦਿਆਂਗੇ ।' ਹਰੀਵੰਸ਼ ਬੋਲਿਆ।

'ਮੈਂ ਕਿਹੜੇ ਪਰਾਈਜ਼ ਲੈਣੇ ਆਂ? ਤੁਸੀਂ ਭਾਈ ਹੁਣ ਉਡਾਰੂ ਹੋ ਗਏ। ਤੁਹਾਡੇ ਵਸ ਨਹੀਂ। ਪੰਛੀ ਵੀ ਪੁਰਾਣਾ ਆਲ੍ਹਣਾ ਭੁੱਲ ਹੀ ਜਾਇਆ ਕਰਦੇ ਨੇ। ਮੈਂ ਪਤਾ ਨੀ ਕੀ ਵਿਗਾੜ ਦਿੱਤਾ ਤੁਹਾਡਾ।'

'ਚੱਲ ਹੁਣ ਸਾਹ ਤਾਂ ਲੈ ਲੈਣ ਦੇ ਮਾਰਾਜ੍ਹ ਜੀ। ਆਉਂਦੇ ਨਾਲ਼ ਹੀ ਮਹਾਂ ਭਾਰਤ ਛੇੜ ਲਿਆ।' ਲਲਤਾ ਬੋਲੀ।

'ਮੈਂ ਲੜਾਕਾ ਹਾਂ ਨਾ ਲਲਤਾ। ਇਸੇ ਲਈ ਬੁਰਾ ਲਗਦਾ ਏਂ ਸਾਰਿਆਂ ਨੂੰ।'

ਚਾਹ ਪੀਣ ਮਗਰੋਂ ਘਨ੍ਹੱਈਆ ਕੁਝ ਠੰਡਾ ਹੋਇਆ ਤੇ ਬੋਲਿਆ, 'ਕਿਵੇਂ ਚਲਦੀ ਆ ਹੁਣ ਦੁਕਾਨ ਤੇਰੀ?'

'ਅਜੇ ਤਾਂ ਬੱਸ ਆਈ-ਚਲਾਈ ਏ। ਦੁਕਾਨਾਂ ਹੀ ਬਾਹਲ਼ੀਆਂ ਹੋ ਗਈਆਂ ਮਕੈਨਕੀ ਦੀਆਂ।'

'ਆਗਰੇ ਵਾਲ਼ੀ ਦੁਕਾਨ ਤੇ ਕੌਣ ਹੁੰਦਾ ਏ?'

ਹਰੀਵੰਸ਼ ਨੇ ਆਗਰੇ ਜੋ ਹੋਇਆ ਸੀ, ਮੁੱਢੋਂ ਸਾਰੀ ਕਹਾਣੀ ਬਿਆਨ ਕਰ ਦਿੱਤੀ। ਸਲਾਹਪੁਰ ਪਿੰਡ ਦਾ ਸੂਬੇਦਾਰ ਲਖਵੀਰ ਸਿੰਘ ਮਿਲਟਰੀ' ਚੋਂ ਰਿਟਾਇਰ ਹੋਣ ਮਗਰੋਂ ਆਗਰੇ ਹੀ ਕਿਸੇ ਚੂਨਾ ਫੈਕਟਰੀ ਵਿਚ ਸੁਪਰਵਾਈਜਰ ਲੱਗਾ ਹੋਇਆ ਸੀ। ਉਸ ਦਾ ਸਾਰਾ ਪਰਿਵਾਰ ਮਾਈਥਾਨ ਗੁਰਦੁਆਰੇ ਲਾਗੇ ਇਕ ਵੱਡੀ ਸਾਰੀ ਬਿਲਡਿੰਗ ਦੀ ਦੂਜੀ ਮੰਜ਼ਿਲ ਉੱਤੇ ਕਿਰਾਏ ਤੇ ਰਹਿੰਦਾ ਸੀ। ਸੂਬੇਦਾਰ ਨੇ ਕਿਸੇ ਵੇਲ਼ੇ ਰਾਮ ਸਿੰਘ ਨੂੰ ਨੌਕਰੀ ਦਵਾਉਣ ਵਿਚ ਮੱਦਦ ਕੀਤੀ ਸੀ। ਉਹ ਦਿਲ ਦਾ ਬੜਾ ਚੰਗਾ, ਹਸਮੁਖ ਅਤੇ ਮਿਲਣਸਾਰ ਬੰਦਾ ਸੀ। ਸੂਬੇਦਾਰਨੀ ਕੁਲਜੀਤ ਕੌਰ ਤਾਂ ਉਸ ਨਾਲ਼ੋਂ ਵੀ ਵੱਧ ਮਿੱਠੀ ਅਤੇ ਦਰਿਆ ਦਿਲ ਔਰਤ ਸੀ। ਦੋਨਾਂ ਪਰਿਵਾਰਾਂ ਦਾ ਇਕ ਦੂਜੇ ਦੇ ਘਰੀਂ ਆਮ ਆਉਣ-ਜਾਣ ਸੀ। ਕੋਈ ਘਰ ਆਉਂਦਾ ਤਾਂ ਉਸ ਨੂੰ ਰੋਟੀ ਖੁਆਏ ਬਿਨਾਂ ਮੁੜਨ ਨਾ ਦਿੱਤਾ ਜਾਂਦਾ। ਖ਼ੂਬ ਦਾਲ਼ਾਂ-ਭਾਜੀਆਂ, ਖੀਰ-ਕੜਾਹ ਬਗੈਰਾ ਬਣਾ ਕੇ ਮਹਿਮਾਨ-ਨਿਵਾਜ਼ੀ ਕੀਤੀ ਜਾਂਦੀ। ਸੂਬੇਦਾਰ ਨੂੰ ਸਾਰੇ ਹੀ ਬਾਊ ਜੀ ਆਖਦੇ ਸਨ। ਸੂਬੇਦਾਰ ਨੇ ਰਾਮ ਸਿੰਘ ਨੂੰ ਮਿਲ ਕੇ ਇਕ ਸਕੀਮ ਬਣਾਈ ਕਿ ਸ਼ਹਿਰ ਵਿਚ ਕਿਸੇ ਢੁਕਵੀਂ ਥਾਂ ਤੇ ਰੇਡਿਓ ਮਕੈਨਕੀ ਰਿਪੇਅਰ-ਕਮ-ਟਰੇਨਿੰਗ ਸੈਂਟਰ ਖੋਲ੍ਹਿਆ ਜਾਵੇ। ਰਾਮ ਸਿੰਘ ਸਰਕਾਰੀ ਡਿਊਟੀ ਮਗਰੋਂ ਸ਼ਾਮ ਨੂੰ ਕਲਾਸ ਲਾਵੇ ਤੇ ਰਿਪੇਅਰ ਲਈ ਆਇਆ ਕੰਮ ਵੀ ਕਰੇ। ਰੇਡਿਓ ਦਾ ਜ਼ਮਾਨਾ ਸੀ ਤੇ ਲੋਕ ਧੜਾ-ਧੜ ਰੇਡਿਓ ਅਤੇ ਟਰਾਂਜਿਸਟਰ ਖ਼੍ਰੀਦ ਰਹੇ ਸਨ। ਇਸ ਲਈ ਕੰਮ ਦੇ ਚੱਲ ਨਿਕਲਣ ਦੀ ਪੂਰੀ ਆਸ ਸੀ। ਉਦੋਂ ਹਰੀਵੰਸ਼ ਬੀ. ਏ. ਕਰਨ ਲੱਗ ਪਿਆ ਸੀ ਤੇ ਬਾਊ ਜੀ ਦਾ ਵੱਡਾ ਮੁੰਡਾ ਘੋਲਾ ਬਾਹਰਵੀ' ਚੋਂ ਹਟ ਕੇ ਆਵਾਰਾਗਰਦੀ ਵਿਚ ਪੈ ਗਿਆ ਸੀ। ਸਲਾਹ ਬਣੀ ਕਿ ਹਰੀਵੰਸ਼ ਅਤੇ ਘੋਲਾ ਦੁਕਾਨ ਤੇ ਬੈਠਣ ਅਤੇ ਕੰਮ ਸਿੱਖਣ।

ਉਨ੍ਹਾਂ ਨੇ 'ਘਟੀਆ' ਲਾਗੇ ਮੇਨ ਬਜ਼ਾਰ ਵਿਚ ਸਾਂਝੀ ਕੰਧ ਵਾਲੀਆਂ ਦੋ ਦੁਕਾਨਾਂ ਕਿਰਾਏ ਤੇ ਲੈ ਲਈਆਂ। ਦੁਕਾਨਾਂ ਦੇ ਬਾਹਰ ਇਕ ਲੰਬਾ ਬੋਰਡ ਟੰਗ ਦਿੱਤਾ। ਜਿਸ ਉੱਤੇ

ਲਿਖਿਆ ਹੋਇਆ ਸੀ- 'ਸਟਾਰ ਰੇਡਿਓਜ਼ ਰਿਪੇਅਰਿੰਗ-ਐਂਡ ਟਰੇਨਿੰਗ ਸੈਂਟਰ' । ਹਰੀਵੰਸ਼ ਨੇ ਪੜ੍ਹਾਈ ਛੱਡ ਦਿੱਤੀ ਤੇ ਘੋਲੇ ਨਾਲ਼ ਦੁਕਾਨ ਤੇ ਬੈਠਣ ਲੱਗ ਪਿਆ। ਰਾਮ ਸਿੰਘ ਡਿਊਟੀ ਦੇਣ ਮਗਰੋਂ ਸਿੱਧਾ ਦੁਕਾਨ ਤੇ ਪੁੱਜ ਜਾਂਦਾ ਤੇ ਟਰੇਨਿੰਗ ਲੈਣ ਵਾਲ਼ੇ ਮੁੰਡਿਆਂ ਦੇ ਦੋ ਗਰੁੱਪ ਲਾਉਂਦਾ। ਹਰੀਵੰਸ਼ ਅਤੇ ਘੋਲਾ ਦੋਨੋਂ ਗਰੁੱਪ ਅਟੈਂਡ ਕਰਦੇ। ਦੁਕਾਨ ਤੇ ਜੋ ਕੰਮ ਰਿਪੇਅਰ ਲਈ ਆਉਂਦਾ, ਉਹ ਗਰੁੱਪਾਂ ਦੇ ਪ੍ਰੈਕਟੀਕਲ ਸਮੇਂ ਹੀ ਨਿਪਟਾ ਦਿੱਤਾ ਜਾਂਦਾ। ਕਈ ਵਾਰੀ ਰਾਮ ਸਿੰਘ ਰਾਤ ਨੂੰ ਬਹੁਤ ਲੇਟ ਘਰ ਪਹੁੰਚਦਾ। ਦੁਕਾਨ' ਚੋਂ ਜੋ ਕਮਾਈ ਹੁੰਦੀ, ਜੋ ਫੀਸ ਆਉਂਦੀ ਉਹ ਸਾਰੀ ਦੀ ਸਾਰੀ, ਫਰਨੀਚਰ, ਸਮਾਨ ਖ਼੍ਰੀਦਣ ਤੇ ਦੁਕਾਨ ਦੀ ਰੈਨੋਵੇਸ਼ਨ ਤੇ ਲਾਈ ਜਾਂਦੇ। ਹੌਲ਼ੀ-ਹੌਲ਼ੀ ਹਰੀਵੰਸ਼ ਤੇ ਘੋਲਾ ਵੀ ਦੁਕਾਨਦਾਰੀ' ਚ ਮਾਹਰ ਹੋ ਗਏ। ਉਹ ਰਿਪੇਅਰਿੰਗ ਦੇ ਨਾਲ਼ ਨਾਲ਼ ਨਵੇਂ ਸੈੱਟ ਵੀ ਅਸੈਂਬਲ ਕਰਨ ਲੱਗ ਪਏ। ਸੂਬੇਦਾਰ ਅਕਸਰ ਰਾਮ ਸਿੰਘ ਨੂੰ ਕਹਿੰਦਾ, 'ਰਾਮ ਸਿੰਆਂ ਭਾਈ ਤੂੰ ਦੋ ਸੌ ਰੁਪਏ ਹਰ ਮਹੀਨੇ ਦੁਕਾਨ' ਚੋਂ ਲੈ ਲਿਆ ਕਰ।'

'ਨਹੀਂ ਬਾਊ ਜੀ, ਇਸ ਕੰਮ ਲਈ ਰਾਹ ਤਾਂ ਤੁਸੀਂ ਹੀ ਦਿਖਾਇਆ ਏ। ਦੋ-ਤਿੰਨ ਸਾਲ ਅਜੇ ਕਾਰੋਬਾਰ ਵਧਣ ਦਿਓ। ਫਿਰ ਸਾਰੇ ਜਣੇ ਤਨਖ਼ਾਹ ਲੈਣੀ ਸ਼ੁਰੂ ਕਰ ਦਿਆਂਗੇ । ਮੇਰਾ ਗੁਜ਼ਾਰਾ ਤਾਂ ਆਪਣੀ ਤਨਖ਼ਾਹ ਨਾਲ਼ ਹੀ ਵਧੀਆ ਚੱਲੀ ਜਾਂਦਾ ਏ।'

ਘੋਲੇ ਨੇ ਕੰਮ ਦੀਆਂ ਸਭ ਬਰੀਕੀਆਂ ਸਿੱਖ ਲਈਆਂ ਸਨ ਤੇ ਪੂਰਾ ਮਕੈਨਿਕ ਬਣ ਗਿਆ ਸੀ। ਉਹ ਗਾਹਕ ਦੇ ਰੇਡਿਓ ਜਾਂ ਟਰਾਂਜਿਸਟਰ ਵਿਚ ਚਾਰ ਆਨੇ ਦਾ ਸਮਾਨ ਪਾ ਕੇ ਚਾਰ ਰੁਪਏ ਵਸੂਲ ਕਰ ਲੈਂਦਾ। ਅੰਨ੍ਹੀ ਕਮਾਈ ਹੋਣ ਲੱਗੀ ਸੀ। ਸਮਾਨ ਵੀ ਐਨਾ ਖਰੀਦਿਆ ਜਾਣ ਲੱਗਾ ਕਿ ਸਾਂਭਣਾ ਮੁਸ਼ਕਲ ਹੋ ਗਿਆ। ਘੋਲੇ ਨੇ ਆਪਣੀ ਰਿਹਾਇਸ਼ ਵਾਲ਼ੇ ਮਕਾਨ ਦੇ ਇਕ ਕਮਰੇ ਵਿਚ ਦਸ-ਬਾਰਾਂ ਨਵੇਂ ਅਸੈਂਬਲ ਕੀਤੇ ਰੇਡਿਓ ਸੈੱਟ ਅਤੇ ਕਾਫੀ ਸਮਾਨ ਇਹ ਕਹਿ ਕੇ ਰਖਵਾ ਦਿੱਤਾ ਕਿ ਦੁਕਾਨ ਨੇੜੇ ਹੀ ਤਾਂ ਹੈ, ਲੋੜ ਪੈਣ ਤੇ ਚੁਕਵਾ ਲਿਆ ਕਰਾਂਗੇ। ਬਾਊ ਜੀ ਦਾ ਦੂਜਾ ਮੁੰਡਾ ਤੇਜੀ ਵੀ ਬਾਰਵੀਂ ਕਰ ਕੇ ਦੁਕਾਨ ਉੱਤੇ ਬੈਠਣ ਲੱਗ ਪਿਆ। ਉਹ ਵੀ ਕੰਮ ਦਾ ਟਰੇਂਡ ਹੋ ਗਿਆ ਤਾਂ ਘੋਲਾ ਦੁਕਾਨ ਤੋਂ ਮਿੱਸ ਮਾਰਨ ਲੱਗ ਪਿਆ। ਇਕ ਦਿਨ ਰਾਮ ਸਿੰਘ ਨੇ ਪੁੱਛ ਹੀ ਲਿਆ, 'ਘੋਲੇ, ਕਿੱਥੇ ਰਹਿੰਦਾ ਏਂ ਤੂੰ? ਚਾਰ ਚਾਰ ਦਿਨ ਦੁਕਾਨ ਵਿਚ ਹੀ ਨਹੀਂ ਵੜਦਾ।'

'ਵੀਰ ਜੀ, ਅਸਲ ਗੱਲ ਏ ਕਿ ਮੇਰਾ ਇਸ ਕੰਮ ਤੋਂ ਜੀਅ ਭਰ ਗਿਆ ਏ। ਮੈਂ ਤਾਂ ਇਲੈਕਟ੍ਰੋਨਿਕਸ ਦੇ ਸਪੇਅਰ ਪਾਰਟਸ ਦੀ ਦੁਕਾਨ ਕਰਨਾ ਚਾਹੁੰਦਾ ਹਾਂ।'

'ਬਾਊ ਜੀ ਨਾਲ਼ ਗੱਲ ਕੀਤੀ?'

'ਨਹੀਂ, ਉਨ੍ਹਾਂ ਨਾਲ਼ ਗੱਲ ਕਰਨ ਦੀ ਮੈਂ ਜ਼ਰੂਰਤ ਨ੍ਹੀ ਸਮਝਦਾ। ਤੁਸੀਂ ਵੀ ਨਾ ਕਰਿਓ।'

ਰਾਮ ਸਿੰਘ ਚੁੱਪ ਕਰ ਗਿਆ। ਇਹ ਗੱਲ ਹਰੀਵੰਸ਼ ਨੇ ਹੀ ਇਕ ਦਿਨ ਰਾਮ ਸਿੰਘ ਨੂੰ ਦੱਸੀ ਕਿ ਦੁਕਾਨ ਵਿੱਚੋਂ ਸਮਾਨ ਚੋਰੀ ਹੋ ਰਿਹਾ ਸੀ। ਦਰਅਸਲ ਘੋਲੇ ਨੇ ਆਗਰਾ ਕੈਂਟ ਵਿਚ ਇਕ ਬਹੁਤ ਵੱਡੀ ਦੁਕਾਨ ਖ਼੍ਰੀਦ ਲਈ ਸੀ, ਜਿਸ ਦਾ ਉਸ ਨੇ ਰਾਮ ਸਿੰਘ ਤੇ ਹਰੀਵੰਸ਼ ਤੋਂ ਓਹਲਾ ਰੱਖਿਆ ਸੀ। ਉਸ ਦੁਕਾਨ ਦੀ ਘੋਖ ਵੀ ਹਰੀਵੰਸ਼ ਨੇ ਹੀ ਕੱਢੀ ਸੀ। ਇਕ ਦਿਨ

ਰਾਮ ਸਿੰਘ ਅਤੇ ਹਰੀਵੰਸ਼ ਨੇ ਘੋਲੇ ਨੂੰ ਦੁਕਾਨ ਵਿਚ ਸਮਾਨ ਪੁਜਾਉਂਦਿਆਂ ਰੰਗੇ ਹੱਥੀਂ ਫੜ ਲਿਆ ਸੀ। ਉਸ ਨੇ ਸਮਾਨ ਨਾਲ਼ ਭਰਿਆ ਬਕਸਾ ਦੁਕਾਨ ਵਿਚ ਲੈ ਜਾ ਕੇ ਰੱਖਿਆ ਹੀ ਸੀ ਕਿ ਉਹ ਦੋਨੋਂ ਵੀ ਉੱਥੇ ਪਹੁੰਚ ਗਏ।

'ਇਸ ਬਕਸੇ ਵਿਚ ਕੀ ਏ ਘੋਲੇ?' ਰਾਮ ਸਿੰਘ ਨੇ ਪੁੱਛਿਆ।

'ਵੀਰ ਜੀ, ਮੈਂ ਇਲੈਕਟ੍ਰੋਨਿਕਸ ਦੇ ਸਮਾਨ ਦੀ ਦੁਕਾਨ ਕਰ ਲਈ ਏ। ਹੁਣ ਤੇਜੀ ਹੀ ਸਟਾਰ ਰੇਡਿਓਜ਼ ਤੇ ਕੰਮ ਕਰੇਗਾ।'

'ਪਰ ਇਸ ਬਕਸੇ ਵਿਚ ਕੀ ਏ? ਦਿਖਾ ਤਾਂ ਸਹੀ।'

'ਇਹ ਮੇਰਾ ਪਰਸਨਲ ਏ ਵੀਰ ਜੀ।'

'ਪਰਸਨਲ ਕੀ ਹੁੰਦਾ ਏ? ਦਿਖਾ ਮੈਨੂੰ।' ਰਾਮ ਸਿੰਘ ਸਖ਼ਤੀ ਨਾਲ਼ ਬੋਲਿਆ।

'ਜੇ ਨਾ ਦਿਖਾਵਾਂ ਤਾਂ ਕੀ ਕਰ ਲਵੋਗੇ?'

ਰਾਮ ਸਿੰਘ ਨੇ ਦੁਕਾਨ ਦੀਆਂ ਸ਼ੈਲਫਾਂ ਤੇ ਪਏ ਸਮਾਨ ਵੱਲ ਨਿਗਾਹ ਘੁਮਾਈ ਤੇ ਕਿਹਾ, 'ਆਹ, ਸਾਰਾ ਸਮਾਨ ਵੀ 'ਸਟਾਰ ਰੇਡਿਓਜ਼' ਤੋਂ ਆਇਆ ਏ।'

'ਹਾਂ, ਆਇਆ ਏ। ਮੈਂ ਕਿਹੜਾ ਮੁੱਕਰਦਾ ਹਾਂ। ਐਨੀ ਦੇਰ ਕੰਮ ਕੀਤਾ ਏ। ਸਮਾਨ ਲੈਣ ਦਾ ਮੇਰਾ ਹੱਕ ਬਣਦਾ ਏ।'

'ਅਸੀਂ ਵੀ ਦੋ ਬੰਦਿਆਂ ਨੇ ਕੰਮ ਕੀਤਾ ਏ। ਕੋਈ ਪਾਈ ਨੀ ਲਈ ਕਦੀ। ਤੂੰ ਬਾਊ ਜੀ ਨਾਲ਼ ਗੱਲ ਕੀਤੀ?'

'ਮੈਨੂੰ ਕਿਸੇ ਨਾਲ਼ ਗੱਲ ਕਰਨ ਦੀ ਕੋਈ ਲੋੜ ਨਹੀਂ।'

'ਜਿਹੜਾ ਸਮਾਨ ਤੂੰ ਆਪਣੇ ਕਮਰੇ ਵਿਚ ਰੱਖਿਆ ਸੀ, ਉਹ?'

'ਉਹ ਮੈਂ ਲੈ ਲਿਆ, ਆਪਣੇ ਹਿੱਸੇ ਵਜੋਂ। ਮੈਂ ਹੁਣ ਨਾ ਕੁਝ ਤੁਹਾਥੋਂ ਲੈਣਾ ਏਂ ਤੇ ਨਾ ਹੀ ਦੇਣਾ ਏਂ।'

'ਇਹ ਤੇਰਾ ਦੁਕਾਨ ਵੰਡਣ ਦਾ ਤਰੀਕਾ ਬੜਾ ਵਧੀਆ ਏ ਬਈ। ਤੁਸੀਂ ਮੇਰੇ ਨਾਲ਼ ਐਨਾ ਵੱਡਾ ਧੋਖਾ ਕਰੋਗੇ ਕਦੀ ਸੋਚਿਆ ਨਹੀਂ ਸੀ।'

ਰਾਮ ਸਿੰਘ ਸੂਬੇਦਾਰ ਲਖਵੀਰ ਸਿੰਘ ਨੂੰ ਮਿਲਿਆ ਤਾਂ ਉਹ ਬੋਲਿਆ, 'ਰਾਮ ਸਿਆਂ ਭਾਈ ਉਹ ਤਾਂ ਮੈਥੋਂ ਬਾਗੀ ਹੋ ਗਿਆ ਏ। ਮੇਰੀ ਕਿਹੜਾ ਮੰਨਦਾ ਏ।'

'ਉਸ ਨੇ ਦੁਕਾਨ ਤਾਂ ਪੂਰੀ ਭਰ ਲਈ। ਤੁਸੀਂ ਮੇਰੇ ਨਾਲ਼ ਗੱਲ ਹੀ ਨੀ ਕੀਤੀ। ਤੁਹਾਡੀ ਦੁਕਾਨ ਬਣ ਗਈ ਏ। 'ਸਟਾਰ ਰੇਡਿਓਜ਼' ਮੇਰੇ ਲਈ ਛੱਡ ਦਿਓ।' ਰਾਮ ਸਿੰਘ ਨੇ ਕਿਹਾ।

'ਤੇਜ਼ੀ ਤੋਂ ਬਿਨਾਂ ਮੇਰਾ ਇਕ ਮੁੰਡਾ ਹੋਰ ਏ ਰਾਮ ਸਿੰਘ। ਘੋਲਾ ਤਾਂ ਕਿਸੇ ਨੂੰ ਕੋਲ਼ ਨੀ ਰੱਖਣ ਵਾਲ਼ਾ। ਮੈਂ ਅੱਜ ਬੱਚਿਆਂ ਲਈ ਕੁਝ ਕਰਾਂਗਾ, ਤਾਂ ਕੱਲ੍ਹ ਮੈਨੂੰ ਰੋਟੀ ਦੇਣਗੇ। ਜੇ ਅਸੀਂ ਦੁਕਾਨ ਛੱਡ ਦਿੱਤੀ ਤਾ ਉਹ ਤਾਂ ਡੰਡੇ ਵਜਾਉਣ ਜੋਗੇ ਹੀ ਰਹਿ ਜਾਣਗੇ।'

'ਤਾਂ ਕੀ ਮੇਰਾ ਭਰਾ ਹੁਣ ਡੰਡੇ ਵਜਾਵੇ?' ਰਾਮ ਸਿੰਘ ਬੋਲਿਆ ਤਾਂ ਬਾਊ ਜੀ ਨੇ ਸਿਰ ਝੁਕਾ ਲਿਆ। ਉਸ ਵੱਲ ਦੇਖਿਆ ਹੀ ਨਾ।

ਦੋਨਾਂ ਦੁਕਾਨਾਂ ਦਾ ਕਿਰਾਇਆ ਅਤੇ ਲਿਖਤ-ਪੜਤ ਬਾਊ ਜੀ ਦੇ ਨਾਂ ਤੇ ਹੀ ਚਲਦੀ

ਸੀ। ਉਨ੍ਹਾਂ ਸਾਫ਼ ਜਵਾਬ ਦਿੰਦਿਆਂ ਕਿਹਾ, 'ਸਮਾਨ ਜੋ ਲੈਣਾ ਏ ਲੈ ਜਾਓ ਤੁਸੀਂ। ਦੁਕਾਨ ਤਾਂ ਹੁਣ ਅੱਸੀਂ ਛੱਡ ਨਹੀਂ ਸਕਦੇ।'

ਉੱਥੋਂ ਜਿੰਨਾਂ ਕੁ ਸਮਾਨ ਮਿਲਿਆ ਰਾਮ ਸਿੰਘ ਅਤੇ ਹਰੀਵੰਸ਼ ਨੇ ਰੇੜ੍ਹਿਆਂ ਉੱਤੇ ਬਲਕੇਸ਼ਵਰ ਕਾਲੋਨੀ ਦੇ ਨਵੇਂ ਲਏ ਕਵਾਟਰ ਵਿਚ ਢੁਆ ਲਿਆ। ਮਗਰੋਂ ਉਹੀ ਸਮਾਨ ਪਟਿਆਲ਼ੇ ਸ਼ੁਰੂ ਕੀਤੀ 'ਨਾਰਦਰਨ ਰੇਡਿਓਜ਼' ਵਾਲ਼ੀ ਦੁਕਾਨ ਵਿਚ ਪਹੁੰਚ ਗਿਆ। ਰਾਮ ਸਿੰਘ ਨੂੰ ਇਸ ਗੱਲ ਦਾ ਐਨਾ ਸਦਮਾ ਹੋਇਆ ਕਿ ਉਹ ਆਪਣੇ ਦਫ਼ਤਰੋਂ ਛੁੱਟੀ ਲੈਕੇ ਮਹੀਨਾ ਭਰ ਘਰ ਪਿਆ ਰਿਹਾ। ਮੁੜ ਉਨ੍ਹਾਂ ਕਦੀ 'ਸਟਾਰ ਰੇਡਿਓਜ਼' ਵੱਲ ਮੂੰਹ ਵੀ ਨਾ ਕੀਤਾ।

**00**

# ਤਰਤਾਲ਼ੀ

ਹਰੀਵੰਸ਼ ਨੂੰ ਪਟਿਆਲ਼ੇ ਦੁਕਾਨ ਕਰਦੇ ਨੂੰ ਚਾਰ ਮਹੀਨੇ ਹੋ ਗਏ ਸਨ। ਉਸ ਦੀਆਂ ਗੱਲਾਂ-ਬਾਤਾਂ ਤੋਂ ਲਗਦਾ ਸੀ ਕਿ ਕੰਮ-ਕਾਰ ਉੱਥੇ ਨਾ ਮਾਤਰ ਹੀ ਸੀ। ਦੁਕਾਨਾਂ ਦੀ ਆਪਸੀ ਮੁਕਾਬਲੇਬਾਜ਼ੀ ਕਮਾਈ ਨੂੰ ਚੱਟਮ ਕਰ ਜਾਂਦੀ ਸੀ। ਘਨ੍ਹੱਈਏ ਨੇ ਉਸ ਨੂੰ ਪੁੱਛਿਆ, 'ਉੱਥੇ ਫੇਰ ਤੇਰਾ ਰੋਟੀ ਪਾਣੀ?'

'ਰੋਟੀ-ਪਾਣੀ ਹੋਟਲ ਤੇ। ਦੁਕਾਨ ਦੇ ਨਾਲ਼ ਹੀ ਇਕ ਕਮਰਾ ਏ। ਉੱਥੇ ਸੌਂ ਜਾਈਦਾ ਏ।'

'ਭਲਿਆ ਮਾਣਸਾ ਤੂੰ ਇੱਕ ਅੱਧ ਚੱਕਰ ਤਾਂ ਲਾ ਜਾਂਦਾ ਸਲਾਹਪੁਰ। ਤਿੰਨ ਪੈਸੇ ਦਾ ਕਾਟ ਵੀ ਨਾ ਪਾ ਹੋਇਆ ਤੈਥੋਂ? ਅਜੇ ਤਾਂ ਤੇਰਾ ਵਿਆਹ ਨੀ ਹੋਇਆ। ਜਿੱਦਣ ਹੋ ਗਿਆ, ਤੂੰ ਤਾਂ ਮੂੰਹ ਦਿਖਾਉਣੋਂ ਹੀ ਜਾਏਂਗਾ।'

ਵਿਆਹ ਦੀ ਗੱਲ ਦੇਵ ਨਾਲ਼ ਉਸ ਨੇ ਰਾਤ ਨੂੰ ਕੀਤੀ। ਉਹ ਡੰਗਰਾਂ ਵਾਲ਼ੇ ਕੋਠੇ ਦੇਵ ਅਤੇ ਬਸ਼ੀਰ ਕੋਲ਼ ਹੀ ਸੁੱਤਾ ਸੀ। ਉਹ ਬੋਲਿਆ, 'ਵਿਆਹ ਤਾਂ ਦੇਵ ਮੈਂ ਪਟਿਆਲੇ ਹੀ ਕਰਵਾ ਲੈਣਾ ਏਂ।'

'ਪਟਿਆਲ਼ੇ ਕੀਹਦੇ ਨਾਲ਼?'

ਪਹਿਲਾਂ ਉਹ ਥੋੜ੍ਹਾ ਝਿਝਕਿਆ ਫਿਰ ਦੱਸਣ ਲੱਗ ਪਿਆ। ਐਫ. ਸੀ. ਆਈ. ' ਚ ਇਕ ਕੁਆਲਟੀ ਇੰਸਪੈਕਟਰ ਏ ਉਹਦੀ ਕੁੜੀ ਏ ਦਸਵੀਂ ਪਾਸ।'

'ਜਾਤ ਕੀ ਏ?'

'ਆਪਣੀ ਹੀ ਜਾਤ ਦੀ ਏ। ਤੂੰ ਮਾਮੇ ਨੂੰ ਦੱਸ ਦੇਵੀਂ। ਉਹ ਵੀ ਕੋਈ ਕੁੜੀ ਦੇਖੀ ਫਿਰਦਾ ਏ ਆਪਣੀ ਰਿਸ਼ਤੇਦਾਰੀ ਵਿਚ।'

'ਤੂੰ ਹੀ ਦੱਸ ਦੇ। ਮੈਥੋਂ ਨੀ ਇਹ ਗੱਲ ਦੱਸੀ ਜਾਣੀ। ਤੂੰ ਤਾਂ ਮਾਮੇ ਤੋਂ ਕੁੱਟ ਖਾਣੀ ਹੀ ਖਾਣੀ ਆ, ਮੇਰੇ ਵੀ ਪੁਆਏਂਗਾ।'

'ਐਵੀਂ ਕੁੱਟੂ ਉਹ? ਹੁਣ ਆਪਾਂ ਕੋਈ ਦੁੱਧ ਚੁੰਘਦੇ ਬੱਚੇ ਹਾਂ? ਤੂੰ ਬੇਬੇ ਨੂੰ ਦੱਸ ਦੇਵੀਂ।'

ਭਾਗਵੰਤੀ ਕੁਝ ਦਿਨ ਪਹਿਲਾਂ ਹੀ ਆਗਰੇ ਤੋਂ ਵਾਪਸ ਆਈ ਸੀ। ਉਹ ਘਨੁੱਈਏ ਨੂੰ ਕਹਿੰਦੀ ਰਹੀ ਸੀ ਕਿ ਕੋਈ ਕੁੜੀ ਦੇਖ ਕੇ ਹਰੀਵੰਸ਼ ਦਾ ਵਿਆਹ ਕਰੋ। ਘਨੁੱਈਏ ਨੇ ਹੀ ਕਿਸੇ ਕੁੜੀ ਬਾਰੇ ਉਸ ਨੂੰ ਦੱਸਿਆ ਸੀ। ਦੇਵ ਨੇ ਉਸ ਨੂੰ ਹਰੀਵੰਸ਼ ਵਾਲ਼ੀ ਗੱਲ ਦੱਸੀ ਤਾਂ ਉਹ ਘਬਰਾ ਗਈ। ਉਹ ਬੋਲੀ, 'ਐਂ ਕਿਵੇਂ ਹੋ ਜੂ ਵਿਆਹ? ਪੁੱਠੇ ਜ਼ਮਾਨੇ ਆ ਗਏ।'

ਫੇਰ ਉਹ ਹਰੀਵੰਸ਼ ਨੂੰ ਪੁੱਛਣ ਲੱਗੀ, 'ਕੌਣ ਏਂ ਉਹ? ਐਂ ਕਿਵੇਂ ਕਰ ਲੇਂਗਾ ਵਿਆਹ? ਵਿਚ ਕੋਈ ਵਿਚੋਲਾ ਹੋਵੇ, ਭੇਤੀ ਬੰਦਾ ਹੋਵੇ। ਗੋਤ ਕੀ ਏ? ਅੱਗਾ-ਪਿੱਛਾ ਕਿੱਥੋਂ ਦਾ ਏ? ਵਡਾਰੂ ਕੋਈ ਕਮਲ਼ੇ ਨਹੀਂ ਸੀ ਜਿਹੜੇ ਹਰ ਗੱਲ ਦੀ ਸੂਹ ਲੈਣ ਮਗਰੋਂ ਰਿਸ਼ਤੇ ਦੀ ਗੱਲ ਤੋਰਦੇ ਸੀ।'

ਹਰੀ ਵੰਸ਼ ਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਕੁਝ ਨਹੀਂ ਸੀ। ਭਾਗਵੰਤੀ ਨੇ ਘਨੁੱਈਏ ਨੂੰ ਦੱਸ ਦਿੱਤਾ। ਉਹ ਬੋਲਿਆ, 'ਗਲਤ ਗੱਲ ਏ। ਜਦ ਮੈਂ ਉਹਨੂੰ ਦੱਸ ਦਿੱਤਾ, ਬਈ ਕੁੜੀ ਦੇਖੀ ਹੋਈ ਏ। ਕੁੜੀ ਦੇ ਪਿਓ ਨੂੰ ਹਾਂ ਵੀ ਕੀਤੀ ਹੋਈ ਏ, ਫੇਰ ਇਹ ਕਿਹੜੀਆਂ ਗੱਲਾਂ ਕਰਦਾ ਏ? ਦਸ ਪੜ੍ਹੀ ਤਾਂ ਆਉਂਦੀ ਹੀ ਇਹਦੀ ਪਿੱਠ ਤੇ ਸਵਾਰ ਹੋ ਜੂ। ਭਾਗਵੰਤੀ ਹੁਣ ਮੇਰਾ ਨੱਕ ਨਾ ਵਢਾਇਓ। ਮੈਂ ਵਚਨ ਦੇ ਦਿੱਤਾ ਏ ਲਾਹੌਰੀ ਰਾਮ ਨੂੰ। ਸ਼ਾਨਦਾਰ ਵਿਆਹ ਕਰੂ ਉਹ।'

ਭਾਗਵੰਤੀ ਨੇ ਹਰੀਵੰਸ਼ ਨੂੰ ਦੱਸਿਆ ਤਾਂ ਉਹ ਬੋਲਿਆ, 'ਵਿਆਹ ਮੈਂ ਕਰਾਉਣਾ ਏ ਂ ਕਿ ਮਾਮੇ ਨੇ? ਕਹਿਦੇ ਉਹਨੂੰ ਵਿਆਹ ਪਟਿਆਲ਼ੇ ਹੀ ਹੋਊ। ਦੁਨੀਆਂ ਐਧਰ ਤੋਂ ਉੱਧਰ ਹੋ ਸਕਦੀ ਏ ਪਰ ਹਰੀਵੰਸ਼ ਸਿੰਘ ਦੀ ਬਰਾਤ ਪਟਿਆਲ਼ੇ ਹੀ ਜਾਏਗੀ।'

ਘਨੁੱਈਏ ਦਾ ਮਨ ਇਹ ਗੱਲ ਜਾਣ ਕੇ ਹੋਰ ਵੀ ਖ਼ਰਾਬ ਹੋ ਗਿਆ ਕਿ ਕੁੜੀ ਹੋਰ ਨਹੀਂ ਜਿੰਦਰ ਦੀ ਸਕੀ ਭਾਣਜੀ ਏ।

'ਮਾਸੀ ਭਾਣਜੀ ਦਾ ਸਕੇ ਭਾਈਆਂ ਨੂੰ ਕਿਵੇਂ ਹੋਜੂ?' ਉਹ ਬੋਲਿਆ।

'ਮਾਰ੍ਹਾਜ ਜੀ ਤੇਰੇ ਭਰਾ ਤੇ ਤੇਰਾ ਨੀ ਹੋਇਆ ਭੂਆ-ਭਤੀਜੀ ਨਾਲ਼? ਇਹ ਵੀ ਉਹੀ ਗੱਲ ਏ।' ਲਲਤਾ ਹੱਸ ਕੇ ਬੋਲੀ ਤਾਂ ਘਨੁੱਈਆ ਚੁੱਪ ਕਰ ਗਿਆ।

'ਜਿੰਦਰ ਨੂੰ ਪਤਾ ਏ?' ਘਨੁੱਈਏ ਨੇ ਹਰੀਵੰਸ਼ ਤੋਂ ਪੁੱਛਿਆ।

'ਨਹੀਂ ਕੁੜੀ ਦੀ ਮਾਂ ਕਰੂ ਆਪਣੀ ਭੈਣ ਨਾਲ਼ ਗੱਲ। ਤੁਸੀਂ ਕਰਨੀ ਏ ਤੁਸੀਂ ਕਰ ਲਓ। ਇਕ ਗੱਲ ਯਾਦ ਰੱਖਿਓ। ਕੋਈ ਭਿੰਗਣਾ ਨਾ ਪਾਇਓ। ਵਿਆਹ ਮੈਂ ਹਰ ਹਾਲ ਉੱਥੇ ਹੀ ਕਰਾਉਣਾ ਏਂ।' ਹਰੀਵੰਸ਼ ਨੇ ਦੱਸਿਆ।

ਰਾਮ ਸਿੰਘ ਦੇ ਸਾਂਢੂ ਕੁਆਲਟੀ ਇੰਸਪੈਕਟਰ ਹਰਦੇਵ ਸਿੰਘ ਸੇਢੇ ਨੂੰ ਘਨੁੱਈਆ ਜਾਣਦਾ ਸੀ। ਉਸ ਨੂੰ ਪਤਾ ਨਹੀਂ ਕੀ ਸੁਝੀ, ਕਹਿਣ ਲੱਗਾ, 'ਚਲੋ ਕੋਈ ਗੱਲ ਨੀ। ਤੇਰੀ ਖੁਸ਼ੀ ਸਾਡੀ ਖੁਸ਼ੀ। ਮੈਂ ਤੇਰੇ ਨਾਲ਼ ਪਟਿਆਲ਼ੇ ਚੱਲਾਂਗਾ।'

'ਮੇਰੇ ਨਾਲ਼?' ਹਰੀਵੰਸ਼ ਹੈਰਾਨ ਹੋ ਕੇ ਬੋਲਿਆ।

'ਆਹੋ, ਜਾਣਦਾ ਏਂ ਮੈਂ ਇੰਸਪੈਕਟਰ ਨੂੰ। ਰਾਮ ਸਿੰਘ ਦੇ ਵਿਆਹ ਵੇਲ਼ੇ ਉਸ ਨੇ ਮੇਰੇ ਪੈਰ ਛੂਹ ਕੇ ਦੱਸਿਆ ਸੀ ਆਪਣੇ ਬਾਰੇ' ਚ।' ਘਨੁੱਈਆ ਬੋਲਿਆ।

ਹਰੀਵੰਸ਼ ਖੁਸ਼ ਹੋ ਗਿਆ। ਘਨ੍ਹੱਈਆ ਉਸ ਦੇ ਨਾਲ਼ ਪਟਿਆਲ਼ੇ ਚਲਾ ਗਿਆ। ਜਿੰਦਰ ਤੇ ਰਾਮ ਸਿੰਘ ਨੂੰ ਤਾਂ ਬਾਅਦ ਵਿਚ ਪਤਾ ਲੱਗਾ, ਉਹ ਰਿਸ਼ਤਾ ਪੱਕਾ ਕਰ ਕੇ ਚਾਂਦੀ ਦਾ ਰੁਪਿਆ ਵੀ ਫੜ ਲਿਆਇਆ। ਆਗਰੇ ਤੋਂ ਵੀ ਸਹਿਮਤੀ ਆ ਗਈ। ਬੇਅੰਤ ਨੂੰ ਛੁੱਟੀ ਮਿਲਣ ਮਗਰੋਂ ਹੀ ਵਿਆਹ ਦੀ ਤਰੀਕ ਪੱਕੀ ਹੋਈ ਸੀ। ਬੇਅੰਤ ਮਿਲਟਰੀ ਵਿਚ ਭਰਤੀ ਹੋ ਕੇ ਪਹਿਲੇ ਪੰਜ-ਸੱਤ ਮਹੀਨੇ ਘਰਦਿਆਂ ਨੂੰ ਬੜਾ ਸਤਾਉਂਦਾ ਰਿਹਾ ਸੀ। ਫੌਜ ਵਿੱਚੋਂ ਆਪਣਾ ਨਾਵਾਂ ਕਟਵਾਉਣ ਲਈ ਘਨ੍ਹੱਈਏ ਨੂੰ ਰੋ ਰੋ ਕੇ ਚਿੱਠੀਆਂ ਲਿਖਦਾ ਰਿਹਾ ਸੀ। ਬੜੀਆਂ ਸ਼ਿਕਾਇਤਾਂ ਸਨ ਉਸਦੀਆਂ। ਜਿਵੇਂ ਪਿੱਠ ਉੱਤੇ ਚੌਦਾਂ ਪੰਦਰਾਂ ਸੇਰ ਦਾ ਪਿੱਠੂ ਬੰਨ੍ਹ ਕੇ ਬਿਨਾਂ ਰੁਕੇ ਦਸ ਦਸ ਮੀਲ ਦੌੜ ਲਾਉਣੀ ਪੈਂਦੀ ਸੀ। ਮਾੜੀ-ਮੋਟੀ ਗਲਤੀ ਜਾਂ ਸ਼ਰਾਰਤ ਕਰਨ ਕਰਕੇ ਸਾਰੀ ਸਾਰੀ ਰਾਤ ਪਿੱਠੂ ਲਾ ਕੇ ਘੁੰਮਣਾ ਪੈਂਦਾ ਸੀ। ਟਕੇ ਟਕੇ ਦੇ ਬੰਦੇ ਨੂੰ ਵੀ ਪੈਰ ਜੋੜ ਕੇ ਸਲੂਟ ਮਾਰਨਾ ਪੈਂਦਾ ਸੀ। ਤੰਬੂਆਂ ਵਿਚ ਭੁੰਜੇ ਹੀ ਸੌਣਾ ਪੈਂਦਾ ਸੀ, ਜਿੱਥੇ ਫਨੀਅਰ ਸੱਪ ਅਤੇ ਠੂੰਹੇਂ ਆ ਵੜਦੇ ਸਨ। ਦਰੱਖਤਾਂ ਨੂੰ ਬੰਨ੍ਹੇ ਰੱਸੇ ਫੜ ਕੇ ਬਾਜ਼ੀਗਰਾਂ ਵਾਂਗ ਚੜ੍ਹਨਾ-ਉਤਰਨਾ ਪੈਂਦਾ ਸੀ, ਬਗੈਰਾ ਬਗੈਰਾ। ਉਹ ਫੌਜ ਵਿੱਚੋਂ ਨਾਂ ਕਟਵਾਉਣ ਦੀਆਂ ਅਜੀਬ ਅਜੀਬ ਤਰਕੀਬਾਂ ਵੀ ਦੱਸਦਾ। ਜਿਵੇਂ, ਭਾਗਵੰਤੀ ਵੱਲੋਂ ਅਰਜ਼ੀ ਪਾਈ ਜਾਵੇ ਕਿ ਉਹ ਘਰ ਵਿਚ ਅਧਰੰਗ ਦੀ ਮਾਰੀ ਬੀਮਾਰ ਪਈ ਹੈ ਅਤੇ ਬਿਲਕੁਲ ਇਕੱਲੀ ਹੈ। ਉਸ ਦੇ ਪਿਓ ਦੀ ਮੌਤ ਹੁਣੇ ਹੁਣੇ ਹੋਈ ਹੈ ਤੇ ਸਾਰਾ ਘਰ ਬਿਖ਼ਰ ਗਿਆ ਹੈ। ਘਨ੍ਹੱਈਆ ਉਸ ਦੀ ਕਿਸੇ ਗੱਲ ਨੂੰ ਵੀ ਨਾ ਗੌਲ਼ਦਾ ਸਗੋਂ ਉਸ ਨੂੰ ਲਿਖਦਾ, 'ਕੁਠਾਲ਼ੀ ਵਿਚ ਪੈ ਕੇ ਹੀ ਸੋਨਾ ਸ਼ੁੱਧ ਹੁੰਦਾ ਏ। ਨਾਗਾ ਸਾਧ ਬਣ ਕੇ, ਭੁੰਜੇ ਸੌਣ ਤੇ ਲੋਕਾਂ ਵੱਲੋਂ ਮਿਲਣ ਵਾਲ਼ੀ ਰੁਖੀ-ਸੁੱਕੀ ਰੋਟੀ ਦੀ ਕੁੱਤਾ ਝਾਕ ਨਾਲ਼ੋਂ ਉਸ ਦੀ ਜ਼ਿੰਦਗੀ ਸੌ ਦਰਜੇ ਬਿਹਤਰ ਹੈ। ਹੁਣ ਤਕਲੀਫ਼ ਸਹਿ ਲਵੇਂਗਾ ਤਾਂ ਉਮਰ ਭਰ ਸੁੱਖ ਪਾਵੇਂਗਾ। ਇਹ ਡਾਕਟਰ ਹਰਦਾਸ ਮੱਲ ਦਾ ਹਸਪਤਾਲ਼ ਜਾਂ ਫਿਰ ਬਾਗਾਂਆਲ਼ੇ ਦੀ ਮਿੱਲ ਤਾਂ ਹੈ ਨਹੀਂ ਕਿ ਜਦ ਮਰਜ਼ੀ ਠੋਕਰ ਮਾਰ ਕੇ ਦੌੜ ਆਵੇਂ। ਹੌਸਲਾ ਰੱਖ ਤੇ ਦਿਲ ਨਾ ਡੁਲਾ। ਦੜ ਵੱਟ ਜ਼ਮਾਨਾ ਖੱਟ ਭਲੇ ਦਿਨ ਆਵਣਗੇ।'

ਫਿਰ ਉਸ ਦੀ ਇਕ ਚਿੱਠੀ ਤੇ ਵਰਦੀ ਵਿਚ ਫ਼ੋਟੋ ਆਈ। ਜਿਸ ਵਿਚ ਉਸਦੇ ਮੋਢੇ ਉੱਤੇ ਹੌਲਦਾਰ ਵਾਲ਼ੀਆਂ ਤਿੰਨ ਫੀਤੀਆਂ ਲੱਗੀਆਂ ਹੋਈਆਂ ਸਨ। ਉਸ ਨੇ ਲਿਖਿਆ ਸੀ ਕਿ ਹੁਣ ਉਹ ਠੀਕ ਸੀ ਤੇ ਉਸ ਨੂੰ ਤਿੰਨ ਸਿੱਧੀਆਂ ਫੀਤੀਆਂ ਵਾਲਾ ਰੰਗਰੂਟ ਹੌਲਦਾਰ ਬਣਾ ਦਿੱਤਾ ਗਿਆ ਸੀ, ਜਿਵੇਂ ਕਿਸੇ ਕਲਾਸ ਦਾ ਮਨੀਟਰ ਹੋਵੇ। ਘਨ੍ਹੱਈਆ ਉਸ ਦੀ ਫ਼ੋਟੋ ਅਤੇ ਚਿੱਠੀ ਲੈ ਕੇ ਦੱਸਣ ਲਈ ਸਾਰੇ ਪਿੰਡ ਵਿਚ ਘੁੰਮਿਆ ਸੀ।

ਹਰੀਵੰਸ਼ ਦਾ ਵਿਆਹ ਰੱਖਣ ਲਈ ਬੰਤ ਦੀ ਛੁੱਟੀ ਬਾਰੇ ਘਨ੍ਹੱਈਏ ਨੇ ਉਸ ਨੂੰ ਖ਼ਤ ਲਿਖਿਆ। ਇਸ ਤੋਂ ਪਹਿਲਾਂ ਕਿ ਉਸ ਦਾ ਕੋਈ ਉੱਤਰ ਆਉਂਦਾ, ਭਾਰਤ-ਚੀਨ ਦੀ ਜੰਗ ਲੱਗ ਗਈ। ਫਰੰਟ ਤੇ ਮੂਵ ਕਰਨ ਤੋਂ ਪਹਿਲਾਂ ਉਸ ਦਾ ਖ਼ਤ ਆਇਆ ਸੀ, ਜੋ ਉਸ ਨੇ ਇਕ ਕਾਗਜ਼ ਉੱਤੇ ਲਿਖ ਕੇ, ਰਸਤੇ ਵਿਚ ਕਿਸੇ ਰੇਲਵੇ ਸਟੇਸ਼ਨ ਤੋਂ ਪੋਸਟ ਕੀਤਾ ਸੀ, ਜੋ ਬੇਰੰਗ ਬਣ ਗਿਆ ਸੀ। ਉਸ ਦੀ ਕੰਪਨੀ ਲੜਾਈ ਵਿਚ ਜਾ ਰਹੀ ਸੀ। ਉਸ ਨੇ ਲਿਖਿਆ ਸੀ, ਜੇ ਜਿਉਂਦਾ ਰਿਹਾ ਤਾਂ ਜ਼ਰੂਰ ਆਵਾਂਗਾ, ਤੁਸੀਂ ਹਰੀਵੰਸ਼ ਦਾ ਵਿਆਹ ਕਰਨਾ ਹੈ ਤਾਂ ਕਰ ਲਵੋ। ਉਸ ਦੀ ਚਿੱਠੀ ਨੇ ਘਰ' ਚ ਸੋਗ ਪਾ ਦਿੱਤਾ। ਸਾਰੇ ਰੱਬ ਅੱਗੇ ਅਰਦਾਸਾਂ

ਕਰਨ ਲੱਗੇ। ਸੁੱਖਾਂ ਸੁੱਖਣ ਲੱਗੇ। ਸਰਦੀਆਂ ਸ਼ੁਰੂ ਹੋ ਗਈਆਂ ਸਨ। ਹਿਮਾਲਾ ਪਰਬਤ ਦੇ ਜਿਸ ਇਲਾਕੇ ਵਿਚ ਜੰਗ ਛਿੜੀ ਹੋਈ ਸੀ, ਉੱਥੇ ਚਾਰੇ ਪਾਸੇ ਬਰਫ਼ ਹੀ ਬਰਫ਼ ਸੀ। ਪਿੰਡ ਦੇ ਬਰੋਟੇ ਹੇਠ ਬੈਠੇ ਲੋਕ ਪਤਾ ਨਹੀਂ ਕਿੱਥੋਂ ਕਿੱਥੋਂ ਖੁਰਚ ਕੇ ਖ਼ਬਰਾਂ ਕੱਢ ਲਿਆਉਂਦੇ ਕਿ ਦੇਵ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕੰਬ ਜਾਂਦਾ। ਕਿਸੇ ਪਿੰਡ ਵਿਚ ਕਿਸੇ ਫੌਜੀ ਦਾ ਬਿਸਤਰਾ ਆ ਗਿਆ, ਵਰਗੀ ਖ਼ਬਰ ਉਸ ਨੂੰ ਬੇਚੈਨ ਕਰ ਦਿੰਦੀ। ਉਹ ਡੰਗਰਾਂ ਵਾਲ਼ੇ ਕੋਠੇ ਵੱਲ ਦੌੜ ਜਾਂਦਾ ਤੇ ਉੱਥੇ ਬਹਿ ਕੇ ਰੋਣ ਲੱਗਦਾ।

ਸਾਲ ਦੇ ਅੰਤ ਵਿਚ ਜਾ ਕੇ ਹੀ ਜੰਗ ਦੇ ਬੱਦਲ਼ ਛਟੇ। ਬੇਅੰਤ ਦੀ ਛੁੱਟੀ ਦੀ ਤਰੀਕ ਪੱਕੀ ਹੋਈ ਤਾਂ ਹਰੀਵੰਸ਼ ਦਾ ਵਿਆਹ ਰੱਖ ਦਿੱਤਾ ਗਿਆ । ਉਦੋਂ ਦੇਵ ਦੇ ਗਿਆਰਵੀਂ ਦੇ ਪੇਪਰਾਂ ਵਿਚ ਇਕ-ਅੱਧ ਮਹੀਨਾ ਹੀ ਰਹਿੰਦਾ ਸੀ।

ਦੇਵ ਦੀ ਨਾਨੀ ਚਿੰਦੀ ਦੀ ਤਬੀਅਤ ਅਚਾਨਕ ਹੀ ਡਾਊਨ ਹੋ ਗਈ ਸੀ। ਉਹ ਦਿਮਾਗੀ ਤੌਰ ਤੇ ਵੀ ਆਲ਼-ਮਾਲ਼ ਹੋ ਗਈ ਸੀ। ਭੁਲੱਕੜ ਵੀ ਬਣ ਗਈ ਸੀ ਤੇ ਅਜੀਬ ਅਜੀਬ ਹਰਕਤਾਂ ਵੀ ਕਰਨ ਲੱਗ ਪਈ ਸੀ। ਉਹ ਰੋਟੀ ਖਾਣ ਤੋਂ ਥੋੜ੍ਹੀ ਦੇਰ ਮਗਰੋਂ ਫਿਰ ਆਖ ਦਿੰਦੀ, 'ਨੀ ਲਲਤਾ, ਅੱਜ ਮੈਨੂੰ ਰੋਟੀ ਨੀ ਦੇਣੀ?'

'ਹੁਣ ਤਾਂ ਖਾ ਕੇ ਹਟੀ ਏਂ ਮਾਂ ਕੀ ਹੋ ਗਿਆ ਤੈਨੂੰ?' ਉਹ ਕਹਿੰਦੀ।

'ਨੀ ਫੋਟ... ਖਾ ਕਦੋਂ ਲਈ?... ਢਿੱਡ ਵਿਚ ਤਾਂ ਮੇਰੇ ਚੂਹੇ ਕੁੱਦਣ ਲੱਗੇ ਹੋਏ ਨੇ। ਹੁਣ ਤੂੰ ਚਾਹੁੰਦੀ ਏਂ ਮੈਂ ਭੁੱਖੀ ਮਰ ਜਾਵਾਂ? ਮਾਰ ਭਾਈ ਮਾਰ... ਇਹ ਦਿਨ ਸਭਨਾ ਤੇ ਆਉਣੇ ਨੇ।'

ਇਕ ਦਿਨ ਉਨ੍ਹਾਂ ਦੇ ਗੁਆਂਢੀ ਕੇਸਰ ਨੇ ਘਨ੍ਹੱਈਏ ਨੂੰ ਦੱਸਿਆ, 'ਤੁਹਾਡੀ ਬੁੜ੍ਹੀ ਤਾਂ ਚਾਚੇ ਜਮ੍ਹਾਂ ਈ ਕਮਲ਼ੀ ਹੋ ਗਈ। ਉੱਗ ਦੀਆਂ ਪਤਾਲ਼ ਮਾਰੀ ਜਾਂਦੀ ਏ। ਅੱਜ ਚਾਰ ਕੁ ਤਿੰਬੜੀਆਂ ਚੁੱਕੀ ਪੁਲ਼ ਵੱਲ ਨੂੰ ਤੁਰੀ ਜਾਵੇ। ਮੈਂ ਕਿਹਾ- ਅੰਮਾਂ ਐਧਰ ਕਿੱਧਰ? ਉਲਟਾ ਮੈਨੂੰ ਕਹਿੰਦੀ... ਖੰਜੂਰਾਂ ਲਿਆਇਆਂ ਏਂ ਤੋੜ ਕੇ? ਮੈਨੂੰ ਵੀ ਦੇ। ਮੈਂ ਤਾਂ ਘਰ ਨੂੰ ਜਾ ਰਹੀ ਹਾਂ। ਬੜੀ ਮੁਸ਼ਕਲ ਨਾਲ਼ ਮੋੜ ਕੇ ਲਿਆਂਦੀ ਏ। ਹੁਣ ਨਾ ਚਾਚਾ ਇਹਨੂੰ ਬਾਹਰ ਜਾਣ ਦਿਆ ਕਰੋ। ਔਟਲ਼ਜੂ ਕਿਤੇ।'

ਕਈ ਵਾਰੀ ਉਹ ਅੱਧੀ ਰਾਤ ਹੀ ਉੱਠ ਕੇ ਡੰਗਰਾਂ ਵਾਲ਼ੇ ਕੋਠੇ ਪੁੱਜ ਜਾਂਦੀ ਤੇ ਅਵਾਜ਼ਾਂ ਮਾਰਨ ਲਗਦੀ, 'ਵੇ ਦੁਖੀ... ਵੇ ਬਸ਼ੀਰ... ਲਾਹ ਲਓ ਮੰਜੇ ਥੱਲੇ... ਦੇਖੋ ਕਿਵੇਂ ਬੱਦਲ਼ ਚੜ੍ਹਿਆ ਆਉਂਦਾ ਏ... ਲਿਸ਼ਕਦਾ ਵੀ ਏ।'

ਨਾ ਕਿਧਰੇ ਕੋਈ ਬੱਦਲ ਹੁੰਦਾ ਤੇ ਨਾ ਬਿਜਲੀ ਲਿਸ਼ਕ ਰਹੀ ਹੁੰਦੀ। ਬੱਸ ਉਸ ਦਾ ਇਹ ਵਹਿਮ ਹੀ ਹੁੰਦਾ। ਦੇਵ ਨੂੰ ਗੁੱਸਾ ਚੜ੍ਹਦਾ ਤੇ ਬਸ਼ੀਰ ਹਿੜ-ਹਿੜ ਕਰ ਕੇ ਹੱਸੀ ਜਾਂਦਾ। ਇਕ ਵਾਰੀ ਅੱਧੀ ਰਾਤ ਜਦੋਂ ਉਹ ਹਾਕਾਂ ਮਾਰ ਰਹੀ ਸੀ, ਆਲ਼ੇ ਦੁਆਲ਼ੇ ਦੇ ਕੋਠਿਆਂ ਤੇ ਪਏ ਲੋਕ ਜਾਗ ਪਏ ਤੇ ਹੱਸਣ ਲੱਗੇ। ਟਿਕੀ ਹੋਈ ਤਾਰਿਆਂ ਭਰੀ ਰਾਤ ਸੀ ਪਰ ਉਸ ਨੇ ਬੱਦਲ ਚੜ੍ਹ ਆਉਣ ਦਾ ਤੇ ਬਿਜਲੀ ਲਿਸ਼ਕਣ ਦਾ ਸ਼ੋਰ ਮਚਾਇਆ ਹੋਇਆ ਸੀ। ਦੇਵ ਨੂੰ ਗੁੱਸਾ ਚੜ੍ਹ ਗਿਆ, ਉਹ ਵੀ ਉੱਚੀ ਅਵਾਜ਼ ਵਿਚ ਬੋਲਿਆ, 'ਉਇ ਬਸ਼ੀਰ ਲਗਦਾ ਏ ਬੁੜ੍ਹੀ ਹਲ਼ਕ ਗਈ ਏ। ਥੱਲੇ ਨਾ ਉਤਰੀਂ, ਵੱਢੂ ਤੈਨੂੰ।'

ਉਸ ਦੇ ਕਹਿਣ ਦੀ ਦੇਰ ਸੀ ਕਿ ਲਾਗਲੇ ਕੋਠਿਆਂ ਤੋਂ ਠਹਾਕੇ ਵੱਜਣ ਲੱਗੇ, 'ਬੁੜ੍ਹੀ ਹਲਕ ਗਈ, ਬੁੜ੍ਹੀ ਹਲਕ ਗਈ.... ਹਾ .... ਹਾ.... ਹਾ।'

ਅਗਲੇ ਦਿਨ ਇਹ ਗੱਲ ਸ਼ੁਗਲ ਬਣ ਕੇ ਸਾਰੇ ਪਿੰਡ ਵਿਚ ਫੈਲ ਗਈ। ਲੋਕ ਵਿਹਲੇ ਸਨ, ਉਨ੍ਹਾਂ ਨੂੰ ਤਾਂ ਕੋਈ ਨਾ ਕੋਈ ਗੱਲ ਥਿਆਉਣੀ ਚਾਹੀਦੀ ਸੀ। ਜਿਹੜਾ ਵੀ ਦੇਵ ਨੂੰ ਮਿਲੇ, ਇੱਕੋ ਗੱਲ ਬੋਲੇ, 'ਉਇ ਦੁਖੀ, ਬੁੜ੍ਹੀ ਹਲ਼ਕ ਗਈ। ਉਇ ਦੁਖੀ, ਬੁੜ੍ਹੀ ਹਲ਼ਕ ਗਈ।'

ਆਪਣੀ ਨਾਨੀ ਨੂੰ ਉੱਭੜਬਾਹੇ ਉੱਠ ਕੇ ਮੂੰਹੋਂ ਨਿਕਲਿਆ ਇਹ ਵਾਕ ਦੇਵ ਲਈ ਪਛਤਾਵੇ ਦਾ ਰੂਪ ਧਾਰ ਗਿਆ। ਲੋਕ ਤਾਂ ਪਤਾ ਨਹੀਂ ਮਗਰੋਂ ਕਿੰਨੇ ਮਹੀਨੇ ਜਾਂ ਸਾਲ ਇਸ ਵਾਕ ਨੂੰ ਦੋਹਰਾ ਕੇ ਉਸ ਨੂੰ ਛੇੜਦੇ ਰਹੇ ਤੇ ਸ਼ੁਗਲ ਕਰਦੇ ਰਹੇ।

ਹਰੀਵੰਸ਼ ਦੇ ਵਿਆਹ ਤੱਕ ਤਾਂ ਉਸ ਦਾ ਦਿਮਾਗ ਹੋਰ ਵੀ ਚੱਲ ਗਿਆ ਸੀ। ਉਸ ਨੇ ਕਿਸੇ ਨਾ ਕਿਸੇ ਨੂੰ ਘੇਰ ਕੇ ਖੜ੍ਹ ਜਾਣਾ ਤੇ ਹੱਥ ਬੰਨ੍ਹਣ ਲੱਗ ਜਾਣਾ, 'ਵੇ ਅਮਰ ਸੂੰ.... ਮੈਨੂੰ ਮਾਫ਼ੀ ਦੇਵੀਂ ਵੇ ਪੁੱਤ। ਮੈਂ ਤੇਰੇ ਖੇਤ' ਚੋਂ ਆਗਾਂ ਦੀ ਭਰੀ ਵੱਢ ਲਿਆਈ ਤੀ। ਮੇਰੇ ਇਹ ਹੱਥ ਟੁੱਟ ਕਿਉਂ ਨਾ ਗਏ ਚੋਰੀ ਕਰਦੀ ਦੇ।'

'ਵੇ ਮੈਂਗਲਾ.. ਥੋਡੀ ਪਿੱਤਲ਼ ਦੀ ਬਾਲਟੀ ਮੈਂ ਹੀ ਚੁੱਕੀ ਤੀ ਕੰਧ ਉੱਪਰੋਂ। ਵੇ ਪੁੱਤ ਮੈਨੂੰ ਮਾਫ਼ੀ ਦੇ ਦੇ ਵੇ.. ਮੇਰੇ ਕੀੜੇ ਕਿਉਂ ਨਾ ਪੈ ਗਏ ਵੇ।'

ਘਨ੍ਹੱਈਆ ਉਸ ਨੂੰ ਘਰ ਬੰਦ ਕਰੀ ਰੱਖਦਾ। ਫਿਰ ਵੀ ਉਹ ਅੱਖ ਬਚਾ ਕੇ ਘਰੋਂ ਨਿਕਲ਼ ਜਾਂਦੀ ਤੇ ਲੋਕਾਂ ਦੇ ਘਰੀਂ ਜਾ ਕੇ ਅਵਾ-ਤਵਾ ਬੋਲਦੀ ਫਿਰਦੀ। ਉਹ ਬਿਨਾਂ ਕਿਸੇ ਕਾਰਨ ਉਨ੍ਹਾਂ ਮੂਹਰੇ ਗਿੜਗਿੜਾਉਂਦੀ ਤੇ ਕਈ ਵਾਰੀ ਤਾਂ ਤਰਲ਼ੇ ਜਿਹੇ ਕਰਦੀ ਧਰਤੀ ਨੂੰ ਆਪਣਾ ਮੱਥਾ ਹੀ ਲਾ ਲੈਂਦੀ। ਲੋਕ ਦੰਦੀਆਂ ਕੱਢਦੇ ਉਸ ਤੋਂ ਪਾਸਾ ਵੱਟ ਕੇ ਲੰਘਣ ਲੱਗ ਪਏ ਸਨ।

ਹਰੀਵੰਸ਼ ਦੀ ਬਰਾਤ ਚੜ੍ਹਨ ਲੱਗੀ ਤਾਂ ਉਹ ਉੱਚੀ-ਉੱਚੀ ਰੋਣ ਲੱਗ ਪਈ, 'ਬੰਨ੍ਹ ਲਏ ਸਿਹਰੇ ਵੇ ਪੁੱਤਾ ਮੌਤ ਰਾਣੀ ਦੇ। ਕੋਈ ਰੋਕ ਲਵੋ ਵੇ ਮੇਰੇ ਹਰੀਵੰਸ਼ ਨੂੰ... ਮੌਤ ਦੀ ਘੋੜੀ ਚੜ੍ਹਨ ਲੱਗਾ ਏ ਵੇ।'

ਉਸ ਨੂੰ ਪਤਾ ਨਹੀਂ ਕੀ ਦਿਖੌਂ ਦਿਖਾਈ ਦੇ ਰਿਹਾ ਸੀ ਕਿ ਉਹ ਪਿੱਟਦੀ ਵੀ ਰਹੀ ਤੇ ਊਟਪਟਾਂਗ ਬੋਲੀ ਵੀ ਗਈ। ਲੋਕ ਹਿੜ ਹਿੜ ਕਰਕੇ ਮਨੋਰੰਜਨ ਕਰਦੇ ਰਹੇ। ਘਨ੍ਹੱਈਏ ਨੇ ਉਸ ਨੂੰ ਬਾਹੋਂ ਫੜਿਆ ਤੇ ਬਾਹਰਲੇ ਕੋਠੇ ਲੈ ਜਾ ਕੇ ਕਮਰੇ ਅੰਦਰ ਬੰਦ ਕਰ ਆਇਆ। ਲਲਤਾ ਨੂੰ ਆਖ ਦਿੱਤਾ ਕਿ ਚੜ੍ਹਤੀ ਮਗਰੋਂ ਉਸ ਨੂੰ ਕੱਢ ਲਿਆਵੇ।

ਹਰੀਵੰਸ਼ ਨੇ ਸਿਹਰਾ ਬੰਨ੍ਹਿਆਂ ਹੋਇਆ ਸੀ ਤੇ ਹੱਥ ਵਿਚ ਕਿਰਪਾਨ ਫੜੀ ਹੋਈ ਸੀ। ਸ਼ਕੁੰਤਲਾ ਤੇ ਹੋਰ ਕੁੜੀਆਂ ਉਹਦੇ ਮਗਰ ਤੁਰਦੀਆਂ ਗੀਤ ਵੀ ਗਾ ਰਹੀਆਂ ਸਨ ਤੇ ਚੁੰਨੀਆਂ ਦੇ ਲੜਾਂ ਨਾਲ਼ ਉਹਦੀ ਪਿੱਠ ਤੇ ਝੋਲੇ ਵੀ ਮਾਰ ਰਹੀਆਂ ਸਨ। ਅਚਾਨਕ ਹਰੀਵੰਸ਼ ਰੁਕਿਆ ਤੇ ਆਪਣਾ ਸਿਹਰਾ ਹੱਥ ਨਾਲ਼ ਇਕ ਪਾਸੇ ਨੂੰ ਕਰਦਾ ਬੋਲਿਆ, ' ਨਾਨੀ ਕਿੱਥੇ ਆ?'

'ਕੱਢ ਲੈਣਗੇ ਮਗਰੋਂ... ਉਹਨੂੰ ਤੇਰਾ ਮਾਮਾ ਬਾਹਰਲੇ ਕੋਠੇ ਹੁੜਬ ਆਇਆ।' ਕਿਸੇ

ਨੇ ਦੱਸਿਆ।

'ਇਹ ਕੀ ਕੀਤਾ? ਮੈਂ ਨਹੀਂ ਚੜ੍ਹਨਾ ਬਰਾਤ ਉਦ੍ਹੇ ਬਿਨਾਂ।' ਉਹ ਤੀਵੀਆਂ ਦੀ ਭੀੜ' ਚੋਂ ਬਾਹਰ ਨਿਕਲਿਆ ਤੇ ਉਸੇ ਤਰ੍ਹਾਂ ਸਿਹਰਾ ਬੰਨ੍ਹੀ ਕਿਰਪਾਨ ਚੁੱਕੀ ਬਾਹਰਲੇ ਕੋਠੇ ਵੱਲ ਦੌੜ ਲਿਆ। ਥੋੜ੍ਹੀ ਦੇਰ ਮਗਰੋਂ ਹੀ ਉਹ ਉਸ ਨੂੰ ਆਪਣੇ ਨਾਲ਼ ਲੈ ਆਇਆ। ਉਹ ਫਿਰ ਉਹੀ ਰਾਗ ਅਲਾਪਣ ਲੱਗੀ, 'ਰੋਕ ਲਵੋ ਵੇ ਕੋਈ ਮੇਰੇ ਪੁੱਤ ਹਰੀਵੰਸ਼ ਨੂੰ... ਵੇ ਨਾ ਚੜ੍ਹ ਵੇ ਪੁੱਤ ਮੌਤ ਦੀ ਘੋੜੀ।'

'ਦੂਰ ਫਿਟੇ ਮੂੰਹ ਤੇਰਾ ਬੁੜ੍ਹੀਏ... ਕੀ ਮਗਜੌਲ਼ੀਆਂ ਮਾਰੀ ਜਾਂਦੀ ਏਂ?' ਤੀਵੀਆਂ ਦੁਰ-ਦੁਰ ਕਰਨ ਲੱਗ ਪਈਆਂ। ਇਕੱਠੇ ਹੋਏ ਲੋਕ ਹੱਸੀ ਵੀ ਜਾਣ ਤੇ ਤਾੜੀਆਂ ਵੀ ਮਾਰੀ ਜਾਣ। ਨੀਵੀਆਂ ਜਾਤਾਂ ਦੇ ਲੋਕ ਘਨ੍ਹੱਈਏ ਨੂੰ ਦੁੱਬਾਂ ਦੇਈ ਜਾਣ। ਉਹ ਕਿਸੇ ਨੂੰ ਚੁਆਨੀ, ਕਿਸੇ ਨੂੰ ਅਠਿਆਨੀ ਦਿੰਦਾ ਰਿਹਾ। ਜਦੋਂ ਹਰੀਵੰਸ਼ ਲਾਰੀ ਵਿਚ ਡਰਾਇਵਰ ਤੋਂ ਮਗਰਲੀ ਸੀਟ ਤੇ ਜਾ ਬੈਠਾ ਤਾਂ ਘਨ੍ਹੱਈਆ ਲਾਲ ਰੰਗ ਦੀ ਗੁੱਥਲੀ' ਚੋਂ ਪੈਸਿਆਂ ਦੀਆਂ ਬੁੱਕਾਂ ਕੱਢ ਕੱਢ ਲਾਰੀ ਉੱਤੋਂ ਸੁੱਟਣ ਲੱਗ ਪਿਆ।

**00**

# ਚੁਤਾਲ਼ੀ

ਆਪਣੇ ਵਿਆਹ ਤੋਂ ਕੁਝ ਦਿਨਾਂ ਮਗਰੋਂ ਹੀ ਉਰਵਸ਼ੀ ਨੂੰ ਲੈਕੇ ਹਰੀਵੰਸ਼ ਪਿੰਡੋਂ ਪਟਿਆਲ਼ੇ ਚਲਾ ਗਿਆ ਸੀ। ਭਾਗਵੰਤੀ ਚਾਹੁੰਦੀ ਸੀ ਕਿ ਜਿੰਨੀ ਦੇਰ ਉਹ ਮੁੜ ਆਗਰੇ ਨਹੀਂ ਜਾਂਦੀ, ਉਸ ਦੀ ਨਵੀਂ ਨੂੰਹ ਉਰਵਸ਼ੀ ਉਸ ਕੋਲ਼ ਸਲਾਹਪੁਰ ਹੀ ਰਹੇ। ਹਰੀਵੰਸ਼ ਪਟਿਆਲ਼ੇ ਵਾਲ਼ੀ ਦੁਕਾਨ ਨੂੰ ਪੈਰਾਂ ਤੇ ਖੜ੍ਹੀ ਕਰੇ ਤੇ ਵਾਰ-ਐਤਵਾਰ ਪਿੰਡ ਆ ਕੇ ਮਿਲ ਜਾਇਆ ਕਰੇ। ਘਨ੍ਹੱਈਆ ਤਾਂ ਇਹ ਵੀ ਚਾਹੁੰਦਾ ਸੀ ਕਿ ਬਹੂ ਹਮੇਸ਼ਾ ਉਨ੍ਹਾਂ ਕੋਲ਼ ਹੀ ਰਹੇ । ਹਰੀਵੰਸ਼ ਪਟਿਆਲ਼ੇ ਦੀ ਥਾਂ ਚਮਕੌਰ ਦੁਕਾਨ ਖੋਹਲ ਲਵੇ। ਉਸ ਕੋਲ਼ ਜੋ ਕੁਝ ਵੀ ਹੈ, ਉਹ ਹਰੀਵੰਸ਼ ਦੇ ਨਾਂ ਕਰਵਾ ਦੇਵੇਗਾ। ਨੂੰਹ ਪੁੱਤ ਦੀ ਮੌਜੂਦਗੀ ਵਿਚ ਉਨ੍ਹਾਂ ਦਾ ਬੁਢਾਪਾ ਸੁੱਖਾਂ ਭਰਿਆ ਬਣ ਜਾਵੇਗਾ। ਪਰ ਵਿਆਹ ਦੇ ਦੋ ਚਾਰ ਦਿਨਾਂ ਵਿਚ ਹੀ ਸਭ ਸਕੀਮਾਂ ਤੇ ਪਾਣੀ ਫਿਰ ਗਿਆ। ਸ਼ਹਿਰ ਵਿਚ ਜੰਮੀਂ ਪਲ਼ੀ ਤੇ ਸਹੂਲਤਾਂ ਦੀ ਗਿੱਝੀ ਹੋਈ ਉਰਵਸ਼ੀ ਨੂੰ ਪੇਂਡੂ ਵਾਤਾਵਰਣ ਪਸੰਦ ਹੀ ਨਹੀਂ ਸੀ ਆਇਆ। ਉਸ ਨੂੰ ਪਿੰਡ ਵਿਚ ਹਫ਼ਤਾ ਕੁ ਬਿਤਾਉਣਾ ਵੀ ਦੁੱਭਰ ਹੋ ਗਿਆ ਸੀ। ਭਾਗਵੰਤੀ ਤਾਂ ਉਦੋਂ ਹੀ ਬੜੀ ਉਦਾਸ ਹੋ ਗਈ ਸੀ ਜਦੋਂ ਉਹ ਡਰਾਇਵਰ ਵਾਲ਼ੀ ਸੀਟ ਦੇ ਮਗਰ ਕੱਪੜਾ ਤਾਣੀ ਬੈਠੇ ਨੂੰਹ-ਪੁੱਤ ਨੂੰ ਲਾਹੁਣ ਲੱਗੀ ਸੀ। ਜਦੋਂ ਉਹ ਤੇ ਕੁਝ ਹੋਰ ਔਰਤਾਂ ਗੀਤ ਗਾਉਂਦੀਆਂ ਬੱਸ ਵਿਚ ਵੜੀਆਂ ਤਾ ਉਰਵਸ਼ੀ ਨੰਗਾ ਮੂੰਹ ਕਰੀ ਬਿਟਰ ਬਿਟਰ ਉਨ੍ਹਾਂ ਵੱਲ ਝਾਕ ਰਹੀ ਸੀ। ਨਾ ਕਿਸੇ ਨੂੰ ਪੈਰੀਂ ਪੈਣਾ ਨਾ ਕਿਸੇ ਨੂੰ ਰਾਮ ਸੱਤ। ਭਾਗਵੰਤੀ ਨੇ ਉਹਦੇ ਸਿਰ ਵਾਲ਼ੇ ਸਾਲੂ ਦੀ ਕੰਨੀ ਫੜੀ ਤੇ ਉਸ ਦੇ ਮੂੰਹ ਉੱਤੇ ਖਿੱਚ ਘੁੰਡ ਕੱਢ ਦਿੱਤਾ। ਉਰਵਸ਼ੀ ਨੇ ਉਸੇ ਵੇਲੇ ਘੁੰਡ ਮੁੜ ਪਿੱਛੇ ਵਗਾਹ ਮਾਰਿਆ ਤੇ ਕੁਝ ਬੁੜ-ਬੁੜ ਵੀ ਕੀਤੀ। ਸਾਰੀਆਂ ਔਰਤਾਂ ਦੇ ਹਾਸੇ ਨੇ ਜਿਵੇਂ ਭਾਗਵੰਤੀ ਨੂੰ ਡੰਗ ਲਿਆ। ਕੋਈ ਹੋਰ ਵੇਲ਼ਾ ਹੁੰਦਾ ਤਾਂ ਉਹ ਉਸ ਦੇ ਚਪੇੜ ਕੱਢ ਮਾਰਦੀ, ਪਰ ਸਾਰਾ ਹਰਖ਼

ਪੀ ਗਈ' ਤੇ ਹੱਸਦੀ ਰਹੀ। ਉਰਵਸ਼ੀ ਹਰੀਵੰਸ਼ ਦੇ ਮਗਰ ਮਗਰ ਨੰਗੇ ਮੂੰਹ ਹੀ ਆਈ। ਲੋਕਾਂ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ। ਕਹਿਣ ਲੱਗੇ, 'ਲੈ ਭਾਈ ਇਹੋ ਜਿਹੀ ਤਾਂ ਨਾ ਕਦੀ ਦੇਖੀ ਨਾ ਸੁਣੀ।' ਭਾਗਵੰਤੀ ਨੂੰ ਬੜਾ ਝਟਕਾ ਲੱਗਾ।

ਨਵੀਂ ਬਹੂ ਨੂੰ ਪੀੜ੍ਹੇ ਉੱਤੇ ਬਿਠਾ ਕੇ ਭਾਗਵੰਤੀ ਨੇ ਦੋਨਾਂ ਹੱਥਾਂ ਨਾਲ਼ ਨਜ਼ਰ ਉਤਾਰੀ ਤੇ ਉਸ ਦੀ ਪਿੱਠ ਪਲੋਸਦੀ ਬੋਲੀ, 'ਬਹੂ ਭਾਈ ਸਾਡੇ ਨੀ ਇਹ ਰਿਵਾਜ਼। ਤੇਰੀ ਮਾਸੀ ਵੀ ਸਾਰਿਆਂ ਤੋਂ ਘੁੰਡ ਕੱਢਦੀ ਏ। ਤੂੰ ਵੀ ਕੱਢੀਂ।'

'ਮੈਂ ਨਹੀਂ ਕੱਢਣਾ ਘੁੰਡ-ਘੰਡ।' ਉਹ ਬੋਲੀ।

'ਚੰਗਾ ਭਾਈ ਤੇਰੀ ਮਰਜ਼ੀ।' ਭਾਗਵੰਤੀ ਨੇ ਪਹਿਲੇ ਹੱਲੇ ਹੀ ਹਥਿਆਰ ਸੁੱਟ ਦਿੱਤੇ ।

ਪਿੰਡ ਦੀਆਂ ਔਰਤਾਂ ਉਸ ਨੂੰ ਦੇਖਣ ਆਈ ਗਈਆਂ। ਕਿਸੇ ਨੂੰ ਉਸ ਦਾ ਘੁੰਡ ਚੁੱਕਣ ਦੀ ਲੋੜ ਹੀ ਨਾ ਪਈ। ਹੱਸ ਹੱਸ ਕੇ ਵਾਪਸ ਜਾਂਦੀਆਂ ਰਹੀਆਂ। ਤੀਵੀਆਂ ਤੋਂ ਅੱਕ ਕੇ ਉਰਵਸ਼ੀ ਬੋਲ ਹੀ ਪਈ, 'ਇਹ ਨੁਮਾਇਸ਼ ਅਜੇ ਕਿੰਨੀ ਕੁ ਦੇਰ ਚੱਲਣੀ ਏਂ?'

ਉਸ ਦੀ ਗੱਲ ਦਾ ਕਿਸੇ ਨੇ ਵੀ ਜਵਾਬ ਨਾ ਦਿੱਤਾ। ਕੋਲ਼ ਬੈਠੀ ਲਲਤਾ ਨੂੰ ਉਸ ਨੇ ਕਿਹਾ, 'ਮੈਨੂੰ ਬਾਥਰੂਮ ਆਇਆ ਏ।'

'ਉਹ ਕੀ ਹੁੰਦਾ ਏ ਬਹੂ?' ਲਲਤਾ ਹੈਰਾਨ ਹੁੰਦੀ ਬੋਲੀ।

ਪਤਾ ਨਹੀਂ ਉਸ ਨੇ ਉਸ ਨੂੰ ਕਿਵੇਂ ਸਮਝਾਇਆ। ਉਹ ਪਹਿਲਾਂ ਹੱਸੀ ਫਿਰ ਬੋਲੀ, 'ਅੰਦਰੋਂ ਦਰ ਭੇੜ ਲਾ। ਖੁਰੇ' ਚ ਕਰਕੇ ਭੋਰਾ ਪਾਣੀ ਡੋਹਲ ਦਵੀਂ।'

ਐਨਾ ਵੀ ਸ਼ੁਕਰ ਕਿ ਘਨ੍ਹੱਈਏ ਨੇ ਨਵ ਵਿਆਹੀ ਜੋੜੀ ਦੇ ਸੌਣ ਦਾ ਪ੍ਰਬੰਧ ਉਨ੍ਹਾਂ ਦੇ ਗੁਆਂਢੀ ਜਗੀਰ ਸਿੰਘ ਦੀ ਬੈਠਕ ਵਿਚ ਕਰ ਦਿੱਤਾ ਸੀ। ਉਸੇ ਕਮਰੇ ਵਿਚ ਉਰਵਸ਼ੀ ਦੀ ਪੇਟੀ ਤੇ ਕੁਝ ਸਮਾਨ ਰੱਖ ਕੇ ਇਕ ਪਲੰਘ ਡਾਹ ਦਿੱਤਾ ਸੀ। ਕਮਰੇ ਦੇ ਇਕ ਕੋਨੇ ਵਿਚ ਗਠਿਆਂ (ਪਿਆਜਾਂ) ਦਾ ਢੇਰ ਲੱਗਾ ਹੋਇਆ ਸੀ। ਗੱਠੇ ਤਾਂ ਲਗਾਤਾਰ ਗਲ਼ਦੇ ਰਹਿੰਦੇ ਸਨ, ਜਿਨ੍ਹਾਂ ਦੀ ਬਦਬੂ ਉਰਵਸ਼ੀ ਲਈ ਅਸਹਿ ਸੀ। ਬੈਠਕ ਲਗਾਤਾਰ ਬੰਦ ਪਈ ਰਹਿਣ ਕਰਕੇ ਅੰਦਰੋਂ ਸਿੱਲ੍ਹ ਦੀ ਸਾਹ ਘੋਟੂ ਹਮਕ ਵੀ ਆਉਂਦੀ ਸੀ। ਫਿਰ ਵੀ ਉਹ ਦੋਨੋਂ ਉੱਥੇ ਸੁੱਤੇ। ਬਾਅਦ ਵਿਚ ਪਤਾ ਲੱਗਾ ਕਿ ਹਰੀਵੰਸ਼ ਹੀ ਸੁੱਤਾ ਸੀ। ਉਰਵਸ਼ੀ ਦੀਆਂ ਤਾਂ ਉਨੀਂਦਰੇ ਕਰਕੇ ਅੱਖਾਂ ਸੁੱਜੀਆਂ ਪਈਆਂ ਸਨ। ਸਵੇਰੇ ਉਸ ਨੇ ਹਰੀਵੰਸ਼ ਨੂੰ ਦੱਸਿਆ ਸੀ ਕਿ ਰਾਤੀਂ ਉਸ ਦੀ ਖੇਸੀ ਉੱਪਰੋਂ ਸੱਪ ਵਰਗਾ ਕੁਝ ਲੰਘਿਆ ਸੀ। ਕੜੀਆਂ ਵਾਲ਼ੀ ਛੱਤ ਤੋਂ ਦੋ ਚੂਹੇ ਸਿੱਧੇ ਉਸ ਦੇ ਮੂੰਹ ਉੱਤੇ ਆ ਡਿਗੇ ਸਨ ਤੇ ਟਿੱਡੀਆਂ ਦੀ ਟੀਂ ਟੀਂ ਨੇ ਉਸਨੂੰ ਐਨਾ ਦੁਖੀ ਕਰ ਦਿੱਤਾ ਸੀ ਕਿ ਉਹ ਬੈਠਕ ਤੋਂ ਬਾਹਰ ਨਿਕਲ਼ ਗਲ਼ੀ ਵਿਚ ਕਿੰਨਾ ਹੀ ਚਿਰ ਬੈਠੀ ਆਪਣੀ ਮਾੜੀ ਕਿਸਮਤ ਨੂੰ ਰੋਂਦੀ ਰਹੀ ਸੀ।

ਉਰਵਸ਼ੀ ਨੂੰ ਹਰ ਸੁਬ੍ਹਾ-ਸ਼ਾਮ ਤੀਵੀਆਂ ਦੇ ਝੁੰਡ ਨਾਲ਼ ਝਿੜੀ ਦੇ ਮਗਰ ਜੰਗਲ ਪਾਣੀ ਜਾਣਾ ਪੈਂਦਾ। ਸਾਰੀਆਂ ਤੀਵੀਆਂ ਲਾਗੇ ਲਾਗੇ ਬੈਠ ਆਪਣਾ ਕੰਮ ਵੀ ਕਰੀ ਜਾਂਦੀਆਂ ਤੇ ਚੁਗਲੀਆਂ ਵੀ ਵੱਢੀ ਜਾਂਦੀਆਂ। ਉਰਵਸ਼ੀ ਨੂੰ ਉਹ ਬਹੁਤ ਬੁਰੀਆਂ ਲੱਗਦੀਆਂ। ਉਹ ਉਨ੍ਹਾਂ ਤੋਂ ਸੌ ਗਜ਼ ਪਰ੍ਹੇ ਜਾ ਕੇ ਹੀ ਬੈਠਦੀ। ਉਨ੍ਹਾਂ ਦੇ ਘਰ ਤਾਂ ਨਹਾਉਣ ਦੀ ਵੀ ਬੜੀ ਸਮੱਸਿਆ

ਸੀ। ਟੂਟੀਆਂ-ਸ਼ਾਵਰਾਂ ਹੇਠ ਬੈਠ ਸਾਬਣ ਮਲ਼ ਮਲ਼ ਨਹਾਉਣ ਵਾਲ਼ੀ ਉਰਵਸ਼ੀ ਪਾਣੀ ਦੇ ਇਕ ਅੱਧ ਘੜੇ ਨਾਲ਼ ਕਿਵੇਂ ਸੰਤੁਸ਼ਟ ਹੁੰਦੀ? ਐਨਾ ਵੀ ਸ਼ੁਕਰ ਕਿ ਪਿੰਡ ਵਿਚ ਬਿਜਲੀ ਆ ਗਈ ਸੀ ਤੇ ਘਨ੍ਹੱਈਏ ਨੇ ਉਨ੍ਹਾਂ ਵੱਲ ਕੰਧ ਉੱਤੇ ਇਕ ਲਾਟੂ ਫਿੱਟ ਕਰਵਾ ਦਿੱਤਾ ਸੀ। ਜਦੋਂ ਉਹ ਬੱਤੀ ਜਗਾਉਂਦੇ ਖੱਲਾਂ ਖੂੰਜਿਆਂ ਵਾਲ਼ਾ ਹਨੇਰਾ ਵੀ ਬਾਹਰ ਦੌੜ ਜਾਂਦਾ। ਉਰਵਸ਼ੀ ਸਾਰਾ ਦਿਨ ਹਰੀਵੰਸ਼ ਕੋਲ਼ ਇੱਕੋ ਰੋਣਾ ਰੋਈ ਜਾਂਦੀ ਕਿ ਉਸਨੂੰ ਜਿੰਨੀ ਛੇਤੀ ਹੋ ਸਕੇ ਉਸ ਨਰਕ' ਚੋਂ ਬਾਹਰ ਕੱਢਿਆ ਜਾਏ। ਉਹ ਉੱਥੋਂ ਦੌੜ ਜਾਣ ਦੀ ਧਮਕੀ ਵੀ ਦੇਣ ਲੱਗ ਪਈ ਸੀ। ਕਈ ਵਾਰੀ ਤਾਂ ਉਹ ਉਸ ਮਾੜੀ ਘੜੀ ਨੂੰ ਵੀ ਕੋਸਣ ਲੱਗ ਪੈਂਦੀ ਜਦੋਂ ਅੱਲ੍ਹੜ-ਪੁਣੇ ਵਿਚ ਉਸ ਨੇ ਹਰੀਵੰਸ਼ ਨਾਲ਼ ਅੱਖਾਂ ਲਾ ਲਈਆਂ ਸਨ ਤੇ ਅੰਨ੍ਹੀ ਹੋ ਕੇ ਉਸਨੂੰ ਦੁਕਾਨ ਵਿਚ ਜਾਕੇ ਮਿਲਣ ਲੱਗ ਪਈ ਸੀ। ਇਕ ਦਿਨ ਤਾਂ ਉਸ ਨੇ ਜੇ. ਬੀ. ਟੀ. ਦਾ ਇਕ ਪੇਪਰ ਹੀ ਛੱਡ ਦਿੱਤਾ ਸੀ ਤੇ ਪੂਰੇ ਸਕੂਲ ਵਿਚ ਕੇਵਲ ਉਹੀ ਪਾਸ ਨਹੀਂ ਸੀ ਹੋਈ। ਉਹ ਨਿਸ਼ੰਗ ਹੋਕੇ ਕਿਸੇ ਡਾਕਟਰ ਦਾ ਜ਼ਿਕਰ ਵੀ ਕਰਦੀ, ਜਿਹੜਾ ਬਹੁਤ ਅਮੀਰ ਸੀ ਤੇ ਉਸ ਨੂੰ ਬਹੁਤ ਪਿਆਰ ਕਰਦਾ ਸੀ। ਉਹ ਡਾਕਟਰ ਉਸ ਨਾਲ਼ ਵਿਆਹ ਕਰਵਾਉਣਾ ਚਾਹੁੰਦਾ ਸੀ। ਹੁਣ ਉਸ ਨੂੰ ਹੀਰਵੰਸ਼ ਦਾ ਜ਼ਿੰਦਗੀ ਵਿਚ ਆਉਣਾ ਬੂਰ ਦੇ ਲੱਡੂ ਲੱਗਣ ਲੱਗ ਪਿਆ ਸੀ।

ਇਕ ਦਿਨ ਸਵੇਰੇ ਹੀ ਉਰਵਸ਼ੀ ਨੇ ਸਿਰਫ ਇਕ ਦਿਨ ਹੋਰ ਉੱਥੇ ਰਹਿਣ ਦੀ ਮੋਹਲਤ ਹਰੀਵੰਸ਼ ਨੂੰ ਦੇ ਦਿੱਤੀ। ਉਹ ਬਹੁਤ ਘਬਰਾ ਗਿਆ। ਉਸ ਨੇ ਸਾਰੀ ਗੱਲ ਘਨ੍ਹੱਈਏ ਨੂੰ ਦੱਸੀ। ਉਹ ਬੋਲਿਆ, 'ਪਟਿਆਲ਼ੇ ਜਾ ਕੇ ਸਹੁਰਿਆਂ ਦੇ ਰਹੇਂਗਾ ਤੂੰ? ਤੇਰੀ ਮੱਤ ਤਾਂ ਨੀ ਮਾਰੀ ਗਈ? ਸਾਡਾ ਨੱਕ ਵਢਾਉਣ ਤੇ ਕਿਉਂ ਤੁਲਿਐਂ?'

'ਜੇ ਉਹ ਦੌੜ ਗਈ ਫੇਰ ਨੀ ਨੱਕ ਵੱਢਿਆ ਜਾਊ ਮਾਮਾ? ਨਾਲ਼ੇ ਸਹੁਰਿਆਂ ਦੇ ਘਰ ਕੀਹਨੇ ਰਹਿਣਾ ਏਂ। ਮੇਰੀ ਦੁਕਾਨ ਦੇ ਮਗਰ ਇਕ ਵੱਡਾ ਕਮਰਾ ਬਣਿਆ ਹੋਇਆ ਏ। ਉੱਥੇ ਲੈਟਰੀਨ, ਬਾਥਰੂਮ ਤੇ ਰਸੋਈ ਵੀ ਹੈਗੀ ਏ।'

'ਉਲਟੀ ਹੋ ਗਈ ਸਭ ਤਦਬੀਰੇਂ... ।' ਘਨ੍ਹੱਈਏ ਨੇ ਸਿਰ ਹਿਲਾ ਕੇ ਹਉਕਾ ਭਰਿਆ।

'ਕੁਝ ਨਹੀਂ ਉਲਟਾ ਹੋਇਆ ਮਾਮਾ... ਆਪਾਂ ਹੀ ਪਹਿਲਾਂ ਤੋਂ ਉਲਟੇ ਹਾਂ। ਉਹ ਤਾਂ ਸਿੱਧੀ ਸੀ। ਆਪਾਂ ਵੀ ਸਿੱਧੇ ਹੋਣ ਦੀ ਕੋਸ਼ਿਸ਼ ਕਰੀਏ। ਹੁਣ ਮੈਂ ਪਟਿਆਲ਼ੇ ਦੁਕਾਨ ਛੱਡ ਕੇ ਤੇਰੇ ਗੋਡੇ ਨਾਲ਼ ਜੁੜ ਕੇ ਤਾਂ ਬੈਠ ਨਹੀਂ ਸਕਦਾ ਤੇ ਨਾ ਹੀ ਉਰਵਸ਼ੀ ਐਥੇ ਰਹਿਣਾ ਚਾਹੁੰਦੀ ਏ। ਉਸ ਦਾ ਜੇ. ਬੀ. ਟੀ. ਦਾ ਇਕ ਪੇਪਰ ਰਹਿੰਦਾ ਏ। ਉੱਥੇ ਰਹਿ ਕੇ ਤਿਆਰੀ ਕਰ ਲਊ। ਵਿਚਲੀ ਗੱਲ ਹੋਰ ਏ ਮਾਮਾ... ਉਹ ਅਮੀਰ ਮਾਂ-ਬਾਪ ਦੀ ਧੀ ਏ। ਵਿਆਹ ਤੋਂ ਪਹਿਲਾਂ ਸ਼ਰਤ ਇਹੀ ਸੀ ਕਿ ਨਾ ਉਹ ਚੁੱਲ੍ਹਾ-ਚੌਕਾ ਕਰੇਗੀ ਤੇ ਨਾ ਹੀ ਕਦੀ ਕੱਪੜੇ ਧੋਏਗੀ।'

'ਪਹਿਲਾਂ ਤਾਂ ਤੂੰ ਇਹ ਗੱਲ ਕਿਸੇ ਨੂੰ ਦੱਸੀ ਨਹੀਂ। ਹੁਣ ਤੇਰੇ ਯਾਦ ਆ ਗਈ? ਹੁਣ ਰੋਟੀਆਂ ਤੂੰ ਪਕਾਵੇਂਗਾ? ਕੱਪੜੇ ਤੂੰ ਧੋਏਂਗਾ?'

'ਇਹ ਸਾਰੇ ਕੰਮ ਨੌਕਰ ਕਰਨਗੇ ਮਾਮਾ... ਤੂੰ ਦੇਖਦਾ ਚੱਲ।'

'ਫੇਰ ਇਹ ਭਾਗਵਾਨ ਕੀ ਕਰੇਗੀ?'

'ਜੋ ਉਹਦਾ ਮਨ ਕਰੇਗਾ, ਕਰੇਗੀ।'

'ਹੇ ਸੱਚਿਆ ਪਾਤਸ਼ਾਹ... ਇਹ ਦਿਨ ਵੀ ਦੇਖਣੇ ਸੀ... ਬਖ਼ਸ਼ੀਂ ਮਹਾਰਾਜ।'

ਉਸ ਮਗਰੋਂ ਘਨ੍ਹੱਈਏ ਨੇ ਚੁੱਪ ਵੱਟ ਲਈ। ਸਾਰਿਆਂ ਦੀ ਸੱਧਰ ਸੀ ਕਿ ਕੁਝ ਦਿਨਾਂ ਤੱਕ ਨਵੀਂ ਬਹੂ ਚੁੱਲ੍ਹੇ ਚੌਂਕੇ ਚੜ੍ਹੇਗੀ ਤੇ ਦਾਲ਼ਾਂ ਸਬਜ਼ੀਆਂ ਬਣਾ ਕੇ ਉਨ੍ਹਾਂ ਨੂੰ ਤਾਜ਼ੇ ਫੁਲਕੇ ਖੁਆਇਆ ਕਰੇਗੀ। ਸਭ ਆਸਾਂ ਤੇ ਪਾਣੀ ਫਿਰ ਗਿਆ। ਭਾਗਵੰਤੀ ਨੇ ਲੁਕ ਲੁਕ ਕੇ ਰੋਣਾ ਸ਼ੁਰੂ ਕਰ ਦਿੱਤਾ। ਉਰਵਸ਼ੀ ਹਰੀਵੰਸ਼ ਨੂੰ ਲੈ ਕੇ ਚੁੱਪ-ਚਾਪ ਚਲੀ ਗਈ। ਜਾਣ ਲੱਗੀ ਨੇ ਨਾ ਕਿਸੇ ਦੇ ਪੈਰੀਂ ਹੱਥ ਲਾਇਆ ਤੇ ਨਾ ਹੀ ਮੂੰਹੋਂ ਕੁਝ ਉਚਰਿਆ। ਦਾਜ ਦਾ ਜਿਹੜਾ ਸਮਾਨ ਪਟਿਆਲ਼ੇ ਤੋਂ ਸਲਾਹਪੁਰ ਪੁੱਜਾ ਸੀ, ਉਹ ਹੌਲ਼ੀ-ਹੌਲੀ ਮੁੜ ਪਟਿਆਲ਼ੇ ਨੂੰ ਜਾਣ ਲੱਗ ਪਿਆ।

ਹਰੀਵੰਸ਼ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਇਕ ਸਵੇਰ ਭਾਗਵੰਤੀ ਨੇ ਚੱਕੀ ਪਰ੍ਹੇ ਕਰਵਾ ਕੇ ਕੱਚਾ ਫਰਸ਼ ਪੁੱਟ ਕੇ ਧਰਤੀ' ਚ ਦੱਬਿਆ ਇਕ ਕੁੱਜਾ ਬਾਹਰ ਕੱਢਿਆ ਸੀ, ਜਿਸ ਵਿਚ ਸੋਨੇ ਦੀਆਂ ਤਿੰਨ ਚਾਰ ਡਲ਼ੀਆਂ, ਕੁਝ ਤਗਾਦੇ ਅਤੇ ਚਾਂਦੀ ਦੀਆਂ ਭਾਰੀ ਪੰਜੇਬਾਂ ਸਨ। ਪਰੇਮ ਤੋਂ ਪੁਰਾਣੇ ਗਹਿਣੇ ਭੰਨਵਾ ਕੇ ਨਵੇਂ ਬਣਵਾ ਲਏ ਸਨ। ਸੋਨੇ ਦੀਆਂ ਦੋ ਡਲ਼ੀਆਂ ਰੋਪੜ ਦੇ ਭੀਮੇਂ ਸੁਨਿਆਰ ਰਾਹੀਂ ਕਿਸੇ ਸਰਾਫ਼ ਕੋਲ਼ ਵੇਚ ਕੇ ਪੈਸੇ ਲੈ ਲਏ ਸਨ। ਹਰੀਵੰਸ਼ ਕੋਲ਼ ਤਾਂ ਵਿਆਹ ਦੇ ਖ਼ਰਚ ਲਈ ਕਾਣੀ ਕੌਡੀ ਵੀ ਨਹੀਂ ਸੀ। ਸਾਰੇ ਕੱਪੜੇ-ਲੱਤੇ ਘਨ੍ਹੱਈਏ ਨੇ ਹੀ ਖ਼੍ਰੀਦੇ ਸਨ। ਲੋੜ ਮੁਤਾਬਕ ਸਿਲਾਈ ਵੀ ਕਰ ਦਿੱਤੀ ਸੀ। ਆਗਰੇ ਤੋਂ ਰਾਮ ਸਿੰਘ ਤੇ ਜਿੰਦਰ ਆਪਣੀ ਨਿੱਕੀ ਜਿਹੀ ਧੀ ਸਤਿੰਦਰ ਨੂੰ ਲੈ ਕੇ ਵਿਆਹ ਤੋਂ ਦੋ ਦਿਨ ਪਹਿਲਾਂ ਆਏ ਸਨ। ਜਿੰਦਰ ਨੇ ਅੰਮ੍ਰਿਤ ਛਕ ਕੇ ਕਿਰਪਾਨ ਪਾ ਲਈ ਸੀ। ਉਸ ਨੇ ਆਪਣੇ ਕੁਝ ਗਹਿਣੇ ਭਾਗਵੰਤੀ ਮੂਹਰੇ ਰੱਖ ਕੇ ਕਿਹਾ ਸੀ, 'ਬੇਬੇ ਜੀ ਇਹ ਮੇਰੀ ਭਾਣਜੀ ਨੂੰ ਪਾ ਦਿਓ। ਮੈਂ ਤਾਂ ਗਹਿਣੇ ਪਾਉਣੇ ਛੱਡ ਦਿੱਤੇ ਨੇ।'

ਉਹ ਸੱਚ ਹੀ ਕਹਿ ਰਹੀ ਸੀ। ਉਸਦੇ ਤਾਂ ਹੱਥ, ਕੰਨ, ਗਲ਼ਾ ਸਭ ਸੁੰਨੇ ਸਨ। ਉਸ ਨੇ ਸੁਰਖ਼ੀ ਪਾਊਡਰ ਜਾਂ ਨਹੁੰ ਪਾਲਸ਼ ਵੀ ਨਹੀਂ ਸੀ ਲਾਈ ਹੋਈ, ਫਿਰ ਵੀ ਉਹ ਬਹੁਤ ਸੁਹਣੀ ਲਗਦੀ ਸੀ।

'ਨਾ ਭਾਈ ਬਹੂ ਤੈਨੂੰ ਤਾਂ ਅਸੀਂ ਪਹਿਲਾਂ ਹੀ ਘੱਟ ਤਗਾਦੇ ਪਾਏ ਸੀ। ਤੈਨੂੰ ਅਸੀਂ ਦੇਣੇ ਆਂ ਕਿ ਲੈਣੇ ਆਂ?' ਭਾਗਵੰਤੀ ਨੇ ਕਿਹਾ ਸੀ, ਪਰ ਉਹ ਮੰਨੀ ਨਹੀਂ ਸੀ। ਭਾਗਵੰਤੀ ਨੂੰ ਇਹ ਗਹਿਣੇ ਫੜਨੇ ਪਏ ਸਨ। 'ਜਿਹੜੀ ਔਰਤ ਐਨੀ ਚੰਗੀ ਏ। ਉਹਦੀ ਭਾਣਜੀ ਵੀ ਚੰਗੀ ਹੋਵੇਗੀ।' ਲੱਡੂ ਵੱਟਦੇ ਘਨ੍ਹੱਈਏ ਨੇ ਭਾਗਵੰਤੀ ਨੂੰ ਕਿਹਾ ਸੀ। ਰਾਮ ਸਿੰਘ ਤੇ ਜਿੰਦਰ ਤਾਂ ਵਿਆਹ ਤੋਂ ਤੀਜੇ ਦਿਨ ਹੀ ਆਗਰੇ ਨੂੰ ਚਲੇ ਗਏ ਸਨ। ਹੁਣ ਹਰੀਵੰਸ਼ ਤੇ ਉਰਵਸ਼ੀ ਪਟਿਆਲ਼ੇ ਗਏ ਤਾਂ ਭਾਗਵੰਤੀ ਨੇ ਵੀ ਆਗਰੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਉਹ ਜਿੰਦਰ ਕੋਲ਼ ਹੀ ਰਹਿ ਕੇ ਰਾਜੀ ਸੀ।

ਭਾਗਵੰਤੀ ਦੇ ਦਵਾਰਾ ਆਗਰੇ ਜਾਣ ਤੋਂ ਹਫ਼ਤਾ ਕੁ ਪਹਿਲਾਂ ਘਨ੍ਹੱਈਏ ਨੇ ਉਸ ਨੂੰ ਕਿਹਾ, 'ਤੈਨੂੰ ਤਾਂ ਪਤਾ ਹੀ ਏ, ਪਰੇਮ ਨੇ ਦੋਰਾਹੇ ਪਲਾਟ ਲੈ ਕੇ ਮਕਾਨ ਵੀ ਪਾ ਲਿਆ ਏ ਤੇ ਦੁਕਾਨ ਵੀ। ਉਹ ਕਹਿੰਦਾ ਸੀ ਕਿ ਮਾਸੀ ਵੀ ਦੋਰਾਹੇ ਪਲਾਟ ਲੈ ਲਵੇ। ਜੇ ਤੇਰੀ

ਸਲਾਹ ਬਣਦੀ ਏ ਤਾਂ ਦੱਸ?'

'ਸਲਾਹ ਤਾਂ ਭਾਈ ਘਨੱਈਏ ਮੈਂ ਤੇਰੇ ਨਾਲ਼ ਹੀ ਕਰਨੀ ਏਂ। ਪਰ ਮੈਂ ਇਹ ਕਹਿੰਦੀ ਆਂ ਕਿ ਐਨੀ ਦੂਰ ਦੋਰਾਹੇ ਜਾਣ ਦੀ ਕੀ ਚੱਟੀ ਪਈ। ਐਥੇ ਚਮਕੌਰ ਲੈ ਲੈਂਦੇ ਹਾਂ ਜਗ੍ਹਾ। ਸਭ ਲੋਕ ਜਾਣਦੇ ਨੇ, ਠੀਕ ਰਹੂ।' ਉਹ ਬੋਲੀ।

ਘਨੱਈਏ ਨੇ ਸਲਾਹ ਦਿੱਤੀ ਕਿ ਚਮਕੌਰ ਨਾਲੋਂ ਦੋਰਾਹਾ ਬੇਹਤਰ ਰਹੇਗਾ। ਚਮਕੌਰ' ਚ ਦੋਰਾਹੇ ਵਾਲੀਆਂ ਸਹੂਲਤਾਂ ਨਹੀਂ। ਚਮਕੌਰ' ਚ ਪੰਚਾਇਤ ਏ, ਉੱਥੇ ਕਮੇਟੀ। ਦੋਰਾਹੇ ਰੇਲਵੇ ਸਟੇਸ਼ਨ ਹੈ। ਜੀ. ਟੀ. ਰੋਡ ਤੇ ਹਰ ਪਾਸਿਓਂ ਬੱਸਾਂ ਦੀ ਆਵਾਜਾਈ ਹੈ। ਚਾਹੇ ਕੋਈ ਅੱਧੀ ਰਾਤ ਉੱਥੇ ਪਹੁੰਚੇ, ਕੋਈ ਤਕਲੀਫ਼ ਨਹੀਂ। ਭਾਗਵੰਤੀ ਨੇ ਦੋਰਾਹੇ ਲਈ ਹਾਂ ਕਰ ਦਿੱਤੀ। ਘਨੱਈਆ ਉਸ ਨੂੰ ਦੋਰਾਹੇ ਲੈ ਗਿਆ। ਦੋਰਾਹੇ ਸਰਦਾਰ ਚੰਨਣ ਸਿੰਘ ਦੀ ਮਾਲਕੀ ਵਾਲ਼ੇ ਦੁਕਾਨਾਂ ਅਤੇ ਅਨੇਕਾਂ ਹੀ ਪਲਾਟ ਪਏ ਸਨ। ਪਰੇਮ ਉਨ੍ਹਾਂ ਨੂੰ ਚੰਨਣ ਸਿੰਘ ਦੇ ਘਰ ਲੈ ਗਿਆ। ਉਸ ਨੇ ਸਾਰਿਆਂ ਨੂੰ ਪਿਆਰ ਨਾਲ਼ ਬਿਠਾਇਆ ਤੇ ਚਾਹ ਪਾਣੀ ਪਿਲਾਇਆ। ਪਰੇਮ ਨੇ ਭਾਗਵੰਤੀ ਨਾਲ਼ ਬੀਤੀ ਸਾਰੀ ਕਹਾਣੀ ਸੁਣਾ ਦਿੱਤੀ। ਚੰਨਣ ਸਿੰਘ ਤੇ ਭਾਗਵੰਤੀ ਦੀਆਂ ਮੁਸੀਬਤਾਂ ਜਾਣ ਕੇ ਬੜਾ ਅਸਰ ਹੋਇਆ। ਉਹ ਬੋਲਿਆ, 'ਦੇਖ ਬੀਬੀ, ਜਿਹੜੀ ਦੁਕਾਨ ਪਰੇਮ ਸਿੰਘ ਨੇ ਲਈ ਏ। ਉਸ ਦੇ ਲਾਗੇ ਹੀ ਤਿੰਨ ਦੁਕਾਨਾਂ ਦੇ ਪਲਾਟ ਇਕੱਠੇ ਪਏ ਨੇ। ਇਕ ਜ਼ਰਾ ਹਟ ਕੇ ਹੈ। ਤੁਸੀਂ ਚਾਰ ਪਲਾਟ ਲਓ ਬੀਬੀ। ਸਾਰੇ ਮੁੰਡੇ ਸੈੱਟ ਹੋ ਜਾਣਗੇ। ਪਰੇਮ ਦੀ ਗੱਲ ਹੋਰ ਸੀ। ਖਾਂਦਾ-ਪੀਂਦਾ ਹੋਣ ਕਰਕੇ ਪੂਰਾ ਰੇਟ ਲਾਇਆ ਏ ਮੈਂ ਉਸ ਨੂੰ। ਤੁਹਾਡੇ ਕੋਲੋਂ ਮੈਂ ਸਿਰਫ ਅੱਠ ਹਜ਼ਾਰ ਰੁਪਏ ਲਵਾਂਗਾ। ਉਹ ਵੀ ਜਦੋਂ ਤੁਹਾਡੇ ਕੋਲ਼ ਹੋਣਗੇ। ਰਜਿਸਟਰੀ ਚਾਹੇ ਅੱਜ ਕਰਵਾ ਲਵੋ।'

'ਅੱਠ ਹਜ਼ਾਰ ਰੁਪਏ? ਬੱਲੇ-ਬੱਲੇ... ਐਨੀ ਰਕਮ ਸਾਡੇ ਕੋਲ਼ ਕਦੋਂ ਆਊ ਵੀਰ? ਨਾਲ਼ੇ ਦੁਕਾਨਾਂ ਅਸੀਂ ਨਹੀਂ ਲੈਣੀਆਂ। ਅਸੀਂ ਤਾਂ ਕਮਰੇ ਛੱਤਣ ਵਾਸਤੇ ਪਲਾਟ ਲੈਣਾ ਏ। ਦੁਕਾਨ ਨੇ ਹੀ ਤਾਂ ਪਹਿਲਾਂ ਸਾਨੂੰ ਉਜਾੜਿਆ ਏ।' ਉਹ ਬੋਲੀ।

'ਦੁਕਾਨ ਨੇ ਨਹੀਂ ਉਜਾੜਿਆ ਬੀਬੀ। ਮਾੜੇ ਬੰਦਿਆਂ ਨੇ ਉਜਾੜਿਆ ਏ। ਬੀਬੀ ਮੇਰੀ ਮੰਨੋਂ। ਚੁੱਪ ਚਾਪ ਰਜਿਸਟਰੀ ਕਰਵਾ ਲਉ। ਤੈਥੋਂ ਪੈਸੇ ਮੰਗਣ ਨਹੀਂ ਆਵਾਂਗਾ।'

'ਨਾ ਵੇ ਵੀਰ.... ਤੂੰ ਸਾਨੂੰ ਪਲਾਟ ਲੈ ਦੇ ਰਿਹਾਇਸ਼ ਵਾਲਾ... ਸਸਤਾ ਜਿਹਾ।'

'ਬੀਬੀ ਹਰ ਦੁਕਾਨ ਦੇ ਮਗਰ ਰਿਹਾਇਸ਼ ਲਈ ਪਲਾਟ ਨੇ।'

'ਬੱਸ ਦੁਕਾਨ ਦਾ ਨਾਂ ਨਾ ਲੈ ਵੀਰ। ਮੇਰਾ ਜੀਅ ਘਬਰਾਉਂਦਾ ਏ।' ਭਾਗਵੰਤੀ ਬੋਲੀ ਤਾਂ ਚੰਨਣ ਸਿੰਘ ਹੱਸ ਪਿਆ। ਫਿਰ ਬੋਲਿਆ, 'ਤੇਰੇ ਵਸ ਨਹੀਂ ਬੀਬੀ। ਤੂੰ ਦੁੱਧ ਦੀ ਸੜੀ ਲੱਸੀ ਨੂੰ ਫੂਕਾਂ ਮਾਰੀ ਜਾਂਦੀ ਏਂ।'

ਉਨ੍ਹਾਂ ਨੇ ਜਿਹੜਾ ਛੇ ਵਿਸਵੇ ਦਾ ਪਲਾਟ ਲਿਆ। ਉਹ ਰੇਲਵੇ ਰੋਡ ਤੋਂ ਕੁਝ ਹਟਵਾਂ ਸੀ। ਉਸ ਦੀ ਰਜਿਸਟਰੀ ਪੰਜ ਜੀਆਂ ਦੇ ਨਾਂ ਤੇ ਹੋਈ, ਚਾਰ ਭਰਾ ਤੇ ਪੰਜਵੀਂ ਮਾਂ। ਪਲਾਟ ਦੇ ਅਠਾਈ ਸੌ ਰੁਪਏ ਕੁਝ ਦਿਨਾਂ ਮਗਰੋਂ ਹੀ ਚੰਨਣ ਸਿੰਘ ਨੂੰ ਪਹੁੰਚਦੇ ਕਰ ਦਿੱਤੇ।

ਜਦੋਂ ਭਾਗਵੰਤੀ ਆਗਰੇ ਜਾਣ ਲੱਗੀ ਤਾਂ ਕੁਝ ਸਮਾਨ ਲੈਕੇ ਜਿੰਦਰ ਦਾ ਛੋਟਾ ਭਰਾ ਗੁਰਿੰਦਰ ਦੋਰਾਹੇ ਪਹੁੰਚ ਗਿਆ। ਦੇਵ ਨੂੰ ਉਸੇ ਤੋਂ ਪਤਾ ਲੱਗਾ ਕਿ ਹਰੀਵੰਸ਼ ਆਪਣੇ ਸਹੁਰੇ

ਘਰ ਹੀ ਰਹਿ ਰਿਹਾ ਸੀ। ਉਸਦੇ ਸਹੁਰੇ ਨੇ ਪੰਜ ਸੌ ਗਜ਼ ਦਾ ਪਲਾਟ ਆਪਣੀ ਧੀ ਉਰਵਸ਼ੀ ਦੇ ਨਾਂ ਕਰਵਾ ਦਿੱਤਾ ਸੀ। ਉਸ ਪਲਾਟ ਵਿਚ ਕੋਠੀ ਵੀ ਉਸੇ ਨੇ ਪਾ ਕੇ ਦੇਣੀ ਸੀ। ਉਸ ਨੇ ਇਹ ਵੀ ਦੱਸਿਆ ਕਿ ਉਸ ਦਾ ਪਿਉ ਲਹਿੰਬਰ ਸਿੰਘ ਤੇ ਦੋ ਚਾਚੇ ਘਰ ਚਾਂਦੀ ਦੇ ਨਕਲੀ ਰੁਪਏ ਬਣਾਉਣ ਕਰਕੇ ਜੇਲ੍ਹ ਵਿਚ ਬੰਦ ਸਨ। ਉਸ ਨੇ ਦੇਵ ਨੂੰ ਤਾੜਨਾ ਕੀਤੀ ਕਿ ਇਹ ਗੱਲਾਂ ਉਸ ਨੇ ਉਸਨੂੰ ਦੋਸਤ ਹੋਣ ਕਰਕੇ ਦੱਸੀਆਂ ਹਨ। ਅੱਗੇ ਕਿਸੇ ਕੋਲ਼ ਭਾਫ਼ ਨਹੀਂ ਕੱਢਣੀ। ਦੇਵ ਨੇ ਇਨ੍ਹਾਂ ਗੱਲਾਂ ਦੀ ਭਾਫ਼ ਕਿਸੇ ਕੋਲ਼ ਕੱਢੀ ਵੀ ਨਾ।

**00**

# ਪੰਤਾਲ਼ੀ

ਦੇਵ ਦੇ ਵੱਡੇ ਮਾਮੇ ਦੁਰਗਾ ਦਾਸ ਨਾਲ਼ ਘਨ੍ਹੱਈਏ ਦੀ ਕੋਈ ਵਰਤੋਂ ਨਹੀਂ ਸੀ ਰਹੀ। ਉਹ ਸਾਨ੍ਹੇਵਾਲ ਦੇ ਨੇੜੇ ਕਿਸੇ ਪਿੰਡ ਦਾ ਜੰਮਪਲ ਸੀ ਤੇ ਸਲਾਹਪੁਰੀਆਂ ਨੂੰ ਨਫ਼ਰਤ ਕਰਦਾ ਸੀ। ਦੇਵ ਦੇ ਨਾਨੇ ਮੁਣਸ਼ੀ ਰਾਮ ਪਹਿਲਵਾਨ ਨੇ ਵੀ ਆਪਣੇ ਇਸ ਦਾਜ ਵਿਚ ਆਏ ਮੁੰਡੇ ਨਾਲ਼ ਕੋਈ ਮੋਹ ਨਹੀਂ ਸੀ ਰੱਖਿਆ। ਪੜ੍ਹਨ ਵਿਚ ਤੇਜ਼-ਤਰਾਰ ਦੁਰਗਾ ਦਾਸ ਅੱਠ ਪਾਸ ਕਰਨ ਮਗਰੋਂ ਘਰੋਂ ਚਲਾ ਗਿਆ ਸੀ। ਉਸ ਨੇ ਆਪਣੇ ਪੁੱਤ, ਨਿੱਤਿਆ ਨੰਦ ਅਤੇ ਧੀ ਸਰਸਵਤੀ ਦੇ ਵਿਆਹ ਕੀਤੇ ਸਨ ਤੇ ਸਲਾਹਪੁਰ ਤੋਂ ਕਿਸੇ ਨੂੰ ਨਹੀਂ ਸੀ ਸੱਦਿਆ। ਇਸ ਲੰਬੇ ਅਰਸੇ ਦੌਰਾਨ ਘਨ੍ਹੱਈਏ ਨੂੰ ਉਸ ਦੀ ਖ਼ਬਰ ਸਾਰ ਆਪਣੇ ਸਹੁਰੇ ਬੁੱਘਾ ਰਾਮ ਤੋਂ ਮਿਲਦੀ ਰਹੀ ਸੀ, ਜਿੱਥੇ ਉਹ ਸੁਰ ਮਿਲਦੀ ਹੋਣ ਕਰਕੇ ਕਦੀ-ਕਦਾਈਂ ਚੱਕਰ ਮਾਰ ਆਇਆ ਕਰਦਾ ਸੀ। ਰਾਮ ਸਿੰਘ ਤੇ ਫਿਰ ਹਰੀਵੰਸ਼ ਦੇ ਵਿਆਹਾਂ ਸਮੇਂ ਘਨ੍ਹੱਈਏ ਨੇ ਉਸ ਨੂੰ ਨਾਈ ਭੇਜ ਕੇ ਸੱਦਿਆ ਸੀ, ਪਰ ਉਸ ਨੇ ਨਾਈ ਨੂੰ ਵੀ ਬਿਨਾਂ ਚਾਹ ਪਾਣੀ ਪਿਲਾਏ ਬੇਰੰਗ ਮੋੜ ਦਿੱਤਾ ਸੀ। ਉਸ ਨੇ ਸੁਨੇਹਾ ਭੇਜਿਆ ਸੀ, 'ਆਪ ਸਬ ਲੋਕ ਮੇਰੇ ਲਿਏ ਮਰ ਗਏ ਹੈਂ ਔਰ ਮੈਂ ਆਪ ਸਭ ਕੇ ਲੀਏ ਮਰ ਗਿਆ ਹੂੰ। ਮੈਂ ਤਾਅ ਉਮਰ ਆਪ ਲੋਗੋਂ ਕੇ ਮੱਥੇ ਨਹੀਂ ਲਗਨਾ ਚਾਹਤਾ। ਆਇੰਦਾ ਐਸੀ ਹਰਕਤ ਕਰਨੇ ਕੀ ਹਿੰਮਤ ਨਾ ਕਰੇਂ।'

ਭਾਗਵੰਤੀ ਦੇ ਆਗਰੇ ਜਾਣ ਤੋਂ ਹਫਤਾ ਕੁ ਮਗਰੋਂ ਚਮਕੌਰ ਤੋਂ ਇਕ ਰਿਕਸ਼ਾ ਸਲਾਹਪੁਰ ਪਹੁੰਚਿਆ। ਜਿਸ ਉੱਤੇ ਇਕ ਵੱਡਾ ਟਰੰਕ, ਦੋ ਭਾਰੇ ਬੈਗ ਤੇ ਤਿੰਨ ਸਵਾਰੀਆਂ ਸਨ, ਦੁਰਗਾ ਦਾਸ ਦਾ ਲੜਕਾ ਨਿੱਤਿਆ, ਉਹਦੀ ਪਤਨੀ ਰੋਮਾਂ ਤੇ ਉਨ੍ਹਾਂ ਦਾ ਦੁੱਧ ਚੁੰਘਦਾ ਬੱਚਾ ਪਿੰਟੂ। ਘਨ੍ਹੱਈਆ ਇਹ ਅਣ ਸੱਦੇ ਮਹਿਮਾਨ ਦੇਖ ਕੇ ਚਕਰਾ ਗਿਆ। ਆਪਣੇ ਭਤੀਜੇ ਨਿੱਤਿਆ ਨੰਦ ਨੂੰ ਤਾਂ ਉਹ ਜਾਣਦਾ ਹੀ ਸੀ, ਉਸ ਦੀ ਘਰਵਾਲੀ ਰੋਮਾਂ ਤੇ ਉਨ੍ਹਾਂ ਦਾ ਬੱਚਾ ਉਸ ਨੇ ਪਹਿਲੀ ਵਾਰ ਦੇਖੇ ਸਨ। ਰਿਕਸ਼ੇ ਤੋਂ ਉਤਰ ਕੇ ਦੋਨਾਂ ਨੇ ਸਾਰਿਆਂ ਦੇ ਪੈਰੀਂ ਹੱਥ ਲਾਏ। ਰਿਕਸ਼ੇ ਵਾਲ਼ੇ ਨੂੰ ਦੇਣ ਲਈ ਨਿੱਤਿਆ ਨੰਦ ਕੋਲ਼ ਖੁੱਲ੍ਹੇ ਪੈਸੇ ਨਹੀਂ ਸਨ। ਉਹ ਬੋਲਿਆ, 'ਚਾਚਾ ਚਾਰ ਆਨੇ ਦੇ ਦੇ ਰਿਕਸ਼ੇ ਵਾਲ਼ੇ ਨੂੰ।'

ਰਿਕਸ਼ੇ ਵਾਲ਼ੇ ਨੇ ਸਮਾਨ ਲਾਹ ਕੇ ਅੰਦਰ ਰੱਖ ਦਿੱਤਾ। ਘਨ੍ਹੱਈਏ ਨੇ ਉਸ ਨੂੰ ਚਾਰ ਆਨੇ ਦੇ ਦਿੱਤੇ ਤੇ ਚਾਹ ਪੀਣ ਲਈ ਰੁਕਣ ਨੂੰ ਕਿਹਾ। ਉਹ ਉਘੜ-ਦੁਘੜੀ ਗਲ਼ੀ ਵਿੱਚੋਂ ਰਿਕਸ਼ਾ ਬੜੀ ਮੁਸ਼ਕਲ ਨਾਲ਼ ਖਿੱਚ ਕੇ ਲਿਆਇਆ ਸੀ। ਉਹ ਰਿਕਸ਼ੇ ਉੱਤੇ ਬੈਠ ਕੇ ਹੀ

ਬੀੜੀ ਪੀਣ ਲੱਗ ਪਿਆ। ਲਲਤਾ ਨੇ ਰੋਮਾਂ ਕੋਲੋਂ ਮੁੰਡੇ ਨੂੰ ਫੜ ਲਿਆ ਤੇ ਪਿਆਰ ਕਰਨ ਲੱਗੀ। ਘਨ੍ਹੱਈਏ ਨੇ ਨਿੱਤਿਆ ਨੰਦ ਨੂੰ ਬੈਠਕ ਵਿਚ ਬਿਠਾ ਲਿਆ। ਪੀੜ੍ਹੇ ਉੱਤੇ ਬੈਠਾ ਉਹ ਜੇਬ੍ਹ' ਚੋਂ ਕੰਘਾ ਕੱਢ ਆਪਣੇ ਵਾਲ਼ ਠੀਕ ਕਰਨ ਲੱਗ ਪਿਆ।

'ਤੂੰ ਕਿਵੇਂ ਆ ਗਿਆ ਬਈ ਭਤੀਜੇ?' ਘਨ੍ਹੱਈਏ ਨੇ ਪੁੱਛਿਆ।

'ਆਪਣੇ ਪਿੰਡ ਆ ਗਿਆ ਹਾਂ ਚਾਚਾ... ਆਪਣੇ ਘਰ।'

'ਬੜਾ ਚਿਰੋਕਾ ਯਾਦ ਆਇਆ ਘਰ।' ਘਨ੍ਹੱਈਏ ਨੇ ਚੋਭ ਮਾਰੀ।

'ਜਦ ਤੱਕ ਬੁੜ੍ਹੇ ਦਾ ਰਾਜ ਸੀ, ਨਹੀਂ ਆਇਆ। ਹੁਣ ਆਪਣਾ ਰਾਜ ਏ, ਜਿੱਥੇ ਮਰਜ਼ੀ ਜਾਈਏ-ਆਈਏ।' ਉਹ ਹੱਸਿਆ।

ਘਨ੍ਹੱਈਆ ਚੁੱਪ ਕਰ ਗਿਆ ਤੇ ਹੁੱਕੇ ਦੀ ਨੜੀ ਮੂੰਹ' ਚ ਦਬਾ ਕੇ ਚਿਲਮ ਉੱਤੇ ਹੱਥ ਦੀ ਤਾਲ ਦਿੰਦਾ ਸੋਚਣ ਲੱਗ ਪਿਆ।

'ਚਾਚਾ ਤੈਨੂੰ ਬੁਰਾ ਤਾਂ ਨੀ ਲੱਗਾ? ਰੋਮਾਂ ਨੂੰ ਘੁੰਡ ਕੱਢਣ ਤੋਂ ਮੈਂ ਹੀ ਰੋਕ ਦਿੱਤਾ ਸੀ।'

'ਕੋਈ ਨਾ ਸਾਊ... ਨਵਾਂ ਜ਼ਮਾਨਾ ਆ ਗਿਆ ਏ। ਗੁੱਸਾ ਕੀਹਦਾ ਕੀਹਦਾ ਕਰੀ ਜਾਵਾਂਗੇ?'

'ਨਿੱਤਿਆ ਨੰਦ ਨੇ ਆਪਣੀ ਜੇਬ੍ਹ' ਚੋਂ ਸਿਗਰਟਾਂ ਦੀ ਡੱਬੀ ਕੱਢੀ ਤੇ ਸਿਗਰਟ ਸੁਲਘਾ ਕੇ ਕਸ਼ ਖਿੱਚਿਆ ਤੇ ਧੂੰਏ ਦਾ ਛੱਲਾ ਛੱਤ ਵੱਲ ਨੂੰ ਸੁੱਟਿਆ।

'ਤੂੰ ਵੀ ਪੀਣ ਲੱਗ ਪਿਆ ਸਿਗਰਟਾਂ?' ਘਨ੍ਹੱਈਏ ਨੇ ਪੁੱਛਿਆ।

'ਜੀਹਦਾ ਪਿਓ ਪੀਂਦਾ ਹੋਊ, ਉਹਦਾ ਮੁੰਡਾ ਵੀ ਤਾਂ ਪੀਊ। ਨਾਲ਼ੇ ਚਾਚਾ ਤੂੰ ਤਾਂ ਕਹੇਂ ਜੇ ਆਪ ਨਾ ਪੀਂਦਾ ਹੋਵੇਂ। ਤੂੰ ਤਾਂ ਹੁੱਕਾ ਵੀ ਬੜ੍ਹਕਾਉਂਦਾਏਂ।' ਉਹ ਬੋਲਿਆ।

'ਇਹ ਜ਼ਰੂਰੀ ਤਾਂ ਨਹੀਂ... ਮੇਰੇ ਚਾਰ ਭਾਣਜੇ ਆਂ... ਸਭ ਐਥੇ ਹੀ ਪਲ਼ੇ ਨੇ। ਕੋਈ ਹੱਥ ਵੀ ਨ੍ਹੀ ਲਾਉਂਦਾ। ਦੇਵ ਤਾਂ ਉਲਟਾ ਮੈਨੂੰ ਕਹੂ, ਅਖੇ ਮਾਮਾ ਤਮਾਖੂ ਸੌ ਬਿਮਾਰੀਆਂ ਦੀ ਜੜ੍ਹ ਏ। ਛੱਡ ਦੇ ਇਹਨੂੰ।' ਘਨ੍ਹੱਈਏ ਨੇ ਦੱਸਿਆ।

'ਦੇਵ ਕੌਣ?'

'ਦੁਖੀ ਆਪਣਾ... ਤੇਰੀ ਬੂਆ ਦਾ ਛੋਟਾ ਮੁੰਡਾ।' ਘਨ੍ਹੱਈਆ ਬੋਲਿਆ।

'ਬੜਾ ਪੁੱਠਾ ਨਾਂ ਰੱਖਿਆ ਏ। ਦੇਵ ਤਾ ਦਿਓ ਨੂੰ ਕਹਿੰਦੇ ਨੇ।' ਉਹ ਹੱਸਿਆ।

'ਬੱਲੇ ਉਇ ਤੇਰੇ ਭਤੀਜ.... ਤੂੰ ਤਾਂ ਜਮ੍ਹਾਂ ਹੀ ਮੂਰਖ ਏਂ। ਚਾਰ ਜਮਾਤਾਂ ਪੜ੍ਹਿਆਂ ਏਂ ਕਿ ਪੰਜ? ਦੇਵ ਕਹਿੰਦੇ ਆਂ ਦੇਵਤੇ ਨੂੰ ਤੇ ਦਾਨਵ ਕਹਿੰਦੇ ਆ ਰਾਖ਼ਸ਼ਿਸ਼ ਨੂੰ।'

ਲਲਤਾ ਚਾਹ ਦੀ ਗੜਵੀ ਤੇ ਗਿਲਾਸ ਮਸ਼ੀਨ ਵਾਲ਼ੇ ਫੱਟੇ ਤੇ ਰੱਖ ਗਈ ਤਾਂ ਘਨ੍ਹੱਈਏ ਨੇ ਹਾਕ ਮਾਰ ਕੇ ਕਿਹਾ, 'ਇਕ ਗਿਲਾਸ ਰਿਕਸ਼ੇ ਵਾਲ਼ੇ ਨੂੰ ਦੇ ਦਵੀਂ।'

'ਦੇ ਦਿੱਤਾ ਮਾਰ੍ਹਾਜ ਜੀ।' ਉਹ ਬੋਲੀ।

'ਰਿਕਸ਼ੇ ਵਾਲ਼ੇ ਨੂੰ ਕਾਹਦੀ ਚਾਹ?' ਨਿੱਤਿਆ ਨੰਦ ਬੋਲਿਆ। ਘਨ੍ਹੱਈਏ ਨੇ ਕੋਈ ਜਵਾਬ ਨਾ ਦਿੱਤਾ। ਦੇਹਲ਼ੀ ਉੱਤੇ ਬੈਠਾ ਦੇਵ ਬੜੇ ਅਚੰਭੇ ਨਾਲ਼ ਇਸ ਨਵੇਂ ਮਹਿਮਾਨ ਵੱਲ ਅੱਖਾਂ ਟਿਕਾਈ ਬੈਠਾ ਸੀ।

'ਇਹਨੂੰ ਦੇਵਤੇ ਨੂੰ ਲਾ ਲਿਆ ਕੱਪੜੇ ਸਿਊਣ ਕਿ ਅਜੇ ਉਵੇਂ ਦੁੜੰਗਦਾ ਏ?' ਉਹ

ਬੋਲਿਆ।

'ਦੁੜੰਗਦਾ ਨਹੀਂ। ਗਿਆਰਵੀਂ ਕਰ ਰਿਹਾ ਏ। ਦਸਵੀ' ਚੋਂ ਫਸਟ ਡਵੀਜ਼ਨ ਆਈ ਸੀ ਇਸਦੀ।' ਘਨ੍ਹੱਈਆ ਕੁਝ ਹਰਖ਼ ਦੇ ਨਾਲ਼ ਬੋਲਿਆ।

ਚਾਹ ਪੀਣ ਮਗਰੋਂ ਘਨ੍ਹੱਈਏ ਨੇ ਪੁੱਛਿਆ, 'ਅੱਜ ਚਾਚਾ ਯਾਦ ਆਉਣ ਦਾ ਸਬੱਬ ਕਿਆ ਬਣਿਆ?'

'ਪਿਓ ਨੇ ਠੁੱਡਾ ਮਾਰਿਆ, ਕਹਿੰਦਾ, ਨਿਕਲ਼ੋ ਬਾਹਰ, ਮੇਰੇ ਤੁਸੀਂ ਕੁਝ ਨੀ ਲਗਦੇ । ਅਸੀਂ ਨਿਕਲ਼ ਵੀ ਆਏ ਤੇ ਮੈਂ ਉਹਦੀਆਂ ਮਝੀਟੀਆਂ ਵੀ ਪੱਟ ਆਇਆ।'

'ਸ਼ਾਬਾਸ਼ ਤੇਰੇ ਬਈ... ਸਾਡੇ ਖਾਨਦਾਨ ਵਿਚ ਵੀ ਪਿਓ ਦੀਆਂ ਮਝੀਟੀਆਂ ਪੱਟਣ ਵਾਲ਼ੇ ਜੰਮ ਪਏ। ਝਗੜਾ ਕਿਉਂ ਹੋਇਆ? ਗੱਲ ਤਾਂ ਦੱਸ ਸਿੱਧੀ ਤਰ੍ਹਾਂ।' ਘਨ੍ਹੱਈਏ ਨੇ ਪੁੱਛਿਆ।

'ਚਾਚਾ, ਤੈਨੂੰ ਪਤਾ ਹੀ ਏ, ਮੇਰੇ ਪਿਓ ਦਾ, ਉਹ ਇਕ ਨੰਬਰ ਦਾ..... ।'

'ਬੱਸ-ਬੱਸ ਅਜਿਹੀ ਗੱਲ ਨਾ ਕਹਿ ਬੈਠੀਂ ਮੇਰੇ ਭਰਾ ਨੂੰ ਕਿ ਮੈਨੂੰ ਗੁੱਸਾ ਚੜ੍ਹ ਜਾਵੇ । ਫੇਰ ਮੈਂ ਅੱਗੇ-ਪਿੱਛੇ ਨੀ ਦੇਖਿਆ ਕਰਦਾ।'

'ਨਹੀਂ ਚਾਚਾ... ਤੂੰ ਸੁਣ ਤਾਂ ਸਹੀ।'

ਨਿੱਤਿਆ ਨੰਦ ਨੇ ਦੱਸਿਆ ਕਿ ਉਸ ਨੇ ਰੋਪੜ ਭੱਕੂਮਾਜਰੀਏ ਮਹਿੰਗੇ ਟੇਲਰ ਮਾਸਟਰ ਕੋਲ਼ ਪੂਰਾ ਸਾਲ ਲਾ ਕੇ ਕੰਮ ਸਿੱਖਿਆ। ਉਹਦੇ ਸਟੂਲ ਤੇ ਸੈਂਕੜੇ ਵਾਰੀ ਕੰਨ ਫੜੇ ਤੇ ਕੈਂਚੀਆਂ ਖਾਧੀਆਂ ਤਾਂ ਜਾ ਕੇ ਉਸ ਨੇ ਉਸਨੂੰ ਚਾਲੀ ਰੁਪਏ ਮਹੀਨੇ ਦੇ ਦੇਣੇ ਸ਼ੁਰੂ ਕਰੇ। ਸਾਲ ਉਸੇ ਤਰ੍ਹਾਂ ਲੰਘ ਗਿਆ।

'ਮੈਂ ਸੌ ਵਾਰੀ ਬੁੜ੍ਹੇ ਨੂੰ ਕਿਹਾ ਕਿ ਬਜ਼ਾਰ ਵਿਚ ਕੋਈ ਦੁਕਾਨ ਲੈ ਦੇ। ਕਹਿੰਦਾ, ਕੰਮ ਸਿਖਾ ਦਿੱਤਾ, ਵਿਆਹ ਦਿੱਤਾ, ਹੁਣ ਲੈ ਦੁਕਾਨ ਆਪੀ। ਮੈਂ ਸਾਰੀ ਉਮਰ ਦਾ ਠੇਕਾ ਨੀ ਲਿਆ ਹੋਇਆ। ਫੇਰ ਤੂੰ ਹੀ ਦੱਸ ਗੁੱਸਾ ਆਊ ਕਿ ਨਹੀਂ ਬੰਦੇ ਨੂੰ?'

'ਫੇਰ ਤੂੰ ਕੀ ਕੀਤਾ?'

'ਫੇਰ ਮੈਂ ਕੀ ਕਰਨਾ ਸੀ, ਦੇ ਲਿਆ ਗੋਡਿਆਂ ਹੇਠ, ਉਹ ਇਸੇ ਕਾਬਲ ਸੀ।'

'ਸ਼ਾਬਾਸ਼ ਬਈ ਸ਼ਾਬਾਸ਼... ਹੁਣ ਮੈਨੂੰ ਦੇਣਾ ਹੋਊ ਗੋਡਿਆਂ ਹੇਠ।'

'ਨਹੀਂ ਚਾਚਾ ਤੂੰ ਤਾਂ ਮੇਰੇ ਪਿਓ ਵਰਗਾਂ ਏਂ।' ਨਿੱਤਿਆ ਨੰਦ ਮੁਸਕਰਾਇਆ।

'ਤਾਂ ਹੀ ਤਾਂ ਮੈਂ ਕਹਿੰਦਾ ਏਂ ਤੈਨੂੰ ਬਈ ਤੇਰੇ ਪਿਓ ਵਰਗਾ ਏਂ। ਵਰਗਾ ਕੀ ਭਰਾ ਏਂ ਓਹਦਾ।'

'ਤੂੰ ਮੈਨੂੰ ਆਪਣਾ ਪੁੱਤ ਬਣਾ ਲੈ। ਮੈਂ ਤੁਹਾਡੀ ਦੋਨਾਂ ਦੀ ਸੇਵਾ ਕਰੂੰਗਾ। ਮੈਨੂੰ ਇਕ ਦੁਕਾਨ ਲੈ ਦੇ ਬੱਸ ਚਮਕੌਰ।' ਉਸ ਨੇ ਤਰਲ਼ਾ ਕੀਤਾ।

'ਮੇਰੇ ਕੋਲ਼ ਕਿਆ ਏ ਮੁੰਡਿਆ? ਮੇਰਾ ਤਾਂ ਆਪ ਮੁਸ਼ਕਲ ਨਾਲ਼ ਗੁਜ਼ਾਰਾ ਚਲਦਾ ਏ।' ਘਨ੍ਹੱਈਏ ਨੇ ਕਿਹਾ।

'ਚਾਚਾ ਮੈਂ ਪੂਰੀ ਮਿਹਨਤ ਕਰੂੰ। ਤੂੰ ਦੇਖੀਂ ਦਿਨਾਂ ਵਿਚ ਕੀ ਰੰਗ ਲਿਆਉਂਦਾ ਏ । ਤੁਹਾਡਾ ਬੁਢਾਪਾ ਸੁਰਗ ਵਾਂਗੂੰ ਬੀਤੂ.... ਆਪਣੇ ਆਪਣੇ ਹੀ ਹੁੰਦੇ ਨੇ, ਬਿਗਾਨੇ ਬਿਗਾਨੇ

ਹੀ। ਜਿਨ੍ਹਾਂ ਤੇ ਤੂੰ ਝਾਕ ਰੱਖੀ ਬੈਠਾਂ ਏਂ ਉਨ੍ਹਾਂ ਤੈਨੂੰ ਪਾਣੀ..... ।'

'ਬੱਸ ਚੁੱਪ ਕਰਜਾ.... ਹੋਰ ਨਾ ਬੋਲੀਂ ਕੁਝ।' ਘਨ੍ਹੱਈਏ ਨੇ ਕਿਹਾ।

ਦੇਵ ਉਸ ਲਾਗੇ ਬੜਾ ਪਰੇਸ਼ਾਨ ਹੋਇਆ ਬੈਠਾ ਸੀ। ਉਸ ਨੂੰ ਨਿੱਤਿਆ ਦੀਆਂ ਗੱਲਾਂ ਐਨੀਆਂ ਘਟੀਆ ਲੱਗੀਆਂ ਕਿ ਉਸ ਦਾ ਮਨ ਕੀਤਾ ਕਿ ਹਥੌੜਾ ਚੁੱਕ ਕੇ ਉਹਦੀ ਖੋਪੜੀ ਭੰਨ ਦੇਵੇ।

ਸ਼ਾਮ ਨੂੰ ਰੋਟੀ ਖਾਣ ਲੱਗੇ ਤਾਂ ਉਸ ਨੇ ਆਪਣੀ ਪਤਨੀ ਨੂੰ ਕਿਹਾ, 'ਏ ਰੋਮਾਂ, ਮੇ ਰੀ ਦੁਆਈ ਕੱਢ ਕੇ ਲਿਆ ਬੈਗ' ਚੋਂ।'

'ਵੇ ਨਿੱਤਿਆ, ਦੁਆਈ ਕਾਹਦੀ ਖਾਂਦਾ ਏਂ ਤੂੰ?' ਲਲਤਾ ਨੇ ਪੁੱਛਿਆ।

'ਦੁਆਈ ਖਾਂਦਾ ਨੀ ਚਾਚੀ ਪੀਂਦਾ ਏਂ। ਖਾਧਾ-ਪੀਤਾ ਪਚ ਜਾਂਦਾ ਏਂ।'

ਰੋਮਾ ਉੱਠ ਕੇ ਜਦੋਂ ਸ਼ਰਾਬ ਦੀ ਬੋਤਲ ਕੱਢ ਲਿਆਈ, ਲਲਤਾ ਨੂੰ ਤਾਂ ਸਮਝ ਆਈ। ਉਸ ਨੇ ਕੱਚ ਦਾ ਇਕ ਗਿਲਾਸ ਵੀ ਲਿਆ ਕੇ ਤਿਪਾਈ ਤੇ ਧਰ ਦਿੱਤਾ।

'ਬੇਵਕੂਫ਼ ਜ਼ਨਾਨੀ ਇਕ ਗਿਲਾਸ ਚਾਚੇ ਵਾਸਤੇ ਵੀ ਲੈ ਕੇ ਆ।'

'ਮੈਂ ਨੀ ਪੀਂਦਾ ਦਾਰੂ-ਦੂਰੂ... ਇਹ ਕਿੱਥੋਂ ਲੈ ਆਇਆਂ ਤੂੰ? ਤੂੰ ਸ਼ਰਾਬ ਵੀ ਪੀਣ ਲੱਗ ਪਿਆ?' ਘਨ੍ਹੱਈਆ ਬੋਲਿਆ।

'ਇਹ ਪੀਣ ਲਈ ਹੀ ਬਣੀਂ ਏਂ ਚਾਚਾ... ਬੰਦਿਆਂ ਦੇ ਪੀਣ ਲਈ।'

'ਚਾਚਾ ਜੀ ਇਨ੍ਹਾਂ ਦਾ ਤਾਂ ਨਿੱਤ ਦਾ ਕੰਮ ਏਂ। ਲੜਾਈ ਦੀ ਜੜ੍ਹ ਤਾਂ ਅਸਲ ਵਿਚ ਇਹ ਬੋਤਲ ਹੀ ਏ।' ਰੋਮਾਂ ਬੋਲੀ।

'ਹੋ ਗਈ ਸ਼ੁਰੂ? ਸਾਲੀ ਕੁੱਤੀ ਨਾ ਹੋਵੇ ਤਾਂ... ਆਪਣੀ ਕਮਾਈ ਦੀ ਪੀਂਦਾ ਏਂ ਹਰਾਮਜ਼ਾਦੀਏ। ਬਕਵਾਸ ਬੰਦ ਕਰ।' ਉਸ ਨੇ ਰੋਮਾਂ ਨੂੰ ਝਿੜਕਿਆ ਤੇ ਗਿਲਾਸ ਵਿਚ ਕਾਫੀ ਸਾਰੀ ਸ਼ਰਾਬ ਪਾ ਕੇ ਨੀਟ ਹੀ ਖਿੱਚ ਗਿਆ।

'ਬਹੁਤ ਗਲਤ ਗੱਲ ਆ ਭਾਈ ਨਿੱਤਿਆ ਤੇਰੀ।' ਘਨ੍ਹੱਈਏ ਨੇ ਕਿਹਾ।

'ਕਿਹੜੀ ਗਲਤ ਗੱਲ ਏ? ਸ਼ਰਾਬ ਪੀਣ ਦੀ ਜਾਂ ਇਸ ਕੁੱਤੀ ਜ਼ਨਾਨੀ ਨੂੰ ਗਾਹਲਾਂ ਕੱਢਣ ਦੀ?' ਉਹ ਹੱਸ ਕੇ ਬੋਲਿਆ ਤਾਂ ਘਨ੍ਹੱਈਏ ਦਾ ਚਿਹਰਾ ਕਾਫੀ ਤਣਾਅ ਵਿਚ ਆ ਗਿਆ। ਉਸ ਨੇ ਲਲਤਾ ਨੂੰ ਰੋਟੀ ਪਾਉਣ ਲਈ ਕਿਹਾ।

'ਤੂੰ ਪਾ ਏ ਰੋਟੀ ਉੱਠ ਕੇ... ਸਾਲ਼ੀ ਬੈਠੀ ਬਿਲ ਬਤੌਰੀ ਵਾਂਗ ਝਾਕੀ ਜਾਂਦੀ ਏ।' ਨਿੱਤਿਆ ਨੰਦ ਨੇ ਰੋਮਾਂ ਨੂੰ ਫਿਰ ਘੂਰਿਆ।

'ਪੀਣ ਤੋਂ ਹੱਟੋਗੇ, ਤਾਂ ਹੀ ਪਾਊਂ ਰੋਟੀ?' ਰੋਮਾਂ ਬੋਲੀ।

'ਸਾਲ਼ੀਏ, ਚਾਚੇ ਵਾਸਤੇ ਕਹਿੰਦਾ ਏਂ। ਮੈਂ ਤਾਂ ਅਜੇ ਘੰਟੇ ਨੂੰ ਖਾਊਂ।' ਉਹ ਬੋਲਿਆ।

'ਉਇ, ਤੂੰ ਬੋਲੀ ਕਿਵੇਂ ਜਾਂਦਾ ਏਂ? ਤੈਨੂੰ ਸ਼ਰਮ-ਹਿਆ ਹੈ ਭੋਰਾ? ਔਰਤਾਂ ਨੂੰ ਇਉਂ ਬੋਲੀਦਾ ਏ? ਮੇਰਾ ਤਾਂ ਕਦੀ ਕੋਈ ਭਾਣਜਾ ਇਉਂ ਨੀ ਬੋਲਿਆ।' ਘਨ੍ਹੱਈਏ ਨੇ ਕਿਹਾ।

'ਭਾਣਜਿਆਂ ਨੂੰ ਮਿਲਦਾ ਏ ਚਾਚਾ, ਉਹ ਕਿਉਂ ਬੋਲਣਗੇ?'

'ਹੁਣ ਤੂੰ ਥਣ ਚਾਹੁੰਦੈ ਮੈਥੋਂ? ਕੀ ਦਿਆਂ ਤੈਨੂੰ ਦੱਸ?' ਘਨ੍ਹੱਈਆ ਤੈਸ਼ ਵਿਚ ਆ ਕੇ ਬੋਲਿਆ।

ਇਕ ਦਮ ਨਿੱਤਿਆ ਨੂੰ ਪਤਾ ਨੀ ਕੀ ਹੋਇਆ, ਝੱਗ ਵਾਂਗ ਬਹਿ ਗਿਆ ਤੇ ਰੀਂ-ਰੀਂ ਕਰਨ ਲੱਗਾ। ਫਿਰ ਉੱਠ ਕੇ ਘਨ੍ਹੱਈਏ ਦੇ ਪੈਰਾਂ' ਚ ਸਿਰ ਰੱਖ ਦਿੱਤਾ ਤੇ ਬੋਲਿਆ, 'ਲੈ ਚਾਚਾ, ਮਾਰ ਲੈ ਜੁੱਤੀਆਂ... ਵੈਰੀ ਸੌਰੀ... ਵੈਰੀ ਸੌਰੀ... ਗਲਤੀ ਹੋ ਗਈ ਚਾਚਾ।'

ਘਨ੍ਹੱਈਏ ਨੇ ਉਸ ਨੂੰ ਬੈਠਾ ਕਰ ਦਿੱਤਾ ਤੇ ਬੋਲਿਆ, 'ਸਤਿਕਾਰ ਕਰਨਾ ਸਿੱਖ, ਮੂਰਖ ਬੰਦੇ।'

ਉਸ ਨੇ ਮੁੜ ਗਿਲਾਸ ਵਿਚ ਸ਼ਰਾਬ ਪਾਈ ਤੇ ਇੱਕੋ ਸਾਹੇ ਗਿਲਾਸ ਖਾਲੀ ਕਰ ਕੇ ਬੋਲਿਆ, 'ਮੇਰੀ ਵੀ ਪਾ ਦਿਓ ਚਾਚੀ ਜੀ ਰੋਟੀ।'

ਉਸ ਨੇ ਰੋਟੀ ਵੀ ਚੁੱਪ-ਚਾਪ ਖਾ ਲਈ। ਖੁਰੇ ਵਿਚ ਹੱਥ ਧੋਤੇ ਤੇ ਬੋਲਿਆ, 'ਸੌਣਾ ਕਿੱਥੇ ਆ?'

'ਉਧਰ ਤੇਰਾ ਮੰਜਾ ਡਾਹ ਦਿੱਤਾ ਏ। ਸੌਂ ਜਾ, ਜਾ ਕੇ।' ਲਲਤਾ ਦੇਵ ਹੋਣਾ ਦੇ ਕੋਠੇ ਵੱਲ ਨੂੰ ਇਸ਼ਾਰਾ ਕਰਦੀ ਬੋਲੀ।

'ਮੇਰਾ ਮੰਜਾ ਡਾਹ ਦਿੱਤਾ?' ਕੱਲੇ ਦਾ? ਪਿੰਟੂ ਬਿਨਾਂ ਤਾਂ ਮੈਂ ਕਦੀ ਨੀ ਸੁੱਤਾ।'

'ਕੋਈ ਨਾ... ਕੋਈ ਨਾ... ਪਿੰਟੂ ਸੌਂ ਗਿਆ ਏ। ਹੁਣ ਤੱਕ ਤਾਂ ਯਾਦ ਨੀ ਆਇਆ ਪਿੰਟੂ ਹੁਣ ਮੇਲਾ ਮਾਰਿਆ ਜਾਂਦਾ ਏ?' ਲਲਤਾ ਨੇ ਕਿਹਾ।

'ਚਾਚੀ ਤੂੰ ਕਮਾਲ ਏਂ। ਮੈਂ ਤਾਂ ਰੋਮਾਂ ਕੋਲੋਂ ਵੀ ਮਾਫ਼ੀ ਮੰਗਣੀ ਏਂ। ਮੈਂ ਗਲਤ ਬੋਲਿਆ ਉਹਨੂੰ।'

'ਪੈ ਜਾ ਨਿੱਤਿਆ ਚੁੱਪ-ਚਾਪ... ਉੱਧਰ ਦੋ ਮੰਜੇ ਨੀ ਡਹਿਣੇ।'

'ਦੋ ਮੰਜੇ? ਹੋਰ ਮੰਜਾ ਡਾਹੁਣ ਨੂੰ ਕੌਣ ਕਹਿੰਦਾ ਏ? ਐਨਾ ਵੱਡਾ ਮੰਜਾ ਏ। ਮਾਈ ਡੀਅਰ ਲਿਆ ਪਿੰਟੂ ਨੂੰ ਚੁੱਕ ਕੇ... ਮੇਰਾ ਸਿਰ ਵੀ ਦੁਖਦਾ ਏ। ਜ਼ਰਾ ਘੁੱਟ ਦੇਵੀਂ।'

ਰੋਮਾਂ ਨੇ ਸਾਰਿਆਂ ਵੱਲ ਦੇਖਿਆ। ਉਹਦੀਆਂ ਅੱਖਾਂ ਵਿਚ ਹੰਝੂ ਸਨ। ਲਲਤਾ ਦਾ ਇਸ਼ਾਰਾ ਪਾ ਕੇ ਉਹ ਮੁੰਡੇ ਨੂੰ ਚੁੱਕ ਨਿੱਤਿਆ ਕੋਲ਼ ਚਲੀ ਗਈ। ਨਿੱਤਿਆ ਨੰਦ ਨੇ ਉੱਠ ਕੇ ਕੰਧ ਵਿਚਲਾ ਛੋਟਾ ਦਰਵਾਜ਼ਾ ਬੰਦ ਕਰ ਦਿੱਤਾ।

'ਇਹ ਤਾਂ ਬੜਾ ਬਦਤਮੀਜ਼ ਬੰਦਾ ਏ। ਇਕ ਦਿਨ' ਚ ਹੀ ਨੱਕ' ਚ ਦਮ ਕਰ ਦਿੱਤਾ।' ਘਨ੍ਹੱਈਏ ਨੇ ਲਲਤਾ ਨੂੰ ਕਿਹਾ।

'ਬਹੂ ਵੀ ਰੋਂਦੀ ਸੀ ਵਿਚਾਰੀ... ਕਹਿੰਦੀ ਚੌਵੀ ਘੰਟੇ ਸੁੱਕਣੇ ਪਾਈ ਰੱਖਦਾ ਏ। ਕੁੱਟਦਾ-ਮਾਰਦਾ ਏ। ਨਿੱਤ ਸ਼ਰਾਬ ਡੱਫਦਾ ਏ। ਹੋਰ ਵੀ ਬਥੇਰਾ ਕੁਝ ਬਕਦਾ ਰਹਿੰਦਾ ਏ । ਬਹੁਤ ਬੇਸ਼ਰਮ ਏ।' ਲਲਤਾ ਨੇ ਦੱਸਿਆ।

**00**

# ਛਿਆਲੀ

ਅਗਲੇ ਦਿਨ ਡੰਗਰਾਂ ਵਾਲ਼ੇ ਕੋਠੇ ਤੋਂ ਉੱਠ ਦੇਵ ਬਾਹਰ ਚਲਾ ਗਿਆ। ਕਿੱਕਰ ਦੀ ਦਾਤਣ ਕੀਤੀ ਤੇ ਨਹਿਰ ਵਿਚ ਹੀ ਨਹਾ ਲਿਆ। ਪਿੰਡ ਦੇ ਸਾਰੇ ਲੋਕ ਹੀ ਤੜਕੇ ਜਾਗ ਕੇ ਕੰਮਾਂ-ਕਾਰਾਂ ਤੇ ਚਲੇ ਜਾਇਆ ਕਰਦੇ ਸਨ। ਚਾਰ ਵਜੇ ਹੀ ਘਰਾਂ ਦੇ ਚੁੱਲਿਆਂ' ਚੋਂ ਧੂੰਆਂ

ਉੱਠਣਾ ਸ਼ੁਰੂ ਹੋ ਜਾਇਆ ਕਰਦਾ ਸੀ। ਦੇਵ ਵਿਹਲਾ ਹੋ ਕੇ ਘਰ ਮੁੜਿਆ ਤਾਂ ਨਿੱਤਿਆ ਅਜੇ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਸੀ। ਪੈਣ ਦਾ ਸਟਾਈਲ ਵੀ ਬੜਾ ਭੈੜਾ ਸੀ ਜਿਵੇ ਂ ਕੋਈ ਮਗਰਮੱਛ ਦਰਿਆ ਕੰਢੇ ਰੇਤ ਤੇ ਪਿਆ ਹੋਵੇ। ਰੋਮਾਂ ਅਤੇ ਲਲਤਾ ਚੁੱਲ੍ਹੇ ਮੂਹਰੇ ਬੈਠੀਆਂ ਹੌਲ਼ੀ-ਹੋਲ਼ੀ ਗੱਲਾਂ ਕਰ ਰਹੀਆਂ ਸਨ। ਰੋਮਾਂ ਇਕ ਛੋਟੀ ਜਿਹੀ ਪੀੜ੍ਹੀ ਆਪਣੇ ਕੋਲ਼ ਨੂੰ ਖਿੱਚਦੀ ਬੋਲੀ, 'ਆ ਜਾ ਵੇ ਦਿਓਰਾ, ਬਹਿ ਜਾ ਭਾਬੀ ਕੋਲ਼ ਵੀ।'

ਦੇਵ ਨੂੰ ਬੜੀ ਸੰਗ ਆਈ। ਉਹ ਕੱਲ੍ਹ ਵੀ ਉਸ ਵੱਲ ਦੇਖ ਕੇ ਕਈ ਵਾਰ ਮੁਸਕਰਾਈ ਸੀ ਤੇ ਉਹ ਸੰਗਦਾ ਉਸ ਦੇ ਚਿਹਰੇ ਤੋਂ ਅੱਖਾਂ ਘੁਮਾਈ ਗਿਆ ਸੀ।

'ਆ ਜਾ ਦੇਵ ਸੰਗ ਨਾ, ਇਹ ਤੇਰੀ ਭਾਬੀ ਏ।' ਲਲਤਾ ਬੋਲੀ ਤਾਂ ਉਹ ਪੀੜ੍ਹੀ ਰਤਾ ਕੁ ਪਿੱਛੇ ਨੂੰ ਖਿੱਚ ਕੇ ਬੈਠ ਗਿਆ। ਰੋਮਾਂ ਨੇ ਆਪਣੀ ਬਾਂਹ ਉਹਦੇ ਮੋਢੇ ਉੱਤੋਂ ਵਲ਼ਾਈ ਤੇ ਹੱਸੀ, 'ਛੋਟਾ ਦਿਓਰ ਭਾਬੀ ਦਾ ਗਹਿਣਾ... ਬੋਲ ਕਿੱਥੇ ਪਾਵਾਂ?'

ਦੇਵ ਨੇ ਸੰਗ ਕੇ ਸਿਰ ਝੁਕਾ ਲਿਆ, ਬੋਲਿਆ ਕੁਝ ਨਾ। ਰੋਮਾਂ ਨੇ ਫਿਰ ਪੁੱਛਿਆ, 'ਤੂੰ ਕਿੱਥੇ ਸੀ ਰਾਤ? ਹੁਣ ਕਿੱਥੋਂ ਆ ਰਿਹਾ ਏਂ?'

'ਇਹ ਬਾਹਰ ਡੰਗਰਾਂ ਵਾਲ਼ੇ ਕੋਠੇ ਸੌਂਦਾ ਹੁੰਦਾ ਏ।' ਦੇਵ ਦੀ ਥਾਂ ਉਸ ਦੀ ਮਾਮੀ ਲਲਤਾ ਬੋਲੀ।

'ਡੰਗਰਾਂ ਵਾਲ਼ੇ? ਉੱਥੇ ਤੈਨੂੰ ਡਰ ਨਹੀਂ ਲਗਦਾ?'

'ਲੈਅ... ਡਰ ਨੂੰ ਕੀ ਆ... ਉੱਥੇ ਕੋਈ ਬਾਘ ਪੈਂਦਾ ਏ?' ਲਲਤਾ ਫਿਰ ਬੋਲੀ।

'ਵੇ ਤੇਰੇ ਮੂੰਹ' ਚ ਜ਼ੁਬਾਨ ਨੀ ਹੈਗੀ? ਚਾਚੀ ਜੀ ਤੁਸੀਂ ਵੀ ਕਮਾਲ ਹੋ। ਪੁੱਛਦੀ ਮੈਂ ਆਪਣੇ ਦਿਓਰ ਨੂੰ ਹਾਂ, ਜਵਾਬ ਤੁਸੀਂ ਦੇਈ ਜਾਂਦੇ ਹੋ।'

ਦੇਵ ਸੋਚਣ ਲੱਗਾ ਕਿ ਰੋਮਾਂ ਦੀ ਸ਼ਕਲ ਤਾਂ ਬਿਲਕੁਲ ਬੰਸੇ ਦੀ ਬਹੂ ਸ਼ੀਸ਼ੋ ਨਾਲ਼ ਮਿਲਦੀ ਸੀ। ਉਹੋ ਜਿਹਾ ਹੀ ਮੁਸਕਰਾਉਂਦਾ ਰਹਿਣ ਵਾਲਾ ਗੋਰਾ ਚਿਹਰਾ ਤੇ ਛਿੱਤਰ ਦੀਆਂ ਕੁਰ੍ਹੀਆਂ ਵਰਗੀਆਂ ਗੁਲਾਬੀ ਗੱਲ੍ਹਾਂ। ਉਸੇ ਵਰਗੇ ਪਤਲੇ ਪਤਲੇ ਲਾਲ ਬੁੱਲ੍ਹ ਤੇ ਲੰਬੀ ਜਿਹੀ ਗਰਦਣ। ਲੋਕ ਕਿਹਾ ਕਰਦੇ ਸਨ ਕਿ ਸ਼ੀਸ਼ੋ ਵਰਗੀ ਸੁਹਣੀ ਬਹੂ ਅੱਜ ਤੱਕ ਉਨ੍ਹਾਂ ਦੇ ਪਿੰਡ ਕੋਈ ਨਹੀਂ ਸੀ ਆਈ। ਦੇਵ ਨੇ ਗਰਦਣ ਘੁਮਾਕੇ ਰੋਮਾਂ ਦੇ ਚਿਹਰੇ ਵੱਲ ਦੇਖਿਆ। ਚੁੱਲੇ ਦੀ ਬਲ਼ਦੀ ਅੱਗ ਸਾਮ੍ਹਣੇ ਉਸ ਦਾ ਚਿਹਰਾ ਚਮਕ ਰਿਹਾ ਸੀ।

'ਕੈਵੀਂ' ਚ ਪੜ੍ਹਦਾ ਏਂ ਤੂੰ?' ਉਹ ਦੇਵ ਨੂੰ ਡੋਲ਼ੇ ਕੋਲੋਂ ਫੜਦੀ ਬੋਲੀ। ਦੇਵ ਉਸ ਦੀਆਂ ਅੱਖਾਂ ਵਿਚ ਝਾਕਦਾ ਕੁਝ ਕਹਿਣ ਹੀ ਲੱਗਾ ਸੀ ਕਿ ਲਲਤਾ ਫਿਰ ਬੋਲ ਪਈ, 'ਗਿਆਰਵੀਂ ਜਮਾਤ ਕਰ ਜਾਣੀ ਏਂ।'

ਰੋਮਾਂ ਹੱਸੀ ਤੇ ਦੱਸਣ ਲੱਗੀ, 'ਮੇਰੀ ਛੋਟੀ ਭੈਣ ਊਸ਼ਾ ਨੌਂਵੀਂ' ਚ ਪੜ੍ਹਦੀ ਏ, ਖੰਟ ਮਾਨਪੁਰ ਦੇ ਸਕੂਲ' ਚ। ਚਾਚੀ ਜੀ ਉਹ ਬਹੁਤ ਸੁਹਣੀ ਏਂ।'

'ਤੂੰ ਕਿਹੜਾ ਬਹੂ ਘੱਟ ਸੁਹਣੀ ਏਂ?' ਲਲਤਾ ਨੇ ਕਿਹਾ।

'ਪਰ ਕਿਸੇ ਨੇ ਮੇਰੀ ਕਦਰ ਨੀ ਪਾਈ ਚਾਚੀ ਜੀ।' ਰੋਮਾਂ ਬੋਲੀ।

ਫਿਰ ਉਹ ਆਪਣੇ ਪੇਕਿਆਂ ਬਾਰੇ ਦੱਸਣ ਲੱਗ ਪਈ। ਉਸ ਦੇ ਪਿਓ ਦੀ ਖੰਟ ਪਿੰਡ ਵਿਚ ਸੌਦੇ-ਪੱਤੇ ਦੀ ਦੁਕਾਨ ਅਤੇ ਆਟਾ ਚੱਕੀ ਸੀ। ਇਕ ਕੋਹਲੂ ਤੇ ਧਾਨ ਕੁੱਟਣ ਦੀ

ਮਸ਼ੀਨ ਵੀ ਸੀ। ਰੋਮਾਂ ਦੇ ਦੋ ਭਰਾ ਵੀ ਉਥੇ ਹੀ ਕੰਮ ਕਰਦੇ ਸਨ। ਨਿੱਤਿਆ ਨੰਦ ਨਾਲ਼ ਉਸ ਦਾ ਰਿਸ਼ਤਾ ਝੰਝੇੜੀ ਵਾਲ਼ੇ ਲਾਲੂ ਠੇਕੇਦਾਰ ਦੀ ਦੱਸ ਉੱਤੇ ਲਲਤਾ ਦੇ ਭਰਾ ਮਾਧੋ ਰਾਮ ਨੇ ਕਰਵਾਇਆ ਸੀ।

'ਚਾਚੀ ਜੀ, ਕੀ ਦੇਖਿਆ ਤੁਹਾਡੇ ਭਰਾ ਨੇ। ਮੈਨੂੰ ਤਾਂ ਖੂਹ ਵਿਚ ਹੀ ਧੱਕਾ ਦੇ ਦਿੱਤਾ। ਤਿੰਨ ਸਾਲਾਂ ਵਿਚ ਮੈਂ ਇਕ ਦਿਨ ਵੀ ਸੁੱਖ ਦਾ ਨਹੀਂ ਦੇਖਿਆ। ਸੌ ਐਬ ਨੇ ਇਸ ਪਸ਼ੂ ਬਿਰਤੀ ਵਾਲ਼ੇ ਬੰਦੇ' ਚ। ਦਸ ਤੋਲ਼ੇ ਸੋਨਾ ਪਾਇਆ ਸੀ ਮੇਰੇ ਮਾਪਿਆਂ ਨੇ। ਇਹ ਸਾਰੇ ਗਹਿਣੇ ਜੂਏ ਵਿਚ ਹਾਰ ਆਇਆ। ਨੰਗਲ਼ ਗੁਆਂਢ ਵਿਚ ਰਹਿੰਦੇ ਇਕ ਸਕੂਲ ਪੜ੍ਹਦੇ ਮੁੰਡੇ ਨਾਲ਼ ਇਸ ਨੇ ਬਦਫੈਲੀ ਕਰਨੀ ਚਾਹੀ ਤਾਂ ਅਗਲਿਆਂ ਨੇ ਠਾਣੇ ਵਿਚ ਖਿੱਚ ਲਿਆ। ਪੰਜ ਸੌ ਰੁਪਏ ਲਏ ਪੁਲ਼ਸ ਨੇ ਕੇਸ ਰਫ਼ਾ-ਦਫ਼ਾ ਕਰਨ ਦੇ। ਮੇਰੀ ਭੈਣ ਊਸ਼ਾ ਬਾਰਾਂ-ਤੇਰਾਂ ਸਾਲ ਦੀ ਸੀ, ਇਸ ਨੇ ਉਸ ਨੂੰ ਵੀ ਹੱਥ ਪਾਉਣ ਦੀ ਕੋਸ਼ਿਸ਼ ਕੀਤੀ। ਪਿਤਾ ਜੀ ਤੇ ਵੀਰਿਆਂ ਤੋਂ ਇਹ ਗੱਲ ਛੁਪਾਈ, ਨਹੀਂ ਤਾਂ ਉਨ੍ਹਾਂ ਨਾਲ਼ੋਂ ਵੀ ਟੁੱਟ ਜਾਂਦੀ ਮੈਂ।'

ਦੇਵ ਦੇ ਦਿਮਾਗ ਵਿਚ ਇਕ ਨਵੀਂ ਦੁਨੀਆਂ ਦੇ ਵਰਕੇ ਖੁੱਲ੍ਹਦੇ ਜਾ ਰਹੇ ਸਨ। ਕਿੰਨੀ ਦੇਰ ਰੋਮਾਂ ਬੋਲਦੀ ਰਹੀ ਤੇ ਉਹ ਡੱਕੇ ਨਾਲ਼ ਧਰਤੀ ਖੁਰਚਦਾ ਰਿਹਾ। ਉਹ ਨਿੱਤਿਆ ਦੇ ਪ੍ਰਤੀ ਨਫ਼ਰਤ ਅਤੇ ਗੁੱਸੇ ਨਾਲ਼ ਨੱਕੋ-ਨੱਕ ਭਰ ਗਿਆ।

'ਰੋਮਾਂ... ਏ ਰੋਮਾਂ।' ਦੂਜੇ ਕੋਠੇ' ਚ ਪਿਆ ਨਿੱਤਿਆ ਨੰਦ ਜਾਗ ਪਿਆ ਸੀ ਤੇ ਉਹ ਰੋਮਾਂ ਨੂੰ ਹਾਕਾਂ ਮਾਰ ਰਿਹਾ ਸੀ।

'ਹਾਂ ਜੀ... ਆਉਂਦੀ ਹਾਂ।' ਉਹ ਬੋਲੀ।

'ਚਾਹ ਦਾ ਗਿਲਾਸ ਬਣਾ ਕੇ ਲਿਆ।'

ਇਹ ਗੱਲ ਦੇਵ ਨੂੰ ਵੀ ਤੇ ਲਲਤਾ ਨੂੰ ਵੀ ਬੁਰੀ ਲੱਗੀ। ਦਾਤਣ ਨਾ ਕੁਰਲ਼ੀ, ਲਾਟ ਸਾਹਬ ਚਾਹ ਲਈ ਅਵਾਜ਼ਾਂ ਦੇ ਰਿਹਾ ਸੀ। ਇਹ ਕੀ ਗੱਲ ਹੋਈ।

ਚਾਹ ਤਾਂ ਪਹਿਲਾਂ ਹੀ ਚੁੱਲ੍ਹੇ ਤੇ ਪਈ ਰਿੱਝ ਰਹੀ ਸੀ। ਰੋਮਾਂ ਇਸ ਗੱਲੋਂ ਵੀ ਹੈਰਾਨ ਹੋਈ ਕਿ ਦੇਵ ਚਾਹ ਨਹੀਂ ਸੀ ਪੀਂਦਾ। ਉਹ ਕੱਚ ਦਾ ਗਿਲਾਸ ਭਰ ਕੇ ਉਸ ਨੂੰ ਫੜਾਉਣ ਗਈ। ਉਹ ਘੁੱਟ ਭਰ ਕੇ ਬੋਲਿਆ, 'ਇਹ ਚਾਹ ਏ? ਲੈ ਜਾ ਇਸ ਨੂੰ। ਸਾਲ਼ੀ ਵਿੱਚੋਂ ਅੱਗ ਕੱਢੀ ਪਈ ਆ। ਦਵਾਰਾ ਬਣਾਕੇ ਲਿਆ।'

ਰੋਮਾਂ ਨੇ ਦੱਸਿਆ ਕਿ ਉਹ ਬਹੁਤ ਘੱਟ ਦੁੱਧ ਅਤੇ ਵੱਧ ਪੱਤੀ ਵਾਲ਼ੀ ਚਾਹ ਹੀ ਪੀਂਦਾ ਸੀ। ਉਸ ਨੇ ਤਾਂ ਕਈ ਵਾਰੀ ਮਨ-ਪਸੰਦ ਚਾਹ ਨਾ ਹੋਣ ਤੇ ਭਰਿਆ ਗਿਲਾਸ ਕੰਧ ਉੱਤੇ ਦੇ ਮਾਰਿਆ ਸੀ। ਉਸ ਨੇ ਦਵਾਰਾ ਪੱਤੀ ਉਬਾਲ ਕੇ ਉਸ ਲਈ ਚਾਹ ਬਣਾਈ। ਚਾਹ ਪੀਣ ਮਗਰੋਂ ਉਸ ਨੇ ਗਿਲਾਸ ਮੰਜੇ ਹੇਠ ਰੱਖ ਦਿੱਤਾ ਤੇ ਛੋਟਾ ਦਰਵਾਜ਼ਾ ਲੰਘ ਚੁੱਲ੍ਹੇ ਲਾਗੇ ਆ ਖੜ੍ਹਿਆ ਤੇ ਬਾਹਾਂ ਉੱਤੇ ਚੁੱਕ ਅੰਗੜਾਈ ਲੈਂਦਾ ਬੋਲਿਆ, 'ਫਲੱਸ਼ ਕਿੱਥੇ ਆ?'

'ਦੱਸਿਆ ਤਾਂ ਸੀ ਰਾਤ। ਐਥੇ ਕੋਈ ਫਲੱਸ਼ ਨਹੀਂ। ਬਾਹਰ ਟਿੱਬੇ ਤੇ ਜਾ ਕੇ ਆਓ।' ਰੋਮਾਂ ਬੋਲੀ।

'ਟਿੱਬੇ' ਤੇ? ਉਹ ਕਿੱਥੇ ਹੋਇਆ?'

'ਨਹਿਰ ਕੰਢੇ... ਦੇਵ ਤੂੰ ਚਲਾ ਜਾ ਨਾਲ਼।' ਅੰਦਰ ਵੜਦਾ ਘਨ੍ਹੱਈਆ ਬੋਲਿਆ।

'ਪਹਿਲਾਂ ਮੈਨੂੰ ਚੱਪਲਾਂ ਦਿਓ।'

'ਚੱਪਲਾਂ ਤਾਂ ਭਾਈ ਹੈ ਨੀ... ਆਪਣੇ ਬੂਟ ਹੀ ਪਾ ਜਾ।' ਲਲਤਾ ਬੋਲੀ।

'ਮੈਂ ਦਿੰਦੀ ਆਂ ਚਾਚੀ ਜੀ... ਚੱਪਲਾਂ ਹੈਗੀਆਂ।' ਰੋਮਾਂ ਉੱਠੀ ਤੇ ਚੱਪਲਾਂ ਲਿਆ ਕੇ ਉਸ ਨੂੰ ਫੜਾ ਦਿੱਤੀਆਂ।

ਦੇਵ ਉਸ ਨੂੰ ਨਹਿਰ ਵੱਲ ਲੈ ਗਿਆ। ਦਿਨ ਕਾਫੀ ਚੜ੍ਹ ਆਇਆ ਸੀ। ਦਲੀਪ ਲੰਬੜਦਾਰ ਦੀ ਕੁੜੀ ਮਾਹਣੋ ਆਪਣੀ ਇਕ ਗਾਂ ਤੇ ਦੋ ਵੱਛਿਆਂ ਨੂੰ ਨਹਿਰ ਵੱਲ ਹੱਕੀ ਜਾ ਰਹੀ ਸੀ। ਪਸ਼ੂਆਂ ਦੇ ਖੁਰਾਂ ਨਾਲ਼ ਕਾਫ਼ੀ ਧੂੜ ਉਡ ਰਹੀ ਸੀ। ਉਹ ਅੱਗੇ ਲੰਘਣ ਲਈ ਮਾਹਣੋ ਦੇ ਬਰਾਬਰ ਹੋਏ ਤਾਂ ਨਿੱਤਿਆ ਬੋਲਿਆ, 'ਉਇ ਦੇਵਤੇ... ਬੜੀਆਂ ਪਟਾਕਿਆਂ ਵਰਗੀਆਂ ਕੁੜੀਆਂ ਨੇ ਤੇਰੇ ਪਿੰਡ ਤਾਂ ਯਾਰ... ਕਰਵਾ ਦੇ ਯਾਰ ਕਿਸੇ ਨਾਲ਼ ਮੇਰਾ ਵੀ ਟਾਂਕਾ ਫਿੱਟ।'

'ਢੈ ਜਾਣਿਆਂ ਕਿਹੜਾ ਏਂ ਵੇ ਤੂੰ? ਟਾਂਕੇ ਫਿੱਟ ਕਰਨ ਵਾਲਾ। ਆਹ ਸੋਟੀ ਦਿਖਦੀ ਏ। ਹਲ਼ਕ ਤੱਕ ਪੁਜਾ ਦੂੰ ਰੁੜ੍ਹ ਜਾਣੇ ਦੇ।' ਮਾਹਣੋ ਦਹਾੜੀ।

ਦੇਵ ਦੇ ਅੰਦਰੋਂ ਕਾਂਬੇ ਦੀ ਸਰਸਰਾਹਟ ਲੰਘ ਗਈ। ਉਹ ਘਬਰਾ ਗਿਆ, ਕਿ ਹੁਣ ਖੈਰ ਨਹੀਂ। ਮਾਹਣੋ ਜ਼ਰੂਰ ਘਰ ਜਾ ਕੇ ਦੱਸੇਗੀ ਤੇ ਉਸਦਾ ਨਾਂ ਵੀ ਛੇੜ-ਛਾੜ ਵਿਚ ਸ਼ਾਮਲ ਹੋ ਜਾਵੇਗਾ।

'ਦੇਵ ਵੀਰੇ ਕੌਣ ਏ ਇਹ ਹਰਾਮੀ?' ਮਾਹਣੋ ਨੇ ਦੇਵ ਤੋਂ ਪੁੱਛਿਆ।

'ਭੈਣ ਬਣਕੇ ਹੁਣ ਤੂੰ ਚੁੱਪ ਕਰਜਾ ਮਾਹਣੋ। ਮੈਂ ਸਮਝਾਊਂ ਇਸ ਨੂੰ।'

ਉਹ ਵਲ਼ ਪਾ ਕੇ ਉਸ ਤੋਂ ਅੱਗੇ ਲੰਘ ਗਏ ਤਾਂ ਦੇਵ ਬੋਲਿਆ, 'ਵੀਰੇ ਪਿੰਡ ਦੀਆਂ ਕੁੜੀਆਂ ਤਾਂ ਭੈਣਾਂ ਹੁੰਦੀਆਂ ਨੇ। ਇਹ ਤੂੰ ਕੀ ਕੀਤਾ?'

'ਤੇਰੀਆਂ ਹੋਣਗੀਆਂ ਭੈਣਾਂ। ਮੇਰੀਆਂ ਤਾਂ ਸਭ ਸਾਲ਼ੀਆਂ ਨੇ। ਸਾਲ਼ੀਆਂ ਅੱਧੀਆਂ ਘਰ ਵਾਲ਼ੀਆਂ ਨੇ।' ਉਹ ਹਿੜ-ਹਿੜ ਕਰ ਕੇ ਹੱਸਣ ਲੱਗ ਪਿਆ।

ਦੇਵ ਦਾ ਮਨ ਕਰਿਆ ਕਿ ਉੱਥੋਂ ਹੀ ਵਾਪਸ ਹੋ ਜਾਵੇ ਤੇ ਘਰ ਜਾ ਕੇ ਆਪਣੇ ਮਾਮੇ ਨੂੰ ਉਸ ਦੀ ਕਰਤੂਤ ਦੱਸੇ, ਪਰ ਗੱਲ ਵਧਣ ਦੇ ਡਰੋਂ ਝਿਝਕ ਗਿਆ। ਉਹ ਉਸ ਦੇ ਮਗਰ ਮਗਰ ਤੁਰਦਾ ਗਿਆ। ਉਹ ਅੱਗੇ ਹੀ ਅੱਗੇ ਜਾਈ ਜਾਵੇ, ਕਹਿੰਦਾ, ਦੂਰ ਤੱਕ ਘੁੰਮ ਕੇ ਆਉਣਾ ਹੈ। ਅੱਗੇ ਟਿੱਬੇ ਉੱਤੇ ਜਮਾਂਦਾਰ ਬਿੱਕਰ ਸੂੰ ਦਾ ਲਾਟੂ ਆਪਣੀਆਂ ਤਿੰਨ ਚਾਰ ਬੱਕਰੀਆਂ ਚਾਰਦਾ ਫਿਰ ਰਿਹਾ ਸੀ। ਉਹ ਬਾਂਕ ਨਾਲ਼ ਕਿੱਕਰ ਦੀਆਂ ਟਾਹਣੀਆਂ ਤੋੜਦਾ ਤਾਂ ਬੱਕਰੀਆਂ ਦੌੜ ਕੇ ਨਵੀਂ ਡਿਗੀ ਟਾਹਣੀ ਦੀਆਂ ਲਾਫ਼ਣਾ ਚੂੰਡਣ ਲੱਗਦੀਆਂ। ਨਿੱਤਿਆ ਕਹਿਣ ਲੱਗਾ, 'ਬੜੀਆਂ ਸੁਹਣੀਆਂ ਬੱਕਰੀਆਂ ਨੇ। ਤੂੰ ਕਦੀ ਕਿਸੇ ਬੱਕਰੀ ਨੂੰ ਲੈ ਕੇ ਅਸਮਾਨ' ਚ ਉੱਡਿਐਂ?'

'ਅਸਮਾਨ' ਚ ਕਿਵੇਂ ਉਡ ਪਊ ਬੱਕਰੀ?' ਦੇਵ ਨੇ ਹੱਸ ਕੇ ਪੁੱਛਿਆ।

'ਆ ਜਾ ਮੇਰੇ ਮਗਰ ਦਿਖਾਵਾਂ।' ਉਹ ਬੋਲਿਆ।

ਲਾਟੂ ਕੋਲ਼ ਜਾ ਕੇ ਬੋਲਿਆ, 'ਦੋ ਪੈਸੇ ਲੈ ਲਵੀਂ ਉਇ ਮੁੰਡਿਆ। ਪੰਜ ਮਿੰਟ ਵਾਸਤੇ ਆਪਣੀ ਬੱਕਰੀ ਦੇਦੇ।'

'ਕਿਉਂ ਦਵਾਂ ਬੱਕਰੀ? ਪਰ੍ਹੇ ਚੱਲ। ਤੇਰੇ ਵਰਗੇ ਨੌਂਤੀ ਸੌ ਫਿਰਦੇ ਨੇ।'

ਨਿੱਤਿਆ ਨੰਦ ਨੇ ਕਾਫ਼ੀ ਮਿੰਨਤਾਂ ਕੀਤੀਆਂ ਪਰ ਲਾਟੂ ਨਾ ਮੰਨਿਆਂ। ਉਹ ਫੇਰ ਅੱਗੇ ਤੁਰ ਪਿਆ।

'ਹੁਣ ਤੂੰ ਜਾਇਆ ਬਾਹਰ... ਐਨੀ ਦੂਰ ਤਾਂ ਆ ਗਏ।' ਦੇਵ ਬੋਲਿਆ।

'ਤੂੰ ਨੀ ਜਾਣਾ?'

'ਨਹੀਂ, ਮੈਂ ਤਾਂ ਸਾਝਰੇ ਹੀ ਜਾ ਆਇਆ ਸੀ।'

'ਆ ਜਾ ਯਾਰ ਥੋੜ੍ਹੀ ਦੂਰ ਹੋਰ.... ਆਪਾਂ ਦੋਨੋਂ ਅਸਮਾਨ ਵਿਚ ਉੱਡਾਂਗੇ।'

'ਤੂੰ ਆ ਜਾਵੀਂ ਮਗਰੋਂ... ਮੈਂ ਘਰ ਚੱਲਿਆ।' ਖਿਝਕੇ ਦੇਵ ਬੋਲਿਆ ਤਾਂ ਉਹ ਇਕ ਝਾੜੀ ਉਹਲੇ ਬੈਠ ਗਿਆ।

'ਜਾਈਂ ਨਾ ਯਾਰ ਦੇਵਤੇ.. ਮੈਨੂੰ ਰਾਹ ਨੀ ਪਤਾ।' ਝਾੜੀ ਮਗਰੋਂ ਆਵਾਜ਼ ਆਈ।

ਉਹ ਘਰ ਮੁੜਨ ਲੱਗੇ ਤਾਂ ਟਿੱਬੇ ਉੱਤੇ ਦਾਤਣ ਤੋੜਦੇ ਜੀਤੇ ਨੇ ਉਸ ਨੂੰ ਪਛਾਣ ਲਿਆ ਤੇ ਬੋਲਿਆ, 'ਉਏ ਨਿੱਤਿਆ ਨੰਦ, ਤੂੰ ਐਥੇ ਕਿਵੇਂ? ਕੀ ਹਾਲ ਏ ਤੇਰਾ? ਕਦੋਂ ਆਇਆ?'

ਜੀਤਾ ਚੰਡੀਗੜ੍ਹ ਕਿਸੇ ਟੇਲਰ ਮਾਸਟਰ ਮੂਹਰੇ ਸਿਲਾਈ ਦਾ ਕੰਮ ਕਰਦਾ ਸੀ। ਸ਼ਨੀਵਾਰ ਦੀ ਹਰ ਸ਼ਾਮ ਨੂੰ ਉਹ ਪਿੰਡ ਆ ਜਾਂਦਾ ਸੀ ਤੇ ਸੋਮਵਾਰ ਸਵੇਰੇ ਵਾਪਸ ਚਲਾ ਜਾਂਦਾ ਸੀ। ਕਾਫ਼ੀ ਸਮਾਂ ਪਹਿਲਾਂ ਉਸ ਨੇ ਰੋਪੜ ਉਸੇ ਦੁਕਾਨ ਵਿਚ ਕੰਮ ਕੀਤਾ ਸੀ ਜਿੱਥੇ ਨਿੱਤਿਆ ਕੰਮ ਸਿੱਖਦਾ ਸੀ। ਉਸ ਨੂੰ ਮਿਲ ਕੇ ਨਿੱਤਿਆ ਖੁਸ਼ ਹੋ ਗਿਆ ਤੇ ਉਹ ਗੱਲਾਂ ਕਰਨ ਲੱਗੇ।

'ਮੇਰਾ ਵੀ ਕਰ ਕੋਈ ਹੀਲਾ ਯਾਰ, ਮੈਂ ਤਾਂ ਭੱਜ ਆਇਆ ਘਰੋਂ।' ਨਿੱਤਿਆ ਨੰਦ ਨੇ ਦਸਿਆ।

'ਚੱਲ ਮੇਰੇ ਨਾਲ਼ ਕੱਲ੍ਹ ਸਵੇਰੇ। ਉਸਤਾਦ ਨਾਲ਼ ਗੱਲ ਕਰ ਲਵਾਂਗੇ। ਬਥੇਰਾ ਕੰਮ ਏਂ ਉੱਥੇ ਤਾਂ। ਨਾਲ਼ੇ ਸਿੱਧਾ ਠੇਕਾ ਏ ਕੱਪੜੇ ਦਾ। ਜਿੰਨਾਂ ਵੱਧ ਕੰਮ ਕਰ ਲਵੋ, ਉੱਨੇ ਵੱਧ ਪੈਸੇ। ਜੇ ਸ਼ੁਰੂ' ਚ ਚਾਰ ਪੈਸੇ ਘੱਟ ਦੇ ਦੂ ਫੇਰ ਵੀ ਘਾਟੇ ਦਾ ਸੌਦਾ ਨਹੀਂ।' ਜੀਤੇ ਨੇ ਦੱਸਿਆ।

ਨਿੱਤਿਆ ਨੱਦ ਨੇ ਉਸ ਨਾਲ਼ ਅਗਲੇ ਦਿਨ ਚੰਡੀਗੜ੍ਹ ਜਾਣ ਦਾ ਪ੍ਰੋਗਰਾਮ ਬਣਾ ਲਿਆ। ਘਰ ਆ ਕੇ ਉਸ ਨੇ ਘਨ੍ਹੱਈਏ ਨੂੰ ਇਹ ਗੱਲ ਦੱਸੀ ਤਾਂ ਉਹ ਬੋਲਿਆ, 'ਠੀਕ ਏ ਜਾਇਆ, ਪਰ ਇਕ ਗੱਲ ਮੇਰੀ ਲੜ ਬੰਨ੍ਹ ਲਵੀਂ। ਅਲਗਰਜ਼ਪੁਣਾ ਛੱਡ ਕੇ, ਉੱਥੇ ਬੰਦਾ ਬਣ ਕੇ ਕੰਮ ਕਰੀਂ। ਹੁਣ ਤੂੰ ਮੁੰਡਾ-ਖੁੰਡਾ ਨਹੀਂ, ਕਬੀਲਦਾਰ ਹੋ ਗਿਆ ਏਂ।'

'ਠੀਕ ਏ ਚਾਚਾ ਤੁਹਾਡਾ ਬਜ਼ੁਰਗਾਂ ਦਾ ਆਸ਼ੀਰਵਾਦ ਚਾਹੀਦਾ ਏ।'

ਜੇ ਰੋਮਾਂ ਦਾ ਸੁਭਾਅ ਵਧੀਆ ਨਾ ਹੁੰਦਾ ਤਾਂ ਘਨ੍ਹੱਈਏ ਨੇ ਤਾਂ ਉਨ੍ਹਾਂ ਨੂੰ ਉਸੇ ਦਿਨ ਭਜਾ ਦੇਣਾ ਸੀ। ਰੋਮਾਂ ਨੇ ਜਿਵੇਂ ਆਉਂਦੀ ਨੇ ਹੀ ਸਭ ਦਾ ਦਿਲ ਲੁੱਟ ਲਿਆ ਸੀ, ਇਸੇ ਲਈ ਘਨ੍ਹੱਈਆ ਦਬ ਗਿਆ ਸੀ ਤੇ ਨਿੱਤਿਆ ਨੂੰ ਬੰਦਾ ਬਣਨ ਦੀਆਂ ਨਸੀਹਤਾਂ ਕਰ ਰਿਹਾ ਸੀ। ਦੇਵ ਨੂੰ ਧੁੜਕੂ ਸੀ ਕਿ ਮਾਹਣੋ ਦਾ ਪਿਓ ਦਲੀਪ ਲੰਬੜਦਾਰ ਪਿੰਡ' ਚੋਂ ਬੰਦੇ' ਕੱਠੇ

ਕਰ ਕੇ ਆਇਆ ਕਿ ਆਇਆ। ਉਹ ਤਾਂ ਇਹ ਵੀ ਸੋਚ ਰਿਹਾ ਸੀ ਕਿ ਕਿਧਰੇ ਠਾਣੇ ਨਾ ਚਲਿਆ ਗਿਆ ਹੋਵੇ। ਠਾਣੇ ਵਾਲਿਆਂ ਨਾਲ਼ ਉਸ ਦਾ ਖਾਣ-ਪੀਣ ਜੋ ਸਾਂਝਾ ਸੀ। ਦੇਵ ਦੀ ਇਹ ਸ਼ੱਕ ਨਿਰਮੂਲ ਹੀ ਸੀ। ਦੇਵ ਆਪ ਚੰਗਾ ਸੀ, ਇਸੇ ਕਰਕੇ ਮਾਹਣੋ ਨੇ ਉਸ ਦੀ ਗੱਲ ਮੰਨ ਲਈ ਹੋਵੇਗੀ ਤੇ ਆਪਣਾ ਗੁੱਸਾ ਪੀ ਗਈ ਹੋਵੇਗੀ। ਦੇਵ ਨੇ ਲੱਖ ਸ਼ੁਕਰ ਕੀਤਾ ਕਿ ਬਲਾ ਟਲ ਗਈ ਸੀ। ਪਿੰਡ ਵਿਚ ਉਸਦੀ ਤੇ ਬਸ਼ੀਰ ਦੀ ਇਸ ਗੱਲੋਂ ਸਭ ਸਿਫ਼ਤ ਕਰਦੇ ਸਨ ਕਿ ਉਨ੍ਹਾਂ ਨੇ ਕਦੀ ਕਿਸੇ ਕੁੜੀ ਵੱਲ ਅੱਖ ਚੁੱਕ ਕੇ ਵੀ ਨਹੀਂ ਸੀ ਦੇਖਿਆ। ਸ਼ਾਮ ਨੂੰ ਉਸ ਨੇ ਜਿਹੜੀ ਬੋਤਲ' ਚ ਬਚੀ ਪਈ ਸੀ, ਡੱਫ ਲਈ ਤੇ ਬਿਨਾਂ ਚੂੰ-ਚਾਂ ਕੀਤੇ ਰੋਟੀ ਖਾ ਕੇ ਸੌਂ ਗਿਆ। ਘਨ੍ਹੱਈਏ ਨੇ ਲਲਤਾ ਨੂੰ ਕਿਹਾ, 'ਹੁਣ ਇਹਦੀ ਪੀਣੀ ਵੀ ਬੰਦ ਕਰੂੰ ਅੱਗੇ ਤੋਂ ਤੀਰ ਵਰਗਾ ਸਿੱਧਾ ਕਰਦੂੰ ਇਹਨੂੰ।'

ਉਹ ਚੰਡੀਗੜ੍ਹ ਗਿਆ ਤਾਂ ਮੁੜਿਆ ਹੀ ਨਾ। ਉਸ ਨੇ ਸੁੱਚੇ ਡਰਾਇਵਰ ਕੋਲ਼ ਸੁਨੇਹਾ ਭੇਜ ਦਿੱਤਾ ਕਿ ਉਸ ਨੂੰ ਉਸੇ ਟੇਲਰ ਮਾਸਟਰ ਕੋਲ਼ ਕੰਮ ਮਿਲ ਗਿਆ ਸੀ, ਜਿੱਥੇ ਜੀਤਾ ਲੱਗਾ ਹੋਇਆ ਸੀ। ਉੱਥੇ ਚਾਰ ਪੰਜ ਕਾਰੀਗਰ ਹੋਰ ਸਨ ਜਿਹੜੇ ਰਾਤ ਵੇਲ਼ੇ ਦੁਕਾਨ ਉੱਤੇ ਬਣੇ ਚੁਬਾਰੇ ਵਿਚ ਸੌਂਦੇ ਸਨ ਤੇ ਰਲ਼ ਮਿਲ ਕੇ ਰੋਟੀ ਬਣਾਉਂਦੇ ਸਨ। ਨਿੱਤਿਆ ਨੰਦ ਨੂੰ ਵੀ ਉਨ੍ਹਾਂ ਨੇ ਆਪਣੇ ਨਾਲ਼ ਰੱਖ ਲਿਆ ਸੀ।

00

## ਸੰਤਾਲ਼ੀ

ਨਿੱਤਿਆ ਨੰਦ ਦੇ ਚੰਡੀਗੜ੍ਹ ਜਾਣ ਮਗਰੋਂ ਦੇਵ ਰੋਮਾਂ ਨੂੰ ਭਾਬੀ ਕਹਿਣ ਲੱਗ ਪਿਆ ਤੇ ਕਾਫ਼ੀ ਖੁੱਲ੍ਹ ਵੀ ਗਿਆ। ਤੀਜੇ ਜਾਂ ਚੌਥੇ ਦਿਨ ਉਹ ਜਾਮਣ ਨਾਲ਼ ਸਿਰ ਨਹਾ ਕੇ ਕੋਠੇ ਉੱਤੇ ਦੱਭ ਦੀ ਸਫ਼ ਤੇ ਬੈਠਾ ਇਕ ਕੈਲੰਡਰ' ਚੋਂ ਦੇਖ-ਦੇਖ ਭਗਤ ਸਿੰਘ ਦੀ ਫ਼ੋਟੋ ਬਣਾ ਰਿਹਾ ਸੀ। ਬੱਦਲਵਾਈ ਹੋ ਰਹੀ ਸੀ ਤੇ ਥੋੜ੍ਹੀ-ਥੋੜ੍ਹੀ ਹਵਾ ਵੀ ਚੱਲ ਰਹੀ ਸੀ। ਉਸ ਦੇ ਲੰਬੇ ਅਤੇ ਭਾਰੀ ਵਾਲਾਂ ਨੇ ਸ਼ੀਟ ਲੱਗੇ ਬੋਰਡ ਉੱਤੇ ਪੂਰੀ ਛਾਂ ਕੀਤੀ ਹੋਈ ਸੀ। ਅਚਾਨਕ ਝਾਂਜਰਾਂ ਦੀ ਆਵਾਜ਼ ਗਲ਼ੀ' ਚੋਂ ਉੱਪਰ ਉੱਠਣ ਲੱਗੀ। ਉਹ ਸਮਝ ਗਿਆ ਕਿ ਰੋਮਾਂ ਲੱਕੜ ਦੀ ਪੌੜੀ ਚੜ੍ਹਦੀ ਕੋਠੇ ਤੇ ਆ ਰਹੀ ਸੀ। ਉਹ ਮਚਲਾ ਬਣ ਗਿਆ ਤੇ ਉਸੇ ਤਰ੍ਹਾਂ ਬੋਰਡ ਤੇ ਝੁਕਿਆ ਫ਼ੋਟੋ ਵਾਹੁੰਦਾ ਰਿਹਾ। ਉਹ ਮੱਲ੍ਹਕ-ਮੱਲ੍ਹਕ ਆਈ ਤੇ ਦੋਨਾਂ ਹੱਥਾਂ ਨਾਲ਼ ਉਸ ਦੀਆਂ ਅੱਖਾਂ ਬੰਦ ਕਰ ਲਈਆਂ। ਦੇਵ ਨੇ ਅਣਜਾਣ ਜਿਹਾ ਬਣ ਕੇ ਉਸਦੀਆਂ ਉਂਗਲਾਂ ਉੱਤੇ ਹੱਥ ਫੇਰ, ਉਸਦੀਆਂ ਛਾਪਾਂ ਨੂੰ ਛੂਹਿਆ ਤੇ ਬਾਂਹ ਘੁੱਟ ਕੇ ਬੋਲਿਆ, 'ਬਸ਼ੀਰ?'

ਰੋਮਾਂ ਹੱਸੀ, 'ਵੇ ਬਸ਼ੀਰ ਕੌਣ?'

'ਓਅ ਭਾਬੀ ਏਂ? ਮੈਂ ਸੋਚਿਆ, ਮੇਰਾ ਦੋਸਤ ਬਸ਼ੀਰ ਏ।' ਦੇਵ ਵੀ ਹੱਸਿਆ।

'ਹੈ ਤਾਂ ਮੈਂ ਵੀ ਦੋਸਤ ਹੀ... ਆਹ ਕੀ ਵਾਹ ਰਿਹਾ ਏਂ ਦੋਸਤ?'

'ਦੇਖ ਲਓ।'

'ਅੱਛਿਆ... ਸ਼ਹੀਦ ਭਗਤ ਸਿੰਘ ਦੀ ਫ਼ੋਟੋ ਏ। ਅੱਜ ਪਤਾ ਲੱਗਾ ਤੂੰ ਆਰਟਿਸਟ ਵੀ ਹੈਗਾਂ ਏਂ।'

'ਮੈਂ ਤਾਂ ਕਈ ਫ਼ੋਟੋਆਂ ਬਣਾਈਆਂ ਨੇ ਭਾਬੀ।'

'ਫੇਰ ਤਾਂ ਮੇਰੀ ਵੀ ਬਣਾ ਦਵੀਂ।'

'ਤੀਵੀਂਆਂ ਦੀ ਨੀ ਬਣਾਉਂਦਾ ਮੈਂ।' ਉਹ ਹੱਸ ਕੇ ਬੋਲਿਆ।

'ਵੇ ਤੈਨੂੰ ਮੈਂ ਤੀਵੀਂ ਦਿਖਦੀ ਹਾਂ? ਤੇਰੀ ਭਾਬੀ ਹਾਂ ਭਾਬੀ। ਬੋਲ ਬਣਾਏਂਗਾ?' ਉਸ ਨੇ ਦੇਵ ਦਾ ਕੰਨ ਫੜ ਲਿਆ।

'ਛੱਡੋ ਛੱਡੋ ਬਣਾਵਾਗਾ।' ਉਹ ਬੋਲਿਆ।

'ਤੇਰੇ ਵਾਲ਼ ਬੜੇ ਲੰਬੇ ਨੇ ਦੇਵ... ਇਹ ਤੂੰ ਨਾਇ੍ਆ ਕਾਹਦੇ ਨਾਲ਼ ਏਂ?'

'ਜਾਮਣ ਨਾਲ... ਹਫ਼ਤਾ ਪੁਰਾਣੀ ਲੱਸੀ ਨੂੰ ਕਹਿੰਦੇ ਆਂ ਜਾਮਣ... ਪਤਾ ਏ?'

'ਆਹੋ... ਮੈਂ ਕੋਈ ਬੁੱਧੂ ਹਾਂ?.... ਪਿੰਡ ਵਿਚ ਹੀ ਜੰਮੀ ਪਲ਼ੀ ਹਾਂ।'

ਉਹ ਉਸ ਦੇ ਵਾਲਾਂ ਵਿਚ ਉਂਗਲੀਆਂ ਫੇਰਨ ਲੱਗ ਪਈ। ਦੇਵ ਨੂੰ ਚੰਗਾ ਚੰਗਾ ਲੱਗਾ। ਫਿਰ ਉਹ ਉਸ ਦੀ ਪਿੱਠ ਦੇ ਹੋਰ ਨੇੜੇ ਹੋ ਗਈ ਤੇ ਚੀਰਵੀਆਂ ਕੱਢ ਕੱਢ ਦੇਖਣ ਲੱਗੀ, ਜਿਵੇਂ ਜੂੰਆਂ ਲੱਭ ਰਹੀ ਹੋਵੇ।

'ਜੂੰ ਮੇਰੇ ਕੋਈ ਨੀ ਲੱਭਣੀ ਭਾਬੀ।' ਉਸ ਨੇ ਹੱਸ ਕੇ ਕਿਹਾ।

'ਤੇਰੇ ਸਿਰ ਨੂੰ ਤੇਲ ਝੱਸਾਂ?'

'ਝੱਸ ਦੇ... ਹੋਰ ਕੀ ਚਾਹੀਦਾ ਏ।'

ਉਹ ਹੇਠ ਜਾ ਕੇ ਖੋਪੇ ਦੇ ਤੇਲ਼ ਵਾਲ਼ੀ ਡੱਬੀ ਚੁੱਕ ਲਿਆਈ।

'ਇਹ ਤੁਸੀਂ ਕੀ ਕੀਤਾ? ਇਹ ਤੇਲ ਤਾਂ ਮਾਮੀ ਦਾ ਏ। ਉਹ ਗੁੱਸੇ ਹੋਵੇਗੀ। ਸਰ੍ਹੋਂ ਦਾ ਲਿਆਉਣਾ ਸੀ।'

'ਐਵੇਂ ਗੁੱਸੇ ਹੋਊ?... ਕਹਿ ਦਿਆਂਗੀ ਮੈਂ।' ਉਸ ਨੇ ਦੋਨਾਂ ਗੋਡਿਆਂ ਵਿਚ ਦੇਵ ਦੀਆਂ ਵੱਖੀਆਂ ਘੁੱਟ ਲਈਆਂ। ਫਿਰ ਉਸਦੇ ਸਿਰ ਵਿਚ ਕੁਝ ਤੇਲ ਸੁੱਟਿਆ ਤੇ ਹਥੇਲ਼ੀ ਨਾਲ਼ ਥੱਪ-ਥੱਪ ਕਰ ਕੇ ਝੱਸਣ ਲੱਗ ਪਈ। ਫਿਰ ਬੋਲੀ, 'ਦੇਵ ਤੇਰਾ ਸਿਰ ਤਾਂ ਜਮ੍ਹਾਂ ਈ ਖੁਸ਼ਕ ਹੋਇਆ ਪਿਆ ਏ। ਕੀਹਤੋਂ ਲਵਾਉਂਦਾ ਹੁੰਦਾ ਏਂ ਤੇਲ਼?'

'ਮੈਂ ਕੀਹਤੋਂ ਲਵਾਉਣਾ ਏਂ ਭਾਬੀ? ਆਪ ਹੀ ਲਾ ਲਈਦਾ ਏ।'

ਇਹ ਸ਼ਾਇਦ ਜ਼ਿੰਦਗੀ ਵਿਚ ਪਹਿਲੀ ਦਫ਼ਾ ਸੀ ਕਿ ਕਿਸੇ ਨੇ ਦੇਵ ਦੇ ਸਿਰ ਵਿਚ ਐਨੇ ਪਿਆਰ ਨਾਲ਼ ਤੇਲ ਝੱਸਿਆ ਹੋਵੇ। ਦੇਵ ਨੂੰ ਉਸ ਦੀ ਗੋਦ ਵਿਚ ਨੀਂਦ ਆਉਣ ਲੱਗ ਪਈ ਸੀ।

'ਦੇਵ, ਮੇਰੀ ਭੈਣ ਏਂ ਨਾ ਊਸ਼ਾ.... ਤੈਨੂੰ ਮਿਲਾਵਾਂਗੀ ਉਹਨੂੰ। ਬਹੁਤ ਸੁਹਣੀ ਏਂ ਉਹ। ਮੈਨੂੰ ਤੂੰ ਬਹੁਤ ਚੰਗਾ ਲੱਗਦਾ ਏਂ। ਤੂੰ ਜਿੰਨਾ ਮਰਜ਼ੀ ਪੜ੍ਹ ਲਵੀਂ। ਉਹਨੂੰ ਵੀ ਪਾਪਾ ਤੇਰੇ ਬਰਾਬਰ ਪੜ੍ਹਾ ਦੇਣਗੇ। ਦੋਨੋਂ ਜ਼ਿੰਦਗੀ ਭਰ ਮੌਜਾਂ ਕਰਿਓ। ਮੈਂ ਚਾਚੀ ਨੂੰ.... ।'

ਉਸ ਦੀ ਗੱਲ ਵਿਚਾਲ਼ੇ ਹੀ ਸੀ ਕਿ ਹੇਠੋਂ ਲਲਤਾ ਦੀ ਆਵਾਜ਼ ਆਈ, 'ਰੋਮਾਂ... ਨੀ ਰੋਮਾਂ... ਮੁੰਡਾ ਚੁੱਕ ਭਾਈ, ਉੱਠ ਖੜ੍ਹਿਆ ਏ।'

ਰੋਮਾਂ ਨੇ ਦੇਵ ਦੀ ਗੱਲ੍ਹ ਉੱਤੇ ਘਰੂਟ ਜਿਹਾ ਵੱਢਿਆ ਤੇ ਤੇਲ ਵਾਲ਼ੀ ਡੱਬੀ ਚੁੱਕ ਕਾਹਲ਼ੀ-ਕਾਹਲ਼ੀ ਪੌੜੀ ਉਤਰ ਗਈ।

ਨਿੱਤਿਆ ਨੰਦ ਆਉਂਦੇ ਸ਼ਨੀਵਾਰ ਸ਼ਾਮ ਨੂੰ ਪਿੰਡ ਆ ਗਿਆ। ਉਸ ਨੇ ਆਪਣੇ ਕੰਮ ਮਿਲਣ ਦੀ ਖੁਸ਼ਖਬਰੀ ਪੂਰੇ ਵਿਸਥਾਰ ਨਾਲ਼ ਸਾਰਿਆਂ ਨੂੰ ਦੱਸੀ। ਉਹ ਲੱਡੂਆਂ ਵਾਲ਼ਾ ਲਿਫਾਫ਼ਾ ਕੱਢਣ ਲੱਗਾ ਤਾਂ ਬੈਗ ਵਿਚ ਪਈ ਬੋਤਲ ਦਾ ਢੱਕਣ ਘਨ੍ਹੱਈਏ ਨੂੰ ਦਿਖ ਪਿਆ।

'ਇਹ ਕੀ?' ਉਸ ਨੇ ਬੋਤਲ ਛੂਹ ਕੇ ਕਿਹਾ।

'ਬੋਤਲ ਏ ਚਾਚਾ।'

'ਮੈਂ ਇਹ ਕੰਮ ਨੀ ਐਥੇ ਚੱਲਣ ਦੇਣਾ।' ਘਨ੍ਹੱਈਆ ਸਖ਼ਤੀ ਨਾਲ਼ ਬੋਲਿਆ।

'ਹੌਲ਼ੀ-ਹੌਲ਼ੀ ਛੱਡ ਦਿਆਂਗਾ ਚਾਚਾ... ਆਦਤ ਐਨੀ ਛੇਤੀ ਨੀ ਛੁੱਟਦੀ ਹੁੰਦੀ।'

'ਫੇਰ ਪੀ ਕੇ ਬੋਲੇਂਗਾ ਬਹੂ ਨੂੰ।'

'ਸੌ ਜੁੱਤੀ ਮਾਰਿਓ, ਜੇ ਮੂੰਹ ਵੀ ਖੋਲਾਂ।' ਉਸ ਨੇ ਕਿਹਾ।

'ਠੀਕ ਏ... ਜੇ ਉਸ ਨੂੰ ਕੁਝ ਕਿਹਾ ਤਾਂ ਜੁੱਤੀਆਂ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਾਂਗਾ।'

ਨਿੱਤਿਆ ਨੰਦ ਨੇ ਆਪਣੀ ਪੈਂਟ ਦੀ ਜੇਬ੍ਹ' ਚੋਂ ਪਰਸ ਕੱਢ ਕੇ ਦਸ ਦਸ ਦੇ ਦੋ ਨੋਟ ਘਨ੍ਹੱਈਏ ਵੱਲ ਨੂੰ ਵਧਾ ਦਿੱਤੇ ਤੇ ਬੋਲਿਆ, 'ਚਾਚਾ ਆਹ ਲੈ ਮੇਰੇ ਨਵੇਂ ਕੰਮ ਦੀ ਪਹਿਲੀ ਕਮਾਈ' ਚੋਂ।' ਹਰ ਵਾਰੀ ਕੁਝ ਨਾ ਕੁਝ ਦਿਆ ਕਰਾਂਗਾ ਤੈਨੂੰ। ਤੇਰੇ ਤੇ ਅਸੀਂ ਭਾਰ ਨਹੀਂ ਬਣਨਾ ਚਾਹੁੰਦੇ। ਉੱਥੇ ਕਿਰਾਏ ਤੇ ਮਕਾਨ ਵੀ ਲੱਭ ਰਿਹਾ ਏਂ ਮੈਂ।'

'ਪੈਸੇ ਦੇਅ ਪੁੱਤ ਆਪਣੀ ਵਹੁਟੀ ਨੂੰ। ਉਹਦਾ ਹੱਕ ਬਣਦਾ ਏ। ਮੇਰੇ ਤੇ ਰੱਬ ਦੀ ਬੜੀ ਮਿਹਰ ਆ। ਮੈਨੂੰ ਨਹੀਂ ਚਾਹੀਦਾ ਕੁਝ ਵੀ। ਤੁਸੀਂ ਜਿਉਂਦੇ ਵਸਦੇ ਰਹੋ।' ਘਨ੍ਹੱਈਏ ਨੇ ਪੈਸੇ ਨਾ ਫੜੇ। ਨਿੱਤਿਆ ਨੰਦ ਨੇ ਉਹੀ ਨੋਟ ਰੋਮਾਂ ਵੱਲ ਨੂੰ ਵਧਾ ਦਿੱਤੇ ਤੇ ਬੋਲਿਆ, 'ਐਵੇਂ ਨਾ ਉਡਾ ਦਈਂ। ਬੜੇ ਔਖੇ ਬਣਦੇ ਨੇ।'

ਰੋਮਾਂ ਨੇ ਮੁਸਕਰਾ ਕੇ ਨੋਟ ਫੜੇ ਤੇ ਆਪਣੇ ਗਲਾਵੇਂ ਵਿਚ ਨੂੰ ਧੱਕ ਦਿੱਤੇ।

ਪੀਣ ਦਾ ਕੰਮ ਤਾਂ ਉਸ ਦਾ ਬਾਅਦ ਵਿਚ ਵੀ ਉਵੇਂ ਰਿਹਾ, ਪਰ ਉਹ ਬੋਲਣ ਪੱਖੋਂ ਦਬ ਗਿਆ। ਉਸ ਨੂੰ ਦਰੀ ਖੇਸੀ ਤੇ ਸਿਰਹਾਣਾ ਆਦਿ ਚਾਹੀਦੇ ਸਨ। ਲਲਤਾ ਨੇ ਸੰਦੂਖ' ਚੋਂ ਕੱਢ ਕੇ ਦਿੱਤੇ। ਰੋਮਾਂ ਨੇ ਉਸ ਦੇ ਪਾਉਣ ਵਾਲ਼ੇ ਕੁਝ ਕੱਪੜੇ ਟਰੰਕ' ਚੋਂ ਕੱਢ ਦਿੱਤੇ । ਤੁਰਨ ਲੱਗਾ ਨਿੱਤਿਆ ਨੰਦ ਲਲਤਾ ਨੂੰ ਕਹਿੰਦਾ, 'ਮੇਰੇ ਬੁੜ੍ਹਾ-ਬੁੜ੍ਹੀ ਤੁਹਾਡੇ ਵਰਗੇ ਚੰਗੇ ਹੁੰਦੇ ਤਾਂ ਮੈਂ ਘਰੋਂ ਕਦੀ ਡਿੰਘ ਨਾ ਪੁੱਟਦਾ।'

'ਚੱਲ ਭਾਈ ਮਾਂ-ਪਿਓ ਤਾਂ ਮਾਂ-ਪਿਓ ਹੀ ਹੁੰਦੇ ਨੇ।' ਲਲਤਾ ਨੇ ਕਿਹਾ।

'ਮੈਂ ਹੁਣ ਤੁਹਾਨੂੰ ਮਾਂ-ਪਿਓ ਹੀ ਬਣਾਕੇ ਰੱਖਾਂਗਾ ਆਪਣੇ।'

ਰੋਮਾਂ ਨੇ ਘਰ ਦਾ ਕੰਮ ਕਾਜ ਬੜੇ ਸਲੀਕੇ ਨਾਲ਼ ਸੰਭਾਲ਼ ਲਿਆ ਸੀ। ਉਹ ਘਨ੍ਹੱਈਏ ਕੋਲ਼ ਸਿਲਾਈ ਲਈ ਆਏ ਕੱਪੜੇ ਵੀ ਸਿਉਂ ਦਿੰਦੀ। ਘਰ ਵਿਚ ਅਜਿਹੀਆਂ ਅਨੇਕਾਂ ਹੀ ਵਾਧੂ ਚੀਜ਼ਾਂ ਪਈਆਂ ਸਨ ਜਿਨ੍ਹਾਂ ਨੂੰ ਇਹ ਸੋਚ ਕੇ ਘਰ ਵਿਚ ਸਾਂਭਿਆ ਹੋਇਆ ਸੀ ਕਿ ਕਦੀ ਕੰਮ ਆ ਜਾਣਗੀਆਂ। ਕੋਈ ਚੀਜ਼ ਕਦੋਂ ਕੰਮ ਆਵੇਗੀ, ਜਾਂ ਫਿਰ ਕਦੀ ਕੰਮ ਆਵੇ ਗੀ ਵੀ, ਇਸ ਦੀ ਕੋਈ ਗਰੰਟੀ ਨਹੀਂ ਸੀ। ਰੋਮਾਂ ਨੇ ਇਕ ਇਕ ਕਰਕੇ ਉਨ੍ਹਾਂ ਚੀਜ਼ਾਂ ਨੂੰ ਘਰੋਂ ਕੱਢਣਾ ਸ਼ੁਰੂ ਕਰ ਦਿੱਤਾ। ਵਾਰੀ ਉਸੇ ਉੱਖਲ਼ੀ ਤੋਂ ਸ਼ੁਰੂ ਹੋਈ ਜਿਹੜੀ ਘਨ੍ਹੱਈਆ

ਹੱਲਿਆਂ ਵੇਲ਼ੇ ਕਿੜੀ ਪਿੰਡ ਦੇ ਕਿਸੇ ਘਰੋਂ ਪੁੱਟ ਲਿਆਇਆ ਸੀ ਤੇ ਅਲਮਾਰੀ ਦੇ ਐਨ ਮੁੱਢ ਗੱਡੀ ਹੋਈ ਸੀ। ਜਦ ਧਾਨ ਚੱਕੀ ਉੱਤੇ ਹੀ ਕੁਟਾਉਣੇ ਸਨ ਤਾਂ ਘਰ ਵਿਚ ਉੱਖਲ਼ੀ ਜਾਂ ਮੋਹਲ਼ੇ ਰੱਖਣ ਦੀ ਕੀ ਤੁਕ। ਘਨ੍ਹੱਈਏ ਨੇ ਇਓਟੇ ਪਿੱਛੋਂ ਚੱਕੀ ਤਾਂ ਪਹਿਲਾਂ ਹੀ ਚੁੱਕ ਦਿੱਤੀ ਸੀ, ਪਰ ਉਸਦੇ ਦੋਨੋਂ ਪੁੜ, ਕੋਠੜੀ ਅੰਦਰ ਸਾਂਭੇ ਪਏ ਸਨ। ਰੋਮਾਂ ਨੇ ਸੰਤੇ ਨੂੰ ਕਹਿਕੇ ਦੋਨੋਂ ਪੁੜ ਉੱਤੇ ਬੈਠ ਕੇ ਨਹਾਉਣ ਲਈ ਖੂਹ ਤੇ ਪੁਜਾ ਦਿੱਤੇ। ਦਸ ਬਾਰਾਂ ਘੜੇ , ਤਿੰਨ ਤੌਲੇ, ਦੋ ਮੱਟੀਆਂ, ਸਾਇਕਲ ਦੇ ਪੁਰਾਣੇ ਚੱਕੇ, ਟੁੱਟਿਆ ਚਰਖਾ, ਦਰੀਆਂ ਬੁਣਨ ਵਾਲਾ ਪੰਜਾ, ਪਾਵੇ, ਬਾਹੀਆਂ, ਸੇਰਵੇ, ਵੱਡੀ ਚਾਟੀ, ਸੇਵੀਆਂ ਵੱਟਣ ਵਾਲ਼ੀ ਟੁੱਟੀ ਮਸ਼ੀਨ, ਨਾਲ਼ੇ ਬੁਣਨੀ, ਜ਼ਰ ਖਾਧੇ ਦੋ ਟਰੰਕ, ਝਰਨੀ, ਖੁਰਚਣੇ, ਮਕਸੂਦ, ਟੁੱਟਿਆ ਹੋਇਆ ਹਰਮੋਨੀਅਮ ਤੇ ਹੋਰ ਕਿੰਨੇ ਹੀ ਅੱਲਮ-ਗੱਲਮ ਨੂੰ ਘਰ ਨਿਕਾਲ਼ਾ ਦੇ ਦਿੱਤਾ ਗਿਆ। ਕੋਠੜੀ ਖੁੱਲ੍ਹੀ ਖੁੱਲ੍ਹੀ ਲੱਗਣ ਲੱਗ ਪਈ। ਚੂਹਿਆਂ ਦੀਆਂ ਛੁਪਣਗਾਹਾਂ ਵੀ ਖ਼ਤਮ ਹੋ ਗਈਆਂ। ਰੋਮਾਂ ਨੇ ਇਓਟੇ ਅਤੇ ਕੱਚੀ ਕੋਠੀ ਉੱਤੇ ਮੋਰ, ਘੁੱਗੀਆਂ, ਭੰਗੜਾ ਪਾਉਂਦੇ ਮਰਦ, ਘੜੇ ਚੁੱਕੀ ਖੜ੍ਹੀਆਂ ਔਰਤਾਂ, ਗੁੰਨ੍ਹੀ ਹੋਈ ਮਿੱਟੀ ਨਾਲ਼ ਐਨੇ ਕਲਾਮਈ ਢੰਗ ਨਾਲ਼ ਬਣਾਏ ਕਿ ਘਰ ਦੀ ਕਾਇਆ-ਕਲਪ ਹੀ ਹੋ ਗਈ। ਗਲ਼ੀ-ਗੁਆਂਢ ਦੀਆਂ ਔਰਤਾਂ ਮੂੰਹ ਵਿਚ ਉਂਗਲਾਂ ਪਾ ਪਾ ਦੇਖਣ ਲੱਗ ਪਈਆਂ। ਫਿਰ ਇਕ ਦਿਨ ਉਸ ਨੇ ਮਿੱਟੀ ਨਾਲ਼ ਹੀ ਕੰਧ ਉੱਤੇ ਇੱਕ ਨੀਵੀਂ ਪਾਈ ਬੈਠੀ ਔਰਤ ਤੇ ਕੋਲ਼ ਹੀ ਡੰਡਾ ਚੁੱਕੀ ਖੜ੍ਹਾ ਇਕ ਮੁੰਡਾ ਬਣਾ ਦਿੱਤਾ।

'ਇਹ ਕੌਣ ਏ?' ਦੇਵ ਨੇ ਰੋਮਾਂ ਨੂੰ ਪੁੱਛਿਆ।

'ਦੱਸ ਦਿੰਦੀ ਹਾਂ, ਜੇ ਕਿਸੇ ਨੂੰ ਨਾ ਦੱਸੇਂ।'

'ਠੀਕ ਏ ਨਹੀਂ ਦੱਸਦਾ।'

'ਆਹ ਬੈਠੀ ਹਾਂ ਮੈਂ ਤੇ ਅਹੁ ਖੜ੍ਹਾ ਏ ਤੂੰ। ਪੁੱਛ ਕਾਹਤੋਂ?' ਉਹ ਦੇਵ ਵੱਲ ਦੇਖਦੀ ਬੋਲੀ।

'ਕਾਹਤੋਂ?' ਉਸ ਨੇ ਪੁੱਛਿਆ।

'ਢੈਅ ਜਾਣੇ ਨਿੱਤਿਆ ਨੰਦ ਨੇ ਮੈਨੂੰ ਕੁੱਟਿਆ ਏ ਤੇ ਤੂੰ ਡੰਡਾ ਲੈ ਕੇ ਉਸ ਨੂੰ ਮਾਰਨ ਚੱਲਿਆ ਏਂ।'

'ਤੂੰ ਤਾਂ ਐਨੀ ਚੰਗੀ ਏਂ ਭਾਬੀ। ਉਹ ਤੈਨੂੰ ਕੁੱਟਦਾ ਕਿਉਂ ਏ?'

'ਕਿਸੇ ਵੀ ਗੱਲੋਂ ਉਹਦਾ ਪਾਰਾ ਚੜ੍ਹੇ ਤਾਂ ਉਹ ਮੇਰੇ ਤੇ ਹੀ ਲਾਹੁੰਦਾ ਏ।' ਉਹ ਬੋਲੀ।

'ਤੂੰ ਵੀ ਮਾਰਿਆ ਕਰ ਚੁੱਕ ਕੇ ਕੁਹਾੜੀ ਸਾਲ਼ੇ ਦੇ।' ਦੇਵ ਦੀ ਗੱਲ ਸੁਣਕੇ ਉਹ ਹੱਸਣ ਲੱਗ ਪਈ ਤੇ ਬੋਲੀ, 'ਆਹ ਦੇਖ, ਉਹਦੇ ਕਾਰੇ।'

ਰੋਮਾਂ ਨੇ ਆਪਣੇ ਕਮੀਜ਼ ਦਾ ਪਿਛਲਾ ਪੱਲਾ ਉੱਕੇ ਚੁੱਕ ਦਿੱਤਾ। ਸਾਰੇ ਪਿੰਡੇ ਤੇ ਕਾਲ਼ੇ -ਕਾਲ਼ੇ ਦਾਗ ਸਨ।

'ਇਹ ਦਾਗ ਜਿਹੇ ਕਾਹਦੇ ਨੇ?'

'ਉਹ ਸਿਗਰਟ ਸੁਲਘਾ ਕੇ ਉਸ ਦਾ ਮੂਹਰਲਾ ਪਾਸਾ ਮੇਰੇ ਪਿੰਡੇ ਨੂੰ ਲਾ ਦਿੰਦਾ ਏ ।'

'ਉਹ ਐਸ ਤਰ੍ਹਾਂ ਕਿਉਂ ਕਰਦਾ ਏ?'

'ਦੱਸਾਂਗੀ ਅੜਿਆ ਤੈਨੂੰ ਕਿਸੇ ਦਿਨ ਸਾਰਾ ਕੁਝ।' ਉਹ ਹੱਸੀ।

ਘਰ ਵਿਚ ਬਿਜਲੀ ਤਾਂ ਪਹਿਲਾਂ ਹੀ ਆ ਚੁੱਕੀ ਸੀ। ਦੀਵੇ ਰੱਖਣ ਲਈ ਆਲ਼ਿਆਂ ਦਾ ਕੋਈ ਮਤਲਬ ਨਹੀਂ ਸੀ ਰਹਿ ਗਿਆ। ਇਕ ਦਿਨ ਰੋਮਾਂ ਨੇ ਗਾਰੇ ਦੇ ਥੋਬੇ ਸੁੱਟ ਸੁੱਟ ਸਾਰੇ ਆਲ਼ੇ ਬੰਦ ਕਰ ਦਿੱਤੇ। ਚੁੱਲ੍ਹੇ ਨੂੰ ਭੰਨ ਕੇ ਨਵੀਂ ਸ਼ੇਪ ਦੇ ਦਿੱਤੀ। ਚੁੱਲ੍ਹੇ ਦੇ ਵਿਚ ਨੂੰ ਹੀ ਮੋਰੀ ਕੱਢ ਕੇ ਪਿੱਛੇ ਨਿੱਕੀ ਅੰਗੀਠੀ ਬਣਾ ਦਿੱਤੀ ਤਾਂ ਕਿ ਉਸ ਉੱਤੇ ਰੱਖੀ ਦਾਲ਼-ਸਬਜ਼ੀ ਗਰਮ ਰਹੇ। ਉਹ ਦੇਵ ਨੂੰ ਕਹਿਣ ਲੱਗੀ, 'ਚੁੱਲ੍ਹੇ' ਚੋਂ ਅੱਗ ਚੋਰੀ ਛਿਪੇ ਪਿਛਲੀ ਅੰਗੀਠੀ ਨੂੰ ਵੀ ਤਪਾਉਂਦੀ ਰਹੂ।'

'ਬਹੁਤ ਸਕੀਮਣ ਏਂ ਤੂੰ ਭਾਬੀ।' ਦੇਵ ਹੱਸਿਆ।

ਘਰ ਨਵੀਂ ਦਿੱਖ ਕੱਢ ਆਇਆ। ਰੋਮਾਂ ਨੇ ਘਰ ਦਿਆਂ ਦਾ ਤਾਂ ਦਿਲ ਜਿੱਤਣਾ ਹੀ ਸੀ, ਆਂਢ-ਗੁਆਂਢ ਦੀਆਂ ਔਰਤਾਂ ਵੀ ਉਸ ਉੱਤੇ ਮੋਹਿਤ ਹੋ ਗਈਆਂ। ਨਿੱਕੇ ਜਿਹੇ ਪਿੰਟੂ ਨੇ ਘਰ ਨੂੰ ਰੌਣਕ ਨਾਲ਼ ਭਰ ਦਿੱਤਾ ਸੀ। ਘਨ੍ਹੱਈਆ ਉਸ ਨੂੰ ਢਿੱਡ ਉੱਤੇ ਲਿਟਾ ਕੇ ਲੋਰੀਆਂ ਦਿੰਦਾ ਰਹਿੰਦਾ ਤੇ ਦੇਵ ਨੂੰ ਕਹਿੰਦਾ, 'ਤੈਨੂੰ ਵੀ ਮੈਂ ਇਸੇ ਤਰ੍ਹਾਂ ਖਿਡਾਇਆ ਕਰਦਾ ਸੀ।'

ਘਰ ਵਿਚ ਰੋਮਾਂ ਦਾ ਸਿੱਕਾ ਚੱਲ ਨਿਕਲ਼ਿਆ। ਉਹ ਬਾਹਰੋਂ ਆਏ ਘਨ੍ਹੱਈਏ ਨੂੰ ਉਨੀ ਦੇਰ ਸਾਇਕਲ਼ ਅੰਦਰ ਨਾ ਕਰਨ ਦਿੰਦੀ ਜਿੰਨੀ ਦੇਰ ਉਹ ਉਸਨੂੰ ਸਟੈਂਡ ਤੇ ਲਾ ਕੇ ਲੀਰ ਨਾ ਮਾਰ ਦਿੰਦਾ। ਦੇਵ ਦੀਆਂ ਸਾਰੀਆਂ ਕਿਤਾਬਾਂ ਅਲਮਾਰੀ ਦੇ ਖਾਨੇ ਵਿਚ ਉਸੇ ਨੇ ਸਜਾਈਆਂ। ਪਹਿਲਾਂ ਤਾਂ ਉਸ ਨੂੰ ਪਤਾ ਹੀ ਨਹੀਂ ਸੀ ਕਿ ਉਸ ਕੋਲ਼ ਐਨੀਆਂ ਕੀਮਤੀ ਕਿਤਾਬਾਂ ਹਨ। ਪਤਾ ਲੱਗਾ ਤਾਂ ਹੈਰਾਨ ਹੋਈ। ਉਹ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਛੇ-ਸੱਤ ਨਾਵਲ ਕੁਝ ਦਿਨਾਂ ਵਿਚ ਹੀ ਪੜ੍ਹ ਗਈ। ਕਵਿਤਾਵਾਂ ਦੀ ਇਕ ਕਿਤਾਬ ਕੇ ਸਰ ਕਿਆਰੀ ਵੀ ਉਸ ਦੇ ਹੱਥ ਲੱਗੀ। ਉਹ ਇਕ ਕਵਿਤਾ ਪੜ੍ਹ ਕੇ ਤਾਰੀਫ ਕਰਨ ਲੱਗੀ ਤਾਂ ਦੇਵ ਬੋਲਿਆ, 'ਕਿਸੇ ਵੀ ਕਵਿਤਾ ਦੀ ਕੋਈ ਲਾਈਨ ਪੜ੍ਹੋ। ਮੈਂ ਅਗਲੀ ਦੱਸ ਦਿਆਂਗਾ।'

ਉਸ ਨੇ ਥਾਂ-ਥਾਂ ਤੋਂ ਲਾਈਨਾਂ ਪੜ੍ਹੀਆਂ ਤਾ ਦੇਵ ਅਗਲੀਆਂ ਲਾਈਨਾਂ ਹੀ ਨਹੀਂ ਸਗੋਂ ਸਾਰੀ ਦੀ ਸਾਰੀ ਕਵਿਤਾ ਜ਼ੁਬਾਨੀ ਸੁਣਾਉਂਦਾ ਰਿਹਾ। ਪਹਿਲਾਂ ਤਾਂ ਉਹ ਅੱਖਾਂ ਚੌੜੀਆਂ ਕਰ ਕੇ ਸੁਣਦੀ ਰਹੀ ਫਿਰ ਆਪਣੀ ਗਲਵੱਕੜੀ' ਚ ਘੁੱਟ ਕੇ ਉਸ ਨੂੰ ਚੁੰਮ ਲਿਆ। ਉਹ ਕਿਤਾਬ ਤਾਂ ਦੇਵ ਨੇ ਕਿੰਨੀ ਹੀ ਵਾਰੀ ਪੜ੍ਹੀ ਹੋਈ ਸੀ।

ਇਕ ਦਿਨ ਦੇਵ ਦੀਆਂ ਕਿਤਾਬਾਂ ਵਿੱਚੋਂ 'ਪਾਲੀ' ਨਾਵਲ ਚੁੱਕ ਕੇ ਪੁੱਛਣ ਲੱਗੀ, 'ਦੇ ਵ ਇਹ ਨਾਵਲ ਪੜ੍ਹਿਆ ਏ ਤੂੰ?'

'ਹਾਂ, ਕਈ ਵਾਰੀ।'

'ਮੈਂ ਵੀ ਪੜ੍ਹਿਆ ਏ। ਮੈਂ ਤਾਂ ਰੋਈ ਬਹੁਤ।'

'ਇਹ ਭਲਾ ਕੀਹਨੇ ਲਿਖਿਆ ਏ?' ਦੇਵ ਨੇ ਪੁੱਛਿਆ।

ਉਸ ਨੂੰ ਲੇਖਕ ਦਾ ਨਾਂ ਨਹੀਂ ਸੀ ਪਤਾ। ਨਾਵਲ' ਚੋਂ ਲੱਭ ਕੇ ਬੋਲੀ, 'ਜਸਵੰਤ ਸਿੰਘ ਕੰਵਲ ਏ ਕੋਈ।'

'ਉਹ ਕੋਈ ਨਹੀਂ, ਉਹ ਤਾਂ ਮੇਰਾ ਗੁਰੂ ਏ। ਠਹਿਰ ਜ਼ਰਾ।'

ਉਹ ਉੱਠਿਆ ਤੇ ਆਪਣੀ ਸਮਾਨ ਵਾਲ਼ੀ ਸੰਦੂਖੜੀ' ਚੋਂ ਕੰਵਲ ਵੱਲੋਂ ਉਸਨੂੰ ਲਿਖਿਆ ਇਕ ਪੋਸਟ ਕਾਰਡ ਚੁੱਕ ਲਿਆਇਆ। ਬਹੁਤ ਵਾਰੀ ਪੜ੍ਹਨ ਕਰਕੇ ਉਸ ਦੀ ਸ਼ਕਲ ਵਿਗੜ ਗਈ ਸੀ। ਉਸ ਨੇ ਖ਼ਤ ਪੜ੍ਹਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ। ਉਸਦੀਆਂ ਤਾਂ ਅੱਖਾਂ ਹੀ ਟੱਡੀਆਂ ਰਹਿ ਗਈਆਂ। ਉਹ ਬੋਲੀ, 'ਐਨੇ ਵੱਡੇ ਲੇਖਕ ਨੇ ਤੈਨੂੰ ਚਿੱਠੀ ਲਿਖੀ? ਕਮਾਲ ਏ ਬਈ।'

'ਦੇਵ ਤੂੰ ਮੈਨੂੰ ਕੰਵਲ ਜੀ ਦੇ ਤੇ ਨਾਨਕ ਸਿੰਘ ਦੇ ਜਿੰਨੇ ਵੀ ਨਾਵਲ ਮਿਲਣ ਖਰੀਦ ਕੇ ਲਿਆਦੇ। ਪੈਸੇ ਮੈਥੋਂ ਲੈ ਜਾ। ਮਗਰੋਂ ਤਾਂ ਤੈਨੂੰ ਪਤਾ ਹੀ ਏ, ਮੈਂ ਕੀਹਦੇ ਵਸ ਪੈਣਾ ਏ ਂ।' ਉਹ ਬੋਲੀ।

ਦੇਵ ਉਸੇ ਵੇਲ਼ੇ ਚਮਕੌਰ ਨੂੰ ਦੌੜ ਗਿਆ। ਗਿਆਨੀ ਗੁਰਦਿਆਲ ਸਿੰਘ ਭੰਗੂ, ਜਿਨ੍ਹਾਂ ਨੇ ਉਸ ਨੂੰ ਛੋਟੀਆਂ ਜਮਾਤਾਂ ਵਿਚ ਹੀ ਸਾਹਿਤ ਪੜ੍ਹਨ ਦਾ ਸ਼ੌਕ ਪਾ ਦਿੱਤਾ ਸੀ, ਸਕੂਲ ਵਿਚ ਹੀ ਮਿਲ ਗਏ। ਉਸ ਨੇ ਨਾਵਲਾਂ ਦੀ ਗੱਲ ਕੀਤੀ ਤਾਂ ਉਹ ਸਕੂਲ ਦੀ ਲਾਇਬ੍ਰੇਰੀ ਵਿਚ ਲੈ ਗਏ। ਉੱਥੇ ਤਾਂ ਬਹੁਤ ਨਾਵਲ ਪਏ ਸਨ। ਉਨ੍ਹਾਂ ਨੇ ਲਾਇਬ੍ਰੇਰੀਅਨ ਕੋਲ਼ ਸਿਫਾਰਿਸ਼ ਕੀਤੀ ਕਿ ਉਸ ਮੁੰਡੇ ਨੂੰ ਇਕ ਸਮੇਂ ਪੜ੍ਹਨ ਲਈ ਦੋ ਨਾਵਲ ਇਸ਼ੂ ਕਰ ਦਿਆ ਕਰੇ। ਦੇਵ ਖੁਸ਼ ਹੋ ਗਿਆ। ਨਾਵਲ ਦੇਖ ਕੇ ਰੋਮਾਂ ਵੀ ਖੁਸ਼ ਹੋ ਗਈ। ਉਸ ਨੇ ਉਸ ਨੂੰ ਜੱਫ਼ੀ ਪਾ ਕੇ ਆਪਣੇ ਨਾਲ਼ ਘੁੱਟ ਲਿਆ। ਗਿਆਰਵੀਂ ਦੇ ਪੇਪਰ ਤਾਂ ਹੋ ਹੀ ਗਏ ਸਨ ਜੇ ਉਹ ਇਕ ਨਾਵਲ ਪੜ੍ਹ ਰਹੀ ਹੁੰਦੀ ਤਾਂ ਦੇਵ ਕੋਈ ਦੂਜਾ ਪੜ੍ਹ ਰਿਹਾ ਹੁੰਦਾ। ਉਨ੍ਹਾਂ ਵਿਚ ਆਈਆਂ ਗੱਲਾਂ ਉਹ ਸਾਂਝੀਆਂ ਕਰਦੇ। ਰਾਤ ਵੇਲੇ ਉਸ ਨੂੰ ਨਾਵਲ ਪੜ੍ਹਦਾ ਦੇਖ ਬਸ਼ੀਰ ਆਖਦਾ, 'ਹੁਣ ਤੂੰ ਸਾਡੇ ਨਾਲ਼ ਨਾ ਕਦੀ ਪਿੱਠੂ ਖੇਡਦਾ ਏਂ ਤੇ ਨਾ ਤਾਸ਼। ਇਸ ਨਵੀਂ ਭਾਬੀ ਨੇ ਪਤਾ ਨੀ ਤੇਰੇ ਸਿਰ ਵਿਚ ਕੀ ਧੂੜ ਦਿੱਤਾ ਕਿ ਤੈਨੂੰ ਨਾਵਲ ਪੜ੍ਹਨ ਦੀ ਬੀਮਾਰੀ ਲੱਗ ਗਈ ਏ। ਛੱਡ ਦੇ ਇਹਨੂੰ। ਇਹ ਫੀਮ ਦੇ ਨਸ਼ੇ ਨਾਲ਼ੋਂ ਵੀ ਭੈੜਾ ਨਸ਼ਾ ਏ। ਕਿਸੇ ਟਾਇਮ ਵੀ ਬੰਦਾ ਕਮਲ਼ਾ ਹੋ ਸਕਦਾ ਏ।'

ਦੇਵ ਉਸ ਦੀ ਗੱਲ ਸੁਣ ਕੇ ਹੱਸ ਛੱਡਦਾ। ਜਿਸ ਦਿਨ ਨਿੱਤਿਆ ਨੰਦ ਨੇ ਆਉਣਾ ਹੁੰਦਾ, ਰੋਮਾਂ ਨਾਵਲ ਦਾ ਵਰਕਾ ਮੋੜ ਕੇ ਕਹਿੰਦੀ, 'ਆਹ ਫੜ ਦੇਵ, ਛੁਪਾ ਦੇ ਇਸਨੂੰ, ਕਿਤੇ ਹੋਰ ਨਾ ਮੇਰੇ ਡੱਕਰੇ ਕਰਵਾ ਦਈਂ।'

'ਭਾਬੀ ਐਨਾ ਕਿਉਂ ਡਰਦੀ ਏਂ? ਉਹ ਕੋਈ ਦਿਓ ਏ?' ਦੇਵ ਕਹਿੰਦਾ।

'ਦਿਓ ਤਾਂ ਅਜੇ ਬਖ਼ਸ਼ ਦੂ ਵੀਰ ਮੇਰਿਆ। ਮੈਂ ਸੈਂਕੜੇ ਵਾਰੀ ਬਿਨਾਂ ਕਿਸੇ ਗੱਲੋਂ ਉਸ ਤੋਂ ਕੁੱਟ ਖਾਧੀ ਏ। ਇਹ ਕਿਤਾਬਾਂ ਪੜ੍ਹਨ ਵਾਲ਼ੀ ਤਾਂ ਗੱਲ ਹੀ ਬਹੁਤ ਵੱਡੀ ਏ।'

' ਫੇਰ ਤਾਂ ਮੇਰੇ ਸਾਲ਼ੇ ਦਿਓ ਨੇ ਸੱਤ ਕੋਠੜੀਆਂ ਵਿਚ ਪਰੀ ਬੰਦ ਕੀਤੀ ਹੋਈ ਏ ।' ਦੇਵ ਹੱਸ ਕੇ ਕਹਿੰਦਾ।

'ਤੈਨੂੰ ਹਾਸੇ ਸੁਝਦੇ ਨੇ ਦੇਵ? ਮੇਰਾ ਦਿਲ ਪੁੱਛਿਆ ਜਾਣੀਏਂ।'

ਇਕ ਦਿਨ ਦੇਵ ਚਮਕੌਰ ਜਾਣ ਲੱਗਾ ਤਾਂ ਰੋਮਾਂ ਨੇ ਉਸ ਨੂੰ ਇਕ ਲਿਫਾਫ਼ਾ ਤੇ ਦਸ ਰੁਪਏ ਫੜਾ ਕੇ ਕਿਹਾ, 'ਇਹ ਦਿਖਾ ਦਵੀਂ ਮਨਿਆਰੀ ਵਾਲ਼ੇ ਨੂੰ, ਜਿਹੜਾ ਬਨੈਣਾਂ ਜੁਰਾਬਾਂ

ਬਗੈਰਾ ਵੇਚਦਾ ਏ। ਉਸਨੂੰ ਕਹੀਂ ਹੰਢਣ ਵਾਲ਼ੀ ਚੀਜ਼ ਹੋਵੇ ਇਸੇ ਨੰਬਰ ਦੀ। ਇਹ ਲਿਫਾਫ਼ਾ ਇਵੇਂ ਮੋੜ ਲਿਆਈਂ। ਕਿਸੇ ਨੂੰ ਦਿਖਾਈਂ ਨਾ।'

ਲਿਫਾਫ਼ਾ ਦੇਵ ਨੇ ਫੜ ਲਿਆ ਤੇ ਪੁੱਛਿਆ, 'ਕੀ ਏ ਭਾਬੀ ਲਿਫਾਫ਼ੇ' ਚ?'

'ਇਹ ਤੈਨੂੰ ਮੇਰੀ ਭੈਣ ਊਸ਼ਾ ਦੱਸੂ। ਜਦ ਤੇਰਾ ਉਹਦੇ ਨਾਲ਼ ਵਿਆਹ ਹੋਇਆ।' ਰੋਮਾਂ ਨੇ ਦੇਵ ਦੀ ਗੱਲ੍ਹ ਦਾ ਘਰੂਟ ਭਰਿਆ।

ਜਾਣਨ ਦੀ ਉਤਸੁਕਤਾ ਤਾਂ ਸੀ ਹੀ। ਚਮਕੌਰ ਨੂੰ ਜਾਂਦਿਆਂ ਬਸ਼ੀਰ ਉਸ ਦੇ ਨਾਲ਼ ਸੀ। ਉਹ ਉਸਨੂੰ ਰੋਮਾਂ ਦੀ ਇਕ ਅੱਧ ਗੱਲ ਹਰ ਰੋਜ਼ ਦੱਸ ਦਿਆ ਕਰਦਾ ਸੀ। ਉਹ ਸੁਣ ਕੇ ਕਿਹਾ ਕਰਦਾ ਸੀ, 'ਉਹ ਯਾਰਾ ਤੈਨੂੰ ਪਿਆਰ ਕਰਦੀ ਏ।'

'ਸੁਣ, ਐਧਰ ਨੂੰ ਆ ਜਾ, ਇਕ ਚੀਜ਼ ਦਿਖਾਵਾਂ।' ਦੇਵ ਉਸ ਨੂੰ ਇਕ ਝਾੜੀ ਓਹਲੇ ਲੈ ਗਿਆ ਤੇ ਲਿਫਾਫ਼ਾ ਉਸ ਨੂੰ ਫੜਾ ਕੇ ਬੋਲਿਆ, 'ਯਾਰ ਦੇਖ ਤਾਂ ਇਹਦੇ' ਚ ਕੀ ਆ?'

ਕਾਗਜ਼ ਦਾ ਲਿਫਾਫ਼ਾ ਤਾਂ ਦੁਕਾਨਦਾਰ ਨੇ ਵੀ ਖੋਲਣਾ ਹੀ ਸੀ, ਬਸ਼ੀਰ ਨੇ ਖੋਲ੍ਹ ਲਿਆ ਤੇ ਕਾਲ਼ੇ ਰੰਗ ਦੇ ਨਿੱਕੇ-ਨਿੱਕੇ ਦੋ ਕੱਪੜੇ ਬਾਹਰ ਖਿੱਚ ਲਏ।

'ਇਹ ਤੀਵੀਆਂ ਦੇ ਹੇਠਾਂ ਪਾਉਣ ਵਾਲ਼ੇ ਕੱਪੜੇ ਨੇ।' ਬਸ਼ੀਰ ਨੇ ਦੱਸਿਆ।

'ਕੱਛੀ ਤਾਂ ਭਲਾਂ ਠੀਕ ਆ। ਆਹ ਸਾਲ਼ਾ ਮੱਕੜਾ ਜਿਹਾ ਕਿਵੇਂ ਪੈ ਜੂ? ਐਨੀਆਂ ਡਸੀਆਂ? ਇਹ ਤਾਂ ਊਂਟ ਦੀਆਂ ਅੱਖਾਂ ਨੂੰ ਬੰਨ੍ਹਣ ਵਾਲ਼ੇ ਖੋਪੇ ਲਗਦੇ ਨੇ।' ਦੇਵ ਨੇ ਹੱਸ ਕੇ ਕਿਹਾ।

'ਤੂੰ ਤਾਂ ਕਮਲਾ ਏਂ। ਆਪਣੀਆਂ ਪੇਂਡੂ ਤੀਵੀਆਂ ਨੀ ਪਾਉਂਦੀਆਂ। ਸ਼ਹਿਰਨਾਂ ਤਾਂ ਸਾਰੀਆਂ ਪਾਉਂਦੀਆਂ ਨੇ, ਇੱਥੋਂ ਕੱਸਣ ਲਈ।' ਉਸ ਨੇ ਦੱਸਿਆ।

ਕੱਪੜੇ ਉਨ੍ਹਾਂ ਨੇ ਮੁੜ ਲਿਫਾਫ਼ੇ ਵਿਚ ਪਾ ਦਿੱਤੇ। ਬਸ਼ੀਰ ਕਹਿਣ ਲੱਗਾ, 'ਜਿਹੜਾ ਵੀ ਬੰਦਾ ਆਪਣੀ ਜ਼ਨਾਨੀ ਨੂੰ ਕੁੱਟਦਾ ਏ, ਉਹ ਉਹਨੂੰ ਛੱਡ ਕਿਸੇ ਹੋਰ ਨੂੰ ਪਿਆਰ ਕਰਨ ਲੱਗ ਪੈਂਦੀ ਏ। ਨਿੱਤਿਆ ਹਰਾਮੀ ਤੇਰੀ ਭਾਬੀ ਨੂੰ ਕੁੱਟਦਾ ਏ ਨਾ। ਇਹ ਪੱਕੀ ਗੱਲ ਏ ਹੁਣ ਉਹ ਤੈਨੂੰ ਪਿਆਰ ਕਰਦੀ ਏ।'

ਉਸ ਦੀ ਗੱਲ ਸੁਣ ਕੇ ਦੇਵ ਦੇ ਦਿਲ ਵਿਚ ਜਿਵੇਂ ਕੀੜੀਆਂ ਤੁਰਨ ਲੱਗ ਪਈਆਂ। ਉਹ ਬੋਲਿਆ, 'ਬਸ਼ੀਰ ਯਾਰ, ਉਹਨੇ ਇਹ ਗੱਲ ਮੈਨੂੰ ਕਦੀ ਕਹੀ ਤਾਂ ਹੈ ਨੀ।'

'ਫੇਰ ਕਮਲ਼ੀ ਗੱਲ... ਸਾਊ ਸ਼ਰੀਫ ਜ਼ਨਾਨੀ ਕਦੀ ਨਹੀਂ ਕਹਿੰਦੀ ਹੁੰਦੀ ਇਹ ਗੱਲ। ਇਹ ਤਾਂ ਆਦਮੀ ਨੂੰ ਹੀ ਕਹਿਣੀ ਪੈਂਦੀ ਏ। ਤੂੰ ਕਹਿ ਦਵੀਂ... ਜੇ ਮੀਆਂ ਸਬਕ ਨੀ ਦਊ, ਘਰ ਆਉਣੋਂ ਥੋੜ੍ਹੀ ਰੋਕ ਲਊ? ਦੇਖ ਲੈ ਠੋਰ ਕੇ ਅੱਜ ਜਾਂਦਾ ਹੀ। ਜੇ ਕਹਿ ਨੀ ਹੁੰਦਾ ਤਾਂ ਲਿਖ ਕੇ ਦੇ ਦੇ। ਪਰੀਆਂ ਵਰਗੀ ਹੈਗੀ ਏ ਤੇਰੀ ਭਾਬੀ।'

'ਮੈਨੂੰ ਤਾਂ ਇਹ ਸੋਚਕੇ ਹੀ ਕਾਂਬਾ ਛਿੜਦੈ।'

'ਤੂੰ ਤਾਂ ਕਮਲ਼ਾ ਏਂ। ਜਦੋਂ ਚਲੀ ਗਈ, ਫੇਰ ਰੋਈ ਜਾਈਂ ਯਾਦ ਕਰ ਕਰ ਕੇ।'

ਦੋਨੋਂ ਲਿਫਾਫ਼ੇ ਉਸ ਨੇ ਰੋਮਾਂ ਨੂੰ ਲਿਆ ਫੜਾਏ। ਜਿਹੜੇ ਪੈਸੇ ਬਚੇ ਸਨ, ਉਹ ਉਸ ਨੇ ਉਸ ਤੋਂ ਫੜੇ ਹੀ ਨਾ। ਕਹਿਣ ਲੱਗੀ, 'ਮੈਂ ਆਪਣੇ ਆਦਮੀ ਤੋਂ ਵੀ ਇਹ ਚੀਜ਼ਾਂ ਕਦੀ ਨਹੀਂ ਮੰਗਵਾਈਆਂ ਜਿਹੜੀਆਂ ਤੈਥੋਂ। ਮੈਂ ਉਸ ਦੇ ਨੇੜੇ ਐਨੀ ਨਹੀਂ ਗਈ, ਜਿੰਨੀ ਕੁਝ ਦਿਨਾਂ

ਵਿਚ ਹੀ ਤੇਰੇ ਨੇੜੇ ਆ ਗਈ। ਸਾਰੀ ਉਮਰ ਲਈ ਮੈਂ ਤੈਨੂੰ ਆਪਣੇ ਸੀਨੇ ਵਿਚ ਸਾਂਭ ਲਿਆ ਏ ਦੇਵ। ਐਥੇ ਹੱਥ ਰੱਖ ਕੇ ਦੇਖ।' ਉਸ ਨੇ ਦੇਵ ਦਾ ਹੱਥ ਫੜ ਕੇ ਆਪਣੇ ਦਿਲ ਤੇ ਰੱਖ ਲਿਆ ਤੇ ਰੋ ਪਈ।

ਇਹ ਮੌਕਾ ਸੀ ਕਿ ਦੇਵ ਕਹਿੰਦਾ, ਕਿ ਉਹ ਉਸ ਨੂੰ ਬਹੁਤ ਪਿਆਰ ਕਰਦਾ ਹੈ, ਪਰ ਅਜਿਹਾ ਉਸ ਤੋਂ ਬੋਲਿਆ ਨਾ ਗਿਆ। ਰੋਮਾਂ ਦੀ ਗੱਲ ਸੁਣ ਕੇ ਹੀ ਇਕ ਝਰਨਾਹਟ ਉਸ ਦੇ ਅੰਦਰੋਂ ਲੰਘ ਗਈ ਸੀ। ਉਸ ਦੇ ਬੁੱਲ੍ਹ ਤਾਂ ਹਿੱਲੇ ਸਨ ਪਰ ਮੂੰਹੋਂ ਕੋਈ ਸ਼ਬਦ ਨਹੀਂ ਸੀ ਨਿਕਲ਼ਿਆ।

ਹੁਣ ਦੇਵ ਆਪਣੀ ਭਾਬੀ ਰੋਮਾਂ ਦੇ ਪਿਆਰ ਦੇ ਸੁਪਨੇ ਲੈਣ ਲੱਗਾ ਸੀ। ਦਿਨ ਵੇ ਲ਼ੇ ਵੀ ਤੇ ਰਾਤ ਨੂੰ ਵੀ। ਉਹ ਉਸ ਦੀਆਂ ਅੱਖਾਂ ਦੇ ਮੂਹਰਿਓਂ ਹਟਦੀ ਹੀ ਨਾ। ਉਸ ਨੂੰ ਜਿਵੇਂ ਹੋਰ ਕੁਝ ਦਿਖਾਈ ਹੀ ਨਹੀਂ ਸੀ ਦਿੰਦਾ। ਇਕ ਦਿਨ ਰੋਮਾਂ ਦੇਵ ਦੀ ਮਾਮੀ ਨਾਲ਼ ਡੰਗਰਾਂ ਵਾਲ਼ੇ ਕੋਠੇ ਆਈ। ਦੇਵ ਡਰਾਇੰਗ ਬੋਰਡ ਉੱਤੇ ਸ਼ੀਟ ਲਾ ਕੇ ਉਸ ਦੀ ਫੋਟੋ ਬਣਾਉਣ ਵਿਚ ਮਸਰੂਫ਼ ਸੀ। ਰੋਮਾਂ ਤਾਂ ਬਹੁਤ ਖ਼ੂਬਸੂਰਤ ਸੀ। ਉਸ ਦਾ ਨੱਕ ਤਿੱਖਾ, ਚਿਹਰਾ ਗੋਰਾ ਤੇ ਗਰਦਣ ਲੰਬੀ ਸੀ। ਉਹਦੇ ਬੁੱਲ੍ਹਾਂ' ਚੋਂ ਜਿਵੇਂ ਹਮੇਸ਼ਾ ਹੀ ਹਾਸਾ ਕਿਰਦਾ ਰਹਿੰਦਾ ਸੀ। ਉਹ ਅੱਖਾਂ ਝਮਕਦੀ ਤਾਂ ਇੰਝ ਲਗਦਾ ਜਿਵੇਂ ਪਹਾੜ ਦੀ ਕਿਸੇ ਨੁੱਕਰ ਵਿਚ ਬੇਅਵਾਜ਼ ਬਿਜਲੀ ਲਿਸ਼ਕੀ ਹੋਵੇ। ਦੇਵ ਲਈ ਬੁਰਸ਼ ਰਾਹੀਂ ਇਹ ਸਭ ਕੁਝ ਫੜ ਲੈਣਾ ਖਾਲਾ ਜੀ ਦਾ ਵਾੜਾ ਨਹੀਂ ਸੀ। ਕਿੰਨੇ ਹੀ ਕਾਗਜ਼ ਖ਼ਰਾਬ ਕਰ ਕੇ ਪਿੰਨੇ ਬਣਾ-ਬਣਾ ਉਹ ਐਧਰ-ਉੱਧਰ ਸੁੱਟ ਚੁੱਕਾ ਸੀ ਤੇ ਹੁਣ ਵੀ ਫ਼ੋਟੋ ਪਤਾ ਨਹੀਂ ਕਿਸ ਔਰਤ ਦੀ ਬਣ ਗਈ ਸੀ। ਉਸ ਵਿਚ ਕੁਝ ਵੀ ਤਾਂ ਰੋਮਾਂ ਵਰਗਾ ਨਹੀਂ ਸੀ। ਦਰ ਖੁੱਲ੍ਹਿਆ ਤਾਂ ਦੇਵ ਨੇ ਫੁਰਤੀ ਨਾਲ਼ ਡਰਾਇੰਗ ਬੋਰਡ ਮੰਜੇ ਹੇਠ ਨੂੰ ਖਿਸਕਾ ਦਿੱਤਾ। ਲਲਤਾ ਛਤੜੇ ਹੇਠ ਝਾੜੂ ਮਾਰਨ ਚਲੀ ਗਈ ਤੇ ਰੋਮਾਂ ਦੇਵ ਕੋਲ਼ ਆ ਗਈ ਤੇ ਬੋਲੀ, 'ਕੀ ਕਰਦਾ ਏ ਮੇਰਾ ਬੰਨਾਂ?'

ਦੇਵ ਸਿੱਧਾ ਹੋ ਕੇ ਬੈਠ ਗਿਆ ਤੇ ਬੋਲਿਆ, 'ਕੁਝ ਵੀ ਨਹੀਂ।'

'ਕੁਝ ਤਾਂ ਕਰਦਾ ਸੀ।' ਉਹ ਮੰਜੇ ਤੇ ਬਹਿੰਦੀ ਬੋਲੀ। ਫਿਰ ਉੱਠੀ ਤੇ ਸੁੱਟੇ ਕਾਗਜ਼ਾਂ ਦੇ ਪਿੰਨੇ ਖੋਲ੍ਹ ਖੋਲ੍ਹ ਦੇਖਣ ਲੱਗ ਪਈ।

'ਰਹਿਣ ਦੇ ਭਾਬੀ, ਸਿੱਟ ਪਰ੍ਹੇ ਇਨ੍ਹਾਂ ਨੂੰ।' ਦੇਵ ਨੇ ਕਿਹਾ।

ਸਾਰੇ ਕਾਗਜ਼ਾਂ ਉੱਤੇ ਹੀ ਔਰਤਾਂ ਦੇ ਵੱਖ ਵੱਖ ਚਿਹਰੇ ਦੇਖਦੀ ਉਹ ਮੁਸਕਰਾ ਕੇ ਬੋਲੀ, 'ਕੀਹਦੀ ਫ਼ੋਟੋ ਬਣਾ ਰਿਹਾ ਸੀ ਤੂੰ ਦੇਵ?'

ਦੇਵ ਦਾ ਜੀਅ ਕੀਤਾ ਕਿ ਕਹਿ ਦੇਵੇ, 'ਤੇਰੀ' , ਪਰ ਉਹ ਬੋਲਿਆ, 'ਕਿਸੇ ਦੀ ਵੀ ਨਹੀਂ।'

'ਝੂਠ ਕਾਹਨੂੰ ਬੋਲਦਾ ਏਂ ਦੇਵ? ਮੈਨੂੰ ਸਭ ਪਤਾ ਏ। ਨਾ ਬਣਾਈਂ ਹੁਣ ਇਹ ਫ਼ੋਟੋ।'

ਜਦ ਨੂੰ ਲਲਤਾ ਅੰਦਰ ਲੰਘ ਆਈ ਤੇ ਬੋਲੀ, 'ਉਇ ਦੇਵ ਤੂੰ ਐਥੇ ਬੈਠਾ ਕੀ ਕਰ ਰਿਹਾ ਏਂ? ਤੇਰਾ ਮਾਮਾ ਲੱਭ ਰਿਹਾ ਸੀ ਤੈਨੂੰ.... ਵਗ ਜਾ ਘਰ ਨੂੰ।'

ਦੇਵ ਉੱਠ ਕੇ ਬਾਹਰ ਨਿਕਲ਼ ਗਿਆ। ਰੋਮਾਂ ਨੇ ਉਸ ਨੂੰ ਫ਼ੋਟੋ ਬਣਾਉਣ ਤੋਂ ਕਿਉਂ ਰੋਕਿਆ ਸੀ, ਗੱਲ ਉਸ ਨੂੰ ਸਮਝ ਨਾ ਆਈ। ਕੁਝ ਹੀ ਦੂਰ ਗਿਆ ਸੀ ਕਿ ਅਚਾਨਕ

ਹਨ੍ਹੇਰੀ ਵਿਚ ਲਿਪਟਿਆ ਕਾਲ਼ਾ, ਭੂਰਾ ਬੱਦਲ ਚੜ੍ਹ ਆਇਆ ਤੇ ਮੋਟੇ ਮੋਟੇ ਕਿਣੇ ਡਿਗਣ ਲੱਗ ਪਏ। ਦਰੱਖਤਾਂ ਨਾਲ਼ ਖਹਿ ਕੇ ਲੰਘਦੀ ਹਨ੍ਹੇਰੀ ਸੀਟੀਆਂ ਮਾਰਨ ਲੱਗ ਪਈ ਤੇ ਪਲ ਵਿਚ ਹੀ ਘਾਹ, ਫੂਸ ਤੇ ਸੁੱਕੇ ਪੱਤੇ ਅੰਬਰੀਂ ਚੜ੍ਹ ਗਏ। ਲੋਕ ਆਪਣੇ ਪਸ਼ੂ ਤੇ ਸਮਾਨ ਬਗੈਰਾ ਸਾਂਭਣ ਲਈ ਐਧਰ-ਉੱਧਰ ਦੌੜਨ ਲੱਗੇ। ਦਿਨ ਅਜੇ ਖੜ੍ਹਾ ਹੀ ਸੀ ਕਿ ਚਾਰੇ ਪਾਸੇ ਹਨ੍ਹੇਰਾ ਛਾ ਗਿਆ। ਇਕ ਵਾਰੀ ਜ਼ੋਰ ਲੱਗਣ ਮਗਰੋਂ ਹਨੇਰੀ ਤਾਂ ਕੁਝ ਘਟ ਗਈ ਪਰ ਕਿਣਮਿਣਕਾਣੀ ਜਾਰੀ ਰਹੀ। ਝੜੀ ਲੱਗ ਗਈ। ਦੋ ਦਿਨ ਤੇ ਦੋ ਰਾਤਾਂ ਇਹੀ ਕੁਝ ਹੁੰਦਾ ਰਿਹਾ। ਲੋਕਾਂ ਦੇ ਕੋਠੇ ਚੋਣ ਲੱਗ ਪਏ। ਘਰੇ ਖੜ੍ਹੇ ਕਾਣਤੇ ਡੰਗਰਾਂ ਨੇ ਖੁਰ ਮਾਰ-ਮਾਰ ਟੋਭੜੀਆਂ ਬਣਾ ਦਿੱਤੀਆਂ। ਫਿਰ ਚਮਕੌਰ ਤੋਂ ਕੋਈ ਖ਼ਬਰ ਲੈ ਕੇ ਆਇਆ ਕਿ ਆਉਣ ਵਾਲ਼ੀ ਰਾਤ ਨੂੰ ਭੁਚਾਲ਼ ਆਉਣ ਵਾਲ਼ਾ ਹੈ। ਸਰਪੰਚ ਦੇ ਕਹਿਣ ਤੇ ਬੰਤੂ ਚੌਕੀਦਾਰ ਨੇ ਸਾਰੇ ਪਿੰਡ ਵਿਚ ਘੁੰਮ ਕੇ ਮੁਨਾਦੀ ਕਰ ਦਿੱਤੀ, 'ਸੁਣੋ ਸੁਣੋ ਸੁਣੋ। ਮੁਨਾਦੀ ਸੁਣੀਏਂ ਗੌਰ ਸੇ। ਫਿਰ ਬਾਤ ਕੀਜੀਏ ਔਰ ਸੇ। ਅੱਜ ਰਾਤ ਨੂੰ ਕੰਧਾਂ ਕੋਠਿਆਂ ਨੂੰ ਢਾਉਣ ਵਾਲ਼ਾ ਜਬਰਦਸਤ ਭੁਚਾਲ਼ ਆਉਣ ਵਾਲਾ ਹੈ। ਸਭ ਮਾਈ-ਭਾਈ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕੋਈ ਵੀ ਬੰਦਾ ਘਰਾਂ' ਚ ਨਾ ਰਹੇ। ਡੰਗਰ ਵੱਛਿਆਂ ਨੂੰ ਪਿੰਡੋਂ ਬਾਹਰ ਖੁੱਲ੍ਹੀ ਜਗ੍ਹਾ ਵਿਚ ਖੁੰਡੇ ਗੱਡ ਕੇ ਬੰਨ੍ਹ ਦਿੱਤਾ ਜਾਵੇ। ਪਿੰਡੋਂ ਬਾਹਰ ਸਿਰਕੀਆਂ ਲਾ ਲਵੋ। ਗੱਡਿਆਂ ਦੇ ਹੇਠ ਵੜ ਜਾਓ। ਵੱਡੇ ਦਰੱਖਤਾਂ ਦੇ ਨੇੜੇ ਕੋਈ ਨਾ ਜਾਵੇ। ਇਸ ਕਰੋਪੀ ਤੋਂ ਬਚਣ ਲਈ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕੀਤਾ ਜਾਵੇ ਬਈ ਓ-ਓ-ਓ।'

ਸਾਰੇ ਪਿੰਡ ਵਿਚ ਦਹਿਸ਼ਤ ਫੈਲ ਗਈ। ਕੰਪੋਡਰ ਚੰਨਣ ਸਿੰਘ, ਕਪਤਾਨ ਤੇਜਾ ਸਿੰਘ ਤੇ ਕੁਝ ਪੜ੍ਹੇ-ਲਿਖੇ ਬੰਦੇ ਇਸ ਮੁਨਾਦੀ ਦਾ ਮਜ਼ਾਕ ਉਡਾਉਣ ਲੱਗੇ ਕਿ ਭੁਚਾਲ ਦੀ ਭਵਿੱਖਬਾਣੀ ਤਾਂ ਕੀਤੀ ਹੀ ਨਹੀਂ ਜਾ ਸਕਦੀ। ਕਿਸੇ ਅਨਪੜ੍ਹ ਜਾਹਲ ਨੇ ਲੰਗੋਟਾ ਡਾਕ ਲਿਆਂਦੀ ਹੈ। ਆਪਣੇ ਘਰਾਂ' ਚ ਰਹੋ। ਡਰਨ ਦੀ ਕੋਈ ਬਾਤ ਨਹੀਂ। ਪਰ ਲੋਕ ਉਨ੍ਹਾਂ ਦੀ ਗੱਲ ਹੀ ਨਹੀਂ ਸਨ ਸੁਣ ਰਹੇ। ਪਿੰਡ ਵਿਚ ਪਹਿਲਾਂ ਆਏ ਭੁਚਾਲਾਂ ਦੀਆਂ ਗੱਲਾਂ ਹੋਣ ਲੱਗੀਆਂ ਕਿ ਕਿਵੇਂ ਪਿੰਡਾਂ ਦੇ ਪਿੰਡ ਧਰਤੀ ਵਿਚ ਗਰਕ ਹੋ ਗਏ ਸਨ। ਫ਼ੈਜੇ ਨੇ ਤਾਂ ਇਕ ਬਾਤ ਵੀ ਸੁਣਾ ਦਿੱਤੀ ਕਿ ਕਿਵੇਂ ਭੁਚਾਲ ਆਉਣ ਮਗਰੋਂ ਸਾਰੇ ਦਾ ਸਾਰਾ ਪਿੰਡ ਗਰਕ ਗਿਆ ਸੀ ਤੇ ਪਿੰਡ ਦੀ ਥਾਂ ਇਕ ਝੀਲ ਬਣ ਗਈ ਸੀ। ਉਸ ਨੇ ਭੁਚਾਲ਼ ਦਾ ਕਾਰਨ ਇਹ ਦੱਸਿਆ ਕਿ ਪਿੰਡ ਵਿਚ ਆਏ ਦੋ ਸਾਧੂ ਮਹਾਤਮਾ ਨੂੰ ਪਿੰਡ ਵਾਸੀਆਂ ਨੇ ਨਾ ਪਰਸ਼ਾਦਾ ਛਕਾਇਆ ਸੀ ਤੇ ਨਾ ਰਾਤ ਵੇਲੇ ਸੌਣ ਲਈ ਥਾਂ ਦਿੱਤੀ ਸੀ। ਉਨ੍ਹਾਂ ਦੇ ਸਰਾਪ ਨਾਲ਼ ਹੀ ਸਾਰਾ ਪਿੰਡ ਕਰੋਪੀ ਦਾ ਸ਼ਿਕਾਰ ਹੋਇਆ ਸੀ। ਭੁਚਾਲ ਆਉਣ ਦਾ ਡਰ ਹੀ ਐਨਾ ਸੀ ਕਿ ਲੋਕਾਂ ਨੇ ਪਿੰਡੋਂ ਬਾਹਰ ਆਪਣੇ ਪਸ਼ੂਆਂ ਸਮੇਤ ਖੁੱਲ੍ਹੇ ਮੈਦਾਨ ਵਿਚ ਡੇਰੇ ਲਾ ਲਏ। ਕਈ ਆਪਣੇ ਗੱਡੇ ਬਾਹਰ ਲੈ ਗਏ ਤੇ ਉਨ੍ਹਾਂ ਹੇਠ ਓਟ ਲੈ ਲਈ।

ਘਨ੍ਹੱਈਏ ਦੇ ਟੱਬਰ ਨੇ ਵੀ ਬਾਹਰਲੇ ਕੋਠੇ ਦੇ ਨੇੜੇ ਇਕ ਗੱਡੇ ਹੇਠ ਦੱਭ ਦੀਆਂ ਸਫਾਂ ਵਿਛਾ ਲਈਆਂ ਤੇ ਖੇਸਾਂ ਦੇ ਝੁੰਮਲ਼ਮਾਟੇ ਮਾਰ ਕੇ ਬੈਠ ਗਏ। ਉਹ ਸਾਰੇ ਇਕ ਦੂਜੇ ਨਾਲ਼ ਜੁੜੇ ਬੈਠੇ ਸਨ। ਜਿਉਂ ਜਿਉਂ ਹਨੇਰਾ ਹੁੰਦਾ ਗਿਆ ਬਾਰਸ਼ ਅਤੇ ਹਨੇਰੀ ਵਧਦੀ ਗਈ। ਗੱਡੇ ਦੇ ਹੇਠ ਤੱਕ ਵਾਛੜ ਆ ਕੇ ਸਭ ਨੂੰ ਭਿਓਂਦੀ ਰਹੀ। ਘਨ੍ਹੱਈਏ ਨੇ ਕਈ ਵਾਰ ਸਿਗਰਟ

ਸੁਲਘਾਉਣ ਦੀ ਕੋਸ਼ਿਸ਼ ਕੀਤੀ ਪਰ ਗੱਲ ਨਾ ਬਣੀ। ਜਦੋਂ ਬਿਜਲੀ ਦੀ ਲਿਸ਼ਕ ਮਗਰੋਂ ਬੱਦਲਾਂ ਦੀ ਗੜਗੜਾਹਟ ਆਉਂਦੀ ਤਾਂ ਇੰਝ ਲਗਦਾ ਕਿ ਬਿਜਲੀ ਉਨ੍ਹਾਂ ਵਾਲ਼ੇ ਗੱਡੇ ਉੱਤੇ ਹੀ ਡਿਗੀ ਹੋਵੇ। ਸਾਰੇ 'ਵਾਹਿਗੁਰੂ ਵਾਹਿਗੁਰੂ' ਕਰਨ ਲੱਗ ਪੈਂਦੇ। ਅੱਧੀ ਕੁ ਰਾਤ ਵੇਲ਼ੇ ਜ਼ੋਰ ਦਾ ਝੱਖੜ ਝੁੱਲਣਾ ਸ਼ੁਰੂ ਹੋ ਗਿਆ। ਘਿਸਰਦੀ ਘਿਸਰਦੀ ਰੋਮਾਂ ਦੇਵ ਦੇ ਐਨ ਨਾਲ਼ ਆ ਲੱਗੀ। ਉਸ ਨੇ ਆਪਣੇ ਵਾਲ਼ੀ ਖੇਸੀ ਉਸ ਉੱਤੇ ਵੀ ਦੇ ਦਿੱਤੀ ਤੇ ਉਸ ਦੀਆਂ ਉਂਗਲਾਂ ਵਿਚ ਆਪਣੀਆਂ ਉਂਗਲਾਂ ਫਸਾ ਲਈਆਂ। ਸਿਰ ਖਿੱਚ ਕੇ ਆਪਣੀਆਂ ਛਾਤੀਆਂ ਦੇ ਗੱਭੇ ਲਾ ਲਿਆ ਤੇ ਦੂਜਾ ਹੱਥ ਉਸ ਦੀ ਪਿੱਠ ਤੇ ਫੇਰਨ ਲੱਗ ਪਈ। ਲਲਤਾ ਦੀ ਗੋਦ ਵਿਚ ਪਿਆ ਪਿੰਟੂ ਰੋਣ ਲੱਗ ਪਿਆ ਤਾਂ ਉਹ ਬੋਲੀ, 'ਚੁੰਘਣੀ ਪਈ ਏ ਝੋਲ਼ੇ ਵਿਚ, ਇਸ ਨੂੰ ਦੇ ਦੋ ਚਾਚੀ ਜੀ।'

ਕਦੀ ਵਾਲ਼ਾਂ ਵਿਚ, ਕਦੀ ਪਿੱਠ ਤੇ ਰੋਮਾਂ ਦੀਆਂ ਉਂਗਲਾਂ ਘੁੰਮਦੀਆਂ ਰਹੀਆਂ ਤੇ ਦੇਵ ਪਤਾ ਨਹੀਂ ਕਦੋਂ ਗੂੜ੍ਹੀ ਨੀਂਦ ਵਿਚ ਚਲਾ ਗਿਆ। ਜਦੋਂ ਜਾਗ ਖੁੱਲ੍ਹੀ ਤਾਂ ਉਸ ਨੇ ਰੋਮਾਂ ਦੇ ਪੱਟਾਂ ਵਿਚ ਆਪਣਾ ਸਿਰ ਸੁੱਟਿਆ ਹੋਇਆ ਸੀ ਤੇ ਉਸ ਦਾ ਹੱਥ ਉਵੇਂ ਘੁੰਮ ਰਿਹਾ ਸੀ। ਬਾਕੀ ਸਾਰੇ ਹਨੇਰ ਘੁੱਪ ਵਿਚ ਬੈਠੇ ਗੱਲਾਂ ਕਰ ਰਹੇ ਸਨ। ਸਵੇਰ ਤੱਕ ਇਵੇਂ ਹੁੰਦਾ ਰਿਹਾ। ਕੋਈ ਭੁਚਾਲ਼ ਨਹੀਂ ਸੀ ਆਇਆ। ਸੁਣਨ ਵਾਲ਼ਾ ਦਰਅਸਲ 'ਤੁਫ਼ਾਨ' ਸੁਣ ਕੇ ਆਇਆ ਸੀ ਤੇ ਖ਼ਬਰ ਨਸ਼ਰ ਕਰਨ ਵੇਲ਼ੇ ਉਸ ਨੇ 'ਤੁਫ਼ਾਨ' ਦਾ 'ਭੁਚਾਲ਼' ਬਣਾ ਦਿੱਤਾ ਸੀ। ਜਿਹੜੇ ਘਰਾਂ' ਚੋਂ ਨਹੀਂ ਸਨ ਨਿਕਲ਼ੇ ਬਾਕੀਆਂ ਦੀ ਮੂਰਖਮੱਤੀ ਤੇ ਹੱਸਦੇ ਰਹੇ ਸਨ।

ਪਹੁ ਫੁਟਾਲਾ ਹੋਣ ਤੇ ਘਨੱ੍ਈਆ ਤੇ ਬਾਕੀ ਸਾਰੇ ਉੱਠ ਕੇ ਘਰ ਨੂੰ ਚੱਲ ਪਏ। ਦੇਵ ਅਤੇ ਰੋਮਾਂ ਸਭ ਤੋਂ ਮਗਰ ਜਾ ਰਹੇ ਸਨ। ਮਗਰ ਵੀ ਐਨੇ ਕਿ ਬਾਕੀਆਂ ਤੋਂ ਵੀਹ ਡਿੰਘਾਂ ਦਾ ਫਰਕ ਪੈ ਗਿਆ ਸੀ। ਰੋਮਾਂ ਨੇ ਉਸ ਦਾ ਹੱਥ ਫੜਿਆ ਹੋਇਆ ਸੀ ਤੇ ਦੇਵ ਨੇ ਪਿੰਟੂ ਨੂੰ ਆਪਣੇ ਮੋਢੇ ਲਾਇਆ ਹੋਇਆ ਸੀ।

'ਦੇਵ, ਆਉਂਦੇ ਐਤਵਾਰ ਮੈਂ ਚੰਡੀਗੜ੍ਹ ਚਲੀ ਜਾਣਾ ਏਂ। ਉੱਥੇ ਡੱਡੂ ਮਾਜਰਾ ਪਿੰਡ ਏ ਕੋਈ। ਤੇਰੇ ਵੀਰੇ ਨੇ ਕਮਰਾ ਲੈ ਲਿਆ ਏ ਕਿਰਾਏ ਤੇ।'

'ਇਹ ਕੀ ਕਹਿੰਦੀ ਏਂ ਤੂੰ? ਮੈਂ ਤਾਂ ਮਰ ਹੀ ਜਾਵਾਂਗਾ ਤੇਰੇ ਬਿਨਾਂ।'

'ਚੰਦਰੇ ਬੋਲ ਨਾ ਬੋਲ ਦੇਵ।' ਉਸ ਨੇ ਉਸ ਦਾ ਹੱਥ ਘੁੱਟਿਆ।

'ਮੈਂ ਤੈਨੂੰ ਬਹੁਤ ਪਿਆਰ ਕਰਦਾ ਏਂ ਭਾਬੀ।'

'ਮੈਂ ਕਿਸੇ ਹੋਰ ਦੀ ਹਾਂ ਦੇਵ। ਮੈਂ ਤੈਨੂੰ ਸਾਰੀ ਉਮਰ ਯਾਦ ਰੱਖਾਂਗੀ। ਕੁਝ ਦਿਨ ਜੋ ਤੇਰੇ ਸਾਥ ਵਿਚ ਬੀਤੇ, ਮੈਂ ਇਨ੍ਹਾਂ ਆਸਰੇ ਜਿਊਂ ਲਵਾਂਗੀ।'

'ਫੇਰ ਕਦੋਂ ਆਵੇਂਗੀ?'

'ਫੇਰ? ਫੇਰ ਦਾ ਕੀ ਪਤਾ? ਇਹ ਸਭ ਮਰਦਾਂ ਦੇ ਵਸ ਹੁੰਦਾ ਏ। ਔਰਤ ਕੁਝ ਨਹੀਂ ਕਰ ਸਕਦੀ। ਤੇਰੀ ਫ਼ੋਟੋ ਆਪਣੇ ਦਿਲ ਨਾਲ਼ ਲਾ ਕੇ ਰੱਖਾਂਗੀ ਦੇਵ।'

ਦੇਵ ਰੋਣ ਲੱਗ ਪਿਆ। ਹਟਕੋਰੇ ਭਰਨ ਲੱਗ ਪਿਆ। ਰੋਮਾਂ 'ਨਹੀ' 'ਨਹੀ' 'ਨਹੀ' 'ਨਹੀ' ਕਰਦੀ ਰਹੀ। ਘਰ ਵੜਨ ਲੱਗੇ ਤਾਂ ਉਸ ਨੇ ਦੇਵ ਦਾ ਹੱਥ ਛੱਡ ਦਿੱਤਾ।

ਰੋਮਾਂ ਕੋਲ਼ ਦੇਵ ਦੀ ਇਕ ਫ਼ੋਟੋ ਸੀ, ਪਰ ਦੇਵ ਕੋਲ਼ ਉਸ ਦੀ ਕੋਈ ਨਹੀਂ ਸੀ। ਉਸ

ਨੇ ਮੰਗੀ ਵੀ ਸੀ, ਪਰ ਰੋਮਾਂ ਨੇ ਚੰਡੀਗੜ੍ਹ ਜਾ ਕੇ ਭੇਜਣ ਦਾ ਵਾਅਦਾ ਕੀਤਾ ਸੀ। ਦੇਵ ਨੇ ਅੱਗੇ ਕਾਲਜ ਵਿਚ ਦਾਖ਼ਲੇ ਲਈ ਆਪਣੀਆਂ ਅੱਠ ਦਸ ਪਾਸਪੋਰਟ ਸਾਈਜ਼ ਫ਼ੋਟੋਆਂ ਪਹਿਲਾਂ ਹੀ ਬਣਵਾ ਲਈਆਂ ਸਨ। ਇਕ ਦਿਨ ਚੁੱਲ੍ਹੇ ਮੂਹਰੇ ਬੈਠੀ ਆਪਣੀ ਮਾਮੀ ਲਲਤਾ ਨੂੰ ਉਹ ਆਪਣੀ ਫ਼ੋਟੋ ਦਿਖਾ ਰਿਹਾ ਸੀ ਕਿ ਫ਼ੋਟੋ ਰੋਮਾਂ ਨੇ ਉਸ ਦੇ ਹੱਥੋਂ ਝਪਟ ਲਈ ਸੀ ਤੇ ਬੋਲੀ ਸੀ, 'ਮੈਂ ਵੀ ਇਕ ਫ਼ੋਟੋ ਰੱਖਾਗੀ ਆਪਣੇ ਦਿਓਰ ਦੀ ਕੋਲ਼।' ਤੇ ਉਹ ਉਸ ਨੇ ਆਪਣੇ ਪਰਸ ਵਿਚ ਸੰਭਾਲ਼ ਲਈ ਸੀ।

ਦੱਸਣ ਦੀ ਲੋੜ ਨਹੀਂ ਕਿ ਐਤਵਾਰ ਦਾ ਦਿਨ, ਦੇਵ ਲਈ ਕਿਹੋ ਜਿਹਾ ਕਹਿਰ ਬਣ ਕੇ ਆਇਆ ਸੀ। ਰੋਮਾਂ ਨੂੰ ਪਿੰਡੋਂ ਜਾਂਦਿਆਂ ਦੇਖਣਾ ਤੇ ਆਪਣੇ ਆਪ ਤੇ ਕਾਬੂ ਰੱਖਣਾ, ਉਸ ਦੇ ਵਸ ਦੀ ਗੱਲ ਨਹੀਂ ਸੀ। ਉਹ ਜਾਣ ਦੀ ਤਿਆਰੀ ਕਰ ਰਹੇ ਸਨ ਕਿ ਦੇਵ ਥਮਲੇ ਨਾਲ਼ ਢੋਅ ਲਾਈ ਛੱਤ ਵੱਲ ਦੇਖੀ ਜਾ ਰਿਹਾ ਸੀ। ਉਹ ਉੱਠਿਆ ਤੇ ਪੈਰਾਂ ਵਿਚ ਸਲੀਪਰ ਪਾ ਕੇ ਬਾਹਰ ਵੱਲ ਟਿਭ ਗਿਆ। ਸਾਂਤਰ ਦੇ ਰਾਹ ਨਹਿਰ ਦੇ ਕੰਢੇ ਕੰਢੇ ਪੁਲ਼ ਤੋਂ ਥੋੜ੍ਹਾ ਉਰਾਂ ਕਰ ਕੇ ਉਹ ਟਿੱਬੇ ਉੱਤੇ ਅਜਿਹੀ ਥਾਂ ਤੇ ਜਾ ਬੈਠਾ ਜਿੱਥੋਂ ਕਾਫ਼ੀ ਦੂਰ ਤੱਕ ਸੜਕ ਦਿਖਾਈ ਦਿੰਦੀ ਸੀ। ਉਸ ਨੇ ਸੜਕ ਉੱਤੇ ਆਪਣੀਆਂ ਨਜ਼ਰਾਂ ਵਿਛਾ ਦਿੱਤੀਆਂ। ਕਾਫ਼ੀ ਦੇਰ ਹੋਰ ਹੋਰ ਲੋਕ ਲੰਘਦੇ ਰਹੇ। ਕਦੀ ਕੋਈ ਗੱਡਾ ਚੀਂ ਚੀਂ ਕਰਕੇ ਰੋਂਦਾ ਲੰਘਦਾ। ਕਦੀ ਕੋਈ ਹਾਲ਼ੀ ਬਲਦਾਂ ਦੀ ਜੋੜੀ ਨੂੰ ਚੰਗਾ ਮੰਦਾ ਆਖਦਾ ਲੰਘ ਜਾਂਦਾ।' ਕੋਈ ਆਖਦਾ 'ਚੱਲ ਮੇਰੇ ਸ਼ੇਰ ਬੱਗਿਆ, ਕੋਈ ਕਹਿੰਦਾ 'ਹੈਅ ਤੈਨੂੰ ਪਵੇ ਮੰਨਿਓਂ, ਪੱਟ ਲੈ ਡਿੰਘ ਅੱਗੇ। ਕੋਈ ਵੀ ਬਲਦ ਨਾ ਖੁਸ਼ ਹੁੰਦਾ ਨਾ ਦੁਖੀ। ਕੈਸਾ ਜੀਵਨ ਸੀ ਵਿਚਾਰਿਆਂ ਦਾ। ਲੋਕ ਪਰੈਣੀਆਂ ਮੂਹਰੇ ਆਰਾਂ ਜੜਾਈ ਫਿਰਦੇ, ਜਿਹੜਾ ਜ਼ਰਾ ਮੱਠਾ ਪੈਂਦਾ, ਉਹਦੇ ਚੱਡਿਆਂ' ਚ ਖਭੋ ਦਿੰਦੇ। ਵਿਰਲ਼ਾ ਵਿਰਲ਼ਾ ਸਾਇਕਲ ਵਾਲ਼ਾ ਜਾਂ ਫਿਰ ਪੈਦਲ ਲੰਘੀ ਗਿਆ। ਦੇਵ ਨੂੰ ਫਿਰ ਘਨ੍ਹੱਈਆ ਦਿਖਾਈ ਦਿੱਤਾ। ਸਾਇਕਲ ਉੱਤੇ ਲੱਦੇ ਟਰੰਕ ਅਤੇ ਹੋਰ ਸਮਾਨ ਨੂੰ ਸਾਂਭਦਾ ਨਿੱਤਿਆ ਨੰਦ ਉਸ ਦੇ ਪਿੱਛੇ ਸੀ। ਪੰਦਰਾਂ ਵੀਹ ਡਿੰਘਾਂ ਪਿੱਛੇ ਰੋਮਾਂ ਤੁਰੀ ਆ ਰਹੀ ਸੀ, ਜਿਸ ਨੇ ਪਿੰਟੂ ਨੂੰ ਆਪਣੇ ਮੋਢੇ ਨਾਲ਼ ਲਾਇਆ ਹੋਇਆ ਸੀ। ਦੇਵ ਨੇ ਸੋਚਿਆ ਕਿ ਉਹ ਜ਼ਰੂਰ ਉਸ ਨੂੰ ਬੁਰਾ ਭਲਾ ਕਹਿ ਰਹੀ ਹੋਵੇਗੀ, ਜਿਹੜਾ ਉਸ ਨੂੰ ਪੁਲ਼ ਤੱਕ ਛੱਡਣ ਵੀ ਨਹੀਂ ਸੀ ਗਿਆ। ਉਹ ਤੁਰੀ ਆਉਂਦੀ ਰੋਮਾਂ ਵੱਲ ਕਾਫ਼ੀ ਦੇਰ ਖੜ੍ਹਾ ਦੇਖਦਾ ਰਿਹਾ। ਅੱਖਾਂ ਵਿਚ ਬਾਰ ਬਾਰ ਚੜ੍ਹ ਆਉਂਦੇ ਪਾਣੀ ਨੂੰ ਪੂੰਝੀ ਵੀ ਗਿਆ ਤੇ ਦੇਖੀ ਵੀ ਗਿਆ। ਜਦੋਂ ਉਹ ਨੇੜੇ ਆ ਗਈ, ਉਹ ਟਿੱਬੇ ਤੋਂ ਹੇਠ ਵੱਲ ਦੌੜਿਆ ਤੇ ਸੜਕ ਦੇ ਬਿਲਕੁਲ ਲਾਗੇ ਇਕ ਝਾੜੀ ਓਹਲੇ ਖੜ੍ਹਾ ਹੋ ਗਿਆ ਤੇ ਅੱਖਾਂ ਪੂੰਝਣ ਲੱਗਾ। ਰੋਮਾਂ ਉਸ ਕੋਲੋਂ ਲੰਘਣ ਲੱਗੀ ਤਾਂ ਉਹ ਬੋਲਿਆ, 'ਭਾਬੀ.... ਭਾਬੀ।'

ਉਹ ਇਕ ਪਲ ਲਈ ਰੁਕੀ ਤਾਂ ਉਹ ਝਾੜੀ ਪਿੱਛੋਂ ਨਿਕਲ਼ ਆਇਆ। ਉਸ ਦੀ ਤਾਂ ਭੁੱਬ ਹੀ ਨਿਕਲ਼ ਗਈ। ਉਹ ਬੋਲੀ,' ਐਨਾ ਨਾ ਸਤਾ ਮੈਨੂੰ ਦੇਵ। ਵੀਰ ਬਣ ਕੇ ਮੁੜ ਜਾ ਪਿੱਛੇ।'

ਰੋਮਾਂ ਮੁੜ ਸੜਕ ਵੱਲ ਦੇਖਣ ਲੱਗੀ ਤੇ ਤੁਰ ਪਈ। ਦੇਵ ਉਸ ਦੀ ਜਾਂਦੀ ਦੀ ਪਿੱਠ ਦੇਖਦਾ ਰਿਹਾ। ਪੁਲ਼ ਤੱਕ ਪਹੁੰਚਦਿਆਂ ਉਸ ਦੇ ਲਾਲ ਸੂਟ ਦਾ ਇਕ ਫੁੱਲ ਜਿਹਾ ਹੀ

ਦਿਖਾਈ ਦੇ ਰਿਹਾ ਸੀ, ਫਿਰ ਉਹ ਵੀ ਅੱਖਾਂ ਤੋਂ ਓਝਲ ਹੋ ਗਿਆ। ਦੇਵ ਅੱਖਾਂ ਪੂੰਝ ਕੇ ਹੱਸਣ ਲੱਗਾ। ਖ਼ੂਬ ਹੱਸਿਆ। ਟਿੱਬੇ ਤੇ ਜਾ ਚੜ੍ਹਿਆ ਤੇ ਨਹਿਰ ਵੱਲ ਉਤਰ ਗਿਆ। ਕੰਢੇ ਬੈਠੀ ਇਕ ਪੱਤਲ਼ ਨੇ ਉਸ ਵੱਲ ਦੇਖਿਆ ਤੇ ਨਿੱਕੇ-ਨਿੱਕੇ ਪੈਰਾਂ ਨਾਲ਼ ਦੌੜਦੀ ਨਹਿਰ ਵਿਚ ਜਾ ਵੜੀ। ਕਿੰਨਾ ਨੀਲਾ ਪਾਣੀ ਸੀ ਨਹਿਰ ਦਾ। ਦੇਵ ਨੇ ਪਹਿਲਾਂ ਮੂੰਹ ਤੇ ਛਿੱਟੇ ਮਾਰੇ ਫਿਰ ਬੁੱਕ ਭਰ ਭਰ ਪੀਣ ਲੱਗਾ। ਕੰਢੇ ਉੱਤੇ ਨਿੱਕੇ-ਨਿੱਕੇ ਗੋਲ਼ ਪੱਥਰਾਂ ਦਾ ਢੇਰ ਲੱਗਾ ਹੋਇਆ ਸੀ, ਉਹ ਉਨ੍ਹਾਂ' ਤੇ ਬੈਠ ਗਿਆ। ਫਿਰ ਇਕ ਇਕ ਕਰ ਕੇ ਪੱਥਰ ਨਹਿਰ ਵਿਚ ਸੁੱਟਣ ਲੱਗਾ, ਬੋਲਦਾ ਵੀ ਗਿਆ, 'ਸੋਮਵਾਰ, ਮੰਗਲਵਾਰ, ਬੁੱਧਵਾਰ... ।'

ਪਤਾ ਨਹੀਂ ਪੱਥਰ ਸੁੱਟਦਿਆਂ ਕਿੰਨੀ ਵਾਰੀ ਐਤਵਾਰ ਆਇਆ। ਉਸ ਨੂੰ ਤਾਂ ਐਨਾ ਵੀ ਯਾਦ ਨਹੀਂ ਸੀ ਕਿ ਰੋਮਾਂ ਨੇ ਕਿੰਨੇ ਐਤਵਾਰ, ਕਿੰਨੇ ਸੋਮਵਾਰ, ਕਿੰਨੇ ਮੰਗਲਵਾਰ... ਉਸ ਦੇ ਨਾਲ਼ ਬਿਤਾਏ ਸਨ। ਜਿਵੇਂ ਰੋਮਾਂ ਨਾਲ਼ ਬਿਤਾਏ ਦਿਨ ਖ਼ਤਮ ਹੋ ਗਏ ਸਨ, ਉਵੇਂ ਪਤਾ ਹੀ ਨਾ ਲੱਗਾ ਕਿ ਉਹ ਸਾਰੇ ਪੱਥਰ ਵੀ ਕਦੋਂ ਮੁੱਕ ਗਏ। ਉਹ ਖੜ੍ਹਾ ਹੋ ਕੇ ਬੜੇ ਜ਼ੋਰ ਜ਼ੋਰ ਨਾਲ਼ ਹੱਸਣ ਲੱਗਾ। ਦੂਜੇ ਪਾਸਿਓਂ ਉਸ ਦੇ ਹਾਸੇ ਦਾ ਪਰਤਾਉ ਆਉਣ ਲੱਗਾ। ਫਿਰ ਹੌਲ਼ੀ ਹੌਲ਼ੀ ਰੋਂਦਾ ਘਰ ਵੱਲ ਨੂੰ ਤੁਰ ਪਿਆ।

**00**

# ਅਠਤਾਲ਼ੀ

ਸਿਕੰਦਰਾ ਬਾਦ ਤੋਂ ਹਰੀਵੰਸ਼ ਦਾ ਖ਼ਤ ਆਇਆ। ਉਹ ਪਟਿਆਲੇ 'ਨਾਰਦਰਨ ਰੇਡਿਓਜ਼' ਵਾਲ਼ੀ ਆਪਣੀ ਦੁਕਾਨ ਛੱਡ ਕੇ ਏਅਰ ਫੋਰਸ ਵਿਚ ਭਰਤੀ ਹੋ ਗਿਆ ਸੀ। ਉਸ ਨੇ ਲਿਖਿਆ ਸੀ ਕਿ ਆਲ਼ੇ-ਦੁਆਲ਼ੇ ਰੇਡਿਓ ਮਕੈਨਕਾਂ ਦੀਆਂ ਕਈ ਦੁਕਾਨਾਂ ਹੋਣ ਕਰਕੇ ਕੰਮ ਦਾ ਬਹੁਤਾ ਮੰਦਾ ਹੋ ਗਿਆ ਸੀ। ਉਹ ਦੁਕਾਨ ਦਾ ਸਾਰਾ ਸਮਾਨ ਆਪਣੇ ਸਹੁਰਿਆਂ ਦੇ ਇਕ ਕਮਰੇ ਵਿਚ ਬੰਦ ਕਰ ਗਿਆ ਸੀ। ਉਸ ਦਾ ਦਾਜ ਵਿਚ ਆਇਆ ਸਮਾਨ ਤਾਂ ਪਹਿਲਾਂ ਹੀ ਉਨ੍ਹਾਂ ਕੋਲ਼ ਪਿਆ ਸੀ। ਏਅਰ ਫੋਰਸ ਵਿਚ ਸਰਕਾਰੀ ਕਵਾਰਟਰ ਮਿਲਣਾ ਅਜੇ ਮੁਸ਼ਕਲ ਸੀ। ਉਸ ਨੇ ਹੈਦਰਾਬਾਦ ਵਿਚ ਕੋਈ ਕਮਰਾ ਕਿਰਾਏ ਤੇ ਦੇਖਿਆ ਸੀ, ਪਰ ਉਸ ਦੇ ਨੇੜੇ ਮੰਦਰ ਅਤੇ ਮਸੀਤ ਹੋਣ ਕਰਕੇ ਉਸ ਨੂੰ ਪਸੰਦ ਨਹੀਂ ਸੀ ਆਇਆ। ਦੋਨਾਂ ਸ਼ਹਿਰਾਂ ਵਿਚ ਇਕ ਪੁਲ਼ ਦੀ ਵਿੱਥ ਸੀ। ਉਸ ਨੇ ਆਪਣੀ ਵਹੁਟੀ ਉਰਵਸ਼ੀ ਨੂੰ ਛੇਤੀ ਹੀ ਆਪਣੇ ਕੋਲ਼ ਸੱਦ ਲੈਣਾ ਸੀ ਕਿਉਂਕਿ ਉਸ ਨੇ ਧਮਕੀ ਦੇ ਦਿੱਤੀ ਸੀ ਕਿ ਜੇ ਅਗਲੇ ਮਹੀਨੇ ਦੀ ਪਹਿਲੀ ਤਰੀਕ ਤੱਕ ਉਸ ਨੇ ਉਸ ਨੂੰ ਨਾ ਸੱਦਿਆ ਤਾਂ ਕੋਰਟ ਰਾਹੀਂ ਤਲਾਕ ਦੇ ਕਾਗਜ਼ ਉਸ ਨੂੰ ਮਿਲ ਜਾਣਗੇ। ਹਰੀਵੰਸ਼ ਨੂੰ ਉਰਵਸ਼ੀ ਐਨੀ ਪਿਆਰੀ ਲੱਗਦੀ ਸੀ ਕਿ ਤਲਾਕ ਬਾਰੇ ਉਹ ਸੋਚ ਵੀ ਨਹੀਂ ਸੀ ਸਕਦਾ। ਏਅਰ ਫੋਰਸ ਵਿਚ ਅੱਗੇ ਪੜ੍ਹਾਈ ਕਰਨ ਅਤੇ ਤਰੱਕੀ ਦੇ ਬਹੁਤ ਮੌਕੇ ਮਿਲਣ ਦੀ ਗੱਲ ਵੀ ਉਸ ਨੇ ਦੱਸੀ ਸੀ। ਦੁਕਾਨਦਾਰੀ ਨੂੰ ਇਹ ਕਹਿ ਕੇ ਨਿੰਦਿਆ ਸੀ ਕਿ ਉੱਥੇ ਸਾਰਾ-ਸਾਰਾ ਦਿਨ ਗਾਹਕ ਦੇ ਆਉਣ ਦੀ ਕੁੱਤਾ-ਝਾਕ ਰਹਿੰਦੀ ਸੀ। ਕਈ ਤਾਂ ਕੇਵਲ ਕੋਈ ਪਤਾ ਜਾਂ ਰਸਤਾ ਪੁੱਛਣ ਲਈ ਹੀ ਦੁਕਾਨ ਵਿਚ ਆ ਵੜਦੇ ਸਨ। ਕਿਸੇ ਢੱਗ ਦੇ ਫਸਣ ਦੀ ਪਲ਼ ਭਰ ਆਈ ਚਿਹਰੇ ਤੇ ਖੁਸ਼ੀ ਕਾਫ਼ੂਰ ਹੋ

ਜਾਇਆ ਕਰਦੀ ਸੀ। ਏਅਰ ਫੋਰਸ ਵਿਚ ਨੌਕਰੀ ਦੇ ਨਾਲ਼-ਨਾਲ਼ ਐਰੋਨੈਟੀਕਲ ਇੰਜਨੀਅਰਿੰਗ ਕਰਨਾ ਤੇ ਸਿੱਧੀ ਸੁਕੈਡਰਨ ਲੀਡਰ ਦੀ ਪਰਮੋਸ਼ਨ ਪਾ ਲੈਣਾ, ਉਸ ਦਾ ਨਿਸ਼ਾਨਾ ਸੀ। ਇਹ ਕੀ ਨਿਸ਼ਾਨਾ ਮਿੱਥ ਲਿਆ ਸੀ ਉਸ ਨੇ? ਘਨ੍ਹੱਈਏ ਨੂੰ ਬਿਲਕੁਲ ਸਮਝ ਨਹੀਂ ਸੀ ਆਈ। ਉਸ ਨੂੰ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਇਸ ਘਟਨਾ ਉੱਤੇ ਦੁਖੀ ਹੋਇਆ ਜਾਵੇ ਜਾਂ ਖੁਸ਼ੀ ਮਨਾਈ ਜਾਵੇ।

ਸਲਾਹਪੁਰ ਪਿੰਡ' ਚੋਂ ਕੈਪਟਨ ਰੂੜ੍ਹ ਸਿੰਘ ਦਾ ਮੁੰਡਾ ਹਰਨੇਕ ਵੀ ਹਵਾਈ ਫੌਜ ਵਿਚ ਭਰਤੀ ਹੋਇਆ ਹੋਇਆ ਸੀ। ਰੂੜ੍ਹ ਸਿੰਘ ਨੇ ਰਿਟਾਇਰ ਹੋਣ ਮਗਰੋਂ ਸੂਰ ਪਾਲਣ ਦਾ ਧੰਦਾ ਸ਼ੁਰੂ ਕਰ ਲਿਆ ਸੀ। ਘਨ੍ਹੱਈਆ ਚਿੱਠੀ ਲੈ ਕੇ ਉਸਨੂੰ ਜਾ ਮਿਲਿਆ। ਉਹ ਤਾਂ ਚਿੱਠੀ ਪੜ੍ਹ ਕੇ ਖਿੜ ਗਿਆ ਤੇ ਬੋਲਿਆ, 'ਘਨ੍ਹੱਈਆ ਜੀ ਤੈਨੂੰ ਮੁਬਾਰਕਾਂ ਬਈ। ਮੁੰਡਾ ਠੀਕ ਕਹਿ ਰਿਹਾ ਏ। ਅਫ਼ਸਰ ਬਣਨ ਲਈ ਉਹ ਪੌੜੀ ਦਾ ਪਹਿਲਾ ਡੰਡਾ ਚੜ੍ਹ ਗਿਆ ਏ। ਹੁਣ ਉਹ ਕੋਠੇ ਤੱਕ ਵੀ ਪਹੁੰਚੇਗਾ ਹੀ। ਬਹਿ ਜਾ ਤੇਰਾ ਮੂੰਹ ਕੌੜਾ ਕਰਵਾਵਾਂ।'

'ਬੱਸ ਕਪਤਾਨ ਸਾਹਬ... ਰੱਬ ਤੁਹਾਨੂੰ ਲਹਿਰਾਂ ਬਹਿਰਾਂ ਲਾਈ ਰੱਖੇ।' ਘਨ੍ਹੱਈਏ ਨੇ ਕਿਹਾ, ਪਰ ਕੈਪਟਨ ਨੇ ਉਸ ਨੂੰ ਘੇਰ ਹੀ ਲਿਆ ਤੇ ਰੰਮ ਦੇ ਦੋ ਪੈੱਗ ਲੁਆ ਹੀ ਦਿੱਤੇ । ਘਨ੍ਹੱਈਆ ਐਨਾ ਖੁਸ਼ ਕਿ ਰੋਣ ਹੀ ਲੱਗ ਪਿਆ। ਘਰ ਆਕੇ ਉਸ ਨੇ ਹਰੀਵੰਸ਼ ਦੀ ਚਿੱਠੀ ਦੇ ਅਰਥ ਸਮਝਾਏ ਤੇ ਦੇਵ ਨੂੰ ਚਮਕੌਰ ਭੇਜ ਕੇ ਲੱਡੂ ਮੰਗਵਾ ਲਏ। ਕਈ ਘਰਾਂ ਵਿਚ ਇਹ ਕਹਿ ਕੇ ਵੰਡ ਦਿੱਤੇ ਕਿ ਉਸਦਾ ਭਾਣਜਾ ਹਰੀਵੰਸ਼ ਏਅਰ ਫੋਰਸ ਵਿਚ ਅਫ਼ਸਰ ਲੱਗ ਗਿਆ ਸੀ।

ਰੋਮਾਂ ਗਈ ਨੂੰ ਦੋ ਢਾਈ ਹਫਤੇ ਹੀ ਬੀਤੇ ਸਨ ਕਿ ਇਕ ਦਿਨ ਨਿੱਤਿਆ ਨੰਦ ਫਿਰ ਸਲਾਹਪੁਰ ਆ ਗਿਆ। ਉਹ ਖਮਾਣੋਂ ਤੋਂ ਘਨ੍ਹੱਈਏ ਦੇ ਸਾਲ਼ੇ ਮਾਧੋ ਰਾਮ ਨੂੰ ਵੀ ਨਾਲ਼ ਲੈ ਕੇ ਆਇਆ ਸੀ। ਰੋਮਾਂ ਦੇ ਪਰਸ ਵਿੱਚੋਂ ਦੇਵ ਦੀ ਫ਼ੋਟੋ ਉਸ ਦੇ ਹੱਥ ਲੱਗ ਗਈ ਸੀ ਤੇ ਉਹ ਦੇਵ ਨੂੰ ਕੁੱਟਣ ਅਤੇ ਘਨ੍ਹੱਈਏ ਨਾਲ਼ ਲੜਨ ਆਇਆ ਸੀ, ਜਿਸ ਨੇ ਉਸ ਦੀ ਵਹੁਟੀ ਦੀ ਹਿਫ਼ਾਜ਼ਤ ਨਹੀਂ ਸੀ ਕੀਤੀ। ਉਸ ਵੇਲ਼ੇ ਦੇਵ ਦੇਹਲ਼ੀ ਉੱਤੇ ਬੈਠਾ ਕੱਪੜੇ ਸਿਉਂਦੇ ਘਨ੍ਹੱਈਏ ਨੂੰ ਪੱਖੇ ਦੀ ਰੱਸੀ ਖਿੱਚਦਾ ਝੱਲ ਮਾਰ ਰਿਹਾ ਸੀ। ਅਚਾਨਕ ਉਸ ਦੀ ਪਿੱਠ ਉੱਤੇ ਬੜੀ ਜ਼ੋਰ ਨਾਲ਼ ਬੂਟ ਦਾ ਠੁੱਡਾ ਵੱਜਿਆ ਤੇ ਉਹ ਮੂੰਹ ਭਾਰ ਅੱਗੇ ਨੂੰ ਡਿਗ ਪਿਆ। ਉਸ ਦਾ ਨੱਕ ਘਨ੍ਹੱਈਏ ਦੇ ਮਸ਼ੀਨ ਵਾਲ਼ੇ ਫੱਟੇ ਨਾਲ਼ ਜਾ ਵੱਜਾ ਤੇ ਨਕਸੀਰ ਫੁੱਟ ਪਈ। ਜਦ ਨੂੰ ਦੇਵ ਉੱਠਿਆ ਘਨ੍ਹੱਈਏ ਨੇ ਉਸ ਤੇ ਕੈਂਚੀ ਦੇ ਮੁੱਠੇ ਨਾਲ਼ ਵਾਰ ਕਰ ਦਿੱਤਾ, 'ਹਰਾਮਜ਼ਾਦੇ , ਇਹ ਤੂੰ ਕੀ ਕੀਤਾ? ਮੈਂ ਤੇਰਾ ਢਿੱਡ ਪਾੜ ਦੇਵਾਂਗਾ। ਤੂੰ ਦੇਵ ਦੇ ਮਾਰਿਆ ਕਿਵੇਂ?'

'ਮਾਰਾਂਗਾ... ਇਸ ਸਾਲ਼ੇ ਦੀ ਤਾਂ ਮੈਂ ਜਾਨ ਲੈ ਲਵਾਂਗਾ।' ਉਹ ਗਰਜਿਆ।

'ਲਾ ਫੇਰ ਇਸ ਨੂੰ ਹੱਥ... ਦੇਖਾਂ ਕੌਣ ਜਾਨ ਲੈਂਦਾ ਏ।' ਘਨ੍ਹੱਈਆ ਕੜਕਿਆ।

ਮਾਧੋ ਰਾਮ ਦੋਨਾਂ ਦੇ ਵਿਚਾਲ਼ੇ ਆ ਗਿਆ ਤੇ ਲਲਤਾ ਬਾਹਰ ਆ ਕੇ ਨਿੱਤਿਆ ਨੰਦ ਨੂੰ ਧੱਕੇ ਮਾਰਨ ਲੱਗ ਪਈ। ਉਹ ਬੋਲੀ, 'ਵੇ ਟੁੱਟ ਪੈਣਿਆਂ ਗੱਲ ਤਾਂ ਦੱਸ ਕੀ ਹੋਈ ਏ ? ਕਿਉਂ ਮਾਰਿਆ ਤੂੰ ਦੇਵ ਨੂੰ? ਮਰ ਜਾਣਿਆਂ ਦੇਖ ਉਹਦੇ ਕਿਵੇਂ ਲਹੂ ਵਗ ਰਿਹਾ ਏ ।'

ਨਿੱਤਿਆ ਨੰਦ ਨੇ ਜੇਬ੍ਹ ਵਿੱਚੋਂ ਦੇਵ ਦੀ ਫ਼ੋਟੋ ਕੱਢੀ ਤੇ ਲਲਤਾ ਵੱਲ ਨੂੰ ਵਧਾ ਦਿੱਤੀ। ਫਿਰ ਬੋਲਿਆ, 'ਇਹ ਸਾਲ਼ਾ ਕੌਣ ਹੁੰਦਾ ਏ ਮੇਰੀ ਜ਼ਨਾਨੀ ਨੂੰ ਫ਼ੋਟੋ ਦੇਣ ਵਾਲਾ? ਮੈਂ ਤਾਂ ਇਹਦਾ ਲਹੂ ਪੀ ਜਾਵਾਂਗਾ।'

'ਵੇ ਫ਼ੋਟ, ਜੈ ਰੋਇਆ। ਬਕਵਾਸ ਕਰਦਾ ਏਂ ਤੂੰ ਪਾਗਲ ਬੰਦੇ। ਇਹ ਫ਼ੋਟੋ ਰੋਮਾਂ ਕੋਲ਼ ਕਿਵੇਂ ਆਈ, ਮੈਨੂੰ ਸਭ ਪਤਾ ਏ। ਮੈਨੂੰ ਚੁੱਲ੍ਹੇ ਮੂਹਰੇ ਬੈਠੀ ਨੂੰ ਦੇਵ ਫ਼ੋਟੋ ਦਿਖਾ ਰਿਹਾ ਸੀ। ਰੋਮਾਂ ਬੋਲ ਪਈ, ਮੈਂ ਰੱਖਣੀ ਏ ਫ਼ੋਟੋ ਆਪਣੇ ਦਿਓਰ ਦੀ। ਇਹ ਤਾਂ ਦਿੰਦਾ ਨੀ ਸੀ ਪਾਪੀਆ। ਦਿਓਰ ਪੁੱਤਾਂ ਵਰਗੇ ਹੁੰਦੇ ਨੇ ਮੂਰਖਾ ਭਾਬੀਆਂ ਲਈ। ਨਾਲ਼ੇ ਸਾਡੇ ਦੇਵ ਦੀ ਤਾਂ ਕੋਈ ਸਹੁੰ ਨੀ ਖਾ ਸਕਦਾ। ਗੰਦੇ ਦਿਮਾਗਾ ਇਹ ਤੂੰ ਕੀ ਸੋਚ ਲਿਆ?'

'ਤੂੰ ਬਾਹਰ ਹੋ ਜਾ ਉਇ... ਨਿੱਕਲ਼ ਏਸ ਘਰ' ਚੋਂ... ਖ਼ਬਰਦਾਰ ਜੇ ਕਦੀ ਪੈਰ ਧਰਿਆ ਅੰਦਰ। ਵੱਢ ਦਿਆਂਗਾ। ਟੋਟੇ ਕਰ ਦਿਆਂਗਾ।' ਘਨ੍ਹੱਈਏ ਨੇ ਉਸ ਨੂੰ ਧੱਕਾ ਮਾਰਿਆ।

ਭਰਿਆ ਪੀਤਾ ਨਿੱਤਿਆ ਨੰਦ ਉੱਥੋਂ ਹੀ ਵਾਪਸ ਹੋ ਗਿਆ। ਮਾਧੋ ਰਾਮ ਅੰਦਰ ਆ ਕੇ ਬੈਠ ਗਿਆ। ਦੇਵ ਦਾ ਕਮੀਜ਼ ਖ਼ੂਨ ਨਾਲ਼ ਗੱਚ ਹੋ ਗਿਆ ਸੀ। ਘਨ੍ਹੱਈਏ ਨੇ ਕੱਪੜਾ ਲੈ ਕੇ ਉਸ ਦਾ ਮੂੰਹ ਪੂੰਝਿਆ ਤੇ ਨੱਕ ਵਿਚ ਰੂੰ ਦਾ ਫੰਬਾ ਦੇਕੇ ਫੱਟੇ ਤੇ ਲਿਟਾ ਦਿੱਤਾ। ਮਾਧੋ ਰਾਮ ਬੋਲਿਆ, 'ਜੀਜਾ, ਇਹ ਪਰਸੋਂ ਰੋਮਾਂ ਨੂੰ ਲੈ ਕੇ ਖਮਾਣੋਂ ਆ ਗਿਆ ਸੀ। ਉਸੇ ਸਮੇਂ ਦਾ ਇਹਨੇ ਘਰ' ਚ ਮਹਾਂ ਭਾਰਤ ਛੇੜਿਆ ਹੋਇਆ ਸੀ। ਇਸ ਨੇ ਵਿਚਾਰੀ ਰੋਮਾਂ ਦਾ ਕੁੱਟ ਕੁੱਟ ਕੇ ਤੂੰਬਾ ਬਣਾ ਦਿੱਤਾ। ਮੈਂ ਬਥੇਰਾ ਕਿਹਾ, ਤੈਨੂੰ ਗਲਤ ਫਹਿਮੀ ਹੋਈ ਏ ਨਿੱਤਿਆ ਨੰਦ। ਨਾ ਹੀ ਰੋਮਾਂ ਐਸੀ ਹੈ ਤੇ ਨਾ ਹੀ ਦੇਵ, ਪਰ ਉਹ ਮੰਨੇ ਤਾਂ। ਤੁਸੀਂ ਉਸ ਨੂੰ ਕਿਉਂ ਵਾੜਿਆ ਸੀ ਐਥੇ? ਇਹ ਤਾਂ ਆਪਣੇ ਪਿਓ ਦੀ ਬਾਂਹ ਤੋੜ ਕੇ ਭੱਜਿਆ ਏ ਨੰਗਲ਼ੋਂ। ਜਿਹੜਾ ਸਕੇ ਪਿਓ ਦਾ ਨੀ ਬਣਿਆਂ ਚਾਚੇ ਦਾ ਕਦੋਂ ਬਣਜੂ?'

ਮਾਧੋ ਰਾਮ ਦੇਵ ਨੂੰ ਬੜਾ ਪਿਆਰ ਕਰਦਾ ਸੀ। ਉਹ ਰਾਤ ਨੂੰ ਡੰਗਰਾਂ ਵਾਲ਼ੇ ਕੋਠੇ ਉਸ ਦੇ ਕੋਲ਼ ਹੀ ਸੁੱਤਾ। ਉਸ ਨੇ ਨਿੱਤਿਆ ਨੰਦ ਦੇ ਮਾੜੇ ਚਾਲਚਲਣ ਦੀਆਂ ਕਈ ਗੱਲਾਂ ਦੱਸੀਆਂ। ਜਿਹੜਾ ਬੰਦਾ ਆਪ ਇਹੋ ਜਿਹਾ ਸੀ, ਉਹ ਦੂਜਿਆਂ ਨੂੰ ਵੀ ਉਹੋ ਜਿਹਾ ਹੀ ਸਮਝਦਾ ਸੀ। ਉਸ ਨੇ ਰੋਮਾਂ ਦੀ ਬਹੁਤ ਤਾਰੀਫ਼ ਕੀਤੀ। ਦੇਵ ਚੁੱਪਚਾਪ ਸੁਣੀ ਗਿਆ। ਉਸ ਦੇ ਸਾਰੇ ਰਾਹ ਬੰਦ ਹੋ ਗਏ ਸਨ। ਸਿਰਫ ਇਕ ਰਾਹ ਖੁੱਲ੍ਹ ਗਿਆ ਸੀ, ਅੱਖਾਂ' ਚੋਂ ਹੰਝੂਆਂ ਦੇ ਬਾਹਰ ਨਿਕਲਣ ਦਾ ਰਾਹ। ਉਹ ਪਤਾ ਨਹੀਂ ਕਦੋਂ ਤੱਕ ਚੁੱਪ-ਚਾਪ ਹੰਝੂ ਵਹਾਉਂਦਾ ਰਿਹਾ।

ਦੇਵ ਦਾ ਗਿਆਰਵੀਂ ਦਾ ਨਤੀਜਾ ਆਇਆ। ਫ਼ਸਟ ਡਵੀਜ਼ਨ ਤਾਂ ਬਣ ਗਈ ਸੀ, ਪਰ ਦਸਵੀਂ ਦੇ ਨੰਬਰ ਵਿਚ ਜੁੜਨ ਕਰਕੇ ਟੇਲਰਿੰਗ ਦੇ ਵਿਸ਼ੇ ਨੇ ਉਸ ਨੂੰ ਬਹੁਤ ਪਿੱਛੇ ਪਟਕਾ ਮਾਰਿਆ ਸੀ। ਆਗਰੇ ਤੋਂ ਰਾਮ ਸਿੰਘ ਨੇ ਘਨ੍ਹੱਈਏ ਨੂੰ ਪਹਿਲਾਂ ਹੀ ਚਿੱਠੀ ਲਿਖ ਦਿੱਤੀ ਸੀ ਕਿ ਦੇਵ ਦਾ ਨੰਬਰ ਕਾਰਡ ਮਿਲਦਿਆਂ ਹੀ ਸਕੂਲੋਂ ਕਰੈਕਟਰ ਸਰਟੀਫਿਕੇਟ ਲੈ ਲਵੋ ਤੇ ਉਸ ਨੂੰ ਆਗਰੇ ਭੇਜ ਦਿਓ। ਅਗਲੀ ਪੜ੍ਹਾਈ ਉਹ ਆਗਰੇ ਹੀ ਕਰੇਗਾ। ਘਨ੍ਹੱਈਏ ਲਈ ਇਹ ਫੈਸਲਾ ਬੜਾ ਦੁੱਖ ਭਰਿਆ ਸੀ। ਉਹ ਬਹੁਤ ਉਦਾਸ ਹੋ ਗਿਆ।

ਕਈ ਵਾਰੀ ਦੇਵ ਉਸ ਨੂੰ ਸੋਚਾਂ' ਚ ਡੁੱਬਾ ਬੈਠਾ ਦੇਖਦਾ ਤੇ ਪੁੱਛਦਾ, 'ਮਾਮਾ ਕੀ ਗੱਲ?'

ਤਾਂ ਉਹ ਹਮੇਸ਼ਾ ਇਹੋ ਕਹਿੰਦਾ, 'ਕੁਝ ਨੀ ਦੇਵ, ਸਾਲਾ ਜੀਅ ਜਿਹਾ ਨੀ ਲਗਦਾ। ਗੱਲ ਵੀ ਜਾਣੋ ਕੋਈ ਨੀ ਹੈਗੀ।'

'ਮੈਨੂੰ ਪਤਾ ਏ ਕਿਉਂ ਨਹੀਂ ਲਗਦਾ ਜੀਅ ਤੇਰਾ।' ਦੇਵ ਕਹਿੰਦਾ।

'ਕਿਉਂ ਭਲਾ?'

'ਤੈਨੂੰ ਫਿਕਰ ਪੈ ਗਿਆ, ਬਈ ਮੈਂ ਵੀ ਚਲਿਆ ਜਾਣੈ ਆਗਰੇ।'

'ਨਹੀਂ.... ਨਹੀਂ... ਉਹ ਤਾਂ ਤੂੰ ਆਪਣੀ ਜ਼ਿੰਦਗੀ ਬਣਾਉਣ ਵਾਸਤੇ ਜਾਣੈਂ।'

ਬਾਹਰਲੇ ਡੰਗਰਾਂ ਵਾਲ਼ੇ ਕੋਠੇ ਵਿਚ ਖੰਜੂਰ ਦੇ ਇਕ ਸ਼ਤੀਰ ਨੂੰ ਕੋਠਾ ਚੋਣ ਕਰਕੇ ਪਾਣੀ ਲੱਗ ਗਿਆ ਸੀ। ਘਨੱ੍ਈਏ ਨੂੰ ਫਿਕਰ ਲੱਗ ਗਿਆ ਕਿ ਸ਼ਤੀਰ ਟੁੱਟੇਗਾ ਤੇ ਕੋਠਾ ਡਿੱਗੇਗਾ। ਆਰਜ਼ੀ ਹੱਲ ਵਾਸਤੇ ਥੰਮੀ ਦੀ ਲੋੜ ਸੀ। ਇਕ ਅੱਧੀ ਰਾਤ ਉਹ ਕੁਹਾੜੀ ਤੇ ਆਰੀ ਲੈਕੇ ਦੇਵ ਨੂੰ ਆਪਣੇ ਨਾਲ਼ ਜੰਗਲ' ਚ ਲੈ ਗਿਆ। ਥੰਮੀ ਲਈ ਟਾਹਲੀ ਦਾ ਲੰਬਾ ਟਾਹਣ ਉਹ ਦਿਨੇ ਹੀ ਦੇਖ ਆਇਆ ਸੀ। ਉਸ ਨੇ ਆਰੀ ਨਾਲ਼ ਟਾਹਣਾ ਵੱਢ ਕੇ ਭੁੰਜੇ ਸੁੱਟ ਲਿਆ ਤੇ ਕੁਹਾੜੀ ਨਾਲ਼ ਛਾਂਗ ਦਿੱਤਾ। ਅਜੇ ਸਾਰਾ ਪਿੰਡ ਸੁੱਤਾ ਹੀ ਪਿਆ ਸੀ ਕਿ ਦੋਨਾਂ ਨੇ ਟਾਹਣ ਚੁੱਕ ਕੇ ਡੰਗਰਾਂ ਵਾਲ਼ੇ ਕੋਠੇ ਲਿਆ ਸੁੱਟਿਆ। ਪਤਲੇ ਵਾਲ਼ਾ ਪਾਸਾ ਦੇਵ ਨੇ ਤੇ ਭਾਰੇ ਵਾਲ਼ਾ ਘਨੱ੍ਈਏ ਨੇ ਚੁੱਕਿਆ। ਫਿਰ ਵੀ ਥੰਮੀਂ ਐਨੀ ਭਾਰੀ ਸੀ ਕਿ ਦੇਵ ਨੂੰ ਲੱਗਾ ਕਿ ਅੱਜ ਗਰਦਨ ਜ਼ਰੂਰ ਮੁਚੇਗੀ। ਜਦੋਂ ਥੰਮੀ ਸਿਰਾਂ ਤੋਂ ਲਾਹੀ ਤਾਂ ਘਨੱ੍ਈਏ ਨੇ ਹਉਕਾ ਲਿਆ, 'ਕੀ ਸੋਚਿਆ ਸੀ ਤੇ ਕੀ ਬਣ ਗਿਆ।'

'ਕੀ ਹੋਇਆ ਮਾਮਾ?' ਦੇਵ ਨੇ ਪੁੱਛਿਆ।

'ਹੁਣ ਤੂੰ ਵੀ ਚਲੇ ਜਾਣਾ ਏਂ ਦੇਵ। ਫੇਰ ਮੇਰੇ ਕੋਲ਼ ਕੌਣ ਰਹੇਗਾ? ਅੱਜ ਜੇ ਤੂੰ ਐਥੇ ਨਾ ਹੁੰਦਾ ਤਾਂ ਮੈਂ ਐਨੇ ਭਾਰੇ ਟਾਹਣੇ ਨੂੰ ਕਿਵੇਂ ਚੁੱਕ ਕੇ ਲਿਆਉਂਦਾ?'

'ਪੜ੍ਹਨਾ ਤਾਂ ਪੈਣਾ ਹੀ ਏ ਮਾਮੇ। ਪੜ੍ਹਨ ਮਗਰੋਂ ਆਉਣਾ ਤਾਂ ਫੇਰ ਮੈਂ ਐਥੀ ਆ।'

'ਮੁੜ ਕੇ ਪੰਛੀ ਕਦੋਂ ਆਏ ਮਾਪਿਆਂ ਦੇ ਆਲ੍ਹਣੇ ਵਿਚ ? ਸਭ ਭੁੱਲ ਭੁਲਾ ਜਾਂਦੇ ਨੇ । ਇਕ ਭਰਮ ਵਿਚ ਹੀ ਸਮਾਂ ਕੱਢਿਆ ਕਿ ਮੈਨੂੰ ਮਾਰ੍ਹਾਜ ਨੇ ਚਾਰ ਪੁੱਤ ਦਿੱਤੇ ਨੇ।'

'ਪਰ ਆਗਰੇ ਜਾਏ ਬਿਨਾਂ ਤਾਂ ਹੁਣ ਸਰਦਾ ਵੀ ਨਹੀਂ।'

'ਕਿਉਂ ਨਹੀਂ ਸਰਦਾ? ਐਥੇ ਕਿਹੜਾ ਕਾਲਜਾਂ ਨੂੰ ਅੱਗ ਲੱਗ ਗਈ? ਮੈਂ ਸਾਰਾ ਖਰਚਾ ਦੇ ਦਿਆਂਗਾ ਤੇਰਾ। ਮਾਰ ਤੂੰ ਗੋਲ਼ੀ ਆਗਰੇ ਨੂੰ।' ਉਹ ਬੋਲਿਆ।

'ਪਰ ਰੋਪੜ ਤਾਂ ਐਥੋਂ ਬਾਰਾਂ-ਤੇਰਾਂ ਮੀਲ ਏ। ਨਿੱਤ ਜਾਊ ਕਿਹੜਾ?'

'ਪਹਿਲਾਂ ਵੀ ਤੇ ਐਨੇ ਮੁੰਡੇ ਜਾਂਦੇ ਨੇ। ਜਮਾਂਦਾਰ ਦਾ ਪੋਤਾ ਮੀਤਾ ਉੱਥੇ ਪੜ੍ਹਦਾ ਏ । ਤੈਨੂੰ ਨਵਾਂ ਸਾਇਕਲ ਲੈ ਦਿਆਂਗਾ। ਤੂੰ ਵੀ ਜਾ ਲੱਗ।'

ਉਨ੍ਹਾਂ ਦੋਨਾਂ ਨੇ ਫਰਸ਼ ਵਿਚ ਟੋਆ ਪੁੱਟ ਕੇ ਥੰਮੀਂ ਸ਼ਤੀਰ ਹੇਠ ਲਾ ਦਿੱਤੀ। ਘਨੱ੍ਈਏ ਨੇ ਮੁੜ ਮੰਜੇ ਉੱਤੇ ਬੈਠਦਿਆਂ ਆਪਣੇ ਪੱਟ ਵਿਚ ਘਰੂਟ ਭਰਿਆ ਤੇ ਬੋਲਿਆ, 'ਆਹ ਦੇ ਖ ਦੇਵ, ਮੇਰੀ ਚਮੜੀ ਨੂੰ ਮਾਸ ਛੱਡ ਗਿਆ ਏ। ਹੁਣ ਮੈਂ ਬੁੱਢਾ ਹੋ ਰਿਹਾ ਹਾਂ। ਮੈਨੂੰ ਵੀ ਥੰਮੀਂ ਦੀ ਲੋੜ ਏ। ਤੈਥੋਂ ਬਿਨਾਂ ਮੇਰੀ ਥੰਮੀਂ ਕੌਣ ਬਣ ਸਕਦਾ ਏ?'

ਦੇਵ ਨੇ ਘਨ੍ਹੱਈਏ ਨੂੰ ਗਲਵਕੜੀ ਪਾ ਲਈ ਤੇ ਕਿਹਾ, 'ਬਣਾਂਗਾ ਮਾਮਾ ਮੈਂ ਬਣਾਂਗਾ। ਤੂੰ ਫਿਕਰ ਨਾ ਕਰ। ਵੀਰ ਜੀ ਨੂੰ ਲਿਖਦੇ ਚਿੱਠੀ ਬਈ ਦੇਵ ਰੋਪੜ ਹੀ ਪੜ੍ਹਨ ਲੱਗ ਜਾਵੇ ਗਾ।'

ਅਗਲੀ ਸਵੇਰ ਹੀ ਉਹ ਦੇਵ ਨੂੰ ਆਪਣੇ ਸਾਇਕਲ ਤੇ ਰੋਪੜ ਲੈ ਗਿਆ। ਜਾਂਦਿਆਂ ਹੀ ਪਹਿਲਾਂ ਨਵਾਂ ਸਾਇਕਲ ਖਰੀਦ ਕੇ ਦਿੱਤਾ ਤੇ ਫਿਰ ਸਰਕਾਰੀ ਕਾਲਜ ਵਿਚ ਬੀ. ਐਸ ਸੀ. ਦੇ ਪਹਿਲੇ ਸਾਲ ਵਿਚ ਦਾਖ਼ਲ ਕਰਵਾ ਦਿੱਤਾ।

**00**

ਣ:·:**10**

# ਉਣੰਜਾ

ਦੇਵ ਨੇ ਆਪਣੇ ਸਾਇਕਲ ਉੱਤੇ ਰੋਪੜ ਦੇ ਸਰਕਾਰੀ ਕਾਲਜ ਵਿਚ ਪੜ੍ਹਨ ਜਾਣਾ ਸ਼ੁਰੂ ਕਰ ਦਿੱਤਾ। ਪਿਛਲੇ ਸਕੂਲ ਵੱਲੋਂ ਪੱਛੜੀ ਸ਼੍ਰੇਣੀ ਦੇ ਦਿੱਤੇ ਸਰਟੀਫਿਕੇਟ ਦੇ ਅਧਾਰ' ਤੇ ਉਸ ਦੀ ਫੀਸ, ਫੰਡ ਸਭ ਮਾਫ਼ ਹੋ ਗਏ ਸਨ। 'ਕੁਲੀਨ ਬ੍ਰਾਹਮਣ' ਲਿਖੇ ਫਾਰਮ ਉੱਤੇ ਪਿੰਡ ਦੇ ਸਰਪੰਚ ਨੇ ਵੀ ਆਪਣਾ ਠੱਪਾ ਲਾ ਦਿੱਤਾ ਸੀ। ਨਗੀਨਾ ਸਿੰਘ ਕਲੱਰਕ ਨੇ ਫਾਰਮ ਭਰਨ ਸਮੇਂ ਹੱਸ ਕੇ ਕਿਹਾ ਸੀ, 'ਲੈ ਬਈ ਛੱਡ ਦਿੱਤਾ ਧੂੜ' ਚ ਟੱਟੂ, ਮਾਣ ਮੌਜਾਂ।'

ਪਹਿਲੇ ਦਿਨ ਉਹ ਲੱਠੇ ਦਾ ਕਮੀਜ਼ ਪਜਾਮਾ ਪਾ ਕੇ ਸਾਇਕਲ ਪਿੱਛੇ ਕਿਤਾਬਾਂ ਨਾਲ਼ ਭਰੇ ਬੈਗ ਦਾ ਪਿੱਠੂ ਲਾ ਕੇ ਪੜ੍ਹਨ ਗਿਆ ਤਾਂ ਮੁੰਡੇ ਕੁੜੀਆਂ ਦੇ ਮਜ਼ਾਕ ਦਾ ਕੇਂਦਰ ਬਣ ਗਿਆ। ਸਭ ਕੋਲ਼ ਇਕ ਇਕ ਕਾਪੀ ਹੀ ਸੀ। ਮੁੰਡਿਆਂ ਨੇ ਕਮੀਜ਼ਾਂ ਵਿਚ ਦੇ ਕੇ, ਪੈਂਟਾਂ ਪਾਈਆਂ ਹੋਈਆਂ ਸਨ ਤੇ ਰੰਗ-ਬਿਰੰਗੇ ਕੱਪੜਿਆਂ ਵਿਚ ਸਜੀਆਂ ਕੁੜੀਆਂ ਤਿਤਲੀਆਂ ਵਾਂਗ ਉਡਦੀਆਂ ਫਿਰ ਰਹੀਆਂ ਸਨ। ਦੇਵ ਆਪਣੀ ਪਿੱਠ ਤੇ ਬੈਗ ਨੂੰ ਗਧੇ ਵਾਂਗ ਲੱਦੀ ਘੁੰਮ ਰਿਹਾ ਸੀ। ਮੁੰਡਿਆਂ ਦੀ ਇਕ ਢਾਣੀ ਵਿੱਚੋਂ ਕੋਈ ਜਣਾ ਬੋਲਿਆ ਸੀ, 'ਓ ਬਾਈ ਆਹ ਤੂੰ ਕੀ ਵੇਚਦਾ ਫਿਰ ਰਿਹਾ ਏਂ?' ਉਸ ਦੀ ਗੱਲ ਤੇ ਸਾਰਿਆਂ ਨੇ ਬੜੀ ਜ਼ੋਰ ਦਾ ਠਹਾਕਾ ਮਾਰਿਆ ਸੀ।

ਇਹ ਵੀ ਚੰਗੀ ਗੱਲ ਹੋਈ ਕਿ ਉਸ ਦਿਨ ਕੋਈ ਪੀਰਡ ਹੀ ਨਾ ਲੱਗਾ। ਨੋਟਸ ਅਨੁਸਾਰ ਵੱਡੇ ਹਾਲ਼ ਵਿਚ ਸਾਰੀਆਂ ਕਲਾਸਾਂ ਦੇ ਮੁੰਡੇ ਕੁੜੀਆਂ ਇਕੱਠੇ ਹੋ ਗਏ। ਕੁਝ ਪ੍ਰੋਫੈਸਰਾਂ ਤੇ ਪ੍ਰਿੰਸੀਪਲ ਪੀ. ਸੀ. ਜੋਸ਼ੀ ਨੇ ਅਸੈਂਬਲੀ ਵਿਚ ਭਾਸ਼ਣ ਦਿੱਤਾ। ਮੁੰਡੇ-ਕੁੜੀਆਂ ਨੂੰ ਅਨੁਸਾਸ਼ਨ ਵਿਚ ਰਹਿਣ ਦੀ ਤਾੜਨਾ ਕੀਤੀ। ਕਾਲਜ ਦੇ ਨਿਯਮਾਂ ਅਤੇ ਪ੍ਰਾਪਤੀਆਂ ਦੀ ਜਾਣਕਾਰੀ ਦਿੱਤੀ। ਫਿਰ ਕਲਾਸ ਵਾਈਜ਼ ਕਮਰਿਆਂ ਵਿਚ ਭੇਜ ਦਿੱਤਾ ਗਿਆ। ਦੇਵ ਦੀ ਕਲਾਸ ਬੀ. ਐਸ. ਸੀ. ਨਾਨ ਮੈਡੀਕਲ ਪਹਿਲਾ ਸਾਲ ਵਿਚ ਨੌਂ ਮੁੰਡੇ ਅਤੇ ਤਿੰਨ ਕੁੜੀਆਂ ਸਨ। ਪ੍ਰੋਫੈਸਰ ਨੇ ਟਾਈਮ ਟੇਬਲ ਅਤੇ ਕਲਾਸ ਰੂਮਜ਼ ਬਗੈਰਾ ਦਾ ਵੇਰਵਾ ਸਭ ਨੂੰ ਦੱਸ ਦਿੱਤਾ। ਇਹ ਵੀ ਦੱਸਿਆ ਕਿ ਫਜਿਕਸ ਅਤੇ ਕਮਿਸਟਰੀ ਦੇ ਪੀਰੀਅਡ ਮੈਡੀਕਲ ਅਤੇ ਇੰਜਨੀਅਰਿੰਗ ਵਾਲ਼ੇ ਵਿਦਿਆਰਥੀਆਂ ਨਾਲ਼ ਸਾਂਝੇ ਲੱਗਣਗੇ। ਦੇਵ ਇਕ ਵੱਖਰੀ ਹੀ

ਦੁਨੀਆਂ ਵਿਚ ਆ ਗਿਆ ਮਹਿਸੂਸ ਕਰ ਰਿਹਾ ਸੀ।

ਅਗਲੇ ਦਿਨ ਉਹ ਪੈਂਟ ਪਾ ਕੇ ਤੇ ਆਪਣੇ ਨਾਲ਼ ਕੇਵਲ ਇੱਕੋ ਕਾਪੀ ਲੈਕੇ ਕਾਲਜ ਗਿਆ। ਫਜਿਕਸ ਦੇ ਪੀਰੀਅਡ ਵਿਚ ਕਰਨੈਲ ਨਾਂ ਦਾ ਇਕ ਲੰਬਾ ਮੁੰਡਾ ਉਸ ਕੋਲ਼ ਆ ਕੇ ਬੋਲਿਆ, 'ਆੜੀ ਮੈਂ ਤੈਨੂੰ ਚਮਕੌਰ ਦੇ ਪੁਲ਼ ਕੋਲ਼ ਦੇਖਿਆ ਸੀ। ਕਿਹੜਾ ਪਿੰਡ ਏ ਤੇਰਾ?'

'ਸਲਾਹਪੁਰ।' ਦੇਵ ਬੋਲਿਆ।

'ਪਿੰਡੋਂ ਰੋਜ਼ ਆਉਣਾ ਏਂ?'

'ਹਾਂ ਸਾਇਕਲ ਤੇ।'

'ਫੇਰ ਤਾਂ ਤੂੰ ਸਾਡੇ ਨਾਲ਼ ਹੀ ਆ ਜਾਇਆ ਕਰੀਂ। ਮੇਰਾ ਪਿੰਡ ਖਾਨਪੁਰ ਏ।'

ਸਾਰੇ ਪੀਰੀਅਡ ਮੁੱਕਣ ਮਗਰੋਂ ਉਹ ਦੋਨੋਂ ਇਕੱਠੇ ਹੀ ਚਮਕੌਰ ਪੁਲ਼ ਤੱਕ ਆਏ। ਕੁਝ ਗੱਲਾਂਬਾਤਾਂ ਨਾਲ਼ ਦੋਸਤੀ ਦੀ ਨੀਂਹ ਰੱਖੀ ਗਈ। ਅਗਲੇ ਦਿਨ ਪੁਲ਼ ਤੋਂ ਚੱਲਣ ਦਾ ਸਮਾਂ ਵੀ ਨਿਸਚਿਤ ਹੋ ਗਿਆ।

ਉਸ ਇਲਾਕੇ ਦੇ ਸੱਤ ਅੱਠ ਮੁੰਡੇ ਸਨ, ਸਾਇਕਲਾਂ ਤੇ ਜਾਣ ਵਾਲ਼ੇ। ਦੇਵ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਿਆ। ਜਦੋਂ ਸਾਰੇ ਮੁੰਡੇ ਪੁਲ਼ ਤੇ ਆ ਜਾਂਦੇ ਤਾਂ ਉਹ ਇਕੱਠੇ ਹੀ ਚੱਲਦੇ । ਮੁੰਡੇ ਸਾਇਕਲ ਐਨੀ ਤੇਜ਼ ਚਲਾਉਂਦੇ ਕਿ ਇਕ ਦੂਜੇ ਤੋਂ ਅੱਗੇ ਲੰਘਣ ਦੀ ਹੋੜ ਲੱਗੀ ਰਹਿੰਦੀ। ਦੇਵ ਨੂੰ ਇਸ ਗੱਲੋਂ ਵੀ ਹੈਰਾਨੀ ਹੋਈ ਕਿ ਉਨ੍ਹਾਂ ਦੀ ਸੱਠ ਮੁੰਡਿਆਂ ਦੀ ਗਿਆਰਵੀਂ ਕਲਾਸ' ਚੋਂ ਇੱਕ ਵੀ ਮੁੰਡਾ ਰੋਪੜ ਕਾਲਜ ਵਿਚ ਦਾਖ਼ਲ ਨਹੀਂ ਸੀ ਹੋਇਆ। ਸਲਾਹਪੁਰ ਤੋਂ ਉਸ ਦੇ ਸਾਰੇ ਜਮਾਤੀ ਮਿਲਟਰੀ ਵਿਚ ਭਰਤੀ ਹੋ ਗਏ ਸਨ। ਉਜਾਗਰ ਹਵਾਈ ਸੈਨਾ ਵਿਚ ਏਅਰਮੈਨ ਭਰਤੀ ਹੋ ਗਿਆ ਸੀ। ਦੇਵ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਕੁਝ ਦਿਨਾਂ ਵਿਚ ਹੀ ਲੰਬਾ ਕਰਨੈਲ ਵੀ ਉਸਦਾ ਉਵੇਂ ਦੋਸਤ ਬਣ ਗਿਆ ਜਿਵੇਂ ਬਸ਼ੀਰ ਸੀ ਜਾਂ ਉਜਾਗਰ ਸੀ। ਉਸ ਨੂੰ ਇੱਕ ਗੱਲ ਇਹ ਵੀ ਸਮਝ ਆ ਗਈ ਕਿ ਹਰ ਦੋਸਤ ਦਾ ਬਦਲ ਕਦੀ ਨਾ ਕਦੀ ਮਿਲ ਹੀ ਜਾਂਦਾ ਹੈ।

ਕਰਨੈਲ ਅਤੇ ਦੇਵ ਕੁਝ ਦਿਨ ਤਾਂ ਬਾਕੀ ਮੁੰਡਿਆਂ ਨਾਲ਼ ਸਾਇਕਲਾਂ ਦੀ ਰੇਸ ਲਾਉਂਦੇ ਰਹੇ। ਕਾਲਜ ਪਹੁੰਚਦੇ ਉਹ ਪਸੀਨੇ ਨਾਲ਼ ਤਰ ਹੋ ਜਾਂਦੇ। ਇਕ ਦਿਨ ਦੋਨਾਂ ਨੇ ਸਲਾਹ ਕੀਤੀ ਕਿ ਐਨਾ ਲਟਾਪੀਂਘ ਹੋਣ ਦੀ ਕਿਹੜੀ ਲੋੜ ਹੈ। ਘਰੋਂ ਥੋੜ੍ਹਾ ਸਵੱਖਤੇ ਚੱਲਿਆ ਜਾਵੇ। ਅਰਾਮ ਨਾਲ਼ ਸਾਇਕਲ ਚਲਾਏ ਜਾਣ ਤੇ ਗੱਲਾਂ-ਬਾਤਾਂ ਮਾਰਦੇ ਕਾਲਜ ਪਹੁੰਚਿਆ ਜਾਵੇ। ਇਹ ਸਕੀਮ ਵਧੀਆ ਰਹੀ। ਉਹ ਦੋਨੋਂ ਦੂਜੇ ਮੁੰਡਿਆਂ ਤੋਂ ਨਿੱਖੜ ਗਏ । ਇੰਝ ਇਕੱਠੇ ਜਾਣ ਨਾਲ਼ ਉਹ ਇਕ ਦੂਜੇ ਦੇ ਹੋਰ ਵੀ ਨੇੜੇ ਆ ਗਏ।

ਰੋਪੜ ਤੋਂ ਦੋ ਕੁ ਮੀਲ ਦੂਰ ਅਨੰਦਪੁਰ ਸਾਹਿਬ ਨੂੰ ਜਾਣ ਵਾਲ਼ੀ ਸੜਕ ਤੇ ਇਕ ਵੱਡਾ ਪਿੰਡ ਸੀ ਸਰਵਰਪੁਰ, ਜਿਸ ਦੇ ਬਿਲਕੁਲ ਲਾਗਿਓਂ ਸਤਲੁਜ ਦਰਿਆ ਲੰਘਦਾ ਸੀ। ਉਸ ਪਿੰਡ ਵਿਚ ਕਰਨੈਲ ਦੀ ਵੱਡੀ ਭੈਣ ਸੁਖਜੀਤ ਵਿਆਹੀ ਹੋਈ ਸੀ। ਸ਼ਹਿਰ ਦੇ ਨਾਲ਼ ਲੱਗਦੀ ਉਨ੍ਹਾਂ ਦੀ ਕਈ ਕੀਲੇ ਜ਼ਮੀਨ ਸੀ, ਜਿਸ ਵਿਚ ਉਸ ਦੇ ਸਹੁਰੇ ਮੌਸਮ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਕਰਦੇ ਸਨ। ਸੁਖਜੀਤ ਦਾ ਸਹੁਰਾ ਰੰਗੀਲ ਸਿੰਘ ਲੰਬੜਦਾਰ ਵੀ

ਸੀ ਦੇ ਪੰਚ ਵੀ। ਉਹ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲਾ ਲੀਡਰ ਨੁਮਾ ਬੰਦਾ ਸੀ। ਉਹ ਚਿੱਟਾ ਕਲੀਆਂ ਵਾਲ਼ਾ ਕਮੀਜ਼, ਚੂੜੀਦਾਰ ਪਜਾਮਾ, ਚਿੱਟੀ ਪਗੜੀ ਤੇ ਪੈਰਾਂ ਵਿਚ ਲਿਸ਼ ਲਿਸ਼ ਕਰਦੀ ਕਾਲ਼ੇ ਰੰਗ ਦੀ ਗੁਰਗਾਬੀ ਪਾਉਂਦਾ। ਉਸ ਦੀ ਕਮੀਜ਼ ਨੂੰ ਲੱਗੇ ਸੋਨੇ ਦੀ ਜੰਜ਼ੀਰ ਵਾਲ਼ੇ ਦਿਲ ਦੀ ਸ਼ਕਲ ਦੇ ਬਟਣ ਦੂਰੋਂ ਹੀ ਚਮਕਦੇ। ਉਹ ਜਦੋਂ ਬਾਹਰ ਦੇ ਕੰਮਾਂ ਤੋਂ ਵਿਹਲਾ ਹੁੰਦਾ ਤਾਂ ਖੇਤਾਂ ਵਿਚ ਬਣੇ ਆਪਣੇ ਚੁਬਾਰੇ ਵਿਚ ਹੀ ਰਹਿੰਦਾ, ਜਿੱਥੇ ਉਸ ਨੂੰ ਮਿਲ਼ਣ-ਗਿਲ਼ਣ ਵਾਲ਼ੇ ਬੰਦੇ ਆਉਂਦੇ ਰਹਿੰਦੇ। ਖੇਤਾਂ ਵਿਚ ਉਸ ਦੇ ਦਿਹਾੜੀਦਾਰ ਕਾਮੇ ਕੰਮ ਕਰਦੇ ਰਹਿੰਦੇ ਜਿਨ੍ਹਾਂ ਦੀ ਦੇਖ-ਰੇਖ ਲਈ ਉਸਨੇ ਪਿੰਡ ਦੇ ਹੀ ਝਿਊਰਾਂ ਦੇ ਇਕ ਮੁੰਡੇ ਚੁਰੰਜੀ ਨੂੰ ਚਾਰਜ ਦਿੱਤਾ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਕੇਵਲ ਉਸ ਦਾ ਹੀ ਡਵਿੱਢਾ ਹਰਟ ਚਲਦਾ ਸੀ। ਕਰਨੈਲ ਆਪਣੀ ਭੈਣ ਨੂੰ ਮਿਲਣ ਤੀਜੇ-ਚੌਥੇ ਦਿਨ ਸਰਵਰਪੁਰ ਚਲਾ ਜਾਂਦਾ ਤਾਂ ਉਹ ਆਪਣੇ ਨਾਲ਼ ਦੇਵ ਨੂੰ ਵੀ ਲੈ ਜਾਂਦਾ। ਸੁਖਜੀਤ ਦੇਵ ਦਾ ਵੀ ਉਂਨਾਂ ਹੀ ਤਿਉ ਕਰਨ ਲੱਗ ਪਈ ਸੀ, ਜਿੰਨਾਂ ਕਰਨੈਲ ਦਾ। ਉਹ ਉਨ੍ਹਾਂ ਨੂੰ ਰੋਟੀ ਖੁਆਏ ਬਿਨਾਂ ਕਦੀ ਵੀ ਨਾ ਆਉਣ ਦਿੰਦੀ। ਰੋਟੀ ਨਾਲ਼ ਖੀਰੇ, ਕੱਕੜੀਆਂ, ਟਮਾਟਰਾਂ ਬਗੈਰਾ ਦੀ ਪਲੇਟ ਭਰ ਕੇ ਰੱਖ ਦਿੰਦੀ ਜੋ ਦੋਨੋਂ ਮੁੰਡੇ ਚੱਟਮ ਕਰ ਦਿੰਦੇ। ਉਹ ਜਾਣ ਲਗਦੇ ਤਾਂ ਸਾਇਕਲਾਂ ਦੇ ਹੈਂਡਲਾਂ ਨਾਲ਼ ਸਬਜ਼ੀਆਂ ਦੇ ਝੋਲ਼ੇ ਭਰਕੇ ਲਟਕਾ ਦਿੰਦੀ। ਉਸ ਦੀ ਸੱਸ ਵੀ ਉਨ੍ਹਾਂ ਨੂੰ ਬੜਾ ਲਾਡ ਕਰਦੀ। ਉਹ ਕਹਿੰਦੀ, 'ਵੇ ਪੁੱਤ, ਤੁਸੀਂ ਥੱਕਦੇ ਨੀ ਐਨੀ ਦੂਰ ਸਾਇਕਲਾਂ ਤੇ ਆਉਂਦੇ ਹੋ? ਐਡਾ ਵੱਡਾ ਘਰ ਏ ਸਾਡਾ। ਇਕ ਕਮਰਾ ਸਾਂਭ ਲਓ ਤੇ ਐਥੇ ਹੀ ਰਿਹਾ ਕਰੋ। ਟੱਬਰ ਦੀਆਂ ਰੋਟੀਆਂ ਪੱਕਦੀਆਂ ਨੇ, ਦੋ ਜੁਆਕਾਂ ਦੀ ਰੋਟੀ ਨਾਲ਼ ਕੋਈ ਘਾਟਾ ਨੀ ਪੈਣ ਲੱਗਾ।'

'ਮਾਸੀ ਜੀ, ਰਹਿ ਤਾਂ ਪਈਏ, ਬੇਬੇ ਨੀ ਮੰਨਦੀ। ਕਹਿੰਦੀ, ਸ਼ਰਮ ਨੀ ਆਊ ਭੈਣ ਦੇ ਘਰ ਰਹਿੰਦੇ ਨੂੰ।' ਕਰਨੈਲ ਆਖਦਾ।

'ਵੇ ਉਹ ਤਾਂ ਕਮਲੀ ਆ। ਹੁਣ ਬਦਲ ਗਿਆ ਜ਼ਮਾਨਾ। ਕੋਈ ਫਰਕ ਨੀ ਪੈਂਦਾ।'

'ਕਹਿੰਦੀ, ਭੈਣ ਦੇ ਘਰ ਨਾ ਰਹੋ, ਨਾ ਉੱਥੋਂ ਖਾਓ। ਚੰਗੇ ਲੋਕ ਤਾਂ ਧੀ ਭੈਣ ਦੇ ਘਰ ਦਾ ਪਾਣੀ ਨੀ ਪੀਂਦੇ।'

'ਵੇ ਫੋਟ... ਭੌਂਕਦੀ ਆ ਐਵੇਂ। ਨਿਆਣੇ ਤਾਂ ਸਭ ਲਈ ਇੱਕੋ ਜਿਹੇ ਹੁੰਦੇ ਨੇ। ਜਿਹੋ ਜਿਹੀ ਤੇਰੀ ਬੇਬੇ ਉਹੋ ਜਿਹੀ ਮਾਸੀ।' ਉਹ ਕਹਿੰਦੀ।

ਦੇਵ ਸਬਜ਼ੀਆਂ ਨਾਲ਼ ਭਰਿਆ ਝੋਲ਼ਾ ਘਰ ਜਾ ਕੇ ਲਲਤਾ ਨੂੰ ਫੜਾਉਂਦਾ ਤਾਂ ਉਹ ਖੁਸ਼ ਹੋ ਜਾਂਦੀ। ਉਹ ਅਣਦੇਖੇ ਲੋਕਾਂ ਦੀਆਂ ਸਿਫ਼ਤਾਂ ਕਰਦੀ, ਜਿਹੜੇ ਐਨਾ ਕੁਝ ਮੁਫਤ ਵਿਚ ਹੀ ਚੁਕਾ ਦਿੰਦੇ ਸਨ। ਜੋ ਸਬਜ਼ੀ ਵਾਧੂ ਹੁੰਦੀ ਘਨ੍ਹੱਈਆ ਕੁਝ ਘਰਾਂ ਵਿਚ ਵੰਡ ਆਉਂਦਾ, ਜਿਨ੍ਹਾਂ ਵਿਚ ਫੈਜਾ ਨੰਬਰ ਇਕ ਤੇ ਹੁੰਦਾ। ਘਨ੍ਹੱਈਏ ਨੇ ਦੇਵ ਨੂੰ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੀ ਅਤਰ ਸਿੰਘ ਦੀ ਵੱਡੀ ਭੈਣ ਮਹਿੰਦਰ ਕੌਰ ਵੀ ਸਰਵਰਪੁਰ ਪਿੰਡ ਵਿਚ ਵਿਆਹੀ ਹੋਈ ਸੀ। ਜੋ ਹੁਣ ਦੋਹਤਿਆਂ ਪੋਤਿਆਂ ਵਾਲ਼ੀ ਸੀ। ਖਾਊਆਂ ਦੇ ਮਿੰਦਰ ਦੀ ਭੈਣ ਸੋਧਾਂ ਵੀ ਉਸੇ ਪਿੰਡ ਵਿਆਹੀ ਹੋਈ ਸੀ, ਜਿਸ ਦਾ ਘਰ ਵਾਲ਼ਾ ਬੈਂਕ ਵਿਚ ਚਪੜਾਸੀ ਸੀ ਤੇ ਘਨ੍ਹੱਈਏ ਦਾ ਵਾਕਿਫ਼ ਸੀ। ਬਾਬੇ ਅਮਲੀ ਦੀ ਕੁੜੀ ਦੇਵਾ ਉਸੇ ਪਿੰਡ ਵਿਚ ਇਕ ਟੀਚਰ ਨਾਲ਼ ਮੰਗੀ ਹੋਈ ਸੀ, ਜਿਸ ਦਾ ਵਿਆਹ ਇਕ ਅੱਧ ਮਹੀਨੇ ਵਿਚ ਹੋਣ ਵਾਲਾ ਸੀ। ਦੇ

ਵ ਨੇ ਸੁਖਜੀਤ ਕੋਲ਼ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਮਹਿੰਦਰ ਕੌਰ ਪੰਚਣੀ ਹੁਣ ਕਾਫ਼ੀ ਬੀਮਾਰ ਸੀ। ਉਹ ਬਹੁਤ ਧੜੱਲੇਦਾਰ ਔਰਤ ਸੀ ਤੇ ਠਾਣੇ-ਕਚਹਿਰੀਆਂ' ਚ ਲੋਕਾਂ ਦੇ ਕੰਮ ਅਗਲੇ ਨੂੰ ਕੰਨੋਂ ਫੜ ਕੇ ਕਰਵਾ ਲੈਂਦੀ ਸੀ। ਉਸ ਦਾ ਘਰ ਵਾਲ਼ਾ ਸੁਰਿੰਦਰ ਪਾਲ ਸਿੰਘ ਕਿਸੇ ਸਮੇਂ ਪਟਵਾਰੀ ਰਿਹਾ ਸੀ ਤੇ ਉਹ ਵੀ ਅੱਜਕੱਲ੍ਹ ਬੀਮਾਰ ਸੀ।

ਦਲਬੀਰ ਕੌਰ ਨਾਂ ਦੀ ਇਕ ਕੁੜੀ ਦੇਵ ਦੀ ਕਲਾਸ ਫ਼ੈਲੋ ਸੀ। ਲਾਲ ਭਾਅ ਮਾਰਦੇ ਚਿਹਰੇ ਵਾਲ਼ੀ ਸੁਹਣੀ ਸੁਨੱਖੀ ਕੁੜੀ ਸੀ ਉਹ। ਉਹ ਰੈਲੋਂ ਨੇੜੇ ਕਿਸੇ ਪਿੰਡ ਦੀ ਰਹਿਣ ਵਾਲ਼ੀ ਸੀ ਤੇ ਨਿੱਤ ਸਾਇਕਲ ਉਤੇ ਹੀ ਕਾਲਜ ਪੜ੍ਹਨ ਆਉਂਦੀ ਸੀ। ਉਹ ਬਹੁਤ ਸਾਦੀ ਸੀ। ਉਹ ਚੁੰਨੀ ਦੇ ਦੋਨੋਂ ਪਾਸੇ ਆਪਣੇ ਕੰਨਾਂ ਵਿਚ ਪਤਾ ਨਹੀਂ ਕਿਵੇਂ ਫਸਾਉਂਦੀ ਕਿ ਸਾਰਾ ਦਿਨ ਉਸ ਦੇ ਸਿਰ ਦੇ ਨਾਲ਼-ਨਾਲ਼ ਮੱਥੇ ਦਾ ਵੀ ਕਾਫੀ ਹਿੱਸਾ ਢਕਿਆ ਰਹਿੰਦਾ। ਉਸ ਦੀਆਂ ਗੱਲ੍ਹਾਂ ਤੇ ਬੁੱਲ੍ਹਾਂ ਦੀ ਬਣਤਰ ਹੀ ਕੁਝ ਐਸੀ ਸੀ ਕਿ ਹਮੇਸ਼ਾ ਹਸਦੀ ਰਹਿਣ ਦਾ ਭੁਲੇਖਾ ਪੈਂਦਾ। ਦੇਵ ਨੂੰ ਉਹ ਇਸ ਲਈ ਵੀ ਚੰਗੀ ਲੱਗਦੀ ਕਿ ਉਹ ਹਮੇਸ਼ਾ ਉਸ ਕੋਲ਼ ਰੁਕ ਕੇ ਉਸ ਨਾਲ਼ ਪੜ੍ਹਾਈ ਸਬੰਧੀ ਕੋਈ ਨਾ ਕੋਈ ਗੱਲ ਸਾਂਝੀ ਕਰ ਲੈਂਦੀ। ਉਸ ਦਾ ਭਰਾ ਹਰ ਰੋਜ ਵੱਖਰੇ ਸਾਇਕਲ ਉੱਤੇ ਉਸ ਦੇ ਨਾਲ਼ ਆਉਂਦਾ ਤੇ ਰੋਪੜ ਦਾ ਪੁਲ਼ ਟਪਾ ਕੇ ਵਾਪਸ ਜਾਂਦਾ। ਵਾਪਸੀ ਸਮੇਂ ਵੀ ਉਹ ਪੁਲ਼ ਉੱਤੇ ਬੈਠਾ ਉਸ ਦੀ ਉਡੀਕ ਕਰ ਰਿਹਾ ਹੁੰਦਾ। ਦੇਵ ਅਤੇ ਕਰਨੈਲ ਹਰ ਰੋਜ਼ ਉਨ੍ਹਾਂ ਕੋਲ਼ੋਂ ਕਰਾਸ ਕਰਦੇ। ਇਕ ਦਿਨ ਦਲਬੀਰ ਨੇ ਹੀ ਉਨ੍ਹਾਂ ਦੋਨਾਂ ਦੀ ਜਾਣ-ਪਛਾਣ ਆਪਣੇ ਭਰਾ ਨਾਲ਼ ਕਰਵਾ ਦਿੱਤੀ ਤਾਂ ਉਹ ਨਿੱਤ ਹੀ ਰੈਲੋਂ, ਨਦੀ ਵਾਲ਼ੇ ਪੁਲ਼ ਕੋਲ਼ ਖੜ੍ਹਕੇ ਉਨ੍ਹਾਂ ਨੂੰ ਉਡੀਕਣ ਲੱਗ ਪਏ। ਉਹ ਉੱਥੋਂ ਲੰਘਦੇ ਤਾਂ ਦਲਬੀਰ ਦਾ ਭਰਾ ਉਨ੍ਹਾਂ ਨੂੰ ਵਿਸ਼ ਕਰ ਕੇ ਵਾਪਸ ਚਲਾ ਜਾਂਦਾ ਤੇ ਦਲਬੀਰ ਉਨ੍ਹਾਂ ਦੇ ਮਗਰ-ਮਗਰ ਸਾਇਕਲ ਚਲਾਉਂਦੀ ਆ ਜਾਂਦੀ।

ਇਕ ਦਿਨ ਸਵੇਰੇ ਉਹ ਕਾਲਜ ਵੜੇ ਹੀ ਸਨ ਕਿ ਪਿੱਛੋਂ ਸਾਇਕਲ ਤੇ ਆਉਂਦੀ ਦਲਬੀਰ ਨੇ ਬੜੇ ਜ਼ੋਰ ਨਾਲ਼ 'ਵੀਰ ਜੀ' ਕਹਿ ਕੇ ਹਾਕ ਮਾਰੀ। ਉਹ ਦੋਨੋਂ ਰੁਕ ਗਏ ਤੇ ਪਿੱਛੇ ਦੇਖਿਆ। ਇੱਕ ਮੁੰਡਾ ਦਲਬੀਰ ਦੇ ਸਾਇਕਲ ਦੇ ਹੈਂਡਲ ਤੇ ਹੱਥ ਰੱਖੀ ਉਸ ਨੂੰ ਘੇਰੀ ਖੜ੍ਹਾ ਸੀ ਤੇ ਕੁਝ ਬੋਲ ਰਿਹਾ ਸੀ। ਸਾਇਕਲ ਸਟੈਂਡ ਤੇ ਲਾ ਉਹ ਦੋਨੋਂ ਪਿੱਛੇ ਪਰਤ ਆਏ।

'ਕੀ ਗੱਲ ਏ ਦਲਬੀਰ?' ਦੇਵ ਨੇ ਪੁੱਛਿਆ।

ਉਹ ਬੋਲੀ, 'ਵੀਰ ਜੀ ਇਹ ਮੈਨੂੰ ਨਿੱਤ ਤੰਗ ਕਰਦਾ ਏ। ਕਹਿੰਦਾ, ਮੇਰੇ ਨਾਲ਼ ਫਰੈਂਡਸ਼ਿੱਪ ਕਰ।'

ਕਰਨੈਲ ਨੇ ਪੈਂਦੀ ਸੱਟੇ ਹੀ ਮੁੰਡੇ ਦੇ ਪਟੇ ਫੜ ਲਏ ਤੇ ਉਸ ਨੂੰ ਹੇਠ ਪਟਕਾ ਮਾਰਿਆ। ਡਿਗੇ ਪਏ ਦੇ ਦੇਵ ਨੇ ਵੀ ਚੰਗੇ ਠੁੱਡੇ ਮਾਰੇ। ਮੁੰਡੇ ਦੇ ਮੂੰਹ' ਚੋਂ ਖ਼ੂਨ ਵਗਣ ਲੱਗ ਪਿਆ। ਪਿੱਛੋਂ ਕਿਸੇ ਹੋਰ ਨੇ ਆ ਕੇ ਦੇਵ ਨੂੰ ਧੱਕਾ ਮਾਰਿਆ। ਉਸ ਦੀਆਂ ਡਿਗ ਕੇ ਕੂਹਣੀਆਂ ਛਿੱਲੀਆਂ ਗਈਆਂ ਤੇ ਖ਼ੂਨ ਵਗਣ ਲੱਗਾ। ਦੋ ਤਿੰਨ ਜਣੇ ਹੋਰ ਆ ਗਏ ਤੇ ਉਨ੍ਹਾਂ ਕਰਨੈਲ ਨੂੰ ਸੁੱਟ ਲਿਆ। ਦੇਵ ਨੇ ਉਨ੍ਹਾਂ ਵੱਲ ਇੱਟ ਚਲਾ ਦਿੱਤੀ ਤੇ ਇਕ ਮੁੰਡੇ ਦੇ ਮੱਥੇ ' ਚ ਜਾ ਲੱਗੀ। ਉਹ ਲਹੂ ਲੁਹਾਣ ਹੋ ਗਿਆ। ਕਾਫੀ ਮੁੰਡਿਆਂ ਨੇ ਇਕੱਠੇ ਹੋ ਕੇ ਉਨ੍ਹਾਂ

ਨੂੰ ਅਲੱਗ ਅਲੱਗ ਕੀਤਾ। ਪਹਿਲਾਂ ਮੈਥ ਵਾਲ਼ੇ ਪ੍ਰੋਫੈਸਰ ਬੇਦੀ ਦੀ ਕਾਰ ਰੁਕੀ ਤੇ ਫਿਰ ਪ੍ਰਿੰਸੀਪਲ ਪੀ. ਸੀ. ਜੋਸ਼ੀ ਦੀ। ਪ੍ਰਿੰਸੀਪਲ ਨੇ ਮੁੰਡਿਆਂ ਨੂੰ ਕਿਹਾ, 'ਇਹਨਾਂ ਬਦਮਾਸ਼ਾਂ ਨੂੰ ਮੇਰੇ ਦਫਤਰ ਵਿਚ ਲੈਕੇ ਆਓ।'

ਮੁੰਡੇ ਉਨ੍ਹਾਂ ਨੂੰ ਪ੍ਰਿੰਸੀਪਲ ਦੇ ਦਫ਼ਤਰ ਵਿਚ ਧੂਅ ਕੇ ਲੈ ਗਏ। ਸਾਰਾ ਝਗੜਾ ਦਲਬੀਰ ਕੌਰ ਕਰਕੇ ਹੋਇਆ ਸੀ। ਪ੍ਰਿੰਸੀਪਲ ਨੇ ਉਸ ਨੂੰ ਵੀ ਦਫ਼ਤਰ ਵਿਚ ਸੱਦ ਲਿਆ। ਉਹ ਰੋਂਦੀ ਹੋਈ ਦਫ਼ਤਰ ਵਿਚ ਵੜੀ। ਉਸ ਨੇ ਪ੍ਰਿੰਸੀਪਲ ਨੂੰ ਜੋ ਹੋਇਆ ਸੀ, ਦੱਸ ਦਿੱਤਾ।

'ਫੇਰ ਇਹ ਦੋ ਮੁੰਡੇ ਜਿਨ੍ਹਾਂ ਹਮਲਾ ਕੀਤਾ, ਤੇਰੇ ਹਿਮਾਇਤੀ ਕਿਉਂ ਬਣੇ?'

'ਕਰਨੈਲ ਮੇਰੇ ਮਾਮਾ ਜੀ ਦਾ ਲੜਕਾ ਏ ਤੇ ਦੇਵ ਉਹਦਾ ਦੋਸਤ ਏ। ਅਸੀਂ ਤਿੰਨੋਂ ਇਕੱਠੇ ਆਉਂਦੇ ਹਾਂ ਸਾਇਕਲਾਂ ਤੇ ਪੜ੍ਹਨ।' ਉਸ ਦੀ ਇਹ ਗੱਲ ਸੁਣ ਕੇ ਦੇਵ ਤੇ ਕਰਨੈਲ ਬੜੇ ਹੈਰਾਨ ਹੋਏ। ਉਨ੍ਹਾਂ ਨੂੰ ਇਹ ਆਸ ਵੀ ਹੋਈ ਕਿ ਜੇ ਸਜ਼ਾ ਮਿਲੀ ਤਾਂ ਦੂਜੀ ਧਿਰ ਨੂੰ ਹੀ ਮਿਲੇਗੀ। ਪ੍ਰਿੰਸੀਪਲ ਨੇ ਦਲਬੀਰ ਨੂੰ ਕਲਾਸ ਵਿਚ ਜਾਣ ਲਈ ਕਿਹਾ। ਉਹ ਚਲੀ ਗਈ ਤਾਂ ਬੋਲਿਆ, 'ਤੁਸੀਂ ਪੰਜੇ ਜਣੇ ਇਸੇ ਵਕਤ ਕਾਲਜ ਤੋਂ ਬਾਹਰ ਹੋ ਜਾਓ। ਸੋਮਵਾਰ ਨੂੰ ਆਪਣੇ ਮਾਪਿਆਂ ਨੂੰ ਲੈ ਕੇ ਆਉਣਾ ਗਿਆਰਾਂ ਵਜੇ। ਜੋ ਨਹੀਂ ਲੈਕੇ ਆਵੇਗਾ, ਉਸਦਾ ਨਾਂ ਕੱਟ ਦਿੱਤਾ ਜਾਵੇਗਾ।'

'ਜੀ ਆਪਣੀ ਭੈਣ ਦੀ ਰੱਖਿਆ ਕਰਨੀ ਵੀ ਗੁਨਾਹ ਏ? ਸਾਨੂੰ ਦੋਹਾਂ ਨੂੰ ਸਜ਼ਾ ਕਿਉਂ?' ਕਰਨੈਲ ਬੋਲ ਪਿਆ।

'ਚੁੱਪ ਕਰ ਉਇ ਤੂੰ ਊਂਟ ਜਿਹੇ। ਤੂੰ ਮੁੰਡਿਆਂ ਨੂੰ ਲਹੂ ਲੁਹਾਣ ਕਰ ਦਿੱਤਾ। ਅਜੇ ਤੇਰਾ ਕਸੂਰ ਹੀ ਨਹੀਂ? ਤੂੰ ਦਫ਼ਤਰ' ਚ ਆਕੇ ਸ਼ਿਕਾਇਤ ਕਰਦਾ।'

ਉਹ ਉੱਥੋਂ ਬਾਹਰ ਨਿਕਲ਼ੇ ਤਾਂ ਕਰਨੈਲ ਬੋਲਿਆ, 'ਹੁਣ ਕੀ ਕਰੀਏ? ਮਾਪੇ ਲਿਆਉਣੇ ਤਾਂ ਸਭ ਤੋਂ ਔਖਾ ਕੰਮ ਏਂ। ਜੇ ਨਾ ਲਿਆਏ ਤਾਂ ਆਪਣੇ ਨਾਂ ਕੱਟੂ।'

'ਜੇ ਮੇਰੇ ਮਾਮੇ ਨੂੰ ਪਤਾ ਲੱਗ ਗਿਆ ਉਹ ਤਾਂ ਮੈਨੂੰ ਕੁੱਟ ਕੁੱਟ ਕੇ ਹੀ ਮਾਰ ਦਊ।' ਦੇਵ ਨੇ ਕਿਹਾ।

'ਮੇਰਾ ਬਾਪੂ ਵੀ ਤਾਂ ਰੰਘੜ ਏ ਪੂਰਾ। ਉਹਨੇ ਪਰੈਣੀ ਚੁੱਕ ਲੈਣੀ ਏਂ। ਫੇਰ ਇਹ ਨੀ ਦੇਖਣਾ ਕਿ ਕਿੱਥੇ ਵੱਜ ਰਹੀ ਏ।'

'ਫੇਰ ਹੁਣ ਕੀ ਕਰੀਏ? ਘਰ ਤਾਂ ਦੱਸਣਾ ਹੀ ਪਊ।' ਸ਼ੈੱਡ' ਚੋਂ ਸਾਇਕਲ ਬਾਹਰ ਕੱਢਦਿਆਂ ਦੇਵ ਬੋਲਿਆ।

'ਔਖੇ ਵੇਲ਼ੇ ਅਰਦਾਸ ਕਰੀਏ ਤਾਂ ਰੱਬ ਵੀ ਬਾਂਹ ਫੜ ਲੈਂਦਾ ਏ। ਚੱਲ ਭੱਠਾ ਸਾਹਿਬ ਗੁਰਦੁਆਰੇ ਚੱਲੀਏ, ਮੱਥਾ ਟੇਕਣ।' ਕਰਨੈਲ ਨੇ ਕਿਹਾ।

ਉਨ੍ਹਾਂ ਸਾਇਕਲ ਗੁਰਦੁਆਰੇ ਦੇ ਰਾਹ ਪਾ ਲਏ। ਗੁਰਦੁਆਰੇ ਦੇ ਬਾਹਰ ਦੇਵ ਇਕ ਟੂਟੀ ਕੋਲ਼ ਰੁਕ ਗਿਆ ਤੇ ਕੂਹਣੀ ਉੱਤੇ ਬੰਨ੍ਹੇ ਰੁਮਾਲ ਨੂੰ ਖੋਲ੍ਹਣ ਲੱਗ ਪਿਆ। ਰੁਮਾਲ ਸੁੱਕੇ ਲਹੂ ਨਾਲ਼ ਚੁੰਬੜਿਆ ਪਿਆ ਸੀ। ਬੜੀ ਮੁਸ਼ਕਲ ਨਾਲ਼ ਅਲੱਗ ਕਰਕੇ ਉਸ ਨੇ ਰੁਮਾਲ ਧੋਤਾ ਤੇ ਮੁੜ ਉਸੇ ਥਾਂ ਤੇ ਬੰਨ੍ਹਦਾ ਬੋਲਿਆ, 'ਹੁਣ ਫੇਰ ਕਰਨੈਲ ਸਿਆਂ ਕੀ ਬਣੂੰ?'

'ਪੰਜ ਪੰਜ ਰੁਪਏ ਦੀ ਦੇਗ ਸੁੱਖ ਲਈਏ। ਬਚ ਜਾਵਾਂਗੇ।'

'ਬੱਲੇ ਬੱਲੇ ਪੰਜ ਦੀ... ਸਵਾ ਰੁਪਿਆ ਬਹੁਤ ਏ ਯਾਰ।'

'ਮੈਂ ਤਾਂ ਪੰਜ ਦੀ ਹੀ ਸੁੱਖੂੰ। ਤੇਰੀ ਮਰਜੀ ਆ।'

ਗ੍ਰੰਥ ਸਾਹਿਬ ਅੱਗੇ ਖੜ੍ਹ ਕੇ ਉਨ੍ਹਾਂ ਦੋਨਾਂ ਨੇ ਅਰਦਾਸ ਕੀਤੀ ਤੇ ਦੇਗ ਸੁੱਖ ਲਈ। ਕਰਨੈਲ ਨੇ ਪੰਜ ਦੀ, ਦੇਵ ਨੇ ਸਵਾ ਦੀ। ਉਹ ਬੁੜਬੁੜਾਏ ਵੀ ਕਿ ਹੇ ਸੱਚੇ ਪਾਤਸ਼ਾਹ ਇਕ ਕੁੜੀ ਦੀ ਮਦਦ ਕਰ ਕੇ ਉਹ ਡੂੰਘੇ ਸੰਕਟ ਵਿਚ ਫਸ ਗਏ ਸਨ। ਉਨ੍ਹਾਂ ਦੀ ਮਦਦ ਕਰੋ। ਉਨ੍ਹਾਂ ਨੂੰ ਇਸ ਸੰਕਟ ਵਿੱਚੋਂ ਕੱਢੋ।

ਲੰਗਰ ਛਕ ਕੇ ਉਹਨਾਂ ਭਾਂਡੇ ਮਾਂਜਣ ਦੀ ਸੇਵਾ ਵੀ ਕੀਤੀ। ਕਰਨੈਲ ਬੋਲਿਆ, 'ਸੰਕਟ ਵੇਲ਼ੇ ਰੱਬ ਆਪ ਆ ਕੇ ਆਪਣੇ ਭਗਤਾਂ ਨੂੰ ਨਹੀਂ ਬਚਾਉਂਦਾ ਹੁੰਦਾ। ਸਗੋਂ ਕੁਝ ਸੁਝਾਅ ਜ਼ਰੂਰ ਦਿਆ ਕਰਦਾ ਏ।'

'ਤੈਨੂੰ ਸੁਝਿਆ ਕੁਝ?'

'ਹਾਂ, ਇਕ ਆਈਡੀਆ ਆਇਆ ਏ ਮੇਰੇ ਦਿਮਾਗ ਵਿਚ। ਪ੍ਰਿੰਸੀਪਲ ਨੇ ਮਾਪਿਆਂ ਨੂੰ ਸੱਦਿਆ ਏ ਨਾ। ਜੇ ਆਪਾਂ ਕਿਸੇ ਹੋਰ ਨੂੰ ਬਾਪੂ ਬਣਾ ਕੇ ਲੈ ਜਾਈਏ?'

'ਗੱਲ ਤਾਂ ਤੇਰੀ ਠੀਕ ਏ, ਪਰ ਦੋ ਬਾਪੂ ਫੜੀਏ ਕਿੱਥੋਂ?'

'ਚੱਲ ਉੱਠ ਰੰਗੀਲੇ ਮਾਸੜ ਦਾ ਲੜ ਫੜੀਏ। ਜੁਗਤੀ ਬਹੁਤ ਏ ਉਹ, ਆਪੀ ਰਸਤਾ ਕੱਢੂ।'

ਉਹ ਵਾਪਸ ਮੁੜੇ ਤੇ ਬੜੀ ਤੇਜ ਸਾਇਕਲ ਚਲਾ ਕੇ ਸਰਵਰਪੁਰ ਜਾ ਅੱਪੜੇ। ਰੰਗੀਲ ਸਿੰਘ ਉਨ੍ਹਾਂ ਨੂੰ ਖੇਤਾਂ ਵਿਚ ਹੀ ਮਿਲ ਪਿਆ। ਉਨ੍ਹਾਂ ਦੇ ਸਾਇਕਲ ਰੁਕੇ ਤਾਂ ਉਹ ਲਾਗੇ ਆ ਕੇ ਬੋਲਿਆ, 'ਆਓ ਬਈ ਪੜ੍ਹਾਕੂਓ ਕੀ ਹਾਲ ਏ ਤੁਾਡਾ?'

'ਕਾਹਦਾ ਹਾਲ ਮਾਸੜ ਜੀ। ਇਕ ਸਾਲ਼ਾ ਪੁੱਠਾ ਪੰਗਾ ਪੈ ਗਿਆ।' ਕਰਨੈਲ ਬੋਲਿਆ।

'ਕਿਸੇ ਨਾਲ਼ ਲੜਾਈ-ਲੜੂਈ ਤਾਂ ਨੀ ਹੋ ਗਈ? ਗੱਲ ਤਾਂ ਦੱਸੋ?'

ਕਰਨੈਲ ਨੇ ਉਸਨੂੰ ਸਵੇਰੇ ਵਾਪਰੀ ਸਾਰੀ ਘਟਨਾ ਮੁੱਢੋਂ ਦੱਸ ਦਿੱਤੀ।

'ਤੁਸੀਂ ਤਾਂ ਬਹੁਤ ਵੱਡੀ ਮੂਰਖਮੱਤੀ ਕਰ ਗਏ। ਮਾਰਦੇ ਨਾ, ਸਹੁਰੀ ਦੇ ਨੂੰ ਫੜ ਕੇ ਪ੍ਰਿੰਸੀਪਲ ਕੋਲ਼ ਲੈ ਜਾਂਦੇ।' ਉਹ ਬੋਲਿਆ।

'ਬੱਸ ਮਾਸੜ ਜੀ, ਗੁੱਸਾ ਕਾਬੂ ਹੀ ਨੀ ਹੋ ਸਕਿਆ।'

'ਜੁਆਨੀ ਦੇ ਖ਼ੂਨ ਕੋਲ਼ ਕੋਈ ਸਬਰ, ਸੋਚ ਨੀ ਹੁੰਦੀ। ਹੁਣ ਜੇ ਪ੍ਰਿੰਸੀਪਲ ਨੇ ਆਡਰ ਕਰ ਦਿੱਤਾ ਏ, ਮਾਪੇ ਤਾਂ ਸੱਦਣੇ ਹੀ ਪੈਣਗੇ।'

'ਫੇਰ ਤੁਹਾਡੇ ਕੋਲ਼ ਆਉਣ ਦਾ ਕੀ ਫਾਇਦਾ ਹੋਇਆ ਮਾਸੜ ਜੀ? ਤੁਸੀਂ ਹੀ ਕੋਈ ਰੇਖ਼' ਚ ਮੇਖ਼ ਮਾਰੋ। ਘਰ ਅਸੀਂ ਦੋਨੋਂ ਨਹੀਂ ਦੱਸ ਸਕਦੇ। ਜੂੰਡੇ ਥੋੜ੍ਹੀ ਪਟਵਾਉਣੇ ਆਂ।' ਕਰਨੈਲ ਬੋਲਿਆ।

'ਸੱਦਿਆ ਕਦੋਂ ਏ?'

'ਸੋਮਵਾਰ ਗਿਆਰਾਂ ਵਜੇ।'

'ਠੀਕ ਏ, ਮੈਂ ਆ ਜਾਵਾਂਗਾ। ਤੁਸੀਂ ਨਾ ਦੱਸਿਓ ਘਰ।'

ਉਹ ਮਨਾਂ ਵਿਚ ਧੁੜਕੂ ਲੈ ਕੇ ਵਾਪਸ ਘਰਾਂ ਨੂੰ ਚਲੇ ਗਏ। ਸੋਮਵਾਰ ਨੂੰ ਰੈਲੋਂ ਦੇ ਪੁਲ਼ ਕੋਲ਼ ਦਲਬੀਰ ਕੌਰ ਤੇ ਉਹਦਾ ਭਰਾ ਖੜ੍ਹੇ ਸਨ। ਉਨ੍ਹਾਂ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਉਹ ਚਲਾ ਗਿਆ ਤਾਂ ਦਲਬੀਰ ਨੇ ਪੁੱਛਿਆ, 'ਵੀਰ ਜੀ ਕੀ ਬਣਿਆ ਫੇਰ?'

'ਅਜੇ ਫਾਨਾ ਵਿਚਾਲੇ ਹੀ ਆ। ਗਿਆਰਾਂ ਵਜੇ ਘਰ ਦੇ ਬੁਲਾਏ ਨੇ ਜੋਸ਼ੀ ਨੇ।'

'ਫੇਰ ਤੁਸੀਂ ਘਰ ਦੱਸਿਆ?'

'ਕਾਹਨੂੰ ਦੱਸਿਆ ਭੈਣ ਮੇਰੀਏ। ਘਰ ਦੱਸ ਕੇ ਮਰਨਾ ਏਂ? ਸਿਫਾਰਸ਼ ਲਾਈ ਏ ਇੱਕ।' ਕਰਨੈਲ ਨੇ ਕਿਹਾ।

'ਵੀਰ ਜੀ ਮੈਂ ਉਸ ਦਿਨ ਵੀ ਤੁਹਾਨੂੰ ਉਡੀਕਦੀ ਰਹੀ। ਮੇਰੇ ਘਰਦਿਆਂ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਣਾ ਚਾਹੀਦਾ। ਜੇ ਭਿਣਕ ਪੈ ਗਈ ਤਾਂ ਸਮਝੋ ਕਾਲਜ ਤੋਂ ਮੇਰੀ ਛੁੱਟੀ। ਮੈਂ ਤਾਂ ਦੋ ਰਾਤਾਂ ਦੀ ਉਣੀਂਦੀ ਹਾਂ।'

'ਅਸੀਂ ਵੀ ਤਾਂ ਭੈਣੇ ਉਣੀਂਦੇ ਹੀ ਹਾਂ। ਛੁੱਟੀ ਤਾਂ ਸਾਡੀ ਵੀ ਹੋ ਜਾਣੀ ਏਂ ਜੇ ਪਤਾ ਲੱਗ ਗਿਆ। ਮੇਰੇ ਘਰ ਦੇ ਤਾਂ ਸਾਲ਼ੇ ਊਤ ਨੇ। ਕੋਈ ਦਲੀਲ ਉਨ੍ਹਾਂ ਨੇ ਸੁਣਨੀ ਥੋੜ੍ਹੋਂ ਆ।'

ਠੀਕ ਗਿਆਰਾਂ ਵਜੇ ਉਹ ਦੋਨੋਂ ਨੀਵੀਆਂ ਪਾ ਕੇ ਪ੍ਰਿੰਸੀਪਲ ਦੇ ਦਫਤਰ ਦੇ ਬਾਹਰ ਜਾ ਖੜ੍ਹੇ। ਵਿਰੋਧੀ ਧਿਰ ਵੀ ਮਾਪਿਆਂ ਨੂੰ ਲੈਕੇ ਪਹੁੰਚੀ ਹੋਈ ਸੀ। ਦਲਬੀਰ ਤਾਂ ਨਾ ਆਈ, ਚਾਰ ਪੰਜ ਹੋਰ ਕੁੜੀਆਂ ਉਨ੍ਹਾਂ ਕੋਲ਼ ਆ ਗਈਆਂ। ਇਕ ਜਣੀ ਕਹਿਣ ਲੱਗੀ, 'ਕਰਨੈਲ ਭਾ ਜੀ, ਅਸੀਂ ਤੁਹਾਡੇ ਨਾਲ਼ ਹਾਂ। ਤੁਸੀਂ ਘਬਰਾਇਓ ਨਾ। ਪ੍ਰਿੰਸੀਪਲ ਜੇ ਕੋਈ ਐਕਸ਼ਨ ਲੈਂਦਾ ਹੈ ਤਾਂ ਅਸੀਂ ਹੜਤਾਲ਼ ਕਰਵਾ ਦਿਆਂਗੀਆਂ। ਐਥੇ ਕਿਸੇ ਧੀ ਭੈਣ ਦੀ ਰਾਖੀ ਕਰਨਾ ਵੀ ਜ਼ੁਰਮ ਹੋ ਗਿਆ।'

ਕਰਨੈਲ ਦਾ ਮਾਸੜ ਆਇਆ ਹੀ ਨਹੀਂ ਸੀ, ਪਰ ਕੁੜੀਆਂ ਦੀ ਗੱਲ ਨੇ ਦੋਨਾਂ ਨੂੰ ਹੌਸਲਾ ਦਿੱਤਾ। ਪ੍ਰਿੰਸੀਪਲ ਨੇ ਸਭ ਨੂੰ ਅੰਦਰ ਸੱਦਿਆ। ਰੰਗੀਲ ਸਿੰਘ ਨੂੰ ਪ੍ਰਿੰਸੀਪਲ ਲਾਗੇ ਬੈਠਾ ਚਾਹ ਪੀਂਦਾ ਦੇਖ ਉਨ੍ਹਾਂ ਦੇ ਸਾਹ ਵਿਚ ਸਾਹ ਆਇਆ।

ਉਸ ਕੇਸ ਵਿਚ ਕਰਨੈਲ ਤੇ ਦੇਵ ਬਰੀ ਤਾਂ ਹੋ ਗਏ ਪਰ ਦੋਨਾਂ ਨੂੰ ਕਾਨੂੰਨ ਆਪਣੇ ਹੱਥ ਲੈਣ ਕਰਕੇ ਲਿਖਤੀ ਮਾਫ਼ੀ ਮੰਗਣੀ ਪਈ ਤੇ ਦਿਨ ਭਰ ਮਾਲੀ ਨਾਲ਼ ਲੱਗ ਕੇ ਬੂਟਿਆਂ ਦੀ ਗੋਡੀ ਕਰਨੀ ਪਈ। ਪ੍ਰਿੰਸੀਪਲ ਨੇ ਕਿਹਾ ਸੀ ਕਿ ਜੇ ਕਿਸੇ ਦੀ ਗਤਲੀ ਦੀ ਸਜ਼ਾ ਮੁੰਡੇ ਆਪ ਹੀ ਦੇਣ ਲੱਗ ਪਏ, ਫੇਰ ਕਾਲਜ ਵਿਚ ਪ੍ਰਿੰਸੀਪਲ ਦੀ ਕੀ ਵੁੱਕਤ ਰਹਿ ਗਈ? ਦੂਜੇ ਦਿਨ ਮੁੰਡਿਆਂ ਤੋਂ ਵੀ ਲਿਖਤੀ ਮਾਫ਼ੀ ਮੰਗਵਾਈ ਗਈ ਤੇ ਹਰੇਕ ਨੂੰ ਪੱਚੀ ਪੱਚੀ ਰੁਪਏ ਜੁਰਮਾਨਾ ਕੀਤਾ ਗਿਆ। ਨੋਟਿਸ ਬੋਰਡ ਤੇ ਇਕ ਨੋਟਿਸ ਵੀ ਲਾਇਆ ਗਿਆ ਕਿ ਜੇ ਕੋਈ ਲੜਕਾ ਕਿਸੇ ਕੁੜੀ ਤੇ ਗਲਤ ਰਿਮਾਰਕਸ ਕਸਦਾ ਹੈ, ਉਸਨੂੰ ਨਾ ਕੇਵਲ ਕਾਲਜ ਤੋਂ ਕੱਢਿਆ ਜਾਵੇਗਾ, ਸਗੋਂ ਪੁਲ਼ਸ ਹਵਾਲੇ ਵੀ ਕੀਤਾ ਜਾਵੇਗਾ। ਕੁਝ ਵੀ ਹੋਵੇ ਕਰਨੈਲ ਅਤੇ ਦੇਵ ਦੀ ਟੌਅਰ ਬਣ ਗਈ ਸੀ। ਕਈ ਕੁੜੀਆਂ ਉਨ੍ਹਾਂ ਨੂੰ ਵਿਸ਼ ਕਰਨ ਲੱਗੀਆਂ ਸਨ। ਮੁੰਡੇ ਵੀ ਸਾਰੇ ਇਹੋ ਕਹਿੰਦੇ ਸਨ, 'ਇਹ ਸ਼ਹਿਰੀਏ ਬਹੁਤੇ ਭੂਤਰੇ ਹੋਏ ਸਨ। ਤੁਸੀਂ ਸਬਕ ਸਿਖਾ ਦਿੱਤਾ।'

ਉਸ ਦਿਨ ਵਾਪਸੀ ਤੇ ਉਹ ਦੋਨੋਂ ਭੱਠਾ ਸਾਹਿਬ ਗੁਰਦੁਆਰੇ ਗਏ ਤਾਂ ਕਰਨੈਲ ਨੇ

ਪੰਜ ਰੁਪਏ ਦੀ ਦੇਗ ਕਰਵਾ ਦਿੱਤੀ। ਦੇਵ ਨੇ ਦੱਸਿਆ ਕਿ ਉਹ ਮਗਰੋਂ ਕਿਸੇ ਦਿਨ ਸੁੱਖ ਲਾਹ ਦੇਵੇਗਾ। ਅਸਲ ਵਿਚ ਉਸ ਨੇ ਇਹ ਸੋਚ ਲਿਆ ਸੀ ਕਿ ਹੁਣ ਕੰਮ ਤਾਂ ਪੂਰਾ ਹੋ ਹੀ ਗਿਆ, ਦੇਗ ਕਰਾਉਣ ਦਾ ਕੀ ਫਾਇਦਾ? ਉਸ ਘਟਨਾ ਮਗਰੋਂ ਕਰਨੈਲ ਕਾਲਜ ਦਾ ਹੀਰੋ ਬਣ ਗਿਆ। ਮਗਰੋਂ ਦਲਬੀਰ ਨੂੰ ਕੀ, ਕਿਸੇ ਵੀ ਕੁੜੀ ਨੂੰ ਕਿਸੇ ਦੀ ਛੇੜਨ ਦੀ ਹਿੰਮਤ ਨਾ ਹੋਈ।

**00**

# ਪੰਜਾਹ

ਕਾਲਜ ਜਾਣ ਲਈ ਰਸਤੇ ਵਿਚ ਕਮਾਲਪੁਰ ਅਤੇ ਰੈੱਲੋਂ ਦੀਆਂ ਦੋ ਬਰਸਾਤੀ ਨਦੀਆਂ ਪੈਂਦੀਆਂ ਸਨ। ਜਿਹੜੀਆਂ ਸਰਹੰਦ ਨਹਿਰ ਉੱਤੇ ਪਾਈਆਂ ਡੇਢ ਸੌ ਗਜ਼ ਚੌੜੀਆਂ ਛੱਤਾਂ ਉੱਤੋਂ ਦੀ ਲੰਘਦੀਆਂ ਸਨ। ਹੇਠਾਂ ਨਹਿਰ ਉੱਤੇ ਨਦੀਆਂ, ਅੰਗਰੇਜ਼ਾਂ ਦੀ ਕਮਾਲ ਸੀ ਇਹ। ਪਿੱਛੇ ਥੋੜ੍ਹਾ ਜਿਹਾ ਵੀ ਮੀਂਹ ਪੈਂਦਾ ਤਾਂ ਇਹ ਦੋਨੋਂ ਨਦੀਆਂ ਸ਼ੂਕਣ ਲੱਗਦੀਆਂ। ਪਾਣੀ ਤਾਂ ਗੋਡੇ ਗੋਡੇ ਹੀ ਹੁੰਦਾ ਪਰ ਪਾਣੀ ਦੀ ਰਫ਼ਤਾਰ ਚੰਗੇ ਭਲੇ ਬੰਦੇ ਨੂੰ ਉਲਟਾਉਣ ਦੀ ਸਮਰੱਥਾ ਰੱਖਦੀ। ਜਿਸ ਦਿਨ ਵੀ ਮੀਂਹ ਪੈਂਦਾ, ਮੁੰਡੇ ਰੁੜਕੀ ਵੱਲ ਨੂੰ ਪੱਕੀ ਨਹਿਰ ਚੜ੍ਹ ਕੇ ਕਾਲਜ ਜਾਂਦੇ। ਇਸ ਰਸਤੇ ਜਾਣ ਨਾਲ਼ ਕਾਲਜ ਸਤਾਰਾਂ’ ਠਾਰਾਂ ਮੀਲ ਦੂਰ ਪੈਂਦਾ। ਸਰਹੰਦ ਨਹਿਰ ਦੇ ਨਾਲ਼ ਦੀ ਪਟੜੀ ਗਿੱਲੀ ਹੋ ਜਾਂਦੀ ਤੇ ਕਈ-ਕਈ ਦਿਨ ਨਾ ਸੁੱਕਦੀ। ਕਈ ਵਾਰੀ ਤਾਂ ਮੀਂਹ ਵੀ ਨਾ ਪਿਆ ਹੁੰਦਾ, ਪਰ ਕਮਾਲਪੁਰ ਕੋਲ਼ ਅੱਪੜ ਕੇ ਪਤਾ ਲਗਦਾ ਕਿ ਪਿੱਛੇ ਕਿਧਰੇ ਮੀਂਹ ਪੈਣ ਕਰਕੇ ਨਦੀ ਚੜ੍ਹ ਆਈ ਹੈ। ਮੁੰਡਿਆਂ ਨੂੰ ਬੇਰੰਗ ਮੁੜਨਾ ਪੈਂਦਾ। ਦੇਵ ਲਈ ਕਾਲਜ ਲੇਟ ਪਹੁੰਚ ਕੇ ਜਾਂ ਛੁੱਟੀਆਂ ਕਰਕੇ ਸਾਇੰਸ ਦੀ ਪੜ੍ਹਾਈ ਕਰਨੀ ਬਹੁਤ ਮੁਸ਼ਕਲ ਸੀ। ਇਕ ਦਿਨ ਦਾ ਗੈਪ ਵੀ ਪੈ ਜਾਂਦਾ ਤਾਂ ਕਈ ਕਈ ਦਿਨ ਅਗਲੀ ਪੜ੍ਹਾਈ ਪਿੜ-ਪੱਲੇ ਨਾ ਪੈਂਦੀ। ਸਾਇਕਲ ਚਲਾਉਣ ਨਾਲ਼ ਥਕਾਵਟ ਵੀ ਐਨੀ ਹੋ ਜਾਂਦੀ ਕਿ ਪਿੰਡ ਪਹੁੰਚ ਕੇ ਪੜ੍ਹੇ ਨੂੰ ਦੁਹਰਾਉਣਾ ਮੁਸ਼ਕਲ ਹੋ ਜਾਂਦਾ।

ਕਰਨੈਲ ਅਚਾਨਕ ਹੀ ਆਪਣੀ ਭੈਣ ਸੁਖਜੀਤ ਕੋਲ਼ ਸਰਵਰਪੁਰ ਰਹਿਣ ਲੱਗ ਪਿਆ ਸੀ। ਉਸ ਨੇ ਦੇਵ ਨੂੰ ਵੀ ਕਿਹਾ ਕਿ ਉਹ ਵੀ ਉਸਦੇ ਨਾਲ਼ ਹੀ ਰਹਿ ਜਾਵੇ, ਪਰ ਘਨ੍ਹੱਈਆ ਸਹਿਮਤ ਨਾ ਹੋਇਆ। ਉਹ ਦੇਵ ਨੂੰ ਕਿਸੇ ਦੇ ਘਰ ਛੱਡਣ ਦੇ ਹੱਕ ਵਿਚ ਨਹੀਂ ਸੀ। ਉਸ ਨੇ ਦੇਵ ਨੂੰ ਦੱਸਿਆ ਕਿ ਜੇ ਆਗਰੇ ਤੋਂ ਉਸ ਦੀ ਬੇਬੇ ਆ ਜਾਵੇ ਤਾਂ ਉੱਥੇ ਕਿਰਾਏ ਤੇ ਕਮਰਾ ਲੈ ਕੇ ਦੋਨੋਂ ਰਹਿ ਸਕਦੇ ਸਨ। ਦੇਵ ਨੇ ਹਾਂ ਕੀਤੀ ਤਾਂ ਉਸ ਨੇ ਰਾਮ ਸਿੰਘ ਨੂੰ ਸਾਰੀ ਗੱਲਬਾਤ ਲਿਖ ਕੇ ਖਤ ਪਾ ਦਿੱਤਾ। ਜਿੰਦਰ ਦੀ ਕੁੜੀ ਹੁਣ ਵੱਡੀ ਹੋ ਗਈ ਸੀ ਇਸ ਲਈ ਰਾਮ ਸਿੰਘ ਨੇ ਭਾਗਵੰਤੀ ਨੂੰ ਛੇਤੀ ਹੀ ਰਾਇਪੁਰ ਭੇਜ ਦਿੱਤਾ।

ਘਨ੍ਹੱਈਆ ਨਹੀਂ ਸੀ ਚਾਹੁੰਦਾ ਕਿ ਉਹ ਸ਼ਹਿਰ ਵਿਚ ਕਮਰਾ ਲੈ ਕੇ ਰਹਿਣ। ਇਕ ਤਾਂ ਸ਼ਹਿਰ ਵਿਚ ਕਮਰਾ ਮਹਿੰਗਾ ਮਿਲਣਾ ਸੀ। ਦੂਜਾ ਉੱਥੇ ਸ਼ਹਿਰੀ ਮੁੰਡਿਆਂ ਦੀ ਸੰਗਤ ਵਿਚ ਦੇਵ ਦੇ ਵਿਗੜ ਜਾਣ ਦਾ ਡਰ ਸੀ। ਉਸ ਨੇ ਕਿਹਾ ਕਿ ਜੇ ਰਹਿਣਾ ਹੀ ਹੈ ਤਾਂ ਕਾਲਜ ਦੇ ਨੇੜੇ ਕਿਸੇ ਪਿੰਡ ਕਮਰਾ ਲੈ ਕੇ ਰਿਹਾ ਜਾਵੇ। ਸਰਵਰਪੁਰ ਵਿਚ ਐਨੇ ਲੋਕ ਵਾਕਿਫ਼

ਸਨ, ਉੱਥੇ ਹੀ ਕੋਸ਼ਿਸ਼ ਕੀਤੀ ਜਾਵੇ। ਹੁਣ ਤਾਂ ਦੇਵਾ ਦਾ ਵੀ ਵਿਆਹ ਹੋ ਗਿਆ ਸੀ, ਜੋ ਉਨ੍ਹਾਂ ਦੀ ਗੁਆਂਢਣ ਰਹੀ ਸੀ ਤੇ ਚੰਗੇ ਸੁਭਾਅ ਵਾਲ਼ੀ ਸੀ। ਦੇਵ ਨੇ ਘਨ੍ਹੱਈਏ ਨੂੰ ਨਾਲ਼ ਜਾ ਕੇ ਕਮਰਾ ਲੱਭਣ ਲਈ ਕਿਹਾ ਤਾਂ ਉਸ ਨੇ ਇਕ ਦਿਨ ਜਾਣ ਦਾ ਪ੍ਰੋਗਰਾਮ ਬਣਾ ਲਿਆ। ਦੇਵ ਨੇ ਕਾਲਜ ਜਾਣਾ ਸੀ, ਉਹ ਸਵੇਰੇ ਹੀ ਚਲਾ ਗਿਆ। ਘਨ੍ਹੱਈਏ ਨੇ ਬਾਅਦ ਵਿਚ ਆਉਣਾ ਸੀ। ਦੋ ਵਜੇ ਦੇਵ ਦੀ ਕਲਾਸ ਖ਼ਤਮ ਹੋਣੀ ਸੀ ਤੇ ਉਸ ਨੇ ਕਾਲਜ ਦੇ ਗੇਟ ਲਾਗੇ ਪਹੁੰਚਣਾ ਸੀ। ਉੱਥੋਂ ਦੋਨਾਂ ਨੇ ਸਰਵਰਪੁਰ ਜਾਣਾ ਸੀ। ਆਖਰੀ ਪੀਰਡ ਲਾ ਕੇ ਜਦੋਂ ਦੇਵ ਕਾਲਜ ਤੋਂ ਬਾਹਰ ਆਇਆ ਤਾਂ ਸ਼ਹਿਰ ਵਾਲ਼ੇ ਪਾਸੇ ਸੜਕ ਕਿਨਾਰੇ ਇਕ ਪੱਥਰ ਦੇ ਬੈਂਚ ਉੱਤੇ ਬੈਠਾ ਸਿਗਰਟ ਪੀਂਦਾ ਘਨ੍ਹੱਈਆ ਰਾਮ ਉਸ ਨੂੰ ਨਜ਼ਰ ਆ ਗਿਆ। ਸਾਇਕਲ ਤੇ ਚੜ੍ਹ ਉਹ ਉਸ ਕੋਲ਼ ਪਹੁੰਚ ਗਿਆ। ਉਸ ਨੇ ਆਪਣਾ ਸਾਇਕਲ ਇਕ ਜਾਮਣ ਦੇ ਦਰੱਖਤ ਨਾਲ਼ ਲਾਇਆ ਹੋਇਆ ਸੀ ਤੇ ਜੁੱਤੀ ਬੈਂਚ ਦੇ ਹੇਠ ਖੋਲ੍ਹੀ ਹੋਈ ਸੀ।

'ਬਹਿ ਜਾ ਦਸ ਮਿੰਟ ਚਲਦੇ ਹਾਂ।' ਉਹ ਬੋਲਿਆ ਤਾਂ ਦੇਵ ਸਾਇਕਲ ਸਟੈਂਡ ਤੇ ਲਾ ਕੇ ਉਸ ਕੋਲ਼ ਬੈਂਚ ਤੇ ਬੈਠ ਗਿਆ। ਉਸਦੇ ਮਾਮੇ ਨੇ ਸਿਗਰਟ ਦਾ ਲੰਬਾ ਸੂਟਾ ਖਿੱਚਿਆ ਤੇ ਬੋਲਿਆ, 'ਬੜਾ ਪੌਡਰ ਲਾਈ ਫਿਰਦਾ ਏਂ?'

'ਗਰਮੀ ਕਰਕੇ।' ਦੇਵ ਐਨਾ ਹੀ ਕਹਿ ਸਕਿਆ।

'ਤੈਨੂੰ ਪਤਾ ਏ ਇਹਦੇ ਨਾਲ਼ ਮੁਸਾਮ ਬੰਦ ਹੋ ਜਾਂਦੇ ਨੇ?'

ਦੇਵ ਨੇ ਉਸ ਦੀ ਗੱਲ ਦਾ ਕੋਈ ਉੱਤਰ ਨਾ ਦਿੱਤਾ। ਤਦੇ ਇਕ ਕੁੜੀ ਅਤੇ ਮੁੰਡਾ ਹੱਸ ਹੱਸ ਗੱਲਾਂ ਕਰਦੇ ਬਿਲਕੁਲ ਉਨ੍ਹਾਂ ਦੇ ਨੇੜੇ ਤੋਂ ਲੰਘੇ। ਕੁੜੀ ਮੁੰਡੇ ਨੂੰ ਬਾਰ ਬਾਰ ਕਹਿ ਰਹੀ ਸੀ, 'ਦੇਖ ਲਿਆ ਮੈਂ ਤੈਨੂੰ ਸੰਗਤ... ਤੂੰ ਹੈਗਾ ਏਂ, ਝੂਠਾ, ਫਰੇਬੀ, ਦਗੇਬਾਜ਼... ਹਾਂ... ਹਾਂ.... ਹਾਂ... ਤੇਰੇ ਨਾਲ਼ ਏ ਹੁਣ ਸਾਡੀ ਕੱਟੀ... ਮੈਂ ਨਹੀਂ ਹੁਣ ਆਉਣਾ।'

ਮੁੰਡਾ ਉਸ ਨੂੰ ਐਵੇਂ ਪੁਚ-ਪੁਚ ਕਰੀ ਜਾ ਰਿਹਾ ਸੀ, ਹਾੜ੍ਹੇ ਵੀ ਕੱਢ ਰਿਹਾ ਸੀ ਤੇ ਹੱਸੀ ਵੀ ਜਾ ਰਿਹਾ ਸੀ, ਪਰ ਕੁੜੀ ਪੂਰਾ ਨਖ਼ਰਾ ਦਿਖਾ ਰਹੀ ਸੀ। ਘਨ੍ਹੱਈਏ ਨੇ ਬੜੀ ਗੌਰ ਨਾਲ਼ ਇਹ ਚਲਚਿੱਤਰ ਦੇਖਿਆ ਤੇ ਸਿਗਰਟ ਦਾ ਗੁਲ ਬੈਂਚ ਨਾਲ਼ ਝਾੜਦਾ ਬੋਲਿਆ, 'ਫੇ ਰ ਤੈਨੂੰ ਵੀ ਕਾਲਜ ਦੀ ਹਵਾ ਲੱਗ ਹੀ ਗਈ।'

'ਕਿਉਂ? ਕੀ ਹੋਇਆ?' ਦੇਵ ਘਬਰਾ ਕੇ ਬੋਲਿਆ।

'ਇਹ ਪੁੱਛ ਕਿਆ ਨੀ ਹੋਇਆ। ਤੂੰ ਆਪ ਦੱਸ ਕੀ ਹੋਇਆ? ਦੇਖਾਂ, ਤੂੰ ਕਿੰਨਾ ਕੁ ਸੱਚ ਬੋਲਦੈਂ?' ਉਸ ਨੇ ਪੈਰਾਂ' ਚ ਜੁੱਤੀ ਫਸਾ ਕੇ ਝਾੜੀ।

ਦੇਵ ਘਬਰਾ ਗਿਆ। ਉਸ ਦੇ ਸੁਭਾਅ ਨੂੰ ਉਹ ਜਾਣਦਾ ਸੀ। ਚਮਕੌਰ ਪੜ੍ਹਦੇ ਦੀ ਵੀ ਉਹ ਸੀ. ਆਈ. ਡੀ. ਕਰਦਾ ਹੁੰਦਾ ਸੀ। ਅਕਸਰ ਹੀ ਪ੍ਰਿੰਸੀਪਲ ਅਤੇ ਮਾਸਟਰਾਂ ਕੋਲ਼ੋਂ ਪੁੱਛ-ਗਿੱਛ ਕਰ ਕੇ ਆਇਆ ਕਰਦਾ ਸੀ। ਰਸਤੇ ਵਿਚ ਆਉਣ-ਜਾਣ ਵੇਲ਼ੇ ਵੀ ਦੇਵ ਅਤੇ ਆਪਣੇ ਦੂਜੇ ਭਾਣਜਿਆਂ ਦੀਆਂ ਹਰਕਤਾਂ ਨੋਟ ਕਰਦਾ ਰਿਹਾ ਸੀ। ਕੋਈ ਗਲਤ ਕੰਮ ਕਰਨ ਤੇ ਫੜੇ ਜਾਣ ਮਗਰੋਂ ਸਜ਼ਾ ਦੇਣ ਦਾ ਕੰਮ ਵੀ ਨਾਲ਼ ਦੀ ਨਾਲ਼ ਮੁਕਾ ਲਿਆ ਕਰਦਾ ਸੀ। ਦੇਵ ਨੂੰ ਪੱਕਾ ਵਿਸ਼ਵਾਸ਼ ਹੋ ਗਿਆ ਕਿ ਅੱਜ ਵੀ ਸਵੇਰੇ ਉਸ ਨੂੰ ਕਾਲਜ ਲਈ ਤੋਰ ਕੇ ਉਹ ਮਗਰ ਹੀ ਚੱਲ ਪਿਆ ਹੋਵੇਗਾ। ਕਾਲਜ ਵਿਚ ਪ੍ਰਿੰਸੀਪਲ ਅਤੇ ਪ੍ਰੋਫੈਸਰਾਂ ਨੂੰ ਮਿਲ

ਕੇ ਉਸ ਨੇ ਦਲਬੀਰ ਵਾਲ਼ੀ ਘਟਨਾ ਸਮੇਤ ਸਭ ਕੁਝ ਪਤਾ ਕਰ ਲਿਆ ਹੋਵੇਗਾ।

'ਫੇਰ ਵੀ ਗੱਲ ਤਾਂ ਦੱਸ ਕੀ ਏ?' ਦੇਵ ਨੇ ਪੁੱਛਿਆ।

'ਤੂੰ ਤਾਂ ਇਉਂ ਕਹਿੰਦਾ ਏਂ, ਜਿਵੇਂ ਗੱਲ ਦਾ ਤੈਨੂੰ ਪਤਾ ਹੀ ਨੀ ਹੁੰਦਾ। ਬੰਦਾ ਬਣ ਕੇ ਸਭ ਕੁਝ ਦੱਸ। ਮੈਂ ਤੇਰੇ ਮੂੰਹੋਂ ਵੀ ਸੁਣਨਾ ਚਾਹੁੰਦੈਂ। ਜੋ ਤੇਰੇ ਦਿਲ' ਚ ਹੈ ਨਾ, ਉਹ ਮੇਰੇ ਨਹੁੰਆਂ ਤੇ ਐ। ਆਹ ਦੇਖ।' ਉਸ ਨੇ ਆਪਣੇ ਨਹੁੰ ਦੇਵ ਦੇ ਮੂਹਰੇ ਕਰ ਦਿੱਤੇ ਦੇਵ ਨੂੰ ਉਨ੍ਹਾਂ ਨਹੁੰਆਂ ਵਿਚ ਦਲਬੀਰ ਦੀ ਸ਼ਕਲ ਦਿਖੀ। ਦਲਬੀਰ ਕੌਰ ਵਾਲ਼ੀ ਘਟਨਾ ਪ੍ਰਿੰਸੀਪਲ ਦੇ ਰਿਕਾਰਡ ਵਿਚ ਵੀ ਦਰਜ਼ ਸੀ ਤੇ ਸਾਰੇ ਪ੍ਰੋਫੈਸਰਾਂ ਨੂੰ ਵੀ ਪਤਾ ਸੀ। ਜ਼ਰੂਰ ਉਹ ਸਾਰੀ ਸੂਹ ਕੱਢ ਲਿਆਇਆ ਹੋਵੇਗਾ। ਇਸ ਤੋਂ ਪਹਿਲਾਂ ਕਿ ਉਹ ਜੁੱਤੀ ਵਾਹ ਕੇ ਪੁੱਛੇ, ਉਸ ਨੇ ਆਪ ਹੀ ਦੱਸ ਦੇਣਾ ਬਿਹਤਰ ਸਮਝਿਆ। ਉਸ ਨੇ ਨਿਝੱਕ ਹੋਕੇ ਸਾਰੀ ਗੱਲ ਦੱਸ ਦਿੱਤੀ। ਘਨ੍ਹੱਈਆ ਸੁਣਦਾ ਹੂੰ-ਹੂੰ ਵੀ ਕਰੀ ਗਿਆ ਤੇ ਸਿਗਰਟ ਦਾ ਧੂੰਆਂ ਵੀ ਛੱਡੀ ਗਿਆ।

'ਮਾਮਾ ਤੈਨੂੰ ਪਤਾ ਹੀ ਏ ਕਿ ਮੈਂ ਕਦੀ ਕਿਸੇ ਕੁੜੀ ਨੂੰ ਨਹੀਂ ਛੇੜਿਆ। ਤੇਰੀ ਤਾਂ ਹਰ ਨਸੀਹਤ ਮੈਂ ਪੱਲੇ ਬੰਨ੍ਹੀ ਹੋਈ ਏ। ਉਹ ਕੁੜੀ ਤਾਂ ਸਾਨੂੰ ਦੋਹਾਂ ਨੂੰ 'ਵੀਰ ਜੀ' ਕਹਿੰਦੀ ਏ। ਫੇਰ ਕਰਨੈਲ ਮੇਰਾ ਇੱਕੋ ਇੱਕ ਦੋਸਤ ਏ। ਕਿੰਨੀ ਵਾਰੀ ਤਾਂ ਉਹਦੀ ਭੈਣ ਦੇ ਘਰੋਂ ਸਬਜ਼ੀ ਲਿਆਂਦੀ। ਮੈਨੂੰ ਉਹਦੇ ਨਾਲ਼ ਲੱਗਣਾ ਪਿਆ। ਪ੍ਰਿੰਸੀਪਲ ਨੇ ਵੀ ਇਹੋ ਕਿਹਾ ਕਿ ਕੁੜੀਆਂ ਦੀ ਹਿਫਾਜ਼ਤ ਕਰਨੀ ਸਾਡਾ ਧਰਮ ਏਂ, ਪਰ ਸਾਨੂੰ ਉਨ੍ਹਾਂ ਮੁੰਡਿਆਂ ਨਾਲ਼ ਲੜਨਾ ਨਹੀਂ ਸੀ ਚਾਹੀਦਾ।' ਦੇਵ ਨੇ ਗੱਲ ਮੁਕਾਉਂਦਿਆਂ ਕਿਹਾ।

'ਅੱਛਿਆ.. ਇਕ ਦੋ ਗੱਲਾਂ ਦਾ ਹੋਰ ਵੀ ਮੈਨੂੰ ਪਤਾ ਲੱਗਾ ਏ।' ਉਹ ਬੋਲਿਆ।

ਦੇਵ ਸੋਚਣ ਲੱਗਾ ਕਿ ਹੋਰ ਉਸ ਨੂੰ ਕੀ ਪਤਾ ਲੱਗ ਗਿਆ। ਹੋਰ ਤਾਂ ਅਜਿਹਾ ਕੁਝ ਹੋਇਆ ਹੀ ਨਹੀਂ ਸੀ। ਕਦੀ ਕਿਸੇ ਨਾਲ਼ ਕੋਈ ਲੜਾਈ ਝਗੜਾ ਵੀ ਨੀ ਸੀ ਹੋਇਆ।

'ਤੂੰ ਕੋਈ ਸ਼ਰਾਰਤ ਕੀਤੀ? ਯਾਦ ਕਰ।'

ਇਕ ਦਮ ਜਿਵੇਂ ਉਸ ਦੇ ਦਿਮਾਗ ਵਿਚ ਬਿਜਲੀ ਕੌਂਧੀ। ਜ਼ਰੂਰ ਉਹ ਪ੍ਰੋਫੈਸਰ ਬੇਦੀ ਨੂੰ ਮਿਲਿਆ ਹੋਵੇਗਾ। ਉਹ ਉਨ੍ਹਾਂ ਨੂੰ ਮੈਥ ਪੜ੍ਹਾਉਂਦੇ ਸਨ ਤੇ ਇਕ ਲੱਤ ਪੋਲੀਓ ਦੀ ਮਾਰੀ ਹੋਣ ਕਰਕੇ ਉਹ ਆਪਣੇ ਸੱਜੇ ਗੋਡੇ ਉੱਤੇ ਹੱਥ ਰੱਖ ਕੇ ਡਿੰਘ ਪੁੱਟਿਆ ਕਰਦੇ ਸਨ। ਇਕ ਦਿਨ ਦੇਵ ਅਪਣੇ ਸੱਜੇ ਗੋਡੇ ਤੇ ਹੱਥ ਰੱਖ ਕੇ ਪ੍ਰੋਫੈਸਰ ਬੇਦੀ ਦੀ ਨਕਲ ਉਤਾਰਦਾ ਹਿਸਾਬ ਦੀ ਕਲਾਸ ਵਿਚ ਵੜਿਆ ਤਾਂ ਮੁੰਡੇ ਕੁੜੀਆਂ ਹੱਸ ਪਏ। ਬੇਦੀ ਸਾਹਿਬ ਵੀ ਉਸੇ ਵੇਲ਼ੇ ਅੰਦਰ ਹੀ ਆ ਵੜੇ ਤੇ ਦੇਵ ਨੂੰ ਸਾਂਗ ਲਾਉਂਦਾ ਦੇਖ ਕੇ ਹੱਸੇ, ਫਿਰ ਬੋਲੇ, 'ਦੇਖੋ ਮੇਰੀ ਪਰਾਬਲਮ। ਮੇਰੀ ਤਾਂ ਤੁਸੀਂ ਸਾਰੇ ਸਾਂਗ ਲਾ ਸਕਦੇ ਹੋ ਪਰ ਮੈਂ ਸਿੱਧਾ ਤੁਰ ਕੇ ਕਿਸੇ ਮੁੰਡੇ ਦੀ ਸਾਂਗ ਨਹੀਂ ਲਾ ਸਕਦਾ। ਲੈ ਬਈ ਰੋਲ ਨੰਬਰ ਨਾਈਨ ਇਕ ਵਾਰੀ ਫੇਰ ਮੇਰੀ ਸਾਂਗ ਲਾ ਕੇ ਦਿਖਾ। ਕਿੰਨਾ ਵਧੀਆ ਤੁਰਦਾ ਏਂ ਤੂੰ।'

ਬੇਦੀ ਸਾਹਿਬ ਦੀ ਗੱਲ ਨਾਲ਼ ਉਹ ਬਹੁਤ ਸ਼ਰਮਸਾਰ ਹੋਇਆ ਸੀ ਤੇ ਮਨ ਹੀ ਮਨ ਫੈਸਲਾ ਵੀ ਕਰ ਲਿਆ ਸੀ, ਕਿ ਮੁੜ ਕਦੀ ਉਹ ਅਜਿਹੀ ਹਰਕਤ ਨਹੀਂ ਕਰੇਗਾ। ਉਸਨੇ ਇਹ ਗੱਲ ਵੀ ਆਪਣੇ ਮਾਮੇ ਘਨ੍ਹੱਈਏ ਨੂੰ ਦੱਸ ਦਿੱਤੀ।

'ਤੈਨੂੰ ਸ਼ਰਮ ਨਾ ਆਈ ਆਪਣੇ ਗੁਰੂ ਦਾ ਮਜ਼ਾਕ ਉਡਾਉਂਦੇ ਨੂੰ? ਕਿਸੇ ਦੀ ਸ਼ਰੀਰਕ ਘਾਟ ਦਾ ਮਜ਼ਾਕ ਉਡਾਉਣਾ ਸਭ ਤੋਂ ਵੱਡਾ ਗੁਨਾਹ ਹੁੰਦਾ ਏ ਮੂਰਖ ਬੰਦੇ। ਰੱਬ ਤੋਂ ਡਰੀਦਾ ਏ।'

ਉਹ ਰੋਪੜ ਵਾਲ਼ਾ ਪੁਲ਼ ਲੰਘ ਕੇ ਸਰਵਰਪੁਰ ਵੱਲ ਨੂੰ ਚੱਲ ਪਏ। ਅੱਗੇ ਜਾ ਕੇ ਘਨ੍ਹੱਈਆ ਬੋਲਿਆ, 'ਅੱਜ ਤਾਂ ਮੈਂ ਤੇਰੇ ਕਾਲਜ ਜਾ ਨੀ ਸਕਿਆ। ਇਹ ਤਾਂ ਤੇਰੇ ਕੋਲ਼ੋਂ ਹੀ ਪਤਾ ਲੱਗਾ ਕਿ ਤੂੰ ਬੰਦਾ ਬਣ ਕੇ ਪੜ੍ਹਾਈ ਨਹੀਂ ਕਰ ਰਿਹਾ। ਅੱਗੇ ਤੋਂ ਤੇਰੇ ਪ੍ਰਿੰਸੀਪਲ ਤੇ ਪ੍ਰੋਫੈਸਰਾਂ ਨੂੰ ਮਿਲ ਕੇ ਜਾਇਆ ਕਰਾਂਗਾ। ਹੁਣ ਤੂੰ ਖ਼ਬਰਦਾਰ ਰਹੀਂ।'

ਦੇਵ ਨੂੰ ਆਪਣੀ ਬੇਵਕੂਫੀ ਤੇ ਪਛਤਾਵਾ ਹੋਇਆ ਕਿ ਉਸ ਨੇ ਤਾਂ ਐਵੇਂ ਸਭ ਕੁਝ ਬਕ ਦਿੱਤਾ ਸੀ। ਘਨ੍ਹੱਈਏ ਨੇ ਚੁਸਤੀ ਨਾਲ਼ ਉਸ ਨੂੰ ਪੈਰੋਂ ਕੱਢ ਲਿਆ ਸੀ।

**00**

# ਇਕਵੰਜਾ

ਸਲਾਹਪੁਰ ਪਿੰਡ ਤੋਂ ਉਲਟ ਸਰਵਰਪੁਰ ਦੇ ਬਹੁਤੇ ਮਕਾਨ ਪੱਕੇ ਸਨ। ਘਨ੍ਹੱਈਏ ਨੇ ਕਿਸੇ ਕੋਲ਼ੋਂ ਚੰਨਣ ਸਿੰਘ ਚਪੜਾਸੀ ਦਾ ਘਰ ਪੁੱਛਿਆ ਤੇ ਉਹ ਦੋਨੋਂ ਉਸ ਦੇ ਘਰ ਜਾ ਪੁੱਜੇ। ਬਿਨਾ ਗੇਟ ਤੋਂ ਖੁੱਲ੍ਹੇ ਵਿਹੜੇ ਵਾਲ਼ਾ ਉਸਦਾ ਘਰ ਪਿੰਡੋਂ ਬਾਹਰਵਾਰ ਸੀ। ਸਾਇਕਲਾਂ ਦਾ ਖੜਕਾ ਸੁਣ ਕੇ ਇਕ ਜੱਤਲ਼ ਕੁੱਤਾ ਪੈਰਾਂ ਨਾਲ਼ ਮਿੱਟੀ ਪੁੱਟਦਾ ਉਨ੍ਹਾਂ ਨੂੰ ਭੌਂਕਣ ਲੱਗ ਪਿਆ। ਕੱਛਾ ਬਨੈਣ ਪਾਈ ਆਪਣੇ ਭਾਰੇ ਵਾਲ਼ਾ ਦਾ ਜੂੜਾ ਕਰਦਾ ਚੰਨਣ ਸਿੰਘ ਕਮਰੇ' ਚੋਂ ਬਾਹਰ ਨਿਕਲ਼ ਆਇਆ ਤੇ ਕੁੱਤੇ ਨੂੰ ਝਿੜਕਦਾ ਬੋਲਿਆ, 'ਸਟਾਪ.... ਸਟਾਪ.... ਨੋ ਬਾਰਕਿੰਗ.... ਗੁਰਦਿਆਲ ਸਿੰਘ.... ਸਟਾਪ..... ਸਟਾਪ।'

ਕੁੱਤਾ ਪਿੱਛਲੀਆਂ ਟੰਗਾਂ ਵਿਚ ਪੂਛ ਦਬਾ ਕੇ ਵਿਹੜੇ' ਚ ਪਏ ਮੰਜੇ ਹੇਠ ਜਾ ਵੜਿਆ। ਚੰਨਣ ਸਿੰਘ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ ਤੇ ਬੋਲਿਆ, 'ਆਉ ਜੀ ਆਉ... ਜੀ ਆਇਆਂ ਨੂੰ... ਮੋਸਟ ਵੈਲਕਮ।'

'ਪਛਾਣਿਆਂ ਚੰਨਣ ਸਿਆਂ?' ਘਨ੍ਹੱਈਆ ਬੋਲਿਆ।

'ਤੁਸੀਂ ਸਲਾਹਪੁਰ ਤੋਂ ਨੀ? ਅਜੇ ਸੋਚ ਰਿਹਾ ਏਂ, ਕਦੀ ਦਰਸ਼ਨ ਜ਼ਰੂਰ ਕਰੇ ਨੇ। ਵੇਟ ਕਰੋ ਰਿਮੈਂਬਰ ਕਰ ਕੇ ਦੱਸਦਾ ਹਾਂ।' ਉਹ ਹੱਸਿਆ।

'ਆਹੋ ਪ੍ਰਾਹੁਣਿਆਂ... ਮੈਂ ਘਨ੍ਹੱਈਆ ਰਾਮ ਦਰਜ਼ੀ ਹਾਂ। ਭੂਰੀ ਦੇ ਵਿਆਹ ਤੇ ਕੱਪੜੇ ਸੀਤੇ ਸੀ; ਉਦੋਂ ਤੂੰ ਮਿਲਿਆ ਸੀ।' ਉਸ ਨੇ ਦੱਸਿਆ ਤਾਂ ਉਹ ਬਹੁਤ ਖੁਸ਼ ਹੋਇਆ ਤੇ ਮੰਜੇ ਦੀ ਪੈਂਦ ਵੱਲ ਨੂੰ ਬੈਠਦਾ ਬੋਲਿਆ, 'ਟੇਲਰ ਮਾਸਟਰ ਸਾਹਿਬ ਬੈਠੋ ਤੁਸੀਂ ਵੀ। ਇਕ ਗੱਲ ਯਾਦ ਆਉਂਦੀ ਏ, ਗਣੇਸ਼ ਮਹਾਰਾਜ ਨੂੰ ਹਾਥੀ ਦੇ ਬੱਚੇ ਦਾ ਸਿਰ ਲਗਾਉਣ ਵਾਲ਼ੀ ਸਟੋਰੀ ਤੁਸੀਂ ਹੀ ਤਾਂ ਸੁਣਾਈ ਸੀ।'

ਉਹ ਦੋਨੋਂ ਗੱਲਾਂ ਮਾਰਨ ਲੱਗ ਪਏ। ਦੇਵ ਐਧਰ-ਉੱਧਰ ਦੇਖਣ ਲੱਗਾ। ਵਿਹੜੇ ਦੇ ਇਕ ਖੂੰਜੇ ਵਿਚ ਪਰਦਾ ਕਰ ਕੇ ਖੁੱਲ੍ਹਾ ਬਾਥ ਰੂਮ ਬਣਾਇਆ ਹੋਇਆ ਸੀ, ਜਿਸ ਦੇ ਬਾਹਰ ਨਲ਼ਕਾ ਲੱਗਾ ਸੀ। ਦੂਜੇ ਖੂੰਜੇ ਵਿਚ ਪਾਥੀਆਂ ਦਾ ਗੁਹਾਰਾ ਸੀ ਜਿਸ ਦੇ ਸਿਰ ਵਿਚ

ਸੁੱਕੇ ਜੌਂ ਟੰਗੇ ਹੋਏ ਸਨ ਤੇ ਬੜੇ ਕਲਾਮਈ ਢੰਗ ਨਾਲ਼ ਗੋਹੇ ਨਾਲ਼ ਲਿੱਪਿਆ ਹੋਇਆ ਸੀ। ਉਸ ਦੇ ਮੂਹਰੇ ਕਪਾਹ ਦੀਆਂ ਛਿਟੀਆਂ ਦਾ ਅੰਬਾਰ ਲੱਗਾ ਹੋਇਆ ਸੀ। ਕਮਰੇ ਦੀ ਸਰਦਲ ਨਾਲ਼ ਸ਼ਰੀਂਹ ਦੇ ਪੱਤੇ ਅਤੇ ਪਲਾਸਟਕ ਦੇ ਖਿਡੌਣੇ ਖੰਮਣੀ ਨਾਲ਼ ਬੰਨ੍ਹ ਕੇ ਲਟਕਾਏ ਹੋਏ ਸਨ। ਕਮਰੇ ਦੇ ਬਾਹਰ ਇਕ ਇਓਟਾ ਸੀ ਉੱਥੋਂ ਹੀ ਸੋਧਾਂ ਉੱਠੀ ਤੇ ਮੁਸਕਰਾਉਂਦੀ ਹੋਈ ਉਨ੍ਹਾਂ ਵੱਲ ਨੂੰ ਤੁਰ ਆਈ। ਫਿਰ ਬੋਲੀ, 'ਘਨ੍ਹੱਈਏ ਵੀਰੇ ਤੂੰ ਅੱਜ ਕਿਵੇਂ ਰਸਤਾ ਭੁੱਲ ਗਿਆ?'

'ਬੱਸ ਭੈਣੇ ਇਹ ਭਾਣਜਾ ਏ ਮੇਰਾ... ਭਾਗਵੰਤੀ ਦਾ ਛੋਟਾ ਮੁੰਡਾ। ਕਾਲਜ ਵਿਚ ਪੜ੍ਹਦਾ ਏ। ਐਥੇ ਆਏ ਸੀ, ਸੋਚਿਆ ਤੁਹਾਨੂੰ ਵੀ ਮਿਲ ਜਾਵਾਂ।'

'ਜਮ ਜਮ ਆਓ ਵੀਰੇ। ਰੂਹ ਖੁਸ਼ ਹੋ ਗਈ ਤੁਹਾਨੂੰ ਦੇਖ ਕੇ। ਪਿੰਡ ਦਾ ਤਾਂ ਕੁੱਤਾ ਵੀ ਮਾਨ ਨੀ ਹੁੰਦਾ।' ਉਹ ਬੋਲੀ ਤਾਂ ਦੇਵ ਨੂੰ ਉਸ ਦੀ ਆਖ਼ਰੀ ਗੱਲ ਚੰਗੀ ਨਾ ਲੱਗੀ। ਭਲਾ ਕੁੱਤੇ ਦੀ ਉਦਾਹਰਣ ਦੇਣ ਦੀ ਕੀ ਲੋੜ ਸੀ ਉਸਨੂੰ। ਦੇਵ ਦੀ ਉਹ ਮਾਸੀ ਲੱਗਦੀ ਸੀ ਇਸ ਲਈ ਉਸ ਨੇ ਉੱਠਕੇ ਉਸ ਨੂੰ ਮੱਥਾ ਟੇਕ ਦਿੱਤਾ।

'ਚਾਹ ਬਣਾ ਬਈ ਸੋਧਾਂ, ਜ਼ਰਾ ਕੜਾਕੇਦਾਰ... ਆਪਣੇ ਭਰਾ ਲਈ।' ਚੰਨਣ ਸਿੰਘ ਨੇ ਕਿਹਾ ਤਾਂ ਸੋਧਾਂ ਮੁੜ ਇਓਟੇ ਉਹਲੇ ਚਲੀ ਗਈ। ਚੰਨਣ ਸਿੰਘ ਫੇਰ ਘਨ੍ਹੱਈਏ ਨਾਲ਼ ਗੱਲੀਂ ਪੈ ਗਿਆ। ਸੋਧਾਂ ਨੇ ਪਹਿਲਾਂ ਉਨ੍ਹਾਂ ਅੱਗੇ ਤਿਪਾਈ ਰੱਖੀ ਤੇ ਫਿਰ ਚਾਹ ਵਾਲ਼ੀ ਗੜਵੀ ਤੇ ਤਿੰਨ ਪਿੱਤਲ਼ ਦੇ ਗਿਲਾਸ।

'ਇਕ ਗਿਲਾਸ ਲੈ ਜਾ ਭੈਣੇ। ਮੁੰਡਾ ਨੀ ਚਾਹ ਪੀਂਦਾ।' ਘਨ੍ਹੱਈਆ ਬੋਲਿਆ।

'ਚਾਹ ਨੀਂ ਪੀਂਦਾ? ਪੜ੍ਹਦਾ ਸੁਆਹ ਹੋਊ ਫੇਰ। ਚਾਹ ਦੇ ਨਾਲ਼ ਤਾਂ ਡਮਾਕ ਦੇ ਮੁਸਾਮ ਓਪਨ ਹੁੰਦੇ ਆਂ ਬੱਚੂ।' ਚੰਨਣ ਸਿੰਘ ਹੱਸਿਆ।

'ਉਇ ਬਈ ਪਿੰਨੀਆਂ ਵੀ ਲੈਕੇ ਆ ਚੌਲ਼ਾਂ ਦੀਆਂ।' ਥੋੜ੍ਹਾ ਅਟਕ ਕੇ ਉਹ ਫਿਰ ਬੋਲਿਆ।

'ਪਿੰਨੀਆਂ ਤਾਂ ਕੱਲ੍ਹ ਹੀ ਮੁੱਕ ਗਈਆਂ ਸਾਰੀਆਂ। ਢੈ ਜਾਣੇ ਨਿਆਣੇ ਹੀ ਕਰ ਗਏ ਸਭ ਚੱਟਮ।' ਉਹ ਹੱਸਕੇ ਬੋਲੀ।

'ਚੱਲ ਫੇਰ ਬਿਸਕੁਟ ਹੀ ਲਿਆ ਦੇ, ਰੰਡੀ ਚਾਹ ਨੀ ਚੰਗੀ ਲੱਗਦੀ।'

'ਬਿਸਕੁਟ ਕਦੋਂ ਲਿਆ ਕੇ ਦਿੱਤੇ ਸੀ ਤੂੰ?' ਉਹ ਫਿਰ ਹੱਸੀ।

'ਨਾ ਭਾਈ ਕੋਈ ਨਾ... ਰੋਟੀ ਖਾਧੀ ਆ ਅਜੇ ਤਪਹਿਰੇ।' ਘਨ੍ਹੱਈਆ ਰੁਮਾਲ ਨਾਲ਼ ਤੱਤਾ ਗਿਲਾਸ ਚੁੱਕ ਕੇ ਬੋਲਿਆ।

'ਨਾ ਨਾ ਰੋਟੀ ਤਾਂ ਐਥੇ ਵੀ ਖਾਣੀ ਪਊ। ਨਹੀਂ ਤਾਂ ਪਿੰਡ ਜਾ ਕੇ ਤਵਾ ਲਾਵੇਂਗਾ ਬਈ ਪ੍ਰਾਹੁਣੇ ਨੇ ਵੈਲਕਮ ਨੀ ਕੀਤਾ।'

'ਹੈ ਕਮਲਾ... ਮੈਂ ਕਿਉਂ ਲਾਉਣ ਲੱਗਾ ਤਵਾ?... ਤੂੰ ਬਾਲ ਬੱਚਿਆਂ ਦੀ ਦੱਸ। ਕਿਵੇ ਂ ਨੇ ਸਾਰੇ?'

'ਅੱਠੋ... ਅੱਠ ਮਾਰਦੇ ਨੇ.... ਬਾਹਰ ਗੁੱਲੀ-ਡੰਡਾ ਖੇਡਦੇ ਨੇ।'

'ਕਿੰਨੇ ਬੱਚੇ ਨੇ ਸੁੱਖ ਨਾਲ਼?' ਘਨ੍ਹੱਈਆ ਬੋਲਿਆ।

'ਚਾਰ ਬੀਬੀਆਂ ਨੇ ਤਿੰਨ ਕਾਕੇ... ਸਭ ਤੋਂ ਸਮਾਲ ਢਾਈ ਮਹੀਨੇ ਦਾ ਏ ਅਜੇ।'

'ਚਲੋ ਸ਼ੁਕਰ ਆ... ਔਲਾਦ ਆਸਰੇ ਹੀ ਬੰਦਾ ਉਡਿਆ ਫਿਰਦੈ।'

'ਡੋਬਦੀ ਵੀ ਔਲਾਦ ਹੀ ਆ ਅੱਜ ਕੱਲ੍ਹ... ਇਹ ਤੇਰਾ ਭਾਣਜਾ ਤੇਰੇ ਕੋਲ਼ ਹੀ ਰਹਿੰਦੈ?'

'ਹਾਂ ਬੱਸ ਇਹੀ ਆ ਸਾਨੂੰ ਦੇਖਣ ਨੂੰ... ਮੇਰੀ ਤਾਂ ਕੋਈ ਔਲਾਦ ਨੀ ਹੈਗੀ। ਭੈਣ ਤੋਂ ਲੈ ਲਿਆ ਏ ਮੈਂ।' ਘਨ੍ਹੱਈਏ ਨੇ ਦੱਸਿਆ।

'ਉਸ ਮਗਰੋਂ ਦੇਵ ਦੇ ਮਾਮੇ ਨੇ ਭਾਗਵੰਤੀ ਨਾਲ਼ ਜੋ ਭਾਣਾਂ ਵਰਤਿਆ ਸੀ, ਸਭ ਸੁਣਾ ਦਿੱਤਾ। ਚੰਨਣ ਸਿੰਘ ਉਹਦੀ ਗੱਲ ਵਿਚ ਕੋਈ ਬਹੁਤੀ ਦਿਲਚਸਪੀ ਨਹੀਂ ਸੀ ਲੈ ਰਿਹਾ। ਬੱਸ ਉਬਾਸੀਆਂ ਹੀ ਲੈਂਦਾ ਰਿਹਾ। ਫਿਰ ਬੋਲਿਆ, 'ਅੱਜ ਕਿਵੇਂ ਦਰਸ਼ਨ ਦਿੱਤੇ?'

'ਪਿੰਡੋਂ ਕਾਲਜ ਆਉਣਾ ਜਾਣਾ ਔਖਾ ਏ ਮੁੰਡੇ ਨੂੰ। ਸਾਇੰਸ ਪੜ੍ਹਦਾ ਏ ਨਾ। ਤੇਰੇ ਪਿੰਡ' ਚ ਕੋਈ ਕਮਰਾ ਕਿਰਾਏ ਤੇ ਲੈਣ ਦੀ ਸਲਾਹ ਏ। ਦੱਸ ਕੋਈ।'

'ਇਕੱਲਾ ਰਹਿ ਜੂ?'

'ਇਕੱਲਾ ਨਹੀਂ, ਮੇਰੀ ਭੈਣ ਭਾਗਵੰਤੀ ਰਹੂ ਕੋਲ਼।'

'ਚਲਦੇ ਆਂ... ਲੈ ਦਿੰਦੇ ਹਾਂ ਮਕਾਨ ਵੀ।' ਉਹ ਬੋਲਿਆ ਤੇ ਉੱਠਕੇ ਅੰਦਰ ਚਲਾ ਗਿਆ। ਕਮੀਜ਼ ਪਜਾਮਾ ਪਾਏ ਤੇ ਸਿਰ ਨੂੰ ਪਰਨਾ ਲਪੇਟਦਾ ਬਾਹਰ ਨਿਕਲ਼ ਕੇ ਬੋਲਿਆ, 'ਚਲੋ ਜੀ ਦੇਵਤਿਓ।'

ਘਨ੍ਹੱਈਏ ਨੇ ਦੋ ਰੁਪਏ ਕੱਢ ਕੇ ਸੋਧਾਂ ਨੂੰ ਫੜਾਏ। ਉਹ ਤਾਂ ਫੜਦੀ ਨਹੀਂ ਸੀ, ਪਰ ਜਦੋਂ ਉਸਨੇ ਕਿਹਾ, 'ਨਾ ਭੈਣੇ... ਭਰਾ ਆਵੇ ਵੀ ਖਾਲੀ ਹੱਥ ਤੇ ਭੈਣ ਨੂੰ ਦਵੇ ਵੀ ਕੁਝ ਨਾ, ਇਹ ਕੋਈ ਰੀਤ ਨ੍ਹੀ ਆਪਣੀ।' ਤਾਂ ਸੋਧਾਂ ਨੇ ਪੈਸੇ ਫੜ ਲਏ।

ਗੁਰਦੁਆਰੇ ਦੇ ਬਿਲਕੁਲ ਲਾਗੇ ਇਕ ਵੱਡੇ ਫਾਟਕਾਂ ਵਾਲ਼ਾ ਤਬੇਲਾ ਸੀ, ਜਿਸ ਦੇ ਅੰਦਰ ਵੜਦਿਆਂ ਹੀ ਇਕ ਬਰਾਂਡਾ, ਸੱਜੇ ਹੱਥ ਇਕ ਲੰਬਾ ਕਮਰਾ ਸੀ, ਜਿਸਦੇ ਦੋਨਾਂ ਪਾਸੇ ਦਰਵਾਜ਼ੇ ਅਤੇ ਗਲ਼ੀ ਵੱਲ ਖੁੱਲ੍ਹਦੀਆਂ ਦੋ ਖਿੜਕੀਆਂ ਸਨ। ਬਿਲਕੁਲ ਪਿੱਛੇ ਇਕ ਵਿਹੜਾ ਤੇ ਢਹਿਆ ਹੋਇਆ ਇਕ ਕੱਚਾ ਕੋਠਾ ਸੀ ਜਿਸ ਦੀਆਂ ਟੁੱਟੀਆਂ ਕਾਫ਼ੀ ਸਾਰੀਆਂ ਕੜੀਆਂ ਹੇਠ ਪਈਆਂ ਸਨ ਤੇ ਕੁਝ ਛੱਤ ਨਾਲ਼ ਲਟਕ ਰਹੀਆਂ ਸਨ। ਇਹ ਇਕ ਕੱਲੀ-ਕਾਰੀ ਬੁੱਢੀ ਔਰਤ ਪ੍ਰਸਿੰਨੀ ਦਾ ਡੰਗਰਾਂ ਵਾਲ਼ਾ ਕੋਠਾ ਸੀ। ਘਰ ਦੇ ਜੀਅ ਖ਼ਤਮ ਹੋਣ ਨਾਲ਼ ਡੰਗਰ ਵੀ ਖ਼ਤਮ ਹੋ ਗਏ ਸਨ। ਬੁੱਢੀ ਦੀ ਖੱਬੀ ਲੱਤ ਉੱਤੇ ਕੱਦੂ ਜਿੱਡਾ ਪਲੇਗ ਦਾ ਫੋੜਾ ਸੀ, ਜਿਹੜਾ ਸਾਰੇ ਪਾਸਿਆਂ ਤੋਂ ਬੰਦ ਸੀ ਤੇ ਉਸ ਨੂੰ ਉਸ ਦੀ ਕੋਈ ਤਕਲੀਫ ਵੀ ਨਹੀਂ ਸੀ। ਸ਼ਾਇਦ ਉਹ ਪਿੰਡ ਵਿਚ ਪਲੇਗ ਦੀ ਮਾਰ ਹੇਠ ਆਉਣ ਮਗਰੋਂ ਬਚੀ ਇੱਕੋ ਇੱਕ ਔਰਤ ਸੀ। ਬੁੱਢੀ ਨੇ ਗੋਲ਼ ਸ਼ੀਸ਼ਿਆਂ ਵਾਲ਼ੀਆਂ ਐਨਕਾਂ ਲਾਈਆਂ ਹੋਈਆਂ ਸਨ, ਜਿਨ੍ਹਾਂ ਨੂੰ ਨੱਕ ਵਾਲ਼ੀ ਥਾਂ ਤੇ ਲੀਰਾਂ ਲਪੇਟੀਆਂ ਹੋਈਆਂ ਸਨ ਤੇ ਡੰਡੀਆਂ ਵਾਲ਼ੀ ਥਾਂ ਕਾਲ਼ੇ ਧਾਗੇ ਕੰਨਾ ਤੇ ਲਪੇਟੇ ਹੋਏ ਸਨ। ਪ੍ਰਸਿੰਨੀ ਬਹੁਤ ਬਿਰਧ ਸੀ ਤੇ ਇਕ ਅਨਘੜ੍ਹ ਸੋਟੀ ਆਸਰੇ ਤੁਰਦੀ ਸੀ। ਹਰ ਕਦਮ ਪੁੱਟਣ ਵੇਲੇ ਉਸਦੇ ਮੂੰਹ' ਚੋਂ ਵਾਰੀ ਵਾਰੀ 'ਵਾਹਿਗੁਰੂ' ਤੇ 'ਹਾਇ' ਨਿਕਲ਼ਦਾ ਸੀ। ਉਹ ਉਨ੍ਹਾਂ ਨੂੰ ਗੁਰਦੁਆਰੇ' ਚੋਂ ਨਿਕਲ਼ਦੀ ਮਿਲ ਪਈ ਸੀ। ਬੁੱਢੀ ਨੂੰ ਬਹੁਤ ਉੱਚਾ ਸੁਣਦਾ ਸੀ

ਜਾਂ ਫਿਰ ਸੁਣਦਾ ਹੀ ਨਹੀਂ ਸੀ। ਚੰਨਣ ਸਿੰਘ ਨੇ ਗੂੰਗਿਆਂ ਵਾਂਗ ਹੱਥ ਮਾਰ, ਮੂੰਹ ਸਿਰ ਤੇ ਉਂਗਲਾਂ ਹਿਲਾ ਉਸ ਨੂੰ ਸਾਰੀ ਗੱਲ ਸਮਝਾ ਦਿੱਤੀ ਕਿ ਮਕਾਨ ਕਿਰਾਏ ਤੇ ਚੜ੍ਹਾਉਣਾ ਹੈ। ਬੁੜ੍ਹੀ ਨੇ ਦੋਨਾਂ ਹੱਥਾਂ ਦੀਆਂ ਉਂਗਲਾਂ ਖੜ੍ਹੀਆਂ ਕਰ ਕੇ ਕਿਹਾ, 'ਅੱਠ ਰੁਪਏ ਮਹੀਨਾ ਲਿਆਂਗੀ, ਰਹਿਣਾ ਰਹੋ, ਨਹੀਂ ਰਹਿਣਾ ਨਾ ਰਹੋ।'

ਚੰਨਣ ਸਿੰਘ ਨੇ ਸਿਰ ਮਾਰ ਕੇ ਦੋਨੋਂ ਹੱਥ ਜੋੜੇ ਤੇ ਹੇਠਲਾ ਬੁੱਲ੍ਹ ਕੱਢਿਆ। ਜਿਵੇ ਂ ਕਹਿ ਰਿਹਾ ਹੋਵੇ- ਮਾਫ਼ ਕਰ ਲੁੱਟਣੇ ਨੇ ਵਿਚਾਰੇ ਪ੍ਰਦੇਸੀ?

ਫਿਰ ਉਸ ਨੇ ਚਾਰ ਉਂਗਲਾਂ ਖੜ੍ਹੀਆਂ ਕਰ ਕੇ ਸਮਝਾਇਆ ਕਿ ਚਾਰ ਰੁਪਏ ਲੈਣੇ ਹਨ ਤਾਂ ਲਵੇ ਨਹੀਂ ਉਹ ਚੱਲੇ। ਉਹ ਬੋਲੀ, 'ਚਾਰ ਨਹੀਂ, ਪੰਜ ਦੇ ਦੇਣਾ।'

'ਇਹਨੇ ਦੋ ਚਾਰ ਮਹੀਨੇ ਵਿਚ ਸਿਆਲ਼ ਆਉਂਦੇ ਹੀ ਮਰ ਜਾਣਾ ਏਂ ਘਨ੍ਹੱਈਆ ਜੀ। ਅੱਗੇ ਪਿੱਛੇ ਤਾਂ ਇਹਦਾ ਕੋਈ ਹੈ ਨੀ। ਦੱਬ ਲਿਓ। ਕਚਹਿਰੀਆਂ' ਚ ਕਾਗਜ਼ੀ ਕਾਰਵਾਈ ਕਰਨ ਲਈ ਮਰੀ ਪਈ ਦਾ ਅੰਗੂਠਾ ਲੁਆਉਣਾ ਮੇਰਾ ਕੰਮ।' ਚੰਨਣ ਸਿੰਘ ਹੱਸ ਕੇ ਬੋਲਿਆ।

'ਰਾਮ.. ਰਾਮ.. ਪ੍ਰਾਹੁਣਿਆਂ.. ਆਹ ਕੀ ਗੱਲ ਕਰ ਤੀ? ਭਾਈ ਕਿਸੇ ਦਾ ਪਿੱਛਾ ਨਾ ਤਕਾਈਏ... ਇਹ ਗੱਲ ਤਾਂ ਅਸੀਂ ਸੁਪਨੇ' ਚ ਵੀ ਨੀ ਸੋਚ ਸਕਦੇ। ਪੰਜ ਰੁਪਏ ਦੇ ਦਿਆ ਕਰਾਂਗੇ, ਤੂੰ ਮਾਈ ਤੋਂ ਚਾਬੀ ਦੁਆ।' ਘਨ੍ਹੱਈਆ ਬੋਲਿਆ।

'ਘਨ੍ਹੱਈਏ ਨੇ ਬੁੱਢੀ ਨੂੰ ਇੱਕ ਰੁਪਿਆ ਅਡਵਾਂਸ ਦੇ ਦਿੱਤਾ ਤੇ ਉਸ ਤੋਂ ਚਾਬੀ ਫੜ ਕੇ ਮਕਾਨ ਨੂੰ ਤਾਲ਼ਾ ਮਾਰ ਦਿੱਤਾ। ਉਹ ਬੋਲਿਆ, 'ਚੰਨਣ ਸਿਆਂ ਤੇਰੀ ਕਿਰਪਾ ਹੋ ਗਈ ਆਹ ਤਾਂ। ਰੰਗ ਲੱਗ ਗਏ। ਆਪੇ ਮੇਰੀ ਭੈਣ ਆ ਕੇ ਲਿੱਪ ਲਊ ਮਕਾਨ ਨੂੰ। ਹੁਣ ਅਸੀਂ ਜਾਣਾ ਏਂ ਮਹਿੰਦਰ ਕੌਰ ਨੂੰ ਮਿਲਣ। ਜੇ ਤੂੰ ਨਾਲ਼ ਚੱਲੇਂ ਤੇਰੀ ਮਿਹਰਬਾਨੀ।'

'ਕੀਹਨੂੰ? ਗੋਭੋ ਪੰਚਣੀ ਨੂੰ?'

'ਇਹ ਤਾਂ ਮੈਨੂੰ ਪਤਾ ਨੀ। ਮੇਰੀ ਤਾਂ ਬੂਆ ਲਗਦੀ ਏ। ਸਾਡੇ ਪਿੰਡੋਂ ਏ ਨਾ। ਅਤਰ ਸਿੰਘ ਦੀ ਵੱਡੀ ਭੈਣ।'

'ਉਇ ਆਹੋ ਜਾਣਦੈਂ ਮੈਂ ਵੱਡੀ ਪੰਚਣੀ ਨੂੰ... ਹੁਣ ਤਾਂ ਚੂਲ਼ਾ ਤੁੜਾਈ ਪਈ ਏ ਮੰਜੇ ਤੇ। ਕੋਈ ਫੇਟ ਮਾਰ ਗਿਆ ਲਾਰੀ ਦੀ। ਇਹਨੇ ਵੀ ਜਿੰਨੀ ਦੇਰ ਚਲਦੀਆਂ ਰਹੀਆਂ, ਅੱਤ ਚੁੱਕੀ ਰੱਖੀ ਰੱਬ ਦੀ ਬੰਦੀ ਨੇ।' ਚੰਨਣ ਸਿੰਘ ਬੋਲਿਆ।

'ਚੱਲ ਭਰਾਵਾ ਜਿਵੇਂ ਮਰਜ਼ੀ ਹੋਵੇ, ਸਾਨੂੰ ਮਿਲਾ ਦੇ ਕੇਰਾਂ ਉਹਦੇ ਨਾਲ਼।'

'ਨਾ ਬਈ ਘਨ੍ਹੱਈਆ ਜੀ। ਉਹਦੇ ਤਾਂ ਮੈਂ ਭੋਗ ਤੇ ਵੀ ਨਾ ਜਾਵਾਂ। ਮੇਰਾ ਢੇਰ ਚੁਕਵਾ ਦਿੱਤਾ ਸੀ ਉਸ ਨੇ ਕੇਰਾਂ। ਫੇਰ ਨੀ ਮੈਂ ਕਦੀ ਬੁਲਾਈ।'

'ਢੇਰ ਕਾਹਤੋਂ ਚੁਕਵਾ ਦਿੱਤਾ ਸੀ?' ਘਨ੍ਹੱਈਏ ਨੇ ਪੁੱਛਿਆ।

'ਕਹਿੰਦੀ, ਪਹਾ ਰੋਕਿਆ ਹੋਇਆ ਏ। ਉਹਨੇ ਟੈਂਕ ਲੰਘਾਉਣਾ ਸੀ ਉੱਥੋਂ।'

'ਟੈਂਕ ਕਾਹਦੇ ਲਈ?' ਘਨ੍ਹੱਈਏ ਨੂੰ ਉਸ ਦੀ ਟਿੱਚਰ ਸਮਝ ਨਾ ਆਈ।

'ਇਹ ਤਾਂ ਭਰਾਵਾ ਤੂੰ ਉਸ ਨੂੰ ਪੁੱਛ ਲਵੀਂ। ਮੈਂ ਨਹੀਂ ਜਾ ਸਕਦਾ ਤੇਰੇ ਨਾਲ਼। ਘਰ ਤੈਨੂੰ ਦੱਸ ਦਿੰਨੈਂ। ਨੱਕ ਦੀ ਸੇਧੇ ਚਲੇ ਜਾਓ ਇਸੇ ਗਲ਼ੀ। ਸਿਰੇ ਤੇ ਜਾ ਕੇ ਸੱਜੇ ਪਾਸੇ ਤਿੰਨ

ਚਾਰ ਡੇਕਾਂ ਤੇ ਇਕ ਜਾਮਣ ਪਤਾ ਨੀ ਨਿੰਮ ਖੜ੍ਹੀ ਏ ਵਿਹੜੇ ਵਿਚ। ਹਾਕ ਮਾਰ ਲਿਓ। ਕੁੱਤੇ ਤੋਂ ਬਚਿਓ।' ਚੰਨਣ ਸਿੰਘ ਉਨ੍ਹਾਂ ਨੂੰ ਘਰ ਦੱਸ ਕੇ ਉੱਥੋਂ ਹੀ ਵਾਪਸ ਹੋ ਗਿਆ।

**00**

# ਬਵੰਜਾ

ਚੰਨਣ ਸਿੰਘ ਵੱਲੋਂ ਦੱਸੀਆਂ ਨਿਸ਼ਾਨੀਆਂ ਅਨੁਸਾਰ ਉਨ੍ਹਾਂ ਨੇ ਘਰ ਪਛਾਣ ਲਿਆ। ਦੋਨੋਂ ਸਾਇਕਲ ਕੰਧ ਨਾਲ਼ ਲਾਏ ਤੇ ਲੱਕੜ ਦਾ ਵੱਡਾ ਗੇਟ ਧੱਕਿਆ। 'ਚੀਂਅਅਅ' ਦੀ ਆਵਾਜ਼ ਕਰਕੇ ਗੇਟ ਖੁੱਲ੍ਹ ਗਿਆ। ਸਾਮਣੇ ਇਕ ਕੁੜੀ ਟੋਕੇ ਵਾਲ਼ੀ ਮਸ਼ੀਨ ਗੇੜ ਰਹੀ ਸੀ ਤੇ ਇਕ ਪਾਸਿਉਂ ਘੁੰਡ ਦਾ ਸਿਰਾ ਬੁੱਲ੍ਹਾਂ ਵਿੱਚ ਘੁੱਟੀ ਇਕ ਔਰਤ ਰੁੱਗ ਲਾ ਰਹੀ ਸੀ। ਉਨ੍ਹਾਂ ਨੂੰ ਦੇਖ ਕੁੜੀ ਨੇ ਮਸ਼ੀਨ ਗੇੜਨੀ ਬੰਦ ਕਰ ਦਿੱਤੀ ਤੇ ਔਰਤ ਨੂੰ ਕੁਝ ਕਿਹਾ। ਉਹ ਉਸੇ ਤਰ੍ਹਾਂ ਗੇਟ ਵੱਲ ਨੂੰ ਤੁਰ ਆਈ।

'ਭਾਈ ਬੀਬਾ ਅਸੀਂ ਸਲਾਹਪੁਰ ਤੋਂ ਆਏ ਹਾਂ। ਬੂਆ ਹੈਗੀ ਘਰ?' ਘਨ੍ਹੱਈਏ ਨੇ ਕਿਹਾ।

'ਹਾਂ ਜੀ, ਐਧਰ ਸਾਮ੍ਹਣੇ ਕਮਰੇ ਵਿਚ ਪਏ ਨੇ।' ਉਸ ਨੇ ਇਸ਼ਾਰਾ ਕਰਕੇ ਦੱਸਿਆ ਵੀ ਤੇ ਉੱਧਰ ਨੂੰ ਤੁਰ ਵੀ ਪਈ। ਕਮਰੇ ਦੇ ਬਾਹਰ ਬਰਾਂਡੇ ਵਿਚ ਇਕ ਬਿਰਧ ਲੇਟਿਆ ਪਿਆ ਸੀ ਤੇ ਉਸ ਦੇ ਉੱਪਰ ਗਲ਼ੇ ਤੱਕ ਲਈ ਚਾਦਰ ਹੇਠੋਂ ਨਿਕਲ਼ੀ ਰਬੜ ਦੀ ਨਾਲ਼ੀ ਨਾਲ਼ ਪਿਸ਼ਾਬ ਵਾਲ਼ੀ ਥੈਲੀ ਲਟਕ ਰਹੀ ਸੀ। ਉਸ ਨੇ ਉਨ੍ਹਾਂ ਵੱਲ ਦੇਖ ਅੱਖਾਂ ਝਮਕੀਆਂ।

'ਸਾ ਸਰੀ' ਕਾਲ ਫੁੱਫੜ ਜੀ।' ਘੱਨ੍ਹਈਏ ਨੇ ਹੱਥ ਜੋੜ ਕੇ ਕਿਹਾ।

'ਸਾਸਰੀ' ਕਾਲ ਭਾਈ.... ਪਛਾਣੇ ਨੀ ਸਾਊ... ਕੌਣ ਹੋ?'

'ਜੀ ਮੈਂ ਘਨ੍ਹੱਈਆ ਦਰਜ਼ੀ ਹਾਂ ਸਲਾਹਪੁਰ ਤੋਂ। ਐਥੇ ਆਏ ਸੀ ਸੋਚਿਆ ਬੂਆ ਦੀ ਖ਼ਬਰਸਾਰ ਲੈ ਜਾਵਾਂ। ਪਤਾ ਲੱਗਿਆ ਸੀ ਐਕਸੀਡੈਂਟ ਦਾ।'

'ਘਨ੍ਹੱਈਏ.... ਅੰਦਰ ਲੰਘ ਆ ਭਾਈ।' ਅੰਦਰੋਂ ਮਹਿੰਦਰ ਕੌਰ ਦੀ ਅਵਾਜ਼ ਆਈ। ਉਹ ਅੰਦਰ ਮੰਜੇ ਉੱਤੇ ਪਈ ਸੀ। ਉਨ੍ਹਾਂ ਦੋਨਾਂ ਨੇ ਉਸ ਦੇ ਪੈਰ ਛੂਹੇ।

'ਬਹਿਜੋ ਪੁੱਤ.... ਕਿਵੇਂ ਆਉਣਾ ਹੋ ਗਿਆ ਅੱਜ?'

ਘਨ੍ਹੱਈਏ ਨੇ ਦੱਸਿਆ ਕਿ ਉਸ ਦਾ ਭਾਣਜਾ ਕਾਲਜ ਵਿਚ ਪੜ੍ਹਦਾ ਹੈ। ਸਰਵਰਪੁਰ ਵਿਚ ਕਮਰਾ ਲਿਆ ਹੈ ਗੁਰਦੁਆਰੇ ਕੋਲ਼ ਕਿਰਾਏ ਤੇ। ਮੁੰਡੇ ਕੋਲ਼ ਉਸ ਦੀ ਮਾਂ ਰਹਿ ਜਾਵੇ ਗੀ ਤਾਂ ਪੜ੍ਹਾਈ ਚੰਗੀ ਹੋਜੂ। ਰੋਜ਼ ਆਉਣ ਜਾਣ ਦਾ ਟੰਟਾ ਮੁੱਕੂ।

ਮੰਜੇ ਉੱਤੇ ਬੈਠੇ ਦੇਵ ਦਾ ਧਿਆਨ ਕਮਰੇ ਨੂੰ ਲੱਗੀ ਲੋਹੇ ਦੇ ਸਰੀਆਂ ਵਾਲ਼ੀ ਖਿੜਕੀ ਵੱਲ ਗਿਆ। ਉਹੀ ਕੁੜੀ ਸਾਮ੍ਹਣੇ ਖਿੜਕੀ ਵਿੱਚੋਂ ਦੇਖ ਰਹੀ ਸੀ। ਕੁੜੀ ਬਹੁਤ ਸੁਹਣੀ ਸੀ। ਉਸ ਦੇ ਵਾਲ਼ ਪੰਮੀ ਦੀ ਤਰ੍ਹਾਂ ਭੂਰੇ-ਭੂਰੇ ਸਨ ਤੇ ਅੱਖਾਂ ਆਮ ਨਾਲ਼ੋਂ ਜ਼ਰਾ ਵੱਡੀਆਂ ਲਗਦੀਆਂ ਸਨ।

'ਚਾਹ ਬਣਾਓ ਪੁੱਤ ਰਸ਼ਮਿੰਦਰ।' ਮਹਿੰਦਰ ਕੌਰ ਨੇ ਆਪਣੀ ਨੂੰਹ ਨੂੰ ਕਿਹਾ।

'ਨਹੀਂ ਬੂਆ ਚਾਹ ਤਾਂ ਹੁਣੇ ਪੀ ਕੇ ਆਏ ਹਾਂ ਚੰਨਣ ਸਿਓਂ ਵੱਲੋਂ।' ਘਨ੍ਹੱਈਏ ਨੇ

ਦੱਸਿਆ।

ਉਸ ਦੀ ਨੂੰਹ ਨੇ ਮਸ਼ੀਨ ਕੋਲ਼ ਜਾ ਕੇ ਹਾਕ ਮਾਰੀ, 'ਨੀ ਦੀਪੀ... ਆ ਜਾ ਹੁਣ ਭਾਈ, ਚਾਰ ਕੁ ਪੂਲੇ ਰਹਿ ਗਏ। ਮੁਕਾਈਏ ਕੰਮ।'

ਉਸ ਦੀ ਆਵਾਜ਼ ਸੁਣ ਕੇ ਕੁੜੀ ਚਲੀ ਗਈ ਤੇ ਮੁੜ ਮਸ਼ੀਨ ਗੇੜਨ ਲੱਗ ਪਈ। ਮਹਿੰਦਰ ਕੌਰ ਘਨ੍ਹੱਈਏ ਤੋਂ ਪਿੰਡ ਦਾ ਹਾਲ ਚਾਲ ਪੁੱਛਣ ਲੱਗ ਪਈ। ਉਸ ਨੇ ਇਹ ਵੀ ਦੱਸਿਆ ਕਿ ਉਸ ਦਾ ਬੇਟਾ ਹਰਮਿੰਦਰ ਸਿੰਘ ਤਿੰਨ ਸਾਲ ਪਹਿਲਾਂ ਕਨੇਡਾ ਚਲਾ ਗਿਆ ਸੀ। ਮਾਂ ਬਾਪ ਦੇ ਬੀਮਾਰ ਰਹਿਣ ਕਰਕੇ ਉਹ ਆਪਣੀ ਪਤਨੀ ਰਸ਼ਮਿੰਦਰ ਅਤੇ ਧੀ ਕੁਲਦੀਪ ਨੂੰ ਵੀ ਆਪਣੇ ਕੋਲ਼ ਸੱਦ ਨਹੀਂ ਸੀ ਸਕਿਆ। ਮਹਿੰਦਰ ਕੌਰ ਨੇ ਵੱਡੇ ਹਸਪਤਾਲ਼ਾਂ ਤੱਕ ਇਲਾਜ ਕਰਵਾਇਆ ਸੀ, ਪਰ ਉਹ ਠੀਕ ਨਹੀਂ ਸੀ ਹੋ ਸਕੀ। ਉਸ ਦੇ ਪਤੀ ਨੂੰ ਗੁਰਦਿਆਂ ਦੀ ਕੋਈ ਬੀਮਾਰੀ ਲੱਗ ਗਈ ਸੀ।

'ਐਥੇ ਤਾਂ ਵੀਰਾ ਟੋਕਾ ਵੀ ਵਿਚਾਰੀਆਂ ਮਾਂ-ਧੀ ਆਪ ਹੀ ਕਰਦੀਆਂ ਨੇ।' ਮਹਿੰਦਰ ਕੌਰ ਨੇ ਦੱਸਿਆ।

'ਦੇਵ ਜਾ ਪੁੱਤ ਤੂੰ ਗੇੜਦੇ ਮਸ਼ੀਨ।' ਘਨ੍ਹੱਈਏ ਨੇ ਕਿਹਾ। ਮਹਿੰਦਰ ਕੌਰ ਦੇ ਰੋਕਣ ਦੇ ਬਾਵਜੂਦ ਦੇਵ ਉੱਠ ਕੇ ਮਸ਼ੀਨ ਲਾਗੇ ਚਲਾ ਗਿਆ ਤੇ ਬੋਲਿਆ, 'ਲਿਆਓ ਜੀ ਮੈਂ ਗੇ ੜਦਾ ਹਾਂ।'

'ਨਹੀਂ ਵੀਰ ਜੀ, ਤੁਸੀਂ ਰਹਿਣ ਦਿਓ।' ਕੁੜੀ ਬੋਲੀ।

'ਨਹੀਂ-ਨਹੀਂ ਤੁਸੀਂ ਹਟੋ?' ਕਹਿ ਕੇ ਉਸ ਨੇ ਮਸ਼ੀਨ ਦੀ ਹੱਥੀ ਨੂੰ ਹੱਥ ਪਾ ਲਿਆ। ਕੁੜੀ ਪਿੱਛੇ ਹਟ ਗਈ ਤੇ ਬੁੱਲ੍ਹ ਮੀਚ ਕੇ ਹੱਸਣ ਲੱਗ ਪਈ।

ਦੇਵ ਮਸ਼ੀਨ ਗੇੜਨ ਲੱਗ ਪਿਆ ਤੇ ਸਾਰੇ ਪੂਲੇ ਟੁੱਕ ਕੇ ਹੀ ਦਮ ਲਿਆ। ਕੁੜੀ ਤੇ ਉਹਦੀ ਮਾਂ ਇਕ ਦੂਜੀ ਵੱਲ ਦੇਖ ਹੱਸਦੀਆਂ ਰਹੀਆਂ। ਆਪਸ ਵਿਚ ਕੋਈ ਨਾ ਕੋਈ ਗੱਲ ਵੀ ਕਰਦੀਆਂ ਰਹੀਆਂ। ਦੇਵ ਨੂੰ ਔਰਤ ਦਾ ਨਾਂ ਰਸ਼ਮਿੰਦਰ ਤੇ ਕੁੜੀ ਦਾ ਨਾਂ ਦੀਪੀ ਤਾਂ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ। ਉਹ ਕੁੜੀ ਨੂੰ ਕਦੀ ਦੀਪੀ ਤੇ ਕਦੀ ਕੁਲਦੀਪ ਆਖਦੀ।

ਟੋਕੇ ਦਾ ਕੰਮ ਮੁੱਕਣ ਮਗਰੋਂ ਟੋਕਾ ਸਾਂਭਦੀ ਰਸ਼ਮਿੰਦਰ ਲਾਗੇ ਖੜ੍ਹੀ ਉਹਦੀ ਧੀ ਕੁਲਦੀਪ ਨੇ ਦੇਵ ਨੂੰ ਪੁੱਛਿਆ, 'ਵੀਰ ਜੀ ਤੁਸੀਂ ਕਿਹੜੀ ਜਮਾਤ ਵਿਚ ਪੜ੍ਹਦੇ ਹੋ?'

'ਬੀ. ਐਸ. ਸੀ. ਨਾਨ ਮੈਡੀਕਲ ਦੇ ਪਹਿਲੇ ਸਾਲ' ਚ ਹਾਂ।' ਦੇਵ ਬੋਲਿਆ।

'ਇਹ ਕਿੰਨਾ ਕੁ ਔਖਾ ਹੁੰਦਾ ਏ ਵੀਰ ਜੀ?'

'ਔਖਾ ਤਾਂ ਬੰਦਾ ਹੀ ਹੁੰਦਾ ਏ।' ਦੇਵ ਨੇ ਹੱਸ ਕੇ ਕਿਹਾ।

'ਦੀਪੀ ਵੀ ਗਿਆਰਵੀਂ ਵਿਚ ਪੜ੍ਹਦੀ ਏ। ਸਾਇੰਸ ਰੱਖੀ ਹੋਈ ਏ। ਐਵਰੈਸਟ ਸਕੂਲ ਏ ਇਹਦਾ।' ਰੁਸ਼ਮਿੰਦਰ ਨੇ ਦੱਸਿਆ।

'ਵੈਰੀ ਗੁੱਡ... ਫੇਰ ਤਾਂ ਚੰਗੀ ਗੱਲ ਏ।'

'ਤੁਹਾਡਾ ਨਾਂ ਕੀ ਏ ਵੀਰ ਜੀ?' ਕੁਲਦੀਪ ਬੋਲੀ।

'ਦੇਵ।'

'ਨਹੀਂ ਪੂਰਾ ਨਾਂ।' ਉਹ ਮੁਸਕਰਾਈ।

'ਪੂਰਾ ਹੀ ਏ।' ਉਹ ਵੀ ਮੁਸਕਰਾਇਆ।

ਦੇਵ ਨੇ ਦੇਖਿਆ। ਮਾਂ ਧੀ ਦੀਆਂ ਸ਼ਕਲਾਂ ਤੇ ਕੱਦ ਕਾਠ ਇੱਕੋ ਜਿਹੇ ਸਨ। ਦੋਨੋਂ ਗੋਰੀਆਂ ਤੇ ਪੁੱਜ ਕੇ ਸੋਹਣੀਆਂ ਸਨ। ਦੋਨਾਂ ਦੇ ਚਿਹਰਿਆਂ ਤੇ ਸਦੀਵੀ ਮੁਸਕਰਾਹਟ ਸੀ।

'ਹੁਣ ਤੁਸੀਂ ਐਥੇ ਪਿੰਡ ਹੀ ਰਿਹਾ ਕਰੋਗੇ?' ਕੁੜੀ ਨੇ ਪੁੱਛਿਆ।

'ਹਾਂ, ਮੇਰੀ ਬੇਬੇ ਵੀ ਐਥੇ ਹੀ ਰਹੇਗੀ। ਉਹ ਆਗਰੇ ਤੋਂ ਆ ਗਈ ਏ। ਉੱਥੇ ਮੇਰਾ ਵੱਡਾ ਭਰਾ ਰਹਿੰਦਾ ਏ।'

'ਸਾਡੇ ਘਰ ਆਇਆ ਕਰੀਂ।' ਰੁਸ਼ਮਿੰਦਰ ਬੋਲੀ।

'ਚੰਗਾ ਜੀ, ਆਇਆ ਕਰਾਂਗਾ।' ਉਹ ਬੋਲਿਆ।

ਉਹ ਟੋਕਾ ਚੁੱਕ ਕੇ ਖੁਰਲ਼ੀ ਵਿਚ ਪਾਉਣ ਲੱਗ ਪਈਆਂ। ਦੇਵ ਮੁੜ ਅੰਦਰ ਬੈਠੇ ਘਨ੍ਹੱਈਏ ਕੋਲ਼ ਚਲਾ ਗਿਆ। ਕੁਲਦੀਪ ਛੇਤੀ ਹੀ ਦੋ ਗਿਲਾਸਾਂ ਵਿਚ ਕੜ੍ਹਿਆ ਦੁੱਧ ਤੇ ਪਲੇਟ ਵਿਚ ਬਿਸਕੁਟ ਪਾ ਕੇ ਉਨ੍ਹਾਂ ਮੂਹਰੇ ਰੱਖ ਗਈ।

ਉਨ੍ਹਾਂ ਦੇ ਇਸ ਡੰਗਰਾਂ ਵਾਲ਼ੇ ਕੋਠੇ ਦੀ ਵਿਚਕਾਰਲੀ ਕੰਧ ਵਿੱਚੋਂ ਇਕ ਦਰਵਾਜ਼ਾ ਦੂਜੇ ਪਾਸੇ ਨੂੰ ਖੁੱਲ੍ਹਦਾ ਸੀ। ਉਹ ਜਾਣ ਲੱਗੇ ਤਾਂ ਮਾਂ-ਧੀ ਦਰਵਾਜ਼ੇ ਵਿਚ ਆ ਖੜ੍ਹੀਆਂ। ਦੋਨਾਂ ਨੇ ਹੱਥ ਜੋੜ ਕੇ, ਮੁਸਕਰਾ ਕੇ ਉਨ੍ਹਾਂ ਨੂੰ 'ਸਤਿ ਸ੍ਰੀ ਅਕਾਲ' ਕਹੀ।

ਅਗਲੇ ਦੋ ਤਿੰਨ ਦਿਨਾਂ ਵਿਚ ਉਨ੍ਹਾਂ ਨੇ ਦੋ ਮੰਜੇ, ਬਿਸਤਰੇ, ਕੱਪੜੇ ਤੇ ਭਾਂਡੇ-ਟੀਂਡੇ ਪਿੰਡੋਂ ਸਰਵਰਪੁਰ ਢੋ ਲਏ। ਐਤਵਾਰ ਵਾਲ਼ੇ ਦਿਨ ਦੇਵ ਨੇ ਆਪਣੀ ਬੇਬੇ ਨੂੰ ਸਾਇਕਲ ਪਿੱਛੇ ਬਿਠਾਇਆ ਤੇ ਉਹ ਸਿੱਧੇ ਮਹਿੰਦਰ ਕੌਰ ਦੇ ਘਰ ਪੁੱਜ ਗਏ। ਰਸ਼ਮਿੰਦਰ ਭਾਗਵੰਤੀ ਨੂੰ ਪਹਿਲੀ ਵਾਰ ਮਿਲੀ ਸੀ। ਉਸ ਨੇ ਪਹਿਲੀ ਮਿਲਣੀ ਵਿਚ ਹੀ ਉਸ ਦਾ ਦਿਲ ਜਿੱਤ ਲਿਆ। ਉਹ ਬਾਰ-ਬਾਰ ਕਹਿੰਦੀ ਰਹੀ ਕਿ ਜਿਸ ਚੀਜ਼ ਦੀ ਵੀ ਲੋੜ ਹੋਵੇ, ਉਸ ਕੋਲ਼ੋਂ ਲੈ ਕੇ ਜਾਣੀ ਹੈ। ਸ਼ਾਮ ਨੂੰ ਉਨ੍ਹਾਂ ਨੇ ਰਸ਼ਮਿੰਦਰ ਦੇ ਘਰੋਂ ਹੀ ਰੋਟੀ-ਟੁੱਕ ਖਾਧਾ ਤੇ ਆਪਣੇ ਕਿਰਾਏ ਦੇ ਮਕਾਨ ਵਿਚ ਆ ਡੇਰੇ ਲਾਏ। ਸਲਾਹਪੁਰ ਵਾਲ਼ੇ ਉਨ੍ਹਾਂ ਦੇ ਘਰ ਤੋਂ ਇਹ ਘਰ ਹਜ਼ਾਰ ਦਰਜੇ ਚੰਗਾ ਅਤੇ ਖੁੱਲ੍ਹਾ-ਡੁੱਲ੍ਹਾ ਸੀ। ਵੱਡੀ ਗੱਲ ਇਹ ਕਿ ਘਰ ਵਿਚ ਚਾਰ ਥਾਵਾਂ ਤੇ ਬਿਜਲੀ ਦੇ ਲਾਟੂ ਜਗਦੇ ਸਨ ਤੇ ਕਮਰੇ ਅਤੇ ਬਰਾਂਡੇ ਦਾ ਫਰਸ਼ ਇੱਟਾਂ ਦਾ ਸੀ। ਬਿਲਕੁਲ ਨਾਲ਼ ਗੁਰਦੁਆਰਾ ਸੀ ਜਿਸ ਦੇ ਬਾਹਰ ਨਲ਼ਕਾ ਲੱਗਾ ਹੋਇਆ ਸੀ। ਅਗਲੇ ਦਿਨ ਹੀ ਭਾਗਵੰਤੀ ਨੇ ਗੋਹੇ ਮਿੱਟੀ ਨਾਲ਼ ਅੰਦਰ ਵਾਲ਼ਾ ਵਿਹੜਾ ਵੀ ਲਿੱਪ ਦਿੱਤਾ ਤੇ ਚੁੱਲ੍ਹਾ ਵੀ ਲਿਸ਼ਕਣ ਲਾ ਦਿੱਤਾ। ਰਸੋਈ ਲਈ ਜ਼ਰੂਰੀ ਸਮਾਨ ਦੇਵ ਰੋਪੜੋਂ ਲੈ ਆਇਆ। ਘਰ' ਚੋਂ ਪੈਲਾਂ ਪਾਉਂਦਾ ਧੂੰਆਂ ਉੱਪਰ ਉੱਠਣ ਲੱਗ ਪਿਆ।

ਇਹ ਭਾਗਵੰਤੀ ਦਾ ਮਿਲਣ-ਗਿਲਣ ਦਾ ਸੁਭਾਅ ਹੀ ਸੀ ਕਿ ਕੁਝ ਹੀ ਦਿਨਾਂ ਵਿਚ ਉੱਥੇ ਵਿਆਹੀਆਂ ਸਲਾਹਪੁਰ ਪਿੰਡ ਦੀਆਂ ਧੀਆਂ ਦੇ ਪਰਿਵਾਰਾਂ ਤੋਂ ਬਿਨਾਂ ਵੀ ਪੰਜ ਸੱਤ ਘਰਾਂ ਨਾਲ਼ ਉਨ੍ਹਾਂ ਦੀ ਚੰਗੀ ਸਾਂਝ ਬਣ ਗਈ। ਕਰਨੈਲ ਦੀ ਭੈਣ ਨੂੰ ਤਾਂ ਜਿਵੇਂ ਮਾਂ ਹੀ ਮਿਲ ਗਈ। ਉਸ ਦੇ ਘਰੋਂ ਨਿੱਤ ਹੀ ਸਬਜ਼ੀਆਂ ਦੇ ਝੋਲ਼ੇ ਭਰ ਭਰ ਕੇ ਉਨ੍ਹਾਂ ਦੇ ਘਰ ਆਉਣ ਲੱਗੇ। ਉਸ ਦੀ ਸੱਸ ਵੀ ਭਾਗਵੰਤੀ ਨੂੰ ਬੜਾ ਤਿਹੁ ਕਰਦੀ। ਉਸ ਨੇ ਨਿੱਤ ਦੁੱਧ ਲੈ ਜਾਣ ਲਈ ਵੀ ਕਿਹਾ, ਪਰ ਦੁੱਧ ਭੇਜਣ ਦੀ ਜ਼ਿੰਮੇਵਾਰੀ ਤਾਂ ਪਹਿਲਾਂ ਹੀ ਦੇਵ ਦੀ ਮਾਮੀ

ਰਸ਼ਮਿੰਦਰ ਨੇ ਲੈ ਲਈ ਸੀ। ਦੇਵਾ ਹੋਣਾ ਦੇ ਖੇਤਾਂ ਵਿਚ ਵੀ ਸਬਜ਼ੀਆਂ ਦੀ ਹੀ ਕਾਸ਼ਤ ਹੁੰਦੀ ਸੀ। ਦੂਜੇ ਤੀਜੇ ਦਿਨ ਉਹ ਵੀ ਸਬਜ਼ੀਆਂ ਦਾ ਝੋਲਾ ਭਰ ਕੇ ਫੜਾ ਜਾਂਦੀ। ਐਨੀਆਂ ਸਬਜ਼ੀਆਂ ਦਾ ਉਹ ਕੀ ਕਰਦੇ? ਉਨ੍ਹਾਂ ਨੂੰ ਸਮਝ ਹੀ ਨਾ ਆਉਂਦੀ। ਕਿੱਥੇ ਤਾਂ ਉਹ ਪਿੰਡ ਰਹਿੰਦਿਆਂ ਕਈ ਡੰਗ ਲੂਣ ਜਾਂ ਅਚਾਰ ਨਾਲ਼ ਲੰਘਾ ਲੈਂਦੇ ਸਨ ਤੇ ਕਿੱਥੇ ਹੁਣ ਭਾਂਤ-ਸੁਭਾਂਤੀਆਂ ਹਰੀਆਂ ਸਬਜ਼ੀਆਂ ਦਾ ਹੜ੍ਹ ਆਇਆ ਰਹਿੰਦਾ ਸੀ। ਮਹਿੰਦਰ ਕੌਰ ਤੇ ਬਜ਼ੁਰਗ ਤਾਂ ਬਾਹਰਲੇ ਕਮਰੇ ਵਿਚ ਹੀ ਤੜੇ ਰਹਿੰਦੇ। ਉਹ ਦੋਨੋਂ ਚੱਲਣ ਫਿਰਨ ਜੋਗੇ ਵੀ ਨਹੀਂ ਸਨ। ਉਨ੍ਹਾਂ ਨੇ ਕਾਫ਼ੀ ਜ਼ਮੀਨ ਵਟਾਈ ਤੇ ਦੇ ਰੱਖੀ ਸੀ ਤੇ ਚਾਰੇ ਲਈ ਕੁਝ ਆਪਣੇ ਕੋਲ਼ ਰੱਖੀ ਹੋਈ ਸੀ। ਬਾਹਰਲਾ ਸਾਰਾ ਕੰਮ ਮੁਖਤਿਆਰੀ ਨਾਂ ਦਾ ਉਨ੍ਹਾਂ ਦਾ ਨੌਕਰ ਹੀ ਕਰਦਾ। ਚਾਹ ਬਗੈਰਾ ਪੀਣ ਜਾਂ ਰੋਟੀ ਖਾਣ ਲਈ ਉਸ ਦੇ ਪਿੱਤਲ਼ ਦੇ ਭਾਂਡੇ ਮੁਰਗੀਆਂ ਦੇ ਖੁੱਡੇ ਉੱਤੇ ਪਏ ਰਹਿੰਦੇ। ਉਹ ਖੁੱਡੇ ਨਾਲ਼ ਢੋਅ ਲਾ ਕੇ ਪੈਰਾਂ ਭਾਰ ਬੈਠ ਖਾਂਦਾ-ਪੀਂਦਾ।

ਕੁਲਦੀਪ ਦਾ ਸੁਭਾਅ ਆਪਣੀ ਮਾਂ ਵਾਂਗ ਹੀ ਬਹੁਤ ਨਿੱਘਾ ਅਤੇ ਪਿਆਰ ਭਰਿਆ ਸੀ। ਦੇਵ ਉਨ੍ਹਾਂ ਦੇ ਘਰ ਜਾਂਦਾ ਤਾਂ ਦੋਨੋਂ ਖੁਸ਼ ਹੋ ਜਾਂਦੀਆਂ। ਹੌਲ਼ੀ-ਹੌਲ਼ੀ ਦੇਵ ਨਿੱਤ ਹੀ ਕੁਲਦੀਪ ਦੇ ਘਰ ਜਾਣ ਲੱਗ ਪਿਆ। ਉਹ ਨਿੱਤ ਹੀ ਉਸ ਕੋਲ਼ੋਂ ਪੜ੍ਹਨ ਲੱਗ ਪਈ। ਉਹ ਆਪਣੇ ਦਿਲ ਵਿਚ ਉਸ ਦਾ ਪਿਆਰ ਪਾਲਣ ਲੱਗ ਪਿਆ। ਉਹ ਜਦੋਂ ਵੀ ਜਾਂਦਾ ਉਹ ਪਹਿਲਾਂ ਬਜ਼ੁਰਗਾਂ ਦੇ ਪੈਰ ਛੂਹ ਕੇ ਆਸ਼ੀਰਵਾਦ ਲੈਂਦਾ। ਉਹ ਮਹਿੰਦਰ ਕੌਰ ਨੂੰ ਬੀ ਜੀ ਤੇ ਬਜ਼ੁਰਗ ਨੂੰ ਦਾਰ ਜੀ ਕਹਿੰਦਾ। ਉਹ ਉਨ੍ਹਾਂ ਦਾ ਹਾਲ-ਚਾਲ ਵੀ ਪੁੱਛਦਾ ਤੇ ਲੱਤਾਂ ਵੀ ਘੁੱਟ ਦਿੰਦਾ। ਉਹ ਉਸਦੇ ਆਉਣ ਤੇ ਖੁਸ਼ ਹੁੰਦੇ ਤੇ ਪੁੱਤ-ਪੁੱਤ ਆਖਦੇ ਰਹਿੰਦੇ। ਬੀ ਜੀ ਆਪਣੀ ਜ਼ਿੰਦਗੀ ਦੀਆਂ ਅਨੇਕਾਂ ਕਹਾਣੀਆਂ ਉਸ ਨੂੰ ਸੁਣਾਉਂਦੀ। ਹੱਸ ਕੇ ਕਹਿੰਦੀ, 'ਇਹ ਜ਼ਿੰਦਗੀ ਦੀਆਂ ਗੁਆਚੀਆਂ ਪੈੜਾਂ ਨੇ ਲਾਲ ਮੇਰੇ। ਬੰਦੇ ਦੇ ਦਿਲ ਵਿਚ ਘਰ ਪਾ ਲੈਂਦੀਆਂ ਨੇ। ਉਨ੍ਹਾਂ ਨੂੰ ਯਾਦ ਕਰ ਕੇ ਸਮਾਂ ਲੰਘਾ ਲਈਦਾ ਏ।'

ਚੰਨਣ ਸਿੰਘ ਜਿਹੜੇ ਢੇਰ ਦੀ ਗੱਲ ਕਰਦਾ ਸੀ, ਉਹ ਵਿਥਿਆ ਵੀ ਉਸ ਨੇ ਦੇਵ ਨੂੰ ਸੁਣਾਈ। ਉਸ ਦੇ ਢੇਰ ਨੇ ਅੱਗੇ ਹੀ ਅੱਗੇ ਵਧ ਕੇ ਸਾਰਾ ਪਹਾ ਮੱਲ ਲਿਆ ਸੀ ਤੇ ਉੱਥੇ ਕੁੱਤੇ ਦੇ ਲੰਘਣ ਜਿੰਨਾ ਰਾਹ ਵੀ ਨਹੀਂ ਸੀ ਬਚਿਆ। ਇਹੀ ਗੱਲ ਜਦ ਮਹਿੰਦਰ ਕੌਰ ਨੇ ਉਸ ਨੂੰ ਕਹੀ ਸੀ ਤਾਂ ਉਲਟੇ ਉਸ ਨੇ ਟਿੱਚਰ ਕੀਤੀ ਸੀ ਕਿ ਉਸ ਨੇ ਇਹ ਰਾਹ ਕੁੱਤਿਆਂ ਕਰ ਕੇ ਹੀ ਬੰਦ ਕੀਤਾ ਸੀ। ਉਹ ਤਾਂ ਸਾਰੇ ਬੰਦਿਆਂ ਨੂੰ ਹੀ ਕੁੱਤੇ ਕਹਿ ਰਿਹਾ ਸੀ। ਪੰਚਾਇਤ ਨੇ ਮਤਾ ਪਾਸ ਕਰ ਕੇ ਉਹ ਢੇਰ ਇਕ ਦਿਨ ਵਿਚ ਹੀ ਚੁਕਵਾ ਦਿੱਤਾ ਸੀ ਤੇ ਚੰਨਣ ਸਿੰਘ ਮਹਿੰਦਰ ਕੌਰ ਦਾ ਵਿਰੋਧੀ ਬਣ ਗਿਆ ਸੀ। ਉਹ ਸ਼ੁਰੂ ਤੋਂ ਹੀ ਪੰਚਾਇਤ ਮੈਂਬਰ ਰਹੀ ਸੀ ਤੇ ਉਹ ਘਰ ਦੇ ਕੰਮਾਂ-ਕਾਰਾਂ ਨਾਲ਼ੋਂ ਲੋਕਾਂ ਦੇ ਕੰਮਾਂ ਨੂੰ ਤਰਜੀਹ ਦਿਆ ਕਰਦੀ ਸੀ।

ਪਿੰਡੋਂ ਸਤਲੁਜ ਦਰਿਆ ਬਿਲਕੁਲ ਨੇੜੇ ਸੀ। ਉਸ ਦੇ ਕੰਢੇ ਉੱਤੇ ਝੋਟਿਆਂ ਵਰਗੇ ਕਈ ਪੱਥਰ ਪਏ ਹੁੰਦੇ। ਦੇਵ ਨਿੱਤ ਸ਼ਾਮ ਨੂੰ ਦਰਿਆ ਕੰਢੇ ਜਾ ਬੈਠਦਾ ਤੇ ਦਰਿਆ ਦੀਆਂ ਲਹਿਰਾਂ ਅਤੇ ਆਲ਼ੇ-ਦੁਆਲੇ ਦੀ ਖ਼ੂਬਸੂਰਤੀ ਨੂੰ ਮਾਣਦਾ। ਦੂਜੇ ਕੰਢੇ ਤੇ ਬਣੀ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਲਾਈਨ ਵਿਚ ਉਸ ਨੂੰ ਵੱਖੋ ਵੱਖਰੇ ਚਿਹਰੇ ਬਣਦੇ ਮਿਟਦੇ ਦਿਖਾਈ

ਦਿੰਦੇ। ਜਦੋਂ ਦਿਨ ਦਾ ਪੰਧ ਮੁਕਾ ਕੇ ਸੂਰਜ ਦਿਸਹੱਦੇ ਤੇ ਪਾਣੀ ਵਿਚ ਅਲੋਪ ਹੋਣ ਲਗਦਾ ਤਾਂ ਜਿਵੇਂ ਵੱਡਾ ਸਾਰਾ ਸੰਗਤਰਾ ਪਾਣੀ ਉੱਤੇ ਤੈਰਨ ਲੱਗਦਾ। ਇਹ ਖ਼ੂਬਸੂਰਤ ਨਜ਼ਾਰਾ ਦੇਵ ਦੇ ਦਿਲ ਵਿਚ ਤਰੰਗਾਂ ਛੇੜ ਦਿੰਦਾ। ਕਿਰਣਾਂ ਜਿਵੇਂ ਉਸ ਦੇ ਮੂਹਰੇ ਚਾਂਦੀ ਦਾ ਥਾਲ਼ ਧਰ ਦਿੰਦੀਆਂ। ਉਹ ਸੂਰਜ ਦੇ ਗੋਲ਼ੇ ਨਾਲ਼ ਗੱਲਾਂ ਕਰਨ ਲੱਗਦਾ। ਉਹ ਖੜ੍ਹਾ ਹੋਕੇ, ਹੱਥ ਜੋੜ ਕੇ ਉਸ ਨੂੰ ਨਮਸਕਾਰ ਕਰਕੇ ਕਹਿੰਦਾ, 'ਚੰਗਾ ਗੁਰੂਦੇਵ ਆਸਣ ਗ੍ਰਹਿਣ ਕਰੋ। ਕੱਲ੍ਹ ਫਿਰ ਮਿਲਾਂਗੇ।'

ਸੂਰਜ ਖੜ੍ਹਾ ਸੀ ਤੇ ਧਰਤੀ ਘੁੰਮਦੀ ਸੀ, ਇਹ ਗੱਲ ਤਾਂ ਉਸ ਨੂੰ ਸਾਇੰਸ ਨੇ ਸਮਝਾਈ ਸੀ। ਸੂਰਜ ਤਾਂ ਲਗਾਤਾਰ ਦੁਨੀਆਂ ਦੀਆਂ ਅਲੱਗ ਅਲੱਗ ਥਾਵਾਂ ਤੇ ਚੜ੍ਹਦਾ-ਛਿਪਦਾ ਹੀ ਰਹਿੰਦਾ ਸੀ। ਨਿੱਘ ਵੰਡਦਾ, ਜੀਵਨ ਦਾਨ ਦਿੰਦਾ, ਧਰਤੀ ਵੱਲ ਹੀ ਮੂੰਹ ਕਰੀ ਰੱਖਦਾ ਸੀ। ਸ਼ਾਇਦ ਧਰਤੀ ਲਗਾਤਾਰ ਆਪਣੀ ਧੁਰੀ ਦੁਆਲ਼ੇ ਘੁੰਮ ਕੇ ਆਪਣੇ ਸਾਰੇ ਅੰਗਾਂ ਨੂੰ ਉਹਦੇ ਮੂਹਰੇ ਕਰ ਕੇ ਸੇਕ ਲੁਆਉਂਦੀ ਹੋਵੇ ਤੇ ਜੀਵਨਦਾਨ ਮੰਗਦੀ ਹੋਵੇ। ਦੋਨਾਂ ਦਾ ਆਪਸ ਵਿਚ ਕੁਝ ਸੀ, ਜੋ ਦੇਵ ਦੀ ਸਮਝ ਵਿਚ ਨਾ ਆਉਂਦਾ। ਧਰਤੀ ਆਪਣੇ ਗੁਰੂਦੇਵ ਦੀ ਉਪਾਸਨਾ ਵਿਚ ਦੂਹਰੀ ਪਰਕਰਮਾ ਕਰਦੀ, ਆਪਣੀ ਧੁਰੀ ਦੁਆਲੇ ਵੀ ਤੇ ਸੂਰਜ ਦੁਆਲ਼ੇ ਵੀ। ਉਹ ਧੰਨ ਧੰਨ ਹੋ ਜਾਂਦਾ ਤੇ ਸੋਚਦਾ, ਸੂਰਜ ਕਿਸੇ ਰੱਬ ਦਾ ਨੌਕਰ ਨਹੀਂ, ਉਹ ਤਾਂ ਆਪ ਰੱਬ ਹੈ।

ਇਹੀ ਦਿਨ ਸਨ, ਜਦੋਂ ਦੇਵ ਨੂੰ ਕਵਿਤਾਵਾਂ ਫੁਰਨ ਲੱਗੀਆਂ ਸਨ। ਦਰਿਆ ਦੇ ਕੰਢੇ ਕਿਸੇ ਪੱਥਰ ਉੱਤੇ ਬੈਠ ਕੇ ਉਹ ਆਪਣੇ ਦਿਲ' ਚੋਂ ਉੱਠ ਰਹੀਆਂ ਤਰੰਗਾਂ ਨੂੰ ਕਾਗਜ਼ਾਂ ਉੱਤੇ ਉਤਾਰਨ ਲੱਗ ਪਿਆ ਸੀ। ਜ਼ਿੰਦਗੀ ਦੀ ਪਹਿਲੀ ਕਵਿਤਾ ਵੀ ਉਸ ਨੇ ਉੱਥੇ ਬੈਠ ਕੇ ਹੀ ਲਿਖੀ ਸੀ- ਇਕ ਦਿਨ ਕਾਲਜ ਤੋਂ ਮੁੜ ਕੇ ਜਦ ਘਰ ਆਪਣੇ ਮੈਂ ਆਇਆ। ਚੁੱਕ ਪਤੀਲੀ ਵਿਚ ਦੁੱਧ ਪਾ ਕੇ ਅੱਗ ਤੇ ਖ਼ੂਬ ਤਪਾਇਆ। .... ਕਿਸੇ ਦਾ ਚੇਤਾ ਆਇਆ.... ਆਣ ਉਬਾਲ਼ੀ ਹੋਇਆ ਢੇਰੀ, ਅੱਗ ਨੂੰ ਫੱਟ ਬੁਝਾਇਆ.... ਹੜ੍ਹ ਹੰਝੂਆਂ ਦਾ ਆਇਆ.... ਦਿਲ ਵਿਚ ਲੱਗੀ ਅੱਗ.... ਤੇ ਹੋਰ ਪਤਾ ਨਹੀਂ ਕੀ ਕੀ ਲਿਖਿਆ ਸੀ ਉਸਨੇ। ਰੋ ਕੇ, ਹੱਸ ਕੇ , ਖੁਸ਼ ਹੋ ਕੇ, ਉਦਾਸ ਹੋ ਕੇ... ਬੜਾ ਦਿਲ ਧੜਕ ਰਿਹਾ ਸੀ ਉਸਦਾ। ਮਗਰੋਂ ਉਹ ਕਵਿਤਾ ਕਾਲਜ ਮੈਗਜ਼ੀਨ ਵਿਚ ਵੀ ਛਪ ਗਈ। ਮੈਗਜ਼ੀਨ ਮਿਲਿਆ ਤਾਂ ਉਸ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਉਡਦਾ ਉਡਦਾ ਮੈਗਜ਼ੀਨ ਲੈਕੇ ਕੁਲਦੀਪ ਦੇ ਘਰ ਪਹੁੰਚ ਗਿਆ, 'ਦੇਖ ਮੇਰੀ ਕਵਿਤਾ ਛਪੀ ਏ ਕੁਲਦੀਪ।'

ਦੇਵ ਦੇ ਨਾਂ ਹੇਠ ਛਪੀ ਪਿਆਰ ਕਵਿਤਾ ਪੜ੍ਹ ਉਸ ਦੀਆਂ ਪਲਕਾਂ ਫੁੱਲ ਤੇ ਬੈਠੀ ਤਿਤਲੀ ਦੇ ਖੰਭਾਂ ਵਾਂਗ ਖੁੱਲ੍ਹਣ ਤੇ ਬੰਦ ਹੋਣ ਲੱਗ ਪਈਆਂ। ਉਹ ਬੋਲੀ, 'ਇਹ ਕਿਸ ਨੇ ਲਿਖੀ ਏ?'

'ਮੈਂ ਆਪ ਲਿਖੀ ਏ। ਹੋਰ ਕੀਹਨੇ ਲਿਖਣੀ ਸੀ? ਉੱਤੇ ਨਾਂ ਨਹੀਂ ਲਿਖਿਆ ਹੋਇਆ?'

'ਤੁਸੀਂ ਕਵਿਤਾ ਵੀ ਲਿਖਣ ਜਾਣਦੇ ਹੋ?'

'ਹਾਂ, ਮੈਂ ਤਾਂ ਬਹੁਤ ਲਿਖੀਆਂ ਨੇ।'

ਉਸ ਨੇ ਦੇਵ ਦਾ ਹੱਥ ਘੁੱਟ ਲਿਆ ਤੇ ਆਪਣੀ ਹਿੱਕ ਨੂੰ ਲਾ ਕੇ ਉਸ ਦੀਆਂ ਅੱਖਾਂ ਵਿਚ ਦੇਖਿਆ। ਫਿਰ ਬੋਲੀ, 'ਕੀਹਦਾ ਚੇਤਾ ਆਇਆ? ਸੱਚ ਦੱਸੋ।'

ਦੇਵ ਨੇ ਉਸ ਵੱਲ ਨੀਝ ਲਾ ਕੇ ਦੇਖਿਆ। ਬੁੱਲ੍ਹ ਹਿੱਲੇ ਵੀ, ਪਰ ਬੋਲ ਕੁਝ ਨਾ ਹੋਇਆ।

'ਦੇਵ ਮੈਨੂੰ ਸਿਖਾਓਗੇ ਕਵਿਤਾ ਲਿਖਣੀ?' ਉਹ ਬੋਲੀ।

'ਇਹ ਸਿਖਾਈ ਨੀ ਜਾਂਦੀ ਦੀਪ..... ਇਹ ਤਾਂ ਫੁਰਦੀ ਏ ਬੰਦੇ ਨੂੰ।' ਉਹ ਬੋਲਿਆ।

**00**

# ਤਰਵੰਜਾ

ਦੇਵ ਦਾ ਵੱਡਾ ਭਰਾ ਹਰੀਵੰਸ਼ ਤੇ ਭਰਜਾਈ ਉਰਵਸ਼ੀ ਏਅਰ ਫੋਰਸ' ਚੋਂ ਦੋ ਮਹੀਨਿਆਂ ਦੀਆਂ ਛੁੱਟੀਆਂ ਬਿਤਾਉਣ ਲਈ ਪਟਿਆਲੇ ਆ ਗਏ ਸਨ। ਇਸ ਗੱਲ ਦਾ ਦੇ ਵ ਹੋਣਾਂ ਨੂੰ ਉਦੋਂ ਪਤਾ ਲੱਗਾ ਜਦੋਂ ਹਰੀਵੰਸ਼ ਇਕ ਰਾਤ ਸਲਾਹਪੁਰ ਘਨ੍ਹੱਈਏ ਕੋਲ਼ ਰਹਿ ਕੇ ਉਨ੍ਹਾਂ ਨੂੰ ਮਿਲਣ ਲਈ ਸਰਵਰਪੁਰ ਆ ਗਿਆ। ਉਸ ਨੇ ਦੱਸਿਆ ਕਿ ਤਰੱਕੀ ਮਿਲਣ ਮਗਰੋਂ ਉਹ ਦੋ ਫੀਤੀਆਂ ਵਾਲ਼ਾ ਕਾਰਪੋਰਲ ਬਣ ਗਿਆ ਸੀ ਤੇ ਉਸ ਦੀ ਬਦਲੀ ਬੰਗਲੌਰ ਹੋ ਗਈ ਸੀ। ਉਰਵਸ਼ੀ ਨੂੰ ਉਹ ਕਦੋਂ ਨਾਲ਼ ਲੈ ਗਿਆ ਸੀ, ਕੋਈ ਪਤਾ ਨਹੀਂ। ਉਸ ਨੇ ਐਰੋਨੈਟੀਕਲ ਇੰਜਨੀਅਰਿੰਗ ਦੀ ਪੜ੍ਹਾਈ ਵੀ ਸ਼ੁਰੂ ਕਰ ਦਿੱਤੀ ਸੀ। ਪੜ੍ਹਾਈ ਪੂਰੀ ਹੋਣ ਮਗਰੋਂ ਉਸ ਨੂੰ ਸਕੁਆਡਰਨ ਲੀਡਰ ਦਾ ਰੈਂਕ ਮਿਲ ਜਾਣਾ ਸੀ। ਪਟਿਆਲੇ ਆਏ ਨੂੰ ਤਾਂ ਉਸ ਨੂੰ ਮਹੀਨੇ ਤੋਂ ਵੱਧ ਹੋ ਗਿਆ ਸੀ। ਉਸ ਨੇ ਆਉਂਦੇ ਨੇ ਹੀ ਉਨ੍ਹਾਂ ਨੂੰ ਇਹ ਗੱਲ ਦੱਸੀ ਕਿ ਉਹ ਸਰਵਰਪੁਰ ਤਿੰਨ ਰਾਤਾਂ ਰਹਿ ਕੇ ਪਟਿਆਲ਼ੇ ਵਾਪਸ ਚਲਾ ਜਾਵੇਗਾ। ਦੇਵ ਨੇ ਸੋਚਿਆ ਕਿ ਹਰੀਵੰਸ਼ ਨੂੰ ਉਨ੍ਹਾਂ ਕੋਲ਼ ਆਉਣ ਲਈ ਦੂਹਰੀ ਛੁੱਟੀ ਲੈਣੀ ਪਈ ਹੋਵੇਗੀ, ਪਹਿਲਾਂ ਆਪਣੇ ਕਮਾਂਡਿੰਗ ਅਫਸਰ ਤੋਂ ਤੇ ਫਿਰ ਘਰ ਦੀ ਹੋਮ ਮਨਿਸਟਰੀ ਤੋਂ। ਉਹ ਚਮਕੌਰ ਤੋਂ ਪਹਿਲੀ ਲਾਰੀ ਫੜ ਕੇ ਉਨ੍ਹਾਂ ਕੋਲ਼ ਆਇਆ ਸੀ।

'ਉਰਵਸ਼ੀ ਨੂੰ ਲੈ ਆਉਣਾ ਸੀ ਨਾਲ਼। ਉਹ ਵੀ ਮਿਲ ਜਾਂਦੀ।' ਭਾਗਵੰਤੀ ਬੋਲੀ।

'ਕੁੜੀ ਛੋਟੀ ਏ ਅਜੇ ਬੇਬੇ।'

'ਵੇ ਕਿਹੜੀ ਕੁੜੀ?' ਉਹ ਹੈਰਾਨ ਹੋਈ।

'ਉਰਵਸ਼ੀ ਕੋਲ਼ ਕੁੜੀ ਏ ਹਫਤੇ ਕੁ ਦੀ।'

'ਤੂੰ ਦੱਸਿਆ ਹੀ ਨੀ।'

'ਹੁਣ ਵੀ ਭੁੱਲ ਕੇ ਦੱਸ ਹੋ ਗਿਆ। ਉਰਵਸ਼ੀ ਤੋਂ ਪੁੱਛ ਕੇ ਦੱਸਣਾ ਸੀ।'

'ਵੇ ਤੇਰੀ ਮਰਜ਼ੀ ਕੋਈ ਨੀ?'

'ਨਹੀਂ ਮਾਤਾ... ਆਪਾਂ ਤਾਂ ਸਾਧ ਬੰਦੇ ਆਂ।'

'ਫੇਰ ਉੱਥੇ ਸਹੁਰੇ ਘਰ ਹੀ ਰਹਿ ਰਹੇ ਹੋ?'

'ਨਹੀਂ, ਮਹਾਂਵੀਰ ਕੁਸ਼ਟ ਆਸ਼ਰਮ ਵਿਚ ਰਹਿੰਦੇ ਆਂ।'

'ਵੇ ਉਹ ਕੀ ਹੁੰਦੈ?'

'ਜਿੱਥੇ ਕੋਹੜੀ ਰਹਿੰਦੇ ਨੇ।'

'ਵੇ ਦੂਰ ਫਿਟੇ ਮੂੰਹ। ਕੋਹੜੀ ਹੋਣਾ। ਕਿਹੋ ਜਿਹੀ ਭਾਖਿਆ ਕੱਢਦਾ ਏ।' ਉਹ ਬੋਲੀ।

'ਤੇਰੇ ਸੱਸ, ਸਹੁਰਾ, ਸਾਲ਼ੇ-ਸਾਲ਼ੀਆਂ ਠੀਕ ਨੇ ਸਭ।'

'ਉਨ੍ਹਾਂ ਨੂੰ ਕੀ ਹੋਣਾ ਏਂ?'

'ਹੁਣ ਉਰਵਸ਼ੀ ਪਟਿਆਲ਼ੇ ਰਹੂ ਕਿ ਫੇਰ ਜਾਊ ਤੇਰੇ ਨਾਲ਼?'

'ਮਾਤਾ ਇਹ ਠਾਣੇ ਵਾਲ਼ੇ ਰੋਜ਼ਨਾਮਚੇ ਬਣਾਉਣੇ ਛੱਡ ਦੇ। ਤੂੰ ਕੀ ਲੈਣਾ ਏਂ ਭਲਾ ਵਿੱਚੋਂ? ਰਿੜ੍ਹਦੀ ਰਹਿਣ ਦੇ ਜਿਵੇਂ ਰਿੜ੍ਹਦੀ ਆ ਜ਼ਿੰਦਗੀ।'

'ਨਾਲ਼ੇ ਕਹਿੰਦਾ ਸੀ, ਉਹਦਾ ਮਾਸਟਰੀ ਦਾ ਕੋਈ ਪਰਚਾ ਰਹਿੰਦੈ।'

'ਤੂੰ ਦੇ ਆਈਂ ਜਾ ਕੇ.. ਜੇ ਟਾਇਮ ਹੈਗਾ ਏ।' ਉਹ ਹੱਸਿਆ।

ਭਾਗਵੰਤੀ ਨੇ ਚਾਹ ਦਾ ਗਿਲਾਸ ਅਤੇ ਬਿਸਕੁਟਾਂ ਦੀ ਪਲੇਟ ਭਰ ਕੇ ਉਹਦੇ ਮੂਹਰੇ ਲਿਆ ਰੱਖੀ। ਉਹ ਹੱਸਿਆ, 'ਬੱਸ ਐਨੇ ਕੁ ਹੀ? ਹੋਰ ਨੀ ਹੈਗੇ ਬਿਸਕੁਟ?'

'ਹੈਗੇ ਬਥੇਰੇ... ਪੀਪਾ ਭਰਿਆ ਪਿਆ ਏ। ਤੇਰਾ ਮਾਮਾ ਬਣਵਾ ਲਿਆਇਆ ਸੀ ਚਮਕੌਰੋਂ।'

'ਭਾਈ ਹੋਣ ਤਾਂ ਇਹੋ ਜਿਹੇ... ਵੈਸੇ ਮਾਮੇ ਵਰਗਾ ਬੰਦਾ ਹੋਣਾ ਅੱਜ ਕੱਲ੍ਹ ਮੁਸ਼ਕਲ ਹੀ ਏ। ਐਨਾ ਚੰਗਾ ਕੋਈ ਹੋ ਹੀ ਨਹੀਂ ਸਕਦਾ।' ਉਹ ਬੋਲਿਆ।

'ਰੂਹ ਦਾ ਰੱਜਿਆ ਹੋਇਆ ਏ ਮੇਰਾ ਵੀਰ। ਤੂੰ ਉਹਦੇ ਕੋਲ਼ ਇਕ ਰਾਤ ਕੱਟ ਕੇ ਹੀ ਦੌੜ ਆਇਆ। ਕਿਆ ਕਹਿੰਦਾ ਹੋਊ?'

'ਕਹਿੰਦਾ ਤਾ ਹੋਰ ਰਹਿਣ ਨੂੰ... ਕਿਆ ਕਰੀਏ?.... ਬਿਗਾਨੇ ਵੱਸ ਪਏ ਹੋਏ ਹਾਂ। ਸਭ ਨੂੰ ਖੁਸ਼ ਕਰਨਾ ਔਖਾ ਏ।'

'ਉਹਨੇ ਤਾਂ ਸਭ ਨੂੰ ਖੁਸ਼ ਕੀਤਾ ਏ ਨਾ?' ਭਾਗਵੰਤੀ ਬੋਲੀ।

'ਪਰ ਮੈਂ ਹੁਣ ਮਾਮੇ ਵਰਗਾ ਥੋੜ੍ਹੀ ਬਣ ਸਕਦਾ ਏਂ? ਕੋਈ ਵੀ ਨੀ ਬਣ ਸਕਦਾ ਉਹਦੇ ਵਰਗਾ ਤਾਂ। ਮਾਮੀ ਵਿਚਾਰੀ ਦੀ ਕਿਹੜਾ ਕੋਈ ਰੀਸ ਆ। ਮਾਮੀ ਨੇ ਵੀ ਉਸ ਨੂੰ ਕਿਸੇ ਗੱਲੋਂ ਕਦੀ ਨੀ ਟੋਕਿਆ ਹੋਣਾ। ਕਹਿੰਦੀ, ਇਹੀ ਮੇਰਾ ਮਹਾਰਾਜ ਏ। ਹੁਣ ਆਲ਼ੀਆਂ ਤਾਂ ਪਿੱਠ ਤੇ ਸੁਆਰ ਹੋ ਕੇ ਵਾਲ਼ ਫੜੀ ਰੱਖਦੀਆਂ ਨੇ।' ਹਰੀਵੰਸ਼ ਹੱਸਿਆ।

'ਜਿਹੜਾ ਫੜਾਊ, ਉਹਦੇ ਹੀ ਫੜ ਹੋਣਗੇ। ਬਥੇਰੇ ਨੇ ਜਿਹੜੇ ਜੁੱਤੀ ਹੇਠ ਵੀ ਰੱਖਦੇ ਨੇ।'

'ਗਿਆ ਜ਼ਮਾਨਾ ਹੁਣ... ਭੁੱਲ ਜਾ ਮਾਤਾ।' ਉਹ ਹੱਸਿਆ।

'ਆਪਣੇ ਮਾਮੇ ਨੂੰ ਦੇ ਆਉਣੇ ਤੀ ਵੀਹ ਪੰਜਾਹ।'

'ਪੰਜਾਹ ਦਾ ਨੋਟ ਫੜਾਉਣਾ ਚਾਹਿਆ ਤਾਂ ਉਹਨੇ ਵਿਚ ਦਸ ਹੋਰ ਪਾ ਕੇ ਮੈਨੂੰ ਮੋੜ ਦਿੱਤੇ। ਕਹਿੰਦਾ..... ਮੈਂ ਤਾਂ ਪਿਆਰ ਦਾ ਭੁੱਖਾ ਏਂ, ਪੈਸੇ ਦਾ ਨਹੀਂ। ਮੈਨੂੰ ਮਿਲ ਜਾਇਆ ਕਰੋ ਬੱਸ। ਫਿਰ ਰੋਣ ਲੱਗ ਪਿਆ।' ਉਸ ਦੀ ਗੱਲ ਸੁਣ ਕੇ ਭਾਗਵੰਤੀ ਦੀਆਂ ਅੱਖਾਂ ਭਰ ਆਈਆਂ।

ਬਾਹਰੋਂ ਕਿਸੇ ਨੇ ਗੇਟ ਖੜਕਾਇਆ ਤਾਂ ਭਾਗਵੰਤੀ ਉੱਠ ਕੇ ਚਲੀ ਗਈ। ਕੋਈ ਔਰਤ ਉਸ ਨੂੰ ਕਹਿ ਰਹੀ ਸੀ, 'ਆਹ ਲੈ ਭੈਣੇ ਅਚਾਰ ਪਾ ਲਇਓ। ਮੌਜ ਕਰਿਓ ਸਿਆਲ਼ ਸਿਆਲ਼।'

ਭਾਗਵੰਤੀ ਨੇ ਉਸ ਨੂੰ ਅੰਦਰ ਬੁਲਾ ਲਿਆ ਤੇ ਵਿਹੜੇ ਵਾਲ਼ੇ ਪਾਸੇ ਬਿਠਾ ਕੇ ਗੱਲੀਂ ਜੁਟ ਗਈ।

ਦੇਵ ਦੇ ਕਾਲਜ ਜਾਣ ਦਾ ਸਮਾਂ ਹੋ ਰਿਹਾ ਸੀ। ਜਦੋਂ ਹਰੀਵੰਸ਼ ਆਇਆ ਸੀ, ਉਹ ਨਹਾਉਣ ਮਗਰੋਂ ਪਿੰਡਾ ਪੂੰਝ ਕੇ ਗਰਦਣ ਅਤੇ ਬਾਂਹਾ ਹੇਠ ਪਾਊਡਰ ਛਿੜਕ ਰਿਹਾ ਸੀ। ਉਸ ਦੇ ਆਉਣ ਮਗਰੋਂ ਹੀ ਉਸ ਨੇ ਛੇਤੀ ਛੇਤੀ ਕੱਪੜੇ ਪਾ ਲਏ ਸਨ। ਹੁਣ ਹਰੀਵੰਸ਼ ਕਾਨਸ ਤੇ ਪਈਆਂ ਵੱਖੋ-ਵੱਖਰੀਆਂ ਕਰੀਮਾਂ, ਚੁੱਕ ਚੁੱਕ ਦੇਖਣ ਲੱਗ ਪਿਆ ਤੇ ਦੇਵ ਵੱਲ ਘੂਰਨ ਲੱਗਾ। ਪਰੈੱਸ ਕੀਤੇ ਕੱਪੜੇ, ਬੂਟ ਲਿਸ਼ਕਾਏ ਹੋਏ। ਆਖਰੀ ਲੜ ਵਿਚ ਫਿਲਮ ਪਾ ਕੇ ਘੁੱਟ ਕੇ ਬੰਨ੍ਹੀ ਹੋਈ ਪਗੜੀ। ਉਸ ਨੇ ਨਾਸਾਂ ਫੈਲਾ ਕੇ ਸੁੰਘਿਆ ਤੇ ਬੋਲਿਆ, 'ਬੜੀਆਂ ਖੁਸ਼ਬੋਆਂ ਆ ਰਹੀਆਂ ਨੇ ਤੇਰੇ ਕੋਲ਼ੋਂ।'

ਦੇਵ ਝੇਂਪ ਗਿਆ ਤੇ ਉਸ ਕੋਲ਼ੋਂ ਨਜ਼ਰਾਂ ਚੁਰਾਉਣ ਲੱਗਾ। ਉਹ ਬੋਲਿਆ, 'ਕੁੜੀਆਂ ਵੀ ਪੜ੍ਹਦੀਆਂ ਨੇ ਤੇਰੇ ਨਾਲ਼?'

'ਆਹੋ, ਬਥੇਰੀਆਂ ਪੜ੍ਹਦੀਆਂ ਨੇ।'

'ਪਿੰਡਾਂ ਦੀਆਂ ਵੀ ਹੋਣਗੀਆਂ।'

'ਹੋਣਗੀਆਂ ਹੀ।'

'ਕਿਉਂ ਤੈਨੂੰ ਨੀ ਪਤਾ?'

'ਮੈਂ ਪਤਾ ਕਰ ਕੇ ਕੀ ਲੈਣਾ ਏਂ?' ਦੇਵ ਨੇ ਉਲ਼ਟਾ ਸਵਾਲ ਕੀਤਾ।

'ਇਹ ਪੌਡਰ-ਸ਼ੌਡਰ ਨੀ ਲਾਈਦੇ ਬਹੁਤੇ। ਇਹਨਾਂ ਦਾ ਮੁਸ਼ਕ ਸੌ ਪੁਆੜੇ ਪਾ ਦਿਆ ਕਰਦਾ ਏ। ਪੜ੍ਹਾਈ ਦੇ ਸਾਲ ਤਾਂ ਤਪੱਸਿਆ ਕਰਨ ਵਰਗੇ ਹੁੰਦੇ ਨੇ। ਇੱਕੋ ਨਿਸ਼ਾਨਾ ਬਿੰਨ੍ਹਣਾ ਚਾਹੀਦਾ ਏ, ਮੱਛੀ ਦੀ ਅੱਖ ਵਿਚ ਤੀਰ ਮਾਰਨ ਵਰਗਾ। ਮੱਛੀ ਦਿਖ ਕਿਵੇਂ ਜਾਵੇ ? ਉਹਦੀ ਅੱਖ ਦਿਖੇ। ਇਹ ਕੁੜੀਆਂ ਬਗੈਰਾ ਪੜ੍ਹਾਈ ਦੇ ਓਹਲੇ ਵਿਚ ਹੀ ਰਹਿਣੀਆਂ ਚਾਹੀਦੀਆਂ ਨੇ। ਕੋਈ ਲੋੜ ਨਹੀਂ ਕਿਸੇ ਨਾਲ਼ ਬਹੁਤਾ ਮਿਕਸ ਅੱਪ ਹੋਣ ਦੀ। ਬੰਦਾ ਫਿਸਲਦਾ ਏ ਨਾ ਤਾਂ ਸਭ ਪੜ੍ਹਾਈ-ਲਿਖਾਈ ਧਰੀ-ਧਰਾਈ ਰਹਿ ਜਾਂਦੀ ਏ।'

ਦੇਵ ਦਾ ਧਿਆਨ ਉਸ ਤੋਂ ਛੁੱਟੇ 'ਨਾਰਦਰਨ ਰੇਡਿਓਜ਼' ਵੱਲ ਚਲਾ ਗਿਆ, ਜਿੱਥੇ ਉਹ ਆਪ ਫਿਸਲਿਆ ਸੀ। ਉਹ ਆਪਣੇ ਤਜ਼ਰਬੇ ਵਿੱਚੋਂ ਹੀ ਬੋਲ ਰਿਹਾ ਹੋਵੇਗਾ। ਉਸ ਦੀਆਂ ਗੱਲਾਂ ਤੋਂ ਦੇਵ ਨੂੰ ਲੱਗਾ, ਜਿਵੇਂ ਉਹ ਬਹੁਤ ਪਛਤਾ ਰਿਹਾ ਹੋਵੇ। ਉਹ ਫਿਰ ਸ਼ੁਰੂ ਹੋ ਗਿਆ, 'ਕੁੜੀਆਂ ਦੇ ਪਿਆਰ-ਪਿਊਰ ਛਲਾਵਾ ਹੀ ਹੁੰਦੇ ਆਂ ਸਭ। ਛਲੇਡੇ ਵਾਂਗ ਹੂਰ ਪਰੀ ਦਾ ਭੇਸ ਬਣਾ ਕੇ ਮਿਲਣਗੀਆਂ ਮਗਰੋਂ ਸਾਲ਼ੀਆਂ ਡੈਣਾਂ ਬਣ ਜਾਂਦੀਆਂ ਨੇ। ਹਰਾਮਜ਼ਾਦੀਆਂ ਸਪੇਰਨਾਂ ਹੁੰਦੀਆਂ ਨੇ ਇਹ। ਕੀਲ ਲੈਂਦੀਆਂ ਨੇ ਬੰਦੇ ਨੂੰ ਤੇ ਬੰਦ ਕਰ ਲੈਂਦੀਆਂ ਨੇ ਪਟਾਰੀ' ਚ। ਫੇਰ ਸੱਪਣੀਆਂ ਬਣ ਕੇ ਡੰਗਦੀਆਂ ਨੇ, ਅਗਲਾ ਪਾਣੀ ਮੰਗਣ ਜੋਗਾ ਨਹੀਂ ਰਹਿੰਦਾ। ਮਗਰੋਂ ਮਣਕਾ ਲਾ ਕੇ ਫੇਰ ਜਿਉਂਦਾ ਕਰ ਲੈਂਦੀਆਂ ਨੇ। ਮਰੀ ਜਾਓ, ਜੀਈ ਜਾਓ, ਮਰੀ

ਜਾਓ, ਜੀਈ ਜਾਓ।'

'ਮੈਨੂੰ ਪਤਾ ਏ, ਮੈਂ ਨਿਆਣਾ ਨਹੀਂ।' ਦੇਵ ਬੋਲਿਆ।

'ਤਦੇ ਕਹਿੰਦਾ ਏਂ ਬਈ ਹੁਣ ਤੂੰ ਨਿਆਣਾ ਨਹੀਂ ਜਵਾਨ ਹੋ ਰਿਹਾ ਏਂ। ਤੈਨੂੰ ਦੱਸਣਾ ਮੇਰਾ ਫਰਜ਼ ਏ, ਕਿਉਂਕਿ ਮੈਂ ਤੇਰਾ ਵੱਡਾ ਭਰਾ ਹਾਂ। ਬਚ ਕੇ ਰਹੀਂ।'

ਹੋਰ ਵੀ ਉਹ ਕਾਫ਼ੀ ਗੱਲਾਂ ਦੱਸਦਾ ਰਿਹਾ। ਦੇਵ ਸੋਚਣ ਲੱਗਾ, ਕਿ ਬੰਦਾ ਥੋੜ੍ਹਾ ਜਿਹਾ ਵੱਡਾ ਕੀ ਹੁੰਦਾ ਹੈ ਦੂਜਿਆਂ ਤੇ ਨਸੀਹਤਾਂ ਦੇ ਢੇਰ ਹੀ ਲਾ ਦਿੰਦਾ ਹੈ। ਦੇਵ ਸੁਣੀ ਅਣਸੁਣੀ ਕਰਦਾ ਰਿਹਾ। ਸਾਰੀਆਂ ਕੁੜੀਆਂ ਨੂੰ ਇੱਕੋ ਜਿਹੇ ਵੱਟਿਆਂ ਨਾਲ਼ ਤੋਲਣ ਵਾਲ਼ੀ ਆਪਣੇ ਭਰਾ ਦੀ ਦਲੀਲ ਉਸ ਨੂੰ ਹਜ਼ਮ ਨਹੀਂ ਸੀ ਹੋ ਰਹੀ। ਉਸ ਦਾ ਧਿਆਨ ਮੁੜ ਮੁੜ ਘੜੀ ਵੱਲ ਜਾ ਰਿਹਾ ਸੀ।

'ਕਿੰਨੇ ਵਜੇ ਲਗਦਾ ਏ ਤੇਰਾ ਕਾਲਜ?' ਹਰੀਵੰਸ਼ ਨੇ ਪੁੱਛਿਆ।

'ਬੱਸ! ਟਾਇਮ ਤਾਂ ਹੋਣ ਵਾਲ਼ਾ ਏ। ਜੇ ਕਹੇਂ ਤਾਂ ਛੁੱਟੀ ਕਰ ਲੈਂਦਾ ਏਂ।'

'ਛੁੱਟੀ ਕਰ ਕੇ ਮਾਂਹ ਦਲਣੇ ਨੇ? ਕਾਲਜ ਨਾ ਮਿੱਸ ਕਰਿਆ ਕਰ। ਕਿੰਨੇ ਵਜੇ ਛੁੱਟੀ ਹੋਵੇਗੀ?'

'ਦੋ-ਸਵਾ ਦੋ ਵਜੇ।'

'ਠੀਕ ਏ ਫੇਰ ਕਿਧਰੇ ਗੇੜਾ ਮਾਰ ਆਵਾਂਗੇ।'

ਦੇਵ ਖ਼ਰਾਬ ਜਿਹਾ ਮੂਡ ਲੈ ਕੇ ਘਰੋਂ ਬਾਹਰ ਨਿਕਲ਼ਿਆ। ਉਹ ਸੋਚਣ ਲੱਗਾ, ਵੱਡੇ ਛੋਟਿਆਂ ਤੇ ਕਿੰਨੀਆਂ ਪਾਬੰਦੀਆਂ ਲਾਉਂਦੇ ਨੇ ਇੱਥੇ। ਆਪ ਉਸੇ ਰਾਹ ਲੰਘਦੇ ਹਨ, ਪਰ ਦੂਜਿਆਂ ਅੱਗੇ ਵਾੜਾਂ ਕਰਨ ਤਕ ਜਾਂਦੇ ਹਨ। ਪਹਿਲਾਂ ਨਿੱਤ ਕੁਲਦੀਪ ਅਤੇ ਉਹਦੀ ਸਹੇ ਲੀ ਸ਼ੀਲਾ ਕੋਲ਼ੋਂ ਉਹ ਲੰਘਿਆ ਕਰਦਾ ਸੀ, ਅੱਜ ਉਹ ਵੀ ਨਾ ਮਿਲੀਆਂ। ਮਿਲਣ ਵੀ ਕਾਹਦਾ ਹੁੰਦਾ ਸੀ, ਬੱਸ ਕੋਲੋਂ ਲੰਘਦਿਆਂ ਪਲ ਭਰ ਦਾ ਝਾਕਾ ਲੈ ਲਿਆ ਕਰਦਾ ਸੀ ਤੇ ਅੱਗੇ ਜਾ ਕੇ ਕਿਸੇ ਲੁਕਵੀਂ ਥਾਂ ਤੇ ਖੜ੍ਹ ਕੇ ਇਕ ਵਾਰੀ ਫਿਰ ਲੰਘੀ ਜਾਦੀ ਕੁਲਦੀਪ ਨੂੰ ਦੇਖ ਲਿਆ ਕਰਦਾ ਸੀ, ਜਿਸ ਦਾ ਕੁਲਦੀਪ ਨੂੰ ਪਤਾ ਨਹੀਂ ਸੀ ਲਗਦਾ। ਇਹ ਉਸਦੀ ਆਪਣੇ ਦਿਲ ਨੂੰ ਚਾਰਜ ਕਰਨ ਵਾਲ਼ੀ ਗੱਲ ਹੀ ਸੀ। ਅੱਜ ਉਹ ਲੇਟ ਸੀ ਤੇ ਦੋਨੋਂ ਕੁੜੀਆਂ ਸਕੂਲ ਨੂੰ ਲੰਘ ਚੁੱਕੀਆਂ ਸਨ। ਦਿਲ ਦੀ ਬੈਟਰੀ ਬਿਲਕੁਲ ਡੈੱਡ ਹੋਈ ਪਈ ਸੀ।

'ਜੇ ਅੱਜ ਨਹੀਂ ਦੇਖੇਂਗਾ ਤਾਂ ਕਿਹੜੀ ਮੌਤ ਪੈਂਦੀ ਏ?' ਉਸ ਦੇ ਅੰਦਰੋਂ ਸਵਾਲ ਉੱਠਿਆ।

'ਹੋਰ ਮੌਤ ਕੀ ਹੁੰਦੀ ਏ?' ਅੰਦਰੋਂ ਹੀ ਜਵਾਬ ਮਿਲਿਆ।

ਬਾਰਾਂ ਕੁ ਵਜੇ ਉਹ ਪ੍ਰੋਫੈਸਰ ਸਿਆਲ਼ ਦੀ ਫਜ਼ਿਕਸ ਦੀ ਕਲਾਸ ਵਿਚ ਬੈਠਾ, ਪਤਾ ਨਹੀਂ ਕਿਹੜੇ ਅੰਬਰੀਂ ਉਡਾਰੀਆਂ ਲਾ ਰਿਹਾ ਸੀ ਕਿ ਕੁਲਦੀਪ ਦੇ ਖਿਆਲਾਂ ਵਿੱਚੋਂ ਹੁੰਦਾ ਹੋਇਆ ਉਸ ਦੇ ਧਿਆਨ ਦਾ ਪੰਛੀ ਸਰਵਰ ਪੁਰ ਵਾਲ਼ੇ ਮਕਾਨ ਵਿਚ ਉਸ ਦੀ ਕਿਤਾਬਾਂ ਵਾਲ਼ੀ ਅਲਮਾਰੀ' ਚ ਜਾ ਡਿੱਗਿਆ, ਜਿੱਥੇ ਉਸ ਨੇ ਕੁਲਦੀਪ ਨੂੰ ਲਿਖੀਆਂ ਪੈਂਤੀ ਚਾਲ਼ੀ ਚਿੱਠੀਆਂ ਦਾ ਬੰਡਲ ਰੱਖਿਆ ਹੋਇਆ ਸੀ। ਹਰੀਵੰਸ਼ ਦੇ ਸੁਭਾਅ ਨੂੰ ਤਾਂ ਉਹ ਜਾਣਦਾ ਹੀ ਸੀ। ਜੇ ਉਸ ਨੇ ਅਲਮਾਰੀ ਦੀ ਫੋਲਾ-ਫਾਲੀ ਕਰ ਲਈ ਤੇ ਉਹ ਚਿੱਠੀਆਂ ਉਸ ਦੇ ਹੱਥ

ਲੱਗ ਗਈਆਂ ਤਾਂ ਨਵਾਂ ਪੁਆੜਾ ਪੈ ਜਾਵੇਗਾ। ਉਹ ਬੇਚੈਨ ਹੋ ਗਿਆ ਤੇ ਕਲਾਸ' ਚੋਂ ਉੱਠ ਖੜ੍ਹਾ ਹੋਇਆ। ਪ੍ਰੋਫੈਸਰ ਸਿਆਲ਼ ਕੋਲ਼ ਤਬੀਅਤ ਖਰਾਬ ਹੋ ਜਾਣ ਦਾ ਬਹਾਨਾ ਬਣਾ ਕੇ ਛੁੱਟੀ ਲੈ ਲਈ ਤੇ ਸਾਇਕਲ ਚੁੱਕ ਸਰਵਰਪੁਰ ਪਹੁੰਚ ਗਿਆ। ਅੱਗੇ ਭਾਗਵੰਤੀ ਚੁੱਲ੍ਹੇ ਉੱਤੇ ਰਿੱਝਦੀ ਕੜ੍ਹੀ ਵਿਚ ਕੜਛੀ ਘੁਮਾ ਰਹੀ ਸੀ।

'ਹਰੀਵੰਸ਼?' ਉਹ ਬੋਲਿਆ।

'ਅੰਦਰ ਪਿਆ ਏ ਕਮਰੇ ਵਿਚ।' ਉਸ ਨੇ ਦੱਸਿਆ।

ਦੇਵ ਨੇ ਦਰਵਾਜ਼ਾ ਖੋਲ੍ਹਿਆ। ਜਿਸ ਦਾ ਧੁੜਕੂ ਸੀ, ਉਹੀ ਗੱਲ ਹੋ ਗਈ। ਉਸ ਨੇ ਮੰਜੇ ਉੱਤੇ ਆਪਣੇ ਸੱਜੇ ਹੱਥ ਦੇਵ ਦੀਆਂ ਚਿੱਠੀਆਂ ਦਾ ਬੰਡਲ਼ ਰੱਖਿਆ ਹੋਇਆ ਸੀ ਤੇ ਅਰਾਮ ਨਾਲ਼ ਸਿਰਹਾਣੇ ਉੱਤੇ ਸਿਰ ਸੁੱਟੀ ਇਕ ਚਿੱਠੀ ਪੜ੍ਹ ਰਿਹਾ ਸੀ। ਦੇਵ ਨੂੰ ਅੰਦਰ ਵੜਦਾ ਦੇਖ ਉਹ ਉੱਠ ਬੈਠਾ ਤੇ ਬੋਲਿਆ, 'ਆਜੋ ਕਾਲਜੀਏਟ ਸਾਹਬ ਛੁੱਟੀ ਹੋ ਗਈ?'

'ਦੋ ਪੀਰੀਅਡ ਵਿਹਲੇ ਸੀ... ।' ਦੇਵ ਮਸੀਂ ਬੋਲਿਆ।

'ਬਹਿ ਜਾ... ਆਖ਼ਰੀ ਚਿੱਠੀ ਥੋੜ੍ਹੀ ਰਹਿੰਦੀ ਏ... ਪੜ੍ਹ ਲਵਾਂ।' ਉਹ ਬੋਲਿਆ।

ਦੇਵ ਨੂੰ ਤੌਣੀਆਂ ਆਉਣ ਲੱਗੀਆਂ। ਇਸ ਗੱਲ ਦੀ ਨਮੋਸ਼ੀ ਤੇ ਝੋਰਾ ਹੋਇਆ ਕਿ ਚਿੱਠੀਆਂ ਸਾਂਭ ਲੈਣ ਦਾ ਖਿਆਲ ਉਸ ਨੂੰ ਸਵੇਰੇ ਕਿਉਂ ਨਾ ਆਇਆ। ਉਹ ਬੂਟਾਂ ਦੇ ਤਸਮੇ ਂ ਵੀ ਖੋਲ੍ਹੀ ਗਿਆ ਤੇ ਮੱਥੇ ਉੱਤੇ ਆਈਆਂ ਪਸੀਨੇ ਦੀਆਂ ਬੂੰਦਾਂ ਵੀ ਪੂੰਝੀ ਗਿਆ।

'ਬੜਾ ਛੁਪਿਆ ਰੁਸਤਮ ਨਿਕਲਿਆ ਤੂੰ ਤਾਂ... ਇਹ ਕੁਲਦੀਪ ਕਿਹੜੀ ਕੁੜੀ ਏ ?'

'ਕੋਈ ਵੀ ਨੀ।'

'ਹੈ ਤਾਂ ਸਹੀ... ਕੋਈ ਨਾ ਕੋਈ... ਗੋਰੀ ਚਿੱਟੀ... ਹਿਰਨੀ ਵਰਗੀਆਂ ਅੱਖਾਂ... ਸੁਰਾਹੀ ਵਰਗੀ ਗਰਦਣ... ਜੀਹਨੇ ਤੇਰੀ ਨੀਂਦ ਹਰਾਮ ਕੀਤੀ ਹੋਈ ਏ... ਜਿਹੜੀ ਤੈਨੂੰ ਸਤਲੁਜ ਦੀਆਂ ਲਹਿਰਾਂ ਵਿਚ ਨੱਚਦੀ ਦਿਖਾਈ ਦਿੰਦੀ ਏ। ਜਿਹੜੀ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਤਾਰਿਆਂ ਦੀ ਪਰਾਤ ਨੂੰ ਚੁੱਕੀ ਖੜ੍ਹੀ ਏ... ਜਿਸ ਦੇ ਪੈਰ ਮੱਖਣ ਦੇ ਪੇ ੜਿਆਂ ਵਰਗੇ ਨੇ। ਜੀਹਦੇ ਤੈਨੂੰ ਸੁਪਨੇ ਆਉਂਦੇ ਨੇ... ।' ਉਹ ਪਤਾ ਨਹੀਂ ਕਿੰਨੀ ਦੇਰ ਬੋਲਦਾ ਰਿਹਾ ਤੇ ਉਸ ਦੇ ਬੋਲ ਦੇਵ ਦੇ ਸਿਰ ਵਿਚ ਹਥੌੜੇ ਵਾਂਗ ਵੱਜਦੇ ਰਹੇ।

'ਨਹੀਂ-ਨਹੀਂ ਇਹ ਸਭ ਝੂਠ ਏ। ਨਿਰੀ ਕਲਪਨਾ।' ਦੇਵ ਬੋਲਿਆ।

'ਤੂੰ ਇਹ ਸਾਰੀਆਂ ਚਿੱਠੀਆਂ ਕੁਲਦੀਪ ਨਾਂ ਦੀ ਕੁੜੀ ਨੂੰ ਲਿਖੀਆਂ ਹੋਈਆਂ ਨੇ। ਹੈਰਾਨੀ ਦੀ ਗੱਲ ਏ ਕਿ ਇਹ ਪਈਆਂ ਤੇਰੇ ਕੋਲ਼ ਨੇ। ਸਾਰੀਆਂ ਤੇ ਤਰੀਕਾਂ ਵੀ ਪਈਆਂ ਹੋਈਆਂ ਨੇ ਤੇ 'ਤੇਰੀ ਪਿਆਰੀ ਚਿੱਠੀ ਮਿਲੀ' ਵੀ ਲਿਖਿਆ ਹੋਇਆ ਏ। ਉਹਦੀਆਂ ਜਿਹੜੀਆਂ ਪਿਆਰੀਆਂ ਚਿੱਠੀਆਂ ਤੈਨੂੰ ਮਿਲੀਆਂ, ਉਹ ਲਿਆ ਕੱਢ ਕੇ ਕੱਢਕੇ, ਕਿੱਥੇ ਨੇ ? ਮੈਂ ਤਾਂ ਪੱਤ-ਪੱਤ ਕਰ ਮਾਰਿਆ, ਤੇਰਾ ਟਰੰਕ ਵੀ ਫੋਲ ਲਿਆ।'

ਦੇਵ ਨੂੰ ਥੁੱਕ ਨਿਘਾਰਨਾ ਵੀ ਔਖਾ ਹੋ ਗਿਆ। ਫੇਰ ਵੀ ਉਸ ਨੇ ਨਿਘਾਰਿਆ ਤੇ ਕਿਹਾ, 'ਜੇ ਕੋਈ ਕੁਲਦੀਪ ਹੋਵੇ, ਤੇ ਉਹਨੇ ਮੈਨੂੰ ਚਿੱਠੀਆਂ ਲਿਖੀਆਂ ਹੋਣ, ਤਾਂ ਹੀ ਦਿਆਂ। ਇਹ ਸਭ ਜਾਅਲੀ ਚਿੱਠੀਆਂ ਨੇ। ਪ੍ਰੋਫੈਸਰ ਸਰਦਾਰਾ ਸਿੰਘ ਭਾਟੀਆ ਸਾਡੇ ਟਿਊਟੋਰੀਅਲ

ਗਰੁੱਪ ਦੇ ਇੰਚਾਰਜ ਨੇ। ਉਨ੍ਹਾਂ ਨੇ ਇਕ ਦਿਨ ਕਿਹਾ, ਕਿ ਜੇ ਪੰਜਾਬੀ ਲਿਖਣ ਵਿਚ ਮੁਹਾਰਤ ਹਾਸਲ ਕਰਨੀ ਏਂ ਤਾਂ ਕਿਸੇ ਕੁੜੀ ਦੀ ਕਲਪਨਾ ਕਰ ਲਵੋ ਤੇ ਉਸ ਨੂੰ ਚਿੱਠੀਆਂ ਲਿਖਿਆ ਕਰੋ। ਮਨ ਪ੍ਰਚਾਵਾ ਵੀ ਹੋ ਜਾਵੇਗਾ ਤੇ ਅਭਿਆਸ ਵੀ।'

'ਬਕਵਾਸ ਕਰਦਾ ਏਂ ਤੂੰ। ਮੈਂ ਸੱਤ ਪੱਤਣਾ ਦਾ ਤਾਰੂ ਹੈਗਾ ਏਂ। ਜਿਹੜੀਆਂ ਤੇਰੇ ਦਿਲ' ਚ ਨੇ ਉਹ ਮੇਰੇ ਨਹੁੰਆਂ ਤੇ ਨੇ। ਕੱਲ੍ਹ ਹੀ ਕਾਲਜ ਜਾ ਕੇ ਪਤਾ ਕਰਾਂਗਾ, ਫੇਰ ਤੈਨੂੰ ਦੱਸਾਂਗਾ, ਕੁਲਦੀਪ ਕੌਣ ਏਂ। ਸੱਚ ਝੂਠ ਦਾ ਨਿਤਾਰਾ ਹੋਜੂ।'

'ਕੱਲ੍ਹ ਕਿਉਂ ਅੱਜ ਹੀ ਚਲੋ ਚਲਦੇ ਹਾਂ। ਸਾਰੇ ਕਾਲਜ ਵਿਚ ਜੇ ਕੋਈ ਕੁਲਦੀਪ ਹੋਈ, ਤਾਂ ਸੌ ਜੁੱਤੀ ਮਾਰੀਂ ਮੇਰੇ।' ਦੇਵ ਹੱਸ ਕੇ ਬੋਲਿਆ।

'ਪੱਕੀ ਗੱਲ ਏ?' ਉਹ ਬੋਲਿਆ।

'ਇੱਟ ਵਰਗੀ ਪੱਕੀ।'

'ਚੁੱਕ ਯਾਰ... ਕਰ ਲਿਆ ਤੇਰੇ ਤੇ ਵਿਸ਼ਵਾਸ਼।' ਹਰੀਵੰਸ਼ ਨੇ ਚਿੱਠੀਆਂ ਵਾਲ਼ਾ ਲਿਫਾਫ਼ਾ ਮੇਜ਼ ਤੇ ਰੱਖ ਦਿੱਤਾ।

'ਮੈਂ ਤੇਰਾ ਦੁਸ਼ਮਣ ਨਹੀਂ ਦੇਵ। ਤੇਰਾ ਭਲਾ ਚਾਹੁੰਦਾ ਏਂ। ਇਹ ਤੇਰੇ ਪੜ੍ਹਨ ਦੇ ਦਿਨ ਨੇ। ਕੁਝ ਬਣ ਕੇ ਦਿਖਾ। ਤੂੰ ਲੱਕੀ ਏਂ। ਤੈਨੂੰ ਸਪੋਟ ਕਰਨ ਵਾਲ਼ੇ ਅਸੀਂ ਤਿੰਨ ਜਣੇ ਹਾਂ।'

'ਤਿੰਨ ਨਹੀਂ ਚਾਰ ਜਣੇ।' ਦੇਵ ਨੇ ਕਿਹਾ।

'ਚੌਥਾ ਕੌਣ?' ਉਹ ਬੋਲਿਆ।

'ਚੌਥਾ ਨਹੀਂ, ਪਹਿਲਾ ਮਾਮਾ, ਫੇਰ ਤੁਸੀਂ ਤਿੰਨੋਂ।'

ਦੇਵ ਨੇ ਕਿਤਾਬਾਂ ਚੁੱਕੀਆਂ ਤੇ ਪੜ੍ਹਨ ਬੈਠ ਗਿਆ। ਹਰੀਵੰਸ਼ ਨੇ ਲੇਟ ਕੇ ਬਾਂਹ ਨਾਲ਼ ਆਪਣੀਆਂ ਅੱਖਾਂ ਢਕ ਲਈਆਂ ਤੇ ਸ਼ਾਇਦ ਸੌਂ ਵੀ ਗਿਆ। ਪੜ੍ਹਦੇ-ਪੜ੍ਹਦੇ ਉਸ ਦਾ ਧਿਆਨ ਕੁਲਦੀਪ ਵੱਲ ਚਲਾ ਗਿਆ। ਹਰੀਵੰਸ਼ ਦੇ ਆਇਆ ਹੋਣ ਕਰਕੇ ਭਾਗਵੰਤੀ ਵੀ ਅੱਜ ਘਰੋਂ ਨਹੀਂ ਸੀ ਨਿਕਲ਼ੀ। ਨਹੀਂ ਤਾਂ ਉਹ ਹਰਰੋਜ਼ ਕੁਲਦੀਪ ਦੇ ਘਰ ਦਾ ਚੱਕਰ ਲਾ ਆਇਆ ਕਰਦੀ ਸੀ। ਕਈ ਵਾਰੀ ਤਾਂ ਉੱਥੇ ਹੀ ਖਾ ਪੀ ਕੇ ਦੇਵ ਲਈ ਕੁਝ ਲੈ ਆਇਆ ਕਰਦੀ ਸੀ। ਦੇਵ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਕਹਿੰਦਾ, 'ਇਹ ਲਾਗੀਆਂ ਵਾਲ਼ੇ ਕੰਮ ਛੱਡ ਦੇ ਹੁਣ ਬੇਬੇ।'

'ਬਹੁਤਾ ਨੀ ਹਵਾ ਵਿਚ ਉਡੀਦਾ ਦੇਵ। ਰਸ਼ਮਿੰਦਰ ਮੈਨੂੰ ਜਗੀਰ ਦੀ ਬਹੂ ਦਰਸ਼ਨ ਕੁਰ ਜਿੰਨਾ ਹੀ ਪਿਆਰ ਕਰਦੀ ਏ।' ਭਾਗਵੰਤੀ ਕਹਿੰਦੀ ਤਾਂ ਦੇਵ ਚੁੱਪ ਕਰ ਜਾਂਦਾ। ਦੋਨਾਂ ਦਾ ਸਮਾਂ ਵਧੀਆ ਲੰਘੀ ਜਾਂਦਾ, ਦੇਵ ਦਾ ਵੀ ਤੇ ਉਸ ਦੀ ਬੇਬੇ ਦਾ ਵੀ।

**00**

## ਚੁਰੰਜਾ

ਦੇਵ ਨਿੱਤ ਹੀ ਸ਼ਾਮ ਨੂੰ ਪੰਜ, ਸਵਾ ਪੰਜ ਵਜੇ ਕੁਲਦੀਪ ਦੇ ਘਰ ਜਾ ਵੜਦਾ ਤਾਂ ਮਾਂ ਧੀ ਦੋਨੋਂ ਖੁਸ਼ ਹੋ ਜਾਂਦੀਆਂ। ਦੇਵ ਪੁੱਛਦਾ, 'ਕੀ ਕਰਦੇ ਹੋ ਮਾਮੀ ਜੀ?'

'ਆ ਜਾ ਦੇਵ ਤੈਨੂੰ ਹੀ ਉਡੀਕਦੀਆਂ ਸੀ। ਤੇਰੇ ਬਿਨਾਂ ਤਾਂ ਹੁਣ ਚੰਦਰਾ ਜੀਅ ਨੀ

ਲਗਦਾ।' ਉਹ ਹੱਸ ਕੇ ਆਖਦੀ ਤਾਂ ਕੁਲਦੀਪ ਦੰਦਾਂ ਵਿਚ ਬੁੱਲ੍ਹ ਘੁੱਟ ਕੇ ਦੇਵ ਵੱਲ ਦੇਖਦੀ। ਉਹ ਉਨ੍ਹਾਂ ਕੋਲ਼ ਜਾ ਬੈਠਦਾ। ਰਸ਼ਮਿੰਦਰ ਉੱਠ ਕੇ ਕੋਈ ਕੰਮ ਚਲੀ ਜਾਂਦੀ ਤਾਂ ਉਹ ਕੁਲਦੀਪ ਦਾ ਹਾਲਚਾਲ ਪੁੱਛਣ ਲੱਗ ਪੈਂਦਾ। ਉਹ ਕੋਈ ਹਾਸੇ ਦੀ ਗੱਲ ਸੁਣਾਉਂਦਾ ਤਾਂ ਉਹ ਖਿੜ ਖਿੜਾ ਕੇ ਦੋਹਰੀ ਹੋ ਹੋ ਹੱਸਦੀ। ਉਨ੍ਹਾਂ ਦਾ ਦੁੱਧ ਰਸ਼ਮਿੰਦਰ ਦੇ ਘਰੋਂ ਹੀ ਆਉਂਦਾ ਸੀ। ਉਸ ਨੇ ਕਈ ਵਾਰੀ ਦੁੱਧ ਦੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਨ੍ਹਾਂ ਨੇ ਲਏ ਹੀ ਨਹੀਂ ਸਨ। ਇਸੇ ਲਈ ਦੇਵ ਦੀ ਬੇਬੇ ਉਸ ਨੂੰ ਆਖਦੀ ਕਿ ਉਨ੍ਹਾਂ ਨਾਲ਼ ਟੋਕਾ ਕਰਵਾ ਆਇਆ ਕਰੇ ਜਾਂ ਸੌਦਾ-ਪੱਤਾ ਲਿਆ ਕੇ ਦੇ ਦਿਆ ਕਰੇ। ਟੋਕਾ ਕਰਵਾਉਣਾ ਵੀ ਦੇਵ ਲਈ ਰੂਹ ਦੀ ਖੁਰਾਕ ਸੀ। ਉਹ ਤੇ ਕੁਲਦੀਪ ਮਸ਼ੀਨ ਗੇੜਨ ਲਗਦੇ ਤੇ ਰਸ਼ਮਿੰਦਰ ਰੁੱਗ ਲਾਉਂਦੀ। ਕਈ ਵਾਰੀ ਉਹ ਕੁਲਦੀਪ ਦਾ ਹੱਥ ਆਪਣੇ ਹੱਥ ਹੇਠ ਦਬਾ ਲੈਂਦਾ ਤਾਂ ਉਨ੍ਹਾਂ ਦੀਆਂ ਅੱਖਾਂ ਚਾਰ ਹੋ ਕੇ ਇਕ ਦੂਜੇ ਨਾਲ਼ ਗੱਲਾਂ ਕਰਨ ਲੱਗਦੀਆਂ। ਕੁਲਦੀਪ ਬਿਨਾਂ ਕੋਈ ਵਿਰੋਧ ਕਰੇ ਹੇਠਲਾ ਬੁੱਲ੍ਹ ਦੰਦਾਂ' ਚ ਘੁੱਟ ਕੇ ਮੁਸਕਰਾਉਂਦੀ ਰਹਿੰਦੀ। ਟੋਕਾ ਕਰਵਾਉਣ ਮਗਰੋਂ ਦੇਵ ਤੇ ਕੁਲਦੀਪ ਤਖ਼ਤ ਪੋਸ਼ ਤੇ ਬੈਠ ਪੜ੍ਹਨ ਲੱਗਦੇ। ਗੱਲਾਂ ਵੀ ਮਾਰੀ ਜਾਂਦੇ। ਰਸ਼ਮਿੰਦਰ ਦਧੌੜੀ' ਚੋਂ ਕੜ੍ਹੇ ਹੋਏ ਗੁਲਾਬੀ ਦੁੱਧ ਦਾ ਕੰਗਣੀ ਵਾਲ਼ਾ ਗਿਲਾਸ ਕੱਢਦੀ ਤੇ ਖੰਡ ਘੋਲ਼ ਕੇ ਦੇਵ ਨੂੰ ਫੜਾ ਜਾਂਦੀ।

'ਮੈਨੂੰ ਭਲਵਾਨ ਬਣਾਉਣਾ ਏਂ ਤੁਸੀਂ ਮਾਮੀ ਜੀ?' ਦੇਵ ਹੱਸ ਕੇ ਕਹਿੰਦਾ।

'ਤੈਥੋਂ ਥੋੜ੍ਹੇ ਕੰਮ ਕਰਵਾਈਦੇ ਨੇ?' ਉਹ ਵੀ ਹੱਸ ਕੇ ਕਹਿੰਦੀ।

ਇਕ ਦਿਨ ਦੇਵ ਘਰ ਵਾਪਸ ਆਉਣ ਲੱਗਾ ਤਾਂ ਰਸ਼ਮਿੰਦਰ ਬੋਲੀ, 'ਦੇਵ ਦੀਪੀ ਸਾਇਕਲ ਸਿੱਖਣ ਨੂੰ ਕਹਿੰਦੀ ਏ। ਤੂੰ ਆਪਣੇ ਵਾਲ਼ੇ ਸਾਇਕਲ ਤੇ ਸਿਖਾ ਦੇਵੇਂਗਾ?'

'ਹਾਂ ਹਾਂ ਕਿਉਂ ਨਹੀਂ। ਅਜੇ ਤੱਕ ਕੁਲਦੀਪ ਨੂੰ ਸਾਇਕਲ ਚਲਾਉਣਾ ਵੀ ਨੀ ਆਉਂਦਾ?'

'ਸਾਡੇ ਕੋਲ਼ ਸਾਇਕਲ ਹੀ ਨੀ।' ਦੀਪੀ ਹੱਸੀ।

ਅਗਲੇ ਦਿਨ ਉਨ੍ਹਾਂ ਦੇ ਘਰ ਜਾਣ ਲੱਗਾ ਦੇਵ ਆਪਣਾ ਸਾਇਕਲ ਲੈ ਗਿਆ। ਕੁਲਦੀਪ, ਉਹਦੀ ਮੰਮੀ ਤੇ ਉਹ ਉੱਤਰ ਵੱਲ ਦਰਿਆ ਵਾਲ਼ੇ ਰਾਹ ਤੇ ਚਲੇ ਗਏ। ਸਾਇਕਲ ਸਿੱਖਣ ਲਈ ਰਸਤਾ ਠੀਕ ਹੀ ਸੀ, ਪਰ ਕਿਤੇ ਕਿਤੇ ਰੇਤਾ ਸੀ। ਰਸ਼ਮਿੰਦਰ ਇਕ ਟਾਹਲੀ ਹੇਠ ਬੈਠ ਗਈ ਤੇ ਦੇਵ, ਕੁਲਦੀਪ ਨੂੰ ਸਾਇਕਲ ਉੱਤੇ ਬਿਠਾ, ਧੱਕਾ ਲਾਉਂਦਾ ਨਾਲ਼ ਨਾਲ਼ ਦੌੜਨ ਲੱਗਾ। ਉਹ ਡਰਦੀ ਡਰਦੀ ਪੈਡਲ ਮਾਰਦੀ ਤੇ ਹੈਂਡਲ ਵੱਲ ਨੂੰ ਹੀ ਦੇਖੀ ਜਾਂਦੀ।

'ਸਾਮ੍ਹਣੇ ਗੋਹਰ ਵਿਚ ਨਿਗਾਹ ਰੱਖ ਦੀਪੀ। ਹੈਂਡਲ ਵੱਲ ਕਿਉਂ ਦੇਖੀ ਜਾਂਦੀ ਏਂ?'

'ਮੈਂ ਨੀ ਸਿੱਖ ਸਕਦੀ। ਮੈਨੂੰ ਨੀ ਪਤਾ ਲੱਗਦਾ।' ਉਹ ਕਹਿੰਦੀ।

ਜਿਉਂ ਹੀ ਉਹ ਸਾਇਕਲ ਛੱਡਦਾ ਜਾਂ ਰਾਹ ਵਿਚ ਮਾੜੀ ਮੋਟੀ ਰੇਤ ਆ ਜਾਂਦੀ ਤਾਂ ਉਹ ਡਿਗਣ ਲੱਗਦੀ। ਦੇਵ ਉਸ ਨੂੰ ਆਪਣੀਆਂ ਬਾਹਾਂ ਵਿਚ ਬੋਚ ਲੈਂਦਾ। ਦੇਵ ਨੂੰ ਲੱਗਦਾ ਜਿਵੇਂ ਉਸ ਨੇ ਆਪਣੇ ਹੱਥਾਂ ਵਿਚ ਬਹੁਤ ਭਾਰੀ ਮੱਛੀ ਫੜ ਲਈ ਹੋਵੇ।

'ਤੁਸੀਂ ਸਾਇਕਲ ਫੜਿਆ ਕਰੋ। ਮੈਨੂੰ ਕਿਉਂ ਫੜਦੇ ਹੋ?' ਉਹ ਨਖ਼ਰੇ ਨਾਲ਼

ਕਹਿੰਦੀ।

‘ਡਿਗਣ ਤੋਂ ਤੈਨੂੰ ਬਚਾਉਣਾ ਏਂ ਕਿ ਸਾਇਕਲ ਨੂੰ?’

‘ਮੈਂ ਵੀ ਤਾਂ ਸਾਇਕਲ ਉੱਤੇ ਹੀ ਹਾਂ। ਮੈਂ ਸਭ ਸਮਝਦੀ ਹਾਂ। ਜੇ ਫੇਰ ਫੜੋਗੇ ਤਾਂ ਮੈਂ ਤੁਹਾਨੂੰ ‘ਵੀਰ ਜੀ’ ਨਹੀਂ ਕਿਹਾ ਕਰਨਾ।’

‘ਮੈਂ ਕਦੋਂ ਤੈਨੂੰ ਕਿਹਾ ਕਿ ਮੈਨੂੰ ‘ਵੀਰ ਜੀ’ ਕਿਹਾ ਕਰ। ਮੇਰਾ ਨਾਂ ਦੇਵ ਏ, ਤੂੰ ਮੈਨੂੰ ਦੇਵ ਕਿਹਾ ਕਰ।’

‘ਫੇਰ ਮੈਂ ਕਹਿਣ ਵੀ ਲੱਗ ਪੈਣਾ ਏਂ।’

‘ਕਹਿ ਕਹਿ... ਮੈਂ ਤਾਂ ਆਪ ਚਾਹੁੰਦੈਂ।’

ਕੁਲਦੀਪ ਚਾਰ ਪੰਜ ਦਿਨਾਂ ਵਿਚ ਹੀ ਸਾਇਕਲ ਚਲਾਉਣਾ ਸਿੱਖ ਗਈ। ਉਹ ਹੁਣ ਜਦੋਂ ਦੇਵ ਦੇ ਸਾਮ੍ਹਣੇ ਆਉਂਦੀ ਤਾਂ ਉਸ ਵੱਲ ਦੇਖ ਮੁਸਕਰਾਉਂਦੀ। ਜਦੋਂ ਕੋਈ ਲਾਗੇ ਹੁੰਦਾ, ਉਹ ਉਦੋਂ ਹੀ ਉਸਨੂੰ ‘ਵੀਰ ਜੀ’ ਆਖਦੀ ਨਹੀਂ ਤਾਂ ‘ਦੇਵ’ ਹੀ ਚਲਦਾ। ਪਿਆਰ ਵਰਗਾ ਕੁਝ ਦੋਨਾਂ ਦੇ ਦਿਲਾਂ ਵਿਚ ਪਲਣ ਲੱਗਾ ਸੀ ਤੇ ਦੋਨਾਂ ਦੇ ਦਿਲਾਂ’ ਚ ਕੁਤਕੁਤਾਰੀਆਂ ਕੱਢਣ ਵਾਲੀਆਂ ਕਰੂੰਬਲਾਂ ਫੁੱਟਣ ਲੱਗੀਆਂ ਸਨ। ਅੰਦਰ ਹੀ ਅੰਦਰ ਵਧ ਰਹੀਆਂ ਸਨ ਤੇ ਦੋਨਾਂ ਨੂੰ ਖੁਮਾਰੀ ਚੜ੍ਹੀ ਰਹਿੰਦੀ ਸੀ।

ਦੇਵ ਨੂੰ ਨਾਵਲ, ਕਹਾਣੀਆਂ ਪੜ੍ਹਨ ਦਾ ਜਨੂੰਨੀ ਵਰਗਾ ਸ਼ੌਕ ਸੀ। ਉਹ ਕਾਲਜ ਲਾਇਬ੍ਰੇਰੀ’ ਚੋਂ ਕੋਈ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਇਸ਼ੂ ਕਰਵਾ ਕੇ ਲਿਆਉਂਦਾ ਤਾਂ ਆਪ ਪੜ੍ਹਨ ਮਗਰੋਂ ਕੁਲਦੀਪ ਨੂੰ ਵੀ ਪੜ੍ਹਨ ਲਈ ਦੇ ਦਿੰਦਾ। ਹੌਲ਼ੀ-ਹੌਲ਼ੀ ਕੁਲਦੀਪ ਉੱਤੇ ਵੀ ਸਾਹਿਤ ਪੜ੍ਹਨ ਦੀ ਧੁਨ ਸਵਾਰ ਹੋ ਗਈ। ਦੇਵ ਨੇ ਉਸ ਨੂੰ ‘ਪਾਲੀ’ ਪੜ੍ਹਾਇਆ ਤੇ ਉਹ ਚਿੱਠੀ ਵੀ ਦਿਖਾਈ ਜਿਹੜੀ ਕੰਵਲ ਨੇ ਉਸ ਦੀ ਚਿੱਠੀ ਦੇ ਜਵਾਬ ਵਿਚ ਲਿਖੀ ਸੀ। ਕੁਲਦੀਪ ਬੜੀ ਹੈਰਾਨ ਹੋਈ। ਇਕ ਦਿਨ ਉਸ ਨੂੰ ਕਹਿਣ ਲੱਗੀ, ‘ਮੇਰੀ ਮੰਮੀ ਨੂੰ ਪਤਾ ਨਾ ਲੱਗੇ ਕਿ ਮੈਂ ਇਹ ਕਿਤਾਬਾਂ ਵੀ ਪੜ੍ਹਦੀ ਹਾਂ। ਉੱਤੇ ਅਖ਼ਬਾਰ ਦਾ ਕਾਗਜ਼ ਚੜ੍ਹਾ ਕੇ ਲਿਆਇਆ ਕਰੋ ਦੇਵ ਤਾਂ ਕਿ ਉਹ ਮੇਰੀਆਂ ਕਿਤਾਬਾਂ ਵਰਗੀ ਹੀ ਲੱਗੇ।’

ਇਕ ਦਿਨ ਉਹ ਕਿਤਾਬਾਂ ਦੀਆਂ ਗੱਲਾਂ ਕਰ ਰਹੇ ਸਨ ਕਿ ਕੁਲਦੀਪ ਬੋਲੀ, ‘ਇਕ ਤੁਹਾਨੂੰ ਗੱਲ ਦੱਸਣੀ ਏਂ ਦੇਵ, ਪਰ ਦੱਸਣੀ ਹੈ ਔਖੀ।’

‘ਤੂੰ ਇਉਂ ਸਮਝ ਕਿ ਮੈਂ ਵੀ ਤੂੰ ਹੀ ਹਾਂ। ਆਪਣੇ ਆਪ ਨੂੰ ਗੱਲ ਦੱਸਣੀ ਕੋਈ ਔਖੀ ਨੀ ਹੁੰਦੀ।’ ਦੇਵ ਬੋਲਿਆ। ਗਰਦਣ ਭਾਵੇਂ ਉਸ ਨੇ ਝੁਕਾਈ ਰੱਖੀ, ਪਰ ਦੇਵ ਨੂੰ ਗੱਲ ਸਾਰੀ ਦੱਸ ਦਿੱਤੀ।

ਉਸ ਦੇ ਸਕੂਲ ਵਿਚ ਐਨ. ਸੀ. ਸੀ. ਦੀ ਪਰੇਡ ਕਰਾਉਣ ਲਈ ਇਕ ਫੌਜੀ ਆਉਂਦਾ ਸੀ, ਜਿਸ ਦੇ ਕਮੀਜ਼ ਨੂੰ ਮੋਢੇ ਉੱਤੇ ਦੋ ਫੀਤੀਆਂ ਲੱਗੀਆਂ ਹੋਈਆਂ ਸਨ। ਇਕ ਦਿਨ ਪਰੇ ਡ ਮਗਰੋਂ ਰਿਫਰੈਸ਼ਮੈਂਟ ਲੈਕੇ ਜਦੋਂ ਉਹ ਟੂਟੀਆਂ ਤੇ ਪਾਣੀ ਪੀਣ ਗਈ ਤਾਂ ਫੌਜੀ ਵੀ ਉਸ ਦੇ ਮਗਰ ਹੀ ਪਹੁੰਚ ਗਿਆ ਤੇ ਬੋਲਿਆ, ‘ਕਿਹੜਾ ਪਿੰਡ ਏ ਤੇਰਾ ਕੁੜੀਏ?’

‘ਜੀ ਸਰਵਰਪੁਰ।’

‘ਕੀ ਨਾਂ ਏਂ ਤੇਰਾ?’

'ਕੁਲਦੀਪ।' ਉਸ ਨੇ ਦੱਸਿਆ।

'ਕੁਲਦੀਪ, ਮੈਂ ਤੈਨੂੰ ਇਕ ਅਜਿਹੀ ਗੱਲ ਦੱਸਣੀ ਚਾਹੁੰਦਾ ਹਾਂ, ਜਿਸ ਦਾ ਤੈਨੂੰ ਪਤਾ ਨਹੀਂ।' ਉਹ ਬੋਲਿਆ।

'ਜੀ ਕੀ?'

'ਉਹ ਇਹ ਕਿ ਤੂੰ ਸਾਰੀਆਂ ਕੁੜੀਆਂ ਨਾਲ਼ੋਂ ਸੁਹਣੀ ਏਂ।'

ਫੌਜੀ ਦੀ ਗੱਲ ਸੁਣਕੇ ਉਸ ਦਾ ਚਿਹਰਾ ਲਾਲ ਹੋ ਗਿਆ। ਕੰਨਾਂ' ਚੋਂ ਜਿਵੇਂ ਅੱਗ ਨਿਕਲ਼ਣ ਲੱਗ ਪਈ। ਉਹ ਬਿਨਾਂ ਪਾਣੀ ਪੀਤੇ ਦੌੜ ਆਈ ਤੇ ਆਪਣੀ ਸਹੇਲੀ ਸ਼ੀਲਾ ਨੂੰ ਇਹ ਗੱਲ ਦੱਸੀ।

'ਉਹ ਠੀਕ ਹੀ ਤਾਂ ਕਹਿੰਦਾ ਏ।' ਸ਼ੀਲਾ ਹੱਸ ਪਈ।

ਫੌਜੀ ਅਜਿਹਾ ਚਾਮ੍ਹਲਿਆ ਕਿ ਨਿੱਤ ਹੀ ਉਸ ਨੂੰ ਛੇੜਨ ਲੱਗ ਪਿਆ। ਕਈ ਵਾਰ ਤਾਂ ਬਹੁਤ ਗੰਦਾ ਮਜ਼ਾਕ ਵੀ ਕਰਦਾ। ਕੁਲਦੀਪ ਚੁੱਪ ਚਾਪ ਸਹੀ ਗਈ। ਅੱਕ ਕੇ ਇਕ ਦਿਨ ਉਸ ਨੇ ਫੌਜੀ ਨੂੰ ਕਿਹਾ, 'ਅੰਕਲ ਜੀ, ਜੇ ਤੁਸੀਂ ਮੈਨੂੰ ਹੁਣ ਕੁਝ ਕਿਹਾ ਤਾਂ ਮੈਂ ਪ੍ਰਿੰਸੀਪਲ ਕੋਲ਼ ਸ਼ਿਕਾਇਤ ਕਰ ਦਿਆਂਗੀ।'

ਪਰ ਉਸ ਉੱਤੇ ਕੋਈ ਅਸਰ ਹੀ ਨਾ ਹੋਇਆ। ਪਰੇਡ ਮਗਰੋਂ ਇਕ ਦਿਨ ਕੁਲਦੀਪ ਦੇ ਮੂਹਰੇ ਆ ਖੜ੍ਹਿਆ ਤੇ ਉਸ ਨੂੰ ਕਹਿਣ ਲੱਗਾ, 'ਤੇਰੇ ਝੋਲ਼ੇ ਵਿਚ ਇਕ ਕਿਤਾਬ ਪਈ ਏ। ਜ਼ਿੰਦਗੀ ਦੇ ਮਜ਼ੇ ਲੈਣੇ ਨੇ ਤਾਂ ਉਹ ਕਿਤਾਬ ਪੜ੍ਹੀਂ।'

ਕੁਲਦੀਪ ਹੈਰਾਨ ਰਹਿ ਗਈ ਕਿ ਉਸ ਦੇ ਬੈਗ ਵਿਚ ਉਸਨੇ ਕਿਤਾਬ ਕਦੋਂ ਪਾ ਦਿੱਤੀ ਸੀ। ਘਰ ਆ ਕੇ ਦੇਖੀ ਤਾਂ ਉਹ ਐਨੀ ਗੰਦੀ ਸੀ ਕਿ ਉਸ ਦਾ ਸਿਰ ਚਕਰਾ ਗਿਆ।

'ਕੀਹਦੀ ਲਿਖੀ ਹੋਈ ਸੀ?' ਦੇਵ ਨੇ ਉਸ ਨੂੰ ਪੁੱਛਿਆ।

'ਮਸਤ ਰਾਮ ਸੀ ਕੋਈ ਉਹਦਾ ਲੇਖਕ।'

ਦੇਵ ਸਮਝ ਗਿਆ। ਕਾਲਜ ਦੇ ਮੁੰਡਿਆਂ ਕੋਲ਼ ਵੀ ਇਸੇ 'ਲੇਖਕ' ਦੀ ਇਕ ਕਿਤਾਬ ਉਸਨੇ ਘੁੰਮਦੀ ਦੇਖੀ ਸੀ। ਨੰਗੇ ਹਰਫ਼ਾਂ ਵਾਲ਼ੀ ਅਸ਼ਲੀਲ ਕਿਤਾਬ।

'ਹੁਣ ਕਿੱਥੇ ਹੈ ਉਹ ਕਿਤਾਬ?'

'ਉਹ ਮੈਂ ਅਗਲੇ ਦਿਨ ਹੀ ਫੌਜੀ ਦੇ ਮੂੰਹ ਤੇ ਮਾਰੀ। ਇਹ ਵੀ ਆਖ ਦਿੱਤਾ ਕਿ ਹੁਣ ਅੱਗੇ ਤੋਂ ਜੇ ਤੂੰ ਮੇਰੇ ਵੱਲ ਦੇਖਣਾ ਵੀ ਹੋਇਆ ਸੌ ਵਾਰ ਸੋਚੀਂ। ਮੈਂ ਜੁੱਤੀ ਖੋਹਲ ਲੈਣੀ ਏਂ।'

'ਕਿਤਾਬਾਂ ਤਾਂ ਕੁਲਦੀਪ ਚੰਗੀਆਂ ਵੀ ਹੁੰਦੀਆਂ ਨੇ ਮਾੜੀਆਂ ਵੀ। ਇਹ ਤਾਂ ਅਸੀਂ ਖੁਦ ਦੇਖਣਾ ਹੁੰਦਾ ਏ ਕਿ ਪੜ੍ਹਨਾ ਕੀ ਏ।' ਦੇਵ ਨੇ ਕਿਹਾ।

ਡੀ. ਐਸ. ਪੀ. ਦੀ ਕੋਠੀ ਪਿੰਡ ਤੋਂ ਦਰਿਆ ਵੱਲ ਜਾਂਦੇ ਰਾਹ ਦੇ ਨੇੜੇ ਹੀ ਪੈਂਦੀ ਸੀ। ਕੋਠੀ ਦੇ ਇਕ ਕੋਨੇ ਵਿਚ ਗੁਸਲਖ਼ਾਨੇ ਵਰਗੇ ਇਕ ਨਿੱਕੇ ਜਿਹੇ ਬਿਨਾਂ ਛੱਤ ਤੋਂ ਕਮਰੇ ਵਿਚ ਰਾਈਫ਼ਲ ਵਾਲ਼ਾ ਇਕ ਸਿਪਾਹੀ ਹਮੇਸ਼ਾ ਹੀ ਖੜ੍ਹਾ ਰਹਿੰਦਾ ਸੀ। ਦੂਜੇ ਕੋਨੇ ਦੇ ਇਕ ਕਵਾਰਟਰ ਵਿਚ ਦੇਵ ਦੇ ਪਿੰਡੋਂ ਸਿਪਾਹੀ ਭਗਤ ਸਿੰਘ, ਸਬਜ਼ੀਆਂ ਫੁੱਲਾ ਦੀ ਦੇਖ-ਭਾਲ਼ ਲਈ ਤੇ ਡੀ. ਐਸ. ਪੀ. ਦੇ ਪਰਿਵਾਰ ਦੇ ਕੰਮ ਕਾਜ ਕਰਨ ਲਈ ਰਹਿੰਦਾ ਸੀ। ਉਸ ਨੂੰ

ਦੇਵ ਦੇ ਕਾਲਜ ਪੜ੍ਹਦੇ ਹੋਣ ਦਾ ਪਤਾ ਸੀ ਤੇ ਉਸਨੇ ਉਸਨੂੰ ਇਕ ਰੋਜ਼ ਕਿਹਾ ਵੀ ਸੀ ਕਿ ਕਦੀ ਉਸ ਨੂੰ ਮਿਲਣ ਆਵੇ। ਇਕ ਸ਼ਾਮ ਦਰਿਆ ਵੱਲ ਘੁੰਮ ਕੇ ਘਰ ਮੁੜਦਾ ਦੇਵ ਉੱਥੋਂ ਲੰਘਣ ਲੱਗਾ। ਇਕ ਇੱਖ ਵਿਚ 'ਹੜ਼ਾਤ-ਹੜ਼ਾਤ' ਕਰਦਾ ਫਿਰਦਾ ਭਗਤ ਸਿੰਘ ਉਸ ਨੂੰ ਨਜ਼ਰ ਪੈ ਗਿਆ। ਉਹ ਉਸਦੇ ਲਾਗੇ ਚਲਾ ਗਿਆ ਤੇ 'ਸਤਿ ਸ੍ਰੀ ਅਕਾਲ' ਬੁਲਾਈ। ਉਹ ਬੜਾ ਖੁਸ਼ ਹੋਇਆ। ਉਸ ਨੇ ਦੱਸਿਆ ਕਿ ਉਸ ਨੇ ਸਹਾ ਫੜਨ ਲਈ ਇੱਖ ਦੇ ਦੂਜੇ ਪਾਸੇ ਜਾਲ਼ ਲਾਇਆ ਹੋਇਆ ਸੀ। ਆਪਣੀ ਮੁਹਿੰਮ ਉੱਥੇ ਹੀ ਛੱਡ ਉਹ ਦੇਵ ਨੂੰ ਆਪਣੇ ਕਵਾਰਟਰ ਵਿਚ ਲੈ ਗਿਆ। ਦਿਨ ਛਿਪਣ ਵਾਲ਼ਾ ਸੀ, ਉਸ ਨੂੰ ਕੁਰਸੀ ਤੇ ਬਹਾ ਕੇ ਬੋਲਿਆ, 'ਕੀ ਪੀਏਂਗਾ ਦੁਖੀ?'

'ਕੁਝ ਨੀ ਬਾਈ ਜੀ, ਐਨ ਓ. ਕੇ ਹਾਂ। ਨਾਲ਼ੇ ਮੇਰਾ ਨਾਂ ਹੁਣ ਦੇਵ ਹੈ।'

'ਚੱਲ ਭਾਈ ਦੇਵ ਕਹਿ ਦਿਆ ਕਰਾਂਗਾ... ਤਰਾਰੇ' ਚ ਹੋਈਏ?' ਉਹ ਬੋਲਿਆ ਤੇ ਉੱਠ ਕੇ ਅਲਮਾਰੀ ਖੋਲ੍ਹ ਰੂੜੀ ਮਾਰਕਾ ਦਾਰੂ ਦੀ ਬੋਤਲ ਕੱਢ ਲਿਆਇਆ। ਡਾਟ ਖੋਹਲ ਕੇ ਉਸ ਨੇ ਦਾਰੂ ਸੁੰਘੀ ਤੇ ਬੋਲਿਆ, 'ਇਕ ਨੰਬਰ ਦੀ ਆਹਲਾ ਚੀਜ਼ ਐ। ਸੈਰ ਕਰਾਦੂ ਅੰਬਰਾਂ ਦੀ।'

ਉਸ ਦੀ ਗੱਲ ਸੁਣ ਕੇ ਦੇਵ ਚੁੱਪ ਰਿਹਾ। ਸ਼ਾਮ ਤਾਂ ਹੋ ਹੀ ਗਈ ਸੀ। ਘੁੱਟ ਲਾਈ ਨੂੰ ਵੀ ਮੁੱਦਤਾਂ ਬੀਤ ਗਈਆਂ ਸਨ। ਦੇਵ ਦੇ ਮੂੰਹ' ਚ ਪਾਣੀ ਆ ਗਿਆ। ਉਹ ਉਸ ਦੇ ਪਲ਼ੇ ਹੋਏ ਸ਼ਰੀਰ ਵੱਲ ਦੇਖਦਾ ਰਿਹਾ। ਚਿਹਰਾ ਉਸਦਾ ਲਾਲ ਪਿਆ ਸੀ ਜਿਵੇਂ ਕਿਰਮਚੀ ਮਲ਼ੀ ਹੋਵੇ। ਦੇਵ ਨੇ ਸੋਚਿਆ ਕਿ ਪੁਲ਼ਸ ਮਹਿਕਮੇ ਵਿਚ ਖਾਣ-ਪੀਣ ਹੀ ਵਾਧੂ ਹੋਵੇਗਾ। ਹੋਰ ਮਹਿਕਮਿਆਂ ਵਿਚ ਤਾਂ ਮਾੜਚੂ-ਮਾੜਚੂ ਅਨੇਕਾਂ ਬੰਦੇ ਘੁੰਮਦੇ ਮਿਲ ਜਾਂਦੇ ਸਨ। ਪਰ ਜੇ ਦਸ ਸਿਪਾਹੀ ਕਿਧਰੇ ਖੜ੍ਹੇ ਹੋਣ ਤਾਂ ਉਨ੍ਹਾਂ ਵਿਚ ਮਾੜਚੂ ਕੋਈ ਨਹੀਂ ਹੁੰਦਾ। ਹੋ ਸਕਦਾ ਏ ਨੌਕਰੀ ਦੇਣ ਸਮੇਂ ਹੀ ਮੋਕਲ਼ੇ ਹੱਡਾਂ ਪੈਰਾਂ ਵਾਲ਼ਿਆਂ ਨੂੰ ਪਹਿਲ ਦਿੱਤੀ ਜਾਂਦੀ ਹੋਵੇ।

ਭਗਤ ਨੇ ਦੋ ਪੈੱਗ ਬਣਾਏ ਤੇ ਇਕ ਪਲੇਟ ਵਿਚ ਮੋਟੀਆਂ ਮੋਟੀਆਂ ਹੱਡੀਆਂ ਵਾਲ਼ਾ ਅਚਾਰ ਉਸ ਦੇ ਮੂਹਰੇ ਰੱਖ ਦਿੱਤਾ।

'ਇਹ ਤਾਂ ਰਹਿਣ ਦਿੰਦੇ ਬਾਈ।' ਦੇਵ ਬੋਲਿਆ।

'ਪਾੜ੍ਹਿਆ... ਇਹ ਢੇਰਾਂ ਵਾਲ਼ਾ ਨਹੀਂ। ਜੰਗਲੀ ਸੂਰ ਦਾ ਏ। ਖਾਏਂਗਾ ਯਾਦ ਰੱਖੇਂਗਾ। ਰੋਟ ਵਰਗੀ ਮੋਟੀ ਸਾਂਠ ਏ ਇਹਦੀ। ਜਾਨ ਭਰਦੂ ਤੇਰੇ ਸ਼ਰੀਰ ਵਿਚ।' ਉਹ ਹੱਸਿਆ।

ਦੇਵ ਨੇ ਸ਼ਰਾਬ ਦਾ ਘੁੱਟ ਭਰਿਆ। ਸ਼ਰਾਬ ਅੰਦਰ ਨੂੰ ਢਲ਼ੇ ਸਿੱਕੇ ਵਾਂਗ ਰਾਹ ਬਣਾਉਂਦੀ ਗਈ। ਉਹ ਤਾਂ ਪਲ ਵਿਚ ਹੀ ਜਿਵੇਂ ਉਡਣ ਲੱਗ ਪਿਆ।

'ਆ ਜਾਇਆ ਕਰ ਦੇਵ ਐਥੇ। ਸਬਜ਼ੀ ਭਾਜੀ ਲੈ ਜਾਇਆ ਕਰ। ਚਾਚੇ ਘਨੱ੍ਈਏ ਨੇ ਦੱਸਿਆ ਸੀ ਕਿ ਤੁਸੀਂ ਸਰਵਰਪੁਰ ਰਹਿਣ ਲੱਗ ਪਏ ਹੋ। ਇਕ ਦਿਨ ਮੈਂ ਤੈਨੂੰ ਦੇਖਿਆ ਵੀ ਸੀ। ਤੂੰ ਕਿਸੇ ਕੁੜੀ ਨੂੰ ਸਾਇਕਲ ਸਿਖਾ ਰਿਹਾ ਸੀ। ਕੌਣ ਸੀ ਉਹ ਕੁੜੀ?'

'ਏਸੇ ਪਿੰਡ ਦੀ ਏ... ਵਾਕਿਫ਼ ਨੇ ਸਾਡੇ।'

'ਮੌਜ ਮੇਲਾ ਵੀ ਕੀਤਾ ਕਿ ਵੈਸੇ ਹੀ ਲਈ ਫਿਰਦਾ ਸੀ?' ਉਹ ਮੁਸਕਰਾਇਆ।

ਦੇਵ ਸੰਗ ਗਿਆ ਤੇ ਬੋਲਿਆ, 'ਬਾਈ ਜੀ, ਉਹ ਤਾਂ ਮੈਨੂੰ ਭੈਣਾਂ ਵਰਗੀ ਏ।'

'ਉਇ ਪਾੜ੍ਹਿਆ... ਭੈਣਾਂ... ਭੂਣਾਂ ਨੀ ਬਹੁਤੀਆਂ ਬਣਾਈਦੀਆਂ। ਇਹੀ ਉਮਰ ਹੁੰਦੀ ਏ ਮੌਜ-ਮੇਲੇ ਕਰਨ ਦੀ। ਚਿੱਠੀ ਲਿਖਕੇ ਫੜਾ ਦੇ ਉਹਨੂੰ ਅੱਜ ਹੀ ਤੇ ਠੇਲ੍ਹ ਦੇ ਇਸ਼ਕ ਦੀ ਕਿਸ਼ਤੀ ਕੁੜੀ ਦੇ ਦਿਲ ਦੇ ਸਤਲੁਜ ਵਿਚ।' ਉਹ ਅਗਲਾ ਪੈਗ ਖਿੱਚਦਾ ਬੋਲਿਆ।

'ਡੁੱਬਣ ਲਈ?' ਦੇਵ ਹੱਸਿਆ। ਉਸ ਨੇ ਦੇਵ ਨੂੰ ਜੱਫ਼ੀ ਪਾ ਲਈ ਤੇ ਆਪਣੇ ਸਾਹਬ ਦੀ ਕਾਲਜ ਪੜ੍ਹਦੀ ਕੁੜੀ ਦੀਆਂ ਗੱਲਾਂ ਦੱਸਣ ਲੱਗ ਪਿਆ। ਜਿਹੜੀ ਉਸ ਦੀ ਜੁਆਨੀ ਉੱਤੇ ਫਿਦਾ ਹੋ ਗਈ ਸੀ। ਜਿਹੜੀ ਦਰਿਆ ਤੋਂ ਆਈ ਮੱਛੀ ਆਪਣੇ ਹੱਥਾਂ ਨਾਲ਼ ਤਲ਼ ਕੇ ਭਗਤ ਨੂੰ ਖੁਆਇਆ ਕਰਦੀ ਸੀ। ਜਿਹੜੀ' ਤੇਰੀ ਹਾਂ ਮੈਂ ਤੇਰੀ ਹਾਂ' ਕਹਿ ਕੇ ਵੇਲ ਦੀ ਤਰ੍ਹਾਂ ਉਸ ਨਾਲ਼ ਲਿਪਟ ਜਾਇਆ ਕਰਦੀ ਸੀ। ਭਗਤ ਦੀਆਂ ਗੱਲਾਂ ਐਨੀਆਂ ਨੰਗੀਆਂ ਸਨ ਕਿ ਦੋ ਪੈੱਗ ਲਾਏ ਹੋਣ ਦੇ ਬਾਵਜੂਦ ਦੇਵ ਸੰਗੀ ਗਿਆ।

ਉਸ ਦਿਨ ਘਰ ਆ ਕੇ ਦੇਵ ਸੋਚਾਂ' ਚ ਡੁੱਬ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਭਗਤ ਠੀਕ ਕਹਿੰਦਾ ਸੀ ਜਾਂ ਗਲਤ। ਉਸ ਨੇ ਚਾਰ-ਪੰਜ ਸਫ਼ਿਆਂ ਦੀ ਇਕ ਚਿੱਠੀ ਕੁਲਦੀਪ ਦੇ ਨਾਂ ਲਿਖ ਦਿੱਤੀ। ਅਗਲੇ ਦਿਨ ਉਸਦੇ ਘਰ ਗਿਆ ਤਾਂ ਜੇਬ੍ਹ ਵਿਚ ਪਾ ਕੇ ਉਹ ਚਿੱਠੀ ਵੀ ਨਾਲ਼ ਲੈ ਗਿਆ। ਕਈ ਵਾਰੀ ਜੇਬ੍ਹ ਵਿਚ ਹੱਥ ਗਿਆ ਤੇ ਬਾਹਰ ਨਿਕਲ਼ਿਆ। ਚਿੱਠੀ ਉਸ ਤੋਂ ਦਿੱਤੀ ਨਾ ਗਈ। ਉਸੇ ਤਰ੍ਹਾਂ ਵਾਪਸ ਮੋੜ ਲਿਆਇਆ। ਫਿਰ ਨਿੱਤ ਹੀ ਚਿੱਠੀ ਲਿਖਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਚਿੱਠੀ ਲਿਖਣੀ ਤੇ ਸਾਂਭ ਲੈਣੀ। ਇਸ ਵਿਚ ਵੀ ਮਜ਼ਾ ਸੀ। ਇਕ-ਦੋ-ਤਿੰਨ-ਚਾਰ... ਚਿੱਠੀਆਂ ਦੀ ਗਿਣਤੀ ਵਧਦੀ ਚਲੀ ਗਈ ਤੇ ਅੱਜ ਉਹੀ ਖ਼ਤਾਂ ਵਾਲ਼ਾ ਲਿਫਾਫ਼ਾ ਹਰੀਵੰਸ਼ ਦੇ ਹੱਥ ਲੱਗ ਗਿਆ ਸੀ।

**00**

# ਪਚਵੰਜਾ

ਹੁਣ ਦੇਵ ਨੂੰ ਧੁੜਕੂ ਸੀ ਕਿ ਸਕੂਲੋਂ ਪੜ੍ਹ ਕੇ ਵਾਪਸ ਆਉਂਦੀ ਕੁਲਦੀਪ ਕਿਤੇ ਉਹਨਾਂ ਦੇ ਘਰ ਹੀ ਨਾ ਆ ਵੜੇ। ਉਸ ਦੀ ਬੇਬੇ ਨੇ ਤਾਂ ਝੱਟ ਕਹਿ ਦੇਣਾ ਸੀ- ਆਜਾ ਕੁਲਦੀਪ, ਪੜ੍ਹ ਆਈ ਭਾਈ? ਹਰੀਵੰਸ਼ ਨੇ ਸੁਣਨਾ ਸੀ ਤੇ ਦੇਵ ਨੇ ਜਾਲ਼ ਵਿਚ ਫਸ ਜਾਣਾ ਸੀ। ਉਸ ਦੇ ਸਕੂਲੋਂ ਆਉਣ ਦਾ ਸਮਾਂ ਹੋ ਗਿਆ ਸੀ। ਦੇਵ ਨੇ ਸੋਚਿਆ ਕਿ ਰੋਪੜ ਜਾ ਕੇ ਇਕ ਕਾਗਜ਼ ਉੱਤੇ ਸਾਰੀ ਗੱਲਬਾਤ ਲਿਖ ਦਿਆਂ ਤੇ ਕਿਸੇ ਕਾਪੀ ਵਿਚ ਰੱਖ ਰਾਹ ਵਿਚ ਆਉਂਦੀ ਕੁਲਦੀਪ ਨੂੰ ਦੇ ਦਿਆਂ। ਇਹ ਵੀ ਲਿਖ ਦਿਆਂ ਕਿ ਭਰਾ ਦੇ ਜਾਣ ਤੱਕ ਉਹ ਉਸ ਦੇ ਘਰ ਨਹੀਂ ਆ ਸਕੇਗਾ। ਹਰੀਵੰਸ਼ ਤਾਂ ਸੁੱਤਾ ਪਿਆ ਸੀ। ਉਸ ਨੇ ਕੁਝ ਅੱਖਰ ਇਕ ਕਾਗਜ਼ ਉੱਤੇ ਝਰੀਟ ਦਿੱਤੇ। ਇਹ ਵੀ ਲਿਖ ਦਿੱਤਾ ਕਿ ਹੁਣ ਮੈਂ ਤੇਰੇ ਬਿਨਾਂ ਜੀ ਨਹੀਂ ਸਕਦਾ। ਸਾਰੀ ਉਮਰ ਮੈਂ ਤੈਨੂੰ ਆਪਣੇ ਦਿਲ ਵਿਚ ਵਸਾ ਕੇ ਰੱਖਣਾ ਚਾਹੁੰਦਾ ਹਾਂ। ਦੁਨੀਆਂ ਦੀਆਂ ਸਾਰੀਆਂ ਰੁਕਾਵਟਾਂ ਉਲੰਘ ਕੇ ਮੈਂ ਤੈਨੂੰ ਆਪਣੀ ਬਣਾਉਣਾ ਚਾਹੁੰਦਾ ਹਾਂ। ਉਸ ਨੇ ਮਨ ਬਣਾ ਲਿਆ ਕਿ ਨਾਲ਼ ਸ਼ੀਲਾ ਵੀ ਹੋਈ ਤਾਂ ਵੀ ਉਹ ਕਾਗਜ਼ ਦਾ ਇਹ ਟੁਕੜਾ ਉਸ ਨੂੰ ਫੜਾ ਦੇਵੇਗਾ। ਤਹਿ ਮਾਰ ਕੇ ਕਾਗਜ਼ ਉਸ ਨੇ ਆਪਣੀ ਜੇਬ੍ਹ ਵਿਚ ਪਾ ਲਿਆ ਤੇ

ਸਾਇਕਲ ਚੁੱਕ ਕੇ ਜਾਣ ਲੱਗਾ। ਤਦੇ ਹਰੀਵੰਸ਼ ਬੋਲਿਆ, 'ਹੁਣ ਕਿੱਥੇ ਚੱਲਿਆ ਏਂ ਦੇਵ?'

'ਇਕ ਕਾਪੀ ਲਿਆਉਣੀ ਏਂ ਬਜ਼ਾਰੋਂ।'

'ਚੱਲ ਮੈਂ ਵੀ ਚਲਦਾ ਏਂ ਨਾਲ਼।' ਉਹ ਵੀ ਤਿਆਰ ਹੋ ਗਿਆ।

'ਤੂੰ ਬੈਠ ਪਿੱਛੇ ਮੈਂ ਚਲਾਉਂਦਾ ਏਂ।' ਉਹ ਸਾਇਕਲ ਉਸਦੇ ਹੱਥੋਂ ਫੜਦਾ ਬੋਲਿਆ।

ਦੇਵ ਉਸ ਦੇ ਮਗਰ ਬੈਠ ਗਿਆ। ਥੋੜ੍ਹੀ ਦੂਰ ਜਾ ਕੇ ਉਹ ਕਹਿਣ ਲੱਗਾ, 'ਤੂੰ ਬੁਰਾ ਤਾਂ ਨੀ ਮਨਾਇਆ ਦੇਵ ਕਿਸੇ ਗੱਲ ਦਾ?'

'ਕਿਉਂ? ਬੁਰਾ ਕਿਉਂ ਮਨਾਵਾਂਗਾ? ਵੱਡੇ ਭਰਾ ਦਾ ਬੁਰਾ ਥੋੜ੍ਹੀ ਮਨਾਈਦਾ ਏ।'

'ਤੂੰ ਮਨ ਲਾ ਕੇ ਪੜ੍ਹ ਜਾਵੇਂਗਾ ਤਾਂ ਕੋਈ ਚੰਗੀ ਨੌਕਰੀ ਮਿਲਜੂ। ਮੈਂ ਤਾਂ ਤੈਨੂੰ ਇਹ ਵੀ ਕਹਾਂਗਾ ਕਿ ਜਿੰਨੀ ਦੇਰ ਤੇਰੇ ਕੋਲ਼ ਆਪਣੀ ਗੱਡੀ, ਕੋਠੀ ਤੇ ਬੈਂਕ ਵਿਚ ਪੈਸਾ ਜਮ੍ਹਾਂ ਨਾ ਹੋਵੇ ਕਿਸੇ ਕੁੜੀ ਵੱਲ ਝਾਕੀ ਵੀ ਨਾ। ਜਦੋਂ ਤੂੰ ਕਿਸੇ ਰੁਤਬੇ ਤੇ ਪਹੁੰਚੇਂਗਾ ਤਾਂ ਇਕ ਤੋਂ ਇਕ ਚੜ੍ਹ ਕੇ ਪੜ੍ਹੀਆਂ ਲਿਖੀਆਂ ਅਮੀਰ ਘਰਾਂ ਦੀਆਂ ਕੁੜੀਆਂ ਤੇਰੇ ਮੂਹਰੇ ਲਾਈਨ ਲਾ ਕੇ ਖੜ੍ਹ ਜਾਣਗੀਆਂ। ਅੰਗਰੇਜ਼ੀ ਵਿਚ ਕਹਿੰਦੇ ਨੇ- ਸਟੱਡੀ ਮੇਕਸ ਏ ਮੈਨਜ਼ ਲਾਈਫ਼। ਹੈਲਥ, ਵੈਲਥ ਐਂਡ ਗੁੱਡ ਵਾਈਫ਼... ਮਤਲਬ ਪੜ੍ਹਾਈ ਹੀ ਬੰਦੇ ਦੀ ਜ਼ਿੰਦਗੀ ਬਣਾਉਂਦੀ ਏ । ਸਿਹਤ, ਧਨ ਤੇ ਚੰਗੀ ਪਤਨੀ ਵੀ ਪੜ੍ਹੇ ਲਿਖੇ ਬੰਦਿਆਂ ਦੇ ਹਿੱਸੇ ਆਉਂਦੇ ਨੇ।'

ਉਸ ਦੀਆਂ ਗੱਲਾਂ ਦੇਵ ਨੂੰ ਪਰੀ ਲੋਕ ਦੀਆਂ ਗੱਲਾਂ ਲੱਗਦੀਆਂ ਸਨ। ਕਿੰਨੀ ਹਾਸੋਹੀਣੀ ਗੱਲ ਲੱਗੀ ਉਸ ਨੂੰ ਕਿ ਕਦੀ ਉਸ ਦੇ ਕੋਲ਼ ਆਪਣੀ ਗੱਡੀ, ਕੋਠੀ ਤੇ ਬੈਂਕ' ਚ ਪੈਸਾ ਹੋਵੇਗਾ। ਵੱਡਾ ਭਰਾ ਸੀ, ਉਹ ਚੁੱਪ-ਚਾਪ ਸੁਣੀ ਗਿਆ ਨਹੀਂ ਤਾਂ ਕਹਿ ਦਿੰਦਾ, 'ਸਾਰੀ ਦੁਨੀਆਂ ਦੀ ਦੌਲਤ ਮੇਰੇ ਕੋਲ਼ ਹੈ ਤੇ ਉਹਦਾ ਨਾਂ ਕੁਲਦੀਪ ਹੈ। ਗੱਡੀਆਂ ਕੋਠੀਆਂ ਮੈਂ ਫੂਕਣੀਆਂ ਨੇ?'

'ਠੀਕ ਏ ਨਾ ਫਿਰ? ਛੱਡ ਦੇ ਕਲਪਨਾ ਕਰਨੀ ਕਿਸੇ ਕੁਲਦੀਪ ਦੀ।' ਉਸਨੇ ਕਿਹਾ ਹੀ ਸੀ ਕਿ ਦੇਵ ਦੀ ਨਿਗਾਹ ਸਾਮ੍ਹਣੇ ਸੜਕ ਤੇ ਚਲੀ ਗਈ। ਕੁਲਦੀਪ ਨੇ ਮੋਢੇ ਉੱਤੇ ਬੈਗ ਲਟਕਾਇਆ ਹੋਇਆ ਸੀ ਤੇ ਉਹ ਪੰਡਤਾਂ ਦੀ ਕੁੜੀ ਸ਼ੀਲਾ ਨਾਲ਼ ਗੱਲਾਂ ਕਰਦੀ ਤੁਰੀ ਆ ਰਹੀ ਸੀ। ਉਨ੍ਹਾਂ ਦਾ ਸਾਇਕਲ ਕੁੜੀਆਂ ਦੇ ਕੋਲ਼ੋਂ ਲੰਘਣ ਲੱਗਿਆ ਤਾਂ ਦੇਵ ਖੰਘਿਆ।

'ਮੂਰਖਾ ਆਲ਼ੇ-ਦੁਆਲ਼ੇ ਦੇਖ ਕੇ ਖੰਘੀਦਾ ਏ। ਉਹ ਕੁੜੀਆਂ ਇਸ ਨੂੰ ਗਲਤ ਵੀ ਸਮਝ ਸਕਦੀਆਂ ਨੇ।' ਹਰੀਵੰਸ਼ ਬੋਲਿਆ। ਕਿਵੇਂ ਦੱਸਦਾ ਦੇਵ ਉਸ ਨੂੰ ਕਿ ਉਹ ਦੇਖ ਕੇ ਹੀ ਤਾਂ ਖੰਘਿਆ ਸੀ। ਦੇਵ ਨੇ ਪਿੱਛੇ ਵੱਲ ਦੇਖਿਆ। ਦੋਨੋਂ ਜਣੀਆਂ ਉਸੇ ਵੱਲ ਦੇਖ ਰਹੀਆਂ ਸਨ। ਕੁਲਦੀਪ ਨੇ ਆਪਣੀ ਮੁੱਠੀ ਮੂੰਹ ਮੂਹਰੇ ਕਰ ਕੇ ਇੰਝ ਨਾਟਕ ਕੀਤਾ, ਜਿਵੇਂ ਉਹ ਖੰਘ ਰਹੀ ਹੋਵੇ। ਸ਼ੀਲਾ ਨੇ ਉਸ ਨੂੰ ਧੱਫਾ ਮਾਰਿਆ। ਦੇਵ ਨੂੰ ਲੱਗਾ ਜਿਵੇਂ ਸ਼ੀਲਾ ਨੂੰ ਕੁਲਦੀਪ ਨੇ ਸਭ ਕੁਝ ਦੱਸ ਦਿੱਤਾ ਹੋਵੇਗਾ, ਪਰ ਕੀ ਦੱਸਿਆ ਹੋਵੇਗਾ, ਦੱਸਣ ਵਾਲ਼ੀ ਕੋਈ ਖਾਸ ਗੱਲ ਤਾਂ ਹੈ ਹੀ ਨਹੀਂ ਸੀ।

ਪਤਾ ਨਹੀਂ ਕੁਲਦੀਪ ਵਾਪਸੀ ਤੇ ਦੇਵ ਦੇ ਘਰ ਗਈ ਸੀ ਕਿ ਨਹੀਂ। ਦੇਵ ਅਤੇ ਹਰੀਵੰਸ਼ ਨੇ ਬਜ਼ਾਰ ਦਾ ਗੇੜਾ ਲਾਇਆ। ਐਵੇਂ ਹੀ ਦੇਵ ਨੇ ਇਕ ਕਾਪੀ ਖਰੀਦ ਲਈ। ਹੰਸ ਖਾਣ-ਪੀਣ ਦੀਆਂ ਚੀਜ਼ਾਂ ਖਰੀਦਦਾ ਰਿਹਾ। ਉਸ ਨੇ ਦੇਵ ਲਈ ਦਾਖੀ ਰੰਗ ਦੀ

ਟੈਰਾਲੀਨ ਦੀ ਬੁਸ਼ਰਟ ਤੇ ਇਕ ਪੈਂਟ ਦਾ ਕੱਪੜਾ ਲੈ ਕੇ ਟੇਲਰ ਨੂੰ ਸਿਲਾਈ ਲਈ ਦੇ ਦਿੱਤਾ। ਦੇਵ ਨੇ ਬਥੇਰਾ ਰੋਕਿਆ ਕਿ ਸਿਲਾਈ ਉਹ ਆਪਣੇ ਮਾਮੇ ਤੋਂ ਕਰਵਾ ਲਵੇਗਾ, ਨਹੀਂ ਤਾਂ ਉਹ ਬੁਰਾ ਮਨਾਏਗਾ, ਪਰ ਹਰੀ ਵੰਸ਼ ਨੇ ਕਿਹਾ, 'ਮਾਮੇ ਨੂੰ ਕੀ ਪਤਾ ਕਿ ਸਿਲਾਈ ਅੱਜ ਕੱਲ੍ਹ ਕਿਵੇਂ ਕੀਤੀ ਜਾਂਦੀ ਏ।'

ਉਹ ਮੀਟ ਲੈਣ ਲਈ ਇਕ ਖੋਖੇ ਕੋਲ਼ ਰੁਕਿਆ ਤਾਂ ਦੇਵ ਬੋਲਿਆ, 'ਆਪ ਬਣਾਉਣਾ ਪਊ। ਬੇਬੇ ਨੇ ਤਾਂ ਹੱਥ ਨੀ ਲਾਉਣਾ।'

'ਕੋਈ ਨਾ ਬਣਾ ਲਵਾਂਗੇ।'

ਉਹ ਛੇਤੀ ਹੀ ਘਰ ਵਾਪਸ ਆ ਗਏ। ਵਿਹੜੇ ਵਿਚ ਜਿਹੜੇ ਕੱਪੜੇ ਸੁੱਕ ਰਹੇ ਸਨ, ਉਨ੍ਹਾਂ ਵਿਚ ਇਕ ਫੁੱਲ ਦੀ ਕਢਾਈ ਵਾਲ਼ਾ ਰੇਸ਼ਮੀ ਰੁਮਾਲ ਵੀ ਸੀ। ਹੰਸ ਨੇ ਉਹ ਰੁਮਾਲ ਚੁੱਕਿਆ ਤੇ ਉਸ ਦੇ ਕੋਨੇ ਵਿਚ ਅੰਗਰੇਜ਼ੀ ਦਾ 'ਆਰ' ਅੱਖਰ ਕੱਢਿਆ ਦੇਖ ਬੋਲਿਆ, 'ਇਹ ਰੁਮਾਲ ਕੀਹਦਾ ਏ? 'ਆਰ' ਦਾ ਮਤਲਬ?'

ਇਹ ਰੁਮਾਲ ਉਸ ਨੂੰ ਰੋਮਾਂ ਨੇ ਉਦੋਂ ਦਿੱਤਾ ਸੀ, ਜਦੋਂ ਉਹ ਸਲਾਹਪੁਰ ਆਈ ਹੋਈ ਸੀ। ਉਹ ਬੋਲਿਆ, 'ਇਹ ਤਾਂ ਮੈਨੂੰ ਕਾਲਜੋਂ ਲੱਭਿਆ ਸੀ।'

'ਕਿਸੇ ਦੇ ਨੱਕ ਵਾਲ਼ਾ ਰੁਮਾਲ ਤੂੰ ਚੁੱਕ ਕੇ ਜੇਬ੍ਹ ਵਿਚ ਪਾ ਲਿਆ? ਮੰਨ ਗਏ ਬਈ ਦੇਵ ਸਿਆਂ ਤੈਨੂੰ।' ਉਹ ਬੋਲਿਆ ਤਾਂ ਦੇਵ ਹੱਸਣ ਲੱਗ ਪਿਆ।

ਉਸ ਨੇ ਸੋਚਿਆ ਕਿ ਕਰਨੈਲ ਨੂੰ ਮਿਲਣ ਦਾ ਬਹਾਨਾ ਬਣਾ ਕੇ ਕੁਲਦੀਪ ਦੇ ਘਰ ਜਾ ਆਵਾਂ ਤੇ ਸਾਰੀ ਗੱਲ ਦੱਸ ਆਵਾਂ। ਉਸ ਨੇ ਫਜ਼ਿਕਸ ਪ੍ਰੈਕਟੀਕਲ ਦੀ ਕਾਪੀ ਚੁੱਕੀ ਤੇ ਹਰੀਵੰਸ਼ ਨੂੰ ਕਿਹਾ, 'ਮੇਰਾ ਕਲਾਸ ਫ਼ੈਲੋ ਏ ਐਥੇ ਕਰਨੈਲ। ਅਸੀਂ ਕਾਪੀਆਂ ਵਿਚ ਪ੍ਰੈਕਟੀਕਲ ਲਿਖਣਾ ਏਂ। ਤੂੰ ਵੀ ਚੱਲ।'

'ਕਿਤੇ ਕਲਾਸ-ਫੈਲਣ ਤਾਂ ਨੀ ਕਰਨੈਲ ਕੌਰ ਕੋਈ?' ਉਹ ਹੱਸਿਆ।

'ਬਿੱਲੀ ਨੂੰ ਚੂਹਿਆਂ ਦੇ ਹੀ ਸੁਪਨੇ।' ਦੇਵ ਵੀ ਹੱਸ ਪਿਆ।

'ਚੱਲ ਜਾਇਆ ਤੂੰ। ਮੈਂ ਮੀਟ ਬਣਾਉਂਦਾ ਏਂ। ਛੇਤੀ ਆ ਜਾਵੀਂ।'

ਉਹ ਬਾਹਰ ਨਿਕਲ਼ਿਆ ਤੇ ਕਾਹਲ਼ੀ ਕਾਹਲ਼ੀ ਕੁਲਦੀਪ ਦੇ ਘਰ ਜਾ ਪੁੱਜਾ। ਦੁੱਧ ਦਾ ਗਿਲਾਸ ਪੀਤਾ, ਨਾਲ਼ ਪਿੰਨੀ ਖਾਧੀ। ਫਿਰ ਟੋਕਾ ਕਰਨ ਮਗਰੋਂ ਦੋਨੋਂ ਤਖ਼ਤਪੋਸ਼ ਤੇ ਬੈਠ ਪੜ੍ਹਾਈ ਕਰਨ ਲੱਗੇ।

'ਦੇਵ, ਤੇਰੇ ਨਾਲ਼ ਕੌਣ ਸੀ ਅੱਜ?'

'ਮੇਰਾ ਵੱਡਾ ਭਰਾ ਆਇਆ ਹੋਇਆ ਏ ਏਅਰ ਫੋਰਸ ਵਾਲ਼ਾ। ਹੁਣ ਮੈਂ ਦੋ ਤਿੰਨ ਦਿਨ ਆਉਣਾ ਨਹੀਂ। ਤੂੰ ਵੀ ਉੱਧਰ ਨਾ ਆਈਂ। ਪੂਰਾ ਘੋਖੀ ਏ ਉਹ। ਜਿਸ ਦਿਨ ਉਹ ਗਿਆ, ਫੇਰ ਹੀ ਆਊਂ ਮੈਂ। ਹੁਣ ਤਾਂ ਤੈਨੂੰ ਦੂਰੋਂ ਹੀ ਦੇਖਣਾ ਪਊ।'

'ਕਿਉਂ ਦੇਖਣਾ ਜ਼ਰੂਰੀ ਏ?' ਉਹ ਮੁਸਕਰਾਈ। ਰਸ਼ਮਿੰਦਰ ਬਾਹਰ ਆਕੇ ਉਨ੍ਹਾਂ ਲਾਗੇ ਪੀੜ੍ਹੀ ਤੇ ਬੈਠ ਗਈ ਤੇ ਲਸਣ ਛਿੱਲਣ ਲੱਗ ਪਈ। ਦੇਵ ਨੇ ਪੈਨ ਨਾਲ਼ ਕਾਪੀ ਦੇ ਸਫੇ ਤੇ ਦਿਲ ਦੀ ਮੂਰਤ ਵਾਹ ਕੇ ਇਕ ਤੀਰ ਆਰ ਪਾਰ ਕਰ ਦਿੱਤਾ। ਉਹ ਬੋਲੀ, 'ਯੋਰਜ਼ ਔਰ ਮਾਈਨ?'

'ਮਾਈ ਹਰਟ ਯੋਅਰਜ਼ ਐਰੋ?' ਦੇਵ ਨੇ ਕਿਹਾ।

'ਵੇਅਰ ਇਜ਼ ਬਲੱਡ?'

ਦੇਵ ਨੇ ਉਸ ਵਿੱਚੋਂ ਡਿਗਦੇ ਖ਼ੂਨ ਦੇ ਤੁਪਕੇ ਵੀ ਬਣਾ ਦਿੱਤੇ ਤੇ ਕੁਲਦੀਪ ਦੇ ਚਿਹਰੇ ਵੱਲ ਦੇਖਿਆ। ਉਹ ਦੰਦਾਂ ਵਿਚ ਹੇਠਲਾ ਬੁੱਲ੍ਹ ਦਬਾਕੇ ਬੋਲੀ, 'ਵੈਰੀ ਨਾਟੀ।'

ਇਹੋ ਜਿਹੀ ਸੀ ਉਨ੍ਹਾਂ ਦੀ 'ਪੜ੍ਹਾਈ' ਜਿਹੜੀ ਪੈਂਤੀ-ਚਾਲੀ ਮਿੰਟ ਚਲਦੀ ਰਹੀ।

ਆਉਣ ਲੱਗੇ ਨੂੰ ਕੁਲਦੀਪ ਅੰਗਰੇਜ਼ੀ ਵਿਚ ਕਹਿਣ ਲੱਗੀ, 'ਦੇਵ ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ।'

'ਮੈਂ ਵੀ।' ਉਹ ਅੰਗਰੇਜ਼ੀ ਵਿਚ ਹੀ ਬੋਲਿਆ।

ਘਰ ਵੱਲ ਜਾਂਦਿਆਂ ਉਸ ਦਾ ਦਿਲ ਬੜੀ ਜ਼ੋਰ-ਜ਼ੋਰ ਨਾਲ਼ ਧੜਕ ਰਿਹਾ ਸੀ। ਰੋਮਾਂ ਦੇ ਦਿੱਤੇ ਰੁਮਾਲ ਨਾਲ਼ ਉਸ ਨੇ ਕਈ ਵਾਰੀ ਅੱਖਾਂ ਪੂੰਝੀਆਂ।

ਹਰੀਵੰਸ਼ ਨੇ ਇਸ ਟਾਪਕ ਤੇ ਮੁੜ ਕੋਈ ਗੱਲ ਨਾ ਕੀਤੀ। ਮੀਟ ਉਸ ਨੇ ਬਣਾ ਲਿਆ ਸੀ। ਉਸ ਨੇ ਬੋਤਲ ਕੱਢ ਲਈ। ਦੇਵ ਨੇ ਤਾਂ ਦੋ ਪੈੱਗ ਹੀ ਲਾਏ। ਉਹ ਕਾਫ਼ੀ ਪੀ ਗਿਆ ਤੇ ਬੋਲਿਆ, 'ਮੈਂ ਤੇਰੇ ਲਈ ਜਾਨ ਵੀ ਦੇ ਸਕਦਾ ਹਾਂ ਦੇਵ। ਤੂੰ ਜਿੰਨਾ ਮਰਜ਼ੀ ਪੜ੍ਹ ਲਵੀਂ। ਖਰਚਾ ਤੈਨੂੰ ਮੈਂ ਭੇਜਿਆ ਕਰਾਂਗਾ। ਮੈਂ ਤੈਨੂੰ ਬਹੁਤ ਵੱਡਾ ਬੰਦਾ ਬਣਿਆ ਦੇਖਣਾ ਚਾਹੁੰਦਾ ਹਾਂ। ਵੱਡਾ ਬੰਦਾ ਬਣਨ ਲਈ ਉਨ੍ਹਾਂ ਗੱਲਾਂ ਤੇ ਅਸਰ ਕਰਨਾ ਹੋਵੇਗਾ ਜੋ ਤੈਨੂੰ ਸਮਝਾਈਆਂ ਨੇ।'

ਦੇਵ 'ਚੰਗਾ' , 'ਚੰਗਾ' ਕਹਿੰਦਾ ਰਿਹਾ। ਰੋਟੀ ਖਾਣ ਮਗਰੋਂ ਹਰੀਵੰਸ਼ ਛੇਤੀ ਹੀ ਸੌਂ ਗਿਆ। ਦੇਵ ਨੂੰ ਗਈ ਰਾਤ ਤੱਕ ਨੀਂਦ ਨਾ ਆਈ। ਉਹ ਇਹੀ ਸੋਚਦਾ ਰਿਹਾ ਕਿ ਪਿਆਰ ਕਰਨਾ ਐਨੀ ਮਾੜੀ ਗੱਲ ਕਿਵੇਂ ਹੋ ਸਕਦੀ ਹੈ।

ਅਗਲੇ ਦਿਨ ਉਹਦੀ ਬੇਬੇ ਨੇ ਹਰੀਵੰਸ਼ ਨੂੰ ਕਿਹਾ, 'ਤੇਰੇ ਲਈ ਖੋਆ ਮਾਰ ਕੇ ਪਿੰਨੀਆਂ ਬਣਾ ਦੇਈਏ?'

'ਹੋਰ ਕੀ ਚਾਹੀਦਾ ਏ। ਫੇਰ ਤਾਂ ਗੱਲ ਹੀ ਬਣ ਜੂ। ਦੁੱਧ ਮਿਲਜੇਗਾ?'

'ਆਹੋ ਐਥੇ ਕੋਈ ਘਾਟਾ ਏ ਦੁੱਧ ਦਾ।' ਭਾਗਵੰਤੀ ਨੇ ਦੱਸਿਆ।

'ਬਣਾ ਦੇ ਫੇਰ ਤਾਂ।'

ਉਹ ਦੁੱਧ ਪੁੱਛਣ ਦੇਵਾ ਦੇ ਘਰ ਚਲੀ ਗਈ। ਉਸ ਨੇ ਸ਼ਾਮ ਵੇਲ਼ੇ ਸੱਤ-ਅੱਠ ਸੇਰ ਦੁੱਧ ਦੇਣ ਦੀ ਹਾਮੀ ਭਰ ਦਿੱਤੀ, ਪਰ ਦੁੱਧ ਵੱਧ ਚਾਹੀਦਾ ਸੀ। ਉਸ ਦੀ ਸੱਸ ਨੇ ਦੱਸਿਆ ਕਿ ਚੰਨਣ ਸਿੰਘ ਚਪੜਾਸੀ ਡਿਊਟੀ ਮਗਰੋਂ ਰੋਪੜ ਕਿਸੇ ਹਲਵਾਈ ਕੋਲ਼ ਕੰਮ ਕਰਦਾ ਸੀ। ਉਸ ਨੂੰ ਹੋਰ ਦੁੱਧ ਲਈ ਕਹਿ ਦੇਵੇ। ਉਹ ਖੋਆ ਮਾਰ ਕੇ ਪਿੰਨੀਆਂ ਵੀ ਬਣਾ ਦੇਵੇਗਾ। ਭਾਗਵੰਤੀ ਤੇ ਹਰੀਵੰਸ਼ ਚੰਨਣ ਦੇ ਘਰ ਚਲੇ ਗਏ। ਉਸ ਨੇ ਧੜੀ ਦੁੱਧ ਹੋਰ ਲਿਆਉਣ, ਖੋਆ ਮਾਰਨ ਤੇ ਪਿੰਨੀਆਂ ਬਣਾਉਣ ਦੀ ਹਾਮੀ ਭਰ ਲਈ। ਚੰਨਣ ਸਿੰਘ ਕੜਾਹੀ, ਮਕਸੂਦ ਪਹਿਲਾਂ ਹੀ ਲਿਆ ਕੇ ਉਨ੍ਹਾਂ ਦੇ ਘਰ ਧਰ ਗਿਆ। ਹੁਕਮ ਵੀ ਕਰ ਗਿਆ ਕਿ ਇੱਟ ਨਾਲ਼ ਕੜਾਹੀ ਚੰਗੀ ਤਰ੍ਹਾਂ ਮਾਂਜ ਦਿੱਤੀ ਜਾਵੇ। ਕਿੱਕਰ ਦੀਆਂ ਕੁਝ ਖਲਪਾੜਾਂ ਦੇਵਾ ਦਾ ਜੇਠ ਕੁਝ ਦਿਨ ਪਹਿਲਾਂ ਵੱਛੇ ਵਾਲ਼ੇ ਰੇੜ੍ਹੇ ਉੱਤੇ ਢੋਅ ਗਿਆ ਸੀ। ਉਹ ਵਿਹੜੇ ਵਿਚ ਇੱਟਾਂ ਦਾ ਚੁੱਲ੍ਹਾ

ਬਣਾ ਰਹੇ ਸਨ ਕਿ ਪਿੰਡੋਂ ਘਨ੍ਹੱਈਆ ਵੀ ਪਹੁੰਚ ਗਿਆ। ਉਸ ਨੇ ਦੱਸਿਆ ਕਿ ਸਰਵਰਪੁਰ ਮਿਲਣ ਤਾਂ ਆਉਣਾ ਹੀ ਸੀ, ਕਿਉਂ ਨਾ ਹਰੀਵੰਸ਼ ਦੇ ਹੁੰਦੇ ਹੁੰਦੇ ਮਿਲ ਜਾਵਾਂ। ਖੋਆ ਮਾਰਨ ਤੇ ਪਿੰਨੀਆਂ ਬਣਾਉਣ ਦਾ ਉਹ ਵੀ ਪੂਰਾ ਮਾਹਰ ਸੀ, ਪਰ ਹੁਣ ਚੰਨਣ ਸਿੰਘ ਨੂੰ ਨਾ ਆਉਣ ਲਈ ਕਹਿਣਾ ਉਨ੍ਹਾਂ ਨੂੰ ਬੁਰਾ ਲੱਗਦਾ ਸੀ। ਦਿਨ ਛਿਪਦੇ ਹੀ ਉਹ ਦੁੱਧ ਦਾ ਢੋਲ ਲੈ ਕੇ ਆ ਗਿਆ। ਉਸ ਦਾ ਭਾਰਾ ਜੱਤਲ਼ ਕੁੱਤਾ ਵੀ ਉਹਦੇ ਨਾਲ਼ ਹੀ ਅੰਦਰ ਆ ਵੜਿਆ। ਉਹ ਘੱਨ੍ਹਈਏ ਨੂੰ ਗਲਵੱਕੜੀ ਪਾ ਕੇ ਮਿਲਿਆ ਤੇ ਪਿੰਡ ਦੀ ਸੁੱਖ-ਸਾਂਦ ਪੁੱਛੀ। ਕੁੱਤੇ ਨੂੰ ਇੱਟਾਂ ਦੇ ਨਵੇਂ ਬਣਾਏ ਚੁੱਲ੍ਹੇ ਲਾਗੇ ਪਿਸ਼ਾਬ ਕਰਨ ਦੀ ਤਿਆਰੀ ਕਰਦਾ ਦੇਖ ਘਨ੍ਹੱਈਏ ਨੇ ਸ਼ਿਸ਼ਕੇ ਰਿਆ ਤਾਂ ਚੰਨਣ ਸਿੰਘ ਬੋਲਿਆ, 'ਨਾ ਨਾ ਮਹਾਰਾਜ ਇਸਨੂੰ ਕੁਝ ਨਾ ਕਹੋ। ਇਹ ਮੇਰਾ ਬਾਡੀਗਾਰਡ ਏ ਤੇ ਆਸਣ ਗ੍ਰਹਿਣ ਕਰਨ ਦੀ ਤਿਆਰੀ ਵਿਚ ਹੈ... ਸਿੱਟ ਡਾਊਨ ਗੁਰਦਿਆਲ ਸਿੰਘ।'

ਕੁੱਤੇ ਨੇ ਪੂਛ ਹਿਲਾਈ, ਪਿੰਡਾ ਝੰਡਕਿਆ ਤੇ ਇੱਕੋ ਥਾਂ ਲਾਟੂ ਵਾਂਗ ਪੰਜ-ਛੇ ਗੇੜੇ ਕੱਢ ਕੇ ਸਿੱਟ ਡਾਊਨ ਹੋ ਗਿਆ। ਘਨ੍ਹੱਈਆ ਬੋਲਿਆ, 'ਇਹਦੇ ਤਾਂ ਵਾਲ ਡਿਗਣਗੇ ਭਾਈ ਦੁੱਧ' ਚ।'

'ਨਹੀਂ ਡਿਗਦੇ ਵਾਲ਼... ਇਹਨੇ ਨੀ ਹੁਣ ਵਿਸਕਣਾ।'

ਚੰਨਣ ਸਿੰਘ ਨੇ ਭਾਗਵੰਤੀ ਵੱਲੋਂ ਮਾਂਜੀ ਕੜਾਹੀ ਨਾ-ਪਸੰਦ ਕਰ ਦਿੱਤੀ ਤੇ ਪਜਾਮੇ ਦੀ ਮੂਹਰੀ ਉੱਤੇ ਨੂੰ ਮੋੜ ਕੜਾਹੀ ਖੁਰੇ' ਚ ਰੱਖ ਇੱਟ ਨਾਲ਼ ਰਗੜਨ ਲੱਗ ਪਿਆ। ਫਿਰ ਖੁਰਚਣਾ ਵੀ ਲਿਸ਼ਕਾ ਕੇ ਕੰਧ ਨਾਲ਼ ਟਿਕਾ ਦਿੱਤਾ। ਹਰੀਵੰਸ਼ ਨੇ ਉਸ ਨੂੰ ਦੁੱਧ ਦੇ ਪੈਸੇ ਫੜਾ ਦਿੱਤੇ। ਦੇਵਾ ਨੇ ਦੁੱਧ ਦੇ ਪੈਸੇ ਲੈਣ ਤੋਂ ਪਹਿਲਾਂ ਹੀ ਇਨਕਾਰ ਕਰ ਦਿੱਤਾ ਸੀ। ਸਾਰੇ ਜਣੇ ਚੁੱਲ੍ਹੇ ਦੇ ਲਾਗੇ ਹੀ ਦੋ ਮੰਜਿਆਂ ਤੇ ਬੈਠ ਗਏ। ਚੰਨਣ ਸਿੰਘ ਨੇ ਭਾਗਵੰਤੀ ਦੀ ਮਲਮਲ ਦੀ ਚੁੰਨੀ ਨਾਲ਼ ਦੁੱਧ ਪੁਣ ਕੇ ਖੋਆ ਮਾਰਨ ਲਈ ਪਹਿਲਾ ਘਾਣਾ ਪਾਇਆ। ਹਰੀਵੰਸ਼ ਉੱਠਿਆ, ਰੰਮ ਦੀ ਬੋਤਲ ਗਿਲਾਸ ਅਤੇ ਪਾਣੀ ਦਾ ਜੱਗ ਤਿਪਾਈ ਤੇ ਲਿਆ ਰੱਖੇ। ਫਿਰ ਤਿੰਨ ਗਿਲਾਸਾਂ ਵਿਚ ਪੈੱਗ ਪਾਕੇ ਚੰਨਣ ਸਿੰਘ ਤੇ ਘਨ੍ਹੱਈਏ ਨੂੰ ਇਕ ਇਕ ਫੜਾ ਦਿੱਤਾ। ਫਿਰ ਉੱਠ ਕੇ ਪਕੌੜੀਆਂ ਵਾਲ਼ੀ ਪਲੇਟ ਵੀ ਚੁੱਕ ਲਿਆਇਆ। ਆਪਣੇ ਵਾਲ਼ਾ ਗਿਲਾਸ ਚੁੱਕ ਕੇ ਦੇਵ ਨੂੰ ਕਹਿਣ ਲੱਗਾ, 'ਤੂੰ ਤਾਂ ਨੀ ਲੈਣੀ?'

'ਤੇਰੀ ਮਰਜ਼ੀ ਆ।' ਦੇਵ ਨੇ ਕਿਹਾ।

ਉਸ ਨੇ ਆਪਣੇ ਵਾਲ਼ਾ ਗਿਲਾਸ ਦੇਵ ਨੂੰ ਫੜਾ ਦਿੱਤਾ ਤੇ ਆਪਣੇ ਲਈ ਹੋਰ ਚੁੱਕ ਲਿਆਇਆ।

'ਫੌਜ ਵਿਚ ਲਗਦਾ ਏ ਮੁੰਡਾ।' ਚੰਨਣ ਸਿੰਘ ਇੱਕੋ ਸਾਹੇ ਰੰਮ ਅੰਦਰ ਸੁੱਟਕੇ ਬੋਲਿਆ।

'ਏਅਰ ਫੋਰਸ ਵਿਚ ਅਫ਼ਸਰ ਲੱਗਾ ਏ।'

'ਤਾਂ ਹੀ ਪੀਂਦੇ ਆਂ ਰੰਮਾ... ਵਾਹ ਬਈ ਵਾਹ.... ਆਹ ਤਾਂ ਰੰਗ ਲਾ ਦਿੱਤੇ।' ਚੰਨਣ ਸਿੰਘ ਨੇ ਕਿਹਾ।

ਫਿਰ ਛੋਟੀਆਂ ਛੋਟੀਆਂ ਗੱਲਾਂ ਹੁੰਦੀਆਂ ਰਹੀਆਂ। ਹਰੀਵੰਸ਼ ਦੂਜਾ ਪੈੱਗ ਬਣਾਉਣ

ਲੱਗਾ ਤਾਂ ਘਨ੍ਹੱਈਆ ਬੋਲਿਆ, 'ਰੁਕ ਜਾ ਅਜੇ, ਕੰਮ ਦਾ ਘੜੰਮ ਨਾ ਬਣ ਜਾਏ।'

ਹਰੀਵੰਸ਼ ਨੇ ਬੋਤਲ ਰੱਖ ਦਿੱਤੀ। ਉਸ ਨੇ ਬੱਤੀਆਂ ਵਾਲ਼ਾ ਸਟੋਵ ਲਾਇਆ ਤੇ ਤਿੰਨ ਦੇਸੀ ਆਂਡੇ ਉੱਬਲਣੇ ਰੱਖ ਦਿੱਤੇ। ਘਨ੍ਹੱਈਏ ਨੇ ਸਿਗਰਟ ਲਾ ਲਈ ਤਾਂ ਚੰਨਣ ਸਿੰਘ ਬੋਲਿਆ, 'ਬਈ ਘਨ੍ਹੱਈਆ ਜੀ ਆਹ ਗਧੀ ਮੇਰੇ ਕੋਲ਼ ਨਾ ਚੁੰਘੀਂ। ਮੇਰਾ ਤਾਂ ਭਰਾਵਾ ਸਿਰ ਦੁਖਣ ਲੱਗ ਜਾਂਦਾ ਏ ਧੂੰਏਂ ਨਾਲ਼।'

ਉਹ ਉੱਠ ਕੇ ਢਹੇ ਹੋਏ ਕਮਰੇ ਕੋਲ਼ ਜਾ ਖੜ੍ਹਿਆ ਤੇ ਛੇਤੀ ਛੇਤੀ ਸੂਟੇ ਖਿੱਚ ਕੇ ਬਚਦਾ ਟੋਟਾ ਜੁੱਤੀ ਨਾਲ਼ ਮਸਲ਼ ਆਇਆ। ਚੰਨਣ ਸਿੰਘ ਬੋਲਿਆ, 'ਦੇਖੋ ਜੀ, ਇਹ ਖੋਆ ਮਾਰਨਾ ਲੱਲੀ-ਛੱਲੀ ਦਾ ਕੰਮ ਨੀ ਹੈਗਾ। ਕਈ ਕੱਚਾ ਲਾਹ ਦੇਣਗੇ, ਕਈ ਸੇਕ ਦੇ ਦੇ ਚੂਹੇ ਰੰਗਾ ਬਣਾ ਦੇਣਗੇ।'

'ਹਾਂ ਜੀ, ਉਹ ਤਾਂ ਹੈ ਹੀ ਮਹਾਰਾਜ।' ਘਨ੍ਹੱਈਏ ਨੇ ਹੁੰਘਾਰਾ ਭਰਿਆ।

'ਮੈਨੂੰ ਅਠਾਰਾਂ ਸਾਲ ਹੋ ਗਏ ਘਨ੍ਹੱਈਆ ਜੀ ਹਲਵਾਈ ਪੁਣਾ ਕਰਦੇ ਨੂੰ। ਹਰ ਕਿਸਮ ਦੀ ਸਵੀਟ ਮੈਂ ਤਿਆਰ ਕਰ ਸਕਦਾ ਹਾਂ। ਚੰਗੇ ਚੰਗੇ ਕਹਿੰਦੇ-ਕਹਾਉਂਦੇ ਹਲਵਾਈਆਂ ਦੀਆਂ ਪਦੀੜਾਂ ਪੁਆਈਆਂ ਹੋਈਆਂ ਨੇ ਮੈਂ।'

'ਕੰਮ ਦਾ ਤਜ਼ਰਬਾ ਏ ਤੇਰਾ ਪ੍ਰਾਹੁਣਿਆਂ।' ਘਨ੍ਹੱਈਏ ਨੇ ਕਿਹਾ।

'ਇਕ ਵਾਰੀ ਜਦੋਂ ਸਰ ਛੋਟੂ ਰਾਮ ਆਇਆ ਸੀ ਰੋਪੜ। ਉਸ ਨੂੰ ਮੇਰੀਆਂ ਬਣਾਈਆਂ ਹੋਈਆਂ ਬਾਲੂ-ਸ਼ਾਹੀਆਂ ਪਰੋਸੀਆਂ ਗਈਆਂ ਸਨ। ਉਹ ਐਨਾ ਹੈਪੀ ਹੋਇਆ ਕਿ ਆਪਣਾ ਬੰਦਾ ਭੇਜ ਕੇ ਚਾਰ ਡੱਬੇ ਪੈਕ ਕਰਵਾ ਕੇ ਲੈ ਗਿਆ ਸੀ। ਉਸ ਨੇ ਇਹ ਵੀ ਕਿਹਾ ਕਿ ਹਲਵਾਈ ਬੁਲਾਓ ਜਿਸ ਨੇ ਬਣਾਈਆਂ ਨੇ। ਚਲਾ ਗਿਆ ਸਾਲ਼ਾ ਭੀਮ ਸੈਨ, ਦੁਕਾਨ ਦਾ ਮਾਲਕ। ਦੇਖੋ ਜੀ, ਲੜਦਾ ਏ ਸਿਪਾਹੀ ਨਾਉਂ ਜਰਨੈਲ ਦਾ।'

'ਲੱਖ ਰੁਪਏ ਦੀ ਤੇਰੀ ਗੱਲ ਏ ਚੰਨਣ ਸਿਆਂ। ਜ਼ਿੰਦਗੀ ਦਾ ਤਜ਼ਰਬਾ ਬੋਲਦਾ ਏ ਭਾਈ ਤੇਰਾ।'

'ਮਾਸੜ ਜੀ ਦਿਆਂ ਭੋਰਾ?' ਹਰੀਵੰਸ਼ ਨੇ ਪੁੱਛਿਆ।

'ਹਾਂ ਬਈ ਸ਼ੇਰਾ। ਪਰ ਤਰਸੌਂ ਜਿਹਾ ਨਾ ਕਰਾਈਂ ਪਹਿਲਾਂ ਵਾਂਗੂੰ। ਪਟਿਆਲ਼ਾ ਪੈੱਗ ਪਾ ਦਵੀਂ ਮੈਨੂੰ ਤਾਂ।' ਉਹ ਹੱਸਿਆ।

'ਲੈ ਆਪ ਹੀ ਪਾ ਲਓ।' ਹਰੀਵੰਸ਼ ਨੇ ਰੰਮ ਦੀ ਬੋਤਲ ਉਸ ਨੂੰ ਫੜਾ ਦਿੱਤੀ।

'ਸੰਭਲ਼ ਕੇ ਪੀਈਂ ਚੰਨਣ ਸਿਆਂ, ਇਹ ਫੌਜੀ ਰੰਮ ਏਂ।' ਘਨੱਈਆ ਬੋਲਿਆ।

'ਤੂੰ ਤਾਂ ਨਿਆਣਿਆਂ ਵਾਲੀਆਂ ਗੱਲਾਂ ਕਰਦਾ ਏਂ ਸਾਲ਼ਾ ਸਾਹਬ। ਮੈਂ ਕੋਈ ਅੱਜ ਦਾ ਪੀਦੈਂ।'

ਦੇਵ ਨੂੰ ਪਹਿਲੀ ਵਾਰੀ ਪਤਾ ਲੱਗਾ ਕਿ ਪਟਿਆਲ਼ਾ ਪੈੱਗ ਕਿਸ ਨੂੰ ਕਹਿੰਦੇ ਹਨ। ਚੰਨਣ ਸਿੰਘ ਝੱਬਦੇ ਹੀ ਗਿਲਾਸ ਖਾਲੀ ਕਰ ਗਿਆ ਤੇ ਗਿੱਬ-ਗਿੱਬ ਕੇ ਗੱਲਾਂ ਮਾਰੀ ਗਿਆ। ਹਨੇਰਾ ਵਧ ਕੇ ਕੜਾਹੀ ਵਿਚ ਵੀ ਆ ਵੜਿਆ। ਵਿਹੜੇ ਵਿਚ ਬਣੇ ਉਸ ਚੁੱਲ੍ਹੇ ਤੱਕ ਕਿਸੇ ਬੱਲਵ ਦੀ ਰੌਸ਼ਨੀ ਦੀ ਪਹੁੰਚ ਨਹੀਂ ਸੀ। ਜੋ ਚਾਨਣ ਸੀ, ਉਹ ਚੁੱਲ੍ਹੇ ਵਿਚ ਬਲ਼ਦੀ ਅੱਗ ਦਾ ਸੀ ਜਾਂ ਫਿਰ ਸਿਰਾਂ ਨੂੰ ਚੜ੍ਹ ਗਈ ਫੌਜੀ ਰੰਮ ਦਾ। ਚੰਨਣ ਸਿੰਘ ਦੀ ਜ਼ੁਬਾਨ ਵਾਂਗ

ਹੀ ਉਸ ਦਾ ਮਕਸੂਦ ਕੜਾਹੀ ਵਿਚ ਛਾਲਾਂ ਮਾਰਦਾ ਰਿਹਾ। ਤਿੰਨ ਘਾਣੀਆਂ ਵਿਚ ਖੋਆ ਤਿਆਰ ਹੋਇਆ। ਉਸ ਮਗਰੋਂ ਉਸ ਨੇ ਖੋਆ ਪਰਾਂਤ ਵਿਚ ਉਲੱਦ ਕੇ ਕੜਾਹੀ ਵਿਚ ਦੇਸੀ ਘਿਓ ਪਾ ਕੇ ਆਟਾ ਭੁੰਨਿਆ। ਡਰਾਈ ਫਰੂਟ ਅਤੇ ਬੂਰਾ ਪਾ ਕੇ ਖੋਆ ਰਲ਼ਾ ਦਿੱਤਾ। ਘਨੱਈਏ ਨੇ ਭੋਰਾ ਕੁ ਪੰਜੀਰੀ ਦਾ ਚੁੱਕ ਕੇ ਮੂੰਹ ਵਿਚ ਸੁੱਟਿਆ ਤੇ ਬੋਲਿਆ, 'ਬੜਾ ਲੋਹੜਾ ਹੋਇਆ ਚੰਨਣ ਸਿਆਂ... ਇਹਦੇ ਵਿੱਚ ਨੂੰ ਤਾਂ ਅੱਗ ਲੰਘ ਗਈ। ਹਮਕ ਆਉਂਦੀ ਏ।'

ਚੰਨਣ ਸਿੰਘ ਨੇ ਵੀ ਮੂੰਹ ਵਿਚ ਪੰਜੀਰੀ ਪਾਈ ਤੇ ਬੋਲਿਆ, 'ਕਿੱਥੇ ਲੰਘ ਗਈ ਅੱਗ? ਕਦੀ ਪਿੰਨੀਆਂ ਖਾਧੀਆਂ ਵੀ ਨੇ?'

'ਕਾਹਨੂੰ ਖਾਧੀਆਂ ਨੇ ਸਰਦਾਰ ਸਾਹਬ।' ਘਨੱ੍ਈਏ ਨੇ ਕਿਹਾ।

ਸਾਰਿਆਂ ਦਾ ਮਨ ਖ਼ਰਾਬ ਹੋ ਗਿਆ ਸੀ, ਫਿਰ ਵੀ ਪਿੰਨੀਆਂ ਵੱਟੀਆਂ ਗਈਆਂ। ਉਹ ਦੋ ਤਿੰਨ ਪਿੰਨੀਆਂ ਬੋਰੀ ਦੀ ਪੱਲੀ ਉੱਤੇ ਰੱਖ ਕੁੱਤੇ ਨੂੰ ਬੋਲਿਆ, 'ਲੈ ਉਇ ਗੁਰਦਿਆਲ ਸਿੰਘ ਖਾ ਕੇ ਦੱਸ।'

ਕੁੱਤਾ ਹਾਬੜਿਆਂ ਵਾਂਗ ਪਿਆ। ਚੱਟਮ ਕਰ ਕੇ ਹੋਰ ਲੈਣ ਲਈ ਬੂਥੀ ਚੁੱਕ ਕੇ ਖੜ੍ਹਾ ਹੋ ਗਿਆ।

'ਜੇ ਅੱਗ ਲੰਘੀ ਹੁੰਦੀ ਤਾਂ ਕੁੱਤਾ ਖਾਂਦਾ?' ਉਹ ਬੋਲਿਆ।

'ਨਹੀਂ ਖਾਂਦਾ... ਜੇ ਗਧੇ ਨੂੰ ਪਾ ਦਿੰਦੇ, ਉਹ ਵੀ ਖਾ ਜਾਂਦਾ।' ਹਰੀਵੰਸ਼ ਹੱਸਿਆ।

ਭਾਗਵੰਤੀ ਨੇ ਇਕ ਕੌਲੇ ਵਿਚ ਪੰਜ ਛੇ ਪਿੰਨੀਆਂ ਪਾਈਆਂ ਤੇ ਬੋਲੀ, 'ਆਹ ਬੱਚਿਆਂ ਨੂੰ ਲੈ ਜਾਵੀਂ।'

'ਸਾਡੇ ਬਥੇਰੀਆਂ... ਉੱਥੇ ਤਾਂ ਕੁੱਤੇ ਨਹੀਂ ਖਾਂਦੇ।' ਉਹ ਜਾਣ ਲਈ ਉੱਠ ਖੜ੍ਹਾ ਹੋਇਆ ਤੇ ਇਕ ਵੱਡੀ ਸਾਰੀ ਖਲਪਾੜ ਕੱਛ' ਚ ਦਬਾ ਲਈ। ਫਿਰ ਆਲ਼ੇ-ਦੁਆਲ਼ੇ ਝਾਕਦਾ ਬਾਹਰ ਨਿਕਲ਼ ਗਿਆ। ਕੁੱਤਾ ਵੀ ਉੱਠ ਕੇ ਉਹਦੇ ਮਗਰ ਚਲਾ ਗਿਆ।

ਘਨੱ੍ਈਏ ਨੇ ਵੱਡਾ ਗੇਟ ਭੇੜ ਲਿਆ ਤੇ ਬੋਲਿਆ, 'ਸਾਲ਼ਾ, ਵੱਡਾ ਹਲਵਾਈ ਬਣਿਆਂ ਫਿਰਦਾ ਏ। ਨਾਸ ਮਾਰ ਕੇ ਰੱਖ ਦਿੱਤਾ ਸਭ ਕਾਸੇ ਦਾ। ਤੂੰ ਵੀ ਮੁੰਡਿਆ ਗਲਤੀ ਕੀਤੀ ਇਸ ਭੁੱਖੀ ਜਾਤ ਨੂੰ ਕਾਹਨੂੰ ਪਿਲਾਉਣੀ ਸੀ।'

'ਗੱਲਾਂ ਦੇਖ ਲਓ ਕਿੱਡੀਆਂ-ਕਿੱਡੀਆਂ ਮਾਰਦਾ ਏ। ਅਸਮਾਨ ਨੂੰ ਟਾਕੀਆਂ ਲਾਉਂਦਾ ਏ।' ਹਰੀਵੰਸ਼ ਨੇ ਕਿਹਾ।

'ਫੁਕਰਾ ਏ ਫੁਕਰਾ... ਇਹਨੂੰ ਪਿੰਡ' ਚ ਗਪੌੜ-ਸੰਖੀਆ ਕਹਿੰਦੇ ਆਂ।' ਦੇਵ ਨੇ ਦੱਸਿਆ।

'ਜਾਂਦਾ ਜਾਂਦਾ ਹੋਰ ਨੀ ਤਾਂ ਢੇਅ ਜਾਣਾ ਇਕ ਖਲਪਾੜ ਹੀ ਚੁੱਕ ਲੈ ਗਿਆ।' ਭਾਗਵੰਤੀ ਬੋਲੀ।

ਤਦੇ ਵੱਡਾ ਗੇਟ 'ਚੀਂਅਅਅ' ਕਰ ਕੇ ਖੁੱਲ੍ਹਿਆ ਤੇ ਉਹ ਮੁੜ ਅੰਦਰ ਆ ਵੜਿਆ। ਹੱਥ' ਚ ਫੜੀ ਖਲਪਾੜ ਬੜੇ ਜ਼ੋਰ ਨਾਲ਼ ਵਿਹੜੇ' ਚ ਵਗਾਹ ਮਾਰੀ ਤੇ ਬੋਲਿਆ, 'ਸਾਲ਼ੀ ਮੰਗ ਖਾਣੀ ਜਾਤ..... ਚੁੱਕੋ ਉਇ ਸੁਨਿਆਰੋ ਆਪਣੀ ਖਲਪਾੜ... ਤੁਸੀਂ ਕੀ ਸਮਝਦੇ ਹੋ ਮੈਨੂੰ? ਪਤਾ ਸੀ ਮੈਨੂੰ ਮੇਰਾ ਤਵਾ ਲਾਉਗੇ... ਤਾਂ ਹੀ ਮੈਂ ਖੜ੍ਹ ਗਿਆ ਸੀ ਗੇਟ ਨੂੰ ਕੰਨ ਲਾ

ਕੇ।'

ਉਹ ਸਾਰੇ ਚੁੱਪ ਕਰ ਗਏ। ਘਨ੍ਹੱਈਆ ਬੋਲਿਆ, 'ਪ੍ਰਾਹੁਣਿਆਂ ਲੈ ਜਾ... ਲੈ ਜਾ ਤੂੰ ਖਲਪਾੜ... ਐਵੇਂ ਨੀ ਬੁਰਾ ਮਨਾਈਦਾ।'

ਪਰ ਉਹ ਰੁਕਿਆ ਨਾ। ਬੁੜ-ਬੁੜ ਕਰਦਾ ਬਾਹਰ ਨਿਕਲ਼ ਗਿਆ। ਸਾਰਿਆਂ ਨੇ ਸੁਣੀ, ਜਿਹੜੀ ਉਹਨੇ ਗਲ਼ੀ' ਚ ਜਾ ਕੇ ਗੰਦੀ ਗਾਹਲ ਕੱਢੀ।

ਹਰੀਵੰਸ਼ ਸਰਵਰਪੁਰ ਤਿੰਨ ਰਾਤਾਂ ਬਿਤਾ ਕੇ ਵਾਪਸ ਪਟਿਆਲ਼ੇ ਨੂੰ ਚਲਾ ਗਿਆ। ਭਾਗਵੰਤੀ ਨੇ ਬਥੇਰਾ ਕਿਹਾ ਕਿ ਉਹ ਪਿੰਨੀਆਂ ਵਾਲ਼ੀ ਪੀਪੀ ਆਪਣੇ ਨਾਲ਼ ਲੈ ਜਾਵੇ, ਪਰ ਉਹ ਨਾ ਮੰਨਿਆ। ਐਨੇ ਪੈਸੇ ਲੱਗੇ ਹੋਏ ਸਨ, ਦੇਵ ਤੇ ਉਹਦੀ ਬੇਬੇ ਕਈ ਦਿਨ ਉਹ ਪਿੰਨੀਆਂ ਖਾਂਦੇ ਰਹੇ। ਹਰੀਵੰਸ਼ ਦੇ ਹੁੰਦਿਆਂ ਦੇਵ ਘੁੱਟਿਆ-ਘੁੱਟਿਆ ਮਹਿਸੂਸ ਕਰਦਾ ਰਿਹਾ ਸੀ। ਡਰਦਾ ਵੀ ਰਿਹਾ ਸੀ ਕਿ ਕਿਧਰੇ ਕੁਲਦੀਪ ਵਾਲ਼ਾ ਭੇਤ ਖੁੱਲ੍ਹ ਹੀ ਨਾ ਜਾਵੇ । ਉਹ ਗਿਆ ਤਾਂ ਜਿਵੇਂ ਉਸ ਦੇ ਸਿਰੋਂ ਕੋਈ ਭਾਰ ਜਿਹਾ ਲਹਿ ਗਿਆ ਤੇ ਉਹ ਮੁੜ ਪੁਰਾਣੀ ਲੀਹ ਚੜ੍ਹ ਗਿਆ।

**00**

## ਛਪੰਜਾ

ਦੇਵ ਦੇ ਦਿਲ ਵਿਚ ਕੁਲਦੀਪ ਲਈ ਖਿੱਚ ਐਨੀ ਵਧ ਗਈ ਸੀ ਕਿ ਉਹ ਕਾਲਜ ਵਿਚ ਵੀ ਉਸ ਦੇ ਸੁਪਨੇ ਲਈ ਜਾਂਦਾ। ਘਰ ਆਉਂਦਿਆਂ ਹੀ ਕਿਤਾਬਾਂ ਰੱਖਦਾ ਤੇ ਕੁਲਦੀਪ ਦੇ ਘਰ ਪਹੁੰਚ ਜਾਂਦਾ। ਹੁਣ ਉਹ ਤਿੰਨ-ਚਾਰ ਘੰਟੇ ਨਿੱਤ ਉਸ ਕੋਲ਼ ਹੀ ਬਿਤਾਉਣ ਲੱਗ ਪਿਆ ਸੀ। ਜਦੋਂ ਘਰ ਆਉਣ ਲਈ ਉੱਠਦਾ ਤਾਂ ਰਸ਼ਮਿੰਦਰ ਉਸ ਨੂੰ ਬਾਹੋਂ ਫੜ ਫਿਰ ਬਿਠਾਲ਼ ਲੈਂਦੀ ਤੇ ਕਹਿੰਦੀ, 'ਬਹਿ ਜਾ ਦੇਵ। ਐਵੇਂ ਨੱਠਣ-ਨੱਠਣ ਕਰੀ ਜਾਂਦੈਂ। ਘਰ ਪਤਾ ਨਹੀਂ ਕਿਹੜਾ ਖਜ਼ਾਨਾ ਦੱਬਿਆ ਹੋਇਆ ਏ।'

'ਨਹੀਂ ਮਾਮੀ ਜੀ ਕਾਲਜ ਦਾ ਕੰਮ ਵੀ ਕਰਨਾ ਏਂ।'

'ਐਨੀ ਲੰਬੀ ਰਾਤ ਪਈ ਏ। ਕਰ ਲਵੀਂ ਕੰਮ ਵੀ।'

ਜੇ ਰਸ਼ਮਿੰਦਰ ਕੋਲ਼ ਨਾ ਹੁੰਦੀ ਤਾਂ ਇਹੋ ਗੱਲਾਂ ਕੁਲਦੀਪ ਕਹਿੰਦੀ। ਦੋਨਾਂ ਦਾ ਕਹਿਣ ਦਾ ਲਹਿਜਾ ਵੀ ਇੱਕੋ ਜਿਹਾ। ਦੋਨਾਂ ਦੀ ਸ਼ਕਲ ਵੀ ਇੱਕੋ ਜਿਹੀ। ਦੋਨਾਂ ਦੇ ਚਿਹਰਿਆਂ ਤੋਂ ਟਪਕਦਾ ਹੁਸਨ ਵੀ ਇੱਕੋ ਜਿਹਾ।

ਰਸ਼ਮਿੰਦਰ ਨੂੰ ਕੀ ਪਤਾ ਸੀ ਕਿ ਰਾਤ ਨੂੰ ਜੋ ਦੇਵ ਕਰਦਾ ਸੀ, ਉਸ ਦਾ ਪੜ੍ਹਾਈ ਲਿਖਾਈ ਨਾਲ਼ ਕੋਈ ਸੰਬੰਧ ਨਹੀਂ ਸੀ। ਉਹ ਕਾਲਜ ਲਾਇਬ੍ਰੇਰੀ' ਚੋਂ ਕਵਿਤਾਵਾਂ ਕਹਾਣੀਆਂ ਦੀਆਂ ਜਿਹੜੀਆਂ ਕਿਤਾਬਾਂ ਲੈ ਕੇ ਆਉਂਦਾ ਉਹ ਪਿਆਰ ਵਿਸ਼ੇ ਨਾਲ਼ ਹੀ ਸੰਬੰਧਤ ਹੁੰਦੀਆਂ ਸਨ। ਉਨ੍ਹਾਂ ਨੂੰ ਪੜ੍ਹਦਿਆਂ ਉਹ ਅਜਿਹੇ ਵਾਕਾਂ, ਬੰਦਾਂ ਨੂੰ ਅੰਡਰਲਾਈਨ ਕਰੀ ਜਾਂਦਾ, ਜਿਹੜੇ ਪਿਆਰ ਵਿਚ ਗੜੁੱਚ ਹੁੰਦੇ। ਫਿਰ ਉਨ੍ਹਾਂ ਵਿਚ ਮਾੜੀ-ਮੋਟੀ ਤਬਦੀਲੀ ਕਰ ਕੇ ਕੁਲਦੀਪ ਨੂੰ ਦਿੱਤੀ ਜਾਣ ਵਾਲ਼ੀ ਚਿੱਠੀ ਵਿਚ ਫਿੱਟ ਕਰ ਦਿੰਦਾ। ਬਾਰਾਂ-ਪੰਦਰਾਂ ਸਫ਼ਿਆਂ ਦੀ ਚਿੱਠੀ ਲਿਖਣਾ ਉਸਦਾ ਨਿੱਤ ਦਾ ਰੁਟੀਨ ਬਣ ਗਿਆ ਸੀ। ਚਿੱਠੀਆਂ ਨੇ ਉਨ੍ਹਾਂ

ਦੇ ਦਿਲਾਂ ਨੂੰ ਇਕ ਦੂਜੇ ਵੱਲ ਬਾਰਡਰ ਦੇ ਗੇਟਾਂ ਵਾਂਗ ਖੋਹਲ ਦਿੱਤਾ ਸੀ। ਕੁਲਦੀਪ ਦੀਆਂ ਚਿੱਠੀਆਂ ਉਸ ਦੀਆਂ ਚਿੱਠੀਆਂ ਜਿੰਨੀਆਂ ਲੰਬੀਆਂ ਤਾਂ ਨਾ ਹੁੰਦੀਆਂ ਪਰ ਜਿਹੜੀਆਂ ਗੱਲਾਂ ਉਹ ਲਿਖਦੀ, ਦੇਵ ਬਾਰ ਬਾਰ ਉਨ੍ਹਾਂ ਨੂੰ ਪੜ੍ਹੀ ਜਾਂਦਾ। ਇਕ ਚਿੱਠੀ ਵਿਚ ਕੁਲਦੀਪ ਨੇ ਲਿਖਿਆ, 'ਦੇਵ ਮੈਂ ਤੇਰੀ ਹਾਂ ਤੇ ਸਾਰੀ ਜ਼ਿੰਦਗੀ ਤੇਰੀ ਬਣ ਕੇ ਰਹਿਣਾ ਚਾਹੁੰਦੀ ਹਾਂ। ਹੋਰ ਕਿਸੇ ਦੀ ਮੈਂ ਕਲਪਨਾ ਵੀ ਨਹੀਂ ਕਰ ਸਕਦੀ। ਦੇਖੀਂ ਕਿਤੇ ਮੈਨੂੰ ਵਿਸਾਰ ਨਾ ਜਾਵੀਂ। ਤੂੰ ਖੂਬ ਪੜ੍ਹਾਈ ਕਰੀਂ। ਮੈਂ ਵੀ ਪੜ੍ਹਾਂਗੀ ਤੇ ਤੇਰੇ ਹਾਣ ਦੀ ਬਣ ਕੇ ਇਕ ਦਿਨ ਤੇਰੇ ਨਾਲ਼ ਆ ਜੁੜਾਂਗੀ। ਕਿੰਨੀ ਖ਼ੂਬਸੂਰਤ ਜ਼ਿੰਦਗੀ ਬਣ ਜਾਵੇਗੀ ਆਪਣੀ।'

ਜਦੋਂ ਬੰਦਾ ਪਿਆਰ ਦੇ ਰੰਗ ਵਿਚ ਰੰਗਿਆ ਹੋਵੇ ਤਾਂ ਕਈ ਵਾਰੀ ਅਜੀਬੋ-ਗਰੀਬ ਸ਼ਰਮਸਤੀਆਂ ਕਰ ਬੈਠਦਾ ਹੈ। ਦੇਵ ਨਾਲ਼ ਵੀ ਇਹੀ ਹੋਇਆ। ਕਾਲਜ ਲਾਇਬ੍ਰੇਰੀ ਦੇ ਬਾਹਰ ਬਰਾਂਡੇ ਵਿਚ ਅਖ਼ਬਾਰ ਪੜ੍ਹਨ ਲਈ ਪਹਾੜੀ ਘਰਾਂ ਦੀਆਂ ਛੱਤਾਂ ਵਰਗੇ ਚਾਰ ਸਟੈਂਡ ਲੱਗੇ ਹੁੰਦੇ ਸਨ, ਜਿਨ੍ਹਾਂ ਦੇ ਸਪਰਿੰਗਾਂ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਅਖ਼ਬਾਰ ਫਸਾਏ ਹੁੰਦੇ ਸਨ। ਪ੍ਰੋਫੈਸਰ ਤੇ ਵਿਦਿਆਰਥੀ ਉੱਥੇ ਖੜ੍ਹ ਕੇ ਹੀ ਅਖ਼ਬਾਰ ਪੜ੍ਹਦੇ। ਦੇਵ ਮੋਟੀਆਂ-ਮੋਟੀਆਂ ਖ਼ਬਰਾਂ ਨਿੱਤ ਦੇਖ ਲੈਂਦਾ ਤੇ ਕੁਝ ਖਾਸ ਖਾਸ ਨੂੰ ਆਪਣੀ ਡਾਇਰੀ ਵਿਚ ਨੋਟ ਵੀ ਕਰ ਲੈਂਦਾ। ਇਕ ਦਿਨ ਸਟੈਂਡ ਤੇ ਅੰਗਰੇਜ਼ੀ ਦਾ ਪ੍ਰੋਫੈਸਰ ਜੀ. ਪੀ. (ਗਿਰੀਧਰ ਪ੍ਰਸ਼ਾਦ) ਖੜ੍ਹਾ ਅਖਬਾਰ ਪੜ੍ਹ ਰਿਹਾ ਸੀ। ਦੇਵ ਨੂੰ ਭੁਲੇਖਾ ਲੱਗਾ ਕਿ ਉਹ ਤਾਂ ਕੋਟਲ਼ਾ ਨਿਹੰਗ ਪਿੰਡ ਦਾ ਬੀ. ਏ. ਫਾਈਨਲ ਦਾ ਵਿਦਿਆਰਥੀ ਅਮੀਰ ਚੰਦ ਅਖ਼ਬਾਰ ਪੜ੍ਹ ਰਿਹਾ ਹੈ। ਉਸੇ ਵਰਗੀ ਮੋਟੀ ਗਰਦਣ, ਸਿਰ ਦੇ ਵਾਲ਼, ਕੱਦ ਕਾਠ ਤੇ ਕਾਲ਼ੇ ਰੰਗ ਦੀ ਪੈਂਟ। ਅਮੀਰ ਚੰਦ ਦੇ ਆਸ਼ਾਬਾਦ ਨਾਨਕੇ ਹੋਣ ਕਰਕੇ ਉਹ ਦੇਵ ਕੋਲ਼ ਕਈ ਵਾਰੀ ਸਰਵਰਪੁਰ ਆਇਆ ਸੀ। ਦੇਵ ਦੀ ਬੇਬੇ ਨੂੰ ਉਹ ਮਾਮੀ ਕਹਿੰਦਾ ਸੀ। ਕਿੰਨੀ ਵਾਰੀ ਦੇਵ ਉਸ ਨਾਲ਼ ਕੋਟਲ਼ੇ ਗਿਆ ਸੀ ਤੇ ਉਹ ਗੂੜ੍ਹੇ ਮਿੱਤਰ ਬਣ ਗਏ ਸਨ। ਦੇਵ ਹੌਲ਼ੀ-ਹੌਲ਼ੀ ਅਖ਼ਬਾਰ ਪੜ੍ਹਦੇ ਪ੍ਰੋਫੈਸਰ ਕੋਲ਼ ਗਿਆ ਤੇ ਝਪਟਾ ਜਿਹਾ ਮਾਰ ਕੇ ਦੋਨਾਂ ਹੱਥਾਂ ਨਾਲ਼ ਉਸ ਦੀਆਂ ਅੱਖਾਂ ਘੁੱਟ ਲਈਆਂ ਤੇ ਲੱਤਾਂ ਦੇ ਦੁਸਾਂਗੜ ਵਿਚ ਗੋਡਾ ਮਾਰਿਆ। ਪ੍ਰੋਫੈਸਰ ਮੱਛੀ ਵਾਂਗ ਤੜਫ਼ਿਆ ਤੇ ਹੱਥ ਛੁਡਾ ਕੇ ਘੁੰਮਣਾ ਚਾਹਿਆ ਤੇ ਬੋਲਣ ਲੱਗਾ, 'ਕੌਣ ਏਂ? ਕੌਣ ਏਂ?'

ਦੇਵ ਨੇ ਅੱਖਾਂ ਛੱਡ ਉਸ ਦੇ ਦੋਨੋਂ ਕੰਨ ਫੜ ਲਏ ਤੇ ਮਰੋੜਨ ਲੱਗਾ। ਪੂਰੇ ਜ਼ੋਰ ਨਾਲ਼ ਪ੍ਰੋਫੈਸਰ ਘੁੰਮਿਆਂ ਤਾਂ ਦੇਵ ਦੇ ਹੋਸ਼ ਉਡ ਗਏ। ਪ੍ਰੋਫੈਸਰ ਅੱਗ ਦੀ ਲਾਟ ਬਣ ਗਿਆ ਤੇ ਉਸ ਨੂੰ ਧੱਕਾ ਮਾਰਦਾ ਬੋਲਿਆ, 'ਬਦਤਮੀਜ਼ ਈਡੀਅਟ ਬੰਦੇ। ਵਟ ਦਿਸ ਨਾਨਸੈਂਸ? ਤੇਰਾ ਐਨਾ ਹੌਂਸਲਾ ਕਿਵੇਂ ਪਿਆ?'

ਦੇਵ ਆਪਣੇ ਦੋਨੋਂ ਕੰਨ ਫੜ ਕੇ 'ਸੌਰੀ ਸਰ, ਸੌਰੀ ਸਰ' ਆਖਣ ਲੱਗਾ। ਪੰਜ ਸੱਤ ਮੁੰਡੇ ਕੁੜੀਆਂ ਜਿਨ੍ਹਾਂ ਨੇ ਇਹ ਕੌਤਕ ਦੇਖਿਆ ਸੀ ਹੱਸ ਹੱਸ ਕੇ ਲੋਟ-ਪੋਟ ਹੋਣ ਲੱਗੇ।

'ਪ੍ਰੋਫੈਸਰ ਸਾਹਿਬ, ਮਾਫ਼ੀ ਦੇ ਦਿਓ। ਮੈਨੂੰ ਭੁਲੇਖਾ ਲੱਗ ਗਿਆ। ਮੈਂ ਤੁਹਾਨੂੰ ਅਮੀਰ ਚੰਦ ਸਮਝ ਲਿਆ।' ਦੇਵ ਨੇ ਹੱਥ ਜੋੜੇ ਉਸਦੇ ਗੋਡੇ ਫੜੇ।

'ਸ਼ਟਅੱਪ.... ਯੂ ਰੌਟਨ ਐੱਗ... ਇਸੇ ਵੇਲ਼ੇ ਪ੍ਰਿੰਸੀਪਲ ਸਾਹਬ ਦੇ ਦਫ਼ਤਰ ਚੱਲ।'

ਉੱਥੋਂ ਦੌੜ ਜਾਣ ਨਾਲ਼ੋਂ ਦੇਵ ਨੇ ਸਥਿਤੀ ਦਾ ਸਾਮ੍ਹਣਾ ਕਰਨ ਦਾ ਫੈਸਲਾ ਕਰ ਲਿਆ।

ਪ੍ਰੋਫੈਸਰ ਜੀ. ਪੀ. ਉਨ੍ਹਾਂ ਨੂੰ ਅੰਗਰੇਜ਼ੀ ਆਫਸ਼ਨਲ ਪੜ੍ਹਾਉਂਦਾ ਸੀ। ਪੜ੍ਹਾਉਂਦਾ ਕੀ ਸੀ, ਬੱਸ ਕਿਤਾਬ ਪੜ੍ਹਦਾ ਸੀ, ਅੰਗਰੇਜ਼ੀ ਦੇ ਅੰਗਰੇਜ਼ੀ ਵਿਚ ਅਰਥ ਕਰੀ ਜਾਂਦਾ ਸੀ। ਦੇਵ ਨੂੰ ਨਾ ਉਸ ਦੀ ਅੰਗਰੇਜ਼ੀ ਸਮਝ ਆਉਂਦੀ ਤੇ ਨਾ ਹੀ ਅਰਥ। ਮੁੰਡੇ ਕੁੜੀਆਂ ਉਸ ਦੀ ਪੜ੍ਹਾਈ ਤੋਂ ਅੱਕੇ ਹੋਏ ਕੋਈ ਨਾ ਕੋਈ ਸ਼ਰਾਰਤ ਕਰਦੇ ਰਹਿੰਦੇ। ਉਹ ਇਕ ਸ਼ਰਾਰਤ ਕਰਨ ਕਰਕੇ ਪਹਿਲਾਂ ਹੀ ਦੇਵ ਨਾਲ਼ ਜ਼ਿੱਦ ਕਰਦਾ ਸੀ। ਇਕ ਦਿਨ ਉਸ ਨੇ ਬਲੈਕ ਬੋਰਡ ਉੱਤੇ ਉਸ ਦੀ ਸ਼ਕਲ ਬਣਾ ਕੇ ਹੇਠ ਗੈੜ ਫੰਗ ਭਾਵ ਜੀ. ਪੀ. ਲਿਖ ਦਿੱਤਾ ਸੀ। ਉਸ ਦਿਨ ਤਾਂ ਪੁੱਛ ਪੜਤਾਲ਼ ਕਰਨ ਤੇ ਕਿਸੇ ਨੇ ਦੇਵ ਦਾ ਨਾਂ ਨਹੀਂ ਸੀ ਲਿਆ ਪਰ ਮਗਰੋਂ ਕੋਈ ਮੁੰਡਾ ਉਸ ਨੂੰ ਸਾਰੀ ਗੱਲ ਦੱਸ ਆਇਆ ਸੀ। ਜੀ. ਪੀ. ਦੀ ਸ਼ਿਕਾਇਤ ਉੱਤੇ ਪ੍ਰਿੰਸੀਪਲ ਨੇ ਦੇਵ ਨੂੰ ਦਫ਼ਤਰ ਬੁਲਾ ਕੇ ਪੁੱਛ-ਪੜਤਾਲ ਕੀਤੀ ਸੀ। ਦੇਵ ਵੱਲੋਂ ਇਹ ਕਹਿਣ ਉੱਤੇ ਕਿ ਪ੍ਰੋਫੈਸਰ ਸਾਹਬ ਉਸਦੇ ਬਾਪ ਵਰਗੇ ਹਨ, ਉਹ ਅਜਿਹਾ ਕਦੀ ਨਹੀਂ ਕਰ ਸਕਦਾ, ਕਿਸੇ ਵਿਰੋਧੀ ਮੁੰਡੇ ਨੇ ਉਸ ਦਾ ਨਾਂ ਕਿਸੇ ਜ਼ਿੱਦ ਕਰਕੇ ਲਾਇਆ ਹੋਵੇਗਾ, ਉਹ ਬਚ ਗਿਆ ਸੀ। ਪ੍ਰੋਫੈਸਰ ਜੀ. ਪੀ. ਤੜਫ਼ ਕੇ ਰਹਿ ਗਿਆ ਸੀ ਤੇ ਦੇਵ ਉਸਦੀ ਨਿਗਾਹ ਚੜ੍ਹਿਆ ਹੋਇਆ ਸੀ। ਉਸਦੇ ਮਾੜੇ ਭਾਗਾਂ ਨੂੰ ਅੱਜ ਦੇਵ ਮੁੜ ਉਸ ਦੇ ਅੜਿੱਕੇ ਆ ਗਿਆ ਸੀ ਤੇ ਗੱਲ ਵੀ ਬਹੁਤ ਗੰਭੀਰ ਸੀ। ਉਹ ਸਿਰ ਝੁਕਾਈ ਜੀ. ਪੀ. ਦੇ ਮਗਰ ਪ੍ਰਿੰਸੀਪਲ ਦਫ਼ਤਰ ਵਿਚ ਜਾ ਵੜਿਆ। ਪ੍ਰੋਫੈਸਰ ਨੇ ਕੁਰਸੀ ਤੇ ਬੈਠ ਸਾਰੀ ਗੱਲ ਪ੍ਰਿੰਸੀਪਲ ਨੂੰ ਦੱਸੀ। ਦੇਵ ਚੁੱਪਚਾਪ ਸਿਰ ਝੁਕਾਈ ਖੜ੍ਹਾ ਰਿਹਾ।

'ਕਿਉਂ ਕੀਤਾ ਤੂੰ ਅਜਿਹਾ?' ਪ੍ਰਿੰਸੀਪਲ ਜੋਸ਼ੀ ਸਾਹਬ ਬੋਲੇ।

'ਜੀ ਮੈਨੂੰ ਮੇਰੇ ਦੋਸਤ ਅਮੀਰ ਚੰਦ ਦਾ ਭੁਲੇਖਾ ਲੱਗ ਗਿਆ ਤੇ ਮੈਥੋਂ ਇਹ ਗਲਤੀ ਹੋ ਗਈ।'

'ਅਮੀਰ ਚੰਦ ਕੌਣ?'

'ਜੀ ਬੀ. ਏ. ਫਾਈਨਲ ਦਾ ਮੁੰਡਾ ਏ ਮੇਰਾ ਦੋਸਤ। ਤੁਸੀਂ ਸੱਦ ਕੇ ਦੇਖ ਲਓ, ਉਸ ਦਾ ਕੱਦ-ਕਾਠ ਪ੍ਰੋਫੈਸਰ ਸਾਹਬ ਨਾਲ਼ ਮਿਲਦਾ ਏ।'

'ਇਹ ਝੂਠਾ ਏ ਸਰ। ਇਕ ਦਿਨ ਪਹਿਲਾਂ ਵੀ ਮੈਂ ਤੁਹਾਡੇ ਕੋਲ਼ ਇਸ ਦੀ ਸ਼ਿਕਾਇਤ ਕੀਤੀ ਸੀ, ਬਲੈਕ ਬੋਰਡ ਉੱਤੇ ਸ਼ਕਲ ਵਾਹ ਕੇ ਹੇਠ ਊਟ-ਪਟਾਂਗ ਲਿਖਣ ਦੀ। ਇਹ ਕਾਗਜ਼ ਦੇ ਜਹਾਜ ਬਣਾ ਕੇ ਵੀ ਪ੍ਰੋਫੈਸਰਾਂ ਵੱਲ ਛੱਡਦਾ ਏ। ਅੱਤ ਦਰਜ਼ੇ ਦਾ ਵਿਗੜਿਆ ਹੋਇਆ ਮੁੰਡਾ ਏ ਇਹ ਸਰ। ਅਜਿਹੇ ਮੁੰਡਿਆਂ ਨੂੰ ਕਾਲਜ ਵਿਚ ਰੱਖਣ ਦੀ ਕੀ ਲੋੜ ਏ?' ਜੀ. ਪੀ. ਬੋਲਿਆ। ਦੇਵ ਨੂੰ ਕੋਈ ਗੱਲ ਹੀ ਨਾ ਆਈ।

'ਸੋਮਵਾਰ ਨੂੰ ਗਿਆਰਾਂ ਵਜੇ ਆਪਣੇ ਫਾਦਰ ਨੂੰ ਸੱਦ ਕੇ ਲਿਆਓ।' ਪ੍ਰਿੰਸੀਪਲ ਨੇ ਆਰਡਰ ਕਰ ਦਿੱਤਾ। ਦੇਵ ਨੇ ਕੁਝ ਕਹਿਣਾ ਚਾਹਿਆ ਪਰ ਉਸ ਨੇ ਗੱਲ ਸੁਣਨ ਤੋਂ ਹੀ ਇਨਕਾਰ ਕਰ ਦਿੱਤਾ।

'ਜੀ ਮੇਰਾ ਪਿਉ ਮਰ ਚੁੱਕਾ ਏ।' ਉਸ ਨੇ ਪੂਰਾ ਜ਼ੋਰ ਲਾ ਕੇ ਮੂੰਹੋਂ ਇਹ ਵਾਕ ਕੱਢਿਆ।

'ਕੋਈ ਤਾਂ ਵਾਲ਼ੀ-ਵਾਰਸ ਹੋਊ ਤੇਰਾ ਕਿ ਲੰਡਰ ਹੀ ਏਂ? ਸੋਮਵਾਰ ਮੌਰਨਿੰਗ

ਦਫ਼ਤਰ ਲੈ ਕੇ ਆਓ।'

'ਜੀ ਕਲਾਸ ਲਾ ਲਵਾਂ?'

'ਨੋ... ਨਊ ਯੂ ਗੈਟ ਆਊਟ।' ਪ੍ਰਿੰਸੀਪਲ ਨੇ ਸਖ਼ਤੀ ਨਾਲ਼ ਕਿਹਾ।

ਕੰਬਦੀਆਂ ਲੱਤਾਂ ਨਾਲ਼ ਉਹ ਦਫ਼ਤਰੋਂ ਬਾਹਰ ਨਿਕਲ਼ ਆਇਆ। ਸਾਇਕਲ ਚੁੱਕ ਕੇ ਜਦੋਂ ਸਰਵਰਪੁਰ ਨੂੰ ਜਾਣ ਲੱਗਾ ਤਾਂ ਭੱਠਾ ਸਾਹਬ ਗੁਰਦੁਆਰੇ ਵਾਲ਼ੀ ਸੁੱਖੀ ਪੁਰਾਣੀ ਸੁੱਖ ਉਸ ਨੂੰ ਚੇਤੇ ਆ ਗਈ। ਸ਼ਾਇਦ ਉਹ ਸੁੱਖ ਨਾ ਲਾਹੁਣ ਕਰਕੇ ਹੀ ਇਹ ਭਾਣਾ ਵਾਪਰਿਆ ਹੋਵੇ। ਉਹ ਕੰਬਣ ਲੱਗ ਪਿਆ। ਮਹਾਰਾਜ ਨੇ ਜਿਵੇਂ ਉਸ ਨੂੰ ਪਟਕਾ ਮਾਰਿਆ ਸੀ। ਉਸ ਨੇ ਸਾਇਕਲ ਚੁੱਕ ਕੇ ਗੁਰਦੁਆਰੇ ਦੇ ਰਾਹ ਪਾ ਲਿਆ।

ਨਹਿਰ ਦਾ ਪੁਲ਼ ਲੰਘਦਿਆਂ ਹੀ ਖੱਬੇ ਪਾਸੇ ਉਨ੍ਹਾਂ ਦੇ ਪਿੰਡ ਦੇ ਸਰਪੰਚ ਬਾਈ ਜਸਵੰਤ ਦਾ ਚੁਬਾਰਾ ਸੀ। ਜਸਵੰਤ ਦੀ ਇਲਾਕੇ ਵਿਚ ਬਹੁਤ ਧਾਂਕ ਸੀ। ਉਹ ਲੋਕਾਂ ਦੇ ਕੰਮ ਆਉਣ ਵਾਲ਼ਾ ਵੀ ਸੀ ਤੇ ਧੱਕੜ ਵੀ। ਇਕ ਵਾਰੀ ਪਿੰਡ ਦੇ ਪਟਵਾਰੀ ਨੇ ਕਿਸੇ ਕੁੜੀ ਨੂੰ ਕੁਝ ਆਖ ਦਿੱਤਾ ਸੀ ਤਾਂ ਉਸ ਨੇ ਪਟਵਾਰੀ ਦੇ ਦਰ ਮੂਹਰੇ ਜਾ ਕੇ ਫਾਇਰ ਕਰ ਕੇ ਆਵਾਜ਼ ਦਿੱਤੀ ਸੀ, 'ਉਇ ਪਟਵਾਰੀਆ ਬਾਹਰ ਨਿਕਲ਼ ਮੇਰੀ ਤੀਜੀ ਗੋਲੀ ਤੇਰੀ ਛਾਤੀ ਦੀ ਉਡੀਕ ਕਰ ਰਹੀ ਏ।'

ਪਟਵਾਰੀ ਪਿਛਲੇ ਪਾਸਿਓਂ ਕੰਧ ਤੋਂ ਛਾਲ਼ ਮਾਰ ਕੇ ਦੌੜ ਗਿਆ ਸੀ ਤੇ ਠਾਣੇ ਜਾ ਪੁੱਜਾ ਸੀ। ਇਕ ਹੌਲਦਾਰ ਤੇ ਤਿੰਨ ਸਿਪਾਹੀ ਉਸ ਨੂੰ ਗ੍ਰਿਫਤਾਰ ਕਰਨ ਲਈ ਪਿੰਡ ਆਏ ਸਨ। ਉਨ੍ਹਾਂ ਨੇ ਆਪਣੇ ਸਾਇਕਲ ਉਸ ਦੀ ਬੈਠਕ ਦੇ ਬਰਾਂਡੇ ਵਿਚ ਖੜ੍ਹਾ ਦਿੱਤੇ ਸਨ। ਇਹ ਨਜ਼ਾਰਾ ਦੇਵ ਨੇ ਆਪਣੀਆਂ ਅੱਖਾਂ ਨਾਲ਼ ਦੇਖਿਆ ਸੀ ਕਿ ਜਸਵੰਤ ਨੇ ਬਾਹਰੋਂ ਆਕੇ ਉਨ੍ਹਾਂ ਦੇ ਸਾਇਕਲ ਚੁੱਕ-ਚੁੱਕ ਪੰਦਰਾਂ-ਪੰਦਰਾਂ ਫੁੱਟ ਦੂਰ ਵਗਾਹ ਮਾਰੇ ਸਨ ਤੇ ਸਿਪਾਹੀਆਂ ਨੂੰ ਦੌੜਦਿਆਂ ਨੂੰ ਰਸਤਾ ਨਹੀਂ ਸੀ ਲੱਭਿਆ। ਬਦਮਾਸ਼ੀ ਬੰਦੇ ਨੂੰ ਸਮਾਜ ਵਿਚ ਚੰਗਾ ਰੁਤਬਾ ਤਾਂ ਬਖਸ਼ ਹੀ ਦਿੰਦੀ ਹੈ। ਉਸ ਮਗਰੋਂ ਉਹ ਬਲਾਕ ਸੰਮਤੀ ਦਾ ਮੈਂਬਰ ਵੀ ਚੁਣਿਆ ਗਿਆ ਤੇ ਕੋਈ ਅਹੁਦਾ ਵੀ ਲੈ ਲਿਆ। ਇਹ ਚੁਬਾਰਾ ਜਿਸ ਮੂਹਰੇ ਹੁਣ ਦੇਵ ਖੜ੍ਹਾ ਸੀ, ਇਹ ਵੀ ਤਾਂ ਉਸ ਨੇ ਸ਼ਾਮਲਾਤ ਵਿਚ ਪਾਇਆ ਹੋਇਆ ਸੀ। ਸ਼ਾਇਦ ਬਾਈ ਜਸਵੰਤ ਦਾ ਸਿੱਕਾ ਚੱਲ ਹੀ ਜਾਵੇ, ਉਸਨੂੰ ਇਹ ਸੋਚ ਕੇ ਆਸ ਦੀ ਕਿਰਣ ਦਿਖਾਈ ਦਿੱਤੀ। ਉਹ ਸਾਇਕਲ ਨੂੰ ਤਾਲ਼ਾ ਮਾਰ ਕੇ ਉਸ ਦੇ ਚੁਬਾਰੇ ਦੀਆਂ ਪੌੜੀਆਂ ਜਾ ਚੜ੍ਹਿਆ। ਉੱਥੇ ਤਾਂ ਮੀਟ-ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਅੱਠ ਦਸ ਬੰਦੇ ਐਵੇਂ ਜਾਭਾਂ ਦਾ ਭੇੜ ਵੀ ਕਰਨ ਲੱਗੇ ਹੋਏ ਸਨ। ਦੇਵ ਖਿੜਕੀ ਦਾ ਸਰੀਆ ਫੜ ਕੇ ਅੰਦਰ ਦੇਖਣ ਲੱਗਾ। ਉਸਦੀ ਨਜ਼ਰ ਜਸਵੰਤ ਨਾਲ਼ ਭਿੜੀ ਤਾਂ ਉਸ ਨੇ ਉਸਨੂੰ ਪਛਾਣ ਲਿਆ ਤੇ ਅਵਾਜ਼ ਮਾਰੀ, 'ਉਇ ਬੂਜੇ, ਤੂੰ ਕਿਵੇਂ ਖੜ੍ਹਾ ਏਂ? ਆ ਜਾ ਅੰਦਰ।'

ਉਸਨੇ ਅੰਦਰ ਵੜ ਕੇ ਸਾਰਿਆਂ ਨੂੰ 'ਸਤਿ ਸ੍ਰੀ ਅਕਾਲ' ਕਹੀ। ਉਨ੍ਹਾਂ ਵਿਚ ਬੈਠੇ ਚੇਅਰਮੈਨ ਹਰਜਾਪ ਸਿੰਘ ਨੂੰ ਵੀ ਦੇਵ ਨੇ ਪਛਾਣ ਲਿਆ। ਜਸਵੰਤ ਬੋਲਿਆ, 'ਕੀ ਗੱਲ? ਕਿਵੇਂ ਆਇਆਂ?'

'ਬਾਈ ਜੀ ਮੈਂ ਕਾਲਜ ਵਿਚ ਪੜ੍ਹਦਾ ਏਂ ਐਥੇ। ਇਕ ਕੰਮ ਆ ਪਿਆ ਤੁਹਾਡੇ ਤੱਕ।'

'ਬੋਲ-ਬੋਲ ਕੀ ਕੰਮ ਏ?' ਉਹ ਬੋਲਿਆ ਤਾਂ ਬਾਕੀ ਜਣੇ ਵੀ ਚੁੱਪ ਕਰ ਕੇ ਉਸ ਵੱਲ ਵੇਖਣ ਲੱਗੇ।

'ਬਾਈ ਜੀ ਇਕੱਲੇ ਆ ਕੇ ਸੁਣ ਲਓ।' ਦੇਵ ਬੋਲਿਆ।

'ਉਇ ਤੂੰ ਦੱਸ ਯਾਰ... ਐਥੇ ਓਪਰਾ ਕੋਈ ਨੀ- ਸਭ ਆਪਣੇ ਯਾਰ ਬੇਲੀ ਨੇ।'

ਪਲ ਕੁ ਲਈ ਦੇਵ ਨੇ ਸੋਚਿਆ ਫਿਰ ਹੌਂਸਲਾ ਕਰ ਕੇ ਕਿਹਾ, 'ਜੀ ਮੈਥੋਂ ਗਲਤੀ ਨਾਲ਼ ਇਕ ਪ੍ਰੋਫੈਸਰ ਦੇ ਪਿੱਛੇ ਗੋਡਾ ਮਾਰ ਹੋ ਗਿਆ।'

ਦੇਵ ਦੇ ਕਹਿਣ ਦੀ ਦੇਰ ਸੀ ਕਿ ਸਾਰੇ ਖਿੜ ਖਿੜਾ ਕੇ ਹੱਸ ਪਏ। ਜਸਵੰਤ ਬੋਲਿਆ, 'ਯਾਰ ਚੁੱਪ ਕਰੋ। ਕਿਉਂ ਦੰਦ ਕੱਢੇ ਆਂ। ਗੱਲ ਤਾਂ ਸੁਣਨ ਦਿਓ।'

ਪਰ ਕਈ ਜਣੇ 'ਗੋਡਾ ਮਾਰ ਹੋ ਗਿਆ, ਗੋਡਾ ਮਾਰ ਹੋ ਗਿਆ' ਆਖ ਉੱਚੀ ਉੱਚੀ ਹੱਸਦੇ ਰਹੇ।

'ਬੱਲੇ ਉਇ ਸਲਾਹਪੁਰੀਓ ਨਵੇਂ ਨਵੇਂ ਬਦਮਾਸ਼ ਪੈਦਾ ਹੁੰਦੇ ਆਂ। ਤੁਸੀਂ ਨਾ ਬਾਜ ਆਏ।' ਹਰਜਾਪ ਸਿੰਘ ਬੋਲਿਆ।

ਦੇਵ ਦੇ ਭਾਅ ਦੀ ਬਣੀ ਹੋਈ ਸੀ ਤੇ ਉਹ ਹੱਸਣੋਂ ਨਹੀਂ ਸਨ ਹਟ ਰਹੇ। ਕੁਝ ਟਿਕਾਅ ਹੋਇਆ ਤਾਂ ਦੇਵ ਨੇ ਮੁੱਢੋਂ ਸਾਰੀ ਗੱਲ ਦੱਸ ਦਿੱਤੀ। 'ਗੈੜ ਫੰਗ' ਵਾਲ਼ੀ ਗੱਲ ਤੇ ਇਕ ਵਾਰੀ ਫਿਰ ਹਾਸਾ ਮੱਚਿਆ।

'ਤੁਸੀਂ ਕੰਜਰੋ ਐਥੇ ਪੜ੍ਹਨ ਆਉਂਦੇ ਹੋ ਕਿ ਸ਼ਰਾਰਤਾਂ ਕਰਨ?' ਜਸਵੰਤ ਨੇ ਦੇਵ ਨੂੰ ਡਾਂਟਿਆ।

'ਮੁੜਕੇ ਨੀ ਬਾਈ ਜੀ ਕਰਦਾ। ਤੁਹਾਡੇ ਰੱਖਣ ਦਾ ਹਾਂ ਹੁਣ ਤਾਂ। ਮਾਮੇ ਨੂੰ ਮੈਂ ਬੁਲਾ ਨੀ ਸਕਦਾ।'

'ਪੀ. ਸੀ. ਜੋਸ਼ੀ ਏ ਨਾ ਪ੍ਰਿੰਸੀਪਲ?' ਹਰਜਾਪ ਸਿੰਘ ਨੇ ਪੁੱਛਿਆ।

'ਹਾਂ ਜੀ।'

'ਇਉਂ ਕਰ ਮਾਫ਼ੀ ਦੀ ਇਕ ਅਰਜ਼ੀ ਲਿਖ ਪ੍ਰਿੰਸੀਪਲ ਦੇ ਨਾਂ। ਸਾਰੀ ਗੱਲ ਲਿਖ ਦਵੀਂ।'

ਦੇਵ ਨੇ ਇਕ ਖੂੰਜੇ ਵਿਚ ਬਹਿ ਕੇ, ਸਾਰੀ ਘਟਨਾ ਦਾ ਜ਼ਿਕਰ ਕਰ ਕੇ ਪੂਰੇ ਪੰਨੇ ਉੱਤੇ ਖੁਸ਼ਖ਼ਤ ਲਿਖਾਈ ਵਿਚ ਅਰਜ਼ੀ ਲਿਖ ਦਿੱਤੀ। ਹਰਜਾਪ ਸਿੰਘ ਅਰਜ਼ੀ ਪੜ੍ਹ ਕੇ ਖੁਸ਼ ਹੋ ਗਿਆ ਤੇ ਬੋਲਿਆ, 'ਬਈ ਕਮਾਲ ਏ ਮੁੰਡਾ ਤਾਂ ਜਸਵੰਤ ਸਿੰਘ। ਐਨੀ ਸੁੰਦਰ ਲਿਖਾਈ ਤੇ ਮਜ਼ਮੂਨ ਬਈ ਵੱਟ ਕੱਢੇ ਪਏ ਆਂ।'

'ਆਹੋ ਜਿਹੜੇ ਹੁਸ਼ਿਆਰ ਹੁੰਦੇ ਨੇ ਪੜ੍ਹਾਈ ਵਿਚ, ਇੱਲਤਾਂ ਵੀ ਤਾਂ ਉਨ੍ਹਾਂ ਨੂੰ ਹੀ ਸੁਝਦੀਆਂ ਨੇ। ਡਫ਼ਰ ਤਾਂ ਚਾਹੇ ਰੋਪੜ ਆ ਜਾਵੇ, ਚਾਹੇ ਦਿੱਲੀ ਚਲਿਆ ਜਾਵੇ, ਡਫ਼ਰ ਹੀ ਰਹਿਣੈਂ।' ਬਾਈ ਜਸਵੰਤ ਵੀ ਉਹਦੀ ਅਰਜ਼ੀ ਦੇਖ ਕੇ ਖੁਸ਼ ਹੋ ਗਿਆ। ਅਰਜ਼ੀ ਉਸ ਤੋਂ ਮੁੜ ਹਰਜਾਪ ਸਿੰਘ ਨੇ ਫੜ ਲਈ ਤੇ ਬੋਲਿਆ, 'ਤੇਰੇ ਲਈ ਤਾਂ ਹੁਣ ਮੁੰਡਿਆ, ਪ੍ਰਿੰਸੀਪਲ ਨੂੰ ਮਿਲਣਾ ਹੀ ਪਊ। ਤੂੰ ਜਾਹ ਘਰ, ਮੈਂ ਕਰਵਾ ਦਿਆਂਗਾ ਲੋਟ।'

'ਜੀ ਸੋਮਵਾਰ ਨੂੰ ਗਿਆਰਾਂ ਵਜੇ ਸੱਦਿਆ ਏ ਜੋਸ਼ੀ ਸਾਹਿਬ ਨੇ।'

'ਪਤਾ ਏ ਮੈਨੂੰ... ਤੂੰ ਆਪਣੀ ਕਲਾਸ ਲਾ।'

ਦੇਵ ਅਗਲੇ ਦਿਨ ਕਲਾਸ' ਚ ਜਾ ਬੈਠਾ। ਮੁੰਡੇ ਉਸ ਨੂੰ 'ਗੋਡਾ' 'ਗੋਡਾ' ਕਹਿ ਕੇ ਛੇੜਦੇ ਰਹੇ। ਚਾਰ ਦਿਨ ਲੰਘ ਗਏ, ਕਿਸੇ ਪ੍ਰੋਫੈਸਰ ਨੇ ਉਸ ਨੂੰ ਨਾ ਟੋਕਿਆ। ਜੀ. ਪੀ. ਦੀ ਕਲਾਸ ਵਿਚ ਵੀ ਉਹ ਸਿਰ ਸੁੱਟੀ ਬੈਠਾ ਰਹਿੰਦਾ। ਦੇਵ ਨੇ ਸੋਚਿਆ ਕਿ ਹਰਜਾਪ ਸਿੰਘ ਦੀ ਸਿਫਾਰਿਸ਼ ਨੇ ਰੰਗ ਲਿਆ ਦਿੱਤਾ ਸੀ। ਅਗਲੇ ਦਿਨ ਜੀ. ਪੀ. ਦੀ ਕਲਾਸ ਲਾਉਣ ਮਗਰੋਂ ਉਹ ਕਮਿਸਟਰੀ ਲੈਬ ਵਿਚ ਵੜਿਆ ਹੀ ਸੀ ਕਿ ਪ੍ਰਿੰਸੀਪਲ ਦਾ ਬੁਲਾਵਾ ਆ ਗਿਆ। ਉਹ ਦਫ਼ਤਰ ਵਿਚ ਵੜਿਆ ਤਾਂ ਜੀ. ਪੀ. ਵੀ ਉੱਥੇ ਬੈਠਾ ਸੀ।

'ਤੇਰੇ ਘਰੋਂ ਕੋਈ ਨੀ ਆਇਆ ਤੇ ਤੂੰ ਕਲਾਸ ਕਿਵੇਂ ਲਾ ਰਿਹਾ ਏਂ?' ਪ੍ਰਿੰਸੀਪਲ ਨੇ ਪੁੱਛਿਆ

'ਜੀ.... ਚੇਅਰਮੈਨ ਹਰਜਾਪ ਸਿੰਘ ਨੂੰ ਕਿਹਾ ਸੀ।'

'ਉਹ ਕੌਣ ਹੁੰਦਾ ਏ? ਪ੍ਰਿੰਸੀਪਲ ਦੇ ਉੱਤੋਂ ਦੀ ਆਡਰ ਆ ਗਿਆ ਉਹਦਾ? ਯੂ ਗੈਟ ਆਊਟ ਫਰਾਮ ਦੀ ਕਾਲਜ... ਤੈਨੂੰ ਕਾਲਜੋਂ ਕੱਢ ਦਿੱਤਾ ਗਿਆ ਏ।' ਪ੍ਰਿੰਸੀਪਲ ਗੁੱਸੇ ਵਿਚ ਬੋਲਦਾ ਕੁਰਸੀ ਤੋਂ ਉੱਠ ਖੜ੍ਹਾ ਹੋਇਆ।

ਤਦੇ ਨੋਟਸ ਬੋਰਡ ਉੱਤੇ ਉਸ ਨੂੰ ਕਾਲਜ ਤੋਂ ਕੱਢੇ ਜਾਣ ਦਾ ਫਰਮਾਨ ਆ ਚਿਪਕਿਆ। ਗੋਡਾ ਮਾਰਨ ਵਾਲ਼ੀ ਗੱਲ ਪੂਰੇ ਕਾਲਜ ਵਿਚ ਫੈਲ ਗਈ। ਉਹ ਕਈ ਵਾਰੀ ਬਾਈ ਜਸਵੰਤ ਦੇ ਚੁਬਾਰੇ ਗਿਆ ਪਰ ਉੱਥੇ ਹਮੇਸ਼ਾ ਜਿੰਦਾ ਲਟਕਦਾ ਮਿਲਿਆ। 'ਗੋਡਾ' ਨਾਂ ਬਦਲ ਕੇ ਮੁੰਡੇ ਉਸ ਨੂੰ 'ਗੋਡਾ ਸਾਹਬ' ਕਹਿਣ ਲੱਗ ਪਏ। ਬਹੁਤ ਪ੍ਰੇਸ਼ਾਨੀ ਦੀ ਹਾਲਤ ਵਿਚ ਦੇਵ ਦੇ ਦਿਨ ਤੇ ਰਾਤ ਬੀਤਣ ਲੱਗੇ। ਉਸ ਦੀ ਰੋਟੀ ਲੱਗਭਗ ਛੁੱਟ ਹੀ ਗਈ। ਉਹ ਆਪਣੀ ਬੇਬੇ ਨੂੰ ਵੀ ਕੁਛ ਨਹੀਂ ਸੀ ਦੱਸ ਸਕਦਾ। ਪਤਾ ਲੱਗਣ ਤੇ ਪਹਿਲਾਂ ਉਹ ਉਸ ਨੂੰ ਝੰਬਦੀ, ਘਨ੍ਹੱਈਏ ਨੂੰ ਸੁਨੇਹਾ ਭੇਜਦੀ ਤੇ ਕਾਲਜ ਪੁੱਜ ਪ੍ਰਿੰਸੀਪਲ ਦੇ ਪੈਰਾਂ' ਚ ਡਿਗਦੀ। ਆਪਣੇ ਵਿਧਵਾ ਹੋਣ ਦੇ ਵਾਸਤੇ ਪਾਉਂਦੀ। ਕੁਲਦੀਪ ਦੇ ਘਰ ਜਾਣ ਦੀ ਵੀ ਜਿਵੇਂ ਉਸ ਵਿਚ ਹਿੰਮਤ ਨਹੀਂ ਸੀ ਰਹੀ। ਜੇ ਮਨ ਠੀਕ ਨਾ ਹੋਵੇ ਤਾਂ ਕੁਝ ਵੀ ਚੰਗਾ ਨਹੀਂ ਲੱਗਿਆ ਕਰਦਾ। ਉਹ ਆਪਣੇ ਪਿੰਡ ਦੇ ਸਿਪਾਹੀ ਭਗਤ ਨੂੰ ਮਿਲਿਆ। ਉਹ ਬੋਲਿਆ, 'ਸਾਡਾ ਮਹਿਕਮਾ ਤਾਂ ਮਾਰ-ਕੁੱਟ ਕਰਨ ਵਾਲਾ ਏ। ਅਸੀਂ ਕਿਸੇ ਨੂੰ ਫਸਾ ਸਕਦੇ ਹਾਂ, ਪਰ ਫਸੇ ਹੋਏ ਨੂੰ ਛੱਡਣ ਦੀ ਸਿਫਾਰਸ਼ ਨਹੀਂ ਕਰ ਸਕਦੇ। ਪ੍ਰਿੰਸੀਪਲ ਦੇ ਪੈਰਾਂ' ਚ ਡਿਗਜਾ, ਛੱਡੀ ਹੀ ਨਾ, ਆਪੀ ਕਰੂ ਮਾਫ਼। ਗੈੜ-ਫੰਗ ਦੇ ਘਰ ਮੂਹਰੇ ਭੁੱਖ ਹੜਤਾਲ਼ ਕਰਦੇ। ਆਪੀ ਉਹਦੀ ਜ਼ਨਾਨੀ ਕਹੂ ਬਈ ਲਾਹ ਸਿਰੋਂ, ਕੀ ਫਾਹਾ ਖੜ੍ਹਾ ਕਰ ਲਿਆ।'

ਉਸ ਦੇ ਅਜਿਹੇ ਸੁਝਾਅ ਦੇਵ ਨੂੰ ਪਸੰਦ ਨਾ ਆਏ। ਉਹ ਉਵੇਂ ਤਿਆਰ ਹੋ ਕੇ ਨਿੱਤ ਕਾਲਜ ਜਾਈ ਗਿਆ। ਕੰਟੀਨ ਵਿਚ ਬੈਠਾ ਰਹਿੰਦਾ। ਇਕ ਦਿਨ ਉਸ ਨੇ ਸੋਚਿਆ ਕਿ ਮੋਟੇ ਤੇ ਲੰਬੇ ਕੱਦ ਵਾਲ਼ੇ ਸਫ਼ੈਦੇ ਦੇ ਸਿਖ਼ਰ ਚੜ੍ਹ ਕੇ ਹਾਇ ਦੁਹਾਈ ਪਾ ਦੇਵੇ। ਜਦੋਂ ਸਾਰੇ ਇਕੱਠੇ ਹੋ ਜਾਣ ਤਾਂ ਕਹੇ ਕਿ ਜੇ ਪ੍ਰਿੰਸੀਪਲ ਸਾਹਿਬ ਉਸਨੂੰ ਮਾਫ਼ ਨਹੀਂ ਕਰਨਗੇ ਤਾਂ ਉਹ ਛਾਲ਼ ਮਾਰ ਕੇ ਆਪਣੀ ਜਾਨ ਦੇ ਦੇਵੇਗਾ। ਇਹ ਗੱਲ ਉਸ ਨੇ ਕਰਨੈਲ ਨਾਲ਼ ਸਾਂਝੀ ਕੀਤੀ ਤਾਂ ਉਹ ਬੋਲਿਆ, 'ਠੀਕ ਏ ਤੈਨੂੰ ਹੇਠ ਲਾਹੁਣ ਲਈ ਪ੍ਰਿੰਸੀਪਲ ਕਹਿ ਦੇਵੇਗਾ ਕਿ ਮਾਫ਼

ਕੀਤਾ। ਪਰ ਉਤਰਦੇ ਨੂੰ ਹੀ ਫੜ ਕੇ ਪੁਲ਼ਸ ਹਵਾਲੇ ਕਰ ਦੇਵੇਗਾ।'

ਕਰਨੈਲ ਦੇਵ ਨੂੰ ਆਪਣੇ ਸਰਵਰਪੁਰ ਵਾਲ਼ੇ ਮਾਸੜ ਕੋਲ਼ ਵੀ ਲੈ ਕੇ ਗਿਆ, ਪਰ ਉਹ ਬੋਲਿਆ, 'ਤੁਹਾਡਾ ਤਾਂ ਰੋਜ਼ ਦਾ ਕੰਮ ਏਂ ਭਾਈ। ਹੁਣ ਦੂਜੀ ਵਾਰੀ ਕਿਹੜੇ ਮੂੰਹ ਨਾਲ਼ ਜਾਵਾਂ?'

ਇਕ ਦਿਨ ਦੇਵ ਕੰਟੀਨ ਦੇ ਬਾਹਰ ਇਕ ਬੈਂਚ ਤੇ ਬੈਠਾ ਸਮੋਸੇ ਖਾ ਰਿਹਾ ਸੀ ਕਿ ਅਚਾਨਕ ਉਸ ਦੀ ਗਰਦਨ ਉੱਤੇ ਕਿਸੇ ਦਾ ਲਫ਼ੇੜਾ ਪਿਆ ਤੇ ਉਸ ਦੀ ਪਗੜੀ ਉਡ ਕੇ ਖੱਟਿਆਂ ਦੀ ਵਾੜ ਵਿਚ ਜਾ ਫਸੀ। ਉਸ ਨੇ ਅੱਖਾਂ ਚੁੱਕ ਕੇ ਦੇਖਿਆ, ਉਸ ਦਾ ਮਾਮਾ ਘਨ੍ਹੱਈਆ ਸੀ। ਉਸ ਨੇ ਉਸ ਨੂੰ ਵਾਲ਼ਾਂ ਤੋਂ ਫੜ ਕੇ ਧੂਅ ਲਿਆ ਤੇ ਬੋਲੀ ਗਿਆ, 'ਆ ਤੈਨੂੰ ਦਿਆਂ ਦੱਖੂ ਦਾਣਾ। ਕੀ ਕਰਦਾ ਏਂ ਤੂੰ ਐਥੇ ਕੰਜਰਾ? ਪ੍ਰੋਫੈਸਰਾਂ ਤੇ ਹਮਲੇ ਕਰਨ ਲਈ ਲਾਇਆ ਸੀ ਤੈਨੂੰ ਪੜ੍ਹਨ?'

ਉਹ ਉਵੇਂ ਉਸ ਨੂੰ ਵਾਲ਼ਾਂ ਤੋਂ ਖਿੱਚਦਾ ਪ੍ਰਿੰਸੀਪਲ ਦਫ਼ਤਰ ਵਿਚ ਲੈ ਵੜਿਆ ਤੇ ਬੋਲਿਆ, 'ਪ੍ਰਿੰਸੀਪਲ ਸਾਹਬ.... ਇਹਦੇ ਮੇਰੇ ਸਾਮ੍ਹਣੇ ਗੋਲ਼ੀ ਮਾਰ ਦਿਓ। ਇਸ ਨੇ ਮੇਰਾ ਨੱਕ ਵਢਾ ਦਿੱਤਾ ਏ। ਜਦ ਤੁਹਾਡੀ ਚਿੱਠੀ ਮਿਲੀ ਮੈਂ ਦੌੜਿਆ ਆਇਆ ਤੇ ਇਸ ਨੂੰ ਲੱਭਦਾ ਰਿਹਾ। ਇਹ ਮੌਜ ਨਾਲ਼ ਕੰਟੀਨ' ਚ ਬੈਠਾ ਸਮੋਸੇ ਖਾ ਰਿਹਾ ਸੀ।'

ਉਸ ਨੇ ਦਫ਼ਤਰ ਵਿਚ ਹੀ ਦੇਵ ਦੇ ਕਈ ਥੱਪੜ ਮਾਰੇ। ਪ੍ਰਿੰਸੀਪਲ ਨੇ ਉੱਠ ਕੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ। ਉਸ ਦੇ ਹੱਥ ਵੀ ਫੜੇ। ਘਨ੍ਹੱਈਆ ਭੁੱਬੀਂ ਰੋਣ ਲੱਗ ਪਿਆ, 'ਹੁਣ ਮੇਰਾ ਜੀਊਣ ਦਾ ਕੋਈ ਹੱਜ ਨਹੀਂ ਰਿਹਾ ਪ੍ਰਿੰਸੀਪਲ ਸਾਹਬ। ਮੈਂ ਸੋਚਿਆ ਸੀ ਮੈਂ ਆਪਣੀ ਵਿਧਵਾ ਭੈਣ ਦੇ ਬੱਚਿਆਂ ਨੂੰ.... ।' ਉਸ ਤੋਂ ਗੱਲ ਪੂਰੀ ਨਹੀਂ ਸੀ ਹੋ ਰਹੀ।

ਪ੍ਰਿੰਸੀਪਲ ਨੇ ਉਸ ਨੂੰ ਕੁਰਸੀ ਤੇ ਬਿਠਾਇਆ। ਚਪੜਾਸੀ ਨੂੰ ਕਹਿਕੇ ਪਾਣੀ ਮੰਗਵਾ ਕੇ ਪਿਲਾਇਆ। ਘਨ੍ਹੱਈਏ ਨੇ ਉਸ ਦੇ ਪੈਰ ਫੜ ਲਏ ਤੇ ਰੋਈ ਗਿਆ, 'ਇਕ ਮੌਕਾ ਦੇ ਦਿਓ ਮੇਰੀ ਸਰਕਾਰ ਮੇਰੇ ਭਾਣਜੇ ਨੂੰ। ਮਾਫ਼ ਕਰ ਦਿਓ ਇਸ ਨੂੰ। ਮੁੜ ਕੇ ਇਸ ਨੇ ਇੱਲਤ ਕੀਤੀ ਤਾਂ ਤੁਸੀਂ ਦੇਖਣਾ ਮੈਂ ਇਸ ਦਾ ਕੀ ਹਾਲ ਕਰਾਂਗਾ। ਰੱਬ ਨੇ ਹੀ ਮੇਰੀ ਜੁੰਮੇ ਵਾਰੀ ਲਾ ਦਿੱਤੀ ਇਨ੍ਹਾਂ ਨੂੰ ਪਾਲਣ ਦੀ।'

ਚਾਰ ਪੰਜ ਪ੍ਰੋਫੈਸਰ ਵੀ ਦਫ਼ਤਰ ਵਿਚ ਆ ਗਏ, ਜਿਨ੍ਹਾਂ ਵਿਚ ਜੀ. ਪੀ. ਵੀ ਸੀ। ਘਨ੍ਹੱਈਏ ਨੂੰ ਹੱਥਾਂ ਵਿਚ ਆਪਣੀ ਫਿਰੋਜ਼ੀ ਰੰਗ ਦੀ ਪੱਗ ਫੜੀ ਬੈਠਾ ਰੋਂਦਾ ਦੇਖ ਉਹ ਵੀ ਪਸੀਜ਼ ਗਿਆ ਤੇ ਬੋਲਿਆ, 'ਪ੍ਰਿੰਸੀਪਲ ਸਾਹਬ ਦੇ ਦਿਓ ਮੌਕਾ ਇਕ। ਮਾਪੇ ਵਿਚਾਰੇ ਤੜਫ਼ਦੇ ਫਿਰਦੇ ਨੇ.... ।'

ਪ੍ਰਿੰਸੀਪਲ ਬੋਲਿਆ, 'ਅਸੀਂ ਬੱਚੇ ਦਾ ਕੈਰੀਅਰ ਖਰਾਬ ਨਹੀਂ ਕਰਨਾ ਹੁੰਦਾ, ਪਰ ਜਦੋਂ ਕਹਾਣੀ ਹੱਦੋਂ ਵੱਧ ਟੱਪ ਜਾਵੇ ਤਾਂ ਐਕਸ਼ਨ ਤਾਂ ਲੈਣਾ ਹੀ ਪੈਂਦਾ ਏ। ਲੈ ਜਾਓ ਇਸ ਨੂੰ ਤੇ ਸਮਝਾਓ ਕਿ ਅੱਗੇ ਤੋਂ ਬੰਦਾ ਬਣ ਕੇ ਰਹੇ।'

ਘਨ੍ਹੱਈਆ ਖੁਸ਼ ਹੋ ਗਿਆ। ਜੂੜਾ ਤਾਂ ਦੇਵ ਨੇ ਪਹਿਲਾਂ ਹੀ ਕਰ ਲਿਆ ਸੀ। ਮਿਸਰੀ ਘੁਮਾਰ ਵਾਂਗ ਪਗੜੀ ਵੀ ਸਿਰ ਤੇ ਲਪੇਟ ਲਈ। ਘਨ੍ਹੱਈਆ ਉਸ ਨੂੰ ਕਾਲਜ ਦੀ ਕੰਟੀਨ ਵਿਚ ਲੈ ਗਿਆ ਤੇ ਬੋਲਿਆ, 'ਬਹਿ ਜਾ ਕੁਰਸੀ ਤੇ।'

ਉਹ ਅੰਦਰੋਂ ਦੋ ਪਲੇਟਾਂ ਸਮੋਸਿਆਂ ਦੀਆਂ ਲੈ ਆਇਆ ਤੇ ਟੇਬਲ ਤੇ ਰੱਖ ਕੁਰਸੀ ਤੇ ਬਹਿੰਦਾ ਬੋਲਿਆ, 'ਖਾ ਲੈ।'

'ਮੈਨੂੰ ਨੀ ਭੁੱਖ।' ਦੇਵ ਦੇ ਹੰਝੂ ਫਿਰ ਨਿਕਲ਼ ਆਏ।

ਘਨ੍ਹੱਈਏ ਨੇ ਉਸ ਦੇ ਮੋਢੇ ਉੱਤੇ ਹੱਥ ਰੱਖ ਦਿੱਤਾ ਤੇ ਬੋਲਿਆ, 'ਕਿੰਨੀਆਂ ਆਸਾਂ ਸੀ ਤੈਥੋਂ..... ।'

ਘਨ੍ਹੱਈਏ ਨੂੰ ਪੱਗ ਦੇ ਲੜ ਨਾਲ਼ ਆਪਣੀਆਂ ਅੱਖਾਂ ਪੂੰਝਦੇ ਦੇਖ ਦੇਵ ਨੇ ਪਲੇਟ ਆਪਣੇ ਵੱਲ ਨੂੰ ਖਿੱਚ ਲਈ ਤੇ ਸਮੋਸੇ ਖਾਣ ਲੱਗਾ। ਸਰਵਰਪੁਰ ਜਾਂਦਿਆਂ ਉਹ ਨਾਈ ਦੇ ਖੋਖੇ ਕੋਲ਼ ਰੁਕ ਗਿਆ ਤੇ ਬੋਲਿਆ, 'ਦੇਵ ਸਿਆਂ ਮੱਲਾ... ਤੂੰ ਆਪਣੀ ਪਗੜੀ ਬੰਨ੍ਹ ਇਕ ਵਾਰੀ ਢਾਹ ਕੇ। ਸੁਣ ਨਾਲ਼ੇ.... ਆਪਣੀ ਬੇਬੇ ਕੋਲ਼ ਕੋਈ ਗੱਲ ਨਾ ਕਰੀਂ। ਐਵੇਂ ਫਿਕਰ ਕਰੂ ਉਹ। ਤੀਵੀਆਂ ਦਾ ਦਿਲ ਛੋਟਾ ਹੁੰਦਾ ਏ। ਜੋ ਹੋਇਆ ਸੋ ਹੋਇਆ। ਅੱਗੇ ਤੋਂ ਸਿੱਖ ਸਿਆਣਾ ਬਣ ਜਾ।'

ਸਾਇਕਲ ਖੜ੍ਹਾ ਕੇ ਉਹ ਖੋਖੇ ਤੋਂ ਬਾਹਰ ਬੈਠ ਸਿਗਰਟ ਪੀਣ ਲੱਗ ਪਿਆ ਤੇ ਦੇ ਵ ਨੇ ਸਿਰ ਤੋਂ ਪਗੜੀ ਲਾਹੀ, ਪਾਣੀ ਦੇ ਛਿੱਟੇ ਮਾਰ ਕੇ ਇਕ ਸਿਰਾ ਨਾਈ ਨੂੰ ਫੜਾ ਕੇ ਪੂਣੀ ਕੀਤੀ। ਪੱਗ ਬੰਨ੍ਹਦਿਆਂ ਉਸ ਨੇ ਸ਼ੀਸ਼ੇ ਥਾਣੀ ਆਪਣੇ ਮਾਮੇ ਘਨ੍ਹੱਈਏ ਵੱਲ ਦੇਖਿਆ, ਉਹ ਮੁਸਕਰਾ ਰਿਹਾ ਸੀ। ਉਹ ਵੀ ਮੁਸਕਰਾਉਣ ਲੱਗ ਪਿਆ।

ਇਹ ਸਬੱਬ ਹੀ ਸੀ ਕਿ ਘਨ੍ਹੱਈਆ ਉਸ ਮੌਕੇ ਕਾਲਜ ਆਇਆ ਸੀ, ਜਦੋਂ ਕਾਲਜ ਵਿਚ ਅੱਗੇ ਚਾਰ ਛੁੱਟੀਆਂ ਸਨ। ਉਸ ਮਗਰੋਂ ਨੌਮਾਹੀ ਪੇਪਰ ਸਨ। ਜੇ ਉਹ ਨਾ ਆਉਂਦਾ ਤਾਂ ਨਾ ਉਸ ਨੂੰ ਕਿਸੇ ਨੇ ਮੁੜ ਦਾਖ਼ਲ ਕਰਨਾ ਸੀ ਤੇ ਨਾ ਉਸ ਨੇ ਪੇਪਰ ਦੇ ਸਕਣੇ ਸਨ। ਉਹ ਪੇਪਰ ਨਾ ਦਿੰਦਾ ਤਾਂ ਸਲਾਨਾ ਵੀ ਗਏ ਸਨ। ਸਭ ਠੀਕ ਹੋ ਗਿਆ। ਦੇਵ ਅੰਦਰੋ-ਅੰਦਰੀ ਖੁਸ਼ ਹੋਇਆ।

ਸਰਵਰਪੁਰ ਤੋਂ ਉਹ ਸਾਇਕਲਾਂ ਉੱਤੇ ਸਲਾਹਪੁਰ ਲਈ ਚੱਲ ਪਏ। ਭਾਗਵੰਤੀ ਘਨ੍ਹੱਈਏ ਦੇ ਮਗਰ ਬੈਠ ਗਈ। ਉਹ ਸ਼ਾਮ ਨੂੰ ਪਿੰਡ ਪਹੁੰਚੇ ਤਾਂ ਉਸਦੀ ਖੁਸ਼ੀ ਦੀ ਹੱਦ ਨਾ ਰਹੀ ਕਿ ਉਸ ਦਾ ਦੋਸਤ ਬਸ਼ੀਰ ਫੌਜ' ਚੋਂ ਛੁੱਟੀ ਆਇਆ ਹੋਇਆ ਸੀ। ਗਲ਼ੀ ਵਿਚ ਉਹ ਕਈ ਮਿੰਟ ਇਕ ਦੂਜੇ ਨੂੰ ਗਲਵੱਕੜੀ' ਚ ਘੁੱਟੀ ਖੜ੍ਹੇ ਰਹੇ।

**00**

# ਸਤਵੰਜਾ

ਦੇਵ ਤੇ ਉਹਦੀ ਬੇਬੇ ਜਿਸ ਦਿਨ ਸਲਾਹਪੁਰ ਆਏ, ਉਸ ਤੋਂ ਅਗਲੇ ਦਿਨ ਨੌਮੀਂ ਸੀ। ਨੌਮੀਂ ਨੂੰ ਸਾਰੇ ਤਿਓਹਾਰਾਂ ਦਾ ਆਰੰਭ ਸਮਝਿਆ ਜਾਂਦਾ ਸੀ। ਚਮਕੌਰ ਕਸਬੇ ਦੇ ਦੱਖਣ ਵੱਲ ਦਰੱਖਤਾਂ ਦੇ ਇਕ ਝੁੰਡ ਵਿਚ ਚਿੱਟੇ ਰੰਗ ਦੀ ਗੁੱਗਾ ਮਾੜੀ ਤੇ ਭਾਦੋਂ ਮਹੀਨੇ ਦੀ ਨੌਮੀਂ ਨੂੰ ਇਸੇ ਥਾਂ ਮੇਲਾ ਭਰਿਆ ਕਰਦਾ ਸੀ। ਇਸ ਮੇਲੇ ਤੋਂ ਹਫ਼ਤਾ ਕੁ ਪਹਿਲਾਂ ਹੀ ਗੁੱਗਾ ਪੀਰ ਦੀ ਪੂਜਾ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਪੰਜ-ਸੱਤ ਬੰਦਿਆਂ ਦੀ ਟੋਲੀ, ਮੋਰ ਦੇ ਫੰਗਾਂ, ਖੰਮਣੀਆਂ, ਲੀਰਾਂ ਦੀਆਂ ਖਿੱਦੋਆਂ ਤੇ ਰੱਖੜੀਆਂ ਨਾਲ਼ ਸਜਾਈ ਬਾਂਸ ਦੀ ਛੜੀ

ਚੁੱਕੀ ਢੋਲ, ਚਿਮਟੇ, ਡਮਰੂ ਸਾਰੰਗੀ ਬਗੈਰਾ ਦੇ ਸੰਗੀਤ ਨਾਲ਼ ਗੁੱਗੇ ਪੀਰ ਦੀਆਂ ਭੇਟਾਂ ਗਾਉਂਦੀ ਪਿੰਡਾਂ ਦੀਆਂ ਗਲ਼ੀਆਂ ਵਿਚ ਘੁੰਮਦੀ। ਉਨ੍ਹਾਂ ਵਿਚ ਇਕ ਦੋ ਬੰਦਿਆਂ ਨੇ ਲੋਹੇ ਦੀ ਮੁੱਠ ਵਿਚ ਜੜੀਆਂ ਸੰਗਲੀਆਂ ਵੀ ਚੁੱਕੀਆਂ ਹੁੰਦੀਆਂ, ਜਿਨ੍ਹਾਂ ਨੂੰ ਭਗਤ ਆਪਣੀਆਂ ਪਿੱਠਾਂ ਤੇ ਮਾਰ ਮਾਰ ਲਹੂ ਚਲਾ ਲੈਂਦੇ। ਆਪਣੀ ਦੇਹ ਨੂੰ ਤਕਲੀਫ਼ ਦੇਣ ਦਾ ਮਤਲਬ ਹੁੰਦਾ ਗੁੱਗੇ ਪੀਰ ਨੂੰ ਖੁਸ਼ ਕਰਨਾ ਤੇ ਲੋਕਾਂ ਨੂੰ ਵੱਧ ਦਾਨ ਦੇਣ ਲਈ ਪ੍ਰੇਰਤ ਕਰਨਾ। ਲੋਕ ਦਾਨ ਵਜੋਂ ਉਨ੍ਹਾਂ ਦੀਆਂ ਬੋਰੀਆਂ ਵਿਚ ਧਾਨ, ਗੁੜ ਬਗੈਰਾ ਪਾਉਂਦੇ। ਮੇਲੇ ਵਾਲ਼ੇ ਦਿਨ ਆਲ਼ੇ-ਦੁਆਲ਼ੇ ਦੇ ਤੀਹ-ਪੈਂਤੀ ਪਿੰਡਾ ਦੇ ਲੋਕ ਬੜੀ ਸ਼ਰਧਾ ਨਾਲ਼ ਗੁੱਗਾ ਮਾੜੀ ਤੇ ਮੱਥਾ ਟੇਕਣ ਆਉਂਦੇ । ਮਾੜੀ ਉੱਤੇ ਸੇਵੀਆਂ ਦਾ ਪ੍ਰਸ਼ਾਦ ਚੜ੍ਹਾਉਂਦੇ। ਪੈਸੇ ਵੀ ਚੜ੍ਹਾਉਂਦੇ ਤੇ ਚਾਂਦੀ ਦੇ ਬਣੇ ਨਾਗ ਦੇਵਤੇ ਵੀ। ਪੁਰਾਣੀਆਂ ਸੁੱਖਾਂ ਲਾਹ ਕੇ ਨਵੀਆਂ ਸੁੱਖ ਲੈਂਦੇ। ਧਰਤੀ' ਚੋਂ ਮਿੱਟੀ ਕੱਢ ਕੱਢ ਆਪਣੇ ਜੁਆਕਾਂ ਦੇ ਮੱਥਿਆਂ ਤੇ ਟਿੱਕੇ ਲਾਉਂਦੇ। ਮਾੜੀ ਦੇ ਬਾਹਰ ਪਤੌੜ੍ਹਾਂ, ਜਲੇਬੀਆਂ, ਕੁਲਫ਼ੀਆਂ, ਖਾਣ-ਪੀਣ ਦੇ ਹਰ ਕਿਸਮ ਦੇ ਸਮਾਨ ਅਤੇ ਮਨਿਆਰੀ ਦੀਆਂ ਆਰਜ਼ੀ ਦੁਕਾਨਾਂ ਲਗਦੀਆਂ। ਮੁੰਡੇ ਚੰਡੋਲ ਝੂਟਦੇ, ਜਾਦੂ ਦੇ ਖੇਲ ਅਤੇ ਸਰਕਸ ਦੇਖਦੇ। ਪਿੰਡਾਂ ਦੇ ਮੁੰਡੇ ਆਪਣੇ ਝੋਲ਼ਿਆਂ ਵਿਚ ਅਖ਼ਰੋਟ ਲੈ ਜਾਂਦੇ ਤੇ ਖੇਡ ਖੇਡ ਕੇ ਚੰਗੀ ਕਮਾਈ ਕਰਦੇ। ਇਸ ਮੌਕੇ ਛਿੰਝ ਵੀ ਭਰਦੀ ਤੇ ਦੂਰ ਦੂਰ ਦੇ ਇਲਾਕਿਆਂ ਤੋਂ ਮੱਲ ਆਪਣੇ ਜੌਹਰ ਦਿਖਾਉਣ ਲਈ ਆਉਂਦੇ।

ਜੇ ਉਸ ਦਿਨ ਘਨ੍ਹੱਈਆ ਕਾਲਜ ਨਾ ਜਾਂਦਾ ਤੇ ਦੇਵ ਦੀਆਂ ਛੁੱਟੀਆਂ ਨਾ ਹੁੰਦੀਆਂ ਤਾਂ ਭਾਗਵੰਤੀ ਨੇ ਤਾਂ ਆਪਣੀ ਗੁੱਗੇ ਮਾੜੀ ਤੇ ਸੁੱਖੀ ਸੁੱਖ ਬਾਰੇ ਭੁਲ ਹੀ ਜਾਣਾ ਸੀ। ਉਸ ਨੇ ਸੁੱਖਿਆ ਸੀ ਕਿ ਰਾਮ ਸਿੰਘ ਦੇ ਘਰ ਮੁੰਡੇ ਦੀ ਦਾਤ ਮਿਲ ਜਾਵੇ ਤੇ ਦੇਵ ਨੂੰ ਆਗਰੇ ਦਾਖ਼ਲਾ ਮਿਲ ਜਾਵੇ। ਰਾਮ ਸਿੰਘ ਦੇ ਘਰ ਫਿਰ ਕੁੜੀ ਹੋ ਗਈ ਸੀ ਤੇ ਦੇਵ ਆਗਰੇ ਦੀ ਥਾਂ ਰੋਪੜ ਪੜ੍ਹਨ ਲੱਗ ਪਿਆ ਸੀ। ਦੋਨੋਂ ਸੁੱਖਾਂ ਪੂਰੀਆਂ ਤਾਂ ਨਹੀਂ ਸਨ ਹੋਈਆਂ। ਫਿਰ ਵੀ ਸੁੱਖ ਤਾਂ ਲਾਹੁਣੀ ਹੀ ਸੀ ਤੇ ਗੁੱਗੇ ਨੇ ਆਪ ਉਸ ਨੂੰ ਸੱਦ ਲਿਆ ਸੀ। ਅਜਿਹਾ ਭਾਗਵੰਤੀ ਦਾ ਵਿਸ਼ਵਾਸ਼ ਸੀ। ਉਸ ਨੇ ਦੇਵ ਨੂੰ ਸਾਇਕਲ ਉੱਤੇ ਲੈ ਕੇ ਜਾਣ ਲਈ ਕਿਹਾ ਤਾਂ ਉਸ ਨੇ ਬਸ਼ੀਰ ਨੂੰ ਵੀ ਤਿਆਰ ਕਰ ਲਿਆ। ਭਾਗਵੰਤੀ ਨੇ ਰਿੰਨ੍ਹੀਆਂ ਹੋਈਆਂ ਸੇਵੀਆਂ ਤੇ ਸੁੱਕਾ ਸੀਧਾ ਨਾਲ਼ ਲੈ ਲਿਆ। ਉਹ ਚਮਕੌਰ ਮਾੜੀ ਕੋਲ਼ ਚਲੇ ਗਏ। ਦੇਵ ਬੋਲਿਆ, 'ਲੈ ਬੇਬੇ ਤੂੰ ਆਪਣਾ ਮੱਥਾ ਟੇਕ ਆ, ਮਗਰੋਂ ਦਾੜ੍ਹੀ ਵਾਲ਼ੇ ਬਰੋਟੇ ਕੋਲ਼ ਆ ਜਾਈਂ। ਅਸੀਂ ਛਿੰਝ ਦੇਖ ਆਈਏ।'

'ਵੇ ਦੇਵ, ਚੱਲ ਟੇਕ ਮੱਥਾ ਗੁੱਗੇ ਦਾ ਤੂੰ ਵੀ।' ਹੁਕਮ ਦੇਈ ਬੋਲੀ।

'ਮੈਂ ਨਹੀਂ ਕਿਸੇ ਗੁੱਗੇ-ਗੱਗੇ ਨੂੰ ਮੰਨਦਾ, ਚੱਲੇ ਅਸੀਂ।' ਉਹ ਬੋਲਿਆ ਤੇ ਪਰ੍ਹੇ ਨੂੰ ਤੁਰ ਪਿਆ।

ਦੋ ਕੁ ਖੇਤ ਪਰ੍ਹੇ ਛਿੰਝ ਭਰੀ ਹੋਈ ਸੀ। ਲੋਕ ਵੱਡੇ ਸਾਰੇ ਗੋਲ਼ ਦਾਇਰੇ ਵਿਚ ਖੜ੍ਹੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੇਖ ਰਹੇ ਸਨ। ਦੋਨਾਂ ਨੇ ਖੜ੍ਹੇ ਲੋਕਾਂ ਦੇ ਮਗਰ ਸਾਇਕਲ ਸਟੈਂਡਾਂ ਤੇ ਲਾਏ ਤੇ ਕੈਰੀਅਰਾਂ ਤੇ ਖੜ੍ਹ ਕੇ ਕੁਸ਼ਤੀਆਂ ਦਾ ਮਜ਼ਾ ਲੈਣ ਲੱਗੇ। ਮਨੀ ਬਾਜ਼ੀਗਰ ਤੇ ਉਹਦਾ ਮੁੰਡਾ ਅਖਾੜੇ ਵਿਚ ਢੋਲ ਵਜਾਉਂਦੇ ਘੁੰਮ ਰਹੇ ਸਨ। ਕਈ ਪਹਿਲਵਾਨਾਂ ਦੇ ਜੁੱਟ

ਫਸੇ ਹੋਏ ਸਨ। ਜਿਹੜਾ ਪਹਿਲਵਾਨ ਕੁਸ਼ਤੀ ਜਿੱਤ ਲੈਂਦਾ ਉਹ ਲੋਕਾਂ ਵੱਲ ਨੂੰ ਅੱਖਾਂ ਗੱਡ ਕੇ ਅਖਾੜੇ ਦਾ ਚੱਕਰ ਲਾਉਂਦਾ। ਲੋਕ ਇਕ ਰੁਪਿਆ, ਦੋ ਰੁਪਏ ਦੇ ਨੋਟ ਕੱਢ ਕੇ ਬਾਂਹ ਉੱਤੇ ਚੁੱਕਦੇ ਤਾਂ ਪਹਿਲਵਾਨ ਉੱਲਰ ਕੇ ਰੁਪਏ ਫੜ ਆਪਦੇ ਮੱਥੇ ਨਾਲ਼ ਛੁਹਾਉਂਦਾ। ਹੌਂਸਲਾ ਅਫਜ਼ਾਈ ਕਰਨ ਵਾਲ਼ੇ ਪਹਿਲਵਾਨ ਤੋਂ ਉਸ ਦਾ ਪਿੰਡ ਪੁੱਛਦੇ। ਦੇਵ ਹੋਣਾਂ ਦੇ ਬਿਲਕੁਲ ਲਾਗੇ ਇਕ ਪਤਲਾ ਜਿਹਾ ਸਿੱਖ ਮੁੰਡਾ, ਜਿਸ ਨੇ ਆਪਣੇ ਸਿਰ ਉੱਤੇ ਜੂੜੇ ਨਾਲ਼ ਛੇ ਕੁ ਇੰਚੀ ਕਿਰਪਾਨ ਵਾਲਾ ਗਾਤਰਾ ਬੰਨ੍ਹਿਆ ਹੋਇਆ ਸੀ, ਇਕ ਭਾਰੇ ਮੋਟੇ ਪਹਿਲਵਾਨ ਨਾਲ਼ ਕੁਸ਼ਤੀ ਲੜ ਰਿਹਾ ਸੀ। ਸਿੱਖ ਮੁੰਡਾ ਐਨਾ ਫ਼ਰਤੀਲ਼ਾ ਸੀ ਕਿ ਉਹ ਬਾਰ ਬਾਰ ਮੋਟੇ ਪਹਿਲਵਾਨ ਤੇ ਦਾਅ ਮਾਰ ਰਿਹਾ ਸੀ। ਬਹੁਤੇ ਲੋਕਾਂ ਦਾ ਧਿਆਨ ਇਸੇ ਜੁੱਟ ਵੱਲ ਸੀ। ਕਈ ਜਣੇ ਇਸ ਜੁੱਟ ਤੇ ਸ਼ੰਕਾ ਵੀ ਜਾਹਰ ਕਰ ਰਹੇ ਸਨ ਕਿ ਉਹ ਕੁਸ਼ਤੀ ਦਿਖਾਵੇ ਦੀ ਹੀ ਸੀ, ਦੋਨੋਂ ਮਿਲੇ ਹੋਣਗੇ। ਅਚਾਨਕ ਹੀ ਸਿੱਖ ਮੁੰਡੇ ਨੇ ਮੋਟੇ ਪਹਿਲਵਾਨ ਦੀਆਂ ਲੱਤਾਂ ਵਿੱਚੋਂ ਉਸ ਦਾ ਗੁੱਟ ਫੜ ਕੇ ਖਿੱਚ ਲਿਆ ਤੇ ਪਿੱਠ ਤੇ ਗੋਡਾ ਮਾਰ ਉਸ ਦੀ ਪਿੱਠ ਲਾ ਦਿੱਤੀ। ਲੋਕਾਂ ਨੇ ਹੋ-ਹੋ ਕਰ ਕੇ ਤਾੜੀਆਂ ਮਾਰੀਆਂ। ਸਿੱਖ ਮੁੰਡਾ ਹੱਥ ਜੋੜਦਾ ਅਖਾੜੇ ਦਾ ਗੇੜਾ ਕੱਢਦਾ ਪ੍ਰਸੰਸ਼ਕਾਂ ਤੋਂ ਨੋਟ ਫੜਨ ਲੱਗਾ। ਉਹ ਦੇਵ ਹੋਣਾ ਕੋਲੋਂ ਲੰਘਣ ਲੱਗਾ ਤਾਂ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ, ਉਹ ਤਾਂ ਉਨ੍ਹਾਂ ਦਾ ਕਲਾਸ ਫੈਲੋ ਮਿੰਦਰ ਗਿਆਨੀ ਸੀ, ਜਿਹੜਾ ਸਕੂਲ ਵਿਚ ਪਰੇਅਰ ਸਮੇਂ ਗ੍ਰੰਥ ਸਾਹਿਬ ਵਿੱਚੋਂ ਵਾਕ ਲਿਆ ਕਰਦਾ ਸੀ ਤੇ ਅਰਦਾਸ ਕਰਿਆ ਕਰਦਾ ਸੀ। ਬਸ਼ੀਰ ਨੇ ਆਪਣੀ ਜੇਬ੍ਹ' ਚੋਂ ਇਕ ਦਾ ਨੋਟ ਕੱਢ ਕੇ ਬਾਂਹ ਉੱਤੇ ਚੁੱਕ ਕੇ ਕਿਹਾ, 'ਉਇ ਮਿੰਦਰ ਤੂੰ ਤਾਂ ਯਾਰ ਕੌਡਾ ਰਾਕਸ਼ ਉਲਟਾ' ਤਾ।' ਮਿੰਦਰ ਨੇ ਰੁਪਈਆ ਫੜ ਕੇ ਆਪਣੇ ਮੱਥੇ ਨੂੰ ਛੁਹਾਇਆ। ਉਹ ਪੂਰੇ ਦੰਦ ਕੱਢ ਕੇ ਹੱਸਿਆ ਵੀ।

ਸਾਇਕਲ ਉੱਤੇ ਖੜ੍ਹਾ ਦੇਵ ਨਿਗਾਹ ਘੁਮਾ ਕੇ ਬਾਰ ਬਾਰ ਬਰੋਟੇ ਵੱਲ ਵੀ ਦੇਖ ਲੈਂਦਾ। ਮੱਥਾ ਟੇਕਣ ਵਾਲ਼ੀਆਂ ਔਰਤਾਂ ਦੀ ਐਨੀ ਭੀੜ ਸੀ ਕਿ ਸੇਵਾਦਾਰਾਂ ਨੇ ਉਨ੍ਹਾਂ ਨੂੰ ਇਕ ਬਾਂਸ ਨਾਲ਼ ਡੱਕਿਆ ਹੋਇਆ ਸੀ ਤੇ ਥੋੜ੍ਹੀਆਂ ਥੋੜ੍ਹੀਆਂ ਔਰਤਾਂ ਨੂੰ ਮੱਥਾ ਟੇਕਣ ਅੰਦਰ ਭੇ ਜ ਰਹੇ ਸਨ। ਜਦੋਂ ਇਕ ਪੂਰ ਲੰਘ ਜਾਂਦਾ ਤਾਂ ਹੀ ਦੂਜੇ ਦੀ ਵਾਰੀ ਆਉਂਦੀ। ਦੋ ਕੁ ਘੰਟੇ ਲੰਘੇ ਤਾਂ ਉਨ੍ਹਾਂ ਨੂੰ ਬਰੋਟੇ ਹੇਠ ਖੜ੍ਹੀ ਦੇਵ ਦੀ ਬੇਬੇ ਦੀ ਚਿੱਟੀ ਚੁੰਨੀ ਦਿਖਾਈ ਦਿੱਤੀ। ਸਾਇਕਲ ਚੁੱਕ ਕੇ ਉਹ ਉਸ ਕੋਲ਼ ਚਲੇ ਗਏ। ਉਹ ਹੈਰਾਨ ਹੋਏ ਕਿ ਉਹ ਤਾਂ ਉੱਥੇ ਖੜ੍ਹੀ ਰੋ ਰਹੀ ਸੀ ਤੇ ਕਿਸੇ ਨੂੰ ਗਾਹਲਾਂ ਕੱਢ ਰਹੀ ਸੀ। ਬਸ਼ੀਰ ਬੋਲਿਆ, 'ਤੈਨੂੰ ਕੀ ਹੋ ਗਿਆ ਬੂਆ? ਤੂੰ ਰੋਂਦੀ ਕਿਉਂ ਏਂ? ਕਿਸ ਨੂੰ ਗਾਹਲਾਂ ਕੱਢ ਰਹੀਂ ਏਂ? ਤੈਨੂੰ ਕਿਸੇ ਨੇ ਕੁਝ ਕਿਹਾ?'

ਪਰ ਉਹ ਰੋਈ ਗਈ ਤੇ ਗਾਹਲਾਂ ਕੱਢਦੀ ਰਹੀ। ਦਰਅਸਲ ਉਹ ਦੇਵ ਦੇ ਪਿਓ ਦੇ ਕਾਤਲ਼ ਫਕੀਰੀਏ ਨੂੰ ਦੇਖ ਆਈ ਸੀ ਤੇ ਉਸ ਦੇ ਸਭ ਜ਼ਖ਼ਮ ਮੁੜ ਹਰੇ ਹੋ ਗਏ ਸਨ। ਉਹ ਮਾੜੀ ਦੀ ਪਿਛਲੀ ਕੰਧ ਕੋਲ਼ ਚਾਂਦੀ ਦੇ ਸੱਪ ਵੇਚ ਰਿਹਾ ਸੀ। ਉਹੀ ਸੀ ਜਿਸ ਨੇ ਦੀਵਾਲ਼ੀ ਵਾਲ਼ੇ ਦਿਨ ਨੰਦ ਲਾਲ ਨੂੰ ਜਹਿਰੀਲੇ ਲੱਡੂ ਖਾਣ ਲਈ ਦਿੱਤੇ ਸਨ। ਦੇਵ ਨੇ ਉਸ ਦਾ ਮੋਢਾ ਹਲੂਣ ਕੇ ਪੁੱਛਿਆ, 'ਤੈਨੂੰ ਫਕੀਰੀਏ ਨੇ ਕੁਝ ਕਿਹਾ?'

'ਕਿਹਾ ਤਾਂ ਨਹੀਂ, ਪਰ ਉਹ ਦਿਨ ਮੁੜ ਮੇਰੀਆਂ ਅੱਖਾਂ ਮੂਹਰੇ ਆ ਗਏ ਪੁੱਤ ਵੇ

।' ਉਹ ਬੋਲੀ।

ਬਸ਼ੀਰ ਨੂੰ ਵੀ ਦੇਵ ਦੇ ਘਰ ਹੋਏ ਉਸ ਹਾਦਸੇ ਬਾਰੇ ਸਭ ਪਤਾ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਫਕੀਰੀਏ ਨਾਂ ਦੇ ਦੇਵ ਦੇ ਚਾਚੇ ਨੇ ਹਸਪਤਾਲ਼' ਚ ਪਈ ਦੇਵ ਦੀ ਬੇਬੇ ਨੂੰ ਇਹ ਧਮਕੀ ਵੀ ਦਿਤੀ ਸੀ ਕਿ ਜੇ ਉਸ ਨੇ ਇਸ ਗੱਲ ਵਿਚ ਉਸ ਦਾ ਨਾਂ ਲਿਆ ਤਾਂ ਉਸ ਦੇ ਸਾਰੇ ਮੁੰਡਿਆਂ ਨੂੰ ਮੌਤ ਦੀ ਨੀਂਦ ਸੁਲਾ ਦੇਵੇਗਾ। ਇਸ ਬੰਦੇ ਨੇ ਹੀ ਦੇਵ ਦੇ ਘਰ ਦਾ ਖਾਨਾ ਖ਼ਰਾਬ ਕੀਤਾ ਸੀ। ਬਸ਼ੀਰ ਨੇ ਇਹ ਗੱਲ ਦੇਵ ਨੂੰ ਪਤਾ ਨਹੀਂ ਕਿੰਨੀ ਵਾਰੀ ਕਹੀ ਹੋਵੇਗੀ ਕਿ ਉਨ੍ਹਾਂ ਨੇ ਉਸ ਪਾਪੀ ਬੰਦੇ ਤੋਂ ਬਦਲਾ ਕਿਉਂ ਨਹੀਂ ਸੀ ਲਿਆ।

ਬਸ਼ੀਰ ਬੋਲਿਆ, 'ਬੂਆ, ਤੂੰ ਮੈਨੂੰ ਦਿਖਾ ਤਾਂ ਸਹੀ, ਇਹ ਕਿਹੜਾ ਏ ਫਕੀਰੀਆ। ਹੁਣੇ ਸਾਲ਼ੇ ਦਾ ਅਰਦਾਸਾ ਸੋਧ ਦਿੰਦੇ ਹਾਂ।'

'ਨਾ ਵੇ ਪੁੱਤ, ਇਹ ਗੱਲ ਨਾ ਬੋਲ ਮੂੰਹੋਂ, ਬੱਸ ਹੁਣ ਮਿੱਟੀ ਪਾ ਦੇ। ਦੁਸ਼ਮਣੀਆਂ ਤਾਂ ਫੇਰ ਅੱਗੇ ਅੱਗੇ ਵਧਦੀਆਂ ਚਲੀਆਂ ਜਾਇਆ ਕਰਦੀਆਂ ਨੇ।'

ਬਸ਼ੀਰ ਨੇ ਅੱਖਾਂ ਭਰ ਲਈਆਂ, 'ਐਸੇ ਬੰਦੇ ਨੂੰ ਬੂਆ ਧਰਤੀ ਤੇ ਰਹਿਣ ਦਾ ਹੱਕ ਨਹੀਂ ਹੋਣਾ ਚਾਹੀਦਾ।'

'ਨਾ ਵੇ ਪੁੱਤ। ਇਹ ਗੱਲ ਨਾ ਬੋਲ। ਮੈਂ ਤਾਂ ਪਹਿਲਾਂ ਹੀ ਬਥੇਰੀ ਦੁੱਖਾਂ ਦੀ ਭੰਨੀ ਹੋਈ ਹਾਂ।'

'ਚੱਲ ਦੇਵ ਤੂੰ ਹੀ ਦਿਖਾ ਦੇ ਕਿਹੜਾ ਏ ਉਹ?' ਬਸ਼ੀਰ ਨੇ ਕਿਹਾ।

'ਨਹੀਂ ਜਾਣਾ ਹੁਣ ਤੁਸੀਂ। ਤੁਸੀਂ ਕੁਝ ਨਹੀਂ ਕਹਿਣਾ। ਰੱਬ ਦੇਖਦਾ ਏ ਸਭ ਕੁਝ।'

'ਕਾਹਨੂੰ ਦੇਖਦਾ ਏ ਰੱਬ ਬੂਆ। ਐਥੇ ਤਾਂ ਬੰਦੇ ਨੂੰ ਹੀ ਦੇਖਣਾ ਪੈਂਦਾ ਏ। ਕਹਿਣਾ ਕੀ ਏ ਅਸੀਂ ਉਹਨੂੰ। ਬੱਸ ਸ਼ਕਲ ਦੇਖ ਕੇ ਆਏ ਅਸੀਂ।'

ਜਾਣ ਲੱਗੇ ਤਾਂ ਭਾਗਵੰਤੀ ਮੁੜ ਉਨ੍ਹਾਂ ਦੇ ਮੂਹਰੇ ਹੋ ਗਈ। ਉਹ ਬਾਹਾਂ ਨਾਲ਼ ਘੇਰਦੀ ਬੋਲੀ, 'ਨਹੀਂ ਜਾਣਾ ਮੈਂ ਕਿਹਾ। ਹੋਰ ਨਾ ਕੋਈ ਜਾਹ-ਜਾਂਦੀ ਕਰ ਲਿਓ ਚੰਦਰਿਓ। ਥੋਨੂੰ ਮੇਰੀ ਸਹੁੰ ਜੇ ਕੁਛ ਕਹੋ ਤਾਂ।'

'ਨਹੀਂ ਕਹਿੰਦੇ ਤੈਨੂੰ ਕਿਹਾ।' ਦੇਵ ਨੇ ਆਪਣੀ ਬੇਬੇ ਨੂੰ ਪਿੱਛੇ ਧੱਕਿਆ ਤੇ ਉਹ ਦੋਨੋਂ ਮਾੜੀ ਪਿੱਛੇ ਚਲੇ ਗਏ। ਫਕੀਰੀਆ ਇਕ ਚਾਦਰ ਵਿਛਾਈ ਉੱਤੇ ਚਾਂਦੀ ਦੇ ਕਈ ਸੱਪ ਰੱਖੀ ਬੈਠਾ ਸੀ। ਦੇਵ ਤਾਂ ਉਸਨੂੰ ਪਹਿਲਾਂ ਬਥੇਰੀ ਵਾਰ ਦੇਖ ਚੁੱਕਾ ਸੀ। ਉਸ ਦੇ ਕੱਪੜਿਆਂ ਉੱਤੇ ਇਕ ਵਾਰੀ ਸਿਆਹੀ ਦੀ ਦਵਾਤ ਡੋਲ੍ਹ ਕੇ ਦੌੜ ਵੀ ਗਿਆ ਸੀ। ਫਕੀਰੀਏ ਨੂੰ ਦੇਖ ਉਸ ਦੀਆਂ ਅੱਖਾਂ ਘੁੱਟੀਆਂ ਗਈਆਂ। ਫਕੀਰੀਏ ਨੇ ਪੈਰਾਂ ਵਿਚ ਧੌੜੀ ਦੀ ਜੁੱਤੀ ਪਾਈ ਹੋਈ ਸੀ। ਚਿੱਟੇ ਲੱਠੇ ਦਾ ਲੰਬਾ ਕਮੀਜ਼ ਪਾ ਕੇ ਲੱਕ ਨੂੰ ਮਲਮਲ ਦੀ ਧੋਤੀ ਬੰਨ੍ਹੀ ਹੋਈ ਸੀ। ਉਸ ਦੇ ਵਾਲਾਂ ਵਾਲ਼ੇ ਕੰਨਾਂ ਵਿਚ ਸੋਨੇ ਦੀਆਂ ਨੱਤੀਆਂ ਚਮਕ ਰਹੀਆਂ ਸਨ। ਖਿਚੜੀ ਹੋਈ ਦਾੜ੍ਹੀ ਉਂਗਲ਼ ਉਂਗਲ਼ ਵਧੀ ਹੋਈ ਸੀ ਤੇ ਸਿਰ ਦੇ ਵਾਲ ਸਣ ਦੀਆਂ ਢਾਈਆਂ ਵਰਗੇ ਲੱਗ ਰਹੇ ਸਨ। ਦੇਵ ਨੇ ਉਸ ਵੱਲ ਘੂਰਦਿਆਂ ਆਪਣੇ ਆਪ ਨੂੰ ਮਨ ਹੀ ਮਨ ਲਾਅਣਤ ਪਾਈ ਕਿ ਉਹ ਚਾਰੇ ਭਰਾ ਆਪਣੇ ਪਿਉ ਦੇ ਇਸ ਕਾਤਲ ਨੂੰ ਬਿਲਕੁਲ ਵਿਸਾਰੀ ਬੈਠੇ ਸਨ। ਉਹ ਦੋਨੋਂ ਉਸ ਦੀ ਚਾਦਰ ਮੂਹਰੇ ਜਾ ਖੜ੍ਹੇ। ਉਹ ਬੋਲਿਆ, 'ਆ ਜੋ ਬਈ ਆ ਜੋ... ਲੈ ਜੋ ਨਾਗ

ਦੇਵਤਾ... ਮਨ ਦੀਆਂ ਮੁਰਾਦਾਂ ਕਰ ਲਓ ਪੂਰੀਆਂ।'

'ਮਨ ਦੀਆਂ ਮੁਰਾਦਾਂ ਪੂਰੀਆਂ ਕਰਦੇ ਵੀ ਨੇ ਤੇਰੇ ਸੱਪ ਲਾਲਾ?' ਦੇਵ ਬੋਲਿਆ।

'ਸੱਪ ਨਾ ਕਹਿ... ਸੱਪ ਨਾ ਕਹਿ...... ਨਾਗ ਦੇਵਤਾ ਕਹਿ ਕਾਕਾ... ਚੜ੍ਹਾਵੇਂਗਾ ਗੁੱਗੇ ਪੀਰ ਦੀ ਦਰਗਾਹ ਤੇ.... ਕਿਉਂ ਨੀ ਹੋਣਗੀਆਂ ਮੁਰਾਦਾਂ ਪੂਰੀਆਂ?' ਉਹ ਹੱਸਿਆ।

'ਕਿੰਨੇ ਕਿੰਨੇ ਦਾ ਲਾਇਆ ਏ?' ਬਸ਼ੀਰ ਨੇ ਪੁੱਛਿਆ।

'ਆਹ ਪੰਜ ਦਾ... ਆਹ ਸੱਤ ਦਾ... ਆਹ ਨੌਂ ਦਾ।' ਉਹ ਉਂਗਲਾਂ ਲਾ ਲਾ ਦੱਸਣ ਲੱਗਾ।

'ਇਹਨਾਂ' ਚ ਕੀ ਫਰਕ ਆ?'

'ਫਰਕ ਹੈ.... ਫਰਕ ਹੈ ਕਿਉਂ ਨੀ? ਮਨ ਦੀ ਮੁਰਾਦ ਵੱਡੀ ਤਾਂ ਵੱਡਾ... ਛੋਟੀ ਤਾਂ ਛੋਟਾ।'

'ਇਕ ਬੰਦੇ ਦਾ ਕੰਡਾ ਕੱਢਣਾ ਏਂ, ਕਿਹੜਾ ਲਈਏ?' ਬੀਰੂ ਨੇ ਉਸ ਦੇ ਕੰਨ ਲਾਗੇ ਨੂੰ ਮੂੰਹ ਕਰ ਕੇ ਕਿਹਾ।

'ਰਾਮ-ਰਾਮ... ਰਾਮ-ਰਾਮ... ਕੰਡਾ ਕਿੱਥੋਂ ਵੱਜ ਗਿਆ?' ਉਹ ਕੰਨਾਂ ਨੂੰ ਹੱਥ ਲਾਉਂਦਾ ਬੋਲਿਆ।

ਬਸ਼ੀਰ ਨੇ ਪਹਿਲਾਂ ਇਕ ਸੱਪ ਚੁੱਕ ਕੇ ਆਪਣੇ ਹੱਥ' ਚ ਘੁਮਾਇਆ, ਫਿਰ ਚਾਦਰ ਤੇ ਸੁੱਟਦਾ ਬੋਲਿਆ, 'ਬੜਾ ਠੱਗ ਏਂ ਤੂੰ ਤਾਂ ਉਇ। ਗਿਲਟ ਦੇ ਸੱਪਾਂ ਨੂੰ ਸਾਲ਼ਾ ਚਾਂਦੀ ਦੇ ਕਹਿ ਕਹਿ ਵੇਚੀ ਜਾਂਦਾ ਏ।'

'ਬਹੁਤੀ ਜ਼ੁਬਾਨ ਚਲਾਉਣ ਦੀ ਲੋੜ ਨੀ ਕਾਕਾ। ਲੈਣੇ ਨੇ ਲਓ, ਨਹੀਂ ਤੁਰਦੇ ਹੋਵੇ । ਭੀੜ ਨਾ ਕਰੋ, ਵਧੋ ਵਧੋ।' ਉਹ ਹੱਥ ਬੰਨ੍ਹਣ ਲੱਗਾ।

'ਸਾਲ਼ਿਆ ਤੈਨੂੰ ਪੁਲੀਸ ਹਵਾਲੇ ਕਰਦੇ ਹਾਂ। ਦੱਸਦੈਂ ਮੈਂ ਮਾਹਣੇ ਚਾਚੇ ਨੂੰ।' ਬਸ਼ੀਰ ਬੋਲਿਆ।

'ਕਿਹੜਾ ਮਾਹਣਾ? ਤੂੰ ਤੁਰਦਾ ਹੋ... ਚੱਲ ਗਾਹਾਂ... ਬਹੁਤਾ ਬੋਲੇਂਗਾ। ਆਹ ਖੂੰਡੀ ਪਊ ਮੌਰਾਂ ਤੇ।' ਉਹ ਕਾਲ਼ੇ ਰੰਗ ਦੀ ਖੂੰਡੀ ਚੁੱਕ ਕੇ ਬਸ਼ੀਰ ਵੱਲ ਨੂੰ ਘੁਮਾਉਣ ਲੱਗਾ।

'ਸਿਪਾਹੀ ਏ ਤੇਰਾ ਪਿਓ... ਹੁਣੇ ਲਿਆਉਂਦੇ ਹਾਂ ਸੱਦ ਕੇ।' ਦੇਵ ਨੇ ਕਿਹਾ ਤੇ ਬਸ਼ੀਰ ਨੂੰ ਖਿੱਚ ਲਿਆ। ਉਹ ਡਰਦਾ ਸੀ ਕਿ ਗਰਮ ਸੁਭਾਅ ਦਾ ਬਸ਼ੀਰ ਐਵੇਂ ਨਾ ਉਲਝ ਜਾਵੇ ।

'ਲਾਲਾ ਤੇਰੇ' ਚ ਐਨੀ ਹਿੰਮਤ ਨਹੀਂ ਕਿ ਖੂੰਡੀ ਮਾਰ ਸਕੇਂ। ਸਾਲ਼ੇ ਨੂੰ ਤਿੰਨ ਫੁੱਟ ਡੂੰਘਾ ਘਸੋ ਦਊਂ ਧਰਤੀ' ਚ।' ਬਸ਼ੀਰ ਦੇਵ ਤੋਂ ਬਾਂਹ ਛਡਾਉਂਦਾ ਬੋਲਿਆ। ਫਕੀਰੀਆ ਵੀ ਡਰ ਗਿਆ ਤੇ ਹੱਥ ਜੋੜਨ ਲੱਗ ਪਿਆ। ਸੱਪ ਵਾਂਗ ਉਸ ਦੇ ਬੁੱਲ੍ਹਾਂ ਤੇ ਉਸ ਦੀ ਜੀਭ ਦੀ ਨੋਕ ਨੱਚਣ ਲੱਗੀ। ਉਹ ਬੋਲਿਆ, 'ਆਹ ਲਓ। ਤਾੜ੍ਹੇ ਮੂਹਰੇ ਬੰਨ੍ਹੇ ਹੱਥ। ਆਪਾਂ ਕੀ ਲੈਣਾ ਏਂ ਝਗੜਾ ਕਰਕੇ। ਤੂੰ ਕੌਣ ਮੈਂ ਕੌਣ। ਕਿਹੜਾ ਵੱਟ ਸਾਂਝੀ ਆ ਆਪਣੀ। ਤੁਰ ਫਿਰ ਕੇ ਮੇਲਾ ਦੇਖੋ ਭਾਈ ਤੁਰ ਫਿਰ ਕੇ।'

'ਤੈਨੂੰ ਵੀ ਦਿਖਾ ਦਿੰਦੇ ਆਂ ਮੇਲਾ।' ਦੇਵ ਨੇ ਹੱਸ ਕੇ ਕਿਹਾ।

'ਤੇਰਾ ਬੋਲ ਤਾਂ ਕਾਕਾ ਜਾਣੀ ਜਾਣਿਆਂ-ਪਛਾਣਿਆਂ ਲਗਦਾ ਏ। ਕੀਹਦਾ ਮੁੰਡਾ ਏਂ ਤੂੰ ਕਿਹੜਾ ਪਿੰਡ ਏ ਤੇਰਾ? ਤੁਸੀਂ ਤਾਂ ਸਾਊ ਐਵੇਂ ਗਲ਼ ਪੈਣ ਨੂੰ ਫਿਰਦੇ ਹੋ, ਮਹਾਜਨ ਬੰਦੇ ਦੇ। ਜਾਓ ਜਾਓ ਭਾਈ ਜਾਓ ਮਾਫ ਕਰੋ ਮੈਨੂੰ।'

'ਤੈਨੂੰ ਲਾਲਾ ਮਾਫ਼ ਕਿਵੇਂ ਕਰ ਦਈਏ?' ਬਸ਼ੀਰ ਨੇ ਕਚੀਚੀ ਵੱਟ ਕੇ ਕਿਹਾ ਤੇ ਦੇਵ ਦਾ ਹੱਥ ਫੜ ਕੇ ਪਿੱਠ ਘੁਮਾ ਲਈ। ਦੋਨੋਂ ਬਰੋਟੇ ਹੇਠ ਪਰੇਸ਼ਾਨ ਖੜ੍ਹੀ ਭਾਗਵੰਤੀ ਕੋਲ਼ ਪੁੱਜੇ ਤਾਂ ਉਹ ਪੁੱਛਣ ਲੱਗੀ, ' ਚੰਦਰਿਓ, ਤੁਸੀਂ ਕੁਛ ਕਿਹਾ ਤਾਂ ਨੀ ਉਹਨੂੰ?'

'ਨਹੀਂ ਬੂਆ ਅਸੀਂ ਕੀ ਕਹਿਣਾ ਏ।' ਬਸ਼ੀਰ ਬੋਲਿਆ।

**00**

## ਅਠਵੰਜਾ

ਆਪਣੀ ਬੇਬੇ ਨੂੰ ਘਰ ਛੱਡ ਦੇਵ ਬਸ਼ੀਰ ਕੋਲ਼ ਆ ਗਿਆ। ਉਸ ਦੇ ਘਰ ਦੇ ਉੱਪਰ ਕੱਚਾ ਚੁਬਾਰਾ ਸੀ। ਉੱਥੇ ਬੈਠ ਉਹ ਗੱਲਾਂ ਮਾਰਨ ਲੱਗੇ। ਬਸ਼ੀਰ ਬੋਲਿਆ, 'ਦੇਵ ਤੁਸੀਂ ਤਾਂ ਜਮ੍ਹਾਂ ਈ ਕੰਡਮ ਬੰਦੇ ਹੋ ਯਾਰ।'

'ਕਿਉਂ ਕੀ ਹੋਇਆ?'

'ਮੇਰੀ ਗੱਲ ਸੁਣ ਧਿਆਨ ਨਾਲ਼। ਅੱਜ ਮੌਕਾ ਬਹੁਤ ਵਧੀਆ ਏ। ਫਕੀਰੀਆ ਮੇਰੀਆਂ ਅੱਖਾਂ ਮੂਹਰੇ ਘੁੰਮੀ ਜਾਂਦਾ ਏ। ਚੱਲ ਚੱਲੀਏ ਸਾਲ਼ੇ ਨੂੰ ਘੇਰ ਕੇ ਪੁਜਾਈਏ ਜਹੱਨਮ' ਚ।'

'ਨਹੀਂ ਬਸ਼ੀਰ, ਸਬਰ ਕਰ ਯਾਰ। ਉਸ ਨੂੰ ਮਾਰਨਾ ਤਾਂ ਔਖਾ ਨਹੀਂ। ਪਰ ਮਾਰ ਕੇ ਬਚਣਾ ਸੌਖਾ ਨਹੀਂ।'

'ਉਹ ਨੀ ਖੁੱਲ੍ਹਾ ਫਿਰਦਾ ਤੁਹਾਡੇ ਪਿਓ ਨੂੰ ਮਾਰ ਕੇ?'

'ਮਾਘੀ ਉਮਰ ਕੈਦ ਕੱਟ ਰਿਹਾ ਏ, ਕੀ ਖੱਟਿਆ ਉਹਨੇ ਕਤਲ ਕਰ ਕੇ?' ਦੇਵ ਨੇ ਕਿਹਾ।

' ਤੂੰ ਤਾਂ ਯਾਰ ਬੁਜ਼ਦਿਲ ਬੰਦਾ ਏਂ। ਮੈਂ ਉਸ ਬੰਦੇ ਨੂੰ ਮਾਰਨ ਦੇ ਹੱਕ ਵਿਚ ਹਾਂ। ਜੇ ਤੂੰ ਨਹੀਂ ਮੰਨਦਾ ਤਾਂ ਉਸ ਦਾ ਕੁਟਾਪਾ ਤਾਂ ਕਰ ਹੀ ਸਕਦੇ ਹਾਂ ਘੇਰ ਕੇ। ਥੋੜ੍ਹੀ ਕਾਲਜੇ ' ਚ ਠੰਡ ਪਊ।'

'ਅਜਿਹਾ ਕਰਦੇ ਆਂ ਤਾਂ ਉਂਗਲ ਸਿੱਧੀ ਸਾਡੇ ਤੇ ਆਉਣੀ ਏ। ਨਾਲ਼ੇ ਗੁੱਗਾ ਮਾੜੀ ਤੇ ਉਹਨੇ ਆਪਾਂ ਨੂੰ ਦੇਖਿਆ ਏ।'

'ਆਪਾਂ ਹੁਣ ਗੁੱਗਾ ਮਾੜੀ ਵਾਲ਼ੇ ਥੋੜ੍ਹੀ ਹੋਵਾਂਗੇ। ਕੱਪੜੇ ਬਦਲ ਕੇ ਮਢਾਸੇ ਮਾਰ ਕੇ ਜਾਵਾਂਗੇ। ਦੇਵ ਮੇਰੇ ਪਿਓ ਦੇ ਨਾਲ਼ ਇਹ ਕੁਝ ਵਾਪਰਿਆ ਹੁੰਦਾ ਤਾਂ ਹੁਣ ਤੱਕ ਮੈਂ ਕਦੋਂ ਦਾ ਬਦਲਾ ਲੈ ਲਿਆ ਹੁੰਦਾ। ਚੱਲ ਸਾਲੇ ਦੇ ਚਾਰ ਰਖੜੇ ਤਾਂ ਲਾ ਲਈਏ।'

'ਇਸ ਗੱਲ ਦਾ ਘਾਟਾ ਹੀ ਘਾਟਾ ਏ। ਰਖੜੇ ਵੀ ਮਾਰਾਂਗੇ ਤਾਂ ਵੀ ਆਪਾਂ ਪੁਲ਼ਸ ਅੜਿੱਕੇ ਚੜ੍ਹ ਜਾਣਾ ਏਂ।' ਦੇਵ ਬੋਲਿਆ।

'ਯਾਰ ਤੇਰੇ ਪਿਉ ਨੂੰ ਸ਼ਰੇਆਮ ਜ਼ਹਿਰ ਦੇ ਕੇ ਮਾਰਿਆ ਉਨ੍ਹਾਂ ਨੇ। ਉਹ ਕਤਲ ਤਾਂ

ਨਿਕਲ਼ਿਆ ਨੀ ਪੁਲ਼ਸ ਤੋਂ। ਤੂੰ ਐਵੇਂ ਨਾ ਮੋਕ ਮਾਰੀ ਜਾ। ਸਿੱਧਾ ਹੋ ਕੇ ਤੁਰ ਪੈ। ਨਹੀਂ ਤਾਂ ਦਿਨ ਛਿਪਣ ਤੋਂ ਪਹਿਲਾਂ ਪਹਿਲਾਂ ਉਹਨੇ ਲੰਘ ਜਾਣਾ ਏਂ।

ਦੇਵ ਨੂੰ ਬਸ਼ੀਰ ਨਾਲ਼ ਸਹਿਮਤ ਹੋਣਾ ਪਿਆ। ਉਨ੍ਹਾਂ ਨੂੰ ਫਕੀਰੀਏ ਦੀ ਵਾਪਸੀ ਦਾ ਰਾਹ ਪਤਾ ਹੀ ਸੀ। ਉਨ੍ਹਾਂ ਸਲਾਹ ਕੀਤੀ ਕਿ ਫਕੀਰੀਏ ਨੂੰ ਘੇਰ ਕੇ ਹਾਕੀਆਂ ਨਾਲ਼ ਕੁੱਟਿਆ ਜਾਵੇ ਤੇ ਲੁੱਟਿਆ ਜਾਵੇ। ਫਿਰ ਕਿਸੇ ਦੀ ਉਂਗਲ ਉਨ੍ਹਾਂ ਵੱਲ ਨਹੀਂ ਜਾਵੇਗੀ। ਸਾਰੀ ਗੱਲ ਲੁਟੇਰਿਆਂ ਦੇ ਖਾਤੇ ਵਿਚ ਪੈ ਜਾਵੇਗੀ। ਉਨ੍ਹਾਂ ਨੇ ਬਸ਼ੀਰ ਵਾਲ਼ੇ ਸਾਇਕਲ ਵਿਚ ਦੋ ਹਾਕੀਆਂ ਫਸਾ ਲਈਆਂ ਤੇ ਆਪਣੇ ਕੱਪੜੇ ਬਦਲ ਕੇ ਸਕੀਮ ਨੂੰ ਅੰਤਮ ਰੂਪ ਦੇਣ ਲਈ ਨਿਕਲ਼ ਪਏ। ਹੁਣ ਉਨ੍ਹਾਂ ਨੇ ਖ਼ੁੜੇ-ਟੁੱਟੇ ਲੁਟੇਰਿਆਂ ਵਰਗੇ ਕੱਪੜੇ ਪਾਏ ਹੋਏ ਸਨ ਤੇ ਸਿਰਾਂ ਉੱਤੇ ਪਰਨੇ ਲਪੇਟੇ ਹੋਏ ਸਨ। ਰਸਤੇ ਵਿਚ ਉਹ ਇਹੋ ਗੱਲਾਂ ਕਰਦੇ ਰਹੇ ਕਿ ਫਕੀਰੀਏ ਦੇ ਗੁੱਝੀਆਂ ਸੱਟਾਂ ਹੀ ਮਾਰਨੀਆਂ ਹਨ। ਉਸ ਦੇ ਗੋਡੇ ਗਿੱਟੇ ਤੇ ਲੱਕ ਹੀ ਭੰਨਣੇ ਹਨ। ਉਹ ਮਰੇ ਨਾ ਪਰ ਮਹੀਨਾ, ਦੋ ਮਹੀਨੇ ਮੰਜੇ ਉੱਤੇ ਜ਼ਰੂਰ ਪਿਆ ਰਵ੍ਹੇ।

ਸੂਏ ਦੀ ਪਟੜੀ, ਜਿਸ ਉੱਤੋਂ ਉਨ੍ਹਾਂ ਦੇ ਸ਼ਿਕਾਰ ਨੇ ਲੰਘਣਾ ਸੀ, ਦੋਨਾਂ ਪਾਸੇ ਕਾਹੀ ਅਤੇ ਨੜਿਆਂ ਦੇ ਉੱਚੇ ਉੱਚੇ ਝੁੰਡ ਸਨ। ਉਨ੍ਹਾਂ ਦੀ ਓਟ ਵਿਚ ਉਨ੍ਹਾਂ ਨੇ ਆਪਣਾ ਸਾਇਕਲ ਲਿਟਾ ਦਿੱਤਾ। ਬਸ਼ੀਰ ਨੇ ਸਾਇਕਲ ਦੀ ਟੋਕਰੀ ਵਿਚ ਰੱਖੇ ਝੋਲ਼ੇ' ਚੋਂ ਰੰਮ ਦਾ ਅਧੀਆ ਕੱਢ ਲਿਆਂਦਾ। ਉਸ ਵਿਚ ਛੱਪੜੀ ਦਾ ਪਾਣੀ ਪਾ ਕੇ ਪੂਰਾ ਭਰ ਲਿਆ ਤੇ ਦੇਵ ਨੂੰ ਕਹਿਣ ਲੱਗਾ, 'ਪੀ।'

'ਇਹ ਕਿਉਂ ਲੈ ਆਇਆ? ਮੈਂ ਨਹੀਂ ਪੀਣੀ।' ਦੇਵ ਬੋਲਿਆ।

'ਪੀ ਪੀ ਇਹਦੇ ਨਾਲ਼ ਦਲੇਰੀ ਵਧਦੀ ਏ।'

' ਮੈਂ ਪਹਿਲਾਂ ਹੀ ਦਲੇਰੀ' ਚ ਹਾਂ। ਤੂੰ ਪੀ ਲੈ।

'ਸਵਾਹ ਦਲੇਰੀ ਵਿਚ ਏਂ ਤੂੰ? ਚਿਹਰਾ ਤਾਂ ਤੇਰਾ ਪੀਲ਼ਾ ਭੂਕ ਬਣਿਆ ਪਿਆ ਏ ।'

ਜਦੋਂ ਦੇਵ ਪੀਣ ਨੂੰ ਨਾ ਮੰਨਿਆ ਤਾਂ ਬਸ਼ੀਰ ਨੇ ਉੱਤੇ ਨੂੰ ਮੂੰਹ ਚੁੱਕ ਕਾਫ਼ੀ ਸਾਰੀ ਸ਼ਰਾਬ ਆਪਣੇ ਗਲ਼ੇ' ਚ ਉਲੱਦ ਲਈ ਤੇ ਬੋਲਿਆ, 'ਜੈ ਜੈ ਮਾਂ ਕਲਕੱਤੇ ਵਾਲ਼ੀ। ਤੇਰਾ ਵਾਰ ਨਾ ਜਾਏ ਖਾਲੀ।'

ਦੇਵ ਦੇ ਅੰਦਰੋਂ ਕਾਂਬੇ ਦੀ ਝਰਨਾਹਟ ਨਿਕਲ਼ਣੀ ਸ਼ੁਰੂ ਹੋ ਗਈ। ਉਹ ਸੋਚਣ ਲੱਗਾ, ਅੱਜ ਜ਼ਰੂਰ ਕੋਈ ਭਾਣਾ ਵਰਤੇਗਾ। ਸਾਰੇ ਕਾਲਜ ਵਿਚ ਉਸ ਦੀ ਕਿੰਨੀ ਬੇਜ਼ਤੀ ਹੋਈ ਸੀ। ਜੇ ਅੱਜ ਕੁਝ ਹੋਰ ਹੋ ਗਿਆ ਤਾਂ ਉਸ ਬਾਰੇ ਸਭ ਥੂ-ਥੂ ਕਰਨਗੇ ਕਿ ਇਹ ਤਾਂ ਪਹਿਲਾਂ ਹੀ ਵਿਗੜਿਆ ਹੋਇਆ ਮੁੰਡਾ ਸੀ। ਹੋਵੇ ਨਾ ਹੋਵੇ ਬਾਕੀ ਰਹਿੰਦੀ ਜ਼ਿੰਦਗੀ ਜੇਲ੍ਹਾਂ ਵਿਚ ਹੀ ਸੜਨਾ ਪੈ ਜਾਵੇ। ਕੀ ਕਹੇਗੀ ਉਸ ਨੂੰ ਕੁਲਦੀਪ। ਉਹ ਉਸ ਵੱਲ ਥੁੱਕੇਗੀ ਤੇ ਮੂੰਹ ਘੁਮਾ ਕੇ ਲੰਘ ਜਾਵੇਗੀ। ਤਦੇ ਉਹ ਦੂਜਾ ਪਾਸਾ ਵੀ ਸੋਚਣ ਲੱਗਾ ਕਿ ਉਹ ਬਸ਼ੀਰ ਵਰਗਾ ਦਲੇ ਰ ਕਿਉਂ ਨਹੀਂ ਸੀ। ਜਿਸ ਬੰਦੇ ਨੇ ਉਸ ਦੇ ਪਿਓ ਦੀ ਜਾਨ ਲਈ ਸੀ, ਉਹ ਉਸ ਨੂੰ ਬਚਾਉਣ ਲਈ ਬਸ਼ੀਰ ਦੇ ਤਰਲ਼ੇ ਕਿਉਂ ਕਰ ਰਿਹਾ ਸੀ। ਉਹ ਤਾਂ ਬਹੁਤਾ ਚੁੱਪ ਹੀ ਰਿਹਾ ਪਰ ਬਸ਼ੀਰ ਉਸ ਨੂੰ ਉਪਦੇਸ਼ ਜਿਹੇ ਹੀ ਕਰਦਾ ਰਿਹਾ। ਇਸ ਦੌਰਾਨ ਸਾਰੀ ਸ਼ਰਾਬ ਖ਼ਤਮ

ਕਰ ਕੇ ਉਸ ਨੇ ਖਾਲੀ ਅਧੀਆ ਛੱਪੜੀ ਵਿਚ ਵਗਾਹ ਮਾਰਿਆ। ਅਗਲੇ ਪਿੰਡਾਂ ਨੂੰ ਜਾਣ ਵਾਲ਼ੇ ਇੱਕਾ-ਦੁੱਕਾ ਬੰਦੇ ਪਟੜੀ ਤੋਂ ਲੰਘਦੇ ਰਹੇ। ਉਹ ਸਭ ਤਾਂ ਉਨ੍ਹਾਂ ਨੂੰ ਦਿਖਾਈ ਦਿੰਦੇ ਸਨ, ਪਰ ਉਹ ਐਸੀ ਥਾਂ ਉੱਤੇ ਬੈਠੇ ਸਨ ਕਿ ਕਿਸੇ ਨੂੰ ਪਤਾ ਹੀ ਨਹੀਂ ਸੀ ਲੱਗ ਸਕਦਾ। ਅਚਾਨਕ ਬਸ਼ੀਰ ਖੁਸ਼ੀ ਨਾਲ਼ ਭਰ ਗਿਆ ਤੇ ਬੋਲਿਆ, 'ਉਇ ਦੇਵ ਅਹੁ ਦੇਖ ਆ ਗਿਆ ਆਪਣਾ ਸ਼ਿਕਾਰ।'

'ਆਪਾਂ ਇਹਦੀ ਕੁਟਾਈ ਕੁਟਾਈ ਕਰਨੀ ਏਂ। ਆਪਣੇ ਆਪ ਤੇ ਕੰਟਰੋਲ ਰੱਖੀਂ।' ਦੇਵ ਫਿਰ ਬੋਲਿਆ।

ਫਕੀਰੀਆ ਤਿੱਖੀ ਤੋਰ ਪਟੜੀ ਉੱਤੇ ਤੁਰਿਆ ਆ ਰਿਹਾ ਸੀ। ਇਕ ਦੋ ਡਿੰਘਾਂ ਪੁੱਟਦਾ ਤੇ ਆਪਣੀ ਕਾਲੀ ਖੂੰਡੀ ਘੁਮਾਉਂਦਾ। ਉਨ੍ਹਾਂ ਨੇ ਸਿਰਾਂ ਤੋਂ ਪਰਨੇ ਲਾਹ ਕੇ ਆਪਣੇ ਸਿਰ ਮੂੰਹ ਇਸ ਤਰ੍ਹਾਂ ਲਪੇਟ ਲਏ ਕਿ ਉਨ੍ਹਾਂ ਦੀਆਂ ਸਿਰਫ਼ ਅੱਖਾਂ ਹੀ ਦਿਖਾਈ ਦੇ ਰਹੀਆਂ ਸਨ। ਉਹ ਪੂਰੇ ਡਾਕੂ ਲੱਗ ਰਹੇ ਸਨ। ਉਨ੍ਹਾਂ ਨੇ ਪਟੜੀ ਦੇ ਦੋਨਾਂ ਪਾਸੇ ਨਜ਼ਰਾਂ ਘੁਮਾਈਆਂ। ਫਕੀਰੀਏ ਤੋਂ ਬਿਨਾਂ ਕਿਧਰੇ ਕੋਈ ਚਿੜੀ-ਜਨੌਰ ਵੀ ਦਿਖਾਈ ਨਹੀਂ ਸੀ ਦੇ ਰਿਹਾ। ਫਕੀਰੀਏ ਨੇ ਇਕ ਗਠੜੀ ਆਪਣੇ ਸਿਰ ਉੱਤੇ ਰੱਖੀ ਹੋਈ ਸੀ ਤੇ ਜੁੱਤੀ ਹੱਥ ਵਿਚ ਫੜੀ ਹੋਈ ਸੀ। ਉਸ ਦੇ ਮੂੰਹ ਕੋਲੋਂ ਸਿਗਰਟ ਦਾ ਧੂਆਂ ਉੱਠ ਰਿਹਾ ਸੀ। ਡੁੱਬਦੇ ਸੂਰਜ ਦੀ ਰੋਸ਼ਨੀ ਕਰਕੇ ਅਕਾਸ਼ ਵਿਚ ਵਿਰਲ਼ੇ-ਵਿਰਲ਼ੇ ਬੱਦਲ਼ ਲਾਲ ਭਾਅ ਮਾਰ ਰਹੇ ਸਨ। ਥਾਂ-ਥਾਂ ਤੇ ਪਾਣੀ ਖੜ੍ਹਾ ਹੋਣ ਕਰਕੇ ਫਕੀਰੀਏ ਨੇ ਆਪਣੀ ਧੋਤੀ ਲੱਕ ਤਕ ਇਕੱਠੀ ਕਰ ਕੇ ਪੱਟ ਨੰਗੇ ਕਰ ਲਏ ਹੋਏ ਸਨ।

'ਆ ਜਾ ਆ ਜਾ ਪੁੱਤ ਸੋਧੀਏ ਤੇਰਾ ਅਰਦਾਸਾ।' ਬਸ਼ੀਰ ਨੇ ਦੋਨਾਂ ਹੱਥਾਂ ਨੂੰ ਥੁੱਕ ਲਾ ਕੇ ਹਾਕੀ ਫੜ ਲਈ।

'ਨਹੀਂ ਯਾਰ! ਅਰਦਾਸਾ ਨੀ ਸੋਧਣਾ। ਗੁੱਝੀਆਂ ਸੱਟਾਂ ਹੀ ਮਾਰਨੀਆਂ ਨੇ ਬੱਸ। ਉਹ ਵੀ ਬਹੁਤੀਆਂ ਨੀ। ਤੈਨੂੰ ਮੇਰੀ ਸਹੁੰ ਲੱਗੇ।' ਦੇਵ ਭੈਅ' ਚ ਬੋਲਿਆ।

'ਤੂੰ ਪਹਿਲਾਂ ਹੀ ਢੇਰੀ ਕਿਉਂ ਢਾਈ ਜਾਨੈਂ? ਮੈਂ ਕਹਿੰਦਾ ਤੁਹਾਡੀ ਜਾਤ ਨੂੰ ਹੀ ਬਖ਼ਸ਼ਿਸ਼ ਆ। ਤੂੰ ਘਬਰਾ ਨਾ, ਮਾਰਦੇ ਨੀ। ਬੱਸ ਅਧਮੋਇਆ ਤਾਂ ਕਰਨਾ ਹੀ ਏ ਉਸਨੂੰ।' ਬਸ਼ੀਰ ਮੁਸਕਰਾਇਆ।

ਜਦੋਂ ਉਹ ਉਨ੍ਹਾਂ ਕੋਲ਼ੋਂ ਪੰਜ-ਸੱਤ ਕਦਮਾਂ ਅੱਗੇ ਨਿਕਲ਼ ਗਿਆ ਤਾਂ ਉਹ ਝੂੰਡਾਂ ਵਿੱਚੋਂ ਨਿਕਲ਼ ਕੇ ਹਾਕੀਆਂ ਉਲਾਰਦੇ ਤੇਜ਼ੀ ਨਾਲ਼ ਉਸ ਵੱਲ ਦੌੜੇ ਤੇ ਦੋਨਾਂ ਨੇ ਇਕੱਠੇ ਹੀ ਵਾਰ ਕਰ ਦਿੱਤਾ। ਦੇਵ ਦੀ ਹਾਕੀ ਉਸ ਦੇ ਮੌਰਾਂ ਵਿਚ ਵੱਜੀ ਤੇ ਬਸ਼ੀਰ ਦੀ ਗਿੱਚੀ ਵਿਚ। ਜਿਸ ਗੱਲ ਦਾ ਦੇਵ ਨੂੰ ਖਦਸ਼ਾ ਸੀ ਉਹੀ ਹੋ ਗਈ। 'ਹਾਇ ਉਇ ਰੱਬਾ ਮਾਰ' ਤਾ ਉਇ' ਕਹਿੰਦਾ ਫਕੀਰੀਆ ਭੁਆਂਟਣੀ ਖਾ ਕੇ ਪਟੜੀ ਉੱਤੇ ਮੂੰਹ ਪਰਨੇ ਜਾ ਡਿੱਗਾ। ਉਸ ਨੂੰ ਗਰਦਣ ਘੁਮਾ ਕੇ ਹਮਲਾਵਰਾਂ ਵੱਲ ਦੇਖਣ ਦਾ ਮੌਕਾ ਵੀ ਨਾ ਮਿਲਿਆ। ਹੁਣ ਉਸਦੀ ਪਿੱਠ ਉੱਤੇ ਇਕੱਲੇ ਬਸ਼ੀਰ ਦੀਆਂ ਹਾਕੀਆਂ ਵੱਜ ਰਹੀਆਂ ਸਨ ਤੇ ਦੇਵ ਡੌਰ ਭੌਰ ਹੋਇਆ ਇਹ ਸਭ ਦੇਖੀ ਜਾ ਰਿਹਾ ਸੀ। ਫਕੀਰੀਆ ਤਾਂ ਮੁੜ ਕੇ ਹਿੱਲਿਆ ਹੀ ਨਹੀਂ ਸੀ। ਦੇਵ ਨੇ ਬਸ਼ੀਰ ਦਾ ਹਾਕੀ ਵਾਲਾ ਹੱਥ ਫੜ ਲਿਆ, ਪਰ ਉਸ ਨੇ ਆਪਣਾ ਹੱਥ ਛੁਡਾ ਲਿਆ ਤੇ ਮੋਢੇ ਵਿਚ ਹਾਕੀ ਫਸਾ

ਕੇ ਉਸ ਨੂੰ ਸਿੱਧਾ ਕਰ ਦਿੱਤਾ। ਉਸ ਦੀਆਂ ਅੱਖਾਂ ਬਾਹਰ ਆਈਆਂ ਪਈਆਂ ਸਨ। ਦੇਵ ਕੰਬਣ ਲੱਗ ਪਿਆ।

ਦੇਵ ਨੇ ਇਸ਼ਾਰੇ ਨਾਲ਼ ਸਮਝਾਇਆ ਕਿ ਹੁਣ ਉਨ੍ਹਾਂ ਨੂੰ ਦੌੜਨਾ ਚਾਹੀਦਾ ਹੈ। ਬਸ਼ੀਰ ਨੇ ਦੇਵ ਦੇ ਕੰਨ ਲਾਗੇ ਮੂੰਹ ਲੈ ਜਾ ਕੇ ਕਿਹਾ, 'ਪਹਿਲਾਂ ਇਹਨੂੰ ਲੁੱਟੀਏ। ਤਲਾਸ਼ੀ ਲੈ। ਫਤੂਹੀ ਦੀ ਜੇਬ੍ਹ ਦੇਖ। ਕੰਨਾਂ ਦੀਆਂ ਨੱਤੀਆਂ ਤੇ ਮੁੰਦੀ ਲਾਹ ਲੈ।'

'ਛੱਡ ਤੂੰ ਆ ਭੱਜੀਏ।' ਉਹ ਫੁਸਫਸਾਇਆ।

'ਮੈਂ ਕਹਿੰਦਾ ਏਂ ਲੁੱਟ ਇਹਨੂੰ ਕੰਜਰ ਨੂੰ।'

ਪਰ ਦੇਵ ਨੂੰ ਤਾਂ ਖੜ੍ਹੇ ਨੂੰ ਹੀ ਸਾਹ ਚੜ੍ਹਨ ਲੱਗ ਪਿਆ। ਉਸ ਦੀਆਂ ਅੱਖਾਂ ਮੂਹਰੇ ਭੱਬੂ ਤਾਰੇ ਨੱਚਣ ਲੱਗੇ। ਬਸ਼ੀਰ ਫਿਰ ਉਸ ਦੇ ਨੇੜੇ ਆ ਗਿਆ, 'ਭੁੱਲ ਨਾ ਦੇਵ, ਇਹ ਤੇਰੇ ਪਿਓ ਦਾ ਕਾਤਲ ਏ।'

ਪਰ ਦੇਵ ਨੂੰ ਤਾਂ ਜਿਵੇਂ ਕੁਝ ਸੁਝ ਹੀ ਨਹੀਂ ਸੀ ਰਿਹਾ। ਬਸ਼ੀਰ ਨੇ ਉਹਦੇ ਕੱਪੜੇ ਟੋਹਣੇ ਸ਼ੁਰੂ ਕਰ ਦਿੱਤੇ ਤੇ ਭਾਨ ਸਮੇਤ ਸਾਰੇ ਰੁਪਏ ਕੱਢ ਲਏ। ਕੰਨਾਂ ਦੀਆਂ ਨੱਤੀਆਂ ਖਿੱਚ ਲਈਆਂ। ਮੁੰਦੀ ਲਾਹ ਲਈ। ਗਠੜੀ ਖੋਹਲ ਕੇ ਸਾਰਾ ਨਿਕ-ਸੁਕ ਪਟੜੀ ਤੇ ਖਿੰਡਾ ਦਿੱਤਾ। ਫਿਰ ਬਸ਼ੀਰ ਕੋਲ਼ ਆਕੇ ਕਹਿਣ ਲੱਗਾ, 'ਹਾਕੀ ਨਾਲ਼ ਇਹਦੀਆਂ ਬਾਹਾਂ ਭੰਨ ਦੇ ।'

'ਨਹੀਂ, ਮੈਥੋਂ ਨੀ ਇਹ ਹੋ ਸਕਦਾ।' ਦੇਵ ਕੰਬਦਾ ਬੋਲਿਆ।

'ਬੁਜ਼ਦਿਲਾ, ਆਪਣੇ ਘਰ ਦੇ ਉਜਾੜੇ ਲਈ ਜ਼ਿੰਮੇਵਾਰ ਇਸ ਸ਼ਖ਼ਸ ਨੂੰ ਜੇ ਮਾਰਨਾ ਨਹੀਂ ਤਾਂ ਬਾਹਾਂ ਤਾਂ ਭੰਨ ਸਕਦਾ ਏਂ... ਕਰ ਦੇ ਕੀਚਰਾਂ।' ਉਸ ਨੇ ਦੰਦ ਕਰੀਚੇ।

ਦੇਵ ਨੇ ਉਸ ਵੱਲੋਂ ਪਿੱਠ ਘੁਮਾ ਲਈ। ਬਾਹਾਂ ਭੰਨਣ ਦਾ ਕੰਮ ਵੀ ਬਸ਼ੀਰ ਹੀ ਕਰਨ ਲੱਗਾ। ਵੀਹ ਹਾਕੀਆਂ ਮਾਰੀਆਂ ਹੋਣਗੀਆਂ ਉਸਨੇ ਬਾਹਾਂ ਤੇ। ਉਹ ਹਫ਼ ਗਿਆ। ਦੇਵ ਸਾਇਕਲ ਵੱਲ ਨੂੰ ਦੌੜਿਆ ਤੇ ਲੜਖੜਾ ਕੇ ਡਿਗ ਪਿਆ। ਬਸ਼ੀਰ ਉਸ ਕੋਲ਼ ਆਇਆ ਤੇ ਬੈਠਾ ਕੀਤਾ। ਫਿਰ ਬੋਲਿਆ, 'ਬੱਲੇ ਉਇ ਤੇਰੇ ਕਾਇਰਾ... ਉੱਠ ਛੇਤੀ ਨਹੀਂ ਮੈਂ ਤੇਰੇ ਵੀ ਠੋਕਾਂਗਾ।'

ਬਾਹੋਂ ਫੜ ਕੇ ਉਸ ਨੇ ਦੇਵ ਨੂੰ ਉਠਾ ਲਿਆ। ਫਿਰ ਬੋਲਿਆ, 'ਚੱਲ ਬੈਠ ਪਿੱਛੇ ।'

ਉਸ ਨੇ ਦੋਨੋਂ ਹਾਕੀਆਂ ਸਾਇਕਲ ਵਿਚ ਫਸਾ ਲਈਆਂ। ਦੇਵ ਬੜੀ ਮੁਸ਼ਕਲ ਨਾਲ਼ ਸਾਇਕਲ ਪਿੱਛੇ ਬੈਠਿਆ।

'ਸ਼ਾਇਦ ਉਹ ਮਰ ਗਿਆ ਏ। ਹੁਣ ਆਪਾਂ ਫਸਾਂਗੇ।' ਉਸਦੇ ਬੁੱਲ੍ਹ ਕੰਬੇ।

'ਜੇ ਮਰ ਗਿਆ ਏ ਤਾਂ ਹੁਣ ਤੂੰ ਜਿਉਂਦਾ ਕਰਨਾ ਏਂ? ਭੁੱਲ ਜਾ ਸਭ ਕੁਝ। ਆਪਾਂ ਮੋਰਚਾ ਫ਼ਤਹਿ ਕਰ ਲਿਆ ਏ।'

ਬਸ਼ੀਰ ਸਾਇਕਲ ਚਲਾਉਂਦਾ ਕੋਈ ਗੀਤ ਗਾਉਣ ਲੱਗ ਪਿਆ। ਦੇਵ ਉਸ ਦੇ ਮਗਰ ਕਾਠੀ ਦਾ ਸਪਰਿੰਗ ਘੁੱਟੀ ਬੈਠਾ ਸੀ। ਉਸ ਨੇ ਬਸ਼ੀਰ ਨੂੰ ਕਈ ਵਾਰੀ ਕਿਹਾ ਕਿ ਸਾਇਕਲ ਰੋਕ ਕੇ ਉਸ ਨੂੰ ਪਾਣੀ ਪਿਲਾਵੇ, ਪਰ ਉਹ ਬਿਨਾਂ ਬੋਲੇ ਮਸਤੀ ਵਿਚ ਸਾਇਕਲ ਚਲਾਉਂਦਾ

ਰਿਹਾ।

ਕਿਸੇ ਥਾਂ ਤੇ ਉਸ ਨੇ ਸਾਇਕਲ ਰੋਕਿਆ ਤਾਂ ਦੇਵ ਜਿਵੇਂ ਬੋਰੀ ਵਾਂਗ ਧਰਤੀ ਤੇ ਡਿਗਿਆ। ਅੱਖਾਂ ਚੜ੍ਹੀਆਂ ਤੇ ਬੇਹੋਸ਼ ਹੋ ਗਿਆ। ਬਸ਼ੀਰ ਨੇ ਖ਼ਾਲ਼ ਵਿੱਚੋਂ ਪਾਣੀ ਦਾ ਉਜੰਲਾ ਭਰ ਕੇ ਦੇਵ ਦੇ ਮੂੰਹ ਨੂੰ ਲਾਇਆ ਤੇ ਛਿੱਟੇ ਮਾਰੇ। ਪਰ ਉਸ ਨੂੰ ਹੋਸ਼ ਨਾ ਆਈ। ਫਕੀਰੀਏ ਵਾਂਗ ਹੀ ਉਹ ਧਰਤੀ ਤੇ ਲੇਟ ਗੁੰਮ-ਸੁੰਮ ਹੋ ਗਿਆ।

ਜਦੋਂ ਦੇਵ ਦੀ ਅੱਖ ਖੁੱਲੀ ਤਾਂ ਉਸ ਦਾ ਪਿੰਡਾ ਤਪ ਰਿਹਾ ਸੀ। ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਸਿਵੇ ਵਿਚ ਲੇਟਿਆ ਪਿਆ ਹੋਵੇ ਤੇ ਉਸ ਉੱਤੇ ਲੱਕੜਾਂ ਬਲ਼ ਰਹੀਆਂ ਹੋਣ। ਉਸ ਦੁਆਲ਼ੇ ਇਕੱਠੇ ਹੋਏ ਕਿੰਨੇ ਹੀ ਲੋਕ ਪਤਾ ਨਹੀਂ ਕੀ ਬੋਲੀ ਜਾ ਰਹੇ ਸਨ।

'ਮੈਂ ਕਿੱਥੇ ਹਾਂ?' ਦੇਵ ਆਲ਼ੇ ਦੁਆਲ਼ੇ ਅੱਖਾਂ ਘੁਮਾ ਕੇ ਬੋਲਿਆ ਤੇ ਅੱਖਾਂ ਮੁੜ ਬੰਦ ਕਰ ਲਈਆਂ।

'ਪੁੱਤ ਵੇ ਉੱਠ ਖੜ੍ਹ... ਤੇਰੇ ਤੇ ਗੁੱਗੇ ਪੀਰ ਦੀ ਕਰੋਪੀ ਹੋ ਗਈ... ਤੂੰ ਕਾਹਨੂੰ ਕਹਿਣਾ ਸੀ ਪੁੱਤਾ ਵੇ ਬਈ ਮੈਂ ਨੀ ਮੰਨਦਾ ਗੁੱਗੇ-ਗਾਗੇ ਨੂੰ... ਤੂੰ ਤਾਂ ਮੱਥਾ ਟੇਕਣ ਤੋਂ ਵੀ ਇਨਕਾਰੀ ਹੋ ਗਿਆ ਸੀ ਚੰਦਰਿਆ। ਦੇਖੀ ਸ਼ਕਤੀ ਮੇਰੇ ਪੀਰ ਦੀ? ਧਿਆ ਹੁਣ ਉਹਨੂੰ ਆਪਣੇ ਮਨ ਵਿਚ। ਮੰਗ ਲੈ ਮਾਫ਼ੀਆਂ ਵੇ ਪੁੱਤਾ। ਵੇ ਮੈਂ ਤੇਰੀ ਮਾੜੀ ਤੇ ਨੰਗੇ ਪੈਰੀਂ ਆਊਂ ਦੇਵਤਿਆ। ਪੰਜ ਨਾਗ ਦੇਵਤੇ ਚੜ੍ਹਾਊਂ ਆਕੇ। ਸਵਾ ਪੰਜ ਸੇਰ ਸੇਵੀਆਂ ਦਾ ਪਰਸ਼ਾਦ ਚੜਾਊਂ ਤੇਰੀ ਦਰਗਾਹ' ਚ।' ਭਾਗਵੰਤੀ ਬੋਲੀ ਜਾ ਰਹੀ ਸੀ।

'ਚੁੱਪ ਕਰੋ.... ਚੁੱਪ ਕਰੋ ਠੀਕ ਏ ਦੇਵ ਹੁਣ। ਐ ਮੇਰੇ ਮਾਲਕਾ... ਤੇਰੇ ਰੰਗ ਬਹੁਤ ਨਿਆਰੇ ਨੇ।' ਘਨ੍ਹੱਈਆ ਬੋਲਿਆ।

ਦੇਵ ਕਹਿਣਾ ਚਾਹੁੰਦਾ ਸੀ ਕਿ ਕਿਹੜਾ ਗੁੱਗਾ ਪੀਰ? ਪਰ ਉਸਦਾ ਬੋਲ ਹੀ ਨਹੀਂ ਸੀ ਨਿਕਲ਼ ਰਿਹਾ। ਹੌਲ਼ੀ-ਹੌਲ਼ੀ ਉਸ ਦਾ ਧਿਆਨ ਮੁੜ ਸੂਏ ਦੀ ਪਟੜੀ ਤੇ ਪੁੱਜ ਗਿਆ। ਹਾਕੀਆਂ ਚੱਲਣ ਦੀ ਠਾਹ-ਠਾਹ ਦੀ ਅਵਾਜ਼ ਉਸ ਦੇ ਕੰਨਾਂ' ਚ ਪੈਣ ਲੱਗੀ। ਘਬਰਾਹਟ ਵਿਚ ਫਿਰ ਅੱਖਾਂ ਖੁੱਲ੍ਹੀਆਂ ਤੇ ਉਹ ਬੋਲਿਆ, 'ਮਰ ਗਿਆ ਕਿ ਜਿਊਂਦਾ ਏ?'

'ਪੁੱਤ ਵੇ ਤੂੰ ਬਚ ਗਿਆ ਏਂ। ਹੁਣ ਨੀ ਕੁਛ ਵੀ ਹੁੰਦਾ। ਕਰਾਰ ਫੜ। ਹੇ ਗੁੱਗਾ ਪੀਰ ਮੇਰੀ ਡੱਡ ਨੂੰ ਬਖ਼ਸ਼ ਦੇ। ਬੋਲਿਆ ਸੁਣਿਆਂ ਮਾਫ਼ ਕਰ ਦੇ ਮਾਲਕਾ।' ਭਾਗਵੰਤੀ ਬੋਲੀ।

'ਤੇਰੇ ਸਿਰ ਨੂੰ ਬੁਖ਼ਾਰ ਚੜ੍ਹ ਗਿਆ ਸੀ ਬੂਜੇ। ਕੁਛ ਨੀ ਹੋਇਆ ਤੈਨੂੰ। ਹੁਣ ਮੈਂ ਆ ਗਿਆ ਏਂ। ਘੜੀ ਪਲ' ਚ ਤੂੰ ਨੌਂ ਬਰ ਨੌਂ ਹੋ ਜਾਣਾ ਏ। ' ਬੰਦ ਅੱਖਾਂ ਹੋਣ ਤੇ ਵੀ ਦੇਵ ਨੇ ਸਿਰੀ ਰਾਮ ਹਕੀਮ ਦੇ ਬੋਲ ਪਛਾਣ ਲਏ। ਦੇਵ ਦੇ ਬੇਹੋਸ਼ ਹੋਣ ਮਗਰੋਂ ਘਨ੍ਹੱਈਆ ਤੁਰੰਤ ਹਕੀਮ ਨੂੰ ਸੱਦ ਲਿਆਇਆ ਸੀ।

ਸਾਰਾ ਸਮਾਂ ਬਸ਼ੀਰ ਤਾਂ ਉਸ ਦੇ ਸਿਰਹਾਣੇ ਹੀ ਬੈਠਾ ਰਿਹਾ ਸੀ। ਦੇਵ ਨੂੰ ਅਜੇ ਦਿਮਾਗੀ ਤਣਾਅ ਤਾਂ ਸੀ ਪਰ ਬਸ਼ੀਰ ਦੇ ਹੌਸਲੇ ਨਾਲ਼ ਉਹ ਛੇਤੀ ਹੀ ਕਾਫ਼ੀ ਠੀਕ ਹੋ ਗਿਆ। ਦੇਵ ਨੇ ਹੌਲ਼ੀ ਦੇਣੇ ਉਸ ਨੂੰ ਕਿਹਾ ਕਿ ਉਹ ਦੇਖ ਕੇ ਆਵੇ ਕਿ ਫਕੀਰੀਆ ਜਿਉਂਦਾ ਹੈ ਜਾਂ ਮਰ ਚੁੱਕਾ ਹੈ।

'ਤੂੰ ਹੁਣ ਦੱਬੇ ਮੁਰਦੇ ਕਾਹਨੂੰ ਉਖੇੜੀ ਜਾਨੈਂ? ਭੁੱਲ ਜਾ ਉਸ ਨੂੰ। ਕਿਸੇ ਕੋਲ਼ ਉਸ ਦੀ ਗੱਲ ਨੀ ਕਰਨੀ। ਸਾਡੀ ਵਾਅ ਵੱਲ ਵੀ ਕੋਈ ਨੀ ਝਾਕ ਸਕਦਾ।'

ਅਗਲੇ ਦਿਨ ਉਹ ਬਿਲਕੁਲ ਠੀਕ ਹੋ ਗਿਆ ਤੇ ਆਪਣੇ ਪੇਪਰ ਦੀ ਤਿਆਰੀ ਕਰਨ ਲੱਗ ਪਿਆ, ਪਰ ਬਸ਼ੀਰ ਨੂੰ ਉਸ ਨੇ ਘਰ ਨਾ ਜਾਣ ਦਿੱਤਾ। ਇਹ ਵੀ ਕਿਹਾ ਕਿ ਪੇਪਰ ਤੋਂ ਇਕ ਦਿਨ ਪਹਿਲਾਂ ਉਹ ਉਸ ਨਾਲ਼ ਸਰਵਰਪੁਰ ਚੱਲੇ। ਉਸ ਦੀ ਬੇਬੇ ਨੂੰ ਸਾਇਕਲ ਪਿੱਛੇ ਬਿਠਾ ਕੇ ਲੈ ਕੇ ਜਾਵੇ। ਜਿੰਨੀ ਦੇਰ ਪੇਪਰ ਚੱਲਣ ਉਹ ਸਰਵਰਪੁਰ ਹੀ ਰਹੇ। ਬਸ਼ੀਰ ਉਸ ਨੂੰ 'ਅੱਛਿਆ, ਅੱਛਿਆ' ਵੀ ਕਰਦਾ ਰਿਹਾ ਤੇ ਹੱਸੀ ਵੀ ਗਿਆ।

ਸ਼ਾਮ ਨੂੰ ਉਹ ਦੋਨੋਂ ਜਣੇ ਬੈਠੇ ਗੱਲਾਂ ਕਰ ਰਹੇ ਸਨ ਕਿ ਦੇਵ ਦੀ ਬੇਬੇ ਉਨ੍ਹਾਂ ਕੋਲ਼ ਆ ਕੇ ਬੋਲੀ, 'ਦੇਵ, ਆਸ਼ਾਬਾਦ ਤੋਂ ਕੋਈ ਬੰਦਾ ਤੇਰੇ ਮਾਮੇ ਕੋਲ਼ ਕੱਪੜੇ ਸੁਆਉਣ ਆਇਆ ਏ। ਉਹਨੇ ਦੱਸਿਆ ਏ ਕਿ ਨੌਮੀਂ ਵਾਲ਼ੇ ਦਿਨ ਲੁਟੇਰਿਆਂ ਨੇ ਫਕੀਰੀਏ ਨੂੰ ਲੁੱਟ ਵੀ ਲਿਆ ਤੇ ਆਪਣੇ ਜਾਣੇ ਮਾਰ ਕੇ ਹੀ ਸੁੱਟ ਗਏ। ਰੋਪੜ ਵਾਲ਼ੇ ਡਾਕਟਰਾਂ ਨੇ ਉਸ ਨੂੰ ਬਚਾ ਤਾਂ ਲਿਆ ਪਰ ਬਾਹਾਂ ਕਹਿੰਦੇ ਦੋਨੋਂ ਵੱਢਣੀਆਂ ਪੈ ਗਈਆਂ।' ਫਿਰ ਉਹ ਆਲ਼ੇ ਵਿਚ ਪਈ ਦੇਵੀ ਵੱਲ ਨੂੰ ਹੱਥ ਜੋੜਦੀ ਸਿਰ ਝੁਕਾ ਕੇ ਬੋਲੀ, 'ਤੇਰੇ ਘਰ ਦਾ ਕੋਈ ਅੰਤ ਨੀ ਦਾਤੀਏ। ਇਕ ਨੂੰ ਪਹਾੜਾਂ ਵਿਚ ਭਸਮ ਕਰ ਦਿੱਤਾ ਤੇ ਦੂਜੇ ਦੀਆਂ ਬਾਹਵਾਂ ਖੋਹ ਲਈਆਂ। ਜਿਹੜਾ ਦੂਜੇ ਦਾ ਬੁਰਾ ਕਰਦਾ ਏ, ਉਹਦਾ ਆਪਣਾ ਵੀ ਹੋ ਹੀ ਜਾਂਦਾ ਏ। ਦੇਰ ਹੈ ਹਨੇਰ ਨਹੀਂ ਮੇਰੀ ਮਈਆ।'

ਫਿਰ ਉਸ ਨੇ ਦੇਵ ਨੂੰ ਕਿਹਾ, 'ਦੇਵ ਆਪਣੇ ਪੇਪਰਾਂ ਮਗਰੋਂ ਮੈਨੂੰ ਆਸ਼ਾਬਾਦ ਜ਼ਰੂਰ ਲੈ ਕੇ ਜਾਈਂ। ਤੇਰੇ ਪਹਿਲੇ ਚਾਚੇ ਚਾਚੀ ਦਾ ਅਫ਼ਸੋਸ ਵੀ ਕਰ ਆਵਾਂਗੇ ਤੇ ਫਕੀਰੀਏ ਦਾ ਹਾਲ-ਚਾਲ ਵੀ ਪੁੱਛ ਆਵਾਂਗੇ।'

'ਉਸ ਕਾਤਲ ਦੀ ਖ਼ਬਰ ਲੈਣ ਜਾਣਾ ਏਂ ਤੂੰ ਬੂਆ? ਤੇਰਾ ਦਿਮਾਗ ਤਾਂ ਟਿਕਾਣੇ ਆਂ?' ਬਸ਼ੀਰ ਨੇ ਕਿਹਾ।

'ਆਹੋ ਦਿਮਾਗ ਤਾਂ ਪੁੱਤ ਹੁਣ ਟਿਕਾਣੇ ਆਇਆ ਏ। ਜੇ ਮੈਂ ਉਦੋਂ ਘਨ੍ਹੱਈਏ ਨੂੰ ਸਾਰੀ ਗੱਲ ਦੱਸ ਦਿੰਦੀ ਤਾਂ ਖੂਨ ਹੋ ਜਾਣੇ ਸੀ, ਪੁੱਤ। ਦੇਖਿਆ ਹੁਣ ਰੱਬ ਨੇ ਕੀ ਤੋਂ ਕੀ ਕਰ ਦਿੱਤਾ? ਮੈਂ ਫਕੀਰੀਏ ਨੂੰ ਪੁੱਛਾਂਗੀ ਕਿ ਜਿਨ੍ਹਾਂ ਹੱਥਾਂ ਨਾਲ਼ ਉਸ ਨੇ ਮੇਰੇ ਸਾਈਂ ਨੂੰ ਜ਼ਹਿਰ ਦਿੱਤੀ, ਉਹ ਤੇਰੇ ਹੱਥ ਕਿੱਥੇ ਚਲੇ ਗਏ ਮੇਰੇ ਦਿਓਰਾ?'

ਆਪਣੀ ਬੇਬੇ ਦੀ ਗੱਲ ਸੁਣ ਕੇ ਦੇਵ ਮੁਸਕਰਾਇਆ ਫਿਰ ਉੱਠ ਕੇ ਖੜ੍ਹਾ ਹੁੰਦਾ ਬੋਲਿਆ, 'ਬੇਬੇ ਪਹਿਲਾਂ ਮੇਰੇ ਸਿਰ ਵਿਚ ਸਰ੍ਹੋਂ ਦਾ ਤੇਲ ਝੱਸ ਦੇ। ਫੇਰ ਦੋ ਘੜੇ ਭਰ ਲਿਆ ਖੂਹ ਤੋਂ। ਮੇਰਾ ਨਹਾਉਣ ਨੂੰ ਚਿੱਤ ਕਰਦੈ। ਹੁਣ ਮੈਂ ਬਿਲਕੁਲ ਠੀਕ ਹਾਂ।'

**00**

# ਉਣਾਹਟ

ਬਸ਼ੀਰ ਉਨ੍ਹਾਂ ਕੋਲ਼ ਕਈ ਦਿਨ ਸਰਵਰਪੁਰ ਰਹਿ ਆਇਆ। ਦੇਵ ਦੇ ਨੌਮਾਹੀ ਪੇਪਰ ਤਾਂ ਠੀਕ ਹੋ ਗਏ ਸਨ ਪਰ ਪੱਕੇ ਪੇਪਰਾਂ ਵਿਚ ਕਾਰਗੁਜ਼ਾਰੀ ਮਾੜੀ ਹੀ ਰਹੀ। ਅੰਗਰੇ

ਜ਼ੀ ਆਫ਼ਸ਼ਨਲ ਦੇ ਨੰਬਰ ਗਰੈਂਡ ਟੋਟਲ ਵਿਚ ਸ਼ਾਮਲ ਨਹੀਂ ਸਨ ਹੋਣੇ। ਦੇਵ ਪੇਪਰ ਤਾਂ ਤਦ ਦਿੰਦਾ ਜੇ ਜੀ. ਪੀ. ਦੀ ਅੰਗਰੇਜ਼ੀ ਉਸ ਦੇ ਪਿੜ ਪੱਲੇ ਪਈ ਹੁੰਦੀ। ਉਸ ਨੇ ਸੋਚਿਆ ਡੀ. ਐਮ. ਸੀ. ਵਿਚ ਸਿਫਰ ਨੰਬਰ ਦੀ ਥਾਂ ਗੈਰ ਹਾਜ਼ਰ ਜਿਆਦਾ ਠੀਕ ਰਹੇਗਾ। ਫਜ਼ਿਕਸ, ਕਮਿਸਟਰੀ ਤੇ ਮੈਥ ਦੇ ਪੇਪਰ ਵੀ ਐਨੇ ਚੰਗੇ ਨਾ ਹੋ ਸਕੇ। ਉਸ ਨੇ ਪੂਰੀ ਵਾਹ ਲਾਈ ਸੀ ਕਿ ਆਖਰੀ ਤਿੰਨ ਕੁ ਮਹੀਨੇ ਜੀਅ-ਜਾਨ ਨਾਲ਼ ਮਿਹਨਤ ਕਰੇ, ਕੁਲਦੀਪ ਕੋਲ਼ ਜਾਣ ਨਾਲ਼ ਜਿਹੜੇ ਤਿੰਨ ਚਾਰ ਘੰਟੇ ਅਜਾਈਂ ਜਾਂਦੇ ਸਨ, ਉਨ੍ਹਾਂ ਨੂੰ ਬਚਾ ਲਵੇ। ਉਸ ਨੇ ਮਹਿਸੂਸ ਕੀਤਾ ਕਿ ਦੁਨੀਆਂ ਦਾ ਹਰ ਨਸ਼ਾ ਤਿਆਗਿਆ ਜਾ ਸਕਦਾ ਹੈ, ਪਰ ਜੋ ਨਸ਼ਾ ਉਸ ਨੂੰ ਲੱਗ ਚੁੱਕਾ ਸੀ, ਉਹ ਕਿਸੇ ਕੀਮਤ ਤੇ ਵੀ ਨਾ ਘੱਟ ਕੀਤਾ ਜਾ ਸਕਦਾ ਸੀ ਤੇ ਨਾ ਛੱਡਿਆ ਜਾ ਸਕਦਾ ਸੀ। ਨਿਤ ਸੋਚਦਾ, ਨਹੀਂ ਜਾਣਾ ਅੱਜ। ਦੁਪਹਿਰ ਢਲ਼ਦੀ ਤਾਂ ਮਨ ਕਮਜ਼ੋਰ ਹੋਣ ਲੱਗਦਾ। ਉਹ ਸੋਚਦਾ ਸਿਰਫ਼ ਅੱਧੇ ਘੰਟੇ ਲਈ ਜਾਵੇਗਾ, ਤੇ ਵਾਪਸ ਆ ਜਾਵੇ ਗਾ। ਜਦੋਂ ਉੱਥੇ ਅੱਪੜ ਜਾਂਦਾ ਤਾਂ ਸੋਚਦਾ, ਅੱਜ ਪੂਰਾ ਸਮਾਂ ਕੁਲਦੀਪ ਕੋਲ਼ ਰਹਾਂਗਾ ਤੇ ਕੱਲ੍ਹ ਬਿਲਕੁਲ ਨਹੀਂ ਆਵਾਂਗਾ। ਅਗਲੇ ਦਿਨ ਵੀ ਇਹੋ ਕੁਝ ਹੁੰਦਾ। ਉਸ ਨੇ ਹਾਰ ਮੰਨ ਲਈ ਕਿ ਇਹ ਨਸ਼ਾ ਉਹ ਨਹੀਂ ਛੱਡ ਸਕਦਾ। ਕੁਲਦੀਪ ਦੇ ਪੇਪਰ ਤਾਂ ਕਦੋਂ ਦੇ ਹੋ ਚੁੱਕੇ ਸਨ। ਪਹਿਲਾਂ ਉਹ ਛੁੱਟੀਆਂ ਵਿਚ ਖਰੜ ਆਪਣੇ ਨਾਨਕੀਂ ਜਾਇਆ ਕਰਦੀ ਸੀ, ਇਸ ਵਾਰੀ ਉਹ ਉੱਥੇ ਵੀ ਨਹੀਂ ਸੀ ਗਈ। ਉਸ ਨੇ ਇਹ ਗੱਲ ਹੱਸ ਕੇ ਦੱਸੀ ਸੀ ਕਿ ਹੁਣ ਉਹ ਉੱਥੇ ਹੀ ਰਹੇਗੀ, ਜਿੱਥੇ ਉਸ ਦਾ ਦੇਵ ਹੋਵੇਗਾ। ਫਿਰ ਦੇਵ ਉਸ ਕੋਲ਼ ਨਾ ਜਾ ਕੇ ਵਧੀਕੀ ਕਿਵੇਂ ਕਰ ਸਕਦਾ ਸੀ। ਉਹ ਹੁਣ ਉਨ੍ਹਾਂ ਦੇ ਅੰਦਰਲੇ ਕਮਰੇ ਵਿਚ ਹੀ ਬੈਠੇ ਪੜ੍ਹਦੇ, ਗੱਲਾਂ ਮਾਰਦੇ ਰਹਿੰਦੇ। ਰਸ਼ਮਿੰਦਰ ਉਨ੍ਹਾਂ ਦੇ ਨੇੜੇ -ਤੇੜੇ ਹੀ ਰਹਿੰਦੀ। ਉਹ ਉਨ੍ਹਾਂ ਨੂੰ ਗੱਲਾਂ-ਬਾਤਾਂ ਮਾਰਨ ਤੱਕ ਦੀ ਖੁੱਲ ਹੀ ਦਿੰਦੀ, ਬਿਲਕੁਲ ਇਕੱਲੇ ਕਦੀ ਨਾ ਛੱਡਦੀ। ਇਹ ਮੌਕਾ ਕਦੀ ਪਲ ਦੋ ਪਲ ਲਈ ਹੀ ਮਿਲਦਾ ਕਿ ਦੇਵ ਕੁਲਦੀਪ ਨੂੰ ਆਪਣੀਆਂ ਬਾਹਵਾਂ ਵਿਚ ਲੈ ਕੇ ਚੁੰਮ ਸਕਦਾ। ਜਦੋਂ ਕਦੀ ਵੀ ਇੰਝ ਹੁੰਦਾ ਤਾਂ ਕੁਲਦੀਪ ਗੁੱਸਾ ਦਿਖਾਉਂਦੀ ਤੇ ਆਪਣਾ ਰੁਮਾਲ ਉਸ ਨੂੰ ਫੜਾਉਂਦੀ ਕਹਿੰਦੀ, 'ਕਰੋ ਮੇਰਾ ਮੂੰਹ ਸਾਫ਼, ਗੰਦੇ।'

ਉਹ ਅਕਸਰ ਦੇਵ ਨੂੰ ਇਹ ਗੱਲ ਕਹਿੰਦੀ ਕਿ ਗਿਆਰਵੀਂ ਪਾਸ ਕਰਨ ਮਗਰੋਂ ਉਸ ਨੇ ਵੀ ਰੋਪੜ ਕਾਲਜ ਵਿਚ ਦਾਖਲਾ ਲੈਣਾ ਹੈ, ਪਿਆਰ ਪੀਂਘਾਂ ਦਾ ਅਸਲ ਨਜ਼ਾਰਾ ਤਾਂ ਉਦੋਂ ਹੀ ਆਵੇਗਾ। ਹੁਣ ਕੁਲਦੀਪ ਵੀ ਵਿਹਲੀ ਹੋਣ ਕਰਕੇ ਲੰਬੀਆਂ ਲੰਬੀਆਂ ਚਿੱਠੀਆਂ ਲਿਖਣ ਲੱਗ ਪਈ ਸੀ। ਉਨ੍ਹਾਂ ਦਾ ਉੱਤਰ ਲਿਖਣ ਲਈ ਦੇਵ ਨੂੰ ਬੜੀ ਮਿਹਨਤ ਅਤੇ ਸਮੇਂ ਦੀ ਲੋੜ ਹੁੰਦੀ। ਕਿਉਂਕਿ ਚਿੱਠੀਆਂ ਵਿਚ ਦਰਜ਼ ਕਰਨ ਲਈ ਉਸ ਨੂੰ 'ਰੈਫਰੈਂਸ ਬੁਕਸ' ਵੀ ਪੜ੍ਹਨੀਆਂ ਪੈਂਦੀਆਂ। ਕੁਝ ਵੀ ਸੀ, ਦੇਵ ਦੇ ਪੇਪਰ ਮਾੜੇ ਹੋਏ ਸਨ। ਕਦੀ ਕਦੀ ਤਾਂ ਉਹ ਇਹ ਸੋਚ ਕੇ ਕੰਬ ਜਾਂਦਾ ਕਿ ਜੇ ਉਹ ਫੇਲ੍ਹ ਹੋ ਗਿਆ ਤਾਂ ਅੱਗੇ ਪੜ੍ਹਨ ਦੇ ਸਭ ਦਰਵਾਜ਼ੇ ਬੰਦ ਹੋ ਜਾਣਗੇ। ਐਨੇ ਸੋਹਣੇ ਦਿਲ ਵਾਲ਼ੀ ਸੋਹਣੀ ਸੁਨੱਖੀ ਕੁੜੀ ਉਸ ਦੇ ਜੀਵਨ ਵਿੱਚੋਂ ਮੁੱਠੀ ਦੀ ਰੇਤ ਵਾਂਗ ਕਿਰ ਜਾਵੇਗੀ।

ਸਾਰੇ ਪੇਪਰ ਖਤਮ ਹੋਣ ਮਗਰੋਂ ਉਸ ਦਿਨ ਦੇਵ ਦਾ ਕਮਿਸਟਰੀ ਦੇ ਪਰੈਕਟੀਕਲ ਦਾ ਪੇਪਰ ਸੀ। ਉਸ ਮਗਰੋਂ ਉਨ੍ਹਾਂ ਨੇ ਸਰਵਰਪੁਰ ਛੱਡ ਕੇ ਦੋ ਮਹੀਨੇ ਲਈ ਸਲਾਹਪੁਰ

ਚਲੇ ਜਾਣਾ ਸੀ। ਜਿਸ ਦਿਨ ਵੀ ਉਸ ਦਾ ਕੋਈ ਪੇਪਰ ਹੁੰਦਾ ਸੀ, ਉਸਦੀ ਬੇਬੇ ਉਸ ਨੂੰ ਜ਼ਬਰਦਸਤੀ ਦਹੀਂ ਖੁਆ ਕੇ ਹੀ ਤੋਰਦੀ ਸੀ। ਉਹ ਉਸ ਦਿਨ ਗੁਰਦੁਆਰੇ ਵੀ ਜ਼ਰੂਰ ਜਾਂਦੀ, ਚਾਹੇ ਪੰਜ ਪੈਸੇ ਦੇ ਪਤਾਸੇ ਹੀ ਸੁੱਖਦੀ, ਪਰ ਸੁੱਖਦੀ ਜਰੂਰ, ਤਾਂ ਕਿ ਉਸ ਦੇ ਪੁੱਤ ਦਾ ਪੇ ਪਰ ਵਧੀਆ ਹੋ ਜਾਵੇ। ਉਸ ਦਿਨ ਵੀ ਉਹ ਸਵੇਰੇ ਹੀ ਗੁਰਦੁਆਰੇ ਚਲੀ ਗਈ ਸੀ। ਦੇ ਵ ਨੇ ਉਸ ਨੂੰ ਕਿਹਾ ਸੀ ਕਿ ਅੱਜ ਕੁਝ ਵੀ ਸੁੱਖਣ ਦੀ ਲੋੜ ਨਹੀਂ ਸੀ ਕਿਉਂਕਿ ਪੂਰੇ ਨੰਬਰ ਲੈਣ ਲਈ ਉਸ ਨੇ ਲੈਬ-ਅਟੈਂਡੈਂਟ ਨਾਲ਼ ਪਹਿਲਾਂ ਹੀ ਸਾਂਢਾ-ਗਾਂਢਾ ਕੀਤਾ ਹੋਇਆ ਸੀ, ਪਰ ਉਹ ਮੰਨੀ ਨਹੀਂ ਸੀ। ਉਸ ਦੇ ਜਾਣ ਤੋਂ ਥੋੜ੍ਹੀ ਦੇਰ ਮਗਰੋਂ ਹੀ ਕੁਲਦੀਪ ਲੱਸੀ ਵਾਲ਼ਾ ਡੋਲੂ ਚੁੱਕੀ ਉਨ੍ਹਾ ਦੇ ਘਰ ਪਹੁੰਚ ਗਈ। ਉਹ ਡੋਲੂ ਕਾਂਸ ਤੇ ਰੱਖ ਦੇਵ ਨੂੰ ਦਸ ਦਾ ਨੋਟ ਫੜਾਉਂਦੀ ਬੋਲੀ, 'ਦੇਵ ਆਹ ਪਰਚੀ ਵਾਲ਼ੀ ਟਿਊਬ ਮੰਮੀ ਜੀ ਲਈ ਲਿਆਦੋਗੇ?'

'ਕਿਉਂ ਨਹੀਂ ਲਿਆਵਾਂਗਾ ਕੁਲਦੀਪ?... ਕੀ ਗੱਲ ਹੋ ਗਈ?'

'ਮੰਮੀ ਦੇ ਪਿੰਡੇ ਤੇ ਧੱਫੜ ਜਿਹੇ ਹੋ ਗਏ ਨੇ। ਤੁਸੀਂ ਹੁਣੇ ਰੋਪੜ ਤੋਂ ਲਿਆ ਕੇ ਦੇ ਦੇਣੀ।'

'ਠੀਕ ਏ ਲਿਆ ਦਿਆਂਗਾ। ਤੂੰ ਤਿਆਰ ਹੋਈ ਫਿਰਦੀ ਏਂ?' ਦੇਵ ਨੇ ਪੁੱਛਿਆ।

'ਮੈਂ ਅੱਜ ਸਕੂਲ ਜਾਣਾ ਏਂ ਸ਼ੀਲਾ ਨਾਲ਼। ਸਾਡੀ ਵਿਦਾਇਗੀ ਪਾਰਟੀ ਏ।'

ਪਰਚੀ ਅਤੇ ਪੈਸੇ ਫੜ ਕੇ ਦੇਵ ਮੁਸਕਰਾ ਕੇ ਬੋਲਿਆ, 'ਕੀ ਹਾਲ ਏ ਤੇਰਾ ਕੁਲਦੀਪ?'

'ਬੂਆ ਜੀ?' ਉਹ ਬੋਲੀ।

'ਗੁਰਦੁਆਰੇ ਗਈ ਏ।' ਦੇਵ ਨੇ ਦੱਸਿਆ ਤਾਂ ਉਹ ਥੋੜ੍ਹਾ ਪਿੱਛੇ ਹਟ ਕੇ ਮੁਸਕਰਾਈ। ਦੇਵ ਨੇ ਅੱਗੇ ਵਧ ਕੇ ਉਸ ਨੂੰ ਦੋਨਾਂ ਬਾਹਾਂ' ਚ ਭਰ ਲਿਆ ਤੇ ਚੁੰਮਣ ਲੱਗਾ। ਗੇਟ ਤਾਂ ਭੇੜਿਆ ਹੋਇਆ ਵੀ ਨਹੀਂ ਸੀ। ਭਾਗਵੰਤੀ ਦੇ ਅੰਦਰ ਆਉਣ ਦਾ ਦੋਨਾਂ ਨੂੰ ਹੀ ਪਤਾ ਨਾ ਲੱਗਾ।

'ਸ਼ਰਮ ਕਰੋ ਸ਼ਰਮ... ਤੁਸੀਂ ਮੈਨੂੰ ਐਥੇ ਵਸਣ ਨੀ ਦੇਣਾ?' ਦੇਵ ਦੀ ਬੇਬੇ ਦੀ ਆਵਾਜ਼ ਸੁਣ ਦੋਵੇਂ ਕੰਬ ਗਏ ਤੇ ਅਲੱਗ ਹੋ ਗਏ। ਕੁਲਦੀਪ ਉਸ ਨਾਲ਼ ਬਿਨਾਂ ਅੱਖ ਮਿਲਾਏ ਦੌੜ ਗਈ। ਦੇਵ ਕਮਰੇ ਅੰਦਰ ਜਾ ਵੜਿਆ। ਉਸ ਦੀ ਬੇਬੇ ਮਗਰ ਹੀ ਆ ਗਈ, 'ਤੁਸੀਂ ਐਥੋਂ ਤੱਕ ਪਹੁੰਚ ਗਏ? ਕਦੋਂ ਦਾ ਚਲਦਾ ਏ ਇਹ ਸਭ ਕੁਝ?' ਉਸਨੇ ਦੇਵ ਨੂੰ ਕੰਨੋਂ ਫੜ ਲਿਆ। ਉਹ ਫਿਰ ਵੀ ਕੁਝ ਨਾ ਬੋਲਿਆ ਤੇ ਕੰਨ ਛੁਡਾ ਕੇ ਕਮਰੇ ਤੋਂ ਬਾਹਰ ਨਿਕਲ਼ ਆਇਆ। ਘਬਰਾਇਆ ਹੋਇਆ ਮੰਜੇ ਤੇ ਬੈਠ ਗਿਆ। ਦਿਲ ਧੱਕ-ਧੱਕ ਕਰੀ ਜਾ ਰਿਹਾ ਸੀ ਤੇ ਉਹ ਪਸੀਨੇ ਨਾਲ਼ ਭਿੱਜਦਾ ਜਾ ਰਿਹਾ ਸੀ। ਉਸ ਦੀ ਬੇਬੇ ਚੁੱਲ੍ਹੇ ਲਾਗੇ ਚਲੀ ਗਈ ਤਾਂ ਉਹ ਫਿਰ ਅੰਦਰ ਵੜ ਕੇ ਕੱਪੜੇ ਪਾਉਣ ਲੱਗ ਪਿਆ। ਪ੍ਰੈਕਟੀਕਲ ਸ਼ੁਰੂ ਹੋਣ ਨੂੰ ਤਾਂ ਅਜੇ ਘੰਟੇ ਤੋਂ ਵੱਧ ਸਮਾਂ ਪਿਆ ਸੀ। ਉਸ ਦੀ ਬੇਬੇ ਅੰਦਰ ਆਈ ਤੇ ਦਹੀਂ ਵਾਲ਼ੀ ਕੌਲੀ ਮੇਜ਼ ਤੇ ਰੱਖਦੀ ਬੋਲੀ। 'ਹੁਣ ਐਥੇ ਰਹਿਣ ਦਾ ਕੋਈ ਹੱਜ ਨਹੀਂ। ਆਗਰੇ ਹੀ ਦਫ਼ਾ ਹੋ ਜਾ ਆਹ ਕਲਾਸ ਕਰ ਕੇ।'

ਉਹ ਫਿਰ ਵੀ ਕੁਝ ਨਾ ਬੋਲਿਆ। ਪ੍ਰੈਕਟੀਕਲ ਵਾਲ਼ੀ ਕਾਪੀ ਸਾਇਕਲ ਦੀ ਟੋਕਰੀ

ਵਿਚ ਰੱਖੀ ਤੇ ਬਾਹਰ ਨਿਕਲ਼ ਗਿਆ। ਕਾਫ਼ੀ ਦੂਰ ਜਾ ਕੇ ਖਿਆਲ ਆਈਆ ਕਿ ਦਹੀਂ ਖਾਣਾ ਤਾਂ ਉਹ ਭੁੱਲ ਹੀ ਗਿਆ ਸੀ। ਉਹ ਰੋਪੜ ਗਿਆ ਤੇ ਮੱਲ੍ਹਮ ਵਾਲੀ ਟਿਊਬ ਖਰੀਦ ਕੇ ਫਿਰ ਸਰਵਰਪੁਰ ਚਲਾ ਆਇਆ। ਕੁਲਦੀਪ ਦੇ ਘਰ ਦੇ ਬਾਹਰ ਸਾਇਕਲ ਖੜ੍ਹਾ ਕਰ ਕੇ ਅੰਦਰ ਜਾ ਵੜਿਆ। ਰਸ਼ਮਿੰਦਰ ਸ਼ੀਸ਼ੇ ਮੂਹਰੇ ਖੜ੍ਹੀ ਵਾਲ਼ ਵਾਹ ਰਹੀ ਸੀ।

'ਮਾਮੀ ਜੀ, ਆਹ ਮੱਲ੍ਹਮ ਏਂ ਤੁਹਾਡੀ।'

ਉਸ ਨੇ ਗਲ਼ੀ ਵਾਲ਼ਾ ਗੇਟ ਅੰਦਰੋਂ ਬੰਦ ਕਰ ਲਿਆ ਤੇ ਬੋਲੀ, 'ਆ ਜਾ ਦੇਵ.... ਚੁਬਾਰੇ ਵਿਚ ਉੱਤੇ ਹੀ ਲੈ ਆ।'

'ਨਹੀਂ ਮਾਮੀ ਜੀ... ਮੈਂ ਜਾਣਾ ਏਂ... ਮੇਰਾ ਪ੍ਰੈਕਟੀਕਲ ਦਾ ਪੇਪਰ ਏ ਅੱਜ।'

'ਕੋਈ ਨਾ... ਤੂੰ ਉੱਤੇ ਆ ਜਾ.... ਚਲਾ ਜਾਵੀਂ।' ਉਹ ਪੌੜੀਆਂ ਚੜ੍ਹ ਗਈ।

ਚੁਬਾਰੇ ਅੰਦਰ ਵੜ ਕੇ ਦੇਵ ਮੱਲ੍ਹਮ ਵਾਲ਼ੀ ਟਿਊਬ ਮੁੜ ਉਸ ਨੂੰ ਫੜਾਉਣ ਲੱਗਾ। ਉਹ ਬੋਲੀ, 'ਬਹਿ ਜਾ ਦੇਵ.... ਨਨੂੰ ਨਨੂੰ ਕਿਉਂ ਕਰ ਰਿਹਾ ਏਂ?'

'ਨਹੀਂ ਮਾਮੀ ਜੀ ਲੇਟ ਹੋ ਜਾਵਾਂਗਾ।'

'ਤੂੰ ਐਧਰ ਆ.... ਮੇਰੇ ਮੱਲ੍ਹਮ ਲਾ ਪਹਿਲਾਂ।' ਉਸ ਨੇ ਪਲੰਘ ਤੇ ਬੈਠ ਦੇਵ ਵੱਲ ਨੂੰ ਪਿੱਠ ਕਰ ਕੇ ਕਮੀਜ਼ ਦਾ ਪਿਛਲਾ ਪੱਲਾ ਸਿਰੇ ਤੱਕ ਉੱਤੇ ਚੁੱਕ ਦਿੱਤਾ। ਦੇਵ ਸੰਗ ਵੀ ਗਿਆ ਤੇ ਘਬਰਾ ਵੀ। ਉਸ ਨੇ ਰਸ਼ਮਿੰਦਰ ਦੀ ਪਿੱਠ ਵੱਲ ਨੀਝ ਲਾ ਕੇ ਦੇਖਿਆ। ਦੁੱਧ ਵਰਗੇ ਸਫੈਦ ਪਿੰਡੇ ਤੇ ਧੱਫੜਾਂ ਦੇ ਨਕਸ਼ੇ ਜਿਹੇ ਬਣੇ ਹੋਏ ਸਨ।

'ਮਾਮੀ ਜੀ, ਮੈਂ ਲੇਟ ਹੋ ਜਾਵਾਂਗਾ। ਕੁਲਦੀਪ ਤੋਂ ਲੁਆ ਲੈਣੀ ਮੱਲ੍ਹਮ।' ਉਹ ਫਿਰ ਬੋਲਿਆ।

ਉਹ ਉੱਠੀ ਤੇ ਸਾਹ ਜਿਹਾ ਚੜ੍ਹਾਉਂਦੀ ਦੇਵ ਵੱਲ ਨੂੰ ਵਧ ਆਈ। ਉਸ ਦੀਆਂ ਅੱਖਾਂ ਕਿਸੇ ਨਸ਼ੇੜੀ ਵਾਂਗ ਅੱਧ-ਮਿੱਚੀਆਂ ਹੋ ਗਈਆਂ। ਉਸ ਨੇ ਦੇਵ ਦਾ ਹੱਥ ਫੜ ਲਿਆ ਤੇ ਆਪਣੀ ਬਾਂਹ ਉਸ ਦੇ ਲੱਕ ਦੁਆਲ਼ੇ ਵਲ਼ਦੀ ਬੋਲੀ। 'ਦੇਵ ਤੇਰੇ ਹੱਥਾਂ ਨਾਲ਼ ਹੀ ਮੈਨੂੰ ਅਰਾਮ ਆਉਣਾ ਏਂ ਹੁਣ। ਮੈਂ ਮਰ ਰਹੀ ਹਾਂ ਚੰਦਰਿਆ। ਤੂੰ ਸੰਗੀ ਕਿਉਂ ਜਾਂਦਾ ਏਂ?' ਦੇਵ ਨੂੰ ਖਿੱਚਦੀ ਉਹ ਪਲੰਘ ਉੱਤੇ ਡਿਗ ਪਈ। ਉਸ ਦਾ ਹੱਥ ਦੇਵ ਦੇ ਪਿੰਡੇ ਦੀ ਪਰਕਰਮਾ ਕਰਨ ਲੱਗ ਪਿਆ।

ਮਗਰੋਂ ਦੁੱਧ ਦਾ ਭਰਿਆ ਜਿਹੜਾ ਗਿਲਾਸ ਰਸ਼ਮਿੰਦਰ ਲੈ ਕੇ ਆਈ ਸੀ, ਉਹ ਅੱਗ ਵਾਂਗ ਤਪਿਆ ਪਿਆ ਸੀ।

'ਇਹਨੂੰ ਠੰਡਾ ਕਰ ਦੋ।' ਪਲੰਘ ਦੀ ਬਾਹੀ ਤੇ ਸਿਰ ਝੁਕਾਈ ਬੈਠਾ ਦੇਵ ਬੋਲਿਆ।

'ਇਹਨੂੰ ਵੀ ਠੰਡਾ ਕਰ ਦਿੰਦੀ ਹਾਂ ਦੇਵ।' ਉਹ ਹੱਸ ਕੇ ਬੋਲੀ।

ਕਾਲਜ ਵੱਲ ਨੂੰ ਬੜੀ ਤੇਜ਼ ਸਾਇਕਲ ਚਲਾਉਂਦਾ ਦੇਵ ਪਸੀਨੋ-ਪਸੀਨੀ ਹੋਇਆ ਪਿਆ ਸੀ।

ਕਾਲਜ ਪੁੱਜ ਸਾਇਕਲ ਸਟੈਂਡ ਤੇ ਖੜ੍ਹਾ ਕੇ ਦੌੜਦਾ ਹੋਇਆ ਉਹ ਕਮਿਸਟਰੀ ਲੈਬ ਵਿਚ ਵੜਿਆ ਤਾਂ ਪ੍ਰੈਕਟੀਕਲ ਸ਼ੁਰੂ ਹੋਏ ਨੂੰ ਵੀਹ ਮਿੰਟ ਲੰਘ ਗਏ ਸਨ।

'ਲੇਟ ਕਿਉਂ ਆਏ ਹੋ?' ਪ੍ਰੀਖਿਅਕ ਨੇ ਪੁੱਛਿਆ।

'ਜੀ ਮੇਰੀ ਮਾਮੀ... ਮੱਲ੍ਹਮ... ਸਰਵਰਪੁਰ.... ਧੱਫੜ ਹੋ ਗਏ ਸੀ।' ਉਹ ਪਤਾ ਨਹੀਂ ਕੀ ਕੀ ਬਕਣ ਲੱਗਾ ਕਿ ਸਾਰੇ ਹੱਸ ਪਏ।

ਪ੍ਰੈਕਟੀਕਲ ਵਿਚ ਹਰੇਕ ਪ੍ਰਖਿਆਰਥੀ ਨੂੰ ਦੋ ਦੋ ਕੰਪਾਊਂਡ ਦਿੱਤੇ ਗਏ ਸਨ ਜਿਨ੍ਹਾਂ ਵਿਚ ਚਾਰ ਐਲੀਮੈਂਟ ਸਨ। ਇਨ੍ਹਾਂ ਐਲੀਮੈਂਟਾਂ ਦੀ ਵੱਖ ਵੱਖ ਟੈਸਟਾਂ ਨਾਲ਼ ਪਛਾਣ ਕਰਨੀ ਸੀ। ਉਨ੍ਹਾਂ ਦਾ ਕਮਿਸਟਰੀ ਦਾ ਪ੍ਰੈਕਟੀਕਲ ਹਮੇਸ਼ਾ ਆਖ਼ਰੀ ਪੀਰਡਾਂ ਵਿਚ ਹੀ ਹੋਇਆ ਕਰਦਾ ਸੀ। ਪ੍ਰੋਫੈਸਰ ਚੋਪੜਾ ਸ਼ਾਹੀ ਤਬੀਅਤ ਦਾ ਬੰਦਾ ਸੀ। ਉਹ ਕਦੀ ਮੁੰਡਿਆਂ, ਕੁੜੀਆਂ ਦੀ ਹਾਜ਼ਰੀ ਨਹੀਂ ਸੀ ਲਾਉਂਦਾ ਹੁੰਦਾ। ਉਹ ਕਿਹਾ ਕਰਦਾ ਸੀ, 'ਜਿਸ ਨੇ ਪੜ੍ਹਨਾ ਹੈ ਪੜ੍ਹੋ, ਜਿਸ ਨੇ ਡੁੱਬਣਾ ਹੈ ਡੁੱਬੋ।'

ਦੇਵ ਨੇ ਪ੍ਰੈਕਟੀਕਲਾਂ ਵਾਲ਼ੀ ਕਾਪੀ ਜ਼ਰੂਰ ਤਿਆਰ ਕਰ ਲਈ ਸੀ, ਪਰ ਪ੍ਰੈਕਟੀਕਲ ਕੀਤੇ ਬਹੁਤ ਘੱਟ ਸਨ। ਦਰਅਸਲ ਲੈਬ-ਅਟੈਂਡੈਂਟ ਮਾਂਗੇ ਲਾਲ ਉਹਦਾ ਆੜੀ ਬਣ ਗਿਆ ਸੀ। ਉਹ ਹਰ ਦੂਜੇ ਤੀਜੇ ਦਿਨ ਉਨ੍ਹਾਂ ਕੋਲ਼ ਸਰਵਰਪੁਰ ਆ ਜਾਂਦਾ ਤੇ ਸਬਜ਼ੀਆਂ ਦਾ ਝੋਲ਼ਾ ਭਰ ਕੇ ਲੈ ਜਾਂਦਾ। ਉਸ ਨੇ ਉਸ ਨੂੰ ਕਮਿਸਟਰੀ ਦੇ ਸਲਾਨਾ ਪ੍ਰੈਕਟੀਕਲ ਦੇ ਪੇਪਰ ਦਾ ਫਿਕਰ ਨਾ ਕਰਨ ਲਈ ਕਿਹਾ ਹੋਇਆ ਸੀ। ਜਿਹੜੇ ਕੰਪਾਊਂਡ ਪ੍ਰੈਕਟੀਕਲ ਲਈ ਦਿੱਤੇ ਗਏ ਸਨ। ਉਨ੍ਹਾਂ ਦਾ ਮਾਂਗੇ ਲਾਲ ਨੂੰ ਪਹਿਲਾਂ ਹੀ ਪਤਾ ਸੀ। ਉਸ ਨੇ ਦੇਵ ਦਾ ਰੋਲ ਨੰਬਰ ਪੜ੍ਹਕੇ ਇਕ ਚਿੱਟ ਉੱਤੇ ਕੰਪਾਊਂਡਾਂ ਦੇ ਨਾਂ ਲਿਖੇ ਤੇ ਦੇਵ ਨੂੰ ਫੜਾ ਕੇ ਬੋਲਿਆ, 'ਪ੍ਰੈਕਟੀਕਲ ਕਰਨ ਦੀ ਲੋੜ ਨਹੀਂ। ਇਨ੍ਹਾਂ ਦੋਹਾਂ ਦੀ ਆਨਸਰ ਸ਼ੀਟ ਤੇ ਡਿਟੇਲ ਲਿਖਦੇ ।'

ਦੇਵ ਆਨਸਰ ਸ਼ੀਟ ਤੇ ਲਿਖਣ ਲੱਗ ਪਿਆ। ਅਚਾਨਕ ਉਸ ਦੀ ਨਿਗਾਹ ਪਿੱਛੇ ਖੜ੍ਹੇ ਪ੍ਰੀਖਿਅਕ ਵੱਲ ਚਲੀ ਗਈ। ਉਹ ਬੋਲਿਆ, 'ਤੂੰ ਦੋ ਐਲੀਮੈਂਟ ਲੱਭ ਵੀ ਲਏ?'

'ਹਾਂ ਜੀ।' ਦੇਵ ਨੇ ਕਿਹਾ।

'ਪ੍ਰਯੋਗ ਤਾਂ ਤੂੰ ਕੋਈ ਕੀਤਾ ਨਹੀਂ। ਤੇਰੇ ਸਾਲਟ ਵੀ ਉਵੇਂ ਪਏ ਨੇ।' ਉਹ ਬੋਲਿਆ।

ਦੇਵ ਦਾ ਮੂੰਹ ਉਡ ਗਿਆ। ਪ੍ਰੀਖਿਅਕ ਦੋਨੋਂ ਬੰਦ ਲਿਫਾਫੀਆਂ ਚੁੱਕ ਕੇ ਲੈ ਗਿਆ ਤੇ ਬਦਲ ਕੇ ਨਵੀਆਂ ਲਿਆ ਕੇ ਦੇ ਦਿੱਤੀਆਂ। ਜੋ ਕੁਝ ਲਿਖਿਆ ਸੀ ਉਸ ਉੱਤੇ ਕਾਟਾ ਵੀ ਫੇਰ ਗਿਆ।

ਪ੍ਰੋਫੈਸਰ ਗਿਆ ਤਾਂ ਮਾਂਗੇ ਲਾਲ ਪੈਰ ਮਲ਼ਦਾ ਉਹਦੇ ਕੋਲ਼ ਆ ਖੜ੍ਹਿਆ ਤੇ ਬੋਲਿਆ, 'ਦੇਵ ਯਾਰ ਹੁਣ ਤਾਂ ਪ੍ਰੈਕਟੀਕਲ ਤੈਨੂੰ ਆਪ ਕਰਨਾ ਪਵੇਗਾ। ਸਾਲਟ ਉਸ ਨੇ ਬਦਲ ਦਿੱਤੇ ਨੇ।'

'ਪਰ ਮੈਨੂੰ ਤਾਂ ਆਉਂਦਾ ਕੁਝ ਨਹੀਂ।' ਦੇਵ ਰੋਣਹਾਕਾ ਹੋ ਕੇ ਬੋਲਿਆ।

ਆਪਣੀ ਬੇਬਸੀ ਜਾਹਰ ਕਰ ਕੇ ਮਾਂਗੇ ਲਾਲ ਖਿੜਕੀ ਲਾਗੇ ਪਏ ਬੈਂਚ ਉੱਤੇ ਜਾ ਬੈਠਾ। 'ਵਕਤੋਂ ਖੁੰਝੀ ਡੂਮਣੀ ਗਾਵੇ ਆਲ਼-ਪਤਾਲ਼' ਵਾਲਾ, ਦੇਵ ਦਾ ਹਾਲ ਹੋਇਆ। ਉਹ ਤੱਕ ਨਾਲ਼ ਹੀ ਹੱਥ ਪੱਲਾ ਮਾਰੀ ਗਿਆ ਤੇ ਪ੍ਰੈਕਟੀਕਲ ਦੀ ਸਮਾਪਤੀ ਕਰਕੇ ਆਨਸਰ ਸ਼ੀਟ ਮਾਂਗੇ ਲਾਲ ਦੇ ਸਪੁਰਦ ਕਰ ਆਇਆ।

ਉਹ ਘਰ ਪੁੱਜਾ ਤਾਂ ਉਸ ਦੀ ਬੇਬੇ ਸੋਚਾਂ ਵਿਚ ਡੁੱਬੀ ਹੋਈ ਸੀ। ਉਸ ਨੇ ਅੰਦਰ ਵੜ

ਮੰਜੇ ਤੇ ਡਿਗ ਕੇ ਰੋਣਾ ਸ਼ੁਰੂ ਕਰ ਦਿੱਤਾ।

'ਕੀ ਹੋਇਆ ਹੁਣ?' ਉਹ ਅੰਦਰ ਆ ਕੇ ਬੋਲੀ।

'ਮੈਂ ਫੇਲ੍ਹ ਹੋ ਗਿਆ।'

'ਨਤੀਜਾ ਤਾਂ ਆਇਆ ਨ੍ਹੀ। ਫੇਲ੍ਹ ਕਿਵੇਂ ਹੋ ਗਿਆ?'

'ਸਾਰਾ ਪ੍ਰੈਕਟੀਕਲ ਗਲਤ ਹੋ ਗਿਆ ਬੇਬੇ।' ਦੇਵ ਨੇ ਧਾਹ ਮਾਰੀ।

'ਗਲਤ ਕਿਵੇਂ ਹੋ ਗਿਆ?'

ਦੇਵ ਉਸ ਅਨਪੜ੍ਹ ਨੂੰ ਕਿਵੇਂ ਸਮਝਾਉਂਦਾ ਕਿ ਗਲਤ ਕਿਵੇਂ ਹੋ ਗਿਆ। ਜਦੋਂ ਕਾਲਜ ਵਿਚ ਕਮਿਸਟਰੀ ਦਾ ਪ੍ਰੈਕਟੀਕਲ ਚਲਦਾ ਹੁੰਦਾ ਸੀ, ਉਹ ਕੁਲਦੀਪ ਕੋਲ਼ ਬੈਠਾ ਆਸ਼ਕੀ ਕਰ ਰਿਹਾ ਹੁੰਦਾ ਸੀ। ਇਹ ਉੱਤਰ ਸੀ ਕਿ ਉਸਦਾ ਪ੍ਰੈਕਟੀਕਲ ਗਲਤ ਕਿਵੇਂ ਹੋ ਗਿਆ, ਪਰ ਉਹ ਆਪਣੀ ਬੇਬੇ ਨੂੰ ਕੀ ਦੱਸਦਾ?

'ਐਥੇ ਰੋ ਕੇ ਕੀ ਬਣਨਾ ਏਂ? ਤੂੰ ਮਿਲ ਉਹਨੂੰ ਜਾ ਕੇ ਜੀਹਨੇ ਪ੍ਰੈਕਟੀਕਲ ਲਿਆ ਏ। ਬਾਸਮਤੀ ਦੇ ਪੰਜ ਸੇਰ ਚੌਲ ਪਏ ਨੇ, ਝੁਲਸ ਆ ਮੂੰਹ ਮੱਥਾ।' ਉਸ ਦੀ ਬੇਬੇ ਨੇ ਕਿਹਾ।

ਚੌਲ਼ ਤਾਂ ਉਹ ਨਾ ਲੈ ਕੇ ਗਿਆ ਪਰ ਕਾਲਜ ਜ਼ਰੂਰ ਪਹੁੰਚ ਗਿਆ। ਪਤਾ ਲੱਗਾ ਕਿ ਪ੍ਰੀਖਿਅਕ ਤਾਂ ਟਰੇਨ ਫੜਨ ਲਈ ਰੇਲਵੇ ਸਟੇਸ਼ਨ ਤੇ ਜਾ ਪੁੱਜਾ ਸੀ। ਉਸ ਨੇ ਸਟੇ ਸ਼ਨ ਵੱਲ ਨੂੰ ਸਾਇਕਲ ਦੌੜਾਇਆ। ਪ੍ਰੀਖਿਅਕ ਪਲੇਟ ਫਾਰਮ ਦੇ ਬੈਂਚ ਤੇ ਬੈਠਾ ਸੀ ਤੇ ਮਾਂਗੇ ਲਾਲ ਉਹਦੇ ਕੋਲ਼ ਖੜ੍ਹਾ ਸੀ। ਦੇਵ ਨੇ ਮਾਂਗੇ ਲਾਲ ਨੂੰ ਇਸ਼ਾਰੇ ਨਾਲ਼ ਸੱਦਿਆ। ਉਹ ਆ ਗਿਆ ਤੇ ਦੇਵ ਨੂੰ ਕਿਹਾ, 'ਪੈਰ ਫੜ ਲੈ ਜਾ ਕੇ।'

ਦੇਵ ਗਿਆ ਤੇ ਆਪਣਾ ਸਿਰ ਬੈਂਚ ਤੇ ਬੈਠੇ ਪ੍ਰੀਖਿਅਕ ਦੇ ਪੈਰਾਂ' ਚ ਰੱਖ ਦਿੱਤਾ। ਪ੍ਰੀਖਿਅਕ ਨੇ ਉਸ ਨੂੰ ਮੋਢੇ ਤੋਂ ਫੜ ਕੇ ਝੰਝੋੜਿਆ ਤਾਂ ਉਹ ਉਠ ਖੜ੍ਹਾ ਹੋਇਆ ਤੇ ਬੋਲਿਆ, 'ਪ੍ਰੋਫੈਸਰ ਸਾਹਬ ਤੁਹਾਡੇ ਰੱਖਣ ਦਾ ਹਾਂ ਮੈਂ। ਮੇਰਾ ਸਾਰਾ ਪ੍ਰੈਕਟੀਕਲ ਗਲਤ ਹੋ ਗਿਆ ਏ। ਮੈਨੂੰ ਪਾਸ ਕਰ ਦੇਣਾ।'

'ਜੀ ਇਹ ਮੁੰਡਾ ਮੇਰਾ ਖਾਸ ਏ। ਕਿਰਪਾ ਕਰ ਦਿਓ।' ਮਾਂਗੇ ਲਾਲ ਨੇ ਸਿਫਾਰਿਸ਼ ਕੀਤੀ।

'ਅਰੇ ਭਈ ਅਗਰ ਖ਼ਾਸ ਏ ਤਾਂ ਮੈਂ ਕੇ ਕਰਸਾਂ?'

'ਜੀ ਮੈਂ ਫੇਲ੍ਹ ਹੋ ਜਾਵਾਂਗਾ। ਪਿਓ ਦੀ ਮੌਤ ਹੋ ਜਾਣ ਕਰ ਕੇ ਮੈਂ ਪੜ੍ਹ ਨਹੀ ਸਕਿਆ।'

'ਅਰੇ ਭਈ ਇਸ ਸਾਲ ਰਹਿ ਜਾਸੀ, ਅਗਲੇ ਸਾਲ ਪਾਸ ਹੋ ਜਾਸੀ। ਇਹ ਕੁੰਭ ਦਾ ਮੇਲਾ ਤੇ ਹੈ ਨਹੀਂ ਜੇ।' ਪ੍ਰੋਫੈਸਰ ਬੋਲਿਆ।

ਉਸਨੇ ਆਪਣੇ ਰੋਲ ਨੰਬਰ ਵਾਲ਼ੀ ਪਰਚੀ ਕੱਢਕੇ ਪ੍ਰੋਫੈਸਰ ਅੱਗੇ ਧਰ ਦਿੱਤੀ ਤੇ ਬੋਲਿਆ, 'ਸਰ, ਤੁਹਾਡਾ ਅਹਿਸਾਨ ਨਹੀਂ ਭੁੱਲਾਂਗਾ ਜ਼ਿੰਦਗੀ ਭਰ.... ਕਰ ਦੇਣੀ ਕਿਰਪਾ।'

ਪ੍ਰੋਫੈਸਰ ਕੁਝ ਵੀ ਨਾ ਬੋਲਿਆ। ਦੇਵ ਸਾਇਕਲ ਚੁੱਕ ਪ੍ਰੋਫੈਸਰ ਨੂੰ ਗਾਹਲ਼ਾਂ ਕੱਢਦਾ ਸਰਵਰਪੁਰ ਨੂੰ ਚੱਲ ਪਿਆ। ਕੁਝ ਵਾਹੂ ਸੋਚਾਂ ਨੇ ਉਸ ਨੂੰ ਐਧਰ-ਉੱਧਰ ਖਿੱਚਿਆ ਵੀ,

ਪਰ ਹਰ ਵਾਰ ਕੁਲਦੀਪ ਉਸ ਨੂੰ ਮੂਹਰੇ ਖੜ੍ਹੀ ਦਿਖਦੀ ਰਹੀ। ਘਰ ਪੁੱਜਾ ਤਾਂ ਸ਼ਾਮ ਪੈ ਚੁੱਕੀ ਸੀ। ਉਨ੍ਹਾਂ ਦੇ ਦਰਾਂ ਵਿਚ ਕਿਸੇ ਨੇ ਆਪਣਾ ਟਰੱਕ ਐਨ ਗਲ਼ੀ ਦੇ ਗੱਭੇ ਖੜ੍ਹਾਇਆ ਹੋਇਆ ਸੀ। ਉਹ ਅੰਦਰ ਵੜਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ। ਉਸ ਦੇ ਪਿੰਡ ਦੇ ਚਾਰ ਪੰਜ ਮੁੰਡੇ ਮੰਜਿਆਂ ਉੱਤੇ ਬੈਠੇ ਬਿਸਕੁਟਾਂ ਨਾਲ਼ ਚਾਹ ਪੀ ਰਹੇ ਸਨ। ਉਨਾਂ ਵਿਚ ਉਸ ਦਾ ਮਿੱਤਰ ਬਸ਼ੀਰ ਵੀ ਸੀ, ਜਿਹੜਾ ਪ੍ਰੈਕਟੀਕਲਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸ ਨੂੰ ਮਿਲ ਕੇ ਗਿਆ ਸੀ। ਬਾਹਰ ਜਿਹੜਾ ਟਰੱਕ ਖੜ੍ਹਾ ਸੀ, ਉਹ ਉਨ੍ਹਾਂ ਦੇ ਪਿੰਡ ਦੇ ਰਣ ਸਿੰਘ ਦੇ ਮੁੰਡੇ ਗਿਆਨੇ ਦਾ ਸੀ। ਉਹ ਰੋਪੜ ਦੀ ਮੰਡੀ ਵਿਚ ਵੱਛੇ ਵੇਚ ਕੇ ਆਏ ਸਨ ਤੇ ਬਸ਼ੀਰ ਉਨ੍ਹਾਂ ਨੂੰ ਮੱਲੋ-ਮੱਲੀ ਸਰਵਰਪੁਰ ਲੈ ਆਇਆ ਸੀ। ਬਸ਼ੀਰ ਦੇਵ ਨੂੰ ਉਠਾਲ਼ ਕੇ ਇਕ ਪਾਸੇ ਲੈ ਗਿਆ। ਉਸ ਨੇ ਦੱਸਿਆ ਕਿ ਨੌਮੀਂ ਵਾਲ਼ੇ ਦਿਨ ਜਿਨ੍ਹਾਂ ਬੰਦਿਆਂ ਨੇ ਫਕੀਰੀਏ ਤੇ ਹਮਲਾ ਕੀਤਾ ਸੀ ਉਹ ਫੜੇ ਗਏ ਸਨ। ਉਨ੍ਹਾਂ ਨੇ ਆਪਣਾ ਜ਼ੁਰਮ ਵੀ ਇਕਬਾਲ ਕਰ ਲਿਆ ਸੀ।

'ਇਹ ਕਿਵੇਂ ਹੋ ਗਿਆ? ਹਮਲਾ ਤਾਂ ਆਪਾਂ ਕੀਤਾ ਸੀ। ਉਹ ਕਿਵੇਂ ਫੜੇ ਗਏ?'

'ਯਾਰ ਤੂੰ ਕਮਲਾ ਏਂ। ਚੁਸਤ-ਫੁਰਤ ਪੁਲੀਸ ਨੇ ਕਿਸੇ ਨੂੰ ਤਾਂ ਫੜਨਾ ਹੀ ਸੀ।' ਉਹ ਹੱਸਿਆ।

ਉਹ ਆ ਕੇ ਮੁੜ ਮੰਜਿਆਂ ਤੇ ਬੈਠੇ ਤਾਂ ਦੇਵ ਦੀ ਬੇਬੇ ਬੋਲੀ, 'ਆਪਾਂ ਹੁਣੇ ਇਨ੍ਹਾਂ ਦੇ ਨਾਲ਼ ਵਾਪਸ ਚਲੇ ਜਾਣਾ ਏਂ।'

'ਹੁਣੇ ਕਿਵੇਂ ਚਲੇ ਜਾਵਾਂਗੇ? ਬੰਦਿਆਂ ਨੂੰ ਮਿਲ ਕੇ ਹੀ ਜਾਵਾਂਗੇ।' ਦੇਵ ਬੋਲਿਆ।

'ਹੋਰ ਕੀਹਨੂੰ ਮਿਲਣਾ ਏਂ ਤੂੰ? ਬਹੁਤਾ ਮੇਲਾ ਮਾਰਿਆ ਜਾਂਦਾ ਏ? ਚੁੱਪ-ਚਾਪ ਉੱਠ ਕੇ ਸਮਾਨ ਲਦਵਾ ਦੇ।'

'ਸਮਾਨ ਤਾਂ ਪਿਆ ਰਹਿਣ ਦੇ। ਫੇਰ ਵੀ ਤਾਂ ਆਉਣਾ ਏਂ।' ਦੇਵ ਨੇ ਕਿਹਾ।

'ਨਹੀਂ ਆਉਣਾ ਫੇਰ... ਭੁੱਲ ਜਾ ਦੇਵ, ਹੁਣ ਤੂੰ ਐਥੇ ਨਹੀਂ ਪੜ੍ਹਨਾ, ਜਾਵੀਂ ਰਾਮ ਸਿੰਘ ਕੋਲ਼।'

ਮੁੰਡਿਆਂ ਨੇ ਮੰਜੇ, ਕੁਰਸੀਆਂ, ਮੇਜ਼, ਅਲਮਾਰੀ, ਕਿਤਾਬਾਂ ਬਗੈਰਾ ਟਰੱਕ ਵਿਚ ਲੱਦ ਲਏ।

'ਕੁਝ ਘਰਾਂ ਨੂੰ ਦੱਸ ਤਾਂ ਦੇਈਏ ਕਿ ਅਸੀਂ ਚੱਲੇ ਹਾਂ।' ਦੇਵ ਫਿਰ ਬੋਲਿਆ।

'ਹੋਰ ਕੀਹਨੂੰ ਦੱਸਣਾ ਚਾਹੁੰਦਾ ਏਂ ਤੂੰ? ਤੇਰੇ ਮੈਂ ਗਿੱਟੇ ਛਾਂਗ ਦਿਆਂਗੀ।' ਉਹ ਕੜਕੀ।

ਜਾਣ ਲੱਗਿਆਂ ਭਾਗਵੰਤੀ ਨੇ ਵੱਡੇ ਗੇਟ ਨੂੰ ਜਿੰਦਾ ਲਾਇਆ ਤੇ ਦੇਵਾ ਦੇ ਘਰ ਚਾਬੀ ਫੜਾ ਆਈ। ਉਹ ਟਰੱਕ ਵਿਚ ਮੂਹਰੇ ਬੈਠ ਗਈ ਤੇ ਬਾਕੀ ਦੇ ਸਾਰੇ ਪਿੱਛੇ ਚੜ੍ਹ ਗਏ। ਬਸ਼ੀਰ ਨੇ ਫੌਜ ਵਿਚ ਆਪਣੀ ਰੰਗਰੂਟੀ ਦੀਆਂ ਗੱਲਾਂ ਤੋਰ ਲਈਆਂ। ਦੇਵ ਦਾ ਮਨ ਬਾਰ-ਬਾਰ ਕੁਲਦੀਪ ਦੇ ਘਰ ਘੁੰਮ ਰਿਹਾ ਸੀ। ਕਦੀ ਕੁਲਦੀਪ ਅੱਖਾਂ ਭਰੀ ਖੜ੍ਹੀ ਦਿਖਾਈ ਦਿੰਦੀ ਤੇ ਕਦੀ ਉਸਦੇ ਮੁੜੰਗੇ ਵਾਲ਼ੀ ਉਹਦੀ ਮੰਮੀਂ ਰਸ਼ਮਿੰਦਰ, ਜਿਸ ਨੇ ਹੱਥ ਵਿਚ ਮੱਲ੍ਹਮ ਵਾਲ਼ੀ ਟਿਊਬ ਫੜੀ ਹੁੰਦੀ। ਦੇਵ ਦੇ ਮਨ ਦਾ ਕੁਝ ਹਿੱਸਾ ਟਰੱਕ ਵਿਚ ਵੀ ਮੌਜੂਦ ਸੀ, ਤਦੇ ਤਾਂ ਜਦੋਂ ਮੁੰਡੇ ਹੱਸਦੇ, ਉਹ ਵੀ ਹੱਸ ਪੈਂਦਾ।

## 00
# ਸੱਠ

ਪਿੰਡ ਪਹੁੰਚ ਟਰੱਕ’ ਚੋਂ ਸਮਾਨ ਲਾਹ ਕੇ ਮੁੰਡਿਆਂ ਨੇ ਹੱਥੋ-ਹੱਥੀ ਘਰ ਪੁਜਾ ਦਿੱਤਾ। ਭਾਂਅ-ਭਾਂਅ ਕਰਦਾ ਭਾਗਵੰਤੀ ਦਾ ਕੋਠਾ ਫਿਰ ਨਿਕ-ਸੁਕ ਨਾਲ਼ ਭਰ ਗਿਆ। ਅਗਲੇ ਦਿਨ ਹੀ ਗੋਹੇ ਮਿੱਟੀ ਨਾਲ਼ ਲਿੱਪ ਕੇ ਉਸ ਨੇ ਇਓਟੇ, ਹਾਰੇ ਅਤੇ ਚੁੱਲ੍ਹੇ ਨੂੰ ਤਲ਼ੀ ਫੇਰ ਦਿੱਤੀ। ਰੋਮਾਂ ਦੇ ਬਣਾਏ ਮੋਰ ਚਿੜੀਆਂ ਸਭ ਤਲ਼ੀ ਦੇ ਹੇਠ ਗਾਇਬ ਹੋ ਗਏ। ਭਾਗਵੰਤੀ ਨੇ ਜਿਵੇ ਂ ਕੁਲਦੀਪ ਦੇ ਨਾਲ਼ ਨਾਲ਼ ਦੇਵ ਕੋਲੋਂ ਰੋਮਾਂ ਦੀ ਯਾਦ ਨੂੰ ਵੀ ਖੋਹ ਲੈਣਾ ਚਾਹਿਆ ਹੋਵੇ। ਸ਼ਾਮ ਨੂੰ ਬਸ਼ੀਰ ਆਇਆ ਤੇ ਦੇਵ ਨੂੰ ਘਰੋਂ ਸੱਦ ਕੇ ਲੈ ਗਿਆ। ਉਸ ਨੇ ਉਸ ਨੂੰ ਰੰਮ ਪਿਲਾਈ ਤੇ ਮੀਟ ਨਾਲ਼ ਰੋਟੀ ਵੀ ਖੁਆਈ। ਬਸ਼ੀਰ ਆਪਣੀ ਮਿਲਟਰੀ ਜਾਬ ਤੋਂ ਖੁਸ਼ ਸੀ। ਕਲੈਰੀਕਲ ਜਾਬ ਹੋਣ ਕਰਕੇ ਉਸ ਦਾ ਵਾਹ ਵੱਡੇ ਵੱਡੇ ਅਫ਼ਸਰਾਂ ਨਾਲ਼ ਵੀ ਪੈਂਦਾ ਸੀ। ਸਾਰੇ ਉਸ ਦਾ ਆਦਰ ਕਰਦੇ ਸਨ। ਖਾਣ-ਪੀਣ ਦੀ ਵੀ ਕੋਈ ਘਾਟ ਨਹੀਂ ਸੀ। ਉਹ ਦੇ ਵ ਲਈ ਇਕ ਟਰਾਂਜਿਸਟਰ, ਟਾਈ ਅਤੇ ਟਾਈਮਪੀਸ ਲਿਆਇਆ ਸੀ, ਜਿਸਦਾ ਅਲਾਰਮ ਹੂਬਹੂ ਕੋਇਲ ਵਾਂਗ ਕੂਕਦਾ ਸੀ। ਉਸ ਨੇ ਆਪਣੀ ਬਾਰਾਂ ਬੋਰ ਦੀ ਨਵੀਂ ਰਾਈਫਲ਼ ਵੀ ਦਿਖਾਈ ਜੋ ਮੇਰਠ ਤੋ ਖਰੀਦੀ ਸੀ। ਅੱਜ ਵੀ ਉਨ੍ਹਾਂ ਦੇ ਘਰ ਤਿੱਤਰਾਂ ਦਾ ਮੀਟ ਰਿੱਝਿਆ ਸੀ, ਜਿਹੜੇ ਉਹ ਖੁਦ ਮਾਰ ਕੇ ਲਿਆਇਆ ਸੀ।

‘ਆਪਾਂ ਹੁਣ ਜਿੰਨੀ ਦੇਰ ਮੈਂ ਛੁੱਟੀ ਤੇ ਹਾਂ, ਸ਼ਾਮ ਨੂੰ ਸ਼ਿਕਾਰ ਤੇ ਚੱਲਿਆ ਕਰਾਂਗੇ ।’ ਉਸ ਨੇ ਕਿਹਾ।

‘ਠੀਕ ਏ ਮੇਰਾ ਵੀ ਟਾਈਮ ਪਾਸ ਹੋ ਜਾਇਆ ਕਰੂ। ਮੇਰਾ ਤਾਂ ਧੋਬੀ ਦੇ ਕੁੱਤੇ ਵਾਲ਼ਾ ਹਾਲ ਹੋਇਆ ਪਿਆ ਏ।’

‘ਕਿਉਂ? ਐਸੀ ਕਿਹੜੀ ਗੱਲ ਹੋ ਗਈ?’ ਬਸ਼ੀਰ ਨੇ ਪੁੱਛਿਆ।

ਉਹ ਕੁਲਦੀਪ ਨਾਲ਼ ਪਿਆਰ ਦੀ ਕਹਾਣੀ ਉਸ ਨੂੰ ਦੱਸਣ ਹੀ ਲੱਗਾ ਸੀ ਕਿ ਘਰੋਂ ਬੁਲਾਵਾ ਆ ਗਿਆ। ਹੇਠਾਂ ਗਲ਼ੀ ਵਿਚ ਖੜ੍ਹਾ ਕੋਈ ‘ਦੁਖੀ, ਦੁਖੀ’ ਕਹਿ ਕੇ ਅਵਾਜ਼ਾਂ ਮਾਰ ਰਿਹਾ ਸੀ। ਉਹ ਹੇਠ ਗਿਆ ਤਾਂ ਰੋੜਿਆਂ ਦਾ ਬੱਲੀ ਸੀ। ਉਸ ਨੇ ਦੱਸਿਆ ਕਿ ਉਸ ਦਾ ਮਾਮਾ ਉਸ ਨੂੰ ਛੇਤੀ ਘਰ ਆਉਣ ਲਈ ਕਹਿ ਰਿਹਾ ਸੀ। ਉਹ ਘਰ ਗਿਆ ਤਾਂ ਘਨ੍ਹੱਈਆ ਉਸ ਨੂੰ ਪੈ ਨਿਕਲ਼ਿਆ। ਉਹ ਉੱਚੀ ਉੱਚੀ ਬੋਲ ਕੇ ਉਸ ਨੂੰ ਲਾਅਣਤਾਂ ਦੇਣ ਲੱਗਾ। ਭਾਗਵੰਤੀ ਨੇ ਜੋ ਸਰਵਰਪੁਰ ਅੱਖੀਂ ਡਿੱਠਾ ਸੀ, ਸਭ ਕੁਝ ਉਸ ਨੂੰ ਦੱਸ ਦਿੱਤਾ ਸੀ। ਉਸ ਕਰਕੇ ਵੀ ਤੇ ਪੇਪਰਾਂ ਵਿਚ ਉਡਾਈ ਸੁਆਹ ਕਰਕੇ ਵੀ ਉਹਦਾ ਮਾਮਾ ਲੋਹਾ-ਲਾਖਾ ਹੋ ਰਿਹਾ ਸੀ। ਭਾਗਵੰਤੀ ਵੀ ਉਹਦੇ ਵਾਂਗ ਹੀ ਸੁਣਾਉਂਤਾਂ ਸੁਣਾਉਂਦੀ ਰਹੀ। ਦੋਨਾਂ ਦੇ ਸ਼ਬਦੀ ਹਮਲੇ ਨੇ ਦੇਵ ਦੀ ਮੱਤ ਮਾਰ ਦਿੱਤੀ। ਉਹ ਵਿਚਕਾਰਲੇ ਦਰਵਾਜ਼ੇ ਦੀ ਦੇਹਲੀ ਤੇ ਸਿਰ ਝੁਕਾਈ ਬੈਠਾ ਸਭ ਸੁਣਦਾ ਰਿਹਾ। ਜਦੋਂ ਬੋਲ ਬੋਲ ਕੇ ਦੋਨੋਂ ਥੱਕ ਗਏ ਤਾਂ ਘਨ੍ਹੱਈਏ ਨੇ ਪੁੱਛਿਆ, ‘ਹੁਣ ਕੀ ਕਰਨਾ ਚਾਹੁੰਦਾ ਏਂ ਤੂੰ?’

‘ਮੈਂ ਤਾਂ ਕੋਈ ਨੌਕਰੀ ਕਰੂੰਗਾ।’

'ਚਪੜਾਸੀ ਦੀ ਨੌਕਰੀ ਮਿਲਜੂ ਤੈਨੂੰ। ਹੋਰ ਕਿਹੜਾ ਤੂੰ ਡੀ. ਸੀ. ਲੱਗ ਜਾਵੇਂਗਾ?' ਘਨ੍ਹੱਈਆ ਬੋਲਿਆ ਤਾਂ ਦੇਵ ਸੋਚਣ ਲੱਗਾ ਕਿ ਉਹ ਆਪ ਕਿਹੜਾ ਡੀ. ਸੀ. ਲੱਗ ਗਿਆ ਸੀ। ਕੱਪੜੇ ਹੀ ਸਿਉਂਦਾ ਸੀ।

'ਮੈਂ ਚਪੜਾਸੀ ਹੀ ਠੀਕ ਹਾਂ।' ਦੇਵ ਨੇ ਕਿਹਾ।

'ਦੁਰ ਫਿਟੇ ਮੂੰਹ ਤੇਰਾ... ਹੁਣ ਲੋਕਾਂ ਵਿਚ ਨੱਕ ਵਢਾਏਂਗਾ ਮੇਰਾ? ਕੀ ਕਹਿਣਗੇ ਲੋਕ? ਐਡੇ ਐਡੇ ਦਮਗਜ਼ੇ ਮਾਰਦਾ ਫਿਰਦਾ ਸੀ ਘਨ੍ਹੱਈਆ... ਭਾਣਜਾ ਚਪੜਾਸੀ ਲੱਗ ਗਿਆ ਏ। ਘਨ੍ਹੱਈਏ ਭਾਈ-ਵਧਾਈਆਂ ਹੋਣ ਤੈਨੂੰ।'

'ਅਜੇ ਉਡੀਕ ਤਾਂ ਲਓ। ਜੇ ਮੈਂ ਪਾਸ ਹੋ ਗਿਆ ਤਾਂ ਅੱਗੇ ਪੜ੍ਹ ਲਵਾਂਗਾ। ਦੇਵ ਸੋਚ ਸੋਚ ਕੇ ਬੋਲਿਆ।'

'ਰੋਪੜ ਤਾਂ ਮੈਂ ਇਹਨੂੰ ਭੇਜਣਾ ਨੀ।' ਭਾਗਵੰਤੀ ਪੂਰੀ ਹਰਖ਼ੀ ਬੈਠੀ ਸੀ।

'ਕੋਈ ਨਾ ਰਾਮ ਸਿੰਘ ਨਾਲ਼ ਸਲਾਹ ਕਰਦੇ ਹਾਂ। ਉੱਥੇ ਹੀ ਟੰਗੋ ਇਹਨੂੰ ਲੱਗੇ ਪਤਾ, ਪੜ੍ਹਾਈਆਂ ਕਿਵੇਂ ਹੁੰਦੀਆਂ ਨੇ।' ਘਨ੍ਹੱਈਏ ਨੇ ਕਿਹਾ।

'ਤੂੰ ਇਹਨੂੰ ਦਰਜ਼ੀ ਦਾ ਕੰਮ ਹੀ ਸਿਖਾ ਦੇ। ਰੋਟੀ ਜੋਗਾ ਤਾਂ ਹੋ ਹੀ ਜਾਊ।' ਉਹ ਬੋਲੀ।

'ਮੈਂ ਨ੍ਹੀ ਬਣਨਾ ਦਰਜ਼ੀ- ਦੁਰਜ਼ੀ।' ਦੇਵ ਉੱਚੀ ਦੇਣੇ ਬੋਲਿਆ।

'ਦਹਾੜਦਾ ਦੇਖ ਲੈ ਰੁੜ੍ਹ ਜਾਣਾ ਕਿਵੇਂ ਆ... ਜਿਵੇਂ ਸ਼ੇਰ ਹੁੰਦਾ ਏ।' ਭਾਗਵੰਤੀ ਬੋਲੀ।

'ਰਿੰਨਦਾ ਰਹਿ ਗਿਆ ਖੀਰ ਘਨ੍ਹੱਈਆ ਬਣ ਗਿਆ ਸਾਲ਼ਾ ਦਲ਼ੀਆ।' ਘਨ੍ਹੱਈਆ ਰੋ ਪਿਆ ਤਾਂ ਭਾਗਵੰਤੀ ਬੋਲੀ, 'ਤੂੰ ਕਾਹਨੂੰ ਦਿਲ ਛੋਟਾ ਕਰਦੈਂ?... ਮੈਂ ਤਾਂ ਕਿਹਾ ਸੀ, ਉਦੋਂ ਹੀ ਸੁਟ ਦਿੰਦੇ ਜਾ ਕੇ ਦਰਿਆ ਵਿਚ ਢੈਅ ਜਾਣੇ ਨੂੰ ਜਦੋਂ ਜੰਮਿਆਂ ਸੀ ਇਹ ਨਹਿਸ਼।'

'ਦਰਿਆ ਜ਼ਰੂਰੀ ਤਾਂ ਨਹੀਂ.... ਨਹਿਰ ਵਗਦੀ ਏ ਚੌਦਾਂ ਫੁੱਟੀ। ਹੁਣੇ ਡੁੱਬ ਮਰਦੈਂ ਜਾਕੇ।' ਦੇਵ ਬੋਲਿਆ।

ਸਾਰੇ ਜਣੇ ਚੁੱਪ ਹੋ ਗਏ। ਕੋਠੜੀ ਵਿਚ ਮੰਜੇ ਨਾਲ਼ ਮੰਜਾ ਹੋਈ ਪਈ ਦੇਵ ਦੀ ਨਾਨੀ ਚਿੰਦੀ ਦੀਆਂ ਹੂੰਗਰਾਂ ਸੁਣਾਈ ਦੇਣ ਲੱਗ ਪਈਆਂ। ਜਦੋਂ ਦੇਵ ਸਰਵਰਪੁਰ ਤੋਂ ਆਇਆ ਸੀ, ਉਸ ਨੇ ਕੋਠੜੀ' ਚ ਵੜ ਕੇ ਉਸ ਨੂੰ ਮੱਥਾ ਟੇਕਿਆ ਸੀ, ਪਰ ਉਸ ਨੂੰ ਦੁਨੀਆਂ ਦੀ ਕੋਈ ਸੁੱਧ-ਬੁੱਧ ਨਹੀਂ ਸੀ। ਹਮੇਸ਼ਾ ਮੰਜੇ ਤੇ ਪਈ ਰਹਿਣ ਕਰਕੇ ਉਸ ਦੇ ਦੋਨਾਂ ਮੋਢਿਆਂ ਤੇ ਜ਼ਖ਼ਮਾਂ ਦੀਆਂ ਟਾਕੀਆਂ ਬਣ ਗਈਆਂ ਸਨ। ਜਿਨ੍ਹਾਂ ਵਿੱਚੋਂ ਚਿੱਟਾ ਗਾੜ੍ਹਾ ਪਾਣੀ ਰਿਸ ਰਿਹਾ ਸੀ। ਜਦੋਂ ਦੇਵ ਕੋਠੜੀ' ਚੋਂ ਬਾਹਰ ਨਿਕਲ਼ਿਆ ਸੀ, ਉਸ ਦੀਆਂ ਅੱਖਾਂ ਹੰਝੂਆਂ ਨਾਲ਼ ਭਰੀਆਂ ਪਈਆਂ ਸਨ।

ਉਸ ਦੀਆਂ ਹੂੰਗਰਾਂ ਸੁਣ ਕੇ ਭਾਗਵੰਤੀ ਕੋਠੜੀ ਅੰਦਰ ਜਾ ਵੜੀ ਤੇ 'ਮਾਂ' 'ਮਾਂ' ਕਹਿਕੇ ਉਸ ਨੂੰ ਬੁਲਾਉਣ ਲੱਗੀ। ਉਸ ਨੂੰ ਘੁੱਟਦੀ ਵੀ ਰਹੀ। ਦੇਵ ਉੱਥੋਂ ਆਪਣੇ ਕੋਠੇ' ਚ ਚਲਾ ਗਿਆ ਤੇ ਮੰਜੀ ਤੇ ਟੇਢਾ ਹੋ ਗਿਆ। ਉਸ ਦੀ ਮਾਮੀ ਲਲਤਾ ਉਸ ਕੋਲ਼ ਆਈ ਤੇ ਬੋਲੀ, 'ਲੈ ਵੇ ਦੇਵ ਦੁੱਧ ਦਾ ਘੁੱਟ ਪੀ ਲੈ।'

ਉਸ ਨੇ ਦੇਵ ਦੇ ਮੋਢੇ ਤੇ ਹੱਥ ਰੱਖਿਆ, ਫਿਰ ਚੁੰਨੀ ਨਾਲ਼ ਅੱਖਾਂ ਪੂੰਝ ਦਿੱਤੀਆਂ।

ਪਿੱਠ ਥਾਪੜਦੀ ਬੋਲੀ, 'ਕੁਝ ਨੀ ਹੁੰਦਾ। ਘਬਰਾ ਨਾ ਤੂੰ। ਐਸ ਉਮਰ ਵਿਚ ਗਲਤੀਆਂ ਹੋ ਹੀ ਜਾਂਦੀਆਂ ਨੇ। ਨਾਲ਼ੇ ਤੈਨੂੰ ਇਕ ਗੱਲ ਕਹਿੰਦੀ ਹਾਂ, ਮੁਸਲਮਾਨਾਂ ਦੇ ਘਰ ਦਾ ਨਾ ਖਾਇਆ ਕਰ। ਨਾ ਹੀ ਉਹਦੇ ਨਾਲ਼ ਕਦੀ ਸ਼ਿਕਾਰ ਨੂੰ ਜਾਈਂ। ਇਹ ਕੌਮ ਖੋਰੀ ਹੁੰਦੀ ਏ ।'

'ਮਾਮੀ ਤੂੰ ਕੀ ਗੱਲਾਂ ਕਰੀ ਜਾਂਦੀ ਏਂ? ਮੈਂ ਤਾਂ ਉਸ ਨਾਲ਼ ਖਾਵਾਂਗਾ ਵੀ ਤੇ ਜਾਵਾਂਗਾ ਵੀ। ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਮੇਰਾ ਪੱਕਾ ਦੋਸਤ ਏ ਉਹ।'

'ਚੱਲ ਤੇਰੀ ਮਰਜੀ ਭਾਈ... ਇਕ ਗੱਲ ਮੈਂ ਤੈਨੂੰ ਹੋਰ ਕਹਿਣੀ ਏਂ। ਜੇ ਅਮਲ ਕਰੇ ਗਾ ਤਾਂ ਕਹਾਂ?'

'ਦੱਸ?'

'ਤੂੰ ਦਿਲ ਨਾ ਛੱਡੀਂ। ਇਕ ਸਾਲ ਤਾਂ ਚੁਟਕੀ' ਚ ਲੰਘ ਜਾਂਦਾ ਏ ਦੇਵ। ਜੇ ਤੂੰ ਇਸ ਸਾਲ ਪਾਸ ਨਾ ਵੀ ਹੋਇਆ ਤਾਂ ਅਗਲੇ ਸਾਲ ਸਹੀ। ਪੜ੍ਹਾਈ ਵਰਗੀ ਕੋਈ ਚੀਜ਼ ਨੀ ਹੁੰਦੀ। ਜੇ ਐਥੇ ਰੋਪੜ ਨਹੀਂ ਲਾਉਣਗੇ ਤਾਂ ਰਾਮ ਸਿਉਂ ਕੋਲ਼ ਵਗ ਜੀਂ। ਲੋਕ ਤਾਂ ਪੜ੍ਹਾਈ ਕਰਨ ਸੱਤ ਸਮੁੰਦਰੋਂ ਪਾਰ ਵੀ ਚਲੇ ਜਾਂਦੇ ਨੇ। ਆਗਰਾ ਤਾਂ ਹਾਅ ਪਿਆ ਏ।' ਉਹ ਭਾਵੇਂ ਠੀਕ ਕਹਿ ਰਹੀ ਸੀ, ਪਰ ਦੇਵ ਨੂੰ ਆਪਣੇ ਆਪ ਤੇ ਹੀ ਜਿਵੇਂ ਵਿਸ਼ਵਾਸ ਨਹੀਂ ਸੀ ਰਿਹਾ ਕਿ ਹੁਣ ਉਹ ਕੁਝ ਕਰ ਸਕੇਗਾ।

ਬਸ਼ੀਰ ਦੇ ਪਰਿਵਾਰ ਨੇ ਕੁਝ ਜ਼ਮੀਨ ਵਟਾਈ ਤੇ ਲੈ ਕੇ ਖੇਤੀ ਸ਼ੁਰੂ ਕੀਤੀ ਹੋਈ ਸੀ। ਉਹ ਤੜਕੇ ਹੀ ਖੇਤਾਂ ਨੂੰ ਨਿਕਲ਼ ਜਾਂਦਾ ਤੇ ਸ਼ਾਮ ਨੂੰ ਹੀ ਘਰ ਮੁੜਦਾ। ਜਿੰਨਾਂ ਕੁ ਸਮਾਂ ਦੇਵ ਉਸ ਨਾਲ਼ ਬਿਤਾਉਂਦਾ, ਉਹੀ ਠੀਕ ਲੰਘਦਾ। ਜਦੋਂ ਦੇਵ ਇਕੱਲਾ ਹੁੰਦਾ ਤਾਂ ਬੇ ਚੈਨ ਹੀ ਰਹਿੰਦਾ। ਦਿਨ ਭਰ ਉਹ ਨਾਈਆਂ ਦੀ ਵੱਛੀ ਵਾਗ ਇਕੱਲਾ ਹੀ ਘੁੰਮਦਾ ਰਹਿੰਦਾ। ਘਰ ਤਾਂ ਉਹ ਵੜਦਾ ਹੀ ਨਾ। ਕਦੀ ਨਹਿਰ ਕੰਢੇ, ਕਦੀ ਬੁੰਬ ਤੇ ਕਦੀ ਚਮਕੌਰ। ਉਹ ਸਾਇਕਲ ਉੱਤੇ ਆਪਣੇ ਪ੍ਰਾਇਮਰੀ ਸਕੂਲ ਵੱਲ ਚਲਾ ਜਾਂਦਾ। ਉਸ ਦੇ ਆਲੇ-ਦੁਆਲੇ ਦੀ ਸ਼ਕਲ ਹੀ ਬਦਲ ਗਈ ਸੀ। ਖੋਲ਼ਿਆਂ ਵਿਚ ਜਿੱਥੇ ਉਨ੍ਹਾਂ ਨੂੰ ਲਮਢੀਂਗ ਘੇਰਿਆ ਕਰਦਾ ਸੀ, ਬਹੁ ਮੰਜਲੀ ਬਿਲਡਿੰਗਾਂ ਉਸਰ ਗਈਆਂ ਸਨ। ਉਹ ਅੰਦਰਲੇ ਬਜ਼ਾਰ ਦੀਆਂ ਗਲ਼ੀਆਂ ਵਿਚ ਗੇੜੇ ਦਿੰਦਾ ਰਹਿੰਦਾ। ਉਸ ਦੇ ਦੋਸਤ-ਮਿੱਤਰ ਤਾਂ ਕਿੰਨੇ ਹੀ ਸਨ, ਪਰ ਉਹ ਕਿਸੇ ਨੂੰ ਨਾ ਮਿਲਦਾ। ਖਾਲਸਾ ਸਕੂਲ ਵਿਚ ਉਸ ਦੇ ਉਸਤਾਦ ਗੁਰਦਿਆਲ ਸਿੰਘ ਭੰਗੂ ਸਨ, ਜਿਨ੍ਹਾਂ ਦਾ ਉਹ ਚਹੇਤਾ ਵਿਦਿਆਰਥੀ ਰਿਹਾ ਸੀ, ਉਹ ਉਨ੍ਹਾਂ ਨੂੰ ਵੀ ਮਿਲਣ ਨਾ ਜਾਂਦਾ। ਨਹਿਰ ਦੇ ਪੁਲ਼ ਤੇ ਜਾ ਬਹਿੰਦਾ ਤੇ ਚਿਹਰੇ ਤੇ ਨਿਕਲ਼ਦੀਆਂ ਫਿਣਸੀਆਂ ਨੂੰ ਫੇਹ ਕੇ ਚਿੱਟੇ ਰੰਗ ਦੇ ਕਿੱਲ ਕੱਢਦਾ ਰਹਿੰਦਾ। ਕੁਲਦੀਪ ਦੇ ਖਿਆਲਾਂ ਵਿਚ ਗੁਆਚ ਜਾਂਦਾ। ਪੂਰਾ ਸਾਲ ਬਰਬਾਦ ਕਰ ਆਇਆ ਸੀ ਉਹ। ਬਾਰ ਬਾਰ ਇੱਕੋ ਸੋਚ ਵਿਚ ਉਸ ਦੇ ਖਿਆਲਾਂ ਦਾ ਕੁੱਤਾ ਅੜ੍ਹਕਦਾ ਰਹਿੰਦਾ ਕਿ ਜੇ ਥਿਊਰੀ ਵਿਚ ਉਹ ਪਾਸ ਹੋ ਵੀ ਗਿਆ ਤਾਂ ਪ੍ਰੈਕਟੀਕਲ ਵਿਚ ਉਸਨੂੰ ਕੌਣ ਪਾਸ ਕਰੇਗਾ।

ਚਾਰ ਦਿਨ ਦੀ ਭਰਵੀਂ ਬਰਸਾਤ ਲੱਗੀ ਤਾਂ ਕੀੜੀ ਕਟਕ ਵਾਂਗ ਸਭ ਲੋਕ ਘਰਾਂ' ਚੋਂ ਬਾਹਰ ਨਿਕਲ਼ ਧਾਨ ਲਾਉਣ ਲਈ ਪਾਣੀ ਨਾਲ਼ ਭਰ ਗਏ ਖੇਤਾਂ ਵਿਚ ਜਾ ਵੜੇ। ਕੋਈ

ਕੱਦੂ ਕਰ ਰਿਹਾ, ਕੋਈ ਪਨੀਰੀ ਪੁੱਟ ਰਿਹਾ ਤੇ ਕੋਈ ਪਨੀਰੀ ਦੀਆਂ ਗੁੱਟੀਆਂ ਦੀ ਢੋ-ਢੋਆਈ ਕਰ ਰਿਹਾ। ਚਿੱਕੜ ਵਿਚ ਲੱਥ-ਪੱਥ ਹੋ ਕੇ ਲੋਕਾਂ ਦੇ ਚਿਹਰੇ ਬੇਪਛਾਣ ਹੋਣ ਲੱਗੇ। ਭਾਗਵੰਤੀ ਨੇ ਵੀ ਟਾਕੀਆਂ-ਟੱਲੀਆਂ ਵਾਲ਼ੇ ਪੁਰਾਣੇ ਲੀੜੇ ਪਾ ਕੇ ਲੋਕਾਂ ਦੇ ਖੇਤਾਂ' ਚ ਧਾਨ ਲੁਆਉਣੇ ਸ਼ੁਰੂ ਕਰ ਦਿੱਤੇ। ਇਕ ਦਿਨ ਕਹਿਣ ਲੱਗੀ, 'ਦੇਵ ਪੁੱਤ, ਤੂੰ ਵੀ ਚੱਲਿਆ ਕਰ ਨਾਲ਼।'

'ਮੈਥੋਂ ਨੀ ਧਾਨ ਲੁਆਏ ਜਾਂਦੇ। ਲੱਕ ਟੁੱਟਣ ਲੱਗਦਾ ਏ ਝੁਕੇ ਝੁਕੇ।'

'ਲੱਕ ਟੁੱਟਦਾ ਏ ਤਾਂ ਬਹਿ ਕੇ ਪਨੀਰੀ ਤਾਂ ਪੱਟ ਸਕਦਾ ਏਂ।'

'ਉਹ ਤਾਂ ਹੋਰ ਵੀ ਔਖੀ ਏ। ਮੈਨੂੰ ਨਾ ਕਿਹਾ ਕਰ। ਮੈਥੋਂ ਨੀ ਕੁਛ ਹੁੰਦਾ।'

'ਖਾਣਾ ਹੀ ਸੌਖਾ ਏ? ਬਹਿ ਕੇ ਅੰਨ ਪਾੜ ਸਕਦਾ ਏਂ ਤੂੰ। ਕੋਈ ਕੰਮ ਕਰਦੇ ਦੇ ਗੋਲ਼ੀ ਵੱਜਦੀ ਏ ਤੇਰੇ?' ਉਹ ਇਕ ਦਮ ਤੱਤੀ ਹੋ ਗਈ।

'ਜੇ ਬਹੁਤਾ ਤੰਗ ਕਰੇਂਗੀ ਨਹਿਰ' ਚ ਡੁੱਬ ਮਰੂੰ।'

'ਡੁੱਬ ਮਰ ਚੰਦਰਿਆ ਨਪੈਥਰਾ.... ਮੈਂ ਸਬਰ ਕਰ ਲੂੰਗੀ।'

ਬਸ਼ੀਰ ਹੋਣਾਂ ਨੇ ਚਮਕੌਰ ਦੇ ਪੁਲ਼ ਲਾਗੇ ਧਾਨਾ ਦੀ ਪਨੀਰੀ ਬੀਜੀ ਹੋਈ ਸੀ। ਉਹ ਸਾਰਾ ਦਿਨ ਉੱਥੇ ਹੀ ਰਹਿੰਦਾ। ਦੂਰ ਦੂਰ ਦੇ ਪਿੰਡਾਂ ਤੋਂ ਬਾਸਮਤੀ ਦੀ ਪਨੀਰੀ ਲੈਣ ਆਏ ਗਾਹਕਾਂ ਨੂੰ ਪੁਲ਼ ਉੱਤੇ ਹੀ ਸਾਂਭ ਲੈਂਦਾ ਤੇ ਹਰੀ ਸਿੰਘ ਠੇਕੇਦਾਰ ਤੋਂ ਘੱਟ ਮੁੱਲ ਉੱਤੇ ਪਨੀਰੀ ਵੇਚਦਾ। ਉਹ ਦੋਨੋਂ ਗਾਹਕਾਂ ਕੋਲ਼ ਇਕ ਦੂਜੇ ਦੇ ਮਾਲ ਦੀ ਬੁਰਾਈ ਵੀ ਕਰਦੇ ਕਿ ਦੂਜੇ ਦਾ ਬੀਜ ਦਵਾਈਆਂ ਨਾਲ਼ ਸੋਧਿਆ ਹੋਇਆ ਨਹੀਂ। ਉਹ ਸ਼ਾਮ ਨੂੰ ਹੀ ਘਰ ਮੁੜਦਾ। ਉਹ ਆਪਣੀਆਂ ਗਾਰੇ ਨਾਲ਼ ਲੱਥ-ਪੱਥ ਲੱਤਾਂ ਬਾਅਦ ਵਿਚ ਧੋਂਦਾ, ਪਹਿਲਾਂ ਦੇਵ ਨੂੰ ਸੱਦਣ ਆ ਜਾਂਦਾ। ਉਹ ਉਨ੍ਹਾਂ ਦੇ ਚੁਬਾਰੇ ਵਿਚ ਬੈਠ ਜਾਂਦੇ। ਦੇਵ ਕੁਲਦੀਪ ਨਾਲ਼ ਬਿਤਾਏ ਦਿਨਾਂ ਦੀਆਂ ਯਾਦਾਂ ਸਾਂਝੀਆਂ ਕਰਦਾ ਰੋ ਪੈਂਦਾ। ਬਸ਼ੀਰ ਧੀਰਜ ਦਿੰਦਾ ਕਹਿੰਦਾ, 'ਆੜੀ ਸਿਆਂ ਸਮਾਂ ਬੀਤਣ ਤੇ ਸਭ ਠੀਕ ਹੋ ਜਾਵੇਗਾ। ਦਰਅਸਲ ਤੂੰ ਬਹੁਤਾ ਤੱਤਾ ਛਕ ਗਿਆ, ਦਿਲ ਤੇ ਛਾਲੇ ਤਾਂ ਹੋਣੇ ਹੀ ਸਨ। ਕੀ ਲੋੜ ਸੀ ਤੈਨੂੰ ਪੁੱਠੇ ਪੰਗਿਆਂ' ਚ ਪੈਣ ਦੀ? ਇਹ ਦੁਨੀਆਂ ਕੁੜੀਆਂ ਨਾਲ਼ ਭਰੀ ਪਈ ਏ ਦੇਵ। ਕੁਲਦੀਪ ਨਹੀਂ ਤਾਂ ਸਮਾਂ ਬੀਤਣ ਤੇ ਕੋਈ ਉਸ ਨਾਲ਼ੋਂ ਵੀ ਚੰਗੀ ਮਿਲ ਜਾਵੇਗੀ ਤੈਨੂੰ। ਪਰ ਸ਼ਰਤ ਤਾਂ ਇਹੀ ਏ ਕਿ ਪਹਿਲਾਂ ਤੂੰ ਪੂਰਾ ਪੜ੍ਹੇਂ। ਪੜ੍ਹਾਈ ਤੇ ਇਸ਼ਕ' ਚੋਂ ਇਕ ਚੁਣਨਾ ਪੈਂਦਾ ਏ। ਦੋ ਬੇੜੀਆਂ ਦਾ ਸਵਾਰ ਤਾਂ ਡੁੱਬਦੈ ਵੀਰੇ। ਉਸ ਨਾਲ਼ ਰਾਹ ਸਿਰ ਦੀ ਗੱਲ ਰੱਖਦਾ, ਤਾਂ ਹੁਣ ਨਾ ਤੜਫਦਾ। ਹੁਣ ਤੈਨੂੰ ਪੜ੍ਹਾਉਣ ਵਾਲ਼ੇ ਹੈਗੇ ਨੇ ਪੜ੍ਹ ਲੈ। ਮਾਤੜ੍ਹਾਂ ਦੀ ਗੱਲ ਹੋਰ ਸੀ, ਕੋਈ ਦੁਆਨੀ ਦੇਣ ਵਾਲ਼ਾ ਵੀ ਨਹੀਂ ਸੀ। ਮੈਂ, ਤਾਂ ਭਰਤੀ ਹੋਇਆ।'

'ਉਹ ਤਾਂ ਯਾਰ ਹੋ ਗਿਆ ਜੋ ਹੋ ਗਿਆ। ਬਥੇਰਾ ਮਨ ਟਿਕਾਉਣ ਦੀ ਕੋਸ਼ਿਸ਼ ਕਰਦਾ ਏਂ। ਉਹ ਅੱਖਾਂ ਅੱਗਿਓਂ ਹਟੇ ਤਾਂ।' ਦੇਵ ਕਹਿੰਦਾ।

'ਬੱਸ ਆਹੀ ਤਾਂ ਸਿਆਪਾ ਏ ਸਾਲ਼ਾ ਸਾਰਾ। ਆਸ਼ਕੀ ਬੰਦੇ ਨੂੰ ਪੱਟ ਦਿੰਦੀ ਆ। ਸਭ ਤੋਂ ਭੈੜਾ ਨਸ਼ਾ ਏ ਇਹ। ਛੱਡ ਇਹਨੂੰ।'

'ਚੰਗਾ ਚੰਗਾ... ਹੁਣ ਤੂੰ ਮੈਨੂੰ ਬਹੁਤੀਆਂ ਮੱਤਾਂ ਨਾ ਦੇ... ਜੇ ਤੂੰ ਮੇਰੀ ਥਾਂ ਹੁੰਦਾ ਤੈਨੂੰ

ਤਾਂ ਪਤਾ ਲਗਦਾ।' ਦੇਵ ਆਖਕੇ ਹੱਸ ਦਿੰਦਾ।

**00**

# ਇਕਾਹਟ

ਬਸ਼ੀਰ ਦੇ ਘਰ ਵਾਲ਼ੇ ਪਿੰਡ ਦਾ ਮਾਲ ਚਾਰਦੇ ਸਨ। ਕਈ ਵਾਰੀ ਛੁੱਟੀ ਆਏ ਫੌਜੀ ਨੂੰ ਦਮ ਦੁਆਉਣ ਦੇ ਆਸ਼ੇ ਨਾਲ਼ ਪਨੀਰੀ ਵੇਚਣ ਵਾਲਾ ਕੰਮ ਉਸ ਦੇ ਵੱਡੇ ਭਰਾ ਦਾਰਾ, ਸਿਕੰਦਰ ਜਾਂ ਛੋਟਾ ਕੀੜੂ ਸਾਂਭ ਲੈਂਦੇ। ਦੇਵ ਤੇ ਬਸ਼ੀਰ ਸ਼ਿਕਾਰ ਖੇਡਣ ਲਈ ਨਿਕਲ਼ ਜਾਂਦੇ । ਉਹ ਰਾਇਫ਼ਲ ਦੇਵ ਦੇ ਸਪੁਰਦ ਕਰ ਦਿੰਦਾ। ਕਾਲਜ ਵਿਚ ਐਨ. ਸੀ. ਸੀ. ਰੱਖੀ ਹੋਣ ਕਰਕੇ ਦੇਵ ਨੇ ਕਿੰਨੀ ਵਾਰੀ ਫਾਇਰਿੰਗ ਕੀਤੀ ਹੋਈ ਸੀ। ਚੰਗਾ ਨਿਸ਼ਾਨਾ ਹੋਣ ਕਰਕੇ ਉਸ ਨੂੰ ਇਕ ਸਰਟੀਫਿਕੇਟ ਵੀ ਮਿਲਿਆ ਸੀ। ਬਸ਼ੀਰ ਕਮਾਦ ਜਾਂ ਝੂੰਡਾਂ' ਚ ਵੜ ਕੇ 'ਹੜਾਤ-ਹੜਾਤ' ਕਰਦਾ ਤਾਂ ਦੇਵ ਉਡਦੇ ਤਿੱਤਰ ਨੂੰ ਫੁੰਡ ਲੈਂਦਾ। ਬੇਟ ਦੇ ਇਲਾਕੇ ਵਿਚ ਖਰਗੋਸ਼, ਪਾੜ੍ਹੇ ਅਤੇ ਮਘਾਂ (ਕੂੰਜਾਂ) ਆਮ ਮਿਲ ਜਾਂਦੀਆਂ। ਮੀਟ ਹਮੇਸ਼ਾ ਬਸ਼ੀਰ ਦੇ ਘਰ ਹੀ ਰਿੱਝਦਾ। ਘਨ੍ਹੱਈਏ ਨੂੰ ਕਿਸੇ ਸਿਆਣੇ ਨੇ ਘਰ ਮੀਟ ਵਾੜਨ ਤੋਂ ਮਨ੍ਹਾਂ ਕੀਤਾ ਹੋਇਆ ਸੀ ਤੇ ਭਾਗਵੰਤੀ ਪਹਿਲਾਂ ਤੋਂ ਹੀ ਇਸ ਕੰਮ ਦੇ ਬਰਖ਼ਿਲਾਫ ਸੀ। ਘਨ੍ਹੱਈਆ ਕਹਿੰਦਾ, 'ਸ਼ਿਕਾਰ ਖੇਡਣ ਵਾਲ਼ਾ ਬੁਰਾ ਕੰਮ ਨਾ ਕਰਿਆ ਕਰ ਦੇਵ। ਜੀਵ ਹੱਤਿਆ ਬੰਦ ਕਰ ਦੇ, ਇਹ ਤੈਨੂੰ ਲੈ ਬਹੂ। ਜਿਹੜਾ ਜੀਵ ਤੁਸੀਂ ਮਾਰਦੇ ਹੋ, ਉਹਦੇ ਪਿੱਛੇ ਪਤਾ ਨਹੀਂ, ਉਸ ਦੇ ਮੁੜਨ ਦੀ ਕੌਣ ਕੌਣ ਉਡੀਕ ਕਰ ਰਿਹਾ ਹੁੰਦਾ ਏ। ਜਿਹੜੀ ਤਿੱਤਰੀ ਚੋਗੇ ਦੀ ਭਾਲ' ਚ ਗਈ ਮਾਰੀ ਜਾਂਦੀ ਏ , ਪਿੱਛੇ ਉਹਦੇ ਬੱਚਿਆਂ ਨਾਲ਼ ਕੀ ਬੀਤਦੀ ਏ, ਸੋਚਿਆ ਏ ਕਦੀ?'

ਪਰ ਦੇਵ ਇਨ੍ਹਾਂ ਗੱਲਾਂ ਬਾਰੇ ਕਦੀ ਨਾ ਸੋਚਦਾ। ਇਕ ਕੰਨੋਂ ਸੁਣਦਾ ਤੇ ਦੂਜਿਓਂ ਕੱਢ ਦਿੰਦਾ। ਬਹੁਤੀ ਟੋਕਾ-ਟਾਕੀ ਸੁਣ ਕੇ ਉਹ ਢੀਠ ਬਣ ਗਿਆ ਸੀ। ਘਨ੍ਹੱਈਏ ਨੇ ਆਗਰੇ ਰਾਮ ਸਿੰਘ ਨੂੰ ਚਿੱਠੀ ਪਾ ਕੇ ਦੇਵ ਦੇ ਵਿਗੜ ਜਾਣ ਬਾਰੇ ਦੱਸਿਆ ਹੋਵੇਗਾ। ਇਕ ਦਿਨ ਉਹ ਦੇਵ ਨੂੰ ਕਹਿਣ ਲੱਗਾ, 'ਹੁਣ ਤੂੰ ਚਾਹੇ ਪਾਸ ਹੋਵੇਂ, ਚਾਹੇ ਫੇਲ੍ਹ। ਤੇਰੀ ਅਗਲੀ ਪੜ੍ਹਾਈ ਆਗਰੇ ਹੀ ਹੋਵੇਗੀ। ਰਾਮ ਸਿੰਘ ਤੈਨੂੰ ਤੱਕਲ਼ੇ ਵਾਂਗ ਸਿੱਧਾ ਕਰ ਕੇ ਰੱਖੇਗਾ। ਉੱਥੇ ਪੜ੍ਹਾਈ ਤੋਂ ਬਿਨਾਂ ਤੂੰ ਕੋਈ ਗੱਲ ਸੋਚ ਵੀ ਨਹੀਂ ਸਕੇਂਗਾ। ਜ਼ਰਾ ਭਰ ਕੁਤਾਹੀ ਕਰਨ ਤੇ ਤੇਰੇ ਛਿੱਤਰ ਪਿਆ ਕਰਨਗੇ।' ਘਨ੍ਹੱਈਆ ਸ਼ਾਇਦ ਉਰਦੂ ਵਿਚ ਲਿਖੀ ਰਾਮ ਸਿੰਘ ਦੀ ਚਿੱਠੀ ਨੂੰ ਵਧਾ-ਚੜ੍ਹਾ ਕੇ ਦੱਸ ਰਿਹਾ ਸੀ।

'ਜੇ ਮੈਂ ਆਗਰੇ ਜਾਵਾਂ ਹੀ ਨਾ... ਤਾਂ ਮੈਨੂੰ ਜਬਰਦਸਤੀ ਕੀਹਦੀ ਜੈਂਅ ਆਂ ਕਿ ਲੈ ਜਾਵੇ।' ਉਸ ਦੇ ਅੰਦਰੋਂ ਬਾਗੀ ਸੁਰ ਉੱਠਦੀ। ਉਹ ਇਹ ਵੀ ਸੋਚਦਾ ਕਿ ਕੀ ਇਹ ਉਹੀ ਮਾਮਾ ਸੀ, ਜਿਸ ਨੇ ਉਸ ਨੂੰ ਆਗਰੇ ਜਾਣ ਤੋਂ ਰੋਕ ਕੇ ਰੋਪੜ ਪੜ੍ਹਨ ਲਾਇਆ ਸੀ ਤੇ ਜਿਹੜਾ ਦੇਵ ਵਿਚ ਆਪਣਾ ਭਵਿੱਖ ਦੇਖਦਾ ਸੀ?

ਇਕ ਦਿਨ ਸ਼ਾਮੀਂ ਚਾਰ ਕੁ ਵਜੇ ਬਸ਼ੀਰ ਦੌੜਾ ਦੌੜਾ ਦੇਵ ਦੇ ਘਰ ਆਇਆ ਤੇ ਉਸਨੂੰ ਆਪਣੇ ਨਾਲ਼ ਚੱਲਣ ਲਈ ਕਿਹਾ। ਹੁਣ ਦੇਵ ਨੇ ਪਹਿਲਾਂ ਵਾਂਗ ਕਿਤੇ ਵੀ ਜਾਣ ਲਈ ਘਰੋਂ ਪੁੱਛਣਾ ਜਾਂ ਦੱਸਣਾ ਬੰਦ ਕਰ ਦਿੱਤਾ ਸੀ। ਘਰ ਵਾਲ਼ੇ ਵੀ ਉਸ ਨਾਲ਼ ਸਿੱਧੀ

ਤਰ੍ਹਾਂ ਗੱਲ ਨਹੀਂ ਸਨ ਕਰਦੇ। ਕੇਵਲ ਦੇਵ ਦੀ ਮਾਮੀ ਸੀ ਜਿਹੜੀ ਉਸ ਨੂੰ ਬੁਲਾ ਲੈਂਦੀ ਤੇ ਖਾਣ-ਪੀਣ ਲਈ ਵੀ ਕੁਝ ਦੇ ਦਿੰਦੀ। ਦੇਵ ਸਿਰ ਤੇ ਪਰਨਾ ਬੰਨ੍ਹਦਾ ਬਸ਼ੀਰ ਦੇ ਨਾਲ਼ ਤੁਰ ਪਿਆ। ਆਪਣੇ ਘਰ ਜਾ ਕੇ ਉਸ ਨੇ ਰਬੜ ਦੇ ਗੋਡਿਆਂ ਤੱਕ ਬੂਟ ਪਾਏ ਤੇ ਰਾਇਫ਼ਲ ਦੇਵ ਨੂੰ ਦਿੰਦਾ ਬੋਲਿਆ, 'ਆਹ ਚੁੱਕ ਬਈ ਦੇਵ ਸਿਆਂ... ਦੇਖੀਏ ਅੱਜ ਤੇਰਾ ਨਿਸ਼ਾਨਾ।'

'ਸੁੱਖ ਏ? ਕੀਹਨੂੰ ਮਾਰਨਾ ਏਂ?' ਦੇਵ ਹੱਸ ਕੇ ਬੋਲਿਆ।

'ਇਕ ਬੰਦੇ ਦਾ ਕੰਡਾ ਕੱਢਣਾ ਏਂ।' ਉਹ ਵੀ ਹੱਸਿਆ।

'ਪੂਰਾ ਕੱਢਣਾ ਏਂ ਕਿ ਫਕੀਰੀਏ ਜਿੰਨਾ? ਮੇਰਾ ਤਾਂ ਆਪ ਕਿੰਨੇ ਦਿਨਾਂ ਦਾ ਇਹੀ ਕੰਮ ਕਰਨ ਨੂੰ ਦਿਲ ਕਰਦਾ ਏ। ਉਂਗਲ ਕਰ ਦਈਂ ਉਹਦੇ ਵੱਲ। ਛਾਲਣੀ ਬਣਾ ਦਿਆਂਗਾ।'

'ਸਹਾ ਕਹਿੰਦਾ, ਬੇਬੇ ਮੀਟ ਖਾਣਾ ਏਂ। ਬੇਬੇ ਕਹਿੰਦੀ, ਪੁੱਤ ਆਪਣਾ ਹੀ ਬਚਾ ਲੈ।' ਉਹ ਬੋਲਿਆ।

ਬਸ਼ੀਰ ਨੇ ਦੱਸਿਆ ਕਿ ਬੇਟ ਮਾਲ ਚਾਰਦਿਆਂ ਉਹਦੇ ਛੋਟੇ ਭਰਾ ਕੀੜੂ ਨੇ ਇਕ ਪਾੜ੍ਹੀ (ਹਿਰਨੀ) ਮਾਲ ਵਿਚ ਔਂਟਲ਼ੀ ਫਿਰਦੀ ਦੇਖੀ ਏ। ਉਹ ਐਸ ਵੇਲ਼ੇ ਕਿਧਰੇ ਲਾਗੇ ਚਾਗੇ ਹੀ ਹੈ। ਜੇ ਮਹਾਰਾਜ ਨੇ ਲੋਟ ਕਰ ਦਿੱਤਾ ਤਾਂ ਚਾਰ ਮਹੀਨੇ ਅਚਾਰ ਨੀ ਮੁੱਕਦਾ। ਉਹ ਸੂਆ ਲੰਘੇ ਤਾਂ ਬਸ਼ੀਰ ਉਸ ਨੂੰ ਪਾੜ੍ਹਿਆਂ ਦੀਆਂ ਆਦਤਾਂ ਬਾਰੇ ਦੱਸਣ ਲੱਗ ਪਿਆ ਕਿ ਇਹ ਜਾਨਵਰ ਬੜਾ ਚੁਸਤ ਹੁੰਦਾ ਹੈ। ਪੰਜ ਛੇ ਫੁੱਟ ਉੱਚੀ ਛਾਲ ਮਾਰ ਸਕਦਾ ਏ। ਘਾਹ ਦੀਆਂ ਤਿੜ੍ਹਾਂ ਮੂੰਹ ਨਾਲ਼ ਖਿੱਚਣ ਮਗਰੋਂ ਸਿਰ ਚੁੱਕ ਕੇ ਆਲੇ-ਦੁਆਲ਼ੇ ਦੇਖਦਾ ਏ। ਜੇ ਦੌੜ ਪਵੇ ਤਾਂ ਟਪੂਸੀਆਂ ਮਾਰਦਾ ਦੌੜਦਾ ਏ ਤੇ ਸਿਸ਼ਤ ਬੰਨ੍ਹਣੀ ਮੁਸ਼ਕਲ ਹੋ ਜਾਂਦੀ ਏ । ਪੰਦਰਾਂ ਵੀਹ ਗ਼ਜ਼ ਦੌੜ ਕੇ ਰੁਕ ਕੇ ਪਿੱਛੇ ਦੇਖਦਾ ਹੈ, ਉਦੋਂ ਫਾਇਰ ਕਰੋ। ਪਹਿਲੇ ਫਾਇਰ ਤੇ ਚਾਹੇ ਗੋਲ਼ੀ ਨਾ ਵੀ ਲੱਗੀ ਹੋਵੇ, ਡਿਗ ਜਾਂਦਾ ਏ। ਦੂਜੇ ਫਾਇਰ ਦੀ ਤਿਆਰੀ ਰੱਖੋ। ਰਾਤ ਵੇਲੇ ਇਸ ਦਾ ਸ਼ਿਕਾਰ ਕਰਨਾ ਸੌਖਾ ਏ। ਬੈਟਰੀ ਦੀ ਰੋਸ਼ਨੀ ਵਿਚ ਆ ਕੇ ਖੜ੍ਹ ਜਾਂਦਾ ਏ। ਬਗੈਰਾ ਬਗੈਰਾ।

'ਮੈਂ ਐਥੇ ਸਲਾਹਪੁਰ ਹੀ ਪਲ਼ਿਆ ਏਂ ਤੇ ਆਪਾਂ ਝਾੜ ਪਾਉਂਦੇ ਰਹੇ ਹਾਂ। ਮੈਨੂੰ ਕੀ ਦੱਸਦਾ ਏਂ?' ਦੇਵ ਬੋਲਿਆ।

'ਕਾਹਲ਼ ਨਾ ਕਰੀਂ। ਬੱਸ ਸਬਰ ਰੱਖੀਂ। ਜੇ ਨੇੜੇ-ਤੇੜੇ ਡੰਗਰ ਚਰਦੇ ਹੋਏ ਤਾਂ ਛੁਪ ਕੇ ਹੌਲ਼ੀ-ਹੌਲ਼ੀ 'ਸ਼ੀਅਅਅ' ਦੀ ਆਵਾਜ਼ ਕੱਢਕੇ ਉਹਨੂੰ ਸ਼ਿਸ਼ਕੇਰਨਾ ਏਂ। ਜਦੋਂ ਸਾਮ੍ਹਣੇ ਕੋਈ ਹੋਰ ਪਸ਼ੂ ਨਾ ਹੋਵੇ ਤਾਂ ਫਾਇਰ ਕਰਨਾ ਏਂ।'

'ਮੈਨੂੰ ਪਤਾ ਏ ਯਾਰ ਤੂੰ ਤਾਂ ਤਲੋਕੀ ਨੂੰ ਵੀ ਪਿੱਛੇ ਛੱਡ ਗਿਆ। ਇਕ ਵਾਰੀ ਉਹਤੋਂ ਮੈਨੂੰ ਉਧਾਰ ਸਾਇਕਲ ਲੈਣਾ ਪੈ ਗਿਆ। ਉਹ ਕਹਿਣ ਲੱਗਾ, ਲੈ ਜਾ ਸਾਇਕਲ ਜਵਾਬ ਨੀ ਦਿੰਦਾ। ਪਿਛਲੇ ਟਾਇਰ' ਚ ਹਵਾ ਘੱਟ ਰੱਖੀਂ। ਸੜਕ ਤੇ ਮੇਖ਼ ਖੁਰੀ ਦਾ ਧਿਆਨ ਰੱਖੀਂ। ਕਿਤੇ ਖੜ੍ਹਾਵੇਂ ਜਿੰਦਾ ਲਾ ਦੀਂ। ਬਹੁਤਾ ਤੇਜ਼ ਨਾ ਚਲਾਵੀਂ.... ਚੇਨ ਉਤਰ ਜਾਂਦੀ ਏ। ਮੈਂ ਕਿਹਾ, ਭਾਈ ਤੂੰ ਸਾਇਕਲ ਹੀ ਰਹਿਣ ਦੇ... ਹੋਰ ਕਿਸੇ ਤੋਂ ਲੈ ਜਾਂਦਾ ਏਂ। ਜੇ ਹੁਣ ਤੂੰ ਮੈਨੂੰ ਅਕਲਾਂ ਦੇਈ ਗਿਆ ਮੈਂ ਰਾਇਫ਼ਲ ਤੇਰੇ ਹਵਾਲੇ ਕਰ ਦੇਣੀ ਏਂ।' ਦੇਵ ਦੀ ਗੱਲ ਸੁਣ

ਕੇ ਬਸ਼ੀਰ ਹੱਸਣ ਲੱਗ ਪਿਆ।

ਕੀੜੂ ਤੇ ਦਾਰਾ ਮਾਲ ਤੋਂ ਪਰ੍ਹੇ ਇਕ ਪਾਸੇ ਖੜ੍ਹੇ ਪਾੜ੍ਹੀ ਤੇ ਨਿਗ੍ਹਾ ਰੱਖ ਰਹੇ ਸਨ। ਉਹ ਪੁੱਜੇ ਤਾਂ ਉਨ੍ਹਾਂ ਨੇ ਕਾਹੀ ਦੇ ਝੂੰਡਾਂ ਵੱਲ ਇਸ਼ਾਰਾ ਕੀਤਾ, ਜਿਨ੍ਹਾਂ ਪਿੱਛੇ ਪਾੜ੍ਹੀ ਛੁਪੀ ਬੈਠੀ ਸੀ। ਦੇਵ ਦੂਰੋਂ ਹੀ ਲੇਟ ਗਿਆ ਤੇ ਹੌਲ਼ੀ-ਹੌਲ਼ੀ ਕੂਹਣੀਆਂ ਤੇ ਘਿਸਰਨ ਲੱਗਾ। ਅਜੇ ਉਹ ਹਿਰਨੀ ਤੋਂ ਪੰਦਰਾਂ ਵੀਹ ਫੁੱਟ ਦੂਰ ਹੀ ਸੀ ਕਿ ਪਾੜ੍ਹੀ ਨੇ ਸਿਰ ਚੁੱਕਿਆ ਤੇ ਐਧਰ-ਉੱਧਰ ਗਰਦਣ ਘੁਮਾਈ। ਉਹ ਦੇਵ ਦੀ ਰੇਂਜ ਵਿਚ ਸੀ, ਉਸ ਨੇ ਸਿਸ਼ਤ ਬੰਨ੍ਹੀ ਤੇ ਘੋੜਾ ਨੱਪ ਦਿੱਤਾ। 'ਬਾਅਅ... ' ਦੀ ਅਵਾਜ਼ ਆਈ ਤੇ ਦੇਵ ਉੱਠ ਕੇ ਉੱਧਰ ਦੌੜ ਲਿਆ। ਉਹ ਤਿੰਨੋਂ ਜਣੇ ਵੀ ਉਸ ਦੇ ਮਗਰ ਆ ਗਏ। ਅੱਗੇ ਪਾੜ੍ਹੀ ਚੌਫਾਲ਼ ਡਿਗੀ ਪਈ ਸੀ। ਉਸ ਦੀਆਂ ਮੋਟੀਆਂ ਮੋਟੀਆਂ ਅੱਖਾਂ ਜਿਵੇਂ ਉਨ੍ਹਾਂ ਵੱਲ ਦੇਖ ਰਹੀਆਂ ਸਨ। ਦੇਵ ਘੁੰਮ ਕੇ ਉਸ ਦੇ ਪਿੱਛੇ ਗਿਆ। ਉਸ ਦੀ ਬੱਚੇਦਾਨੀ ਵਿੱਚੋਂ ਬੱਚੇ ਦੇ ਖੁੰਡਰੂ ਤੇ ਮੂੰਹ ਬਾਹਰ ਨਿਕਲ਼ੇ ਹੋਏ ਸਨ। ਇਹ ਕੌਤਕ ਦੇਖ ਕੇ ਦੇਵ ਘਬਰਾ ਗਿਆ ਤੇ ਬੋਲਿਆ, 'ਆਹ ਤਾਂ ਬਹੁਤ ਵੱਡਾ ਪਾਪ ਹੋ ਗਿਆ ਯਾਰ। ਪਾੜ੍ਹੀ ਤਾਂ ਬੱਚਾ ਜਣ ਰਹੀ ਸੀ।'

'ਬੱਚਾ ਜਣ ਰਹੀ ਸੀ ਤਾਂ ਕੀ ਹੋ ਗਿਆ? ਫੁੰਡ ਤਾਂ ਲਈ ਨਾ । ਮੰਨ ਗਏ ਬਈ ਤੇਰਾ ਨਿਸ਼ਾਨਾ।' ਉਸ ਦੇ ਪਿੱਛੇ ਖੜ੍ਹਾ ਕੀੜੂ ਬੋਲਿਆ।

ਦਾਰੇ ਨੇ ਅੱਗੇ ਵਧ ਕੇ ਬਾਹਰ ਨਿਕਲ਼ੇ ਬੱਚੇ ਨੂੰ ਫੜ ਕੇ ਖਿੱਚ ਲਿਆ। ਪਾੜ੍ਹੀ ਜ਼ਰਾ ਕੁ ਕੰਬੀ ਤੇ ਪ੍ਰਾਣ ਤਿਆਗ ਦਿੱਤੇ। ਦਾਰੇ ਨੇ ਬੱਚੇ ਨੂੰ ਟੋਹਿਆ ਤੇ ਬੋਲਿਆ, 'ਮਰ ਗਿਆ ਇਹ ਵੀ।'

ਦੇਵ ਪਿੱਠ ਘੁਮਾ ਕੇ ਕੁਝ ਕਦਮ ਤੁਰਿਆ ਤੇ ਫਿਰ ਬੈਠ ਗਿਆ। ਬਸ਼ੀਰ ਨੇ ਪੁੱਛਿਆ, 'ਦੇਵ ਤੈਨੂੰ ਕੀ ਹੋਇਆ?'

'ਮੈਂ ਦੇਖ ਨਹੀਂ ਸਕਦਾ ਯਾਰ। ਮੇਰਾ ਮਨ ਬੜਾ ਖ਼ਰਾਬ ਹੋ ਰਿਹਾ ਏ।' ਦੇਵ ਨੇ ਕਿਹਾ ਤਾਂ ਉਹ ਤਿੰਨੋਂ ਦੰਦੀਆਂ ਕੱਢਣ ਲੱਗ ਪਏ। ਉਨ੍ਹਾਂ ਪਾੜ੍ਹੀ ਦੇ ਬੱਚੇ ਦਾ ਕੀ ਕੀਤਾ, ਦੇਵ ਨੂੰ ਕੋਈ ਪਤਾ ਨਹੀਂ ਸੀ। ਸੂਰਜ ਛਿਪ ਚੁੱਕਾ ਸੀ ਤੇ ਹਨੇਰਾ ਇਕ ਦਮ ਵਧ ਆਇਆ ਸੀ। ਪਾੜ੍ਹੀ ਦੀਆਂ ਟੰਗਾਂ ਇਕ ਡਾਂਗ ਨਾਲ਼ ਬੰਨ੍ਹ ਕੇ ਉਸ ਨੂੰ ਪੁੱਠੀ ਲਮਕਾ ਕੇ ਦੋ ਜਣਿਆਂ ਨੇ ਚੁੱਕ ਲਿਆ ਤੇ ਪਿੰਡ ਵੱਲ ਨੂੰ ਤੁਰ ਪਏ। ਪਾੜ੍ਹੀ ਦੀ ਗਰਦਣ ਐਧਰ-ਉੱਧਰ ਨੂੰ ਹਿੱਲਦੀ ਦੇਖ ਦੇਵ ਨੇ ਹਉਕਾ ਭਰਿਆ ਤੇ ਰਾਇਫਲ ਬਸ਼ੀਰ ਨੂੰ ਫੜਾ ਕੇ ਉਨ੍ਹਾਂ ਦੇ ਮਗਰ ਤੁਰ ਪਿਆ।

ਉਨ੍ਹਾਂ ਦਾ ਡੰਗਰਾਂ ਵਾਲ਼ਾ ਕੋਠਾ ਬਾਹਰਵਾਰ ਹੀ ਸੀ। ਉਹ ਗੋਹਰ ਵਿਚ ਨੂੰ ਆਉਣ ਦੀ ਥਾਂ ਸਿੱਧੇ ਖੇਤਾਂ ਵਿੱਚੀਂ ਆਏ ਸਨ, ਤਾਂ ਕਿ ਕਿਸੇ ਪਿੰਡ ਵਾਸੀ ਨੂੰ ਇਸ ਗੱਲ ਦੀ ਸੂਹ ਨਾ ਮਿਲੇ। ਦੇਵ ਇਕ ਪਾਸੇ ਹੋਕੇ ਮੰਜੇ ਤੇ ਬੈਠ ਗਿਆ। ਉਨ੍ਹਾਂ ਨੇ ਇਕ ਪੱਲੀ ਵਿਛਾ ਲਈ ਤੇ ਪਾੜ੍ਹੀ ਉਸ ਉੱਤੇ ਲਿਟਾ ਦਿੱਤੀ। ਦੇਵ ਸੋਚੀਂ ਡੁੱਬ ਗਿਆ। ਬੜਾ ਅਨਰਥ ਹੋ ਗਿਆ ਸੀ। ਉਸ ਦੀਆਂ ਲੱਤਾਂ ਕੰਬੀ ਜਾ ਰਹੀਆਂ ਸਨ। ਘਨ੍ਹੱਈਆ ਕਿੰਨਾ ਠੀਕ ਕਹਿੰਦਾ ਸੀ ਕਿ ਉਹ ਸ਼ਿਕਾਰ ਨੂੰ ਨਾ ਜਾਇਆ ਕਰੇ। ਜਦੋਂ ਪਾੜ੍ਹੀ ਦੀ ਖੱਲ ਲਾਹ ਕੇ ਪੇਟ ਚੀਰਿਆ ਗਿਆ ਤਾਂ ਇੱਕ ਮਰਿਆ ਬੱਚਾ ਹੋਰ ਉਸ ਦੇ ਪੇਟ' ਚੋਂ ਨਿਕਲ਼ ਆਇਆ। ਦੇਵ ਨੂੰ ਲੱਗਾ ਜਿਵੇਂ ਉਹ

ਪਾੜ੍ਹੀ ਉਸਦੀ ਮਾਂ ਹੋਵੇ ਤੇ ਬੱਚਾ ਉਹ ਆਪ। ਉੱਥੇ ਡਾਕਟਰ ਸਨ, ਬਚਾਉਣ ਵਾਲ਼ੇ। ਉਸਦੀ ਬੇਬੇ ਵੀ ਬਚ ਗਈ ਸੀ ਤੇ ਦੇਵ ਵੀ। ਪਰ ਐਥੇ ਸਭ ਮਾਰਨ ਵਾਲ਼ੇ ਸਨ। ਪਾੜ੍ਹੀ ਵੀ ਮਰ ਗਈ ਸੀ। ਉਸ ਦੇ ਦੋਨੋਂ ਬੱਚੇ ਵੀ। ਦੇਵ ਹੌਲ਼ੀ ਦੇਣੇ ਉੱਠਿਆ ਤੇ ਉੱਥੋਂ ਖਿਸਕ ਆਇਆ। ਘਰ ਆ ਕੇ ਉਸ ਨੇ ਮੰਜੇ ਉੱਤੇ ਲੇਟ ਚਾਦਰ ਸਿਰ ਤੱਕ ਖਿੱਚ ਲਈ। ਅੰਦਰੋਂ ਇੱਕ ਵੈਰਾਗ ਮਈ ਚੀਸ ਕਵਿਤਾ ਬਣ ਕੇ ਨਿਕਲ਼ਣ ਲੱਗੀ-

ਇਹ ਤੋ ਵੱਡਾ ਪਾਪ ਦੱਸ ਕਿਹੜਾ ਹੋਊਗਾ।
ਪਾੜ੍ਹੀ ਦੀ ਉਡੀਕ ਵਿਚ ਪਾੜ੍ਹਾ ਰੋਊਗਾ।
ਜਾਲ਼ਮ ਨੇ ਸੀਨੇ ਵਿਚ ਗੋਲ਼ੀ ਤਾਰ' ਤੀ।
ਮਾਰੇ ਦੋਨੋਂ ਬੱਚੇ ਨਾਲ਼ੇ ਪਾੜ੍ਹੀ ਮਾਰਤੀ।

ਦੇਵ ਗੁਣ ਗੁਣਾ ਵੀ ਰਿਹਾ ਸੀ ਤੇ ਰੋ ਵੀ ਰਿਹਾ ਸੀ। ਭਾਗਵੰਤੀ ਨੇ ਲਾਗੇ ਆ ਕੇ ਉੱਤੋਂ ਚਾਦਰ ਖਿੱਚ ਲਈ ਤੇ ਬੋਲੀ, 'ਕੀ ਹੋਇਆ ਵੇ ਤੈਨੂੰ?'

'ਸੂਰਜ ਮਨਾ ਕੇ ਸੋਗ ਜਾ ਡੁੱਬਿਆ... ਮੈਨੂੰ ਕੀ ਹੋਣਾ ਏਂ?' ਦੇਵ ਬੋਲਿਆ।

'ਵੇ ਕੀ ਹੋ ਗਿਆ? ਕੀ ਬੋਲੀ ਜਾਨੈਂ?'

'ਮਾਰੇ ਦੋਨੋਂ ਬੱਚੇ... ਤੂੰ ਜਾਹ ਗਾਹਾਂ।' ਦੇਵ ਨੇ ਕਿਹਾ।

'ਕੀਹਦੇ ਬੱਚੇ ਵੇ? ਕੀਹਨੂੰ ਮਾਰ ਆਇਆ ਤੂੰ?.... ਤੂੰ ਆਉਂਦਾ ਹੀ ਸਰਾਲ਼ ਬਣ ਕੇ ਪੈ ਗਿਆ। ਗੱਲ ਤਾਂ ਦੱਸ ਕੀ ਹੋਈ ਏ?' ਉਹ ਬੋਲੀ।

ਡੌਰ-ਭੌਰ ਹੋਇਆ ਦੇਵ ਉੱਠ ਕੇ ਬੈਠ ਗਿਆ। ਭਾਗਵੰਤੀ ਨੇ ਅਵਾਜ ਮਾਰੀ, 'ਵੇ ਘਨ੍ਹੱਈਏ' ।

'ਕੀ ਗੱਲ ਹੋ ਗਈ?' ਦੇਵ ਦਾ ਮਾਮਾ ਦੌੜਿਆ ਆਇਆ।

'ਮਾਮਾ.... ਮੈਥੋਂ ਬਹੁਤ ਵੱਡਾ ਪਾਪ ਹੋ ਗਿਆ।'

'ਹੈਂਅ? ਪਾਪ? ਕਿਆ ਹੋਇਆ? ਛੇਤੀ ਦੱਸ।' ਉਹ ਚੀਕਿਆ।

ਦੇਵ ਨੇ ਸਾਰੀ ਗੱਲ ਦੱਸ ਦਿੱਤੀ। ਦੋ ਬੱਚਿਆਂ ਤੇ ਪਾੜ੍ਹੀ ਦੀ ਭਿਆਨਕ ਮੌਤ ਬਾਰੇ ਸੁਣ ਘਨ੍ਹੱਈਆ ਮਸੋਸਿਆ ਗਿਆ।

'ਕੀ ਲੋੜ ਸੀ ਤੈਨੂੰ ਰਫ਼ਲ ਫੜਨ ਦੀ? ਮਾਰਦਾ ਆਪੀ। ਤੂੰ ਬੜੀ ਬੇਅਕਲੀ ਕੀਤੀ ਦੇਵ।' ਉਹ ਬੋਲਿਆ।

'ਉਹਨੇ ਫੜਾ ਦਿੱਤੀ, ਮੈਂ ਕੀ ਕਰਦਾ?'

'ਹੁਣ ਪਾੜ੍ਹੀ ਦਾ ਮਾਸ ਨਾ ਖਾਈਂ ਨਲਾਇਕਾ। ਪਸਚਾਤਾਪ ਕਰ। ਕੱਲ੍ਹ ਹੀ ਦਮਦਮਾ ਸਾਹਿਬ ਗੁਰਦੁਆਰੇ ਜਾਕੇ ਆਪਣੀ ਭੁੱਲ ਬਖਸ਼ਾਈਂ ਤੇ ਅੱਗੇ ਤੋਂ ਕੋਈ ਜਾਨਵਰ ਮਾਰਨ ਤੋਂ ਤੋਬਾ ਕਰੀਂ।'

ਥੋੜ੍ਹੀ ਦੇਰ ਮਗਰੋਂ ਹੀ ਬਸ਼ੀਰ ਆਇਆ ਤੇ ਬੋਲਿਆ, 'ਉਇ ਦੇਵ ਤੂੰ ਦੌੜ ਕਿਉਂ ਆਇਆ? ਬਾਲਟੀ ਲਿਆ ਤੇ ਮੀਟ ਪਾ ਲੈ ਜਿੰਨਾਂ ਪਾਉਣਾ ਏਂ।'

'ਨਹੀਂ ਬਸ਼ੀਰ... ਮੈਂ ਨਹੀਂ ਲੈਣਾ, ਉਸ ਪਾੜ੍ਹੀ ਦਾ ਮੀਟ... ਮਾਮੇ ਨੇ ਮਨ੍ਹਾਂ ਕਰ ਦਿੱਤਾ ਏ।' ਉਸ ਦੇ ਕਾਫ਼ੀ ਜ਼ੋਰ ਦੇਣ ਦੇ ਬਾਵਜੂਦ ਦੇਵ ਨਾ ਮੰਨਿਆਂ। ਘਨ੍ਹੱਈਆ ਵੀ ਬਾਹਰ

ਨਿਕਲ ਆਇਆ ਤੇ ਕਹਿਣ ਲੱਗਾ, 'ਬਸ਼ੀਰ ਤੂੰ ਜੋ ਮਰਜ਼ੀ ਕਰਦਾ ਰਹਿ। ਸਾਡੇ ਮੁੰਡੇ ਨੂੰ ਅੱਗੇ ਤੋਂ ਨੀ ਲੈ ਕੇ ਜਾਣਾ। ਤੂੰ ਇਹਨੂੰ ਰਫ਼ਲ ਕਿਉਂ ਫੜਾਈ? ਰੱਬ ਦਾ ਵਾਸਤਾ ਏ, ਇਹਨੂੰ ਪਾਪਾਂ ਦਾ ਭਾਗੀ ਨਾ ਬਣਾ।'

ਬਸ਼ੀਰ ਉਦਾਸ ਹੋ ਕੇ ਚਲਾ ਗਿਆ। ਦੇਵ ਨੂੰ ਸਾਰਿਆਂ ਨੇ ਰੋਟੀ ਖਾਣ ਲਈ ਕਿਹਾ ਪਰ ਉਹ ਖਾ ਹੀ ਨਾ ਸਕਿਆ। ਸਾਰੀ ਰਾਤ ਵੀ ਉਸ ਨੇ ਪਾੜ੍ਹੀ ਅਤੇ ਉਹਦੇ ਬੱਚਿਆਂ ਦੇ ਖਿਆਲਾਂ ਵਿਚ ਹੀ ਬਿਤਾਈ।

**00**

ਣ:꞉12

# ਬਾਹਟ

ਦੇਵ ਤੜਕੇ ਹੀ ਉੱਠ ਬੈਠਾ। ਨਹਾ ਧੋ ਕੇ ਤਿਆਰ ਹੋਇਆ ਤੇ ਸਾਇਕਲ ਚੁੱਕ ਚਮਕੌਰ ਦੇ ਦਮਦਮਾ ਸਾਹਿਬ ਗੁਰਦੁਆਰੇ ਵਿਚ ਪਹੁੰਚ ਗਿਆ। ਮਨ ਤੇ ਵੈਰਾਗ ਛਾਇਆ ਹੋਇਆ ਸੀ। ਗ੍ਰੰਥ ਸਾਹਿਬ ਮੂਹਰੇ ਹੱਥ ਜੋੜ ਅਰਦਾਸ ਕਰਨ ਮਗਰੋਂ ਜਦੋਂ ਮੱਥਾ ਧਰਤੀ ਨੂੰ ਛੁਹਾਇਆ ਤਾਂ ਫਿਰ ਕਵਿਤਾ ਫੁੱਟੀ-

'ਵਾੜੇ ਵਿਚ ਪੱਲੀ ਉੱਤੇ ਪਾੜ੍ਹੀ ਪਾ' ਤੀ।
ਖੁਰਪੇ ਦੇ ਨਾਲ਼ ਉਹਦੀ ਖੱਲ ਲਾਹ' ਤੀ।'

ਮੱਥਾ ਟੇਕ ਕੇ ਉਹ ਸੰਗਤ ਵਿਚ ਜਾ ਬੈਠਾ। ਉਸ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਵਿੱਚੋਂ ਪਰਲ-ਪਰਲ ਹੰਝੂ ਨਿਕਲਣ ਲੱਗੇ। ਪਾੜ੍ਹੀ ਉਸ ਦੀਆਂ ਅੱਖਾਂ ਅੱਗਿਓਂ ਹਟਦੀ ਹੀ ਨਹੀਂ ਸੀ। ਉਸ ਨੇ ਦੇਖਿਆ ਕਿ ਪਾਠ ਤਾਂ ਉਸ ਦੇ ਪਿੰਡ ਦਾ ਇੰਦਰ ਸਿਉਂ ਪਾਠੀ ਕਰ ਰਿਹਾ ਸੀ। ਉਹ ਉੱਠ ਕੇ ਭਾਂਡੇ ਮਾਂਜਣ ਦੀ ਸੇਵਾ ਕਰਨ ਲੱਗ ਪਿਆ। ਥੋੜ੍ਹੀ ਦੇਰ ਬਾਅਦ ਇੰਦਰ ਸਿਉਂ ਪਾਠੀ ਉਸ ਕੋਲ਼ ਆ ਗਿਆ ਤੇ ਬੋਲਿਆ, 'ਸੁਣਾ ਬਈ ਦੁਖੀ, ਕੀ ਹਾਲ-ਚਾਲ ਏ ਤੇਰਾ?'

'ਠੀਕ ਏ ਬਾਈ ਤੂੰ ਸੁਣਾ? ਮੇਰਾ ਨਾਂ ਹੁਣ ਦੇਵ ਏ।' ਉਹ ਬੋਲਿਆ।

'ਮਿਹਰਾਂ ਨੇ ਸੱਚੇ ਪਾਤਸ਼ਾਹ ਦੀਆਂ ਦੇਵ ਸਿਆਂ। ਕੀ ਕਰਦਾ ਹੁੰਦਾ ਏਂ ਅੱਜ ਕੱਲ੍ਹ?'

'ਬਾਰਵੀਂ ਦੇ ਪੇਪਰ ਦਿੱਤੇ ਨੇ। ਅਜੇ ਤਾਂ ਵਿਹਲਾ ਹੀ ਹਾਂ।'

'ਆ ਜਾ ਮੇਰੇ ਨਾਲ਼ ਹੱਥ ਧੋਕੇ।' ਉਹ ਬੋਲਿਆ।

ਇੰਦਰ ਸਿਉਂ ਉਸ ਨੂੰ ਇਕ ਕਮਰੇ' ਚ ਲੈ ਗਿਆ ਤੇ ਜੱਗ ਵਿੱਚੋਂ ਦੁੱਧ ਦੇ ਦੋ ਗਿਲਾਸ ਭਰ ਲਏ। ਬਦਾਮਾਂ ਤੇ ਦਾਖਾਂ ਦੀ ਭਰੀ ਇਕ ਪਲ਼ੇਟ ਉਹਦੇ ਮੂਹਰੇ ਕਰ ਦਿੱਤੀ ਤੇ ਬੋਲਿਆ, 'ਲੈ ਖਾ ਪੀ ਲੈ ਕੁਛ।'

ਦੇਵ ਨੇ ਬਦਾਮ ਸੌਂਗੀ ਖਾ ਕੇ ਦੁੱਧ ਦਾ ਗਿਲਾਸ ਪੀ ਲਿਆ ਤੇ ਬੋਲਿਆ, 'ਸੁਆਦ ਆ ਗਿਆ ਬਾਈ, ਦੁੱਧ ਤਾਂ ਚਿੱਕੜ ਵਰਗਾ ਗਾੜ੍ਹਾ ਏ।'

'ਰੋਜ਼ ਆ ਜਾਇਆ ਕਰ ਚਾਹੇ। ਰੱਬ ਦੇ ਘਰ' ਚ ਕੀ ਘਾਟਾ ਏ।' ਇੰਦਰ ਸੂੰ ਬੋਲਿਆ।

‘ ਨਾ ਬਾਈ ਸਿਆਂ... ਫੁੱਟ ਫੁੱਟ ਨਿਕਲੂ।’ ਦੇਵ ਹੱਸਿਆ।

‘ਦੇਵ ਵਿਹਲਾ ਸਮਾਂ ਰੱਬ ਦੇ ਲੇਖੇ ਲਾ ਦੇ। ਸਭ ਕਸ਼ਟ ਕੱਟੇ ਜਾਣਗੇ।’

‘ਉਹ ਕਿਵੇਂ?’ ਦੇਵ ਨੇ ਪੁੱਛਿਆ।

‘ਪਾਠ ਤਾਂ ਕਰ ਹੀ ਲੈਂਦਾ ਹੋਵੇਂਗਾ?’

‘ਆਹੋ... ਪਾਠ’ ਚ ਕੀ ਆ?... ਚੰਗੀ ਤਰ੍ਹਾਂ ਕਰ ਲੈਂਦਾ ਏਂ।’

‘ਆ ਜਾਇਆ ਕਰ ਮੇਰੇ ਨਾਲ਼ ਸਵੇਰੇ ਹੀ। ਰੌਲ਼ ਲਾ, ਨਾਲ਼ੇ ਪੁੰਨ ਨਾਲ਼ੇ ਫਲ਼ੀਆਂ। ਉਸ ਨੇ ਦੱਸਿਆ ਕਿ ਹਰ ਅੱਠ ਘੰਟੇ ਮਗਰੋਂ ਦੋ ਘੰਟੇ ਦੀ ਰੌਲ਼ ਲਾਉਣੀ ਹੋਵੇਗੀ। ਇਕ ਰੌਲ਼ ਲਾਉਣ ਦੇ ਦੋ ਰੁਪਏ ਮਿਲਣਗੇ। ਪੀਣ ਲਈ ‘ਸਮੁੰਦਰ’ ਤੇ ਖਾਣ ਲਈ ਡਰਾਈ ਫਰੂਟ। ਲੰਗਰ ਵੀ ਪਾਠੀਆਂ ਲਈ ਦੇਸੀ ਘਿਓ ਦਾ ਅਲੱਗ।’ ਅੰਨ੍ਹਾਂ ਕੀ ਭਾਲ਼ੇ ਦੋ ਅੱਖਾਂ... ਉਸ ਦੀ ਗੱਲ ਦੇਵ ਨੂੰ ਜਚ ਗਈ। ਉਸਨੇ ਗੁਰਦੁਆਰੇ ਵਿਚ ਪ੍ਰਬੰਧਕਾਂ ਨਾਲ਼ ਗੱਲ ਕੀਤੀ। ਇਕ ਜਣੇ ਨੇ ਦੇਵ ਦੀ ਪ੍ਰੀਖਿਆ ਲੈਣ ਲਈ ਉਸ ਨੂੰ ਗ੍ਰੰਥ ਸਾਹਿਬ ਵਿੱਚੋਂ ਵਾਕ ਲੈਣ ਲਈ ਕਿਹਾ ਤੇ ਉਸ ਦਾ ਪਾਠ ਸੁਣ ਕੇ ਉਸ ਨੂੰ ਹਰੀ ਝੰਡੀ ਦੇ ਦਿੱਤੀ। ਗੁਰਦੁਆਰੇ ਵਿਚ ਸਧਾਰਣ ਤੇ ਅਖੰਡ ਦੋਨੋਂ ਤਰ੍ਹਾਂ ਦੇ ਪਾਠ ਹਮੇਸ਼ਾ ਖੁੱਲ੍ਹੇ ਰਹਿੰਦੇ ਸਨ। ਦੇਵ ਨੂੰ ਇੰਝ ਲੱਗਾ ਕਿ ਪਾੜ੍ਹੀ ਅਤੇ ਉਹਦੇ ਬੱਚਿਆਂ ਦੀ ਉਸ ਦੇ ਹੱਥੋਂ ਹੱਤਿਆ ਕਰਵਾ ਕੇ ਖੁਦ ਸੱਚੇ ਪਾਤਸ਼ਾਹ ਨੇ ਇੰਦਰ ਸਿਉਂ ਰਾਹੀਂ ਉਸ ਦਾ ਮਾਰਗ ਦਰਸ਼ਨ ਕੀਤਾ ਸੀ। ਉਸ ਨੇ ਸੋਚਿਆ ਕਿ ਹੁਣ ਉਸ ਨੂੰ ਉਸ ਦਾ ਅਸਲ ਟਿਕਾਣਾ ਮਿਲ ਗਿਆ ਹੈ। ਹੋਰ ਸਾਰੇ ਰਾਹ ਬੰਦ ਕਰਕੇ ਰੱਬ ਦੀ ਬੰਦਗੀ ਵਿਚ ਉਹ ਆਪਣਾ ਸਾਰਾ ਜੀਵਨ ਬਸਰ ਕਰੇਗਾ। ਘਨ੍ਹੱਈਏ ਨੂੰ ਉਸ ਨੇ ਆਪਣੀ ਮਣਸ਼ਾ ਦੱਸੀ। ਉਹ ਸ਼ਾਇਦ ਖੁਸ਼ ਹੀ ਹੋਇਆ। ਇਕ ਵਿਗੜ ਚੁੱਕੇ ਮੁੰਡੇ ਲਈ ਇਸ ਤੋਂ ਵਧੀਆ ਰਾਹ ਹੋਰ ਹੋ ਵੀ ਕਿਹੜਾ ਸਕਦਾ ਸੀ।

ਉਹ ਨਿੱਤ ਸਵੇਰੇ ਉੱਠ ਕੇ ਤਿਆਰ ਹੁੰਦਾ ਤੇ ਇੰਦਰ ਸਿਉਂ ਨਾਲ਼ ਚਮਕੌਰ ਸਾਹਿਬ ਦੇ ਗੁਰਦੁਆਰੇ ਦਮਦਮਾ ਸਾਹਿਬ ਵਿਚ ਚਲਾ ਜਾਂਦਾ। ਉੱਥੇ ਖਾਣ-ਪੀਣ ਲਈ ਵੀ ਸਭ ਕੁਝ ਸੀ ਤੇ ਰੱਬ ਦੀ ਭਗਤੀ ਕਰਨ ਦਾ ਸਬੱਬ ਵੀ ਬਣ ਗਿਆ ਸੀ। ਇਹ ਕੰਮ ਉਸ ਨੂੰ ਰਾਸ ਆ ਗਿਆ। ਕਦੀ ਕਦੀ ਕੁਲਦੀਪ ਉਸ ਦੀਆਂ ਅੱਖਾਂ ਮੂਹਰੇ ਘੁੰਮਣ ਲੱਗਦੀ ਤਾਂ ਉਹ ਉਸਨੂੰ ਕਿਸੇ ਪਰਦੇ ਵਾਂਗ ਖਿੱਚ ਕੇ ਪਰ੍ਹੇ ਹਟਾ ਦਿੰਦਾ। ਉਸਦੀ ਜਿਵੇਂ ਭਟਕਣ ਹੀ ਮੁੱਕ ਗਈ। ਘਨ੍ਹੱਈਏ ਨੇ ਉਸ ਦੇ ਪਾਉਣ ਲਈ ਇਕ ਕਲੀਆਂ ਵਾਲ਼ਾ ਚਿੱਟਾ ਚੋਗਾ ਤੇ ਇਕ ਗੋਡਿਆਂ ਤੱਕ ਲੰਬਾ ਕਛਹਿਰਾ ਸਿਉਂ ਦਿੱਤੇ। ਪਗੜੀ ਉਹ ਪਹਿਲਾਂ ਵਾਂਗ ਹੀ ਨੋਕ ਕੱਢਕੇ ਰੰਗਦਾਰ ਬੰਨ੍ਹਦਾ। ਉਸ ਨੇ ਦੋਹਾਂ ਹੱਥਾਂ ਵਿਚ ਮੋਟੇ ਕੜੇ ਪਾ ਲਏ। ਉਸ ਦਾ ਇਹ ਬਾਣਾ ਦੇਖ ਕੇ ਪਹਿਲਾਂ ਪਹਿਲਾਂ ਪਿੰਡ ਦੇ ਲੋਕਾਂ ਨੇ ਉਸ ਦਾ ਮਜ਼ਾਕ ਉਡਾਇਆ, ਪਰ ਹੌਲ਼ੀ-ਹੌਲ਼ੀ ਸਭ ਚੁੱਪ ਕਰ ਗਏ।

ਸਲਾਹਪੁਰ ਪਿੰਡ ਦੇ ਗੁਰਦੁਆਰੇ ਦੇ ਲਾਗੇ ਹੀ ਇਕ ਪੁਰਾਣੇ ਪਿੱਪਲ਼ ਹੇਠ ਅੱਠ-ਦੱਸ ਸਮਾਧਾਂ ਬਣੀਆਂ ਹੋਈਆਂ ਸਨ। ਇਨ੍ਹਾਂ ਬਾਰੇ ਇਹ ਦੰਦ ਕਥਾ ਸੀ ਕਿ ਇਹ ਸਮਾਧਾਂ ਚਮਕੌਰ ਦੀ ਜੰਗ ਸਮੇਂ ਸ਼ਹੀਦ ਹੋਏ ਸਿੰਘਾਂ ਦੀਆਂ ਸਨ, ਜਿਨ੍ਹਾਂ ਦਾ ਸਸਕਾਰ ਪਿੰਡ ਦੀ ਵਸਨੀਕ ਬੀਬੀ ਸ਼ਰਨਜੀਤ ਕੌਰ ਨਾਂ ਦੀ ਇਕ ਸਿੰਘਣੀ ਨੇ ਕੀਤਾ ਸੀ। ਉਨ੍ਹਾਂ ਸਮਾਧਾਂ ਪ੍ਰਤੀ

ਪਿੰਡ ਦੇ ਲੋਕਾਂ ਵਿਚ ਬੜੀ ਸ਼ਰਧਾ ਸੀ। ਜੋ ਵੀ ਗੁਰਦੁਆਰੇ ਆਉਂਦਾ, ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਮਗਰੋਂ ਖੱਬੇ ਪਾਸੇ ਦੇ ਛੋਟੇ ਦਰਵਾਜ਼ੇ ਵਿੱਚੀਂ ਲੰਘ ਕੇ ਸਮਾਧਾਂ ਉੱਤੇ ਵੀ ਸਿਰ ਝੁਕਾ ਕੇ ਆਉਂਦਾ। ਇਕ ਦਿਨ ਸ਼ਾਮ ਵੇਲ਼ੇ ਪਿੰਡ ਦੀ ਇਕ ਅੱਠ ਨੌਂ ਸਾਲ ਦੀ ਬੱਚੀ ਗੁਰਦੁਆਰੇ ਆਈ ਤੇ ਸਮਾਧਾਂ ਅੱਗੇ ਜਗਦੀ ਜੋਤ ਵਿਚ ਆਪਣੀ ਕੌਲੀ' ਚੋਂ ਦੇਸੀ ਘੀ ਪਾਉਣ ਲੱਗੀ। ਗੁਰਦੁਆਰੇ ਦਾ ਬਜ਼ੁਰਗ ਭਾਈ ਜੀ, ਜਿਸ ਦੀ ਉਮਰ ਸੱਤ ਸਾਲਾਂ ਨੂੰ ਢੁੱਕੀ ਹੋਈ ਸੀ, ਉਸ ਕੋਲ਼ ਆ ਕੇ ਉਸ ਦੀ ਪਿੱਠ ਉੱਤੇ ਹੱਥ ਫੇਰਨ ਲੱਗਾ ਤੇ ਕਾਜੂ-ਬਦਾਮ ਦੇਣ ਦੇ ਬਹਾਨੇ ਵਰਗਲ਼ਾ ਕੇ ਗੁਰਦੁਆਰੇ ਦੀ ਚਾਰਦੀਵਾਰੀ ਦੇ ਖੱਬੇ ਕੋਨੇ ਵਿਚ ਬਣੇ ਆਪਣੇ ਕਮਰੇ ' ਚ ਲੈ ਗਿਆ। ਉਹ ਕੁੜੀ ਨਾਲ਼ ਅਸ਼ਲੀਲ ਹਰਕਤਾਂ ਕਰਨ ਲੱਗਾ ਤਾਂ ਉਹ ਘਬਰਾ ਕੇ ਰੋਂਦੀ ਹੋਈ ਬਾਹਰ ਦੌੜ ਆਈ ਤੇ ਘਰ ਜਾ ਕੇ ਭਾਈ ਜੀ ਦੀ ਸਾਰੀ ਕਰਤੂਤ ਆਪਣੇ ਮਾਪਿਆਂ ਨੂੰ ਦੱਸ ਦਿੱਤੀ। ਉਹ ਗੱਲ ਪੰਚਾਇਤ ਵਿਚ ਲੈ ਆਏ। ਉਹ ਬਜ਼ੁਰਗ ਤਾਂ ਤੁਰਦਾ ਮਸੀਂ ਸੀ। ਹੱਥ ਉਸਦੇ ਦੋਨੋਂ ਕੰਬਦੇ ਸਨ। ਲੋਕਾਂ ਨੂੰ ਇਸ ਗੱਲ' ਚੋਂ ਸਾਜਿਸ਼ ਦੀ ਬੂਅ ਆਈ। ਪੰਚਾਇਤ ਵੀ ਇਸ ਇਲਜ਼ਾਮ ਨਾਲ਼ ਸਹਿਮਤ ਨਹੀਂ ਸੀ ਹੋ ਰਹੀ। ਕੁੜੀ ਦੇ ਮਾਪਿਆਂ ਦੀ ਫਰਿਆਦ ਅਣਸੁਣੀ ਵੀ ਨਹੀਂ ਸੀ ਕੀਤੀ ਜਾ ਸਕਦੀ। ਪੰਚਾਇਤ ਨੇ ਲੋਕਾਂ ਦੇ ਇਕੱਠ ਵਿਚ ਭਾਈ ਜੀ ਨੂੰ ਸਫ਼ਾਈ ਪੇਸ਼ ਕਰਨ ਲਈ ਕਿਹਾ। ਉਹ ਗਲ਼ ਵਿਚ ਪਰਨਾ ਪਾ ਕੇ ਕੰਬਦੇ ਹੱਥਾਂ ਪੈਰਾਂ ਨਾਲ਼ ਸੰਗਤ ਵਿਚ ਹਾਜ਼ਰ ਹੋ ਗਿਆ। ਸਰਪੰਚ ਕਹਿਣ ਲੱਗਾ, 'ਬਾਬਾ ਜੀ, ਤੁਹਾਡੇ ਤੇ ਇਲਜ਼ਾਮ ਹੈ ਕਿ ਤੁਸੀਂ ਪਿੰਡ ਦੀ ਧੀ ਧਿਆਣੀ ਨਿੱਕੀ ਬੱਚੀ ਨਾਲ਼ ਅਸ਼ਲੀਲ ਹਰਕਤ ਕੀਤੀ ਹੈ। ਕੀ ਆਪਣੀ ਗਲਤੀ ਸਵੀਕਾਰ ਕਰਦੇ ਹੋ?'

ਬਜ਼ੁਰਗ ਨੇ ਗੋਡਿਆਂ ਪਰਨੇ ਹੋ ਕੇ ਧਰਤੀ ਨੂੰ ਦੋਨੋਂ ਹੱਥ ਲਾਏ ਤੇ ਸਿਰ ਝੁਕਾ ਕੇ ਬੋਲਿਆ, 'ਸਵੀਕਾਰ ਕਰਦਾ ਹਾਂ ਸਾਧ ਸੰਗਤ ਜੀ। ਕਾਮ ਵੇਗ ਨੇ ਮੇਰੀ ਬੁੱਧੀ ਭ੍ਰਿਸ਼ਟ ਕਰ ਦਿੱਤੀ ਸੀ। ਇਸ ਬੱਜਰ ਗਲਤੀ ਦੀ ਮੈਂ ਸਜ਼ਾ ਚਾਹੁੰਦਾ ਹਾਂ। ਕੋਈ ਸਿੰਘ ਕਿਰਪਾਨ ਲੈ ਕੇ ਮੇਰਾ ਸਿਰ ਧੜ ਤੋਂ ਜੁਦਾ ਕਰ ਦੇਵੇ।'

'ਮੈਨੂੰ ਦਿਓ ਕਿਰਪਾਨ। ਮੈਂ ਲਾਹੁੰਦਾ ਹਾਂ ਇਸ ਦਾ ਗਾਟਾ।' ਕੁੜੀ ਦਾ ਭਰਾ ਬੋਲਿਆ।

'ਨਹੀਂ।' ਸਰਪੰਚ ਨੇ ਉਸ ਨੂੰ ਰੋਕਿਆ।

ਪੰਚਾਇਤੀਏ ਸਲਾਹ ਮਸ਼ਵਰਾ ਕਰਨ ਲੱਗੇ। ਕਾਨੂੰਨ ਨੂੰ ਆਪਣੇ ਹੱਥ' ਚ ਲੈ ਕੇ ਇਕ ਬਜ਼ੁਰਗ ਦਾ ਗਾਟਾ ਲਾਹੁਣਾ ਸਾਰਿਆਂ ਲਈ ਭਾਰਾ ਪੈ ਸਕਦਾ ਸੀ। ਸੋਚ ਵਿਚਾਰ ਕਰਨ ਮਗਰੋਂ ਬਜ਼ੁਰਗ ਦਾ ਮੂੰਹ ਕਾਲ਼ਾ ਕਰ ਕੇ ਗਲ਼ੀਆਂ ਵਿਚ ਘੁਮਾਇਆ ਗਿਆ। ਫਿਰ ਹੁਕਮ ਹੋਇਆ ਕਿ ਇਸੇ ਵੇਲ਼ੇ ਉਹ ਪਿੰਡ ਛੱਡ ਕੇ ਚਲਾ ਜਾਵੇ। ਉਸਨੇ ਸਾਰਿਆਂ ਵੱਲ ਹੱਥ ਜੋੜੇ ਤੇ ਉੱਥੋਂ ਹੀ ਤੁਰ ਪਿਆ। ਉਸ ਨੇ ਨਹਿਰ ਦੇ ਪੁਲ ਤੇ ਜਾ ਕੇ ਨਹਿਰ ਵਿਚ ਛਾਲ਼ ਮਾਰ ਦਿੱਤੀ। ਉਸ ਭਾਈ ਜੀ ਨੇ ਪਿੰਡ ਦੇ ਗੁਰਦੁਆਰੇ ਵਿਚ ਤੀਹ ਸਾਲ ਸੇਵਾ ਕੀਤੀ ਸੀ ਤੇ ਕੋਈ ਮਾੜੀ ਗੱਲ ਉਹਦੇ ਬਾਰੇ ਕਦੀ ਕਿਸੇ ਨੇ ਨਹੀਂ ਸੀ ਸੁਣੀ। ਮਨ ਦੇ ਵੇਗ ਨੇ ਕਿੱਥੋਂ ਕਿੱਥੇ ਪਟਕਾ ਮਾਰਿਆ ਸੀ ਇਕ ਇਨਸਾਨ ਨੂੰ।

ਉਸ ਦੇ ਜਾਣ ਨਾਲ਼ ਗੁਰਦੁਆਰਾ ਖਾਲੀ ਹੋ ਗਿਆ। ਆਲ਼ੇ-ਦੁਆਲ਼ੇ ਦੇ ਪਿੰਡਾਂ ਵਿਚ

ਇਸ ਘਟਨਾ ਦੀ ਖ਼ੂਬ ਚਰਚਾ ਹੋਈ। ਉਸ ਮਗਰੋਂ ਗੁਰਦੁਆਰੇ ਦੀ ਸਾਂਭ-ਸੰਭਾਲ਼ ਲਈ ਜਿਹੜਾ ਤੀਹ ਪੈਂਤੀ ਵਰ੍ਹਿਆਂ ਦੀ ਉਮਰ ਦਾ ਭਾਈ ਜੀ ਰੱਖਿਆ, ਉਸ ਦਾ ਨਾਂ ਹਰਗੁਲਾਬ ਸਿੰਘ ਸੀ। ਉਹ ਪਾਠ ਅਤੇ ਕੀਰਤਨ ਕਰਨ ਵਿਚ ਪੂਰਾ ਨਿਪੁੰਨ ਸੀ। ਇਸ ਲਈ ਕੀਰਤਨ ਦਾ ਟੈਸਟ ਲੈਣ ਮਗਰੋਂ ਪੰਚਾਇਤ ਨੇ ਹਾੜੀ-ਸਾਉਣੀ ਦੇ ਦਿੱਤੇ ਜਾਣ ਵਾਲ਼ੇ ਦਾਣਿਆਂ ਦੀ ਮਿਕਦਾਰ ਡਿਊਢੀ ਕਰ ਦਿੱਤੀ। ਅਜੇ ਕੁਝ ਹੀ ਦਿਨ ਬੀਤੇ ਸਨ ਕਿ ਹਰਗੁਲਾਬ ਸਿੰਘ ਤੋਂ ਲੋਕ ਹੱਥ ਹੌਲ਼ੇ ਅਤੇ ਧਾਗੇ ਤਵੀਤ ਕਰਵਾਉਣ ਲੱਗ ਪਏ। ਉਹ ਭੂਤ-ਪ੍ਰੇਤ ਦੀ ਛਾਇਆ ਵਾਲ਼ੇ ਬੰਦੇ ਨੂੰ ਆਪਣੇ ਮੂਹਰੇ ਬਿਠਾ ਲੈਂਦਾ ਤੇ ਦੰਦਲ ਦਾਤੀ ਧਰਤੀ ਤੇ ਮਾਰ ਬੰਦੇ ਦੇ ਮੂੰਹ ਵੱਲ ਨੂੰ ਘੁਮਾਈ ਜਾਂਦਾ ਤੇ ਕਿਸੇ ਮੰਤਰ ਦਾ ਉਚਾਰਣ ਵੀ ਕਰੀ ਜਾਂਦਾ। ਕਾਗਜ਼ ਉੱਤੇ ਤਬੀਤ ਲਿਖ ਦੇ ਦਿੰਦਾ ਤੇ ਮੜ੍ਹਵਾ ਕੇ ਗਲ਼' ਚ ਪਾਉਣ ਜਾਂ ਡੌਲ਼ੇ ਨਾਲ਼ ਬੰਨ੍ਹਣ ਲਈ ਕਹਿੰਦਾ। ਬੁੜ੍ਹੀਆਂ ਵਿਚ ਇਹ ਆਮ ਚਰਚਾ ਹੋਣ ਲੱਗੀ ਕਿ ਗਿਆਨੀ ਜੀ ਦੇ ਹੱਥ-ਹੌਲ਼ੇ ਅਤੇ ਤਬੀਤ ਨਾਲ਼ ਬੀਮਾਰੀ ਜਾਂ ਕਸਰ ਵਾਲ਼ਾ ਮਰੀਜ਼ ਝੱਟ ਠੀਕ ਹੋ ਜਾਂਦਾ ਹੈ। ਹੌਲ਼ੀ-ਹੌਲ਼ੀ ਉਹ ਹੱਥ ਦੀਆਂ ਲਕੀਰਾਂ ਦੇਖ ਕੇ ਉਪਾਅ ਵੀ ਦੱਸਣ ਲੱਗ ਪਿਆ। ਪਿੰਡ ਦੇ ਕੁਝ ਬੰਦਿਆਂ ਨੇ ਇਸ ਪਖੰਡ ਵਿਰੁੱਧ ਘੁਸਰ-ਮੁਸਰ ਤਾਂ ਕੀਤੀ ਪਰ ਖੁੱਲ੍ਹ ਕੇ ਕੋਈ ਅੱਗੇ ਨਾ ਆਇਆ। ਕੁਝ ਦਿਨ ਬੀਤੇ ਤਾਂ ਉਸਨੇ ਇਕ ਹੋਰ ਨਵਾਂ ਕਾਰੋਬਾਰ ਸ਼ੁਰੂ ਕਰ ਲਿਆ। ਉਪਰੋਕਤ ਸਾਰੀ ਗੱਲਬਾਤ ਤੇ ਉਸ ਨਵੇਂ ਕਾਰੋਬਾਰ ਬਾਰੇ ਦੇਵ ਦੇ ਮਿੱਤਰ ਮਾਨ ਸਿੰਘ ਤੇ ਗੁਰਦੀਪ ਨੇ ਉਸ ਨੂੰ ਉਦੋਂ ਦੱਸਿਆ ਸੀ ਜਦੋਂ ਉਹ ਇਕ ਸਾਲ ਰੋਪੜ ਪੜ੍ਹਨ ਮਗਰੋਂ ਪਿੰਡ ਆਇਆ ਹੀ ਸੀ। ਉਦੋਂ ਤੱਕ ਗਿਆਨੀ ਜੀ ਦਾ ਕਾਰੋਬਾਰ ਕਾਫ਼ੀ ਵਧ ਚੁੱਕਾ ਸੀ ਤੇ ਆਪਣੇ ਦੁੱਖਾਂ ਦਾ ਇਲਾਜ ਕਰਾਉਣ ਲਈ ਗੁਰਦੁਆਰੇ ਵਿਚ ਲੋਕਾਂ ਦੀ ਭੀੜ ਜੁੜਨ ਲੱਗ ਪਈ ਸੀ।

ਹੋਇਆ ਇੰਝ ਕਿ ਗਿਆਨੀ ਜੀ ਨੇ ਸਮਾਧਾਂ ਵਾਲ਼ੀ ਥਾਂ ਦੀ ਸਫ਼ਾਈ ਕਰਵਾ ਕੇ ਇਕ ਛੋਟੇ ਜਿਹੇ ਕਮਰੇ ਦੀ ਉਸਾਰੀ ਕਰਵਾ ਦਿੱਤੀ ਤੇ ਅੰਦਰ ਮਹਾਰਾਜ ਦਾ ਪ੍ਰਕਾਸ਼ ਕਰਵਾ ਦਿੱਤਾ। ਉਸ ਦੇ ਬਾਹਰ 'ਸਸਕਾਰ ਅਸਥਾਨ ਸ਼ਹੀਦ ਸਿੰਘਾਂ ਜੰਗੇ ਚਮਕੌਰ' ਲਿਖਵਾ ਦਿੱਤਾ। ਪਿੱਪਲ ਦੇ ਮੁੱਢ ਇਕ ਬੋਰਡ ਲਿਖਵਾ ਕੇ ਗੱਡ ਦਿੱਤਾ। ਜਿਸ ਉੱਤੇ ਸ਼ਹੀਦ ਸਿੰਘਾਂ ਦੇ ਨਾਂ, ਪਿੰਡ ਤੇ ਜੰਗ ਵਿਚ ਜੂਝਣ ਦੀ ਬਹਾਦਰੀ ਦੀਆਂ ਗੱਲਾਂ ਲਿਖੀਆਂ ਹੋਈਆਂ ਸਨ। ਲੋਕਾਂ ਦਾ ਕਹਿਣਾ ਸੀ ਕਿ ਇਹ ਜਾਣਕਾਰੀ ਇਕੱਤਰ ਕਰਨ ਲਈ ਉਹ ਸਭ ਸ਼ਹਿਰਾਂ ਵਿਚ ਭੌਂਦਾ ਫਿਰਿਆ ਸੀ ਤੇ ਇਤਿਹਾਸਕਾਰਾਂ ਨੂੰ ਮਿਲਿਆ ਸੀ। ਉਸ ਨੇ ਉਸ ਥਾ ਤੇ ਅਖੰਡ ਪਾਠ ਕਰਵਾਉਣ ਲਈ ਇਕ ਦਿਨ ਮਿੱਥ ਲਿਆ। ਉਸ ਅਸਥਾਨ ਦੀ ਮਹੱਤਤਾ ਦੱਸਦੇ ਹੋਏ ਇਸ਼ਤਿਹਾਰ ਪਿੰਡ ਪਿੰਡ ਵਿਚ ਵੰਡੇ ਗਏ ਅਤੇ ਦੀਵਾਰਾਂ ਤੇ ਚਿਪਕਾਏ ਗਏ। ਇਸ਼ਤਿਹਾਰਾਂ ਤੇ ਇਹ ਵੀ ਲਿਖਿਆ ਕਿ ਦੋ ਦਿਨ ਦੇਸੀ ਘੀ ਦੀਆਂ ਜਲੇਬੀਆਂ ਦਾ ਅਤੁੱਟ ਲੰਗਰ ਵੀ ਵਰਤੇਗਾ। ਖ਼ੂਬ ਪ੍ਰਚਾਰ ਕੀਤਾ ਗਿਆ। ਭੋਗ ਵਾਲ਼ੇ ਦਿਨ ਐਨੀ ਸੰਗਤ ਇਕੱਠੀ ਹੋ ਗਈ ਕਿ ਤਿਲ ਸਿੱਟਣ ਜੋਗੀ ਥਾਂ ਵੀ ਨਾ ਬਚੀ। ਲੋਕਾਂ ਨੇ ਵਧ-ਚੜ੍ਹ ਕੇ ਇਸ 'ਮਹਾਨ' ਕਾਰਜ ਲਈ ਦਾਨ ਦਿੱਤਾ। ਦੇਸੀ ਘੀ ਦੇ ਪੀਪਿਆਂ ਦੀ ਲਾਈਨ ਲੱਗ ਗਈ। ਲੋਕ 'ਸੇਵਕ ਕੋ ਸੇ ਵਾ ਬਨ ਆਈ' ਵਰਗੀਆਂ ਗੱਲਾਂ ਕਰਨ ਲੱਗ ਪਏ।

ਅਖੰਡ ਪਾਠ ਦੇ ਭੋਗ ਮਗਰੋਂ ਵਾਕ ਲੈਣ ਦੀ ਦੇਰ ਸੀ ਕਿ ਗ੍ਰੰਥ ਸਾਹਿਬ ਮੂਹਰੇ

ਚੌਂਕੜਾ ਮਾਰੀ ਬੈਠੇ ਗਿਆਨੀ ਜੀ ਨੇ 'ਹੂੰ ਅਅਅ... ' ਕਹਿਕੇ ਬੜੇ ਜ਼ੋਰ ਨਾਲ਼ ਬੜ੍ਹਕ ਮਾਰੀ। ਪਹਿਲਾਂ ਹੀ ਤਿਆਰ ਬੈਠੇ ਉਸਦੇ ਗਿਰੋਹ ਦੇ ਸੱਤ ਅੱਠ ਸੇਵਕ, ਜਿਨ੍ਹਾਂ ਨੇ ਚਿੱਟੇ ਚੋਗੇ ਪਾ ਕੇ ਗੋਲ਼ ਪਗੜੀਆਂ ਬੰਨ੍ਹੀਆਂ ਹੋਈਆਂ ਸਨ, ਉੱਚੀ ਆਵਾਜ਼ ਵਿਚ ਕਹਿਣ ਲੱਗੇ, 'ਸ਼ਹੀਦ ਸਿੰਘ ਆ ਗਏ। ਸ਼ਹੀਦ ਸਿੰਘ ਆ ਗਏ।'

ਇਕ ਜਣਾ ਵੱਡੇ ਕੜਛੇ ਵਿਚ ਅੰਗਿਆਰ ਤੇ ਗੁੱਗਲ ਦੀ ਧੂਫ਼ ਪਾ ਕੇ ਦੌੜਾ ਆਇਆ ਤੇ ਕੜਛਾ ਗਿਆਨੀ ਜੀ ਦੀਆਂ ਨਾਸਾਂ ਮੂਹਰੇ ਕਰ ਦਿੱਤਾ। ਲੋਕਾਂ ਦੇ ਹੱਥ ਜੁੜ ਗਏ ਤੇ 'ਵਾਹਿਗੁਰੂ ਵਾਹਿਗੁਰੂ' ਦੀਆਂ ਅਵਾਜ਼ਾਂ ਆਉਣ ਲੱਗ ਪਈਆਂ। ਗਿਆਨੀ ਜੀ ਨੇ ਨੱਕ ਰਾਹੀਂ ਧੂਫ਼ ਦਾ ਧੂੰਆਂ ਖਿੱਚ ਕੇ ਫੁੰਕਾਰਾ ਮਾਰਿਆ, 'ਮੈਂ ਸੱਚੇ ਪਾਤਸ਼ਾਹ ਬਾਜਾਂ ਵਾਲ਼ੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੋਦ ਦਾ ਨਿੱਘ ਮਾਣਨ ਵਾਲ਼ਾ ਫਲਾਣੇ ਪਿੰਡ ਦਾ ਢਿਮਕਾ ਸਿੰਘ ਹਾਂ। ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਸਾਂ ਸ਼ਹੀਦੀ ਪਾਈ। ਅਸੀਂ ਗੁਰੂ ਘਰ ਦੇ ਸੇਵਕ ਭਾਈ ਹਰੀ ਗੁਲਾਬ ਸਿੰਘ ਦੀ ਸੇਵਾ ਤੋਂ ਬਹੁਤ ਖੁਸ਼ ਹੋਏ ਹਾਂ। ਅਸੀਂ ਹਰ ਐਤਵਾਰ ਦੀ ਸ਼ਾਮ ਨੂੰ ਲੋਕਾਂ ਦੇ ਦੁੱਖ ਦਰਦ ਦੂਰ ਕਰਨ ਲਈ ਇਸ ਪਵਿੱਤਰ ਅਸਥਾਨ ਤੇ ਹਾਜ਼ਰ ਹੋਇਆ ਕਰਾਂਗੇ।'

ਗਿਆਨੀ ਜੀ ਵਿਚ ਆਈ 'ਪੌਣ' ਵਲੋਂ ਉਹ ਹੋਰ ਵੀ ਬੜਾ ਕੁਝ ਬੋਲਦਾ ਰਿਹਾ। ਲੋਕ ਅੱਖਾਂ ਫਾੜ-ਫਾੜ ਉਸ ਵੱਲ ਦੇਖਦੇ ਵੀ ਰਹੇ ਤੇ ਸੁਣੀ ਵੀ ਗਏ। ਉਸ ਵਿੱਚੋਂ 'ਪੌਣ' ਨਿੱਕਲ਼ੀ ਤਾਂ ਉਹ ਐਨਾ ਨਿਢਾਲ਼ ਹੋ ਗਿਆ ਕਿ ਗ੍ਰੰਥ ਸਾਹਿਬ ਦੇ ਮੂਹਰੇ ਹੀ ਡਿਗ ਪਿਆ ਤੇ 'ਬੇਹੋਸ਼' ਹੋ ਗਿਆ। ਸੇਵਾਦਾਰਾਂ ਨੇ ਉਸਨੂੰ ਮੂੰਹ ਤੇ ਪਾਣੀ ਦੇ ਛਿੱਟੇ ਮਾਰ ਮਾਰ ਕੇ ਹੋਸ਼ ਵਿਚ ਲਿਆਂਦਾ ਤਾਂ ਉਹ ਉੱਠਦਾ ਬੋਲਿਆ, 'ਮੈਨੂੰ ਕੀ ਹੋ ਗਿਆ ਸੀ?'

'ਬਾਬਾ ਜੀ, ਤੁਹਾਡੇ ਵਿਚ ਸ਼ਹੀਦ ਆ ਗਏ ਸੀ।' ਕੋਈ ਸੇਵਕ ਬੋਲਿਆ।

'ਧੰਨ ਭਾਗ ਮੇਰੇ.... ਧੰਨ ਭਾਗ ਮੇਰੇ ਸਤਿਗੁਰਾ... ਮੈਨੂੰ ਸਾਰੀ ਗੱਲ ਦੱਸੋ। ਮੈਨੂੰ ਕੁਝ ਪਤਾ ਨਹੀਂ।'

ਗਿਆਨੀ ਜੀ ਅਣਜਾਣ ਬਣ ਕੇ ਬੋਲੇ। ਸਾਰੀ ਗੱਲ ਵੀ ਕਿਸੇ ਹੋਰ ਸੇਵਕ ਨੇ ਬਿਆਨ ਕਰ ਦਿੱਤੀ। ਗਿਆਨੀ ਜੀ ਸੁਣ ਕੇ ਗਦ ਗਦ ਹੋ ਕੇ ਬੋਲੇ, 'ਅਪਾਰ ਕਿਰਪਾ ਹੋ ਗਈ ਦਾਸ ਤੇ ਸੱਚੇ ਪਾਤਸ਼ਾਹ ਦੀ... ਧੰਨ ਹੋ ਗਿਆ ਹਾਂ ਮੈਂ। ਕੜਾਹ ਪ੍ਰਸ਼ਾਦ ਵੰਡੇ।'

ਇਸ ਘਟਨਾ ਬਾਰੇ ਲੋਕਾਂ ਵਿਚ ਘੁਸਰ-ਮੁਸਰ ਹੋਣ ਲੱਗੀ। ਕਈਆਂ ਨੇ ਇਸ ਨੂੰ ਸੱਚ ਸਮਝ ਲਿਆ ਤੇ ਗਿਆਨੀ ਜੀ ਦੇ ਪੈਰਾਂ' ਚ ਡਿਗਣ ਲੱਗੇ। ਦੂਜੀ ਧਿਰ ਨੇ ਵਿਰੋਧ ਕੀਤਾ ਕਿ ਭਾਟੜਾ ਪਾਖੰਡ ਕਰਦਾ ਹੈ। ਇਹ ਗੱਲ ਸਿੱਖ ਧਰਮ ਦੇ ਅਸੂਲਾਂ ਦੇ ਖਿਲਾਫ਼ ਹੈ ਤੇ ਇਸ ਦੀ ਨਿੰਦਿਆ ਕੀਤੀ ਜਾਣੀ ਚਾਹੀਦੀ ਏ। ਨਿੰਦਿਆ ਕਰਨ ਦੀ ਗੱਲ ਲੋਕ ਮਲ਼ਵੀਂ ਜੀਭ ਨਾਲ਼ ਹੀ ਕਹਿ ਰਹੇ ਸਨ। ਜਿਹੜੇ ਮੁੰਡੇ ਜ਼ਿਆਦਾ ਗਰਮੀ ਦਿਖਾ ਰਹੇ ਸਨ, ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਝਿੜਕ ਦਿੱਤਾ ਸੀ।

ਹਰ ਐਤਵਾਰ ਦੀ ਸ਼ਾਮ ਗੁਰਦੁਆਰੇ ਅੰਦਰ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੁੱਛਾਂ ਦੱਸਣ ਦਾ ਕੰਮ ਬੜੇ ਜ਼ੋਰ-ਸ਼ੋਰ ਨਾਲ਼ ਸ਼ੁਰੂ ਹੋ ਗਿਆ। ਲੋਕਾਂ ਦੇ ਦੁੱਖਾਂ ਦਾ ਤਾਂ ਕੋਈ ਅੰਤ ਹੀ ਨਹੀਂ ਸੀ। ਸ਼ਰੀਰਕ ਅਤੇ ਮਾਨਸਿਕ ਰੋਗੀਆਂ ਨੂੰ ਨਾਲ਼ ਲੈਕੇ ਲੋਕਾਂ ਦੇ ਟੋਲੇ ਆਪਣੀ

ਵਾਰੀ ਛੇਤੀ ਲਿਆਉਣ ਦੇ ਮਣਸ਼ੇ ਨਾਲ਼ ਸ਼ਨੀਵਾਰ ਨੂੰ ਹੀ ਗੁਰਦੁਆਰੇ ਵਿਚ ਡੇਰੇ ਜਮਾਉਣ ਲੱਗੇ। ਦੋਨੋਂ ਦਿਨ ਲੰਗਰ ਚੱਲਦਾ। ਪਿੰਡ ਵਾਲ਼ਿਆਂ ਨੂੰ ਵੀ ਮੌਜਾਂ ਲੱਗ ਗਈਆਂ। ਉਹ ਆਪਣਾ ਚੁੱਲ੍ਹਾ ਦੋ ਦਿਨ ਠੰਡਾ ਹੀ ਰੱਖਣ ਲੱਗ ਪਏ। ਗਿਆਨੀ ਜੀ ਹੁਣ ਆਪਣੇ ਆਪ ਨੂੰ 'ਸੰਤ ਜੀ ਮਹਾਰਾਜ' ਅਖਵਾਉਣ ਲੱਗੇ ਸਨ। ਸੰਤਾਂ ਦੇ ਸੇਵਕ ਕਛਹਿਰੇ ਚੋਗੇ ਪਾਈ, ਗੋਲ਼ ਪੱਗਾਂ ਬੰਨ੍ਹੀ ਦੁਖੀ ਲੋਕਾਂ ਨਾਲ਼ ਹਮਦਰਦੀ ਦਾ ਪ੍ਰਗਟਾਵਾ ਕਰ ਕੇ ਦੁੱਖਾਂ ਦੀ ਹਿਸਟਰੀ ਅਤੇ -ਪਤੇ ਦੀ ਸੂਹ ਕੱਢ ਲੈਂਦੇ। ਆਪਣੀਆਂ ਔਰਤਾਂ ਨੂੰ ਵੀ ਇਸ ਕੰਮ ਲਈ ਵਰਤਦੇ ਤੇ ਪੱਕੇ ਪੈਰੀਂ ਸੰਤ ਜੀ ਨੂੰ ਉਨ੍ਹਾਂ ਕੇਸਾਂ ਨਾਲ਼ ਨਜਿੱਠਣ ਲਈ ਤਿਆਰ ਕਰ ਦਿੰਦੇ। ਚੌਂਕੀ ਸਮੇਂ ਜਦੋਂ ਸੰਤਾਂ ਤੇ ਸ਼ਹੀਦ ਸਿੰਘਾਂ ਦਾ ਪਹਿਰਾ ਹੁੰਦਾ ਤਾਂ ਚੋਣਵੇਂ ਕੇਸਾਂ ਦਾ ਨਿਪਟਾਰਾ ਕਰ ਦਿੱਤਾ ਜਾਂਦਾ। ਚਿੱਟਾ ਬਾਣਾ ਪਾਈ ਸੰਤ ਜੀ ਗ੍ਰੰਥ ਸਾਹਿਬ ਦੇ ਮੂਹਰੇ ਚੌਂਕੜਾ ਮਾਰ ਕੇ ਬੈਠ ਜਾਂਦੇ । ਸੇਵਕ ਕੜਛੇ ਵਿਚ ਅੰਗਿਆਰ ਰੱਖ ਗੁੱਗਲ਼ ਦਾ ਧੂੰਆਂ ਸੰਤਾਂ ਦੇ ਨੱਕ ਮੂਹਰੇ ਕਰ ਦਿੰਦੇ ਤੇ ਪੌਣ ਆਉਣ ਤੇ 'ਹੂੰਅਅਅਅ' ਦੀ ਅਵਾਜ਼ ਨਾਲ਼ ਬੜ੍ਹਕ ਵੱਜਣੀਆਂ ਸ਼ੁਰੂ ਹੋ ਜਾਂਦੀਆਂ। ਗੁਰਦੁਆਰੇ ਵਿਚ ਸੁੰਨ ਵਰਤ ਜਾਂਦੀ। ਲੋਕ 'ਵਾਹਿਗੁਰੂ' 'ਵਾਹਿਗੁਰੂ' ਕਰਨ ਲੱਗਦੇ। ਸੰਤ ਜੀ ਬੜ੍ਹਕਾਂ ਮਾਰਦੇ, 'ਇਕ ਬੀਬੀ ਫਲਾਣੇ ਪਿੰਡ ਤੋਂ ਆਪਣੇ ਘਰ ਵਾਲ਼ੇ ਸਮੇਤ ਆਪਣੇ ਦੁੱਖਾਂ ਦੀ ਨਵਿਰਤੀ ਲਈ ਸਾਡੇ ਦਰਬਾਰ ਵਿਚ ਆਈ ਹੈ, ਪੇਸ਼ ਹੋਵੇ।'

ਬੀਬੀ ਤਾਂ ਆਈ ਹੀ ਹੁੰਦੀ। ਉਹ ਹੱਥ ਜੋੜਦੀ ਸੰਤਾਂ ਮੂਹਰੇ ਪੈਰਾਂ ਭਾਰ ਆ ਬੈਠਦੀ। ਸੰਤ ਜੀ ਆਖਦੇ, 'ਤੇਰੀ ਹੀ ਜਠਾਣੀ ਵੱਲੋਂ ਚਾਹ ਵਿਚ ਤਬੀਤ ਘੋਲ਼ ਕੇ ਤੈਨੂੰ ਪਿਲਾਇਆ ਗਿਆ ਸੀ। ਇਸੇ ਕਰਕੇ ਤੇਰੇ ਦੋਨੋਂ ਬੱਚੇ ਜੰਮਦੀ ਸਾਰ ਪਰਲੋਕ ਸਿਧਾਰ ਗਏ। ਸੱਚ ਏ ਇਹ ਗੱਲ?'

'ਹਾਂ ਮਹਾਰਾਜ ਸੱਚ ਏ।' ਮੂਹਰੇ ਬੈਠੀ ਬੀਬੀ ਸੰਤਾਂ ਦੇ ਪੈਰਾਂ ਵਿਚ ਸਿਰ ਰੱਖ ਦਿੰਦੀ। ਸੰਤ ਜੀ ਇਸ ਦੇ ਇਲਾਜ ਲਈ ਸੁਆਹ ਦੀਆਂ ਪੁੜੀਆਂ ਦਿੰਦੇ। ਭਰਨ ਵਾਲ਼ੀਆਂ ਚੌਂਕੀਆਂ ਦੀ ਗਿਣਤੀ ਦੱਸਦੇ। ਦਾਨ-ਪੁੰਨ ਦੀ ਵਿਧੀ ਦੱਸਦੇ ਤੇ ਉਸ ਨੂੰ ਸੰਤੁਸ਼ਟ ਕਰ ਕੇ ਅਗਲੀ ਦੁਖੀ ਆਤਮਾ ਨੂੰ ਪੇਸ਼ ਹੋਣ ਲਈ ਬੜ੍ਹਕ ਮਾਰਦੇ।

ਸੰਤ ਜੀ ਦੇ ਬਚਨਾਂ ਨਾਲ਼ ਤੇ ਸੁਆਹ ਦੀਆਂ ਪੁੜੀਆਂ ਦੀ ਖ਼ੁਰਾਕ ਲੈਣ ਨਾਲ਼ ਜੇ ਕਿਸੇ ਦੀ ਔਲਾਦ ਬਚਣ ਲੱਗਦੀ, ਕੁੜੀਆਂ ਮਗਰੋਂ ਮੁੰਡਾ ਹੋ ਜਾਂਦਾ, ਕੋਈ ਮੁਕੱਦਮਾ ਜਿੱਤ ਜਾਂਦਾ, ਕਿਸੇ ਨੂੰ ਨੌਕਰੀ ਮਿਲ ਜਾਂਦੀ, ਕਿਸੇ ਦੀ ਓਪਰੀ ਕਸਰ ਦੂਰ ਹੋ ਜਾਂਦੀ, ਰਿਸ਼ਤਾ ਹੋ ਜਾਂਦਾ ਜਾਂ ਮੱਝ ਆਸ ਲੱਗ ਜਾਂਦੀ ਤਾਂ ਸੰਤ ਜੀ ਦੀ ਮਹਿਮਾਂ ਗਾਈ ਜਾਂਦੀ ਤੇ ਮਾਇਆ ਦੇ ਗੱਫੇ ਵੀ ਚੜ੍ਹਾਏ ਜਾਂਦੇ। ਜਿਸ ਦਾ ਕੰਮ ਨਾ ਬਣਦਾ, ਉਹ ਹੱਸ ਕੇ, ਇਸਨੂੰ ਪਖੰਡ ਕਹਿ ਕੇ ਆਉਣਾ ਬੰਦ ਕਰ ਦਿੰਦਾ।

ਜਿਸ ਦਿਨ ਦੇਵ ਇਹ ਪ੍ਰੋਗਰਾਮ ਦੇਖਣ ਲਈ ਪਹਿਲੀ ਵਾਰੀ ਗੁਰਦੁਆਰੇ ਗਿਆ ਤਾਂ ਇਕ ਮਾਨਸਿਕ ਰੋਗਣ ਬੀਬੀ ਗ੍ਰੰਥ ਸਾਹਿਬ ਮੂਹਰੇ ਵਾਲ਼ ਖੋਲ੍ਹ ਕੇ ਖੇਡ ਰਹੀ ਸੀ ਤੇ ਮੁੜ ਮੁੜ ਸੰਤ ਜੀ ਦੀ ਗੋਦ ਵਿਚ ਡਿਗ ਰਹੀ ਸੀ। ਉਹ ਉਸ ਵਿਚ ਵੜੇ ਭੂਤਾਂ ਨੂੰ ਕਾਬੂ ਕਰਨ ਲਈ ਉਪਾਅ ਦੱਸ ਰਹੇ ਸਨ। ਦੇਵ ਨੂੰ ਇਸ ਸੰਤ ਨਾਲ਼ ਬੜੀ ਨਫ਼ਰਤ ਹੋਈ। ਭੋਲ਼ੇ -ਭਾਲ਼ੇ ਅਨਪੜ੍ਹ ਲੋਕਾਂ ਦਾ ਕਿਵੇਂ ਸੋਸ਼ਣ ਕੀਤਾ ਜਾ ਰਿਹਾ ਸੀ। ਅਨਪੜ੍ਹ ਕੀ ਉੱਥੇ ਤਾਂ ਚੰਗੇ

ਪੜ੍ਹੇ-ਲਿਖੇ ਦਿਖਣ ਵਾਲ਼ੇ ਲੋਕ ਵੀ ਚੌਂਕੀ ਭਰ ਰਹੇ ਸਨ। ਉਹ ਉੱਠ ਕੇ ਬਾਹਰ ਆ ਗਿਆ। ਉੱਥੇ ਦੇਵ ਦੀ ਸੋਚ ਵਾਲ਼ੇ ਹੋਰ ਵੀ ਕਈ ਸਨ, ਜੋ ਕੁਝ ਵੀ ਨਹੀਂ ਸਨ ਕਰ ਰਹੇ। ਹਰ ਕੋਈ ਚਾਹੁੰਦਾ ਸੀ ਕਿ ਇਹ ਤਮਾਸ਼ਾ ਬੰਦ ਤਾਂ ਹੋਵੇ, ਪਰ ਬੰਦ ਕਰਾਉਣ ਵਾਲ਼ਿਆਂ' ਚ ਉਹ ਆਪ ਨਾ ਹੋਵੇ।

ਇਕ ਦਿਨ ਕੁਝ ਮੁੰਡਿਆਂ ਨੇ ਇਕੱਠੇ ਹੋ ਕੇ ਇਕ ਸਕੀਮ ਘੜੀ, ਜਿਸ ਨਾਲ਼ ਇਸ ਪਖੰਡ ਨੂੰ ਢਾਅ ਲਾਈ ਜਾ ਸਕਦੀ ਸੀ, ਪਰ ਉਹ ਐਕਟਿੰਗ ਜਿਹੜੀ ਗੁਰਦੁਆਰੇ ਵਿਚ ਕਰਨੀ ਸੀ, ਕਰਨ ਲਈ ਕੋਈ ਵੀ ਤਿਆਰ ਨਹੀਂ ਸੀ ਹੋ ਰਿਹਾ। ਅਖੇ, ਜੁੱਤੀਆਂ ਪੈਣ ਦੀ ਪੂਰੀ ਸੰਭਾਵਨਾ ਹੈ, ਘਰ ਵਾਲਿਆਂ ਨੇ ਵੀ ਸਾਥ ਨਹੀਂ ਦੇਣਾ। ਜਿਹੜੇ ਚੋਲ਼ੇ ਪਾਈ, ਮੋਟੀਆਂ ਪਿੰਜਣੀਆਂ ਕੱਢੀ ਸੇਵਾਦਾਰ ਬਣੇ ਘੁੰਮ ਰਹੇ ਸਨ, ਸਾਰੇ ਅਪ੍ਰਾਧਿਕ ਪਿਛੋਕੜ ਵਾਲ਼ੇ ਜਾਂ ਫਿਰ ਵਿਹਲੀਆਂ ਖਾ ਖਾ ਪਲ਼ੇ ਹੋਏ ਹੀ ਸਨ। ਗੱਲ ਪੁੱਠਾ ਮੋੜ ਵੀ ਲੈ ਸਕਦੀ ਸੀ। ਕੁਝ ਵੀ ਸੀ ਦੇਵ ਨੇ ਦਲੇਰੀ ਕੀਤੀ ਤੇ ਐਕਟਿੰਗ ਕਰਨ ਲਈ ਹਾਮੀ ਭਰ ਦਿੱਤੀ।

ਉਸ ਐਤਵਾਰ ਗੁਰਦੁਆਰੇ ਵਿਚ ਕਾਫ਼ੀ ਭੀੜ ਜੁੜੀ ਹੋਈ ਸੀ ਤੇ ਸੰਤ ਜੀ ਮਹਾਰਾਜ ਗੁਰੂ ਗ੍ਰੰਥ ਸਾਹਿਬ ਦੇ ਮੂਹਰੇ ਚੌਂਕੜਾ ਮਾਰ ਬੈਠ ਗਏ ਸਨ। ਧੂਫ਼ ਦੇ ਕੜਛੇ ਵਾਲ਼ਾ 'ਸ਼ਹੀਦ ਸਿੰਘਾਂ' ਦੀ ਉਡੀਕ ਵਿਚ ਆ ਖੜ੍ਹਿਆ ਸੀ। ਦੇਵ ਵੀ ਦਮਦਮਾ ਸਾਹਿਬ ਰੌਲ਼ ਲਾਉਣ ਮਗਰੋਂ ਘਰ ਜਾ ਕੇ ਰੰਗਦਾਰ ਪਗੜੀ ਦੀ ਥਾਂ ਚਿੱਟੀ ਗੋਲ਼ ਪੱਗ ਬੰਨ੍ਹ ਕੇ ਗੁਰਦੁਆਰੇ ਜਾ ਪਹੁੰਚਾ ਸੀ। ਉਸ ਨੇ ਗੁਰਦੁਆਰੇ ਤੋਂ ਬਾਹਰ ਬਰਾਂਡੇ ਵਿਚ ਬੈਠੀ ਚੌਥੇ ਪੌੜੇ ਵਾਲ਼ੀ ਸੰਗਤ ਵਿਚ ਬੈਠ ਆਪਣੇ ਲੰਬੇ ਚੋਗੇ ਨਾਲ਼ ਗੋਡੇ ਢਕ ਲਏ ਤੇ ਹੱਥ ਜੋੜ ਕੇ ਅੱਖਾਂ ਬੰਦ ਕਰ ਲਈਆਂ ਤੇ ਉਡੀਕਣ ਲੱਗਾ। ਅੰਦਰੋਂ 'ਹੂੰਅਅਅ... ' ਦੀ ਬੜ੍ਹਕ ਦੀ ਅਵਾਜ਼ ਆਈ ਤਾਂ ਦੇਵ ਨੇ ਉਸ ਤੋਂ ਵੀ ਉੱਚੀ 'ਹੂੰਅਅਅਅ... ' ਦੀ ਅਵਾਜ਼ ਕੱਢੀ।

ਇਸ ਤੋਂ ਪਹਿਲਾਂ ਕਿ ਸੰਤ ਜੀ ਵਿਚ ਆਈ 'ਪੌਣ' ਕੁਝ ਬੋਲਦੀ ਦੇਵ ਨੇ ਬੜੇ ਜ਼ੋਰ ਨਾਲ਼ ਕਹਿਣਾ ਸ਼ੁਰੂ ਕਰ ਦਿੱਤਾ, 'ਮੈਂ ਸੰਗਤ ਸਿੰਘ ਬਲਦ ਰੁਲਦੂ ਸ਼ਹੀਦੀ ਸਾਕਾ ਚਮਕੌਰ ਸਾਹਿਬ ਜਾਤ ਮਜ੍ਹਬੀ ਪਿੰਡ ਬੂਥਗੜ੍ਹ ਸੱਚੇ ਪਾਤਸ਼ਾਹ ਤੋਂ ਹੁਕਮ ਪਾ ਕੇ ਐਸ ਨਗਰ ਵਿਚ ਪੁੱਜਾ ਹਾਅਅਅ... ।'

ਦੇਵ ਨੇ ਟੇਢੀ ਅੱਖ ਨਾਲ਼ ਆਲ਼ੇ-ਦੁਆਲ਼ੇ ਦੇਖਿਆ। ਸਭ ਦਾ ਧਿਆਨ ਉਸ ਵੱਲ ਖਿੱਚਿਆ ਗਿਆ ਸੀ। ਮੁੜ ਅੱਖਾਂ ਬੰਦ ਕਰਕੇ ਉਸ ਨੇ ਕਹਿਣਾ ਸ਼ੁਰੂ ਕਰ ਕੀਤਾ, 'ਐਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਖੰਡ ਹੋ ਰਿਹਾ ਹੈ। ਭੋਲ਼ੇ ਭਾਲ਼ੇ ਲੋਕਾਂ ਦੀ ਗਰੀਬੀ ਅਤੇ ਅਨਪੜ੍ਹਤਾ ਦਾ ਫਾਇਦਾ ਉਠਾ ਕੇ ਲੁੱਟਿਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਿਚ ਚਾਸੜਿਆ ਬੈਠਾ ਇਹ ਪਖੰਡੀ ਗੁਰੂ ਘਰ ਦਾ ਦੋਖੀ ਹੈ। ਸਾਧ ਸੰਗਤ ਜੀ ਇਸ ਨੂੰ ਸਜ਼ਾ... ।'

ਉਹ ਬੋਲ ਹੀ ਰਿਹਾ ਸੀ ਕਿ ਉਸ ਦੇ ਸਿਰ ਦੇ ਪਿੱਛੇ ਕੋਈ ਭਾਰੀ ਚੀਜ਼ ਆ ਵੱਜੀ ਤੇ ਉਹ ਮੂੰਹ ਪਰਨੇ ਧਰਤੀ ਨਾਲ਼ ਜਾ ਵੱਜਾ। ਉਸ ਦੀ ਨਕਸੀਰ ਫੁੱਟ ਪਈ। ਸੰਤ ਜੀ ਦੇ ਸੇਵਕ ਉਸਨੂੰ ਘੜੀਸ ਕੇ ਇਕ ਕਮਰੇ ਵਿਚ ਲੈ ਗਏ ਤੇ ਉਸ ਉੱਤੇ ਠੇਡਿਆਂ ਦੀ ਬਾਰਸ਼ ਸ਼ੁਰੂ ਕਰ ਦਿੱਤੀ। ਉਹ ਗੰਦੀਆਂ ਗਾਲ੍ਹਾਂ ਵੀ ਬਕਦੇ ਰਹੇ। ਜਿਨ੍ਹਾਂ ਨਾਲ਼ ਦੇਵ ਨੇ ਇਹ

ਪ੍ਰੋਗਰਾਮ ਬਣਾਇਆ ਸੀ, ਉਨ੍ਹਾਂ' ਚੋਂ ਕੋਈ ਵੀ ਦੇਵ ਦੀ ਮੱਦਦ ਲਈ ਨਾ ਬਹੁੜਿਆ। ਘਨ੍ਹੱਈਏ ਨੂੰ ਪਤਾ ਨਹੀਂ, ਕਿਸ ਨੇ ਖ਼ਬਰ ਦਿੱਤੀ। ਉਹ ਵੀ ਪਹੁੰਚ ਗਿਆ ਤੇ ਬੋਲਿਆ, 'ਇਹ ਮੇਰਾ ਭਾਣਜਾ ਏ ਭਰਾਓ... ਇਹ ਪਾਗਲ ਹੋ ਗਿਆ ਏ। ਇਸ ਨੂੰ ਛੱਡ ਦਵੋ ਤੁਸੀਂ..... ਮੈਂ ਹੀ ਕਰ ਸਕਦਾ ਏਂ ਇਹਨੂੰ ਲੋਟ।'

ਦੇਵ ਦੇ ਸਾਰੇ ਕੱਪੜੇ ਖ਼ੂਨ ਨਾਲ਼ ਲੱਥ-ਪੱਥ ਹੋ ਗਏ ਸਨ। ਘਨ੍ਹੱਈਏ ਨੇ ਉਸਨੂੰ ਬਾਹੋਂ ਫੜ ਘਰ ਵੱਲ ਧੂਅ ਲਿਆ। ਕੁਝ ਦੂਰੀ ਤੇ ਜਾਕੇ ਕਹਿਣ ਲੱਗਾ, 'ਤੂੰ ਲੋਕਾਂ ਦਾ ਠੇਕੇਦਾਰ ਏਂ? ਜਦ ਲੋਕ ਹੀ ਚਾਹੁੰਦੇ ਨੇ ਕਿ ਉਨ੍ਹਾਂ ਨੂੰ ਕੋਈ ਲੁੱਟੇ, ਫੇਰ ਤੂੰ ਲੁੱਟ ਰੋਕ ਕੇ ਧਾਰਾਂ ਲੈਣੀਆਂ ਨੇ? ਤੈਨੂੰ ਮਾਰ ਦੇਣਗੇ ਇਹ ਲੋਕ। ਬਦਮਾਸ਼ ਨੇ ਇਹ ਇਲਾਕੇ ਦੇ।'

ਦੇਵ ਚੁੱਪ ਕਰ ਗਿਆ। ਘਰ ਜਾ ਕੇ ਹੱਥ-ਮੂੰਹ ਧੋਤੇ ਤੇ ਕੱਪੜੇ ਬਦਲ ਕੇ ਬਿਨਾਂ ਰੋਟੀ ਖਾਧੇ ਡੰਗਰਾਂ ਵਾਲ਼ੇ ਕੋਠੇ ਜਾ ਪਿਆ। ਸਾਰੀ ਰਾਤ ਉਸ ਦੇ ਹੱਡਾਂ' ਚ ਚੀਸਾਂ ਪੈਂਦੀਆਂ ਰਹੀਆਂ। ਹੁਣ ਉਸ ਦਾ ਗੁੱਸਾ ਸੰਤਾਂ ਨਾਲ਼ ਘੱਟ, ਉਨ੍ਹਾਂ ਨਾਲ ਵੱਧ ਸੀ ਜਿਹੜੇ ਇਹ ਕਹਿ ਕੇ ਕਿਣਮਿਣ ਕਾਣੀ ਹੋ ਗਏ ਸਨ ਕਿ 'ਚੜ੍ਹ ਬੱਚਾ ਸੂਲ਼ੀ, ਰੱਬ ਭਲੀ ਕਰੇਗਾ।' ਕੋਈ ਤਾਂ ਆਉਂਦਾ ਉਸ ਲਈ ਹਾਅ ਦਾ ਨਾਅਰਾ ਮਾਰਨ।

ਸਵੇਰੇ ਉੱਠ ਕੇ ਉਹ ਤਿਆਰ ਹੋਇਆ ਤੇ ਚੁੱਪਚਾਪ ਇੰਦਰ ਸਿਉਂ ਪਾਠੀ ਦੇ ਘਰ ਚਲਾ ਗਿਆ। ਰਾਤ ਵਾਲ਼ੀ ਸਾਰੀ ਕਹਾਣੀ ਉਸ ਨੂੰ ਪਹਿਲਾਂ ਹੀ ਪਤਾ ਸੀ। ਉਹ ਬੋਲਿਆ, ' ਦੇਵ ਸਿਆਂ ਤੂੰ ਇਹ ਚਿੰਤਾ ਨਾ ਕਰ ਕਿ ਤੂੰ ਆਪਣੇ ਮਨਸੂਬੇ ਵਿਚ ਕਾਮਯਾਬ ਨਹੀਂ ਹੋਇਆ। ਤੂੰ ਉਹ ਸ਼ਖ਼ਸ ਏਂ ਜਿਸ ਨੇ ਇਸ ਕੂੜ ਦੀ ਕੰਧ ਨੂੰ ਢਾਉਣ ਲਈ ਪਹਿਲੀ ਟੱਕਰ ਮਾਰੀ ਏ। ਸ਼ੁਰੂਆਤ ਹੋ ਗਈ ਏ। ਤੇਰੇ ਪਾਏ ਰਾਹ ਤੇ ਕਾਫ਼ਲਾ ਤੁਰੇਗਾ ਤੇ ਲੋਕਾਂ ਨੂੰ ਸਮਝ ਆ ਜਾਵੇਗੀ ਕਿ ਕਿਵ ਕੂੜੇ ਤੁੱਟੇ ਪਾਲ? ਇਹ ਝੂਠ ਦੀ ਕੰਧ ਕਿਵੇਂ ਢਹਿਣੀ ਹੈ।'

ਦੇਵ ਖੁਸ਼ ਹੋ ਗਿਆ। ਉਸ ਦੇ ਮਨ ਦਾ ਸਾਰਾ ਬੋਝ ਛੂ-ਮੰਤਰ ਹੋ ਗਿਆ। ਉਸ ਨੂੰ ਇਹ ਧੁੜਕੂ ਜ਼ਰੂਰ ਸੀ ਕਿ ਉਹ ਲੋਕ ਮਗਰੋਂ ਵੀ ਉਸ ਨੂੰ ਕੁੱਟ ਸਕਦੇ ਸਨ, ਪਰ ਅਜਿਹੀ ਸ਼ੱਕ ਨਿਰਮੂਲ ਹੀ ਸੀ।

ਦਸ-ਬਾਰਾਂ ਦਿਨ ਠੀਕ-ਠਾਕ ਲੰਘ ਗਏ। ਇਕ ਦਿਨ ਉਹ ਰੌਲ਼ ਲਾਈ ਮਹਾਰਾਜ ਦੀ ਤਾਬਿਆ ਬੈਠਾ ਹੋਇਆ ਸੀ। ਉਸਦੇ ਮੂਹਰੇ ਰੱਖੇ ਮਾਈਕ' ਚੋਂ ਉਸ ਦੀ ਅਵਾਜ਼ ਉਸ ਦੇ ਸੰਘ' ਚੋਂ ਬੋਲ ਖਿੱਚਦੀ ਜਿਵੇਂ ਧੂਅ ਜਿਹੀ ਪਾ ਰਹੀ ਸੀ। ਉਹ ਚਾਹੁੰਦਾ ਸੀ ਕਿ ਕੋਈ ਉਸ ਅੱਗੇ ਪਿਆ ਮਾਈਕ ਪਰ੍ਹੇ ਖਿੱਚ ਦੇਵੇ ਪਰ ਅਖੰਡ ਪਾਠ ਵੇਲ਼ੇ ਪਾਠੀ ਬੋਲ ਥੋੜ੍ਹੀ ਸਕਦਾ ਹੈ। ਜਿਵੇਂ ਕਿਵੇਂ ਉਸ ਨੇ ਆਪਣੀ ਰੌਲ਼ ਮੁਕਾਈ ਤਾਂ ਇਕ ਪੈਂਟ ਕਮੀਜ਼ ਵਾਲ਼ਾ ਪਤਲਾ ਜਿਹਾ ਬੰਦਾ, ਆਪਣੀ ਖੁੱਲ੍ਹੀ ਦਾੜ੍ਹੀ ਵਿਚ ਹੱਥ ਫੇਰਦਾ ਉਸ ਕੋਲ਼ ਆ ਕੇ ਬੋਲਿਆ, 'ਕਾਕਾ, ਕਿੰਨੀਆਂ ਜਮਾਤਾਂ ਪੜ੍ਹਿਆ ਏਂ ਤੂੰ?'

'ਜੀ ਬਾਰ੍ਹਵੀਂ ਦੇ ਪੇਪਰ ਦਿੱਤੇ ਨੇ।' ਉਸ ਨੇ ਦੱਸਿਆ।

'ਪਾਠ ਕਰਨਾ ਕਿੱਥੋਂ ਸਿੱਖਿਆ ਏ?' ਦੇਵ ਨੇ ਸੋਚਿਆ ਕਿ ਉਹ ਉਸਦੀ ਤਾਰੀਫ਼ ਕਰਨ ਲੱਗਾ ਹੋਵੇਗਾ।

'ਇਹਦੇ' ਚ ਕਿਹੜੀ ਔਖੀ ਗੱਲ ਏ ਜੀ, ਆਪ ਹੀ ਸਿੱਖ ਲਿਆ।' ਉਹ ਬੋਲਿਆ।

'ਤਦੇ ਅਸ਼ੁੱਧ ਪਾਠ ਕਰਦਾ ਏਂ ਤੂੰ। ਤੈਨੂੰ ਤਾਂ ਇੱਲ੍ਹ ਤੋਂ ਕੁੱਕੜ ਨੀ ਆਉਂਦਾ ਪਾਠ ਦਾ।' ਉਸ ਨੇ ਕਿਹਾ ਤਾਂ ਦੇਵ ਨੂੰ ਗੁੱਸਾ ਚੜ੍ਹ ਗਿਆ। ਉਹ ਬੋਲਿਆ, 'ਨਹੀਂ ਆਉਂਦਾ ਤਾਂ ਨਾ ਸਹੀ। ਡੰਡੀ ਪਓ ਮਹਾਰਾਜ ਜੀ ਤੁਸੀਂ। ਮੈਂ ਤਾਂ ਪੰਜਾਬੀ ਪੜ੍ਹਨੀ-ਲਿਖਣੀ ਪਹਿਲੀ ਪੱਕੀ ਵਿਚ ਹੀ ਸਿੱਖ ਗਿਆ ਸੀ।'

'ਤੂੰ ਇਉਂ ਕਰ... ਐਥੋਂ ਚਲਦਾ ਬਣ। ਤੇਰੇ ਪਾਠ ਦੀ ਕੋਈ ਲੋੜ ਨਹੀਂ ਸਾਨੂੰ। ਬੇਵਕੂਫ ਤਾਂ ਇਹ ਨੇ ਜਿਹੜੇ ਐਰੇ-ਗੈਰੇ ਨੂੰ ਬਿਠਾ ਦਿੰਦੇ ਨੇ ਮਹਾਰਾਜ ਦੀ ਤਾਬਿਆ।'

'ਤੂੰ ਕੌਣ ਹੁੰਦਾ ਏਂ, ਮੈਨੂੰ ਚਲਦਾ ਕਰਨ ਵਾਲ਼ਾ?' ਦੇਵ ਬੋਲਿਆ।

'ਮੈਂ ਮੈਨੇਜਰ ਹਾਂ ਗੁਰਦੁਆਰੇ ਦਾ। ਸਮਝਿਆ? ਬੇਵਕੂਫ਼ ਲੜਕੇ ਤੈਨੂੰ ਬੋਲਣ ਦੀ ਤਮੀਜ਼ ਨਹੀਂ?' ਉਸ ਨੇ ਦੇਵ ਨੂੰ ਡਾਂਟਿਆ ਤਾਂ ਉਸ ਦੀ ਤਾਂ ਜਿਵੇਂ ਫੂਕ ਹੀ ਨਿਕਲ਼ ਗਈ। ਉਹ ਇੰਦਰ ਸਿਉਂ ਪਾਠੀ ਕੋਲ਼ ਚਲਾ ਗਿਆ ਤੇ ਸਾਰੀ ਗੱਲ ਦੱਸੀ। ਉਹ ਬੋਲਿਆ, 'ਉਸੇ ਦੀ ਸਿਫ਼ਾਰਿਸ਼ ਲੁਆ ਕੇ ਮੈਂ ਤੈਨੂੰ ਰੌਲ਼ ਦਾ ਕੰਮ ਦੁਆਇਆ ਸੀ। ਹੁਣ ਤੂੰ ਉਹਦੇ ਨਾਲ਼ ਹੀ ਪੰਗਾ ਲੈ ਲਿਆ। ਹੁਣ ਕਿਹੜੇ ਮੂੰਹ ਨਾਲ਼ ਗੱਲ ਕਰਾਂ?'

'ਮਾਫ਼ੀ ਮੰਗ ਲੈਂਦਾ ਹਾਂ ਉਸ ਤੋਂ।' ਦੇਵ ਬੋਲਿਆ।

'ਮੈਂ ਤਾਂ ਨਾਲ਼ ਜਾਣਾ ਨਹੀਂ, ਤੂੰ ਮੰਗ ਕੇ ਦੇਖ ਲੈ।' ਉਹ ਬੋਲਿਆ।

ਪਹਿਲਾਂ ਤਾਂ ਦੇਵ ਨੇ ਸੋਚਿਆ ਕਿ ਆਪਣੇ ਆਪ ਨੂੰ ਜ਼ਲੀਲ ਕਾਹਨੂੰ ਕਰਨਾ ਏਂ, ਪਰ ਫਿਰ ਬਦਾਮ, ਕਾਜੂ, ਦੁੱਧ ਵੀ ਯਾਦ ਆਏ ਤੇ ਰੌਲ਼ ਤੋਂ ਮਿਲਣ ਵਾਲ਼ੇ ਪੈਸਿਆਂ ਦੇ ਗੱਫੇ ਵੀ। 'ਮੀਆਂ ਪੜ੍ਹਾਊ ਨਹੀਂ ਤਾਂ ਘਰ ਜਾਣੋ ਥੋੜ੍ਹੀ ਰੋਕ ਲਊ।' ਸੋਚ ਕੇ ਉਹ ਡਿਊਢੀ ਕੋਲ਼ ਖੜ੍ਹੇ ਮੈਨੇਜਰ ਕੋਲ਼ ਚਲਾ ਗਿਆ ਤੇ ਉਸ ਦੇ ਪੈਰ ਛੂਹ ਕੇ ਬੋਲਿਆ, 'ਤੁਹਾਡਾ ਬੱਚਾ ਹਾਂ ਸਰਦਾਰ ਜੀ ਮਾਫ਼ ਕਰਦੋ।'

ਪਰ ਮੈਨੇਜਰ ਤਾਂ ਘੁਮੰਡ ਨਾਲ਼ ਸੜਿਆ ਪਿਆ ਸੀ। ਉਂਗਲੀ ਖੜ੍ਹੀ ਕਰਕੇ ਕਹਿਣ ਲੱਗਾ, 'ਤੈਨੂੰ ਇਕ ਵਾਰੀ ਜੋ ਕਹਿ ਦਿੱਤਾ, ਸੋ ਕਹਿ ਦਿੱਤਾ। ਫੁੱਟ ਐਥੋਂ। ਮੁੜ ਕੇ ਐਧਰ ਨੂੰ ਮੂੰਹ ਨਾ ਕਰੀਂ।'

ਅਤਿ ਨਿਰਾਸ਼ਾ ਵਿਚ ਡੁੱਬਿਆ ਦੇਵ ਮੁੜ ਇੰਦਰ ਸਿਉਂ ਪਾਠੀ ਕੋਲ਼ ਗਿਆ ਤੇ ਬੋਲਿਆ, 'ਮੈਂ ਜਾ ਰਿਹਾ ਏਂ। ਇਹ ਗੱਲ ਮਾਮੇ ਜਾਂ ਕਿਸੇ ਹੋਰ ਨੂੰ ਨਾ ਦੱਸਣਾ।'

ਦੇਵ ਘਰ ਜਾ ਕੇ ਆਪਣੇ ਮਾਮੇ ਨੂੰ ਕਹਿਣ ਲੱਗਾ, 'ਮਾਮਾ ਮੈਨੂੰ ਰੌਲ਼ ਲਾਉਂਦੇ ਨੂੰ ਨੀਂਦ ਆ ਜਾਂਦੀ ਸੀ। ਇਹ ਕੰਮ ਮੇਰੇ ਵਸ ਦਾ ਨਹੀਂ। ਮੈਂ ਛੱਡ ਆਇਆ ਏਂ।'

'ਜੋ ਮਰਜ਼ੀ ਕਰ ਭਾਈ। ਹੁਣ ਤੂੰ ਸਾਡੇ ਹੱਥੋਂ ਨਿਕਲ਼ ਗਿਆ।' ਉਹ ਬੋਲਿਆ।

**00**

# ਤਰੇਹਠ

ਬੇਅੰਤ ਦੋ ਮਹੀਨੇ ਦੀ ਸਾਲਾਨਾ ਛੁੱਟੀ ਤੇ ਘਰ ਆ ਗਿਆ। ਉਹ ਕਾਫ਼ੀ ਤਕੜਾ ਹੋ ਗਿਆ ਸੀ। ਉਸ ਦਾ ਰੰਗ ਵੀ ਗੋਰਾ ਨਿਕਲ਼ ਆਇਆ ਸੀ। ਤਿੰਨ ਫੀਤੀਆਂ ਵਾਲ਼ਾ ਹੌਲਦਾਰ ਬਣ ਗਿਆ ਸੀ। ਉਹ ਦੇਵ ਲਈ ਕਾਫ਼ੀ ਚੀਜ਼ਾਂ ਲੈ ਕੇ ਆਇਆ ਸੀ। ਬਹੁਤੀਆਂ ਦੇਵ

ਜ਼ਿੰਦਗੀ ਵਿਚ ਪਹਿਲੀ ਵਾਰ ਦੇਖ ਰਿਹਾ ਸੀ। ਉਸ ਵੱਲੋਂ ਲਿਆਂਦੇ ਰੈਡੀਮੇਡ ਪੈਂਟ, ਕਮੀਜ਼ ਅਤੇ ਜਾਲ਼ੀ ਦੀਆਂ ਬਣੀਆਂ ਟਾਈਆਂ ਦੇਵ ਨੂੰ ਬਹੁਤ ਪਸੰਦ ਆਈਆਂ, ਜਿਵੇਂ ਉਸ ਦਾ ਨਾਪ ਲੈਕੇ ਇਹ ਸਭ ਕੁਝ ਖ਼ੀਦਿਆ ਹੋਵੇ। ਬੇਅੰਤ ਠੋਡੀ ਅਤੇ ਗੱਲ੍ਹਾਂ ਉੱਤੇ ਇਕ ਬੁਰਸ਼ ਨਾਲ਼ ਸਾਬਣ ਦੀ ਝੱਗ ਬਣਾ ਕੇ ਫੌੜ੍ਹੀ ਨਾਲ਼ ਸ਼ੇਵ ਕਰਨ ਲੱਗਾ ਸੀ। ਸਿਰ ਦੇ ਵਾਲ ਛੋਟੇ ਛੋਟੇ ਹੀ ਸਨ, ਪਰ ਕੰਡੇਰਨੇ ਵਾਂਗ ਖੜ੍ਹੇ ਸਨ। ਕਈ ਕਿਸਮ ਦੇ ਪਾਊਡਰ, ਕਰੀਮਾਂ ਤੇ ਨਹੁੰ ਪਾਲਸ਼ਾਂ ਉਸ ਨੇ ਆਪਣੀ ਮਾਮੀ ਲਲਤਾ ਲਈ ਵੀ ਲਿਆਂਦੇ ਸਨ। ਟਰੰਕ ਤੇ ਬਿਸਤਰ ਬੰਨ੍ਹ ਵਿੱਚੋਂ ਨਿਕਲ਼ੀਆਂ ਚੀਜ਼ਾਂ ਦੇਖ ਸਭ ਦੇ ਮੂੰਹ ਅੱਡੇ ਹੋਏ ਸਨ। ਦੇਵ ਨੂੰ ਉਸ ਦੀਆਂ ਉਹ ਚਿੱਠੀਆਂ ਜਿਹੜੀਆਂ ਉਸ ਨੇ ਫੌਜ' ਚੋਂ ਨਾਵਾਂ ਕਟਵਾਉਣ ਲਈ ਘਨ੍ਹੱਈਏ ਨੂੰ ਲਿਖੀਆਂ ਸਨ, ਝੂਠ ਦਾ ਪੁਲੰਦਾ ਲੱਗੀਆਂ। ਉਨ੍ਹਾਂ ਚਿੱਠੀਆਂ ਵਿਚ ਉਹ ਲਿਖਦਾ ਹੁੰਦਾ ਸੀ ਕਿ ਫੌਜ ਦੀ ਬੜੀ ਕੁੱਤੀ ਨੌਕਰੀ ਹੈ। ਜਣੇ-ਖਣੇ ਨੂੰ ਸਲੂਟ ਮਾਰਨੇ ਪੈਂਦੇ ਹਨ। ਤੜਕੇ ਚਾਰ ਵਜੇ ਉੱਠ ਕੇ ਦਸ ਦਸ ਮੀਲ ਦੀ ਦੌੜ ਲਾਉਣੀ ਪੈਂਦੀ ਹੈ। ਪੁਲ਼ ਬਣਾਓ, ਦੇੜ੍ਹ ਲਵੋ, ਫਿਰ ਬਣਾਓ, ਦੇੜ੍ਹ ਲਵੋ। ਉਹ ਚਾਹੁੰਦਾ ਸੀ ਕਿ ਉਸ ਦਾ ਫੌਜ ਵਿੱਚੋਂ ਨਾ ਕਟਵਾ ਦਿਓ ਤਾਂ ਕਿ ਉਸ ਦੀ ਖਲਾਸੀ ਹੋ ਸਕੇ। ਕਿਸੇ ਡਾਕਟਰ ਤੋਂ ਲਿਖਵਾ ਕੇ ਕਿ ਉਸ ਦੀ ਮਾਂ ਅੰਨ੍ਹੀ ਹੈ, ਇਕੱਲੀ ਰਹਿੰਦੀ ਹੈ, ਪੰਚਾਇਤ ਦੀ ਮੋਹਰ ਲੁਆ ਕੇ ਵੱਡੇ ਸਾਹਬ ਨੂੰ ਭੇਜੋ। ਬਗੈਰਾ ਬਗੈਰਾ।

ਘਨ੍ਹੱਈਏ ਨੇ ਜਵਾਬ ਦੇਣਾ, 'ਬੰਦਾ ਬਣ ਬੰਦਾ। ਫੌਜ ਤੋਂ ਬਿਨਾਂ ਤੂੰ ਕੋਈ ਹੋਰ ਨੌਕਰੀ ਕਰ ਹੀ ਨਹੀਂ ਸਕਦਾ। ਤੈਨੂੰ ਸ਼ਰਮ ਆਉਣੀ ਚਾਹੀਦੀ ਏ, ਕਿ ਆਪਣੀ ਸੁਜਾਖੀ ਮਾਂ ਨੂੰ ਆਪਣੇ ਮਤਲਬ ਲਈ ਅੱਖਾਂ ਤੋਂ ਅੰਨ੍ਹੀ ਲਿਖਵਾਉਣ ਨੂੰ ਫਿਰਦਾ ਏਂ। ਤੂੰ ਮੁੜ ਕੇ ਜੇ ਇਹੋ ਜਿਹੀ ਚਿੱਠੀ ਪਾਈ ਤਾਂ ਤੇਰੇ ਕਮਾਂਡਿੰਗ ਅਫ਼ਸਰ ਕੋਲ਼ ਤੇਰੀ ਸ਼ਿਕਾਇਤ ਕਰਾਂਗਾ। ਬੰਦਾ ਬਣ ਕੇ ਜੋ ਹੁਕਮ ਮਿਲਦਾ ਏ, ਵਜਾਈ ਚੱਲ।'

ਹੋ ਸਕਦਾ ਹੈ ਫੌਜ ਵਿਚ ਪਹਿਲਾਂ-ਪਹਿਲ ਉਸ ਨੂੰ ਤਕਲੀਫ਼ ਹੁੰਦੀ ਰਹੀ ਹੋਵੇਗੀ, ਤੇ ਤੰਗ ਆ ਕੇ ਉਹ ਆਪਣੇ ਮਾਮੇ ਨੂੰ ਲਿਖਦਾ ਹੋਵੇਗਾ। ਹੁਣ ਤਾਂ ਉਹ ਪੂਰਾ ਸਾਹਬ ਲਗਦਾ ਸੀ। ਦੇਵ ਚਾਹੁੰਦਾ ਸੀ ਕਿ ਉਨ੍ਹਾਂ ਦੇ ਪਿੰਡ ਦੇ ਕਪਤਾਨ ਤੇਜਾ ਸਿੰਘ ਵਾਂਗ ਉਹ ਆਪਣੇ ਸਿਰ ਤੇ ਹੈਟ ਪਾਵੇ। ਜਦੋਂ ਦੇਵ ਨੇ ਇਹ ਗੱਲ ਉਸ ਨੂੰ ਕਹੀ ਤਾਂ ਉਹ ਹੱਸਕੇ ਬੋਲਿਆ, 'ਹੈਟ ਪਾਉਂਦੇ ਆਂ ਅੰਗਰੇਜ਼। ਅੰਗਰੇਜ਼ ਹੁੰਦੇ ਨੇ ਕੁੱਤੇ। ਮੈਂ ਕੁੱਤਾ ਨਹੀਂ, ਗੱਲ ਖ਼ਤਮ।'

ਸ਼ਾਮ ਨੂੰ ਜਦੋਂ ਬੇਅੰਤ ਨੇ ਰੰਮ ਦੀ ਬੋਤਲ ਖੋਲ੍ਹੀ ਤਾਂ ਦੋ ਪੈੱਗ ਲਾਉਣ ਮਗਰੋਂ ਦੇਵ ਨੂੰ ਖਿਆਲ ਆਇਆ ਕਿ ਕੁਝ ਵੀ ਹੋ ਜਾਵੇ, ਉਹ ਵੀ ਫੌਜ ਵਿਚ ਭਰਤੀ ਹੋਵੇਗਾ। ਇਹ ਗੱਲ ਉਸ ਨੇ ਆਪਣੇ ਦਿਲ ਵਿਚ ਹੀ ਰੱਖੀ, ਕਿਸੇ ਨਾਲ਼ ਸਾਂਝੀ ਨਾ ਕੀਤੀ। ਬੇਅੰਤ ਦੇ ਆਉਣ ਨਾਲ਼ ਦੇਵ ਦਾ ਸਮਾਂ ਠੀਕ ਲੰਘਣ ਲੱਗ ਪਿਆ। ਉਸਨੇ ਦੇਵ ਦੇ ਪੇਪਰ ਖ਼ਰਾਬ ਹੋ ਜਾਣ ਬਾਰੇ ਜਾਣ ਕੇ ਹੌਸਲਾ ਹੀ ਦਿੱਤਾ, 'ਚੱਲ ਕੋਈ ਗੱਲ ਨੀ। ਇਹ ਕਿਹੜਾ ਬਾਜ਼ੀ ਆ, ਬਈ ਬਾਰਾਂ ਸਾਲ ਬਾਅਦ ਪਊ। ਐਤਕੀ ਨਹੀਂ ਤਾਂ ਅਗਲੇ ਸਾਲ ਸਹੀ। ਖਰਚਾ ਤੈਨੂੰ ਮੈਂ ਦਊਂ।'

ਸਭ ਤੋਂ ਵੱਧ ਪੈਸੇ ਉਸ ਨੂੰ ਬੇਅੰਤ ਹੀ ਭੇਜਦਾ ਰਿਹਾ ਸੀ। ਉਸ ਦਾ ਭਾਗਵੰਤੀ ਨੂੰ

ਵੀ ਹਰ ਮਹੀਨੇ ਮਨੀਆਰਡਰ ਆਉਂਦਾ ਸੀ। ਇਕ ਵਾਰੀ ਜਦੋਂ ਡਾਕੀਆ ਮਨੀਆਰਡਰ ਦੇ ਕੇ ਗਿਆ ਤਾਂ ਲਾਗੇ ਬੈਠੀ ਚਿੱਘਤੋ ਨੇ ਹਉਕਾ ਲਿਆ ਸੀ, 'ਮੇਰਾ ਪੁੱਤ ਵੀ ਭਾਗਵੰਤੀ ਬੇਅੰਤ ਦੇ ਹਾਣ ਦਾ ਸੀ। ਜੇ ਜਿਊਂਦਾ ਹੁੰਦਾ, ਮੇਰੇ ਵੀ ਗੂਠੇ ਕਾਲ਼ੇ ਕਰਾਉਂਦਾ।' ਕੱਠਿਆਂ ਨੂੰ ਮਾਤਾ ਨਿੱਕਲੀ ਤੀ,' ਨਸਾਫ਼ ਦੇਖ ਲਾ ਰੱਬ ਦੇ ਘਰ ਦਾ। ਤੇਰੇ ਤਾਂ ਚਾਰ ਸੀਗੇ, ਤੇਰਾ ਫੇਰ ਵੀ ਬਚ ਗਿਆ। ਮੇਰਾ ਤਾਂ ਕੱਲਮ-ਕੱਲਾ ਸੀ, ਚੰਦਰੇ ਰੱਬ ਨੇ ਚੁੱਕ ਲਿਆ।' ਇਸ ਗੱਲੋਂ ਭਾਗਵੰਤੀ ਤੇ ਚਿੱਅਤੋ ਗੁੱਤਮ-ਗੁੱਤੀ ਹੋ ਗਈਆਂ ਸਨ ਤੇ ਸ਼ਾਇਦ ਮੁੜ ਕਦੀ ਆਪਸ ਵਿਚ ਬੋਲੀਆਂ ਵੀ ਨਹੀਂ ਸਨ।

ਹੁਣ ਬੇਅੰਤ ਨੇ ਆਉਂਦੇ ਨੇ ਹੀ ਆਪਣੀ ਮਾਮੀ ਲਲਤਾ ਨੂੰ ਵੀ ਪੰਜਾਹ ਰੁਪਏ ਦੇ ਦਿੱਤੇ ਸਨ। ਉਹ ਵਿਚਾਰੀ ਤਾਂ ਰੁਪਏ ਫੜਦੀ ਰੋਣ ਹੀ ਲੱਗ ਪਈ ਸੀ। ਸ਼ਾਇਦ ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਨੇ ਉਸ ਦੇ ਹੱਥ ਤੇ ਕੁਝ ਧਰਿਆ ਸੀ। ਉਸ ਦੁਆਲ਼ੇ ਬਾਹਾਂ ਵਲ਼ਦਾ ਬੇਅੰਤ ਹੱਸਿਆ ਸੀ, 'ਮੈਂ ਤੇਰਾ ਪੁੱਤ ਹਾਂ ਮਾਮੀ, ਘਬਰਾਈਂ ਨਾ।'

ਭਾਗਵੰਤੀ ਵੀ ਤੇ ਲਲਤਾ ਵੀ ਉਸੇ ਕਰ ਕੇ ਖਾਣ-ਪੀਣ ਦੀਆਂ ਚੀਜ਼ਾਂ ਬਣਾਉਂਦੇ ਰਹਿੰਦੇ। ਪਤੌੜ੍ਹ ਤਾਂ ਹਰ ਤੀਜੇ-ਚੌਥੇ ਦਿਨ ਬਣਨ ਲੱਗ ਪਏ। ਗਲ਼ੀ ਵਿੱਚੋਂ ਲੰਘੀ ਜਾਂਦੀ ਕੋਈ ਨਾ ਕੋਈ ਤੀਵੀਂ ਹਵਾ' ਚੋਂ ਮੁਸ਼ਕ ਸੁੰਘਦੀ ਬੋਲ ਹੀ ਪੈਂਦੀ, 'ਅੱਜ ਕੋਈ ਪ੍ਰਾਹੁਣਾ ਆਇਆ ਹੋਇਆ ਏ? ਪਤੌੜ੍ਹ ਪੱਕਦੇ ਨੇ?'

'ਕਿਉਂ? ਬਿਨਾਂ ਪ੍ਰਾਹੁਣਾ ਆਏ ਨੀ ਪਕਾ ਸਕਦੇ?' ਲਲਤਾ ਅਗਲੀ ਨੂੰ ਝਾੜ ਦਿੰਦੀ।

ਘਨ੍ਹੱਈਆ ਵਿਹੜੇ ਵਾਲ਼ਿਆਂ ਤੋਂ ਦੇਸੀ ਆਂਡੇ ਖਰੀਦ ਲਿਆਉਂਦਾ ਤੇ ਬੇਅੰਤ ਨੂੰ ਕਹਿੰਦਾ, 'ਮੀਟ ਮੈਂ ਛੱਡਿਆ ਹੋਇਆ ਏ। ਆਂਡਾ ਲੈ ਲਊਂ। ਪੂੜਾ ਬਣਾ ਲੈ ਆਪਣੇ ਵੱਲ ਹੀ। ਮੀਟ ਮੈਂ ਲਿਆ ਦਊਂ, ਪਰ ਬਣਾਈਂ ਆਪਣੀ ਬੇਬੇ ਵੱਲ ਹੀ।'

ਉਹ ਲਲਤਾ ਨੂੰ ਕਹਿੰਦਾ ਹੀ ਰਹਿੰਦਾ, ਕਿ ਬੇਅੰਤ ਲਈ ਕੜਾਹ ਬਣਾ ਦੇ, ਬੇਅੰਤ ਲਈ ਕਚੌਰੀਆਂ ਪਕਾ ਦੇ, ਬੇਅੰਤ ਲਈ ਖੀਰ ਰਿੰਨ੍ਹ ਲੈ। ਇਕ ਦਿਨ ਸ਼ਾਮ ਵੇਲ਼ੇ ਬੰਤੂ ਚੌਕੀਦਾਰ ਪਿੰਡ ਦਾ ਗੇੜਾ ਦਿੰਦਾ, ਅਗਲੇ ਦਿਨ ਚਮਕੌਰ ਦੇ ਸਿਵਲ ਹਸਪਤਾਲ਼ ਕੋਲ਼ ਹੋਣ ਵਾਲ਼ੀ ਫੌਜੀ ਭਰਤੀ ਦੀ ਸੂਚਨਾ ਦੇ ਰਿਹਾ ਸੀ, ਉਹ ਘਨ੍ਹੱਈਏ ਦੀ ਹੱਟੀ ਮੂਹਰੇ ਰੁਕ ਗਿਆ ਤੇ ਬੋਲਿਆ, 'ਕੀ ਹਾਲੇ-ਬਾਲੇ ਆਂ, ਮਾਸਟਰ ਘਨ੍ਹੱਈਆ ਰਾਮ ਜੀ?'

'ਠੀਕ ਆ ਬੰਤੂ ਆ ਜਾ?' ਘਨ੍ਹੱਈਆ ਬੋਲਿਆ।

ਉਹ ਦੇਹਲੀ ਤੇ ਬੈਠਦਾ ਕਹਿਣ ਲੱਗਾ, 'ਤੂੰ ਵੀ ਕਰਵਾ ਦੇ ਆਪਣੇ ਕਿਸੇ ਭਾਣਜੇ ਨੂੰ ਫੌਜ ਵਿਚ ਭਰਤੀ।'

'ਆਪਣੇ ਤਾਂ ਦੋ ਹੋ ਗਏ ਦੋ... ਇਕ ਮਿਲਟਰੀ ਵਿਚ ਤੇ ਦੂਜਾ ਹਵਾਈ ਫੌਜ ਵਿਚ। ਮਿਲਟਰੀ ਵਾਲ਼ਾ ਛੁੱਟੀ ਆਇਆ ਹੋਇਆ ਏ।'

'ਵਾਹ-ਬਈ-ਵਾਹ, ਕੱਢ ਦਿੱਤੇ ਨਰਕ ਕੁੰਡ' ਚੋਂ ਤੂੰ... ਮਾਮਾ ਹੋਵੇ ਕਿਸੇ ਦਾ ਤਾਂ ਤੇਰੇ ਵਰਗਾ... ਜਿਊਂਦਾ ਰਹਿ ਬਈ ਬੇਲੀਆ।'

ਲਲਤਾ ਵੀ ਲਾਗੇ ਆ ਖੜ੍ਹੀ। ਬੰਤੂ ਬੋਲਿਆ, 'ਬਣਾ ਲਿਆ ਅੰਨ-ਪਾਣੀ ਭਾਬੀ?'

'ਚਟਣੀ ਕੁੱਟ ਲਈ। ਮਿੱਸੀਆਂ ਲਾਹ ਲੈਣੀਆਂ ਨੇ।'

'ਧਰਿਆ ਕੀ ਆ?'

'ਧਰਨਾ ਕੀ ਆ ਮੁਰਗਾ? ਆਲੂਆਂ ਦੀ ਭਾਜੀ ਪਈ ਆ ਤਪਹਿਰੇ ਦੀ।'

'ਇਉਂ ਕਰ ਫੇਰ... ਦੋ ਰੋਟੀਆਂ ਲਾਹ ਦੇ ਮੇਰੇ ਖਾਤਰ ਵੀ। ਆਲੂਆਂ ਦੇ ਮੁਰਗੇ ਨਾਲ਼ ਮੈਨੂੰ ਵੀ ਖਿਲਾ ਦੇ।' ਉਹ ਹੱਸਦਾ ਬੋਲਿਆ।

ਬੰਤੂ ਘਨ੍ਹੱਈਏ ਨਾਲ਼ ਬਿਜਲੀ ਡਿਗ ਕੇ ਮਰੀ ਸਰਧੀ ਦੀਆਂ ਗੱਲਾਂ ਕਰਨ ਲੱਗ ਪਿਆ ਜਿਹੜੀ ਘੋਰਦੇ ਬੱਦਲਾਂ ਵਿਚ ਸਿਰ ਤੇ ਕਾਲ਼ੀ ਚੁੰਨੀ ਲੈ ਕੇ ਕੱਖਾਂ ਨੂੰ ਚਲੀ ਗਈ ਸੀ। ਕਾਲ਼ਾ ਵਸਤਰ, ਕਾਲ਼ਾ ਜਾਨਵਰ ਜਾਂ ਫੇਰ ਮਾਮਾ-ਭਾਣਜਾ... ਤਿੰਨ ਚੀਜ਼ਾਂ ਦੱਸੀਆਂ ਘਨ੍ਹੱਈਏ ਨੇ, ਜਿਨ੍ਹਾਂ ਤੇ ਅਸਮਾਨੀ ਬਿਜਲੀ ਡਿਗਦੀ ਹੀ ਡਿਗਦੀ ਸੀ। ਘਨ੍ਹੱਈਆ ਉਸ ਨੂੰ ਕ੍ਰਿਸ਼ਨ ਭਗਵਾਨ ਤੇ ਉਸ ਦੇ ਮਾਮੇ ਕੰਸ ਦੀ ਕਥਾ ਸੁਣਾਉਣ ਲੱਗ ਪਿਆ।

ਲਲਤਾ ਦੋ ਦੀ ਥਾਂ ਚਾਰ ਰੋਟੀਆਂ ਉੱਤੇ ਭਾਜੀ ਪਾ ਕੇ ਲੈ ਆਈ ਤੇ ਬੰਤੂ ਦੇ ਹੱਥ ਤੇ ਧਰ ਦਿੱਤੀਆਂ। ਉਹ ਵੱਡੇ-ਵੱਡੇ ਬੁਰਕ ਪਾਉਂਦਾ, ਪੈਰਾਂ ਭਾਰ ਬੈਠਾ ਚਾਰੇ ਰੋਟੀਆਂ ਚੱਟਮ ਕਰ ਗਿਆ ਤੇ ਬੋਲਿਆ, 'ਭਾਬੀ ਜਿਉਂਦੀ ਰਹਿ... ਪਾਣੀ ਦਾ ਘੁੱਟ ਵੀ ਪਿਲਾ ਦੇ।'

'ਬੰਤੂ ਗਲ਼ੀ ਵਿਚ ਓਕ ਬਣਾ ਕੇ ਬੈਠ ਗਿਆ ਤੇ ਲਲਤਾ ਨੇ ਜੱਗ ਨਾਲ਼ ਉਸਦੇ ਉਂਜਲ਼ੇ ਵਿਚ ਪਾਣੀ ਦੀ ਧਾਰ ਛੱਡ ਦਿੱਤੀ।

ਅਗਲੇ ਦਿਨ ਦੇਵ ਬਿਨਾਂ ਕਿਸੇ ਨੂੰ ਦੱਸੇ ਸਵੇਰੇ ਹੀ ਘਰੋਂ ਨਿਕਲ਼ ਗਿਆ ਤੇ ਚਮਕੌਰ ਹਸਪਤਾਲ਼ ਕੋਲ਼ ਪਹੁੰਚ ਕੱਪੜੇ ਖੋਲ੍ਹ ਉੱਥੇ ਖੜ੍ਹੇ ਪੱਚੀ-ਤੀਹ ਮੁੰਡਿਆਂ ਵਿਚ ਸ਼ਾਮਲ ਹੋ ਗਿਆ। ਉੱਥੇ ਚਾਰ-ਪੰਜ ਫੌਜ ਅਫ਼ਸਰ ਹੱਥਾਂ ਵਿਚ ਰੂਲ ਫੜੀ ਇੱਧਰ-ਉੱਧਰ ਘੁੰਮ ਰਹੇ ਸਨ। ਉਨ੍ਹਾਂ ਦੇ ਮੋਢਿਆਂ ਉੱਤੇ ਪਿੱਤਲ ਦੇ ਸਟਾਰ ਸੋਨੇ ਵਾਂਗ ਚਮਕ ਰਹੇ ਸਨ। ਚਾਰ ਪੰਜ ਹੋਰ ਫੌਜੀ ਵੀ ਕਾਹਲ਼ੀ-ਕਾਹਲ਼ੀ ਕੋਈ ਕੰਮ ਕਰਦੇ ਘੁੰਮ ਰਹੇ ਸਨ। ਇਕ ਜਣੇ ਨੇ ਵਿਸਲ ਮਾਰੀ ਤਾਂ ਭਰਤੀ ਹੋਣ ਆਏ ਸਾਰੇ ਮੁੰਡੇ ਇਕ ਲਾਈਨ ਵਿਚ ਖੜ੍ਹੇ ਹੋ ਗਏ। ਇਕ ਫੌਜੀ ਨੇ ਰਜਿਸਟਰ ਵਿਚ ਸਾਰਿਆਂ ਦੇ ਨਾਂ ਪਤੇ ਲਿਖ ਕੇ ਦਸਖ਼ਤ ਕਰਵਾ ਲਏ ਤੇ ਹਥੇਲ਼ੀਆਂ ਉੱਤੇ ਮੋਹਰਾਂ ਲਾ ਕੇ ਨੰਬਰ ਲਿਖ ਦਿੱਤੇ। ਭਾਰ ਤੋਲਣ ਅਤੇ ਛਾਤੀ ਦੀ ਮਿਣਤੀ ਮਗਰੋਂ ਜਿਹੜੇ ਫ਼ਿੱਟ ਪਾਏ ਗਏ, ਉਨ੍ਹਾਂ ਤੋਂ ਦੌੜਾਂ ਲਗਵਾ ਕੇ ਦੇਖੀਆਂ ਗਈਆਂ। ਹਰਡਲਾਂ ਵੀ ਪਾਰ ਕਰਵਾਈਆਂ। ਦਰੱਖਤ ਦੇ ਉਪਰਲੇ ਟਾਹਣੇ ਨਾਲ਼ ਬੰਨ੍ਹੇ ਰੱਸੇ ਉੱਤੇ ਚੜ੍ਹਾ ਕੇ ਦੇਖਿਆ। ਫਿਰ ਸਾਰਿਆਂ ਨੂੰ ਚਾਹ ਨਾਲ਼ ਸਮੋਸੇ ਖਿਲ਼ਾਏ, ਬਰਫ਼ੀ ਦੇ ਪੀਸ ਵੀ ਦਿੱਤੇ ਤੇ ਕੱਪੜੇ ਪਾਉਣ ਲਈ ਕਿਹਾ। ਜਿਹੜੇ ਪੰਦਰਾਂ ਮੁੰਡੇ ਚੁਣੇ ਗਏ ਸਨ, ਉਨ੍ਹਾਂ ਦੇ ਨਾਂ ਬੋਲੇ ਗਏ ਤੇ ਫਾਰਮ ਭਰਵਾ ਕੇ ਦੱਸਿਆ ਕਿ ਸਾਰੇ ਆਪੋ ਆਪਣੇ ਘਰਦਿਆਂ ਨੂੰ ਮਿਲ ਆਉਣ। ਰਾਤੀਂ ਸਾਢੇ ਸੱਤ ਵਜੇ ਉਸੇ ਥਾਂ ਤੇ ਲੰਗਰ ਖਾਣ ਮਗਰੋਂ ਸੂਰਾਨਸੀ ਜਾਣ ਲਈ ਫੌਜੀ ਟਰੱਕ ਚੱਲੇਗਾ। ਕੋਈ ਚੀਜ਼ ਨਾਲ਼ ਚੁੱਕਣ ਦੀ ਲੋੜ ਨਹੀਂ, ਸਭ ਕੁਝ ਫੌਜ ਵੱਲੋਂ ਮਿਲੇਗਾ।

ਦੇਵ ਖੁਸ਼ੀ ਖੁਸ਼ੀ ਘਰ ਪਹੁੰਚਿਆ ਤੇ ਸਭ ਤੋਂ ਪਹਿਲਾਂ ਆਪਣੀ ਬੇਬੇ ਨੂੰ ਭਰਤੀ ਹੋਣ ਦੀ ਸੂਚਨਾ ਦਿੱਤੀ। ਉਸ ਨੇ ਤਾਂ ਸੁਣਦੀ ਸਾਰ ਭਸੂੜੀ ਪਾ ਲਈ ਕਿ ਉਹ ਉਸ ਨੂੰ ਕਿਸੇ ਹਾਲਤ ਵਿਚ ਵੀ ਫੌਜ ਵਿਚ ਨਹੀਂ ਜਾਣ ਦੇਵੇਗੀ। ਪਤਾ ਨਹੀਂ ਕਿੱਥੋਂ ਹੱਥ ਵਿਚ ਮੱਛੀ ਲਟਕਾਈ ਬੇਅੰਤ ਵੀ ਉਸੇ ਵੇਲ਼ੇ ਘਰ ਆ ਵੜਿਆ। ਸਾਰੀ ਗੱਲ ਦਾ ਪਤਾ ਲੱਗਣ ਤੇ ਉਸ

ਨੂੰ ਡਾਂਟਣ ਲੱਗਾ, 'ਉਇ ਬੇਵਕੂਫ ਦੇ ਸਿੰਙਾ, ਅੱਗ ਵਿਚ ਛਾਲ਼ ਮਾਰਨ ਤੋਂ ਪਹਿਲਾਂ ਮੈਨੂੰ ਪੁੱਛ ਤਾਂ ਲੈਂਦਾ। ਚੁੱਪ-ਚਾਪ ਬਹਿਜਾ ਅੰਦਰ। ਮੈਂ ਨਹੀਂ ਜਾਣ ਦਿਆਂਗਾ ਤੈਨੂੰ।'

ਘਨ੍ਹੱਈਆ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਿਆ ਤੇ ਦੇਵ ਨੂੰ ਘਰੋਂ ਨਿਕਲਣ ਹੀ ਨਾ ਦਿੱਤਾ। ਐਨਾ ਵਧੀਆ ਮੌਕਾ ਹੱਥੋਂ ਨਿਕਲਣ ਕਰਕੇ ਦੇਵ ਝੂਰਨ ਲੱਗਾ। ਉਸ ਦੇ ਜਿਵੇਂ ਸਾਰੇ ਰਾਹ ਘਰਦਿਆਂ ਨੇ ਮੁੰਦ ਦਿੱਤੇ ਸਨ।

ਉਸੇ ਹਫ਼ਤੇ ਇਕ ਦਿਨ ਤੀਜੇ ਕੁ ਪਹਿਰ ਦੋਰਾਹੇ ਤੋਂ ਦੇਵ ਦਾ ਜੀਜਾ ਪਰੇਮ ਤੇ ਹਰਬੰਤ ਆ ਗਏ। ਪਰੇਮ ਨੇ ਦੇਵ ਨੂੰ ਆਪਣੇ ਨਾਲ਼ ਲਿਆ ਤੇ ਪਿੰਡ ਵਿਚ ਘੁੰਮ ਕੇ ਗਹਿਣੇ -ਗੱਟਿਆਂ ਦਾ ਲੈਣ-ਦੇਣ ਕੀਤਾ, ਨਵੇਂ ਆਡਰ ਲਏ ਤੇ ਵਾਪਸ ਘਰ ਆ ਕੇ ਬੋਲਿਆ, 'ਲਿਆ ਬਈ ਫੇਰ ਬੰਤ ਸਿਆਂ ਕੀ ਲਿਆਇਆ ਏਂ ਮਿਲਟਰੀ' ਚੋਂ?'

ਉਹ ਉੱਠਿਆ ਤੇ ਰੰਮ ਦੀ ਬੋਤਲ ਚੁੱਕ ਲਿਆਇਆ। ਸਾਰੇ ਬਹਿ ਕੇ ਪੀਣ ਲੱਗੇ ਤਾਂ ਪਰੇਮ ਬੋਲਿਆ, 'ਫੇਰ ਫੌਜੀਆ ਕਿਵੇਂ ਲੰਘਦਾ ਏ ਸਮਾਂ ਤੇਰਾ ਮਿਲਟਰੀ ਵਿੱਚ?'

ਬੰਤ ਖੁਸ਼ ਹੋ ਕੇ ਬੋਲਿਆ, 'ਬਹੁਤ ਮੌਜਾਂ ਨੇ ਜੀਜਾ। ਹਫ਼ਤੇ ਵਿਚ ਦੋ ਦਿਨ ਰੱਜਵਾਂ ਮੀਟ ਮਿਲ ਜਾਂਦਾ ਏ। ਰੰਮ ਮਿਲ ਜਾਂਦੀ ਏ। ਰੋਟੀ-ਪਾਣੀ ਸਭ ਵਧੀਆ ਏ। ਮੇਰਾ ਤਾਂ ਕੰਮ ਵੀ ਕਲੈਰੀਕਲ ਏ। ਸਮਝ ਲਓ ਤਨਖਾਹ ਤਾਂ ਸਾਰੀ ਬਚ ਹੀ ਜਾਂਦੀ ਏ।'

ਘਨ੍ਹੱਈਆ ਵੀ ਫੌਜ ਦੀਆਂ ਸਿਫ਼ਤਾਂ ਕਰਨ ਲੱਗ ਪਿਆ। ਦੇਵ ਨੇ ਮਨ ਹੀ ਮਨ ਸੋਚਿਆ ਕਿ ਜਦੋਂ ਉਸਦੀ ਫੌਜ ਵਿਚ ਚੋਣ ਹੋਈ, ਇਨ੍ਹਾਂ ਸਾਰਿਆਂ ਦੇ ਸੱਪ ਲੜ ਗਿਆ ਸੀ। ਉਸ ਨੂੰ ਜਾਣ ਹੀ ਨਹੀਂ ਸੀ ਦਿੱਤਾ ਤੇ ਹੁਣ ਉਸੇ ਫੌਜ ਨੂੰ ਸਾਰੇ ਵਡਿਆ ਰਹੇ ਸਨ।

ਘਿਓ ਮੱਲਾਂ ਨੂੰ ਦਾਰੂ ਗੱਲਾਂ ਨੂੰ' ਵਾਲ਼ੀ ਗੱਲ ਹੋਈ। ਕਦੀ ਕੋਈ ਟਾਪਕ ਸ਼ੁਰੂ ਹੋ ਜਾਂਦਾ ਤੇ ਕਦੀ ਕੋਈ। ਲਲਤਾ ਕਈ ਵਾਰੀ ਰੋਟੀ ਲਾਹੁਣ ਨੂੰ ਪੁੱਛ ਚੁੱਕੀ ਸੀ। ਘਨ੍ਹੱਈਆ ਉਸੇ ਵੇਲ਼ੇ ਉਸ ਨੂੰ ਟੋਕ ਦਿੰਦਾ, 'ਹੁਣੇ ਰੋਟੀ ਖਾਕੇ ਗੱਡੀ ਚੜ੍ਹਨਾ ਏਂ, ਭਾਜੀ ਲਿਆ।'

ਉਹ ਕੌਲੀ ਭਰ ਕੇ ਆਲੂ-ਗੋਭੀ ਦੀ ਭਾਜੀ ਉਨ੍ਹਾਂ ਮੂਹਰੇ ਲਿਆ ਧਰਦੀ। ਕਿੰਨੀਆਂ ਹੀ ਕੌਲੀਆਂ ਆ ਚੁੱਕੀਆਂ ਸਨ। ਭਾਜੀ ਖ਼ਤਮ ਹੋਣ ਤੇ ਲਲਤਾ ਬੋਲੀ, 'ਲੈ ਭਾਈ ਹੁਣ ਆਹੀ ਕੌਲੀ ਏ, ਭਾਜੀ ਤਾਂ ਗਈ ਮੁੱਕ... ਦੱਸੋ ਦਾਲ ਕਿਹੜੀ ਧਰਾਂ?'

'ਮਸਰੀ ਦੀ ਮਾਮੀ, ਨਾਲ਼ ਬਣਾ ਬਾਸਮਤੀ ਦੇ ਚੌਲ਼।' ਪਰੇਮ ਬੋਲਿਆ।

ਫਿਰ ਪਰੇਮ ਨੇ ਦੋਰਾਹੇ ਵਾਲ਼ੇ ਪਲਾਟ ਦੀ ਗੱਲ ਤੋਰ ਲਈ ਕਿ ਹੁਣ ਉਸੇ ਪਲਾਟ ਦੀ ਕੀਮਤ ਦੁੱਗਣੀ ਹੋ ਗਈ ਸੀ। ਪਿੰਡਾਂ' ਚੋਂ ਲੋਕ ਧੜਾ-ਧੜ ਆ ਕੇ ਸ਼ਹਿਰ ਵਿਚ ਮਕਾਨ ਛੱਤ ਰਹੇ ਸਨ। ਸਿਆਣੇ ਬੰਦੇ ਨੂੰ ਸਮੇਂ ਦੀ ਨਬਜ਼ ਤੇ ਹਮੇਸ਼ਾ ਉਂਗਲੀ ਰੱਖੀ ਰੱਖਣੀ ਚਾਹੀਦੀ ਹੈ। ਫਿਰ ਵੀ ਮੈਟੀਰੀਅਲ ਦੇ ਰੇਟ ਅਜੇ ਵਾਜਬ ਹਨ। ਚੁੱਪ ਚਾਪ ਦੋ ਕਮਰੇ ਛੱਤਣ ਦੀ ਕਰੋ। ਜਿੰਨਾ ਲੇਟ ਹੁੰਦੇ ਗਏ, ਉਂਨਾਂ ਖਰਚ ਵੱਧ ਆਵੇਗਾ।

'ਭਾਈ ਪਰੇਮ ਤੈਨੂੰ ਪਤਾ ਹੀ ਏ। ਐਨੇ ਪੈਸੇ ਸਾਡੇ ਕੋਲ਼ ਕਿੱਥੇ ਨੇ?' ਭਾਗਵੰਤੀ ਬੋਲੀ।

'ਮਾਸੀ ਕਿਉਂ ਕੁਫ਼ਰ ਤੋਲਦੀ ਏਂ। ਆਸ਼ਾਬਾਦੀਆਂ ਦੀ ਬਹੂ ਰਹੀ ਏਂ ਤੂੰ। ਚਾਲੀ-ਪੰਜਾਹ ਤੋਲ਼ੇ ਤਾਂ ਫਰਸ਼ ਖੁਰਚ ਕੇ ਹੀ ਨਿਕਲ਼ ਆਉਣਗੇ। ਫਿਰ ਮੁੰਡਿਆਂ ਦੇ ਮਨੀਆਰਡਰ

ਤੈਨੂੰ ਆਉਂਦੇ ਨੇ ਚੜ੍ਹੇ ਮਹੀਨੇ। ਫੇਰ ਤੂੰ ਵੀ ਕਿਹੜਾ ਵਿਹਲੀ ਰਹਿੰਦੀ ਏਂ।' ਪਰੇਮ ਘਰ ਦੀਆਂ ਸਾਰੀਆਂ ਰਗਾਂ ਤੇ ਉਂਗਲ ਧਰ ਰਿਹਾ ਸੀ।

'ਮਕਾਨ ਬਣਾਉਣਾ ਸ਼ੁਰੂ ਤਾਂ ਕਰ ਲੈਂਦੇ ਹਾਂ, ਜੇ ਵਿਚਾਲ਼ੇ ਰਹਿ ਗਿਆ?' ਬੇਅੰਤ ਗਿਲਾਸਾਂ ਵਿਚ ਰੰਮ ਪਾਉਂਦਾ ਬੋਲਿਆ।

'ਫੇਰ ਮੈਂ ਹੈਗਾ ਏਂ। ਐਵੇਂ ਰੀਂ ਰੀਂ ਕਰੀ ਜਾਂਦੇ ਹੋ। ਮੈਨੂੰ ਪਹਿਲਾਂ ਤੁਸੀਂ ਦੱਸੋ ਕਿੰਨਾਂ ਖਰਚ ਕਰ ਸਕਦੇ ਹੋ?' ਪਰੇਮ ਨੇ ਪੁੱਛਿਆ।

ਘਨ੍ਹੱਈਆ, ਭਾਗਵੰਤੀ ਤੇ ਬੇਅੰਤ ਇਕ ਦੂਜੇ ਵੱਲ ਦੇਖਣ ਲੱਗ ਪਏ। ਫਿਰ ਘਨ੍ਹੱਈਆ ਬੋਲਿਆ, 'ਨਾਲ਼ੇ ਕਹਿੰਦੇ ਸੀਮਿੰਟ ਨੀ ਮਿਲਦਾ।'

'ਪੈਸੇ ਨਾਲ਼ ਕੀ ਨੀ ਮਿਲਦਾ ਮਾਮਾ?... ਬੀ. ਡੀ. ਓ. ਮੇਰਾ ਆੜੀ ਏ। ਚਾਰ ਘਰਾਂ ਦੇ ਰਾਸ਼ਣ ਕਾਰਡ ਲੈਕੇ, ਜਿੰਨਾਂ ਕਹੇਂਗਾ ਪਰਮਟ ਲੈਦੂੰ।'

ਪਰੇਮ ਨੇ ਉਨ੍ਹਾਂ ਨੂੰ ਐਨਾ ਹੌਂਸਲਾ ਦਿੱਤਾ ਕਿ ਉਹ ਮਕਾਨ ਸ਼ੁਰੂ ਕਰਨ ਦੀ ਹਾਮੀ ਭਰਕੇ ਅਗਲੇ ਦਿਨ ਦੋਰਾਹੇ ਜਾਣ ਦਾ ਪ੍ਰੋਗਰਾਮ ਬਣਾ ਕੇ ਸੁੱਤੇ। ਅਗਲੇ ਦਿਨ ਹੀ ਉਹ ਦੋਰਾਹੇ ਪੁੱਜੇ ਤਾਂ ਘਨ੍ਹੱਈਏ ਨੇ ਸਿਗਰਟਾਂ ਵਾਲੀਆਂ ਖਾਲੀ ਡੱਬੀਆਂ ਵਿਚ ਮੋਚ-ਕੇ ਕੇ ਪਾਏ ਸੱਤ ਸੌ ਰੁਪਏ ਕੱਢੇ ਤੇ ਭਾਗਵੰਤੀ ਨੂੰ ਫੜਾਉਂਦਾ ਬੋਲਿਆ, 'ਭੈਣੇ, ਤੁਸੀਂ ਕੰਮ ਸ਼ੁਰੂ ਕਰੋ। ਪੈਸੇ ਮੈਂ ਹੋਰ ਵੀ ਦਿਆਂਗਾ। ਰਾਮ ਸਿੰਘ ਤੇ ਹਰੀਵੰਸ਼ ਨੂੰ ਵੀ ਖ਼ਤ ਪਾਊਂ, ਉਹ ਵੀ ਇਮਦਾਦ ਕਰਨ, ਤਾਂ ਹੀ ਇਹ ਕੰਮ ਸਿਰੇ ਚੜ੍ਹਨਾ ਏ।'

ਪਰੇਮ ਦੀ ਸੜਕ ਨਾਲ਼ ਲਗਦੀ ਕਾਫ਼ੀ ਵੱਡੀ ਦੁਕਾਨ, ਜੋ ਉਨ੍ਹਾਂ ਦੇ ਪਲਾਟ ਤੋਂ ਬਿਲਕੁਲ ਨੇੜੇ ਸੀ, ਖਾਲੀ ਪਈ ਸੀ। ਉਸ ਨੇ ਮੈਟੀਰੀਅਲ ਰੱਖਣ ਲਈ ਉਹ ਦੁਕਾਨ ਤੇ ਰਿਹਾਇਸ਼ ਲਈ ਇਕ ਕਮਰਾ ਉਨ੍ਹਾਂ ਨੂੰ ਦੇ ਦਿੱਤਾ। ਪਰੇਮ ਨੇ ਹੀ ਮਿਸਤਰੀ ਲੱਭਿਆ ਤੇ ਇੱਟਾਂ, ਸੀਮਿੰਟ, ਬਜ਼ਰੀ, ਰੇਤਾ ਬਗੈਰਾ ਲੋੜ ਮੁਤਾਬਕ ਮੰਗਵਾ ਲਿਆ। ਫੈਸਲਾ ਹੋਇਆ ਕਿ ਦੋ ਕਮਰੇ ਬਣਵਾਏ ਜਾਣ ਤੇ ਇੱਟ-ਬਾਲਾ ਪਾਉਣ ਨਾਲ਼ੋਂ ਛੱਤਾਂ ਤੇ ਪੱਕਾ ਲੈਂਟਰ ਹੀ ਪਾ ਲਿਆ ਜਾਵੇ। ਤੀਜੇ ਦਿਨ ਪਰੇਮ ਉਦਾਸੀ ਡੇਰੇ ਦੇ ਮਹੰਤ ਸਰਬਣ ਦਾਸ ਕੋਲ਼ ਗਿਆ ਤੇ ਆਪਣੇ ਇੰਜਣ ਲੱਗੇ ਸਾਇਕਲ ਮਗਰ ਉਸ ਨੂੰ ਬਿਠਾ ਲਿਆਇਆ। ਉਸ ਨੇ ਮਕਾਨ ਦੀ ਨੀਂਹ' ਚ ਪਹਿਲੀ ਇੱਟ ਰੱਖ ਦਿੱਤੀ। ਉਸ ਨੇ ਬੇਅੰਤ ਦੇ ਮੱਥੇ ਤੇ ਅੰਗੂਠਾ ਰੱਖ ਕੇ ਭਵਿੱਖਬਾਣੀ ਕੀਤੀ, 'ਇਹ ਮੁੰਡਾ ਫੌਜ ਵਿਚ ਵੱਡਾ ਅਫ਼ਸਰ ਬਣੇਂਗਾ।'

ਭਾਗਵੰਤੀ ਛੋਟੇ ਮੁੰਡੇ ਦੇਵ ਨੂੰ ਵੀ ਬਾਹੋਂ ਫੜ ਉਸ ਕੋਲ਼ ਲੈ ਗਈ ਤੇ ਬੋਲੀ, 'ਇਸ ਨਲਾਇਕ ਬਾਰੇ ਵੀ ਕੁਝ ਦੱਸੋ ਬਾਬਾ ਜੀ।'

ਉਸ ਨੇ ਦੇਵ ਦਾ ਮੱਥਾ ਛੂਹਿਆ ਤੇ ਬੋਲਿਆ, 'ਵਿੱਦਿਆ ਇਹਦੀ ਕਿਸਮਤ ਵਿਚ ਬਹੁਤੀ ਹੈ ਨਹੀਂ। ਰੋਟੀ ਪਾਣੀ ਜੋਗਾ ਹੋ ਜਾਵੇਗਾ। ਵਿਆਹ ਵਿਚ ਇਸ ਨੂੰ ਬਹੁਤ ਦਾਜ ਮਿਲੇਗਾ। ਇਹਦੀ ਕਿਸਮਤ ਵਿਚ ਭਟਕਣ ਲਿਖੀ ਏ। ਬੁਰੀ ਸੰਗਤ ਤੋਂ ਵੀ ਇਸ ਨੂੰ ਬਚਾ ਕੇ.... ।'

ਦੇਵ ਨੂੰ ਗੁੱਸਾ ਆ ਗਿਆ। ਉਹ ਉੱਠ ਕੇ ਖੜ੍ਹਾ ਹੋ ਗਿਆ ਤੇ ਬੋਲਿਆ, 'ਬੱਸ ਬੱਸ ਬਾਬਾ ਜੀ ਰਹਿਣ ਦਿਓ। ਮੈਨੂੰ ਕੋਈ ਲੋੜ ਨਹੀਂ ਕਿਸਮਤ ਜਾਣਨ ਦੀ।'

ਦੇਵ ਦੀ ਬੇਬੇ ਬੋਲੀ, 'ਧੁਰੋਂ ਹੀ ਭੈੜੇ ਲੇਖ ਲਿਖਵਾ ਕੇ ਆਇਆ ਏ ਇਹ ਨਹਿਸ਼ ਤਾਂ।'

'ਚੱਲ ਚੱਲ ਤੂੰ... ਬੋਲੀ ਜਾਂਦੀ ਏ।' ਦੇਵ ਨੇ ਕਿਹਾ।

ਮਹੰਤ ਚਲਾ ਗਿਆ ਤਾਂ ਘਨ੍ਹੱਈਆ ਕਹਿਣ ਲੱਗਾ, 'ਭਾਗਵੰਤੀ ਜੋ ਵਿਧਾਤਾ ਨੇ ਲਿਖ ਦਿੱਤਾ ਏ, ਪਹਿਲਾਂ ਕੋਈ ਨੀ ਬੁੱਝ ਸਕਦਾ। ਤੇਰਾ ਮਨ ਧਰਾਉਣ ਨੂੰ ਉਹ ਅਟਕਲਪੱਚੂ ਲਾ ਗਿਆ।'

ਦੇਵ ਆਪਣੇ ਮਾਮੇ ਦੀ ਗੱਲ ਤੋਂ ਖੁਸ਼ ਹੋ ਗਿਆ ਤੇ ਬੋਲਿਆ, 'ਮਾਮਾ, ਵਿਧਾਤਾ' ਕੱਲੇ -ਕੱਲੇ ਬਾਰੇ ਕੀ ਕੀ ਲਿਖ ਲਊ? ਸਾਡੇ ਇਕ ਪ੍ਰੋਫੈਸਰ ਨੇ ਦੱਸਿਆ ਕਿ ਵਿਧਾਤਾ-ਵਿਧੂਤਾ ਕੋਈ ਹੁੰਦਾ ਹੀ ਨੀ।'

'ਚੱਲ ਆਪਾਂ ਕੀ ਲੈਣਾ ਏਂ, ਨਾ ਉਹਦੇ ਹੋਣ ਦਾ ਭਾਅ, ਨਾ, ਨਾ ਹੋਣ ਦਾ।' ਘਨ੍ਹੱਈਆ ਬੋਲਿਆ।

ਮਿਸਤਰੀ ਨਾਲ਼ ਉਨ੍ਹਾਂ ਨੇ ਕੇਵਲ ਇੱਕੋ ਮਜ਼ਦੂਰ ਲਾਇਆ। ਬੇਅੰਤ ਤਾਂ ਨਾਲ਼ ਲੱਗਿਆ ਹੀ, ਉਹਨੇ ਦੇਵ ਨੂੰ ਵੀ ਨਾਲ਼ ਹੀ ਫਾਹੇ ਟੰਗ ਲਿਆ। ਕਦੀ ਘਾਣੀ ਵੱਢੋ, ਕਦੀ ਇੱਟਾਂ ਢੋਓ ਤੇ ਕਦੀ ਤਸਲਾ ਭਰ ਕੇ ਪੈੜ ਤੇ ਖੜ੍ਹੇ ਮਿਸਤਰੀ ਕੋਲ਼ ਗਾਰਾ ਪੁਜਾਓ। ਸ਼ਾਮ ਤੱਕ ਦੇਵ ਦਾ ਲੱਕ ਟੁੱਟ ਜਾਂਦਾ। ਰੋਜ਼ ਹੀ ਉਹ ਦੋਨੋਂ ਦੋ-ਦੋ ਪੈੱਗ ਲਾ ਲੈਂਦੇ। ਥਕਾਵਟ ਲਹਿ ਜਾਂਦੀ ਤੇ ਗੂੜ੍ਹੀ ਨੀਂਦ ਆਉਂਦੀ। ਮਿਸਤਰੀ ਨੂੰ ਉਨ੍ਹਾਂ ਨੇ ਇਸ ਇੱਲਤ ਤੋਂ ਦੂਰ ਹੀ ਰੱਖਿਆ। ਜਦੋਂ ਕੰਮ ਚੱਲ ਰਿਹਾ ਸੀ, ਇਕ ਦਿਨ ਸਵੇਰੇ ਹੀ ਦੇਵ ਦੀ ਭਾਬੀ ਜਿੰਦਰ ਦੀ ਵੱਡੀ ਭੈਣ ਰਤਨਾ ਦੇਵੀ ਜੋ ਹਰੀਵੰਸ਼ ਦੀ ਸੱਸ ਵੀ ਸੀ, ਉਨ੍ਹਾਂ ਨੂੰ ਮਿਲਣ ਦੋਰਾਹੇ ਆ ਗਈ। ਉਹ ਆਉਂਦੀ ਹੀ ਮਿੱਠਾ ਪਾਣੀ ਪੀ ਕੇ ਭਾਗਵੰਤੀ ਨਾਲ਼ ਇੱਟਾਂ ਢੁਆਉਣ ਲੱਗ ਪਈ। ਉਨ੍ਹਾਂ ਨੇ ਬਥੇਰਾ ਰੋਕਿਆ ਪਰ ਉਹ ਹਟੇ ਹੀ ਨਾ। ਭਾਗਵੰਤੀ ਨੇ ਅਜੇ ਸੜਕ ਤੇ ਪਈ ਢੇਰੀ' ਚੋਂ ਮਿੱਟੀ ਢੋਣੀ ਸੀ, ਪਰ ਜਦੋਂ ਰਤਨਾ ਦੇਵੀ ਨਾ ਹਟੀ ਤਾਂ ਉਸ ਨੂੰ ਹਟਾਉਣ ਲਈ, ਉਹ ਆਪ ਹੀ ਹਟ ਗਈ। ਰਤਨਾ ਦੇਵੀ ਬਹੁਤ ਨਿੱਘੇ ਸੁਭਾਅ ਦੀ ਔਰਤ ਸੀ। ਉਸ ਦਾ ਘਰ ਵਾਲ਼ਾ ਭਾਵੇਂ ਅਫ਼ਸਰ ਸੀ, ਪਰ ਉਸ ਵਿਚ ਭੋਰਾ ਵੀ ਫੂੰ-ਫਾਂ ਨਹੀਂ ਸੀ। ਉਸ ਨੇ ਭਾਗਵੰਤੀ ਨੂੰ ਦੱਸਿਆ ਕਿ ਉਹ ਦੇਵ ਦੀ ਭਾਬੀ ਉਰਵਸ਼ੀ ਤੋਂ ਛੋਟੀ ਕੁੜੀ ਦਾ ਰਿਸ਼ਤਾ ਬੇਅੰਤ ਨਾਲ਼ ਕਰਨਾ ਚਾਹੁੰਦੀ ਹੈ। ਬੇਅੰਤ ਨੇ ਉਹ ਕੁੜੀ ਪਹਿਲਾਂ ਦੇਖੀ ਹੋਈ ਸੀ। ਉਸ ਨੂੰ ਉਸਦਾ ਸੁਭਾਅ ਪਸੰਦ ਨਹੀਂ ਸੀ ਆਇਆ। ਉਹ ਬੋਲਿਆ, 'ਮੇਰੀ ਰੋਕ ਤਾਂ ਹੁਣ ਹੋ ਗਈ ਜੀ। ਤੁਸੀਂ ਪਹਿਲਾਂ ਗੱਲ ਕੀਤੀ ਹੁੰਦੀ ਤਾਂ ਸਕਰੁਲਾਪੁਰ ਕਾਹਤੋਂ ਫਸਣਾ ਸੀ ਅਸੀਂ।'

'ਮੁੱਲਾਂਪੁਰ ਹੋਈ ਏ ਰੋਕ?' ਰਤਨਾ ਦੇਵੀ ਨੂੰ ਉੱਚਾ ਸੁਣਦਾ ਸੀ। ਉਹ ਸਕਰੁੱਲਾਪੁਰ ਨੂੰ ਮੁੱਲਾਂਪੁਰ ਸਮਝ ਗਈ।

'ਹਾਂ ਜੀ... ਹਾਂਜੀ।' ਬੇਅੰਤ ਬੋਲਿਆ। ਨਾ ਸਕਰੁੱਲਾਪੁਰ ਤੇ ਨਾ ਮੁੱਲਾਂਪੁਰ, ਜਦ ਰੋਕ ਹੀ ਕੋਈ ਨਹੀਂ ਸੀ ਹੋਈ, ਕੀ ਫਰਕ ਪੈਂਦਾ ਸੀ।

ਉਹ ਗਈ ਤਾਂ ਭਾਗਵੰਤੀ ਬੋਲੀ, 'ਚੱਲ ਚੰਗਾ ਲਾਹ' ਤੀ ਗਲੋਂ। ਅਸੀਂ ਨੀ ਉੱਥੇ ਕਰਨਾ। ਇਕ ਨੇ ਹੀ ਪੂੰਛਾਂ ਚੁਕਾ ਦਿੱਤੀਆਂ।'

ਸ਼ਕੁੰਤਲਾ ਨੇ ਬੜਾ ਜ਼ੋਰ ਲਾਇਆ ਕਿ ਜਿੰਨੀ ਦੇਰ ਕਮਰੇ ਬਣ ਕੇ ਤਿਆਰ ਨਹੀਂ ਹੋ ਜਾਂਦੇ, ਉਨ੍ਹਾਂ ਦੀ ਰੋਟੀ ਉਹੀ ਬਣਾਏਗੀ, ਪਰ ਭਾਗਵੰਤੀ ਮੰਨੀ ਨਾ। ਉਹ ਬੋਲੀ, 'ਪੁੱਤ ਸ਼ਕੁੰਤਲਾ, ਧੀ ਦੇ ਘਰ ਦਾ ਨ੍ਹੀ ਅਸੀਂ ਖਾ ਸਕਦੇ। ਸਾਡੇ ਬਜ਼ੁਰਗ ਤਾਂ ਧੀ ਦੇ ਘਰੋਂ ਪਾਣੀ ਵੀ ਨਹੀਂ ਸੀ ਪੀਆ ਕਰਦੇ। ਤੈਨੂੰ ਤਾਂ ਸਭ ਪਤਾ ਏ।'

'ਹੁਣ ਨੀ ਮਾਸੀ ਇਹ ਗੱਲਾਂ ਰਹੀਆਂ।' ਉਹ ਬੋਲੀ।

'ਨਾ ਭਾਈ ਰੋਟੀ ਤਾਂ ਅਸੀਂ ਆਪ ਹੀ ਬਣਾਵਾਂਗੇ।'

ਉਹ ਵਿਹੜੇ ਵਿਚ ਹੀ ਇਕ ਆਰਜੀ ਚੁੱਲ੍ਹਾ ਬਣਾਕੇ ਰੋਟੀ ਤਿਆਰ ਕਰਨ ਲੱਗ ਪਏ । ਪਰੇਮ ਨਿੱਤ ਸ਼ਾਮ ਨੂੰ ਉਨ੍ਹਾਂ ਕੋਲ਼ ਆ ਜਾਂਦਾ ਤੇ ਪੁੱਛਦਾ, 'ਕੀ ਚਾੜ੍ਹ ਲਿਆ ਮਾਸੀ ਅੱਜ?'

'ਆ ਜਾ ਭਾਈ ਪਰੇਮ ਜੋ ਕਹੇਂਗਾ ਬਣਾ ਲਵਾਂਗੇ।' ਭਾਗਵੰਤੀ ਉਸ ਨੂੰ ਖੁਆ ਕੇ ਬਹੁਤ ਖੁਸ਼ ਹੁੰਦੀ। ਇਕ ਦਿਨ ਸ਼ਕੁੰਤਲਾ ਨੇ ਚੁੰਨੀ ਦੇ ਲੜ ਨਾਲ਼ੋਂ ਖੋਹਲ ਚਾਰ ਸੌ ਰੁਪਏ ਭਾਗਵੰਤੀ ਨੂੰ ਫੜਾ ਦਿੱਤੇ ਤੇ ਬੋਲੀ, 'ਮਾਸੀ, ਔਖੇ ਨਾ ਹੋਇਓ। ਮਹਾਰਾਜ ਨੇ ਬਥੇਰਾ ਦਿੱਤਾ ਹੋਇਆ ਏ ਮੈਨੂੰ।'

'ਨਾ ਪੁੱਤ ਸ਼ਕੁੰਤਲਾ... ਇਹ ਗੱਲ ਨੀ ਹੋਣੀ। ਧੀਆਂ ਨੂੰ ਦੇਣਾ ਏਂ ਕਿ ਲੈਣਾ ਏਂ?' ਉਸ ਨੇ ਪੈਸੇ ਮੋੜਨ ਦੀ ਬਥੇਰੀ ਵਾਹ ਲਾਈ ਪਰ ਸ਼ਕੁੰਤਲਾ ਮੰਨੀ ਨਾ। ਆਗਰੇ ਤੋਂ ਰਾਮ ਸਿੰਘ ਨੇ ਤੇ ਬੰਗੌਲਰ ਤੋਂ ਹਰੀਵੰਸ਼ ਨੇ ਵੀ ਪੰਜ-ਪੰਜ ਸੌ ਰੁਪਏ ਭੇਜ ਦਿੱਤੇ। ਬੇਅੰਤ ਕੋਲ਼ ਵੀ ਸੱਤ-ਅੱਠ ਸੌ ਰੁਪਏ ਸਨ, ਜਿਨ੍ਹਾਂ' ਚੋਂ ਉਹ ਖਰਚ ਕਰਦਾ ਰਿਹਾ। ਦਿਨਾਂ ਵਿਚ ਹੀ ਦੋ ਕਮਰੇ ਟਿਚਨ ਹੋ ਗਏ। ਬੇਅੰਤ ਮਿਸਤਰੀ ਨੂੰ ਕਹਿਣ ਲੱਗਾ, 'ਹੁਣ ਤੁਸੀਂ ਵਧੋ ਜੀ। ਕੰਧਾਂ ਨੂੰ ਟੀਪ ਅਸੀਂ ਆਪ ਹੀ ਕਰ ਲਵਾਂਗੇ।'

'ਤੁਸੀਂ ਕਿਵੇਂ ਕਰ ਲਵੋਗੇ?' ਮਿਸਤਰੀ ਹੱਸਣ ਲੱਗਾ।

ਕੰਮ ਬੰਦ ਹੋਇਆ ਤਾਂ ਬੇਅੰਤ ਅਗਲੇ ਦਿਨ ਹੀ ਇਕ ਕਾਂਡੀ ਲੈ ਆਇਆ। ਦੇਵ ਉਸ ਨੂੰ ਰੇਤਾ ਸੀਮਿੰਟ ਰਲ਼ਾ ਕੇ ਦੇਣ ਲੱਗਾ। ਉਸ ਨੇ ਟੀਪ ਸ਼ੁਰੂ ਹੀ ਕੀਤੀ ਸੀ ਕਿ ਬੰਨ੍ਹੀ ਪੈੜ ਦੇ ਬਾਲੇ ਕੰਧ' ਚੋਂ ਨਿਕਲ਼ ਗਏ ਤੇ ਦੋਨੋਂ ਫੱਟੇ ਜਹਾਜ ਵਾਂਗ ਉਡਦੇ ਧਰਤੀ ਨਾਲ਼ ਜਾ ਟਕਰਾਏ। ਫੌਜੀ ਬੰਦਾ ਸੀ, ਛਾਲ਼ ਮਾਰ ਗਿਆ, ਜੇ ਉਸ ਦੀ ਥਾਂ ਦੇਵ ਹੁੰਦਾ ਤਾਂ ਜ਼ਰੂਰ ਲੱਤ ਬਾਂਹ ਤੁੜਵਾ ਬਹਿੰਦਾ। ਇਹ ਭਾਣਾ ਵਰਤਿਆ ਤਾਂ ਉਸੇ ਵੇਲ਼ੇ ਪਰੇਮ ਆ ਗਿਆ, ਉਹ ਪਹਿਲਾਂ ਹੱਸਿਆ ਫਿਰ ਬੋਲਿਆ, 'ਇਹ ਤੁਹਾਡੇ ਵਸ ਦਾ ਕੰਮ ਨਹੀਂ ਬੇਅੰਤ। ਆਪਾਂ ਮਿਸਤਰੀ ਲਾ ਕੇ ਪਲੱਸਤਰ ਕਰਵਾਉਣਾ ਏਂ ਕੰਧਾਂ ਨੂੰ।'

ਹੁਣ ਉਹ ਨਵਾਂ ਮਿਸਤਰੀ ਲੈ ਆਇਆ। ਸ਼ਾਇਦ ਉਸ ਨੇ ਉਨ੍ਹਾਂ ਦੀਆਂ ਦੀਵਾਰਾਂ ਤੇ ਹੀ ਟਰੇਨਿੰਗ ਲਈ। ਕਾਂਡੀ ਨਾਲ਼ ਕੰਧ ਤੇ ਥੋਬਾ ਮਾਰਿਆ ਕਰੇ। ਰੁਪਏ' ਚੋਂ ਪੰਦਰਾਂ ਆਨੇ ਸੀਮਿੰਟ ਭੁੰਜੇ ਡਿਗ ਜਾਇਆ ਕਰੇ। ਉਸ ਨੇ ਲਟਾਪੀਂਘ ਹੁੰਦੇ ਨੇ ਪੂਰਾ ਹਫ਼ਤਾ ਖਾ ਲਿਆ।

**00**

## ਚੌਹਠ

ਪਲੱਸਤਰ ਮਗਰੋਂ ਲੱਕੜੀ ਦਾ ਕੰਮ ਵੀ ਛੇਤੀ ਹੀ ਮੁੱਕ ਗਿਆ। ਨਹਿਰ' ਚੋਂ ਫੜੀਆਂ ਸ਼ਤੀਰੀਆਂ ਵਿੱਚੋਂ ਦੋ ਸ਼ਤੀਰੀਆਂ ਅਜੇ ਵੀ ਘਨ੍ਹੱਈਏ ਨੇ ਖੁਰਲ਼ੀ ਵਿਚ ਦੱਬੀਆਂ ਹੋਈਆ ਸਨ। ਉਸ ਨੇ ਰਾਤ-ਬਰਾਤੇ ਦੋਨੋਂ ਦੋਰਾਹੇ ਪੁਜਾ ਦਿੱਤੀਆਂ। ਹੋਰ ਲੱਕੜ ਖਰੀਦਣ ਦੀ ਲੋੜ ਹੀ ਨਾ ਪਈ। ਇਕ ਦਿਨ ਉਹ ਗਿਆਨ ਦੇ ਟਰੱਕ ਉੱਤੇ ਹੀ ਸਲਾਹਪੁਰ ਤੋਂ ਆਪਣਾ ਸਮਾਨ ਦੋਰਾਹੇ ਚੁੱਕ ਲਿਆਏ। ਘਨ੍ਹੱਈਆ ਆਪਣੇ ਅੰਦਰੋਂ ਭਾਂਡੇ-ਟੀਡੇ ਤੇ ਹੋਰ ਸਮਾਨ ਕੱਢ-ਕੱਢ ਬਾਹਰ ਰੱਖਦਾ ਗਿਆ ਤੇ ਕਹਿੰਦਾ ਰਿਹਾ, 'ਆਹ ਵੀ ਲੈ ਜਾਓ... ਆਹ ਵੀ ਲੈ ਜਾਓ।'

ਜਿੰਨੀ ਦੇਰ ਸਮਾਨ ਬਾਹਰ ਕੱਢਦੇ ਰਹੇ, ਦੇਵ ਦੀ ਨਾਨੀ ਚਿੰਦੀ ਕੂਕਾਂ ਮਾਰਦੀ ਰਹੀ, ਵੈਣ ਪਾਉਂਦੀ ਰਹੀ, 'ਵੇ ਉੱਜੜ ਗਏ ਵੇ ਲੋਕੋ ਅਸੀਂ... ਵੇ ਮੇਰੀ ਧੀ ਨੂੰ ਧੱਕਾ ਨਾ ਦੇਵੋ ਵੇ ਐਥੋਂ। ਧੀਏ ਨੀ ਧੀਏ ਮੈਂ ਕਿਹੜੇ ਪਾਪ ਕਮਾ ਲਏ? ਮੈਂ ਨੀ ਤੈਨੂੰ ਜਾਣ ਦੇਣਾ ਜਮਾਂ ਕੋਲ਼ ਨੀ ਬੱਚੀਏ ਮੇਰੀਏ... ਕਿਉਂ ਮਾਰੋਗੇ ਕਿਰਪਾਨਾਂ ਤੁਸੀਂ ਵੇ?... ਵੇ ਟੁੱਟ ਪੈਣਿਓਂ... ਤੁਹਾਡੇ ਪੈਣ ਕੀੜੇ ਵੇ ਨਪੁੱਤਿਓ... ਵੇ ਮੇਰੀ ਧੀ ਨੂੰ ਥੋਡਾ ਕੀ ਬੁਰਾ ਕਰ' ਤਾ ਵੇ?.... ਮੈਂ ਕਰੀ ਤੀ ਚੋਰੀ ਮੈਂ.... ਆਗ ਵੱਢੇ ਤੇ ਗੰਨਿਆਂ ਦੇ.... ਵੇ ਇਹਨੂੰ ਕਾਹਨੂੰ ਨਰਕਾਂ' ਚ ਧੂੰਹਦੇ ਹੋ... ਰੋਕੋ ਵੇ ਰੋਕੋ... ਹਾਇ ਉਇ ਰੱਬਾ।'

ਪਤਾ ਨਹੀਂ ਉਹ ਕੀ ਬੋਲੀ ਜਾ ਰਹੀ ਸੀ। ਜਦੋਂ ਵੀ ਉਹ ਛਿੜ ਪੈਂਦੀ ਐਸੇ ਹੀ ਰਾਗ ਅਲਾਪਦੀ ਰਹਿੰਦੀ। ਭਾਗਵੰਤੀ ਆਪ ਰੋਂਦੀ ਰਹੀ ਪਰ ਆਪਣੀ ਮਾਂ ਨੂੰ ਕੁਝ ਨਾ ਕਿਹਾ। ਲਲਤਾ ਵੀ ਹੰਝੂ ਸੁੱਟਦੀ ਰਹੀ, ਪਰ ਘਨ੍ਹੱਈਆ ਦਲੇਰ ਰਿਹਾ। ਉਸ ਨੇ ਸਾਰਾ ਸਮਾਨ ਨਾਲ਼ ਢੁਆਇਆ। ਗਿਆਨੇ ਦਾ ਟਰੱਕ ਤਾਂ ਬਹੁਤ ਪਰ੍ਹੇ ਕੱਚੀ ਸੜਕ ਤੇ ਖੜ੍ਹਾ ਸੀ।

ਹੁਣ ਦੋਰਾਹੇ ਦਾ ਘਰ ਉਨ੍ਹਾਂ ਦਾ ਆਪਣਾ ਸੀ। ਉਹ ਵੱਖਰਾ ਹੀ ਆਨੰਦ ਮਹਿਸੂਸ ਕਰਨ ਲੱਗੇ। ਪੱਕਾ ਘਰ ਦੇਖ ਦੇਖ ਉਹ ਬਾਗੋਬਾਗ ਹੋ ਰਹੇ ਸਨ। ਇਹ ਖਿਆਲ ਉਨ੍ਹਾਂ ਨੂੰ ਬਾਅਦ ਵਿਚ ਆਇਆ ਕਿ ਉਨ੍ਹਾਂ ਨੂੰ ਇਕ ਰਸੋਈ ਵੀ ਬਣਾ ਲੈਣੀ ਚਾਹੀਦੀ ਸੀ। ਇਕ ਦਿਨ ਪਰੇਮ ਨੇ ਕਿਹਾ ਵੀ ਸੀ ਕਿ ਉਸ ਕੋਲ਼ ਪੱਚੀ-ਤੀਹ ਬਾਲੇ ਪਏ ਹਨ। ਚੁੱਕ ਲਿਆਓ। ਭਾਗਵੰਤੀ ਨੂੰ ਕੀ ਪਤਾ ਸੀ ਕਿ ਰਸੋਈ ਕੀ ਹੁੰਦੀ ਹੈ, ਮਨ੍ਹਾਂ ਕਰ ਦਿੱਤਾ। ਇਕ ਦਿਨ ਸਲਾਹ ਬਣਾ ਕੇ ਦੇਵ ਤੇ ਬੇਅੰਤ ਨੇ ਮਿੱਟੀ ਦੀ ਘਾਣੀ ਕੀਤੀ, ਆਪ ਹੀ ਇੱਟ ਗਾਰੇ ਦੀ ਚਿਣਾਈ ਕਰ ਕੇ ਪਰੇਮ ਵਾਲ਼ੇ ਬਾਲੇ ਵਰਤ ਲਏ ਤੇ ਰਸੋਈ ਛੱਤ ਲਈ। 'ਬੁਗਚੂ-ਬੁਗਚੂ' ਕਰ ਕੇ ਪਾਣੀ ਕੱਢਣ ਵਾਲ਼ਾ ਮਧਰੇ ਕੱਦ ਦਾ ਨਲ਼ਕਾ ਤਾਂ ਉਨ੍ਹਾਂ ਨੇ ਮਕਾਨ ਛੱਤਣ ਵੇਲ਼ੇ ਹੀ ਲੁਆ ਲਿਆ ਸੀ। ਉਨ੍ਹਾਂ ਦੋਨਾਂ ਨੇ ਵਿਹੜੇ ਵਿਚ ਕਾਫ਼ੀ ਸਾਰੇ ਬੂਟੇ ਵੀ ਲਾ ਲਏ, ਦੋ ਅੰਬ, ਅਨਾਰ, ਨਿੰਬੂ, ਪਪੀਤੇ, ਅਮਰੂਦ ਤੇ ਅੰਗੂਰਾਂ ਦੀ ਵੇਲ। ਉਨ੍ਹਾਂ ਵਿਚ ਖਾਦ ਵੀ ਪਾਉਂਦੇ ਤੇ ਪਾਣੀ ਵੀ ਦਿੰਦੇ। ਉਨ੍ਹਾਂ ਦੀ ਰਿਹਾਇਸ਼ ਲਾਗੇ ਅਜੇ ਵਿਰਲ਼ਾ-ਵਿਰਲ਼ਾ ਹੀ ਕੋਈ ਘਰ ਸੀ। ਸਾਰੇ ਪਾਸੇ ਝੂੰਡ ਹੀ ਝੂੰਡ ਸਨ। ਦੂਰ ਦੂਰ ਤੱਕ ਰੇਤਲੇ ਟਿੱਬੇ ਸਨ। ਭਖ਼ੜਾ ਵੀ ਹਰ ਥਾਂ ਤੇ ਉੱਗਿਆ ਹੋਇਆ ਸੀ। ਉਹ ਬਾਹਰੋਂ ਘਰ' ਚ ਵੜਨ ਲੱਗੇ ਪਹਿਲਾਂ ਜੁੱਤੀਆਂ ਹੇਠੋਂ ਸਿੰਙਾਂ ਵਾਲ਼ੇ ਭਖੜੇ ਕੱਢ ਕੇ ਚੁੱਲ੍ਹੇ' ਚ ਸੁੱਟਦੇ। ਪਰੇਮ ਨੇ ਹਿੰਮਤ ਕਰ ਕੇ ਬਿਜਲੀ ਦਾ ਕੁਨੈਕਸ਼ਨ ਪਹਿਲਾਂ ਹੀ ਲੈ ਦਿੱਤਾ ਸੀ। ਉਨ੍ਹਾਂ ਨੇ ਗਲ਼ੀ ਵੱਲ ਵੀ ਇਕ ਬੱਲਵ ਲਾ ਦਿੱਤਾ। ਉਨ੍ਹਾਂ ਦਾ ਮਕਾਨ ਜ਼ਮੀਨ ਤੋਂ ਚਾਰ ਫੁੱਟ ਉੱਚਾ ਭਰਤ ਪਾ ਕੇ ਸੜਕ ਦੇ ਲੈਵਲ ਤੇ ਬਣਾਇਆ

ਹੋਇਆ ਸੀ। ਪਾਣੀ ਦਾ ਕੋਈ ਨਿਕਾਸ ਨਾ ਹੋਣ ਕਰਕੇ ਦਿਨਾਂ ਵਿਚ ਹੀ ਬਾਹਰ ਗੰਦੇ ਪਾਣੀ ਦਾ ਚਲ੍ਹਾ ਲੱਗ ਗਿਆ। ਉਹ ਜੰਗਲ ਪਾਣੀ ਬਾਹਰ ਖੇਤਾਂ ਵਿਚ ਹੀ ਜਾਂਦੇ ਸਨ ਤੇ ਨਲ਼ਕੇ ਦੁਆਲ਼ੇ ਬਣੇ ਪੱਕੇ ਖੁਰੇ' ਚ ਬੈਠ ਨਹਾ ਲੈਂਦੇ ਸਨ। ਭਾਗਵੰਤੀ ਪਲਾਟ ਦੇ ਖੂੰਜੇ ਵਿਚ ਮੰਜਾ ਟੇਢਾ ਕਰ ਕੇ ਨਹਾ ਲੈਂਦੀ। ਇਕ ਦਿਨ ਉਨ੍ਹਾਂ ਨੇ ਗੁਸਲਖ਼ਾਨੇ ਵਾਲ਼ਾ ਕੰਮ ਵੀ ਮੁਕਾ ਦਿੱਤਾ। ਬਚੀਆਂ ਪਈਆਂ ਇੱਟਾਂ ਨਾਲ਼ ਪਲਾਟ ਦੇ ਕੋਨੇ ਵਿਚ ਪਰਦਾ ਕਰ ਕੇ ਬਾਹਰ ਵੱਲ ਪਾਣੀ ਦਾ ਨਿਕਾਸ ਕਰ ਦਿੱਤਾ। ਪਿੰਡੋਂ ਲਿਆਂਦਾ ਚੱਕੀ ਦਾ ਪੁੜ ਉਸ ਵਿਚ ਟਿਕਾ ਦਿੱਤਾ।

ਰਾਤ ਵੇਲ਼ੇ ਬਿਲਕੁਲ ਉਨ੍ਹਾਂ ਦੇ ਸਿਰਾਂ ਉੱਤੇ ਆ ਕੇ ਗਿੱਦੜ ਹੁਆਂਕਦੇ। ਪਹਿਲਾਂ ਇਕ ਗਿੱਦੜ ਉੱਚੀ ਅਵਾਜ਼ ਕੱਢਦਾ, 'ਓ-ਓ-ਓ- ਜੇ ਮੈਂ ਦਿੱਲੀ ਦਾ ਰਾਜਾ ਹੁੰਦਾ... ਓ-ਓ-ਓ ਜੇ ਮੈਂ ਦਿੱਲੀ ਦਾ ਰਾਜਾ ਹੁੰਦਾ।'

ਉਸ ਮਗਰੋਂ ਬਾਕੀ ਦੇ ਗਿੱਦੜ ਪਹਿਲੇ ਦਾ ਹੁੰਘਾਰਾ ਭਰਦੇ ਹੁਆਂਕਦੇ, 'ਓ-ਹਾਂ-ਹਾਂ-ਹਾਂ, ਓ... ਹਾਂ... ਹਾਂ..... ਹਾਂ।'

ਭਾਗਵੰਤੀ ਪਾਸਾ ਪਰਤਦੀ ਕਹਿੰਦੀ, 'ਮਰ ਜਾਓ ਤੁਸੀਂ ਢੈਅ ਜਾਣਿਓਂ। ਗਿੱਦੜ ਪੀੜ੍ਹੀਆਂ ਤੇ ਬਹਿ ਕੇ ਦਿੱਲੀ ਦਾ ਰਾਜ ਭਾਲਦੇ ਹੋ?'

ਰੇਲਵੇ ਸਟੇਸ਼ਨ ਦੇ ਲਾਗੇ ਬੰਗਾਲਿਆਂ ਦੀ ਬਸਤੀ ਸੀ। ਸਾਰਿਆਂ ਨੇ ਤੂਤ ਦੀਆਂ ਛਿਟੀਆਂ ਮਰੋੜ ਕੇ ਸੁਰੰਗਾਂ ਵਰਗੀਆਂ ਅਰਧ ਚਕਰੀ ਝੌਂਪੜੀਆਂ ਪਾਈਆਂ ਹੁੰਦੀਆਂ। ਪਰੇਮ ਹੋਣੀ ਉਨ੍ਹਾਂ ਨੂੰ 'ਬੱਦੂ' ਕਹਿੰਦੇ। ਉਨ੍ਹਾਂ ਲਾਗੇ ਹੀ ਸਪੇਰਿਆਂ ਦੀਆਂ ਕਾਫ਼ੀ ਕੁੱਲੀਆਂ ਸਨ। ਉਹ ਆਪਣੇ ਜਹਾਜੀ ਕੁੱਤੇ ਨਾਲ਼ ਲੈ ਕੇ, ਮੋਢਿਆਂ ਤੇ ਗੰਧਾਲ਼ੇ ਚੁੱਕੀ ਝੂੰਡਾਂ ਤੇ ਖੇਤਾਂ ਵਿਚ ਝਾੜ ਪਾਉਂਦੇ ਫਿਰਦੇ। ਰੋਜ਼ ਕੋਈ ਨਾ ਕੋਈ ਗਿੱਦੜ ਫੁੰਡ ਲੈਂਦੇ। ਉਹ ਨਿਓਲ਼ੇ, ਸੇਹਾਂ, ਗੋਹਾਂ ਤੇ ਬਿੱਲਿਆਂ ਨੂੰ ਵੀ ਮਾਰ ਲੈਂਦੇ। ਉਨ੍ਹਾਂ ਦੀਆਂ ਕੁੱਲੀਆਂ ਵਿਚ ਮੀਟ ਰਿੱਝਦਾ ਹੀ ਰਹਿੰਦਾ। ਜੇ ਉਨਾਂ ਦੇ ਸ਼ਿਕਾਰੀ ਕੁੱਤੇ ਕੋਈ ਸਾਹਾ ਮਾਰ ਲੈਂਦੇ ਤਾਂ ਉਹ ਦੋ ਚਾਰ ਆਨੇ ਲੈਕੇ ਲੋਕਾਂ ਨੂੰ ਵੇਚ ਦਿੰਦੇ। ਸਾਹੇ ਨੂੰ ਉਹ ਮਾਮਾ ਆਖਦੇ ਸਨ ਤੇ ਉਸਦਾ ਮੀਟ ਨਹੀਂ ਸਨ ਖਾਂਦੇ। ਦੇਵ ਤੇ ਬੇਅੰਤ ਵਿਹਲੇ ਸਨ। ਉਹ ਕਈ ਵਾਰੀ ਨਹਿਰ ਵਿਚ ਕੁੰਡੀ ਸੁੱਟ ਕੇ ਬੈਠ ਜਾਂਦੇ। ਕੋਈ ਮੱਛੀ ਫਸ ਜਾਂਦੀ ਤਾਂ ਘਰ ਲਿਆ ਕੇ ਪਕੌੜੇ ਤਲ਼ਦੇ। ਪਰੇਮ ਨੂੰ ਵੀ ਸੱਦ ਲੈਂਦੇ। ਉਹ ਪੈੱਗ ਵੀ ਲਾਉਂਦੇ। ਭਾਗਵੰਤੀ ਪੌੜੀ ਚੜ੍ਹ ਕੇ ਕੋਠੇ ਤੇ ਜਾ ਬਹਿੰਦੀ। ਉਸ ਨੂੰ ਮੱਛੀ ਦੀ ਬੋਅ ਐਨੀ ਭੈੜੀ ਲੱਗਦੀ ਕਿ ਉੱਤੇ ਬੈਠੀ ਵੀ ਆਪਣੀ ਚੁੰਨੀ ਨਾਲ਼ ਨੱਕ ਮੁੰਦੀ ਰੱਖਦੀ।

ਬੇਅੰਤ ਨਾਲ਼ ਫੌਜ ਵਿਚ ਦੋਰਾਹੇ ਦਾ ਇਕ ਮੁੰਡਾ ਜੀਤੀ ਸਵੀਪਰ ਲੱਗਾ ਹੋਇਆ ਸੀ। ਉਹ ਬੇਅੰਤ ਤੋਂ ਕੁਝ ਦਿਨ ਮਗਰੋਂ ਹੀ ਸਾਲਾਨਾ ਛੁੱਟੀ ਤੇ ਆਇਆ ਸੀ ਤੇ ਅਕਸਰ ਉਨ੍ਹਾਂ ਨੂੰ ਮਿਲ਼ਣ ਉਨ੍ਹਾਂ ਦੇ ਘਰ ਆ ਜਾਇਆ ਕਰਦਾ ਸੀ। ਉਨ੍ਹਾਂ ਦੀ ਪੀਣ-ਖਾਣ ਦੀ ਸਾਂਝ ਜੀਤੀ ਨਾਲ਼ ਵੀ ਬਣ ਗਈ। ਉਸ ਦੇ ਪਿਓ ਦਾ ਰੇਲਵੇ ਸਟੇਸ਼ਨ ਦੇ ਲਾਗੇ ਹੀ ਸੂਰ ਦੇ ਸ਼ਿਕਾਰ ਦਾ ਖੋਖਾ ਸੀ। ਜੀਤੀ ਜਿਸ ਦਿਨ ਵੀ ਆਉਂਦਾ ਥੋੜ੍ਹਾ ਬਹੁਤਾ ਮੀਟ ਆਪਣੇ ਨਾਲ਼ ਜਰੂਰ ਲਿਆਉਂਦਾ। ਭਾਗਵੰਤੀ ਤਾਂ ਹੱਥ ਨਹੀਂ ਸੀ ਲਾਉਂਦੀ, ਉਹ ਆਪ ਹੀ ਰਿੰਨ੍ਹ ਲੈਂਦੇ। ਜੇ ਪਰੇਮ ਹੁੰਦਾ ਤਾਂ ਪੀਣ ਦਾ ਖਰਚ ਉਹੀ ਕਰਦਾ। ਇਕ ਸੰਗਰਾਂਦ ਦੇਵ ਆਪਣੀ ਬੇਬੇ ਨੂੰ ਸਾਇਕਲ ਉੱਤੇ ਕਟਾਣਾ ਸਾਹਿਬ ਗੁਰਦੁਆਰੇ ਲੈ ਕੇ ਗਿਆ ਹੋਇਆ ਸੀ। ਉੱਥੇ ਜਾ ਕੇ ਉਹ

ਲੰਗਰ ਦੀ ਸੇਵਾ ਵਿਚ ਜੁਟ ਗਈ। ਉਹ ਸ਼ਾਮ ਨੂੰ ਘਰ ਆਏ ਤਾਂ ਬੇਅੰਤ ਨੇ ਦੇਵ ਨੂੰ ਦੱਸਿਆ ਕਿ ਜੀਤੀ ਸੂਰ ਦਾ ਮਾਸ ਅਚਾਰ ਪਾਉਣ ਲਈ ਦੇ ਕੇ ਗਿਆ ਹੈ। ਉਹ ਮੀਟ ਦਾ ਤਸਲਾ ਭਰਿਆ ਦੇਖ ਹੈਰਾਨ ਹੋਇਆ। ਦੇਵ ਨੇ ਪੁੱਛਿਆ, 'ਐਨਾ ਮੀਟ? ਕਿੰਨੇ ਪੈਸੇ ਲਏ?'

'ਪੈਸੇ ਕਾਹਦੇ? ਦੋਸਤ ਏ ਜੀਤੀ ਮੇਰਾ, ਦੇ ਗਿਆ।'

ਬੇਅੰਤ ਨੇ ਭਾਗਵੰਤੀ ਨੂੰ ਕਿਹਾ, 'ਬੇਬੇ ਮੈਂ ਮਸਾਲੇ ਲਿਆ ਦਿੱਤੇ ਨੇ ਤੂੰ ਭੁੰਨ ਦੇ ਸਰ੍ਹੋਂ ਦੇ ਤੇਲ ਵਿਚ। ਮੀਟ ਦਾ ਰਾੜ੍ਹਾ ਮੈਂ ਆਪੇ ਲਾ ਲਊਂ।'

ਉਹ ਬੇਅੰਤ ਨੂੰ ਐਨਾ ਚੰਗਾ ਸਮਝਦੀ ਕਿ ਉਹ ਕੁਝ ਵੀ ਕਹਿੰਦਾ ਤਾਂ ਫੱਟ ਕਰ ਦਿੰਦੀ। ਜਿਵੇਂ ਜੀਤੀ ਦੱਸ ਕੇ ਗਿਆ ਸੀ ਬੇਅੰਤ ਨੇ ਮਸਾਲੇ ਵਿਚ ਮੀਟ ਭੁੰਨ ਕੇ ਦੋ ਵੱਡੇ ਝੱਕਰੇ ਭਰ ਲਏ। ਜਿੰਨਾ ਕੁ ਬਚਿਆ ਉਹ ਕੌਲੇ ਵਿਚ ਪਾ ਕੇ ਸ਼ਕੁੰਤਲਾ ਨੂੰ ਫੜਾ ਆਇਆ। ਪਰੇਮ ਕਿਤੇ ਵਾਂਢੇ ਗਿਆ ਹੋਇਆ ਸੀ। ਉਹ ਦੋਨੋਂ ਪਲੇਟ ਵਿਚ ਅਚਾਰ ਪਾਕੇ ਕੋਠੇ ਚੜ੍ਹ ਗਏ। ਉੱਤੇ ਬੈਠੇ ਬੇਅੰਤ ਨੇ ਦੇਵ ਨੂੰ ਸਾਰੀ ਗੱਲ ਦੱਸੀ ਕਿ ਵਿਹੜੇ ਅੰਦਰ ਵੜ ਆਇਆ ਸੂਰ ਉਨ੍ਹਾਂ ਦੋਨ੍ਹਾਂ ਨੇ ਰਲ਼ ਕੇ ਮਾਰ ਲਿਆ ਸੀ। ਉਂਨ੍ਹਾਂ ਕੁ ਮਾਸ ਘਰ ਰੱਖ ਕੇ ਬਾਕੀ ਜੀਤੀ ਇਕ ਰੇੜ੍ਹੀ ਵਿਚ ਪਾ ਪੱਲੀਆਂ ਹੇਠ ਲਕੋ ਕੇ ਘਰ ਲੈ ਗਿਆ ਸੀ।

ਤੀਜੇ ਚੌਥੇ ਦਿਨ ਇਕ ਹੌਲਦਾਰ ਤੇ ਦੋ ਸਿਪਾਹੀ ਉਨ੍ਹਾਂ ਦੇ ਘਰ ਆ ਗਏ। ਗੁਆਚੇ ਸੂਰ ਦਾ ਮਾਲਕ ਬਨਾਰਸੀ ਵੀ ਉਨ੍ਹਾਂ ਦੇ ਨਾਲ਼ ਸੀ। ਭਾਲ਼ਦਿਆਂ ਭਾਲ਼ਦਿਆਂ ਉਨ੍ਹਾਂ ਦੀ ਸ਼ੱਕ ਦੀ ਸੂਈ ਉਨ੍ਹਾਂ ਤੇ ਇਸ ਲਈ ਆ ਅਟਕੀ ਸੀ ਕਿ ਜੀਤੀ ਦਾ ਉੱਥੇ ਆਉਣ-ਜਾਣ ਸੀ। ਸਿਪਾਹੀਆਂ ਨੂੰ ਗਲ਼ੀ' ਚ ਖੜ੍ਹੇ ਦੇਖ ਭਾਗਵੰਤੀ ਘਬਰਾ ਗਈ ਤੇ ਚਾਹ ਪੀਂਦਾ ਬੇਅੰਤ ਉਨ੍ਹਾਂ ਲਾਗੇ ਚਲਾ ਗਿਆ।

'ਕੀ ਗੱਲ ਜੀ?' ਬੇਅੰਤ ਨੇ ਪੁੱਛਿਆ।

'ਤੁਸੀਂ ਕੀ ਕੰਮ ਕਰਦੇ ਹੋ?'

'ਫੌਜ ਵਿਚ ਨਾਇਕ ਹਾਂ। ਛੁੱਟੀ ਆਇਆ ਹਾਂ, ਦੱਸੋ?'

'ਇਨ੍ਹਾਂ ਦਾ ਸੂਰ ਗੁਆਚ ਗਿਆ ਏ। ਤੁਸੀਂ ਤਾਂ ਨਹੀਂ ਦੇਖਿਆ?' ਹੌਲਦਾਰ ਬੋਲਿਆ।

ਉਹ ਹੱਸ ਪਿਆ ਤੇ ਬੋਲਿਆ, 'ਜਨਾਬ! ਮੈਂ ਤਾਂ ਜਿਸ ਦਿਨ ਦਾ ਛੁੱਟੀ ਆਇਆ ਹਾਂ ਸੈਂਕੜੇ ਸੂਰ ਦੇਖੇ ਨੇ। ਇਹਨਾਂ ਦਾ ਕਿਹੜਾ ਸੀ ਕੀ ਪਤਾ?'

ਸਿਪਾਹੀ ਹੱਸਣ ਲੱਗੇ ਤਾਂ ਹੌਲਦਾਰ ਵੀ ਹੱਸ ਪਿਆ।

'ਐਥੇ ਗੇਟ ਖੁੱਲ੍ਹਾ ਰਹਿੰਦਾ ਏ। ਫੇਰ ਵੀ ਤੁਸੀਂ ਅੰਦਰ ਵੜ ਕੇ ਦੇਖ ਲਵੋ। ਹੋਰ ਨਾ ਕਿਸੇ ਖੱਲ ਖੂੰਜੇ ਵਿਚ ਲੁਕ ਕੇ ਬੈਠ ਗਿਆ ਹੋਵੇ।' ਬੇਅੰਤ ਹੱਸਿਆ।

'ਤੁਸੀਂ ਫੌਜੀ ਸਾਹਬ ਕਿੱਦਣ ਆਏ?'

'ਬੱਸ ਚੀਨ ਨਾਲ਼ ਲੜਾਈ ਮੁੱਕੀ ਤੇ ਆਪਾਂ ਨੂੰ ਛੁੱਟੀ ਮਿਲ ਗਈ। ਵੈਸੇ ਮੈਂ ਹੈਰਾਨ ਹਾਂ ਕਿ ਦੇਸ਼ ਲਈ ਜੰਗ ਲੜਨ ਵਾਲ਼ੇ ਇਕ ਫੌਜੀ ਤੇ ਤੁਹਾਨੂੰ ਸ਼ੱਕ ਹੋ ਗਿਆ ਕਿ ਸੂਰ ਮੈਂ ਛੁਪਾ ਲਿਆ।'

'ਨਹੀਂ ਫੌਜੀ ਸਾਹਬ... ਮਾਫ਼ ਕਰਨਾ... ਕੋਈ ਫੌਜੀ ਮੁੰਡਾ ਤੁਹਾਡੇ ਕੋਲ਼ ਆਉਂਦਾ ਏ ਤੇ ਉਹਦੇ ਪਿਓ ਦੀ ਮੀਟ ਦੀ ਦੁਕਾਨ ਏ। ਇਸੇ ਕਰਕੇ ਇਸ ਬੰਦੇ ਨੂੰ ਸ਼ੱਕ ਪੈ ਗਿਆ।

ਮੈਂ ਤਾਂ ਫੌਜੀ ਬੰਦੇ ਦਾ ਬਹੁਤ ਸਤਿਕਾਰ ਕਰਦਾ ਏਂ ਜੀ। ਮੇਰਾ ਨਾਂ ਬਲੱਗਣ ਸਿੰਘ ਏ। ਕੋਈ ਕੰਮ ਹੋਵੇ ਤਾਂ ਹੁਕਮ ਕਰਿਓ।' ਹੌਲਦਾਰ ਬੋਲਿਆ।

'ਅੰਦਰ ਆਓ ਜਨਾਬ! ਚਾਹ ਦਾ ਕੱਪ ਪੀਏ ਬਿਨਾਂ ਮੈਂ ਤੁਹਾਨੂੰ ਜਾਣ ਨਹੀਂ ਦਿਆਂਗਾ।' ਬੇਅੰਤ ਨੇ ਕਿਹਾ।

ਉਨ੍ਹਾਂ ਦੇ ਨਾ ਨਾ ਕਹਿਣ ਦੇ ਬਾਵਜੂਦ ਬੇਅੰਤ ਨੇ ਉਨ੍ਹਾਂ ਨੂੰ ਵਿਹੜੇ ਵਿਚ ਲਿਆ ਬਿਠਾਇਆ। ਬਨਾਰਸੀ ਨੂੰ ਵੀ ਕਿਹਾ, 'ਆ ਜਾਓ ਅੰਕਲ ਜੀ, ਤੁਸੀਂ ਵੀ ਅੰਦਰ ਲੰਘ ਆਓ। ਗਰੀਬ ਬੰਦੇ ਦਾ ਨੁਕਸਾਨ ਹੋ ਜਾਵੇ ਤਾਂ ਦੁੱਖ ਤਾਂ ਹੁੰਦਾ ਹੀ ਏ। ਲੋਕ ਵੀ ਸਾਲ਼ੇ ਹਰਲ਼-ਹਰਲ਼ ਕਰਦੇ ਫਿਰਦੇ ਨੇ। ਮੈਂ ਮੰਦਰ ਦਾਨ ਦਿਆ ਕਰਦਾ ਹਾਂ ਹਰ ਮਹੀਨੇ, ਕੁਝ ਮਹੀਨੇ ਉਹ ਤੁਹਾਨੂੰ ਦੇ ਦਿਆਂਗਾ।'

'ਨਾ ਮਹਾਰਾਜ ਜੀ ਨਾ.... ਮੰਦਰ ਵਾਲ਼ਾ ਰੁਪਿਆ ਮੈਂ ਥੋੜ੍ਹੀ ਲਵਾਂਗਾ। ਮੈਨੂੰ ਮਾਫ਼ ਕਰਿਓ ਫੌਜੀ ਸਾਹਿਬ। ਮੈਥੋਂ ਗਲਤੀ ਹੋ ਗਈ।' ਉਹ ਅੰਦਰ ਆਉਂਦਾ ਬੋਲਿਆ।

'ਕਿਹੜਾ ਪਿੰਡ ਏ ਤੁਹਾਡਾ ਫੌਜੀ ਸਾਹਬ?' ਹੌਲਦਾਰ ਨੇ ਪੁੱਛਿਆ।

'ਜੀ ਸਲਾਹਪੁਰ... ਚਮਕੌਰ ਲਾਗੇ।'

'ਚਮਕੌਰ ਤਾਂ ਮੇਰੀ ਭੈਣ ਵਿਆਹੀ ਹੋਈ ਏ।'

'ਕਿੰਨ੍ਹਾਂ ਦੇ?'

'ਛੱਜੂ ਹਲਵਾਈ ਦੇ ਮੁੰਡੇ ਨੂੰ।'

'ਵਾਹ..... ਜੀ... ਵਾਹ.... ਗੱਲ ਏ ਦੋ ਹਰਫ਼ੀ, ਖਾਹ ਛੱਜੂ ਦੀ ਬਰਫ਼ੀ... ਮਹਾਰਾਜ ਉਨ੍ਹਾਂ ਨੂੰ ਤਾਂ ਸਾਰਾ ਇਲਾਕਾ ਜਾਣਦਾ ਏ।' ਬੇਅੰਤ ਹੱਸਿਆ।

ਜਦੋਂ ਉਹ ਚਲੇ ਗਏ ਤਾਂ ਭਾਗਵੰਤੀ ਬੋਲੀ, 'ਕੀ ਗੱਲ, ਇਹ ਪੁਲ਼ਸ ਕਿਉਂ ਆਈ?'

'ਕਿਸੇ ਨੇ ਸੂਰ ਚੋਰੀ ਕਰ ਲਿਆ ਉਸ ਬੰਦੇ ਦਾ ਜਿਹੜਾ ਨਾਲ਼ ਆਇਆ ਸੀ।'

'ਚੰਦਰਿਓ... ਕਿਤੇ ਤੁਸੀਂ ਹੀ ਤਾਂ ਨੀ ਇਹ ਕਾਰਾ ਕਰ ਦਿੱਤਾ? ਅਚਾਰ ਪਾਈ ਬੈਠੇ ਹੋ ਤੌੜੇ ਭਰ ਭਰ ਕੇ।'

'ਚੋਰੀ ਤੇ ਅਸੀਂ? ਵਾਹ ਬੇਬੇ। ਤੂੰ ਵੀ ਕਮਲੀਆਂ ਕੁੱਟਦੀ ਏਂ। ਸੂਰ ਨੂੰ ਤਾਂ ਦਸ ਬੰਦੇ ਨੀ ਫੜ ਸਕਦੇ। ਜੇ ਫੜ ਵੀ ਲੈਣ ਮਾਰ ਕਿਵੇਂ ਲੈਣਗੇ? ਲੁਧਿਆਣੇ ਤੱਕ ਚੀਕਾਂ ਸੁਣਨਗੀਆਂ.... ਉਹ ਤਾਂ ਜੀਤੀ ਦੇ ਗਿਆ ਸੀ ਮੈਨੂੰ ਅਚਾਰ ਪਾਉਣ ਲਈ।'

ਉਸ ਨੂੰ ਸ਼ੱਕ ਰਹੀ ਤੇ ਉਹ ਦੇਵ ਨੂੰ ਵੀ ਪੁੱਛਦੀ ਰਹੀ। ਉਹ ਵੀ ਬੇਅੰਤ ਦੀ ਬੋਲੀ ਬੋਲਦਾ ਰਿਹਾ।

ਪੁਲ਼ਸ ਨਾਲ਼ ਤਾਂ ਪਰੇਮ ਦਾ ਵਾਹ ਪੈਂਦਾ ਹੀ ਰਹਿੰਦਾ ਸੀ। ਉਸ ਦੇ ਕਿੱਤੇ ਦੀ ਮਜਬੂਰੀ ਸੀ ਕਿ ਕਈ ਵਾਰੀ ਚੋਰੀ ਦਾ ਮਾਲ ਵੀ ਖਰੀਦਣਾ ਪੈਂਦਾ ਸੀ। ਕਮਾਈ ਵੀ ਅਜਿਹੇ ਮਾਲ ਵਿਚ ਅੱਧੋ-ਅੱਧੀ ਹੋ ਜਾਇਆ ਕਰਦੀ ਸੀ। ਇਸੇ ਕਰਕੇ ਉਹ ਪੁਲ਼ਸ ਵਾਲਿਆਂ ਦੀ ਆਓ ਭਗਤ ਕਰਦਾ ਰਹਿੰਦਾ ਤੇ ਚੜ੍ਹਾਵਾ ਵੀ ਚੜ੍ਹਾਉਂਦਾ ਰਹਿੰਦਾ। ਚੋਰ ਫਸਦਾ ਸੀ ਤਾਂ ਗਹਿਣੇ ਜਿੱਥੇ ਵੇਚੇ ਉਸ ਸੁਨਿਆਰ ਦਾ ਨਾਂ ਤਾਂ ਉਸ ਨੇ ਲੈਣਾ ਹੀ ਹੁੰਦਾ ਸੀ। ਕਾਰਵਾਈ ਤਾਂ, ਜੇ ਠਾਣੇ ਵਾਲ਼ੇ ਚਾਹੁਣ, ਤਾਂ ਹੀ ਹੋਇਆ ਕਰਦੀ ਹੈ। ਜਿਸ ਬੰਦੇ ਦੇ ਰਿਸ਼ਵਤ ਦਾ ਤੀਰ

ਮਾਰ ਕੇ ਬੁੱਲ੍ਹ ਹੀ ਸਿਉਂ ਦਿੱਤੇ, ਉਹ ਕੀ ਬੋਲੂ?

ਪਰੇਮ ਕੋਲ਼ ਕੌਲਾ ਭਰਿਆ ਸੂਰ ਦੇ ਅਚਾਰ ਦਾ ਪਿਆ ਹੋਵੇ ਤੇ ਉਹ ਪੁਲ਼ਸ ਵਾਲ਼ਿਆਂ ਦੀ ਖ਼ਾਤਰਦਾਰੀ ਨਾ ਕਰੇ, ਇਹ ਕਿਵੇਂ ਹੋ ਸਕਦਾ ਸੀ। ਇਕ ਸ਼ਾਮ ਦੇਵ ਪਰੇਮ ਵੱਲ ਗਿਆ ਤਾਂ ਸ਼ਕੁੰਤਲਾ ਨੇ ਦੱਸਿਆ ਕਿ ਉਹ ਕੋਠੇ ਤੇ ਹੀ ਚਲਿਆ ਜਾਵੇ। ਉਹ ਉੱਤੇ ਗਿਆ ਤਾਂ ਰੇਡਿਓ ਲੱਗਾ ਹੋਇਆ ਤੇ ਮਹਿਫ਼ਲ ਸਜੀ ਹੋਈ। ਉਹੀ ਹੌਲਦਾਰ ਬਲੱਗਣ ਸਿੰਘ, ਇਕ ਸਿਪਾਹੀ ਤੇ ਪਰੇਮ ਸਫ਼ ਤੇ ਬੈਠੇ ਢੇਰ ਮਾਰਕਾ ਦਾਰੂ ਪੀਣ ਲੱਗੇ ਹੋਏ। ਗੱਭੇ ਸੂਰ ਦੇ ਅਚਾਰ ਨਾਲ਼ ਭਰੀ ਪਲੇਟ ਰੱਖੀ ਹੋਈ। ਪਰੇਮ ਨੇ ਦੇਵ ਨੂੰ ਵੀ ਪੈੱਗ ਫੜਾ ਦਿੱਤਾ ਤੇ ਪਲੇਟ ਚੁੱਕ ਕੇ ਦੇਵ ਦੇ ਮੂਹਰੇ ਨੂੰ ਕਰ ਦਿੱਤੀ।

'ਨਾ ਜੀਜਾ, ਅਚਾਰ ਨੂੰ ਤਾਂ ਜੀਅ ਨਹੀਂ ਕਰਦਾ।' ਉਹ ਬੋਲਿਆ।

'ਲਗਦਾ ਏ ਤੇਰੀ ਨਕਤੋੜੀ ਹੋ ਗਈ, ਅਚਾਰ ਖਾ ਖਾ। ਮੂੰਹ ਮੁੜ ਗਿਆ ਤੇਰਾ।' ਉਹ ਹੱਸਿਆ।

'ਇਹਨਾਂ ਨੇ ਵੀ ਅਚਾਰ ਪਾਇਆ ਹੋਇਆ ਏ?' ਹੌਲਦਾਰ ਨੇ ਪੁੱਛਿਆ।

'ਆਹੋ... ਇਹ ਵੀ ਇਨ੍ਹਾਂ ਵੱਲੋਂ ਹੀ ਆਇਆ ਏ। ਇਹ ਮੇਰਾ ਸਾਲ਼ਾ ਏ। ਅਹੁ ਸਾਮ੍ਹਣੇ ਇਨ੍ਹਾਂ ਦਾ ਹੀ ਘਰ ਏ। ਦੂਜੀ ਗਲ਼ੀ ਲਗਦੀ ਏ।'

'ਠੀਕ... ਠੀਕ... ਦੇਖਿਆ ਏ ਇਹ ਮੁੰਡਾ ਪਹਿਲਾਂ ਵੀ। ਤਾਂ ਫਿਰ ਫੌਜੀ ਸਾਹਬ ਤੁਹਾਡੇ ਸਾਲ਼ੇ ਨੇ। ਹੁਣ ਸਮਝਿਆ।' ਉਹ ਮੁਸਕਰਾਇਆ।

'ਹਾਂ... ਹਾਂ... ਤੁਸੀਂ ਕਿਵੇਂ ਜਾਣਦੇ ਹੋ ਉਸ ਨੂੰ?'

'ਜਾਣਦਾ ਏਂ ਮੈਂ ਚੰਗੀ ਤਰ੍ਹਾਂ।'

ਦੇਵ ਡਰ ਗਿਆ ਕਿ ਮਾਮਲਾ ਵਿਗੜ ਗਿਆ ਹੈ। ਪਰੇਮ ਨੂੰ ਅਚਾਰ ਵਾਲ਼ੀ ਗੱਲ ਨਹੀਂ ਸੀ ਦੱਸਣੀ ਚਾਹੀਦੀ । ਉਹਨੇ ਤਾਂ ਗਠੇ ਹੀ ਗਾਲ਼ ਦਿੱਤੇ। ਦੇਵ ਉੱਥੋਂ ਖਿਸਕਣ ਹੀ ਲੱਗਾ ਸੀ ਕਿ ਪਰੇਮ ਬੋਲ ਪਿਆ, 'ਦੇਵ, ਇਉਂ ਕਰ ਥੋੜ੍ਹਾ ਅਚਾਰ ਸਰਦਾਰ ਹੋਣਾਂ ਵਾਸਤੇ ਲੈ ਕੇ ਆ ਕਿਸੇ ਡੱਬੇ ਵਿਚ।'

'ਅਚਾਰ ਤਾਂ ਜੀਜਾ ਹੁਣ ਹੈ ਨਹੀਂ। ਅੱਧਾ ਥੋਨੂੰ ਦੇ ਦਿੱਤਾ ਸੀ ਤੇ ਅੱਧਾ ਅਸੀਂ ਰੱਖਿਆ ਸੀ।' ਦੇਵ ਨੇ ਕਿਹਾ।

ਉਸ ਨੇ ਸੋਚਿਆ ਕਿ ਗੱਲ ਦਬ ਗਈ, ਪਰ ਅਗਲੇ ਦਿਨ ਸ਼ਾਮ ਨੂੰ ਉਹ ਰੋਟੀ ਖਾ ਬੈਠੇ ਸਨ ਕਿ ਬਾਹਰੋਂ ਕਿਸੇ ਨੇ ਅਵਾਜ਼ ਮਾਰੀ, 'ਫੌਜੀ ਸਾਹਬ ਘਰੇ ਹੋ?'

ਦੇਵ ਉੱਠ ਕੇ ਗਿਆ ਤਾਂ ਸਾਇਕਲ ਸਟੈਂਡ ਤੇ ਲਾਈ ਹੌਲਦਾਰ ਨਾਲ਼ ਆਇਆ ਕੱਲ੍ਹ ਵਾਲ਼ਾ ਸਿਪਾਹੀ ਮੁੱਛਾਂ ਮਰੋੜ ਰਿਹਾ ਸੀ। ਬੇਅੰਤ ਵੀ ਉਸ ਦੇ ਮਗਰ ਹੀ ਆ ਗਿਆ। ਦੇਵ ਤੋਂ ਗਲਤੀ ਇਹ ਹੋ ਗਈ ਕਿ ਉਹ ਰਾਤ ਵਾਲ਼ੀ ਗੱਲ ਬੇਅੰਤ ਨੂੰ ਦੱਸਣੋਂ ਖੁੰਝ ਗਿਆ।

'ਆ ਜਾਓ ਸਰਦਾਰ ਸਾਹਿਬ ਲੰਘ ਆਉ।' ਬੇਅੰਤ ਨੇ ਕਿਹਾ।

'ਨਹੀਂ ਆਉਣਾ ਨਹੀਂ, ਗੱਲ ਸੁਣਿਓਂ ਜ਼ਰਾ।'

ਬੇਅੰਤ ਉਸ ਦੇ ਨਾਲ਼ ਇਕ ਪਾਸੇ ਨੂੰ ਤੁਰ ਪਿਆ। ਸਿਪਾਹੀ ਨੇ ਉਸ ਦੇ ਮੋਢੇ ਤੇ ਹੱਥ ਰੱਖਿਆ ਹੋਇਆ ਸੀ। ਥੋੜ੍ਹੀ ਦੇਰ ਮਗਰੋਂ ਅੰਦਰ ਆ ਕੇ ਕਹਿਣ ਲੱਗਾ, 'ਦੇਵ ਆਪਣੇ

ਕੋਲ਼ ਸੇਰ ਵਾਲ਼ਾ ਘਿਓ ਦਾ ਖਾਲੀ ਡੱਬਾ ਹੈ? ਹੈ ਕੁਛ ਪਤਾ?'

ਦੇਵ ਨੇ ਉਸ ਨੂੰ ਕਾਹਲ਼ੀ ਕਾਹਲ਼ੀ ਕੱਲ੍ਹ ਵਾਲ਼ੀ ਸਾਰੀ ਗੱਲ ਦੱਸੀ ਤਾਂ ਉਹ ਹੱਸ ਪਿਆ, 'ਕੋਈ ਨਾ, ਸਿਪਾਹੀ ਨੇ ਮੈਨੂੰ ਦੱਸ ਦਿੱਤਾ। ਉਹ ਕਹਿੰਦਾ ਭਾਫ਼ ਨੀ ਨਿਕਲ਼ਦੀ। ਜੀਜੇ ਕਰਕੇ ਆਪਾਂ ਨੂੰ ਕੋਈ ਖ਼ਤਰਾ ਨਹੀਂ।'

'ਤੂੰ ਸਰਕਾਰੀ ਬੰਦਾ ਏਂ। ਸੂਰ ਦੇ ਚੱਕਰ ਵਿਚ ਤੈਨੂੰ ਪੈਣਾ ਨਹੀਂ ਸੀ ਚਾਹੀਦਾ।'

'ਮੈਂ ਕਾਹਨੂੰ ਪਿਆ ਸੀ ਦੇਵ। ਜੀਤੀ ਦਾ ਬੇੜਾ ਬੈਠਿਆ ਏ। ਉਹਨੇ ਤਾਂ ਸਾਲ਼ੇ ਨੇ ਗੁਸਲਖਾਨੇ ਵਿਚ ਹੁੜਬ ਲਿਆ ਤੇ ਛੁਰਾ ਲਪੇਟ ਲਿਆਇਆ ਘਰੋਂ ਪਰਨੇ' ਚ।'

ਉਹ ਅਚਾਰ ਦਾ ਡੱਬਾ ਭਰ ਕੇ ਬਾਹਰ ਖੜ੍ਹੇ ਸਿਪਾਹੀ ਨੂੰ ਫੜਾ ਆਇਆ। ਦੇਵ ਨੇ ਕਿਹਾ, 'ਪੁਲ਼ਸੀਆ ਫੇਰ ਆਊ ਦੇਖ ਲਵੀਂ ਭੁਸ ਪੈ ਜਾਣਾ ਏਂ ਉਹਨੂੰ। ਕੋਈ ਪੰਗਾ ਵੀ ਖੜ੍ਹਾ ਕਰ ਸਕਦਾ ਏ। ਇਹ ਕਿਸੇ ਦੇ ਮਿੱਤ ਨੀ ਹੁੰਦੇ। ਨਾ ਇਨ੍ਹਾਂ ਦੀ ਦੋਸਤੀ ਚੰਗੀ ਨਾ ਦੁਸ਼ਮਣੀ।'

ਉਨ੍ਹਾਂ ਨੇ ਉਸੇ ਦਿਨ ਇਕ ਤੌਲਾ ਚੁੱਕ ਕੇ ਜਿੰਦਰ ਦੀ ਪੇਟੀ ਵਿਚ ਰੱਖ ਜਿੰਦਾ ਮਾਰ ਦਿੱਤਾ। ਦੂਜਾ ਉਹ ਹਫ਼ਤੇ ਕੁ ਵਿਚ ਹੀ ਖਾ ਗਏ ਸਨ। ਉਨ੍ਹਾਂ ਦੋਨਾਂ ਦੇ ਪੇਟ ਖ਼ਰਾਬ ਰਹਿਣ ਲੱਗੇ ਸਨ। ਸਾਰਾ ਦਿਨ ਘਿਓ ਦੇ ਵੱਤ ਆਈ ਜਾਂਦੇ ਤੇ ਇਉਂ ਲਗਦਾ ਜਿਵੇਂ ਮਿਹਦੇ ਉੱਤੇ ਇੱਟਾਂ ਦਾ ਪਿੱਠੂ ਬਣਿਆ ਹੋਵੇ। ਮੋਟੀ ਸਾਂਠ ਵਿਚ ਨਿਰੀ ਚਰਬੀ ਸੀ, ਜਿਸ ਨੇ ਦੋਨਾਂ ਨੂੰ ਡਿੱਕੀ ਕਰ ਦਿੱਤੀ ਸੀ। ਉਸ ਮਗਰੋਂ ਜਦੋਂ ਉਨ੍ਹਾਂ ਦਾ ਚਿੱਤ ਕਰਦਾ ਜਾਂ ਉਹ ਪੈੱਗ ਲਾਉਂਦੇ ਤਾਂ ਜਿੰਦਰ ਦੀ ਪੇਟੀ ਖੋਹਲ ਕੇ ਦੋ ਗੱਠੀਆਂ ਕੱਢ ਲੈਂਦੇ।

ਦੇਵ ਕੋਲ਼ ਬੂਟਾਂ ਦਾ ਇੱਕੋ ਜੋੜਾ ਸੀ ਤੇ ਉਹ ਵੀ ਕਾਫ਼ੀ ਘਸ ਗਿਆ ਸੀ। ਇਕ ਦਿਨ ਉਹ ਕਣਕ ਪਿਸਾਉਣ ਗਿਆ ਤੇ ਉੱਤੇ ਚੜ੍ਹਕੇ ਚੱਕੀ ਦੇ ਟਾਪੇ ਵਿਚ ਥੈਲਾ ਉਲੱਦਣ ਲੱਗਾ ਤਾਂ ਬੂਟ ਦੀ ਅੱਡੀ ਲਹਿਕੇ ਹੇਠ ਡਿਗ ਪਈ। ਅੱਡੀ ਭਾਵੇਂ ਉਸ ਨੇ ਮੁੜ ਲੁਆ ਲਈ, ਪਰ ਉਹ ਗੱਲ ਨਾ ਬਣੀ। ਬੇਅੰਤ ਕਹਿਣ ਲੱਗਾ, 'ਚੱਲ ਤੈਨੂੰ ਬੂਟਾਂ ਦਾ ਇਕ ਵਧੀਆ ਜੋੜਾ ਮੁੱਲ ਲੈ ਦਿਆਂ।'

ਬਜ਼ਾਰ ਵਿਚ ਜੁੱਤੀਆਂ ਦੀਆਂ ਤਿੰਨ ਹੀ ਦੁਕਾਨਾਂ ਸਨ। 'ਬਾਟਾ ਸ਼ੂ ਕੰਪਨੀ' ਵਾਲ਼ੀ ਦੁਕਾਨ ਦੇ ਮਾਲਕ ਨਾਹਰ ਸਿੰਘ ਨਾਲ਼ ਦੇਵ ਦੀ ਵਾਕਫੀਅਤ ਸੀ। ਉਹ ਜਾਤ ਦਾ ਸੁਨਿਆਰ ਸੀ ਤੇ ਉਹਨਾਂ ਦਾ ਪਿਛੋਕੜ ਚਮਕੌਰ ਲਾਗੇ ਲੁਠੇੜੀ ਪਿੰਡ ਸੀ। ਉਹ ਬੋਲਿਆ, 'ਤੁਸੀਂ ਬੂਟ ਪਸੰਦ ਕਰ ਲਵੋ। ਆਪਾਂ ਜਾਤ ਭਾਈ ਹਾਂ। ਕਮਾਈ ਤੁਹਾਡੇ ਕੋਲ਼ੋਂ ਇਕ ਪੈਸੇ ਦੀ ਵੀ ਨੀ ਕਰਨੀ।'

ਜਿਹੜੇ ਬੂਟ ਦੇਵ ਨੂੰ ਪਸੰਦ ਆਏ। ਉਸ ਨੇ ਉਸ ਦੇ ਚੌਦਾਂ ਰੁਪਏ ਮੰਗੇ। ਉਹ ਉੱਠ ਕੇ ਤੁਰ ਪਏ ਤਾਂ ਉਹ ਬੋਲਿਆ, 'ਪੈਸੇ ਬਾਅਦ ਵਿਚ ਦੇ ਦੇਣੇ। ਬੂਟ ਤੁਸੀਂ ਲੈ ਲਵੋ।'

'ਐਨੇ ਮਹਿੰਗੇ ਨਹੀਂ ਚਾਹੀਦੇ ਸਾਨੂੰ।' ਬੇਅੰਤ ਬੋਲਿਆ।

'ਚੱਲ ਤੁਸੀਂ ਬਾਰਾਂ ਰੁਪਏ ਦੇ ਦਿਓ ਇਹਤੋਂ ਘੱਟ ਨਹੀਂ ਹੋਣੇ। ਦੇਖ ਲਵੋ ਚੌਦਾਂ ਰੁਪਏ ਨੱਬੇ ਪੈਸੇ ਰੇਟ ਲਿਖਿਆ ਹੋਇਆ ਏ।'

ਉਨ੍ਹਾਂ ਨੇ ਉਸ ਦੀ ਗੱਲ ਹੀ ਨਾ ਸੁਣੀ ਤੇ ਦੁਕਾਨ' ਚੋਂ ਬਾਹਰ ਨਿਕਲ਼ ਆਏ। ਉਸ

ਮਗਰੋਂ ਉਹ 'ਸ਼ੀਂਹਮਾਰ ਬੂਟ ਹਾਊਸ' ਵਾਲ਼ਿਆਂ ਦੇ ਜਾ ਵੜੇ ਤੇ ਬੈਂਚ ਤੇ ਬੈਠ ਬੂਟ ਦੇਖਣ ਲੱਗੇ। ਉੱਥੇ ਇਕ ਬਜ਼ੁਰਗ ਸੀ ਤੇ ਇਕ ਉਹਦਾ ਮੁੰਡਾ। ਬਜ਼ੁਰਗ ਬੂਟ ਕੱਢ ਕੱਢ ਕੇ ਲਿਆ ਰਿਹਾ ਸੀ ਤੇ ਮੁੰਡਾ ਦੇਵ ਦੇ ਪੈਰਾਂ' ਚ ਪਾ ਪਾ ਦਿਖਾ ਰਿਹਾ ਸੀ। ਉਸ ਦਾ ਪਿਓ ਪੌੜੀ ਲਾ ਕੇ ਕੋਈ ਹੋਰ ਬੂਟ ਚੁੱਕਣ ਲਈ ਉੱਤੇ ਚੜ੍ਹਿਆ ਤਾਂ ਮੁੰਡਾ ਬੋਲਿਆ, 'ਬਾਈ ਜੀ ਤੁਸੀਂ ਕਿਹੜੇ ਪਿੰਡੋਂ ਆਏ ਹੋ?'

'ਅਸੀਂ ਤਾਂ ਐਥੇ ਦੋਰਾਹੇ ਹੀ ਮਕਾਨ ਪਾਇਆ ਏ ਆਪਣਾ।'

'ਕਿੱਥੇ ਕੁ ਪਾਇਆ ਏ?'

ਬੇਅੰਤ ਨੇ ਉਸ ਨੂੰ ਸਮਝਾ ਦਿੱਤਾ ਤੇ ਨਾਂ ਵੀ ਦੱਸ ਦਿੱਤਾ। ਉਹ ਬੋਲਿਆ, 'ਮੇਰਾ ਨਾਂ ਸੀਟੀ ਏ। ਬੂਟਾਂ ਦੇ ਜਿੰਨੇ ਪੈਸੇ ਮੇਰਾ ਬੁੜ੍ਹਾ ਕਹੂ, ਤੁਸੀਂ ਘੱਟ ਕਰਵਾ ਲਿਓ। ਜਿੰਨੇ' ਚ ਉਹ ਮੰਨੇ ਉਸ ਤੋਂ ਅੱਧ ਮੁੱਲ' ਚ ਬੂਟ ਤੁਹਾਡੇ ਘਰ ਪੁੱਜ ਜਾਣਗੇ।'

'ਉਹ ਕਿਵੇਂ?'

'ਤੁਸੀਂ ਹੁਣ ਪਸੰਦ ਕਰ ਲਿਓ ਖਰੀਦਿਓ ਨਾ। ਮੈਨੂੰ ਇਸ਼ਾਰਾ ਕਰ ਜਾਇਓ। ਮੈਂ ਸਵੇਰੇ ਸਾਝਰੇ ਘਰ ਦੇ ਆਊਂ ਤੁਹਾਡੇ।'

ਆਪਣੇ ਪਿਉ ਨੂੰ ਹੀ ਕੁੰਡੀ ਲਾਉਣ ਦੇ ਇਸ ਅਜੀਬ ਢੰਗ ਬਾਰੇ ਜਾਣ ਕੇ ਉਹ ਦੋਨੋਂ ਹੈਰਾਨ ਰਹਿ ਗਏ। ਜਿਹੜਾ ਜੋੜਾ ਉਨ੍ਹਾਂ ਨੇ ਪਸੰਦ ਕੀਤਾ, ਉਸ ਦੀ ਕੀਮਤ ਉਸ ਦੇ ਪਿਓ ਨੇ ਤੇਰਾਂ ਰੁਪਏ ਦੱਸੀ।

'ਅੱਠ ਰੁਪਏ ਦੇਈਏ?' ਬੇਅੰਤ ਬੋਲਿਆ।

'ਕੋਈ ਲੁੱਟ ਮਚੀ ਹੋਈ ਏ? ਇਕ ਅੱਧ ਰੁਪਈਆ ਛੱਡ ਦਿਆਂਗਾ। ਤੁਸੀਂ ਲੈਣ ਵਾਲ਼ੇ ਬਣੋ।' ਉਹ ਜਵਾਬ ਦੇ ਕੇ ਦੁਕਾਨ ਤੋਂ ਬਾਹਰ ਆ ਗਏ। ਉਸ ਦਾ ਪਿਓ ਬੁੜ ਬੁੜ ਕਰਨ ਲੱਗਾ, ਜਿਸ ਨੇ ਐਨੇ ਸਾਰੇ ਬੂਟ ਕੱਢ ਕੇ ਉਨ੍ਹਾਂ ਮੂਹਰੇ ਢੇਰ ਲਾ ਦਿੱਤਾ ਸੀ।

'ਆਪਾਂ ਨੂੰ ਇਸ ਚੋਰੀ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ।' ਦੁਕਾਨ ਤੋਂ ਬਾਹਰ ਆ ਕੇ ਦੇਵ ਬੋਲਿਆ।

'ਬਥੇਰਾ ਲੁੱਟਦੇ ਨੇ ਲੋਕਾਂ ਨੂੰ।' ਬੇਅੰਤ ਦਾ ਜਵਾਬ ਸੀ।

ਸੀਟੀ ਤੜਕੇ ਹੀ ਘਰ ਪਹੁੰਚ ਗਿਆ ਤੇ ਆਪਣੇ ਸੁੱਡੇ' ਚੋਂ ਦੋਨੋਂ ਬੂਟ ਕੱਢਦਾ ਬੋਲਿਆ, 'ਫੌਜੀ ਸਾਹਬ ਮੇਰੀ ਇੱਜਤ ਤੁਹਾਡੇ ਹੱਥ ਏ। ਕਿਸੇ ਨੂੰ ਕੰਨੋਂ-ਕੰਨੀਂ ਖ਼ਬਰ ਨਾ ਹੋਵੇ।' ਉਨ੍ਹਾਂ ਨੇ ਬੂਟ ਰੱਖ ਲਏ ਤੇ ਉਸ ਨੂੰ ਸਾਢੇ ਪੰਜ ਰੁਪਏ ਦੇ ਦਿੱਤੇ।

'ਸੀਟੀ ਯਾਰ ਇਕ ਬੰਦ ਗੁਰਗਾਬੀ ਬੇਬੇ ਲਈ ਵੀ ਚਾਹੀਦੀ ਏ ਚਮੜੇ ਦੀ।' ਬੇਅੰਤ ਬੋਲਿਆ।

'ਨਾਪ ਦਵੋ ਮੈਨੂੰ।' ਉਹ ਅੰਦਰ ਆ ਗਿਆ ਤੇ ਇਕ ਕਾਗਜ਼ ਉੱਤੇ ਭਾਗਵੰਤੀ ਦਾ ਪੈਰ ਵਾਹ ਲਿਆ।

'ਰੇਟ ਆਪ ਹੀ ਅੱਧਾ ਲਾ ਲਵੀਂ।' ਬੇਅੰਤ ਨੇ ਬਾਹਰ ਆ ਕੇ ਕਿਹਾ।

'ਜਿੰਨੀ ਦੇਰ ਬੁੜ੍ਹਾ ਜਿਊਂਦਾ ਏ, ਤੁਹਾਡੇ ਇਸੇ ਭਾਅ ਜੁੱਤੀਆਂ ਪੈਣਗੀਆਂ, ਪਰ ਇਕ ਗੱਲ ਦਾ ਧਿਆਨ ਰੱਖਿਓ ਕਿਤੇ ਮੇਰੇ ਜੁੱਤੀਆਂ ਨਾ ਪਵਾ ਦਿਓ। ਆਪਣੀ ਬੁੜ੍ਹੀ ਕੋਲ਼ ਵੀ

ਇਸ ਗੱਲ ਦੀ ਭਾਫ ਨਾ ਕੱਢਿਓ।'

ਉਸ ਦੇ ਜਾਣ ਮਗਰੋਂ ਦੇਵ ਪੈਰਾਂ' ਚ ਬੂਟ ਪਾਕੇ ਦੇਖਣ ਲੱਗਾ। ਇਕ ਤਾਂ ਠੀਕ ਪੈ ਗਿਆ, ਦੂਜਾ ਪਵੇ ਹੀ ਨਾ। ਇਹ ਕੀ? ਉਸ ਨੇ ਧਿਆਨ ਨਾਲ਼ ਦੇਖਿਆ। ਉਹ ਤਾਂ ਦੋਨੋਂ ਬੂਟ ਖੱਬੇ ਪੈਰ ਦੇ ਚੁੱਕ ਲਿਆਇਆ ਸੀ। ਉਹ ਮੱਥੇ ਤੇ ਹੱਥ ਮਾਰ ਕੇ ਬਹਿ ਗਏ। ਭਾਗਵੰਤੀ ਦੀ ਗੁਰਗਾਬੀ ਤਾਂ ਅਗਲੇ ਦਿਨ ਹੀ ਮਿਲ ਗਈ, ਪਰ ਬੂਟ ਵਾਪਸ ਲਿਜਾਣ ਤੇ ਫਿਰ ਲਿਆਉਣ ਲਈ ਹਫ਼ਤਾ ਲੱਗ ਗਿਆ।

**00**

# ਪੈਂਹਟ

ਬੇਅੰਤ ਦੀਆਂ ਛੁੱਟੀਆਂ ਫੰਗ ਲਾ ਕੇ ਉਡੀਆਂ ਜਾ ਰਹੀਆਂ ਸਨ। ਦੋ ਹਫ਼ਤੇ ਤੋਂ ਵੀ ਘੱਟ ਛੁੱਟੀ ਰਹਿ ਗਈ ਸੀ। ਭਾਗਵੰਤੀ ਦੀ ਇੱਛਾ ਸੀ ਕਿ ਇਨ੍ਹਾਂ ਛੁੱਟੀਆਂ ਵਿਚ ਉਸ ਦਾ ਕਿਧਰੇ ਸਾਕ ਹੋ ਜਾਵੇ। ਉਹ ਇਸ ਬਾਰੇ ਹਰ ਮਿਲ਼ਣ-ਗਿਲ਼ਣ ਵਾਲ਼ੇ ਨੂੰ ਕਹਿੰਦੀ ਰਹਿੰਦੀ ਸੀ, ਪਰ ਕੋਈ ਰਿਸ਼ਤਾ ਆਇਆ ਹੀ ਨਾ। ਚੀਨ ਦੀ ਜੰਗ ਸਮੇਂ ਸ਼ਹੀਦ ਹੋਏ ਫੌਜੀਆਂ ਦੇ ਪਿੰਡਾਂ ਵਿਚ ਬਿਸਤਰੇ ਆਉਂਦੇ ਦੇਖ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਸੀ। ਜਿਹੜੀਆਂ ਔਰਤਾਂ ਵਿਧਵਾਵਾਂ ਹੋ ਗਈਆਂ ਸਨ, ਉਨ੍ਹਾਂ ਦੇ ਦੁੱਖਾਂ ਦਾ ਅਹਿਸਾਸ ਪਾਣੀ ਦੀ ਸੇਗਲ਼ ਵਾਂਗ ਮਨੁੱਖੀ ਮਨਾਂ ਦੀਆਂ ਕੰਧਾਂ ਤੇ ਚੜ੍ਹ ਗਿਆ ਸੀ। ਲੋਕ ਕਿਸੇ ਫੌਜੀ ਨੂੰ ਧੀ ਭੈਣ ਦੇਣ ਤੋਂ ਕੰਨੀਂ ਕਤਰਾਉਣ ਲੱਗੇ ਸਨ। ਸਾਗਰ ਸਿੰਘ ਨਾਂ ਦੇ ਬੰਦੇ ਦਾ ਦੋਰਾਹੇ ਮਿੱਟੀ ਦੇ ਤੇਲ ਦਾ ਸਰਕਾਰੀ ਡੀਪੂ ਸੀ। ਉਸ ਦਾ ਪਿੰਡ ਰਾਮਪੁਰ ਸੀ। ਇਨ੍ਹਾਂ ਛੁੱਟੀਆਂ ਵਿਚ ਹੀ ਬੇਅੰਤ ਦੀ ਉਸ ਨਾਲ਼ ਨੇੜਤਾ ਬਣੀ ਸੀ। ਉਹ ਉਨ੍ਹਾਂ ਦੇ ਘਰ ਕਈ ਵਾਰੀ ਆ ਕੇ ਚਾਹ ਪਾਣੀ ਪੀ ਗਿਆ ਸੀ। ਭਾਗਵੰਤੀ ਨੇ ਉਸ ਨੂੰ ਵੀ ਬੇਅੰਤ ਲਈ ਕੋਈ ਕੁੜੀ ਲੱਭਣ ਦੀ ਗੱਲ ਕਹੀ ਹੋਈ ਸੀ। ਬੇ ਅੰਤ ਨਾਲ਼ ਪਿਆਲੇ ਦੀ ਸਾਂਝ ਹੋਣ ਮਗਰੋਂ ਸਾਗਰ ਸਿੰਘ ਤਨੋਂ-ਮਨੋਂ ਕੁੜੀ ਦੀ ਭਾਲ਼ ਵਿਚ ਜੁਟ ਗਿਆ। ਇਕ ਦਿਨ ਉਹ ਘਰ ਆਇਆ ਤੇ ਹੱਸ ਕੇ ਕਹਿਣ ਲੱਗਾ, 'ਫੌਜੀ ਸਾਹਬ ਮੇਰੇ ਨਾਲ਼ ਤਾਂ ਉਹ ਹੋਈ, ਬਈ ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ। ਕੁੜੀ ਤਾਂ ਸਾਡੇ ਪਿੰਡ ਹੀ ਹੈਗੀ ਏ ਦੀਸ਼ੇ ਸੁਨਿਆਰ ਦੀ। ਨਿੱਤ ਟੈਂਪੂ ਤੇ ਆਉਂਦੀ ਏ ਸਿਲਾਈ ਸਿੱਖਣ ਦੋਰਾਹੇ । ਊਂ ਵੀ ਅੱਠ ਪਾਸ ਏ। ਪਹਿਲਾਂ ਕੁੜੀ ਦੇਖ, ਗੱਲ ਤਾਂ ਤੋਰੂੰ।'

ਕੁੜੀ ਦੇਖਣੀ ਤਾਂ ਕੋਈ ਮੁਸ਼ਕਲ ਕੰਮ ਨਹੀਂ ਸੀ। ਉਸਦੇ ਦੋਰਾਹੇ ਆਉਣ ਦਾ ਟਾਇਮ ਹੋਇਆ ਤਾਂ ਸਾਗਰ ਅਤੇ ਬੇਅੰਤ ਦੋਨੋਂ ਰਾਮਪੁਰ ਦੇ ਪੁਲ ਤੇ ਜਾ ਖੜ੍ਹੇ। ਜਿਸ ਟੈਂਪੂ ਵਿਚ ਉਹ ਚੜ੍ਹੀ, ਉਹ ਦੋਨੋਂ ਵੀ ਚੜ੍ਹ ਗਏ। ਕੁੜੀ ਤਾਂ ਵਾਹ-ਵਾਹ, ਗੋਰੀ ਚਿੱਟੀ, ਲੰਮ-ਸਲੰਮੀ ਤੇ ਗ਼ਜ਼ਬ ਦੇ ਨੈਣ-ਨਕਸ਼ਾਂ ਵਾਲ਼ੀ ਸੀ। ਬੇਅੰਤ ਤਾਂ ਉਸ ਵੱਲ ਦੇਖਦਾ ਹੀ ਡੋਲ ਗਿਆ। ਉਸ ਨੇ ਹੌਲ਼ੀ ਦੇਣੇ ਸਾਗਰ ਨੂੰ ਕਿਹਾ, 'ਕਰਵਾ ਦੇ ਟਾਂਕਾ ਫਿੱਟ। ਮੈਨੂੰ ਪਸੰਦ ਆ।'

ਟੈਂਪੂ ਤੁਰਿਆ ਤਾਂ ਸਾਗਰ ਨੇ ਕੁੜੀ ਨੂੰ ਪੁੱਛਿਆ, 'ਬੀਬਾ ਤੂੰ ਦੀਸ਼ੇ ਦੀ ਕੁੜੀ ਏਂ?'

'ਹਾਂ, ਅੰਕਲ ਜੀ।' ਉਹ ਬੋਲੀ

'ਕੀ ਕਰਦੀ ਏਂ ਸਾਊ?'

'ਜੀ ਸਿਲਾਈ ਦਾ ਕੰਮ ਸਿੱਖਦੀ ਆਂ।'

'ਹੋਰ ਵੀ ਕੁੜੀਆਂ ਨੇ ਨਾਲ਼?'

'ਹਾਂ ਅੰਕਲ ਜੀ, ਦਸ ਬਾਰਾਂ ਕੁੜੀਆਂ ਹੋਰ ਨੇ। ਬੱਸ, ਮੇਰੇ ਤਾਂ ਦੋ ਮਹੀਨੇ ਰਹਿ ਗਏ ਕੋਰਸ ਦੇ।'

'ਫੇਰ ਅੱਗੇ ਪੜ੍ਹਨਾ ਹੋਊ?'

'ਬਾਈ ਨੀ ਲਾਉਂਦਾ ਅੰਕਲ ਜੀ। ਮੇਰਾ ਤਾਂ ਬਥੇਰਾ ਜੀਅ ਕਰਦਾ ਏ।'

'ਵਿਆਹ ਕਰਨਾ ਚਾਹੁੰਦਾ ਹੋਊ ਤੇਰਾ ਭਾਈ।' ਸਾਗਰ ਨੇ ਕਿਹਾ ਤਾਂ ਕੁੜੀ ਸੰਗ ਗਈ ਤੇ ਗਰਦਨ ਝੁਕਾ ਲਈ।

ਬੇਅੰਤ ਐਨੀ ਕੁ ਗੱਲਬਾਤ ਸੁਣ ਕੇ ਹੀ ਸੁਆਦ-ਸੁਆਦ ਹੋ ਗਿਆ ਸੀ। ਦੋਰਾਹੇ ਜਾ ਕੇ ਕੁੜੀ ਟੈਂਪੂ' ਚੋਂ ਉੱਤਰੀ ਤਾਂ ਉਹ ਜਾਂਦੀ ਨੂੰ ਉਦੋਂ ਤੱਕ ਦੇਖਦਾ ਰਿਹਾ ਜਦੋਂ ਤੱਕ ਉਹ ਮੋੜ ਨਾ ਮੁੜ ਗਈ। ਉਸ ਦੀ ਤੋਰ ਵੀ ਉਸ ਨੂੰ ਬੜੀ ਸੁਹਣੀ ਲੱਗੀ। ਬਾਕੀ ਦੀ ਸਾਰੀ ਜਾਣਕਾਰੀ ਸਾਗਰ ਨੇ ਅਗਲੇ ਦਿਨ ਘਰ ਆ ਕੇ ਦਿੱਤੀ। ਕੁੜੀ ਦੇ ਪੰਜ ਭਰਾ ਸਨ ਤੇ ਤਿੰਨ ਭੈਣਾ। ਦੋ ਭਰਾ ਤੇ ਇਕ ਭੈਣ ਵਿਆਹੇ ਹੋਏ ਸਨ। ਉਨ੍ਹਾਂ ਦੀ ਪਿੰਡ ਵਿਚ ਦੋ ਕੀਲੇ ਜ਼ਮੀਨ ਵੀ ਸੀ। ਪਿਉ ਦੀ ਪਿੰਡ ਵਿਚ ਗਹਿਣਿਆਂ ਦੀ ਦੁਕਾਨ ਸੀ ਤੇ ਉਸ ਕੋਲ਼ ਚਾਰ-ਪੰਜ ਪਿੰਡਾਂ ਦਾ ਕੰਮ ਪੈਂਦਾ ਸੀ।

'ਵੀਰ ਪਾਂਧਾ ਨਾ ਪੁੱਛ। ਤੂੰ ਗੱਲ ਤੋਰਨ ਦੀ ਕਰ। ਸਾਨੂੰ ਇਹ ਰਿਸ਼ਤਾ ਮੰਜੂਰ ਏ ।' ਭਾਗਵੰਤੀ ਨੇ ਵੀ ਹਾਂ ਕਰ ਦਿੱਤੀ।

'ਕੋਈ ਦੇਣ-ਲੈਣ?' ਸਾਗਰ ਬੋਲਿਆ।

'ਨਾ ਵੇ ਵੀਰ। ਕੁਝ ਨ੍ਹੀ ਚਾਹੀਦਾ ਸਾਨੂੰ। ਜੋ ਦੇਣਾ ਏਂ ਅਗਲੇ ਨੇ ਆਪਣੀ ਧੀ ਨੂੰ ਦੇਣਾ ਏਂ। ਮੂੰਹ ਅੱਡਾਂਗੇ ਤਾਂ ਮੱਖੀਆਂ ਹੀ ਪੈਣਗੀਆਂ।'

'ਠੀਕ ਏ ਮੈਂ ਅੱਜ ਹੀ ਕੁੜੀ ਦੇ ਬਾਪ ਨਾਲ਼ ਗੱਲ ਕਰਾਂਗਾ।' ਸਾਗਰ ਨੇ ਕਿਹਾ।

ਉਹ ਜਾਣ ਲੱਗਾ ਤਾਂ ਬੇਅੰਤ ਬੋਲਿਆ, 'ਸ਼ਾਮ ਨੂੰ ਆ ਜਾਇਓ ਘਰ, ਬੈਠਾਂਗੇ।'

'ਨਾ ਨਾ ਬੈਠਣ ਦੀ ਕਿਹੜੀ ਗੱਲ ਏ।'

'ਕੋਈ ਨਾ ਤੁਸੀਂ ਘਰ ਆ ਜਾਇਓ। ਮੇਰਾ ਮਨ ਮੁਰਗੇ ਨਾਲ਼ ਰੋਟੀ ਖਾਣ ਦਾ ਏ। ਇਕੱਠੇ ਖਾ ਲਵਾਂਗੇ।' ਬੇਅੰਤ ਨੇ ਦੱਸਿਆ।

ਸਾਗਰ ਹੱਸਣ ਲੱਗ ਪਿਆ ਤੇ ਬੋਲਿਆ, 'ਫੌਜੀ ਸਾਹਬ ਸ਼ੀਸ਼ੀ ਨਾ ਖਰੀਦਿਓ, ਮੈਂ ਰੂੜੀ ਮਾਰਕਾ ਲੈ ਕੇ ਆਊਂ।'

ਬੇਅੰਤ ਸਾਇਕਲ ਨਾਲ਼ ਝੋਲਾ ਲਟਕਾ ਚਲਾ ਗਿਆ ਤੇ ਪਤਾ ਨਹੀਂ ਕਿੱਥੋਂ ਰੰਗ-ਬਿਰੰਗਾ ਮੁਰਗਾ ਲੈ ਆਇਆ। ਮੁਰਗੇ ਦੀ ਵੱਡੀ ਕਲਗੀ ਝੋਲ਼ੇ ਤੋਂ ਬਾਹਰ ਨਿਕਲ਼ੀ ਹੋਈ ਸੀ ਤੇ ਉਹ ਬੜੀ ਹੈਰਾਨੀ ਨਾਲ਼ ਚਾਰੇ ਪਾਸੇ ਗਰਦਣ ਘੁਮਾਉਂਦਾ ਆਪਣੀ ਭਾਸ਼ਾ ਵਿਚ ਹੀ ਕੁਝ ਕਹਿ ਰਿਹਾ ਸੀ। ਭਾਗਵੰਤੀ ਬੋਲੀ, 'ਵੇ ਬੇਅੰਤ ਇਹ ਕਿੱਥੋਂ ਫੜ ਲਿਆਇਆ?'

'ਫੜਨ ਨੂੰ ਇਹ ਕਲਬੂਤਰ ਏ? ਮੁੱਲ ਲਿਆਇਆਂ ਏਂ ਬੱਦੂਆਂ ਤੋਂ।'

'ਲੈ ਜਾ ਐਥੋਂ, ਮੈਂ ਨ੍ਹੀ ਘਰ' ਚ ਜੀਆਘਾਤ ਹੋਣ ਦੇਣਾ।'

'ਐਥੇ ਤਾਂ ਵੱਡੇ ਵੱਡੇ ਸੂਰ ਲੱਦਗੇ ਮਾਤਾ, ਤੂੰ ਕਲਗੀਆਂ ਵਾਲ਼ੇ ਨੂੰ ਹੀ ਟੋਕਣ ਲੱਗ ਪਈ।' ਵਿਚਾਰੀ ਭਾਗਵੰਤੀ ਨੂੰ ਇਹ ਗੱਲ ਸਮਝ ਹੀ ਨਾ ਆਈ। ਉਸ ਨੂੰ ਕੀ ਪਤਾ ਸੀ ਕਿ ਉਸ ਘਰ ਵਿਚ ਤਾਂ ਤਾਜ਼ੇ ਮੋਟੇ ਸੂਰ ਦੇ ਗਲ਼ੇ ਵਿਚ ਛੁਰਾ ਘੋਪ ਕੇ ਕਤਲ ਵੀ ਕੀਤਾ ਜਾ ਚੁੱਕਾ ਸੀ।

'ਘਬਰਾ ਨਾ ਮਾਤਾ। ਨਹਿਰ ਤੇ ਜਾ ਕੇ ਇਸ ਨੂੰ ਮੁਕਤੀ ਦੁਆਵਾਂਗੇ।'

ਬੇਅੰਤ ਨੇ ਦਾਅ ਚੁੱਕ ਲਿਆ ਤੇ ਦੇਵ ਨੂੰ ਕਹਿਣ ਲੱਗਾ, 'ਚੱਲ ਬਈ।'

'ਮੈਨੂੰ ਤਾਂ ਨਾ ਝਟਕਾਉਣਾ ਆਉਂਦਾ ਏ ਤੇ ਨਾ ਹੀ ਸਾਫ਼ ਕਰਨਾ। ਕਿਸੇ ਕਸਾਈ ਤੋਂ ਕਰਵਾ ਲੈਂਦੇ ਹਾਂ।' ਦੇਵ ਬੋਲਿਆ।

'ਬੱਲੇ ਉਇ ਤੇਰੇ। ਦੋ ਆਨੇ ਉਹ ਮੰਗੂ।'

ਮੁਰਗਾ ਲੈ ਕੇ ਉਹ ਦੋਨੋਂ ਨਹਿਰ ਦੇ ਕੰਢੇ ਪੁੱਜ ਗਏ। ਉੱਥੇ ਇਕ ਪੱਥਰ ਪਿਆ ਸੀ। ਬੇਅੰਤ ਮੁਰਗੇ ਨੂੰ ਬਾਹਰ ਕੱਢ ਪੱਥਰ ਲਾਗੇ ਬਹਿ ਗਿਆ ਤੇ ਬੋਲਿਆ, 'ਮੈਂ ਇਹਨੂੰ ਫੜਦਾਂ ਏਂ। ਤੂੰ ਦਾਅ ਮਾਰ ਕੇ ਗਰਦਣ ਲਾਹ ਦੇ।'

'ਮੈਥੋਂ ਨੀ ਇਹ ਕੰਮ ਹੁੰਦਾ। ਮੈਂ ਤਾਂ ਦੇਖ ਵੀ ਨੀ ਸਕਦਾ।' ਦੇਵ ਬੋਲਿਆ।

'ਚੰਗਾ ਤੂੰ ਫੜ ਲੈ ਘੁੱਟ ਕੇ।'

ਦੇਵ ਨੇ ਮੁਰਗਾ ਫੜ ਕੇ ਉਹਦੀ ਚੁੰਜ ਪੱਥਰ ਨਾਲ਼ ਜੋੜ ਦਿੱਤੀ ਤੇ ਆਪ ਗਰਦਣ ਘੁਮਾ ਕੇ ਪਿੱਛੇ ਵੱਲ ਦੇਖਣ ਲੱਗਾ। ਬੇਅੰਤ ਨੇ ਕਿਹੜਾ ਮੁਰਗਾ ਕਦੀ ਵੱਢਿਆ ਸੀ। ਉਹ ਵੀ ਦੂਜੇ ਪਾਸੇ ਨੂੰ ਮੂੰਹ ਕਰੀ ਹੋਰ ਹੀ ਪਾਸੇ ਦਾਅ ਮਾਰੀ ਜਾਵੇ। ਅਚਾਨਕ ਮੁਰਗਾ ਦੇਵ ਦੇ ਹੱਥੋਂ ਛੁੱਟ ਗਿਆ ਤੇ ਉਡਾਰੀ ਮਾਰ ਕੇ ਸੜਕ ਲੰਘ ਗਿਆ। ਉਹ ਕੁਆਂ-ਕੁਆਂ ਦੀ ਰਟ ਲਾਉਂਦਾ ਝੂੰਡਾਂ ਅਤੇ ਪਹਾੜੀ ਕਿੱਕਰਾਂ ਦੇ ਕਸੁੱਸਰੇ ਵਿਚ ਜਾ ਵੜਿਆ। ਉਹ ਦੋਨੋਂ ਉੱਠ ਕੇ ਮੁਰਗੇ ਦੇ ਮਗਰ ਦੌੜੇ। ਮੁਰਗਾ ਹੋਰ ਅੱਗੇ ਹੋਰ ਅੱਗੇ ਭੱਜੀ ਜਾਵੇ। ਜਦ ਉਹ ਰੁਕ ਕੇ ਗਰਦਣ ਚੁੱਕ ਕੇ 'ਕੁਆਂ-ਕੁਆਂ' ਕਰਦਾ ਤਾਂ ਬੇਅੰਤ ਸਿਸ਼ਤ ਬੰਨ੍ਹ ਕੇ ਬੜੇ ਜ਼ੋਰ ਨਾਲ਼ ਦਾਅ ਉਸ ਵੱਲ ਵਗਾਹ ਮਾਰਦਾ। ਉੱਥੇ ਦਸ-ਬਾਰਾਂ ਝੌਂਪੜੀਆਂ ਵਿਚ ਕੁਝ ਲੋਕ ਰਹਿੰਦੇ ਸਨ, ਜਿਨ੍ਹਾਂ ਦੇ ਮੁਰਗੇ ਮੁਰਗੀਆਂ ਵੀ ਉੱਥੇ ਕੀਟ ਪਤੰਗੇ ਚੁਗ ਰਹੇ ਸਨ। ਸਾਰੇ ਮੁਰਗੇ ਮੁਰਗੀਆਂ ਨੇ ਕੋਈ ਆਫ਼ਤ ਆਈ ਸਮਝ ਸ਼ੋਰ ਮਚਾ ਦਿੱਤਾ ਤੇ ਐਧਰ-ਉੱਧਰ ਦੌੜਨ ਲੱਗੇ। ਝੌਂਪੜੀਆਂ' ਚੋਂ ਬਾਹਰ ਆਈਆਂ ਤੀਵੀਆਂ ਨੇ ਸਮਝਿਆ ਕਿ ਉਹ ਉਹਨਾਂ ਦੇ ਮੁਰਗੇ ਮੁਰਗੀਆਂ ਨੂੰ ਮਾਰ ਰਹੇ ਸਨ। ਉਹ ਉਨ੍ਹਾਂ ਨੂੰ ਗੰਦੀਆਂ ਗਾਹਲਾਂ ਕੱਢਣ ਲੱਗ ਪਈਆਂ। ਉਨ੍ਹਾਂ ਨੇ ਆਪਣਾ ਮੁਰਗਾ ਖੋ ਜਾਣ ਦਾ ਬਥੇਰਾ ਵਾਸਤਾ ਪਾਇਆ, ਪਰ ਔਰਤਾਂ ਨੇ ਉਨ੍ਹਾਂ ਦੀ ਇਕ ਨਾ ਚੱਲਣ ਦਿੱਤੀ। ਮੁਰਗਾ ਵੀ ਪਤਾ ਨ੍ਹੀ ਕਿੱਥੇ ਗਰਕ ਹੋ ਗਿਆ। ਦੋ ਤਿੰਨ ਘੰਟੇ ਦੀ ਖੱਜਲ਼-ਖੁਆਰੀ ਮਗਰੋਂ ਉਹ ਮੂੰਹ ਲਟਕਾਈ ਘਰ ਆ ਵੜੇ... ਲੌਟ ਕੇ ਬੁੱਧੂ ਘਰ ਕੋ ਆਏ।

ਘਰ ਪੁੱਜੇ ਤਾਂ ਪਿੰਡੋ ਮਾਨ, ਬਸ਼ੀਰ ਤੇ ਭਾਗ ਘਰ ਆਏ ਬੈਠੇ ਸਨ। ਚੁੱਲ੍ਹੇ ਲਾਗੇ ਬੈਠੀਆਂ ਭਾਗਵੰਤੀ ਤੇ ਸ਼ਕੁੰਤਲਾ ਵੈਣ ਪਾ ਪਾ ਰੋਣ ਲੱਗੀਆਂ ਹੋਈਆਂ ਸਨ। ਦੇਵ ਤੇ ਬੇਅੰਤ ਨੂੰ ਅੰਦਰ ਵੜਦੇ ਦੇਖ ਕੇ ਉਨ੍ਹਾਂ ਨੇ ਰੋਣ ਦਾ ਵਾਲੂਅਮ ਹੋਰ ਵੀ ਉੱਚਾ ਕਰ ਦਿੱਤਾ।

'ਕੀ ਹੋਇਆ? ਰੋਂਦੇ ਕਿਉਂ ਹੋ?' ਬੇਅੰਤ ਨੇ ਪੁੱਛਿਆ।

ਭਾਗਵੰਤੀ ਨੇ ਚੀਕ ਮਾਰੀ ਤੇ ਬੋਲੀ, 'ਮੇਰੀ ਮਾਂ ਮਰ ਗਈ ਵੇ ਬੱਚੜਿਓ। ਤੁਹਾਡੀ ਨਾਨੀ ਨੂੰ ਬੁਲਾਵਾ ਆ ਗਿਆ ਵੇ ਉੱਪਰੋਂ।' ਕੱਲੇ ਛੱਡ ਗਈ ਵੇ ਆਪਾਂ ਸਾਰਿਆਂ ਨੂੰ। .... ਨੀ ਤੂੰ ਮੈਨੂੰ ਵੀ ਨਾਲ਼ ਲੈ ਜਾਂਦੀ ਨੀ ਮੇਰੀਏ ਅੰਮੜੀਏ..... ਨੀ ਤੇਰੇ ਬਾਝੋਂ ਤਾਂ ਸਾਡਾ ਜੱਗ ਸੁੰਨਾ ਹੋ ਗਿਆ ਨੀ ਮੈਨੂੰ ਜੰਮਣ ਵਾਲ਼ੀਏ.... ।'

'ਕੋਈ ਨੀ ਹੋਇਆ ਜੱਗ ਸੁੰਨਾ। ਮੁਕਤੀ ਮਿਲੀ ਆ ਮੁਕਤੀ ਸਾਡੀ ਨਾਨੀ ਨੂੰ... ਬੰਦ ਕਰੋ ਚੀਕਾਂ ਮਾਰਨੀਆਂ.. ਜਲੂਸ ਨਾ ਕੱਢੋ... ਇਹ ਸ਼ਹਿਰ ਏ... ਜਿਹੜੀ ਹਾਲਤ ਵਿਚ ਨਾਨੀ ਸੀਗੀ, ਉਹ ਤਾਂ ਨਰਕ ਸੀ ਬੇਬੇ, ਉਹਨੂੰ ਨਰਕ ਤੋਂ ਛੁਟਕਾਰਾ ਮਿਲਿਆ ਏ। ਸਗੋਂ ਖੁਸ਼ੀ ਮਨਾਓ।' ਬੇਅੰਤ ਬੋਲਿਆ।

'ਵੇ ਇਉਂ ਨਾ ਕਹਿ ਵੇ ਮੇਰੀ ਅੰਮੜੀ ਨੂੰ।' ਭਾਗਵੰਤੀ ਨੇ ਫਿਰ ਲੇਰ ਮਾਰੀ।

ਬਸ਼ੀਰ ਨੇ ਦੱਸਿਆ ਕਿ ਦੇਵ ਦੀ ਨਾਨੀ ਚਿੰਦੀ ਨੂੰ ਦਾਗ ਉਨ੍ਹਾਂ ਦੇ ਪਹੁੰਚਣ ਤੋਂ ਬਾਅਦ ਹੀ ਲਾਉਣਾ ਸੀ। ਪਰੇਮ ਤਾਂ ਘਰ ਹੈ ਨੀ ਸੀ। ਸ਼ਕੁੰਤਲਾ ਉਨ੍ਹਾਂ ਦੇ ਨਾਲ਼ ਸਲਾਹਪੁਰ ਜਾਣ ਲਈ ਤਿਆਰ ਹੋ ਗਈ।

'ਤੁਸੀਂ ਬਸ਼ੀਰ ਹੋਣਾ ਨਾਲ਼ ਚਲੇ ਜਾਓ। ਮੈਂ ਪਿੱਛੇ ਘਰ ਰਹਾਂਗਾ। ਹੋਰ ਨਾ ਕੋਈ ਲੁੱਟ ਕੇ ਹੀ ਲੈ ਜਾਵੇ।' ਬੇਅੰਤ ਬੋਲਿਆ।

ਸ਼ਾਮ ਨੂੰ ਉਨ੍ਹਾਂ ਦਾ ਸਾਗਰ ਨਾਲ਼ ਬੈਠਣ ਦਾ ਪ੍ਰੋਗਰਾਮ ਵੀ ਬਣਿਆ ਹੋਇਆ ਸੀ। ਬੇਅੰਤ ਦੇ ਰਿਸ਼ਤੇ ਕਰਕੇ ਉਹ ਉਨ੍ਹਾਂ ਲਈ ਬਹੁਤ ਮਹੱਤਵਪੂਰਣ ਵਿਅਕਤੀ ਬਣ ਗਿਆ ਸੀ। ਦੇਵ ਨੇ ਬੇਅੰਤ ਨੂੰ ਇਕ ਪਾਸੇ ਕਰਕੇ ਕਿਹਾ, 'ਅੱਧਾ ਕਿੱਲੋ ਮੀਟ ਹੁਣ ਤੂੰ ਮੁੱਲ ਲੈ ਆਵੀਂ। ਤੂੰ ਸਾਗਰ ਦੀ ਪੂਰੀ ਸੇਵਾ ਕਰੀਂ। ਵਿਚੋਲਾ ਆਪਣੇ ਹੱਥ' ਚ ਰਹਿਣਾ ਚਾਹੀਦਾ ਏ ।'

ਉਹ ਹੱਸ ਪਿਆ ਤੇ ਬੋਲਿਆ, 'ਦੇਵ ਤੂੰ ਬੜਾ ਸਿਆਣਾ ਏਂ। ਜੋ ਮੈਂ ਸੋਚ ਰਿਹਾ ਸੀ, ਉਹ ਤੂੰ ਆਖ ਦਿੱਤਾ। ਫਿਕਰ ਨਾ ਕਰ ਵੱਟ ਕੱਢ ਦੂੰ।'

ਬੇਅੰਤ ਨੂੰ ਦੋਰਾਹੇ ਛੱਡ ਉਹ ਸਲਾਹਪੁਰ ਲਈ ਚੱਲ ਪਏ। ਦੇਵ ਨੂੰ ਬਸ਼ੀਰ ਨੇ ਆਪਣੇ ਸਾਇਕਲ ਪਿੱਛੇ ਬਿਠਾ ਲਿਆ। ਭਾਗਵੰਤੀ ਤੇ ਸ਼ਕੁੰਤਲਾ ਮਾਨ ਤੇ ਭਾਗ ਨਾਲ਼ ਬੈਠ ਗਈਆਂ। ਦੇਵ ਨੇ ਆਪਣਾ ਸਾਇਕਲ ਇਸ ਲਈ ਨਾ ਲਿਆ ਕਿ ਵਾਪਸੀ ਤੇ ਤਿੰਨ ਜਣਿਆਂ ਦਾ ਆਉਣਾ ਬੱਸ ਰਾਹੀਂ ਹੀ ਸੰਭਵ ਸੀ। ਪਵਾਤ ਦੇ ਪੁਲ਼ ਤੇ ਪਿੰਡ ਵਾਲਿਆਂ ਨੇ ਲੰਗਰ ਲਾਇਆ ਹੋਇਆ ਸੀ। ਸਲਾਹਪੁਰ ਪਿੰਡ ਵਿਚ ਇਹ ਪਿਰਤ ਚਲੀ ਆਉਂਦੀ ਸੀ ਕਿ ਜਦੋਂ ਕੋਈ ਮੌਤ ਹੋ ਜਾਂਦੀ ਤਾਂ ਸਾਰਾ ਪਿੰਡ ਆਪਣੇ ਚੁੱਲ੍ਹੇ ਠੰਡੇ ਰੱਖਦਾ। ਉਨ੍ਹਾਂ ਸੋਚਿਆ ਢਿੱਡਾਂ ਨੂੰ ਝੁਲਕਾ ਦੇ ਹੀ ਲਿਆ ਜਾਵੇ। ਉਹ ਸਾਇਕਲ ਖੜ੍ਹਾ ਕੇ ਰੋਟੀ ਖਾਣ ਬੈਠ ਗਏ। ਰੋਟੀ ਖਾਂਦਿਆਂ ਹੀ ਬਸ਼ੀਰ ਦੇ ਯਾਦ ਆਇਆ। ਉਹ ਜੇਬ੍ਹ' ਚੋਂ ਇਕ ਨੀਲਾ ਲਿਫਾਫ਼ਾ ਕੱਢਦਾ ਬੋਲਿਆ, 'ਦੇਵ ਯਾਰ ਤੇਰੀ ਚਿੱਠੀ ਦੇਣੀ ਤਾਂ ਮੈਂ ਭੁੱਲ ਹੀ ਗਿਆ।'

ਦੇਵ ਨੇ ਉਹ ਲਿਫਾਫ਼ਾ ਫੜ ਕੇ ਖੋਲ੍ਹਿਆ ਤੇ ਪੜ੍ਹਦੀ ਸਾਰ ਉੱਛਲ ਪਿਆ। ਦਲਬੀਰ ਕੌਰ ਨੇ ਉਸਦੇ ਪਾਸ ਹੋਣ ਦੀ ਖ਼ਬਰ ਭੇਜੀ ਸੀ।

'ਮੈਂ ਪਾਸ ਹੋ ਗਿਆ... ਮੈਂ ਪਾਸ ਹੋ ਗਿਆ।' ਉੱਚੀ ਉੱਚੀ ਬੋਲ ਕੇ ਦੇਵ ਨੇ ਸਾਰਿਆਂ

ਨੂੰ ਦੱਸਿਆ।

'ਸ਼ੁਕਰ ਆ ਤੇਰੀ ਸੁਣ ਲਈ ਰੱਬ ਨੇ।' ਭਾਗਵੰਤੀ ਨੇ ਧਰਤੀ ਨੂੰ ਛੂਹ ਕੇ ਕਿਹਾ।

ਦੇਵ ਦੀ ਨਾਨੀ ਦਾ ਸਸਕਾਰ ਗੜਾਂਗਾਂ ਤੋਂ ਲਲਤਾ ਦੀ ਭੈਣ ਰੁਕਮਣੀ ਤੇ ਜੀਜੇ ਹਰੀਪਾਲ ਦੇ ਲੇਟ ਆਉਣ ਕਰਕੇ ਹੋਰ ਵੀ ਲੇਟ ਹੋ ਗਿਆ। ਅਗਲੇ ਦਿਨ ਘਨ੍ਹੱਈਏ ਨੇ ਕਿਹਾ ਕਿ ਭਾਗਵੰਤੀ ਆਪਣੀ ਮਾਂ ਦੇ ਭੋਗ ਤੱਕ ਸਲਾਹਪੁਰ ਹੀ ਰਹੇਗੀ। ਸ਼ਕੁੰਤਲਾ ਤੇ ਦੇ ਵ ਬੱਸ ਫੜਕੇ ਦੋਰਾਹੇ ਪੁੱਜ ਗਏ। ਦੋਰਾਹੇ ਪੁੱਜ ਸ਼ਕੁੰਤਲਾ ਬੋਲੀ, 'ਹੁਣ ਰੋਟੀ ਤਿੰਨੇ ਟਾਇਮ ਉੱਧਰ ਹੀ ਖਾਣੀ ਏਂ। ਜੇ ਚੁੱਲ੍ਹਾ ਬਾਲ਼ਿਆ ਤਾਂ ਮੈਥੋਂ ਬੁਰਾ ਕੋਈ ਨਹੀਂ।'

ਦੇਵ ਨੇ ਬੇਅੰਤ ਨਾਲ਼ ਰਾਮਪੁਰ ਵਾਲ਼ੇ ਰਿਸ਼ਤੇ ਦੀ ਗੱਲ ਤੋਰੀ ਤਾਂ ਉਹ ਬੋਲਿਆ, 'ਐਤਵਾਰ ਨੂੰ ਕੁੜੀ ਵਾਲ਼ੇ ਘਰ ਆਉਣਗੇ। ਜੀਜੇ ਅਤੇ ਬੀਬੀ ਨੂੰ ਬੁਲਾ ਲਵਾਂਗੇ।'

'ਕਹਿ ਦਿੱਤਾ ਜੀਜੇ ਨੂੰ?'

'ਨਹੀਂ ਮੌਕੇ ਤੇ ਹੀ ਦੱਸਾਂਗੇ। ਗੱਲ ਵਿਗੜ ਨਾ ਜਾਵੇ।'

ਐਤਵਾਰ ਨੂੰ ਸਵੇਰੇ ਦਸ ਕੁ ਵਜੇ ਚਾਰ ਪੰਜ ਬੰਦੇ ਸਾਇਕਲਾਂ ਉੱਤੇ ਉਨ੍ਹਾਂ ਦੇ ਘਰ ਆ ਗਏ। ਪਰੇਮ, ਸ਼ਕੁੰਤਲਾ ਤੇ ਸਾਗਰ ਪਹਿਲਾਂ ਹੀ ਆਏ ਬੈਠੇ ਸਨ। ਬੇਅੰਤ ਸਭ ਦੇ ਖਾਣ ਲਈ ਮਠਿਆਈ ਤੇ ਨਮਕੀਨ ਬਗੈਰਾ ਲੈ ਆਇਆ ਸੀ। ਉਹ ਅੰਦਰ ਵੜੇ ਤਾਂ ਇਕ ਜਣੇ ਨੂੰ ਪਛਾਣ ਪਰੇਮ ਉੱਠਿਆ ਤੇ ਹੱਥ ਮਿਲਾਉਂਦਾ ਬੋਲਿਆ, 'ਆਉ ਜੀ, ਮਹਾਰਾਜ ਜੀ... ਮੈਨੂੰ ਕੀ ਪਤਾ ਸੀ ਕਿ ਤੁਸੀਂ ਆਉਣਾ ਏਂ।'

ਸਾਰਿਆਂ ਨੂੰ ਅੰਦਰ ਬਿਠਾ ਚਾਹ ਪਾਣੀ ਪਿਲਾਇਆ ਗਿਆ। ਬੇਅੰਤ ਉਨ੍ਹਾਂ ਨੂੰ ਪਸੰਦ ਆ ਗਿਆ। ਕੁੜੀ ਦੇ ਪਿਓ ਨੇ ਬੇਅੰਤ ਨੂੰ ਪੁੱਛਿਆ, 'ਕਾਕਾ ਜੀ, ਤੁਹਾਡੇ ਦੋ ਗੋਤ ਕਿਹੜੇ ਕਿਹੜੇ ਨੇ?'

ਐਥੇ ਹੀ ਪੰਗਾ ਪੈ ਗਿਆ। ਬੇਅੰਤ ਦੀ ਬੇਬੇ ਭਾਗਵੰਤੀ ਅਤੇ ਕੁੜੀ ਦੇ ਬਾਪ ਦੀਸ਼ੇ ਦੇ ਗੋਤ ਮਿਲ ਗਏ, ਦੋਨੋਂ ਸੇਢੇ। ਉਸ ਨੇ ਜੀਭ ਨਾਲ਼ 'ਟੱਚ-ਟੱਚ' ਕੀਤੀ ਤੇ ਬੋਲਿਆ, 'ਫੇ ਰ ਤਾਂ ਭਾਈ ਗੱਲ ਹੀ ਖ਼ਤਮ। ਤੇਰੀ ਮਾਂ ਤਾਂ ਸਾਡੀ ਭੈਣ ਲੱਗੀ। ਇਹ ਰਿਸ਼ਤਾ ਨਹੀਂ ਹੋ ਸਕਦਾ।'

ਉਸ ਦੀ ਗੱਲ ਸੁਣ ਕੇ ਸਾਰਿਆਂ ਨੂੰ ਧੱਕਾ ਲੱਗਾ। ਬੇਅੰਤ ਮੂੰਹ ਅੱਡੀ ਖੜ੍ਹਾ ਉਨ੍ਹਾਂ ਵੱਲ ਦੇਖਦਾ ਰਹਿ ਗਿਆ। ਬੜੀ ਮੁਸ਼ਕਲ ਨਾਲ਼ ਉਹਦਾ ਬੋਲ ਨਿਕਲ਼ਿਆ, 'ਅਸੀਂ ਕੋਈ ਵਹਿਮ ਨਹੀਂ ਕਰਦੇ ਜੀ। ਗੋਤ ਨੂੰ ਕੀ ਏ।'

'ਪਰ ਕਾਕਾ ਜੀ ਅਸੀਂ ਤਾਂ ਕਰਦੇ ਹਾਂ ਨਾ। ਇੱਕੋ ਗੋਤ ਵਿਚ ਵਿਆਹ ਕਿਵੇਂ ਹੋ ਸਕਦਾ ਏ?'

ਸਾਰੀ ਗੱਲ ਉੱਤੇ ਪਾਣੀ ਫਿਰ ਗਿਆ ਸੀ। ਦੇਵ ਸੋਚ ਰਿਹਾ ਸੀ ਕਿ ਕਾਸ਼! ਇਹ ਗੋਤ ਨਾ ਰਲ਼ਦੇ ਤਾਂ ਐਨੀ ਸੁਹਣੀ ਕੁੜੀ ਨੇ ਉਸਦੀ ਭਾਬੀ ਬਣ ਕੇ ਘਰ ਆ ਜਾਣਾ ਸੀ।

ਦੇਵ ਦੀ ਨਾਨੀ ਦੇ ਭੋਗ ਉੱਤੇ ਉਹ ਜਾਣ ਲੱਗੇ ਤਾਂ ਬੇਅੰਤ ਪਹਿਲਾਂ ਤਾਂ ਤਿਆਰ ਹੋ ਗਿਆ, ਪਰ ਫਿਰ ਬੂਟ ਖੋਲ੍ਹ ਦਿੱਤੇ ਤੇ ਬੋਲਿਆ, 'ਯਾਰ ਦੇਵ ਜੀਜਾ ਤੇ ਬੀਬੀ ਤਾਂ ਚੱਲੇ ਹੀ ਨੇ। ਮੈਂ ਪਿੱਛੇ ਰਹਿ ਜਾਂਦਾ ਏਂ। ਮੇਰੀ ਤਬੀਅਤ ਕੁਝ ਦਿਨਾਂ ਤੋਂ ਠੀਕ ਨਹੀਂ ਚੱਲ ਰਹੀ।'

ਜੇ ਮਨ ਠੀਕ ਹੋਵੇ, ਸ਼ਰੀਰ ਵੀ ਤਾਂ ਤਾਂਹੀ ਠੀਕ ਹੁੰਦਾ ਹੈ। ਦੇਵ ਨੂੰ ਪਤਾ ਸੀ ਕਿ ਰਾਮਪੁਰ ਵਾਲ਼ੇ ਰਿਸ਼ਤੇ ਤੋਂ ਇਨਕਾਰ ਹੋਣ ਮਗਰੋਂ ਬੇਅੰਤ ਦਾ ਮਨ ਠੀਕ ਨਹੀਂ ਸੀ। ਦੇਵ ਨੇ ਉਸ ਨੂੰ ਕਿਹਾ, 'ਤੂੰ ਹੁਣ ਸੋਚਣਾ ਬੰਦ ਕਰ ਦੇ ਬੇਅੰਤ। ਜਿੱਥੇ ਸੰਜੋਗ ਹੋਵੇਗਾ, ਵਿਆਹ ਤਾਂ ਉੱਥੇ ਹੀ ਹੋਣਾ ਏਂ।'

ਆਗਰੇ ਤੋਂ ਰਾਮ ਸਿੰਘ ਤੇ ਜਿੰਦਰ ਭੋਗ ਤੋਂ ਪਹਿਲਾਂ ਸਲਾਹਪੁਰ ਆ ਗਏ ਸਨ। ਹਰੀਵੰਸ਼ ਨੂੰ ਛੁੱਟੀ ਨਹੀਂ ਸੀ ਮਿਲ ਸਕੀ। ਦੇਵ ਦੇ ਪਾਸ ਹੋਣ ਬਾਰੇ ਸੁਣ ਕੇ ਸਾਰੇ ਖੁਸ਼ ਹੋਏ। ਭਾਗਵੰਤੀ ਨੇ ਪਹਿਲਾਂ ਹੀ ਦੇਵ ਬਾਰੇ ਸਾਰੀ ਗੱਲਬਾਤ ਦੱਸਕੇ ਜਿੰਦਰ ਨੂੰ ਸਮਝਾ ਦਿੱਤਾ ਸੀ ਕਿ ਰੋਪੜ ਹੁਣ ਦੇਵ ਨੇ ਠੀਕ ਨਹੀਂ ਰਹਿਣਾ। ਜਿੰਦਰ ਕਹਿਣ ਲੱਗੀ, 'ਦੇਵ ਹੁਣ ਤੂੰ ਤਿਆਰੀ ਕਰ ਲੈ। ਤੂੰ ਹੁਣ ਸਾਡੇ ਨਾਲ਼ ਆਗਰੇ ਜਾਵੇਂਗਾ। ਅਗਲੀ ਪੜ੍ਹਾਈ ਤੇਰੀ ਉੱਥੇ ਹੋਵੇਗੀ।'

ਭੋਗ ਮਗਰੋਂ ਉਹ ਸਾਰੇ ਦੋਰਾਹੇ ਆ ਗਏ। ਤਿੰਨ ਟਰੰਕ ਅਤੇ ਹੋਰ ਕਾਫ਼ੀ ਸਮਾਨ ਜਿੰਦਰ ਨੇ ਆਪਣੀ ਪੇਟੀ' ਚੋਂ ਕੱਢ ਆਗਰੇ ਲੈ ਜਾਣ ਲਈ ਤਿਆਰ ਕਰ ਲਿਆ। ਚਾਲ ਚੱਲਣ ਸਰਟੀਫਿਕੇਟ ਲੈਣ ਦਾ ਬਹਾਨਾ ਤਾਂ ਹੈ ਹੀ ਸੀ। ਦੇਵ ਨੇ ਸੋਚਿਆ ਇਕ ਵਾਰੀ ਕੁਲਦੀਪ ਨੂੰ ਜ਼ਰੂਰ ਮਿਲ ਆਵੇ। ਉਸ ਨੇ ਰੋਪੜ ਜਾਣ ਦੀ ਤਿਆਰੀ ਕੀਤੀ ਤਾਂ ਰਾਮ ਸਿੰਘ ਵੀ ਨਾਲ਼ ਹੀ ਤਿਆਰ ਹੋ ਗਿਆ। ਪਰੇਮ ਨੇ ਉਨ੍ਹਾਂ ਨੂੰ ਇੰਜਣ ਵਾਲ਼ਾ ਸਾਇਕਲ ਦੇ ਦਿੱਤਾ ਸੀ। ਉਹ ਦੋਨੋਂ ਰੋਪੜ ਕਾਲਜ ਗਏ ਤੇ ਸਰਟੀਫਿਕੇਟ ਲੈਕੇ ਫਿਰ ਦੋਰਾਹੇ ਆ ਗਏ। ਦੇ ਵ ਨੂੰ ਲੱਗਾ ਕਿ ਹੁਣ ਜ਼ਿੰਦਗੀ ਵਿਚ ਉਹ ਕੁਲਦੀਪ ਨੂੰ ਮੁੜ ਕਦੀ ਵੀ ਨਹੀਂ ਮਿਲ ਸਕੇ ਗਾ।

**00**

# ਛਿਆਹਟ

ਰੇਲ ਗੱਡੀ ਵਿਚ ਦੇਵ ਦਾ ਇਹ ਪਹਿਲਾ ਸਫ਼ਰ ਸੀ। ਉਸ ਤੋਂ ਪਹਿਲਾਂ ਉਹ ਦੋਰਾਹੇ ਅਤੇ ਰੋਪੜ ਲੰਘਦੀਆਂ ਰੇਲ ਗੱਡੀਆਂ ਨੂੰ ਬੜੀ ਸੱਧਰ ਨਾਲ਼ ਦੇਖਿਆ ਕਰਦਾ ਸੀ, ਪਰ ਗੱਡੀ ਵਿਚ ਬਹਿ ਕੇ ਸਫਰ ਕਰਨ ਦਾ ਕਦੀ ਕੋਈ ਮੌਕਾ ਹੀ ਨਹੀਂ ਸੀ ਬਣਿਆ। ਜਦੋਂ ਦੇਵ ਪ੍ਰਾਇਮਰੀ ਵਿਚ ਸੀ ਤਾਂ ਅੱਧੀ ਛੁੱਟੀ ਵੇਲ਼ੇ ਕਲਾਸਾਂ ਦੇ ਮੁੰਡੇ ਇਕ ਦੂਜੇ ਦੇ ਝੱਗਿਆਂ ਦੇ ਪਿਛਲੇ ਪੱਲੇ ਫੜ ਕੇ, ਛੁਕ-ਛੁਕ ਕਰ ਕੇ ਦੌੜਦੇ, ਗੱਡੀ ਵਾਂਗ ਹੀ ਸੀਟੀਆਂ ਵਜਾਇਆ ਕਰਦੇ ਸਨ। ਦੇਵ ਨੂੰ ਇਹ ਖੇਡ ਬੜੀ ਪਿਆਰੀ ਲੱਗਦੀ। ਸਲਾਹਪੁਰ ਪਿੰਡ ਵਿਚ ਬਲਵੀਰ ਦੇਵ ਦਾ ਜਮਾਤੀ ਵੀ ਸੀ ਤੇ ਗੁਆਂਢੀ ਵੀ। ਗਰਮੀਆਂ ਵਿਚ ਉਹ ਕੋਠੇ ਉੱਤੇ ਇੱਕੋ ਪਾਸੇ ਨੂੰ ਮੂੰਹ ਕਰਕੇ ਇਕ ਦੂਜੇ ਨਾਲ਼ ਜੁੜਕੇ ਘਰੋੜੇ ਮੰਜੇ ਤੇ ਲੇਟ ਜਾਂਦੇ। ਪਿਛਲਾ ਅਗਲੇ ਦਾ ਝੱਗਾ ਚੁੱਕ ਕੇ ਉਸ ਦੀ ਪਿੱਠ ਤੇ ਖਾਜ ਕਰਦਾ ਬੋਲਦਾ, 'ਖਿੱ.... ਚ.... ਉ... ਇ... ਚਾ.... ਚਾ.. ।' ਖਾਜ ਕਰਵਾਉਣ ਵਾਲ਼ਾ ਉੱਤਰ ਦਿੰਦਾ, 'ਧੈ... ਕ.. ਉ... ਏ... ਬਾ.... ਪੂ।' ਦੋਨੋਂ ਜਣੇ ਇਹ ਮੁਹਾਰਨੀ ਹੌਲ਼ੀ-ਹੌਲ਼ੀ ਬੋਲਦੇ ਸਪੀਡ ਵੀ ਫੜੀ ਜਾਂਦੇ। ਫਿਰ ਪਿਛਲਾ ਬੋਲਦਾ, 'ਢਹਿ ਗਿਆ ਟੇਸਣ।' ਤਾਂ ਅਗਲਾ ਕਹਿੰਦਾ, 'ਮਰ ਗਿਆ ਬਾਬੂ।'

'ਢਹਿ ਗਿਆ ਟੇਸਣ, ਮਰ ਗਿਆ ਬਾਬੂ' ਕਹਿਣ ਦੀ ਸਪੀਡ ਕਾਫ਼ੀ ਤੇਜ਼ ਹੋਣ ਮਗਰੋਂ, 'ਕੂਅਅਅ.... ।' ਦੀ ਅਵਾਜ਼ ਕੱਢਦੇ ਤੇ ਹੌਲ਼ੀ ਹੁੰਦੀ ਗੱਡੀ ਰੁਕ ਜਾਂਦੀ। ਦੋਨੋਂ ਜਣੇ ਪਾਸੇ ਪਰਤ ਲੈਂਦੇ ਤੇ ਉਸੇ ਕ੍ਰਮ ਨੂੰ ਫਿਰ ਦੋਹਰਾਇਆ ਜਾਂਦਾ। ਘੰਟਾ-ਘੰਟਾ ਭਰ ਉਹ ਉਹੀ ਖੇਡ ਖੇਡਦੇ ਰਹਿੰਦੇ। ਖੁਸ਼ਕੀ ਮਾਰੇ ਪਿੰਡਿਆਂ ਤੇ ਖਾਜ ਵੀ ਹੋਈ ਜਾਂਦੀ ਤੇ ਰੇਲ ਗੱਡੀ ਵੀ ਚਲਦੀ ਰਹਿੰਦੀ।

ਬਚਪਨ ਦੀਆਂ ਕਾਲਪਨਿਕ ਗੱਡੀਆਂ ਲੰਘ ਗਈਆਂ ਸਨ ਤੇ ਅੱਜ ਦੇਵ ਸੱਚਮੁੱਚ ਦੀ ਗੱਡੀ ਵਿਚ ਦਾ ਸਫ਼ਰ ਕਰਨ ਲਈ ਦੋਰਾਹਾ ਸਟੇਸ਼ਨ ਦੇ ਪਲੇਟਫਾਰਮ' ਤੇ ਖੜ੍ਹਾ ਸੀ। ਉਸ ਨੇ ਬਾਰ੍ਹਵੀਂ ਜਮਾਤ ਤੋਂ ਅਗਲੀ ਪੜ੍ਹਾਈ ਕਰਨ ਲਈ ਆਗਰੇ ਜਾਣਾ ਸੀ। ਬੇਅੰਤ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੇ ਛੱਡਣ ਆਇਆ ਸੀ। ਉਹ ਚੁੱਪ-ਗੜੁੱਪ ਸੀ। ਪਸੰਦ ਆਈ ਕੁੜੀ ਨਾਲ਼ ਗੋਤ ਰਲ਼ਣ ਕਰਕੇ ਵਿਆਹ ਨਾ ਹੋ ਸਕਣ ਦਾ ਉਸ ਨੂੰ ਝੋਰਾ ਸੀ। ਮੁੜ ਯੂਨਿਟ ਵਾਪਸ ਜਾਣ ਲਈ ਉਸ ਦੇ ਕੁਝ ਕੁ ਦਿਨ ਹੀ ਰਹਿ ਗਏ ਸਨ। ਵਿਆਹ ਲਈ ਕਿਸੇ ਹੋਰ ਕੁੜੀ ਦੀ ਭਾਲ਼ ਅਗਲੀ ਸਾਲਾਨਾ ਛੁੱਟੀ ਤੇ ਚਲੀ ਗਈ ਸੀ।

'ਬੇਅੰਤ ਤੂੰ ਐਨਾ ਉਦਾਸ ਕਿਉਂ ਏਂ?' ਜਿੰਦਰ ਨੇ ਉਸ ਦਾ ਚਿਹਰਾ ਪੜ੍ਹ ਕੇ ਪੁੱਛਿਆ।

'ਨਹੀਂ ਭਾਬੀ ਜੀ ਉਦਾਸ ਕਿੱਥੇ ਹਾਂ।' ਉਹ ਉਦਾਸੀ ਵਿੱਚੋਂ ਹੀ ਬੋਲਿਆ।

'ਮੈਨੂੰ ਪਤਾ ਏ ਸਭ... ਮੇਰੀ ਭਾਣਜੀ ਨਾਲ਼ ਤਾਂ ਤੂੰ ਵਿਆਹ ਕਰਵਾਉਣ ਲਈ ਮੰਨਿਆਂ ਨਹੀਂ। ਮੈਂ ਆਪਣੇ ਚਾਚਾ ਜੀ ਨੂੰ ਖ਼ਤ ਪਾਵਾਂਗੀ ਕਿ ਤੇਰੇ ਲਈ ਕੋਈ ਕੁੜੀ ਲੱਭ ਦੇਵੇ।' ਜਿੰਦਰ ਬੋਲੀ, ਪਰ ਬੇਅੰਤ ਨੇ ਉਸਦੀ ਗੱਲ ਦਾ ਕੋਈ ਉੱਤਰ ਹੀ ਨਾ ਦਿੱਤਾ।

ਤਦੇ ਸਿਗਨਲ ਡਾਊਨ ਹੋ ਗਿਆ ਤਾਂ ਉਨ੍ਹਾਂ ਨੇ ਆਪਣਾ ਸਮਾਨ ਅੱਗੇ ਨੂੰ ਖਿੱਚ ਲਿਆ। ਚੜ੍ਹਾਉਣ ਵਾਲ਼ਾ ਸਕਾਫ਼ੀ ਮਾਨ ਸੀ ਤੇ ਗੱਡੀ ਨੇ ਕੇਵਲ ਦੋ ਮਿੰਟ ਰੁਕਣਾ ਸੀ। ਗੱਡੀ ਰੁਕਦੀ ਸਾਰ ਹਫ਼ੜਾ-ਦਫ਼ੜੀ ਪੈ ਗਈ। ਜਿਹੜਾ ਡੱਬਾ ਉਨ੍ਹਾਂ ਮੂਹਰੇ ਆ ਕੇ ਰੁਕਿਆ, ਉਹ ਪੂਰਾ ਭਰਿਆ ਹੋਇਆ ਸੀ। ਜਿੰਦਰ ਅਤੇ ਕੁੜੀਆਂ ਨੂੰ ਚੜ੍ਹਾਉਣ ਮਗਰੋਂ ਉਨ੍ਹਾਂ ਨੇ ਸਾਰਾ ਸਮਾਨ ਅੰਦਰ ਧੱਕ ਦਿੱਤਾ। ਦੇਵ ਨੇ ਪੈਰ ਧਰਨ ਜੋਗੀ ਥਾਂ ਬਣਾਈ ਹੀ ਸੀ ਕਿ ਗੱਡੀ ਵਿਸਲ ਮਾਰ ਕੇ ਚੱਲ ਪਈ ਤੇ 'ਖਿੱਚ ਉਇ ਚਾਚਾ, ਧੱਕ ਉਇ ਬਾਪੂ' ਕਹਿਣ ਲੱਗ ਪਈ। ਰਾਮ ਸਿੰਘ ਨੇ ਦੌੜ ਕੇ ਦਰਵਾਜ਼ੇ ਦਾ ਡੰਡਾ ਫੜਿਆ ਤੇ ਨਾਲ਼ ਲਟਕ ਗਿਆ। ਦੇਵ ਨੇ ਟਰੰਕ ਨੂੰ ਥੋੜ੍ਹਾ ਹੋਰ ਅੱਗੇ ਖਿਸਕਾ ਕੇ ਵੱਡੀ ਕੁੜੀ ਸਤਿੰਦਰ ਨੂੰ ਉੱਤੇ ਬਿਠਾ ਦਿੱਤਾ।

'ਉਇ ਭਾਊ ਤੂੰ ਰਾਹ' ਚ ਖੰਜੂਰ ਬਣਿਆ ਖੜ੍ਹਾ ਏਂ, ਅੰਦਰ ਕਿਉਂ ਨੀ ਹੋ ਰਿਹਾ?' ਰਾਮ ਸਿੰਘ ਨੇ ਦਰ' ਚ ਖੜ੍ਹੇ ਬੰਦੇ ਨੂੰ ਕਿਹਾ।

'ਅੱਗੇ ਕਿਹੜੇ ਖੂਹ' ਚ ਡਿੱਗਾਂ?' ਉਹ ਬੋਲਿਆ।

ਇਕ ਕਾਲ਼ੀ ਟੋਪੀ ਵਾਲ਼ਾ ਬੰਦਾ ਜਿਸ ਨੇ ਆਪਣਾ ਸੂਟਕੇਸ ਸਿਰ ਤੇ ਚੁੱਕਿਆ ਹੋਇਆ ਸੀ, ਬੋਲਿਆ, 'ਥੋੜ੍ਹਾ ਥੋੜ੍ਹਾ ਸੁੰਗੜ ਜਾਓ ਯਾਰ। ਬਾਹਰ ਲਟਕਦੇ ਨੇ ਜਿਹੜੇ, ਉਹਨਾਂ ਨੂੰ ਤਾਂ ਅੰਦਰ ਕਰ ਲਓ। ਸਫ਼ਰ ਏ, ਐਥੇ ਕਿਹੜਾ ਕਿਸੇ ਨੇ ਬੈਠੇ ਰਹਿਣਾ ਏਂ।'

'ਤੂੰ ਬਾਹਰ ਚਲਾ ਜਾਹ। ਕਰ ਲੈਂਦੇ ਹਾਂ ਅੰਦਰ।' ਕੋਈ ਹੱਸ ਕੇ ਬੋਲਿਆ।

'ਹੈ ਪੁੱਠੀ ਬਾਤ... ਹੱਦ ਹੋ ਗਈ ਯਾਰੋ।' ਉਸ ਦੇ ਦੁਬਾਰਾ ਕਹਿਣ ਦਾ ਅਸਰ ਹੋਇਆ ਤਾਂ ਰਾਮ ਸਿੰਘ ਨੂੰ ਵੀ ਅੰਦਰ ਪੈਰ ਧਰਨ ਜੋਗੀ ਥਾਂ ਮਿਲ ਗਈ।

'ਲੋਕ ਘਰੇ ਨੀ ਬਹਿ ਸਕਦੇ ਟਿਕ ਕੇ.. ਐਨਾ ਮਲੱਖ ਪਤਾ ਨਹੀਂ ਕਿੱਧਰ ਨੂੰ ਤੁਰਿਆ ਹੋਇਆ ਏ।' ਇਕ ਜਣਾ ਬੋਲਿਆ।

'ਤੂੰ ਕਿਹੜਾ ਟਿਕਿਆ ਏਂ ਘਰ। ਅੱਜ ਨਾ ਆਉਂਦਾ ਤਾਂ ਬਾਹਰ ਲਟਕਣ ਵਾਲ਼ੇ ਦੋ ਅੰਦਰ ਹੁੰਦੇ।'

'ਸਮਾਨ ਦੇ ਨਗ ਗਿਣ ਲਏ ਜਿੰਦਰ?' ਰਾਮ ਸਿੰਘ ਬੋਲਿਆ।

'ਹਾਂ ਜੀ... ਤੁਸੀਂ ਅੱਗੇ ਲੰਘ ਆਓ।' ਜਿੰਦਰ ਬੋਲੀ।

'ਆਵਾਂ ਕਿਵੇਂ? ਭੀੜ ਨੇ ਤਾਂ ਕੰਧ ਬਣਾਈ ਪਈ ਏ।'

ਗੱਡੀ ਛੇਤੀ ਹੀ 'ਢਹਿ ਗਿਆ ਟੇਸਣ, ਮਰ ਗਿਆ ਬਾਬੂ' ਕਹਿੰਦੀ ਛਾਲੀਂ ਹੋ ਲਈ।

'ਐਸੇ ਤਰ੍ਹਾਂ ਜਾਣਾ ਪਊ ਸਿਰੇ ਤੱਕ?' ਦੇਵ ਨੇ ਰਾਮ ਸਿੰਘ ਨੂੰ ਪੁੱਛਿਆ।

'ਚਿੰਤਾ ਨਾ ਕਰ, ਹਾਲਾਤ ਸਦਾ ਇੱਕੋ ਜਿਹੇ ਨੀ ਰਹਿੰਦੇ। ਦੋ ਚਾਰ ਸਟੇਸ਼ਨ ਲੰਘਣਗੇ, ਸਭ ਠੀਕ ਹੋ ਜਾਣਾ ਏਂ।'

ਪੱਕੇ ਰੰਗ ਦੀ ਇਕ ਮੋਟੀ ਕੁੜੀ ਜਿਸ ਨੇ ਆਪਣੀਆਂ ਅੱਖਾਂ ਵਿਚ ਲੋਅ ਪਾਈ ਹੋਈ ਸੀ, ਘਿਸਰਦੀ ਘਿਸਰਦੀ ਬਿਲਕੁਲ ਦੇਵ ਦੇ ਨਾਲ਼ ਆ ਜੁੜੀ। ਹਿਲੋਲ਼ਾ ਲਗਦਾ ਤਾਂ ਉਹ ਦੇਵ ਦੇ ਵਿਚ ਵੱਜਦੀ ਜਾਂ ਸ਼ਾਇਦ ਬਿਨਾਂ ਹਿਲੋਲ਼ੇ ਤੋਂ ਹੀ ਵੱਜੀ ਜਾਂਦੀ। ਦੇਵ ਨੂੰ ਸ਼ੱਕ ਹੋਇਆ ਜਿਵੇਂ ਉਸ ਦੇ ਵੀਰ ਜੀ ਕੁੜੀ ਦੀਆਂ ਹਰਕਤਾਂ ਨੂੰ ਨੋਟ ਕਰ ਰਹੇ ਹੋਣ। ਦੇਵ ਉਸ ਕੁੜੀ ਤੋਂ ਅੱਖਾਂ ਚੁਰਾਉਣ ਲੱਗਾ ਤੇ ਆਪਣੇ ਆਪ ਵਿਚ ਹੀ ਸੁੰਗੜਨ ਲੱਗ ਪਿਆ। ਜਦੋਂ ਵੀ ਉਸ ਦੀ ਨਜ਼ਰ ਉਸ ਕੁੜੀ ਨਾਲ਼ ਮਿਲਦੀ, ਉਹ ਮੁਸਕਰਾ ਦਿੰਦੀ। ਛੋਟੀ ਕੁੜੀ ਜਤਿੰਦਰ ਨੂੰ ਚੁੱਕੀ ਜਿੰਦਰ ਵੀ ਉਸ ਕੁੜੀ ਨਾਲ਼ ਜੁੜੀ ਖੜੀ ਸੀ। ਅਚਾਨਕ ਜਤਿੰਦਰ ਰੋਣ ਲੱਗੀ ਤਾਂ ਦੇਵ ਬੋਲਿਆ, 'ਭਾਬੀ ਜੀ, ਮੈਨੂੰ ਫੜਾ ਦਿਓ।'

'ਤੂੰ ਕਿਹੜਾ ਵੀਰਾ ਸੌਖਾ ਖਲੋਤਾ ਏਂ।' ਉਹ ਹੱਸੀ।

ਦੇਵ ਮੋਟੀ ਕੁੜੀ ਤੋਂ ਪਰੇਸ਼ਾਨ ਹੋ ਗਿਆ। ਜਿਵੇਂ ਕਿਵੇਂ ਘੁੰਮ ਕੇ ਉਸ ਨੇ ਉਸ ਵੱਲ ਆਪਣੀ ਪਿੱਠ ਕਰ ਲਈ। ਹੁਣ ਉਹ ਉਹਦੀ ਪਿੱਠ ਤੇ ਸਵਾਰ ਹੋ ਗਈ। ਰਾਜਪੁਰੇ ਤੱਕ ਇਹੀ ਕੁਝ ਹੁੰਦਾ ਰਿਹਾ। ਉੱਥੇ ਗੱਡੀ ਰੁਕੀ ਤਾਂ ਉਹ ਵੀ ਉੱਤਰ ਗਈ। ਇਕ ਬੰਦਾ ਆਪਣੀ ਸੀਟ ਤੋਂ ਉੱਠਦਾ ਜਿੰਦਰ ਨੂੰ ਕਹਿਣ ਲੱਗਾ, 'ਭੈਣਾ ਐਥੇ ਆ ਬੈਠ, ਮੈਂ ਤਾਂ ਅੱਗੇ ਉਤਰ ਹੀ ਜਾਣਾ ਏਂ।'

ਚਾਰ-ਪੰਜ ਬੰਦੇ ਉੱਤਰੇ ਤਾਂ ਥਾਂ ਕੁਝ ਮੋਕਲੀ ਹੋ ਗਈ ਤਾਂ ਰਾਮ ਸਿੰਘ ਨੇ ਸਾਰਾ ਸਮਾਨ ਬੈਠੀ ਜਿੰਦਰ ਦੇ ਪੈਰਾਂ ਕੋਲ਼ ਧੱਕ ਦਿਤਾ। ਉਹ ਦੋਨੋਂ ਜਿੰਦਰ ਦੇ ਲਾਗੇ ਪੁੱਜ ਗਏ । ਗੱਡੀ ਚੱਲਣ ਤੱਕ ਡੱਬਾ ਪਹਿਲਾਂ ਨਾਲੋਂ ਵੀ ਵੱਧ ਭਰ ਗਿਆ। ਉੱਪਰਲੀ ਸੀਟ ਉੱਤੇ ਕੋਈ ਚਾਦਰ ਵਿਚ ਲਿਪਟਿਆ ਪਿਆ ਸੀ। ਰਾਮ ਸਿੰਘ ਨੇ ਉਸਦਾ ਗੋਡਾ ਹਲੂਣਿਆਂ ਤੇ ਕਿਹਾ, 'ਉੱਠ ਬਈ ਉੱਠ।'

'ਕੀ ਏ?' ਉਹ ਚਾਦਰ ਹਟਾ ਕੇ ਕੌੜਾ ਝਾਕਦਾ ਬੋਲਿਆ।

'ਤੈਨੂੰ ਨਹੀਂ ਪਤਾ ਕੀ ਏ? ਉੱਠ ਕੇ ਬੈਠ। ਬਾਕੀਆਂ ਨੇ ਵੀ ਸਫ਼ਰ ਕਰਨਾ ਏਂ।'

ਉਸ ਬੰਦੇ ਨੇ ਰਾਮ ਸਿੰਘ ਵੱਲ ਘੂਰ ਕੇ ਦੇਖਿਆ। ਲਾਲ ਫਿਫ਼ਟੀ ਤੇ ਖਾਕੀ ਪਗੜੀ, ਦਾੜ੍ਹੀ ਧਾਗੇ ਨਾਲ਼ ਬੰਨ੍ਹੀ ਹੋਈ ਤੇ ਮੁੱਛਾਂ ਖੜ੍ਹੀਆਂ। ਸ਼ਾਇਦ ਉਸ ਨੇ ਉਸਨੂੰ ਪੁਲ਼ਸੀਆ ਸਮਝ ਲਿਆ। ਉੱਠ ਕੇ ਬੈਠ ਗਿਆ, ਲੱਤਾਂ ਵੀ ਇਕੱਠੀਆਂ ਕਰ ਲਈਆਂ ਤੇ ਬੋਲਿਆ, 'ਆਓ ਸਰਦਾਰ ਸਾਹਿਬ, ਰੱਖੋ ਸਮਾਨ ਆਪਣਾ।'

ਉਨ੍ਹਾਂ ਦੋਨਾਂ ਨੇ ਇਕ ਇਕ ਕਰ ਕੇ ਸਾਰਾ ਸਮਾਨ ਉੱਪਰਲੀ ਸੀਟ ਤੇ ਚੜ੍ਹਾ ਦਿੱਤਾ। ਖਿੜਕੀ ਲਾਗੇ ਬੈਠੀ ਇਕ ਬਜ਼ੁਰਗ ਔਰਤ ਨੂੰ ਜਿੰਦਰ ਨੇ ਕਿਹਾ, 'ਕਿੱਥੇ ਜਾਣਾ ਏਂ ਮਾਂ ਜੀ?'

'ਮਥਰਾ ਜਾਣਾ ਏਂ ਬੇਟੀ। ਉੱਥੇ ਸਾਡਾ ਬੇਟਾ ਨੌਕਰ ਏ।' ਉਸ ਨਾਲ਼ ਬੈਠਾ ਬਜ਼ੁਰਗ ਬੋਲਿਆ।

ਜਿੰਦਰ ਉਨ੍ਹਾਂ ਨਾਲ਼ ਗੱਲਾਂ ਮਾਰਨ ਲੱਗ ਪਈ। ਗੱਲਾਂ' ਚੋਂ ਗੱਲਾਂ ਨਿਕਲਦੀਆਂ ਗਈਆਂ। ਉਨ੍ਹਾਂ ਦੀ ਇਕ ਕੁੜੀ ਜਿੰਦਰ ਦੇ ਨਾਨਕੀਂ ਭਾਦਸੋਂ ਵਿਆਹੀ ਹੋਈ ਸੀ। ਫਿਰ ਉਹ ਇੰਝ ਗੱਲਾਂ ਕਰਨ ਲੱਗ ਪਈਆਂ ਜਿਵੇਂ ਬਾਕੀਆਂ ਤੋਂ ਭੇਤ ਰੱਖਣਾ ਹੋਵੇ। ਉਹ ਗੱਲਾਂ ਕੀ ਸਨ, ਗੱਡੀ ਦੇ ਸ਼ੋਰ ਵਿਚ ਗੁਆਚਦੀਆਂ ਰਹੀਆਂ। ਦੁੱਖਾਂ ਦੀਆਂ ਹੀ ਹੋਣਗੀਆਂ ਤਾਂ ਹੀ ਤਾਂ ਬਜ਼ੁਰਗ ਤੇ ਮਾਈ ਬਾਰ-ਬਾਰ ਅੱਖਾਂ ਭਰ ਰਹੇ ਸਨ। ਅੱਗੇ ਜਾਕੇ ਰਾਮ ਸਿੰਘ ਤੇ ਦੇਵ ਨੂੰ ਵੀ ਸੀਟਾਂ ਮਿਲ ਗਈਆਂ। ਹੁਣ ਦੇਵ ਦੀ ਸੀਟ ਖਿੜਕੀ ਲਾਗੇ ਸੀ। ਸਤਿੰਦਰ ਉਸਦੀ ਗੋਦ ਵਿਚ ਆ ਬੈਠੀ। ਰਾਮ ਸਿੰਘ ਨੇ ਜਿੰਦਰ ਕੋਲ਼ ਬੈਠੇ ਬੰਦੇ ਨਾਲ਼ ਆਪਣੀ ਸੀਟ ਬਦਲ ਲਈ। ਗੱਡੀ ਦਾ ਉਹ ਸਫ਼ਰ ਸ਼ੁਰੂ ਹੋ ਗਿਆ, ਜਿਸਦਾ ਦੇਵ ਆਨੰਦ ਮਾਣਨਾ ਚਾਹੁੰਦਾ ਸੀ। ਬਾਹਰ ਨੇੜੇ ਦੇ ਦਰੱਖਤ ਅਤੇ ਖੇਤ ਬੜੀ ਤੇਜ਼ੀ ਨਾਲ਼ ਪਿੱਛੇ ਵੱਲ ਦੌੜੇ ਜਾ ਰਹੇ ਸਨ ਤੇ ਦੂਰ ਵਾਲ਼ੇ ਨਾਲ਼ ਨਾਲ਼ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਦੇਵ ਸੋਚਣ ਲੱਗਾ ਰਿਸ਼ਤੇਦਾਰ, ਦੋਸਤ ਮਿੱਤਰ ਜਿਹੜੇ ਜ਼ਰਾ ਦੂਰ ਰਹਿੰਦੇ ਹਨ, ਉਹੀ ਬੰਦੇ ਨਾਲ਼ ਵਰਤਦੇ ਤੇ ਨਾਲ਼ ਨਾਲ਼ ਜਾਂਦੇ ਹਨ। ਜਿਹੜੇ ਕੋਲ਼ ਹੁੰਦੇ ਹਨ, ਉਹ ਪਰ੍ਹੇ ਭੱਜਦੇ ਹਨ। ਠੰਡੀ ਠੰਡੀ ਹਵਾ ਨੇ ਸਫ਼ਰ ਸੁਹਾਵਣਾ ਬਣਾਇਆ ਹੀ ਸੀ ਕਿ ਕੋਲ਼ੇ ਦਾ ਇਕ ਮਹੀਨ ਕਣ ਦੇਵ ਦੀ ਅੱਖ ਵਿਚ ਆ ਪਿਆ। ਗਲਤੀ ਇਹ ਹੋਈ ਕਿ ਅੱਖ ਉਸ ਨੇ ਮਲ਼ ਲਈ ਤੇ ਰੜਕ ਪੈਣੀ ਸ਼ੁਰੂ ਹੋ ਗਈ।

'ਉਇ ਦੇਵ ਤੇਰੀ ਅੱਖ ਤਾਂ ਗੇਰੂ ਵਰਗੀ ਬਣੀ ਪਈ ਏ, ਕੀ ਹੋਇਆ?' ਜਿੰਦਰ ਨੇ ਪੁੱਛਿਆ।

'ਕੋਲਾ ਪੈ ਗਿਆ ਭਾਬੀ ਜੀ।' ਉਹ ਬੋਲਿਆ।

'ਆ ਉਰੇ।' ਉਸ ਨੇ ਬੁਲਾਇਆ ਤਾਂ ਉਹ ਉਸ ਕੋਲ਼ ਚਲਾ ਗਿਆ। ਪਲਕ ਉਲਟਾ ਕੇ ਚੁੰਨੀ ਦੇ ਗਿੱਲੇ ਕੀਤੇ ਲੜ ਨਾਲ਼ ਉਸ ਨੇ ਕਣ ਬਾਹਰ ਕੱਢ ਦਿੱਤਾ, ਪਰ ਅੱਖ ਦੇ ਦਰਦ ਨੇ ਬੜੀ ਦੂਰ ਤੱਕ ਸਫਰ ਬੇਸੁਆਦਾ ਕਰੀ ਰੱਖਿਆ। ਪਾਣੀਪਤ ਜਾ ਕੇ ਗੱਡੀ ਰੁਕੀ ਤਾਂ ਰਾਮ ਸਿੰਘ ਹੇਠ ਉੱਤਰ ਕੇ ਪਾਣੀ ਦਾ ਡੋਲੂ ਭਰ ਲਿਆਇਆ ਤੇ ਜਿੰਦਰ ਨੇ ਰੋਟੀ ਵਾਲ਼ਾ ਡੱਬਾ ਖੋਲ੍ਹ ਲਿਆ। ਰਾਮ ਸਿੰਘ ਨੇ ਗੱਠੇ ਤੇ ਮੁੱਕੀ ਮਾਰੀ ਤਾਂ ਲਾਗੇ ਬੈਠੀ ਔਰਤ ਨੇ ਨੱਕ ਬੰਦ ਕਰ ਲਿਆ। ਜਿੰਦਰ ਨੇ ਦੇਵ ਨੂੰ ਹੌਲ਼ੀ ਦੇਣੇ ਦੱਸਿਆ ਕਿ ਬਹੁਤੇ ਲੋਕ ਪਿਆਜ ਨਹੀਂ

ਖਾਂਦੇ ਤੇ ਉਹ ਇਸ ਦਾ ਮੁਸ਼ਕ ਵੀ ਬਰਦਾਸ਼ਤ ਨਹੀਂ ਕਰ ਸਕਦੇ।

'ਫੇਰ ਦਾਲ਼ ਸਬਜ਼ੀ ਵਿਚ ਵੀ ਨ੍ਹੀ ਪਾਉਂਦੇ?' ਦੇਵ ਨੇ ਪੁੱਛਿਆ।

'ਨਹੀਂ.... ਲਸਣ ਵੀ ਨਹੀਂ।'

ਰੋਟੀ ਖਾਣ ਮਗਰੋਂ ਦੇਵ ਨੇ ਫਲੱਸ਼ ਵਿਚ ਜਾ ਕੇ ਹੱਥ ਧੋਤੇ ਤਾਂ ਪਤਾ ਲੱਗਾ ਕਿ ਉਸ ਦੀ ਪਿਛਲੀ ਜੇਬ੍ਹ ਵਿਚ ਪਿਆ ਪਰਸ ਗਾਇਬ ਸੀ। ਉਹ ਸਮਝ ਗਿਆ ਕਿ ਉਹ ਪੱਕੇ ਰੰਗ ਦੀ ਮੋਟੀ ਕੁੜੀ ਹੀ ਜੇਬ ਕਤਰੀ ਸੀ। ਉਸ ਦੇ ਪਰਸ ਵਿਚ ਵੀਹ ਕੁ ਰੁਪਏ ਸਨ। ਦੋਰਾਹੇ ਤੋਂ ਚੱਲਣ ਲੱਗਿਆਂ ਉਸ ਦੀ ਬੇਬੇ ਨੇ ਉਸਨੂੰ ਸੱਤਰ ਰੁਪਏ ਦਿੱਤੇ ਸਨ। ਫਿਰ ਬੇਅੰਤ ਨੇ ਵੀ ਪੰਜਾਹ ਰੁਪਏ ਦੇ ਕੇ ਕਿਹਾ ਸੀ ਕਿ ਇੰਨ੍ਹਾਂ ਨੂੰ ਛੁਪਾ ਕੇ ਵੀ ਤੇ ਬਚਾ ਕੇ ਵੀ ਰੱਖ ਲਵੇ । ਲੋੜ ਪੈਣ ਤੇ ਕਿਸ ਨੂੰ ਮਾਸੀ ਕਹੇਗਾ। ਉਸ ਨੇ ਇਹ ਵੀ ਕਿਹਾ ਸੀ ਕਿ ਆਗਰੇ ਪੁੱਜ ਉਹ ਉਸਨੂੰ ਕੋਈ ਅਜਿਹਾ ਸਿਰਨਾਵਾਂ ਲਿਖ ਦੇਵੇ ਜਿੱਥੇ ਉਹ ਚਿੱਠੀ ਵੀ ਪਾ ਸਕੇ ਤੇ ਮਨੀਆਰਡਰ ਵੀ ਭੇਜ ਸਕੇ। ਉਹ ਇਕ ਸੌ ਵੀਹ ਰੁਪਏ ਉਸ ਨੇ ਪੈਂਟ ਦੀ ਚੋਰ ਜੇਬ੍ਹ ਵਿਚ ਰੱਖ ਲਏ ਸਨ, ਨਹੀਂ ਤਾਂ ਸਾਰੇ ਚਲੇ ਜਾਣੇ ਸਨ। ਪਰਸ ਗੁੰਮ ਹੋਣ ਦੀ ਗੱਲ ਉਸ ਨੇ ਕਿਸੇ ਨੂੰ ਨਾ ਦੱਸੀ। ਉਹ ਸੀਟ ਤੇ ਬੈਠਾ ਤਾਂ ਜਿੰਦਰ ਨੇ ਉਸ ਨੂੰ ਦੋ ਕੇਲੇ ਫੜਾ ਦਿੱਤੇ। ਛੇਤੀ ਹੀ ਸੂਰਜ ਛਿਪ ਗਿਆ ਤੇ ਬਾਹਰਲਾ ਸਭ ਕੁਝ ਅਲੋਪ ਹੋ ਗਿਆ। ਸ਼ੀਸ਼ਿਆਂ ਵਿਚ ਆਪਣੇ ਹੀ ਪ੍ਰਤੀਬਿੰਬ ਦਿਖਾਈ ਦੇਣ ਲੱਗੇ। ਗੱਡੀ ਦਿੱਲੀ ਦੇ ਨੇੜੇ ਪਹੁੰਚ ਰਹੀ ਸੀ। ਤਾਰਿਆਂ ਵਾਂਗ ਬਾਹਰ ਬੱਤੀਆਂ ਚਮਕਣ ਲੱਗੀਆਂ। ਦਿੱਲੀ ਉਤਰਨ ਵਾਲ਼ੇ ਬਹੁਤ ਲੋਕ ਸਨ। ਸਟੇਸ਼ਨ ਆਉਣ ਤੋਂ ਪਹਿਲਾਂ ਹੀ ਇਕ ਪੂਰੀ ਲੰਬੀ ਸੀਟ ਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ। ਸਾਮ੍ਹਣੇ ਵਾਲ਼ਾ ਉੱਪਰਲਾ ਬਰਥ ਵੀ ਖਾਲੀ ਹੋ ਗਿਆ। ਦੇਵ ਨੇ ਆਪਣੀ ਪਗੜੀ ਲਾਹੀ ਤੇ ਟਰੰਕ ਉੱਤੇ ਰੱਖ ਬੈਗ ਦਾ ਸਿਰਹਾਣਾ ਬਣਾ ਕੇ ਲੇਟ ਗਿਆ। ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਨੀਂਦ ਆ ਗਈ।

**00**

## ਸਤਾਹਟ

ਆਗਰੇ ਦਾ 'ਰਾਜਾ ਕੀ ਮੰਡੀ' ਸਟੇਸ਼ਨ ਆਉਣ ਤੋਂ ਪਹਿਲਾਂ ਹੀ ਰਾਮ ਸਿੰਘ ਨੇ ਉਨ੍ਹਾਂ ਸਾਰਿਆਂ ਨੂੰ ਜਗਾ ਦਿੱਤਾ। ਦੇਵ ਨੇ ਪਗੜੀ ਚੁੱਕ ਕੇ ਸਿਰ ਤੇ ਧਰ ਲਈ। ਉਨ੍ਹਾਂ ਨੇ ਸਾਰਾ ਸਮਾਨ ਖਿੱਚ ਕੇ ਬੂਹੇ ਲਾਗੇ ਪੁਜਾ ਦਿੱਤਾ। ਸਟੇਸ਼ਨ ਤੇ ਗੱਡੀ ਰੁਕੀ ਤਾਂ ਹੱਥੋਂ-ਹੱਥੀ ਸਾਰਾ ਸਮਾਨ ਲਾਹ ਲਿਆ। ਵੈਂਡਰਾਂ ਨੇ 'ਆਗਰੇ ਕਾ ਪੇਠਾ' 'ਪੰਛੀ ਅੰਗੂਰੀ ਪੇਠਾ' 'ਆਗਰੇ ਕਾ ਦਾਲ ਮੋਠ' ਦੀਆਂ ਅਵਾਜ਼ਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਕੁਲੀ ਕਰਕੇ ਉਨ੍ਹਾਂ ਨੇ ਸਮਾਨ ਬਾਹਰ ਖੜ੍ਹੇ ਇਕ ਟਾਂਗੇ ਵਿਚ ਲਦਵਾ ਲਿਆ ਤੇ ਬਲਕੇਸ਼ਵਰ ਕਾਲੋਨੀ ਲਈ ਚੱਲ ਪਏ। ਘੋੜੇ ਦੀਆਂ ਨਾਲਾਂ ਨੇ ਟੱਪ-ਟੱਪ ਦਾ ਸੰਗੀਤ ਸ਼ੁਰੂ ਕਰ ਲਿਆ। ਆਗਰਾ ਸ਼ਹਿਰ ਦੀਆਂ ਐਨੀਆਂ ਖੁੱਲ੍ਹੀਆਂ ਸੜਕਾਂ ਦੇਖ ਦੇਵ ਹੈਰਾਨ ਹੋ ਰਿਹਾ ਸੀ। ਸਿਰੇ ਤੱਕ ਹੀ ਖੰਭਿਆਂ ਤੇ ਲੱਗੀਆਂ ਟਿਊਬਾਂ ਨੇ ਦਿਨ ਚੜ੍ਹਾਇਆ ਹੋਇਆ ਸੀ। ਰੋਸ਼ਨੀਆਂ ਥੱਲੇ ਟਾਂਗੇ ਅਤੇ ਵਿਚ ਬੈਠੀਆਂ ਸਵਾਰੀਆਂ ਦਾ ਪਰਛਾਵਾਂ ਵਧਦਾ, ਘਟਦਾ ਤੇ ਸਿਮਟਦਾ ਜਾ ਰਿਹਾ ਸੀ। ਥੋੜ੍ਹੀ ਦੂਰ

ਜਾ ਕੇ ਰਾਮ ਸਿੰਘ ਨੇ ਦੱਸਿਆ, 'ਆਹ ਖੱਬੇ ਪਾਸੇ ਦੀ ਸੜਕ ਦਿਆਲਬਾਗ ਨੂੰ ਜਾਂਦੀ ਏ। ਉੱਥੇ ਰਾਧਾ ਸੁਆਮੀਆਂ ਦੇ ਦੋ ਕਾਲਜ ਅਤੇ ਇਕ ਹਾਈ ਸਕੂਲ ਹੈ। ਹਰ ਤਰ੍ਹਾਂ ਦੇ ਫਲ਼ਦਾਰ ਬੂਟੇ, ਵੇਲਾਂ, ਸੰਗਮਰਮਰ ਨੂੰ ਤਰਾਸ਼ ਕੇ ਬਣਾਏ ਹੋਏ ਹਨ। ਸੱਜੇ ਪਾਸੇ ਦੀ ਸੜਕ ਸੈਂਟ ਜੌਹਨ ਤੇ ਆਗਰਾ ਕਾਲਜ ਨੂੰ ਜਾਂਦੀ ਹੈ। ਤੇਰਾ ਦਾਖਲਾ ਆਗਰਾ ਕਾਲਜ ਵਿਚ ਹੀ ਕਰਾਉਣਾ ਏਂ।' ਅੱਗੇ ਬਹੁਤ ਖੁੱਲ੍ਹਾ-ਡੁੱਲ੍ਹਾ ਪਾਲੀਵਾਲ ਪਾਰਕ ਸੀ। ਪਾਰਕ ਦੇ ਵਿਚ ਹੀ ਆਗਰਾ ਯੂਨੀਵਰਸਿਟੀ ਦੇ ਗੇਟ ਮੂਹਰਿਓਂ ਟਾਂਗਾ ਲੰਘਿਆ ਤਾਂ ਰਾਮ ਸਿੰਘ ਨੇ ਕਈ ਲੀਡਰਾਂ, ਸਾਇੰਸਦਾਨਾਂ ਦੇ ਨਾਂ ਦੱਸੇ ਜਿਹੜੇ ਉਸ ਯੂਨੀਵਰਸਿਟੀ ਵਿਚ ਪੜ੍ਹੇ ਸਨ। ਦੇਸ਼ ਦਾ ਰਾਸ਼ਟਰਪਤੀ ਵੀ ਉੱਥੇ ਪੜ੍ਹਿਆ ਸੀ। ਦੇਵ ਹੈਰਾਨ ਹੋਇਆ ਕਿ ਯੂਨੀਵਰਸਿਟੀ ਦੀ ਬਿਲਡਿੰਗ ਤਾਂ ਰੋਪੜ ਕਾਲਜ ਦੀ ਬਿਲਡਿੰਗ ਨਾਲੋਂ ਵੀ ਛੋਟੀ ਲੱਗਦੀ ਸੀ। ਬਲਕੇਸ਼ਵਰ ਕਾਲੋਨੀ ਉਨ੍ਹਾਂ ਦੇ ਕਵਾਰਟਰ ਕੋਲ਼ ਜਾ ਕੇ ਟਾਂਗਾ ਰੁਕਿਆ ਤੇ ਸਮਾਨ ਉਤਾਰਨ ਮਗਰੋਂ ਜਿੰਦਰ ਨੇ ਟਾਂਗੇ ਵਾਲ਼ੇ ਨੂੰ ਕਿਹਾ, 'ਅਰੇ ਭਈਆ ਰੁਕ ਜਾਓ। ਚਾਏ ਪੀ ਕਰ ਜਾਨਾ।'

'ਨਹੀਂ ਬੀਬੀ ਜੀ, ਚਾਏ ਅਭੀ ਪੀ ਹੈ।' ਕਹਿਕੇ ਉਹ ਚਲਾ ਗਿਆ।

ਸਾਰਾ ਸਮਾਨ ਉਨ੍ਹਾਂ ਨੇ ਪੌੜੀਆਂ ਚੜ੍ਹਕੇ ਕਮਰੇ ਅੰਦਰ ਰੱਖ ਦਿੱਤਾ। ਦੇਵ ਨੇ ਵੱਡੀ ਸਾਰੀ ਕੁਰਸੀ ਤੇ ਬੈਠ ਬੂਟ ਖੋਹਲ, ਚੱਪਲ ਪਾ ਲਈ ਤੇ ਐਧਰ ਉੱਧਰ ਨਿਗਾਹ ਮਾਰੀ। ਕਮਰਾ ਕਾਫ਼ੀ ਵੱਡਾ ਸੀ। ਸੜਕ ਵੱਲ ਖੁੱਲ੍ਹਦੀਆਂ ਲੋਹੇ ਦੇ ਸਰੀਆਂ ਵਾਲੀਆਂ ਦੋ ਬਾਰੀਆਂ ਦੇ ਮੂਹਰੇ ਇਕ ਵੱਡਾ ਸਾਰਾ ਪਲੰਘ ਪੱਕੇ ਤੌਰ' ਤੇ ਡਾਹਿਆ ਹੋਇਆ ਸੀ। ਇਕ ਪਾਸੇ ਛੱਤ ਤੋਂ ਹੇਠ ਇਕ ਵੱਡਾ ਸਾਰਾ ਵਾਧਰਾ ਪਾ ਕੇ ਉੱਤੇ ਕਾਫੀ ਸਾਰਾ ਸਮਾਨ ਟਿਕਾਇਆ ਹੋਇਆ ਸੀ। ਦੇਵ ਉੱਠ ਕੇ ਬਰਾਂਡੇ ਵਿਚ ਚਲਾ ਗਿਆ। ਉੱਥੇ ਇਕ ਕਾਂਸ ਤੇ ਪਿਆ ਸਟੋਵ ਬਾਲ਼ ਕੇ ਜਿੰਦਰ ਨੇ ਚਾਹ ਧਰ ਦਿੱਤੀ ਸੀ। ਦੁੱਧ ਉਹ ਸਟੇਸ਼ਨ ਤੋਂ ਹੀ ਖਰੀਦ ਲਿਆਏ ਸਨ। ਦੂਜੀ ਕਾਂਸ ਉੱਤੇ ਡਾਲਡੇ ਦੇ ਲੇਬਲ ਵਾਲ਼ੇ ਦਸ ਬਾਰਾਂ ਡੱਬੇ ਪਏ ਸਨ। ਉਨ੍ਹਾਂ ਵਿਚ ਕੀ ਕੀ ਸੀ, ਦੁਕਾਨਦਾਰਾਂ ਵਾਂਗ ਸਭ ਉੱਤੇ ਚੇਪੀਆਂ ਲਾ ਕੇ ਲਿਖਿਆ ਹੋਇਆ ਸੀ। ਵੈਸੇ ਤਾਂ ਇਹ ਰਸੋਈ ਵਰਾਂਡੇ ਵਿਚ ਸੀ। ਇਹ ਬਰਾਂਡਾ ਵੀ ਇਕ ਕਮਰੇ ਵਾਂਗ ਹੀ ਬੰਦ ਸੀ। ਵਿਹੜੇ ਵੱਲ ਨੂੰ ਲੱਕੜੀ ਦਾ ਇਕ ਸਾਦਾ ਜਿਹਾ ਗੇਟ ਲਾਇਆ ਹੋਇਆ ਸੀ। ਜਿੰਦਰ ਨੇ ਦੱਸਿਆ ਕਿ ਰਾਤ ਵੇਲ਼ੇ ਸੌਣ ਲਈ ਇਹ ਉਸ ਦਾ ਕਮਰਾ ਹੋਵੇਗਾ। ਬਾਹਰ ਵਿਹੜੇ ਵਿਚ ਕੱਪੜੇ ਸੁਕਾਉਣ ਲਈ ਤਾਰਾਂ ਬੰਨ੍ਹੀਆਂ ਹੋਈਆਂ ਸਨ ਤੇ ਕੰਧ ਨਾਲ਼ ਚਾਰ ਵਾਣ ਦੇ ਮੰਜੇ ਤੇ ਇਕ ਮੇਜ਼ ਕੁਰਸੀ ਪਏ ਸਨ। ਨਾਲ਼ ਹੀ ਖੁੱਲ੍ਹੀ ਛੱਤ ਵਾਲ਼ਾ ਬਾਥਰੂਮ ਤੇ ਛੱਤ ਵਾਲ਼ੀ ਲੈਟਰੀਨ ਸੀ। ਰਸੋਈ ਵਾਲ਼ੇ ਬਰਾਂਡੇ ਨੂੰ ਸੜਕ ਵੱਲ ਖੁਲਦੀ ਇਕ ਵੱਡੀ ਖਿੜਕੀ ਲੱਗੀ ਹੋਈ ਸੀ, ਜਿਸ ਵਿੱਚੋਂ ਗਰਦਣ ਬਾਹਰ ਕੱਢ ਕੇ ਐਧਰ-ਉੱਧਰ ਦੇਖਿਆ ਜਾ ਸਕਦਾ ਸੀ। ਦੇਵ ਨੇ ਲੈਟਰੀਨ ਵਿਚ ਵੜ ਲੋਹੇ ਵਾਲ਼ੀ ਟੈਂਕੀ ਦੀ ਸੰਗਲੀ ਖਿੱਚੀ ਤਾਂ ਪਾਣੀ ਬੜੇ ਪਰੈੱਸ਼ਰ ਨਾਲ਼ ਡਿਗਿਆ। ਉਸ ਨੂੰ ਇਹ ਕਮਾਲ ਦੀ ਕਾਢ ਲੱਗੀ। ਉਹ ਮੁੜ ਕਮਰੇ' ਚ ਆਇਆ ਤਾਂ ਰਾਮ ਸਿੰਘ ਕੁਰਸੀ ਨਾਲ਼ ਢੋਅ ਲਾਕੇ ਇਕ ਕਾਪੀ ਉੱਤੇ ਕੁਝ ਲਿਖ ਰਿਹਾ ਸੀ। ਸ਼ਾਇਦ ਪੰਜਾਬ ਜਾਣ ਉੱਤੇ ਹੋਇਆ ਖਰਚ ਜਾਂ ਫਿਰ ਕੁਝ ਹੋਰ ਲਿਖ ਰਿਹਾ ਹੋਵੇਗਾ। ਬੱਚੇ ਸੌਂ ਗਏ ਸਨ। ਜਿੰਦਰ ਇਕ ਟਰੇਅ ਵਿਚ ਰੱਖ ਕੇ ਤਿੰਨ ਕੱਪ ਚਾਹ ਤੇ ਬਿਸਕੁਟ ਲੈ ਆਈ। ਰਾਮ

ਸਿੰਘ ਨੇ ਦੇਵ ਨੂੰ ਦੱਸਿਆ ਕਿ ਉਸ ਕਾਲੋਨੀ ਵਿਚ **112** ਬਲਾਕ ਸਨ। ਹਰ ਬਲਾਕ ਵਿਚ ਬਾਰਾਂ ਕਵਾਰਟਰ ਸਨ, ਛੇ ਹੇਠਾਂ ਛੇ ਉਪਰ। ਇਸ ਕਾਲੋਨੀ ਦਾ ਨਿਰਮਾਣ ਕਿਸੇ ਵੇਲ਼ੇ ਆਗਰਾ ਸ਼ਹਿਰ ਦੀ ਨਗਰਪਾਲਿਕਾ ਨੇ ਕੀਤਾ ਸੀ। ਕਿਰਾਇਆ ਦਸ ਰੁਪਏ ਤੇ ਪਾਣੀ ਸੀਵਰੇਜ ਦੇ ਪੰਜ ਰੁਪਏ ਮਹੀਨੇ ਦੇ ਹਿਸਾਬ ਨਾਲ਼ ਇਹ ਕਵਾਰਟਰ ਲੋਕਾਂ ਨੂੰ ਲਾਟਰੀ ਕੱਢਕੇ ਦਿੱਤੇ ਗਏ ਸਨ। ਦੋ ਕੁ ਸਾਲ ਮਗਰੋਂ ਨਗਰ ਪਾਲਿਕਾ ਨੇ ਕਿਰਾਇਆ ਵਧਾਉਣ ਲਈ ਨੋਟਿਸ ਭੇਜੇ ਤਾਂ ਲੋਕਾਂ ਨੇ ਵਿਰੋਧ ਕੀਤਾ। ਉਸ ਵਿਰੁੱਧ ਹਾਈ ਕੋਰਟ ਵਿਚ ਰਿੱਟ ਪਾ ਦਿੱਤੀ। ਕਿਰਾਏਦਾਰਾਂ ਦੇ ਹੱਕ ਵਿਚ ਫੈਸਲਾ ਹੋ ਗਿਆ ਤੇ ਉਹ ਮਾਲਕ ਹੀ ਬਣ ਬੈਠੇ । ਹੁਣ ਹਾਲ ਇਹ ਸੀ ਕਿ ਜੇ ਕੋਈ ਕਵਾਰਟਰ ਛੱਡ ਕੇ ਜਾਂਦਾ, ਉਹ ਬਿਨਾਂ ਕਮੇਟੀ ਨਾਲ਼ ਕੋਈ ਗੱਲ ਕੀਤਿਆਂ ਲੈਣ ਵਾਲ਼ੇ ਤੋਂ ਦੋ ਢਾਈ ਹਜ਼ਾਰ ਰੁਪਏ ਪਗੜੀ ਕੁੱਟ ਲੈਂਦਾ। ਚਾਹ ਪੀਂਦਿਆਂ ਤੇ ਗੱਲਾਂ ਮਾਰਦਿਆਂ ਉਨ੍ਹਾਂ ਨੂੰ ਸਵੇਰ ਦੇ ਤਿੰਨ ਵੱਜ ਗਏ। ਸ਼ਨੀਵਾਰ ਦਾ ਦਿਨ ਸੀ ਤੇ ਰਾਮ ਸਿੰਘ ਦੀ ਆਖ਼ਰੀ ਛੁੱਟੀ ਸੀ। ਉਹ ਕੁਝ ਸੌਂ ਕੇ ਅਰਾਮ ਕਰਨ ਦੀ ਤਿਆਰੀ ਹੀ ਕਰ ਰਹੇ ਸਨ ਕਿ ਹੇਠੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ, 'ਪਕੜੋ.... ਪਕੜੋ.... ਮਾਰੋ ਸਾਲੋਂ ਕੋ.... ਆਜ ਜਾਨੇ ਨਹੀਂ ਦੇਂਗੇ।'

ਰਾਮ ਸਿੰਘ ਨੇ ਬਰਾਂਡੇ ਵਾਲ਼ੀ ਖਿੜਕੀ ਵਿੱਚੋਂ ਸਿਰ ਬਾਹਰ ਕੱਢ ਕੇ ਅਵਾਜ਼ ਦਿੱਤੀ, 'ਕਯਾ ਬਾਤ ਹੋ ਗਈ ਹੈ ਪ੍ਰਭਾ ਜੀ?'

'ਆ ਗਏ ਸਰਦਾਰ ਜੀ?.... ਜਲਦੀ ਆਓ ਨੀਚੇ। ਢੱਕਣ ਚੋਰ ਹੈਂ ਸਾਲੇ।'

ਦੇਵ ਵੀ ਰਾਮ ਸਿੰਘ ਦੇ ਨਾਲ਼ ਹੀ ਹੇਠ ਚਲਾ ਗਿਆ। ਲੋਕਾਂ ਨੇ ਸੀਵਰੇਜ਼ ਦੇ ਮੈਨ ਹੋਲ ਦਾ ਲੋਹੇ ਦਾ ਢੱਕਣ ਚੋਰੀ ਕਰ ਕੇ ਰਿਕਸ਼ੇ ਉੱਤੇ ਲੱਦਦੇ ਦੋ ਬੰਦਿਆਂ ਨੂੰ ਦਬੋਚ ਲਿਆ ਸੀ। ਸ਼ੋਰ ਸੁਣ ਕੇ ਲਾਗਲੇ ਬਲਾਕਾਂ' ਚੋਂ ਵੀ ਲੋਕ ਡਾਂਗਾ, ਹਾਕੀਆਂ ਚੁੱਕੀ ਦੌੜੇ ਆ ਰਹੇ ਸਨ। ਜੋ ਵੀ ਆਉਂਦਾ, ਪਹਿਲਾਂ ਫੜੇ ਹੋਏ ਚੋਰਾਂ ਦੇ ਦੋ ਚਾਰ ਲਾਉਂਦਾ, ਮਗਰੋਂ ਗੱਲ ਪੁੱਛਦਾ। ਕੋਈ ਘਸੁੰਨ ਹੀ ਮਾਰੀ ਜਾਂਦਾ ਤੇ ਕੋਈ ਜੁੱਤੀ ਖੋਹਲ ਕੇ ਸਿਰ ਭੰਨਣ ਲੱਗਦਾ।

'ਮਾਰੋ ਮੱਤ ਯਾਰ ਸਾਲ਼ੇ ਮਰ ਜਾਣਗੇ। ਲੈਣੇ ਦੇ ਦੇਣੇ ਪੈ ਜਾਣਗੇ। ਬੰਨ੍ਹ ਲਓ ਤੇ ਪੁਲ਼ਸ ਹਵਾਲੇ ਕਰੋ।' ਕਿਸੇ ਨੇ ਸੁਝਾ ਦਿੱਤਾ।

'ਪੁਲ਼ਸ ਸਾਲ਼ੀ ਕੀ ਕਰੂ?... ਦੋ ਮਹੀਨਿਆਂ' ਚ ਦਸ ਬਾਰਾਂ ਢੱਕਣ ਚੋਰੀ ਹੋ ਚੁੱਕੇ ਨੇ।'

'ਇਨ ਕੇ ਡੰਡਾ ਦੋ ਸਾਲ਼ੋਂ ਕੇ... ਸਬ ਉਗਲੇਂਗੇ।'

ਪਤਾ ਨਹੀਂ ਕੌਣ ਰੱਸੀਆਂ ਲੈ ਆਇਆ ਤੇ ਚੋਰਾਂ ਦੇ ਹੱਥ ਪੈਰ ਬੰਨ੍ਹ ਦਿੱਤੇ। ਇਕ ਸਰਦਾਰ ਜੀ ਨੇ ਦੋਹਾਂ ਹੱਥਾਂ ਨਾਲ਼ ਦੋਨ੍ਹਾਂ ਦੇ ਢਿੱਡਾਂ' ਚੋਂ ਘਰੂਟ ਭਰ ਲਏ ਤੇ ਚੀਕਾਂ ਛੁਡਾ ਦਿੱਤੀਆਂ।

'ਹਾਂ ਹਾਂ ਇਹ ਠੀਕ ਹੈ... ਵੱਢੋ ਸਾਲਿਆਂ ਦੇ ਢਿੱਡਾਂ ਤੇ ਚੂੰਢੀਆਂ। ਡੰਡੇ ਮਾਰਨੇ ਨੇ ਤਾਂ ਗੋਡਿਆਂ, ਗਿੱਟਿਆਂ ਤੇ ਮਾਰੋ।' ਤਸੀਹੇ ਦੇਣ ਦੇ ਨਵੇਂ-ਨਵੇਂ ਸੁਝਾਅ ਆਉਣ ਲੱਗੇ।

ਡੂਢ ਘੰਟਾ ਇਹੀ ਤਮਾਸ਼ਾ ਹੁੰਦਾ ਰਿਹਾ। ਇਕ ਜਣੇ ਦੇ ਤਾਂ ਦੰਦਾਂ' ਚੋਂ ਕਾਫੀ ਖ਼ੂਨ ਵਹਿਣ ਲੱਗਾ ਸੀ। ਯੂ. ਪੀ. ਦੀ ਪੁਲ਼ਸ ਹੀ ਐਨੀ ਚੁਸਤ ਸੀ ਜਾਂ ਫਿਰ ਕਿਸੇ ਨੇ ਖ਼ਬਰ

ਕਰ ਦਿੱਤੀ। ਖਾਕੀ ਨਿੱਕਰਾਂ ਤੇ ਚਮੜੇ ਦੇ ਕਾਲ਼ੇ ਸੈਂਡਲ਼ ਪਾਈ ਡੰਡਿਆਂ ਵਾਲ਼ੇ ਦੋ ਮਾੜਚੂ ਜਿਹੇ ਸਿਪਾਹੀ ਉੱਥੇ ਪਹੁੰਚ ਗਏ। ਇਕ ਨੇ ਆਉਂਦੇ ਨੇ ਹੀ ਰਾਮ ਸਿੰਘ ਨੂੰ ਕਿਹਾ, 'ਚਾਏ ਤੋ ਮੰਗਵਾ ਦੋ ਸਰਦਾਰ ਜੀ।'

'ਤੁਮਹਾਰੇ ਲੀਏ ਕਿ ਚੋਰੋਂ ਕੇ ਲੀਏ?' ਕਿਸੇ ਨੇ ਮਖੌਲ ਕੀਤਾ।

'ਅਰੇ ਕਿਆ ਬਾਤ ਕਰਤੇ ਹੋ... ਇਨ ਸਾਲੋਂ ਕੋ ਤੋ ਚਾਏ ਨਹੀਂ ਮੂਤਰ ਪਿਲਾਏਂਗੇ।' ਸਿਪਾਹੀ ਬੋਲਿਆ।

'ਕਹੀਂ ਆਪ ਲੋਗੋਂ ਨੇ ਤੋ ਨਹੀਂ ਭੇਜੇ ਯੇ ਸਾਲੇ ਢੱਕਣ ਚੋਰੀ ਕਰਨੇ?' ਸਿਪਾਹੀਆਂ ਨੂੰ ਫਿਰ ਕਿਸੇ ਨੇ ਮਖੌਲ ਕੀਤਾ।

'ਅਰੇ ਕਯਾ ਬਾਤ ਕਰਤੇ ਹੋ... ਹਮ ਇਤਨੇ ਗਿਰੇ ਹੂਏ ਨਹੀਂ।'

ਰਾਮ ਸਿੰਘ ਨੇ ਦੇਵ ਨੂੰ ਦੋ ਕੱਪ ਚਾਹ ਦੇ ਲਿਆਉਣ ਲਈ ਭੇਜ ਦਿੱਤਾ। ਇਸੇ ਚੱਕਰ ਵਿਚ ਉਨ੍ਹਾਂ ਨੂੰ ਪੰਜ ਵੱਜ ਗਏ। ਰਾਮ ਸਿੰਘ ਦਾ ਦੁੱਧ ਲਿਆਉਣ ਦਾ ਸਮਾਂ ਹੋ ਗਿਆ ਸੀ।

'ਦੁੱਧ ਲੈ ਆਵਾਂ, ਹੁਣ ਤਾਂ ਆ ਕੇ ਹੀ ਸੌਂਵਾਂਗਾ।' ਉਸ ਨੇ ਕਿਹਾ।

'ਦੁੱਧ ਕਿੱਥੋਂ ਲਿਆਉਣਾ ਏਂ ਵੀਰ ਜੀ?' ਦੇਵ ਨੇ ਪੁੱਛਿਆ।

ਉਨ੍ਹਾਂ ਦੇ ਬਲਾਕ ਤੋਂ ਦੋ ਕੁ ਮੀਲ ਦੀ ਵਿੱਥ ਉੱਤੇ ਇਕ ਪਾਂ ਪੁਰ ਨਾਂ ਦਾ ਪਿੰਡ ਸੀ। ਉਹ ਜਦੋਂ ਦੇ ਬਲਕੇਸ਼ਵਰ ਕਾਲੋਨੀ ਵਿਚ ਰਹਿਣ ਲੱਗੇ ਸਨ, ਉਸੇ ਪਿੰਡ ਦੇ ਉਸੇ ਘਰ ਤੋਂ ਸਵੇਰੇ ਦੁੱਧ ਲੈ ਕੇ ਆਉਂਦੇ ਸਨ। ਉਹ ਇਕ ਪੱਥਰ ਨਾਲ਼ ਦੋ ਸ਼ਿਕਾਰ ਫੁੰਡਦੇ ਸਨ। ਸਵੇ ਰ ਦੀ ਸੈਰ ਹੋ ਜਾਂਦੀ ਸੀ ਤੇ ਚਿੱਕੜ ਵਰਗਾ ਗਾੜ੍ਹਾ ਦੁੱਧ ਘਰ ਆ ਜਾਂਦਾ ਸੀ। ਰਾਮ ਸਿੰਘ ਨੇ ਕਿਹਾ, 'ਤੂੰ ਵੀ ਚੱਲ ਦੇਵ ਨਾਲ਼ ਹੀ। ਤੈਨੂੰ ਆਗਰਾ ਕਾਲਜ ਦੇ ਇਕ ਸਟੂਡੈਂਟ ਨਾਲ਼ ਮਿਲਾ ਦਿਆਂਗਾ।'

ਦੇਵ ਨੇ ਤਾਂ ਨੀਂਦ ਗੱਡੀ ਵਿਚ ਹੀ ਪੂਰੀ ਕਰ ਲਈ ਸੀ। ਉਹ ਵੀ ਨਾਲ਼ ਚੱਲ ਪਿਆ। ਕੁਝ ਬਲਾਕ ਛੱਡ ਕੇ ਰਾਮ ਸਿੰਘ ਨੇ ਇਕ ਘਰ ਦਾ ਕੁੰਡਾ ਖੜਕਾਇਆ ਤਾਂ ਡੋਲੂ ਚੁੱਕੀ ਇਕ ਬੰਦਾ ਤੇ ਮੁੰਡਾ ਬਾਹਰ ਨਿੱਕਲ ਆਏ, ਜਿਵੇਂ ਮੂਹਰੇ ਹੀ ਖੜ੍ਹੇ ਹੋਣ। ਦੋਨਾਂ ਨੇ ਉਨ੍ਹਾਂ ਨੂੰ ਨਮਸਤੇ ਬੁਲਾਈ। ਉਹ ਤੁਰ ਪਏ ਤਾਂ ਰਾਮ ਸਿੰਘ ਨੇ ਜਾਣ-ਪਛਾਣ ਕਰਵਾਈ। ਉਹ ਬੰਦਾ ਜਿਸ ਦਾ ਨਾਂ ਵਰਿਆਮ ਚੰਦ ਸੀ, ਰਾਮ ਸਿੰਘ ਦੇ ਨਾਲ਼ ਸੀ. ਓ. ਡੀ. ਵਿਚ ਫੋਰਮੈਨ ਲੱਗਾ ਹੋਇਆ ਸੀ। ਉਸਦਾ ਪਿਛੋਕੜ ਅੰਮ੍ਰਿਤਸਰ ਦਾ ਸੀ। ਉਹਦੇ ਨਾਲ਼ ਜਿਹੜਾ ਮੁੰਡਾ ਸੀ ਉਹ ਆਗਰਾ ਕਾਲਜ ਵਿਚ ਬੀ. ਏ. ਫਾਈਨਲ ਦਾ ਵਿਦਿਆਰਥੀ ਸੀ। ਪਿਓ ਤਾਂ ਮਾੜਚੂ ਜਿਹਾ ਹੀ ਸੀ ਪਰ ਮੁੰਡਾ ਐਨ ਪਲ਼ਿਆ ਹੋਇਆ ਘਚੀਰ ਸੀ। ਪਿੱਠ ਉਸਦੀ ਔਸਰ ਝੋਟੀ ਵਰਗੀ ਸੀ। ਉਸ ਦੀਆਂ ਗੋਰੀਆਂ ਗੱਲ੍ਹਾਂ ਫੁੱਲੀਆਂ ਹੋਈਆਂ ਸਨ, ਜਿਵੇਂ ਜਿਹੜਾ ਦੁੱਧ ਵਰਿਆਮ ਚੰਦ ਲਿਆਉਂਦਾ ਹੋਵੇਗਾ, ਉਹ ਉਸ ਦਾ ਇਹ ਫਰਜੰਦ ਹੀ ਪੀ ਜਾਂਦਾ ਹੋਵੇ। ਇਹ ਗੱਲ ਦੇਵ ਨੂੰ ਰਾਮ ਸਿੰਘ ਨੇ ਬਾਅਦ ਵਿਚ ਦੱਸੀ ਕਿ ਉਸ ਦਾ ਪਿਓ ਮਹੇਸ਼ ਨੂੰ ਦੁੱਧ ਲੈਣ ਲਈ ਜ਼ਬਰਦਸਤੀ ਨਾਲ਼ ਲੈ ਕੇ ਜਾਂਦਾ ਸੀ ਤਾਂ ਕਿ ਸੈਰ ਕਰਕੇ ਉਸ ਦਾ ਸ਼ਰੀਰ ਹੋਰ ਬੇਢਬਾ ਬਣਨ ਤੋਂ ਬਚ ਜਾਵੇ ਤੇ ਭਾਰ ਵੀ ਘਟ ਜਾਵੇ। ਮਹੇਸ਼ ਨੇ ਆਗਰਾ ਕਾਲਜ ਦੇ ਪ੍ਰੋਫ਼ੈਸਰਾਂ ਤੇ ਵਧੀਆ ਪੜ੍ਹਾਈ ਦੀਆਂ ਸਿਫ਼ਤਾਂ ਕੀਤੀਆਂ। ਰਾਮ ਸਿੰਘ ਨੇ ਦੇਵ ਨੂੰ ਕਿਹਾ

ਕਿ ਉਹ ਸੋਮਵਾਰ ਨੂੰ ਉਸ ਨਾਲ਼ ਜਾ ਕੇ ਕਾਲਜ ਤੋਂ ਪ੍ਰਾਸਪੈਕਟਸ ਲੈ ਆਵੇ ਤਾਂ ਕਿ ਸਮੇ ਂ ਸਿਰ ਦਾਖਲਾ ਹੋ ਸਕੇ।

'ਉੱਥੇ ਨਾਲ਼ ਦੀ ਨਾਲ਼ ਹੀ ਕੰਮ ਹੋ ਜਾਣਾ ਏਂ ਅੰਕਲ ਜੀ। ਮੈਂ ਆਪੇ ਫਾਰਮ ਭਰਵਾ ਕੇ ਸਾਰਾ ਕੰਮ ਕਰਵਾ ਦਿਆਂਗਾ। ਫੀਸ ਦੇ ਸੌ, ਸਵਾ ਸੌ ਰੁਪਏ ਦੇ ਦੇਣੇ।'

'ਗਾਰਡੀਅਨ ਦੇ ਦਸਖ਼ਤ ਵੀ ਤਾਂ ਕਰਵਾਉਣੇ ਨੇ। ਫ਼ੋਟੋਆਂ ਵੀ ਚਾਹੀਦੀਆਂ ਨੇ।' ਰਾਮ ਸਿੰਘ ਨੇ ਕਿਹਾ।

'ਫ਼ੋਟੋਆਂ ਮੇਰੇ ਕੋਲ਼ ਹੈਗੀਆਂ ਨੇ ਵੀਰ ਜੀ।' ਦੇਵ ਨੇ ਕਿਹਾ।

'ਗਾਰਡੀਅਨ ਦੇ ਦਸਖ਼ਤ ਮੈਂ ਆਪ ਹੀ ਕਰ ਦਿਆਂਗਾ।' ਮਹੇਸ਼ ਬੋਲਿਆ।

ਸੋਮਵਾਰ ਕਾਲਜ ਜਾਣ ਦਾ ਪ੍ਰੋਗਰਾਮ ਬਣਾ ਕੇ ਹੀ ਉਹ ਘਰ ਮੁੜੇ। ਉਸ ਦਿਨ ਤਾਂ ਉਹ ਸੁੱਤੇ ਹੀ ਰਹੇ। ਦੁਪਹਿਰ ਨੂੰ ਰੋਟੀ ਖਾ ਕੇ ਫੇਰ ਸੌਂ ਗਏ। ਸ਼ਾਮੀਂ ਚਾਰ ਕੁ ਵਜੇ ਦਰ ਖੜਕਿਆ। ਮਹੇਸ਼ ਸੀ। ਉਹ ਅੰਦਰ ਆਇਆ ਤਾਂ ਸਾਰੇ ਉਠ ਗਏ। ਮਹੇਸ਼ ਨੇ ਜਿੰਦਰ ਤੇ ਰਾਮ ਸਿੰਘ ਦੇ ਪੈਰੀਂ ਹੱਥ ਲਾਏ ਤੇ ਬੋਲਿਆ, 'ਆ ਗਏ ਆਂਟੀ ਜੀ? ਮੇਰੇ ਲਈ ਕੀ ਲਿਆਏ ਹੋ?'

'ਤੂੰ ਦੱਸ ਮਹੇਸ਼ ਕੀ ਚਾਹੀਦਾ ਏ?' ਜਿੰਦਰ ਹੱਸੀ।

'ਖੁਆ ਦਿਓ ਜੋ ਖੁਆਉਣਾ ਏਂ।'

'ਬੋਲ ਕੀ ਖਾਣਾ ਏਂ?'

'ਪਕੌੜੇ ਬਣਾਓ ਆਂਟੀ ਜੀ।' ਉਹ ਬੋਲਿਆ ਤਾਂ ਦੇਵ ਬੜਾ ਹੈਰਾਨ ਹੋਇਆ।

ਇਹ ਗੱਲ ਉਸਨੂੰ ਬੜੀ ਘਟੀਆ ਲੱਗੀ ਕਿ ਕੋਈ ਕਿਸੇ ਦੇ ਘਰ ਜਾ ਕੇ ਕਹੇ, 'ਪਕੌੜੇ ਬਣਾਓ ਆਂਟੀ ਜੀ।'

'ਬਹਿ ਜਾ ਬੇਟਾ ਪਕੌੜੇ ਬਣਾ ਲੈਂਦੇ ਹਾਂ।' ਜਿੰਦਰ ਬੋਲੀ।

ਜਦੋਂ ਜਿੰਦਰ ਨੇ ਕਰਿਆਟੀ ਵਾਲ਼ਾ ਡੱਬਾ ਖੋਲ੍ਹਿਆ, ਉਹ ਖਾਲੀ ਪਿਆ। ਉਸ ਨੇ ਦੇ ਵ ਨੂੰ ਦੋ ਰੁਪਏ ਦਿੱਤੇ ਤੇ ਬਰਾਂਡੇ ਦੀ ਬਾਰੀ ਮੂਹਰੇ ਖੜ ਕੇ ਮਾਰਕੀਟ ਦਿਖਾਈ ਜਿੱਥੋਂ ਦੇ ਵ ਨੇ ਕਰਿਆਟੀ ਲੈ ਕੇ ਆਉਣੀ ਸੀ। ਉਸ ਨੇ ਪੁੱਛਿਆ, 'ਸਾਇਕਲ ਲੈ ਜਾਵਾਂ?'

'ਲੈ ਜਾ।'

ਉਹ ਰਾਮ ਸਿੰਘ ਵਾਲ਼ਾ ਸਾਇਕਲ ਚੁੱਕ ਕੇ ਹੇਠ ਲਾਹੁਣ ਲੱਗਾ ਤਾਂ ਪੌੜੀਆਂ ਵਿਚ ਹੀ ਅੜ ਗਿਆ। ਨਾ ਹੇਠ ਜਾਇਆ ਜਾਵੇ ਤੇ ਨਾ ਉੱਪਰ ਮੁੜਿਆ ਜਾਵੇ। ਉਹ 'ਵੀਰ ਜੀ' 'ਵੀਰ ਜੀ' ਆਖ ਹਾਕਾਂ ਮਾਰਨ ਲੱਗਾ ਤਾਂ ਰਾਮ ਸਿੰਘ ਹੱਸਦਾ ਹੋਇਆ ਆਇਆ ਤੇ ਬੋਲਿਆ, 'ਠਹਿਰ, ਮੈਂ ਦੱਸਦਾ ਹਾਂ ਤੈਨੂੰ ਕਿਵੇਂ ਲਾਹੁਣਾ ਏਂ ਸਾਇਕਲ।'

ਉਸ ਨੇ ਹੈਂਡਲ ਨੂੰ ਖੱਬੇ ਹੱਥ ਨਾਲ਼ ਦਬਾ ਕੇ ਸੱਜਾ ਹੱਥ ਫਰੇਮ ਨੂੰ ਪਾਇਆ ਤੇ ਬੜੀ ਅਸਾਨੀ ਨਾਲ਼ ਸਾਇਕਲ ਹੇਠ ਲਾਹ ਕੇ ਕਿਹਾ, 'ਲੈ ਹੁਣ ਇਹਨੂੰ ਉੱਤੇ ਚੜ੍ਹਾ।'

ਦੇਵ ਇਕ ਦਮ ਸਾਰੀ ਤਕਨੀਕ ਸਿੱਖ ਗਿਆ। ਉਸਨੇ ਸਾਇਕਲ ਚੜ੍ਹਾਇਆ ਵੀ ਤੇ ਹੇਠ ਵੀ ਲਾਹਿਆ। ਫਿਰ ਸਾਇਕਲ ਉੱਤੇ ਮਾਰਕੀਟ ਪੁੱਜ ਗਿਆ। ਦੁਕਾਨ ਲੱਭ ਕੇ ਦੁਕਾਨਦਾਰ ਨੂੰ ਕਹਿਣ ਲੱਗਾ, 'ਦੋ ਰੁਪਿਆਂ ਦੀ ਕਰਿਆਟੀ ਦੇ ਦੋ।'

'ਕਯਾ ਕਹਿਤੇ ਹੋ ਸਰਦਾਰ ਜੀ?' ਉਹ ਬੋਲਿਆ।

ਦੇਵ ਸਮਝ ਗਿਆ ਕਿ ਕਰਿਆਟੀ ਦਾ ਉੱਥੇ ਕੋਈ ਹੋਰ ਨਾਂ ਸੀ। ਜਿੰਦਰ ਨੇ ਉਹ ਨਾਂ ਲਿਆ ਵੀ ਸੀ, ਜੋ ਹੁਣ ਉਸ ਨੂੰ ਯਾਦ ਨਹੀਂ ਸੀ ਆ ਰਿਹਾ।

'ਪਤੌੜ੍ਹ ਪਕਾਉਣੇ ਹੈਂ।'

'ਕਿਆ ਕਹਿਤੇ ਹੈਂ ਆਪ?' ਦੁਕਾਨਦਾਰ ਨੂੰ ਗੱਲ ਸਮਝ ਨਾ ਲੱਗੀ।

'ਪਕੌੜੇ... ਪਕੌੜੇ... ਐਸੇ... ਸਰ੍ਹੋਂ ਦੇ ਤੇਲ ਵਿਚ।' ਦੇਵ ਨੇ ਹੱਥ ਦਾ ਇਸ਼ਾਰਾ ਕਰਕੇ ਸਮਝਾਇਆ ਤਾਂ ਦੁਕਾਨਦਾਰ ਹੱਸਣ ਲੱਗਾ ਤੇ ਬੋਲਿਆ, 'ਅੱਛਾ... ਬੇਸਨ ਚਾਹੀਏ ਆਪ ਕੋ?'

'ਆਹੋ।'

ਆਗਰੇ ਆਉਣ ਤੋਂ ਪਹਿਲਾਂ ਇਸ ਨਵੇਂ ਪੰਗੇ ਬਾਰੇ ਤਾਂ ਦੇਵ ਨੇ ਸੋਚਿਆ ਹੀ ਨਹੀਂ ਸੀ ਕਿ ਉੱਥੇ ਕਦਮ ਕਦਮ ਤੇ ਹਿੰਦੀ ਬੋਲਣੀ ਪਵੇਗੀ। ਦੋਰਾਹੇ ਸਟੇਸ਼ਨ ਉੱਤੇ ਬੇਅੰਤ ਨੇ ਦੱਸਿਆ ਸੀ ਕਿ ਰੇਲਵੇ ਟਿਕਟ ਨੂੰ ਹਿੰਦੀ ਵਿਚ 'ਲੋਹ ਪਤ ਗਮਨੀ ਆਵਨ ਜਾਵਨ ਪ੍ਰਮਾਣ ਪੱਤਰ' ਕਹਿੰਦੇ ਹਨ। ਉਹ ਕਿੰਨੀ ਦੇਰ ਹੱਸਦੇ ਰਹੇ ਸਨ।

ਬੇਸਣ ਲੈ ਕੇ ਉਸ ਨੇ ਸਾਇਕਲ ਚੁੱਕਿਆ ਤਾਂ ਸਾਰੀ ਕਾਇਨਾਤ ਹੀ ਗੇੜਾ ਖਾ ਗਈ। ਸਾਰੀਆਂ ਦਿਸ਼ਾਵਾਂ ਬਦਲ ਗਈਆਂ। ਸੂਰਜ ਘੁੰਮ ਕੇ ਦੂਜੇ ਪਾਸੇ ਚਲਾ ਗਿਆ। ਉਸ ਨੂੰ ਪਤਾ ਹੀ ਨਾ ਲੱਗੇ ਕਿ ਉਹ ਕਿੱਧਰੋਂ ਆਇਆ ਸੀ। ਉਹ ਜਿੱਧਰੋਂ ਆਇਆ ਸੀ, ਉੱਧਰ ਨੂੰ ਤਾਂ ਹੁਣ ਕੋਈ ਮੈਦਾਨ ਹੀ ਨਹੀਂ ਸੀ। ਉਸ ਨੇ ਦੂਜੇ ਪਾਸੇ ਦੇਖਿਆ। ਮੈਦਾਨ ਤਾਂ ਸੀ, ਪਰ ਉਹ ਝੂਲੇ ਜਿਹੜੇ ਪਹਿਲਾਂ ਖੱਬੇ ਪਾਸੇ ਦੇ ਆਖ਼ਰੀ ਕੋਨੇ ਵਿਚ ਸਨ ਉਹ ਸੱਜੇ ਪਾਸੇ ਦੇ ਕੋਨੇ ਵਿਚ ਚਲੇ ਗਏ ਸਨ। ਮਾਰਕੀਟ ਦਾ ਮੂੰਹ ਵੀ ਘੁੰਮ ਗਿਆ ਸੀ। ਉਸ ਨੇ ਅੱਖਾਂ ਮੀਚ ਕੇ ਸਿਰ ਝੰਡਕਿਆ, ਫਿਰ ਵੀ ਕੋਈ ਫਰਕ ਨਾ ਪਿਆ। ਜੇ ਬਲਾਕ ਦਾ ਨੰਬਰ ਉਸ ਦੇ ਯਾਦ ਨਾ ਹੁੰਦਾ ਤਾਂ ਰਾਤ ਪਈ ਤਕ ਵੀ ਘਰ ਮੁੜਨਾ ਸੰਭਵ ਨਹੀਂ ਸੀ ਕਿਉਂ ਕਿ ਉੱਥੇ ਤਾਂ ਸਾਰੇ ਬਲਾਕ ਹੀ ਇੱਕੋ ਤਰ੍ਹਾਂ ਦੇ ਸਨ। ਘਰ ਲੱਭਣ ਲਈ ਉਸ ਨੂੰ ਵੀਹ-ਪੱਚੀ ਮਿੰਟ ਲੱਗ ਗਏ। ਘਰ ਪੁੱਜ ਜਦੋਂ ਲੇਟ ਆਉਣ ਦਾ ਕਾਰਨ ਦੱਸਿਆ ਤਾਂ ਸਾਰੇ ਹੱਸਣ ਲੱਗ ਪਏ । ਉਸ ਨੇ ਬਰਾਂਡੇ ਵਾਲ਼ੀ ਖਿੜਕੀ' ਚੋਂ ਬਾਹਰ ਝਾਕਿਆ ਤਾਂ ਸਭ ਕੁਝ ਮੁੜ ਪਹਿਲੀ ਥਾਂ ਤੇ ਆ ਗਿਆ ਸੀ।

ਰਾਮ ਸਿੰਘ ਨੇ ਸੋਮਵਾਰ ਨੂੰ ਡਿਊਟੀ ਤੇ ਚਲੇ ਜਾਣਾ ਸੀ। ਉਸ ਨੇ ਬਰਾਂਡੇ ਦੇ ਬਾਹਰ ਕੰਧ ਨਾਲ਼ ਟੰਗਿਆ ਇਕ ਪੁਰਾਣਾ ਜਿਹਾ ਸਾਇਕਲ ਹੇਠ ਲਾਹ ਲਿਆ ਤੇ ਦੱਸਿਆ ਕਿ ਬੇਅੰਤ ਤੇ ਹਰੀਵੰਸ਼ ਇਸੇ ਸਾਇਕਲ ਉੱਤੇ ਸਕੂਲ ਜਾਇਆ ਕਰਦੇ ਸਨ ਤੇ ਇਹ ਸਾਇਕਲ ਉਨ੍ਹਾਂ ਨੇ ਕਿਸੇ ਕੋਲ਼ੋਂ ਤੀਹ ਰੁਪਏ ਵਿਚ ਚਲਦਾ ਲਿਆ ਸੀ। ਸਾਇਕਲ ਬਹੁਤਾ ਕੰਡਮ ਸੀ। ਸੋ ਐਤਵਾਰ ਨੂੰ ਸਵੇਰੇ ਹੀ ਪਹਿਲਾਂ ਪਾਈਪ ਲਾ ਕੇ ਉਸ ਨੂੰ ਚੰਗੀ ਤਰ੍ਹਾਂ ਧੋਇਆ ਗਿਆ ਤੇ ਫਿਰ ਮੰਦਰ ਨੇੜੇ ਬੰਗਾਲੀ ਬਾਬੂ ਦੇ ਖੋਖੇ ਵਿਚ ਓਵਰ ਹਾਲਿੰਗ ਲਈ ਪੁਜਾਇਆ ਗਿਆ। ਤਿੰਨ ਘੰਟੇ ਦੇਵ ਉਹਦੇ ਕੋਲ਼ ਬੈਂਚ ਤੇ ਬੈਠਾ ਰਿਹਾ। ਸਾਇਕਲ ਲੈ ਕੇ ਆਇਆ ਤਾਂ ਉਹ ਅਜੇ ਵੀ 'ਘੜੱਚ-ਘੜੱਚ' ਕਰ ਰਿਹਾ ਸੀ। ਕਾਲਜ ਦੇ ਰਿਵਾਜ਼ ਅਨੁਸਾਰ ਦੇਵ

ਨੇ ਕੈਰੀਅਰ ਲਾਹ ਦੇਣ ਲਈ ਰਾਮ ਸਿੰਘ ਨੂੰ ਕਿਹਾ ਤਾਂ ਉਹ ਬੋਲਿਆ, 'ਇਸ ਢੱਗੇ ਤੇ ਆਟਾ ਪਿਸਾ ਕੇ ਲਿਆਇਆ ਕਰਨਾ ਏਂ। ਕੋਇਲੇ ਲਿਆਇਆ ਕਰਨੇ ਨੇ। ਕੈਰੀਅਰ ਬਿਨਾਂ ਨ੍ਹੀ ਸਰਨਾ।'

ਸੋਮਵਾਰ ਨੂੰ ਰਾਮ ਸਿੰਘ ਨੇ ਉਸ ਨੂੰ ਦੋ ਸੌ ਤੋਂ ਕੁਝ ਰੁਪਏ ਵੱਧ ਦੇ ਕੇ ਕਿਹਾ, ' ਪ੍ਰਾਸਪੈਕਟਸ ਲੈ ਕੇ ਫਾਰਮ ਮਹੇਸ਼ ਦੀ ਮੱਦਦ ਨਾਲ਼ ਭਰ ਲੈਣਾ। ਜਿੰਨੀ ਫੀਸ ਲੱਗੇ ਉਸ ਦੀ ਰਸੀਦ ਲੈ ਕੇ ਆਉਣਾ। ਜੋ ਖਾਣਾ ਹੈ, ਘਰ ਆ ਕੇ ਖਾਣਾ ਹੈ। ਬਜ਼ਾਰ ਵਿਚ ਮੂੰਹ ਨਹੀਂ ਮਾਰਨਾ। ਜੇਬ੍ਹ ਖਰਚ ਨਾ ਹਰੀਵੰਸ਼ ਹੋਣਾਂ ਨੂੰ ਮਿਲਿਆ ਤੇ ਨਾ ਤੈਨੂੰ ਮਿਲਣਾ ਏਂ। ਘਰ ਆ ਕੇ ਆਪਣੀ ਭਾਬੀ ਨੂੰ ਪੂਰਾ ਹਿਸਾਬ ਦੇਣਾ ਹੈ।'

'ਠੀਕ ਏ ਵੀਰ ਜੀ।' ਉਹ ਬੋਲਿਆ।

ਰਾਮ ਸਿੰਘ ਦੇ ਜਾਣ ਮਗਰੋਂ ਦੇਵ ਮਾਰਕੀਟ' ਚੋਂ ਇਕ ਪਰਸ ਖਰੀਦ ਲਿਆਇਆ ਤੇ ਸਾਰੇ ਰੁਪਏ ਉਸ ਵਿਚ ਪਾ ਲਏ। ਜਿਹੜੇ ਰੁਪਏ ਉਹ ਦੋਰਾਹੇ ਤੋਂ ਲੈ ਕੇ ਆਇਆ ਸੀ, ਉਹ ਵੱਖਰੀ ਜੇਬ੍ਹ ਵਿਚ ਲੁਕਾ ਦਿੱਤੇ। ਮਹੇਸ਼ ਵੀ ਛੇਤੀ ਹੀ ਘਰ ਆ ਗਿਆ। ਉਦੋਂ ਉਹ ਵਿਹੜੇ ਵਿਚ ਬੈਠਾ ਆਲੂਆਂ ਵਾਲ਼ੇ ਪਰੌਂਠੇ ਖਾ ਰਿਹਾ ਸੀ।

'ਮਹੇਸ਼ ਰੋਟੀ ਖਾ ਲੈ ਬੇਟਾ।' ਜਿੰਦਰ ਨੇ ਕਿਹਾ।

'ਨਹੀਂ ਆਂਟੀ ਜੀ, ਚਾਹ ਪੀ ਕੇ ਆਇਆ ਹਾਂ।'

'ਤਾਂ ਕੀ ਹੋਇਆ, ਇਕ ਪਰੌਂਠਾ ਖਾ ਲੈ।'

ਇਕ ਪਰੌਂਠਾ ਉਸ ਨੇ ਖਾ ਲਿਆ ਤੇ ਬੋਲਿਆ, 'ਆਂਟੀ ਜੀ ਬੜਾ ਸੁਆਦੀ ਪਰੌਂਠਾ ਬਣਿਆ ਏ। ਵਿੱਚ ਅਨਾਰਦਾਣਾ ਪਾਇਆ ਲਗਦਾ ਏ।'

ਜਿੰਦਰ ਨੇ ਇਕ ਪਰੌਂਠਾ ਹੋਰ ਉਸ ਦੀ ਪਲੇਟ ਵਿਚ ਰੱਖ ਦਿੱਤਾ। ਉਹ ਖਾਈ ਵੀ ਗਿਆ ਤੇ ਸਿਫ਼ਤਾਂ ਵੀ ਕਰੀ ਗਿਆ, 'ਮੇਰੀ ਮੰਮੀ ਐਨੇ ਸਵਾਦੀ ਪਰੌਂਠੇ ਨਹੀਂ ਬਣਾ ਸਕਦੀ।'

'ਵੇ ਮਾਵਾਂ ਨੂੰ ਨੀ ਨਿੰਦਿਆ ਕਰਦੇ ਚੰਦਰਿਆ।' ਜਿੰਦਰ ਬੋਲੀ ਤੇ ਇਕ ਹੋਰ ਪਰੌਂਠਾ ਉਸ ਦੀ ਪਲੇਟ ਵਿਚ ਰੱਖ ਦਿੱਤਾ। ਦੇਵ ਨੇ ਸੋਚਿਆ ਕਿ ਢਿੱਡ ਦੇ ਅਕਾਰ ਮੁਤਾਬਕ ਤਿੰਨ ਪਰੌਂਠੇ ਉਸ ਲਈ ਜਿਆਦਾ ਨਹੀਂ ਸਨ। ਉਹ ਕਾਲਜ ਜਾਣ ਲੱਗੇ ਤਾਂ ਜਿੰਦਰ ਬੋਲੀ, 'ਮਹੇ ਸ਼ ਬੇਟੇ, ਦੇਵ ਮੇਰਾ ਪੁੱਤਾਂ ਵਰਗਾ ਦਿਓਰ ਏ। ਇਹਦਾ ਖਿਆਲ ਰੱਖੀਂ। ਤੇਰੇ ਹਵਾਲੇ ਕਰ ਰਹੀ ਹਾਂ ਇਹਨੂੰ।'

'ਤੁਸੀਂ ਚਿੰਤਾ ਨਾ ਕਰੋ ਆਂਟੀ ਜੀ। ਮੈਨੂੰ ਤਾਂ ਆਪ ਮੁਸ਼ਕਲ ਨਾਲ਼ ਦੋਸਤ ਲੱਭਾ ਏ ।'

ਕਾਲਜ ਵਿਚ ਦਾਖ਼ਲਿਆਂ ਦਾ ਕੋਈ ਬਹੁਤਾ ਰਸ਼ ਨਹੀਂ ਸੀ। ਦਾਖ਼ਲਾ 'ਆਨ ਦੀ ਸਪਾਟ' ਹੋ ਰਿਹਾ ਸੀ। ਉਨ੍ਹਾਂ ਨੇ ਪ੍ਰਾਸਪੈਕਟਸ ਲੈ ਕੇ ਫਾਰਮ ਭਰ ਦਿੱਤਾ। ਸਾਰੇ ਸਰਟੀਫਿਕੇਟਾਂ ਦੀਆਂ ਨਕਲਾਂ ਨਾਲ਼ ਲਾ ਦਿੱਤੀਆਂ। ਇਹ ਨਕਲਾਂ ਦੇਵ ਪੰਜਾਬ ਤੋਂ ਹੀ ਟਾਈਪ ਕਰਵਾ ਕੇ ਅਟੈਸਟ ਕਰਵਾ ਲਿਆਇਆ ਸੀ। ਗਾਰਡੀਅਨ ਦੇ ਦਸਖ਼ਤ ਮਹੇਸ਼ ਨੇ ਕਰ ਦਿੱਤੇ। ਇਕ ਪ੍ਰੋਫੈਸਰ ਨੇ ਦੇਵ ਦੇ ਮੂਲ ਸਰਟੀਫਿਕੇਟ ਚੈਕ ਕਰਕੇ ਫਾਰਮ ਤੇ ਲਿਖ ਦਿੱਤਾ-ਐਡਮਿਟ ਇਨ ਬੀ. ਐਸ. ਸੀ. ਪਰੀਵੀਅਸ ਨਾਨ ਮੈਡੀਕਲ। ਉਹ ਫੀਸ ਜਮ੍ਹਾਂ

ਕਰਵਾਉਣ ਲਈ ਗਏ ਤਾਂ ਕਾਊਂਟਰ ਮੂਹਰੇ ਮੁੰਡੇ ਕੁੜੀਆਂ ਦੀਆਂ ਦੋ ਲਾਈਨਾਂ ਲੱਗੀਆਂ ਹੋਈਆਂ ਦੇਖ ਮਹੇਸ਼ ਨੇ ਦਾਖ਼ਲਾ ਫਾਰਮ ਅਤੇ ਸੌ ਰੁਪਏ ਦੇਵ ਤੋਂ ਫੜ ਲਏ ਤੇ ਦਫ਼ਤਰ ਅੰਦਰ ਜਾ ਵੜਿਆ। ਪੰਜ ਮਿੰਟ ਵਿਚ ਹੀ ਉਹ ਵਾਪਸ ਆਇਆ ਤੇ ਦੇਵ ਨੂੰ ਵੀਹ ਰੁਪਏ ਅਤੇ ਰਸੀਦ ਫੜਾ ਦਿੱਤੀ। ਰਸੀਦ ਸੱਤਰ ਰੁਪਿਆਂ ਦੀ ਸੀ। ਦੇਵ ਬੋਲਿਆ, 'ਮਹੇਸ਼ ਤੀਹ ਰੁਪਏ ਮੁੜਨੇ ਸਨ।'

'ਦਸ ਰੁਪਏ ਸਟੂਡੈਂਟ ਵੈਲਫੇਅਰ ਫੰਡ ਦੇ ਦੇ ਆਇਆ ਹਾਂ। ਉਹਦੀ ਰਸੀਦ ਨਹੀਂ ਹੁੰਦੀ।'

'ਵੀਰ ਜੀ ਨੇ ਰਸੀਦ ਮੰਗੀ, ਮੈਂ ਕੀ ਕਹਾਂਗਾ?'

'ਮੈਂ ਦੱਸ ਦਿਆਂਗਾ ਉਹਨਾਂ ਨੂੰ। ਇਸ ਫੰਡ ਰਾਹੀਂ ਗਰੀਬ ਵਿਦਿਆਰਥੀਆਂ ਦੀ ਮੱਦਦ ਕੀਤੀ ਜਾਂਦੀ ਏ।'

'ਐਥੇ ਸ਼ਹਿਰ ਵਿਚ ਵੀ ਗਰੀਬ ਹੁੰਦੇ ਨੇ?' ਦੇਵ ਨੇ ਪੁੱਛਿਆ।

'ਪੰਜਾਬ ਦੇ ਸ਼ਹਿਰਾਂ' ਚ ਨੀ ਹੁੰਦੇ?'

'ਦੇਵ ਚੁੱਪ ਕਰ ਗਿਆ। ਦਾਖ਼ਲ ਹੋਣ ਮਗਰੋਂ ਉਹ ਕੰਟੀਨ ਅੱਗਿਓਂ ਲੰਘਣ ਲੱਗੇ ਤਾਂ ਮਹੇਸ਼ ਬੋਲਿਆ, 'ਚੱਲ ਦੇਵ ਤੈਨੂੰ ਚਾਹ ਪਿਆਵਾਂ।'

'ਚਾਹ ਪੀ ਕੇ ਤਾਂ ਚੱਲੇ ਸੀ।'

'ਉਹਨੂੰ ਤਾਂ ਹੋ ਗਏ ਤਿੰਨ ਘੰਟੇ। ਹੁਣ ਤੱਕ ਪਈ ਏ?'

ਉਹ ਦੇਵ ਨੂੰ ਕੰਟੀਨ ਵਿਚ ਲੈ ਵੜਿਆ। ਕਾਊਂਟਰ ਤੋਂ ਦੋ ਪਲੇਟਾਂ ਸਮੋਸੇ ਤੇ ਗੁਲਾਬ ਜਾਮਣਾ ਚੁੱਕ ਲਿਆਇਆ। ਖਾ ਪੀ ਕੇ ਉੱਠੇ ਤਾਂ ਉਹ ਬੋਲਿਆ, 'ਦੇਵ ਬਿਲ ਪੇ ਕਰ ਦੇ । ਇਹ ਪਾਰਟੀ ਸੀ ਤੇਰੇ ਵੱਲੋਂ ਦਾਖ਼ਲੇ ਦੀ ਖੁਸ਼ੀ ਵਿਚ। ਜੇ ਕਹੇਂ ਮੈਂ ਅੱਧੇ ਦੇ ਦਿਆਂਗਾ।'

ਦੇਵ ਨੇ ਛੇ ਰੁਪਏ ਦਿੱਤੇ ਤੇ ਕਿਹਾ, 'ਵੀਰ ਜੀ ਨੇ ਮੈਨੂੰ ਬਾਹਰ ਕੁਝ ਵੀ ਖਾਣ ਤੋਂ ਮਨ੍ਹਾ ਕੀਤਾ ਸੀ।'

'ਘਰ ਦੇ ਬੜਾ ਕੁਝ ਕਿਹਾ ਕਰਦੇ ਨੇ। ਤੂੰ ਦੱਸੀਂ ਨਾ ਘਰ ਜਾ ਕੇ।'

ਕਾਪੀਆਂ ਕਿਤਾਬਾਂ ਦੀ ਲਿਸਟ ਉਹ ਕਾਲਜ ਤੋਂ ਲੈ ਆਇਆ ਸੀ। ਰਾਮ ਸਿੰਘ ਨੇ ਉਸ ਨੂੰ ਮਹੇਸ਼ ਨਾਲ਼ ਬੁਕਸ ਮਾਰਕੀਟ ਵਿਚ ਇਕ ਦੁਕਾਨ ਤੇ ਜਾਣ ਲਈ ਕਿਹਾ ਸੀ, ਜਿੱਥੋਂ ਪੁਰਾਣੀਆਂ ਕਿਤਾਬਾਂ ਅੱਧੇ ਮੁੱਲ ਉੱਤੇ ਮਿਲ ਜਾਂਦੀਆਂ ਸਨ। ਉਹ ਉਸ ਦੁਕਾਨ ਤੇ ਚਲੇ ਗਏ । ਉੱਥੋਂ ਉਸਨੂੰ ਕਈ ਕਿਤਾਬਾਂ ਮਿਲ ਗਈਆਂ। ਦੁਕਾਨਦਾਰ ਨੇ ਰਹਿੰਦੀਆਂ ਕਿਤਾਬਾਂ ਦੋ ਚਾਰ ਦਿਨਾਂ ਵਿਚ ਲੈ ਕੇ ਜਾਣ ਲਈ ਕਹਿ ਦਿੱਤਾ। ਦੇਵ ਉਸੇ ਦੁਕਾਨਦਾਰ ਕੋਲ਼ੋਂ ਪੈੱਨ ਖਰੀਦਣ ਲੱਗਾ ਤਾਂ ਮਹੇਸ਼ ਬੋਲਿਆ, 'ਪੈੱਨ ਮੈਂ ਤੈਨੂੰ ਸਟੈਂਡਰਡ ਦੁਕਾਨ ਤੋਂ ਦੁਆਵਾਂਗਾ।'

ਉਹ ਉਸਨੂੰ ਫੁਹਾਰਾ ਚੌਂਕ ਵਿਚ ਡਿਊਰੈਕਸ ਕੰਪਨੀ ਦੀ ਵੱਡੀ ਦੁਕਾਨ ਵਿਚ ਲੈ ਵੜਿਆ। ਦੇਵ ਨੇ ਚਾਰ ਰੁਪਏ ਵਿਚ ਇਕ ਇੰਕ ਵਾਲ਼ਾ ਪੈੱਨ ਖਰੀਦਿਆ ਤਾਂ ਉਹ ਬੋਲਿਆ, 'ਦੇਵ ਯਾਰ ਦੋ ਪੈੱਨ ਲੈ ਲਾ। ਮੈਨੂੰ ਵੀ ਲੋੜ ਏ। ਚਾਰ ਰੁਪਏ ਤੈਨੂੰ ਮੈਂ ਬਾਅਦ ਵਿਚ ਦੇ ਦਿਆਂਗਾ।'

ਅੱਠ ਰੁਪਏ ਦੇ ਕੇ ਉਸ ਨੇ ਦੋ ਪੈੱਨ ਖਰੀਦ ਲਏ। ਮਹਿੰਗੇ ਪੈੱਨ ਸਨ ਇਸੇ ਕਰਕੇ

ਉਨ੍ਹਾਂ ਦੋਨਾਂ ਦੇ ਨਾਂ ਦੁਕਾਨਦਾਰ ਨੇ ਪੈੱਨਾਂ ਤੇ ਖੁਦਵਾ ਦਿੱਤੇ। ਘਰ ਆ ਕੇ ਜੋ ਪੈਸੇ ਬਚੇ ਦੇਵ ਨੇ ਜਿੰਦਰ ਨੂੰ ਦੇ ਦਿੱਤੇ। ਉਸ ਨੇ ਕੋਈ ਹਿਸਾਬ ਨਾ ਮੰਗਿਆ।

00

## ਅਠਾਹਟ

ਮਹੇਸ਼ ਇਕ ਦਿਨ ਸਵੇਰੇ ਹੀ ਘਰ ਆਇਆ ਤੇ ਦੇਵ ਨੂੰ ਕਹਿਣ ਲੱਗਾ, 'ਕੀ ਕਰਦਾ ਰਹਿੰਦਾ ਏਂ ਘਰੇ ਬੈਠਾ? ਤੂੰ ਬੋਰ ਨ੍ਹੀ ਹੁੰਦਾ?'

'ਨਹੀਂ ਮਹੇਸ਼ ਬੱਚਿਆਂ ਨਾਲ਼ ਖੇਡ ਲਈਦਾ ਏ। ਰੇਡਿਓ ਸੁਣ ਲਈਦਾ ਏ।' ਉਹ ਬੋਲਿਆ।

'ਮਹੇਸ਼ ਬੇਟੇ ਅਜੇ ਤਾਂ ਸੋਮਵਾਰ ਨੂੰ ਕਾਲਜ ਖੁੱਲ੍ਹਣੇ ਨੇ। ਦੇਵ ਨੂੰ ਕਿਧਰੇ ਘੁੰਮਾ ਫਿਰਾ ਲਿਆ।' ਜਿੰਦਰ ਬੋਲੀ।

'ਠੀਕ ਏ ਆਂਟੀ ਜੀ, ਮੈਂ ਆਪ ਇਹੀ ਕਹਿਣ ਆਇਆ ਸੀ।'

ਦੇਵ ਤਿਆਰ ਹੋ ਗਿਆ। ਜਿੰਦਰ ਨੇ ਉਸ ਨੂੰ ਪੰਜ ਰੁਪਏ ਦੇ ਦਿੱਤੇ। ਦੇਵ ਨੂੰ ਆਸ ਸੀ ਕਿ ਅੱਜ ਮਹੇਸ਼ ਉਸ ਦਾ ਉਧਾਰ ਵੀ ਚੁਕਾ ਦੇਵੇਗਾ। ਕੰਟੀਨ ਵਾਲ਼ਾ ਸਾਰਾ ਖਰਚ ਤਾਂ ਦੇਵ ਦੇ ਜਿੰਮੇਂ ਹੀ ਪੈ ਗਿਆ ਸੀ। ਪੈੱਨ ਵਾਲ਼ੇ ਚਾਰ ਰੁਪਏ ਮਿਲਣ ਦੀ ਆਸ ਸੀ। ਵਾਟਰ ਵਰਕਸ ਕੋਲ਼ੋਂ ਲੰਘੇ ਤਾਂ ਉਹ ਬੋਲਿਆ, 'ਦੇਵ ਕਿੱਥੇ ਜਾਣ ਦਾ ਇਰਾਦਾ ਏ ਅੱਜ?'

'ਤਾਜ ਮਹਿਲ ਕਿੰਨੀ ਕੁ ਦੂਰ ਏ?'

'ਗੋਲ਼ੀ ਮਾਰ ਤਾਜ ਮਹਿਲ ਦੇ। ਉੱਥੇ ਕੀ ਆ?... ਕਬਰਾਂ।'

'ਹੋਰ ਕਿੱਥੇ ਜਾਣਾ ਏਂ?'

'ਤੂੰ ਬੱਸ ਮਗਰ ਮਗਰ ਆਈ ਚੱਲ ਯਾਦ ਰੱਖੇਂਗਾ।'

ਲਗਾਤਾਰ ਚਲਾਈ ਹੋਣ ਨਾਲ਼ ਦੇਵ ਦਾ ਸਾਇਕਲ ਰੈਲ਼ਾ ਹੋ ਗਿਆ ਸੀ। ਪਹਿਲਾਂ ਉਹ ਦੇਵ ਨੂੰ ਇਕ ਸਿਨਮਾ ਹਾਲ ਵਿਚ ਲੈ ਵੜਿਆ ਤੇ ਪੋਸਟਰ ਵਿਖਾਉਣ ਲੱਗਾ। ਜਿਹੜੀ ਪਿਕਚਰ ਲੱਗੀ ਹੋਈ ਸੀ, ਉਹ ਉਸਨੇ ਪਹਿਲਾਂ ਹੀ ਦੇਖੀ ਹੋਈ ਸੀ। ਉਹ ਬੋਲਿਆ, 'ਜਿਸ ਦਿਨ ਵੀ ਨਵੀਂ ਪਿਕਚਰ ਆਈ ਆਪਾਂ ਦੋਨੋਂ ਦੇਖਾਂਗੇ।'

'ਛੱਡ ਯਾਰ ਪਿਕਚਰਾਂ ਦਾ ਚੱਕਰ। ਮੈਂ ਤਾਂ ਸਿਰਫ਼ ਪੜ੍ਹਾਈ ਕਰਨ ਦੀ ਸੋਚ ਕੇ ਇੱਥੇ ਦਾਖ਼ਲਾ ਲਿਆ ਏ।' ਦੇਵ ਨੇ ਕਿਹਾ।

'ਸਭ ਕੁਝ ਜਰੂਰੀ ਹੁੰਦਾ ਏ ਦੇਵ ਜ਼ਿੰਦਗੀ ਵਿਚ। ਜੇ ਤੁਸੀਂ ਕਿਸੇ ਦਿਨ ਪਿਕਚਰ ਦੇਖੀ ਹੈ, ਤਾਂ ਤੁਹਾਡਾ ਫਰਜ਼ ਬਣਦਾ ਹੈ, ਕਿ ਉਸ ਦਿਨ ਤਿੰਨ ਘੰਟੇ ਵੱਧ ਪੜ੍ਹਾਈ ਕਰੋ।'

'ਫੇਰ ਨੀਂਦ ਕਿਵੇਂ ਪੂਰੀ ਹੋਵੇਗੀ?'

'ਨੀਂਦ, ਭੁੱਖ, ਸੈਕਸ.... ਤਿੰਨ ਚੀਜ਼ਾਂ ਨੇ। ਜਿੰਨਾਂ ਮਰਜ਼ੀ ਵਧਾ ਲਓ। ਜਿੰਨਾਂ ਮਰਜ਼ੀ ਘਟਾ ਲਵੋ।' ਉਸ ਨੇ ਕਿਹਾ।

ਪਤਾ ਨਹੀਂ ਉਹ ਦੇਵ ਨੂੰ ਕਿਹੜੀਆਂ ਗਲ਼ੀਆਂ ਵਿੱਚੋਂ ਘੁਮਾ ਕੇ ਲੈ ਗਿਆ ਕਿ ਉਹ ਫੁਹਾਰਾ ਚੌਂਕ ਵਿਚ ਪਹੁੰਚ ਗਏ। ਦੇਵ ਬੋਲਿਆ, 'ਇਹ ਉਹੀ ਦੁਕਾਨ ਏਂ? ਜਿੱਥੋਂ ਆਪਾਂ

ਪੈੱਨ ਖਰੀਦੇ ਸੀ?'

ਦੇਵ ਨੇ ਇਹ ਗੱਲ ਇਹ ਸੋਚਕੇ ਕੀਤੀ ਕਿ ਸ਼ਾਇਦ ਉਸ ਨੂੰ ਉਸਦਾ ਉਧਾਰ ਯਾਦ ਆ ਜਾਵੇ, ਪਰ ਮਹੇਸ਼ ਨੇ ਕੋਈ ਉੱਤਰ ਹੀ ਨਾ ਦਿੱਤਾ। ਉੱਥੋਂ ਉਹ ਸਾਇਕਲਾਂ ਦੇ ਹੈਂਡਲ ਫੜੀ ਬਹੁਤ ਗਹਿਮਾ-ਗਹਿਮੀ ਅਤੇ ਭੀੜ ਵਾਲ਼ੇ ਕਿਨਾਰੀ ਬਜ਼ਾਰ ਵਿਚ ਜਾ ਵੜੇ। ਬਜ਼ਾਰ ਦੇ ਦੋਨਾਂ ਪਾਸੇ ਭਾਂਡੇ, ਕੱਪੜੇ, ਬਿਜਲੀ ਦਾ ਸਮਾਨ, ਬਜਾਜੀ, ਮਨਿਆਰੀ, ਕਰਿਆਨੇ ਤੇ ਹੋਰ ਪਤਾ ਨਹੀਂ ਕਾਹਦੀਆਂ ਕਾਹਦੀਆਂ ਦੁਕਾਨਾਂ ਸਨ। ਦੁਕਾਨਾਂ ਦੇ ਬਾਹਰ ਲੱਗੇ ਸਮਾਨ ਦੇ ਢੇਰਾਂ ਤੋਂ ਇੰਝ ਲਗਦਾ ਸੀ, ਜਿਵੇਂ ਦੁਕਾਨਾਂ ਦੇ ਪੇਟ ਫਟ ਕੇ ਉਹ ਸਾਰਾ ਸਮਾਨ ਬਾਹਰ ਆ ਡਿਗਿਆ ਹੋਵੇ।

'ਜ਼ਰਾ ਉੱਪਰ ਵੱਲ ਵੀ ਝਾਤ ਮਾਰ ਲੈ ਪੱਟੂਆ।' ਮਹੇਸ਼ ਹੱਸਿਆ।

ਦੇਵ ਨੇ ਉੱਤੇ ਨੂੰ ਅੱਖਾਂ ਚੁੱਕੀਆਂ। ਬਜ਼ਾਰ ਵੱਲ ਨੂੰ ਖੁੱਲ੍ਹੇ ਕਿੰਗਰਿਆਂ ਵਾਲ਼ੇ ਇਕ ਛੋਟੇ ਦਰ ਵਿਚ ਸਜੀ-ਧਜੀ ਬੈਠੀ ਇਕ ਖੂਬਸੂਰਤ ਔਰਤ ਨੇ ਦੇਵ ਨੂੰ ਹੱਥ ਮਾਰਿਆ ਤੇ ਮੁਸਕਰਾਈ। ਉਸ ਨੇ ਬੁੱਲ੍ਹ ਹਿਲਾਕੇ ਕੁਝ ਕਿਹਾ ਵੀ।

'ਇਹ ਕੌਣ?' ਉਸ ਨੇ ਹੈਰਾਨ ਹੋ ਕੇ ਮਹੇਸ਼ ਨੂੰ ਪੁੱਛਿਆ।

'ਇਹ ਸੁਰਗਾਪੁਰੀ ਦੀ ਹੂਰ ਏ... ਲੈਣੇ ਨੇ ਨਜ਼ਾਰੇ? ਆਗਰੇ ਦਾ ਅੰਗੂਰੀ ਪੇਠਾ ਖਾਧਾ ਏ ਕਦੀ?' ਉਹ ਹੱਸਿਆ।

ਦੇਵ ਝੇਂਪ ਗਿਆ। ਮੁੜ ਨਜ਼ਰਾਂ ਉਪਰਲੀ ਪਾਲ਼ ਤੇ ਗਈਆਂ। ਬਜ਼ਾਰ ਵਿਚ ਤਾਂ ਸਿਰੇ ਤਕ ਇਹੋ ਹਾਲ ਸੀ। ਮਹੇਸ਼ ਨੇ ਦੱਸਿਆ ਕਿ ਹਾਰ-ਸ਼ਿੰਗਾਰ ਕਰੀ ਬੈਠੀਆਂ-ਖੜੀਆਂ ਉਹ ਔਰਤਾਂ ਆਪਣੇ ਗਾਹਕ ਲੱਭਣ ਲਈ ਲੋਕਾਂ ਤੇ ਡੋਰੇ ਸੁੱਟ ਰਹੀਆਂ ਸਨ। ਦੇਵ ਬੋਲਿਆ, 'ਤੂੰ ਐਥੋਂ ਨਿਕਲ਼ ਮਹੇਸ਼। ਜੇ ਵੀਰ ਜੀ ਨੂੰ ਭਿਣਕ ਪੈ ਗਈ, ਉਹ ਅੱਜ ਹੀ ਮੈਨੂੰ ਪੰਜਾਬ ਦੀ ਗੱਡੀ ਚੜ੍ਹਾ ਆਉਣਗੇ।'

ਮਹੇਸ਼ ਹੱਸ ਕੇ ਬੋਲਿਆ, 'ਮੈਨੂੰ ਤਿੰਨ ਸਾਲ ਹੋ ਗਏ ਯਾਰ। ਮੇਰੇ ਪਾਪਾ ਨੂੰ ਤਾਂ ਪਈ ਨੀ ਭਿਣਕ। ਤੂੰ ਡਰਦਾ ਕਾਹਤੋਂ ਏਂ? ਇਹ ਸਭ ਚੀਜ਼ਾਂ ਜ਼ਿੰਦਗੀ ਦਾ ਹਿੱਸਾ ਨੇ। ਇਹ ਤਾਂ ਕੁਆਰੇ ਲੋਕਾਂ ਲਈ ਟਰੇਨਿੰਗ ਸੈਂਟਰ ਏ। ਤੂੰ ਐਵੇਂ ਜਰਕੀ ਜਾਨੈਂ।'

ਇਕ ਤੰਗ ਜਿਹੀ ਗਲ਼ੀ ਸੱਜੇ ਪਾਸੇ ਨੂੰ ਮੁੜੀ ਤਾਂ ਮਹੇਸ਼ ਨੇ ਉਸ ਨੂੰ ਉੱਧਰ ਮੁੜਨ ਦਾ ਇਸ਼ਾਰਾ ਕੀਤਾ। ਉਹ ਬੋਲਿਆ, 'ਹੁਣ ਐਧਰ ਕਿੱਧਰ?'

'ਤੈਨੂੰ ਮੁਜ਼ਰਾ ਦਿਖਾਉਣਾ ਏਂ।'

'ਉਹ ਕੀ ਹੁੰਦਾ ਏ?'

'ਆਈ ਚੱਲ, ਪਤਾ ਲੱਗ ਜਾਵੇਗਾ।'

ਦੇਵ ਦੇ ਨਾ ਨਾ ਕਰਦੇ ਉਹ ਉਸ ਨੂੰ ਸਲ੍ਹਾਬ ਖਾਧੀ ਪੁਰਾਣੀ ਜਿਹੀ ਬਿਲਡਿੰਗ ਵਿਚ ਲੈ ਵੜਿਆ, ਜਿਸ ਦੇ ਵਿਚਕਾਰ ਕਾਫ਼ੀ ਵੱਡਾ ਵਿਹੜਾ ਸੀ ਤੇ ਉੱਤੇ ਬਣੇ ਅਲੱਗ ਅਲੱਗ ਚੁਬਾਰਿਆਂ ਨੂੰ ਚਾਰ ਪੌੜੀਆਂ ਚੜ੍ਹਦੀਆਂ ਸਨ। ਸਾਇਕਲਾਂ ਨੂੰ ਤਾਲ਼ੇ ਲਾ ਕੇ ਉਹ ਖੱਬੇ ਪਾਸੇ ਦੀ ਪਹਿਲੀ ਪੌੜੀ ਚੜ੍ਹ ਗਏ। ਉੱਤੇ ਜਾਕੇ ਮਹੇਸ਼ ਨੇ ਬੰਦ ਚੁਬਾਰੇ ਦਾ ਦਰ ਖੜਕਾਇਆ। ਇਕ ਸਜੀ-ਧਜੀ ਨੌਜਵਾਨ ਕੁੜੀ ਨੇ ਦਰਵਾਜ਼ਾ ਖੋਹਲ ਦਿੱਤਾ ਤੇ ਉਨ੍ਹਾਂ ਨੂੰ ਦੇਖ ਕੇ

ਮੁਸਕਰਾਈ। ਉਸ ਨੇ ਸੱਜੇ ਹੱਥ ਦੀ ਤਲ਼ੀ ਸਿੱਧੀ ਕਰਕੇ ਚਾਰ ਪੰਜ ਵਾਰੀ ਆਪਣੇ ਮੱਥੇ ਨੂੰ ਛੁਹਾਈ ਤੇ ਬੋਲੀ, 'ਆਓ ਸਰਕਾਰ ਆਓ..... ਈਦ ਕਾ ਚਾਂਦ ਬਨ ਗਏ ਹੈਂ ਅਬ ਤੋ।'

ਮਹੇਸ਼ ਬੋਲਿਆ, 'ਇਹਨੂੰ ਬਖ਼ਸ਼ੀਸ਼ ਦੇ ਦੇ।'

'ਉਹ ਕੀ ਹੁੰਦਾ ਏ?'

'ਦਸ ਰੁਪਏ ਦੇ ਦੇ ਯਾਰ।'

'ਮਹੇਸ਼ ਮੈਂ ਜਾਂਦਾ ਏਂ, ਤੂੰ ਕਰ ਜੋ ਮਰਜ਼ੀ।' ਦੇਵ ਨੇ ਪਿੱਛੇ ਮੁੜਨ ਲਈ ਪਿੱਠ ਘੁਮਾਈ ਹੀ ਸੀ ਕਿ ਕੁੜੀ ਨੇ ਅੱਗੇ ਵਧ ਕੇ ਦੋਨੋਂ ਬਾਹਾਂ ਉਸ ਦੇ ਲੱਕ ਦੁਆਲ਼ੇ ਵਲ਼ਾ ਦਿੱਤੀਆਂ ਤੇ ਬੋਲੀ, 'ਹਮ ਸੇ ਖ਼ਫ਼ਾ ਹੋ ਕਰ ਕਹਾਂ ਜਾਓਗੇ ਮੇਰੀ ਸਰਕਾਰ। ਕੁਛ ਨਹੀਂ ਲੇਂਗੇ ਹਮ। ਮੁਫ਼ਤ ਮੇ ਜਾਂ ਕੁਰਬਾਨ ਕਰ ਦੇਂਗੇ ਆਪ ਪਰ।'

ਦੇਵ ਹੈਰਾਨ ਹੋਇਆ। ਐਨੀ ਬੇਹਿਆ, ਬੇਸ਼ਰਮ ਕੁੜੀ! ਮਹੇਸ਼ ਨੇ ਉਸ ਨੂੰ ਅੰਦਰ ਖਿੱਚ ਲਿਆ ਤੇ ਬੋਲਿਆ, 'ਨਵੇਂ ਗਾਹਕਾਂ ਤੋਂ ਇਹ ਲੋਕ ਬੜੇ ਪੈਸੇ ਠਗ ਲੈਂਦੇ ਨੇ। ਆਪਾਂ ਉਸਨੂੰ ਸਿਰਫ਼ ਦਸ ਰੁਪਏ ਦੇਣੇ ਨੇ ਤੇ ਗਾਉਣ-ਪਾਣੀ ਸੁਣ ਕੇ ਚਲਦੇ ਬਣਨਾ ਏਂ।'

'ਮੈਂ ਇੱਥੇ ਇਕ ਪਲ਼ ਵੀ ਨਹੀਂ ਰੁਕਣਾ ਚਾਹੁੰਦਾ।' ਦੇਵ ਬੋਲਿਆ।

'ਰੁਕਣਾ ਤਾਂ ਮੈਂ ਵੀ ਨਹੀਂ ਯਾਰ। ਪੰਦਰਾਂ ਵੀਹ ਮਿੰਟ ਦੀ ਗੱਲ ਏ। ਹੋਰ ਕਿਸੇ ਦਾ ਨਹੀਂ ਮੇਰਾ ਹੀ ਮਾਣ ਰੱਖ ਲੈ। ਜੇ ਤੂੰ ਦੌੜਿਆ, ਸਭ ਤੈਨੂੰ ਪੇਂਡੂ ਗੰਵਾਰ ਕਹਿਣਗੇ। ਮੈਨਰਜ਼ ਸਿੱਖ ਯਾਰ। ਇਕ ਦੋ ਗਾਣੇ ਸੁਣਾਂਗੇ ਤੇ ਡਾਂਸ ਦੇਖ ਕੇ ਚਲੇ ਜਾਵਾਂਗੇ।'

ਉਸ ਨੇ ਦੇਵ ਨੂੰ ਅੱਗੇ ਇਕ ਹੋਰ ਕਮਰੇ ਵਿਚ ਖਿੱਚ ਲਿਆ ਤੇ ਸਫ਼ੈਦ ਗੱਦਿਆਂ ਉੱਤੇ ਆਪਣੇ ਨਾਲ਼ ਬਿਠਾ ਲਿਆ, ਜਿਨ੍ਹਾਂ ਪਿੱਛੇ ਗੋਲ਼ ਗੋਲੀਆਂ ਵਰਗੇ ਸਿਰਹਾਣੇ ਪਏ ਸਨ।

'ਦੇਵ ਤੂੰ ਮੈਨੂੰ ਦਸ ਰੁਪਏ ਦੇਅ.... ਪੰਜ ਮੈਂ ਤੈਨੂੰ ਬਾਅਦ ਵਿਚ ਦੇ ਦਿਆਂਗਾ। ਇਸ ਭਾਅ ਕੁਝ ਵੀ ਮਹਿੰਗਾ ਨਹੀਂ। ਜ਼ਿੰਦਗੀ ਵਿਚ ਹਰ ਕਿਸਮ ਦੇ ਤਜ਼ਰਬੇ ਕਰਨੇ ਚਾਹੀਦੇ ਹਨ।'

ਦੇਵ ਨੇ ਸੋਚਿਆ, ਹੁਣ ਫਸੇ ਤਾਂ ਫਟਕਣ ਕੀ। ਇਸ ਬੰਦੇ ਦਾ ਉਹ ਅੱਜ ਤੋਂ ਬਾਅਦ ਹਮੇਸ਼ਾ ਲਈ ਸਾਥ ਛੱਡ ਦੇਵੇਗਾ। ਉਹ ਜਾਣੋ ਦਸ ਰੁਪਏ ਖ਼ੂਹ ਵਿਚ ਸੁੱਟ ਦਿੱਤੇ ਸਹੀ। ਦੇਵ ਨੇ ਪਰਸ ਵਿੱਚੋਂ ਦਸਾਂ ਦਾ ਨੋਟ ਕੱਢ ਕੇ ਮਹੇਸ਼ ਨੂੰ ਫੜਾ ਦਿੱਤਾ। ਉਹ ਉੱਠ ਕੇ ਸਾਮ੍ਹਣੇ ਵਾਲ਼ੇ ਕਮਰੇ ਵਿਚ ਜਾ ਵੜਿਆ, ਜਿੱਥੇ ਪਹਿਲਾਂ ਉਹ ਕੁੜੀ ਵੜੀ ਸੀ। ਚਿੱਟੇ ਕੱਪੜਿਆਂ ਵਾਲ਼ਾ ਇਕ ਟੋਪੀ ਧਾਰੀ ਮੂੰਹ' ਚੋਂ ਡਿਗਦੇ ਪਾਨ ਨੂੰ ਬਚਾਉਂਦਾ ਅੰਦਰ ਆਇਆ ਤੇ ਦੇਵ ਨੂੰ ਝੁਕ ਕੇ ਸਲਾਮ ਕਰਨ ਮਗਰੋਂ ਤਿੰਨ ਚਾਰ ਸਵਿੱਚਾਂ ਦੱਬ ਗਿਆ। ਗੁਲਾਬੀ ਰੰਗ ਦੀ ਰੋਸ਼ਨੀ ਨਾਲ਼ ਸਾਰਾ ਕਮਰਾ ਭਰ ਗਿਆ। ਤਦੇ ਅੰਦਰੋਂ ਤਬਲੇ ਅਤੇ ਹਰਮੋਨੀਅਮ ਦੀਆਂ ਬਹੁਤ ਮੱਧਮ ਧੁਨਾਂ ਵੱਜਣ ਲੱਗ ਪਈਆ। ਮਹੇਸ਼ ਬਾਹਰ ਆ ਕੇ ਦੇਵ ਕੋਲ਼ ਬੈਠ ਗਿਆ।

'ਮੈਨੂੰ ਬਹੁਤ ਘਬਰਾਹਟ ਹੋ ਰਹੀ ਏ ਮਹੇਸ਼। ਕਿੰਨੀ ਦੇਰ ਲੱਗੇਗੀ ਅਜੇ?'

'ਬੱਸ ਆਪਾਂ ਨੇ ਮੁਜ਼ਰਾ ਦੇਖ ਕੇ ਚਲੇ ਜਾਣਾ ਏਂ। ਜੇ ਬਹੁਤੀ ਘਬਰਾਹਟ ਹੋ ਰਹੀ ਏ ਤਾਂ ਡਰਿੰਕ ਮੰਗਵਾ ਲਵਾਂ?'

'ਉਹ ਕੀ ਹੁੰਦੀ ਏ?'

'ਡਰਿੰਕ ਨੀ ਪਤਾ? ਡਰਿੰਕ ਕਹਿੰਦੇ ਨੇ ਸ਼ਰਾਬ ਦੇ ਪੈੱਗ ਨੂੰ। ਲਵੇਂਗਾ? ਮੈਂ ਤਾਂ ਅੰਦਰ ਲਾ ਆਇਆ।'

'ਛੱਡ ਯਾਰ। ਤੌਬਾ ਮੇਰੀ। ਤੂੰ ਮੁਜ਼ਰੇ ਨੂੰ ਛੇਤੀ ਸੱਦ। ਕੀ ਬਲਾ ਏ ਉਹ?'

'ਦੁਨੀਆਂ ਦੀ ਕਿਹੜੀ ਖੱਡ' ਚੋਂ ਨਿਕਲ਼ ਕੇ ਆਇਆ ਏ ਤੂੰ ਯਾਰ? ਤੈਨੂੰ ਤਾਂ ਕਿਸੇ ਗੱਲ ਦਾ ਵੀ ਪਤਾ ਨੀ।' ਉਹ ਹੱਸਿਆ।

ਤਦੇ ਹਰਮੋਨੀਅਮ' ਚੋਂ ਕਿਸੇ ਗਾਣੇ ਦੀ ਧੁਨ ਨਿਕਲ਼ੀ ਤੇ ਤਬਲਾ ਬੁੜ੍ਹਕਣ ਲੱਗਾ। ਪੈਰਾਂ ਵਿਚ ਘੁੰਗਰੂ ਬੰਨ੍ਹੀਂ ਕੇਵਲ ਚੱਡੀ ਅਤੇ ਬਰਾ ਵਿਚ ਉਹੀ ਕੁੜੀ ਸੱਪਣੀ ਵਾਂਗ ਮੇਲ੍ਹਦੀ ਆਈ ਤੇ ਉਨ੍ਹਾਂ ਦੇ ਮੂਹਰੇ ਨੱਚਣ ਤੇ ਗਾਉਣ ਲੱਗ ਪਈ। ਉਹ ਲੱਤਾਂ ਫੈਲਾ-ਫੈਲਾ ਫਰਸ਼ ਤੇ ਡਿਗ ਡਿਗ ਅਜੀਬ ਹਰਕਤਾਂ ਵੀ ਕਰਦੀ ਰਹੀ। ਹੌਲ਼ੀ-ਹੌਲ਼ੀ ਉਸ ਨੇ ਆਪਣੇ ਸਰੀਰ ਦੇ ਦੋ ਨਿੱਕੇ ਕੱਪੜੇ ਵੀ ਲਾਹ ਸੁੱਟੇ। ਉਸ ਵੱਲ ਦੇਖਦਿਆ ਦੇਵ ਨੂੰ ਪਤਾ ਹੀ ਨਾ ਲੱਗਾ ਕਿ ਉਹ ਕਦੋਂ ਬਚਪਨ ਦੇ ਉਨ੍ਹਾਂ ਪਲ਼ਾਂ ਵਿਚ ਪਹੁੰਚ ਗਿਆ ਜਦੋਂ ਉਹ ਬੇਗਮਪੁਰ ਪਿੰਡ ਵਿਚ ਨਲ਼ਕੇ ਮੂਹਰੇ ਨਹਾਉਂਦੀ ਪੰਮੀ ਕੋਲ਼ ਬਾਲਟੀ ਰੱਖ ਹੈਂਡਲ ਗੇੜਨ ਲੱਗ ਪਿਆ ਸੀ। ਜਿਵੇ ਂ ਉੱਥੇ ਉਸ ਦੀਆਂ ਨਜ਼ਰਾਂ ਐਧਰ-ਉੱਧਰ ਹੋਰ ਹੀ ਪਾਸੇ ਝਾਕਦੀਆਂ ਰਹੀਆਂ ਸਨ ਉਵੇਂ ਉਸਦਾ ਹਾਲ ਐਥੇ ਸੀ। ਕੰਧ ਉੱਤੇ ਲੱਗੀ ਡਾਂਸ ਕਰਦੀ ਕਿਸੇ ਕੁੜੀ ਦੀ ਫ਼ੋਟੋ ਵੱਲ ਹੀ ਉਹ ਦੇਖੀ ਗਿਆ। ਮਹੇਸ਼ ਨੇ ਉਸ ਨੂੰ ਹਲੂਣਿਆਂ ਤੇ ਮੂਹਰੇ ਆਕੇ ਲਿਟਣ ਲੱਗੀ ਅਲਫ਼ ਨੰਗੀ ਜਵਾਨ ਕੁੜੀ ਵੱਲ ਹੱਥ ਕਰਦਾ ਬੋਲਿਆ, 'ਇਸ ਨੂੰ ਦਸ ਦਾ ਨੋਟ ਦੇ ਦੇ। ਬਾਅਦ ਵਿਚ ਆਪਾਂ ਸਮਝ ਲਵਾਂਗੇ।'

ਦੇਵ ਨੇ ਦਸ ਦਾ ਨੋਟ ਕੱਢਿਆ ਤੇ ਉਸ ਕੁੜੀ ਵੱਲ ਵਧਾ ਦਿੱਤਾ। ਕੁੜੀ ਨੇ ਨੋਟ ਉਸ ਦੇ ਹੱਥੋਂ ਫੜ ਕੇ ਮੁੜ ਉਸੇ ਦੀ ਜੇਬ੍ਹ ਵਿਚ ਪਾ ਦਿੱਤਾ ਤੇ ਬੋਲੀ, 'ਕੁਝ ਨਹੀਂ ਲੇਂਗੇ ਹਮ ਆਪ ਸੇ। ਹਮ ਪੈਸੇ ਕੇ ਨਹੀਂ ਪਿਆਰ ਕੇ ਭੂਖੇ ਹੈਂ।'

'ਯੇ ਮੇਰਾ ਦੋਸਤ ਹੈ। ਖੁਸ਼ਕ ਪੰਜਾਬ ਸੇ ਆਇਆ ਹੈ। ਦੁਖੀ ਦੁਖੀ ਰਹਿਤਾ ਹੈ। ਇਸ ਕੋ ਖੁਸ਼ ਕਰ ਦੋ।' ਮਹੇਸ਼ ਨੇ ਉਸ ਕੁੜੀ ਨੂੰ ਕਿਹਾ।

'ਚਲੀਏ ਜਨਾਬ.... ਅੰਦਰ ਚਲੀਏ। ਯੇ ਦੁਕਾਨ ਹੀ ਖੁਸ਼ੀ ਬਾਂਟਨੇ ਵਾਲ਼ੀ ਹੈ।' ਕੁੜੀ ਨੇ ਉਸ ਨੂੰ ਡੌਲ਼ੇ ਕੋਲ਼ੋਂ ਫੜ ਲਿਆ।

'ਮਹੇਸ਼ ਤੂੰ ਮੈਨੂੰ ਐਥੋਂ ਬਾਹਰ ਕੱਢ। ਕੁਝ ਨਹੀਂ ਚਾਹੀਦਾ ਮੈਨੂੰ। ਮੇਰਾ ਮਨ ਖ਼ਰਾਬ ਹੋ ਰਿਹਾ ਏ।' ਦੇਵ ਬੋਲਿਆ।

ਪੌੜੀਆਂ ਉਤਰਦੇ ਦੇਵ ਦਾ ਪਸੀਨੇ ਨਾਲ਼ ਤਰ ਸਾਰਾ ਸ਼ਰੀਰ ਕੰਬ ਰਿਹਾ ਸੀ ਤੇ ਮਹੇ ਸ਼ ਉਸ ਨੂੰ ਪੁੱਛ ਰਿਹਾ ਸੀ, 'ਦੇਖੀ ਫੇਰ ਸੁਰਗਾਪੁਰੀ ਦੀ ਹੂਰ?'

**00**

# ਉਣੱਤਰ

ਦੇਵ ਘਰ ਵੀ ਪਹੁੰਚ ਗਿਆ ਪਰ ਉਸ ਦੀਆਂ ਲੱਤਾਂ ਕੰਬਣੋਂ ਨਾ ਹਟੀਆਂ। ਜਿੰਦਰ ਪੁੱਛਣ ਲੱਗੀ, 'ਫੇਰ ਕੀ ਦੇਖਿਆ ਆਗਰੇ ਦਾ ਦੇਵ?'

'ਕੁਛ ਵੀ ਨ੍ਹੀ। ਬੱਸ ਬਜ਼ਾਰਾਂ ਦੇ ਗੇੜੇ ਲਾ ਆਏ।' ਉਹ ਬੋਲਿਆ।

'ਤਾਜ ਮਹਿਲ ਦੇਖ ਆਉਣਾ ਸੀ।'

'ਕਿਹਾ ਸੀ ਉਸ ਨੂੰ, ਕਹਿੰਦਾ, ਕਬਰਾਂ ਦਾ ਕੀ ਦੇਖਣਾ ਏਂ। ਇਹ ਮੁੰਡਾ ਤਾਂ ਬੜੀ ਬੋਰ ਕਿਸਮ ਦਾ ਏ ਭਾਬੀ ਜੀ। ਮੈਂ ਨਹੀਂ ਅੱਗੇ ਤੋਂ ਜਾਣਾ ਇਹਦੇ ਨਾਲ਼।'

'ਫੇਰ ਵੀ ਤੁਸੀਂ ਗਏ ਕਿੱਥੇ?'

ਦੇਵ ਜਿੰਦਰ ਨੂੰ ਸਭ ਕੁਝ ਦੱਸ ਦੇਣਾ ਚਾਹੁੰਦਾ ਸੀ। ਉਹ ਉਸਨੂੰ ਭਾਬੀ ਹੀ ਨਹੀਂ, ਮਾਂ ਵੀ ਸਮਝਦਾ ਸੀ, ਪਰ ਮਾਂ ਨੂੰ ਵੀ ਕਿਹੜਾ ਹਰ ਗੱਲ ਦੱਸੀ ਜਾ ਸਕਦੀ ਏ।

'ਬੱਸ ਬਜ਼ਾਰਾਂ ਵਿਚ ਘੁੰਮਦੇ ਰਹੇ ਅਵਾਰਾ ਕੁੱਤਿਆਂ ਵਾਂਗ।' ਉਹ ਬੋਲਿਆ।

ਜਿੰਦਰ ਨੇ ਦੱਸਿਆ ਕਿ ਅੱਜ ਸ਼ਾਮ ਨੂੰ ਉਸਦੇ ਵੀਰ ਜੀ ਦੇ ਡਿਊਟੀ ਤੋਂ ਆਉਣ ਮਗਰੋਂ ਮਾਈਥਾਨ ਗੁਰਦੁਆਰੇ ਜਾਣਾ ਹੈ। ਉਨ੍ਹਾਂ ਨੇ ਦੇਵ ਦੀ ਪੜ੍ਹਾਈ ਵਿਚ ਸਫਲਤਾ ਲਈ ਉੱਥੇ ਅਰਦਾਸ ਕਰਨੀ ਸੀ। ਉਹ ਸਾਰੇ ਜਣੇ ਗੁਰਦੁਆਰੇ ਗਏ ਤਾਂ ਰਹਿਰਾਸ ਅਤੇ ਕੀਰਤਨ ਸੋਹਿਲੇ ਮਗਰੋਂ ਭਾਈ ਜੀ ਨੇ ਦੇਵ ਅਤੇ ਰਾਮ ਸਿੰਘ ਦਾ ਨਾਂ ਬੋਲ ਕੇ ਅਰਦਾਸ ਕੀਤੀ। ਉਸ ਨੇ ਅਰਦਾਸ ਵਿਚ ਇਹ ਸ਼ਬਦ ਵੀ ਜੋੜੇ, 'ਹੇ ਸੱਚੇ ਪਾਤਸ਼ਾਹ ਤੇਰਾ ਭੁਚੰਗੀ ਉੱਚ ਸਿੱਖਿਆ ਹਾਸਲ ਕਰਨ ਲਈ ਪੰਜਾਬ ਤੋਂ ਇਸ ਨਗਰ ਵਿਚ ਆਇਆ ਹੈ। ਉਸ ਨੂੰ ਬਲ ਬਖ਼ਸ਼ੋ ਕਿ ਉਹ ਦੁਨਿਆਵੀ ਭਟਕਣ ਤੋਂ ਲਾਂਭੇ ਰਹਿ ਕੇ ਆਪਣੇ ਮਿਸ਼ਨ ਦੀ ਪ੍ਰਾਪਤੀ ਕਰ ਸਕੇ। ਉਸ ਨੂੰ ਕਦੀ ਤੱਤੀ ਵਾਅ ਨਾ ਲੱਗੇ ਮੇਰੇ ਪਰਵਦਗਾਰ। ਹਰ ਵੇਲ਼ੇ ਅੰਗ-ਸੰਗ ਸਹਾਈ ਹੋਵੋ।'

ਦੇਵ ਦੀਆਂ ਲੱਤਾਂ ਫਿਰ ਕੰਬਣ ਲੱਗ ਪਈਆਂ। ਰੱਬ ਤਾਂ ਜਾਣੀ ਜਾਣ ਸੀ। ਸਭ ਕੁਝ ਦੇਖ ਰਿਹਾ ਹੋਵੇਗਾ ਕਿ ਇਹੋ ਭੁਚੰਗੀ ਅੱਜ ਵੇਸਵਾ ਦੇ ਕੋਠੇ ਤੇ ਜਾ ਕੇ ਨੰਗਾ ਨਾਚ ਦੇਖ ਕੇ ਆਇਆ ਸੀ। ਦੇਵ ਨੇ ਮਨ ਹੀ ਮਨ ਕਿਹਾ, 'ਹੇ ਵਾਹਿਗੁਰੂ ਮੇਰੀ ਭੁੱਲ ਬਖ਼ਸ਼ੋ। ਮੈਂ ਗੁਨਾਹਗਾਰ ਹਾਂ। ਇਕ ਗਲਤ ਬੰਦੇ ਦੇ ਢਹੇ ਚੜ੍ਹ ਕੇ ਮੈਥੋਂ ਇਹ ਭੁੱਲ ਹੋਈ ਹੈ। ਮੈਂ ਪੜ੍ਹਾਈ ਅਤੇ ਕੇਵਲ ਪੜ੍ਹਾਈ ਵਿਚ ਲੀਨ ਹੋ ਜਾਣਾ ਚਾਹੁੰਦਾ ਹਾਂ। ਮੈਨੂੰ ਦੁਨੀਆਂ ਦੀ ਭਟਕਣ ਤੋਂ ਬਚਾ ਲਵੋ ਸੱਚੇ ਪਾਤਸ਼ਾਹ।'

ਕਾਲਜ ਜਾਣ ਦੇ ਪਹਿਲੇ ਦਿਨ ਜਿੰਦਰ ਅਤੇ ਰਾਮ ਸਿੰਘ ਨੇ ਉਸਨੂੰ ਮਹੇਸ਼ ਨਾਲ਼ ਜਾਣ ਲਈ ਕਿਹਾ ਸੀ, ਪਰ ਦੇਵ ਨੂੰ ਉਸ ਕੋਲ਼ੋਂ ਡਰ ਲੱਗਣ ਲੱਗਾ ਸੀ। ਉਸ ਤੋਂ ਪਿੱਛਾ ਛੁਡਾਉਣ ਵਾਲ਼ੀ ਗੱਲ ਤਾਂ ਉਹ ਜਿੰਦਰ ਨੂੰ ਕਹਿ ਹੀ ਚੁੱਕਾ ਸੀ। ਉਸ ਨੇ ਸਾਇਕਲ ਚੁੱਕਿਆ ਤੇ ਅੱਧਾ ਘੰਟਾ ਪਹਿਲਾਂ ਹੀ ਕਾਲਜ ਨੂੰ ਚੱਲ ਪਿਆ। ਕਾਲਜ ਪਹੁੰਚ ਕੇ ਵੀ ਉਹ ਉਸ ਕਮਰੇ ਵਿਚ ਜਾ ਬੈਠਾ, ਜਿੱਥੇ ਪਹਿਲਾ ਪੀਰਡ ਲੱਗਣਾ ਸੀ। ਉਹ ਮਹੇਸ਼ ਦੇ ਮੱਥੇ ਨਹੀਂ ਸੀ ਲੱਗਣਾ ਚਾਹੁੰਦਾ। ਉਸ ਨੂੰ ਇਹ ਗੱਲ ਬਾਅਦ ਵਿਚ ਪਤਾ ਲੱਗੀ ਕਿ ਪਹਿਲਾ ਦਿਨ ਹੋਣ ਕਰਕੇ ਸਾਰੇ ਮੁੰਡੇ ਕੁੜੀਆਂ ਅਸੈਂਬਲੀ ਹਾਲ ਵਿਚ ਇਕੱਠੇ ਹੋਣੇ ਸਨ। ਜਦ ਨੂੰ ਉਹ ਹਾਲ' ਚ ਗਿਆ ਪ੍ਰਿੰਸੀਪਲ ਐਮ. ਰੇ ਨੇ ਸਾਰਿਆਂ ਨੂੰ ਸੰਬੋਧਨ ਕਰ ਕੇ ਕਲਾਸਾਂ ਅਗਲੇ ਦਿਨ ਲੱਗਣ ਲਈ ਕਹਿ ਦਿੱਤਾ ਸੀ।

ਦੇਵ ਦੀ ਕਲਾਸ ਲੱਗਣੀ ਸ਼ੁਰੂ ਹੋਈ ਤਾਂ ਉਹ ਇਹ ਦੇਖ ਕੇ ਬੜਾ ਖੁਸ਼ ਹੋਇਆ ਕਿ ਪ੍ਰੋਫੈਸਰ ਤਾਂ ਸਾਰੇ ਹੀ ਚੰਗੇ ਸਨ। ਮੀਡੀਅਮ ਅੰਗਰੇਜ਼ੀ ਸੀ। ਸਭ ਅੰਗਰੇਜ਼ੀ ਹੀ ਬੋਲਦੇ

। ਉਨ੍ਹਾਂ ਦਾ ਪੜ੍ਹਾਇਆ ਅੱਖਰ ਅੱਖਰ ਦੇਵ ਨੂੰ ਸਮਝ ਆ ਜਾਂਦਾ। ਉਨ੍ਹਾਂ ਦੀ ਕਲਾਸ ਵਿਚ ਸੱਠ ਵਿਦਿਆਰਥੀ ਸਨ। ਜਿਨ੍ਹਾਂ ਵਿਚ ਦਸ ਕੁੜੀਆਂ ਸਨ। ਉਨ੍ਹਾਂ ਵਿਚ ਤਿੰਨ ਕੁੜੀਆਂ ਬੁਰਕੇ ਪਾ ਕੇ ਵੀ ਆਉਂਦੀਆਂ ਸਨ। ਕਾਲਜ ਵਿਚ ਉਹ ਚਿਹਰਾ ਢਕ ਕੇ ਘੁੰਮਦੀਆਂ, ਪਰ ਕਲਾਸ ਵਿਚ ਵੜਦੀਆਂ ਹੀ ਆਪਣੇ ਸਿਰਾਂ ਦੇ ਪੱਲੂ ਪਿੱਛੇ ਨੂੰ ਵਗਾਹ ਮਾਰਦੀਆਂ। ਉਨ੍ਹਾਂ ਦੀਆਂ ਲੰਬੀਆਂ, ਗੋਰੀਆਂ ਗਰਦਣਾਂ ਤੇ ਲਿਸ਼-ਲਿਸ਼ ਕਰਦੇ ਚਿਹਰੇ ਕਮਰੇ ਨੂੰ ਰੋਸ਼ਨੀ ਨਾਲ਼ ਭਰ ਦਿੰਦੇ। ਇਉਂ ਲਗਦਾ ਜਿਵੇਂ ਬਦਲੀ' ਚੋਂ ਤਿੰਨ ਚੰਦ ਇਕੱਠੇ ਹੀ ਨਿਕਲ਼ ਆਏ ਹੋਣ। ਇੱਥੋਂ ਦਾ ਮਾਹੌਲ ਰੋਪੜ ਕਾਲਜ ਤੋਂ ਬਿਲਕੁਲ ਭਿੰਨ ਸੀ। ਮੁੰਡੇ-ਕੁੜੀਆਂ ਕਿਸੇ ਥਾਂ ਤੇ ਇਕੱਠੇ ਖੜ੍ਹੇ-ਬੈਠੇ, ਗੱਲਾਂ ਕਰਦੇ ਜਾਂ ਪੜ੍ਹਦੇ ਆਮ ਦੇਖੇ ਜਾ ਸਕਦੇ ਸਨ। ਕੋਈ ਕਿਸ ਨਾਲ਼ ਆਉਂਦੀ ਜਾਂਦੀ, ਖਾਂਦੀ-ਪੀਂਦੀ, ਖੜ੍ਹਦੀ-ਬੈਠਦੀ, ਇਹ ਵੀ ਪ੍ਰੋਫੈਸਰਾਂ ਦੀ ਸਿਰ ਦਰਦੀ ਨਹੀਂ ਸੀ।

ਦੇਵ ਰਾਤ ਦੀ ਰੋਟੀ ਖਾਣ ਮਗਰੋਂ ਵਿਹੜੇ ਵਿਚ ਪਏ ਮੇਜ਼-ਕੁਰਸੀ ਅੰਦਰ ਕਰ ਲੈਂਦਾ ਤੇ ਦਸ ਕੁ ਵਜੇ ਤੱਕ ਪੜ੍ਹਨ ਮਗਰੋਂ ਮੇਜ਼ ਕੁਰਸੀ ਬਾਹਰ ਕੱਢ ਕੇ ਮੰਜਾ ਅੰਦਰ ਕਰਦਾ ਤੇ ਚਾਰ ਵਜੇ ਦਾ ਅਲਾਰਮ ਲਾ ਕੇ ਸੌਂ ਜਾਂਦਾ। ਮੰਜਾ ਮੁੜ ਬਾਹਰ ਕੱਢ ਕੇ ਮੇਜ ਕੁਰਸੀ ਅੰਦਰ ਕਰ ਲੈਂਦਾ ਤੇ ਦੋ ਢਾਈ ਘੰਟੇ ਪੜ੍ਹਾਈ ਦੀ ਝੁੱਟ ਲਾ ਲੈਂਦਾ। ਐਨੇ ਕੁ ਸਮੇਂ ਵਿਚ ਕਾਲਜ ਵਿਚ ਪੜ੍ਹੇ ਦੀ ਦੋਹਰਾਈ ਹੋ ਜਾਂਦੀ ਤੇ ਕਾਲਜ ਜਾਣ ਨੂੰ ਉਸ ਦਾ ਜੀਅ ਕਰਦਾ। ਦੇਵ ਨੇ ਆਪਣੇ ਮਨ ਨਾਲ਼ ਇਹ ਫੈਸਲਾ ਹੀ ਕਰ ਲਿਆ ਸੀ ਕਿ ਛੇ ਘੰਟੇ ਤੋਂ ਵੱਧ ਸੌਣਾ ਨਹੀਂ। ਕਾਲਜ ਵਿਚ ਵੀ ਵਿਹਲੇ ਪੀਰਡ ਸਮੇਂ ਉਹ ਲਾਇਬ੍ਰੇਰੀ ਵਿਚ ਚਲਾ ਜਾਂਦਾ ਤੇ ਪੜ੍ਹਦਾ ਰਹਿੰਦਾ। ਇਕ ਦਿਨ ਉਹ ਲਾਇਬ੍ਰੇਰੀ ਵਿਚ ਬੈਠਾ ਸੀ ਕਿ ਮਹੇਸ਼ ਨੇ ਪਿੱਛੋਂ ਆ ਕੇ ਆਪਣੇ ਗੁਦਗੁਦੇ ਹੱਥਾਂ ਨਾਲ਼ ਉਸ ਦੀਆਂ ਅੱਖਾਂ ਬੰਦ ਕਰ ਲਈਆਂ। ਹੋਰ ਕਿਸੇ ਨਾਲ਼ ਤਾਂ ਅਜੇ ਅਜਿਹੀ ਸਾਂਝ ਹੀ ਨਹੀਂ ਸੀ ਪਈ। ਉਸ ਨੇ ਉਸਦੇ ਹੱਥ ਟੋਂਹਦਿਆਂ ਕਿਹਾ, 'ਮਹੇਸ਼।'

ਮਹੇਸ਼ ਨੇ ਅੱਖਾਂ ਛੱਡ ਉਸ ਨੂੰ ਜੱਫੀ ਪਾ ਲਈ ਤੇ ਬੋਲਿਆ, 'ਐਧਰ ਆ ਦੇਵ ਤੈਨੂੰ ਇਕ ਚੀਜ਼ ਦਿਖਾਵਾਂ।'

'ਕੀ ਏ?' ਦੇਵ ਨੇ ਉੱਠਦਿਆਂ ਕਿਹਾ।

ਉਹ ਉਸ ਨੂੰ ਲਾਇਬ੍ਰੇਰੀ ਦੇ ਗੇਟ ਕੋਲ਼ ਲੈ ਗਿਆ ਤੇ ਬੋਲਿਆ, 'ਅਹੁ ਦੇਖ ਮੌਲਸਰੀ ਦੇ ਹੇਠ।'

ਉੱਥੇ ਚਾਰ-ਪੰਜ ਕੁੜੀਆਂ ਖੜ੍ਹੀਆਂ ਗੱਲਾਂ ਕਰ ਰਹੀਆਂ ਸਨ। ਉਹ ਬੋਲਿਆ, 'ਹਰੀ ਚੁੰਨੀ, ਹਰਾ ਕਮੀਜ਼ ਤੇ ਲਾਲ ਧਾਰੀਆਂ ਵਾਲ਼ਾ ਗਰਾਰਾ.... ਦਿਖੀ?'

'ਆਹੋ ਦਿਖੀ... ਕੀ ਹੋ ਗਿਆ ਇਸਨੂੰ?'

'ਇਹ ਮੇਰੀ ਮਾਸ਼ੂਕਾ ਏ ਊਸ਼ਾ... ਮੇਰੇ ਨਾਲ਼ ਪੜ੍ਹਦੀ ਏ।'

'ਠੀਕ ਏ। ਮੌਜ ਕਰ।' ਦੇਵ ਨੇ ਹੱਸ ਕੇ ਕਿਹਾ।

'ਤੈਨੂੰ ਵੀ ਕਰਾਉਣੀ ਏਂ ਮੌਜ... ਪਿਕਚਰ ਦਿਖਾਉਣੀ ਏਂ ਇਹਦੇ ਨਾਲ਼।'

'ਮੈਂ ਤਾਂ ਵੀਰਿਆ ਪਿਕਚਰ ਦੇਖਦਾ ਹੀ ਨਹੀਂ।'

'ਦੇਖੇਂਗਾ ਤਾਂ ਹੀ ਬੰਦਾ ਬਣੇਂਗਾ। ਪਿਕਚਰ ਨਾ ਦੇਖਣੀ ਹੋਈ ਤਾਂ ਊਸ਼ਾ ਨੂੰ ਦੇਖੀ

ਜਾਈਂ.... ਆਪਣੇ ਗੱਭੇ ਬੈਠੂ।' ਉਹ ਬੋਲਿਆ।

'ਨਹੀਂ ਮਹੇਸ਼..... ਮੈਨੂੰ ਮਾਫ਼ ਕਰ... ਪੜ੍ਹਨ ਦੇ।'

'ਪਰ ਦੇਵ ਮੈਂ ਤਾਂ ਪਿਕਚਰ ਦੇਖਣੀ ਏਂ ਨਾ... ਪਰ ਇਕ ਸਮੱਸਿਆ ਏ।'

'ਉਹ ਕੀ?'

'ਮੈਨੂੰ ਪੰਦਰਾਂ ਰੁਪਏ ਚਾਹੀਦੇ ਨੇ... ਪਿਕਚਰ ਦੇਖਾਂਗਾ ਤਾਂ ਉਸ ਨੂੰ ਕੁਝ ਖੁਆਵਾਂਗਾ ਪਿਲਾਵਾਂਗਾ ਵੀ।'

'ਮੇਰੇ ਕੋਲ਼ ਤਾਂ ਕੋਈ ਪੈਸਾ ਨਹੀਂ।' ਦੇਵ ਨੇ ਕਿਹਾ।

'ਜਿਵੇਂ ਮਰਜ਼ੀ ਕਰ ਯਾਰ... ਤੇਰੇ ਪਹਿਲਾਂ ਵੀ ਦੇਣੇ ਨੇ। ਸਾਰੇ ਇਕੱਠੇ ਹੀ ਮੋੜ ਦਿਆਂਗਾ।'

'ਮੈਂ ਕਿਹਾ ਨਾ... ਮੇਰੇ ਕੋਲ਼ ਕੋਈ ਪੈਸਾ ਨਹੀਂ।'

'ਅੱਜ ਨਹੀਂ ਮੈਨੂੰ ਪਰਸੋਂ ਤੱਕ ਦੇ ਦੇਵੀਂ.. 'ਹੁਸੀਨਾ ਮਾਨ ਜਾਏਗੀ' ਪਿਕਚਰ ਦੇਖਣੀ ਏਂ ਉਹ ਦੇ ਨਾਲ਼... ਸੋਮਵਾਰ ਨੂੰ ਤੈਨੂੰ ਸਾਰੇ ਪੈਸੇ ਵਾਪਸ ਕਰ ਦਿਆਂਗਾ। ਬੁੜ੍ਹੇ ਕੋਲ਼ ਕਿਸੇ ਖ਼ਰਚ ਦਾ ਬਹਾਨਾ ਮਾਰ ਕੇ ਲਿਆਵਾਂਗਾ।' ਮਹੇਸ਼ ਨੇ ਕਿਹਾ।

ਦੇਵ ਨੇ ਸੋਚਿਆ ਕਿ ਸ਼ਾਇਦ ਇਸੇ ਤਰ੍ਹਾਂ ਹੀ ਪਹਿਲੇ ਪੈਸੇ ਨਿੱਕਲ਼ ਆਉਣ। ਜੇ ਹੁਣ ਨਾ ਦਿੱਤੇ ਤਾਂ ਪਹਿਲੇ ਤਾਂ ਪੱਕੇ ਤੌਰ ਤੇ ਮਰ ਹੀ ਜਾਣਗੇ। ਉਹ ਸੋਚ ਸੋਚਕੇ ਬੋਲਿਆ, 'ਕੋਈ ਨਾ ਦੇ ਦਿਆਂਗਾ, ਪਰ ਮੋੜ ਦੇਵੀਂ।'

ਇੰਝ ਦੇਵ ਦੇ ਪੰਦਰਾਂ ਰੁਪਏ ਹੋਰ ਫਸ ਗਏ। ਕੁਝ ਦਿਨ ਤਾਂ ਉਹ ਮੰਗਦਾ ਵੀ ਰਿਹਾ, ਪਰ ਫਿਰ ਸਬਰ ਹੀ ਕਰ ਲਿਆ। ਸ਼ਾਇਦ ਇਸੇ ਬਹਾਨੇ ਮਹੇਸ਼ ਤੋਂ ਉਸ ਦਾ ਖਹਿੜਾ ਛੁੱਟਣਾ ਸੀ।

**00**

# ਸੱਤਰ

ਦੇਵ ਦੇ ਵੀਰ ਜੀ ਰਾਮ ਸਿੰਘ ਨੂੰ ਇਕ ਦਿਨ ਬੁਖ਼ਾਰ ਹੋ ਗਿਆ। ਉਹ ਅਲਤਾਫ਼ੀਆ ਦਵਾਖਾਨੇ ਤੋਂ ਦਵਾਈ ਲੈਣ ਲਈ ਦੇਵ ਨੂੰ ਨਾਲ਼ ਲੈ ਗਿਆ। ਦੇਵ ਸਾਇਕਲ ਚਲਾ ਰਿਹਾ ਸੀ ਕਿ ਬਜ਼ਾਰ ਵਿਚ ਵੜਦਿਆਂ ਹੀ ਚੜ੍ਹਾਈ ਸ਼ੁਰੂ ਹੋ ਗਈ। ਰਾਮ ਸਿੰਘ ਨੇ ਕਿਹਾ, 'ਤੁਰ ਕੇ ਚਲਦੇ ਹਾਂ ਦੇਵ। ਐਨਾ ਜ਼ੋਰ ਨਾ ਲਾ।'

'ਕੋਈ ਨਾ ਤੁਸੀਂ ਬੈਠੇ ਰਹੋ।' ਦੇਵ ਨੇ ਕਿਹਾ।

ਅੱਗੇ ਜਾ ਕੇ ਜਿੱਥੋਂ ਬਜ਼ਾਰ ਦੋ ਹਿੱਸਿਆਂ ਵਿਚ ਫਟਦਾ ਸੀ, ਦੇਵ ਬੋਲਿਆ, 'ਕਿੱਧਰ ਨੂੰ ਜਾਣਾ ਏਂ ਵੀਰ ਜੀ?'

'ਵੀਰ ਜੀ' ਸਾਇਕਲ ਪਿੱਛੇ ਬੈਠਾ ਹੁੰਦਾ ਤਾਂ ਬੋਲਦਾ। ਉਹ ਕਿਤੇ ਪਿੱਛੇ ਹੀ ਉਤਰ ਗਿਆ ਸੀ। ਦੇਵ ਉਵੇਂ ਹੀ ਖਾਲੀ ਸਾਇਕਲ ਦਬੱਲਦਾ ਕਾਫ਼ੀ ਦੂਰ ਨਿਕਲ਼ ਆਇਆ ਸੀ। ਉਸ ਨੇ ਸਾਇਕਲ ਫਿਰ ਪਿੱਛੇ ਮੋੜਿਆ। ਕੋਲ਼ ਆਇਆ ਤਾਂ ਰਾਮ ਸਿੰਘ ਨੇ ਕਿਹਾ, 'ਬੱਲੇ ਉਇ ਤੇਰੇ ਜੁਆਨਾ। ਪੌਣੇ ਕੁਅੰਟਲ ਦਾ ਬੰਦਾ ਪਿੱਛੋਂ ਉਤਰ ਗਿਆ, ਤੈਨੂੰ ਪਤਾ ਹੀ ਨਾ

ਲੱਗਾ?'

'ਸੌਰੀ ਵੀਰ ਜੀ, ਮੈਂ ਸਮਝਿਆ ਤੁਸੀਂ ਪਿੱਛੇ ਬੈਠੇ ਹੋ।' ਦੇਵ ਨੇ ਕਿਹਾ।

ਉਹ ਤੁਰਕੇ ਹੀ ਉਸ ਬਜ਼ਾਰ ਦੇ ਮੂੰਹ ਤੇ ਪਹੁੰਚ ਗਏ, ਜਿਸ ਵਿਚ ਉਸ ਦਿਨ ਦੇ ਵ ਮਹੇਸ਼ ਨਾਲ਼ ਆਇਆ ਸੀ ਤੇ ਉਨ੍ਹਾਂ ਨੇ ਭੀੜੀ ਗਲ਼ੀ ਦੇ ਚੁਬਾਰੇ ਵਿਚ ਮੁਜ਼ਰਾ ਦੇਖਿਆ ਸੀ। ਪਹਿਲੀ ਦੁਕਾਨ ਦੇ ਉੱਪਰ ਚੁਬਾਰੇ ਦੇ ਵਾਧਰੇ ਵੱਲ ਦੇਵ ਦਾ ਧਿਆਨ ਗਿਆ ਤਾਂ ਸਜੀ ਧਜੀ ਬੈਠੀ ਔਰਤ ਦੇਖ ਕੇ ਇਕ ਕਾਂਬਾ ਜਿਹਾ ਉਸ ਦੀ ਰੀੜ੍ਹ ਦੀ ਹੱਡੀ' ਚੋਂ ਲੰਘ ਗਿਆ। ਉਸ ਨੇ ਬਜ਼ਾਰ ਦੀ ਸੜਕ ਤੇ ਨਜ਼ਰਾਂ ਜਮਾ ਦਿੱਤੀਆਂ।

'ਐਧਰ ਪਹਿਲਾਂ ਕਦੀ ਆਇਆ ਏਂ ਦੇਵ?' ਰਾਮ ਸਿੰਘ ਨੇ ਪੁੱਛਿਆ।

'ਇੱਧਰ ਤਾਂ ਸ਼ਾਇਦ ਨਹੀਂ ਆਇਆ।'

'ਐਥੇ ਆਈਂ ਵੀ ਨਾ ਕਦੀ। ਐਥੇ ਤਿਲਕਣ ਬਹੁਤ ਏ। ਐਥੋਂ ਤਿਲਕਿਆ ਬੰਦਾ ਸਿੱਧਾ ਦਲਦਲ ਦੇ ਮੂੰਹ' ਚ ਜਾ ਪੈਂਦਾ ਏ।'

'ਉਹ ਕਿਵੇਂ?' ਦੇਵ ਨੇ ਅਣਜਾਣ ਬਣਦਿਆਂ ਕਿਹਾ।

'ਅਹੁ ਬੁੜ੍ਹੀ ਬੈਠੀ ਏ ਨਾ ਕੰਧ ਨਾਲ਼ ਜੁੜੀ?'

'ਹਾਂ ਜੀ।'

'ਲੈ ਉਹਨੂੰ ਪੱਚੀ ਪੈਸੇ ਦੇ ਕੇ ਆ।'

ਬੁੱਢੀ ਇਕ ਮਕਾਨ ਦੇ ਉੱਚੇ ਦਰ ਦੀ ਮਹਿਰਾਬ ਹੇਠਾਂ ਕੌਲ਼ੇ ਤੇ ਬਣੀ ਪੱਥਰ ਦੀ ਕੁਰਸੀ ਤੇ ਬੈਠੀ ਜਿਵੇਂ ਊਂਘ ਰਹੀ ਸੀ। ਉਸ ਨੇ ਆਪਣੇ ਮੂਹਰੇ ਇਕ ਸਿਲਵਟ ਦਾ ਕੌਲਾ ਰੱਖਿਆ ਹੋਇਆ ਸੀ, ਜਿਸ ਵਿਚ ਕੁਝ ਸਿੱਕੇ ਪਏ ਸਨ। ਉਸ ਦੇ ਕਾਲ਼ੇ ਸੁੱਜੇ ਹੋਏ ਬੁੱਲ੍ਹਾਂ' ਚੋਂ ਪੀਕ ਵਰਗਾ ਕੁਝ ਵਹਿ ਰਿਹਾ ਸੀ। ਉਸ ਦਾ ਚਿਹਰਾ ਤੇ ਹੱਥ ਪੈਰ ਗਲ਼ੇ ਹੋਏ ਸਨ। ਉਸ ਦੁਆਲੇ ਮੱਖੀਆਂ ਭਿਣਕਦੀਆਂ ਦੇਖ ਦੇਵ ਨੂੰ ਘਿਣ ਆਈ ਤੇ ਉਹ ਪੱਚੀ ਪੈਸੇ ਉਸ ਦੇ ਕੌਲੇ ਵਿਚ ਸੁੱਟ ਪਿੱਛੇ ਮੁੜ ਆਇਆ।

'ਇਹ ਵੀ ਕਦੀ ਮਸ਼ਹੂਰ ਤਵਾਇਫ਼ ਰਹੀ ਏ।' ਰਾਮ ਸਿੰਘ ਬੋਲਿਆ।

'ਤਫਾਇਫ਼ ਕੀ ਹੁੰਦਾ ਏ?'

'ਵੇਸਵਾ ਜਿਸ ਨੂੰ ਅੰਗਰੇਜ਼ੀ ਵਿਚ ਵੋਅਰ ਕਹਿੰਦੇ ਨੇ। ਵੱਡੇ ਵੱਡੇ ਸੇਠ ਲੋਕ ਕਦੀ ਇਸ ਔਰਤ ਦੇ ਇਸ਼ਾਰਿਆਂ ਤੇ ਨੱਚਦੇ ਸਨ ਤੇ ਅੱਜ ਇਹ ਬੀਮਾਰੀ ਦੀ ਖਾਧੀ ਫਟੇ-ਹਾਲੀਂ ਮੰਗਤੀ ਬਣੀ ਬੈਠੀ ਏ। ਉਸ ਨੂੰ ਵੀ. ਡੀ. ਨਾਂ ਦੀ ਨਾਮੁਰਾਦ ਬੀਮਾਰੀ ਨੇ ਡਸ ਲਿਆ ਏ ।'

'ਵੀ. ਡੀ. ਕੀ ਹੁੰਦੀ ਏ?'

'ਵਿਨਰਲ ਡਿਜੀਜ਼... ਵੇਸਵਾਵਾਂ ਕਦੀ ਨਾ ਕਦੀ ਇਸ ਬੀਮਾਰੀ ਦਾ ਸ਼ਿਕਾਰ ਹੋ ਹੀ ਜਾਂਦੀਆਂ ਨੇ। ਜਿਹੜੇ ਮਰਦ ਉਨ੍ਹਾਂ ਨਾਲ਼ ਸੰਬੰਧ ਬਣਾਉਂਦੇ ਨੇ ਉਹ ਵੀ ਉਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਨੇ। ਇਹ ਜੋ ਉੱਤੇ ਚੁਬਾਰਿਆਂ ਵਿਚ ਬਣੀਆਂ-ਫਬੀਆਂ ਔਰਤਾਂ ਦਿਖ ਰਹੀਆਂ ਨੇ, ਇਹ ਸਭ ਵੇਸਵਾਵਾਂ ਨੇ। ਅੰਦਰੋਂ ਖੋਖਲ਼ੀਆਂ ਨੇ ਸਭ। ਇਹ ਮੁਸਲਮ ਕਲਚਰ ਦੀ ਰਹਿੰਦ-ਖੂੰਹਦ ਏ। ਚਾਰ ਚਾਰ ਵਿਆਹ ਕਰਵਾ ਕੇ ਵੀ ਲੋਕ ਸੈਕਸ ਦੀ ਭੁੱਖ ਮਿਟਾਉਣ

ਲਈ ਇ੍ਹਨਾਂ ਦਾ ਦਰ ਖੜਕਾਉਂਦੇ ਨੇ। ਰਖੇਲਾਂ ਬਣਾ ਰੱਖੀਆਂ ਨੇ ਇਹ ਉਨ੍ਹਾਂ ਨੇ। ਇੱਥੇ ਆਗਰੇ ਵਿਚ ਹੋਰ ਵੀ ਕਈ ਬਸਤੀਆਂ ਨੇ, ਜਿੱਥੇ ਦੇਹ ਵਪਾਰ ਚਲਦਾ ਏ। ਮਾਂ, ਪਿਓ, ਭੈਣਾ ਭਰਾਵਾਂ ਦੀ ਮੌਜੂਦਗੀ ਵਿਚ ਵੀ ਇੱਥੇ ਸੌਦਾ ਵਿਕਦਾ ਏ। ਕੋਈ ਸ਼ਰਮ ਨਹੀਂ ਕੋਈ ਓਹਲਾ ਨਹੀਂ। ਜਿਹੜੇ ਲੋਕ ਉਨ੍ਹਾਂ ਕੋਲ਼ ਜਾਂਦੇ ਨੇ, ਉਹ ਬੜੀਆਂ ਭਿਆਨਕ ਬੀਮਾਰੀਆਂ ਸਹੇੜ ਕੇ ਆਪਣੀਆਂ ਜ਼ਨਾਨੀਆਂ ਨੂੰ ਵੀ ਲਾਗ ਲਗਾ ਦਿੰਦੇ ਨੇ। ਮੈਂ ਇਹ ਸਭ ਕੁਝ ਤੈਨੂੰ ਇਸ ਲਈ ਦੱਸ ਰਿਹਾ ਏਂ ਕਿ ਤੂੰ ਐਥੇ ਬੜੀ ਦੇਰ ਪੜ੍ਹਨਾ ਏਂ। ਬਜ਼ਾਰ ਤੇ ਕਾਲਜ ਵਿਚ ਗਾਹਕ ਲੱਭਦੇ ਦੱਲੇ ਵੀ ਤੈਨੂੰ ਟੱਕਰ ਸਕਦੇ ਨੇ। ਖ਼ਬਰਦਾਰ ਰਹੀਂ।' ਰਾਮ ਸਿੰਘ ਤੁਰੀ ਵੀ ਗਿਆ ਤੇ ਉਸ ਨੂੰ ਦੱਸੀ ਵੀ ਗਿਆ। ਉਸ ਦੀਆਂ ਗੱਲਾਂ ਸੁਣ ਕੇ ਦੇਵ ਤਾਂ ਜਿਵੇਂ ਸੁੰਨ ਹੀ ਹੋ ਗਿਆ।

ਉਹ ਦਵਾਖਾਨੇ ਵਿਚ ਵੜੇ ਤਾਂ ਉੱਥੇ ਫਰਸ਼ ਤੇ ਮਾਮਜਿਸਤੇ ਰੱਖੀ ਤਿੰਨ-ਚਾਰ ਮੁੰਡੇ ਜੜ੍ਹੀਆਂ-ਬੂਟੀਆਂ ਕੁੱਟ ਰਹੇ ਸਨ। ਹਕੀਮ ਆਪ ਇਕ ਬੁਰਕੇ ਵਾਲ਼ੀ ਤੀਵੀਂ ਦੀ ਨਬਜ਼ ਫੜ੍ਹੀ ਬੈਠਾ ਸੀ। ਤਿੰਨ ਚਾਰ ਮਰੀਜ਼ਾਂ ਪਿੱਛੋਂ ਰਾਮ ਸਿੰਘ ਦੀ ਵਾਰੀ ਆਈ ਤਾਂ ਉਸ ਨੇ ਪਹਿਲਾਂ ਨਬਜ਼ ਦੇਖੀ ਫੇਰ ਜੀਭ ਦਿਖਾਉਣ ਲਈ ਕਿਹਾ। ਇਕ ਕਾਗਜ਼ ਉੱਤੇ ਜੜੀਆਂ-ਬੂਟੀਆਂ ਦੇ ਨਾਂ ਲਿਖ ਕੇ ਮਾਮਜਿਸਤੇ ਵਾਲ਼ੇ ਮੁੰਡੇ ਨੂੰ ਫੜਾ ਦਿੱਤਾ। ਪੁੜੀਆਂ ਲੈਕੇ ਤੇ ਪੈਸੇ ਦੇ ਕੇ ਉਹ ਉੱਥੋਂ ਨਿਕਲ਼ ਆਏ।

'ਤੁਸੀਂ ਆਪਣੀ ਬੀਮਾਰੀ ਤਾਂ ਦੱਸੀ ਨਹੀਂ ਤੇ ਨਾ ਹੀ ਹਕੀਮ ਨੇ ਕੁਝ ਪੁੱਛਿਆ। ਦਵਾਈ ਕਿਵੇਂ ਦੇ ਦਿੱਤੀ?' ਦੇਵ ਨੇ ਪੁੱਛਿਆ।

'ਬੱਸ ਇਹੀ ਤਾਂ ਕਰਾਮਾਤ ਏ। ਚਿਹਰਾ ਨਬਜ਼ ਦੇਖ ਕੇ ਹੀ ਅਲਤਾਫ਼ੀਆ ਮਰਜ਼ ਬੁੱਝ ਲੈਂਦਾ ਏ।'

ਉਹ ਉਸ ਨੂੰ ਇਕ ਹੋਰ ਭੀੜੀ ਗਲ਼ੀ' ਚ ਲੈ ਵੜਿਆ। ਇਕ ਦੁਕਾਨ ਮੂਹਰੇ ਰੁਕਦਿਆਂ ਕਿਹਾ, 'ਇਹ 'ਗੁੜੂਮੁੜੂ' ਦੀ ਬਜਾਜੀ ਦੀ ਦੁਕਾਨ ਏਂ। ਚੱਲ ਤੈਨੂੰ ਕੱਪੜੇ ਲੈ ਦਿਆਂ।'

ਸਾਇਕਲ ਬਾਹਰ ਖੜ੍ਹਾ ਕੇ ਉਹ ਅੰਦਰ ਵੜ ਗਏ। ਬਿਲਕੁਲ ਸੁੱਕਿਆ ਤੇ ਵਿੰਗਾ ਜਿਹਾ ਬੰਦਾ ਮੋਟੇ ਗੋਲ਼ ਸਿਰਹਾਣੇ ਨਾਲ਼ ਢੋਅ ਲਾਈ ਹੁੱਕੇ ਦੀ 'ਗੁੜ ਗੁੜ' ਬੁਲਾ ਰਿਹਾ ਸੀ। ਉਨ੍ਹਾਂ ਨੂੰ ਦੇਖ ਕੇ ਉਹ ਖੁਸ਼ ਹੋ ਗਿਆ ਤੇ ਹੁੱਕੇ ਨੂੰ ਇਕ ਖੂੰਜੇ ਵਿਚ ਨੂੰ ਧੱਕਦਾ ਬੋਲਿਆ, 'ਆਓ ਮੇਰੇ ਪਿਆਰੇ ਸਰਦਾਰ ਜੀ, ਕੈਸਾ ਹਾਲ ਹੈ ਤੁਹਾਡਾ?'

ਉਹ ਦੋਨੋਂ ਉਸ ਦੇ ਸਾਮ੍ਹਣੇ ਪਏ ਬੈਂਚ ਤੇ ਬੈਠ ਗਏ। ਰਾਮ ਸਿੰਘ ਦੇ ਨਾ-ਨਾ ਕਰਦੇ ਵੀ ਉਹ ਉੱਠ ਕੇ ਚਾਹ ਲਈ ਕਹਿਣ ਚਲਾ ਗਿਆ।

'ਇਹਦਾ ਨਾਂ 'ਗੁੜੂਮੁੜੂ' ਬੜਾ ਢੁਕਵਾਂ ਏਂ।' ਦੇਵ ਨੇ ਹੱਸ ਕੇ ਕਿਹਾ।

'ਇਹ ਆਪਣੇ ਬੇਅੰਤ ਨੇ ਰੱਖਿਆ ਸੀ।'

ਚਾਹ ਪੀਣ ਮਗਰੋਂ ਉਸ ਨੇ ਦੇਵ ਲਈ ਫਾਂਟਾਂ ਵਾਲ਼ੇ ਨਾਈਟ ਸੂਟ ਦਾ ਤੇ ਪੈਂਟ ਕਮੀਜ਼ ਦਾ ਕੱਪੜਾ ਖਰੀਦ ਦਿੱਤਾ। ਉਹ ਤੁਰਨ ਲੱਗੇ ਤਾਂ ਗੁੜੂਮੁੜੂ ਬੋਲਿਆ, 'ਇਹ ਕਾਕਾ ਤੁਹਾਡਾ ਪੁੱਤਰ ਏ?'

'ਨਹੀਂ ਮੇਰਾ ਛੋਟਾ ਭਰਾ ਏ। ਐਥੇ ਆਗਰਾ ਕਾਲਜ ਵਿਚ ਪੜ੍ਹਨ ਲੱਗਾ ਏ।'

'ਆਗਰਾ ਕਾਲਜ ਵਿਚ ਮੇਰੀ ਬੇਟੀ ਮਧੂ ਲਾਇਬ੍ਰੇਰੀਅਨ ਏਂ। ਮੈਂ ਉਸ ਨੂੰ ਦੱਸਾਂਗਾ। ਤੂੰ ਕਾਕਾ ਮਿਲ ਕੇ ਆਵੀਂ।'

ਉਹ ਘਰ ਪੁੱਜੇ ਤਾਂ ਜਿੰਦਰ ਨੇ ਉੱਤੋਂ ਹੀ ਹਾਕ ਮਾਰੀ, 'ਦੇਵ ਸਾਇਕਲ ਹੇਠ ਹੀ ਰਹਿਣ ਦੇ। ਤੈਨੂੰ ਕੰਮ ਭੇਜਣਾ ਏਂ।'

ਪੌੜੀਆਂ ਚੜ੍ਹ ਕੇ ਉਹ ਉੱਤੇ ਗਏ ਤਾਂ ਜਿੰਦਰ ਕੜ੍ਹੀ ਰਿੰਨ੍ਹੀ ਬੈਠੀ ਸੀ। ਉਸ ਨੇ ਇਕ ਡੱਬੇ ਵਿਚ ਕੜ੍ਹੀ ਪਾਈ ਤੇ ਬੋਲੀ, 'ਦੇਵ ਆਹ ਮਹੇਸ਼ ਦੀ ਮੰਮੀ ਨੂੰ ਦੇ ਕੇ ਆ।'

ਮਹੇਸ਼ ਦੇ ਘਰ ਵੱਲ ਮੂੰਹ ਕਰਨ ਨੂੰ ਵੀ ਉਸ ਦੀ ਰੂਹ ਨਹੀਂ ਸੀ ਕਰਦੀ। ਚਾਹੁੰਦਾ ਹੋਇਆ ਵੀ ਦੇਵ ਉਸ ਦੇ ਬਾਰੇ ਵਿਚ ਆਪਣੇ ਭਰਾ ਭਰਜਾਈ ਨੂੰ ਕੁਝ ਨਹੀਂ ਸੀ ਦੱਸ ਸਕਿਆ। ਦੇਵ ਨੇ ਚੁੱਪ-ਚਾਪ ਡੱਬਾ ਫੜਿਆ ਤੇ ਸਾਇਕਲ ਦੀ ਟੋਕਰੀ ਵਿਚ ਰੱਖ ਮਹੇਸ਼ ਦੇ ਘਰ ਚਲਾ ਗਿਆ। ਦਰ ਖੜਕਾਇਆ ਤਾਂ ਮਹੇਸ਼ ਨੇ ਹੀ ਖੋਲ੍ਹਿਆ। ਉਹ ਸ਼ਾਇਦ ਨਹਾਉਣ ਲੱਗਾ ਹੋਵੇਗਾ। ਉਸ ਨੇ ਕੇਵਲ ਅੰਡਰ ਵੀਅਰ ਹੀ ਪਾਇਆ ਹੋਇਆ ਸੀ। ਉਸ ਨੇ ਦੇਵ ਨੂੰ ਅੰਦਰ ਵੜਦੇ ਨੂੰ ਹੀ ਜੱਫੀ ਪਾ ਲਈ ਤੇ ਬੋਲਿਆ, 'ਦੇਵ ਯਾਰ ਤੂੰ ਮੇਰੇ ਨਾਲ਼ ਨਰਾਜ਼ ਏਂ?'

'ਨਹੀਂ ਤਾਂ... ਨਰਾਜ਼ ਕਿਉਂ ਹੋਣਾ ਏਂ ਭਲਾਂ?... ਭਾਬੀ ਨੇ ਕੜ੍ਹੀ ਭੇਜੀ ਏ। ਆਂਟੀ ਜੀ ਕਿੱਥੇ ਨੇ?' ਦੇਵ ਨੇ ਉਸ ਨੂੰ ਕੜ੍ਹੀ ਵਾਲ਼ਾ ਡੱਬਾ ਫੜਾ ਕੇ ਪੁੱਛਿਆ।

'ਉਹ ਤਾਂ ਮੰਦਰ ਗਏ ਨੇ। ਕੋਈ ਪ੍ਰੋਗਰਾਮ ਏਂ ਉੱਥੇ।' ਉਹ ਬੋਲਿਆ।

'ਚੰਗਾ ਫੇਰ ਮੈਂ ਚਲਦਾ ਏਂ।' ਦੇਵ ਨੇ ਕਿਹਾ।

'ਇਉਂ ਥੋੜ੍ਹੀ ਜਾਣ ਦਿਆਂਗਾ।' ਉਹ ਹੱਸਿਆ ਤੇ ਕੁੰਡੀ ਅੰਦਰੋਂ ਬੰਦ ਕਰ ਲਈ।

'ਹੋਰ ਕੁੱਟਣਾਂ ਏਂ ਮੈਨੂੰ?' ਦੇਵ ਨੇ ਹੱਸ ਕੇ ਕਿਹਾ।

'ਯਾਰ ਤੂੰ ਮੇਰਾ ਦੋਸਤ ਏਂ। ਬੈਠ ਜਾ ਗੱਲਾਂ ਮਾਰਦੇ ਹਾਂ।' ਉਸ ਨੇ ਦੇਵ ਨੂੰ ਬਾਹੋਂ ਫੜ ਕੇ ਵਿਹੜੇ ਵਿਚ ਪਈ ਕੁਰਸੀ ਤੇ ਬਿਠਾ ਲਿਆ। ਫਿਰ ਉਹ ਅੰਦਰ ਗਿਆ ਤੇ ਕਾਫ਼ੀ ਦੇਰ ਲਾ ਕੇ ਇਕ ਮੈਗਜ਼ੀਨ ਚੁੱਕੀ ਮੁੜਿਆ ਤੇ ਬੋਲਿਆ, 'ਐਂਜੁਆਏ ਕਰ.. ਇਹਦੇ ਵਿਚ ਫ਼ੋਟੋਆਂ ਨੇ।'

ਦੇਵ ਨੇ ਮੈਗਜ਼ੀਨ ਖੋਲ੍ਹਿਆ ਤਾਂ ਦੇਖ ਕੇ ਹੈਰਾਨ ਰਹਿ ਗਿਆ। ਉਸ ਵਿਚ ਅੰਗਰੇਜ਼ ਮਰਦ-ਔਰਤਾਂ ਦੀਆਂ ਬਿਲਕੁਲ ਨੰਗੀਆਂ ਤਸਵੀਰਾਂ ਸਨ। ਦੇਵ ਨੇ ਉਡਦੀ ਉਡਦੀ ਨਜ਼ਰ ਮਾਰ ਕੇ ਮੈਗਜ਼ੀਨ ਬੰਦ ਕਰ ਦਿੱਤਾ ਤੇ ਕਿਹਾ, 'ਆਹ ਚੁੱਕ ਇਸ ਨੂੰ... ਮੈਨੂੰ ਨਹੀਂ ਲੋੜ ਇਸ ਦੀ।'

'ਚੱਲ ਨਾ ਸਹੀ।' ਉਸ ਨੇ ਮੈਗਜ਼ੀਨ ਫੜ ਲਿਆ। ਦੇਵ ਜਾਣ ਲਈ ਉੱਠ ਖੜ੍ਹਾ ਹੋਇਆ ਤਾਂ ਉਸ ਨੇ ਫਿਰ ਉਸ ਨੂੰ ਬਿਠਾ ਲਿਆ। ਉਹ ਆਪਣੀ ਗਰਲ ਫਰੈਂਡ ਊਸ਼ਾ ਦੀਆਂ ਗੱਲਾਂ ਦੱਸਣ ਲੱਗ ਪਿਆ। ਉਹ ਬੜੀਆਂ ਅਸ਼ਲੀਲ ਗੱਲਾਂ ਕਰਦਾ ਰਿਹਾ ਤੇ ਦੇਵ ਹੈਰਾਨ ਹੋਇਆ ਬੈਠਾ ਸੁਣਦਾ ਰਿਹਾ। ਉਹ ਦੇਵ ਨੂੰ ਪੁੱਛਣ ਲੱਗਾ ਕਿ ਉਸ ਨੇ ਕੋਈ ਗਰਲ ਫਰੈਂਡ ਬਣਾਈ ਹੈ ਕਿ ਨਹੀਂ।

'ਜੇ ਰੱਬ ਅਤੇ ਪੜ੍ਹਾਈ ਵੱਲ ਧਿਆਨ ਲਾਈ ਰੱਖੀਏ ਤਾਂ ਹੋਰ ਕਿਸੇ ਚੀਜ਼ ਦੀ ਲੋੜ ਹੀ ਨਹੀਂ ਪੈਂਦੀ।' ਦੇਵ ਨੇ ਕਿਹਾ।

'ਨਹੀਂ.... ਮੇਰਾ ਮਤਲਬ ਏ... ਤੂੰ ਜੁਆਨ ਏਂ.... ਤੂੰ ਆਪਣੀ ਸੈਕਸ ਦੀ ਤ੍ਰਿਪਤੀ ਕਿਵੇਂ ਕਰਦਾ ਏਂ?'

ਛੱਡ ਯਾਰ ਮਹੇਸ਼... ਤੇਰੇ ਦਿਮਾਗ ਵਿਚ ਪਤਾ ਨਹੀਂ ਕੀ ਕੀ ਭਰਿਆ ਪਿਆ ਏ।'

'ਹਰ ਕਿਸੇ ਨੂੰ ਲੋੜ ਏ... ਕੋਈ ਨਾ ਦੱਸੇ ਤਾਂ ਵੱਖਰੀ ਗੱਲ ਏ... ਤੂੰ ਹਾਂ ਕਰ ਮੇ ਰੇ ਕੋਲ਼ ਇਕ ਏ ਵੰਨ ਮਾਲ ਏ।'

'ਕੀ ਮਤਲਬ ਤੇਰਾ?' ਦੇਵ ਨੇ ਪੁੱਛਿਆ।

ਉਸ ਨੇ ਦੇਵ ਨੂੰ ਬਾਹੋਂ ਫੜ ਲਿਆ ਤੇ ਅੰਦਰ ਖਿੱਚਣ ਲੱਗਾ, 'ਅੰਦਰ ਚੱਲ ਤੈਨੂੰ ਦਿਖਾਵਾਂ।'

ਦੇਵ ਪਿੱਛੇ ਨੂੰ ਖਿੱਚਦਾ ਰਿਹਾ ਪਰ ਉਹ ਉਸ ਨੂੰ ਧੂਹ ਕੇ ਅੰਦਰ ਲੈ ਗਿਆ। ਅੰਦਰ ਜਾਕੇ ਦੇਵ ਐਧਰ ਉੱਧਰ ਦੇਖਣ ਲੱਗਾ। ਉੱਥੇ ਤਾਂ ਕੋਈ ਨਹੀਂ ਸੀ।

'ਭਮੱਤਰ ਗਿਆ ਨਾ? ਦੇਖਣ ਵਾਲ਼ੀ ਅੱਖ ਚਾਹੀਦੀ ਏ... ਆ ਜਾ।' ਉਹ ਦੇਵ ਦੀ ਬਾਂਹ ਛੱਡਦਾ ਮੂੰਧੇ ਮੂੰਹ ਪਲੰਘ ਤੇ ਲੇਟ ਗਿਆ।

ਦੇਵ ਬੜੀ ਤੇਜ਼ੀ ਨਾਲ਼ ਬਾਹਰ ਨਿਕਲ਼, ਕੁੰਡੀ ਖੋਹਲ ਸੜਕ ਤੇ ਆ ਗਿਆ। ਫਿਰ ਸਾਇਕਲ ਚੁੱਕ ਲਿਆ। ਮਹੇਸ਼ ਦੀ ਅਵਾਜ਼ ਆਈ, 'ਉਇ ਦੇਵ ਮੁੜਿਆ ਯਾਰ। ਮੈਂ ਤਾਂ ਮਜ਼ਾਕ ਕਰ ਰਿਹਾ ਸੀ। ਤੂੰ ਸੱਚ ਮੰਨ ਲਿਆ? ਮੇਰੇ ਨਾਲ਼ ਨਰਾਜ਼ ਨਾ ਹੋ ਯਾਰ।'

ਦੇਵ ਨੇ ਸਾਇਕਲ ਉੱਤੇ ਚੜ੍ਹਨ ਦੀ ਕੀਤੀ। ਮੁੜ ਕੇ ਪਿੱਛੇ ਦੇਖਿਆ ਹੀ ਨਾ।

**00**

## ' ਕਹੱਤਰ

ਉਸ ਦਿਨ ਮਗਰੋਂ ਦੇਵ ਨੇ ਮਹੇਸ਼ ਦਾ ਪੱਕੀ ਤਰ੍ਹਾਂ ਨਾਲ਼ ਬਾਈਕਾਟ ਕਰੀ ਰੱਖਣ ਦੀ ਧਾਰ ਲਈ। ਜਿੰਦਰ ਨੂੰ ਵੀ ਕਹਿ ਦਿੱਤਾ ਕਿ ਉਹ ਲੋਫ਼ਰ ਕਿਸਮ ਦਾ ਮੁੰਡਾ ਹੈ। ਕੁੜੀਆਂ ਤੇ ਰਿਮਾਰਕਸ ਕਸ ਕੇ ਲੰਘਦਾ ਹੈ ਤੇ ਗੱਲਾਂ ਵੀ ਘਟੀਆ ਕਿਸਮ ਦੀਆਂ ਕਰਦਾ ਹੈ। ਉਹ ਉਸ ਨਾਲ਼ ਕੋਈ ਦੋਸਤੀ ਨਹੀਂ ਰੱਖਣੀ ਚਾਹੁੰਦਾ। ਜਿੰਦਰ ਨੇ ਸ਼ਾਇਦ ਉਸੇ ਦਿਨ ਰਾਮ ਸਿੰਘ ਨੂੰ ਦੱਸ ਦਿੱਤਾ। ਉਸ ਨੇ ਕਿਹਾ, 'ਤੈਨੂੰ ਨਹੀਂ ਪਸੰਦ ਤਾਂ ਛੱਡ ਖਹਿੜਾ। ਜਿਹੜਾ ਮੁੰਡਾ ਤੈਨੂੰ ਚੰਗਾ ਲੱਗੇ ਉਸ ਨੂੰ ਦੋਸਤ ਬਣਾ ਲਈਂ।'

ਉਸ ਮਗਰੋਂ ਮਹੇਸ਼ ਤਿੰਨ ਚਾਰ ਵਾਰੀ ਉਨ੍ਹਾਂ ਦੇ ਘਰ ਆਇਆ ਪਰ ਦੇਵ ਨੇ ਮੂੰਹ ਹੀ ਨਾ ਲਾਇਆ। ਉਹ ਆਪ ਹੀ ਆਉਣੋਂ ਹਟ ਗਿਆ।

ਰਾਮੇਸ਼ਵਰ ਦੀਕਸ਼ਤ ਨਾਂ ਦਾ ਇਕ ਮੁੰਡਾ ਦੇਵ ਦੇ ਨਾਲ਼ ਪੜ੍ਹਦਾ ਸੀ। ਇਕ ਦਿਨ ਕਮਿਸਟਰੀ ਦਾ ਪ੍ਰੈਕਟੀਕਲ ਕਰਦਿਆਂ ਅਜਿਹੀ ਘਟਨਾ ਵਾਪਰੀ ਕਿ ਦੋਨਾਂ ਦੀ ਦੋਸਤੀ ਦਾ ਸਬੱਬ ਬਣ ਗਿਆ। ਦੇਵ ਪ੍ਰੈਕਟੀਕਲ ਕਰ ਰਿਹਾ ਸੀ ਕਿ ਅਚਾਨਕ ਕੋਈ ਅੱਗ ਦੀ ਲਾਟ ਵਰਗੀ ਸ਼ੈਅ ਉਸ ਦੇ ਲੱਕ ਹੇਠੋਂ ਮਾਸ ਨੂੰ ਫੂਕਦੀ ਪੈਰਾਂ ਤੱਕ ਪਹੁੰਚ ਗਈ। ਉਹ ਤੜਫ਼ਿਆ।

ਉਸ ਦੇ ਅੱਗੇ ਮੇਜ਼ ਤੇ ਪਈ ਗਾੜ੍ਹੇ ਗੰਧਕ ਦੇ ਤੇਜ਼ਾਬ ਦੀ ਭਾਰੀ ਬੋਤਲ ਪਤਾ ਨਹੀਂ ਕਦੋਂ ਉਲਟੀ ਤੇ ਸਾਰਾ ਤੇਜ਼ਾਬ ਡੁੱਲ੍ਹ ਕੇ ਉਸ ਦੀ ਐਨ. ਸੀ. ਸੀ. ਆਰ. ਵਾਲ਼ੀ ਪੈਂਟ ਦੇ ਮੂਹਰੇ ਪੈ ਗਿਆ। ਅਸਹਿ ਦਰਦ ਨਾਲ਼ ਉਹ ਚੀਕਿਆ ਤਾਂ ਬਿਨਾਂ ਕਾਰਣ ਜਾਣੇ ਕੁਝ ਮੁੰਡੇ ਦੰਦ ਕੱਢਣ ਲੱਗ ਪਏ। ਦੇਵ ਦੇ ਲਾਗੇ ਖੜ੍ਹੇ ਰਾਮੇਸ਼ਵਰ ਨੇ ਉਨ੍ਹਾਂ ਨੂੰ ਫਿਟਕਾਰਿਆ ਤੇ ਦੇਵ ਨੂੰ ਖਿੱਚ ਕੇ ਪ੍ਰੋਫੈਸਰ ਸਸ਼ੋਦੀਆ ਦੀ ਕੈਬਿਨ ਵਿਚ ਲੈ ਗਿਆ। ਉਸ ਦੇ ਕਹਿਣ ਉੱਤੇ ਦੇਵ ਨੇ ਫਟਾਫਟ ਕੱਪੜੇ ਉਤਾਰ ਦਿੱਤੇ ਤੇ ਉਸ ਨੇ ਉਸ ਉੱਤੇ ਪਾਣੀ ਦੇ ਬੀਕਰ ਭਰ ਭਰ ਡੋਲ੍ਹ ਦਿੱਤੇ । ਫਿਰ ਮੇਜ਼ਪੋਸ਼ ਚੁੱਕ ਕੇ ਦੇਵ ਦੇ ਦੁਆਲ਼ੇ ਲਪੇਟ ਦਿੱਤਾ। ਪ੍ਰੋਫੈਸਰ ਸਸ਼ੋਦੀਆ ਵੀ ਆ ਗਿਆ। ਉਸ ਨੇ ਰਾਮੇਸ਼ਵਰ ਨਾਲ਼ ਲੈਬ ਅਟੈਂਡੈਂਟ ਸੁਰੇਸ਼ ਨੂੰ ਭੇਜ ਦਿੱਤਾ। ਦੋਨਾਂ ਨੇ ਉਸ ਨੂੰ ਐਸ. ਐਨ. ਹਸਪਤਾਲ਼ ਲਿਜਾ ਕੇ ਦਾਖਲ ਕਰਵਾ ਦਿੱਤਾ। ਪੈਸੇ ਵੀ ਰਾਮੇਸ਼ਵਰ ਨੇ ਹੀ ਦਿੱਤੇ। ਉਸ ਨੇ ਘਰ ਖ਼ਬਰ ਭੇਜਣ ਲਈ ਦੇਵ ਦਾ ਪਤਾ ਪੁੱਛਿਆ। ਉਸ ਦੇ ਦੱਸਣ ਤੇ ਉਹ ਹੈਰਾਨ ਹੋਇਆ ਕਿਉਂਕਿ ਉਸ ਦੀ ਰਿਹਾਇਸ਼ ਵੀ ਬਲਕੇਸ਼ਵਰ ਕਾਲੋਨੀ ਦੇ ਸੱਠ ਨੰਬਰ ਬਲਾਕ ਵਿਚ ਸੀ। ਰਾਮੇਸ਼ਵਰ ਚਲਾ ਗਿਆ ਤੇ ਆਪਣੇ ਘਰੋਂ ਹੀ ਪੈਂਟ ਕਮੀਜ਼ ਲੈ ਆਇਆ, ਕਿਉਂਕਿ ਦੇਵ ਦੀ ਭਾਬੀ ਘਰ ਨੂੰ ਤਾਲਾ ਲਾ ਕੇ ਕਿਧਰੇ ਗਈ ਹੋਈ ਸੀ। ਉਹ ਦੇਵ ਦੇ ਹਸਪਤਾਲ਼ ਦਾਖ਼ਲ ਹੋਣ ਬਾਰੇ ਗੁਆਂਢੀਆਂ ਦੇ ਘਰ ਦੱਸ ਆਇਆ ਸੀ। ਰਾਮੇਸ਼ਵਰ ਦੇਵ ਦੇ ਕੋਲ਼ ਹੀ ਬੈਠ ਗਿਆ ਤੇ ਉਸਨੂੰ ਹੌਂਸਲਾ ਦਿੰਦਾ ਰਿਹਾ ਕਿ ਡਾਕਟਰ ਨੇ ਕਿਹਾ ਹੈ ਕਿ ਤਿੰਨ-ਚਾਰ ਘੰਟਿਆਂ ਤੱਕ ਉਸ ਨੂੰ ਛੁੱਟੀ ਦੇ ਦਿੱਤੀ ਜਾਵੇਗੀ। ਰਾਮੇਸ਼ਵਰ ਨੇ ਦੇਵ ਨੂੰ ਦੱਸਿਆ ਕਿ ਉਹ ਕਾਨਪੁਰ ਤੋਂ ਸੀ ਤੇ ਆਗਰੇ ਬਿਜਲੀ ਘਰ ਵਿਚ ਬੁਐਲਰ ਅਟੈਂਡੈਂਟ ਦੇ ਤੌਰ ਤੇ ਨੌਕਰੀ ਵੀ ਕਰਦਾ ਸੀ। ਉਹ ਬਾਰ੍ਹਵੀਂ ਕਰਨ ਮਗਰੋਂ ਛੇ ਸਾਲ ਦੇ ਗੈਪ ਮਗਰੋਂ ਮੁੜ ਕਾਲਜ ਪੜ੍ਹਨ ਲੱਗਾ ਸੀ ਤੇ ਉਸ ਦੀ ਡਿਊਟੀ ਸ਼ਾਮੀਂ ਚਾਰ ਵਜੇ ਸ਼ੁਰੂ ਹੁੰਦੀ ਸੀ। ਜੇ ਨੌਕਰੀ ਪੇਸ਼ਾ ਵਿਦਿਆਰਥੀਆਂ ਨੂੰ ਐਨ. ਸੀ. ਸੀ. ਆਰ. ਤੋਂ ਛੋਟ ਨਾ ਮਿਲਦੀ ਹੁੰਦੀ ਤਾਂ ਉਸ ਨੇ ਹੁਣ ਵੀ ਪੜ੍ਹਾਈ ਨਹੀਂ ਸੀ ਕਰ ਸਕਣੀ।

'ਪਰ ਹੁਣ ਤਾਂ ਸਾਢੇ ਪੰਜ ਹੋ ਗਏ। ਤੂੰ ਯਾਰ ਡਿਊਟੀ ਤੇ ਨਹੀਂ ਜਾਣਾ?' ਦੇਵ ਨੇ ਪੁੱਛਿਆ।

'ਨਹੀਂ, ਅੱਜ ਆਪਣੇ ਸਰਦਾਰ ਜੀ ਲਈ ਛੁੱਟੀ ਕਰਾਂਗਾ।' ਉਹ ਹੱਸਿਆ। ਉਸ ਦੇ ਬੋਲਾਂ ਨੇ ਦੇਵ ਦਾ ਜਿਵੇਂ ਦਿਲ ਲੁੱਟ ਲਿਆ।

ਦੇਵ ਦੇ ਵੀਰ ਜੀ ਤੇ ਭਰਜਾਈ ਛੇਤੀ ਹੀ ਆ ਗਏ। ਉਹ ਬਹੁਤ ਘਬਰਾਏ ਹੋਏ ਸਨ। ਰਾਮੇਸ਼ਵਰ ਨੇ ਉਨ੍ਹਾਂ ਨੂੰ ਕਿਹਾ, 'ਭਾਈ ਸਾਹਿਬ ਚਿੰਤਾ ਵਾਲ਼ੀ ਕੋਈ ਗੱਲ ਨਹੀਂ। ਦੇਵ ਬਿਲਕੁਲ ਠੀਕ ਏ। ਥੋੜ੍ਹਾ ਮਾਸ ਸੜ ਗਿਆ ਏ।'

ਦੇਵ ਨੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤਾਂ ਜਿੰਦਰ ਬੋਲੀ, 'ਚੱਲ ਕੋਈ ਨਾ ਦੇਵ ਇਹ ਹਾਦਸਾ ਹੋਣ ਮਗਰੋਂ ਹੀ ਤੈਨੂੰ ਦੋਸਤ ਲੱਭਣਾ ਸੀ।'

ਉਹ ਦੋਨੋਂ ਰਾਮੇਸ਼ਵਰ ਦਾ ਬਾਰ-ਬਾਰ ਧੰਨਵਾਦ ਕਰਨ ਲੱਗੇ, ਪਰ ਉਹ ਕਹੀ ਗਿਆ, 'ਭਾਈ ਸਾਹਬ, ਮੈਨੂੰ ਕਿਉਂ ਸ਼ਰਮਿੰਦਾ ਕਰਨ ਲੱਗੇ ਹੋ। ਇਹ ਤਾਂ ਮੇਰਾ ਫਰਜ਼ ਸੀ। ਮੈਨੂੰ ਵੀ ਦੋਸਤ ਮਿਲ ਗਿਆ ਏ। ਸ਼ਾਇਦ ਇਹਦੇ ਕਰਕੇ ਹੀ ਮੈਂ ਵੀ ਬੀ. ਐਸ ਸੀ. ਕਰ

ਜਾਵਾਂ।'

ਉਸ ਦਿਨ ਮਗਰੋਂ ਦੇਵ ਦਾ ਰਾਮੇਸ਼ਵਰ ਦੇ ਘਰ ਨਿੱਤ ਆਉਣ ਜਾਣ ਸ਼ੁਰੂ ਹੋ ਗਿਆ। ਉਹ ਬਾਰਾਂ ਇਕ ਵਜੇ ਰਾਤ ਨੂੰ ਡਿਊਟੀ ਤੋਂ ਵਾਪਸ ਆਇਆ ਕਰਦਾ ਸੀ। ਉਸ ਕੋਲ਼ ਤਾਂ ਨੀਂਦ ਪੂਰੀ ਕਰਨ ਲਈ ਵੀ ਸਮਾਂ ਨਹੀਂ ਸੀ। ਕਾਲਜ ਤੋਂ ਆ ਕੇ ਜਿੰਨੀ ਪੜ੍ਹਾਈ ਇਕ ਸਾਇੰਸ ਸਟੂਡੈਂਟ ਨੂੰ ਕਰਨੀ ਚਾਹੀਦੀ ਸੀ, ਉਹ ਨਹੀਂ ਸੀ ਕਰ ਸਕਦਾ। ਉਸ ਤੋਂ ਉਲਟ ਦੇਵ ਕੋਲ਼ ਖੁੱਲ੍ਹਾ ਸਮਾਂ ਸੀ। ਉਹ ਸਾਰੇ ਵਿਸ਼ਿਆਂ ਦਾ ਕੰਮ ਮੁਕਾਉਂਦਾ ਵੀ ਤੇ ਨੋਟਸ ਵੀ ਤਿਆਰ ਕਰਦਾ। ਦੇਵ ਨੂੰ ਪਤਾ ਲੱਗਾ ਕਿ ਰਾਮੇਸ਼ਵਰ ਦੀਆਂ ਤਾਂ ਪ੍ਰੈਕਟੀਕਲ ਦੀਆਂ ਕਾਪੀਆਂ ਵੀ ਬਿਲਕੁਲ ਬਲੈਂਕ ਪਈਆਂ ਸਨ। ਦੇਵ ਫਜ਼ਿਕਸ ਅਤੇ ਕਮਿਸਟਰੀ ਦੀਆਂ ਦੋਨੋਂ ਕਾਪੀਆਂ ਉਸ ਕੋਲ਼ੋਂ ਲੈ ਆਇਆ ਤੇ ਪੰਜ ਛੇ ਦਿਨ ਲਾ ਕੇ ਬਿਲਕੁਲ ਕੰਪਲੀਟ ਕਰ ਦਿੱਤੀਆਂ। ਦੇਵ ਨੇ ਉਸ ਨੂੰ ਕਾਪੀਆਂ ਮੋੜੀਆਂ ਤਾਂ ਫੋਲ ਕੇ ਉਹ ਐਨਾ ਖੁਸ਼ ਹੋਇਆ ਕਿ ਉਸ ਨੇ ਉਸਨੂੰ ਘੁੱਟ ਕੇ ਜੱਫੀ ਪਾ ਲਈ ਤੇ ਬੋਲਿਆ, 'ਸਰਦਾਰ ਲੋਕ ਐਨੇ ਚੰਗੇ ਹੁੰਦੇ ਨੇ ? ਤੂੰ ਤਾਂ ਮੇਰਾ ਦਿਲ ਹੀ ਲੁੱਟ ਲਿਆ।'

'ਤੂੰ ਵੀ ਤਾਂ ਯਾਰਾ ਮੇਰਾ ਦਿਲ ਲੁੱਟ ਲਿਆ।' ਦੇਵ ਹੱਸਿਆ।

'ਹੁਣ ਮੈਨੂੰ ਆਸ ਹੋ ਗਈ ਏ ਕਿ ਮੈਂ ਬੀ. ਐਸਸੀ. ਅਵੱਸ਼ ਕਰਲੂੰਗਾ।'

ਜਦੋਂ ਦੇਵ ਉਸ ਕੋਲ਼ ਗਿਆ ਸੀ ਤਾਂ ਉਹ ਆਲੂ ਗੋਭੀ ਦੀ ਸਬਜ਼ੀ ਬਣਾਉਣ ਮਗਰੋਂ ਰੋਟੀਆਂ ਵੇਲ ਰਿਹਾ ਸੀ। ਦੇਵ ਨੂੰ ਆਇਆ ਦੇਖ ਉਸ ਨੇ ਚਾਰ ਪੰਜ ਫੁਲਕੇ ਹੋਰ ਲਾਹ ਲਏ। ਜਦੋਂ ਦੇਵ ਘਰ ਜਾਣ ਲੱਗਾ ਤਾਂ ਉਸ ਨੇ ਦੱਸਿਆ ਕਿ ਉਸ ਦੀ ਰੋਟੀ ਤਾਂ ਉਸ ਨੇ ਬਣਾ ਲਈ ਸੀ।

'ਨਹੀਂ ਨਹੀਂ ਉੱਧਰ ਭਾਬੀ ਜੀ ਵੀ ਬਣਾਈ ਬੈਠੇ ਹੋਣੇ ਨੇ।' ਦੇਵ ਨੇ ਕਿਹਾ।

'ਭਾਬੀ ਦੀਆਂ ਪੱਕੀਆਂ ਤਾਂ ਰੋਜ਼ ਖਾਂਦੇ ਹੋ ਸਰਦਾਰ ਜੀ ਮਹਾਰਾਜ। ਅੱਜ ਛੜਿਆਂ ਦੀ ਵੀ ਖਾ ਕੇ ਦੇਖ ਲਓ।' ਉਹ ਹੱਸਿਆ।

ਦੇਵ ਨਾਂਹ ਨਾ ਕਰ ਸਕਿਆ। ਉਸ ਨੇ ਬਰਾਂਡੇ ਵਿਚ ਸਫ਼ ਵਿਛਾ ਲਈ। ਰੋਟੀਆਂ, ਸਬਜ਼ੀ ਵਾਲ਼ੀ ਕੜਾਹੀ, ਪਲੇਟਾਂ, ਗਿਲਾਸ, ਪਾਣੀ ਦਾ ਜੱਗ ਬਗੈਰਾ ਉਸ ਉੱਤੇ ਧਰ ਦਿੱਤੇ । ਗੋਭੀ ਦੀ ਸਬਜ਼ੀ ਨੂੰ ਤੜਕਾ ਤਾਂ ਖ਼ੂਬ ਲਾਇਆ ਹੋਇਆ ਸੀ, ਪਰ ਜਦੋਂ ਦੇਵ ਨੇ ਸਬਜ਼ੀ ਨਾਲ਼ ਬੁਰਕੀ ਲਾ ਕੇ ਮੂੰਹ' ਚ ਪਾਈ ਤਾਂ ਹਿੰਗ ਦੇ ਮੁਸ਼ਕ ਨੇ ਸਾਰਾ ਸਵਾਦ ਕਿਰਕਿਰਾ ਕਰ ਦਿੱਤਾ। ਪਹਿਲੀ ਬੁਰਕੀ ਹੀ ਉਸ ਨੇ ਬੜੀ ਔਖ ਨਾਲ਼ ਅੰਦਰ ਲੰਘਾਈ ਤੇ ਫਿਰ ਅਗਲੀਆਂ ਬੁਰਕੀਆਂ ਆਲੂ ਤੇ ਘਿਸਾ ਘਿਸਾ ਅੰਦਰ ਧੱਕਣ ਲੱਗਾ। ਉਸਦੀਆਂ ਅੱਖਾਂ' ਚੋਂ ਪਾਣੀ ਨਿਕਲ਼ ਆਇਆ। ਉਸ ਨੇ ਸੋਚਿਆ ਕਿ ਚੰਗਾ ਰਹਿੰਦਾ ਜੇ ਪਹਿਲਾਂ ਹੀ ਆਖ ਦਿੰਦਾ ਕਿ ਉਹ ਤਾਂ ਰੋਟੀ ਖਾ ਕੇ ਆਇਆ ਸੀ, ਪਰ ਹੁਣ ਕੀ ਹੋ ਸਕਦਾ ਸੀ। ਰਾਮੇਸ਼ਵਰ ਬੋਲਿਆ, 'ਕੀ ਗੱਲ ਸਬਜ਼ੀ ਤੈਨੂੰ ਪਸੰਦ ਨਹੀਂ ਆਈ?'

'ਗੱਲ ਪਸੰਦ ਦੀ ਨਹੀਂ ਯਾਰ, ਹਿੰਗ ਦੀ ਏ। ਸਾਡੇ ਘਰਾਂ' ਚ ਤਾਂ ਹਿੰਗ ਵਰਤੀ ਹੀ ਨਹੀਂ ਜਾਂਦੀ।' ਦੇਵ ਨੇ ਦੱਸਿਆ।

'ਸ਼ਾਇਦ ਸਰਦਾਰ ਲੋਕ ਲਸਣ ਪਿਆਜ ਵਰਤਦੇ ਨੇ।' ਉਹ ਬੋਲਿਆ।

'ਅਸੀਂ ਤਾਂ ਖਾਂਦੇ ਹੀ ਲਸਣ ਪਿਆਜ਼ ਹਾਂ। ਰੋਟੀ ਨਾਲ਼ ਵੀ ਗੱਠਾ ਭੰਨ੍ਹ ਕੇ ਖਾਂਦੇ ਹਾਂ। ਭਾਬੀ ਕਹਿੰਦੀ ਸੀ ਕਿ ਰਾਮੇਸ਼ਵਰ ਨੂੰ ਖਾਣੇ ਤੇ ਬੁਲਾ ਲੈ ਕਿਸੇ ਦਿਨ, ਪਰ ਤੇਰੇ ਕਿੱਥੇ ਪਸੰਦ ਆਊ ਸਾਡਾ ਲਸਣ ਪਿਆਜ਼ ਵਾਲ਼ਾ ਖਾਣਾ।' ਦੇਵ ਨੇ ਕਿਹਾ।

'ਮੈਂ ਤਾਂ ਸਭ ਕੁਝ ਖਾ ਲੈਂਦਾ ਏਂ। ਪਹਿਲਾਂ ਚਾਰ ਪੰਜ ਸਾਲ ਹੋਟਲਾਂ ਤੇ ਹੀ ਢਿੱਡ ਫੂਕਿਆ ਏ। ਘਰ ਤਾਂ ਇਸੇ ਸਾਲ ਬਣਾਉਣ ਲੱਗਾ ਏਂ। ਜਦੋਂ ਪੇਟ ਖ਼ਰਾਬ ਰਹਿਣ ਲੱਗ ਪਿਆ।'

'ਪਹਿਲਾਂ ਢਿੱਡ ਫੂਕਦਾ ਸੀ, ਹੁਣ ਹੱਥ ਫੂਕਦਾ ਏਂ। ਵਿਆਹ ਕਿਉਂ ਨੀ ਕਰਵਾ ਲੈਂਦਾ? ਭਰਜਾਈ ਦੀਆਂ ਪੱਕੀਆਂ ਖਾਕੇ ਮੇਰਾ ਵੀ ਹਿੰਗ ਵਾਲ਼ਾ ਟੇਸਟ ਡਵੈਲਪ ਹੋਜੂ।'

'ਕੋਈ ਪੰਜਾਬਣ ਲੱਭਾਂਗੇ.... ਸਾਡੇ ਲੋਕਾਂ' ਚ ਤਾਂ ਠੱਗੀ-ਠੋਰੀ ਬਹੁਤੀ ਚਲਦੀ ਏ।'

'ਉਹ ਕਿਵੇਂ?'

ਉਸ ਨੇ ਦੱਸਿਆ ਕਿ ਛੇ ਸਾਲ ਪਹਿਲਾਂ ਜਦੋਂ ਉਸ ਨੇ ਬਾਰ੍ਹਵੀਂ ਦੇ ਪੇਪਰ ਦਿੱਤੇ ਹੋਏ ਸਨ, ਉਸ ਨਾਲ਼ ਠੱਗੀ ਵੱਜਦੀ ਵੱਜਦੀ ਰਹਿ ਗਈ ਸੀ। ਕੁੜੀ ਬੜੇ ਅਮੀਰ ਘਰ ਦੀ ਸੀ, ਜਿਨ੍ਹਾਂ ਦੀ ਜਿਸਤ ਦੇ ਪਾਈਪ ਬਣਾਉਣ ਦੀ ਫੈਕਟਰੀ ਸੀ। ਉਸ ਫੈਕਟਰੀ ਵਿਚ ਰਾਮੇਸ਼ਵਰ ਦਾ ਮਾਮਾ ਫੋਰਮੈਨ ਸੀ, ਉਹੀ ਵਿਆਹ ਲਈ ਵਿਚੋਲਾ ਬਣ ਬੈਠਾ ਸੀ। ਰਾਮੇਸ਼ਵਰ ਨੂੰ ਦੂਰੋਂ ਹੀ ਕੁੜੀ ਦਿਖਾ ਦਿੱਤੀ ਗਈ ਸੀ। ਜੋ ਬੜੀ ਫੈਸ਼ਨੇਬਲ ਤੇ ਸੋਹਣੀ ਸੁਨੱਖੀ ਲੱਗਦੀ ਸੀ। ਇਹ ਵੀ ਦੱਸਿਆ ਗਿਆ ਸੀ ਕਿ ਕੁੜੀ ਦਸ ਪਾਸ ਸੀ। ਐਨੇ ਵੱਡੇ ਘਰ ਦਾ ਰਿਸ਼ਤਾ ਆਇਆ ਸੀ, ਸੋ ਦੇਖਦੀ ਸਾਰ ਪੱਕ-ਠੱਕ ਹੋ ਗਈ ਤੇ ਰਿਸ਼ਤਾ ਵੀ ਕਰ ਦਿੱਤਾ ਗਿਆ। ਕੁੜੀ ਵਾਲ਼ਿਆਂ ਨੇ ਦਾਜ ਦਾ ਟੈਂਪੂ ਭਰਕੇ ਤੇ ਰਾਮੇਸ਼ਵਰ ਦੇ ਪਿਤਾ ਨੂੰ ਨਕਦ-ਨਰਾਇਣ ਦੇ ਕੇ ਚੰਗੀ ਤਰ੍ਹਾਂ ਘਿਰਾਓ ਕਰ ਲਿਆ ਸੀ।

ਰੋਕਾ ਕਰਨ ਮਗਰੋਂ ਉਹ ਹੋਟਲ' ਚੋਂ ਆਪਣੇ ਘਰ ਆਉਣ ਲੱਗੇ ਤਾਂ ਰਾਮੇਸ਼ਵਰ ਦੀ ਵੱਡੀ ਭੈਣ ਨੇ ਦੱਸਿਆ ਕਿ ਕੁੜੀ ਤਾਂ ਬੜੀ ਹੰਕਾਰੀ ਹੋਈ ਸੀ। ਉਸ ਨੇ ਉਸ ਦੀ ਕਿਸੇ ਪੁੱਛ ਦਾ ਜਵਾਬ ਨਹੀਂ ਸੀ ਦਿੱਤਾ ਤੇ ਨਾ ਹੀ ਇਕ ਲਫ਼ਜ਼ ਮੂੰਹੋਂ ਬੋਲਿਆ ਸੀ। ਉਹਨੂੰ ਬੁਲਾ ਕੇ ਦੇਖ ਲਵੋ। ਧੋਖਾ ਹੀ ਨਾ ਹੋ ਜਾਵੇ। ਫੇਰ ਬਾਅਦ ਵਿਚ ਕੁਝ ਨੀ ਹੋ ਸਕਣਾ। ਰਾਮੇਸ਼ਵਰ ਨੇ ਆਪਣੇ ਮਾਮੇ ਨੂੰ ਕਿਹਾ ਤਾਂ ਉਹ ਬੋਲਿਆ, 'ਤੇਰਾ ਤਾਂ ਦਿਮਾਗ ਫਿਰ ਗਿਆ, ਜਦ ਮੈਂ ਵਿਚ ਹੈਗਾ ਏਂ ਜ਼ਿੰਮੇਵਾਰ ਬੰਦਾ।'

'ਮੇਰੀ ਗੱਲ ਕਰਵਾਓ ਕੁੜੀ ਨਾਲ਼ ਮਾਮਾ ਜੀ।' ਉਸ ਦੀ ਭੈਣ ਨੇ ਕਿਹਾ ਤਾਂ ਸਾਰਾ ਭੇਤ ਖੁੱਲ੍ਹ ਗਿਆ। ਕੁੜੀ ਤਾਂ ਗੂੰਗੀ ਤੇ ਬੋਲ਼ੀ ਸੀ। ਉਹ ਜਵਾਬ ਦੇ ਕੇ ਦੌੜ ਆਏ। ਜੋ ਲਿਆ ਸੀ ਸਭ ਕੁਝ ਮੋੜ ਦਿੱਤਾ।

'ਫੇਰ ਤਾਂ ਤੂੰ ਵਾਲ਼ ਵਾਲ਼ ਬਚ ਗਿਆ ਭਰਾਵਾ।' ਦੇਵ ਨੇ ਕਿਹਾ।

'ਬੱਸ ਵੱਡੀ ਭੈਣ ਦੀ ਅਕਲ ਕੰਮ ਕਰ ਗਈ, ਨਹੀਂ ਤਾਂ ਮਾਰੇ ਗਏ ਸੀ। ਗੂੰਗੀ ਨਾਲ਼ ਗੂੰਗੇ ਬਣ ਕੇ ਉਮਰ ਲੰਘਾਉਣੀ ਪੈਣੀ ਸੀ। ਵਿਆਹ ਦੇ ਮਾਮਲੇ' ਚ ਤਾਂ ਪੈਰ ਫੂਕ ਫੂਕ ਕੇ ਧਰਨਾ ਚਾਹੀਦੈ ਦੇਵ। ਲੋਕ ਬੜੇ ਠੱਗ ਨੇ।'

'ਤੇਰਾ ਮਾਮਾ ਵੀ ਲਗਦੈ ਕਮਿਸ਼ਨ ਲੈ ਗਿਆ ਹੋਊ।'

‘ਹਾਂ ਹੋਰ ਕੀ... ਸਭ ਭਾਂਡਾ ਫੁੱਟਿਆ ਬਾਅਦ’ ਚ।’

‘ਵਾਹ.. ਬਈ.. ਵਾਹ... ਹੱਦ ਹੋ ਗਈ ਰਿਸ਼ਤਿਆਂ ਦੇ ਨਿਘਾਰ ਦੀ। ਅਖੇ ਚੜ੍ਹ ਬੱਚਾ ਸੂਲ਼ੀ, ਰੱਬ ਭਲੀ ਕਰੇਗਾ। ..... ਕਰਵਾਉਂਦੇ ਹਾਂ ਕਿਤੇ ਤੇਰਾ ਟਾਂਕਾ ਫਿੱਟ।’

‘ਅਜੇ ਨ੍ਹੀ ਕਰਨਾ ਹੁਣ ਵਿਆਹ-ਵਿਊਹ... ਹੁਣ ਤਾਂ ਪਹਿਲਾਂ ਬੀ. ਐਸਸੀ ਕੁੱਟਣੀ ਏਂ।’ ਰਾਮੇਸ਼ਵਰ ਬੋਲਿਆ।

ਦੇਵ ਨੇ ਜਿੰਦਰ ਨੂੰ ਇਹ ਗੱਲ ਦੱਸੀ ਤਾਂ ਉਹ ਬੋਲੀ, ‘ਰਿਸ਼ਤਾ ਤਾਂ ਆਪ ਟੁਣਕਾ ਕੇ ਲੈਣਾ ਚਾਹੀਦਾ ਏ। ਜ਼ਮਾਨਾ ਖ਼ਰਾਬ ਆ ਗਿਆ ਏ ਦੇਵ। ਆਪਣੇ ਵੀ ਠੱਗੀ ਮਾਰ ਜਾਂਦੇ ਨੇ ਹੁਣ ਤਾਂ।’

ਉਸ ਨੇ ਜਿੰਦਰ ਕੋਲ਼ ਹਿੰਗ ਵਾਲ਼ੀ ਸਬਜ਼ੀ ਨਾਲ਼ ਰੋਟੀ ਖਾਣ ਦੀ ਗੱਲ ਦੱਸੀ ਤਾਂ ਉਹ ਬੋਲੀ, ‘ਐਤਵਾਰ ਨੂੰ ਸ਼ਾਮੀਂ ਘਰ ਸੱਦ ਲੈ ਉਸ ਨੂੰ। ਆਪਾਂ ਲਸਣ ਪਿਆਜ਼ ਵਾਲ਼ੀ ਖੁਆ ਦਿਆਂਗੇ।’

‘ਠੀਕ ਏ ਜੀ।’

ਦੇਵ ਨੇ ਰਾਮੇਸ਼ਵਰ ਨੂੰ ਦਾਅਵਤ ਦਿੱਤੀ ਤਾਂ ਉਹ ਐਤਵਾਰ ਸ਼ਾਮ ਨੂੰ ਘਰ ਆ ਗਿਆ। ਜੋ ਉਸ ਨੂੰ ਭੋਜਨ ਪਰੋਸਿਆ, ਖਾਣ ਮਗਰੋਂ ਉਸ ਨੇ ਖ਼ੂਬ ਤਾਰੀਫ਼ ਕੀਤੀ। ਰਾਮ ਸਿੰਘ ਤੇ ਜਿੰਦਰ ਖੁਸ਼ ਸਨ ਕਿ ਦੇਵ ਨੂੰ ਇਕ ਨਿੱਘੇ ਸੁਭਾਅ ਦਾ ਦੋਸਤ ਮਿਲ ਗਿਆ ਸੀ। ਰਾਮੇਸ਼ਵਰ ਨੇ ਰਾਮ ਸਿੰਘ ਨੂੰ ਕਿਹਾ, ‘ਵੀਰ ਜੀ ਇਕ ਗੁਜਾਰਿਸ਼ ਕਰਨੀ ਏਂ ਤੁਹਾਨੂੰ।’

‘ਹਾਂ ਹਾਂ ਬੋਲ।’

‘ਮੈਂ ਚਾਹੁੰਦਾ ਏਂ ਦੇਵ ਮੇਰੇ ਕਵਾਰਟਰ ਵਿਚ ਹੀ ਮੰਜਾ ਬਿਸਤਰਾ ਲੈ ਆਵੇ। ਅਸੀਂ ਇਕੱਠੇ ਪੜ੍ਹ ਲਿਆ ਕਰਾਂਗੇ।’

‘ਇਹ ਤਾਂ ਭਾਈ ਹੁਣ ਤੂੰ ਦੇਵ ਨੂੰ ਪੁੱਛ ਲੈ।’ ਰਾਮ ਸਿੰਘ ਨੇ ਕਿਹਾ।

‘ਵੀਰ ਜੀ ਤੁਸੀਂ ਆਗਿਆ ਦਿਉ, ਮੈਂ ਤਾਂ ਪਹਿਲਾਂ ਹੀ ਤਿਆਰ ਹਾਂ। ਦੋ ਜਣੇ ਹੋਵਾਂਗੇ ਤਾਂ ਪੜ੍ਹਾਈ ਚੰਗੀ ਹੋ ਜਾਇਆ ਕਰੇਗੀ।’ ਦੇਵ ਬੋਲਿਆ।

‘ਫੇਰ ਤਾਂ ਅੱਜ ਹੀ ਬਿਸਮਿੱਲਾ ਕਰ ਦੋ।’ ਰਾਮੇਸ਼ਵਰ ਨੇ ਕਿਹਾ।

ਮੰਜਾ ਬਿਸਤਰਾ ਤੇ ਕਿਤਾਬਾਂ ਉਹ ਹੱਥੋ-ਹੱਥੀ ਚੁੱਕ ਕੇ ਲੈ ਗਏ। ਨਿੱਕਾ ਮੋਟਾ ਹੋਰ ਸਮਾਨ ਵੀ ਢੋਅ ਲਿਆ। ਉਸੇ ਦਿਨ ਤੋਂ ਦੇਵ ਨੇ ਰਾਮੇਸ਼ਵਰ ਦੇ ਘਰ ਸੌਣਾ ਸ਼ੁਰੂ ਕਰ ਦਿੱਤਾ। ਸਵੇਰ ਸ਼ਾਮ ਉਹ ਘਰ ਰੋਟੀ ਖਾਣ ਲਈ ਚਲਾ ਜਾਂਦਾ। ਬੱਚਿਆਂ ਨੂੰ ਖਿਡਾ ਆਉਂਦਾ। ਕੋਈ ਚੀਜ਼ ਖਰੀਦਣ ਵਾਲ਼ੀ ਹੁੰਦੀ ਤਾਂ ਬਜ਼ਾਰੋਂ ਲਿਆ ਦਿੰਦਾ। ਜਿੰਦਰ ਅਕਸਰ ਕਹਿੰਦੀ ਕਿ ਉਹ ਰਾਮੇਸ਼ਵਰ ਲਈ ਵੀ ਰੋਟੀ ਲੈ ਜਾਵੇ, ਪਰ ਉਸ ਨੇ ਉਸ ਨੂੰ ਮਨ੍ਹਾ ਕਰ ਰੱਖਿਆ ਸੀ। ਕਦੀ-ਕਦਾਈਂ ਉਹ ਉਨ੍ਹਾਂ ਦੇ ਘਰ ਸ਼ਾਮ ਨੂੰ ਆ ਕੇ ਰੋਟੀ ਖਾ ਲੈਂਦਾ, ਨਹੀਂ ਤਾਂ ਆਪ ਹੀ ਬਣਾਉਂਦਾ। ਉਹ ਅੱਧੀ ਰਾਤ ਆਪਣੀ ਡਿਊਟੀ ਤੋਂ ਵਾਪਸ ਆਉਂਦਾ, ਦੇਵ ਉਨੀ ਦੇਰ ਬੈਠਾ ਪੜ੍ਹਾਈ ਕਰਦਾ ਰਹਿੰਦਾ। ਉਹ ਆਉਂਦਾ ਹੀ ਸੌਂ ਜਾਂਦਾ। ਉਸ ਵਾਲ਼ੇ ਸੱਠ ਬਲਾਕ ਦੇ ਬਿਲਕੁਲ ਸਾਮ੍ਹਣੇ ਵਾਲ਼ੇ ਬਲਾਕ ਦੀ ਉਪਰਲੀ ਮੰਜ਼ਿਲ ਦੇ ਇਕ ਕਵਾਰਟਰ ਵਿਚ ਮੰਦਰ ਸੀ। ਪੰਡਤ ਜੀ ਨੇ ਚਾਰੇ ਦਿਸ਼ਾਵਾਂ ਵੱਲ ਨੂੰ ਚਾਰ ਲਾਊਡਸਪੀਕਰ ਲਾਏ ਹੋਏ ਸਨ। ਉਹ

ਤੜਕੇ ਚਾਰ ਵਜੇ ਮਾਈਕ ਮੂਹਰੇ ਘੰਟੀ ਵਜਾਉਣ ਲੱਗਦਾ, ਫਿਰ ਭਜਨ ਗਾਉਣ ਲੱਗ ਪੈਂਦਾ।

ਰਾਮੇਸ਼ਵਰ ਦੀ ਜਾਗ ਖੁੱਲ੍ਹ ਜਾਂਦੀ। ਉਹ ਪਿਆ ਪਿਆ ਹੀ ਪੁਜਾਰੀ ਨੂੰ ਮੰਦਾ ਬੋਲਦਾ ਤੇ ਦੇਵ ਨੂੰ ਕਹਿੰਦਾ, 'ਅਬੇ ਸਰਦਾਰ ਜੀ, ਤੂੰ ਇਸ ਪੰਡਤ ਦਾ ਕਤਲ ਕਰਦੇ। ਸਰਦਾਰ ਲੋਕ ਤਾਂ ਬੜੇ ਦਲੇਰ ਹੁੰਦੇ ਨੇ। ਮੈਂ ਤੈਨੂੰ ਸੌ ਰੁਪਏ ਦਿਆਂਗਾ।'

'ਉਹ ਤਾਂ ਠੀਕ ਏ। ਕਤਲ ਮੈਂ ਕਰ ਦਿਆਂਗਾ, ਪਰ ਮਗਰੋਂ ਹੋਰ ਪੁਜਾਰੀ ਆ ਜਾਵੇ ਗਾ। ਫਿਰ ਕੀ ਕਰਾਂਗੇ?'

'ਫਿਰ ਸੌ ਰੁਪਏ ਹੋਰ ਸਹੀ।' ਉਹ ਅੱਖਾਂ ਮਲ਼ਦਾ ਉੱਠ ਬਹਿੰਦਾ ਤੇ ਦੇਵ ਵੱਲ ਦੇ ਖਣ ਲੱਗਦਾ। ਉਣੀਂਦਰੇ ਵਿਚ ਉਸ ਦੀਆਂ ਅੱਖਾਂ ਗੇਰੂ ਵਰਗੀਆਂ ਲਾਲ ਹੁੰਦੀਆਂ।

ਵਿਦਿਆਰਥੀਆਂ ਲਈ ਲਾਊਡਸਪੀਕਰਾਂ ਦੇ ਸ਼ੋਰ ਦੀ ਮੁਸੀਬਤ ਪੂਰੀ ਕਾਲੋਨੀ ਵਿਚ ਹੀ ਸੀ। ਮਸਜ਼ਿਦ ਅਤੇ ਗੁਰਦੁਆਰੇ ਵਿਚ ਵੀ ਇਸੇ ਤਰ੍ਹਾਂ ਲਾਊਡਸਪੀਕਰ ਗੂੰਜਦੇ ਸਨ। ਆਪਣੇ ਪ੍ਰੋਗਰਾਮ ਸ਼ੁਰੂ ਕਰਨ ਦਾ ਸਾਰਿਆਂ ਦਾ ਸਮਾਂ ਵੀ ਸਵੇਰੇ ਚਾਰ ਵਜੇ ਦਾ ਹੀ ਸੀ।

ਜਮਨਾ ਕਿਨਾਰੇ ਹਾਥੀ ਘਾਟ ਇਕ ਖੁੱਲ੍ਹੀ-ਡੁੱਲ੍ਹੀ ਜਗ੍ਹਾ ਸੀ, ਜਿੱਥੇ ਕੁਝ ਨਿਹੰਗ ਸਿੰਘਾਂ ਨੇ ਕਬਜ਼ਾ ਕਰਕੇ ਛੋਟਾ ਜਿਹਾ ਗੁਰਦੁਆਰਾ ਬਣਾਇਆ ਹੋਇਆ ਸੀ। ਗੁਰਦੁਆਰੇ ਦੇ ਬਾਹਰ ਕਾਲ਼ੇ ਪੱਥਰ ਦੀ ਇਕ ਬਹੁਤ ਵੱਡੀ ਹਾਥੀ ਦੀ ਮੂਰਤੀ ਸੀ। ਉੱਥੇ ਪੰਜਾਬੀ ਭਾਈਚਾਰੇ ਵੱਲੋਂ ਹਰ ਐਤਵਾਰ ਲੰਗਰ ਚਲਾਇਆ ਜਾਂਦਾ ਸੀ। ਸਾਰਾ ਦਿਨ ਲੰਗਰ ਛਕਣ ਵਾਲ਼ੇ ਲੋਕਾਂ ਦੀਆਂ ਪਾਲ਼ਾਂ ਲੱਗਦੀਆਂ ਰਹਿੰਦੀਆਂ। ਲੋਕ ਘਰੋਂ ਹੀ ਲੰਗਰ ਤਿਆਰ ਕਰਕੇ ਲਿਆਉਂਦੇ। ਜਿੰਦਰ ਵੀ ਘਰ ਦੀ ਕਮਾਈ' ਚੋਂ ਦਸਵੰਧ ਕੱਢਦੀ ਸੀ। ਹਰ ਮਹੀਨੇ ਦੇ ਤੀਜੇ ਐਤਵਾਰ ਉਹ ਵੀ ਲੰਗਰ ਤਿਆਰ ਕਰਕੇ ਗੁਰਦੁਆਰੇ ਪੁਜਾਇਆ ਕਰਦੇ ਸਨ। ਲੰਗਰ ਪੱਤਲ਼ਾਂ ਉੱਤੇ ਵਰਤਾਇਆ ਜਾਂਦਾ ਤੇ ਪਾਣੀ ਪੀਣ ਲਈ ਮਿੱਟੀ ਦੇ ਕੁੱਲੜ ਹੁੰਦੇ। ਜਿਸ ਦਿਨ ਉਨ੍ਹਾਂ ਨੇ ਲੰਗਰ ਤਿਆਰ ਕਰ ਕੇ ਲੈ ਜਾਣਾ ਸੀ ਦੇਵ ਨੇ ਸਵੇਰੇ ਚਾਰ ਵਜੇ ਰਾਮੇਸ਼ਵਰ ਨੂੰ ਵੀ ਆਪਣੇ ਨਾਲ ਲੈ ਲਿਆ। ਕਾਲੋਨੀ ਦੀਆਂ ਅੱਠ ਦੱਸ ਔਰਤਾਂ ਨੇ ਇੱਟਾਂ ਦੇ ਆਰਜ਼ੀ ਚੁੱਲ੍ਹੇ ਉੱਤੇ ਤਵੀ ਰੱਖ ਕੇ ਵੱਡਾ ਟੋਕਰਾ ਰੋਟੀਆਂ ਦਾ ਪਕਾਇਆ ਤੇ ਚਾਰ ਪੰਜ ਬੰਦਿਆਂ ਨੇ ਭੱਠੀਆਂ ਤੇ ਦਾਲ਼ ਸਬਜ਼ੀਆਂ ਰਿੰਨ੍ਹ ਦਿੱਤੀਆਂ। ਸਾਰਾ ਕੰਮ ਰਾਤੀਂ ਇਕ ਵਜਦਸ ਵਜੇ ਤੱਕ ਟਿਚਨ ਹੋ ਗਿਆ। ਉਹ ਰਿਕਸ਼ੇ ਉੱਪਰ ਪਤੀਲੇ ਟੋਕਰੇ ਲੱਦ ਕੇ ਗੁਰਦੁਆਰੇ ਪਹੁੰਚ ਗਏ। ਰਾਮੇ ਸ਼ਵਰ ਨੇ ਆਪਣੇ ਸਿਰ ਉੱਤੇ ਕੇਸਰੀ ਰੰਗ ਦਾ ਇਕ ਪਟਕਾ ਬੰਨ੍ਹ ਲਿਆ। ਲੰਗਰ ਲੈ ਕੇ ਚਾਰ ਪੰਜ ਪਰਿਵਾਰ ਪਹਿਲਾਂ ਹੀ ਪਹੁੰਚੇ ਹੋਏ ਸਨ।

ਲੋਕਾਂ ਦੀ ਪੰਗਤ ਲੱਗਣੀ ਸ਼ੁਰੂ ਹੋ ਗਈ। ਦੇਵ ਤੇ ਰਾਮੇਸ਼ਵਰ ਵੀ ਅਰਦਾਸ ਮਗਰੋਂ ਵਰਤਾਵਿਆਂ ਵਿਚ ਸ਼ਾਮਲ ਹੋ ਗਏ। ਰਾਮੇਸ਼ਵਰ ਨੂੰ ਇਸ ਕੰਮ' ਚੋਂ ਬੜਾ ਸਕੂਨ ਮਿਲਿਆ। ਉਹ 'ਪਰਸ਼ਾਦਾ ਵਾਹਿਗੁਰੂ' 'ਦਾਲ਼ਾ ਵਾਹਿਗੁਰੂ' ਬੋਲਦਾ ਲੰਗਰ ਵਰਤਾਈ ਗਿਆ। ਤੀਜੇ ਕੁ ਪਹਿਰ ਉਹ ਆਪਣਾ ਸਮਾਨ ਸਾਂਭ ਘਰ ਨੂੰ ਜਾਣ ਲੱਗੇ ਤਾਂ ਰਾਮੇਸ਼ਵਰ ਬੋਲਿਆ, 'ਜ਼ਿੰਦਗੀ ਵਿਚ ਪਹਿਲੀ ਵਾਰੀ ਮੈਨੂੰ ਪਤਾ ਲੱਗਾ ਏ ਕਿ ਭੁੱਖੇ ਲੋਕਾਂ ਨੂੰ ਲੰਗਰ ਛਕਾਉਣ ਨਾਲੋਂ ਵੱਡਾ ਪੁੰਨ ਹੋਰ ਕੋਈ ਹੋ ਹੀ ਨਹੀਂ ਸਕਦਾ। ਅਗਲੇ ਹਫ਼ਤੇ ਮੇਰੇ ਵੱਲੋਂ ਲੰਗਰ ਤਿਆਰ

ਕਰਵਾ ਦੇਣਾ। ਸਾਰਾ ਖ਼ਰਚਾ ਮੈਂ ਦਿਆਂਗਾ।'

ਦੇਵ ਦੇ ਵੀਰ ਜੀ ਤੇ ਭਾਬੀ ਜੀ ਇਸ ਗੱਲੋਂ ਬੜੇ ਖੁਸ਼ ਹੋਏ। ਅਗਲੇ ਹਫ਼ਤੇ ਉਸੇ ਤਰ੍ਹਾਂ ਰਾਮੇਸ਼ਵਰ ਵੱਲੋਂ ਲੰਗਰ ਵਿਚ ਹਿੱਸਾ ਪਾਇਆ ਗਿਆ। ਰਾਮੇਸ਼ਵਰ ਹਸਦਾ ਬੋਲਿਆ, 'ਹੁਣ ਤਾਂ ਕੋਈ ਸਰਦਾਰਨੀ ਲੱਭ ਦਿਓ ਮੇਰੇ ਲਈ। ਮੈਂ ਵੀ ਸਿੱਖ ਮੁੰਡਾ ਬਣ ਜਾਣਾ ਏਂ।'

ਸਵੇਰ ਵੇਲ਼ੇ ਉਸ ਕੋਲ਼ੋਂ ਉੱਠ ਕੇ ਦੇਵ ਘਰ ਚਲਾ ਜਾਂਦਾ। ਤਿਆਰ ਹੋ ਕੇ ਨਾਸ਼ਤਾ ਕਰ ਕੇ ਮੁੜ ਉਸ ਕੋਲ਼ ਆ ਜਾਂਦਾ। ਰਾਮੇਸ਼ਵਰ ਦਿਨ ਭਰ ਲਈ ਰੋਟੀ ਸਬਜ਼ੀ ਸਵੇਰੇ ਹੀ ਬਣਾ ਲੈਂਦਾ। ਖਾਣ ਮਗਰੋਂ ਜੋ ਬਚਦੀ ਡੱਬੇ' ਚ ਪਾ ਕੇ ਨਾਲ਼ ਲੈ ਜਾਂਦਾ। ਦੋ ਕੁ ਵਜੇ ਤੱਕ ਉਨ੍ਹਾਂ ਦੇ ਪਰੈਕਟੀਕਲ ਵੀ ਖ਼ਤਮ ਹੋ ਜਾਂਦੇ। ਦੇਵ ਦੀ ਸਾਢੇ ਤਿੰਨ ਵਜੇ ਐਨ. ਸੀ. ਸੀ. ਆਰ. ਦੀ ਪਰੇਡ ਹੁੰਦੀ ਸੀ। ਰਾਮੇਸ਼ਵਰ ਨੂੰ ਨੌਕਰੀ ਕਰਦੇ ਹੋਣ ਕਰਕੇ ਐਨ. ਸੀ. ਸੀ. ਆਰ. ਤੋਂ ਛੋਟ ਸੀ। ਉਸ ਨੇ ਚਾਰ ਵਜੇ ਸ਼ਾਮੀਂ ਡਿਊਟੀ ਉੱਤੇ ਬਿਜਲੀ ਘਰ ਪੁੱਜਣਾ ਹੁੰਦਾ ਸੀ। ਉਹ ਨਿੱਤ ਡੇਢ ਕੁ ਘੰਟਾ ਲਾਇਬ੍ਰੇਰੀ ਵਿਚ ਬਤੀਤ ਕਰਦੇ। ਦਿਨ' ਚ ਪੜ੍ਹੇ ਨੂੰ ਦੋਹਰਾ ਲੈਂਦੇ ਤੇ ਪ੍ਰੈਕਟੀਕਲ ਦੀਆਂ ਕਾਪੀਆਂ ਪੂਰੀਆਂ ਕਰ ਲੈਂਦੇ।

**00**

# ਬਹੱਤਰ

'ਗੁਡੂ ਮੁਡੂ' ਦੀ ਕੁੜੀ ਮਧੂ ਨੂੰ ਦੇਵ ਕੁਝ ਦਿਨ ਪਹਿਲਾਂ ਮਿਲ ਚੁੱਕਾ ਸੀ। ਕਾਲਜ ਲਾਇਬ੍ਰੇਰੀ ਦੀ ਸਾਂਭ-ਸੰਭਾਲ ਉਸੇ ਸਿਰ ਸੀ। ਦੇਖਣ ਨੂੰ ਉਹ ਬਹੁਤ ਸੁਹਣੀ ਸੀ, ਪਰ ਹੈ ਸੀ ਪਤਲੀ ਪਤੰਗ। ਹਵਾ ਦੇ ਝੋਕਿਆਂ ਨਾਲ਼ ਹੀ ਸਾਰਾ ਦਿਨ ਅਲਮਾਰੀਆਂ ਦੀਆਂ ਪਾਲ਼ਾਂ ਦੇ ਵਿਚ ਉਡਦੀ ਫਿਰਦੀ ਰਹਿੰਦੀ। ਉਸ ਦੇ ਬੁੱਲ੍ਹਾਂ' ਚੋਂ ਮੁਸਕਰਾਹਟ ਫੁੱਲ ਪੱਤੀਆਂ ਵਾਂਗ ਝਰਦੀ ਰਹਿੰਦੀ। ਸੁਭਾਅ ਦੀ ਐਨੀ ਮਿੱਠੀ ਕਿ ਉਸ ਨਾਲ਼ ਗੱਲ ਕਰਨ ਲਈ ਮੁੰਡੇ ਤਰਸਦੇ ਰਹਿੰਦੇ। 'ਅਰੇ ਭਾਈ ਸਾਹਬ, ਕਮਾਲ ਹੈ' ਕਹਿਣਾ ਉਸ ਦਾ ਤਕੀਆ ਕਲਾਮ ਸੀ। ਨਿਯਮਾਂ ਤੋਂ ਪਰ੍ਹੇ ਜਾ ਕੇ ਉਹ ਸਭ ਕਿਤਾਬਾਂ ਦੇਵ ਨੂੰ ਦੇ ਦਿੰਦੀ, ਜਿਹੜੀਆਂ ਉਹ ਚਾਹੁੰਦਾ। ਮਨ ਦੀ ਮੌਜ ਨਾਲ਼ ਹੀ ਉਹ ਕਿਤਾਬਾਂ ਵਾਪਸ ਕਰਦਾ। ਪੰਜਾਬੀ ਦੀ ਤਾਂ ਕੋਈ ਕਿਤਾਬ ਉਸ ਲਾਇਬ੍ਰੇਰੀ ਵਿਚ ਹੈ ਨਹੀਂ ਸੀ। ਦੇਵ ਨੇ ਇਕ ਇਕ ਕਰਕੇ ਉਸ ਵੱਲੋਂ ਸੁਝਾਏ ਹਿੰਦੀ ਦੇ ਕਹਾਣੀਕਾਰਾਂ ਤੇ ਨਾਵਲਕਾਰਾਂ ਨੂੰ ਪੜ੍ਹਿਆ। ਦੇਵ ਨੂੰ ਕੋਈ ਵੀ ਕਿਤਾਬ ਪੜ੍ਹਨੀ ਥਕਾਵਟ ਲਾਹੁਣ ਦੀ ਡੋਜ਼ ਵਾਂਗ ਲੱਗਦੀ। ਪੰਜ ਸੱਤ ਸਫੇ ਪੜ੍ਹਨ ਮਗਰੋਂ ਉਹ ਹਲਕਾ-ਫੁਲਕਾ ਮਹਿਸੂਸ ਕਰਦਾ। ਹੌਲ਼ੀ -ਲ਼ੀ ਉਸ ਨੂੰ ਹਿੰਦੀ ਪੜ੍ਹਨ ਦਾ ਚੰਗਾ ਅਭਿਆਸ ਹੋ ਗਿਆ। ਇਸ ਨਾਲ਼ ਉਸਦੀ ਹਿੰਦੀ ਬੋਲ ਸਕਣ ਦੀ ਸਮਰੱਥਾ ਵੀ ਵਧਦੀ ਚਲੀ ਗਈ। ਮੁਣਸ਼ੀ ਪ੍ਰੇਮ ਚੰਦ ਨੇ ਤਾਂ ਜਿਵੇਂ ਉਸ ਨੂੰ ਹਿਲਾ ਕੇ ਹੀ ਰੱਖ ਦਿੱਤਾ। ਉਸ ਦੇ ਨਾਵਲ ਉਸ ਨੂੰ ਮੁਣਸ਼ੀ ਪ੍ਰੇਮ ਚੰਦ ਦੀ ਜੀਵਨੀ ਹੀ ਲੱਗਦੇ ਸਨ। ਕਈ ਗੱਲਾਂ ਤਾਂ ਦੇਵ ਨੂੰ ਆਪਣੇ ਜੀਵਨ ਨਾਲ਼ ਮੇਲ ਖਾਂਦੀਆਂ ਵੀ ਪੜ੍ਹਨ ਨੂੰ ਮਿਲਦੀਆਂ। ਇਕ ਦਿਨ ਦੇਵ ਨੇ ਰਾਮੇਸ਼ਵਰ ਨਾਲ਼ ਮਧੂ ਦੀ ਜਾਣ ਪਛਾਣ ਕਰਵਾਈ ਜਾਂ ਕਹਿ ਲਵੋ ਮਧੂ ਦੀ ਰਾਮੇਸ਼ਵਰ ਨਾਲ਼ ਜਾਣ ਪਛਾਣ ਕਰਵਾਈ। ਦੋਹਾਂ ਨਾਲ਼ ਦੇਵ ਦੀ ਨੇੜਤਾ ਹੀ ਐਨੀ ਬਣ ਚੁੱਕੀ ਸੀ। ਉਹ ਦੋਨੋਂ ਮਿਲ ਕੇ ਬੜੇ ਖੁਸ਼ ਹੋਏ।

ਇਕੱਲਾ ਦੇਵ ਹੀ ਇਕ ਦੂਜੇ ਦੇ ਬਾਰੇ ਦੱਸਦਾ ਰਿਹਾ। ਉਹ ਆਪਸ ਵਿਚ ਇਕ ਦੂਜੇ ਨੂੰ ਇਕ ਸ਼ਬਦ ਵੀ ਨਾ ਬੋਲੇ।

ਲਾਇਬ੍ਰੇਰੀ ਤੋਂ ਬਾਹਰ ਆ ਕੇ ਰਾਮੇਸ਼ਵਰ ਬੋਲਿਆ, 'ਕੁੜੀ ਬੜੀ ਸੁਹਣੀ ਏਂ, ਪਰ ਪਤਲੀ ਬਹੁਤ ਏ। ਇਹ ਕਾਲਜ ਕਿਵੇਂ ਆਉਂਦੀ ਏ?'

'ਉਡ ਕੇ... ਉਡਨ ਪਰੀ ਏ ਉਹ।' ਦੇਵ ਬੋਲਿਆ।

'ਕੋਈ ਸ਼ੱਕ ਨਹੀਂ.... ਉਸ ਦੀਆਂ ਅੱਖਾਂ ਐਨੀਆਂ ਸੁਹਣੀਆਂ ਹਨ ਕਿ ਬੱਸ ਦੇਖਦੇ ਰਹੋ।' ਰਾਮੇਸ਼ਵਰ ਨੇ ਕਿਹਾ।

'ਪਤਲਾ ਸ਼ਰੀਰ ਵੀ ਤਾਂ ਹੀ ਨੀ ਕਿਸੇ ਨੂੰ ਦਿਖਦਾ। ਅੱਖਾਂ ਤੋਂ ਧਿਆਨ ਹੀ ਨਹੀਂ ਹਟਦਾ।'

'ਤੂੰ ਕਿਵੇਂ ਆੜੀ ਪਾ ਲਈ ਇਹਦੇ ਨਾਲ਼?'

'ਆੜੀ-ਊੜੀ ਕੋਈ ਨੀ... ਇਹਦਾ ਪਿਓ ਵੀਰ ਜੀ ਦਾ ਵਾਕਿਫ਼ ਏ। ਤੇਰੇ' ਚ ਹਿੰਮਤ ਏ ਤੂੰ ਪਾ ਲੈ ਆੜੀ।' ਦੇਵ ਨੇ ਕਿਹਾ।

ਉਸ ਮਗਰੋਂ ਉਹ ਰਾਮੇਸ਼ਵਰ ਨੂੰ ਵੀ ਲੋੜ ਮੁਤਾਬਕ ਕਿਤਾਬਾਂ ਦੇ ਦਿੰਦੀ। ਉਹ ਉਨ੍ਹਾਂ ਦੋਹਾਂ ਨੂੰ 'ਭਾਈ ਸਾਹਬ' ਕਹਿੰਦੀ। ਜਦੋਂ ਉਹ ਲਾਇਬ੍ਰੇਰੀ ਜਾਂਦੇ ਤਾਂ ਮਧੂ ਕੋਈ ਨਾ ਕੋਈ ਕਿਤਾਬ ਪੜ੍ਹ ਰਹੀ ਹੁੰਦੀ ਤੇ ਨਾਲ਼ ਦੀ ਨਾਲ਼ ਕਾਗਜ਼ਾਂ ਤੇ ਲਿਖ ਵੀ ਰਹੀ ਹੁੰਦੀ। ਇਕ ਦਿਨ ਦੇਵ ਨੇ ਪੁੱਛਿਆ, 'ਸਿਸਟਰ ਤੁਸੀਂ ਕੀ ਲਿਖਦੇ ਰਹਿੰਦੇ ਹੋ?'

'ਮੈਂ ਅੰਗਰੇਜ਼ੀ ਐਮ. ਏ. ਦੇ ਪੇਪਰ ਦੇਣੇ ਨੇ ਪ੍ਰਾਈਵੇਟਲੀ। ਲਾਇਬ੍ਰੇਰੀ ਸਾਇੰਸ ਦਾ ਡਿਪਲੋਮਾ ਕਰਕੇ ਮੈਂ ਬੀ. ਏ. ਵੀ ਪ੍ਰਾਈਵੇਟ ਹੀ ਕੀਤੀ ਸੀ।'

ਦੇਵ ਨੂੰ ਉਸ ਤੋਂ ਇਹ ਵੀ ਪਤਾ ਲੱਗਾ ਕਿ ਐਮ. ਏ. ਵੰਨ' ਚ ਉਹ ਯੂਨੀਵਰਸਿਟੀ ਵਿੱਚ ਪੰਜਵੇਂ ਸਥਾਨ ਤੇ ਰਹੀ ਸੀ। ਇਹ ਗੱਲ ਉਸ ਨੇ ਰਾਮੇਸ਼ਵਰ ਨੂੰ ਦੱਸੀ ਤਾਂ ਉਹ ਹੱਸ ਕੇ ਬੋਲਿਆ, 'ਫੰਗ ਜਿੰਨੀ ਕੁੜੀ ਤੇ ਛੁਰੀ ਵਰਗਾ ਦਿਮਾਗ।'

ਇਕ ਦਿਨ ਦੇਵ ਦੀ ਐਨ. ਸੀ. ਸੀ. ਆਰ ਦੀ ਪਰੇਡ ਸ਼ੁਰੂ ਹੀ ਹੋਈ ਸੀ ਕਿ ਕਾਲ਼ਾ ਬੋਲ਼ਾ ਬੱਦਲ ਚੜ੍ਹ ਆਇਆ ਤੇ ਮੋਟੀ ਕਣੀ ਦੀ ਬਾਰਸ਼ ਸ਼ੁਰੂ ਹੋ ਗਈ। ਸਾਰੇ ਮੁੰਡੇ ਕੁੜੀਆਂ ਦੌੜ ਕੇ ਬਰਾਂਡਿਆਂ ਹੇਠ ਜਾ ਖੜ੍ਹੇ। ਮੌਸਮ ਦੇ ਸੁਹਾਵਣਾ ਬਣਨ ਨਾਲ਼ ਯੂਨਿਟ ਦੇ ਇੰਚਾਰਜ ਐਚ. ਐਨ. ਬੈਜਲ ਵੀ ਮੌਜ ਵਿਚ ਆ ਗਏ ਤੇ ਬੋਲੇ, 'ਰਿਫਰੈਸ਼ਮੈਂਟ ਲਓ ਤੇ ਜਾਓ ਘਰਾਂ ਨੂੰ।'

ਦੇਵ ਸਮੇਤ ਰੈਂਕ ਹੋਲਡਰ ਤਿੰਨਾਂ ਮੁੰਡਿਆਂ ਨੇ ਕੇਲੇ ਅਤੇ ਸਮੋਸੇ ਵੰਡ ਦਿੱਤੇ। ਚਾਰ ਪੰਜ ਸਮੋਸੇ ਤੇ ਕੁਝ ਕੇਲੇ ਲੈਕੇ ਦੇਵ ਲਾਇਬ੍ਰੇਰੀ ਵਿਚ ਚਲਾ ਗਿਆ। ਮਧੂ ਨੂੰ ਉਸ ਨੇ ਗੁਜਰਾਤੀ ਤੋਂ ਹਿੰਦੀ ਵਿਚ ਉਲੱਥਾ ਹੋਇਆ ਇਕ ਨਾਵਲ ਲੱਭ ਕੇ ਰੱਖਣ ਲਈ ਕਿਹਾ ਹੋਇਆ ਸੀ। ਦੇਵ ਅੰਦਰ ਗਿਆ ਤਾਂ ਰਾਮੇਸ਼ਵਰ ਮਧੂ ਲਾਗੇ ਕੁਰਸੀ ਤੇ ਬੈਠਾ ਸੀ ਤੇ ਉਹ ਦੋਨੋਂ ਚਾਹ ਪੀ ਰਹੇ ਸਨ। ਦੇਵ ਨੂੰ ਦੇਖ ਉਹ ਹੈਰਾਨ ਹੋਏ ਕਿ ਉਹ ਐਨੀ ਛੇਤੀ ਕਿਵੇਂ ਆ ਗਿਆ ਸੀ। ਮਧੂ ਬੋਲੀ, 'ਆਓ ਆਓ ਦੇਵ ਭਾਈ ਸਾਹਬ.... ਮੈਂ ਹੋਰ ਚਾਹ ਮੰਗਵਾਉਂਦੀ ਹਾਂ।'

'ਨਹੀਂ ਸਿਸਟਰ ਰਾਮੇਸ਼ਵਰ ਵਾਲ਼ੀ' ਚੋਂ ਹੀ ਦੋ ਘੁੱਟ ਭਰ ਲਵਾਂਗਾ, ਇਹਨੂੰ ਡਾਕਟਰ ਨੇ ਚਾਹ ਮਨ੍ਹਾਂ ਕੀਤੀ ਹੋਈ ਏ, ਇਹ ਫੇਰ ਨੀ ਹਟਦਾ ਪੀਣ ਤੋਂ... ਆਹ ਲਓ ਸਮੋਸੇ ਤੇ ਕੇਲੇ ਖਾਓ।'

ਰਾਮੇਸ਼ਵਰ ਨੇ ਆਪਣਾ ਕੱਪ ਦੇਵ ਦੇ ਮੂਹਰੇ ਨੂੰ ਖਿਸਕਾ ਦਿੱਤਾ ਤੇ ਬੋਲਿਆ, 'ਆ ਮੇਰੇ ਪਿਆਰੇ ਸਰਦਾਰ ਜੀ। ਦਿਲ ਤਾਂ ਤੈਨੂੰ ਕਦੋਂ ਦਾ ਦੇ ਚੁੱਕਿਆ, ਹੁਣ ਜਾਨ ਵੀ ਦੇਣੀ ਪਵੇਗੀ।'

'ਜਦੋਂ ਦਿਲ ਮੰਗਣ ਵਾਲ਼ਾ ਕੋਈ ਟੱਕਰ ਗਿਆ ਫਿਰ ਉਸ ਨੂੰ ਕੀ ਦੇਵੇਂਗਾ? ਵੜੇ ਵੇਂ?' ਦੇਵ ਕੱਪ ਚੁੱਕਦਾ ਹੱਸ ਕੇ ਬੋਲਿਆ।

'ਦਿਲ ਮੰਗਣ ਵਾਲ਼ੇ ਨੂੰ ਦਿਆਂਗਾ ਆਗਰੇ ਦਾ ਅੰਗੂਰੀ ਪੇਠਾ।' ਉਹ ਵੀ ਹੱਸਿਆ।

'ਵੈਰੀ ਫਨੀ ਅਰੇ ਭਾਈ ਸਾਹਿਬ ਕਮਾਲ ਏ।' ਮਧੂ ਹੱਸੀ ਤਾਂ ਰਾਮੇਸ਼ਵਰ ਨੇ ਮਧੂ ਮੂਹਰੇ ਪਿਆ ਚਾਹ ਦਾ ਅੱਧੇ ਤੋਂ ਵੀ ਘੱਟ ਬਚਿਆ ਕੱਪ ਚੁੱਕ ਲਿਆ ਤੇ ਮੂੰਹ ਨੂੰ ਲਾਉਂਦਾ ਬੋਲਿਆ, 'ਮਧੂ ਜੀ ਤੁਸੀਂ ਬਹੁਤੀ ਚਾਹ ਨਾ ਪੀਆ ਕਰੋ ਜੀ।'

'ਬੜੇ ਪੀਰ ਹੋ ਤੁਸੀਂ ਤਾਂ.... ਮੈਂ ਆਉਂਦੀ ਹਾਂ।' ਮਧੂ ਸ਼ਰਮਾਈ ਵੀ ਤੇ ਉਠ ਕੇ ਚਲੀ ਵੀ ਗਈ।

ਦੇਵ ਨੇ ਰਾਮੇਸ਼ਵਰ ਨੂੰ ਕਿਹਾ, 'ਤੂੰ ਲੇਟ ਨਹੀਂ ਹੋ ਰਿਹਾ?'

'ਹਾਂ, ਲੇਟ ਤਾਂ ਹੋ ਹੀ ਰਿਹਾ ਹਾਂ.. ਵਿਆਹ ਤਾਂ ਚਾਰ ਪੰਜ ਸਾਲ ਪਹਿਲਾਂ ਹੋ ਜਾਣਾ ਚਾਹੀਦਾ ਸੀ।' ਰਾਮੇਸ਼ਵਰ ਨੇ ਉਸ ਵੱਲ ਨੂੰ ਅੱਖ ਦੱਬੀ।

'ਇਹ ਗੱਲ ਏ? ਬੜਾ ਛੁਪਿਆ ਰੁਸਤਮ ਨਿਕਲ਼ਿਆ ਤੂੰ ਤਾਂ। ਕਿੱਥੇ ਕੁ ਤੱਕ ਪਹੁੰਚ ਗਈ ਗੱਲ?'

'ਮੈਂ ਤਾਂ ਖਰਗੋਸ਼ ਵਾਂਗ ਦੌੜ ਪਿਆ ਹਾਂ, ਪਰ ਉਹ ਅਜੇ ਕੱਛੂ ਕੁੰਮਾ ਹੀ ਬਣੀ ਹੋਈ ਏ।'

'ਪਸੰਦ ਏ ਤੈਨੂੰ?'

'ਅੰਨ੍ਹਾਂ ਕੀ ਭਾਲ਼ੇ ਦੋ ਅੱਖਾਂ। ਜੇ ਕਹਾਣੀ ਫਿਟ ਹੋ ਜਾਵੇ ਹੋਰ ਕੀ ਚਾਹੀਦਾ ਏ।'

ਮਧੂ ਮੁੜ ਉਨ੍ਹਾਂ ਕੋਲ਼ ਆ ਬੈਠੀ ਤੇ ਦੇਵ ਨੂੰ ਨਾਵਲ ਫੜਾਉਂਦੀ ਬੋਲੀ, 'ਦੇਵ ਭਾਈ ਸਾਹਬ... ਪੇਪਰ ਨੇੜੇ ਆ ਰਹੇ ਨੇ.... ਇਸ ਤੋਂ ਬਾਅਦ ਕੋਈ ਨਾਵਲ ਨਹੀਂ ਮਿਲੇਗਾ।'

'ਨਹੀਂ ਸਿਸਟਰ... ਜਦੋਂ ਪੜ੍ਹਦੇ ਥੱਕ ਜਾਈਦਾ ਏ... ਕੁਝ ਸਫ਼ੇ ਪੜ੍ਹੀਦੇ ਨੇ... ਇਹ ਤਾਂ ਥਕਾਵਟ ਲਾਹੁਣ ਦੀ ਟਾਨਿਕ ਏ।' ਦੇਵ ਨੇ ਕਿਹਾ।

'ਓਵਰ ਡੋਜ਼ ਤੋਂ ਬਚਿਓ।' ਉਹ ਮੁਸਕਰਾਈ।

ਫਿਰ ਤਿੰਨਾਂ ਨੇ ਸਮੋਸੇ ਅਤੇ ਕੇਲੇ ਵੀ ਸਮੇਟ ਦਿੱਤੇ। ਮਧੂ ਨੇ ਹੋਰ ਚਾਹ ਲਈ ਸੁਨੇਹਾ ਭੇਜ ਦਿੱਤਾ ਸੀ। ਉਹ ਵੀ ਆ ਗਈ। ਬਾਰਸ਼ ਰੁਕੀ ਤਾਂ ਰਾਮੇਸ਼ਵਰ 'ਚੰਗਾ ਮਧੂ ਜੀ' ਕਹਿ ਕੇ ਜਾਣ ਲੱਗਾ।

'ਮੈਨੂੰ ਨਹੀਂ ਕਹੇਂਗਾ ਕੁਛ?' ਦੇਵ ਹੱਸਿਆ।

'ਚੰਗਾ ਮੇਰੇ ਪਿਆਰੇ ਸਰਦਾਰ ਜੀ... ਮਿਲਾਂਗੇ ਜਦੋਂ ਰਾਤ ਦੇ ਬਾਰਾਂ ਵੱਜੇ।' ਉਹ

ਹੱਸਦਾ ਹੋਇਆ ਬਾਹਰ ਨਿਕਲ਼ ਗਿਆ।

'ਰਾਤੀਂ ਬਾਰਾਂ ਵਜੇ ਮਿਲੋਗੇ?' ਮਧੂ ਹੱਸੀ ਤਾਂ ਦੇਵ ਉਸ ਦੀ ਡਿਊਟੀ ਬਾਰੇ ਦੱਸਣ ਲੱਗ ਪਿਆ ਕਿ ਉਹ ਹਮੇਸ਼ਾ ਅੱਧੀ ਰਾਤ ਨੂੰ ਘਰ ਆਉਂਦਾ ਸੀ ਤੇ ਮੰਦਰ ਵਾਲ਼ਾ ਪੁਜਾਰੀ ਉਸਨੂੰ ਚਾਰ ਵਜੇ ਮੁੜ ਜਗਾ ਦਿੰਦਾ ਸੀ।

ਉਸ ਰਾਤ ਵੀ ਰਾਮੇਸ਼ਵਰ ਅੱਧੀ ਰਾਤ ਲੰਘਣ ਮਗਰੋਂ ਹੀ ਆਇਆ ਤੇ ਆਉਂਦਾ ਹੀ ਮਧੂ ਦੀਆਂ ਗੱਲਾਂ ਕਰਨ ਲੱਗ ਪਿਆ। ਉਸ ਨੇ ਮਧੂ ਦੇ 'ਮਧੂ' ਵਰਗੇ ਸੁਭਾਅ ਦੀ ਸਿਫ਼ਤ ਕੀਤੀ ਤੇ ਦੇਵ ਨੂੰ ਕਹਿਣ ਲੱਗਾ ਕਿ ਉਹ ਰਾਮ ਸਿੰਘ ਵੀਰ ਜੀ ਨੂੰ ਕਹੇ ਕਿ ਗੁੜ੍ਹਮੁੜ੍ਹ ਨੂੰ ਮਿਲ ਕੇ ਉਸ ਦਾ ਟਾਂਕਾ ਫਿੱਟ ਕਰਵਾ ਦੇਵੇ। ਦੇਵ ਲਈ ਅਜਿਹੀ ਗੱਲ ਆਪਣੇ ਵੀਰ ਜੀ ਜਾਂ ਭਾਬੀ ਨਾਲ਼ ਕਰਨੀ ਅਸੰਭਵ ਸੀ। ਉਹ ਬੋਲਿਆ, 'ਉਨ੍ਹਾਂ ਨੂੰ ਕਹਿਣ ਦੀ ਅਜੇ ਲੋੜ ਨਹੀਂ। ਤੂੰ ਬਹੁਤਾ ਤੱਤਾ ਨਾ ਖਾਹ। ਅਜੇ ਮਧੂ ਦਾ ਦਿਲ ਜਿੱਤ। ਉਸ ਨੂੰ ਚਿੱਠੀ ਪੱਤਰ ਲਿਖ। ਘੁਮਾ-ਫਿਰਾ। ਖਰਗੋਸ਼ ਬਣ ਕੇ ਦੌੜੇਂਗਾ ਤਾਂ ਤੇਰਾ ਕੰਮ ਨਹੀਂ ਬਣਨ ਲੱਗਾ। ਅਜੇ ਤੇਲ ਦੇਖ ਤੇਲ ਦੀ ਧਾਰ ਦੇਖ। ਕੁਝ ਸਮਾਂ ਲੰਘੇਗਾ ਤਾਂ ਊਂਟ ਆਪ ਹੀ ਸਿੱਧੀ ਕਰਵਟ ਬੈਠੇ ਗਾ। ਕਾਹਲੀ ਕਰੇਂਗਾ ਤਾਂ ਟੋਏ' ਚ ਡਿਗੇਂਗਾ।'

ਸ਼ਾਇਦ ਦੇਵ ਦੀ ਕਹੀ ਗੱਲ ਰਾਮੇਸ਼ਵਰ ਨੂੰ ਜਚ ਗਈ। ਉਸ ਮਗਰੋਂ ਉਹ ਲਾਇਬ੍ਰੇ ਰੀ ਨਿੱਤ ਜਾਂਦਾ। ਮਧੂ ਨਾਲ਼ ਜੋ ਗੱਲਬਾਤ ਹੋਈ ਹੁੰਦੀ, ਰਾਤ ਨੂੰ ਡਿਊਟੀ ਤੋਂ ਵਾਪਸ ਆ ਕੇ ਉਹ ਦੇਵ ਨੂੰ ਦੱਸਦਾ। ਦੇਵ ਵੀ ਜਦੋਂ ਲਾਇਬ੍ਰੇਰੀ ਜਾਂਦਾ ਉਹ ਮਧੂ ਕੋਲ਼ ਰਾਮੇਸ਼ਵਰ ਦੀਆ ਗੱਲਾਂ ਕਰ ਕੇ ਉਸ ਦੇ ਦਿਲ ਦੀ ਥਾਹ ਪਾਉਣ ਦਾ ਯਤਨ ਕਰਦਾ। ਮਧੂ ਐਮ. ਏ. ਮਗਰੋਂ ਬੀ. ਐਡ. ਕਰਨਾ ਚਾਹੁੰਦੀ ਸੀ ਤੇ ਕਿਸੇ ਸਰਕਾਰੀ ਨੌਕਰੀ ਦੀ ਝਾਕ ਵਿਚ ਸੀ। ਰਾਮੇਸ਼ਵਰ ਨੂੰ ਤਾਂ ਅਜੇ ਬੀ. ਐਸ. ਸੀ. ਪੂਰੀ ਕਰਨ ਲਈ ਹੀ ਸਵਾ ਸਾਲ ਪਿਆ ਸੀ।

ਇਕ ਦਿਨ ਰਾਮੇਸ਼ਵਰ ਨੇ ਮਧੂ ਨੂੰ ਦੇਣ ਲਈ ਦੋ ਕੁ ਸਫ਼ਿਆਂ ਦੀ ਚਿੱਠੀ ਲਿਖੀ। ਇਹ ਚਿੱਠੀ ਨੂੰ ਅੰਤਮ ਰੂਪ ਦੇਣ ਲਈ ਉਹ ਤੇ ਦੇਵ ਸਾਰਾ ਦਿਨ ਖੌਝਲ਼ਦੇ ਰਹੇ। ਕੱਟ-ਵੱਢ ਹੁੰਦੀ ਰਹੀ। ਕਾਗਜ਼ਾਂ ਦਾ ਢੇਰ ਜਾਇਆ ਹੋ ਗਿਆ। ਚਿੱਠੀ ਲਿਖਣ ਲਈ ਦੇਵ ਦਾ ਕਾਫ਼ੀ ਤਜ਼ਰਬਾ ਸੀ। ਦੇਵ ਦੇ ਕਹਿਣ ਅਨੁਸਾਰ ਉਹ ਕੱਟ-ਵੱਢ ਕਰੀ ਗਿਆ। ਆਖ਼ਰ ਅੱਖਰ ਮੋਤੀਆਂ ਵਾਂਗ ਪਰੋਏ ਗਏ। ਫਨਿੱਸ਼ਿੰਗ ਟੱਚ ਦਿੱਤੀ ਗਈ। ਉਸ ਚਿੱਠੀ ਵਿਚ ਕਿਸੇ ਦਿਨ ਕਿਧਰੇ ਘੁੰਮਣ-ਫਿਰਨ ਦੀ ਇੱਛਾ ਵੀ ਜ਼ਾਹਰ ਕੀਤੀ ਗਈ ਸੀ। ਲਾਲ ਕਿਲੇ ਅਤੇ ਫਤਹਿਪੁਰ ਸੀਕਰੀ ਦਾ ਨਾਂ ਵੀ ਸੁਝਾਇਆ ਗਿਆ ਸੀ। ਚਿੱਠੀ ਵਿਚ ਬਿਨ ਪਾਣੀ ਤੋਂ ਮੱਛੀ ਦਾ ਜ਼ਿਕਰ ਵੀ ਸੀ। ਨੀਂਦ ਉਡ ਜਾਣ ਦੀ ਗੱਲ ਵੀ ਸੀ। ਰਾਮੇਸ਼ਵਰ ਚਿੱਠੀ ਲੈ ਤਾਂ ਗਿਆ ਪਰ ਮਧੂ ਨੂੰ ਫੜਾਉਣ ਲਈ ਪਹਾੜ ਜਿੱਡਾ ਹੌਸਲਾ ਚਾਹੀਦਾ ਸੀ। ਹਰ ਵਾਰੀ ਕੰਬ ਜਾਂਦਾ ਤੇ ਚਾਰ-ਪੰਜ ਦਿਨ ਚਿੱਠੀ ਜੇਬ੍ਹ' ਚ ਪਾਈ ਫਿਰੀ ਗਿਆ ਤੇ ਅੰਤ ਚਿੱਠੀ ਫਾੜ ਕੇ ਸੁੱਟ ਦਿੱਤੀ ਤੇ ਦੇਵ ਨੂੰ ਕਹਿਣ ਲੱਗਾ, 'ਯਾਰ ਦੇਵ ਚਿੱਠੀ ਨੀ ਦੇਣੀ ਹੁਣ। ਤੂੰ ਭਾਬੀ ਜੀ ਨੂੰ ਕਹਿ ਕਿ ਮਧੂ ਦੇ ਪਿਓ ਨਾਲ਼ ਗੱਲ ਹੀ ਕਰ ਲਵੇ।'

'ਪੋਸਟ ਕਰ ਦਿੰਦਾ ਚਿੱਠੀ।' ਦੇਵ ਨੇ ਕਿਹਾ।

'ਮੇਰੇ' ਚ ਹਿੰਮਤ ਨਹੀਂ।' ਉਹ ਬੋਲਿਆ।

ਬਿਜਲੀ ਘਰ ਦੇ ਕਿਸੇ ਬੁਆਇਲਰ ਵਿਚ ਅਜਿਹੀ ਖ਼ਰਾਬੀ ਆਈ ਕਿ ਕੁਝ ਖੇਤਰਾਂ ਵਿਚ ਦੋ ਦਿਨ ਬਿਜਲੀ ਗੁਲ ਰਹੀ। ਉੱਥੇ ਪੱਥਰ ਦੇ ਕੋਇਲੇ ਤੋਂ ਬਿਜਲੀ ਤਿਆਰ ਹੁੰਦੀ ਸੀ ਤੇ ਸਪਲਾਈ ਬਹਾਲ ਕਰਨਾ ਅਤਿ ਜ਼ਰੂਰੀ ਸੀ। ਇਹ ਕੰਮ ਰਾਮੇਸ਼ਵਰ ਨਾਲ਼ ਸਬੰਧਤ ਹੋਣ ਕਰਕੇ ਉਸ ਨੂੰ ਕਾਲਜ ਤੋਂ ਦੋ ਦਿਨ ਛੁੱਟੀ ਲੈਣੀ ਪਈ। ਉਨ੍ਹਾਂ ਦੋਨਾਂ ਨੇ ਸਲਾਹ ਕੀਤੀ ਕਿ ਅਸਲ ਕਾਰਨ ਨਾ ਦੱਸ ਕੇ ਮਧੂ ਨੂੰ ਇਹ ਕਿਹਾ ਜਾਵੇ ਕਿ ਰਮੇਸ਼ਵਰ ਬੀਮਾਰ ਹੈ ਤਾਂ ਦੇਖੀਏ ਉਸ ਉੱਤੇ ਕੀ ਅਸਰ ਹੁੰਦਾ ਹੈ। ਪਹਿਲੀ ਛੁੱਟੀ ਵਾਲ਼ੇ ਦਿਨ ਦੇਵ ਤੀਜੇ ਕੁ ਪਹਿਰ ਲਾਇਬ੍ਰੇਰੀ ਵੜਿਆ ਤਾਂ ਮਧੂ ਨੇ ਪੁੱਛਿਆ, 'ਰਾਮੇਸ਼ਵਰ ਜੀ?'

'ਉਹ ਤੇ ਬੀਮਾਰ ਏ ਕੱਲ੍ਹ ਦਾ।' ਦੇਵ ਬੋਲਿਆ।

'ਕੀ ਗੱਲ ਹੋ ਗਈ? ਘਰ ਹੀ ਨੇ ਉਹ?' ਮਧੂ ਦੇ ਚਿਹਰੇ ਤੇ ਚਿੰਤਾ ਦੀਆਂ ਰੇਖਾਵਾਂ ਖਿਚ ਗਈਆਂ।

'ਅਜੇ ਤਾਂ ਘਰ ਸੀ। ਦੁਆਈ ਲਿਆਂਦੀ ਸੀ ਡਾਕਟਰ ਤੋਂ। ਸ਼ਾਮ ਤੱਕ ਦੇਖੋ ਜੇ ਠੀਕ ਹੋ ਗਿਆ, ਨਹੀਂ ਤਾਂ ਦਾਖ਼ਲ ਹੋਣਾ ਪਵੇਗਾ।' ਦੇਵ ਨੇ ਦੱਸਿਆ।

'ਕੱਲ੍ਹ ਸਵੇਰੇ ਹੀ ਉਨ੍ਹਾਂ ਦਾ ਹਾਲ ਜ਼ਰੂਰ ਦੱਸ ਕੇ ਜਾਇਓ।' ਉਹ ਬੋਲੀ।

ਮਧੂ ਦੇ ਦਿਲ ਵਿਚ ਰਾਮੇਸ਼ਵਰ ਲਈ ਖੁੱਲ੍ਹੀ ਚੌੜੀ ਥਾਂ ਬਣੀ ਦੇਖ ਦੇਵ ਖੁਸ਼ ਹੋ ਗਿਆ। ਘਰ ਜਾ ਕੇ ਰਾਮੇਸ਼ਵਰ ਨੂੰ ਦੱਸਿਆ ਤਾਂ ਉਸ ਦੀ ਖੁਸ਼ੀ ਦਾ ਵੀ ਕੋਈ ਟਿਕਾਣਾ ਨਾ ਰਿਹਾ। ਉਹ ਐਨਾ ਖੁਸ਼ ਹੋਇਆ ਕਿ ਚੁਟਕੀਆਂ ਵਜਾਉਂਦਾ, ਨੱਚਣ ਤੇ ਗਾਉਣ ਲੱਗ ਪਿਆ, 'ਵਾਹ ਮੇਰੇ ਸਰਦਾਰ ਜੀ, ਗੱਲ ਕਰੋ ਕੋਈ ਹੁਣ ਪਿਆਰ ਦੀ, ਅੱਗ ਲੱਗੀ ਦਿਲ ਵਿਚਕਾਰ ਜੀ.... ।'

ਫਿਰ ਉਹ ਬੋਲਿਆ, 'ਕੱਲ੍ਹ ਜਾਂਦਾ ਹੀ ਕਹਿ ਦੇਵੀਂ ਕਿ ਠੀਕ ਨ੍ਹੀ ਹੋਇਆ। ਮਰ ਜਾਵੇਗਾ ਬਚਦਾ ਨੀ ਲਗਦਾ। ਰਾਤ ਦਾ ਹਸਪਤਾਲ਼ ਦਾਖ਼ਲ ਏ।'

ਅਗਲੇ ਦਿਨ ਦੇਵ ਕਾਲਜ ਜਾ ਕੇ ਮਸੋਸਿਆ ਮੂੰਹ ਲੈ ਕੇ ਪਹਿਲਾਂ ਮਧੂ ਨੂੰ ਹੀ ਮਿਲਿਆ ਤੇ ਰਾਮੇਸ਼ਵਰ ਬਾਰੇ ਘੜੀ ਝੂਠੀ ਕਹਾਣੀ ਸੁਣਾਈ। ਉਹ ਤਾਂ ਸੁਣਦੀ ਸਾਰ ਅੱਖਾਂ ਭਰ ਆਈ।

'ਕਿਹੜੇ ਹਸਪਤਾਲ਼ ਦਾਖ਼ਲ ਨੇ?' ਉਸ ਨੇ ਪੁੱਛਿਆ।

ਦੇਵ ਭਮੱਤਰ ਗਿਆ। ਇਹ ਗੱਲ ਤਾਂ ਉਨ੍ਹਾਂ ਨੇ ਸੋਚੀ ਹੀ ਨਹੀਂ ਸੀ। ਉਹ ਸੋਚ ਸੋਚ ਕੇ ਬੋਲਿਆ, 'ਬਲਕੇਸ਼ਵਰ ਕਾਲੋਨੀ ਵਿਚ ਹੀ ਕੋਈ ਕਲੀਨਿਕ ਏ। ਕਹਿੰਦਾ ਸੀ ਅੱਜ ਦੁਪਹਿਰ ਤੱਕ ਸ਼ਾਇਦ ਕਿਤੇ ਹੋਰ ਭੇਜ ਦੇਣ।'

ਛੁੱਟੀ ਮਗਰੋਂ ਦੇਵ ਉਸ ਕੋਲ਼ ਗਿਆ ਤਾਂ ਉਹ ਚਿੱਟੇ ਛੋਲੇ ਬਣਾਈ ਬੈਠਾ ਸੀ। ਉਸ ਨੇ ਸਭ ਤੋਂ ਪਹਿਲਾਂ ਮਧੂ ਬਾਰੇ ਹੀ ਪੁੱਛਿਆ। ਦੇਵ ਬੋਲਿਆ, 'ਉਹ ਤਾਂ ਯਾਰ ਬਹੁਤ ਉਦਾਸ ਏ। ਲਗਦਾ ਏ ਹੁਣ ਤੇਰੇ ਬਿਨਾਂ ਰਹਿ ਨੀ ਸਕਦੀ।'

ਉਹ ਖੁਸ਼ ਹੋਇਆ ਤੇ ਕਾਫ਼ੀ ਦੇਰ ਮਧੂ ਦੀਆਂ ਹੀ ਗੱਲਾਂ ਕਰਦਾ ਰਿਹਾ। ਫਿਰ ਉੱਠਿਆ ਤੇ ਪੂਰੀਆਂ ਤਲ਼ਣ ਲਈ ਕੜਾਹੀ ਚਾੜ੍ਹ ਦਿੱਤੀ ਤੇ ਬੋਲਿਆ, 'ਅੱਜ ਐਥੇ ਹੀ ਪੂਰੀਆਂ ਛੋਲੇ ਖਾਣੇ ਪੈਣਗੇ ਦੇਵ ਪਿਆਰੇ।'

'ਠੀਕ ਏ ਖਾ ਲਵਾਂਗਾ।' ਦੇਵ ਨੇ ਕਿਹਾ।

ਜਿੰਨੀ ਦੇਰ ਉਹ ਪੂਰੀਆਂ ਤਲ਼ਦਾ ਰਿਹਾ, ਪਤਾ ਨਹੀਂ ਕੀ ਕੀ ਗਾਉਂਦਾ ਵੀ ਰਿਹਾ। ਅਜੇ ਬਰਾਂਡੇ ਵਿਚ ਸਫ਼ ਵਿਛਾ ਕੇ ਪੂਰੀਆਂ, ਛੋਲੇ, ਪਲੇਟਾਂ ਬਗੈਰਾ ਹੀ ਰੱਖ ਰਹੇ ਸਨ ਕਿ ਉਨ੍ਹਾਂ ਦਾ ਬਾਹਰਲਾ ਦਰ ਖੜਕ ਗਿਆ। ਦੇਵ ਨੇ ਬਾਹਰ ਜਾ ਕੇ ਦਰਵਾਜ਼ੇ ਦੀ ਝੀਥ ਵਿੱਚੀਂ ਦੇਖਿਆ। ਇਕ ਛੋਟੇ ਬੱਚੇ ਨੂੰ ਉਂਗਲ਼ ਲਾਈ ਮਧੂ ਖੜ੍ਹੀ ਸੀ। ਪੋਲੇ ਪੈਰੀਂ ਵਾਪਸ ਜਾ ਕੇ ਉਸ ਨੇ ਰਾਮੇਸ਼ਵਰ ਨੂੰ ਦੱਸਿਆ ਤਾਂ ਉਹ ਘਬਰਾ ਗਿਆ ਤੇ ਬੋਲਿਆ, 'ਹੁਣ ਕੀ ਕਰੀਏ ?'

'ਲੈਟਰੀਨ' ਚ ਜਾ ਵੜ। ਕਹਿ ਦਿੰਦਾ ਹਾਂ ਅਜੇ ਹਸਪਤਾਲ਼ੋਂ ਛੁੱਟੀ ਨਹੀਂ ਮਿਲੀ।' ਦੇਵ ਬੋਲਿਆ।

'ਨਹੀਂ ਤੂੰ ਮਰਵਾਉਣਾ ਏਂ ਮੈਨੂੰ?'

'ਫੇਰ ਤੂੰ ਕੰਬਲ ਉੱਤੇ ਲੈ ਤੇ ਡਿਗਜਾ ਮੰਜੇ ਤੇ। ਮੈਂ ਬਾਰ ਖੋਹਲਦਾ ਏਂ।'

ਜਦ ਨੂੰ ਦਰਵਾਜ਼ਾ ਫਿਰ ਖੜਕਿਆ। ਦੇਵ ਨੇ ਖੋਲ੍ਹਿਆ ਤਾਂ ਉਹ ਬੋਲੀ, 'ਆ ਗਏ ਰਾਮੇਸ਼ਵਰ ਜੀ?'

'ਪਏ ਨੇ ਅਜੇ ਸਿਸਟਰ, ਹੁਣ ਤਾਂ ਮੋੜ ਲਗਦਾ ਏ।'

ਉਹ ਦੋਨੋਂ ਅੰਦਰ ਲੰਘ ਆਏ। ਰਾਮੇਸ਼ਵਰ ਕੰਬਲ਼ ਵਿਚ ਸਿਰ ਮੂੰਹ ਲਪੇਟੀ ਪਿਆ ਸੀ। ਦੇਵ ਨੇ ਉਸਨੂੰ ਹਲੂਣ ਕੇ ਕਿਹਾ, 'ਰਾਮੇਸ਼ਵਰ ਮਧੂ ਸਿਸਟਰ ਆਏ ਨੇ।'

'ਕੌਣ ਆਏ ਨੇ?' ਉਹ ਜਿਵੇਂ ਖ਼ੂਹ' ਚੋਂ ਬੋਲਿਆ। ਉਸ ਦਾ ਇਕ ਪੈਰ ਕੰਬਲ' ਚੋਂ ਬਾਹਰ ਪਿਆ ਸੀ ਜਿਸ ਵਿਚ ਉਸਦੀ ਗੁਰਗਾਬੀ ਦਿਸ ਰਹੀ ਸੀ। ਉਸ ਦੇ ਉੱਤੇ ਕੰਬਲ ਖਿੱਚਦਿਆਂ ਦੇਵ ਨੇ ਆਪਣਾ ਹਾਸਾ ਮਸੀਂ ਰੋਕਿਆ।

'ਮਧੂ ਸਿਸਟਰ ਆਏ ਨੇ ਤੇਰੀ ਖ਼ਬਰ ਨੂੰ।' ਦੇਵ ਨੇ ਕਿਹਾ ਤੇ ਪਿੱਠ ਘੁਮਾ ਕੇ ਬਾਹਰ ਬਰਾਂਡੇ ਵੱਲ ਚਲਾ ਗਿਆ। ਸਫ਼ ਉੱਤੇ ਪਏ ਪੂਰੀਆਂ, ਛੋਲੇ ਤੇ ਪਲੇਟਾਂ ਬਗੈਰਾ ਇਕ ਪਾਸੇ ਨੂੰ ਖਿੱਚ ਢਕ ਦਿੱਤੇ। ਉਸ ਦੇ ਮੁੜਦੇ ਨੂੰ ਰਾਮੇਸ਼ਵਰ ਉੱਠ ਕੇ ਬੈਠ ਗਿਆ ਸੀ। ਮਧੂ ਤੇ ਉਸ ਦਾ ਛੋਟਾ ਭਰਾ ਉਸਦੀ ਪੈਂਦ ਬੈਠੇ ਸਨ।

'ਦੇਵ ਚਾਹ ਬਣਾ ਯਾਰ... ਨਾਲ਼ੇ ਕੁਝ ਖਾਣ-ਪੀਣ ਲਈ ਵੀ ਲੈ ਕੇ ਆ।' ਉਹ ਬੋਲਿਆ।

ਮਧੂ ਨਾ ਨਾ ਕਰਦੀ ਰਹੀ ਪਰ ਦੇਵ ਬਲਾਕ ਦੇ ਮਗਰ ਮਾਰਕੀਟ' ਚੋਂ ਸਮੋਸੇ ਅਤੇ ਗੁਲਾਬ ਜਾਮਣਾ ਲੈ ਆਇਆ। ਚਾਹ ਵੀ ਬਣਾ ਦਿੱਤੀ।

'ਮੈਂ ਬਹੁਤ ਘਬਰਾਈ ਰਹੀ ਰਾਮੇਸ਼ਵਰ ਜੀ। ਚੈਨ ਨਾ ਆਇਆ ਤਾਂ ਸ਼ੈਲੀ ਨੂੰ ਨਾਲ਼ ਲੈ ਕੇ ਆ ਗਈ।' ਮਧੂ ਨੇ ਦੱਸਿਆ।

'ਤੁਸੀਂ ਮਧੂ ਜੀ ਐਨੀ ਤਕਲੀਫ਼ ਕੀਤੀ। ਮੈਂ ਤਾਂ ਤੁਹਾਨੂੰ ਦੇਖ ਕੇ ਹੀ ਠੀਕ ਹੋ ਗਿਆ।'

'ਲੈ ਫੇਰ ਖਾ ਸਮੋਸੇ ਤੇ ਗੁਲਾਬ ਜਾਮਣਾ।' ਦੇਵ ਨੇ ਹੱਸ ਕੇ ਕਿਹਾ।

ਉਨ੍ਹਾਂ ਨੇ ਤਾਂ ਘੱਟ ਹੀ ਖਾਧਾ ਪੀਤਾ, ਪਰ ਰਮੇਸ਼ਵਰ ਦੋ ਸਮੋਸੇ ਤੇ ਚਾਰ ਗੁਲਾਬ

ਜਾਮਣਾ ਖਾ ਗਿਆ।

'ਸਿਸਟਰ ਮੈਨੂੰ ਲਗਦਾ ਏ ਇਹ ਬਹਾਨੇ ਮਾਰਦਾ ਏ। ਖਾਣ ਨੂੰ ਤਾਂ ਟੁੱਟ ਕੇ ਪੈ ਗਿਆ।' ਦੇਵ ਨੇ ਕਿਹਾ ਤਾਂ ਮਧੂ ਹੱਸਣ ਲੱਗੀ। ਰਾਮੇਸ਼ਵਰ ਉਸ ਵੱਲ ਦੇਖਦਾ ਰਿਹਾ। ਚਾਹ ਪੀਣ ਮਗਰੋਂ ਵੀ ਮਧੂ ਘੰਟਾ ਭਰ ਬੈਠੀ ਗੱਲਾਂ ਮਾਰਦੀ ਰਹੀ।

ਮਧੂ ਗਈ ਤਾਂ ਉਹ ਉੱਠ ਕੇ ਦੇਵ ਨੂੰ ਲਿਪਟ ਗਿਆ ਤੇ ਬੋਲਿਆ, 'ਬਣ ਗਿਆ ਕੰਮ ਹੁਣ। ਬੱਸ ਤੂੰ ਸਰਵਾਲਾ ਬਣਨ ਲਈ ਕੱਪੜੇ ਸੁਆ ਲੈ।'

ਅਗਲੇ ਦਿਨ ਹੀ ਰਾਮੇਸ਼ਵਰ ਦੇਵ ਨਾਲ਼ ਕਾਲਜ ਚਲਾ ਗਿਆ। ਜਾਂਦਾ ਹੀ ਮਧੂ ਵੱਲ ਗੇੜਾ ਵੀ ਕੱਢ ਆਇਆ।

ਤੀਜੇ ਜਾਂ ਚੌਥੇ ਦਿਨ ਦੇਵ ਕਾਲਜ ਦਫ਼ਤਰ ਦੇ ਬਾਹਰ ਖੜ੍ਹਾ ਨੋਟਸ ਬੋਰਡ ਤੇ ਕੁਝ ਪੜ੍ਹ ਰਿਹਾ ਸੀ ਕਿ ਮਧੂ ਉਸ ਕੋਲ਼ ਆ ਕੇ ਬੋਲੀ, 'ਦੇਵ ਭਾਈ ਸਾਹਬ ਕੀ ਹਾਲ ਏ ਤੁਹਾਡਾ?'

'ਠੀਕ ਏ ਸਿਸਟਰ ਤੁਸੀਂ ਸੁਣਾਓ।'

'ਰਾਮੇਸ਼ਵਰ ਜੀ ਬੀਮਾਰ ਹੋ ਕੇ ਕਾਫ਼ੀ ਕਮਜ਼ੋਰ ਹੋ ਗਏ ਲਗਦੇ ਨੇ।'

'ਹਾਂ ਸਿਸਟਰ.... ਬੀਮਾਰੀ ਤਾਂ ਇਕ ਦਿਨ' ਚ ਹੀ ਭੰਨ ਦਿੰਦੀ ਏ ਬੰਦੇ ਨੂੰ।'

'ਦੇਵ ਬੜੇ ਝੂਠੇ ਬੰਦੇ ਹੋ ਤੁਸੀਂ ਦੋਨੋਂ।' ਮਧੂ ਬੋਲੀ।

'ਕੀ ਗੱਲ ਸਿਸਟਰ?' ਉਹ ਬੋਲਿਆ।

'ਮੈਨੂੰ ਪਤਾ ਲੱਗਾ ਏ, ਤੁਸੀਂ ਐਵੇਂ ਡਰਾਮਾ ਕੀਤਾ ਸੀ ਤੇ ਇਹ ਦੇਵ ਭਾਈ ਸਾਹਬ ਤੁਹਾਡੇ ਦਿਮਾਗ ਦੀ ਕਾਢ ਸੀ।'

'ਕੌਣ ਕਹਿੰਦਾ ਏ ਤੁਹਾਨੂੰ ਸਿਸਟਰ?' ਦੇਵ ਨੇ ਪੁੱਛਿਆ।

'ਖੁਦ ਰਾਮੇਸ਼ਵਰ ਜੀ ਨੇ ਦੱਸਿਆ ਏ ਮੈਨੂੰ।'

ਦੇਵ ਦੇ ਪੈਰਾਂ ਹੇਠੋਂ ਮਿੱਟੀ ਨਿਕਲ਼ ਗਈ ਤੇ ਉਹ ਚੁੱਪ ਕਰ ਗਿਆ। ਹੱਸਦੀ ਹੋਈ ਮਧੂ ਚਲੀ ਗਈ।

ਘਰ ਜਾ ਕੇ ਉਸਨੇ ਰਾਮੇਸ਼ਵਰ ਨੂੰ ਪੁੱਛਿਆ ਕਿ ਉਸਨੇ ਇਹ ਕੀ ਸੁਆਹ ਉਡਾ ਦਿੱਤੀ ਸੀ ਤਾਂ ਉਹ ਬੋਲਿਆ, 'ਯਾਰ ਦੇਵ ਝੂਠ ਬੋਲਣ ਕਰਕੇ ਮੇਰੇ ਮਨ ਤੇ ਬੜਾ ਭਾਰ ਸੀ, ਇਸੇ ਲਈ ਮੈਂ ਮਧੂ ਨੂੰ ਸਭ ਕੁਝ ਦੱਸ ਕੇ ਹਲਕਾ ਫੁੱਲ ਹੋ ਗਿਆ।'

ਦੇਵ ਨੇ ਮੱਥੇ ਤੇ ਹੱਥ ਮਾਰਕੇ ਕਿਹਾ, 'ਦੁਰ ਫਿਟੇ ਮੂੰਹ।'

**00**

# ਤਹੇਤਰ

ਦੇਵ ਨੇ ਜਦੋਂ ਆਗਰਾ ਕਾਲਜ ਵਿਚ ਮਹੇਸ਼ ਨਾਲ਼ ਜਾਕੇ ਦਾਖ਼ਲਾ ਫਾਰਮ ਭਰਿਆ ਸੀ ਤਾਂ ਰੋਪੜ ਕਾਲਜ ਤੋਂ ਮਿਲੇ ਐਨ. ਸੀ. ਸੀ. ਦੇ ਸਰਟੀਫਿਕੇਟਾਂ ਦੀਆਂ ਨਕਲਾਂ ਵੀ ਨਾਲ਼ ਨੱਥੀ ਕਰ ਦਿੱਤੀਆਂ ਸਨ। ਉਨ੍ਹਾਂ ਕਰਕੇ ਦੇਵ ਨੂੰ ਕਾਫ਼ੀ ਲਾਭ ਮਿਲਿਆ। ਬਾਇਓ ਵਿਭਾਗ ਦੇ ਮੁਖੀ ਸ੍ਰੀ ਐਚ. ਐਨ. ਬੈਜ਼ਲ ਉਨ੍ਹਾਂ ਦੇ ਕੰਪਨੀ ਕਮਾਂਡਰ ਸਨ। ਉਨ੍ਹਾਂ ਨੇ ਪਹਿਲੇ ਸਾਲਾਂ

ਵਿਚ ਐਨ. ਸੀ. ਸੀ. ਦਾ ਤਜ਼ਰਬਾ ਰੱਖਣ ਵਾਲ਼ੇ ਕੈਡਆਂ ਦੀ ਇੰਟਰਵਿਊ ਲਈ ਤੇ ਰੈਂਕਾਂ ਦੀ ਵੰਡ ਕਰ ਦਿੱਤੀ। ਦੇਵ ਨੂੰ ਸੀ. ਐਚ. ਐਮ. (ਕੰਪਨੀ ਹੌਲਦਾਰ ਮੇਜਰ) ਦਾ ਰੈਂਕ ਮਿਲ ਗਿਆ। ਤਿੰਨ ਫੀਤੀਆਂ ਤਾਂ ਹੌਲਦਾਰ ਵਾਲ਼ੀਆਂ ਹੀ ਸਨ, ਗੁੱਟ ਉੱਤੇ ਬੰਨ੍ਹਣ ਲਈ ਤਿੰਨ ਸ਼ੇਰਾਂ ਵਾਲ਼ਾ ਪਿੱਤਲ਼ ਦਾ ਬੈਜ ਵੀ ਉਸ ਨੂੰ ਮਿਲ ਗਿਆ ਸੀ। ਦੇਵ ਬਹੁਤ ਖੁਸ਼ ਹੋਇਆ। ਇਹ ਵਾਧੂ ਦੀ ਲੰਬੜਦਾਰੀ ਸੀ, ਜਿਸ ਕਰਕੇ ਕਾਲਜ ਵਿਚ ਵੀ ਉਸ ਦੀ ਚੰਗੀ ਪਛਾਣ ਬਣ ਗਈ। ਮਿਲਟਰੀ' ਚੋਂ ਹੌਲਦਾਰ, ਸੂਬੇਦਾਰ ਬਗੈਰਾ ਉਨ੍ਹਾਂ ਨੂੰ ਪਰੇਡ ਕਰਵਾਉਣ ਆਇਆ ਕਰਦੇ ਸਨ। ਉਹ ਆਪ ਵਿਹਲੇ ਰਹਿ ਕੇ ਚੌਧਰ ਕਰਦੇ ਤੇ ਰੈਂਕ ਵਾਲ਼ੇ ਮੁੰਡਿਆਂ ਨੂੰ ਪਰੇਡ ਕਰਾਉਣ ਲਈ ਹੁਕਮ ਦੇ ਦਿੰਦੇ। ਹਾਜ਼ਰੀ ਲਾਉਣ ਅਤੇ ਰਿਫਰੈਸ਼ਮੈਂਟ ਤਕਸੀਮ ਕਰਨ ਲਈ ਵੀ ਦੇਵ ਹੋਣਾ ਦੀ ਹੀ ਡਿਊਟੀ ਲੱਗਦੀ। ਦੇਵ ਵੀ ਉਨ੍ਹਾਂ ਮੁੰਡਿਆਂ ਵਿਚ ਸ਼ਾਮਲ ਸੀ ਜਿਹੜੇ ਸਵੇਰੇ ਹੀ ਐਨ. ਸੀ. ਸੀ. ਆਰ ਵਾਲ਼ੀ ਵਰਦੀ ਘਰੋਂ ਹੀ ਪਹਿਨ ਆਉਂਦੇ ਸਨ। ਦੋ ਕੁ ਮਹੀਨੇ ਪਰੇਡ ਦੇ ਲੰਘੇ ਤਾਂ ਇਕ ਦਿਨ ਉਨ੍ਹਾਂ ਸਾਰਿਆਂ ਨੂੰ ਸ਼ਹਿਰ ਤੋਂ ਦੂਰ ਫਾਇਰਿੰਗ ਰੇਂਜ ਤੇ ਚਾਂਗਮਾਰੀ ਲਈ ਲਿਜਾਇਆ ਗਿਆ। ਕੁਝ ਫੌਜੀ ਜਵਾਨ ਤੇ ਅਫ਼ਸਰ ਵੀ ਉਨ੍ਹਾਂ ਨੂੰ ਟਰੇਨਿੰਗ ਦੇਣ ਲਈ ਉੱਥੇ ਪਹੁੰਚ ਗਏ। ਹਰੇਕ ਕੈਡਿਟ ਨੇ ਥਰੀ-ਨਟ-ਥਰੀ ਰਾਈਫ਼ਲ ਨਾਲ਼ ਬਾਰਾਂ ਫਾਇਰ ਕਰਨੇ ਸਨ। ਇਹ ਇਕ ਤਰ੍ਹਾਂ ਦਾ ਕੰਪੀਟੀਸ਼ਨ ਹੀ ਸੀ। ਦਸ ਦਸ ਮੁੰਡਿਆਂ ਦੇ ਗਰੁੱਪ ਬਣਾਏ ਗਏ। ਹਰ ਗਰੁੱਪ ਦੇ ਮੁੰਡੇ ਧਰਤੀ ਉੱਤੇ ਲੇਟ ਜਾਂਦੇ ਤੇ ਸੌ ਕੁ ਗਜ਼ ਦੀ ਦੂਰੀ ਤੇ ਆਪੋ ਆਪਣੇ ਟਾਰਗਟ ਤੇ ਫਾਇਰਿੰਗ ਕਰਦੇ। ਟਾਰਗਟਾਂ ਪਿੱਛੋਂ ਲਾਲ ਤੇ ਹਰੀ ਝੰਡੀ ਦਿਖਾ ਕੇ ਫਾਇਰਿੰਗ ਕਰਵਾਈ ਜਾਂਦੀ। ਫਾਇਰਿੰਗ ਪੂਰੀ ਹੋਣ ਤੇ ਗੋਲ਼ੀਆਂ ਦੇ ਨਿਸ਼ਾਨਾਂ ਅਨੁਸਾਰ ਸਭ ਦੇ ਨੰਬਰ ਨੋਟ ਕਰ ਲਏ ਜਾਂਦੇ।

ਦੇਵ ਦੇ ਗਰੁੱਪ ਦੀ ਵਾਰੀ ਲੰਘੀ ਤਾਂ ਅਗਲੇ ਗਰੁੱਪ ਵਿਚ ਇਕ ਨਵਾਂ ਹੀ ਪੰਗਾ ਪੈ ਗਿਆ। ਇਕ ਮੁੰਡਾ ਪਰਤਾਪ ਸਿੰਘ ਚੌਹਾਨ ਫਾਇਰਿੰਗ ਕਰਨ ਲਈ ਰਾਈਫ਼ਲ ਦੀ ਬੱਟ ਦੱਬੀ ਗਿੱਟੇ ਜੋੜੀ ਲੰਬਾ ਪਿਆ ਸੀ। ਇਕ ਸੂਬੇਦਾਰ ਨੂੰ ਉਸ ਦੀਆਂ ਜੁੜੀਆਂ ਲੱਤਾਂ ਦੇਖ ਕੇ ਗੁੱਸਾ ਆ ਗਿਆ ਤੇ ਉਹ ਉਸ ਦੀਆਂ ਲੱਤਾਂ ਵਿਚਾਲੇ ਠੁੱਡ ਮਾਰ ਕੇ ਬੋਲਿਆ, 'ਇਨ ਜਾਂਘੋਂ ਕੋ ਖੋਲੋ ਸਿਰੇ ਤੱਕ ਹਰਾਮਜ਼ਾਦੇ।'

ਪਰਤਾਪ ਸਿੰਘ ਇਕ ਦਮ ਖੜ੍ਹਾ ਹੋਇਆ ਤੇ ਉਸੇ ਤਰ੍ਹਾਂ ਸੂਬੇਦਾਰ ਨੂੰ 'ਹਰਾਮਜ਼ਾਦਾ' ਕਹਿਕੇ ਆਪਣੀ ਰਫ਼ਲ ਉਸ ਵੱਲ ਤਾਣ ਲਈ। ਸੂਬੇਦਾਰ ਬੜੀ ਫੁਰਤੀ ਨਾਲ਼ ਉਸ ਦੇ ਪੈਰਾਂ ਵੱਲ ਨੂੰ ਡਿਗਿਆ ਤੇ ਲੱਤਾਂ ਖਿੱਚ ਲਈਆਂ। ਇਸੇ ਕਸ਼ਮਕਸ਼ ਵਿਚ ਰਾਇਫ਼ਲ ਚੱਲ ਗਹੀ। ਕਈ ਜਣਿਆਂ ਨੇ ਦੌੜ ਕੇ ਪਰਤਾਪ ਸਿੰਘ ਨੂੰ ਕਾਬੂ ਕਰ ਲਿਆ ਤੇ ਧੱਫੇ ਮਾਰਦੇ ਟਰੱਕ' ਚ ਸੁੱਟ ਕਿਧਰੇ ਲੈ ਗਏ। ਫਾਇਰਿੰਗ ਪ੍ਰੋਗਰਾਮ ਰੋਕ ਦਿੱਤਾ ਗਿਆ। ਫੌਜੀਆਂ ਨੇ ਮੁੰਡੇ ਨੂੰ ਪੁਲ਼ਸ ਹਵਾਲੇ ਕਰ ਦਿੱਤਾ ਸੀ। ਕਾਲਜ ਯੂਨੀਅਨ ਦਾ ਪ੍ਰਧਾਨ ਐਸ. ਕੇ. ਤਿਵਾੜੀ ਬਹੁਤ ਤਿੱਖਾ ਬੰਦਾ ਸੀ। ਅਗਲੇ ਦਿਨ ਕਾਲਜ ਵਿਚ ਹੜਤਾਲ ਕਰਵਾ ਦਿੱਤੀ ਗਈ। ਭਾਸ਼ਣ ਹੋਏ ਤੇ ਫਿਰ ਐਸ. ਡੀ. ਐਮ. ਦੀ ਰਿਹਾਇਸ਼ ਤੱਕ ਜਲੂਸ ਕੱਢਿਆ ਗਿਆ। ਗਾਹਲ ਕੱਢਣ ਕਰਕੇ ਸੂਬੇਦਾਰ ਨੂੰ ਪਰਤਾਪ ਸਿੰਘ ਤੋਂ ਮਾਫ਼ੀ ਮੰਗਣੀ ਪਈ ਤੇ ਪੁਲ਼ਸ ਨੂੰ ਬਿਨਾਂ ਕੇਸ ਦਰਜ ਕੀਤੇ ਉਸ ਨੂੰ ਛੱਡਣਾ ਪਿਆ। ਇਸ ਘਟਨਾ ਨਾਲ਼ ਉਹ ਕਾਲਜ ਦਾ ਹੀਰੋ ਬਣ ਗਿਆ।

ਮੁੰਡਿਆਂ ਨੇ ਉਸ ਨੂੰ ਹਾਰਾਂ ਨਾਲ਼ ਲੱਦ ਦਿੱਤਾ।

ਫਾਇਰਿੰਗ ਵਿਚ ਦੇਵ ਪਲਾਟੂਨ' ਚੋਂ ਪਹਿਲੇ ਅਤੇ ਕੰਪਨੀ' ਚੋਂ ਤੀਜੇ ਨੰਬਰ ਤੇ ਆਇਆ। ਉਸ ਮਗਰੋਂ ਰਾਜ ਪੱਧਰ ਦੇ ਹੋ ਰਹੇ ਸ਼ੂਟਿੰਗ ਮੁਕਾਬਲਿਆਂ ਵਿਚ ਭਾਗ ਲੈਣ ਲਈ ਉਹ ਪੰਜ ਜਣੇ ਗਏ। ਕੁਝ ਦਿਨਾਂ ਮਗਰੋਂ ਦੇਵ ਨੂੰ ਐਨ. ਸੀ. ਸੀ. ਆਰ. ਦਫ਼ਤਰ ਵਿਚ ਹਾਜ਼ਰ ਹੋਣ ਲਈ ਲੱਗੇ ਨੋਟਿਸ ਦਾ ਪਤਾ ਲੱਗਾ। ਉਹ ਦਫ਼ਤਰ ਗਿਆ ਤਾਂ ਦਰਵਾਜ਼ੇ ਤੇ ਇਕ ਨੇਮ ਪਲੇਟ ਲੱਗੀ ਹੋਈ ਸੀ ਜਿਸ ਉੱਤੇ ਬੁਆਇਜ਼ ਤੇ ਗਰਲਜ਼ ਵਿੰਗ ਦੇ ਸਰਕਾਰ ਵੱਲੋਂ ਨਿਯੁਕਤ ਕੈਪਟਨ ਕਸ਼ਮੀਰਾ ਸਿੰਘ ਵੜੈਚ ਦਾ ਨਾਂ ਲਿਖਿਆ ਹੋਇਆ ਸੀ।

ਉਹ ਦਫ਼ਤਰ' ਚ ਵੜਿਆ ਤਾਂ ਤਿੱਖੀ ਨੋਕ ਵਾਲ਼ੀ ਹਰੇ ਰੰਗ ਦੀ ਪਗੜੀ ਵਾਲ਼ੇ ਸਰਦਾਰ ਜੀ ਨੇ ਉਸ ਨੂੰ ਆਪਣੇ ਲਾਗੇ ਡਹੀ ਕੁਰਸੀ ਉੱਤੇ ਬੈਠਣ ਦਾ ਇਸ਼ਾਰਾ ਕੀਤਾ। ਦੇਵ 'ਥੈਂਕ ਯੂ ਸਰ' ਕਹਿ ਕੇ ਬੈਠ ਗਿਆ। ਉਸ ਨੇ ਉਸ ਨੂੰ ਆਪਣਾ ਨਾਂ ਦੱਸਿਆ ਤਾਂ ਉਹ ਬੋਲਿਆ, 'ਓ ਯੈਸ ਮਿਸਟਰ ਦੇਵ... ਤੂੰ ਆਲ ਇੰਡੀਆ ਸ਼ੂਟਿੰਗ ਕੰਪੀਟੀਸ਼ਨ ਵਿਚ ਭਾਗ ਲੈਣ ਲਈ ਚੁਣਿਆ ਗਿਆ ਏਂ। ਤੈਨੂੰ ਮੁਬਾਰਕ।'

ਦੇਵ ਖ਼ੁਸ਼ ਹੋ ਗਿਆ। ਉਸ ਨੇ ਦੇਵ ਤੋਂ ਫਾਰਮ ਭਰਵਾਇਆ ਤੇ ਦੱਸਿਆ ਕਿ ਜੇ ਉਸ ਨੇ ਕੰਪੀਟੀਸ਼ਨ ਵਿਚ ਚੰਗੀ ਕਾਰਗੁਜ਼ਾਰੀ ਦਿਖਾਈ ਤਾਂ ਉਹ ਸੈਕੰਡ ਲੈਫਟੀਨੈਂਟ ਦੀ ਸਿੱਧੀ ਭਰਤੀ ਦੇ ਯੋਗ ਹੋ ਜਾਵੇਗਾ। ਪਾਕਿਸਤਾਨ ਨਾਲ਼ ਕੁਝ ਸਮਾਂ ਪਹਿਲਾਂ ਹੀ ਜੰਗ ਹੋ ਕੇ ਹਟੀ ਸੀ, ਸ਼ਾਇਦ ਇਸੇ ਕਰਕੇ ਭਰਤੀ ਦੀਆਂ ਸ਼ਰਤਾਂ ਕੁਝ ਨਰਮ ਕਰ ਦਿੱਤੀਆਂ ਗਈਆਂ ਸਨ। ਉਸ ਨੇ ਕੈਪਟਨ ਵੜੈਚ ਤੋਂ ਜਾਣ ਦੀ ਆਗਿਆ ਮੰਗੀ ਤਾਂ ਉਹ ਬੋਲਿਆ, 'ਬੈਠ ਦੇਵ ਚਾਹ ਦਾ ਕੱਪ ਪੀ ਕੇ ਜਾਈਂ। ਨਾਲ਼ੇ ਆਪਾਂ ਯਾਰ ਪੰਜਾਬੀ ਸਿੱਖ ਹਾਂ। ਤੂੰ ਆਪਣੇ ਬਾਰੇ ਤਾਂ ਕੁਝ ਦੱਸਿਆ ਹੀ ਨਹੀਂ। ਕਿੱਥੇ ਰਹਿੰਦੇ ਹੋ ਤੁਸੀਂ?'

'ਜੀ ਮੈਂ ਬਲਕੇਸ਼ਵਰ ਕਾਲੋਨੀ ਇਕ ਸੌ ਚਾਰ ਨੰਬਰ ਬਲਾਕ ਵਿਚ ਆਪਣੇ ਵੱਡੇ ਭਰਾ ਕੋਲ਼ ਰਹਿੰਦਾ ਹਾਂ।'

ਉਹ ਇਕ ਤੋਂ ਬਾਅਦ ਇਕ ਸਵਾਲ ਪੁੱਛਦਾ ਰਿਹਾ ਤੇ ਆਪਣੇ ਬਾਰੇ ਵੀ ਦੱਸਦਾ ਰਿਹਾ। ਉਸ ਨੇ ਦੇਵ ਦੀ ਜਾਤ ਪੁੱਛੀ ਤਾਂ ਉਹ ਘਬਰਾ ਗਿਆ। ਰਾਮ ਸਿੰਘ ਨੇ ਉਸ ਨੂੰ ਹਦਾਇਤ ਕੀਤੀ ਹੋਈ ਸੀ ਕਿ ਕਿਸੇ ਨੂੰ ਵੀ ਆਪਣੇ ਸੁਨਿਆਰ ਹੋਣ ਬਾਰੇ ਦੱਸਣ ਦੀ ਲੋੜ ਨਹੀਂ। ਸੋ ਉਸ ਨੇ ਕੈਪਟਨ ਨੂੰ ਆਪਣੀ ਜਾਤ ਜੱਟ ਦੱਸੀ ਤੇ ਗੋਤ ਗਿੱਲ। ਉਸ ਦੇ ਜੱਟ ਹੋਣ ਬਾਰੇ ਸੁਣ ਕੇ ਉਹ ਹੋਰ ਡੂੰਘਾਈ ਵਿਚ ਚਲਾ ਗਿਆ। ਕਿੰਨੀ ਜ਼ਮੀਨ ਹੈ। ਕੌਣ ਖੇ ਤੀ ਕਰਦਾ ਹੈ। ਕਿੰਨੇ ਭੈਣ ਭਰਾ ਨੇ। ਬਗੈਰਾ ਬਗੈਰਾ। ਉਹ ਝੂਠ ਸੱਚ ਦਾ ਮਿਲਗੋਭਾ ਬਣਾ ਕੇ ਉੱਤਰ ਦਿੰਦਾ ਰਿਹਾ। ਚਾਹ ਪੀਣ ਮਗਰੋਂ ਉਹ ਉੱਠ ਕੇ ਆਉਣ ਲੱਗਾ ਤਾਂ ਕੈਪਟਨ ਬੋਲਿਆ, 'ਦੇਵ ਸਾਡੀ ਰਿਹਾਇਸ਼ ਵੀ ਬਲਕੇਸ਼ਵਰ ਕਾਲੋਨੀ ਵਿਚ ਏ। ਚੌਰਾਸੀ ਬਲਾਕ ਵਿਚ ਗਿਆਰਾਂ ਨੰਬਰ ਕਵਾਰਟਰ ਏ ਸਾਡਾ। ਕਿਸੇ ਦਿਨ ਸ਼ਾਮ ਨੂੰ ਘਰ ਆਵੀਂ ਮੈਂ ਘਰ ਹੀ ਹੁੰਦਾ ਹਾਂ।'

'ਜੀ ਠੀਕ ਏ, ਜ਼ਰੂਰ ਆਵਾਂਗਾ।' ਦੇਵ ਨੇ ਕਿਹਾ ਤੇ ਉੱਠ ਕੇ ਦਫ਼ਤਰੋਂ ਬਾਹਰ ਆ ਗਿਆ। ਘਰ ਆ ਕੇ ਉਸ ਨੇ ਸਾਰੀ ਗੱਲ ਆਪਣੇ ਵੀਰ ਜੀ ਨੂੰ ਦੱਸੀ ਤਾਂ ਉਹ ਖੁਸ਼ ਹੋ

ਗਿਆ। ਉਸ ਦਾ ਆਲ ਇੰਡੀਆ ਕੰਪੀਟੀਸ਼ਨ ਲਈ ਚੁਣਿਆ ਜਾਣਾ ਘੱਟ ਪ੍ਰਾਪਤੀ ਵਾਲ਼ੀ ਗੱਲ ਨਹੀਂ ਸੀ। ਪਰ ਹੁਣ ਦੇਵ ਦੀ ਇੱਛਾ ਫੌਜ ਵਿਚ ਜਾਣ ਦੀ ਬਿਲਕੁਲ ਨਹੀਂ ਸੀ ਰਹੀ। ਬੇਅੰਤ ਵੀ ਇਹੋ ਲਿਖਦਾ ਸੀ ਕਿ ਉਹ ਪੜ੍ਹ ਲਿਖ ਕੇ ਪ੍ਰੋਫੈਸਰ ਬਣੇ। ਫੌਜ ਵਿਚ ਕੁਝ ਨਹੀਂ। ਉਸ ਨੇ ਰਾਮ ਸਿੰਘ ਨੂੰ ਆਪਣੀ ਇੱਛਾ ਦੱਸੀ ਤਾਂ ਉਹ ਬੋਲਿਆ, 'ਜੇ ਤੂੰ ਸੈਕੰਡ ਲੈਫ਼ਟੀਨੈਂਟ ਸਿਲੈਕਟ ਹੈ ਜਾਵੇਂ ਤੈਨੂੰ ਹੋਰ ਕੀ ਚਾਹੀਦਾ ਹੇ। ਕੋਈ ਸਿਪਾਹੀ ਥੋੜ੍ਹੋ ਭਰਤੀ ਹੋਣਾ ਏਂ। ਅਫ਼ਸਰੀ ਦੀ ਤਾਂ ਠਾਠ ਹੀ ਵੱਖਰੀ ਹੁੰਦੀ ਏ। ਸਰੀਰ ਦੀ ਕਸਰਤ ਹੁੰਦੀ ਰਹਿਣ ਕਰਕੇ ਤੇ ਚੰਗੀ ਖਾਧ ਖ਼ੁਰਾਕ ਕਰਕੇ ਬੰਦੇ ਦੀ ਸਿਹਤ ਸਾਰੀ ਉਮਰ ਠੀਕ ਰਹਿੰਦੀ ਏ। ਅੱਗੇ ਤੇਰੀ ਮਰਜ਼ੀ।'

'ਪਰ ਵੀਰ ਜੀ ਮੈਂ ਸਿਵਲ ਦੀ ਨੌਕਰੀ ਹੀ ਕਰਨੀ ਚਾਹੁੰਦਾ ਏਂ।'

'ਉਹ ਤਾਂ ਠੀਕ ਏ, ਪਰ ਉਹਦੇ ਲਈ ਤੈਨੂੰ ਪੂਰੀ ਲਗਨ ਨਾਲ਼ ਪੜ੍ਹਾਈ ਕਰਨੀ ਪਊ। ਪੜ੍ਹਾਈ ਦਾ ਖਰਚਾ ਬਹੁਤ ਏ। ਨਾਲ਼ ਦੀ ਨਾਲ਼ ਤੈਨੂੰ ਕੋਈ ਕੰਮ ਵੀ ਕਰਨਾ ਪਵੇ ਗਾ। ਦੋ ਚਾਰ ਟਿਊਸ਼ਨ ਪੜ੍ਹਨ ਵਾਲ਼ੇ ਬੱਚੇ ਮਿਲ ਜਾਣ ਤਾਂ ਖਰਚਾ ਪੂਰਾ ਹੁੰਦਾ ਰਹੂ। ਤੈਨੂੰ ਪਤਾ ਹੀ ਏ, ਬੇਬੇ ਦੋਰਾਹੇ ਇਕੱਲੀ ਬੈਠੀ ਏ। ਪੰਦਰਾਂ ਵੀਹ ਰੁਪਏ ਉਸ ਨੂੰ ਵੀ ਹਰ ਮਹੀਨੇ ਭੇਜਣੇ ਪੈਂਦੇ ਨੇ। ਸ਼ੂਟਿੰਗ ਕੰਪੀਟੀਸ਼ਨ ਵਿਚ ਤੂੰ ਜਾਈਂ ਜ਼ਰੂਰ। ਤੂੰ ਅੱਗੇ ਵਧੇਂ, ਸਾਡਾ ਸਿਰ ਉੱਚਾ ਹੁੰਦਾ ਏ। ਇਕ ਗੱਲ ਮੈਂ ਤੈਨੂੰ ਬਾਰ-ਬਾਰ ਕਹਿੰਦਾ ਹਾਂ ਕਿ ਆਗਰਾ ਪੰਜਾਬ ਦੇ ਸ਼ਹਿਰਾਂ ਵਰਗਾ ਸ਼ਹਿਰ ਨਹੀਂ। ਰਾਜੇ ਮਹਾਰਾਜਿਆਂ ਮਗਰੋਂ ਅਯਾਸ਼ ਲੋਕਾਂ ਦੀ ਰਹਿੰਦ-ਖੂੰਹਦ ਅਜੇ ਵੀ ਤੁਰੀ ਆ ਰਹੀ ਏ। ਇੱਥੋਂ ਦੇ ਰਸਤੇ ਬੜੇ ਤਿਲਕਵੇਂ ਨੇ। ਫਿਸਲ਼ਣ ਤੋਂ ਬਚਿਆ ਰਹੀਂ।' ਰਾਮ ਸਿੰਘ ਨੇ ਕਿਹਾ।

'ਠੀਕ ਏ ਵੀਰ ਜੀ, ਤੁਸੀਂ ਇਸ ਗੱਲ ਦਾ ਫਿਕਰ ਨਾ ਕਰੋ। ਹਾਂ ਸੱਚ ਐਨ. ਸੀ. ਸੀ. ਆਰ ਵਾਲ਼ੇ ਕੈਪਟਨ ਕਸ਼ਮੀਰਾ ਸਿੰਘ ਨੇ ਮੈਨੂੰ ਘਰ ਆਉਣ ਲਈ ਕਿਹਾ ਸੀ। ਮੈਂ ਜਾਵਾਂ ਕਿ ਨਾ?' ਦੇਵ ਨੇ ਪੁੱਛਿਆ।

'ਜਾਹ ਜਿੱਥੇ ਮਰਜ਼ੀ ਤੂੰ। ਚੰਗੇ ਲੋਕਾਂ ਨੂੰ ਮਿਲ। ਤੇਰੇ ਤੇ ਪਾਬੰਦੀਆਂ ਨੀ ਲਾਉਣਾ ਚਾਹੁੰਦਾ ਮੈਂ। ਤੂੰ ਸਭ ਫੈਸਲੇ ਆਪ ਲੈਣੇ ਸਿੱਖ। ਦਿਲ ਨਾਲ਼ੋਂ ਦਿਮਾਗ ਦੀ ਵਰਤੋਂ ਹਮੇਸ਼ਾ ਵੱਧ ਕਰ। ਮਿਲਟਰੀ ਵਾਲ਼ੇ ਲੋਕ ਡਸਿਪਲਨਡ ਹੁੰਦੇ ਨੇ ਕੁਝ ਸਿੱਖੇਂਗਾ ਹੀ ਉਸ ਤੋਂ।'

ਰਾਮ ਸਿੰਘ ਨੇ ਦੱਸਿਆ ਕਿ ਚੁਰਾਸੀ ਬਲਾਕ ਗੁਰਦੁਆਰੇ ਦੇ ਬਿਲਕੁਲ ਨੇੜੇ ਸੀ ਜੋ ਬਲਕੇਸ਼ਵਰ ਕਾਲੋਨੀ ਦੇ ਦੱਖਣ ਵੱਲ ਸੀ। ਦੇਵ ਦੀ ਭਾਬੀ ਜਿੰਦਰ ਨਿੱਤ ਸਵੇਰੇ ਗੁਰਦੁਆਰੇ ਜਾਇਆ ਕਰਦੀ ਸੀ, ਪਰ ਦੇਵ ਨੇ ਅਜੇ ਤੱਕ ਗੁਰਦੁਆਰਾ ਨਹੀਂ ਸੀ ਦੇਖਿਆ। ਉਂਝ ਜਿੰਦਰ ਉਸ ਨੂੰ ਕਈ ਵਾਰੀ ਇਹ ਗੱਲ ਆਖ ਚੁੱਕੀ ਸੀ ਕਿ ਜੇ ਸਵੇਰੇ ਸਮਾਂ ਨਹੀਂ ਹੁੰਦਾ ਤਾਂ ਉਹ ਸ਼ਾਮ ਵੇਲ਼ੇ ਗੁਰਦੁਆਰੇ ਜ਼ਰੂਰ ਜਾਇਆ ਕਰੇ। ਵਾਹਿਗੁਰੂ ਦਾ ਆਸਰਾ ਸਭ ਤੋਂ ਵੱਡਾ ਹੁੰਦਾ ਹੈ। ਉਸ ਦੀ ਕਿਰਪਾ ਨਾਲ਼ ਹੀ ਸਾਰੇ ਕੰਮ ਰਾਸ ਆਇਆ ਕਰਦੇ ਹਨ। ਜਿੰਦਰ ਗੁਰਦੁਆਰੇ ਜਾਣ ਲੱਗਿਆਂ ਲੋਹੇ ਦੀ ਵੱਡੀ ਬਾਲਟੀ ਆਪਣੇ ਨਾਲ਼ ਲੈ ਜਾਇਆ ਕਰਦੀ ਸੀ। ਪੂਰੀ ਕਾਲੋਨੀ ਵਿਚ ਸਿਰਫ਼ ਗੁਰਦੁਆਰੇ ਵਿਚ ਹੀ ਇਕ ਨਲ਼ਕਾ ਸੀ ਜਿਸ ਦਾ ਪਾਣੀ ਮਿੱਠਾ ਹੋਣ ਕਰਕੇ ਉਹ ਬਾਲਟੀ ਭਰ ਲਿਆਇਆ ਕਰਦੀ ਸੀ। ਟੂਟੀਆਂ ਦਾ

ਪਾਣੀ ਤਾਂ ਦਵਾਈ ਪਾਈ ਹੋਣ ਕਰਕੇ ਕੌੜਾ ਅਤੇ ਬੇਸੁਆਦਾ ਹੁੰਦਾ ਸੀ। ਜੇ ਦੇਵ ਘਰ ਹੁੰਦਾ ਤਾਂ ਉਹ ਪੌੜੀਆਂ ਉਤਰ ਹੌਲ਼ੀ-ਹੌਲ਼ੀ ਉਸ ਪਾਸੇ ਨੂੰ ਚਲਾ ਜਾਂਦਾ ਤੇ ਆਪਣੀ ਭਾਬੀ ਤੋਂ ਬਾਲਟੀ ਫੜ ਲੈਂਦਾ। ਉਹ ਹੱਸ ਕੇ ਕਹਿੰਦੀ, 'ਜਿਉਂਦਾ ਰਹਿ ਵੇ ਮੇਰੇ ਪੁੱਤਾਂ ਵਰਗੇ ਦਿਓਰਾ।'

ਦੇਵ ਆਪਣੇ ਵੀਰ ਜੀ ਨਾਲ਼ ਹੁੰਦਾ ਤਾਂ ਉਸ ਨੂੰ ਮਿਲਣ ਵਾਲ਼ੇ ਬਹੁਤੇ ਬੰਦੇ ਵੀ ਉਸ ਨੂੰ ਉਸ ਦਾ ਪੁੱਤ ਹੀ ਸਮਝਦੇ। ਪਤਾ ਲੱਗਣ ਤੇ ਕਿ ਦੇਵ ਉਸਦਾ ਭਰਾ ਹੈ, ਹੈਰਾਨ ਵੀ ਹੁੰਦੇ। ਰਾਮ ਸਿੰਘ ਵੀ ਕਈ ਵਾਰੀ ਉਸ ਨੂੰ ਬੇਟਾ ਕਹਿਕੇ ਹੀ ਬੁਲਾਉਂਦਾ। ਉਹ ਦੇਵ ਤੋਂ ਸੋਲਾਂ-ਸਤਾਰਾਂ ਸਾਲ ਵੱਡਾ ਸੀ। ਇਕ ਦਿਨ ਸ਼ਾਮ ਵੇਲ਼ੇ ਦੇਵ ਗੁਰਦੁਆਰੇ ਚਲਾ ਗਿਆ। ਲਾਊਡ ਸਪੀਕਰ ਵਿੱਚੋਂ ਰਹਿਰਾਸ ਸਾਹਿਬ ਦੇ ਪਾਠ ਦੀ ਅਵਾਜ਼ ਉੱਧਰਲੀ ਹਵਾ ਹੋਣ ਕਰਕੇ ਉਨ੍ਹਾਂ ਦੇ ਬਲਾਕ ਤੱਕ ਆ ਰਹੀ ਸੀ। ਅਵਾਜ਼ ਦੀ ਸੇਧ ਵਿਚ ਹੀ ਉਹ ਗੁਰਦੁਆਰੇ ਪੁੱਜ ਗਿਆ। ਅਵਾਜ਼ ਬੜੀ ਮਿੱਠੀ ਤੇ ਲੈਅ-ਬੱਧ ਸੀ। ਅੱਖਰ ਅੱਖਰ ਸਮਝ ਆ ਰਿਹਾ ਸੀ। ਗੁਰਦੁਆਰੇ ਦਾ ਬਰਾਂਡਾ ਕਾਫੀ ਲੰਬਾ ਅਤੇ ਚੌੜਾ ਸੀ ਪਰ ਮਹਾਰਾਜ ਦੇ ਪ੍ਰਕਾਸ਼ ਵਾਲ਼ਾ ਕਮਰਾ ਛੋਟਾ ਹੀ ਸੀ। ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਨਿੱਕੀ-ਨਿੱਕੀ ਦਾੜ੍ਹੀ ਵਾਲ਼ਾ ਵੀਹ-ਇੱਕੀ ਸਾਲਾ ਖ਼ੂਬਸੂਰਤ ਮੁੰਡਾ ਪਾਠ ਕਰ ਰਿਹਾ ਸੀ। ਪਾਠ ਉਸ ਦੇ ਜ਼ੁਬਾਨੀ ਯਾਦ ਹੋਣ ਕਰਕੇ ਉਸ ਦੀ ਨਿਗਾਹ ਐਧਰ-ਉੱਧਰ ਘੁੰਮ ਰਹੀ ਸੀ। ਦੇਵ ਮੱਥਾ ਟੇਕਣ ਲੱਗਾ ਤਾਂ ਉਸ ਨੇ ਉਸ ਵੱਲ ਵੀ ਗਹੁ ਨਾਲ਼ ਦੇਖਿਆ। ਸੰਗਤ ਵਿਚ ਮਰਦਾਂ-ਔਰਤਾਂ ਨਾਲੋਂ ਮੁੰਡੇ ਕੁੜੀਆਂ ਦੀ ਗਿਣਤੀ ਵੱਧ ਸੀ। ਪੰਜਾਬ ਤੋਂ ਬਿਲਕੁਲ ਉਲ਼ਟ ਸਿੱਖ ਮੁੰਡਿਆਂ' ਚੋਂ ਕਿਸੇ ਨੇ ਵੀ ਆਪਣੀ ਦਾਹੜੀ ਨਹੀਂ ਸੀ ਕੱਟੀ ਹੋਈ। ਪਾਠ ਦੀ ਸਮਾਪਤੀ ਮਗਰੋਂ ਦੋ ਕੁੜੀਆਂ ਹਰਮੋਨੀਅਮ ਅਤੇ ਤਬਲੇ ਨਾਲ਼ ਸ਼ਬਦ ਗਾਇਨ ਕਰਨ ਲੱਗ ਪਈਆਂ- ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ। ਉਨ੍ਹਾਂ ਦੀ ਅਵਾਜ਼ ਤੇ ਸਾਜ਼ਾਂ ਦੇ ਤਾਲਮੇਲ ਨੇ ਦੇਵ ਨੂੰ ਵੈਰਾਗ ਅਵੱਸਥਾ ਵਿਚ ਲੈ ਆਂਦਾ। ਉਸ ਦੀਆਂ ਅੱਖਾਂ ਬੰਦ ਹੋ ਗਈਆਂ। ਸ਼ਬਦ ਦਾ ਅੱਖਰ ਅੱਖਰ ਜਿਵੇਂ ਉਸਨੂੰ ਝੰਜੋੜਨ ਲੱਗਾ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਮਾਛੀਵਾੜੇ ਦੇ ਜੰਗਲਾਂ ਵਿਚ ਟਿੰਡ ਦਾ ਸਿਰਹਾਣਾ ਲਾਈ ਪਿਆਂ ਦੀ ਮੂਰਤ ਉਸ ਦੇ ਦਿਮਾਗ ਵਿਚ ਇੰਨ-ਬਿੰਨ ਸਾਕਾਰ ਹੋ ਗਈ। ਦੇਵ ਦੇ ਪਿੰਡੋਂ ਅੱਧੇ ਮੀਲ ਦੀ ਵਿੱਥ ਤੋਂ ਮੁਗਲਾਂ ਦੇ ਘੇਰੇ' ਚੋਂ ਨਿਕਲ਼ ਤਾੜੀ ਮਾਰ ਕੇ ਗੁਰੂ ਜੀ ਉਸ ਦੇ ਪਿੰਡੋਂ ਹੁੰਦੇ ਹੋਏ ਮਾਛੀਵਾੜੇ ਪੁੱਜੇ ਸਨ। ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਵਿਚ ਸ਼ਹੀਦ ਹੋ ਚੁੱਕੇ ਸਨ। ਉਨ੍ਹਾਂ ਤੋਂ ਛੋਟੇ ਦੋਨੋਂ ਗੁਜਰੀ ਮਾਂ ਸਮੇਤ ਵਿੱਛੜ ਗਏ ਸਨ। ਅਜਿਹੇ ਪਲਾਂ ਵਿਚ ਹੀ ਉਸ ਮਹਾਨ ਸ਼ਬਦ ਦੀ ਸਿਰਜਣਾ ਹੋਈ... ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ। ਨਿੱਕੇ ਨਿੱਕੇ ਹੰਝੂ ਦੇਵ ਦੀਆਂ ਅੱਖਾਂ' ਚੋਂ ਟਪਕੇ। ਸ਼ਬਦ ਦੀ ਸਮਾਪਤੀ ਹੋਈ ਤਾਂ ਉਹ ਗੁਰਦੁਆਰੇ' ਚ ਪਰਤਿਆ। ਉਸ ਦੀ ਨਿਗਾਹ ਸ਼ਬਦ ਗਾਉਣ ਵਾਲ਼ੀਆਂ ਕੁੜੀਆਂ ਵੱਲ ਗਈ ਤਾਂ ਹੈਰਾਨ ਰਹਿ ਗਿਆ। ਹਰਮੋਨੀਅਮ ਵਾਲ਼ੀ ਕੁੜੀ ਤਾਂ ਉਸ ਦੀ ਕਲਾਸ ਫ਼ੈਲੋ ਸਿਮਰਜੀਤ ਸੀ। 'ਇਹ ਐਥੇ ਕਿਵੇਂ?' ਦੇਵ ਦੇ ਬੁੱਲ੍ਹ ਕੰਬੇ।

ਸਿਮਰਜੀਤ ਨਾਂ ਉਸ ਨੇ ਦਾਖ਼ਲੇ ਸਮੇਂ ਬੋਰਡ ਤੇ ਲੱਗੀ ਲਿਸਟ ਵਿਚ ਪੜ੍ਹ ਲਿਆ ਸੀ, ਪਰ ਉਸ ਨਾਲ਼ ਮੁਲਾਕਾਤ ਬੜੀ ਦੇਰ ਮਗਰੋਂ ਹੋਈ। ਇਕ ਦਿਨ ਫਜ਼ਿਕਸ ਪ੍ਰੈਕਟੀਕਲ

ਸਮੇਂ ਦੇਵ ਦੀ ਸੀਟ ਅਚਾਨਕ ਹੀ ਸਿਮਰਜੀਤ ਦੇ ਨਾਲ਼ ਆ ਗਈ। ਉਸ ਦਾ ਸਟੀਲ ਦਾ ਕੜਾ ਹੱਥ ਦੇ ਗੁੱਟ ਉੱਤੇ ਉਤਰ ਆਇਆ ਦੇਖ ਦੇਵ ਨੇ ਪੁੱਛਿਆ, 'ਤੁਸੀਂ ਪੰਜਾਬੀ ਹੋ?'

'ਭਾਈ ਸਾਹਬ, ਆਪ ਕੋ ਕਿਸ ਨੇ ਕਹਾ?' ਉਹ ਮੁਸਕਰਾਈ।

'ਤੁਹਾਡੇ ਕੜੇ ਨੇ। ਤੁਸੀਂ ਸਿਮਰਨ ਹੋ ਨਾ?'

'ਸਿਮਰਨ ਨਹੀਂ, ਸਿਮਰਜੀਤ।' ਉਹ ਹੱਸੀ।

'ਲਗਦਾ ਏ ਪਹਿਲਾਂ ਤੋਂ ਹੀ ਆਗਰੇ' ਚ ਰਹਿੰਦੇ ਹੋ।'

'ਲਗਤਾ ਕੈਸੇ ਹੈ?' ਉਸ ਨੇ ਚਿਹਰਾ ਚੁੱਕ ਕੇ ਅੱਖਾਂ ਘੁਮਾਈਆਂ।

'ਇਕ ਪੰਜਾਬੀ ਨਾਲ਼ ਵੀ ਹਿੰਦੀ' ਚ ਬੋਲ ਰਹੇ ਹੋ।' ਦੇਵ ਨੇ ਕਿਹਾ।

ਦੇਵ ਦੇ ਕਹਿਣ ਉੱਤੇ ਉਹ 'ਸੌਰੀ ਭਾ ਜੀ' ਕਹਿਕੇ ਹੱਸੀ ਤੇ ਦੇਵ ਨੂੰ ਦੱਸਿਆ ਕਿ ਉਸਦਾ ਜਨਮ ਆਗਰੇ ਵਿਚ ਹੀ ਹੋਇਆ ਸੀ। ਉਹ ਪੰਜਾਬੀ ਬੋਲ ਤਾਂ ਲੈਂਦੀ ਹੈ, ਪਰ ਲਿਖਣੀ ਪੜ੍ਹਨੀ ਘੱਟ ਹੀ ਆਉਂਦੀ ਹੈ। ਉਨ੍ਹਾਂ ਦੇ ਘਰ ਵਿਚ ਵੀ ਹਿੰਦੀ ਹੀ ਚਲਦੀ ਹੈ ਤੇ ਗੁਟਕਾ ਵੀ ਹਿੰਦੀ ਵਿਚ ਛਪਿਆ ਹੀ ਪੜ੍ਹਦੇ ਹਨ।

'ਤੁਹਾਡੇ ਮੰਮੀ ਡੈਡੀ ਪੜ੍ਹ ਸਕਦੇ ਨੇ ਪੰਜਾਬੀ?'

'ਹਾਂ ਜੀ।'

'ਫਿਰ ਤੁਹਾਨੂੰ ਨਹੀਂ ਸਿਖਾਈ? ਮਾੜੀ ਗੱਲ ਏ।'

'ਹਾਂ ਜੀ, ਮਾੜੀ ਗੱਲ ਤਾਂ ਹੈ ਹੀ।' ਉਹ ਮੁਸਕਰਾਈ।

'ਬੋਲ ਤਾਂ ਲੈਂਦੇ ਹੀ ਹੋ। ਮਿਹਰਬਾਨੀ ਕਰ ਕੇ ਮੇਰੇ ਨਾਲ਼ ਪੰਜਾਬੀ ਵਿਚ ਗੱਲ ਕਰ ਲਿਆ ਕਰੋ।'

'ਮੈਂ ਕਿਉਂ ਕਰਾਂ ਗੱਲ ਤੁਹਾਡੇ ਨਾਲ਼?' ਉਹ ਜ਼ਰਾ ਕੁ ਹੱਸੀ ਤੇ ਪ੍ਰੈਕਟੀਕਲ ਕਰਨ' ਚ ਰੁਝ ਗਈ। ਦੇਵ ਵੀ ਚੁੱਪ ਕਰ ਗਿਆ ਸੀ, ਉਹ ਸ਼ਾਇਦ ਬੁਰਾ ਮਨਾ ਗਈ ਸੀ।

ਉਸ ਮਗਰੋਂ ਦੇਵ ਨੇ ਬਹੁਤ ਵਾਰੀ ਕੋਸ਼ਿਸ਼ ਕੀਤੀ ਕਿ ਸਿਮਰਜੀਤ ਨਾਲ਼ ਕੋਈ ਗੱਲ ਕਰੇ, ਪਰ ਉਹ ਬੁਰਕੇ ਵਾਲ਼ੀਆਂ ਕੁੜੀਆਂ' ਚੋਂ ਹੀ ਨਾ ਨਿਕਲਿਆ ਕਰੇ। ਦੇਵ ਨੂੰ ਸਭ ਨਾਲ਼ ਅੰਗਰੇਜ਼ੀ ਜਾਂ ਹਿੰਦੀ ਵਿਚ ਹੀ ਗੱਲ ਕਰਨੀ ਪੈਂਦੀ ਸੀ। ਗੱਲ ਖੁੱਲ੍ਹ ਕੇ ਹੋ ਨਾ ਸਕਦੀ ਤੇ ਗੱਲ ਦਾ ਵੀ ਜਿਵੇਂ ਸੁਆਦ ਹੀ ਮਾਰਿਆ ਜਾਂਦਾ। ਕਾਲਜ ਤੋਂ ਬਾਹਰ ਵੀ ਉਹ ਬਹੁਤੇ ਸਰਦਾਰਾਂ ਨੂੰ ਆਪਸ ਵਿਚ ਹਿੰਦੀ ਵਿਚ ਹੀ ਗੱਲਾਂ ਕਰਦੇ ਦੇਖਦਾ। ਉਸ ਦੀ ਹਮੇਸ਼ਾ ਇੱਛਾ ਰਹਿੰਦੀ ਕਿ ਉਸ ਨੂੰ ਕੋਈ ਪੰਜਾਬੀ ਵਿਚ ਗੱਲਾਂ ਕਰਨ ਵਾਲ਼ਾ ਬੰਦਾ ਮਿਲੇ ਤੇ ਉਹ ਆਪਣੇ ਅੰਦਰ ਪੈ ਰਹੇ ਅਣਦਿਖਦੇ ਖੱਪੇ ਨੂੰ ਪੂਰ ਲਵੇ। ਉਹ ਜਾਣਬੁੱਝ ਕੇ ਸਿਮਰਜੀਤ ਦੇ ਰਾਹ ਵਿਚ ਖੜ੍ਹਦਾ, ਪਰ ਉਹ ਕੋਈ ਤਵੱਕੋ ਹੀ ਨਾ ਦਿੰਦੀ। ਉਸ ਦੀ ਬੇਰੁਖੀ ਦੇਖ ਉਸ ਨੂੰ ਆਪਣਾ ਆਪ ਕੋਝਾ ਕੋਝਾ ਲਗਦਾ। ਉਹ ਸੋਚਦਾ ਕਿ ਸਿਮਰਜੀਤ ਨੂੰ ਆਪਣੇ ਸੋਹਣੀ ਹੋਣ ਤੇ ਮਾਣ ਹੋਵੇਗਾ। ਰੂਪ ਰੰਗ ਤੇ ਹੁਸਨ ਦਾ ਅਭਿਮਾਨ ਕਰਦੀ ਹੋਵੇਗੀ ਉਹ। ਅਜਿਹੀ ਸੋਚ ਦਾ ਕੌੜਾ ਜਿਹਾ ਘੁੱਟ ਭਰ ਕੇ ਉਹ ਸਬਰ ਕਰ ਲੈਂਦਾ।

ਆਰਤੀ ਅਤੇ ਕੀਰਤਨ ਸੋਹਿਲੇ ਮਗਰੋਂ ਗਿਆਨੀ ਜੀ ਨੇ ਅਰਦਾਸ ਕੀਤੀ। ਦੇਵ ਪ੍ਰਸ਼ਾਦ ਲੈਣ ਮਗਰੋਂ ਬਰਾਂਡੇ ਵਿਚ ਜਾ ਖੜ੍ਹਿਆ ਤੇ ਦੀਵਾਰ ਉੱਤੇ ਸਿੱਖ ਇਤਿਹਾਸ ਦੇ, ਲੂ-

ਕੰਡੇ ਖੜ੍ਹੇ ਕਰ ਦੇਣ ਵਾਲ਼ੇ ਚਿੱਤਰ ਦੇਖਣ ਲੱਗ ਪਿਆ। ਅੱਜ ਉਸ ਦਾ ਮਨ ਕਹਿੰਦਾ ਸੀ ਕਿ ਸਿਮਰਜੀਤ ਉਸ ਕੋਲ਼ ਜ਼ਰੂਰ ਰੁਕੇਗੀ ਤੇ ਉਸਦੇ ਉੱਥੇ ਹੋਣ ਕਰਕੇ ਹੈਰਾਨੀ ਦਾ ਪ੍ਰਗਟਾਵਾ ਕਰੇਗੀ। ਪਰ ਅਜਿਹਾ ਕੁਝ ਵੀ ਨਾ ਹੋਇਆ। ਉਹ ਤੇ ਉਹਦੇ ਨਾਲ਼ ਦੀ ਕੁੜੀ ਬਿਨਾਂ ਉਸ ਵੱਲ ਦੇਖੇ ਉੱਥੋਂ ਲੰਘ ਗਈਆਂ। ਫਿਰ ਉਹ ਸੋਚਣ ਲੱਗਾ ਕਿ ਸਿਮਰਜੀਤ ਨੇ ਸ਼ਾਇਦ ਉਸ ਨੂੰ ਦੇਖਿਆ ਹੀ ਨਾ ਹੋਵੇ, ਕਿਉਂਕਿ ਸ਼ਬਦ ਗਾਇਨ ਸਮੇਂ ਉਹਦੇ ਨਾਲ਼ ਦੀ ਕੁੜੀ ਤਬਲਾ ਵਜਾਉਂਦੀ ਐਧਰ-ਉੱਧਰ ਦੇਖਦੀ ਰਹੀ ਸੀ ਜਦ ਕਿ ਸਿਮਰਜੀਤ ਨੇ ਆਪਣੀਆਂ ਅੱਖਾਂ ਬੰਦ ਹੀ ਰੱਖੀਆਂ ਸਨ। ਲੱਗਭਗ ਸਾਰੀ ਸੰਗਤ ਪ੍ਰਸ਼ਾਦ ਲੈਕੇ ਆਪੋ-ਆਪਣੇ ਘਰਾਂ ਨੂੰ ਜਾ ਚੁੱਕੀ ਸੀ। ਗੁਰਦੁਆਰੇ ਦਾ ਗ੍ਰੰਥੀ ਜਿਸ ਦਾ ਨਾਂ ਮੋਹਰ ਸਿੰਘ ਸੀ ਦੇਵ ਦੇ ਲਾਗੇ ਆ ਗਿਆ ਤੇ ਫ਼ਤਹਿ ਬੁਲਾ ਕੇ ਪੁੱਛਿਆ, 'ਕਿੱਥੇ ਰਹਿੰਦੇ ਹੋ ਕਾਕਾ ਜੀ?'

'ਜੀ, ਇਕ ਸੌ ਚਾਰ ਬਲਾਕ ਵਿੱਚ।'

'ਕੀ ਕਾਰੋਬਾਰ ਏ?'

'ਮੇਰੇ ਵੱਡੇ ਭਰਾ ਰਾਮ ਸਿੰਘ ਸੀ. ਓ. ਡੀ. ਵਿਚ ਨੌਕਰੀ ਕਰਦੇ ਨੇ।'

'ਅੱਛਾ ਅੱਛਾ... ਜਾਣਦਾ ਏਂ ਮੈਂ ਉਨ੍ਹਾਂ ਨੂੰ... ਉਨ੍ਹਾਂ ਨੇ ਤਾਂ ਮੇਰਾ ਰੇਡਿਓ ਬਣਾਇਆ ਸੀ। ਉਨ੍ਹਾਂ ਦੇ ਘਰੋਂ ਬੀਬੀ ਜੀ ਆਇਆ ਕਰਦੇ ਨੇ ਗੁਰਦੁਆਰੇ। ਤੁਸੀਂ ਆਪ ਕੀ ਕਰਦੇ ਹੋ?'

'ਜੀ ਮੈਂ ਆਗਰਾ ਕਾਲਜ ਤੋਂ ਬੀ. ਐਸਸੀ. ਕਰ ਰਿਹਾ ਏਂ।'

'ਬੀ. ਐਸਸੀ. ?' ਉਸ ਨੂੰ ਜਿਵੇਂ ਵਿਸ਼ਵਾਸ ਨਾ ਆਇਆ ਹੋਵੇ। ਉਸਨੇ ਹੈਰਾਨ ਹੋ ਕੇ ਦੇਵ ਵੱਲ ਦੇਖਿਆ। ਫਿਰ ਕਿਹਾ, ਕਿ ਉਸ ਦੇ ਤਾਂ ਅਜੇ ਦਾੜ੍ਹੀ-ਮੁੱਛ ਵੀ ਨਹੀਂ ਸੀ ਫੁੱਟੀ, ਐਡੀ ਵੱਡੀ ਕਲਾਸ ਵਿਚ ਕਿਵੇਂ ਹੋ ਗਿਆ। ਉਸ ਨੇ ਉਸ ਦਾ ਨਾਂ ਪੁੱਛਿਆ। ਉਸ ਨੇ 'ਦੇਵ' ਕਿਹਾ ਤਾਂ ਉਹ ਬੋਲਿਆ, 'ਸਰਦਾਰ ਦੇਵ ਸਿੰਘ ਕਹੋ ਜੀ।'

ਗਿਆਨੀ ਜੀ ਨੇ ਦੇਵ ਦੇ ਦੋਨੋਂ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ ਤੇ ਬੋਲਿਆ, 'ਆਓ, ਦਾਸ ਦੇ ਗ੍ਰਹਿ ਚਰਨ ਪਾਓ।'

ਉਹ ਉਸ ਦੇ ਮੋਢੇ ਤੇ ਹੱਥ ਧਰ ਕੇ ਗੁਰਦੁਆਰੇ ਦੇ ਪਿਛਲੇ ਪਾਸੇ ਬਣੇ ਆਪਣੇ ਦੋ ਕਮਰਿਆਂ ਵਾਲ਼ੇ ਮਕਾਨ' ਚ ਲੈ ਗਿਆ। ਅੰਦਰ ਪਲੰਘ ਤੇ ਬੈਠਾ ਇਕ ਨਿੱਕੀ ਨਿੱਕੀ ਘੁੰਗਰਾਲ਼ੀ ਦਾੜ੍ਹੀ ਵਾਲ਼ਾ ਕਣਕ-ਵੰਨੇ ਰੰਗ ਦਾ ਮੁੰਡਾ ਬੈਂਜੋ ਵਜਾ ਰਿਹਾ ਸੀ ਤੇ ਇਕ ਗੋਰੇ ਚਿੱਟੇ ਰੰਗ ਵਾਲ਼ੀ ਸੁਹਣੀ-ਸੁਨੱਖੀ ਤਿੱਖੇ ਨਕਸ਼ਾਂ ਵਾਲ਼ੀ ਮੁਟਿਆਰ ਨੀਲੇ ਰੰਗ ਦੀ ਕੇਸਕੀ ਬੰਨ੍ਹੀ ਮੇਜ਼ ਤੇ ਬੈਠੀ ਨੇਲ ਕਟਰ ਨਾਲ਼ ਆਪਣੇ ਨਹੁੰ ਕੱਟ ਰਹੀ ਸੀ। ਕੇਸਕੀ ਹੇਠ ਉਸ ਦਾ ਭਾਰਾ ਜੂੜਾ ਇਉਂ ਲੱਗ ਰਿਹਾ ਸੀ ਜਿਵੇਂ ਮਖ਼ੀਰ ਦੀ ਪੋਲ਼ੀ ਹੋਵੇ। ਉਹ ਅੰਦਰ ਵੜੇ ਤਾਂ ਦੋਨੋਂ ਆਪਣਾ ਕੰਮ ਛੱਡ ਉੱਠ ਖੜ੍ਹੇ ਹੋਏ ਤੇ ਇਕੱਠਿਆਂ ਨੇ ਹੀ ਦੇਵ ਨੂੰ ਹੱਥ ਜੋੜ ਕੇ ਸਤਿ 'ਸ੍ਰੀ ਅਕਾਲ ਬੁਲਾਈ।'

'ਇਹ ਮੇਰਾ ਬੇਟਾ ਗਿਆਨ ਏਂ ਤੇ ਪਤਨੀ ਜੋਧ ਕੌਰ। ਇਹ ਸਰਦਾਰ ਦੇਵ ਸਿੰਘ ਨੇ ਆਗਰਾ ਕਾਲਜ' ਚੋਂ ਬੀ. ਐਸਸੀ. ਕਰ ਰਹੇ ਨੇ।' ਗਿਆਨੀ ਜੀ ਨੇ ਤਵਾਰਫ਼ ਕਰਵਾਇਆ।

ਦੇਵ ਨੂੰ ਸਮਝ ਹੀ ਨਾ ਆਈ ਕਿ ਜੋਧ ਕੌਰ ਨਾਂ ਦੀ ਉਹ ਮੁਟਿਆਰ ਕਿਸ ਦੀ ਪਤਨੀ ਸੀ। ਗਿਆਨੀ ਜੀ ਤਾਂ ਉਸ ਦਾ ਪਿਉ ਲਗਦਾ ਸੀ।

'ਗਿਆਨ ਲਿਆ ਬਈ ਕੁਝ ਖੁਆ-ਪਿਆ ਵੀਰ ਜੀਆਂ ਨੂੰ।' ਗਿਆਨੀ ਜੀ ਨੇ ਕਿਹਾ ਤਾਂ ਉਹ ਦੋਨੋਂ ਜਣੇ ਉੱਠ ਕੇ ਰਸੋਈ ਵਿਚ ਜਾ ਵੜੇ। ਉਹ ਦੇਵ ਕੌਲ ਬਹਿੰਦਾ ਬੋਲਿਆ, 'ਗਿਆਨ ਦੀ ਮਾਂ ਦਾ ਦਿਹਾਂਤ ਹੋ ਗਿਆ ਸੀ, ਜੋਧ ਕੌਰ ਮੇਰੀ ਦੂਜੀ ਪਤਨੀ ਏਂ।'

ਗਿਆਨ ਨੇ ਕਾਜੂ ਅਤੇ ਪਿਸਤਿਆਂ ਵਾਲ਼ੀ ਟਰੇਅ ਉਨ੍ਹਾਂ ਮੂਹਰੇ ਪਏ ਸਟੂਲ ਤੇ ਲਿਆ ਧਰੀ। ਦੇਵ ਨੇ ਪਹਿਲਾਂ ਪਿਸਤੇ ਦੇਖੇ ਤਾਂ ਹੋਏ ਸਨ, ਪਰ ਖਾਧੇ ਕਦੀ ਨਹੀਂ ਸਨ। ਉਸ ਨੂੰ ਇਨ੍ਹਾਂ ਦਾ ਨਾਂ ਵੀ ਚੇਤੇ ਨਹੀਂ ਸੀ ਆ ਰਿਹਾ। ਸੋਚਦੇ ਸੋਚਦੇ ਉਸ ਨੂੰ ਆਪਣੇ ਜੀਜੇ ਪਰੇਮ ਕੋਲ਼ ਪੜ੍ਹੇ ਕਿੱਸੇ ਵਿਚਲੇ ਸ਼ਬਦ ਯਾਦ ਆ ਗਏ ਪਿਸਤੇ-ਬਦਾਮ ਪਾਕੇ ਰਿੰਨ੍ਹੀ ਖੀਰ ਜੀ, ਚੂਚਕੇ ਦਾ ਅੱਜ ਆ ਗਿਆ ਅਖੀਰ ਜੀ। ਇਹ ਪਿਸਤੇ ਹੀ ਸਨ, ਪਰ ਇਨ੍ਹਾਂ ਨੂੰ ਖਾਣ ਦੀ ਜਾਚ ਦੇਵ ਨੂੰ ਨਹੀਂ ਸੀ। ਨਿੱਕੀਆਂ ਸਿੱਪੀਆਂ ਵਾਂਗ ਉਨ੍ਹਾਂ ਦੇ ਮੂੰਹ ਖੁੱਲ੍ਹੇ ਹੋਏ ਸਨ ਤੇ ਗਿਰੀਆਂ ਬਾਹਰ ਝਾਕ ਰਹੀਆਂ ਸਨ। ਕਿੰਨੀ ਸਖ਼ਤ ਚਮੜੀ ਵਿਚ ਉਹ ਮਹਿਫੂਜ਼ ਬੈਠੀਆਂ ਸਨ। ਗਿਆਨੀ ਮੋਹਰ ਸਿੰਘ ਮੁੜ ਮੁੜ ਟਰੇਅ ਚੁੱਕ ਕੇ ਦੇਵ ਦੇ ਮੂਹਰੇ ਕਰੀ ਗਿਆ, ਉਹ ਹਰ ਵਾਰੀ ਇਕ ਕਾਜੂ ਚੁੱਕ ਕੇ ਆਪਣੇ ਮੂੰਹ' ਚ ਪਾਈ ਗਿਆ।

'ਪਿਸਤੇ ਵੀ ਲਓ ਜੀ।' ਅੰਤ ਗਿਆਨੀ ਜੀ ਨੇ ਕਹਿ ਹੀ ਦਿੱਤਾ।

'ਕੋਈ ਨਾ ਤੁਸੀਂ ਲਓ ਜੀ ਪਹਿਲਾਂ।' ਦੇਵ ਨੇ ਕਿਹਾ।

ਦੇਵ ਨੂੰ ਇਹ ਗੱਲ ਰਾਮ ਸਿੰਘ ਨੇ ਹੀ ਕਹੀ ਸੀ ਕਿ ਦੂਜਿਆਂ ਦੀ ਸੰਗਤ ਵਿਚ ਜਦੋਂ ਖਾਂਦੇ ਹੋ ਹਾਬੜਿਆਂ ਵਾਂਗ ਨਾ ਪਓ। ਆਪਣੇ ਆਪ ਤੇ ਕੰਟਰੋਲ ਰੱਖੋ। ਆਪਣਾ ਭੋਖੜਾ ਨਾ ਦਿਖਾਓ। ਕੁਤਾਹੀ ਕਰਨ ਤੇ ਇਕ ਵਾਰੀ ਦੇਵ ਨੂੰ ਡਾਂਟ ਵੀ ਪਈ ਸੀ। ਘਰੇ ਕੋਈ ਮਹਿਮਾਨ ਆਇਆ ਹੋਇਆ ਸੀ। ਰੋਟੀ ਪਰੋਸਣ ਤੋਂ ਪਹਿਲਾਂ ਹੀ ਜਿੰਦਰ ਖੀਰੇ, ਮੂਲੀ, ਟਮਾਟਰ ਬਗੈਰਾ ਕੱਟ ਕੇ ਸਲਾਦ ਦੀ ਪਲੇਟ ਮਹਿਮਾਨ ਮੂਹਰੇ ਧਰ ਗਈ। ਮਹਿਮਾਨ ਨੇ ਖੀਰੇ ਦਾ ਇਕ ਟੁਕੜਾ ਚੁੱਕ ਕੇ ਆਪਣੇ ਮੂੰਹ ਵਿਚ ਪਾ ਲਿਆ। ਕੋਲ਼ ਬੈਠੇ ਦੇਵ ਨੇ ਟਮਾਟਰ ਦਾ ਪੀਸ ਚੁੱਕ ਕੇ ਆਪਣੇ ਮੂੰਹ ਵਿਚ ਪਾ ਲਿਆ। ਫਿਰ ਮੂਲੀ ਅਤੇ ਟਮਾਟਰ ਦੇ ਟੁਕੜੇ ਮਹਿਮਾਨ ਨੇ ਚੁੱਕੇ ਤਾਂ ਦੇਵ ਨੇ ਵੀ ਉਸ ਦੀ ਰੀਸ ਕੀਤੀ। ਦੇਵ ਦਾ ਵੀਰ ਜੀ ਉੱਠ ਕੇ ਬਰਾਂਡੇ ' ਚ ਚਲਾ ਗਿਆ ਤੇ ਬਾਹਰ ਜਾਕੇ ਦੇਵ ਨੂੰ ਸੱਦ ਕੇ ਡਾਂਟਣ ਲੱਗਾ, 'ਬੇਵਕੂਫ਼ ਬੰਦੇ ਤੇਰਾ ਡਉਂ ਫੁੱਟਿਆ ਹੋਇਆ ਏ? ਤੂੰ ਦੋ ਮਿੰਟ ਸਬਰ ਨਹੀਂ ਕਰ ਸਕਦਾ ਖਾਣ ਤੋਂ? ਐਨੀ ਭੁੱਖ ਦਿਖਾਉਂਦਾ ਏਂ, ਜਿਵੇਂ ਕਦੀ ਸਲਾਦ ਨਹੀਂ ਦੇਖਿਆ ਹੁੰਦਾ।'

ਆਖਿਰ ਗਿਆਨੀ ਜੀ ਨੇ ਇਕ ਪਿਸਤਾ ਚੁਕਿਆ ਤੇ ਮੂੰਗਫਲੀ ਵਾਂਗ ਖੋਹਲ ਕੇ ਗਿਰੀ ਮੂੰਹ ਵਿਚ ਸੁੱਟ ਲਈ। ਦੇਵ ਨੇ ਵੀ ਉਸ ਦੀ ਰੀਸ ਕੀਤੀ। ਗਿਆਨੀ ਦੀ ਨੌਜਵਾਨ ਵਹੁਟੀ ਦੁੱਧ ਦਾ ਭਰਿਆ ਗਿਲਾਸ ਦੇਵ ਦੇ ਅੱਗੇ ਰੱਖ ਗਈ ਤੇ ਉਸ ਨੂੰ ਬੋਲੀ, 'ਜ਼ਰਾ ਅੰਦਰ ਆਉਣਾ।'

ਗਿਆਨੀ ਜੀ ਗਿਆ ਤਾਂ ਗਿਆਨ ਦੇਵ ਦੇ ਲਾਗੇ ਆ ਬੈਠਿਆ ਤੇ ਪਿਸਤੇ ਖਾਣ ਲੱਗਾ।

'ਵੀਰ ਜੀ ਪਹਿਲੀ ਵਾਰੀ ਆਏ ਹੋ ਗੁਰਦੁਆਰੇ? ਕਦੀ ਦੇਖਿਆ ਨ੍ਹੀ ਤੁਹਾਨੂੰ।' ਉਹ ਬੋਲਿਆ।

'ਤਾਂ ਹੀ ਨ੍ਹੀ ਦੇਖਿਆ।' ਦੇਵ ਨੇ ਕਿਹਾ।

'ਲਓ ਲਓ ਤੁਸੀਂ ਕੁਝ ਖਾਂਦੇ ਤਾਂ ਹੈ ਨਹੀਂ।' ਉਸ ਨੇ ਟਰੇਅ ਦੇਵ ਦੇ ਮੂਹਰੇ ਕੀਤੀ।

ਗਿਆਨੀ ਜੀ ਫਿਰ ਆ ਗਏ ਤੇ ਬੋਲੇ, 'ਸਰਦਾਰ ਦੇਵ ਸਿੰਘ, ਇਕ ਬੇਨਤੀ ਕਰਨ ਲੱਗਾ ਹਾਂ। ਜਵਾਬ ਨਾ ਦੇਣਾ। ਮੇਰੇ ਤੇ ਕਿਰਪਾ ਕਰ ਦੇਣੀ।'

ਦੇਵ ਨੇ ਸੋਚਿਆ ਕਿ ਚੁਸਤ-ਚਲਾਕ ਬੰਦੇ ਖੁਆ ਪਿਆ ਕੇ ਕੋਈ ਵਗਾਰ ਪਾ ਦਿਆ ਕਰਦੇ ਹਨ। ਪਰ ਉਸ ਨੇ ਕੀ ਵਗਾਰ ਪਾਉਣੀ ਸੀ। ਉਹ ਕਿਸੇ ਲਈ ਕਰ ਹੀ ਕੀ ਸਕਦਾ ਸੀ।

'ਹੁਕਮ ਕਰੋ ਗਿਆਨੀ ਜੀ।' ਦੇਵ ਨੇ ਕਿਹਾ।

'ਹੁਕਮ ਨਹੀਂ ਬੇਨਤੀ। ਨਿਮਾਣੇ ਸਿੱਖ ਵੱਲੋਂ ਬੇਨਤੀ ਹੈ ਗੁਰਮੁਖੋ। ਤੁਸੀਂ ਮੇਰੇ ਇਸ ਬੇਟੇ ਦਾ ਬੇੜਾ ਬੰਨੇ ਲਾ ਦਿਓ। ਇਸ ਨੇ ਪ੍ਰਾਈਵੇਟ ਦਸਵੀਂ ਦੇ ਪੇਪਰ ਦੇਣੇ ਨੇ। ਤੁਸੀਂ ਇਕ ਘੰਟਾ ਰੋਜ਼ ਦੇ ਦਿਓ ਤਾਂ ਤੁਹਾਡਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁਲਾਉਂਦਾ। ਫੀਸ ਜੋ ਹੁਕਮ ਕਰੋਗੇ ਦੇ ਦਿਆਂਗਾ।'

'ਜੀ ਮੇਰੀ ਪੜ੍ਹਾਈ ਬੀ. ਐਸ. ਸੀ. ਦੀ ਹੈ। ਟਾਈਮ ਹੁੰਦਾ ਹੀ ਨਹੀਂ। ਫਿਰ ਵੀ ਮੈਂ ਵੀਰ ਜੀ ਨਾਲ਼ ਸਲਾਹ ਕਰਕੇ ਦੱਸਾਂਗਾ।' ਦੇਵ ਨੇ ਕਿਹਾ।

'ਫੇਰ ਤਾਂ ਮੈਂ ਤੁਹਾਡੇ ਨਾਲ਼ ਹੀ ਚਲਦਾ ਹ।'

'ਜੀ ਹੁਣ ਤਾਂ ਮੈਂ ਕਿੱਧਰੇ ਹੋਰ ਪਾਸੇ ਜਾਣਾ ਏਂ। ਮੈਂ ਕੱਲ੍ਹ ਦੱਸਾਂਗਾ ਤੁਹਾਨੂੰ।' ਕਹਿਕੇ ਦੇਵ ਉੱਠ ਖੜ੍ਹਾ ਹੋਇਆ। ਉਹ ਬਾਹਰ ਨਿਕਲਿਆ ਤਾਂ ਗਿਆਨੀ ਜੀ ਵੀ ਉਸਦੇ ਨਾਲ਼ ਬਾਹਰ ਤੱਕ ਆ ਗਿਆ ਤੇ ਕਹਿਣ ਲੱਗਾ, 'ਗਿਆਨ ਮਾਂ ਬਾਹਰਾ ਰਹਿ ਗਿਆ ਏ। ਥੋੜ੍ਹਾ ਬਾਗੀ ਵੀ ਹੋ ਗਿਆ ਏ। ਦਸਵੀਂ' ਚੋਂ ਹਟ ਕੇ ਸਕੂਲ ਹੀ ਨਹੀਂ ਗਿਆ। ਮੇਰੇ ਵੱਲੋਂ ਦੂਜਾ ਵਿਆਹ ਕਰਾਉਣ ਤੋਂ ਵੀ ਖਫ਼ਾ ਸੀ, ਉਮਰ ਘੱਟ ਏ ਨਾ ਜੋਧ ਦੀ। ਇਹ ਤਾਂ ਉਸ ਨੂੰ ਢੰਗ ਨਾਲ਼ ਬੁਲਾਉਂਦਾ ਵੀ ਨਹੀਂ। ਮੇਰਾ ਕਹਿਣਾ ਵੀ ਘੱਟ ਹੀ ਮੰਨਦਾ ਏ। ਫੇਰ ਵੀ ਮੈਂ ਚਾਹੁੰਦਾ ਹਾਂ ਕਿ ਉਹ ਪੜ੍ਹ ਲਿਖ ਕੇ ਆਪਣੇ ਜੋਗਾ ਹੋ ਜਾਵੇ। ਹੁਣ ਤੁਹਾਡੇ ਤੇ ਡੋਰੀ ਆ ਮੇਰੀ ਤਾਂ।'

'ਕੋਈ ਨਾ ਜੀ, ਵੀਰ ਜੀ ਨਾਲ਼ ਸਲਾਹ ਕਰਾਂਗਾ।' ਦੇਵ ਨੇ ਮੁੜ ਕਿਹਾ ਤੇ ਉੱਥੋਂ ਚੱਲ ਪਿਆ।

**00**

## ਚਹੌਤਰ

ਕੈਪਟਨ ਕਸ਼ਮੀਰਾ ਸਿੰਘ ਵੜੈਚ ਨੂੰ ਮਿਲਣ ਲਈ ਦੇਵ ਚੌਰਾਸੀ ਬਲਾਕ ਦੇ ਗਿਆਰਾਂ ਨੰਬਰ ਕਵਾਰਟਰ ਦੀਆਂ ਪੌੜੀਆਂ ਚੜ੍ਹ ਗਿਆ। ਉਸ ਨੇ ਬਾਹਰਲੇ ਦਰ' ਤੇ ਦਸਤਕ ਦਿੱਤੀ। ਦਰ ਖੁੱਲ੍ਹਿਆ ਤਾਂ ਸਿਮਰਜੀਤ ਨੂੰ ਖੜ੍ਹੀ ਦੇਖ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ।

'ਸਿਮਰਜੀਤ ਤੂੰ?'

'ਦੇਵ ਭਾਜੀ ਤੁਸੀਂ?' ਦੋਨੋਂ ਬੋਲੇ ਤੇ ਇਕ ਦੂਜੇ ਵੱਲ ਦੇਖਣ ਲੱਗੇ। ਗੱਲ ਸਾਫ਼ ਹੋ ਗਈ। ਸਿਮਰਜੀਤ ਕੈਪਟਨ ਦੀ ਹੀ ਕੁੜੀ ਹੋਵੇਗੀ, ਪਰ ਕੈਪਟਨ ਨੇ ਤਾਂ ਉਸ ਬਾਰੇ ਦੇਵ ਨੂੰ ਦੱਸਿਆ ਹੀ ਨਹੀਂ ਸੀ।

'ਸਿਮਰ ਤੁਹਾਡੇ ਡੈਡੀ ਜੀ ਨੂੰ ਮਿਲ਼ਣ ਆਇਆਂ ਹਾਂ।' ਉਹ ਬੋਲਿਆ।

'ਮੇਰੇ ਡੈਡੀ ਜੀ ਨੂੰ?'

'ਜੇ ਉਨ੍ਹਾਂ ਦਾ ਨਾਂ ਕੈਪਟਨ ਕਸ਼ਮੀਰਾ ਸਿੰਘ ਵੜੈਚ ਹੈ ਤਾਂ।'

ਉਸਨੇ ਦਰਵਾਜ਼ੇ ਦੇ ਦੋਨੋਂ ਪੱਲੇ ਫੜ ਲਏ, ਜਿਵੇਂ ਉਸ ਨੂੰ ਅੰਦਰ ਆਉਣੋਂ ਰੋਕਣਾ ਹੋਵੇ। ਫਿਰ ਬੋਲੀ, 'ਕਿਉਂ ਮਿਲਣਾ ਏਂ ਉਨ੍ਹਾਂ ਨੂੰ ਤੁਸੀਂ?'

'ਕੋਈ ਜ਼ਰੂਰੀ ਗੱਲ ਕਰਨੀ ਏਂ ਉਨ੍ਹਾਂ ਨਾਲ਼, ਸ਼ਾਇਦ ਤੇਰੀ ਸ਼ਿਕਾਇਤ ਹੀ ਲਾਉਣੀ ਹੋਵੇ।'

'ਮੇਰੀ ਸ਼ਿਕਾਇਤ?'

'ਹਾਂ, ਤੇਰੀ ਸ਼ਿਕਾਇਤ।'

ਤਦੇ ਅੰਦਰੋਂ ਔਰਤ ਦੀ ਅਵਾਜ਼ ਆਈ, ' ਕੌਣ ਨੇ ਬੇਟਾ? ਦੇਖੋ ਬਾਹਰ।'

ਸਿਮਰਜੀਤ ਦੇਵ ਲਈ ਰਾਹ ਛੱਡ ਕੇ ਪਾਸੇ ਹੋ ਗਈ। ਉਹ ਅੰਦਰ ਲੰਘ ਗਿਆ। ਵਿਹੜੇ' ਚ ਭਖ ਰਹੀ ਪੱਥਰ ਦੇ ਕੋਲਿਆਂ ਦੀ ਅੰਗੀਠੀ' ਚੋਂ ਗਾੜ੍ਹਾ ਭੂਰਾ ਧੂੰਆਂ ਉੱਤੇ ਵੱਲ ਦੌੜ ਰਿਹਾ ਸੀ। ਦੇਵ ਨੇ ਕਮਰੇ ਦੇ ਦਰ ਅੱਗੇ ਖੜ੍ਹ ਕੇ ਅੰਦਰ ਝਾਤ ਮਾਰੀ। ਸਾਮ੍ਹਣੇ ਡਹੇ ਪਲੰਘ ਉੱਤੇ ਬੈਠੀ ਤਬਲਾ ਵਜਾਉਣ ਵਾਲ਼ੀ ਉਹੀ ਕੁੜੀ ਆਲੂ ਛਿੱਲ ਰਹੀ ਸੀ। ਕਛਹਿਰਾ ਤੇ ਬਨੈਣ ਪਾਈ ਇਕ ਕੁਰਸੀ ਉੱਤੇ ਬੈਠਾ ਕੈਪਟਨ ਕੁਝ ਕਾਗਜ਼ਾਂ ਦੀ ਫੋਲਾ-ਫਾਲੀ ਕਰ ਰਿਹਾ ਸੀ। ਉਸ ਦੇ ਸਾਮ੍ਹਣੇ ਬੈਠੇ ਉਸੇ ਮੁੰਡੇ ਨਾਲ਼ ਦੇਵ ਦੀਆਂ ਨਜ਼ਰਾਂ ਭਿੜੀਆਂ, ਜਿਹੜਾ ਗੁਰਦੁਆਰੇ ਵਿਚ ਰਹਿਰਾਸ ਸਾਹਬ ਦਾ ਪਾਠ ਕਰ ਰਿਹਾ ਸੀ। ਦੇਵ ਨੇ ਹੱਥ ਜੋੜ ਕੇ ਉਸ ਨੂੰ 'ਸਤਿ ਸ੍ਰੀ ਅਕਾਲ' ਕਹੀ, ਪਰ ਉਹ ਉਸੇ ਤਰ੍ਹਾਂ ਬੈਠਾ ਦੇਖਦਾ ਰਿਹਾ। ਕੈਪਟਨ ਨੂੰ ਬਿੜਕ ਪਈ ਤਾਂ ਉਹ ਉੱਠ ਖੜ੍ਹਿਆ ਤੇ ਬੋਲਿਆ, 'ਆ ਬਈ ਬੇਟਾ ਦੇਵ, ਕੀ ਹਾਲ ਏ ਤੇਰਾ? ਤੇਰਾ ਆਉਣ ਨੂੰ ਚਿੱਤ ਕਰ ਹੀ ਆਇਆ।'

'ਜੀ ਬੱਸ ਪੜ੍ਹਾਈ' ਚ ਟਾਈਮ ਹੀ ਨੀ ਮਿਲਿਆ। ਗੁਰਦੁਆਰੇ ਆਇਆ ਸੀ, ਸੋਚਿਆ ਤੁਹਾਡੇ ਦਰਸ਼ਨ ਕਰ ਹੀ ਜਾਵਾਂ।' ਦੇਵ ਨੇ ਅੱਗੇ ਵਧ ਕੇ ਉਸ ਦੇ ਪੈਰ ਛੂਹੇ ਤੇ ਲਾਗੇ ਪਈ ਟੀਨ ਦੀ ਕੁਰਸੀ ਉੱਤੇ ਬੈਠ ਗਿਆ।

'ਇਹ ਕਾਕਾ ਤ੍ਰਲੋਚਨ ਸਿੰਘ ਨੇ। ਬੀਮੇ ਦਾ ਕੰਮ ਕਰਦੇ ਨੇ। ਦਰੇਸੀ ਵਿਚ ਟਰੱਕਾਂ ਕਾਰਾਂ ਦੇ ਸਪੇਅਰ ਪਾਰਟਸ ਦੀ ਦੁਕਾਨ ਵੀ ਏ।' ਕੈਪਟਨ ਨੇ ਦੱਸਿਆ।

'ਜੀ ਬੜੀ ਖੁਸ਼ੀ ਹੋਈ ਤੁਹਾਡੇ ਦਰਸ਼ਨ ਕਰ ਕੇ।' ਦੇਵ ਨੇ ਮਿਲਾਉਣ ਲਈ ਹੱਥ ਵਧਾ ਕੇ ਕਿਹਾ। ਤਰਲੋਚਨ ਸਿੰਘ ਨੇ ਆਪਣਾ ਢਿੱਲਾ ਜਿਹਾ ਹੱਥ ਦੇਵ ਦੇ ਹੱਥ ਵਿਚ ਦੇ ਦਿੱਤਾ। ਉਹ ਮੂੰਹੋਂ ਕੁਝ ਵੀ ਨਾ ਬੋਲਿਆ।

'ਦੇਵ ਬੜਾ ਲਾਇਕ ਮੁੰਡਾ ਏ। ਆਗਰਾ ਕਾਲਜ ਵਿਚ ਪੜ੍ਹਦਾ ਏ। ਸ਼ੂਟਿੰਗ ਵਿਚ

ਮੈਡਲ ਲਿਆ ਏ ਇਸ ਨੇ।' ਕੈਪਟਨ ਉਸ ਨੂੰ ਦੱਸਣ ਲੱਗਾ, ਪਰ ਉਸ ਨੇ ਦੇਵ ਦੀ ਪ੍ਰਾਪਤੀ ਵਿਚ ਕੋਈ ਦਿਲਚਸਪੀ ਨਾ ਦਿਖਾਈ ਤੇ ਉੱਠਦਾ ਬੋਲਿਆ, 'ਠੀਕ ਏ ਫਿਰ ਅੰਕਲ ਜੀ। ਮੈਂ ਚਲਦਾ ਏਂ, ਕੱਲ੍ਹ ਦੁਕਾਨ ਤੇ ਆ ਜਾਣਾ। ਫਾਰਮ ਭਰ ਦਿਆਂਗੇ।'

ਦਰਵਾਜ਼ੇ ਵਿਚ ਖੜ੍ਹੀ ਸਿਮਰਜੀਤ ਵੱਲ ਦੇਵ ਦਾ ਧਿਆਨ ਗਿਆ। ਉਹ ਹੈਰਾਨੀ ਨਾਲ਼ ਸਭ ਸੁਣੀ ਜਾ ਰਹੀ ਸੀ। ਸਿਮਰਜੀਤ ਨੇ ਤਰਲੋਚਨ ਨੂੰ ਰੋਕਦਿਆਂ ਕਿਹਾ, 'ਬੈਠੋ ਬੈਠੋ ਤੁਸੀਂ, ਚਾਹ ਧਰੀ ਹੋਈ ਏ।' ਕਹਿ ਕੇ ਉਹ ਬਰਾਂਡੇ ਵੱਲ ਚਲੀ ਗਈ।

ਉਸੇ ਵੇਲ਼ੇ ਉਹ ਮੁੜ ਬੈਠ ਗਿਆ। ਸਿਮਰਜੀਤ ਵੀ ਅੰਦਰ ਆ ਕੇ ਪਲੰਘ ਤੇ ਬੈਠ ਗਈ। ਤਦੇ ਦੇਵ ਨੇ ਕਿਹਾ, 'ਤਰਲੋਚਨ ਸਿੰਘ ਜੀ, ਤੁਸੀਂ ਪਾਠ ਬੜਾ ਸ਼ੁੱਧ ਕਰਦੇ ਹੋ। ਅੱਖਰ ਅੱਖਰ ਸਮਝ ਆਉਂਦਾ ਸੀ। ਅਵਾਜ਼ ਵੀ ਬੜੀ ਮਿੱਠੀ ਏ।'

ਐਨਾ ਕਹਿਣ ਤੇ ਵੀ ਸ਼ਾਇਦ ਤਰਲੋਚਨ ਸਿੰਘ ਖੁਸ਼ ਨਾ ਹੋਇਆ। ਮਰੀ ਜਿਹੀ ਅਵਾਜ਼ ਵਿਚ ਉਸ ਨੇ 'ਜੀ' 'ਜੀ' ਕਿਹਾ ਤੇ ਕੈਪਟਨ ਵੱਲ ਚਿਹਰਾ ਘੁਮਾ ਲਿਆ। ਫਿਰ ਬੋਲਿਆ, 'ਦਸ ਮੈਂਬਰ ਬਣਾਉਣੇ ਤੁਹਾਡੇ ਲਈ ਕੋਈ ਮੁਸ਼ਕਲ ਕੰਮ ਨਹੀਂ। ਮੈਂਬਰ ਬਣਨ ਤੇ ਤੁਹਾਡੇ ਪੈਸੇ ਮੁੜ ਆਉਣਗੇ ਤੇ ਦਸ ਰੁਪਏ ਮਹੀਨੇ ਦੇ ਹਿਸਾਬ ਨਾਲ਼ ਪਰਾਫਿਟ ਵੀ ਮਿਲਣ ਲੱਗੇਗਾ।'

'ਸਾਲ਼ਾ ਗਧਾ।' ਦੇਵ ਨੇ ਮੂੰਹ ਵਿਚ ਹੀ ਕਿਹਾ ਤੇ ਮਨ ਹੀ ਮਨ ਫੈਸਲਾ ਵੀ ਕਰ ਲਿਆ ਕਿ ਮੁੜ ਉਸ ਗਧੇ ਨੂੰ ਕਦੀ ਨਹੀਂ ਬੁਲਾਏਗਾ।

'ਭਾਪਾ ਜੀ, ਤੁਹਾਨੂੰ ਪਤਾ ਨ੍ਹੀ ਕਿ ਦੇਵ ਭਾਅ ਜੀ ਮੇਰੇ ਕਲਾਸਫੈਲੋ ਨੇ? ਤੁਸੀਂ ਇਨ੍ਹਾਂ ਨੂੰ ਜਾਣਦੇ ਸੀ, ਪਰ ਘਰ ਕਦੀ ਗੱਲ ਹੀ ਨੀ ਕੀਤੀ। ਅੱਜ ਦੱਸਦੇ ਹੋ ਕਿ ਸ਼ੂਟਿੰਗ ਵਿਚ ਇਨ੍ਹਾਂ ਨੂੰ ਮੈਡਲ ਮਿਲਿਆ ਏ।' ਸਿਮਰਜੀਤ ਨੇ ਕਿਹਾ।

'ਭੁੱਲ ਜਾਈਦਾ ਏ ਪੁੱਤ, ਕੀ ਕਰੀਏ।' ਉਹ ਬੋਲਿਆ।

ਜਦੋਂ ਦੇਵ ਪਹਿਲੀ ਵਾਰੀ ਰੇਲ ਗੱਡੀ ਚੜ੍ਹ ਕੇ ਆਗਰੇ ਆਇਆ ਸੀ ਤਾਂ ਉਸ ਨੇ ਕਿਸੇ ਸਟੇਸ਼ਨ ਉੱਤੇ ਚਾਹ ਪੀਣ ਤੋਂ ਮਨ੍ਹਾਂ ਕਰ ਦਿੱਤਾ ਸੀ। ਰਾਮ ਸਿੰਘ ਨੇ ਕਿਹਾ ਸੀ, 'ਕੀ ਗੱਲ ਤੂੰ ਮਿੱਟੀ ਦੇ ਕੁੱਲੜਾਂ ਕਰ ਕੇ ਚਾਹ ਨੀ ਪੀਂਦਾ?'

'ਨਹੀਂ ਵੀਰ ਜੀ, ਬੱਸ ਵੈਸੇ ਹੀ ਛੱਡ ਦਿੱਤੀ ਏ ਚਾਹ ਪੀਣੀ।'

ਰਾਮ ਸਿੰਘ ਨੇ ਕਿਹਾ ਕਿ ਜਦੋਂ ਬਾਕੀ ਦੇ ਪੀ ਰਹੇ ਹੋਣ ਤਾਂ ਔਖੇ-ਸੌਖੇ ਇਕ ਕੱਪ ਪੀ ਹੀ ਲੈਣੀ ਚਾਹੀਦੀ ਏ। ਚਾਹ ਤੋਂ ਮਨ੍ਹਾਂ ਕਰੋਗੇ ਤਾਂ ਅਗਲੇ ਦੁੱਧ ਲਿਆਉਣ ਦੀ ਉਚੇਚ ਕਰਨਗੇ। ਬੜਾ ਬੁਰਾ ਲੱਗਦਾ ਏ ਇਸ ਤਰ੍ਹਾਂ। ਉਸ ਨੇ ਅੰਗਰੇਜ਼ੀ ਵਿਚ ਕਿਹਾ ਸੀ-ਏ ਜੈਂਟਲਮੈਨ ਨੈਵਰ ਰਿਫ਼ੂਜਿਜ਼ ਏ ਕੱਪ ਆਫ਼ ਟੀ।'

ਉਸ ਮਗਰੋਂ ਦੇਵ ਮੁੜ ਚਾਹ ਪੀਣ ਲੱਗ ਪਿਆ ਸੀ। ਸਿਮਰਜੀਤ ਸਟੂਲ ਖਿੱਚ ਕੇ ਬਿਲਕੁਲ ਦੇਵ ਦੇ ਲਾਗੇ ਬੈਠ ਗਈ। ਤੇ ਚਾਹ ਬਣਾਉਣ ਲੱਗੀ। ਇਸ ਤਰ੍ਹਾ ਚਾਹ ਬਣਦੀ ਦੇਵ ਪਹਿਲੀ ਵਾਰ ਦੇਖ ਰਿਹਾ ਸੀ। ਇਕ ਕੇਤਲੀ ਵਿਚ ਕਾਲ਼ੇ ਰੰਗ ਦੀ ਉੱਬਲੀ ਹੋਈ ਚਾਹ ਸੀ, ਦੁੱਧ ਅਤੇ ਚੀਨੀ ਟਰੇਅ ਵਿਚ ਅਲੱਗ ਅਲੱਗ ਪਏ ਸਨ। ਦੁੱਧ ਚੀਨੀ ਚਾਹ ਵਿਚ ਮਿਲਾਉਣ ਮਗਰੋਂ ਉਸ ਨੇ ਕੱਪਾਂ' ਚ ਚਮਚਾ ਫੇਰਿਆ ਤੇ ਪਹਿਲਾ ਕੱਪ ਦੇਵ ਨੂੰ ਫੜਾਉਂਦੀ

ਬੋਲੀ, 'ਭਾਅ ਜੀ ਪ੍ਰੋਫੈਸਰ ਬਾਂਸਲ ਦਾ ਐਬਸਟਰੈਕਟ ਅਲਜ਼ਬਰਾ ਸਮਝ ਆ ਜਾਂਦਾ ਏ?'

'ਉਸ ਕੋਲ਼ੋਂ ਤਾਂ ਪੱਲੇ ਮੇਰੇ ਵੀ ਕੁਝ ਨੀ ਪਿਆ, ਪਰ ਮੈਂ ਤੇ ਰਾਮੇਸ਼ਵਰ ਨੇ ਮਿਲਕੇ ਆਪ ਹੀ ਸਾਰੇ ਆਰਟੀਕਲਜ਼ ਤੇ ਪਰਾਬਲਮਜ਼ ਸੌਲਵ ਕਰ ਲਈਆਂ ਨੇ। ਨੋਟਸ ਵੀ ਬਣਾ ਲਏ ਨੇ। ਮੇਰਾ ਖਿਆਲ ਏ ਅੱਠਵਾਂ ਚੈਪਟਰ ਚਲਦਾ ਏ।' ਦੇਵ ਨੇ ਕਿਹਾ।

'ਹਾਂ ਜੀ... ਕੁਝ ਪੱਲੇ ਨੀ ਪੈਂਦਾ ਮੇਰੇ ਤਾਂ ਉਹ।'

ਪ੍ਰੋਫੈਸਰ ਬਾਂਸਲ ਕਦੀ ਵੀ ਬਲੈਕ ਬੋਰਡ ਦਾ ਇਸਤੇਮਾਲ ਨਹੀਂ ਸੀ ਕਰਦਾ ਹੁੰਦਾ। ਉਹ ਪਾਨ ਚੱਬਦਾ ਕਲਾਸ ਵਿਚ ਵੜਦਾ ਤੇ ਕੁਰਸੀ ਉੱਤੇ ਬੈਠ ਜਾਂਦਾ। ਮੂੰਹ' ਚੋਂ ਪਾਨ ਨੂੰ ਡਿਗਣੋਂ ਬਚਾਉਂਦਾ, ਕਿਤਾਬ' ਚੋਂ ਕੋਈ ਸਵਾਲ ਪੜ੍ਹਦਾ ਖੱਬੇ ਹੱਥ ਦੀ ਹਥੇਲ਼ੀ ਨੂੰ ਬਲੈਕ ਬੋਰਡ ਬਣਾ ਕੇ ਸੱਜੇ ਹੱਥ ਦੀ ਪਹਿਲੀ ਉਂਗਲ਼ ਨਾਲ਼ ਪਤਾ ਨਹੀਂ ਕੀ ਲਿਖੀ ਜਾਂਦਾ ਤੇ ਬੋਲੀ ਜਾਂਦਾ। ਸਵਾਲ ਹਵਾ ਵਿਚ ਹੀ ਹੱਲ ਹੋਈ ਜਾਂਦਾ। ਮੁੰਡੇ ਕੁੜੀਆਂ ਚੁੱਪ-ਚਾਪ ਬਰਦਾਸ਼ਤ ਕਰੀ ਜਾਂਦੇ।

'ਫਿਰ ਨੋਟਸ ਮੈਨੂੰ ਦੇ ਦਿਓਗੇ?' ਸਿਮਰਜੀਤ ਨੇ ਕਿਹਾ।

'ਸਮਝਾ ਵੀ ਦਿਆਂਗਾ।' ਦੇਵ ਹੱਸ ਕੇ ਬੋਲਿਆ।

'ਭਾਅ ਜੀ, ਕੱਲ੍ਹ ਕਾਪੀ ਜ਼ਰੂਰ ਲੈ ਕੇ ਆਇਓ ਸ਼ਾਮ ਨੂੰ। ਥੋੜ੍ਹਾ ਮੈਨੂੰ ਗਾਈਡ ਵੀ ਕਰ ਦੇਣਾ।'

'ਠੀਕ ਏ, ਆ ਜਾਵਾਂਗਾ।'

ਉਹ ਦੋਨੋਂ ਹੋਰ ਪ੍ਰੋਫੈਸਰਾਂ ਦੇ ਪੜ੍ਹਾਈ ਢੰਗ ਦੀਆਂ ਗੱਲਾਂ ਕਰਨ ਲੱਗ ਪਏ। ਬਾਕੀ ਸਾਰੇ ਚੁੱਪ-ਚਾਪ ਸੁਣਦੇ ਰਹੇ। ਸਿਮਰਜੀਤ ਦੀ ਮੰਮੀ ਅੰਦਰ ਆਈ ਤਾਂ ਦੇਵ ਨੇ ਉੱਠ ਕੇ ਉਸਦੇ ਪੈਰ ਛੂਹੇ। ਦੇਵ ਦਾ ਸਿਰ ਪਲ਼ੋਸਣ ਮਗਰੋਂ ਉਹ ਕੁੜੀਆਂ ਕੋਲ਼ ਪਲੰਘ ਤੇ ਬੈਠ ਗਈ। ਉਸ ਦਾ ਮੁੜੰਗਾ ਸਿਮਰਜੀਤ' ਤੇ ਸੀ। ਉਮਰ ਦੀ ਕਾਫ਼ੀ ਘੱਟ ਲੱਗਦੀ ਸੀ। ਸਿਮਰਜੀਤ ਨੇ ਬਿਸਕੁਟਾਂ ਵਾਲ਼ੀ ਪਲੇਟ ਚੁੱਕ ਕੇ ਤਰਲੋਚਨ ਵੱਲ ਨੂੰ ਕੀਤੀ। ਉਸ ਨੇ ਬਿਸਕੁਟ ਲੈਣ ਤੋਂ ਮਨ੍ਹਾਂ ਕਰ ਦਿੱਤਾ। ਉਸ ਬੰਦੇ ਦੀ ਤਬੀਅਤ ਹੀ ਐਸੀ ਸੀ ਜਾਂ ਫਿਰ ਦੇ ਵ ਦੀ ਮੌਜੂਦਗੀ ਤੋਂ ਉਹ ਦੁਖੀ ਹੋ ਗਿਆ ਸੀ, ਕਿਹਾ ਨਹੀਂ ਜਾ ਸਕਦਾ।

ਤਰਲੋਚਨ ਦੇ ਜਾਣ ਮਗਰੋਂ ਸਿਮਰਜੀਤ ਦੀ ਮੰਮੀ ਬੋਲੀ, 'ਕਮਲ ਜਿਹੜੇ ਸਵਾਲ ਨਹੀਂ ਨਿਕਲ਼ੇ, ਵੀਰ ਜੀਆਂ ਤੋਂ ਪੁੱਛ ਲੈ।'

'ਨਿੱਕਲਗੇ।' ਉਹ ਬੋਲੀ। ਦੇਵ ਨੂੰ ਪਤਾ ਲੱਗ ਗਿਆ ਕਿ ਉਹ ਕਮਲ ਸੀ ਤੇ ਸਿਮਰਜੀਤ ਦੀ ਛੋਟੀ ਭੈਣ ਸੀ।

'ਕਿਹੜੀ ਜਮਾਤ' ਚ ਏ ਕਮਲ?' ਦੇਵ ਉਸ ਵੱਲ ਦੇਖਦਾ ਬੋਲਿਆ।

'ਦਸਵੀ" ਚ।' ਉਹਦੀ ਥਾਂ ਕੈਪਟਨ ਬੋਲਿਆ।

'ਦਸਵੀਂ ਦਾ ਤਾਂ ਜਿਹੜਾ ਮਰਜ਼ੀ ਸਵਾਲ ਪੁੱਛ ਲਵੇ।' ਦੇਵ ਬੋਲਿਆ।

'ਮੈਥੋਂ ਹੀ ਪੁੱਛ ਲਵੋ।' ਕਮਲ ਪਤਾ ਨਹੀਂ ਕਿਉਂ ਨਖ਼ਰਾ ਦਿਖਾ ਰਹੀ ਸੀ।

'ਚੱਲ ਤੂੰ ਗਿਆਰਾਂ ਹਜ਼ਾਰ ਗਿਆਰਾਂ ਸੌ ਗਿਆਰਾਂ ਲਿਖਦੇ।' ਦੇਵ ਹੱਸਿਆ।

'ਗਿਆਰਾਂ ਹਜ਼ਾਰ ਮਗਰੋਂ ਗਿਆਰਾਂ ਸੌ? ਗਲਤ ਸਵਾਲ।' ਉਹ ਬੁੱਲ੍ਹ ਕੱਢਦੀ ਬੋਲੀ।

'ਕੀ ਮਤਲਬ?' ਸਿਮਰਜੀਤ ਉਲਝ ਗਈ।

'ਚੱਲ ਤੂੰ ਲਿਖਦੇ ਗਿਆਰਾਂ ਹਜ਼ਾਰ, ਗਿਆਰਾਂ ਸੌ ਗਿਆਰਾਂ।' ਕਮਲ ਨੇ ਸਿਮਰਜੀਤ ਨੂੰ ਕਿਹਾ।

'ਛੇ ਏਕੇ।'

ਕੈਪਟਨ ਉੱਚੀ ਉੱਚੀ ਹੱਸਿਆ। ਕਮਲ ਵੀ ਹੱਸੀ। ਦੇਵ ਵੀ ਹੱਸਿਆ।

'ਦੰਦ ਕਿਉਂ ਕੱਢਦੇ ਹੋ?' ਸਿਮਰਜੀਤ ਨੇ ਪੁੱਛਿਆ।

'ਛੇ ਏਕੇ ਤਾਂ ਲੱਖ ਤੋਂ ਵੀ ਵੱਧ ਗਏ।' ਕੈਪਟਨ ਨੇ ਦੱਸਿਆ

'ਕਮਲ ਇਜ਼ ਐਕਸਟਰਾ ਆਰਡੀਨਰੀ ਇੰਟੈਲੀਜੈਂਟ।' ਦੇਵ ਬੋਲਿਆ ਤਾਂ ਕਮਲ ਖੁਸ਼ ਹੋਕੇ ਉਸ ਵੱਲ ਦੇਖਦੀ ਮੁਸਕਰਾਉਣ ਲੱਗ ਪਈ।

'ਚਲੋ ਭਾਅ ਜੀ, ਇਕ ਛੋਟਾ ਜਿਹਾ ਸਵਾਲ ਤੁਹਾਥੋਂ ਪੁੱਛਦੀ ਹਾਂ।' ਕਮਲ ਖੁੱਲ੍ਹ ਗੀ।

'ਪੁੱਛੋ ਜੀ।' ਦੇਵ ਬੋਲਿਆ।

'ਇਕ ਖਾਲੀ ਟੋਕਰੀ ਵਿਚ ਇਕ ਇਕ ਕਰ ਕੇ ਕਿੰਨੇ ਆਂਡੇ ਰੱਖ ਸਕਦੇ ਹੋ?' ਉਹ ਬੋਲੀ।

'ਜਿੰਨੀ ਵੱਡੀ ਟੋਕਰੀ ਉੰਨੇ ਆਂਡੇ।' ਦੇਵ ਨੇ ਪੁੱਛਿਆ।

'ਸੋਚੋ... ਆਂਡਾ ਇਕ ਇਕ ਕਰ ਕੇ ਰੱਖਣਾ ਏਂ।' ਕਮਲ ਨੇ ਫਿਰ ਕਿਹਾ।

'ਇਕ ਇਕ ਕਰ ਕੇ ਰੱਖਦੇ ਜਾਉ।'

'ਨਾਲ਼ ਸ਼ਰਤ ਏ ਪਈ ਟੋਕਰੀ ਖਾਲੀ ਹੋਵੇ।'

ਦੇਵ ਉਲਝ ਗਿਆ ਤਾਂ ਸਾਰੇ ਹੱਸਣ ਲੱਗ ਪਏ। ਕਮਲ ਬੋਲੀ, 'ਇਕ ਆਂਡਾ ਰੱਖਣ ਮਗਰੋਂ ਟੋਕਰੀ ਖਾਲੀ ਕਿੱਥੇ ਰਹਿ ਗਈ?'

'ਸੌਰੀ... ਸਿਰਫ਼ ਇਕ ਬਈ ਸਿਰਫ਼ ਇਕ... ਮੰਨ ਗਏ ਤੁਹਾਨੂੰ। ਚਲੋ ਟਵੈਲਫ਼ਥ ਦੇ ਸਪੈਲਿੰਗ ਦੱਸੋ?' ਦੇਵ ਨੇ ਕਿਹਾ।

'ਟੀ ਡਬਲਿਊ ਈ ਐਲ ਵੀ ਟੀ ਐਚ।' ਸਿਮਰਜੀਤ ਬੋਲੀ।

'ਗਲਤ।' ਦੇਵ ਨੇ ਕਿਹਾ।

ਕੈਪਟਨ ਨੇ ਵੀ ਇਹੀ ਸਪੈਲਿੰਗ ਦੱਸੇ ਪਰ ਕਮਲ ਬੋਲੀ, 'ਟੀ ਡਬਲਿਊ ਈ ਐਲ ਐਫ ਟੀ ਐਚ।'

'ਵੈਰੀ ਗੁੱਡ... ਮੰਨ ਗਏ ਬਈ... ਨਹੀਂ ਜਵਾਬ ਕਮਲ ਦਾ। ਜੇ ਮੇਰੇ ਕੋਲ਼ ਹੁੰਦਾ ਤਾਂ ਮੈਂ ਕਮਲ ਨੂੰ ਗੋਲਡ ਮੈਡਲ ਦਿੰਦਾ।'

'ਜਦੋਂ ਹੋਇਆ ਦੇ ਦੇਣਾ।' ਉਹ ਹੱਸੀ।

'ਇਹਨੂੰ ਤਾਂ ਗੋਲਡ ਮੈਡਲ ਦੇ ਦੇਵੋਂਗੇ ਮੈਨੂੰ?' ਸਿਮਰਜੀਤ ਬੋਲੀ।

'ਤੈਨੂੰ ਚਾਹ ਪੀਣ ਲਈ ਮਿੱਟੀ ਦਾ ਇਕ ਕੁੱਲੜ।' ਦੇਵ ਨੇ ਕਿਹਾ ਤਾਂ ਖ਼ੂਬ ਹਾਸਾ ਮੱਚਿਆ।

ਨਿੱਕੇ ਨਿੱਕੇ ਸਵਾਲ ਜਿਨ੍ਹਾਂ ਵਿਚ ਕੋਈ ਨਾ ਕੋਈ ਘੁੰਡੀ ਹੁੰਦੀ, ਕਾਫੀ ਦੇਰ ਚਲਦੇ ਰਹੇ। ਹਾਸਾ ਠੱਠਾ ਵੀ ਖ਼ੂਬ ਹੋਇਆ। ਦੇਵ ਦਾ ਵੀ ਤੇ ਸਿਮਰਜੀਤ ਦੇ ਟੱਬਰ ਦਾ ਵੀ ਖ਼ੂਬ

ਮਨ ਪ੍ਰਚਾਵਾ ਹੋਇਆ। ਜਿਹੜੀ ਸਿਮਰਜੀਤ ਉਸ ਦਿਨ ਪ੍ਰੈਕਟੀਕਲ ਕਰਨ ਵੇਲ਼ੇ ਗੱਲ ਕਰਨ ਤੋਂ ਵੀ ਕਤਰਾਉਂਦੀ ਸੀ, ਹੁਣ ਦੇਵ ਲਈ ਉਸ ਦੀ ਥਾਂ ਕੋਈ ਹੋਰ ਹੀ ਸਿਮਰਜੀਤ ਸੀ। ਜਿਹੜੀ ਬਹੁਤ ਪਿਆਰੀ ਬਣ ਗਈ ਸੀ। ਜਿਸ ਦੀਆਂ ਅੱਖਾਂ ਦੇਵ ਦੇ ਚਿਹਰੇ ਤੇ ਗੱਡੀਆਂ ਗਈਆਂ ਸਨ। ਸਾਰਾ ਟੱਬਰ ਹੀ ਦੇਵ ਨੂੰ ਰੋਟੀ ਖਾ ਕੇ ਜਾਣ ਲਈ ਬਜਿੱਦ ਸੀ, ਪਰ ਉਹ ਮੰਨਿਆ ਨਾ। ਉਹ ਆਉਣ ਲੱਗਾ ਤਾਂ ਸਿਮਰਜੀਤ ਬਾਹਰਲੇ ਦਰ ਤੱਕ ਆਈ।

'ਸਿਮਰਜੀਤ ਮੇਰੇ ਨਾਲ਼ ਇਸ ਤਰ੍ਹਾਂ ਗੱਲਾਂ ਕਰ ਲਿਆ ਕਰ। ਅੱਜ ਮੈਨੂੰ ਬੇਹੱਦ ਖ਼ੁਸ਼ੀ ਮਿਲੀ ਏ।' ਦੇਵ ਉਸ ਦੀਆਂ ਅੱਖਾਂ ਵਿਚ ਝਾਕਦਾ ਬੋਲਿਆ।

'ਚੰਗਾ ਜੀ... ਟਾ ਟਾ।' ਉਹ ਮੁਸਕਰਾਈ।

ਘਰ ਨੂੰ ਜਾਂਦਿਆਂ ਦੇਵ ਕਿਸੇ ਲੋਰ ਵਿਚ ਟੇਢਾ-ਮੇਢਾ ਹੋ ਕੇ ਤੁਰ ਰਿਹਾ ਸੀ ਤੇ ਹਸਨਪੁਰੀ ਦਾ ਗੀਤ ਗਾ ਰਿਹਾ ਸੀ.... ਗਿੱਲੀ ਵੱਟ ਉੱਤੋਂ ਨਾ ਤਿਲਕ ਜਾਵੇ ਪੈਰ ਕਿਤੇ.... ।

**00**

# ਪਤਝੜ

ਸਿਮਰਜੀਤ ਦੇ ਘਰੋਂ ਆ ਕੇ ਜਦੋਂ ਦੇਵ ਪੌੜੀਆਂ ਚੜ੍ਹ ਆਪਣੇ ਕਵਾਰਟਰ ਵਿਚ ਵੜਿਆ ਤਾਂ ਰਾਮ ਸਿੰਘ ਇਕ ਵੱਡੇ ਟਾਪੇ ਵਿਚ ਕੇਰੀ ਮਿੱਟੀ ਦੀ ਘਾਣੀ ਰਲ਼ਾਈ ਬੈਠਾ ਸੀ। ਪੱਥਰ ਦੇ ਕੋਲ਼ੇ ਤਾਂ ਕਾਫ਼ੀ ਮਹਿੰਗੇ ਹੁੰਦੇ ਸਨ। ਕੋਲਿਆਂ ਦੇ ਹੇਠ ਬਚੀ ਭੂਰ-ਚੂਰ ਨੂੰ ਕੇਰੀ ਕਹਿੰਦੇ ਸਨ। ਉਹ ਕੇਰੀ ਦੀ ਬੋਰੀ ਸਸਤੇ ਭਾਅ ਖਰੀਦ ਲਿਆਉਂਦੇ ਤੇ ਮਿੱਟੀ ਨਾਲ਼ ਗੁੰਨ੍ਹ ਕੇ ਲੱਡੂ ਵੱਟ ਲੈਂਦੇ। ਸੁੱਕਣ ਮਗਰੋਂ ਉਨ੍ਹਾਂ ਨੂੰ ਅੰਗੀਠੀ ਵਿਚ ਬਾਲ਼ਦੇ। ਇਨ੍ਹਾਂ ਲੱਡੂਆਂ ਵਾਲ਼ੀ ਅੰਗੀਠੀ ਨੂੰ ਭਖਣ ਲਈ ਪੰਜ ਦਸ ਮਿੰਟ ਹੀ ਲੱਗਦੇ। ਜੇ ਅੰਗੀਠੀ ਦੇ ਮੂੰਹ ਅੱਗੇ ਟੇਬਲਫੈਨ ਲਾ ਦਿੰਦੇ ਤਾਂ ਦੋ ਮਿੰਟਾਂ ਵਿਚ ਹੀ ਲੱਡੂ ਲਾਲ ਹੋ ਕੇ ਦਗਣ ਲੱਗਦੇ। ਅਜਿਹੀ ਅੰਗੀਠੀ ਰੋਟੀ ਸਬਜ਼ੀ ਬਣਾਉਣ ਮਗਰੋਂ ਠੰਡੀ ਵੀ ਛੇਤੀ ਹੋ ਜਾਂਦੀ। ਜਦ ਕਿ ਨਿਰੀ ਕੋਲ਼ਿਆਂ ਦੀ ਅੰਗੀਠੀ ਭਖਦੀ ਵੀ ਹੌਲ਼ੀ-ਹੌਲ਼ੀ ਤੇ ਕਈ ਘੰਟਿਆਂ ਤੱਕ ਠੰਡੀ ਵੀ ਨਾ ਹੁੰਦੀ। ਉਹ ਐਤਵਾਰ ਜਾਂ ਫਿਰ ਛੁੱਟੀ ਵਾਲ਼ੇ ਦਿਨ ਹੀ ਕੋਲਿਆਂ ਦੀ ਅੰਗੀਠੀ ਲਾਉਂਦੇ। ਦੇਵ ਅੰਦਰ ਵੜਿਆ ਤਾਂ ਜਿੰਦਰ ਬੋਲੀ, 'ਦੇਵ ਕਿੱਥੇ ਚਲਾ ਗਿਆ ਸੀ ਤੂੰ?'

'ਗੁਰਦੁਆਰੇ।' ਉਹ ਬੋਲਿਆ।

'ਗੁਰਦੁਆਰੇ ਤਾਂ ਕਦੋਂ ਦਾ ਭੋਗ ਪਿਆ ਏ। ਗਿਆਨੀ ਮੋਹਰ ਸਿੰਘ ਤੈਨੂੰ ਉਡੀਕਦਾ ਗਿਆ ਏ।' ਉਹ ਬੋਲੀ।

'ਜੀ ਮੈਂ ਕਾਲੋਨੀ ਦਾ ਗੇੜਾ ਲਾਉਣ ਚਲਾ ਗਿਆ ਸੀ। ਗਿਆਨੀ ਜੀ ਮੈਨੂੰ ਮਿਲ ਗਏ ਸੀ। ਭਾਬੀ ਜੀ ਇਕ ਗੱਲ ਦੱਸੋ, ਜਿਹੜਾ ਬੰਗਾਲੀ ਬਾਬੂ ਦੇ ਖੋਖੇ ਲਾਗੇ ਊਸ਼ਾ ਮਾਤਾ ਦਾ ਮੰਦਰ ਏ, ਇਹ ਉਹੀ ਨੀ ਜਿਸ ਨੂੰ ਆਗਰੇ ਵਾਲ਼ੀ ਊਸ਼ਾ ਮਾਤਾ ਕਹਿੰਦੇ ਨੇ?'

'ਹਾਂ ਉਹੀ ਏ। ਬੜੀ ਪਹੁੰਚੀ ਹੋਈ ਏ ਉਹ। ਸਾਰੇ ਦੇਸ਼ ਦੀ ਪੈਦਲ ਯਾਤਰਾ ਕਰ ਚੁੱਕੀ ਏ।'

'ਪਹੁੰਚੀ ਹੋਈ ਕਿੱਧਰ ਨੂੰ? ਦੋਰਾਹੇ ਵੀ ਆਈ ਸੀ ਉਹ। ਹਵਾ' ਚੋਂ ਸੰਧੂਰ ਫੜ ਕੇ ਕਿਹਾ ਕਰਦੀ ਸੀ ਕਿ ਮੁੰਡਾ ਹੋਊ, ਵਿਗੜਿਆ ਕੰਮ ਬਣੂੰ, ਮੁੰਡਾ ਚੰਗੀ ਜਗ੍ਹਾਂ ਵਿਆਹਿਆ ਜਾਊ... ਊਟ ਪਟਾਂਗ ਗੱਲਾਂ। ਬੀਬੀ ਸ਼ਕੁੰਤਲਾ ਨੇ ਵੀ ਘਰ ਬੁਲਾ ਲਈ... ਮੈਨੂੰ ਕਹਿੰਦੀ ਮੱਥਾ ਟੇਕ ਉਹਦੇ ਪੈਰਾਂ' ਚ..... ।'

'ਵੇ ਚੁੱਪ ਕਰ ਕਿਉਂ ਲੱਗਿਆ ਏਂ ਨਿੰਦਣ ਵਿਚਾਰੀ ਨੂੰ... ਆਪਣਾ ਕੀ ਲੈਂਦੀ ਏ? ਆਪਣੀ ਕਰਨੀ ਕੋਈ ਕਿਹੋ ਜਿਹਾ ਵੀ ਹੋਵੇ। ਤੂੰ ਲੱਸਣ ਦੀ ਪੋਥੀ ਜ੍ਹੇਬ' ਚ ਪਾ ਮੰਦਰ' ਚ ਜਾ ਬੈਠੀਂ... ਪੰਜ ਮਿੰਟਾਂ' ਚ ਆ ਕੇ ਫੜ ਲਊ ਤੈਨੂੰ।' ਜਿੰਦਰ ਨੇ ਦੱਸਿਆ।

'ਤੁਸੀਂ ਘਰ' ਚ ਕਿਤੇ ਵੀ ਹਿੰਗ ਲਕੋ ਕੇ ਰੱਖ ਦਵੋ। ਮੈਂ ਦੋ ਮਿੰਟਾਂ' ਚ ਲੱਭ ਦਿਆਂਗਾ।'

'ਚੱਲ ਭਾਈ ਤੇਰੇ ਨਾਲ਼ ਕੌਣ ਬਹਿਸ ਕਰੇ... ਲੱਡੂ ਟੁਕਾ ਦੇ ਆਪਣੇ ਵੀਰ ਜੀ ਨਾਲ਼।'

ਊਸ਼ਾ ਮਾਤਾ ਵਾਲ਼ੀ ਗੱਲ ਦੇਵ ਨੇ ਇਸ ਲਈ ਤੋਰੀ ਸੀ ਕਿ ਸਿਮਰਜੀਤ ਦੇ ਘਰ ਜਾਣ ਵਾਲ਼ੀ ਗੱਲ ਲੁਕੀ ਰਹਿ ਜਾਵੇ। ਉਹ ਰਾਮ ਸਿੰਘ ਨਾਲ਼ ਲੱਡੂ ਟਕਾਉਣ ਲੱਗਾ। ਉਸ ਨੇ ਪੁੱਛਿਆ, 'ਕੀ ਕਿਹਾ ਤੂੰ ਗਿਆਨੀ ਜੀ ਨੂੰ? ਮੁੰਡੇ ਨੂੰ ਪੜ੍ਹਾਉਣ ਲਈ ਪੁੱਛ ਰਿਹਾ ਸੀ।'

'ਜੇ ਤੁਸੀਂ ਕਹੋ ਤਾਂ ਪੜ੍ਹਾ ਦਿਆ ਕਰਾਂਗਾ। ਰਾਮੇਸ਼ਵਰ ਅੱਠ ਘੰਟੇ ਦੀ ਡਿਊਟੀ ਕਰਦਾ ਏ। ਇਕ ਘੰਟਾ ਮੈਂ ਵੀ ਕੰਮ ਕਰ ਲਿਆ ਕਰਾਂਗਾ, ਪਰ ਤਾਂ, ਜੇ ਫੀਸ ਦਵੇ।'

'ਫੀਸ ਤਾਂ ਉਹ ਕਹਿ ਗਿਆ ਕਿ ਤੀਹ ਰੁਪਏ ਮਹੀਨਾ ਦੇ ਦੇਵੇਗਾ।'

'ਠੀਕ ਏ ਹੋਰ ਕੀ ਚਾਹੀਦਾ ਏ।'

'ਤੇਰੀ ਪੜ੍ਹਾਈ ਦਾ ਨੁਕਸਾਨ ਨ੍ਹੀ ਹੋਣਾ ਚਾਹੀਦਾ। ਮਗਰੋਂ ਕਹੇਂ, ਉਹਨੂੰ ਪੜ੍ਹਾਉਣ ਕਰਕੇ ਨੰਬਰ ਘੱਟ ਆਏ ਨੇ। ਮੈਂ ਕੋਈ ਬਹਾਨਾ ਨੀ ਸੁਣਨਾ।' ਰਾਮ ਸਿੰਘ ਬੋਲਿਆ।

ਗਿਆਨ ਨੂੰ ਪੜ੍ਹਾਉਣ ਲਈ ਹਰੀ ਝੰਡੀ ਮਿਲ਼ਣ ਤੇ ਦੇਵ ਖੁਸ਼ ਹੋ ਗਿਆ। ਇਸੇ ਬਹਾਨੇ ਨਿੱਤ ਗੁਰਦੁਆਰੇ ਜਾਇਆ ਜਾ ਸਕਦਾ ਸੀ। ਸਿਮਰਜੀਤ ਤੇ ਉਹਦੇ ਪਰਿਵਾਰ ਨੂੰ ਮਿਲਿਆ ਜਾ ਸਕਦਾ ਸੀ। ਗੁਰਦੁਆਰੇ ਵਿਚ ਆਉਣ ਵਾਲ਼ੇ ਪੰਜਾਬੀ ਲੋਕਾਂ ਨਾਲ਼ ਸਾਂਝ ਬਣਾਈ ਜਾ ਸਕਦੀ ਸੀ। ਨਾਲ਼ੇ ਪੁੰਨ ਨਾਲ਼ੇ ਫਲੀਆ, ਹਰ ਮਹੀਨੇ ਤੀਹ ਰੁਪਏ ਮਿਲਣੇ ਸਨ। ਐਨੀ ਕੁ ਹੀ ਦੇਵ ਦੀ ਕਾਲਜ ਦੀ ਫੀਸ ਸੀ। ਗੁਰਦੁਆਰੇ ਲੋਕਾਂ ਨਾਲ਼ ਮਿਲ਼ਣ-ਗਿਲ਼ਣ ਮਗਰੋਂ ਉਸ ਨੂੰ ਹੋਰ ਟਿਊਸ਼ਨ ਮਿਲ਼ਣ ਦੀ ਸੰਭਾਵਨਾ ਸੀ। ਦੇਵ ਖੁਸ਼ ਹੋ ਕੇ ਬੜੀ ਸਪੀਡ ਨਾਲ਼ ਲੱਡੂ ਟੁੱਕ ਰਿਹਾ ਸੀ। ਰਾਮ ਸਿੰਘ ਨੇ ਕਿਹਾ, 'ਟਿਊਸ਼ਨ ਦੇ ਇਹ ਰੁਪਏ ਤੂੰ ਆਪਣੀ ਭਾਬੀ ਨੂੰ ਦਿਆ ਕਰੀਂ। ਜੋ ਕਾਲਜ ਦੀ ਫੀਸ ਹੋਵੇਗੀ ਉਹ ਉਸ ਤੋਂ ਲੈ ਜਾਇਆ ਕਰੀਂ। ਉਹ ਕੋਈ ਪੈਸੇ ਦੀ ਭੁੱਖੀ ਨਹੀਂ, ਮਾਣ-ਤਾਣ ਹੁੰਦਾ ਏ ਵੱਡਿਆਂ ਦਾ।'

'ਠੀਕ ਏ ਵੀਰ ਜੀ।' ਇਸ ਗੱਲ ਦੀ ਵੀ ਦੇਵ ਨੂੰ ਖੁਸ਼ੀ ਹੋਈ।

ਕੰਮ ਮੁੱਕਾ ਤਾਂ ਦੇਵ ਬਾਥਰੂਮ ਵਿਚ ਜਾ ਵੜਿਆ ਤੇ ਸਾਬਣ ਘਿਸਾ ਘਿਸਾ ਕੇ ਖ਼ੂਬ ਨਹਾਇਆ। ਪਿੰਡੇ ਨੂੰ ਤੇਲ ਵੀ ਲਾਇਆ। ਅੰਦਰ ਆ ਕੇ ਉਸ ਨੇ ਰੇਡਿਓ ਲਾ ਲਿਆ। ਕਿੰਨੀ ਮੌਜ ਸੀ ਉਸ ਨੂੰ ਉਸ ਘਰ ਵਿਚ। ਗਾਣੇ ਸੁਣਨ ਦਾ ਸ਼ੌਕ ਤਾਂ ਉਸ ਨੂੰ ਪਹਿਲਾਂ ਤੋਂ ਹੀ ਸੀ। ਪਿੰਡ ਰਹਿੰਦਿਆਂ ਜਦੋਂ ਕੋਈ ਬਰਾਤ ਆਈ ਹੁੰਦੀ ਤਾਂ ਦੋ-ਦੋ ਰਾਤਾਂ ਰੁਕਦੀ ਤੇ

ਸਾਰੀ ਸਾਰੀ ਰਾਤ ਤਵੇ ਵੱਜਦੇ। ਮੰਜੇ ਤੇ ਲੇਟਿਆ ਉਹ ਰਾਤ ਭਰ ਗਾਣੇ ਸੁਣਦਾ ਰਹਿੰਦਾ। ਸਕੂਲ ਵਿਚ ਉਹ ਤੇ ਉਜਾਗਰ ਸਕੂਲ ਦੀ ਛੱਤ ਤੇ ਚੜ੍ਹਕੇ ਹਸਨਪੁਰੀ ਦੇ ਗੀਤ ਗਾਉਂਦੇ । ਗਿਆਨੀ ਭੰਗੂ ਕਲਾਸ ਵਿਚ ਮੁੰਡਿਆਂ ਨੂੰ ਦੱਸਦਾ ਕਿ ਉਸ ਨੇ ਹਸਨਪੁਰੀ ਦੇਖਿਆ ਹੋਇਆ ਹੈ, ਉਹ ਤਖਾਣਾ ਜਾਂ ਲੁਹਾਰਾਂ ਦਾ ਮੁੰਡਾ ਹੈ। ਗੀਤਾਂ ਵਿਚ ਸ਼ਬਦ ਇਉਂ ਜੜ ਦਿੰਦਾ ਹੈ, ਜਿਵੇਂ ਚਰਖੇ ਵਿਚ ਸ਼ੀਸ਼ੇ। ਹੁਣ ਵੀ ਰੇਡਿਓ ਉੱਤੇ ਹਸਨਪੁਰੀ ਦਾ ਗੀਤ ਹੀ ਚੱਲ ਰਿਹਾ ਸੀ। ਦੇਵ ਦਾ ਜੀਅ ਕਰਦਾ ਸੀ ਕਿ ਐਨੇ ਸੁਹਣੇ ਗੀਤ ਲਿਖਣ ਵਾਲ਼ੇ ਉਸ ਬੰਦੇ ਦੇ ਦਰਸ਼ਨ ਕਰੇ ਤੇ ਪੈਰਾਂ' ਚ ਡਿਗ ਕੇ ਕਹੇ, 'ਮੈਨੂੰ ਵੀ ਕੋਈ ਜੁਗਤ ਦੱਸ ਦਿਓ ਗੀਤ ਲਿਖਣ ਦੀ।'

ਅਚਾਨਕ ਰਾਮ ਸਿੰਘ ਅੰਦਰ ਆਇਆ ਤਾਂ ਰੇਡਿਓ ਦਾ ਵਾਲਯੂਮ ਹੌਲ਼ੀ ਕਰਕੇ ਬੋਲਿਆ, 'ਰੇਡਿਓ ਆਪ ਸੁਣਨਾ ਹੁੰਦਾ ਏ ਨਾ ਕਿ ਗੁਆਂਢੀਆਂ ਨੂੰ ਸੁਣਾਉਣਾ।'

ਸ਼ੁਰੂ ਸ਼ੁਰੂ ਵਿਚ ਦੇਵ ਜਦੋਂ ਆਗਰੇ ਆਇਆ। ਉਸ ਨੇ ਰੋਟੀ ਦੀਆਂ ਦੋ ਬੁਰਕੀਆਂ ਕਰਨੀਆਂ। ਬੁਰਕੀ ਵਿਚ ਸਬਜ਼ੀ ਭਰਨੀ ਤੇ ਮੂੰਹ ਵਿਚ ਇਉਂ ਤੁੰਨ ਲੈਣੀ ਜਿਵੇਂ ਸੇਵੀਆਂ ਵੱਟਣ ਵਾਲ਼ੀ ਮਸ਼ੀਨ ਦੇ ਮੂੰਹ' ਚ ਆਟਾ ਤੁੰਨੀਦਾ ਹੈ। ਕੁਝ ਦਿਨ ਉਸ ਨੂੰ ਦੇਖਣ ਮਗਰੋਂ ਇਕ ਦਿਨ ਰਾਮ ਸਿੰਘ ਨੇ ਕਿਹਾ, 'ਜਿੰਨੀ ਦੇਰ ਵਿਚ ਮੈਂ ਇਕ ਰੋਟੀ ਖਾਧੀ ਏ ਤੂੰ ਚਾਰ ਡਕਾਰ ਗਿਆ। ਤੇਰੇ ਕੋਈ ਪਿੱਛੇ ਪਿਆ ਹੋਇਆ ਏ? ਰੋਟੀ ਲਈ ਹੀ ਬੰਦਾ ਭੱਜ-ਦੌੜ ਕਰਦਾ ਏ, ਇਹਨੂੰ ਖਾਣਾ ਸਿੱਖੋ।'

ਜਿੰਦਰ ਅੰਦਰ ਆਈ ਤੇ ਸੁੱਤੀ ਪਈ ਛੋਟੀ ਕੁੜੀ ਜਤਿੰਦਰ ਨੂੰ ਪਲੰਘ ਤੇ ਲਿਟਾ ਕੇ ਰਸੋਈ ਵਾਲ਼ੇ ਬਰਾਂਡੇ ਵਿਚ ਚਲੀ ਗਈ। ਸਤਿੰਦਰ ਲੱਕੜੀ ਦੇ ਘੋੜੇ ਨੂੰ ਖਿੱਚਦੀ ਹੋਈ ਅੰਦਰ ਆ ਵੜੀ ਤੇ ਬੋਲੀ, 'ਚਾਚਾ ਜੀ ਦਓ ਝੂਟੇ ਮੈਨੂੰ।'

ਦੇਵ ਉਸ ਨਾਲ਼ ਖੇਡਣ ਲੱਗ ਪਿਆ। ਛੇਤੀ ਹੀ ਬਰਾਂਡੇ ਵਿਚ ਕੁੱਕਰ ਦੀਆਂ ਸੀਟੀਆਂ ਵੱਜਣ ਲੱਗ ਪਈਆਂ। ਕੁੱਕਰ ਵੀ ਦੇਵ ਨੇ ਐਥੇ ਆ ਕੇ ਹੀ ਦੇਖਿਆ ਸੀ। ਉਹ ਦੇਖ ਕੇ ਹੈਰਾਨ ਹੁੰਦਾ ਕਿ ਸਾਇੰਸਦਾਨਾਂ ਨੇ ਕਿੰਨੀ ਕਮਾਲ ਦੀ ਕਾਢ ਕੱਢੀ ਸੀ। ਐਥੇ ਸ਼ਹਿਰ ਦਾ ਸਭ ਕੁਝ ਵੱਖਰਾ ਸੀ। ਪਿੰਡ ਤਾਂ ਉਹ ਸੂਰਜ ਛਿਪਦੇ ਹੀ ਸੌਣ ਦੀ ਕਰਦੇ ਸਨ, ਪਰ ਐਥੇ ਸੌਣ ਲਈ ਦਸ ਗਿਆਰਾਂ ਨਿੱਤ ਹੀ ਵੱਜ ਜਾਂਦੇ ਸਨ। ਰਾਮ ਸਿੰਘ ਨੇ ਅਲਮਾਰੀ ਖੋਹਲ ਕੇ ਰੰਮ ਦਾ ਪੈੱਗ ਬਣਾਇਆ। ਬਾਥਰੂਮ' ਚ ਵੜ ਕੇ ਉੱਥੇ ਹੀ ਪੀ ਲਿਆ ਤੇ ਗਿਲਾਸ ਧੋ ਕੇ ਮੁੜ ਰਸੋਈ ਵਿਚ ਰੱਖ ਦਿੱਤਾ।

ਅਗਲੇ ਦਿਨ ਤੋਂ ਉਹ ਸ਼ਾਮੀਂ ਸਾਢੇ ਚਾਰ ਵਜੇ ਗਿਆਨ ਨੂੰ ਪੜ੍ਹਾਉਣ ਲਈ ਗਿਆਨੀ ਜੀ ਦੇ ਘਰ ਜਾਣ ਲੱਗ ਪਿਆ। ਪਹਿਲੇ ਦਿਨ ਹੀ ਜੋਧ ਕੌਰ ਨੇ ਲਿਫ਼ਾਫੇ ਵਿਚ ਪਾਈ ਤੀਹ ਰੁਪਏ ਦੀ ਭਾਨ ਦੇਵ ਦੇ ਮੂਹਰੇ ਰੱਖ ਦਿੱਤੀ ਤੇ ਬੋਲੀ, 'ਵੀਰ ਜੀ ਇਹ ਤੁਹਾਡੀ ਫੀਸ ਏ , ਗਿਆਨ ਦੇ ਡੈਡੀ ਫੜਾ ਗਏ ਸਨ।'

'ਫੀਸ ਨੂੰ ਕੀ ਸੀ ਜੀ, ਮਗਰੋਂ ਆ ਜਾਂਦੀ।' ਦੇਵ ਨੇ ਅੰਦਰਲੇ ਮਨੋਂ ਖੁਸ਼ ਹੋ ਕੇ ਕਿਹਾ।

ਉਹ ਅੰਦਰ ਗਈ ਤੇ ਦੁੱਧ ਦਾ ਭਰਿਆ ਗਿਲਾਸ ਲਿਆ ਕੇ ਦੇਵ ਦੇ ਮੂਹਰੇ ਰੱਖ ਦਿੱਤਾ। ਦੇਵ ਨੇ ਕਿਹਾ, 'ਜੀ ਮੈਂ ਪੀ ਕੇ ਆਇਆ ਹਾਂ।'

'ਗਿਆਨ ਦੇ ਡੈਡੀ ਨੇ ਕਿਹਾ ਸੀ ਕਿ ਕਦੀ ਦੁੱਧ ਪੀਤੇ ਬਗੈਰ ਜਾਣ ਨੀ ਦੇਣਾ।' ਉਹ ਬੋਲੀ।

'ਖਾਣ ਨੂੰ ਵੀ ਲਿਆਦੇ ਕੁਛ ਕਿ ਜੋ ਗਿਆਨੀ ਕਹੂ ਉਹੀ ਕਰਨੈ? ਗਿਆਨ ਬੋਲਿਆ।

'ਨਹੀਂ ਨਹੀਂ... ਖਾਣਾ ਕੁਛ ਨਹੀਂ।' ਦੇਵ ਨੇ ਕਿਹਾ। ਉਹ ਗਿਆਨ ਦੀ ਗੰਵਾਰ ਬੋਲੀ ਤੇ ਹੈਰਾਨ ਵੀ ਹੋਇਆ। ਉਹ ਅੰਦਰ ਗਈ ਤੇ ਕਾਜੂ ਪਿਸਤਿਆਂ ਵਾਲ਼ਾ ਕੱਲ੍ਹ ਵਾਲ਼ਾ ਡੱਬਾ ਚੁੱਕ ਲਿਆਈ ਤੇ ਟੇਬਲ ਤੇ ਧਰ ਦਿੱਤਾ।

'ਇਹਨੂੰ ਖੋਲ੍ਹ ਕੇ ਨੀ ਰੱਖ ਸਕਦੀ?' ਗਿਆਨ ਨੇ ਕਿਹਾ।

'ਨਾ ਬਈ ਗਿਆਨ ਵੀਰੇ ਜ਼ਰਾ ਪਿਆਰ ਨਾਲ਼ ਬੋਲੀਦੈ।' ਦੇਵ ਨੇ ਕਿਹਾ।

'ਇਹ ਤਾਂ ਵੀਰ ਜੀ ਹਮੇਸ਼ਾ ਇਸੇ ਤਰ੍ਹਾਂ ਬੋਲਦਾ ਏ।' ਜੋਧ ਹੱਸ ਕੇ ਬੋਲੀ।

ਦੇਵ ਦੁੱਧ ਪੀਣ ਲੱਗਾ ਤਾਂ ਗਿਆਨ ਨੇ ਪਿਸਤੇ ਖਾਣੇ ਸ਼ੁਰੂ ਕਰ ਦਿੱਤੇ। ਜੋਧ ਕੌਰ ਉਨ੍ਹਾਂ ਦੇ ਕੋਲ਼ ਹੀ ਬਹਿ ਗਈ ਤੇ ਬੋਲੀ, 'ਵੀਰ ਜੀ ਇਹਨੂੰ ਪੜ੍ਹਾਈ ਦੇ ਨਾਲ਼-ਨਾਲ਼ ਅਕਲ ਦੀ ਗੋਲ਼ੀ ਵੀ ਦਿੰਦੇ ਰਹਿਣਾ।'

ਉਸ ਦੀ ਗੱਲ ਸੁਣ ਕੇ ਗਿਆਨ ਉੱਚੀ ਉੱਚੀ ਹੱਸਿਆ ਤੇ ਬੋਲਿਆ, 'ਅਕਲ ਕਿਸੇ ਦੀ ਗੋਲ਼ੀ ਨਾਲ਼ ਨਹੀਂ ਆਉਂਦੀ ਮੂਰਖੇ। ਅਕਲ ਹਰ ਆਦਮੀ ਦੇ ਸਿਰ' ਚ ਹੁੰਦੀ ਏ ਤੇ ਹਰ ਤੀਵੀਂ ਦੇ ਗਿੱਟਿਆਂ' ਚ। ਤੇਰੇ ਤਾਂ ਗਿੱਟਿਆਂ' ਚ ਵੀ ਨੀ ਜੋਧਾਂ ਬਾਈ।'

'ਬੱਸ ਕਰ ਯਾਰ ਕਿਉਂ ਬਕਵਾਸ ਕਰੀ ਜਾਂਦਾ ਏ।' ਦੇਵ ਨੇ ਕਿਹਾ ਤਾਂ ਉਹ ਕੰਨਾਂ ਨੂੰ ਹੱਥ ਲਾ ਕੇ 'ਸੌਰੀ ਵੀਰ ਜੀ' 'ਸੌਰੀ ਵੀਰ ਜੀ' ਆਖਣ ਲੱਗ ਪਿਆ।

'ਲਓ ਤੁਸੀਂ ਵੀ।' ਦੇਵ ਨੇ ਜੋਧ ਕੌਰ ਵੱਲ ਨੂੰ ਡੱਬਾ ਕਰਦਿਆਂ ਕਿਹਾ।

'ਨਹੀਂ ਵੀਰ ਜੀ ਤੁਸੀਂ ਲਓ।'

'ਗਿਆਨੀ ਜੀ ਕਿੱਧਰ ਨੇ?'

'ਜੀ ਉਹ ਹਰਮੋਨੀਅਮ ਸਿਖਾਉਣ ਜਾਂਦੇ ਨੇ ਕਿਸੇ ਸਕੂਲ ਵਿਚ। ਸਾਢੇ ਪੰਜ ਵਜੇ ਆਉਣਗੇ।'

ਦੇਵ ਗਿਆਨ ਨੂੰ ਪੜ੍ਹਾਉਂਦਾ ਰਿਹਾ। ਉਹ ਤਾਂ ਬੜੇ ਤੇਜ਼ ਦਿਮਾਗ ਵਾਲ਼ਾ ਮੁੰਡਾ ਸੀ। ਦੇਵ ਨੇ ਮੈਥ ਦੇ ਦੋ ਫਾਰਮੂਲੇ ਸਮਝਾ ਕੇ ਉਨ੍ਹਾਂ ਨਾਲ਼ ਸਬੰਧਤ ਸੁਆਲ ਪਾਏ ਤਾਂ ਉਸ ਨੇ ਤੁਰੰਤ ਕੱਢ ਦਿੱਤੇ। ਫਿਰ ਦਸਾਂ ਮਿੰਟਾਂ ਵਿਚ ਐਕਸਰਸਾਈਜ਼ ਵੀ ਮੁਕਾ ਦਿੱਤੀ।

'ਕਮਾਲ ਏ ਬਈ ਗਿਆਨ। ਤੂੰ ਤਾਂ ਬੜਾ ਤੇਜ਼ ਏਂ। ਸਕੂਲ ਵਿਚ ਦਾਖਲਾ ਕਿਉਂ ਨਹੀਂ ਲਿਆ?'

'ਬੱਸ ਹਾਲਾਤ ਨੇ ਸਭ ਕੁਝ ਮੂੰਧਾ ਮਾਰ ਦਿੱਤਾ ਜੀ।' ਉਸ ਦੀ ਥਾਂ ਜੋਧ ਕੌਰ ਬੋਲੀ।

'ਕੀ ਗੱਲ ਹੋ ਗਈ?' ਦੇਵ ਨੇ ਪੁੱਛਿਆ।

'ਪਿਓ ਦਾ ਬੇੜਾ ਬਹਿ ਗਿਆ।' ਗਿਆਨ ਨੇ ਕਿਹਾ।

ਦੇਵ ਨੂੰ ਕੁਝ ਵੀ ਸਮਝ ਨਾ ਆਈ। ਜਾਣਨ ਦੀ ਇੱਛਾ ਹੋਈ ਕਿ ਕੀ ਮਾਮਲਾ ਸੀ, ਪਰ ਚੁੱਪ ਹੀ ਕਰ ਗਿਆ। ਉਸ ਦੇ ਅੰਦਰੋਂ ਹੀ ਅਵਾਜ਼ ਆ ਗਈ, 'ਤੂੰ ਅੰਬ ਖਾਣੇ ਨੇ ਕਿ

ਦਰੱਖਤ ਗਿਣਨੇ ਨੇ?'

'ਵੀਰ ਜੀ, ਮੈਂ ਬਾਥਰੂਮ ਹੋ ਆਵਾਂ?' ਗਿਆਨ ਬੋਲਿਆ ਤੇ ਬਿਨਾਂ ਉੱਤਰ ਉਡੀਕੇ ਉੱਠ ਕੇ ਚਲਾ ਗਿਆ।

'ਪੜ੍ਹਨ ਨੂੰ ਤਾਂ ਤੇਜ਼ ਏ ਵੀਰ ਜੀ, ਪਰ ਗੁਸਤਾਖ਼ ਬਹੁਤ ਹੋ ਗਿਆ। ਘਰ ਦੇ ਹਾਲਾਤ ਠੀਕ ਹੁੰਦੇ ਤਾਂ ਇਸ ਨੇ ਕਾਲਜ' ਚ ਪੜ੍ਹਦੇ ਹੋਣਾ ਸੀ।' ਜੋਧ ਕੌਰ ਬੋਲੀ।

'ਕੀ ਗੱਲ ਹੋ ਗਈ ਸੀ?' ਦੇਵ ਨੇ ਫਿਰ ਪੁੱਛਿਆ।

'ਕਦੀ ਫੇਰ ਦੱਸਾਂਗੀ ਵੀਰ ਜੀ। ਗਿਆਨ ਕੰਮ ਚੋਰ ਬਹੁਤਾ ਹੋ ਗਿਆ ਏ। ਲਾਪਰਵਾਹ ਬੜਾ ਏ। ਇਹਦੇ ਨਾਲ਼ ਸਖ਼ਤੀ ਰੱਖਿਓ। ਬੰਦੇ ਦੀ ਲਾਹ-ਪਾਹ ਕਰਨ ਨੂੰ ਮਿੰਟ ਨੀ ਲਾਉਂਦਾ। ਦੇਖਣਾ ਹੁਣ ਪੰਦਰਾਂ-ਵੀਹ ਮਿੰਟ ਉਸ ਨੇ ਮੁੜਨਾ ਨਹੀਂ।' ਉਹ ਅਸਲ ਗੱਲ ਟਾਲ਼ ਗਈ।

'ਤੁਸੀਂ ਕਿੰਨਾ ਪੜ੍ਹੇ ਹੋ?'

'ਮੈਂ ਨੌਵੀਂ' ਚੋਂ ਹਟ ਗਈ ਸਾਂ.... ਤੁਸੀਂ ਆਹ ਲਓ... ਖਾਧਾ ਤਾਂ ਹੈ ਹੀ ਨਹੀਂ ਕੁੱਛ।' ਉਸ ਨੇ ਡੱਬਾ ਦੇਵ ਦੇ ਮੂਹਰੇ ਨੂੰ ਕਰ ਦਿੱਤਾ।

'ਨਹੀਂ ਨਹੀਂ... ਬੱਸ ਰੱਖ ਦਿਓ ਇਸ ਨੂੰ... ਹੋਰ ਲੋੜ ਨਹੀਂ।'

ਜੋਧ ਕੋਰ ਡੱਬਾ ਚੁੱਕ ਕੇ ਅੰਦਰ ਚਲੀ ਗਈ, ਉਦੋਂ ਹੀ ਪਰਤੀ ਜਦੋਂ ਦਸ ਬਾਰਾਂ ਮਿੰਟ ਬਿਤਾ ਕੇ ਗਿਆਨ ਵਾਪਸ ਆ ਗਿਆ।

'ਤੂੰ ਐਨੀ ਦੇਰ ਲਾ ਦਿੱਤੀ ਬਈ?'

'ਵੀਰ ਜੀ, ਐਨਾ ਤਾਂ ਪੜ੍ਹ ਲਏ। ਅੱਜ ਹੀ ਮੁਕਾਉਣਾ ਏ ਸਾਰਾ?'

'ਭਰਾਵਾ ਘੰਟਾ ਤਾਂ ਪੂਰਾ ਕਰਨਾ ਹੀ ਏ।'

ਪੜ੍ਹਨ ਨੂੰ ਤਾਂ ਅੱਧਾ ਘੰਟਾ ਹੀ ਬੜਾ ਹੁੰਦਾ ਏ ਵੀਰ ਜੀ।'

ਦੇਵ ਚੁੱਪ ਕਰ ਗਿਆ। ਉਸ ਨੇ ਸੋਚਿਆ, ਜਿੰਨਾਂ ਪੜ੍ਹਦਾ ਹੈ, ਉਨਾਂ ਹੀ ਸਹੀ। ਪਾਸ ਤਾਂ ਉਸ ਨੇ ਹੋ ਹੀ ਜਾਣਾ ਹੈ, ਉਹ ਵਾਧੂ ਵਿਚ ਕਿਉਂ ਖਪੇ। ਬਹੁਤਾ ਕਹਿਣ ਤੇ ਉਹ ਹਟ ਹੀ ਨਾ ਜਾਵੇ।

ਉਨ੍ਹਾਂ ਲਾਗੇ ਬੈਠੀ ਜੋਧ ਕੌਰ ਆਪਣੀ ਬੁਣਤੀ ਵਿਚ ਮਸਤ ਰਹੀ। ਉਹ ਕੁਝ ਵੀ ਨਾ ਬੋਲੀ। ਦੇਵ ਨੇ ਹੱਸ ਕੇ ਕਿਹਾ, 'ਹੁਣ ਵਿਹਲੇ ਬੈਠ ਕੇ ਕੀ ਕਰਨਾ ਏਂ?'

'ਕੋਈ ਗੱਲ ਸੁਣਾ ਦਵੋ ਜੀ।'

'ਗੱਲ ਕਿਹੜੀ ਸੁਣਾਵਾਂ?'

'ਕੋਈ ਹੱਡ ਬੀਤੀ, ਜੱਗ ਬੀਤੀ।'

'ਬਈ ਮੈਨੂੰ ਨਹੀਂ ਆਉਂਦੀਆਂ ਗੱਲਾਂ ਗਿਆਨ ਸਿਆਂ, ਤੂੰ ਹੀ ਸੁਣਾ ਦੇ।' ਦੇਵ ਨੇ ਕਿਹਾ।

ਉਹ ਆਪਣੇ ਸ਼ੰਭੂ ਦੇ ਸਰਕਾਰੀ ਸਕੂਲ ਦੇ ਐਸ. ਐਸ. ਮਾਸਟਰ ਦਾ ਕਿੱਸਾ ਦੱਸਣ ਲੱਗ ਪਿਆ, ਜਿਸ ਨੂੰ ਇਕ ਦਿਨ ਸਕੂਲ ਦੇ ਨਲ਼ਕੇ ਕੋਲ਼ ਡੂੰਮਣੇ ਦੀਆਂ ਮੱਖੀਆਂ ਪੈ ਗਈਆਂ ਸਨ। ਸਕੂਲ ਵਿਚ ਜਾਮਣ ਦੇ ਦਰੱਖਤ ਨਾਲ਼ ਲਟਕਦੇ ਛੱਤੇ ਵਿਚ ਕਿਸੇ ਮੁੰਡੇ ਨੇ

ਇਟ ਰੋੜਾ ਮਾਰ ਦਿੱਤਾ ਸੀ। ਗਿਆਨ ਦਾ ਮਾਸਟਰ ਖੱਟਿਆਂ ਦੀ ਵਾੜ ਵਿਚ ਸਿਰ ਘਸੋਈ ਪਿਆ ਚੀਕਾਂ ਮਾਰ ਰਿਹਾ ਸੀ। ਗੱਲ ਸੁਣਾ ਕੇ ਉਹ ਉੱਚੀ ਉੱਚੀ ਹੱਸਿਆ। ਨਾ ਦੇਵ ਨੂੰ ਹਾਸਾ ਆਇਆ ਤੇ ਨਾ ਜੋਧ ਕੌਰ ਨੂੰ। ਜਦੋਂ ਉਹ ਹੱਸ ਹਟਿਆ ਤਾਂ ਦੇਵ ਨੇ ਕਿਹਾ, 'ਗਿਆਨ ਮੁਸੀਬਤ ਵਿਚ ਘਿਰੇ ਲੋਕਾਂ ਨੂੰ ਦੇਖ ਕੇ ਹੱਸਣਾ ਗੰਵਾਰ ਲੋਕਾਂ ਦਾ ਕੰਮ ਹੁੰਦਾ ਏ।'

'ਗੰਵਾਰ ਲੋਕ ਕਿਹੜੇ ਹੁੰਦੇ ਨੇ ਜੀ?'

'ਜਿਨ੍ਹਾਂ ਨੂੰ ਦੂਜੇ ਲੋਕਾਂ ਦੀ ਤਕਲੀਫ਼ ਦਾ ਅਹਿਸਾਸ ਨਾ ਹੋਵੇ।' ਦੇਵ ਨੇ ਕਿਹਾ।

'ਵੀਰ ਜੀ ਇਹਨੂੰ ਇਹੀ ਗੱਲਾਂ ਨੇ ਦੱਸਣ ਵਾਲ਼ੀਆਂ।' ਜੋਧ ਕੌਰ ਨੇ ਕਿਹਾ।

'ਤੂੰ ਵੀ ਸਿੱਖ ਲੈ ਵੀਰ ਜੀਆਂ ਤੋਂ ਬਹੁਤੀ ਅਕਲ ਵਾਲ਼ੀਏ।' ਗਿਆਨ ਨੇ ਕਿਹਾ ਤਾਂ ਦੇਵ ਮੁਸਕਰਾਉਣ ਲੱਗ ਪਿਆ।

**00**

# ਛਿਅੱਤਰ

ਆਉਣ ਵਾਲ਼ੇ ਦਿਨਾਂ ਵਿਚ ਵੀ ਗਿਆਨ ਦਾ ਉਹੀ ਹਾਲ ਰਿਹਾ। ਰੁਟੀਨ ਵੀ ਉਹੀ ਚਲਦਾ ਰਿਹਾ। ਜੋਧ ਕੌਰ ਵੱਲੋਂ ਦੁੱਧ ਦਾ ਗਿਲਾਸ ਲਿਆਉਣਾ ਤੇ ਉਨ੍ਹਾਂ ਦੇ ਲਾਗੇ ਬਹਿਕੇ ਕਰੋਸ਼ੀਏ ਨਾਲ਼ ਕਢਾਈ ਕੱਢਣ ਲੱਗ ਪੈਣਾ। ਥੋੜ੍ਹੀ ਦੇਰ ਮਗਰੋਂ ਗਿਆਨ ਦਾ ਬਾਥਰੂਮ ਵੱਲ ਖਿਸਕ ਜਾਣਾ। ਜੋਧ ਕੌਰ ਵੱਲੋਂ ਦੇਵ ਨੂੰ ਕੋਈ ਗੱਲ ਪੁੱਛਣੀ ਤੇ ਫਿਰ ਗਿਆਨ ਨੇ ਵਾਪਸ ਆ ਕੇ ਕੋਈ ਚਟਪਟੀ ਗੱਲ ਸੁਣਾਉਣ ਲੱਗ ਜਾਣਾ। ਪੂਰਾ ਘੰਟਾ ਬੀਤਣ ਮਗਰੋਂ ਦੇਵ ਨੇ ਗੁਰਦੁਆਰੇ ਜਾ ਵੜਨਾ।

ਇਕ ਦਿਨ ਦਸ ਕੁ ਮਿੰਟ ਪੜ੍ਹਨ ਮਗਰੋਂ ਹੀ ਗਿਆਨ ਉੱਠਿਆ ਤੇ ਬਾਹਰ ਨਿਕਲ਼ ਗਿਆ। ਪਤਾ ਨਹੀਂ ਉਹ ਕਿੱਥੇ ਗੁੰਮ ਹੋ ਗਿਆ। ਉਹ ਮੁੜਿਆ ਹੀ ਨਾ ਤਾਂ ਜੋਧ ਕੌਰ ਬੋਲੀ, 'ਵੀਰ ਜੀ, ਮੇਰਾ ਇਕ ਕੰਮ ਕਰ ਸਕਦੇ ਹੋ?'

'ਹਾਂ ਜੀ ਦੱਸੋ?' ਦੇਵ ਬੋਲਿਆ।

'ਮੈਨੂੰ ਆਪਣਾ ਐਡਰੈਸ ਦੇ ਦਿਓ, ਜਿਸ ਉੱਤੇ ਮੇਰੀ ਚਿੱਠੀ ਆ ਸਕੇ।'

'ਕਿੱਥੋਂ ਆਉਣੀ ਏਂ ਚਿੱਠੀ?'

'ਮਾਂ, ਬਾਪ, ਭੈਣ ਕਿਸੇ ਦੀ ਵੀ?' ਉਹ ਬੋਲੀ।

'ਮੇਰੇ ਕਾਲਜ ਦੇ ਐਡਰੈਸ ਤੇ ਵੀ ਚਿੱਠੀ ਪਹੁੰਚਣੀ ਮੁਸ਼ਕਲ ਹੀ ਏ। ਜੇ ਠੀਕ ਸਮਝੋ ਤਾਂ ਮੈਂ ਆਪਣੇ ਕਲਾਸ ਫ਼ੈਲੋ ਰਾਮੇਸ਼ਵਰ ਦੀਕਸ਼ਤ ਦਾ ਐਡਰੈਸ ਦੇ ਦਿੰਦਾ ਹਾਂ। ਮੈਂ ਅੱਜ ਕੱਲ੍ਹ ਉਸੇ ਕੋਲ਼ ਰਹਿੰਦਾ ਹਾਂ।'

ਉਹ ਅੰਦਰ ਗਈ ਤੇ ਛੇਤੀ ਹੀ ਇਕ ਬੰਦ ਲਿਫਾਫ਼ਾ ਲੈ ਆਈ ਤੇ ਦੇਵ ਨੂੰ ਫੜਾਉਂਦੀ ਬੋਲੀ, 'ਪਲੀਜ਼ ਇਹ ਪੋਸਟ ਕਰ ਦੇਣਾ। ਬੈਕ ਤੇ ਆਪਣੇ ਦੋਸਤ ਦਾ ਐਡਰੈਸ ਵੀ ਲਿਖ ਦੇਣਾ।'

'ਠੀਕ ਏ ਜੀ।' ਦੇਵ ਨੇ ਲਿਫਾਫ਼ਾ ਜੇਬ੍ਹ ਵਿਚ ਪਾ ਲਿਆ।

'ਇਸ ਨੂੰ ਪੈਂਟ ਦੀ ਜੇਬ੍ਹ ਵਿਚ ਪਾ ਲਉ। ਕਿਸੇ ਨੂੰ ਦੱਸਣਾ ਨਾ ਵੀਰ ਜੀ। ਜਦੋਂ ਉੱਤਰ ਆਵੇ ਤਾਂ ਵੀ ਕਿਸੇ ਨੂੰ ਪਤਾ ਨਾ ਲੱਗੇ।'

ਕਮੀਜ਼ ਦੀ ਜੇਬ੍ਹ' ਚੋਂ ਕੱਢ ਉਸ ਨੇ ਲਿਫਾਫ਼ਾ ਪੈਂਟ ਦੀ ਜੇਬ੍ਹ ਵਿਚ ਪਾ ਲਿਆ ਤੇ ਬੋਲਿਆ, 'ਤੁਸੀਂ ਹਮੇਸ਼ਾ ਉਦਾਸ ਉਦਾਸ ਲਗਦੇ ਹੋ। ਕੀ ਗੱਲ ਏ? ਮੈਨੂੰ ਨਹੀਂ ਦੱਸੋਗੇ?'

'ਨਹੀਂ ਵੀਰ ਜੀ... ਗੱਲ ਤਾਂ ਕੋਈ ਨਹੀਂ।'

ਦੇਵ ਨੂੰ ਕੋਈ ਚਿੱਠੀ ਪੋਸਟ ਕਰਨ ਲਈ ਦੇਵੇ, ਉਹ ਵੀ ਔਰਤ। ਉਹ ਉਸਨੂੰ ਖੋਲ੍ਹ ਕੇ ਨਾ ਪੜ੍ਹੇ, ਇਹ ਕਿਵੇਂ ਹੋ ਸਕਦਾ ਸੀ। ਟਿਊਸ਼ਨ ਅਤੇ ਗੁਰਦੁਆਰੇ ਵੱਲੋਂ ਵਿਹਲਾ ਹੋ ਕੇ ਉਹ ਰਾਮੇਸ਼ਵਰ ਵਾਲ਼ੇ ਕਵਾਰਟਰ ਵੱਲ ਚਲਾ ਗਿਆ। ਲਿਫਾਫ਼ੇ ਦੀਆਂ ਨੁੱਕਰਾਂ ਗਿੱਲੀਆਂ ਕਰਕੇ ਉਸ ਨੂੰ ਖੋਲ੍ਹ ਉਹ ਪੜ੍ਹਨ ਲੱਗਾ। ਇਹ ਉਸ ਨੇ ਆਪਣੇ ਪ੍ਰੇਮੀ ਰਘਬੀਰ ਸਿੰਘ ਨੂੰ ਲਿਖੀ ਚਿੱਠੀ ਸੀ ਜਿਹੜਾ ਸ਼ੰਭੂ ਕਸਬੇ ਵਿਚ ਕਰਿਆਨੇ ਦੀ ਦੁਕਾਨ ਕਰਦਾ ਸੀ। ਜੋਧ ਕੌਰ ਨੇ ਰੋ ਰੋ ਕੇ ਆਪਣਾ ਸਾਰਾ ਹਾਲ ਉਸ ਚਿੱਠੀ ਵਿਚ ਲਿਖਿਆ ਹੋਇਆ ਸੀ। ਉਹ ਇਸੇ ਮਹੀਨੇ ਦੀ ਦਸ ਤਰੀਕ ਨੂੰ ਅਠਾਰਾਂ ਸਾਲ਼ਾਂ ਦੀ ਹੋ ਗਈ ਸੀ। ਉਹ ਉਸ ਨਾਲ਼ ਕੋਰਟ ਮੈਰਿਜ ਕਰਵਾਉਣ ਲਈ ਜਿਸ ਥਾਂ ਤੇ ਕਹੇ ਉਸ ਨੇ ਪੁੱਜਣਾ ਸੀ। ਇਸ ਲਈ ਉਸ ਨੇ ਪੂਰੀ ਯੋਜਨਾ ਲਿਖਣ ਲਈ ਰਘਬੀਰ ਨੂੰ ਕਿਹਾ ਸੀ। ਦੇਵ ਨੇ ਚਿੱਠੀ ਪੜ੍ਹ ਕੇ ਮੁੜ ਜੋੜ ਦਿੱਤੀ ਤੇ ਬੈਕ ਉੱਤੇ ਰਾਮੇਸ਼ਵਰ ਦਾ ਐਡਰੈਸ ਲਿਖ ਕੇ ਪੋਸਟ ਕਰ ਆਇਆ।

ਕੁਝ ਦਿਨਾਂ ਮਗਰੋਂ ਫਿਰ ਦੇਵ ਅਤੇ ਜੋਧ ਕੌਰ ਦੀ ਗੱਲਬਾਤ ਹੋਈ। ਗਿਆਨ ਪੜ੍ਹਦਾ-ਪੜ੍ਹਦਾ ਕਿਧਰੇ ਖਿਸਕ ਗਿਆ ਸੀ। ਸ਼ਾਇਦ ਉਸ ਨੇ ਸਰਕਸ ਦੀ ਟਿਕਟ ਲਈ ਹੋਈ ਸੀ ਤੇ ਉਹ ਦਸ ਮਿੰਟ ਲਾ ਕੇ ਚਲਾ ਗਿਆ ਸੀ।

'ਠੀਕ ਏ ਭਰਾਵਾ ਫਿਰ ਮੈਂ ਵੀ ਚਲਦਾ ਏਂ।' ਦੇਵ ਨੇ ਕਿਹਾ।

'ਨਹੀਂ ਵੀਰ ਜੀ, ਤੁਸੀਂ ਬੈਠੋ।' ਜੋਧ ਕੌਰ ਬੋਲੀ।

ਗਿਆਨ ਦੇ ਜਾਣ ਮਗਰੋਂ ਉਹ ਬੋਲੀ, 'ਗਿਆਨੀ ਜੀ ਨੇ ਕਦੀ ਤੁਹਾਨੂੰ ਘਰ ਦੀ ਵੀ ਕੋਈ ਗੱਲ ਦੱਸੀ ਏ?'

'ਹਾਂ ਜੀ... ਬਈ ਗਿਆਨ ਦੀ ਮੰਮੀ ਦੀ ਮੌਤ ਮਗਰੋਂ ਉਸ ਨੇ ਜੋਧ ਕੌਰ ਨਾਲ਼ ਦੂਜਾ ਵਿਆਹ ਕਰਵਾ ਲਿਆ ਸੀ।'

'ਬਕਵਾਸ... ਨਿਰਾ ਬਕਵਾਸ... ਵੀਰ ਜੀ ਇਹ ਬੰਦਾ ਪੂਰਾ ਸ਼ੈਤਾਨ ਏ। ਕੁਫ਼ਰ ਤੋਲਦਾ ਏ।'

'ਫੇਰ ਤੁਸੀਂ ਦੱਸੋ ਕੀ ਗੱਲ ਏ?' ਦੇਵ ਨੇ ਪੁੱਛਿਆ।

ਉਹ ਉੱਠ ਕੇ ਦਰਵਾਜ਼ੇ ਲਾਗੇ ਜਾ ਖੜ੍ਹੀ, ਜਿੱਥੋਂ ਬਾਹਰ ਦੂਰ ਤੱਕ ਸਭ ਕੁਝ ਦਿਖਦਾ ਸੀ। ਫਿ ਕਹਿਣ ਲੱਗੀ, 'ਵੀਰ ਜੀ, ਤੁਸੀਂ ਮੈਨੂੰ ਮੇਰੇ ਭਰਾ ਹੀ ਲੱਗੇ ਹੋ, ਤਦੇ ਤੁਹਾਡੇ ਨਾਲ਼ ਗੱਲ ਕਰਨ ਲੱਗੀ ਹਾਂ। ਤੁਸੀਂ ਹੈਰਾਨ ਹੋਵੋਗੇ ਕਿ ਮੇਰੇ ਉੱਤੇ ਐਨੀਆਂ ਪਾਬੰਦੀਆਂ ਹਨ ਕਿ ਮੈਂ ਗੁਰਦੁਆਰੇ ਮੱਥਾ ਟੇਕਣ ਵੀ ਨਹੀਂ ਜਾ ਸਕਦੀ। ਮੈਂ ਹੈਰਾਨ ਹਾਂ ਕਿ ਉਸ ਨੇ ਤੁਹਾਨੂੰ ਘਰੇ ਬੁਲਾਕੇ ਪੜ੍ਹਾਉਣ ਕਿਵੇਂ ਲਾ ਲਿਆ।'

'ਉਹ ਇਸ ਤਰ੍ਹਾਂ ਕਿਉਂ ਕਰਦੇ ਨੇ?' ਦੇਵ ਨੇ ਪੁੱਛਿਆ।

ਪਲ਼ ਭਰ ਲਈ ਉਹ ਚੁੱਪ ਰਹੀ, ਅੱਖਾਂ ਪੂੰਝੀਆਂ ਤੇ ਸਾਰੀ ਗੱਲ ਦੱਸੀ। ਗਿਆਨੀ ਮੋਹਰ ਸਿੰਘ ਉਸ ਦਾ ਸਕਾ ਮਾਮਾ ਸੀ, ਜਿਸ ਨੇ ਉਸ ਦੀ ਮਜ਼ਬੂਰੀ ਦਾ ਫਾਇਦਾ ਉਠਾਇਆ। ਉਹ ਨਿੱਕੀ ਜਿਹੀ ਬਾਲੜੀ ਪੰਤਾਲ਼ੀ ਸਾਲਾ ਆਪਣੇ ਮਾਮੇ ਦੀ ਵਹੁਟੀ ਬਣ ਗਈ। ਕਾਗਜ਼ਾਂ ਵਿਚ ਨਹੀਂ, ਜ਼ੁਬਾਨੀ ਕਲਾਮੀ। ਜਦੋਂ ਜੋਧ ਕੌਰ ਅੱਠਵੀਂ ਜਮਾਤ ਵਿਚ ਪੜ੍ਹਦੀ ਸੀ, ਇਕ ਬੱਸ ਹਾਦਸੇ ਵਿਚ ਉਸਦੇ ਮੰਮੀ, ਡੈਡੀ ਤੇ ਇਕ ਭਰਾ ਪਰਲੋਕ ਸਿਧਾਰ ਗਏ ਸਨ। ਉਹ ਘਰ ਵਿਚ ਬਿਲਕੁਲ ਇਕੱਲੀ ਰਹਿ ਗਈ। ਉਸ ਦਾ ਇਹ ਮਾਮਾ ਤੇ ਮਾਮੀ ਉਸ ਨੂੰ ਸ਼ੰਭੂ ਲੈ ਆਏ ਤੇ ਗਿਆਨ ਦੇ ਨਾਲ਼ ਹੀ ਉਸਨੂੰ ਇਕ ਸਕੂਲ ਵਿਚ ਪੜ੍ਹਨ ਲਾ ਦਿੱਤਾ। ਉੱਥੋਂ ਦੇ ਸਿੰਘ ਸਭਾ ਗੁਰਦੁਆਰੇ ਵਿਚ ਗਿਆਨੀ ਗ੍ਰੰਥੀ ਲੱਗਾ ਹੋਇਆ ਸੀ। ਉਹ ਨਿੱਕੀ ਉਮਰ ਦੀ ਜੋਧ ਕੌਰ ਨਾਲ਼ ਅਸ਼ਲੀਲ ਹਰਕਤਾਂ ਕਰਨ ਲੱਗ ਪਿਆ। ਜਦੋਂ ਉਹ ਨੌਵੀਂ ਜਮਾਤ ਵਿਚ ਹੋਈ ਤਾਂ ਸ਼ਰੀਰਕ ਸੋਸ਼ਣ ਵੀ ਸ਼ੁਰੂ ਕਰ ਦਿੱਤਾ। ਉਹ ਕਿਸ ਨੂੰ ਦੱਸਦੀ, ਉਸ ਦਾ ਤਾਂ ਕੋਈ ਹੈ ਹੀ ਨਹੀਂ ਸੀ। ਉਸ ਦੀ ਮਾਮੀ ਵੀ ਉਸ ਤੋਂ ਘਰ ਦੇ ਸਾਰੇ ਕੰਮ ਕਰਵਾਉਂਦੀ ਤੇ ਮਾਰਦੀ ਕੁੱਟਦੀ ਵੀ ਰਹਿੰਦੀ। ਉਸ ਨੂੰ ਖਾਣ ਲਈ ਖਾਣਾ ਵੀ ਦਰੈਂਤ ਕਰ ਕੇ ਦਿੰਦੀ। ਇਕ ਦਿਨ ਗਿਆਨ ਦੀ ਮੰਮੀ ਨੇ ਇਹ ਸਭ ਕੁਝ ਹੁੰਦਾ ਦੇਖ ਲਿਆ ਤੇ ਘਰ ਵਿਚ ਖ਼ੂਬ ਲੜਾਈ ਹੋਈ। ਗਿਆਨੀ ਕਹਿਣ ਲੱਗਾ, 'ਮੈਂ ਤਾਂ ਇਸੇ ਤਰ੍ਹਾਂ ਕਰਾਂਗਾ, ਤੂੰ ਰਹਿਣਾ ਹੈ ਇੱਥੇ ਰਹੀ ਚੱਲ, ਜਾਣਾ ਹੈ ਤਾਂ ਚਲੀ ਜਾਹ।'

ਉਸ ਦੀ ਮਾਮੀ ਪੱਖੇ ਨਾਲ਼ ਲਟਕ ਕੇ ਮਰ ਗਈ। ਗਿਆਨੀ ਜੀ ਨੇ ਖ਼ੁਦਕਸ਼ੀ ਦੀ ਗੱਲ ਵੀ ਘਰੋਂ ਬਾਹਰ ਨਾ ਨਿਕਲ਼ਣ ਦਿੱਤੀ। ਪੰਜ ਸੱਤ ਬੰਦੇ ਲਏ ਤੇ ਉਸ ਦਾ ਸਸਕਾਰ ਕਰ ਦਿੱਤਾ। ਇਕ ਦਿਨ ਜੋਧ ਕੌਰ ਨੂੰ ਕਹਿਣ ਲੱਗਾ, 'ਮੈਨੂੰ ਸਮਾਲਸਰ ਦੇ ਗੁਰਦੁਆਰੇ ਵਿਚ ਗ੍ਰੰਥੀ ਦੀ ਨੌਕਰੀ ਮਿਲ ਗਈ ਏ। ਆਪਾਂ ਇਸੇ ਐਤਵਾਰ ਉੱਥੇ ਚਲੇ ਜਾਣਾ ਹੈ।'

'ਮੈਂ ਤਾਂ ਜਾਵਾਂਗੀ ਨਹੀਂ। ਤੁਸੀਂ ਜਾਣਾ ਹੈ ਜਾਓ।' ਜੋਧ ਕੌਰ ਨੇ ਕਿਹਾ ਤਾਂ ਗਿਆਨੀ ਨੇ ਉਸ ਨੂੰ ਕੁੱਟਿਆ ਤੇ ਮਾਰ ਦੇਣ ਦੀ ਧਮਕੀ ਦਿੱਤੀ।

'ਤੁਸੀਂ ਸ਼ੰਭੂ ਤੋਂ ਕਿਉਂ ਨਹੀਂ ਸੀ ਜਾਣਾ ਚਾਹੁੰਦੇ?' ਦੇਵ ਨੇ ਪੁੱਛਿਆ।

'ਵੀਰ ਜੀ ਤੁਹਾਥੋਂ ਕੀ ਛੁਪਾਉਣਾ। ਉੱਥੇ ਇਕ ਮੁੰਡਾ ਕਰਿਆਨੇ ਦੀ ਦੁਕਾਨ ਕਰਦਾ ਸੀ ਮੇਰੀ ਉਸ ਨਾਲ਼ ਮੁਹੱਬਤ ਹੋ ਗਈ।'

'ਅੱਛਾ ਫੇਰ ਕੀ ਹੋਇਆ?'

'ਉਸ ਮਗਰੋਂ ਤਾਂ ਜੀ ਇਸ ਨੇ ਕਈ ਗੁਰਦੁਆਰੇ ਬਦਲੇ। ਗਿਆਨ ਤਾਂ ਨਸ਼ਿਆਂ ਵਿਚ ਪੈ ਗਿਆ ਸੀ ਤੇ ਪੜ੍ਹਨੋਂ ਹਟ ਗਿਆ ਸੀ। ਮੈਨੂੰ ਵੀ ਉਸ ਨੇ ਮੁੜ ਸਕੂਲ ਨਾ ਜਾਣ ਦਿੱਤਾ। ਹੌਲ਼ੀ-ਹੌਲ਼ੀ ਉਹ ਮੈਨੂੰ ਦੂਜੀ ਪਤਨੀ ਆਖਣ ਲੱਗਾ। ਗਿਆਨ ਇਕ ਵਾਰੀ ਘਰੋਂ ਗਹਿਣੇ ਅਤੇ ਰੁਪਏ ਚੁੱਕ ਕੇ ਦੌੜ ਗਿਆ ਸੀ, ਪਰ ਫਿਰ ਪਰਤ ਅਇਆ ਤੇ ਪਿਓ ਨਾਲ਼ ਚੁੱਪ-ਚਾਪ ਸਮਝੌਤਾ ਕਰ ਲਿਆ।

'ਆਗਰੇ ਆਇਆਂ ਨੂੰ ਕਿੰਨੀ ਦੇਰ ਹੋ ਗਈ?' ਦੇਵ ਨੇ ਪੁੱਛਿਆ।

'ਛੇ ਸੱਤ ਮਹੀਨੇ ਹੋ ਗਏ ਵੀਰ ਜੀ।' ਉਹ ਬੋਲੀ।

ਕੋਈ ਮੁੰਡਾ ਉਸ ਕੋਲ਼ੋਂ ਬਾਲਟੀ ਮੰਗਣ ਆ ਗਿਆ ਸੀ, ਇਸ ਲਈ ਉਸ ਦਿਨ ਦੀ

ਵਾਰਤਾ ਵਿਚਾਲ਼ੇ ਹੀ ਰਹਿ ਗਈ। ਉਸ ਮਗਰੋਂ ਜੋਧ ਕੌਰ ਦੀਆਂ ਕਈ ਚਿੱਠੀਆਂ ਦੇਵ ਨੇ ਪੋਸਟ ਕੀਤੀਆਂ ਤੇ ਆਈਆਂ ਚਿੱਠੀਆਂ ਉਸ ਦੇ ਸਪੁਰਦ ਕਰਦਾ ਰਿਹਾ। ਆਉਣ ਵਾਲ਼ੀ ਤੇ ਜਾਣ ਵਾਲ਼ੀ ਹਰ ਚਿੱਠੀ ਨੂੰ ਉਹ ਖੋਲ੍ਹ ਕੇ ਪੜ੍ਹਦਾ। ਪਤਾ ਤਾਂ ਉਸ ਨੂੰ ਸਾਰੀ ਗੱਲ ਦਾ ਲੱਗ ਹੀ ਗਿਆ ਸੀ ਫਿਰ ਵੀ ਇਕ ਦਿਨ ਉਸ ਨੇ ਜੋਧ ਕੌਰ ਨੂੰ ਪੁੱਛਿਆ, 'ਜੋਧ ਜੀ, ਤੁਸੀਂ ਹੁਣ ਆਪਣੇ ਭਵਿੱਖ ਬਾਰੇ ਕੀ ਸੋਚਿਆ ਏ?'

'ਵੀਰ ਜੀ ਮੈਂ ਹੁਣ ਬਾਲਗ ਹਾਂ। ਮੈਂ ਛੇਤੀ ਹੀ ਸ਼ੰਭੂ ਪਹੁੰਚ ਕੇ ਰਘਬੀਰ ਨਾਲ਼ ਕੋਰਟ ਮੈਰਿਜ ਕਰਵਾ ਲਵਾਂਗੀ।'

'ਪਰ ਐਨੀ ਦੇਰ ਗਿਆਨੀ ਜੀ ਨਾਲ਼ ਰਹਿਣ ਮਗਰੋਂ ਕੀ ਉਹ ਤੁਹਾਨੂੰ ਪ੍ਰਵਾਨ ਕਰ ਲਵੇਗਾ?'

'ਦੇਵ ਜੀ ਉਸ ਨੂੰ ਤਾਂ ਚਾਹੇ ਮੇਰੇ ਹੱਡ ਮਿਲ ਜਾਣ, ਉਨ੍ਹਾਂ ਨੂੰ ਵੀ ਲੈ ਜਾਵੇਗਾ।' ਬੋਲਦੀ ਜੋਧ ਕੌਰ ਦਾ ਚਿਹਰਾ ਚਮਕਣ ਲੱਗ ਪਿਆ।

ਰਾਮੇਸ਼ਵਰ ਦੀ ਜ਼ਿੰਦਗੀ ਤਾਂ ਕੋਹਲੂ ਦੇ ਬਲ਼ਦ ਨਾਲ਼ੋਂ ਵੀ ਨਖਿੱਧ ਸੀ। ਦੇਵ ਨੇ ਜੋਧ ਕੌਰ ਬਾਰੇ ਕੋਈ ਗੱਲ ਉਸ ਨੂੰ ਨਹੀਂ ਸੀ ਦੱਸੀ। ਉਸ ਨੇ ਸੋਚਿਆ ਸੀ ਕਿ ਜਦੋਂ ਉਸ ਨੂੰ ਜੋਧ ਕੌਰ ਦੇ ਕਿਸੇ ਖ਼ਤ ਦੀ ਭਿਣਕ ਪਿਵੇਗੀ, ਉਦੋਂ ਦੱਸ ਦੇਵੇਗਾ। ਐਨ. ਸੀ. ਸੀ. ਆਰ. ਦੀਆਂ ਪਰੇਡਾਂ ਖ਼ਤਮ ਹੋ ਚੁੱਕੀਆਂ ਸਨ। ਹੁਣ ਬਿੱਚਪੁਰੀ ਦੀ ਖੇਤੀ ਯੂਨੀਵਰਸਿਟੀ ਦੇ ਕੈਂਪਸ ਵਿਚ ਇਕ ਸੱਤ ਰੋਜ਼ਾ ਕੈਂਪ ਮਗਰੋਂ ਐਨ. ਸੀ. ਸੀ. ਆਰ. ਤੋਂ ਅਗਲੇ ਸਾਲ ਤੱਕ ਛੁਟਕਾਰਾ ਮਿਲ ਜਾਣਾ ਸੀ। ਪੱਕੇ ਪੇਪਰਾਂ ਲਈ ਅਜੇ ਸਵਾ ਕੁ ਮਹੀਨਾ ਰਹਿੰਦਾ ਸੀ, ਪਰ ਗਿਆਨ ਦੇ ਪੇਪਰਾਂ ਨੂੰ ਹਫ਼ਤਾ ਹੀ ਰਹਿ ਗਿਆ। ਕੈਂਪ ਉੱਤੇ ਜਾਣ ਤੋਂ ਇਕ ਦਿਨ ਪਹਿਲਾਂ ਰਾਮੇ ਸ਼ਵਰ ਦੇ ਪਤੇ ਉੱਤੇ ਜੋਧ ਕੌਰ ਦੀ ਇਕ ਚਿੱਠੀ ਹੋਰ ਆ ਗਈ, ਜੋ ਦੇਵ ਨੇ ਖੋਹਲ ਕੇ ਪੜ੍ਹ ਲਈ। ਉਸ ਵਿਚ ਜੋਧ ਕੌਰ ਨੂੰ ਆਉਂਦੇ ਐਤਵਾਰ ਦੀ ਰਾਤ ਨੂੰ ਘਰੋਂ ਦੌੜਾ ਕੇ ਲੈ ਜਾਣ ਦੀ ਪੂਰੀ ਸਕੀਮ ਦਰਜ਼ ਸੀ। ਦੇਵ ਨੇ ਚਿੱਠੀ ਉਵੇਂ ਬੰਦ ਕਰ ਦਿੱਤੀ ਤੇ ਗਿਆਨ ਨੂੰ ਆਖ਼ਰੀ ਦਿਨ ਪੜ੍ਹਾਉਣ ਲਈ ਗਿਆਨੀ ਮੋਹਰ ਸਿੰਘ ਦੇ ਘਰ ਚਲਾ ਗਿਆ। ਉਹ ਦੋਨੋਂ ਕੁਰਸੀਆਂ ਤੇ ਬੈਠ ਗਏ, ਤੇ ਥੋੜ੍ਹੀ ਵਿੱਥ ਉੱਤੇ ਜੋਧ ਕੌਰ ਵੀ ਆ ਬੈਠੀ। ਗਿਆਨ ਬੋਲਿਆ, 'ਲਓ ਵੀਰ ਜੀ, ਅੱਜ ਪੂਰਾ ਘੰਟਾ ਪੜ੍ਹਾਓ, ਮੈਂ ਕਿਤੇ ਨਹੀਂ ਜਾਵਾਂਗਾ।'

ਅੱਜ ਹੀ ਤਾਂ ਉਸ ਨੂੰ ਜਾਣਾ ਚਾਹੀਦਾ ਸੀ, ਕਿਉਂਕਿ ਦੇਵ ਨੇ ਜੋਧ ਕੌਰ ਨੂੰ ਉਸ ਦੀ ਚਿੱਠੀ ਦੇਣੀ ਸੀ। ਟਿਊਸ਼ਨ ਦੇ ਆਖ਼ਰੀ ਦਿਨ ਹੋਣ ਦਾ ਵੀ ਉਨ੍ਹਾਂ ਦੋਨਾਂ ਨੂੰ ਪਤਾ ਸੀ। ਦੇ ਵ ਉਸ ਨੂੰ ਪੜ੍ਹਾਉਂਦਾ ਰਿਹਾ। ਜੋਧ ਕੌਰ ਦੁੱਧ ਦਾ ਗਿਲਾਸ ਵੀ ਲੈ ਆਈ। ਜਦੋਂ ਪੌਣਾ ਕੁ ਘੰਟਾ ਉਸੇ ਤਰ੍ਹਾਂ ਬੀਤ ਗਿਆ ਤਾਂ ਦੇਵ ਨੇ ਗਿਆਨ ਨੂੰ ਕਿਹਾ, 'ਦੇਖ ਬਈ ਗਿਆਨ ਤੈਨੂੰ ਐਨਾ ਚਿਰ ਪੜ੍ਹਾਇਆ ਏ। ਅੱਜ ਆਖ਼ਰੀ ਦਿਨ ਏਂ। ਮੂੰਹ ਮਿੱਠਾ ਕਰਵਾ ਦੇ।'

'ਬੋਲੋ ਵੀਰ ਜੀ ਕੀ ਖਾਣਾ ਏ?'

'ਗੁਲਾਬ ਜਾਮਣਾਂ।' ਦੇਵ ਨੇ ਕਿਹਾ।

ਉਹ ਉੱਠ ਖੜ੍ਹਾ ਹੋਇਆ ਤੇ ਬੋਲਿਆ, 'ਚੌਦਾਂ ਨੰਬਰ ਬਲਾਕ ਵਿਚ ਜਿਹੜਾ ਹਲਵਾਈ ਏ, ਉਹ ਗੁਲਾਬ ਜਾਮਣਾਂ ਬੜੀਆਂ ਵਧੀਆ ਬਣਾਉਂਦਾ ਏ। ਚਲੋ, ਉੱਥੇ ਜਾ ਕੇ

ਖਾਂਦੇ ਹਾਂ।'

'ਨਹੀਂ ਤੂੰ ਲਿਆ ਜਾ ਕੇ।' ਦੇਵ ਬੋਲਿਆ।

'ਅੱਜ ਤਾਂ ਮੈਂ ਤੁਹਾਨੂੰ ਲੈ ਕੇ ਹੀ ਜਾਵਾਂਗਾ।' ਉਹ ਬੋਲਿਆ ਤੇ ਖੜ੍ਹਾ ਰਿਹਾ।

'ਚੰਗਾ ਬਈ ਚੱਲ।' ਦੇਵ ਵੀ ਉੱਠ ਖੜ੍ਹਿਆ।

ਅਜੇ ਉਹ ਦਸ ਕੁ ਕਦਮਾਂ ਹੀ ਗਏ ਸਨ ਕਿ ਦੇਵ ਨੇ ਕਿਹਾ, 'ਗਿਆਨ ਤੂੰ ਰੁਕ ਮੈਂ ਤਾਂ ਯਾਰ ਆਪਣਾ ਰੁਮਾਲ ਹੀ ਭੁੱਲ ਆਇਆ।'

ਉਹ ਮੁੜ ਕਮਰੇ ਅੰਦਰ ਜਾ ਵੜਿਆ ਤੇ ਜੋਧ ਕੌਰ ਨੂੰ ਉਸਦੀ ਚਿੱਠੀ ਫੜਾ ਦਿੱਤੀ। ਸ਼ੁਕਰਾਨੇ ਵਿਚ ਉਸ ਦੀਆਂ ਅੱਖਾਂ ਝੁਕ ਗਈਆਂ।

**00**

## ਸਤੱਤਰ

ਅਗਲੇ ਦਿਨ ਹੀ ਦੇਵ ਬਿਸਤਰ ਬੰਨ੍ਹ ਲੈ ਕੇ ਐਨ. ਸੀ. ਸੀ. ਆਰ. ਦੇ ਕੈਂਪ ਵਿਚ ਸ਼ਾਮਲ ਹੋ ਗਿਆ। ਪ੍ਰੋ. ਐਚ. ਐਨ. ਬੈਜਲ ਨੇ ਰੈਂਕ ਹੋਲਡਰ ਮੁੰਡਿਆਂ ਦੀਆਂ ਡਿਊਟੀਆਂ ਵੰਡ ਦਿੱਤੀਆਂ। ਉਸ ਨੇ ਚਾਂਗਮਾਰੀ, ਬਰੇਕ ਫਾਸਟ ਲੰਚ ਡਿਨਰ ਤੇ ਸਾਰੇ ਪ੍ਰੋਗਰਾਮ ਦੀ ਜਾਣਕਾਰੀ ਦੇ ਦਿਤੀ। ਤਿੰਨ ਦਿਨ ਉਨ੍ਹਾਂ ਦੇ ਵਿਆਹ ਵਾਂਗ ਲੰਘ ਗਏ। ਸਾਰੇ ਜਣੇ ਇਕ ਵੱਡੇ ਹਾਲ ਵਿਚ ਆਪਣੇ ਬਿਸਤਰ ਲਾਕੇ ਸੌਂਦੇ ਸਨ, ਜਿੱਥੇ ਅੱਧੀ ਅੱਧੀ ਰਾਤ ਤੱਕ ਗਾਉਣ-ਵਜਾਉਣ ਚਲਦਾ ਰਹਿੰਦਾ। ਖਾਣਾ ਵੀ ਬੜਾ ਵਧੀਆ ਮਿਲਦਾ। ਚੌਥੇ ਦਿਨ ਸਵੇਰੇ ਦੇਵ ਦੂਜੇ ਮੁੰਡਿਆਂ ਨਾਲ਼ ਕੈਡਿਟਾਂ ਨੂੰ ਨਾਸ਼ਤਾ ਵਰਤਾਉਣ ਵਿਚ ਰੁੱਝਾ ਹੋਇਆ ਸੀ, ਕਿ ਇਕ ਹੌਲਦਾਰ ਨੇ ਆ ਕੇ ਉਸ ਨੂੰ ਦੱਸਿਆ ਕਿ ਉਸ ਨੂੰ ਮਿਲਣ ਲਈ ਕੁਝ ਸਰਦਾਰ ਲੋਕ ਆਏ ਹਨ, ਉਨ੍ਹਾਂ ਦੀ ਜੀਪ ਮੇਨ ਗੇਟ' ਤੇ ਖੜ੍ਹੀ ਹੈ।

'ਮੈਂ ਬੈਜਲ ਸਾਹਬ ਤੋਂ ਆਗਿਆ ਲੈ ਕੇ ਆਉਂਦਾ ਹਾਂ।' ਦੇਵ ਨੇ ਕਿਹਾ।

'ਮੈਨੂੰ ਉਨ੍ਹਾਂ ਨੇ ਹੀ ਭੇਜਿਆ ਹੈ, ਉਹ ਵੀ ਉੱਥੇ ਹੀ ਖੜ੍ਹੇ ਨੇ।' ਹੌਲਦਾਰ ਨੇ ਦੱਸਿਆ।

ਦੇਵ ਗਿਆ ਤਾਂ ਜੀਪ ਲਾਗੇ ਖੜ੍ਹੇ ਬੰਦਿਆਂ' ਚ ਸਭ ਤੋਂ ਪਹਿਲਾਂ ਉਸ ਨੇ ਆਪਣੇ ਵੱਡੇ ਭਰਾ ਰਾਮ ਸਿੰਘ ਦੀ ਪਗੜੀ ਪਛਾਣੀ।

'ਇਹ ਐਥੇ ਕਿਵੇਂ? ਸੁੱਖ ਹੋਵੇ ਸੱਚਿਆ ਪਾਤਸ਼ਾਹ।' ਦੇਵ ਦੇ ਬੁੱਲ੍ਹ ਹਿੱਲੇ।

ਦੇਵ ਅੱਗੇ ਵਧਿਆ ਤਾਂ ਉੱਥੇ ਗਿਆਨੀ ਮੋਹਰ ਸਿੰਘ, ਤਰਲੋਚਨ ਸਿੰਘ, ਗੁਰਦੁਆਰੇ ਦਾ ਪ੍ਰਧਾਨ ਜਸਵਿੰਦਰ ਸਿੰਘ ਮਠਾੜੂ ਅਤੇ ਦੋ ਹੋਰ ਬੰਦੇ ਖੜ੍ਹੇ ਸਨ।

'ਇਹ ਕੀ ਫਾਹਾ ਪੈ ਗਿਆ?' ਦੇਵ ਦੇ ਬੁੱਲ੍ਹ ਕੰਬੇ। ਉਨ੍ਹਾਂ ਦੇ ਨੇੜੇ ਪੁੱਜ ਉਸ ਨੇ ਸਾਰਿਆਂ ਵੱਲ ਨੂੰ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾਈ। ਕਿਸੇ ਨੇ ਜਵਾਬ ਨਾ ਦਿੱਤਾ।

'ਜੋਧ ਕੌਰ ਦੱਸ ਕਾਕਾ ਕਿੱਥੇ ਹੈ?' ਮਠਾੜੂ ਬੋਲਿਆ।

'ਜੋਧ ਕੌਰ? ਗਿਆਨੀ ਜੀ ਦੀ ਪਤਨੀ?'

'ਆਹੋ, ਹੋਰ ਕੀਹਦੀ ਪਤਨੀ? ਸਿੱਧਾ ਹੋ ਕੇ ਦੱਸ ਦੇ। ਪਿੱਛੋਂ ਪੁਲ਼ਸ ਧੂਹ ਘੜੀਸ ਕਰੂ ਫੇਰ ਨਾ ਚੀਕੀਂ।' ਕਿਸੇ ਨੇ ਕਿਹਾ।

'ਮੈਨੂੰ ਕੀ ਪਤਾ, ਮੈਂ ਤਾਂ ਚਾਰ ਦਿਨਾਂ ਤੋਂ ਕੈਂਪ ਵਿਚ ਹਾਂ। ਬੈਜਲ ਸਾਹਬ ਖੜ੍ਹੇ ਨੇ ਪੁੱਛ ਲਓ ਉਨ੍ਹਾਂ ਨੂੰ।'

'ਅਸੀਂ ਕਿਸੇ ਬੈਜਲ-ਬੂਜਲ ਨੂੰ ਨੀ ਜਾਣਦੇ। ਸਿੱਧਾ ਹੋ ਕੇ ਦੱਸ ਕਿੱਥੇ ਹੈ ਜੋਧ ਕੌਰ?' ਹੁਣ ਤਰਲੋਚਨ ਸਿੰਘ ਬੋਲਿਆ।

'ਕਾਕਾ ਤੇਰਾ ਬੋਲਣ ਦਾ ਕੋਈ ਕੰਮ ਨਹੀਂ। ਜੋ ਗੱਲ ਕਰਨੀ ਹੈ ਪ੍ਰਧਾਨ ਜੀ ਕਰਨ।' ਰਾਮ ਸਿੰਘ ਨੇ ਉਸ ਵੱਲ ਨੂੰ ਉਂਗਲ ਸੇਧੀ।

ਪ੍ਰਧਾਨ ਦੇਵ ਦੇ ਮੋਢੇ ਤੇ ਹੱਥ ਰੱਖ ਕੇ ਇਕ ਪਾਸੇ ਨੂੰ ਲੈ ਗਿਆ। ਗਿਆਨੀ ਮੋਹਰ ਸਿੰਘ ਵੀ ਉਹਦੇ ਨਾਲ ਆ ਗਿਆ। ਫਿਰ ਬੋਲਿਆ, 'ਜੋਧ ਕੌਰ ਲਿਖ ਕੇ ਰੱਖ ਗਈ ਏ ਕਿ ਉਹ ਦੇਵ ਸਿੰਘ ਨਾਲ਼ ਜਾ ਰਹੀ ਹੈ। ਦੇਵ ਸਿੰਘ ਤੇਰਾ ਹੀ ਨਾਂ ਏਂ?'

'ਮੇਰਾ ਨਾਂ ਦੇਵ ਸਿੰਘ ਨਹੀਂ, ਦੇਵ ਹੈ। ਜਿਹੜਾ ਦੇਵ ਸਿੰਘ ਉਸ ਨੂੰ ਲੈ ਗਿਆ, ਉਹ ਹੋਰ ਕੋਈ ਹੋਵੇਗਾ।' ਦੇਵ ਨੇ ਕਿਹਾ।

'ਨਹੀਂ ਉਸ ਨੇ ਲਿਖਿਆ ਹੈ, ਮਾਸਟਰ, ਜਿਹੜਾ ਦੇਵ ਨੂੰ ਪੜ੍ਹਾਉਂਦਾ ਸੀ।'

'ਐਵੇਂ ਹਵਾ ਵਿਚ ਤਲਵਾਰਾਂ ਮਾਰਦੇ ਹੋ ਪ੍ਰਧਾਨ ਜੀ, 'ਰੱਬ ਤੋਂ ਡਰੋ, ਕਿਉਂ ਕੁਫ਼ਰ ਤੋਲਦੇ ਹੋ? ਦਿਖਾਓ ਮੈਨੂੰ ਕੀ ਲਿਖਿਆ ਏ?' ਦੇਵ ਨੇ ਕਿਹਾ ਤਾਂ ਰਾਮ ਸਿੰਘ ਵੀ ਦੇਵ ਦੇ ਨੇੜੇ ਚਲਾ ਗਿਆ।

'ਉਹ ਪੁਲ਼ਸ ਵਿਚ ਦਿਖਾਵਾਂਗੇ।' ਪ੍ਰਧਾਨ ਬੋਲਿਆ।

'ਦੇਵ ਸਿੰਘ ਜੀ ਤੁਹਾਡੇ ਕੋਲ਼ ਕਦੀ ਜੋਧ ਕੌਰ ਨੇ ਕੋਈ ਗੱਲ ਕੀਤੀ ਹੋਵੇ ਤਾਂ ਦੱਸੋ।' ਹੁਣ ਗਿਆਨੀ ਮੋਹਰ ਸਿੰਘ ਬੋਲਿਆ।

'ਨਹੀਂ, ਮੇਰੀ ਉਸ ਨਾਲ਼ ਕਦੀ ਕੋਈ ਗੱਲ ਨਹੀਂ ਹੋਈ।'

ਉਹ ਮੁੜ ਜੀਪ ਲਾਗੇ ਗਏ ਤਾਂ ਪ੍ਰਧਾਨ ਬੋਲਿਆ, 'ਚਲੋ ਪੁਲ਼ਸ ਵਿਚ ਇਤਲਾਹ ਦੇ ਈਏ। ਉਹ ਆਪੀ ਬਕਾ ਲੈਣਗੇ।'

'ਪ੍ਰਧਾਨ ਜੀ, ਵਾਧੂ ਦੀਆਂ ਗੱਲਾਂ ਕਰਨ ਦੀ ਲੋੜ ਨਹੀਂ। ਮੈਂ ਜਾਣਦਾ ਹਾਂ ਆਪਣੇ ਭਰਾ ਨੂੰ। ਤੁਸੀਂ ਕਰੋ ਰਿਪੋਰਟ। ਅਸੀਂ ਦੇਖ ਲਵਾਂਗੇ।' ਰਾਮ ਸਿੰਘ ਨੇ ਕਿਹਾ।

'ਚਲੋ ਰਾਮ ਸਿੰਘ ਜੀ, ਤੁਸੀਂ ਜੀਪ ਵਿਚ ਬੈਠੋ।' ਗਿਆਨੀ ਜੀ ਬੋਲੇ।

'ਨਹੀਂ ਲੋੜ ਮੈਨੂੰ ਕਿਸੇ ਦੀ ਜੀਪ ਵਿਚ ਬੈਠਣ ਦੀ। ਤੁਸੀਂ ਅੰਨ੍ਹੇ ਹੋ? ਤੁਹਾਨੂੰ ਦਿਖਾਈ ਨਹੀਂ ਦਿੰਦਾ ਕਿ ਮੁੰਡਾ ਕੈਂਪ ਵਿਚ ਹੈ। ਤੁਸੀਂ ਲਾਓ ਦੋਸ਼ ਜਿਹੜਾ ਲਾਉਣਾ ਏਂ। ਆ ਜਾਵਾਂਗਾ ਮੈਂ।'

ਉਹ ਚਲੇ ਗਏ ਤਾਂ ਰਾਮ ਸਿੰਘ ਨੇ ਦੇਵ ਨੂੰ ਕਿਹਾ, 'ਦੇਵ ਤੂੰ ਆਪਣਾ ਕੰਮ ਕਰ। ਘਬਰਾਈਂ ਨਾ। ਇਹ ਐਵੇਂ ਸਾਲ਼ੇ ਮਸਤੇ ਫਿਰਦੇ ਨੇ। ਪਹਿਲਾਂ ਇ੍ਹਨਾਂ ਨੇ ਆਪਣੇ ਘਰ ਆ ਕੇ ਵੀ ਊਟ-ਪਟਾਂਗ ਗੱਲਾਂ ਕੀਤੀਆਂ।'

ਬੈਜਲ ਸਾਹਬ ਨੂੰ ਗੱਲ ਅੱਧ-ਪਚੱਧ ਹੀ ਸਮਝ ਆਈ ਸੀ ਹੁਣ ਰਾਮ ਸਿੰਘ ਨੇ ਪੂਰੀ ਗੱਲ ਦੱਸੀ ਤਾਂ ਉਸ ਨੇ ਕਿਹਾ, 'ਤੁਸੀਂ ਮੇਰੇ ਕੋਲ਼ ਦਫ਼ਤਰ ਆਓ। ਸਾਰੇ ਸਮੇਂ ਦਿਨ ਰਾਤ ਦੀ ਹਾਜ਼ਰੀ ਦਾ ਸਰਟੀਫਿਕੇਟ ਮੈਂ ਬਣਾ ਦਿੰਦਾ ਹਾਂ। ਪੁਲ਼ਸ ਤੁਹਾਨੂੰ ਹੱਥ ਵੀ ਨਹੀਂ ਲਾ

ਸਕਦੀ।'

ਬੈਜਲ ਸਾਹਿਬ ਨੇ ਰਾਮ ਸਿੰਘ ਨੂੰ ਬਲਕੇਸ਼ਵਰ ਕਾਲੋਨੀ ਛੱਡਣ ਲਈ ਜੀਪ ਭੇਜ ਦਿੱਤੀ। ਇਹ ਗੱਲ ਦੇਵ ਨੂੰ ਰਾਮ ਸਿੰਘ ਨੇ ਬਾਅਦ ਵਿਚ ਦੱਸੀ ਕਿ ਰਸਤੇ ਵਿਚ ਰੁਕੇ ਪ੍ਰਧਾਨ ਤੇ ਉਹਦੇ ਸਾਥੀ ਜੀਪ ਦਾ ਟਾਇਰ ਬਦਲ ਰਹੇ ਸਨ ਤਾਂ ਉਨ੍ਹਾਂ ਵਾਲ਼ੀ ਜੀਪ ਉਸ ਥਾਂ ਤੋਂ ਐਨੀ ਸਪੀਡ ਨਾਲ਼ ਲੰਘੀ ਕਿ ਸਾਰੇ ਜਣੇ ਧੂੜ ਦੇ ਗੁਬਾਰ ਵਿਚ ਲੁਕ ਗਏ।

ਕੈਂਪ ਸਮਾਪਤੀ ਤੋਂ ਇਕ ਦਿਨ ਪਹਿਲਾਂ ਰਾਮ ਸਿੰਘ ਆਪਣੇ ਇਕ ਦੋਸਤ ਹਰੀਸ਼ ਕੁਮਾਰ ਨੂੰ ਨਾਲ਼ ਲੈ ਕੇ ਬਿੱਚਪੁਰੀ ਆ ਗਿਆ। ਉਹ ਦੇਵ ਨੂੰ ਇਹ ਖ਼ਬਰ ਛੇਤੀ ਦੇਣਾ ਚਾਹੁੰਦੇ ਸਨ ਕਿ ਜੋਧ ਕੌਰ ਨੇ ਘਰੋਂ ਦੌੜ ਸ਼ੰਭੂ ਦੇ ਕਿਸੇ ਮੁੰਡੇ ਨਾਲ਼ ਕੋਰਟ ਮੈਰਿਜ਼ ਕਰਵਾ ਲਈ ਸੀ। ਇਸ ਸਬੰਧੀ ਜੋਧ ਕੌਰ ਨੇ ਗਿਆਨੀ ਜੀ ਨੂੰ ਚਿੱਠੀ ਲਿਖੀ ਸੀ। ਗਿਆਨੀ ਖ਼ੁਦ ਦੇਵ ਦੇ ਵੀਰ ਜੀ ਕੋਲ਼ ਆ ਕੇ ਸਾਰੀ ਗੱਲ ਵੀ ਦੱਸ ਗਿਆ ਸੀ ਤੇ ਮਾਫ਼ੀ ਵੀ ਮੰਗ ਗਿਆ ਸੀ। ਇਹ ਸੁਣਕੇ ਦੇਵ ਖੁਸ਼ ਹੋ ਗਿਆ। ਦਿਓ ਦੀ ਕੈਦ' ਚੋਂ ਇਕ ਸਹਿਜ਼ਾਦੀ ਨੂੰ ਅਜ਼ਾਦ ਕਰਵਾਉਣ ਵਿਚ ਉਸ ਦਾ ਵੀ ਕੁਝ ਨਾ ਕੁਝ ਹਿੱਸਾ ਸੀ। ਰਾਮ ਸਿੰਘ ਭਾਵੇਂ ਦੇਵ ਨੂੰ ਅਕਸਰ ਕਿਹਾ ਕਰਦਾ ਸੀ ਕਿ ਪੂਰਾ ਗੁੱਸਾ ਆਉਣ ਦੇ ਬਾਵਜੂਦ ਕਦੀ ਕਿਸੇ ਨੂੰ ਮਾਂ ਭੈਣ ਦੀ ਗਾਹਲ ਨਹੀਂ ਕੱਢਣੀ ਚਾਹੀਦੀ, ਪਰ ਉਸ ਨੇ ਆਪ ਅੱਜ ਕਈ ਗੰਦੀਆਂ ਗਾਹਲਾਂ ਉਨ੍ਹਾਂ ਬੰਦਿਆਂ ਨੂੰ ਕੱਢੀਆਂ ਜਿਹੜੇ ਆਪਣੇ ਆਪ ਨੂੰ ਲੋਕਾਂ ਦੇ ਪ੍ਰਤੀਨਿਧ ਕਹਾਉਂਦੇ ਸਨ।

'ਕੋਈ ਲੋੜ ਨਹੀਂ ਹੁਣ ਗਿਆਨੀ ਦੇ ਘਰ ਪੜ੍ਹਾਉਣ ਜਾਣ ਦੀ। ਤੀਵੀਂ ਸਾਲ਼ਿਆਂ ਤੋਂ ਆਪ ਨ੍ਹੀ ਸਾਂਭੀ ਗਈ, 'ਇਲਜ਼ਾਮ ਲਾਉਂਦੇ ਸੀ ਮੇਰੇ ਭਰਾ ਤੇ।' ਜਦੋਂ ਰਾਮ ਸਿੰਘ ਨੇ ਇਹ ਸ਼ਬਦ ਕਹੇ ਤਾਂ ਦੇਵ ਨੂੰ ਉਸ ਦੇ ਮੂੰਹ' ਚੋਂ ਸ਼ਰਾਬ ਦੀ ਗੰਧ ਆਈ। ਉਹ ਸਮਝ ਗਿਆ ਕਿ ਗਾਹਲਾਂ ਉਸ ਦਾ ਵੀਰ ਜੀ ਨਹੀਂ ਸੀ ਕੱਢ ਰਿਹਾ ਸਗੋਂ ਅੰਦਰ ਗਈ ਸ਼ਰਾਬ ਦਾ ਜਾਦੂ ਸੀ। ਖੈਰ! ਦੇਵ ਚਿੰਤਾ ਮੁਕਤ ਹੋ ਗਿਆ।

ਕੈਂਪ ਦੀ ਸਮਾਪਤੀ ਮਗਰੋਂ ਟਰੱਕ ਨੇ ਉਨ੍ਹਾਂ ਨੂੰ ਆਗਰਾ ਕਾਲਜ ਪੁਜਾ ਦਿੱਤਾ ਸੀ। ਕਾਲਜ ਜਾ ਕੇ ਹੀ ਦੇਵ ਨੇ ਨੋਟਿਸ ਪੜ੍ਹਿਆ ਕਿ ਹੁਣ ਕੋਈ ਕਲਾਸ ਨਹੀਂ ਸੀ ਲੱਗਣੀ। ਦੋ ਹਫ਼ਤੇ ਤੱਕ ਕਾਲਜ ਤੋਂ ਰੋਲ ਨੰਬਰ ਮਿਲਣੇ ਸਨ। ਲਾਇਬ੍ਰੇਰੀ, ਦਫ਼ਤਰ, ਸਾਇੰਸ ਲੈਬਜ਼, ਐਨ. ਸੀ. ਸੀ. ਆਰ. ਦਫ਼ਤਰ, ਕੰਟੀਨ ਤੋਂ ਕਲੀਅਰੈਂਸ ਚਿੱਟ ਲੈਣ ਲਈ ਵੀ ਲਿਖਿਆ ਹੋਇਆ ਸੀ। ਦੇਵ ਅਤੇ ਉਸ ਦੇ ਕਲਾਸ ਫੈਲੋ ਦੁਜਿੰਦਰ ਸ਼ਰਮਾ ਨੇ ਘਰ ਲਈ ਸਾਂਝਾ ਰਿਕਸ਼ਾ ਕਰ ਲਿਆ। ਰਸਤੇ ਵਿਚ ਜੀਵਨੀ ਮੰਡੀ ਉਸ ਦੀ ਰਿਹਾਇਸ਼ ਸੀ। ਪਹਿਲਾਂ ਉਸ ਨੇ ਦੇਵ ਨੂੰ ਆਪਣੇ ਘਰ ਲੈ ਕੇ ਜਾਣ ਲਈ ਕਾਫੀ ਜ਼ੋਰ ਲਾਇਆ ਪਰ ਉਹ ਸਿੱਧਾ ਘਰ ਜਾਣ ਦੇ ਇਰਾਦੇ ਨਾਲ਼ ਮੰਨਿਆਂ ਨਾ। ਰਿਕਸ਼ੇ ਦਾ ਸਾਰਾ ਕਿਰਾਇਆ ਉਸੇ ਨੇ ਦੇ ਦਿੱਤਾ। ਉਹ ਕੰਟੀਨ ਵਿਚ ਵੀ ਦੇਵ ਨੂੰ ਅਕਸਰ ਖਿੱਚ ਕੇ ਲੈ ਜਾਇਆ ਕਰਦਾ ਸੀ ਤੇ ਉਸ ਨੂੰ ਕਦੀ ਵੀ ਪੇਮੈਂਟ ਨਹੀਂ ਸੀ ਕਰਨ ਦਿੰਦਾ। ਉਸ ਨਾਲ਼ ਦੇਵ ਦੀ ਸਾਂਝ ਪੈਣ ਦੀ ਵੀ ਇਕ ਵੱਖਰੀ ਕਹਾਣੀ ਹੈ।

ਕਈ ਮਹੀਨੇ ਪਹਿਲਾਂ ਇਕ ਦਿਨ ਦੇਵ ਕਾਲਜ ਲਾਇਬ੍ਰੇਰੀ ਵਿਚ ਬੈਠਾ ਪੜ੍ਹ ਰਿਹਾ ਸੀ ਕਿ ਦੁਜਿੰਦਰ ਉਸਦੇ ਲਾਗੇ ਆ ਬੈਠਾ ਤੇ ਬੋਲਿਆ, 'ਸਰਦਾਰ ਜੀ ਆਪ ਕੋ ਪੰਜਾਬੀ

ਆਂਦੀ ਹੁੰਦੀ?'

'ਹਾਂ, ਆਉਂਦੀ ਹੁੰਦੀ।' ਦੇਵ ਨੇ ਹੱਸ ਕੇ ਕਿਹਾ।

'ਮੈਨੂੰ ਪੰਜਾਬੀ ਸਿਖਾ ਦਿਓ। ਮੈਂ ਤੁਹਾਡਾ ਅਹਿਸਾਨ ਕਦੀ ਨਹੀਂ ਭੁੱਲਾਂਗਾ।' ਉਹ ਹਿੰਦੀ ਵਿਚ ਬੋਲਿਆ।

'ਕਿਉਂ ਨਹੀਂ.... ਮੈਂ ਤਾਂ ਤੈਨੂੰ ਪੰਜਾਬੀ ਸਿਖਾ ਕੇ ਖੁਸ਼ ਹੋਵਾਂਗਾ। ਪਰ ਤੂੰ ਕਿਉਂ ਸਿੱਖਣੀ ਏਂ ਪੰਜਾਬੀ?'

'ਬੱਸ ਸ਼ੌਕੀਆ ਹੀ।'

'ਠੀਕ ਏ... ਕਰੋ ਬਿਸਮਿੱਲਾ।'

'ਮੈਂ ਤੁਹਾਨੂੰ ਫੀਸ ਦੇ ਦਿਆਂਗਾ, ਜੋ ਕਹੋ।'

'ਨਹੀਂ ਮਿੱਤਰ ਬਿਲਕੁਲ ਫ਼ਰੀ ਪੜ੍ਹਾਵਾਂਗਾ।'

ਦੁਜਿੰਦਰ ਖੁਸ਼ ਹੋ ਗਿਆ ਤੇ ਵਿਹਲੇ ਪੀਰਡ ਵਿਚ ਦੇਵ ਕੋਲ਼ੋਂ ਪੰਜਾਬੀ ਸਿੱਖਣ ਲੱਗਾ। ਉਹ ਨਾਲ਼ ਦੀ ਨਾਲ਼ ਦੇਵ ਨੂੰ ਕੰਟੀਨ ਵਿਚ ਸਮੋਸੇ ਗੁਲਾਬ ਜਾਮਣਾਂ ਖੁਆ ਕੇ ਫੀਸ ਵਾਲ਼ਾ ਹਿਸਾਬ ਚੁਕਤਾ ਕਰੀ ਗਿਆ। ਪੰਜਾਬੀ ਪੜ੍ਹਨੀ ਲਿਖਣੀ ਤਾਂ ਉਹ ਛੇਤੀ ਹੀ ਸਿੱਖ ਗਿਆ, ਪਰ ਬੋਲਣ ਪੱਖੋਂ ਕਾਫੀਆ ਤੰਗ ਹੀ ਰਿਹਾ। ਮਗਰੋਂ ਉਹ ਆਪਸ ਵਿਚ ਐਨਾ ਖੁੱਲ੍ਹ ਗਏ ਕਿ ਉਸ ਨੇ ਆਪਣਾ ਦਿਲ ਖੋਹਲ ਕੇ ਦੇਵ ਦੇ ਮੂਹਰੇ ਧਰ ਦਿੱਤਾ। ਉਸ ਦੇ ਗੁਆਂਢ ਵਿਚ ਇਕ ਪੰਜਾਬੀ ਪਰਿਵਾਰ ਰਹਿੰਦਾ ਸੀ, ਜਿਨ੍ਹਾਂ ਦੀ ਕੁੜੀ ਮੁਫੀਦੇ ਆਮ ਇੰਟਰ ਕਾਲਜ ਦੀ ਸਟੂਡੈਂਟ ਸੀ ਤੇ ਦੁਜਿੰਦਰ ਦਾ ਉਸ ਕੁੜੀ ਤੇ ਦਿਲ ਆ ਗਿਆ ਸੀ। ਦਿਲ ਕੀ ਆਇਆ, ਉਨ੍ਹਾਂ ਦੀ ਗੱਲਬਾਤ ਕਾਫ਼ੀ ਅੱਗੇ ਨਿਕਲ਼ ਗਈ ਸੀ। ਉਹ ਉਸ ਕੁੜੀ ਨੂੰ ਪੰਜਾਬੀ ਵਿਚ ਚਿੱਠੀ ਲਿਖ ਕੇ ਸਰਪਰਾਈਜ਼ ਦੇਣਾ ਚਾਹੁੰਦਾ ਸੀ। ਦੇਵ ਦੇ ਮਿਲ਼ਣ ਨਾਲ਼ ਇਹ ਕੰਮ ਅਸਾਨ ਹੋ ਗਿਆ। ਉਹ ਉਸ ਕੁੜੀ ਨੂੰ ਹਿੰਦੀ ਵਿਚ ਖਤ ਲਿਖ ਕੇ ਪਹਿਲਾਂ ਦੇਵ ਕੋਲ਼ ਲਿਆਉਂਦਾ। ਦੇਵ, ਕੋਲ਼ੋਂ ਵੀ ਕੁਝ ਮਸਾਲਾ ਪਾ ਕੇ ਉਸ ਦਾ ਪੰਜਾਬੀ ਵਿਚ ਉਲੱਥਾ ਕਰਦਾ। ਫਿਰ ਉਹ ਆਪ ਪੰਜਾਬੀ' ਚ ਲਿਖੀ ਚਿੱਠੀ ਦੀ ਨਕਲ ਕਰਦਾ ਤੇ ਆਪਣੀ ਮਾਸ਼ੂਕਾ ਕੋਲ਼ ਪੁਜਾ ਦਿੰਦਾ। ਉਹ ਬਹੁਤ ਖੁਸ਼ ਹੁੰਦੀ। ਦੁਜਿੰਦਰ ਦੇ ਸ਼ਬਦਾਂ ਵਿਚ ਉਹ ਕੰਵਲ ਫੁੱਲ ਵਾਂਗ ਖਿੜ ਜਾਂਦੀ। ਉਹ ਵੀ ਪੰਜਾਬੀ ਵਿਚ ਚਿੱਠੀ ਲਿਖਦੀ। ਉਹ ਦੋਨੋਂ ਉਸਦੀ ਚਿੱਠੀ ਪੜ੍ਹਦੇ। ਦੇਵ ਹਿੰਦੀ ਵਿਚ ਸਾਰੀ ਚਿੱਠੀ ਦਾ ਮਜ਼ਮੂਨ ਦੁਜਿੰਦਰ ਨੂੰ ਸਮਝਾ ਦਿੰਦਾ ਤਾਂ ਉਹ ਬਹੁਤ ਖੁਸ਼ ਹੁੰਦਾ। ਉਹ ਖਤ ਵਿਚ ਦੇਵ ਦੀ ਤਾਰੀਫ਼ ਵੀ ਕਰਦੀ ਜਿਸ ਨੇ ਇਕ ਗੈਰ ਪੰਜਾਬੀ ਨੂੰ ਪੰਜਾਬੀ ਸਿਖਾ ਦਿੱਤੀ ਸੀ। ਉਹ ਦੁਜਿੰਦਰ ਨੂੰ ਇਹ ਵੀ ਕਹਿੰਦੀ ਕਿ ਉਹ ਆਪਣੇ ਦੋਸਤ ਦੇਵ ਨੂੰ ਕਦੀ ਮਿਲਾਵੇ।

'ਪੰਜਾਬੀ ਤੈਨੂੰ ਮੈਂ ਨਹੀਂ ਸਿਖਾਈ ਦੁਜਿੰਦਰ। ਤੇਰੇ ਇਸ਼ਕ ਨੇ ਸਿਖਾਈ ਏ। ਇਸ਼ਕ ਤਾਂ ਬੰਦੇ ਨੂੰ ਸਭ ਕੁਝ ਸਿਖਾ ਦਿੰਦਾ ਏ।' ਦੇਵ ਦੁਜਿੰਦਰ ਨੂੰ ਕਹਿੰਦਾ।

ਇਕ ਐਤਵਾਰ ਦੁਜਿੰਦਰ ਨੇ ਦੇਵ ਨੂੰ ਸਰਪਰਾਈਜ਼ ਦਿੱਤੀ। ਇਕ ਦਿਨ ਪਹਿਲਾਂ ਉਸ ਨੇ ਦੱਸਿਆ ਕਿ ਉਹ ਸਵੇਰੇ ਨੌਂ ਵਜੇ ਲਾਲ ਕਿਲੇ ਦੇ ਗੇਟ ਕੋਲ਼ ਪਹੁੰਚ ਜਾਵੇ। ਉਹ ਦੇਵ ਨੂੰ ਲਾਲ ਕਿਲਾ ਤੇ ਤਾਜ ਮਹਿਲ ਦਿਖਾ ਕੇ ਲਿਆਵੇਗਾ। ਦੇਵ ਦੀ ਇਨ੍ਹਾਂ ਇਮਾਰਤਾਂ

ਨੂੰ ਦੇਖਣ ਦੀ ਬੜੇ ਚਿਰ ਦੀ ਸੱਧਰ ਸੀ। ਪਰ ਕੋਈ ਸਬੱਬ ਨਹੀਂ ਸੀ ਬਣ ਸਕਿਆ। ਦੇਵ ਉੱਥੇ ਪੁੱਜਾ ਤਾਂ ਉਸਦੀ ਹੈਰਾਨੀ ਦੀ ਹੱਦ ਨਾ ਰਹੀ। ਇਕ ਬਹੁਤ ਹੀ ਖ਼ੂਬਸੂਰਤ ਹਸਦੀਆਂ ਅੱਖਾਂ ਵਾਲ਼ੀ ਕੁੜੀ ਦਾ ਹੱਥ ਫੜੀ ਖੜ੍ਹਾ ਦੁਜਿੰਦਰ ਮੁਸਕਰਾ ਰਿਹਾ ਸੀ। ਕੁੜੀ ਨੇ ਦੇਵ ਨੂੰ 'ਸਤਿ ਸ੍ਰੀ ਅਕਾਲ' ਕਹੀ। ਦੇਵ ਨੇ ਵੀ ਆਪਣਾ ਸਾਇਕਲ ਉਨ੍ਹਾਂ ਦੇ ਸਾਇਕਲਾਂ ਕੋਲ਼ ਸਟੈਂਡ ਤੇ ਲਾ ਦਿੱਤਾ। ਦੁਜਿੰਦਰ ਬੋਲਿਆ, 'ਦੇਵ ਇਹ ਬਲਵੀਰ ਕੌਰ ਏ। ਅਸੀਂ ਜਨਮ ਜਨਮ ਦਾ ਸਾਥ ਨਿਭਾਉਣ ਦੀ ਕਸਮ ਖਾਈ ਏ।'

'ਇਨ੍ਹਾਂ ਨੇ ਵੀ ਖਾਈ ਏ ਕਿ ਤੂੰ' ਕੱਲਾ ਹੀ ਖਾਈ ਜਾਂਦਾ ਏਂ?' ਦੇਵ ਨੇ ਕਿਹਾ ਤਾਂ ਬਲਵੀਰ ਹੱਸ ਪਈ। ਉਸ ਦੇ ਚਿੱਟੇ ਦੰਦਾਂ ਦਾ ਸੱਚਮੁੱਚ ਕੰਵਲ ਖਿੜ ਗਿਆ।

ਉਨ੍ਹਾਂ ਨੇ ਪਹਿਲਾਂ ਲਾਲ ਕਿਲੇ ਦਾ ਗੇੜਾ ਲਾਇਆ, ਫਿਰ ਤਾਜ ਮਹਿਲ ਦੇਖਣ ਚਲੇ ਗਏ। ਦੇਵ ਨੂੰ ਲਾਲ ਕਿਲਾ ਤਾਜ ਮਹਿਲ ਨਾਲ਼ੋਂ ਵੀ ਵਧੀਆ ਲੱਗਾ। ਉੱਥੋਂ ਉਹ ਸ਼ਾਹ ਜਹਾਂ ਪਾਰਕ ਵਿਚ ਜਾ ਬੈਠੇ। ਬਲਵੀਰ ਕੌਰ ਨੇ ਆਪਣੇ ਬੈਗ ਵਿੱਚੋਂ ਆਲੂਆਂ ਵਾਲ਼ੇ ਪਰੌਂਠੇ ਕੱਢੇ । ਦੇਵ ਬੋਲਿਆ, 'ਮੰਮੀ ਜੀ ਨੇ ਬਣਾਏ ਲਗਦੇ ਨੇ।'

'ਨਹੀਂ ਵੀਰ ਜੀ, ਮੰਮੀ ਨੂੰ ਤਾਂ ਮੇਰੀ ਨੂੰ ਗਠੀਆ ਏ। ਮੈਂ ਹੀ ਬਣਾਏ ਨੇ।' ਉਸਦੀ ਗੱਲ ਸੁਣ ਕੇ ਦੇਵ ਉਦਾਸ ਹੋ ਗਿਆ।

'ਕਿੰਨੀ ਦੇਰ ਤੋਂ ਹੈ ਇਹ ਬੀਮਾਰੀ?'

'ਮੈਂ ਜੰਮੀ ਤੇ ਇਹ ਬੀਮਾਰੀ ਹੋ ਗਈ ਉਨ੍ਹਾਂ ਨੂੰ। ਸਭ ਕਹਿੰਦੇ ਸੀ ਕਿ ਬਲਵੀਰ ਨਹਿਸ਼ ਏ, ਪਰ ਮੰਮੀ ਨੇ ਕਦੀ ਅਜਿਹਾ ਨਹੀਂ ਸੋਚਿਆ।'

'ਮੈਨੂੰ ਵੀ ਕਹਿੰਦੇ ਸੀ ਬਲਵੀਰ, ਜਦੋਂ ਮੇਰੇ ਪਿਓ ਦੀ ਮੌਤ ਮਗਰੋਂ ਮੇਰਾ ਜਨਮ ਹੋਇਆ ਕਿ ਮੈਂ ਨਹਿਸ਼ ਹਾਂ.... ।' ਦੇਵ ਬੋਲ ਹੀ ਰਿਹਾ ਸੀ ਕਿ ਬਲਵੀਰ ਨੇ ਉਸ ਦਾ ਹੱਥ ਫੜ ਲਿਆ ਤੇ ਬੋਲੀ, 'ਬੱਸ ਵੀਰ ਜੀ... ਮੈਂ ਬਹੁਤ ਕਮਜ਼ੋਰ ਦਿਲ ਕੁੜੀ ਹਾਂ। ਜੇ ਮੈਂ ਰੋਣ ਲੱਗ ਪਈ ਤਾਂ ਤੁਹਾਥੋਂ ਦੋਹਾਂ ਤੋਂ ਚੁੱਪ ਨਹੀਂ ਕਰਾਈ ਜਾਣੀ।'

ਦੇਵ ਨੂੰ ਬਲਵੀਰ ਐਨੀ ਚੰਗੀ ਲੱਗੀ ਕਿ ਇਕ ਪਾਪ ਜਿਹਾ ਉਸ ਦੇ ਅੰਦਰ ਉੱਸਲਵੱਟੇ ਲੈਣ ਲੱਗ ਪਿਆ। ਉਸ ਨੇ ਸੋਚਿਆ ਕਿ ਉਹ ਉਸ ਨੂੰ ਮਗਰੋਂ ਮਿਲ ਕੇ ਪਰੋਪੋਜ਼ ਕਰ ਦੇਵੇ ਕਿ ਉਹ ਦੁਜਿੰਦਰ ਨੂੰ ਛੱਡ ਕੇ ਉਸ ਨੂੰ ਪਿਆਰ ਕਰੇ। ਉਹ ਉਸ ਨੂੰ ਆਪਣੀ ਬਣਾ ਕੇ ਸਾਰੀ ਉਮਰ ਫੁੱਲਾਂ ਵਾਂਗ ਰੱਖੇਗਾ। ਦੇਵ ਨੇ ਆਪਣੀਆਂ ਅੱਖਾਂ ਬਲਵੀਰ ਦੇ ਚਿਹਰੇ ਵਿਚ ਗੱਡ ਦਿੱਤੀਆਂ। ਬਲਵੀਰ ਨੇ ਆਪਣੀ ਗੁੱਤ' ਚੋਂ ਇਕ ਧਾਗਾ ਖਿੱਚ ਲਿਆ ਤੇ ਬੋਲੀ, 'ਆਪਣਾ ਗੁੱਟ ਉਰੇ ਕਰੋ ਵੀਰ ਜੀ। ਮੈਨੂੰ ਆਪਣੀ ਭੈਣ ਬਣਾ ਲਓ। ਤੁਸੀਂ ਮੇਰੇ ਭਰਾ ਬਣ ਜਾਓ।'

ਦੇਵ ਨੇ ਆਪਣਾ ਹੱਥ ਉਸ ਲਾਗੇ ਕਰ ਦਿੱਤਾ। ਧਾਗਾ ਬਲਵੀਰ ਨੇ ਗੁੱਟ ਤੇ ਬੰਨ੍ਹ ਦਿੱਤਾ ਤੇ ਬੋਲੀ, 'ਹੌਲ਼ੀ ਹੌਲ਼ੀ ਸਹਿੰਦਾ ਸਹਿੰਦਾ ਇਕ ਦੂਜੇ ਨੂੰ ਸੁਣਾਂਗੇ ਵੀਰ ਜੀ।'

ਦੇਵ ਸਮਝ ਗਿਆ ਕਿ ਕੁੜੀ ਦੁਜਿੰਦਰ ਦੇ ਪਿਆਰ ਨਾਲ਼ ਰੱਜੀ ਪਈ ਸੀ। ਉਸ ਦੇ ਕਣ ਕਣ ਵਿਚ ਦੁਜਿੰਦਰ ਸਮਾ ਗਿਆ ਸੀ। ਦੇਵ ਹੱਸ ਕੇ ਬੋਲਿਆ, 'ਬਲਵੀਰ, ਸੱਚੋ ਸੱਚ ਦੱਸੀਂ ਕਿ ਅੱਜ ਘਰ ਕੀ ਬਹਾਨਾ ਬਣਾ ਕੇ ਆਈ ਏਂ?'

'ਵੀਰ ਜੀ ਕਹਿ ਦਿੱਤਾ ਕਿ ਅੱਜ ਕੁੜੀਆਂ ਨਾਲ਼ ਤਾਜ ਦੇਖਣ ਜਾਣਾ ਏਂ।' ਉਹ ਬੋਲੀ।

'ਤੂੰ ਦੁਜਿੰਦਰ ਕੀ ਕਹਿ ਕੇ ਆਇਆ ਏਂ ਬਈ?'

'ਮੈਂ ਕਹਿ ਆਇਆ ਕਿ ਮੁੰਡਿਆਂ ਨਾਲ਼ ਤਾਜ ਮਹਿਲ ਦੇਖਣ ਜਾਣਾ ਏਂ।'

'ਪਿਆਰ ਕਰਨ ਵਾਲ਼ੇ ਲੋਕ ਜਿੰਨਾਂ ਝੂਠ ਬੋਲਦੇ ਨੇ, ਆਮ ਲੋਕ ਨੀ ਬੋਲ ਸਕਦੇ।' ਦੇਵ ਨੇ ਕਿਹਾ ਤਾ ਉਹ ਦੋਨੋਂ ਹੱਸਣ ਲੱਗ ਪਏ।

ਤੇ ਹੁਣ ਰਿਕਸ਼ੇ ਉੱਤੇ ਬੈਠੇ, ਕੈਂਪ ਤੋਂ ਵਾਪਸ ਆਏ ਦੇਵ ਨੂੰ ਦੁਜਿੰਦਰ ਸ਼ਰਮਾ ਤੇ ਬਲਵੀਰ ਕੌਰ ਦੀ ਜੋੜੀ ਨੂੰ ਯਾਦ ਕਰ ਕੇ ਹਾਸਾ ਆ ਗਿਆ। ਰਿਕਸ਼ਾ ਬਲਕੇਸ਼ਵਰ ਕਾਲੋਨੀ ਦੇ ਨੇੜੇ ਵਾਟਰ ਵਰਕਸ ਕੋਲ਼ ਪੁੱਜਾ ਹੀ ਸੀ ਕਿ ਛਿਆਨਵੇਂ ਬਲਾਕ ਵਾਲ਼ੇ ਕਿਰਪਾਲ ਸਿੰਘ ਨੇ ਸਾਇਕਲ ਉੱਤੇ ਉਸ ਕੋਲ਼ੋਂ ਲੰਘਦਿਆਂ ਹਾਕ ਮਾਰੀ, 'ਦੇਵ ਪੁੱਤਰ ਰੁਕੀਂ ਜਰਾ।'

ਉਸ ਨੇ ਰਿਕਸ਼ੇ ਵਾਲ਼ੇ ਨੂੰ ਰੋਕ ਲਿਆ। ਕਿਰਪਾਲ ਸਿੰਘ ਦੇਵ ਦੇ ਕੋਲ਼ ਆ ਕੇ ਬੋਲਿਆ, 'ਦੇਵ ਤੂੰ ਇਸ ਵੇਲ਼ੇ ਕਿੱਥੋਂ ਆ ਰਿਹਾ ਏਂ?'

'ਵੀਰ ਜੀ, ਮੈਂ ਐਨ. ਸੀ. ਸੀ. ਦਾ ਕੈਂਪ ਲਾਕੇ ਆ ਰਿਹਾ ਹਾਂ।'

'ਕਿੱਥੇ ਲੱਗਾ ਸੀ ਕੈਂਪ?'

'ਬਿੱਚਪੁਰੀ ਖੇਤੀ ਯੂਨੀਵਰਸਿਟੀ ਵਿਚ।'

'ਕਿੰਨੇ ਦਿਨ ਦਾ ਸੀ?'

'ਜੀ ਹਫ਼ਤੇ ਦਾ।'

'ਫੇਰ ਇਹ ਮਾਜ਼ਰਾ ਕੀ ਏ? ਗਿਆਨੀ ਦੀ ਵਹੁਟੀ ਦੌੜ ਗਈ ਏ ਤੇ ਲੋਕ ਤੇਰਾ ਨਾਂ ਲੈ ਰਹੇ ਨੇ।'

'ਕਿਹੜੇ ਗਿਆਨੀ ਦੀ ਵਹੁਟੀ ਦੌੜ ਗਈ?'

'ਗੁਰਦੁਆਰੇ ਵਾਲ਼ੇ ਮੋਹਰ ਸਿੰਘ ਦੀ, ਤੈਨੂੰ ਨੀ ਪਤਾ?'

'ਮੈਨੂੰ ਵੀਰ ਜੀ ਕਿੱਥੋਂ ਪਤਾ ਲੱਗਦਾ? ਕੱਢ ਕੇ ਲਿਜਾਂਦਾ ਤਾਂ ਹੀ ਪਤਾ ਲੱਗਦਾ ਨਾ।' ਦੇਵ ਬੋਲਿਆ ਤੇ ਫਿਰ ਰਿਕਸ਼ੇ ਵਾਲ਼ੇ ਨੂੰ ਕਿਹਾ, 'ਚੱਲ ਭਰਾਵਾ ਤੂੰ ਵੀ ਲਭਾ ਦਵੀਂ ਨਾਲ਼। ਗਿਆਨੀ ਦੀ ਵਹੁਟੀ ਦੌੜ ਗਈ, ਨੀਂਦ ਲੋਕਾਂ ਦੀ ਹਰਾਮ ਹੋਈ ਪਈ ਆ।'

ਕਿਰਪਾਲ ਸਿੰਘ ਮੁੜ ਨਾ ਬੋਲਿਆ। ਦੇਵ ਘਰ ਪੁੱਜਾ ਤਾਂ ਜਿੰਦਰ ਦੀ ਜ਼ੁਬਾਨ ਤੇ ਵੀ ਸਭ ਤੋਂ ਪਹਿਲਾਂ ਉਹੀ ਗੱਲ ਆਈ, 'ਦੇਵ ਦੇਖ ਲਿਆ ਲੋਕਾਂ ਨੂੰ? ਇਹ ਫੰਗ ਦੀ ਡਾਰ ਬਣਾ ਦਿੰਦੇ ਨੇ। ਐਥੇ ਤਾਂ ਚੰਦਰਾ ਫੰਗ ਵੀ ਹੈ ਨੀ ਸੀ। ਸੌ ਪੜਦੇ ਫਾੜ ਕੇ ਨਿੱਕਲ ਆਇਆ ਨਾ ਸੱਚ ਬਾਹਰ।'

ਗੁਰਦੁਆਰੇ ਜਾਣ ਦੀ ਤਾਂ ਹੁਣ ਕੋਈ ਤੁਕ ਨਹੀਂ ਸੀ ਦੇਵ ਲਈ। ਹਰ ਕਿਸੇ ਨੇ ਉਹੀ ਜੋਧ ਕੌਰ ਵਾਲ਼ਾ ਕਿੱਸਾ ਲੈ ਕੇ ਬਹਿ ਜਾਣਾ ਸੀ। ਉਸ ਨੇ ਮੁੜ ਪੜ੍ਹਾਈ ਵੱਲ ਮੂੰਹ ਕਰ ਲਿਆ। ਰਾਮੇਸ਼ਵਰ ਨੇ ਪੇਪਰਾਂ ਦੀ ਤਿਆਰੀ ਲਈ ਦਫ਼ਤਰੋਂ ਛੁੱਟੀਆਂ ਲੈ ਲਈਆਂ ਸਨ। ਜੋਧ ਕੌਰ ਦੀ ਸਾਰੀ ਕਹਾਣੀ ਉਸ ਨੇ ਰਾਮੇਸ਼ਵਰ ਨੂੰ ਦੱਸੀ ਤਾਂ ਉਹ ਬੋਲਿਆ, 'ਬੇਈਮਾਨਾ ਤੂੰ

ਮੈਨੂੰ ਨਾਲ਼ ਦੀ ਨਾਲ਼ ਦੱਸੀ ਜਾਂਦਾ। ਸ਼ੰਭੂ ਵਾਲ਼ੇ ਮੁੰਡੇ ਤੇ ਜੋਧ ਕੌਰ ਦੀਆਂ ਚਿੱਠੀਆਂ ਪੜ੍ਹਾਈ ਜਾਦਾ ਤਾਂ ਤੇਰੇ ਗੋਲ਼ੀ ਵੱਜ ਜਾਂਦੀ?'

'ਬੱਸ ਯਾਰ ਮੈਂ ਸੋਚਿਆ ਐਵੇਂ ਨਾ ਰੌਲ਼ਾ ਪੈ ਜਾਵੇ।'

'ਮੈਂ ਤੈਨੂੰ ਰੌਲਾ ਪਾਉਣ ਵਾਲ਼ਾ ਦਿਖਦਾ ਏਂ? ਜਾਂਦਾ ਏਂ ਭਾਬੀ ਜੀ ਕੋਲ਼। ਦੱਸਦਾ ਏ ਂ ਤੇਰੀਆਂ ਕਰਤੂਤਾਂ।'

'ਨਾ ਯਾਰ ਰਾਮੇਸ਼ਵਰ... ਐਸੀ ਭੁੱਲ ਨਾ ਕਰ ਦੀਂ। ਮਾਰਿਆ ਜਾਵਾਂਗਾ ਮੈਂ।'

ਜਦੋਂ ਰਮੇਸ਼ਵਰ ਪੜ੍ਹਦਾ-ਪੜ੍ਹਦਾ ਥੱਕ ਜਾਂਦਾ ਤਾਂ ਅੰਗੜਾਈ ਲੈ ਕੇ ਦੇਵ ਨੂੰ ਛੇੜਦਾ, 'ਹਾਂ ਬਈ ਪਿਆਰੇ ਸਰਦਾਰ ਜੀ। ਕਿਆ ਕਹਿੰਦੀ ਤੁਮਹਾਰੀ ਜੋਧ ਕੌਰ?'

'ਜੋਧ ਕੌਰ ਦੀ ਮੌਜ ਹੈ। ਗਿਆਨੀ ਦੇ ਘਰ ਸੋਗ ਹੈ।' ਦੇਵ ਹੱਸ ਪੈਂਦਾ।

ਉਹ ਰੋਲ਼ ਨੰਬਰ ਲੈਣ ਕਾਲਜ ਗਏ ਤਾਂ ਉੱਥੇ ਸਿਮਰਜੀਤ ਮਿਲ ਪਈ। ਉਹ ਦੇ ਵ ਦੇ ਦੋਨੋਂ ਹੱਥ ਫੜ ਕੇ ਬੋਲੀ, 'ਭਾਅ ਜੀ ਕਿਵੇਂ ਹੋ ਤੁਸੀਂ?'

'ਬਿਲਕੁਲ ਠੀਕ ਹਾਂ ਸਿਮਰ... ਤੂੰ ਸੁਣਾ?' ਦੇਵ ਨੇ ਕਿਹਾ।

'ਗਿਆਨੀ ਜੀ ਦੀ ਘਰ ਵਾਲ਼ੀ ਦਾ ਕੀ ਚੱਕਰ ਸੀ? ਤਰਲੋਚਨ ਤੁਹਾਡਾ ਨਾਂ ਲੈ ਰਿਹਾ ਸੀ।'

'ਹੁਣ ਤਾਂ ਪਤਾ ਲੱਗ ਗਿਆ ਹੋਵੇਗਾ ਤਰਲੋਚਨ ਨੂੰ ਵੀ ਕਿ ਜੋਧ ਕੌਰ ਨੇ ਸ਼ੰਭੂ ਜਾ ਕੇ ਕੋਰਟ ਮੈਰਿਜ ਕਰਵਾ ਲਈ ਏ।'

'ਫਿਰ ਤਰਲੋਚਨ ਕਿਉਂ ਕਹਿੰਦਾ ਫਿਰਦਾ ਏ ਐਸੀਆਂ ਗੱਲਾਂ?'

'ਤੇਰੇ ਕਰਕੇ ਸਿਮਰ ਤੇਰੇ ਕਰਕੇ। ਤੂੰ ਬੁਰਾ ਨਾ ਮਨਾਈਂ। ਉਹ ਤੈਨੂੰ ਚਾਹੁੰਦੈ ਤੇ ਉਹ ਤੇਰੇ ਦਿਲ ਵਿਚ ਮੇਰੇ ਪ੍ਰਤੀ ਨਫ਼ਰਤ ਦਾ ਬੀਅ ਸੁੱਟ ਰਿਹੈ।'

ਸਿਮਰਜੀਤ ਬੋਲੀ, 'ਭਾਅ ਜੀ ਉਹ ਬੰਦਾ ਤਾਂ ਪਹਿਲਾਂ ਹੀ ਮੇਰੇ ਮਨੋਂ ਲਹਿ ਗਿਆ ਏ। ਉਹ ਭਾਪਾ ਜੀ ਨਾਲ਼ ਸਾਢੇ ਤਿੰਨ ਸੌ ਦੀ ਠੱਗੀ ਮਾਰ ਗਿਆ। ਹੁਣ ਤਾਂ ਦਸ ਦਿਨਾਂ ਤੋਂ ਘਰ ਵੀ ਨੀ ਆਇਆ। ਤੁਸੀਂ ਅੱਜ ਸ਼ਾਮ ਘਰ ਜ਼ਰੂਰ ਆਇਓ। ਮੈਂ ਉਡੀਕ ਕਰਾਂਗੀ। ਆਓਗੇ ਨਾ?'

ਦੇਵ ਨੇ ਮੁਸਕਰਾ ਕੇ ਮੂਕ ਸਹਿਮਤੀ ਦੇ ਦਿੱਤੀ।

**00**

## ਅਠੱਤਰ

ਦੇਵ ਨੇ ਸਵੇਰੇ ਹੀ ਅਮਰ ਉਜਾਲ਼ਾ ਅਖ਼ਬਾਰ ਵਿਚ ਪੜ੍ਹਿਆ ਕਿ ਬੀ. ਐਸਸੀ. ਪਰੀਵਿਅਸ ਦਾ ਨਤੀਜਾ ਆਊਟ ਹੋ ਗਿਆ ਸੀ। ਆਗਰਾ ਕਾਲਜ ਦੀਆਂ ਸਾਰੀਆਂ ਕੁੜੀਆਂ ਪਹਿਲੇ ਦਰਜੇ ਵਿਚ ਪਾਸ ਹੋ ਗਈਆਂ ਸਨ ਪਰ ਮੁੰਡਿਆਂ' ਚੋਂ ਦਸ ਜਣੇ ਲੁੜ੍ਹਕ ਗਏ ਸਨ। ਨਤੀਜਾ ਯੂਨੀਵਰਿਸਟੀ ਦੇ ਨੋਟਿਸ ਬੋਰਡ ਉੱਤੇ ਚਿਪਕਾ ਦਿੱਤਾ ਗਿਆ ਸੀ। ਦੇਵ ਜਾਣ ਲਈ ਤਿਆਰ ਹੋਣ ਲੱਗਾ ਤਾਂ ਰਾਮ ਸਿੰਘ ਨੇ ਉਸ ਨੂੰ ਰੋਕ ਲਿਆ ਕਿ ਉਹ ਵੀ ਉਸ ਦੇ ਨਾਲ਼ ਹੀ ਚੱਲੇਗਾ। ਬਜ਼ਾਰ ਜਾ ਕੇ ਮਹੀਨੇ ਭਰ ਦਾ ਰਾਸ਼ਣ ਵੀ ਖ਼ੀਦਣਾ ਸੀ। ਜਿੰਦਰ ਨੇ ਇਕ

ਲੰਬੀ ਲਿਸਟ ਬਣਾ ਕੇ ਦੇਵ ਨੂੰ ਫੜਾ ਦਿੱਤੀ, ਜਿਸ ਦੇ ਅੰਤ ਵਿਚ ਕਿੱਲੋ ਲੱਡੂ ਵੀ ਲਿਖੇ ਹੋਏ ਸਨ। ਲੱਡੂ ਲਿਖਣ ਦਾ ਮਤਲਬ ਸੀ ਕਿ ਦੇਵ ਦੀ ਜ਼ਰੂਰ ਫਸਟ ਡਵੀਜ਼ਨ ਆਉਣੀ ਸੀ ਤੇ ਉਸ ਨੇ ਆਂਢ-ਗੁਆਂਢ ਵਿਚ ਲੱਡੂ ਵੰਡ ਕੇ ਖੁਸ਼ੀ ਸਾਂਝੀ ਕਰਨੀ ਸੀ। ਸਾਇਕਲਾਂ ਉੱਤੇ ਉਹ ਦੋਨੋਂ ਯੂਨੀਵਰਸਿਟੀ ਪਹੁੰਚ ਗਏ। ਜਦੋਂ ਦੇਵ ਗੇਟ ਅੰਦਰ ਵੜਿਆ ਤਾਂ ਐਨ. ਸੀ. ਸੀ. ਆਰ. ਵਾਲ਼ਾ ਅੰਡਰ ਆਫੀਸਰ ਬ੍ਰਹਮ ਦੇਵ ਉਸ ਦੀ ਪਿੱਠ ਤੇ ਧੱਫ਼ਾ ਮਾਰ ਕੇ ਬੋਲਿਆ, 'ਆ ਮੇਰੇ ਜਾਨੇਮਨ ਸਰਦਾਰ ਜੀ, ਤੁਮ ਵੀ ਉਡ ਗਏ ਹੋ।'

'ਕੀ ਕਹਿ ਰਿਹਾ ਏਂ ਤੂੰ?' ਦੇਵ ਨੇ ਘਬਰਾ ਕੇ ਪੁੱਛਿਆ।

'ਅਰੇ ਯਾਰ ਦਸ ਲੜਕੇ ਫੇਲ੍ਹ ਹੋ ਗਏ ਹੈਂ। ਮੈਂ ਭੀ ਸਾਲਾ ਗਿਆ, ਤੁਮ ਵੀ ਗਏ ।'

ਰਾਮ ਸਿੰਘ ਉਸ ਕੋਲ਼ੋਂ ਅੱਗੇ ਲੰਘ ਗਿਆ ਸੀ। ਕੰਬਦੀਆਂ ਲੱਤਾਂ ਨਾਲ਼ ਦੇਵ ਵੀ ਉਸ ਨਾਲ਼ ਜਾ ਰਲਿਆ। ਨੋਟਿਸ ਬੋਰਡ ਤੇ ਰਿਜ਼ਲਟ ਲਿਸਟ ਚਿਪਕੀ ਹੋਈ ਸੀ ਪਰ ਦੇਵ ਦੀ ਹਿੰਮਤ ਨਹੀਂ ਸੀ ਹੋ ਰਹੀ ਕਿ ਉਸ ਨੂੰ ਪੜ੍ਹੇ। ਰਾਮ ਸਿੰਘ ਨੇ ਕਿਹਾ, 'ਹੈਅ ਤੇਰਾ ਬੇੜਾ ਗਰਕ। ਤੂੰ ਤਾਂ ਜਮ੍ਹਾਂ ਈ ਲਿੱਦ ਕਰ ਦਿੱਤੀ। ਕੀ ਕਰਦਾ ਰਿਹਾ ਸਾਲ ਭਰ। ਐਨੇ ਘੱਟ ਨੰਬਰ?'

ਦੇਵ ਨੇ ਵੀ ਅੱਗੇ ਵਧ ਕੇ ਲਿਸਟ ਨਾਲ਼ ਅੱਖਾਂ ਜੋੜ ਲਈਆਂ। ਬ੍ਰਹਮ ਦੇਵ ਝੂਠ ਬੋਲਿਆ ਸੀ ਜਾਂ ਫਿਰ ਉਹ ਆਪ ਫੇਲ਼ ਹੋ ਗਿਆ ਸੀ ਤੇ ਉਸ ਨੂੰ ਸਾਰੇ ਫੇਲ੍ਹ ਹੀ ਨਜ਼ਰ ਆ ਰਹੇ ਸਨ। ਦੇਵ ਦੇ **48%** ਨੰਬਰ ਬਣਦੇ ਸਨ ਤੇ ਉਹ ਸੈਕੰਡ ਡਵੀਜ਼ਨ ਤੋਂ ਵੀ ਘੱਟ ਰਹਿ ਗਿਆ ਸੀ। ਰਾਮੇਸ਼ਵਰ, ਜਿਸ ਨੂੰ ਪਾਸ ਹੋਣ ਦੀ ਕੋਈ ਆਸ ਨਹੀਂ ਸੀ ਪੂਰੇ **50%** ਨੰਬਰ ਲੈ ਕੇ ਸੈਕਿੰਡ ਡਵੀਜ਼ਨ ਬਣਾ ਗਿਆ ਸੀ।

ਰਾਮ ਸਿੰਘ ਦਾ ਨੰਬਰ ਦੇਖ ਕੇ ਦਿਲ ਬੁਝ ਗਿਆ। ਉਹ ਪਿੱਛੇ ਹਟ ਗਿਆ। ਮਸੋਸਿਆ ਹੋਇਆ ਦੇਵ ਵੀ ਉਸ ਦੇ ਲਾਗੇ ਆ ਗਿਆ। ਉਸ ਨੇ ਕਿਹਾ, 'ਕਿਉਂ ਬਈ ਕੀ ਕਰਦਾ ਰਿਹਾ ਤੂੰ? ਐਨੇ ਘੱਟ ਨੰਬਰ ਕਿਉਂ ਆਏ ਨੇ?'

'ਵੀਰ ਜੀ ਮੈਥ ਦੇ ਸੈਕੰਡ ਪੇਪਰ ਵੇਲ਼ੇ ਮੇਰੇ ਨਕਸੀਰ ਚੱਲਣ ਲੱਗ ਪਈ ਸੀ। ਪੂਰਾ ਘੰਟਾ ਖਰਾਬ ਹੋ ਗਿਆ ਸੀ, ਨੰਬਰ, ਤਾਂ ਘਟ ਗਏ।' ਉਹ ਬੋਲਿਆ।

'ਪਰ ਤੂੰ ਤਾਂ ਹੁਣ ਤੱਕ ਇਹੋ ਆਖਦਾ ਰਿਹਾ ਏਂ ਨਾ ਕਿ ਤੇਰੀ ਫ਼ਸਟ ਡਵੀਜ਼ਨ ਆਵੇ ਗੀ। ਨਕਸੀਰ ਦੀ ਗੱਲ ਪਹਿਲਾਂ ਤਾਂ ਕਦੀ ਦੱਸੀ ਨਹੀਂ। ਹੁਣ ਬਕ ਰਿਹਾ ਏਂ।'

'ਵੀਰ ਜੀ, ਮੈਂ ਸੋਚਿਆ ਤੁਸੀਂ ਫਿਕਰ ਕਰੋਗੇ।'

'ਬਕਵਾਸ ਬੰਦ ਕਰ। ਕਮਿਸਟਰੀ ਫਜ਼ਿਕਸ ਵਿਚ ਵੀ ਤੇਰਾ ਭੱਠਾ ਬੈਠਿਆ ਹੋਇਆ ਏ। ਤੈਥੋਂ ਤਾਂ ਰਾਮੇਸ਼ਵਰ ਹੀ ਠੀਕ ਰਿਹਾ, ਜਿਹੜਾ ਰੋਜ਼ ਅੱਠ ਘੰਟੇ ਡਿਊਟੀ ਵੀ ਕਰਦਾ ਸੀ।' ਦੇਵ ਹੈਰਾਨ ਹੋਇਆ ਕਿ ਉਹ ਰਾਮੇਸ਼ਵਰ ਦਾ ਨਤੀਜਾ ਵੀ ਦੇਖ ਆਇਆ ਸੀ।

'ਮਨ ਹਰਾਮੀ ਹੁੱਜਤਾਂ ਢੇਰ... ਮੂੰਹ ਬੰਦ ਹੀ ਰੱਖ ਹੁਣ ਤੂੰ।' ਉਹ ਬੋਲਿਆ।

ਤਦੇ ਪਿੱਛੋਂ ਆ ਕੇ ਸਿਮਰਜੀਤ ਨੇ ਉਸ ਦੀ ਬਾਂਹ ਫੜ ਲਈ ਤੇ ਬੋਲੀ, 'ਦੇਵ ਇਹ ਕੀ ਹੋ ਗਿਆ? ਤੁਹਾਡੇ ਨੰਬਰ ਐਨੇ ਕਿਵੇਂ ਘਟ ਗਏ?'

ਦੇਵ ਮੂੰਹ ਚੁੱਕ ਕੇ ਇੰਝ ਝਾਕਣ ਲੱਗ ਪਿਆ ਜਿਵੇਂ ਗਧਾ ਧੁੰਦ ਵਿਚ ਝਾਕਦਾ ਹੋਵੇ । ਸਿਮਰਜੀਤ ਤਾਂ ਅੱਜ ਬੜੀ ਬਣੀ ਫਬੀ ਫਿਰਦੀ ਸੀ। ਘੁੱਟਵੀਂ ਚਿੱਟੀ ਸੁੱਥਣ ਨਾਲ਼ ਉਸ ਨੇ ਚਾਂਦੀ ਦੇ ਬਟਣਾ ਵਾਲ਼ਾ ਖੁੱਲ੍ਹਾ ਰੇਸ਼ਮੀ ਕਮੀਜ਼ ਪਾਇਆ ਹੋਇਆ ਸੀ, ਜਿਸ ਦੇ ਰੰਗ ਬਿਰੰਗੇ ਫੁੱਲ ਜਿਵੇਂ ਖੁਸ਼ਬੋਆਂ ਛੱਡ ਰਹੇ ਸਨ। ਕਮੀਜ਼ ਵਿਚ ਥਾਂ ਥਾਂ ਚਾਂਦੀ ਦੇ ਨਿੱਕੇ ਘੁੰਗਰੂਆਂ ਵਾਲ਼ੇ ਗੁੱਛੇ ਲਟਕ ਰਹੇ ਸਨ। ਉਹ ਦੇਵ ਦੀ ਬਾਂਹ ਝੰਜੋੜਦੀ ਦੇਵ ਦੇ ਚਿਹਰੇ ਵਿਚ ਦੇਖਦੀ ਬੋਲੀ, 'ਦੇਵ ਰੀਅਲੀ ਆਈ ਐਮ ਸ਼ੌਕਡ.... ਤੁਸੀਂ ਬੋਲਦੇ ਕਿਉਂ ਨੀ?'

ਦੇਵ ਹੈਰਾਨ ਹੋਇਆ, ਉਹ ਅੱਜ ਬੋਲਦੀ ਕਿਵੇਂ ਸੀ। ਉਹ ਤਾਂ ਹਮੇਸ਼ਾ ਉਸ ਨੂੰ 'ਦੇ ਵ ਭਾਅ ਜੀ' ਕਿਹਾ ਕਰਦੀ ਸੀ। ਅੱਜ 'ਭਾਅ ਜੀ' ਕਹਿਣਾ ਕਿਵੇਂ ਭੁੱਲ ਰਹੀ ਸੀ। ਦੇਵ ਨੇ ਉਦਾਸ ਹੋ ਕੇ ਉਸ ਦੇ ਚਿਹਰੇ ਵੱਲ ਤੇ ਫਿਰ ਰਾਮ ਸਿੰਘ ਵੱਲ ਦੇਖਿਆ। ਰਾਮ ਸਿੰਘ ਦੀਆਂ ਨਜ਼ਰਾਂ ਸਿਮਰਜੀਤ ਤੇ ਟਿਕੀਆਂ ਹੋਈਆਂ ਸਨ। ਰਾਮ ਸਿੰਘ ਦੇ ਚਿਹਰੇ ਤੋਂ ਜਿਵੇ ਂ ਦੁੱਖ ਟਪਕ ਰਿਹਾ ਸੀ। ਦੇਵ ਨੇ ਉਸ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਪਰ ਥਥਲਾ ਕੇ ਰਹਿ ਗਿਆ। ਸਿਮਰਜੀਤ ਫਿਰ ਬੋਲੀ, 'ਤੁਸੀਂ ਤਿੰਨਾਂ ਪੇਪਰਾਂ ਦੀ ਰਿਵੈਲਯੂਏਸ਼ਨ ਜ਼ਰੂਰ ਕਰਵਾਉ। ਕਿਧਰੇ ਗੜਬੜ ਜ਼ਰੂਰ ਹੋਈ ਏ।'

ਤਦੇ ਸਿਮਰਜੀਤ ਕੋਲ਼ ਉਸ ਦੀ ਕਲਾਸ ਫੈਲੋ ਬੁਰਕੇ ਵਾਲ਼ੀ ਬੁਸ਼ਰਾ ਆ ਖੜ੍ਹੀ ਹੋਈ। ਦੋਨੋਂ ਫਸਟ ਡਵੀਜ਼ਨ ਲੈਣ ਵਾਲੀਆਂ ਸਨ, 'ਹਾਇ' ਕਹਿ ਕੇ ਇਕ ਦੂਜੀ ਨੂੰ ਲਿਪਟ ਗਈਆਂ। ਆਪਣੇ ਦੰਦਾਂ ਨਾਲ਼ ਬੁੱਲ੍ਹਾਂ ਦੀ ਸਿੱਕਰੀ ਲਾਹੁੰਦਾ ਹੋਇਆ ਰਾਮ ਸਿੰਘ ਸਾਇਕਲ ਚੁੱਕ ਗੇਟ ਵੱਲ ਨੂੰ ਚਲਾ ਗਿਆ। ਦੇਵ ਨੇ ਵੀ ਆਪਣਾ ਸਾਇਕਲ ਚੁੱਕਿਆ ਤੇ ਧਕ-ਧਕ ਕਰਦਾ ਦਿਲ ਲੈ ਕੇ ਉਸ ਦੇ ਮਗਰ ਹੋ ਲਿਆ। ਕੁਝ ਦੂਰ ਜਾ ਕੇ ਦੇਵ ਨੇ ਸਾਇਕਲ ਉਸ ਦੇ ਬਰਾਬਰ ਕਰ ਕੇ ਕਿਹਾ, 'ਵੀਰ ਜੀ ਮੈਂ ਅਗਲੇ ਸਾਲ ਪੂਰੀ ਮਿਹਨਤ ਕਰਕੇ ਸਾਰੀ ਕਮੀ ਦੂਰ ਕਰ ਦਿਆਂਗਾ।'

'ਤੂੰ ਮੈਨੂੰ ਵਿਚਲੀ ਗੱਲ ਦੱਸ। ਸਾਲ ਭਰ ਕੀ ਕਰਦਾ ਰਿਹਾ ਏਂ? ਇਸ ਸਾਲ ਮਿਹਨਤ ਵਿਚ ਰੋੜਾ ਕੌਣ ਬਣ ਗਿਆ?'

'ਮਿਹਨਤ ਤਾਂ ਬਹੁਤ ਕੀਤੀ, ਪਰ ਕੀਤੇ' ਚੋਂ ਸਵਾਲ ਘੱਟ ਆਏ।'

'ਫਿਰ ਅਗਲੇ ਸਾਲ ਕੀਤੇ' ਚੋਂ ਕਿਵੇਂ ਆ ਜਾਣਗੇ?' ਉਸ ਦੀ ਗੱਲ ਸੁਣਕੇ ਦੇਵ ਚੁੱਪ ਕਰ ਗਿਆ।

ਉਹ ਬਜ਼ਾਰ ਵਿਚ ਘੁੰਮ ਕੇ ਲਿਸਟ ਅਨੁਸਾਰ ਸੌਦੇ ਖਰੀਦਦੇ ਰਹੇ। ਸੌਦੇ ਪਾਉਣ ਲਈ ਜਿੰਦਰ ਨੇ ਦਰੀ ਵੱਢ ਕੇ ਵੱਡੇ ਵੱਡੇ ਝੋਲ਼ੇ ਬਣਾਏ ਹੋਏ ਸਨ। ਦੋ ਤਿੰਨ ਝੋਲ਼ਿਆਂ ਵਿਚ ਮਹੀਨੇ ਭਰ ਦਾ ਰਾਸ਼ਣ ਇੱਕੋ ਸਮੇਂ ਆ ਜਾਇਆ ਕਰਦਾ ਸੀ। ਆਮ ਤੌਰ ਤੇ ਇਹ ਸਮਾਨ ਤਨਖ਼ਾਹ ਵਾਲ਼ੇ ਦਿਨ ਸ਼ਾਮ ਨੂੰ ਹੀ ਖਰੀਦਿਆ ਜਾਂਦਾ ਸੀ। ਸਮਾਨ ਨਾਲ਼ ਦੋ ਝੋਲ਼ੇ ਫੁੱਲ ਹੋ ਗਏ ਤਾਂ ਰਾਮ ਸਿੰਘ ਨੇ ਦੋਨੋਂ ਆਪਣੇ ਸਾਇਕਲ ਦੇ ਹੈਂਡਲ ਨਾਲ਼ ਲਮਕਾ ਲਏ। ਤੀਜੇ ਝੋਲੇ ਵਿਚ ਸਬਜ਼ੀਆਂ ਬਗੈਰਾ ਪਾ ਕੇ ਉਹ ਵੀ ਆਪਣੇ ਸਾਇਕਲ ਦੇ ਹੈਂਡਲ ਨਾਲ਼ ਲਟਕਾਉਣ ਲੱਗਾ ਤਾਂ ਦੇਵ ਬੋਲਿਆ, 'ਵੀਰ ਜੀ ਇਹ ਮੈਨੂੰ ਫੜਾ ਦਿਓ।'

'ਕੋਈ ਲੋੜ ਨਹੀਂ। ਤੈਨੂੰ ਐਵੇਂ ਵਾਧੂ ਦਾ ਕਸ਼ਟ ਹੋਵੇਗਾ।'

ਉਹ ਸਾਇਕਲ ਉੱਤੇ ਚੜ੍ਹਿਆ ਤਾਂ ਦੇਵ ਵੀ ਉਸ ਦੇ ਮਗਰ ਮਗਰ ਜਾਂਦਾ ਰਿਹਾ। ਦੇਵ ਚਾਹੁੰਦਾ ਸੀ ਕਿ ਕੋਈ ਸਬੱਬ ਬਣੇ ਕਿ ਰਾਮ ਸਿੰਘ ਉਸ ਨੂੰ ਬੁਲਾ ਲਵੇ ਤੇ ਉਨ੍ਹਾਂ ਦੀ ਪਹਿਲਾਂ ਵਾਂਗ ਗੱਲਬਾਤ ਸ਼ੁਰੂ ਹੋ ਜਾਵੇ। ਉਹ ਭੋਡੀ ਮੀਟ ਵਾਲ਼ੇ ਦੇ ਖੋਖੇ ਕੋਲ਼ੋਂ ਨਿਕਲਣ ਲੱਗੇ ਤਾਂ ਦੇਵ ਬੋਲਿਆ, 'ਭਾਬੀ ਜੀ ਨੇ ਮੀਟ ਲਿਆਉਣ ਲਈ ਆਖਿਆ ਸੀ।'

'ਤੂੰ ਮੀਟ ਸਾਡਾ ਬਣਾ ਤਾਂ ਦਿੱਤਾ ਪੁੱਤਰਾ।' ਉਸ ਦਾ ਗੁੱਸਾ ਉਵੇਂ ਕਾਇਮ ਸੀ। ਰਾਮ ਸਿੰਘ ਕਦੀ ਵੀ ਉਸ ਨਾਲ਼ ਗੁੱਸੇ ਹੁੰਦਾ ਤਾਂ ਉਹ ਦੇਵ ਨੂੰ 'ਪੁੱਤਰਾ' ਕਹਿ ਕੇ ਹੀ ਸੰਬੋਧਨ ਹੁੰਦਾ।

ਅੱਗੇ ਚੜ੍ਹਾਈ ਚੜ੍ਹਨ ਲੱਗੇ ਤਾਂ ਰਾਮ ਸਿੰਘ ਦੇ ਸਾਇਕਲ ਦੀ ਚੇਨ ਉਤਰ ਗਈ। ਉਸ ਨੇ ਸਾਇਕਲ ਸਟੈਂਡ ਉਤੇ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਝੋਲ਼ਿਆਂ ਦੇ ਭਾਰ ਕਰਕੇ ਸਾਇਕਲ ਖੜ੍ਹ ਨਹੀਂ ਸੀ ਰਿਹਾ। ਦੇਵ ਨੇ ਆਪਣਾ ਸਾਇਕਲ ਸਟੈਂਡ ਤੇ ਲਾਇਆ ਤੇ ਉਹਦੇ ਲਾਗੇ ਜਾ ਕੇ ਕਿਹਾ, 'ਲਿਆਓ ਵੀਰ ਜੀ, ਮੈਂ ਚੜ੍ਹਾ ਦਿੰਦਾ ਏਂ ਚੇਨ।'

ਰਾਮ ਸਿੰਘ ਨੇ ਉਸ ਦੀ ਗੱਲ ਹੀ ਨਾ ਸੁਣੀ ਤੇ ਚੇਨ ਚੜ੍ਹਾਉਣ ਲੱਗ ਪਿਆ। ਦੇਵ ਹੈਂਡਲ ਫੜੀ ਖੜ੍ਹਾ ਰਿਹਾ। ਚੇਨ ਚੜ੍ਹਾ ਕੇ ਕਾਲ਼ਸ ਵਾਲ਼ੇ ਹੱਥ ਉਸ ਨੇ ਪਹਿਲਾਂ ਧਰਤੀ ਨਾਲ਼ ਮਲ਼ੇ ਫਿਰ ਝੋਲ਼ੇ ਨਾਲ਼। ਸਾਇਕਲ ਰੋੜ੍ਹਦਿਆਂ ਉਹ ਬੋਲਿਆ, 'ਮੇਰੀ ਜੁੱਤੀ ਤੇਰੇ ਪੈਰੀਂ ਨਾ ਆਉਂਦੀ ਹੁੰਦੀ ਤਾਂ ਮੈਂ ਘਰ ਤੱਕ ਤੇਰਾ ਸਿਰ ਭੰਨਦਾ ਜਾਂਦਾ।'

ਉਸ ਦੀ ਗੱਲ ਸੁਣ ਕੇ ਦੇਵ ਰੋਣ ਲੱਗ ਪਿਆ। ਘਰ ਪਹੁੰਚਣ ਤੱਕ ਵੀ ਉਸ ਦੇ ਹਉਕੇ ਬੰਦ ਨਾ ਹੋਏ। ਘਰ ਪੁੱਜ ਉਨ੍ਹਾਂ ਨੇ ਸਾਰਾ ਸਮਾਨ ਜਿੰਦਰ ਦੇ ਹਵਾਲੇ ਕੀਤਾ। ਰਾਮ ਸਿੰਘ ਕਮਰੇ ਅੰਦਰ ਵੜਦੇ ਸਾਰ ਪਲੰਘ ਤੇ ਲੇਟ ਗਿਆ। ਜਿੰਦਰ ਪਾਣੀ ਦਾ ਗਿਲਾਸ ਲਿਆਈ ਤੇ ਬੋਲੀ, 'ਕੀ ਗੱਲ? ਇਸ ਤਰ੍ਹਾਂ ਕਿਉਂ ਪੈ ਗਏ? ਕੀ ਬਣਿਆ ਰਿਜ਼ਲਟ ਦਾ?'

'ਅਠਤਾਲੀ ਪਰਸੈਂਟ ਨੰਬਰ ਲਏ ਨੇ ਤੇਰੇ ਲਾਡਲੇ ਨੇ। ਹੋਰ ਚੜ੍ਹਾ ਸਿਰ ਇਸ ਨੂੰ।' ਰਾਮ ਸਿੰਘ ਨੇ ਦੱਸਿਆ ਤਾਂ ਜਿੰਦਰ ਹੈਰਾਨ ਹੁੰਦੀ ਬੋਲੀ, 'ਇਹ ਨਿਖੱਟੂ ਤਾਂ ਕਹਿੰਦਾ ਸੀ ਕਿ ਧੁੱਕੀ ਕੱਢ ਦਿੱਤੀ ਪੇਪਰਾਂ ਦੀ। ਫ਼ਸਟ ਡਵੀਜ਼ਨ ਆਵੇਗੀ।'

'ਸਵਾਹ ਚੁੱਲ੍ਹਿਆਂ ਦੀ। ਇਹਨੇ ਤਾਂ ਨੱਕ ਹੀ ਵਢਵਾ ਦਿੱਤਾ। ਮੈਂ ਤਾਂ ਐਵੇਂ ਲੋਕਾਂ ਵਿਚ ਫੜ੍ਹਾਂ ਮਾਰਦਾ ਰਿਹਾ।'

ਜਿੰਦਰ ਨੂੰ ਇਕ ਦਮ ਗੁੱਸਾ ਚੜ੍ਹ ਗਿਆ। ਉਸ ਨੇ ਅੱਗੇ ਵਧ ਕੇ ਦੇਵ ਦਾ ਕੰਨ ਫੜ ਲਿਆ ਤੇ ਮਰੋੜਦੀ ਬੋਲੀ, 'ਹੜ੍ਹਬੋਚਾ ਕਿਸੇ ਕੁੜੀ ਦੇ ਚੱਕਰ' ਚ ਤਾਂ ਨੀ ਪੈ ਗਿਆ ਤੂੰ?'

'ਨਹੀਂ ਭਾਬੀ ਜੀ ਸਹੁੰ ਲੱਗੇ। ਐਸੀ ਕੋਈ ਗੱਲ ਨਹੀਂ।'

'ਜਿੰਦਰ ਤੂੰ ਠੀਕ ਬੁੱਝਿਆ ਏ' ਰਾਮ ਸਿੰਘ ਨੇ ਕਿਹਾ, ' ਅੱਜ ਯੂਨੀਵਰਸਿਟੀ ਵਿਚ ਇਕ ਫਲੱਰਟ ਜਿਹੀ ਕੁੜੀ ਨੇ ਇਹਦਾ ਹੱਥ ਫੜ ਕੇ ਇਹਦੇ 'ਸ਼ਾਨਦਾਰ ਰਿਜ਼ਲਟ' ਦਾ ਦੁੱਖ ਮਨਾਇਆ ਸੀ।'

'ਨਹੀਂ ਵੀਰ ਜੀ, ਐਸੀ ਕੋਈ ਗੱਲ ਨਹੀਂ। ਉਹ ਕੁੜੀ ਸਿਰਫ਼ ਮੇਰੀ ਕਲਾਸ ਫੈਲੋ ਹੈ। ਐਥੇ ਐਨਾ ਕੁ ਤਾਂ ਸਾਰੇ ਇਕ ਦੂਜੇ ਨੂੰ ਪੁੱਛ ਲੈਂਦੇ ਨੇ।' ਦੇਵ ਨੇ ਸਫ਼ਾਈ ਦਿੱਤੀ।

ਰਾਮ ਸਿੰਘ ਫਿਰ ਪਲੰਘ ਉੱਤੇ ਲੇਟ ਗਿਆ। ਜਿੰਦਰ ਵੀ ਉਸ ਦੀ ਪੈਂਦ ਵੱਲ ਬੈਠ

ਗਈ। ਦੇਵ ਵੀ ਨੀਵੀਂ ਪਾਕੇ ਕੁਰਸੀ ਉੱਤੇ ਬੈਠ ਗਿਆ। ਸਾਰੇ ਜਿਵੇਂ ਸੋਗ ਮਨਾਉਣ ਲੱਗ ਪਏ। ਸਤਿੰਦਰ ਲੱਕੜ ਦਾ ਘੋੜਾ ਖਿੱਚਦੀ ਦੇਵ ਕੋਲ਼ ਆ ਕੇ ਬੋਲੀ, 'ਚਾਚਾ ਜੀ, ਬੈਠੋ ਪਿੱਛੇ ਲਾਈਏ ਪਟੂਸੀਆਂ।'

ਦੇਵ ਨੂੰ ਜ਼ਰਾ ਕੁ ਹਾਸਾ ਆਇਆ। ਕਿੰਨੀ ਨਿਰਲੇਪ ਸੀ ਸਤਿੰਦਰ ਘਰ ਵਿਚ ਛਾਈ ਘੁਟਣ ਤੋਂ। ਤਦੇ ਜਿੰਦਰ ਬੋਲੀ, 'ਬਹਿ ਜਾ ਨੀ ਟਿਕ ਕੇ ਪਟੂਸੀਆਂ ਦੀ ਬੱਚੀ।'

'ਤੂੰ ਰਾਮੇਸ਼ਵਰ ਕੋਲ਼ੋਂ ਆਪਣਾ ਮੰਜਾ ਬਿਸਤਰਾ ਅੱਜ ਹੀ ਲਿਆ ਚੁੱਕ ਕੇ।' ਸ਼ਾਮ ਨੂੰ ਰਾਮ ਸਿੰਘ ਨੇ ਦੇਵ ਨੂੰ ਕਿਹਾ।

'ਕੀ ਜਾਣੀਏਂ ਇਹ ਉੱਥੇ ਕੀ ਕਰਦਾ ਰਿਹਾ।' ਜਿੰਦਰ ਬੋਲੀ।

'ਤੁਸੀਂ ਕਹਿੰਦੇ ਹੋ ਤਾਂ ਕੱਲ੍ਹ ਦਿਨੇ ਚੁੱਕ ਲਿਆਵਾਂਗਾ।'

'ਅੱਜ ਕਿਉਂ ਨਹੀਂ? ਅੱਜ ਕਿਹੜੀ ਗੋਲ਼ੀ ਵੱਜਦੀ ਏ?'

'ਰਾਮੇਸ਼ਵਰ ਅੱਧੀ ਰਾਤ ਆਵੇਗਾ ਡਿਊਟੀ ਤੋਂ । ਉਸ ਨੂੰ ਦੱਸ ਕੇ ਸਵੇਰੇ ਲੈ ਆਵਾਂਗਾ।'

ਰੋਟੀ ਖਾਣ ਮਗਰੋਂ ਦੇਵ ਵਿਹੜੇ ਦੇ ਹਨ੍ਹੇਰੇ ਵਿਚ ਬੈਠ ਕੇ ਉਡੀਕਣ ਲੱਗਾ ਕਿ ਉਸ ਦੀ ਭਾਬੀ ਉਸ ਨੂੰ ਪੀਣ ਲਈ ਦੁੱਧ ਦਾ ਗਿਲਾਸ ਦੇਵੇ ਤੇ ਉਹ ਪੀਕੇ ਰਾਮੇਸ਼ਵਰ ਦੇ ਕਵਾਰਟਰ ਵਿਚ ਚਲਾ ਜਾਵੇ। ਕਾਫ਼ੀ ਉਡੀਕਣ ਮਗਰੋਂ ਵੀ ਜਦ ਉਹ ਨਾ ਆਈ ਤਾਂ ਦੇ ਵ ਉੱਠ ਕੇ ਪੌੜੀਆਂ ਉੱਤਰ ਗਿਆ। ਰਾਮੇਸ਼ਵਰ ਦੇ ਕਵਾਰਟਰ ਪੁੱਜ ਉਸ ਨੇ ਮੁਣਸ਼ੀ ਪ੍ਰੇ ਮ ਚੰਦ ਦਾ ਨਾਵਲ ਗਊਦਾਨ ਚੁੱਕ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ, ਜਿਹੜਾ ਮੁੱਕਣ ਉੱਤੇ ਹੀ ਆਇਆ ਹੋਇਆ ਸੀ। ਅੱਧੀ ਰਾਤ ਰਾਮੇਸ਼ਵਰ ਆਇਆ ਤਾਂ ਆਉਂਦੇ ਨੇ ਹੀ ਦੇਵ ਨੂੰ ਜੱਫ਼ੀ ਪਾ ਲਈ। ਉਹ ਰੋਣ ਲੱਗ ਪਿਆ। ਦਿਨ ਵੇਲ਼ੇ ਯੂਨੀਵਰਸਿਟੀ ਜਾ ਕੇ ਉਹ ਰਿਜ਼ਲਟ ਲਿਸਟ ਦੇਖ ਆਇਆ ਸੀ। ਦੇਵ ਦੇ ਘੱਟ ਨੰਬਰ ਆਉਣ ਦਾ ਰਾਮੇਸ਼ਵਰ ਨੂੰ ਸੱਚਮੁੱਚ ਦੁੱਖ ਪਹੁੰਚਿਆ ਸੀ। ਦੇਵ ਨੇ ਦੱਸਿਆ ਕਿ ਉਸ ਦਾ ਵੀਰ ਜੀ ਬਹੁਤ ਨਰਾਜ਼ ਸੀ ਤੇ ਉਸ ਨੇ ਉਸ ਦੇ ਕਵਾਰਟਰ ਵਿੱਚੋਂ ਮੰਜਾ ਬਿਸਤਰਾ ਚੁੱਕ ਲਿਆਉਣ ਲਈ ਆਖ ਦਿੱਤਾ ਸੀ।

ਰਾਮੇਸ਼ਵਰ ਦੇਵ ਦੀ ਗੱਲ ਸੁਣ ਕੇ ਘਬਰਾ ਗਿਆ। ਉਸ ਨੇ ਦੇਵ ਨੂੰ ਦਿਲਾਸਾ ਦਿੱਤਾ। ਧੀਰਜ ਬੰਨ੍ਹਾਇਆ ਕਿ ਉਹ ਦੇਵ ਦੇ ਵੀਰ ਜੀ ਨੂੰ ਮਿਲੇਗਾ ਤੇ ਮੰਜਾ ਬਿਸਤਰਾ ਨਾ ਚੁੱਕਣ ਲਈ ਮਨਾ ਲਵੇਗਾ। ਸ਼ਾਮ ਨੂੰ ਦੇਵ ਤਾਂ ਪਹਿਲਾਂ ਹੀ ਘਰ ਸੀ, ਰਾਮੇਸ਼ਵਰ ਵੀ ਆ ਗਿਆ। ਰਾਮੇਸ਼ਵਰ ਰਾਮ ਸਿੰਘ ਨੂੰ ਕਹਿਣ ਲੱਗਾ, 'ਵੀਰ ਜੀ, ਪਲੀਜ਼ ਦੇਵ ਨੂੰ ਮੇਰੇ ਕੋਲ਼ ਹੀ ਰਹਿਣ ਦਿਓ। ਅਸੀਂ ਦੋਨੋਂ ਹੁਣ ਤੋਂ ਹੀ ਫਾਈਨਲ ਦੀ ਪੜ੍ਹਾਈ ਸ਼ੁਰੂ ਕਰ ਦਿਆਂਗੇ ।' ਉਸ ਨੇ ਰਾਮ ਸਿੰਘ ਨੂੰ ਇਹ ਵਿਸ਼ਵਾਸ ਵੀ ਦੁਆਇਆ ਕਿ ਦੇਵ ਨੇ ਕਦੀ ਵੀ ਕੋਈ ਐਸਾ ਕੰਮ ਨਹੀਂ ਕੀਤਾ ਜਿਸ ਕਰਕੇ ਕੋਈ ਉਸ ਵੱਲ ਉਂਗਲ਼ ਵੀ ਕਰ ਸਕੇ। ਸਾਊ ਮੁੰਡਾ ਹੋਣ ਕਰਕੇ ਸਾਰੇ ਜਮਾਤੀ ਉਸ ਨੂੰ ਪਿਆਰ ਨਾਲ਼ ਬੁਲਾਉਂਦੇ ਸਨ। ਰਾਮੇਸ਼ਵਰ ਨੇ ਨੰਬਰ ਘੱਟ ਆਉਣ ਦੀ ਸਫ਼ਾਈ ਵੀ ਦਿੱਤੀ ਕਿ ਸਾਲ ਭਰ ਕੀਤੇ ਕੰਮ ਦਾ ਤਿੰਨ ਘੰਟੇ ਵਿਚ ਮੁਲਾਂਕਣ ਨਹੀਂ ਕੀਤਾ ਜਾ ਸਕਦਾ। ਇਮਤਿਹਾਨ ਤਾਂ ਬੱਸ ਚਾਂਸ ਹੁੰਦਾ ਹੈ। ਕਹਿੰਦੇ ਕਹਾਉਂਦਿਆਂ ਦਾ ਪਾਸਾ ਪੁੱਠਾ ਪੈ ਜਾਂਦਾ ਹੈ ਤੇ ਗਏ ਗੁਜ਼ਰੇ ਮੱਲਾਂ ਮਾਰ ਜਾਂਦੇ ਨੇ।

'ਵੀਰ ਜੀ ਜੇ ਤੁਸੀਂ ਦੇਵ ਨੂੰ ਮੇਰੇ ਕੋਲ਼ ਨਹੀਂ ਰਹਿਣ ਦਿਓਗੇ ਤਾਂ ਮੇਰੀ ਵੀ ਪੜ੍ਹਾਈ ਛੁੱਟ ਜਾਣੀ ਏ।' ਰਾਮੇਸ਼ਵਰ ਬੋਲਿਆ।

'ਪਰ ਕਾਕਾ ਇਹ ਤਾਂ ਪਹਿਲਾਂ ਹੀ ਛੱਡੀ ਬੈਠਾ ਏ ਪੜ੍ਹਾਈ। ਥਰਡ ਡਵੀਜ਼ਨ ਵਿਚ ਬੀ. ਐਸ. ਸੀ. ਕਰੇਗਾ ਤਾਂ ਕਿਹੜੇ ਫੀਲਡ ਵਿਚ ਇਹਦੀ ਸਮਾਈ ਹੋ ਸਕੇਗੀ? ਮੈਂ ਇਸ ਨੂੰ ਨਿੱਤ ਆਪਣੇ ਕੋਲ਼ ਰੱਖ ਕੇ ਪੜ੍ਹਦਾ ਦੇਖਣਾ ਚਾਹੁੰਦਾ ਹਾਂ।' ਰਾਮ ਸਿੰਘ ਨੇ ਆਖ਼ਰੀ ਫੈਸਲਾ ਦੇ ਦਿੱਤਾ।

ਦੋ ਘੰਟੇ ਉਨ੍ਹਾਂ ਨੂੰ ਇਹੀ ਸਿਰ ਖਪਾਈ ਕਰਦਿਆਂ ਨੂੰ ਲੰਘ ਗਏ। ਦੇਵ ਚਾਹੁੰਦਾ ਸੀ ਕਿ ਉਸ ਦੀ ਭਾਬੀ ਪਾਪੜ ਤਲ਼ ਲਵੇ ਤੇ ਰਾਮੇਸ਼ਵਰ ਨੂੰ ਚਾਹ ਪਿਲਾਵੇ, ਪਰ ਉਸ ਨੇ ਸਟੋਵ ਵੀ ਨਾ ਬਾਲ਼ਿਆ।

ਦੇਵ ਦਾ ਮੰਜਾ, ਬਿਸਤਰਾ ਤੇ ਕਿਤਾਬਾਂ ਰਮੇਸ਼ਵਰ ਨੇ ਉਸ ਨਾਲ਼ ਢੁਆ ਦਿੱਤੀਆਂ। ਉਹ ਬੇਅੰਤ ਉਦਾਸ ਸੀ ਤੇ ਮੁੜ ਮੁੜ ਅੱਖਾਂ ਭਰਦਾ ਰਿਹਾ ਸੀ। ਪੇਪਰ ਮੁੱਕਣ ਮਗਰੋਂ ਰਿਜ਼ਲਟ ਤੱਕ ਦੇਵ ਪਹਿਲਾਂ ਵਾਂਗ ਹੀ ਰਾਮੇਸ਼ਵਰ ਕੋਲ਼ ਰਹਿੰਦਾ ਰਿਹਾ ਸੀ। ਇਹ ਇਕ ਮਹੀਨਾ ਅਜਿਹਾ ਸੀ ਜਦੋਂ ਦੇਵ ਨੇ ਹਿੰਦੀ ਦੇ ਕਈ ਨਾਵਲ ਅਤੇ ਕਹਾਣੀਆਂ ਦੀਆਂ ਕਿਤਾਬਾਂ ਪੜ੍ਹੀਆਂ। ਤੀਜੇ ਚੌਥੇ ਦਿਨ ਉਹ ਆਗਰਾ ਕਾਲਜ ਦੀ ਲਾਇਬ੍ਰੇਰੀ ਦਾ ਚੱਕਰ ਮਾਰਦਾ। ਲਾਇਬ੍ਰੇਰੀਅਨ ਮਧੂ ਹੈਰਾਨ ਹੋ ਕੇ ਪੁੱਛਦੀ, 'ਦੇਵ ਭਾਈ ਸਾਹਬ ਐਨੀ ਛੇਤੀ ਕਿਵੇਂ ਪੜ੍ਹ ਲੈਂਦੇ ਹੋ? ਮੈਂ ਤਾਂ ਜੇ ਕੋਈ ਨਾਵਲ ਸ਼ੁਰੂ ਕਰ ਲਵਾਂ, ਮਹੀਨਾਂ ਮਹੀਨਾ ਮੁੱਕਦਾ ਹੀ ਨਹੀਂ।'

'ਮੈਂ ਵਿਹਲਾ ਬੰਦਾ ਹਾਂ ਸਿਸਟਰ। ਰਾਮੇਸ਼ਵਰ ਦੀ ਤਰ੍ਹਾਂ ਥੋੜ੍ਹੋਂ ਹਾਂ ਕਿ ਦਿਨ ਰਾਤ ਕੋਈ ਵਿਹਲ ਹੀ ਨਹੀਂ।'

'ਕੀ ਕਰਦੇ ਰਹਿੰਦੇ ਨੇ ਉਹ? ਕਿਸੇ ਦਿਨ ਉਨ੍ਹਾਂ ਨੂੰ ਵੀ ਨਾਲ਼ ਲੈ ਕੇ ਆਓ।' ਮਧੂ ਅਕਸਰ ਆਖਦੀ।

ਦੇਵ ਰਾਮੇਸ਼ਵਰ ਨੂੰ ਹੋਈ ਗੱਲਬਾਤ ਨਾਲ਼ੋਂ ਕਿੰਨਾ ਹੀ ਵਧਾ ਚੜ੍ਹਾ ਕੇ ਦੱਸਦਾ ਤਾਂ ਸੁਣਦਿਆਂ ਰਾਮੇਸ਼ਵਰ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ। ਉਹ ਐਨਾ ਚਾਮ੍ਹਲ ਜਾਂਦਾ ਕਿ ਧੋਤੀ ਦਾ ਲੜ ਖਿੱਚ ਸਿਰ ਨਾਲ਼ ਲਾ ਕੇ ਮੋਰ ਵਾਂਗ ਪੈਲ਼ ਪਾਉਣ ਲੱਗ ਪੈਂਦਾ। ਰਾਮੇਸ਼ਵਰ ਉਨ੍ਹਾਂ ਦਿਨਾਂ ਵਿਚ ਨਿੱਤ ਹੀ ਓਵਰ ਟਾਈਮ ਲਾ ਕੇ ਲਈਆਂ ਛੁੱਟੀਆਂ ਦਾ ਭਾਂਗਾ ਪੂਰਾ ਕਰਨ ਲੱਗਾ ਹੋਇਆ ਸੀ। ਬਿਜਲੀ ਘਰ ਵਿਚ ਸੋਲ਼ਾਂ ਘੰਟੇ ਬਤੀਤ ਕਰ ਕੇ ਕਵਾਰਟਰ ਵਿਚ ਤਾਂ ਉਹ ਰੋਟੀ ਖਾਣ ਜਾਂ ਫਿਰ ਸੌਣ ਆਉਂਦਾ ਸੀ। ਉਸ ਕੋਲ਼ ਐਨਾ ਸਮਾਂ ਕਿੱਥੇ ਸੀ ਕਿ ਮਧੂ ਨੂੰ ਮਿਲਣ ਲਈ ਜਾਂਦਾ। ਇਕ ਦਿਨ ਉਹ ਇਕ ਬੰਦ ਲਿਫਾਫ਼ਾ ਦੇਵ ਨੂੰ ਫੜਾਉਂਦਾ ਬੋਲਿਆ, 'ਸਰਦਾਰ ਪਿਆਰੇ, ਜਗ ਤੋਂ ਨਿਆਰੇ, ਇਹ ਮਧੂ ਨੂੰ ਦੇ ਦੇਣਾ।'

'ਇਹ ਕੀ ਏ ਬਈ?' ਦੇਵ ਨੇ ਹੱਸ ਕੇ ਪੁੱਛਿਆ।

'ਇਹ ਪਹਿਲਾ ਲਵ ਲੈਟਰ ਏ। ਮਧੂ ਨੂੰ ਦੋਨਾਂ ਹੱਥਾਂ ਨਾਲ਼ ਫੜਾਈਂ।'

'ਮੇਰੇ ਛਿੱਤਰ ਪਵਾਉਣ ਦੀ ਸਲਾਹ ਤਾਂ ਨੀ ਤੇਰੀ? ਐਨੀ ਗੱਲ ਤੇਰੀ ਹੈ ਵੀ ਕਿ ਉਹ ਚਿੱਠੀ ਲਵੇਗੀ?'

'ਹਾਂ-ਹਾਂ, ਤੂੰ ਘਬਰਾਉਂਦਾ ਕਿਉਂ ਏ?'

'ਚੰਗਾ, ਪਹਿਲਾਂ ਇਸ ਨੂੰ ਖੋਲ੍ਹ, ਪੜ੍ਹ ਕੇ ਸੁਣਾ, ਤਾਂ ਦਿਆਂਗਾ।' ਦੇਵ ਨੇ ਕਿਹਾ।

'ਖੋਲ੍ਹ ਕੇ ਪੜ੍ਹ ਲੈ। ਜੇ ਵਿਸ਼ਵਾਸ਼ ਕਰੇਂ ਤਾਂ ਜ਼ੁਬਾਨੀ ਵੀ ਸੁਣਾ ਸਕਦਾ ਹਾਂ।'

'ਚੰਗਾ ਸੁਣਾ।'

'ਉਹ ਆਪਣੇ ਜਨੇਊ ਦਾ ਧਾਗਾ ਕੰਨ ਦੁਆਲੇ ਲਪੇਟ ਦੱਭ ਦੀ ਸਫ਼ ਉੱਤੇ ਚੱਪਲ ਮਾਰ ਅੱਖਾਂ ਮੁੰਦ ਕੇ ਬੈਠ ਗਿਆ ਤੇ ਬੋਲਣ ਲੱਗਾ, ' ਮਧੂ ਜੀ, ਇਹ ਛੁੱਟੀਆਂ ਅੜ ਗਈਆਂ ਹਨ। ਗਾਰ ਵਿਚ ਫਸੇ ਗੱਡੇ ਨੂੰ ਜਿਵੇਂ ਧੱਕਾ ਲਾ ਕੇ ਕੱਢੀਦਾ ਹੈ, ਮੈਂ ਉਵੇਂ ਇਨ੍ਹਾਂ ਛੁੱਟੀਆਂ ਨੂੰ ਕੱਢ ਰਿਹਾ ਹਾਂ।'

'ਬਕਵਾਸ, ਨਿਰਾ ਬਕਵਾਸ।' ਦੇਵ ਨੇ ਕਿਹਾ।

'ਕਿਉਂ?' ਰਮੇਸ਼ਵਰ ਨੇ ਅੱਖਾਂ ਖੋਲ੍ਹੀਆਂ।

'ਤੂੰ ਤਾਂ ਓਵਰ ਟਾਈਮ ਲਾਉਂਦਾ ਏਂ ਤੇ ਸੌਂਦਾ ਏਂ। ਛੁੱਟੀਆਂ ਅੜ ਕਿੱਥੇ ਗਈਆਂ?'

'ਸਰਦਾਰ ਪਿਆਰੇ ਮਾਸ਼ੂਕ ਕੋਲ਼ ਘੱਟ ਤੋਂ ਘੱਟ ਸੱਚ ਬੋਲੀਦਾ ਹੈ।'

'ਚੰਗਾ ਬਕ ਅਗਲਾ ਝੂਠ।'

ਉਹ ਮੁੜ ਪਹਿਲੀ ਅਵੱਸਥਾ ਵਿਚ ਆ ਗਿਆ ਤੇ ਬੋਲਣ ਲੱਗਾ, 'ਤੁਹਾਡਾ ਬਾਰ ਬਾਰ ਖਿਆਲ ਆਉਣ ਕਰਕੇ ਛੁੱਟੀਆਂ ਦਾ ਸਮਾਂ ਹੋਰ ਲੰਬਾ ਹੋਈ ਜਾ ਰਿਹਾ ਹੈ। ਤੁਹਾਨੂੰ ਦੇਖਣ ਦੀ ਆਦਤ ਪੈ ਗਈ ਹੈ। ਮੈਂ ਹਫ਼ਤੇ ਕੁ ਲਈ ਕਾਨਪੁਰ ਜਾ ਕੇ ਮਾਂ ਨੂੰ ਮਿਲ ਕੇ ਆਉਣਾ ਹੈ। ਮੈਨੂੰ ਪਤਾ ਹੈ ਕਿ ਵਿਆਹ ਲਈ ਉਹ ਮੁੜ ਜ਼ੋਰ ਪਾਉਣਗੇ। ਕਹਿ ਦਿਆਂਗਾ ਕਿ ਕੁੜੀ ਤਾਂ ਹੁਣ ਮੈਂ ਆਗਰੇ ਹੀ ਦੇਖ਼ ਲਈ ਹੈ। ਉੱਥੋਂ ਵਾਪਸ ਆ ਕੇ ਤੁਹਾਡੇ ਕੋਲ਼ ਆਵਾਂਗਾ। ਸਰਦਾਰ ਜੀ ਤਾਂ ਵਿਹਲਾ ਬੰਦਾ ਹੈ। ਪਿਛਲੇ ਜਨਮ ਵਿਚ ਮੋਤੀ ਪੁੰਨ ਕਰਕੇ ਜੰਮਿਆਂ ਹੈ। ਆਪਣੇ ਪਸੰਦ ਦੀ ਕੋਈ ਪੁਸਤਕ ਮੇਰੇ ਪੜ੍ਹਨ ਲਈ ਉਸ ਕੋਲ਼ ਭੇਜ ਦੇਣੀ ਪਹਿਲੀ ਵਾਰੀ ਤੁਹਾਨੂੰ ਖ਼ਤ ਲਿਖ ਰਿਹਾ ਹਾਂ। ਲਿਖਣਾ ਮਗਰੋਂ ਸਿੱਖਾਂਗਾ ਜਦੋਂ ਤੁਸੀਂ ਮੈਨੂੰ ਖ਼ਤ ਲਿਖਣਾ ਸ਼ੁਰੂ ਕਰ ਦਿਓਗੇ। ਮੈਨੂੰ ਉੱਤਰ ਲਿਖ ਕੇ ਸਰਦਾਰ ਜੀ ਕੋਲ਼ ਜ਼ਰੂਰ ਭੇਜਣਾ। ਮੈਂ ਹਮੇਸ਼ਾ ਤੁਹਾਨੂੰ ਖੁਸ਼ ਤੇ ਸੁਖੀ ਦੇਖਣਾ ਚਾਹੁੰਦਾ ਹਾਂ। ਮੈਂ ਹਾਂ ਤੁਹਾਡਾ ਆਰ. ਡੀ. ।'

ਰਮੇਸ਼ਵਰ ਨੇ ਅੱਖਾਂ ਖੋਲ੍ਹੀਆਂ ਤੇ ਮੁਸਕਰਾਉਣ ਲੱਗਾ।

'ਵਾਹ-ਬਈ-ਵਾਹ... ਜ਼ੁਬਾਨੀ ਰਟ ਲਈ ਚਿੱਠੀ। ਅਜੇ ਗੱਲ ਬਣੀ ਨਹੀਂ। ਜੇ ਕਹੇਂ ਤਾਂ ਫਾੜ ਕੇ ਦਵਾਰਾ ਲਿਖੀਏ?' ਦੇਵ ਬੋਲਿਆ।

'ਨਹੀਂ, ਤੂੰ ਇਸੇ ਤਰ੍ਹਾਂ ਦੇ ਆ। ਬੱਸ ਸਰਦਾਰ ਜੀ ਹੁਣ ਹੋਰ ਨਹੀਂ ਉਡੀਕਿਆ ਜਾਂਦਾ। ਤੂੰ ਵੀਰ ਜੀ ਨੂੰ ਕਹਿ ਕੇ ਟਾਂਕਾ ਫਿੱਟ ਕਰਵਾ ਦੇ। ਤੇਰਾ ਅਹਿਸਾਨ ਸਾਰੀ ਉਮਰ ਨੀ ਭੁੱਲਣ ਲੱਗਾ।'

'ਬੀ. ਐਸਸੀ. ਤਾਂ ਕਰ ਲੈ ਪਹਿਲਾਂ। ਨਾਲ਼ੇ ਹੁਣ ਆਪ ਹੀ ਕਰਿਓ ਜੁਗਾੜ ਫਿੱਟ। ਵੀਰ ਜੀ ਨੂੰ ਇਹ ਗੱਲ ਮੈਂ ਕਦੀ ਨੀ ਕਹਿ ਸਕਦਾ। ਆਪਸ ਵਿਚ ਚਿੱਠੀਆਂ ਦੀ ਕਿਸ਼ਤੀ ਚਲਾ ਲਵੋ। ਲੱਗਜੂ ਪਾਰ।'

ਅਗਲੇ ਦਿਨ ਦੇਵ ਲਾਇਬ੍ਰੇਰੀ ਗਿਆ ਤਾਂ ਪਾਲੀਵਾਲ ਪਾਰਕ ਵਿੱਚੀਂ ਲੰਘਦਿਆਂ ਉਸ ਦਾ ਮਨ ਕੀਤਾ ਕਿ ਚਿੱਠੀ ਪੜ੍ਹ ਕੇ ਰਾਮੇਸ਼ਵਰ ਦਾ ਸੱਚ ਜਾਣੇ। ਇਕ ਪੱਥਰ ਦੇ ਬੈਂਚ ਤੇ

ਜਾ ਬੈਠਾ ਤੇ ਲਿਫ਼ਾਫਾ ਖੋਲ੍ਹ ਲਿਆ। ਦੂਜਿਆਂ ਦੀਆਂ ਚਿੱਠੀਆਂ ਖੋਹਲ ਕੇ ਪੜ੍ਹਨ ਦੀ ਭੈੜੀ ਵਾਦੀ ਤਾਂ ਦੇਵ ਨੂੰ ਸਕੂਲ ਪੜ੍ਹਦਿਆਂ ਹੀ ਪੈ ਗਈ ਸੀ। ਜਦੋਂ ਉਹ ਪਿੰਡੋਂ ਸਕੂਲ ਜਾਂਦਾ ਤਾਂ ਕੋਈ ਚਿੱਠੀ ਪੋਸਟ ਕਰਨ ਲਈ ਉਸ ਨੂੰ ਫੜਾ ਦਿੰਦਾ ਤਾਂ ਉਹ ਵਿਚਲੀਆਂ ਗੱਲਾਂ ਦਾ ਆਨੰਦ ਮਾਣਨ ਲਈ ਚਿੱਠੀ ਖੋਹਲ ਲੈਂਦਾ। ਖਾਸ ਕਰਕੇ ਫੌਜਣਾਂ ਦੀਆਂ ਚਿੱਠੀਆਂ, ਜਿਹੜੀਆਂ ਉਨ੍ਹਾਂ ਨੇ ਰੋ ਰੋ ਕੇ ਲਿਖੀਆਂ ਹੁੰਦੀਆਂ। ਉਨ੍ਹਾਂ ਵਿਚ ਸਿੱਧੇ ਸਾਦੇ ਸ਼ਿਅਰ ਵੀ ਪਰੋਏ ਹੁੰਦੇ- ਲਿਖਦੀ ਹਾਂ ਖ਼ਤ ਖ਼ੂਨ ਸੇ ਸਿਆਹੀ ਨਾ ਸਮਝਣਾ। ਮਰਦੀ ਹਾਂ ਤੇਰੀ ਯਾਦ ਮੇਂ ਜ਼ਿੰਦਾ ਨਾ ਸਮਝਣਾ। ਪੱਤ ਝੜੇ ਨੇ ਅਨਾਰਾਂ ਦੇ, ਛੇਤੀ ਆ ਕੇ ਮਿਲ ਮਾਹੀਆ ਦੁੱਖ ਟੁੱਟਣ ਬੀਮਾਰਾਂ ਦੇ। ਕੋਠੇ ਤੇ ਕਿੱਲ ਮਾਹੀਆ, ਸੁਪਨੇ' ਚ ਨਿੱਤ ਮਿਲਦੇ, ਕਦੀ ਸੱਚਮੁੱਚ ਮਿਲ ਮਾਹੀਆ.... ।

ਰਾਮੇਸ਼ਵਰ ਦੀ ਚਿੱਠੀ ਦੀ ਇਬਾਰਤ ਹੂਬਹੂ ਉਹੀ ਸੀ, ਜੋ ਉਸ ਨੇ ਅੱਖਾਂ ਮੁੰਦ ਕੇ ਸੁਣਾਈ ਸੀ। ਪਤਾ ਨਹੀਂ ਵਿਚਾਰੇ ਨੇ ਨਿੱਕਾ ਜਿਹਾ ਖ਼ਤ ਕਿੰਨੀ ਵਾਰੀ ਲਿਖ-ਲਿਖ ਕੇ ਫਾੜਿਆ ਹੋਵੇਗਾ। ਚਿੱਠੀ ਦੇਵ ਨੇ ਮੁੜ ਲਿਫਾਫ਼ੇ ਵਿਚ ਬੰਦ ਕਰ ਦਿੱਤੀ ਤੇ ਲਾਇਬ੍ਰੇਰੀ ਜਾ ਕੇ ਮਧੂ ਨੂੰ ਫੜਾ ਦਿੱਤੀ। ਲਿਫਾਫ਼ਾ ਮਧੂ ਨੇ ਉਸ ਦੇ ਬੈਠੇ ਹੀ ਖੋਲ੍ਹ ਲਿਆ ਤੇ ਕਾਗਜ਼ ਦਾ ਪੁਰਜ਼ਾ ਕੱਢ ਕੇ ਪੜ੍ਹ ਲਿਆ। ਦੇਵ ਉਸ ਦੇ ਚਿਹਰੇ ਦੇ ਬਦਲਦੇ ਹਾਵ-ਭਾਵ ਪੜ੍ਹਦਾ ਰਿਹਾ। ਉਹ ਹੱਸ ਕੇ ਬੋਲੀ, 'ਦੇਵ ਭਾਈ ਸਾਹਬ ਤੁਸੀਂ ਰਾਮੇਸ਼ਵਰ ਜੀ ਨੂੰ ਕਹਿ ਦੇਣਾ, ਮੈਨੂੰ ਆ ਕੇ ਮਿਲਣ। ਇਕ ਪਾਸੇ ਤਾਂ ਕਹਿੰਦੇ ਨੇ ਦਿਨ ਨਹੀਂ ਲੰਘਦੇ, ਫਿਰ ਘਰ ਕਿਉਂ ਬੈਠੇ ਰਹਿੰਦੇ ਨੇ?'

'ਤੁਸੀਂ ਇਹ ਲਿਖ ਦਿਓ ਕਾਗਜ਼ ਤੇ।' ਦੇਵ ਬੋਲਿਆ।

'ਲਿਖਣਾ ਬੜਾ ਮੁਸ਼ਕਲ ਲਗਦਾ ਏ ਦੇਵ ਭਾਈ ਸਾਹਬ।' ਉਹ ਬੋਲੀ।

'ਦੇਖੋ ਸਿਸਟਰ ਉਸ ਵਿਚਾਰੇ ਦਾ ਤਾਂ ਦਿਲ ਟੁੱਟ ਜਾਵੇਗਾ। ਉੱਤਰ ਤਾਂ ਤੁਹਾਨੂੰ ਲਿਖਣਾ ਹੀ ਪੈਣਾ ਏਂ। ਉਸ ਨੇ ਮੈਨੂੰ ਬਾਰ-ਬਾਰ ਕਿਹਾ ਏ। ਉਹ ਪੁੱਠਾ ਬੰਦਾ ਏ, ਮੈਨੂੰ ਵੀ ਧਮਕੀ ਦੇ ਦਿੱਤੀ ਕਿ ਜੇ ਉੱਤਰ ਨਾ ਲੈ ਕੇ ਆਇਆ ਤਾਂ ਮੈਨੂੰ ਘਰ ਹੀ ਨਹੀਂ ਵੜਨ ਦੇਵੇਗਾ। ਜੇ ਤੁਸੀਂ ਕੁਝ ਨਾ ਲਿਖਿਆ ਤਾਂ ਮੈਂ ਹੀ ਤੁਹਾਡੇ ਵੱਲੋਂ ਕੁਝ ਝੂਠ-ਮੂਠ ਲਿਖ ਕੇ ਉਸ ਨੂੰ ਦੇ ਦੇਣਾ ਹੈ। ਫਿਰ ਨਾ ਕਿਹੋ।'

ਦੇਵ ਦੀ ਗੱਲ ਸੁਣ ਕੇ ਉਹ ਠਹਾਕਾ ਮਾਰ ਕੇ ਹੱਸੀ ਤੇ ਬੋਲੀ, 'ਮੈਨੂੰ ਤਾਂ ਤੁਸੀਂ ਨਵੇ ਂ ਹੀ ਚੱਕਰ' ਚ ਫਸਾ ਲਿਆ। ਲਿਖ ਦਿੰਦੀ ਹਾਂ, ਪਰ ਸਹੁੰ ਖਾਉ ਕਿ ਇਹ ਭੇਤ ਤੀਜੇ ਬੰਦੇ ਕੋਲ਼ ਨਹੀਂ ਜਾਵੇਗਾ।'

'ਨਹੀਂ ਜਾਵੇਗਾ, ਸਹੁੰ ਖਾਂਦਾ ਹਾਂ, ਤੀਜਾ ਤਾਂ ਸਿਸਟਰ ਮੈਂ ਹੀ ਹੋ ਗਿਆ। ਚੌਥੇ ਕੋਲ਼ ਨਹੀਂ ਜਾਵੇਗਾ। ..... ਪੰਜਵੇਂ, ਛੇਵੇਂ, ਸੱਤਵੇਂ... ਸਭ ਕੋਲ਼ ਇਹ ਭੇਤ ਕਿਸੇ ਦਿਨ ਚਲਾ ਹੀ ਜਾਣਾ ਏਂ।' ਦੇਵ ਹੱਸਿਆ। ਮਧੂ ਦਾ ਚਿਹਰਾ ਕੰਨਾਂ ਤੱਕ ਲਾਲ ਹੋ ਗਿਆ।

ਦੇਵ ਉੱਠ ਕੇ ਕੋਈ ਕਿਤਾਬ ਲੱਭਣ ਲੱਗ ਪਿਆ ਤੇ ਮਧੂ ਰਮੇਸ਼ਵਰ ਨੂੰ ਖ਼ਤ ਲਿਖਣ ਬੈਠ ਗਈ। ਚਿੱਠੀ ਲਿਖ ਕੇ ਉਸ ਨੇ ਸਿਰੇ ਗੂੰਦ ਨਾਲ਼ ਚਿਪਕਾ ਦਿੱਤੇ ਤੇ ਉਵੇਂ ਹੀ ਦੇਵ ਨੂੰ ਫੜਾ ਦਿੱਤੀ। ਦੇਵ ਨੇ ਰਸਤੇ' ਚ ਬੜੀ ਕੋਸ਼ਿਸ਼ ਕੀਤੀ ਕਿ ਚਿੱਠੀ ਖੁੱਲ੍ਹ ਸਕੇ, ਪਰ ਸਫ਼ਲ

ਨਾ ਹੋ ਸਕਿਆ। ਉਸ ਦਿਨ ਮਗਰੋਂ ਉਨ੍ਹਾਂ ਦੀਆਂ ਚਿੱਠੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮਧੂ ਨੂੰ ਦਿੱਤੀ ਜਾਣ ਵਾਲ਼ੀ ਚਿੱਠੀ ਉਹ ਦੋਨੋਂ ਲਿਖਦੇ। ਦੇਵ ਕਿਤਾਬਾਂ' ਚੋਂ ਐਸੀਆਂ ਗੱਲਾਂ, ਸ਼ੇਅਰ ਚੁਣ ਚੁਣ ਕੇ ਲਿਆਉਂਦਾ ਤੇ ਪੜ੍ਹਕੇ ਮਧੂ ਦਾ ਦਿਲ ਹਲੂਣਿਆਂ ਜਾਂਦਾ। ਹੌਲ਼ੀ-ਹੌਲ਼ੀ ਨਿੱਕੀਆਂ ਨਿੱਕੀਆਂ ਗਿਫ਼ਟਾਂ ਦੀ ਅਦਲਾ-ਬਦਲੀ ਸ਼ੁਰੂ ਹੋ ਗਈ। ਖਾਸ ਦਿਨਾਂ ਉੱਤੇ ਸੁਹਣੇ -ਸੁਹਣੇ ਕਾਰਡ ਦਿੱਤੇ ਜਾਣ ਲੱਗੇ। ਰਾਮੇਸ਼ਵਰ ਨੇ ਦੇਵ ਨੂੰ ਦੱਸਿਆ ਕਿ ਮਹੀਨਾ ਭਰ ਜਾਣ-ਬੁੱਝ ਕੇ ਹੀ ਮਧੂ ਨੂੰ ਮਿਲਣ ਨਹੀਂ ਸੀ ਗਿਆ। ਉਸ ਨੇ ਅੰਗਰੇਜ਼ੀ ਦਾ ਇਕ ਵਾਕ ਬੋਲਿਆ ਸੀ- ਲਿਟਲ ਸੈਪਰੇਸ਼ਨ ਐਕਸੀਡਜ਼ ਦਾ ਲਵ।

'ਪੂਰਾ ਘੈਂਟ ਏਂ ਤੂੰ... ਪੜ੍ਹੀ-ਲਿਖੀ ਮਾਲਦਾਰ ਕੁੜੀ ਫਾਹ ਲਈ।' ਦੇਵ ਹੱਸਕੇ ਕਹਿੰਦਾ। ਤੇ ਹੁਣ ਨਤੀਜਾ ਆਉਣ ਮਗਰੋਂ ਦੇਵ ਨੂੰ ਉਸਦੇ ਨਿੱਘੇ ਦੋਸਤ ਰਾਮੇਸ਼ਵਰ ਤੋਂ ਅਲੱਗ ਕਰ ਦਿੱਤਾ ਗਿਆ। ਇਕ ਦੂਜੇ ਬਿਨਾਂ ਸਮਾਂ ਕਿਵੇਂ ਲੰਘਣਾ ਸੀ, ਇਹ ਤਾਂ ਸਮੇਂ ਨੇ ਹੀ ਦੱਸਣਾ ਸੀ। ਦੋਨੋਂ ਤੜਫ਼ ਰਹੇ ਸਨ।

**00**

# ਉਣਾਸੀ

ਬੀ. ਐਸਸੀ. ਫਾਈਨਲ ਦੀ ਪੜ੍ਹਾਈ ਜ਼ੋਰ-ਸ਼ੋਰ ਨਾਲ਼ ਸ਼ੁਰੂ ਹੋ ਗਈ। ਪਹਿਲੇ ਦਿਨ ਹੀ ਸਿਮਰਜੀਤ ਨੇ ਦੇਵ ਨੂੰ ਇਕ ਫਾਰਮ ਲਿਆ ਕੇ ਫੜਾਇਆ, ਜੋ ਉਸ ਦੇ ਤਿੰਨਾਂ ਪੇਪਰਾਂ ਦੀ ਰੀਵੈਲਯੂਏਸ਼ਨ ਕਰਵਾਉਣ ਲਈ ਉਸ ਨੇ ਆਪ ਹੀ ਭਰ ਦਿੱਤਾ ਸੀ। ਉਹ ਬੋਲੀ, 'ਕਰੋ ਦਸਖ਼ਤ।'

'ਇਹਦੇ ਨਾਲ਼ ਕੁਝ ਨੀ ਹੋਣਾ ਸਿਮਰ ਛੱਡ ਪਰ੍ਹੇ।' ਉਹ ਬੋਲਿਆ।

'ਤੁਸੀਂ ਕਰਦੇ ਹੋ ਕਿ ਨਹੀਂ?' ਉਹ ਝਿੜਕ ਕੇ ਬੋਲੀ।

ਦੇਵ ਨੇ ਦਸਖ਼ਤ ਕਰ ਦਿੱਤੇ ਤਾਂ ਉਹ ਫ਼ਾਰਮ ਆਪਣੇ ਬੈਗ' ਚ ਪਾਉਂਦੀ ਬੋਲੀ, 'ਨੰਬਰ ਵਧ ਗਏ ਤਾਂ ਪੌਂ ਬਾਰਾਂ। ਨਹੀਂ ਵਧਣਗੇ ਤਾਂ ਵੀ ਕੋਈ ਗੱਲ ਨਹੀਂ। ਅੱਜ ਤੋਂ ਮੈਂ ਤੁਹਾਡੇ ਲਈ ਅਰਦਾਸ ਕਰਿਆ ਕਰੂੰਗੀ।'

'ਕਿੰਨੀ ਫੀਸ ਭਰਨੀ ਹੋਵੇਗੀ?' ਉਸ ਨੇ ਪੁੱਛਿਆ।

'ਫੀਸ ਨਾਲ਼ ਤੁਹਾਨੂੰ ਕੀ? ਹੁਣ ਮੈਂ ਜਾਣਾ ਮੇਰਾ ਕੰਮ। ਤੁਸੀਂ ਨਿਸਚਿੰਤ ਹੋ ਜਾਓ।'

ਦੇਵ ਨੂੰ ਉਸ ਤੇ ਬੜਾ ਪਿਆਰ ਆਇਆ। ਉਸ ਨੇ ਉਸ ਵੱਲ ਸਿਰਫ਼ ਮੁਸਕਰਾ ਕੇ ਦੇਖਿਆ। ਆਪਣੇ ਮਨ' ਚ ਹੀ ਕਿਹਾ, 'ਕਿੰਨੀ ਚੰਗੀ ਕੁੜੀ ਏ ਸਿਮਰਜੀਤ।'

ਦੇਵ ਮੁੜ ਆਪਣੇ ਕਵਾਰਟਰ ਦੇ ਬੰਦ ਕੀਤੇ ਉਸੇ ਬਰਾਂਡੇ ਵਿਚ ਸੌਣ ਲੱਗਾ। ਐਨ. ਸੀ. ਸੀ. ਆਰ. ਦੀਆਂ ਪਰੇਡਾਂ ਛੇਤੀ ਹੀ ਸ਼ੁਰੂ ਹੋ ਗਈਆਂ। ਬ੍ਰਹਮ ਦੇਵ ਦੇ ਫੇਲ੍ਹ ਹੋਣ ਕਰਕੇ ਬੈਜਲ ਸਾਹਬ ਨੇ ਦੇਵ ਨੂੰ ਅੰਡਰ ਆਫ਼ੀਸਰ ਬਣਾ ਦਿੱਤਾ। ਮੋਢੇ ਤੇ ਸਟਾਰ ਵਾਲ਼ੀ ਮਲੇਸ਼ੀਏ ਦੀ ਕਮੀਜ਼, ਚਮੜੇ ਦੇ ਭਾਰੇ ਕਾਲੇ ਬੂਟ, ਖਾਕੀ ਪੈਂਟ ਤੇ ਹਰੇ ਰੰਗ ਦੀ ਪਗੜੀ। ਇਹ ਉਸ ਦੀ ਡਰੈੱਸ ਸੀ ਜੋ ਉਹ ਸਵੇਰੇ ਹੀ ਪਹਿਨ ਲੈਂਦਾ ਤੇ ਕਾਲਜ ਜਾਣ ਤੋਂ ਦੋ ਘੰਟੇ ਪਹਿਲਾਂ ਹੀ ਰਾਮੇਸ਼ਵਰ ਦੇ ਕਵਾਰਟਰ ਪੁੱਜ ਜਾਂਦਾ। ਨਿੱਤ ਹੀ ਉਹ ਜੱਫੀ ਪਾ ਕੇ ਮਿਲਦੇ। ਉਹ ਕੜਾਹੀ

ਵਿਚ ਕੋਈ ਸਬਜ਼ੀ ਬਣਾ ਰਿਹਾ ਹੁੰਦਾ ਜਾਂ ਫੁਲਕੇ ਪਕਾ ਰਿਹਾ ਹੁੰਦਾ। ਉਸ ਨੂੰ ਰੋਟੀ ਖਾਣ ਲਈ ਜ਼ੋਰ ਪਾਉਂਦਾ ਰਹਿੰਦਾ। ਦੇਵ ਇਕ ਅੱਧ ਰੋਟੀ ਖਾ ਲੈਂਦਾ। ਉਹ ਇਕੱਠੇ ਹੀ ਕਾਲਜ ਜਾਂਦੇ। ਦੁਜਿੰਦਰ ਸ਼ਰਮਾਂ ਜੀਵਨੀ ਮੰਡੀ ਦੇ ਚੌਂਕ ਵਿਚ ਖੜ੍ਹਾ ਉਨ੍ਹਾਂ ਦੀ ਉਡੀਕ ਕਰ ਰਿਹਾ ਹੁੰਦਾ। ਦੇਵ ਕਰਕੇ ਹੀ ਰਾਮੇਸ਼ਵਰ ਵੀ ਉਸ ਦਾ ਦੋਸਤ ਬਣ ਗਿਆ ਸੀ। ਦੇਵ ਸੋਚਦਾ, ਤਿੰਨਾਂ ਦੋਸਤ ਦੇ ਦਿਲਾਂ ਦੀ ਤਾਰ ਤਿੰਨ ਕੁੜੀਆਂ ਦੇ ਦਿਲ ਵਿਚ ਖੜਕਦੀ ਸੀ। ਸਭ ਤੋਂ ਵੱਧ ਦੁਜਿੰਦਰ ਸ਼ਰਮਾ ਦੀ, ਉਸ ਤੋਂ ਘੱਟ ਰਾਮੇਸ਼ਵਰ ਦੀਕਸ਼ਤ ਦੀ ਤੇ ਨਾਮਾਤਰ ਦੇਵ ਦੀ। ਬਲਵੀਰ, ਮਧੂ ਤੇ ਸਿਮਰਜੀਤ ਤਿੰਨੋਂ ਹੀ ਕਿੰਨੀਆਂ ਚੰਗੀਆਂ ਕੁੜੀਆਂ ਸਨ। ਦੇਵ ਹਵਾਈ ਕਿਲੇ ਬਣਾਉਂਦਾ ਦੋਨਾਂ ਦੋਸਤਾਂ ਨੂੰ ਕਹਿੰਦਾ, 'ਕਿਸੇ ਦਿਨ ਆਪਾਂ ਤਿੰਨ ਤੋਂ ਛੇ ਹੋ ਜਾਵਾਂਗੇ । ਆਪਾਂ ਸਾਂਝੀ ਕੋਠੀ ਬਣਾਵਾਂਗੇ। ਸਾਂਝਾ ਖਾਣਾ ਬਣਾਇਆ ਕਰਾਂਗੇ। ਫਿਰ ਆਪਣੇ ਬੱਚੇ ਹੋਣਗੇ। ਫਿਰ.... ਫਿਰ... ।'

ਸ਼ਾਮ ਨੂੰ ਛੁੱਟੀ ਮਗਰੋਂ ਰਾਮੇਸ਼ਵਰ ਆਪਣੀ ਡਿਊਟੀ ਤੇ ਚਲਾ ਜਾਂਦਾ। ਦੁਜਿੰਦਰ ਤੇ ਦੇਵ ਐਨ. ਸੀ. ਸੀ. ਕਰ ਕੇ ਇਕੱਠੇ ਹੀ ਕਾਲਜ ਤੋਂ ਆਉਂਦੇ। ਦੇਵ ਨੂੰ ਦੁਜਿੰਦਰ ਅਕਸਰ ਹੀ ਆਪਣੇ ਘਰ ਲੈ ਜਾਂਦਾ। ਉਸ ਦੀ ਮਾਂ ਉਨ੍ਹਾਂ ਨੂੰ ਬਿਸਕੁਟਾਂ ਨਾਲ਼ ਚਾਹ ਪਿਲਾਉਂਦੀ। ਉਸ ਦੀ ਮਾਂ ਵੱਲੋਂ ਦੇਵ ਨੂੰ ਪੁੱਛੀ ਇਕ ਗੱਲ ਉਸਨੂੰ ਕਦੀ ਨਾ ਭੁੱਲੀ। ਇਕ ਦਿਨ ਉਸ ਨੇ ਪੁੱਛਿਆ, 'ਬੇਟਾ ਦੇਵ, ਯੇ ਜੋ ਆਪ ਕੀ ਪਗੜੀ ਹੈ, ਯੇ ਬੰਧੀ ਹੁਈ ਮਿਲਤੀ ਹੈ ਯਾ ਫਿਰ ਬਾਂਧਨੀ ਪੜਤੀ ਹੈ?'

ਇਕ ਦਿਨ ਅਜਿਹੀ ਘਟਨਾ ਵਾਪਰੀ ਕਿ ਦੁਜਿੰਦਰ ਸ਼ਰਮਾ ਦਾ ਸਾਥ ਬਲਵੀਰ ਕੌਰ ਨਾਲੋਂ ਟੁੱਟ ਗਿਆ। ਦੋ ਦਿਲ ਬੁਰੀ ਤਰ੍ਹਾਂ ਫੇਹੇ ਗਏ। ਬਲਵੀਰ ਕੌਰ ਦੀ ਕਿਤਾਬਾਂ ਵਾਲ਼ੀ ਅਲਮਾਰੀ ਵਿਚ ਛੁਪਾ ਕੇ ਰੱਖੀਆਂ ਦੁਜਿੰਦਰ ਦੀਆਂ ਚਿੱਠੀਆਂ ਫੜੀਆਂ ਗਈਆਂ ਤੇ ਘਰ ਵਿਚ ਬਾਵੇਲਾ ਮਚ ਗਿਆ। ਕੁੜੀ ਦੇ ਪਿਓ ਦੀ ਸਦਰ ਬਜ਼ਾਰ ਵਿਚ ਲੋਹੇ ਦੀ ਦੁਕਾਨ ਸੀ। ਉਸ ਨੇ ਪਹਿਲਾਂ ਬਲਵੀਰ ਕੌਰ ਦਾ ਚੰਗਾ ਕੁਟਾਪਾ ਚਾੜ੍ਹਿਆ ਫਿਰ ਘਰ ਬੁਲਾ ਕੇ ਕਿਰਪਾਨ ਦਿਖਾ ਕੇ ਦੁਜਿੰਦਰ ਨੂੰ ਧਮਕਾਇਆ। ਉਸ ਦੇ ਘਰਦਿਆਂ ਨੇ ਛੇਤੀ ਹੀ ਕੋਈ ਆਪਣੀ ਜਾਤ ਦਾ ਮੁੰਡਾ ਲੱਭਿਆ ਤੇ ਕੁੜੀ ਨੂੰ ਉਸ ਨਾਲ਼ ਲਾਵਾਂ ਦੇ ਕੇ ਤੋਰ ਦਿੱਤਾ। ਦੁਜਿੰਦਰ ਦੇਵ ਕੋਲ਼ ਆ ਕੇ ਬਹੁਤ ਰੋਇਆ। ਕੁਝ ਦਿਨਾਂ ਮਗਰੋਂ ਹੀ ਭਾਰਤੀ ਰੇਲਵੇ ਵਿਚ ਟਰੇਨ ਇਗਜ਼ਾਮੀਨਰਾਂ ਦੀਆਂ ਪੋਸਟਾਂ ਨਿਕਲ਼ੀਆਂ। ਚਾਰ ਮਹੀਨੇ ਦੀ ਟਰੇਨਿੰਗ ਦੌਰਾਨ ਵੀ ਸੌ ਰੁਪਏ ਮਹੀਨਾ ਮਿਲਦੇ ਰਹਿਣੇ ਸੀ। ਦੁਜਿੰਦਰ ਫਾਰਮ ਲੈ ਕੇ ਦੇਵ ਕੋਲ਼ ਆਇਆ ਤੇ ਬੋਲਿਆ, 'ਛੁਡਾ ਪੜ੍ਹਾਈ ਤੋਂ ਖਹਿੜਾ। ਬਦਲਦੇ ਜੀਵਨ ਦਾ ਟਰੈਕ। ਫਾਰਮ ਭਰ ਦੇ, ਮੌਜ ਕਰਾਂਗੇ।'

ਦੇਵ ਨੇ ਘਰ ਜਾ ਕੇ ਰਾਮ ਸਿੰਘ ਨੂੰ ਕਿਹਾ ਤਾਂ ਉਹ ਬੋਲਿਆ, 'ਸਾਰੀ ਉਮਰ ਕੱਪੜੇ ਕਾਲ਼ੇ ਕਰੀ ਠੇਲ੍ਹੇ ਤੇ ਚੜ੍ਹ ਰੇਲਵੇ ਲਾਈਨਾਂ ਤੇ ਘੁੰਮੇਂਗਾ। ਇਹ ਵੀ ਕੋਈ ਨੌਕਰੀ ਏ? ਦਫਾ ਕਰ।'

ਦੁਜਿੰਦਰ ਨੇ ਕਲਾਸ ਦੇ ਕਈ ਮੁੰਡਿਆਂ ਨੂੰ ਫਾਰਮ ਭਰਨ ਲਈ ਪ੍ਰੇਰਿਆ। ਕਈ ਮੁੰਡਿਆਂ ਨੇ ਫਾਰਮ ਭਰੇ ਤੇ ਦੁਜਿੰਦਰ ਸਮੇਤ ਗਿਆਰਾਂ ਮੁੰਡੇ ਟੈਸਟ ਪਾਸ ਕਰ ਗਏ। ਕਲਾਸ ਵਿਚ ਕੁੜੀਆਂ ਦਸ ਦੀਆਂ ਦਸ ਰਹੀਆਂ, ਪਰ ਮੁੰਡੇ ਘਟ ਕੇ ਉਣੱਤੀ ਰਹਿ ਗਏ

। ਫਿਰ ਇਕ ਹੋਰ ਐਚ. ਪੀ. ਪਚੌਰੀ ਨਾਂ ਦਾ ਮੁੰਡਾ ਵੀ ਦੌੜ ਗਿਆ। ਬਿੱਲੀਆਂ ਅੱਖਾਂ ਵਾਲ਼ੇ ਇਸ ਨਿੱਕੇ ਜਿਹੇ ਮੁੰਡੇ ਨੂੰ ਪਤਾ ਨਹੀਂ ਕਿਸ ਨੇ ਰਾਇ ਦਿੱਤੀ ਕਿ ਉਹ ਬੀ. ਐਸਸੀ. ਵਿੱਚੇ ਛੱਡ ਪ੍ਰੀ ਮੈਡੀਕਲ ਕਰਨ ਲੱਗ ਪਿਆ। ਉਸ ਦਾ ਕਹਿਣਾ ਸੀ ਕਿ ਉਹ ਐਮ. ਬੀ. ਬੀ. ਐਸ. ਕਰ ਕੇ ਡਾਕਟਰ ਬਣੇਂਗਾ। ਹੁਣ ਕਲਾਸ ਵਿਚ ਕੁੜੀਆਂ ਦੀ ਸਰਦਾਰੀ ਸੀ। ਜਿਹੜੀ ਕੁੜੀ ਦੇ ਸਾਰੀਆਂ' ਚੋਂ ਘੱਟ ਨੰਬਰ ਸਨ, ਉਹ ਵੀ ਸਾਰੇ ਮੁੰਡਿਆਂ ਤੋਂ ਵੱਧ ਨੰਬਰ ਲੈ ਗਈ ਸੀ। ਰਾਮੇਸ਼ਵਰ ਕਿਹਾ ਕਰੇ ਕਿ ਉਹ ਦਿਨ ਦੂਰ ਨਹੀਂ ਜਦੋਂ ਔਰਤਾਂ ਮਰਦਾਂ ਨੂੰ ਰਸੋਈਆਂ' ਚ ਵਾੜ ਆਪ ਦਫ਼ਤਰਾਂ ਵਿਚ ਉੱਚੇ ਅਹੁਦੇ ਸੰਭਾਲ਼ ਲੈਣਗੀਆਂ।

ਬੇਅੰਤ ਦੇਵ ਨੂੰ ਰਾਮੇਸ਼ਵਰ ਦੇ ਪਤੇ ਉੱਤੇ ਦਸ ਰੁਪਏ ਹਰ ਮਹੀਨੇ ਭੇਜਿਆ ਕਰਦਾ ਸੀ। ਮਨੀਆਰਡਰ ਫਾਰਮ ਵਿਚ 'ਸੰਦੇਸ਼ ਕੇ ਲੀਏ' ਥਾਂ ਤੇ ਉਹ ਹਮੇਸ਼ਾ ਲਿਖਦਾ, 'ਇਹ ਪੈਸੇ ਤੇਰੀ ਮੌਜ ਮਸਤੀ ਲਈ ਖਰਚਣ ਵਾਸਤੇ ਨਹੀਂ ਭੇਜ ਰਿਹਾ। ਸੋਚ ਸਮਝ ਕੇ ਖ਼ਰਚ ਕਰੀਂ। ਇਹ ਕੋਈ ਖੈਰਾਤ ਨਹੀਂ, ਫੌਜੀ ਦੇ ਮੁੜ੍ਹਕੇ ਦੀ ਕਮਾਈ ਹੈ। ਪੈਸਾ ਬੜਾ ਔਖਾ ਬਣਦਾ ਏ। ਜਦੋਂ ਕਮਾਏਂਗਾ ਇਹਦੀ ਵੈਲੀਊ ਤੈਨੂੰ ਸਮਝ ਆਊ।'

ਜਦੋਂ ਨਿੱਕੇ ਜਿਹੇ ਘੋਨ-ਮੋਨ ਸਿਰ ਵਾਲ਼ਾ ਡਾਕੀਆ ਉਸ ਨੂੰ ਪੈਸੇ ਦਿੰਦਾ ਤਾਂ ਉਹ ਇਕ ਇਕ ਦੇ ਨੌਂ ਨੋਟ ਤੇ ਇਕ ਰੁਪਏ ਦੀ ਭਾਨ ਦੇ ਕੇ ਦੇਵ ਵੱਲ ਇੰਝ ਦੇਖਣ ਲੱਗਦਾ ਜਿਵੇਂ ਕੀਲੇ ਨਾਲ਼ ਬੰਨ੍ਹਿਆ ਕੱਟਾ ਮੱਝ ਦੇ ਥਣਾਂ ਵੱਲ ਦੇਖਦਾ ਹੈ। ਦੇਵ ਸ਼ਹਿਨਸ਼ਾਹਾਂ ਵਾਂਗ ਪੰਜਾਹ ਪੈਸੇ ਦਾ ਸਿੱਕਾ ਉਹਦੇ ਹੱਥ ਤੇ ਧਰਦਾ ਤਾਂ ਉਹ ਝੁਕ ਕੇ ਸਲਾਮ ਕਰ ਚਲਦਾ ਬਣਦਾ। ਦੇਵ ਚਾਰ ਆਨੇ ਦੀ ਰੋਜ਼ ਬਰਫ਼ੀ ਜਾਂ ਆਈਸ ਕਰੀਮ ਖਾ ਲੈਂਦਾ। ਦੋ ਆਨੇ ਦੀਆਂ ਰਿਓੜੀਆਂ ਨਾਲ਼ ਵੀ ਜੇਬ੍ਹ ਭਰ ਜਾਂਦੀ। ਬੇਅੰਤ ਦਾ ਹਰ ਹਫ਼ਤੇ ਉਸ ਨੂੰ ਖ਼ਤ ਵੀ ਆਉਂਦਾ। ਉਸ ਨੂੰ ਪੜ੍ਹਾਈ ਦੀ ਮਹੱਤਤਾ ਹੁਣ ਪਤਾ ਲੱਗੀ ਸੀ। ਇਕ ਖ਼ਤ ਵਿਚ ਉਸ ਨੇ ਲਿਖਿਆ ਸੀ ਕਿ ਜਦੋਂ ਵੀ ਪੱਕੇ ਪੇਪਰਾਂ ਦੀ ਡੇਟ ਸ਼ੀਟ ਆਵੇ ਤਾਂ ਉਹ ਉਸ ਨੂੰ ਖ਼ਬਰ ਕਰੇ। ਉਸੇ ਹਿਸਾਬ ਨਾਲ਼ ਉਸ ਨੇ ਆਪਣੀ ਦੋ ਮਹੀਨੇ ਦੀ ਛੁੱਟੀ ਲੈਣੀ ਸੀ। ਦੋਰਾਹੇ ਦੇ ਇਕ ਡਾਕੀਏ ਬਾਲਕ ਰਾਮ ਨੇ ਉਸ ਨੂੰ ਕਿਸੇ ਕੁੜੀ ਦੀ ਦੱਸ ਪਾਈ ਸੀ। ਉਸ ਦੀ ਛੁੱਟੀ ਵਿਚ ਹੀ ਉਸ ਦਾ ਵਿਆਹ ਹੋ ਜਾਣ ਦੀ ਸੰਭਾਵਨਾ ਸੀ। ਦੇਵ ਦੇ ਦੂਜੇ ਭਰਾ ਹਰੀਵੰਸ਼ ਦੀ ਚਿੱਠੀ ਕੇਵਲ ਰਾਮ ਸਿੰਘ ਦੇ ਨਾਂ ਆਇਆ ਕਰਦੀ ਸੀ। ਦੇਵ ਦੀ ਭਾਬੀ ਉਰਵਸ਼ੀ ਉਸ ਦੇ ਨਾਲ਼ ਹੀ ਏਅਰ ਫੋਰਸ ਕਵਾਰਟਰ ਵਿਚ ਰਹਿੰਦੀ ਸੀ। ਉਸ ਦੇ ਦੋ ਕੁੜੀਆਂ ਹੋ ਚੁੱਕੀਆਂ ਸਨ। ਵੱਡੀ ਕੁੜੀ ਉਸ ਨੇ ਆਪਣੇ ਪੇਕੀਂ ਪਟਿਆਲ਼ੇ ਛੱਡ ਦਿੱਤੀ ਸੀ। ਹਰੀਵੰਸ਼ ਦੇਵ ਦੀਆਂ ਹਰਕਤਾਂ ਤੇ ਨਿਗਾਹ ਰੱਖਣ ਲਈ ਰਾਮ ਸਿੰਘ ਨੂੰ ਉਕਸਾਉਂਦਾ ਰਹਿੰਦਾ। ਉਸ ਨੂੰ ਜਦੋਂ ਬੀ. ਐਸਸੀ. ਦੇ ਪਹਿਲੇ ਸਾਲ ਵਿਚ ਦੇਵ ਦੀ ਮਾੜੀ ਅਤੇ ਨਿਰਾਸ਼ਾਜਨਕ ਕਾਰਗੁਜ਼ਾਰੀ ਦਾ ਪਤਾ ਲੱਗਾ ਤਾਂ ਉਸ ਨੇ ਆਗਰੇ ਨੂੰ ਇਕ ਖਤ ਲਿਖਿਆ ਜੋ ਦੇਵ ਦੇ ਹੱਥ ਆ ਗਿਆ। ਉਸ ਨੇ ਲਿਖਿਆ ਸੀ, 'ਇਸ ਦਾ ਪਿੱਛਾ ਕਰੋ, ਕਿੱਥੇ ਬਹਿੰਦਾ ਉੱਠਦਾ ਹੈ। ਇਸ ਦੀਆਂ ਕਿਤਾਬਾਂ, ਕਾਪੀਆਂ ਤੇ ਅਲਮਾਰੀ ਬਗੈਰਾ ਫੋਲ ਕੇ ਦੇਖੋ। ਜਿਲਦਾਂ ਉੱਤੇ ਚੜ੍ਹਾਏ ਕਵਰ ਲਾਹ ਕੇ ਪੜਤਾਲ਼ ਕਰਦੇ ਰਹੋ। ਜ਼ਰੂਰ ਇਹ ਕਿਸੇ ਕੁੜੀ ਦੇ ਚੱਕਰ ਵਿਚ ਫਸ ਗਿਆ ਹੋਵੇਗਾ। ਰਾਤ ਨੂੰ ਜਦੋਂ ਪੜ੍ਹਦਾ ਹੈ ਤਾਂ ਛਾਪਾ ਮਾਰੋ। ਹੋ ਸਕਦਾ ਹੈ ਕਿਸੇ ਨੂੰ ਚਿੱਠੀ ਲਿਖ ਰਿਹਾ ਹੋਵੇ।'

ਦੇਵ ਨੇ ਹਰੀਵੰਸ਼ ਦਾ ਖ਼ਤ ਫਾੜ ਕੇ ਟਾਇਲਟ ਵਿਚ ਸੁੱਟ ਲੋਹੇ ਦੀ ਸੰਗਲੀ ਖਿੱਚ ਦਿੱਤੀ ਤੇ ਹੱਸਿਆ, 'ਚੱਲ ਨੀ ਭੈੜੀਏ ਚਿੱਠੀਏ ਤੈਨੂੰ ਨਰਕ ਦੀ ਸੈਰ ਕਰਾਵਾਂ।'

ਰਾਮ ਸਿੰਘ ਨੇ ਘਨ੍ਹੱਈਏ ਨੂੰ ਦੇਵ ਦੇ ਪਾਸ ਹੋਣ ਦੀ ਖ਼ਬਰ ਹੀ ਭੇਜੀ ਸੀ, ਨੰਬਰ ਨਹੀਂ ਸਨ ਦੱਸੇ। ਨਹੀਂ ਤਾਂ ਉਸ ਨੇ ਵੀ ਦੇਵ ਨੂੰ ਸੋਧਣ ਲਈ ਆਪਣੇ ਫਾਰਮੂਲੇ ਲਿਖ ਭੇਜਣੇ ਸਨ।

ਪਿਛਲੇ ਸਾਲ ਲੱਗਾ ਕਲੰਕ ਧੋਣ ਲਈ ਹੁਣ ਦੇਵ ਪੜ੍ਹਾਈ ਵਿਚ ਪੂਰੀ ਤਰ੍ਹਾਂ ਖੁਭ ਗਿਆ ਸੀ। ਬਰਾਂਡੇ ਵਿਚ ਮੇਜ਼ ਕੁਰਸੀ ਡਾਹੀ ਉਹ ਬਾਰਾਂ ਬਾਰਾਂ ਵਜੇ ਤੱਕ ਪੜ੍ਹਦਾ ਰਹਿੰਦਾ। ਬਾਰਾਂ ਤਾਂ ਉਸ ਨੂੰ ਰਾਮੇਸ਼ਵਰ ਦੇ ਕਵਾਰਟਰ ਵਿਚ ਪੜ੍ਹਨ ਸਮੇਂ ਵੀ ਵੱਜ ਹੀ ਜਾਂਦੇ ਸਨ ਪਰ ਉਦੋਂ ਉਹ ਤੜਕੇ ਨਹੀਂ ਸੀ ਉੱਠਦਾ। ਹੁਣ ਉਹ ਚਾਰ ਵਜੇ ਦਾ ਅਲਾਰਮ ਲਾ ਕੇ ਸੌਂਦਾ। ਰਾਤ ਨੂੰ ਉਸ ਨੂੰ ਪੜ੍ਹਦਾ ਦੇਖ ਜਿੰਦਰ ਜ਼ਰੂਰ ਆਖਦੀ, 'ਚੱਲ ਦੇਵ ਪੈ ਜਾ ਹੁਣ, ਤੜਕੇ ਉੱਠ ਕੇ ਪੜ੍ਹ ਲਵੀਂ।'

'ਨਹੀਂ ਭਾਬੀ ਜੀ ਹੁਣ ਤਾਂ ਰੁਟੀਨ ਬਣ ਗਈ ਏ।' ਦੇਵ ਕਹਿੰਦਾ।

ਇਕ ਦਿਨ ਜਿੰਦਰ ਨੇ ਰਾਮ ਸਿੰਘ ਨੂੰ ਕਿਹਾ, 'ਦੇਵ ਸੌਂਦਾ ਬੜਾ ਘੱਟ ਏ। ਇਹ ਗੱਲ ਸਿਹਤ ਲਈ ਠੀਕ ਨਹੀਂ। ਛੇ ਘੰਟੇ ਦੀ ਨੀਂਦ ਤਾਂ ਪੂਰੀ ਹੋਣੀ ਚਾਹੀਦੀ ਏ।'

'ਤੂੰ ਐਵੇਂ ਨਾ ਬੋਲੀ ਜਾਇਆ ਕਰ। ਪੜ੍ਹਨ ਦੇ ਇਸ ਨੂੰ।'

ਇਕ ਰਾਤ ਦੇਵ ਪੜ੍ਹਦਾ ਪੜ੍ਹਦਾ ਕੁਰਸੀ ਉੱਤੇ ਹੀ ਸੌਂ ਗਿਆ। ਕਮਰੇ ਅੰਦਰੋਂ ਰਾਮ ਸਿੰਘ ਦੀ ਅਵਾਜ਼ ਆਈ, 'ਦੇਵ ਪੜ੍ਹਦਾ ਏਂ?'

ਉਹ ਉੱਭੜ-ਬਾਹੇ ਜਾਗਦਾ ਬੋਲਿਆ, 'ਹਾਂ ਜੀ।'

ਉਸ ਨੇ ਅੱਖਾਂ ਮਲ਼ੀਆਂ ਤਾਂ ਪਤਾ ਲੱਗਾ ਕਿ ਮੂਹਰੇ ਪਏ ਮੇਜ਼ ਤੇ ਨਾ ਕਿਤਾਬ, ਨਾ ਕਾਪੀ, ਨਾ ਪੈੱਨ। ਇਹ ਸਭ ਕੁਝ ਤਾਂ ਰਾਮ ਸਿੰਘ ਚੁੱਕ ਕੇ ਅੰਦਰ ਲੈ ਗਿਆ ਸੀ।

'ਹੁਣ ਕੀ ਕਰਾਂ।' ਉਹ ਸੋਚਣ ਲੱਗਾ।

'ਦੇਵ ਪੜ੍ਹਦਾ ਏਂ?' ਅਵਾਜ਼ ਫਿਰ ਆਈ।

'ਸੌਰੀ ਵੀਰ ਜੀ, ਮੈਨੂੰ ਨੀਂਦ ਆ ਗਈ ਸੀ।' ਦੇਵ ਨੇ ਕਿਹਾ ਤਾਂ ਰਾਮ ਸਿੰਘ ਬਰਾਂਡੇ ਵਿਚ ਆ ਗਿਆ। ਕਿਤਾਬ, ਕਾਪੀ ਤੇ ਪੈੱਨ ਉਸ ਦੇ ਮੂਹਰੇ ਰੱਖ ਕੇ ਕਿਹਾ, 'ਨੀਂਦ ਆਉਂਦੀ ਹੁੰਦੀ ਏ ਤਾਂ ਮੂੰਹ ਤੇ ਪਾਣੀ ਦੇ ਛਿੱਟੇ ਮਾਰ ਲਿਆ ਕਰ। ਇਹ ਵੀ ਦਿਮਾਗ ਵਿਚ ਰੱਖ ਕਿ ਸਾਡੇ ਕਮਰੇ ਵਾਲ਼ਾ ਦਰ ਸਦਾ ਖੁੱਲ੍ਹਾ ਹੁੰਦਾ ਏ।'

**00**

# ਅੱਸੀ

ਉਨ੍ਹਾਂ ਦੇ ਬਲਾਕ ਦੇ ਕੋਨੇ ਦੇ ਕਵਾਰਟਰ ਵਿਚ ਬਿਸ਼ੰਭਰ ਦੱਤ ਨਾਈ ਤੇ ਉਹ ਦੀ ਘਰ ਵਾਲ਼ੀ ਮਾਇਆ ਰਹਿੰਦੇ ਸਨ। ਉਨ੍ਹਾਂ ਦੀ ਇੱਕੋ ਇਕ ਸੀਤਾ ਨਾਂ ਦੀ ਕੁੜੀ ਸੀ, ਜੋ ਦਸਵੀਂ ਵਿਚ ਪੜ੍ਹਦੀ ਸੀ। ਤਿੰਨੋਂ ਜਣੇ ਚਿੱਟੀ ਚਮੜੀ ਪਰ ਮਾੜਚੂ ਸ਼ਰੀਰਾਂ ਵਾਲ਼ੇ ਸਨ। ਕੁੜੀ ਦੀਆਂ ਅੱਖਾਂ ਚੌੜੀਆਂ ਤੇ ਮੱਥਾ ਕਾਫ਼ੀ ਵੱਡਾ ਸੀ। ਉਹ ਵਾਲ ਵਾਹ ਕੇ ਇੰਝ ਗੁੱਤ ਕਰਦੀ

ਕਿ ਉਸ ਦੇ ਦੋਨੋਂ ਕੰਨ ਦਿਖਾਈ ਨਾ ਦਿੰਦੇ। ਨਜ਼ਰ-ਫਜ਼ਰ ਤੋਂ ਉਸ ਨੇ ਗਲ਼ ਵਿਚ ਇਕ ਚਾਂਦੀ ਦਾ ਤਬੀਤ ਪਾਇਆ ਹੁੰਦਾ। ਉਸ ਦੇ ਦੰਦ ਥੋੜ੍ਹੇ ਉੱਚੇ ਹੋਣ ਕਰਕੇ ਹਮੇਸ਼ਾ ਲਗਦਾ ਜਿਵੇਂ ਉਹ ਹੱਸ ਰਹੀ ਹੋਵੇ। ਬਿਸ਼ੰਭਰ ਦੱਤ ਊਸ਼ਾ ਮਾਤਾ ਦੇ ਮੰਦਰ ਵਾਲ਼ੀ ਮਾਰਕੀਟ ਦੇ ਸਾਮ੍ਹਣੇ ਇਕ ਬਿਲ ਦੇ ਦਰੱਖਤ ਦੀਆਂ ਜੜ੍ਹਾਂ ਵਿਚ ਇਕ ਵੱਡਾ ਸ਼ੀਸ਼ਾ, ਕੁਰਸੀ, ਕੈਂਚੀ, ਮੋਚਨਾ, ਕੰਘਾ ਬਗੈਰਾ ਰੱਖ ਕੇ ਗਰੀਬ ਤਬਕੇ ਦੇ ਲੋਕਾਂ ਦੀ ਹਜ਼ਾਮਤ ਕਰਿਆ ਕਰਦਾ ਸੀ। ਸ਼ਾਮ ਨੂੰ ਉਹ ਖਾ ਪੀ ਕੇ ਝੂੰਮਦਾ ਤੇ ਗਾਉਂਦਾ ਘਰ ਆ ਵੜਦਾ। ਸੀਤਾ ਜਦੋਂ ਵੀ ਦੇਵ ਦੇ ਸਾਮ੍ਹਣੇ ਆਉਂਦੀ ਤਾਂ ਮੁਸਕਰਾ ਕੇ ਲੰਘਦੀ। ਇਕ ਦਿਨ ਸ਼ਾਮ ਵੇਲ਼ੇ ਦੇਵ ਆਪਣੀਆਂ ਦੋਨੋਂ ਭਤੀਜੀਆਂ ਨੂੰ ਬਲਾਕ ਦੇ ਸਾਮ੍ਹਣੇ ਬਣੇ ਝੂਲਿਆਂ ਤੇ ਝੁਲਾ ਰਿਹਾ ਸੀ ਕਿ ਮਾਰਕੀਟ ਵੱਲੋਂ ਸੌਦਿਆਂ ਵਾਲ਼ਾ ਝੋਲ਼ਾ ਚੁੱਕੀ ਆਉਂਦੀ ਸੀਤਾ ਉਨ੍ਹਾਂ ਦੇ ਕੋਲ਼ ਆ ਗਈ ਤੇ ਬੋਲੀ, 'ਦੇਵ ਤੂੰ ਕਿਹੜੇ ਕਾਲਜ ਵਿਚ ਪੜ੍ਹਦਾ ਏਂ?'

'ਆਗਰਾ ਕਾਲਜ ਵਿਚ.... ਦੱਸ?'

'ਕਿਹੜੀ ਜਮਾਤ ਵਿਚ?'

'ਚੌਧਵੀਂ' ਚ.... ਦੱਸ?'

'ਮੈਂ ਦਸਵੀਂ' ਚ ਪੜ੍ਹਦੀ ਹਾਂ ਡੀ. ਏ. ਵੀ. ਸਕੂਲ ਵਿਚ।'

'ਚੰਗਾ, ਪੜ੍ਹਿਆ ਕਰ।'

'ਤੈਨੂੰ' ਸਾਬ੍ਹ ਆਉਂਦਾ ਏ?

'ਆਹੋ ਆਉਂਦਾ ਏ।'

'ਕਦੀ ਜੇ ਕੋਈ ਸੁਆਲ ਸਮਝ ਨਾ ਆਵੇ ਤਾਂ ਮੰਮੀ ਨਾਲ਼ ਆ ਕੇ ਸਮਝ ਜਾਇਆ ਕਰਾਂ?'

'ਮੇਰੀ ਭਾਬੀ ਨੂੰ ਪੁੱਛ ਲਵੀਂ।'

ਉਹ ਮੁਸਕਰਾਉਂਦੀ ਹੋਈ ਚਲੀ ਗਈ। ਬੱਚਿਆਂ ਨੂੰ ਲੈ ਕੇ ਦੇਵ ਘਰ ਪੁੱਜਾ ਤਾਂ ਉਹ ਆਪਣੇ ਦਰ' ਚ ਖੜ੍ਹੀ ਸ਼ਾਇਦ ਉਸੇ ਦੀ ਉਡੀਕ ਕਰ ਰਹੀ ਸੀ। ਦੇਵ ਨੇ ਸੋਚਿਆ ਕਿ ਜ਼ਰੂਰ ਉਸ ਨੇ ਜਿੰਦਰ ਨੂੰ ਪੁੱਛ ਲਿਆ ਹੋਵੇਗਾ। ਉਹ ਮੁਸਕਰਾਈ ਤੇ ਆਪਣੇ ਅੰਦਰ ਜਾ ਵੜੀ। ਦੇਵ ਦੇ ਪੌੜੀਆਂ ਚੜ੍ਹਨ ਦੀ ਦੇਰ ਸੀ ਕਿ ਉਹ ਕਿਤਾਬਾਂ ਚੁੱਕ ਆਪਣੀ ਮਾਂ ਦੇ ਨਾਲ਼ ਆ ਪਹੁੰਚੀ। ਜਿੰਦਰ ਉਨ੍ਹਾਂ ਨੂੰ ਬੜੇ ਨਿੱਘ ਨਾਲ਼ ਮਿਲੀ। ਉਹਦੀ ਮਾਂ ਬੋਲੀ, 'ਧੱਤੋ ਕਹਿੰਦੀ ਸਵਾਲ ਸਮਝਣੇ ਨੇ ਵੀਰ ਜੀਆਂ ਤੋਂ।'

'ਸਮਝਾ ਦੇ ਦੇਵ।' ਜਿੰਦਰ ਨੇ ਕਿਹਾ।

ਬਾਹਰ ਖੜ੍ਹਾ ਮੰਜਾ, ਦੇਵ ਨੇ, ਡਾਹ ਦਿੱਤਾ। ਮਾਂ ਧੀ ਦੋਨੋਂ ਬਹਿ ਗਈਆਂ। ਦੇਵ ਨੇ ਕਾਨਿਆਂ ਦਾ ਮੂੜ੍ਹਾ ਖਿੱਚ ਕੇ ਉਨ੍ਹਾਂ ਲਾਗੇ ਕਰ ਲਿਆ। ਉਹ ਬੋਲਿਆ, 'ਕਿਹੜਾ ਸਵਾਲ ਏ?'

'ਚਾਰ ਪੰਜ ਨੇ ਜੀ।' ਸੀਤਾ ਨੇ ਕਿਹਾ।

ਸਵਾਲ ਦੇਵ ਨੇ ਪੂਰੇ ਹੱਲ ਨਾ ਕੀਤੇ, ਬੱਸ ਹਿੰਟ ਦੇ ਦਿੱਤੇ। ਉਹ ਉਸ ਨੂੰ ਛੇਤੀ ਗਲ਼ੋਂ ਲਾਹੁਣਾ ਚਾਹੁੰਦਾ ਸੀ। ਸਵਾਲ ਸਮਝਾਉਣ ਲਈ ਉਸ ਨੇ ਉਵੇਂ ਤੱਤ-ਭੜੱਤ ਕੀਤੀ ਜਿਵੇ

ਂ ਪ੍ਰੋਫੈਸਰ ਬਾਂਸਲ ਉਨ੍ਹਾਂ ਨੂੰ ਉਂਗਲ਼ ਨਾਲ਼ ਹਥੇਲ਼ੀ ਤੇ ਲਿਖ ਕੇ ਸਮਝਾਇਆ ਕਰਦਾ ਸੀ। ਪੰਜ-ਸੱਤ ਮਿੰਟ ਵਿਚ ਹੀ ਉਹ ਉੱਠ ਕੇ ਕਮਰੇ ਅੰਦਰ ਜਾ ਵੜਿਆ ਤੇ ਰੇਡਿਓ ਲਾ ਲਿਆ। ਉਹ ਗਈਆਂ ਤਾਂ ਜਿੰਦਰ ਬੋਲੀ, 'ਦੇਵ ਕੋਈ ਬੰਦਾ ਘਰ ਆਉਂਦਾ ਹੁੰਦਾ ਏ, ਉਹ ਮਹਿਮਾਨ ਹੁੰਦਾ ਏ। ਤੂੰ ਮਾਇਆ ਨੂੰ ਨਮੱਸਤੇ ਵੀ ਨਾ ਕਹੀ। ਕੁੜੀ ਨੂੰ ਸਵਾਲ ਵੀ ਇਉਂ ਸਮਝਾਏ ਜਿਵੇਂ ਗਲ਼ੋਂ ਕਰੀਂਢਲ ਲਾਹੀਦੈ।'

'ਭਾਬੀ ਜੀ ਸੌਰੀ... ਮੈਂ ਸਹੇ ਨੂੰ ਨ੍ਹੀ ਰੋਂਦਾ, ਪਹੇ ਨੂੰ ਰੋਂਦਾ ਏਂ। ਇਹ ਤਾਂ ਰੋਜ਼ ਆਉਣ ਲੱਗ ਪਊ।'

'ਪਾਹ-ਪੜੌਸ ਏ, ਤਾਂ ਕੀ ਘਟ ਜਾਣਾ ਏਂ।'

'ਇਸ ਤਰ੍ਹਾਂ ਮੁਖ਼ਤੋਂ-ਮੁਖ਼ਤੀ ਤਾਂ ਫਾਹਾ ਹੀ ਏ। ਜੇ ਪੜ੍ਹਨਾ ਏਂ ਅਗਲਾ ਫੀਸ ਦੇਵੇ । ਮੈਂ ਕਿਹੜਾ ਵਿਹਲਾ ਏਂ?'

'ਲੈਅ ਫੀਸ ਨਾ ਕੁਛ ਹੋਰ... ਰੋਟੀ ਤਾਂ ਮਸੀਂ ਪੱਕਦੀ ਏ ਵਿਚਾਰਿਆਂ ਦੀ।'

'ਕਿਉਂ ਕਮਾਉਂਦਾ ਨ੍ਹੀ ਨਾਈ?'

'ਸੁਆਹ ਚੁੱਲ੍ਹਿਆਂ ਦੀ। ਪਊਆ ਝੁਲ਼ਸ ਕੇ ਨਿੱਤ ਵੜਦਾ ਏ ਘਰ। ਮਰੇ ਕੋਈ ਜੀਵੇ । ਉਹਨੂੰ ਕੀ ਆ?'

ਦੇਵ ਕੋਲ਼ ਤੀਜੇ ਚੌਥੇ ਦਿਨ ਮਾਂ ਧੀ ਦਾ ਗੇੜਾ ਲੱਗਣ ਲੱਗ ਪਿਆ। ਸੀਤਾ ਦੀ ਤੱਕਣੀ ਵਿਚ ਵੀ ਫਰਕ ਪੈਂਦਾ ਗਿਆ। ਇਕ ਦਿਨ ਜਾਂਦੀ ਜਾਂਦੀ ਕਈ ਤਹਿਆਂ ਵਾਲ਼ਾ ਕਾਗਜ਼ ਦਾ ਟੁਕੜਾ ਦੇਵ ਮੂਹਰੇ ਸੁੱਟ ਚਲਦੀ ਬਣੀ। ਕਾਗਜ਼ ਚੁੱਕ ਉਹ ਟਾਇਲਟ' ਚ ਜਾ ਵੜਿਆ ਤੇ ਖੋਹਲ ਕੇ ਪੜ੍ਹਿਆ। ਉਸ ਨੇ ਦੇਵ ਲਈ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਹੋਇਆ ਸੀ। ਉਹ ਉਸ ਨਾਲ਼ ਰੱਜ ਕੇ ਗੱਲਾਂ ਮਾਰਨੀਆਂ ਚਾਹੁੰਦੀ ਸੀ। ਉਸ ਨੇ ਕਿਹਾ ਸੀ ਕਿ ਦੇ ਵ ਉਸ ਨੂੰ ਅਗਲੇ ਦਿਨ ਤਿੰਨ ਵਜੇ ਗੁੜ ਮੰਡੀ ਦੇ ਜਮਨਾ ਵੱਲ ਦੇ ਗੇਟ ਲਾਗੇ ਮਿਲੇ। ਦੇਵ ਦਾ ਦਿਲ ਧੜਕਣ ਲੱਗਾ ਕਿ ਹੁਣ ਉਹ ਕੀ ਕਰੇ। ਉਸ ਨੇ ਅਗਲੇ ਦਿਨ ਸਵੇਰੇ ਹੀ ਰਾਮੇਸ਼ਵਰ ਨੂੰ ਸਾਰੀ ਗੱਲ ਦੱਸੀ ਤਾਂ ਉਹ ਬੋਲਿਆ, 'ਦਸਵੀ" ਚ ਪੜ੍ਹਦੀ ਕੁੜੀ ਤੈਨੂੰ ਡੋਬ ਦੇਊ। ਕੱਚੀ ਉਮਰ' ਚ ਅੱਗ ਤਾਂ ਹੁੰਦੀ ਏ, ਅਕਲ ਨਹੀਂ। ਛੱਡ ਖਹਿੜਾ। ਹੋਰ ਨਾ ਪੰਗਾ ਖੜ੍ਹਾ ਕਰ ਲਵੀਂ।'

'ਠੀਕ ਏ ਨਹੀਂ ਮਿਲਾਂਗਾ।' ਦੇਵ ਨੇ ਉਸ ਨਾਲ਼ ਸਹਿਮਤੀ ਪ੍ਰਗਟਾਈ।

ਉਹ ਦੋਨੋਂ ਕਾਲਜ ਚਲੇ ਗਏ। ਜਿਵੇਂ ਜਿਵੇਂ ਦਿਨ ਲੰਘਦਾ ਗਿਆ, ਦੇਵ ਦੇ ਮਨ ਵਿਚ ਵੀ ਯੁੱਧ ਚਲਦਾ ਰਿਹਾ। ਜਾਹ, ਕੀ ਹਰਜ਼ ਏ... ਕੋਈ ਲੋੜ ਨਹੀਂ। ਉਹ ਉਡੀਕ ਰਹੀ ਏ ... ਹੋਵੇ ਪਈ। ਉਹ ਤੈਨੂੰ ਪਿਆਰ ਕਰਦੀ ਏ.... ਫੇਰ ਮੈਂ ਕੀ ਕਰਾਂ? ਤੂੰ ਵੀ ਕਰ.... ਚੱਲ ਪਰ੍ਹੇ। ਗਰੀਬ ਕੁੜੀ ਏ ਵਿਚਾਰੀ ਦਿਲ ਨਾ ਤੋੜ, ਜਾਣ' ਚ ਕੀ ਹਰਜ਼ ਏ... ਠੀਕ ਏ ਚਲਾ ਜਾਂਦਾ ਹਾਂ। ਉਹ ਘਰ ਆਉਣੋਂ ਥੋੜ੍ਹੋ ਰੋਕ ਲਵੇਗੀ। ਦੇਖਾਂ ਤਾਂ ਸਹੀ ਕੀ ਏ ਉਹਦੇ ਦਿਲ' ਚ। ਪੌਣੇ ਤਿੰਨ ਵਜੇ ਉਹ ਸਾਇਕਲ ਚੁੱਕ ਕੇ ਕਾਲਜ ਤੋਂ ਨਿਕਲ਼ ਗਿਆ। ਸੀਤਾ ਤਾਂ ਪਹਿਲਾਂ ਹੀ ਗੁੜ ਮੰਡੀ ਦੇ ਗੇਟ ਲਾਗੇ ਆਪਣੀਆਂ ਕਿਤਾਬਾਂ ਛਾਤੀ ਨਾਲ਼ ਲਾਈ ਖੜ੍ਹੀ ਦੇ ਵ ਨੂੰ ਉਡੀਕ ਰਹੀ ਸੀ। ਉਸ ਦੇ ਬੋਲਣ ਲੱਗੀ ਦੇ ਦੰਦ ਚਮਕੇ, 'ਦੇਵ ਮੈਂ ਤੈਨੂੰ ਬਹੁਤ

ਪਿਆਰ ਕਰਦੀ ਹਾਂ।'

'ਉਹ ਤਾਂ ਠੀਕ ਏ, ਪਰ ਤੂੰ ਮੈਨੂੰ ਐਥੇ ਕਿਉਂ ਸੱਦਿਆ ਏ?'

'ਦੇਵ ਤੂੰ ਮੇਰੇ ਪਿਆਰ ਦਾ ਇਮਤਿਹਾਨ ਲੈ ਲਾ।'

'ਉਹ ਕਿਵੇਂ?'

'ਜੇ ਤੂੰ ਕਹੇਂ ਕਿ ਜਮਨਾ ਵਿਚ ਛਾਲ਼ ਮਾਰ। ਮੈਂ ਮਾਰ ਦਿਆਂਗੀ।'

'ਜਮਨਾ ਵਿਚ ਤਾਂ ਪਾਣੀ ਹੀ ਨਹੀਂ।' ਦੇਵ ਹੱਸਿਆ।

'ਮੈਂ ਤੇਰੇ ਕਹਿਣ ਤੇ ਰੇਲ ਗੱਡੀ ਮੂਹਰੇ ਛਾਲ਼ ਮਾਰ ਸਕਦੀ ਹਾਂ।'

'ਮੈਨੂੰ ਫਾਹੇ ਟੰਗਾਉਣਾਂ ਏਂ? ਤੂੰ ਮਰਨ ਦੀਆਂ ਗੱਲਾਂ ਕਿਉਂ ਕਰ ਰਹੀ ਏਂ?'

'ਸੌਰੀ ਦੇਵ, ਮੈਂ ਸਾਰੀ ਉਮਰ ਲਈ ਤੈਨੂੰ ਆਪਣਾ ਬਣਾਉਣਾ ਚਾਹੁੰਦੀ ਹਾਂ।'

'ਹੋਰ ਤੂੰ ਕੀ ਚਾਹੁੰਦੀ ਏਂ?'

'ਤੂੰ ਮੈਨੂੰ ਕਿਤੇ ਵੀ ਲਿਜਾ ਸਕਦਾ ਏਂ। ਜੇ ਪਿਕਚਰ ਦਿਖਾਉਣੀ ਚਾਹੇਂ, ਉਹ ਵੀ ਦਿਖਾ ਸਕਦਾ ਏਂ। ਫਤਹਿਪੁਰ ਸੀਕਰੀ ਪ੍ਰੇਮੀਆਂ ਦੇ ਮਿਲਣ ਲਈ ਸਭ ਤੋਂ ਵਧੀਆ ਥਾਂ ਏ ਂ।'

'ਕਿਸ ਨਾਲ਼ ਗਈ ਸੀ ਉੱਥੇ?'

'ਮੈਂ ਕਾਹਨੂੰ ਗਈ ਹਾਂ, ਕੁੜੀਆਂ ਦੱਸਦੀਆਂ ਸੀ।'

'ਕਿੰਨੇ ਲੋਕ ਦੇਖ ਰਹੇ ਨੇ ਆਪਾਂ ਨੂੰ। ਤੂੰ ਹੁਣ ਘਰ ਜਾ। ਹੋਰ ਨਾ ਮਰਵਾ ਦਵੀਂ ਮੈਨੂੰ।'

'ਮੈਂ ਕੁੜੀ ਹੋ ਕੇ ਨੀ ਡਰਦੀ। ਤੂੰ ਮੁੰਡਾ ਹੋ ਕੇ ਵੀ ਡਰੀ ਜਾਂਦਾ ਏਂ। ਇਹ ਵਹਿਮ ਏ ਤੇਰਾ ਦੇਵ। ਕੋਈ ਕਿਸੇ ਨੂੰ ਨਹੀਂ ਦੇਖਦਾ। ਚੱਲ ਭੋਲ਼ੇ ਨਾਥ ਦੀ ਬਗੀਆ' ਚ ਬਹਿ ਕੇ ਗੱਲਾਂ ਕਰਦੇ ਹਾਂ।' ਸੀਤਾ ਤੁਰਦੀ ਬੋਲੀ।

'ਉਹ ਕਿੱਥੇ ਆ?'

'ਜਮਨਾ ਕੰਢੇ.... ਉੱਧਰ ਕੋਈ ਨੀ ਆਉਂਦਾ।' ਉਹ ਬੋਲੀ।

'ਤੈਨੂੰ ਕਿਵੇਂ ਪਤਾ ਏ? ਕੀਹਦੇ ਨਾਲ਼ ਗਈ ਸੀ ਤੂੰ ਉੱਥੇ?'

'ਦੇਵ ਮੇਰੇ ਤੇ ਸ਼ੱਕ ਨਾ ਕਰ... ਮੈਂ ਜਮਨਾ ਦੀ ਤਰ੍ਹਾਂ ਪਵਿੱਤਰ ਹਾਂ।'

'ਪਵਿੱਤਰ ਵਾਲ਼ੀ ਕਿਹੜੀ ਚੀਜ਼ ਆ ਜਮਨਾ' ਚ?'

'ਮੈਂ ਕਦੀ ਕਿਸੇ ਮੁੰਡੇ ਨਾਲ਼ ਗੱਲ ਵੀ ਨੀ ਕੀਤੀ।'

ਉਹ ਤੁਰੀ ਗਈ ਤਾਂ ਦੇਵ ਵੀ ਉਹਦੇ ਮਗਰ ਸਾਇਕਲ ਤੋਰੀ ਗਿਆ। ਉਹ ਸੜਕ ਟੱਪੇ ਤਾਂ ਦੇਵ ਦੇ ਅੰਦਰੋਂ ਹੀ ਅਵਾਜ਼ ਆਈ, 'ਪੈ ਗਿਆ ਫੇਰ ਪੁੱਠੇ ਪੰਗਿਆਂ' ਚ? ਸ਼ਰਮ ਕਰ ਰੱਬ ਦੇ ਬੰਦਿਆ। ਤੂੰ ਐਥੇ ਪੜ੍ਹਾਈ ਕਰਨ ਆਇਆ ਏਂ। ਤੇਰੀ ਮੱਤ ਮਾਰੀ ਗਈ?'

ਦੇਵ ਰੁਕ ਗਿਆ। ਉਹ ਤੁਰਦੀ ਰਹੀ। ਦੇਵ ਨੇ ਖੱਬੇ ਸੱਜੇ ਝਾਤ ਮਾਰੀ। ਸਾਇਕਲ ਮੋੜਿਆ ਤੇ ਕਾਠੀ ਤੇ ਬਹਿ ਘਰ ਨੂੰ ਦੌੜ ਆਇਆ। ਰੋਟੀ ਖਾਣ ਮਗਰੋਂ ਜਿੰਦਰ ਨੂੰ ਕਿਹਾ, 'ਭਾਬੀ ਜੀ, ਮੇਰਾ ਉਸ ਕੁੜੀ ਤੋਂ ਖਹਿੜਾ ਛੁਡਾਉ। ਮੇਰੇ ਕੋਲ਼ ਟਾਇਮ ਨੀ ਹੈਗਾ।

'ਹੁਣ ਉਹਨੂੰ ਰੋਕੀਏ ਕਿਵੇਂ?' ਉਹ ਹੱਸੀ।

'ਪੌੜੀਆਂ' ਚੋਂ ਹੀ ਮੋੜ ਦੇਣਾ ਕਿ ਉਹ ਤਾਂ ਰਾਮੇਸ਼ਵਰ ਕੋਲ਼ ਰਹਿਣ ਲੱਗ ਪਿਆ ਏ।'

ਜਿੰਦਰ ਨੇ ਕੁਝ ਕਿਹਾ ਜਾਂ ਉਹ ਆਪ ਹੀ ਆਉਣੋ ਹਟ ਗਈ। ਇਕ ਦਿਨ ਦੇਵ ਕਾਲਜ ਤੋਂ ਵਾਪਸ ਆਇਆ ਤਾਂ ਪਤਾ ਲੱਗਾ ਕਿ ਕਿਸੇ ਟਰੱਕ ਡਰਾਇਵਰ ਨੇ ਇੱਟਾਂ ਨਾਲ਼ ਲੱਦਿਆ ਟਰੱਕ ਹਜ਼ਾਮਤ ਕਰਦੇ ਬਿਸ਼ੰਭਰ ਤੇ ਉਸ ਦੇ ਦੋ ਗਾਹਕਾਂ ਤੇ ਚੜ੍ਹਾ ਦਿੱਤਾ ਸੀ। ਦੋਨੋਂ ਬੰਦੇ ਉੱਥੇ ਹੀ ਮਰ ਗਏ, ਪਰ ਬਿਸ਼ੰਭਰ ਨੇ ਹਸਪਤਾਲ਼ ਪੁੱਜ ਕੇ ਦਮ ਤੋੜਿਆ। ਰਸਤੇ ਵਿਚ ਹੀ ਉਸ ਨੇ ਆਪਣੀ ਪਤਨੀ ਮਾਇਆ ਨੂੰ ਦੱਸ ਦਿੱਤਾ ਸੀ ਕਿ ਉਸ ਦੀ ਮੌਤ ਮਗਰੋਂ ਉਹ ਮਕਾਨ ਦੀ ਪਗੜੀ ਲੈ ਕੇ ਆਪਣੇ ਭਰਾ ਕੋਲ਼ ਚਲੀ ਜਾਵੇ, ਜਿਹੜਾ ਸ਼ਹਿਰ ਵਿਚ ਹੀ ਕਿਧਰੇ ਰਹਿੰਦਾ ਸੀ ਤੇ ਦੇਸੀ ਘੀ ਬਣਾਉਣ ਦਾ ਕਾਰੋਬਾਰ ਕਰਦਾ ਸੀ। ਉਸ ਨੇ ਦੱਸਿਆ ਕਿ ਜਿੱਥੇ ਉਸ ਦਾ ਸਾਲ਼ਾ ਕਹੇ, ਸੀਤਾ ਦਾ ਵਿਆਹ ਕਰ ਦੇਵੇ। ਉਸ ਦੀ ਲਾਸ਼ ਜਮਨਾ ਨਦੀ ਵਿਚ ਡੂੰਮ ਦੇਖ ਕੇ ਸੁੱਟ ਦਿੱਤੀ ਜਾਵੇ ਤੇ ਮੌਤ ਮਗਰੋਂ ਕੋਈ ਵੀ ਧਾਰਮਿਕ ਰਸਮ ਨਾ ਕੀਤੀ ਜਾਵੇ। ਸ਼ਰਾਬ ਦੀ ਬੋਤਲ ਮੰਦਰ ਵਿਚ ਚੜ੍ਹਾ ਦਿੱਤੀ ਜਾਵੇ, ਬੱਸ।

ਜਦੋਂ ਦੇਵ ਘਰ ਪੁੱਜਾ ਤਾਂ ਬਿਸ਼ੰਭਰ ਦੇ ਕਵਾਰਟਰ ਦੇ ਬਾਹਰ ਅੱਠ ਦੱਸ ਬੰਦੇ ਖੜ੍ਹੇ ਗੱਲਾਂ ਕਰ ਰਹੇ ਸਨ, ਜਿਨ੍ਹਾਂ ਵਿਚ ਰਾਮ ਸਿੰਘ ਵੀ ਸੀ। ਸਾਇਕਲ ਉੱਤੇ ਚੜ੍ਹਾਕੇ ਦੇਵ ਵੀ ਹੇਠ ਆ ਗਿਆ ਤੇ ਉਨ੍ਹਾਂ ਬੰਦਿਆਂ ਵਿਚ ਜਾ ਖੜ੍ਹਿਆ। ਉਸ ਦੀ ਲਾਸ਼ ਦਰਾਂ ਤੋਂ ਬਾਹਰ ਪਈ ਸੀ ਤੇ ਇਕ ਮੈਲ਼ੀ ਜਿਹੀ ਖੇਸੀ ਨਾਲ਼ ਢਕੀ ਹੋਈ ਸੀ। ਉਸ ਦੀ ਘਰ ਵਾਲ਼ੀ ਮਾਇਆ ਤੇ ਅੱਠ-ਦੱਸ ਔਰਤਾਂ, ਚਿੱਟੀਆਂ ਚੁੰਨੀਆਂ ਲਈ ਜਾਂ ਚਿੱਟੀਆਂ ਸਾੜ੍ਹੀਆਂ ਪਾਈ ਲਾਸ਼ ਮੁੱਢ ਬੈਠੀਆਂ ਸਨ, ਜਿਨ੍ਹਾਂ ਵਿਚ ਜਿੰਦਰ ਵੀ ਸੀ। ਸ਼ਾਇਦ ਉਹ ਰੋ ਪਿੱਟ ਕੇ ਚੁੱਪ ਕਰ ਗਈਆਂ ਹੋਣਗੀਆਂ। ਉੱਥੋਂ ਹੀ ਦੇਵ ਨੂੰ ਪਤਾ ਲੱਗਾ ਕਿ ਬੰਦਿਆਂ ਵਿਚ ਖੜ੍ਹਾ ਚਿੱਟੀ ਟੋਪੀ ਤੇ ਧੋਤੀ ਵਾਲ਼ਾ ਤਿਲਕਧਾਰੀ ਬਿਸ਼ੰਭਰ ਦੱਤ ਦਾ ਸਾਲ਼ਾ ਸੀ।

ਅਚਾਨਕ ਮਾਇਆ ਤੀਵੀਆਂ' ਚੋਂ ਉੱਠ ਖੜ੍ਹੇ ਬੰਦਿਆਂ ਕੋਲ਼ ਆ ਗਈ ਤੇ ਆਪਣੇ ਭਰਾ ਨੂੰ ਇਕ ਪਾਸੇ ਸੱਦ ਕੇ ਕੁਝ ਕਿਹਾ। ਉਹ ਬੋਲਿਆ, 'ਹੱਟ... ਕਮਲ਼ੀ ਨਾ ਹੋਵੇ ਤਾਂ... ਕਹਿੰਦਾ ਸੀ ਕਹਿੰਦਾ ਰਹੇ।'

ਫਿਰ ਉਸ ਨੇ ਬੰਦਿਆਂ ਨੂੰ ਵੀ ਮੰਦਰ' ਚ ਬੋਤਲ ਚੜ੍ਹਾਉਣ ਵਾਲ਼ੀ ਗੱਲ ਦੱਸ ਦਿੱਤੀ। ਹੁਣ ਸਾਰੇ ਉਸ ਮੰਦਰ ਦੀਆਂ ਗੱਲਾਂ ਕਰਨ ਲੱਗੇ ਜਿੱਥੇ ਸ਼ਰਾਬ ਚੜ੍ਹਦੀ ਸੀ। ਕਿਸੇ ਨੇ ਦੱਸਿਆ ਕਿ ਉੱਥੋਂ ਦੇ ਪੁਜਾਰੀ ਜੀ ਸਵੇਰੇ ਹੀ ਟੱਲੀ ਹੋ ਜਾਇਆ ਕਰਦੇ ਸਨ ਤੇ ਬਿਸ਼ੰਭਰ ਦਾ ਵੀ ਉੱਥੇ ਗੇੜਾ ਲਗਦਾ ਹੀ ਰਹਿੰਦਾ ਸੀ। ਇਸ ਗੱਲੋਂ ਕੁਝ ਜਣੇ ਹੱਸਣ ਲੱਗ ਪਏ ਤੇ ਕੁਝ ਨੇ ਹੱਸਣ ਦਾ ਸਮਾਂ ਨਾ ਹੋਣ ਕਰਕੇ ਕੇਵਲ ਬੁੱਲ੍ਹ ਘੁੱਟੇ।

'ਹੋਰ ਕਿਸ ਦੀ ਉਡੀਕ ਏ?' ਰਾਮ ਸਿੰਘ ਨੇ ਟੋਪੀ ਵਾਲ਼ੇ ਨੂੰ ਪੁੱਛਿਆ।

'ਹੋਰ ਕੀਹਦੀ ਉਡੀਕ ਹੋਣੀ ਏਂ? ਕਿਸੇ ਰਿਸ਼ਤੇਦਾਰ ਨਾਲ਼ ਇਹ ਬੰਦਾ ਨੀ ਵਰਤਿਆ। ਕਿਸੇ ਸਾਊ ਬੰਦੇ ਨਾਲ਼ ਇਹਦੀ ਸਾਂਝ ਨਹੀਂ ਸੀ।' ਉਹ ਬੋਲਿਆ।

'ਤਾਂ ਫਿਰ ਕਰੋ ਤਿਆਰੀ ਲਾਸ਼ ਅੰਦਰ ਰੱਖ ਕੇ ਨੁਹਾ ਦੇਈਏ।' ਪ੍ਰਭਾ ਦੁਕਾਨਦਾਰ ਬੋਲਿਆ।

'ਨਹਾਉਣ ਨੂੰ ਕੀ ਏ? ਜਮਨਾ ਦੇ ਪਾਣੀ ਵਿਚ ਨਹਾ ਲਊ ਆਪੇ।' ਟੋਪੀ ਵਾਲ਼ਾ ਬੋਲਿਆ।

'ਕੱਫਣ ਲੈ ਆਂਦਾ?'

'ਕੱਫਣ ਨੂੰ ਕੀ ਏ। ਖ਼ੂਨ ਨਾਲ਼ ਲਿਬੜੇ ਕੱਪੜੇ ਲਾਹੋਗੇ। ਫਿਰ ਪਾਓਗੇ। ਥੋੜ੍ਹਾ ਝੰਝਟ ਏ ਕੋਈ?' ਉਹ ਬੋਲਿਆ।

'ਅਰਥੀ ਬਣਾਉਣ ਲਈ ਬਾਂਸ ਮੰਗਵਾਏ ਨੇ?'

'ਰੇਹੜੀ ਮੰਗਵਾਈ ਏ, ਉੱਤੇ ਲਿਟਾ ਕੇ ਲੈ ਚੱਲਾਂਗੇ।'

ਛੇਤੀ ਹੀ ਰੇਹੜੀ ਵੀ ਆ ਗਈ, ਸਾਇਕਲ ਦੇ ਚਾਰ ਟਾਇਰਾਂ ਵਾਲ਼ੀ, ਸਬਜ਼ੀ ਵਾਲ਼ੀ ਰੇਹੜੀ। ਰੇਹੜੀ ਦਾ ਮਾਲਕ ਵੀ ਉਨ੍ਹਾਂ ਵਿਚ ਆ ਖੜ੍ਹਿਆ।

'ਚਲੋ ਫੇਰ ਦਿਨ ਛਿਪਣ ਤੋਂ ਪਹਿਲਾਂ ਪਹਿਲਾਂ।'

ਤਿੰਨ ਚਾਰ ਜਣੇ ਬਿਸ਼ੰਭਰ ਦੀ ਲਾਸ਼ ਰੇਹੜੀ ਤੇ ਰੱਖਣ ਲੱਗੇ ਤਾਂ ਮਾਇਆ ਨੇ ਦੋਨੋਂ ਹੱਥ ਪੱਟਾਂ ਤੇ ਮਾਰ ਧਾਹ ਮਾਰੀ। 'ਛੱਡ ਕੇ ਚੱਲਿਆਂ ਵੇ ਮੇਰੇ ਸਿਰ ਦੇ ਸਾਈਆਂ। ਤੇਰੇ ਬਿਨ ਨ੍ਹੇਰ ਪੈ ਗਿਆ ਵੇ ਮੇਰੇ ਘਰ ਵਿਚ। ਆਪਣੀ ਧੀ ਦੀ ਡੋਲ਼ੀ ਤਾਂ ਤੋਰ ਜਾਂਦਾ ਜ਼ਾਲਮਾ। ਵੇ ਤੂੰ ਮੈਨੂੰ ਕੱਖੋਂ ਹੌਲ਼ੀ ਕਰ ਗਿਆ ਵੇ। ਵੇ ਤੈਨੂੰ ਤਾਂ ਮੈਂ ਕੰਮ ਤੇ ਨਿੱਤ ਹੱਸ ਕੇ ਤੋਰਦੀ ਸੀ ਵੇ। ਤੂੰ ਕਿਹੜੇ ਸਫ਼ਰਾਂ ਤੇ ਨਿਕਲ਼ ਗਿਆ ਵੇ ਮੇਰਿਆ ਰਾਜਿਆ।'

ਉਸ ਦੇ ਵੈਣ ਸੁਣ ਕੇ ਲੱਗਭਗ ਸਾਰੀਆਂ ਤੀਵੀਆਂ ਹੀ ਰੋ ਪਈਆਂ। ਆਦਮੀਆਂ' ਚੋਂ ਵੀ ਕਈ ਜਣੇ ਅੱਖਾਂ ਪੂੰਝਣ ਲੱਗ ਪਏ। ਕੁਝ ਬੰਦਿਆਂ ਨੇ ਰੇਹੜੀ ਧੱਕ ਲਈ ਤੇ 'ਰਾਮ ਨਾਮ ਸੱਤ ਹੈ' ਕਹਿਣ ਲੱਗੇ। ਨਾਲ਼ ਨਾ ਕੋਈ ਸਮੱਗਰੀ, ਨਾ ਘੜਾ ਤੇ ਨਾ ਕੁਝ ਹੋਰ। ਤਿਲਕਧਾਰੀ ਟੋਪੀਬਾਜ਼ ਨੇ ਤਾਂ ਰੇਹੜੀ ਨੂੰ ਹੱਥ ਵੀ ਨਾ ਲਾਇਆ ਤੇ ਨਾ ਹੀ ਆਪਣੀਆਂ ਕਾਲ਼ੀਆਂ ਐਨਕਾਂ ਉਤਾਰੀਆਂ। ਅੱਧਾ ਕੁ ਮੀਲ ਦੂਰ ਜਮਨਾ ਕੰਢੇ ਇਕ ਪੁਰਾਣੀ ਬਿਲਡਿੰਗ ਸੀ। ਉਸ ਦੇ ਮਗਰ ਜਾ ਕੇ ਲਾਸ਼ ਰੇਹੜੀ ਤੋਂ ਲਾਹਕੇ ਭੁੰਜੇ ਰੱਖ ਦਿੱਤੀ। ਬਾਕੀ ਦਰਿਆ ਤਾਂ ਸੁੱਕਾ ਪਿਆ ਸੀ। ਕੇਵਲ ਇਹੀ ਥਾਂ ਸੀ ਜਿੱਥੇ ਡੂੰਮ੍ਹ ਹੋਣ ਕਰਕੇ ਲੋਕ ਮੁਰਦਿਆਂ ਨੂੰ ਸੁੱਟ ਜਾਇਆ ਕਰਦੇ ਸਨ। ਦਰਿਆ ਦੇ ਵਿਚ ਥਾਂ-ਥਾਂ ਤੇ ਸਰਕੜੇ ਦੀਆਂ ਝੁੱਗੀਆਂ ਅਤੇ ਤਰਬੂਜ਼ਾਂ ਦੀਆਂ ਵੇਲਾਂ ਸਨ। ਸਾਰੇ ਦੇਖਣ ਲੱਗੇ ਕਿ ਲਾਸ਼ ਕਿੱਥੇ ਕੁ ਖਪ ਸਕਦੀ ਸੀ। ਲਾਸ਼ ਦੇ ਉੱਠ ਕੇ ਤੈਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਕਿਉਂਕਿ ਕੱਟਿਆਂ ਵਰਗੇ ਕੱਛੂਆਂ (ਪੱਤਲਾਂ) ਦੀ ਇਹੀ ਥਾਂ ਰਿਹਾਇਸ਼ਗਾਹ ਸੀ। ਅਚਾਨਕ ਸਭ ਦਾ ਧਿਆਨ ਇਕ ਭਾਰੀ ਜੱਤਲ਼ ਕੁੱਤੇ ਵੱਲ ਚਲਾ ਗਿਆ ਜੋ ਪਾਣੀ ਵਿਚ ਚੁੱਭੀਆਂ ਲਾ ਰਿਹਾ ਸੀ। ਉਹ ਪਾਣੀ ਵਿਚ ਕਿਸੇ ਤਜ਼ਰਬੇਕਾਰ ਡਬੋਲੀਏ ਵਾਂਗ ਚੁੱਭੀ ਮਾਰਦਾ ਤਾਂ ਉਸ ਦੀਆਂ ਪਿਛਲੀਆਂ ਟੰਗਾਂ ਤੇ ਪੂਛ ਪਾਣੀ ਤੋਂ ਬਾਹਰ ਦਿਖਾਈ ਦਿੰਦੀਆਂ। ਉਹ ਪਾਣੀ ਹੇਠੋਂ ਕਿਸੇ ਚੀਜ਼ ਨੂੰ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਉਸ ਦਾ ਸਾਹ ਮੁੱਕ ਜਾਂਦਾ ਤਾਂ ਮੁੜ ਪਾਣੀ ਦੀ ਸਤ੍ਹਾ ਤੇ ਆ ਜਾਦਾ ਤੇ ਕੰਢੇ ਵੱਲ ਨੂੰ ਤੈਰਨ ਲੱਗਦਾ। ਸਾਰੇ ਜਣੇ ਬਿਸ਼ੰਭਰ ਦੀ ਲਾਸ਼ ਨੂੰ ਭੁੱਲ, ਖੜ੍ਹ ਕੇ ਇਹ ਕੌਤਕ ਦੇਖਣ ਲੱਗੇ। ਕਾਫੀ ਸੰਘਰਸ਼ ਮਗਰੋਂ ਕੁੱਤਾ ਇਕ ਬੱਚੇ ਦੀ ਲਾਸ਼ ਬਾਹਰ ਖਿੱਚ ਲਿਆਇਆ ਤੇ ਹਾਬੜਿਆਂ ਵਾਂਗ ਬੱਚੇ ਤੇ ਝਪਟ ਉਸ ਦਾ ਪੇਟ ਪਾੜ ਦਿੱਤਾ। ਕੋਈ ਜਣਾ

ਇਕ ਖੰਘਰ ਚੁੱਕ ਕੇ ਕੁੱਤੇ ਦੇ ਮਾਰਨ ਲੱਗਾ ਤਾਂ ਟੋਪੀ ਵਾਲ਼ਾ ਬੋਲਿਆ, 'ਅਬੇ ਯਾਰ ਛੋੜੋ... ਕੁੱਤਾ ਨਹੀਂ ਖਾਏਗਾ, ਕੱਛੂ, ਮੱਛੀਆਂ ਖਾ ਜਾਣਗੇ। ਹੁਣ ਤਾਂ ਇਹ ਮਿੱਟੀ ਏ।'

ਬਿਸ਼ੰਭਰ ਦੱਤ ਨੂੰ ਲੱਤਾਂ ਬਾਹਾਂ ਤੋਂ ਚੁੱਕ ਪਾਣੀ ਵਿਚ ਸੁੱਟ ਦਿੱਤਾ ਗਿਆ। ਕਿਸੇ ਨੇ ਦੱਸਿਆ ਕਿ ਪੁਰਾਣੀ ਬਿਲਡਿੰਗ ਵਿਚ ਬਣੇ ਮੰਦਰ' ਚ ਸਭ ਨੇ ਜਾਣਾ ਹੈ। ਉਥੇ ਜਾ ਕੇ ਹੱਥ ਮੂੰਹ ਧੋ ਕੇ, ਮੱਥਾ ਟੇਕ ਕੇ ਆਪਣੇ ਆਪ ਨੂੰ ਸ਼ੁੱਧ ਕਰ ਕੇ ਹੀ ਘਰ ਜਾਇਆ ਜਾਵੇ । ਸਾਰੇ ਜਣੇ ਉੱਧਰ ਨੂੰ ਤੁਰ ਪਏ। ਕਿਸੇ ਨੇ ਦੱਸਿਆ ਕਿ ਅੱਜ ਸਵੇਰੇ ਬਿਸ਼ੰਭਰ ਦੱਤ ਮੋਢੇ ਨਾਲ਼ ਝੋਲ਼ਾ ਲਮਕਾਈ ਉਹਦੇ ਕੋਲ਼ੋਂ ਗਾਉਂਦਾ ਲੰਘਿਆ ਸੀ ਤੇ ਉਸ ਨੇ ਉਸ ਨੂੰ ਸਲਾਮ ਵੀ ਮਾਰੀ ਸੀ। ਜੇ ਪਤਾ ਹੁੰਦਾ ਉਸ ਨੇ ਅੱਜ ਮਰ ਜਾਣਾ ਹੈ ਤਾਂ ਉਹ ਰੁਕ ਕੇ ਦੋ ਗੱਲਾਂ ਹੀ ਕਰ ਲੈਂਦਾ।

'ਬਹੁਤ ਵਧੀਆ ਬੰਦਾ ਸੀ ਮਹਾਰਾਜ ਜੀ ਉਹ ਤਾਂ। ਸਾਰੀ ਉਮਰ ਅਸੀਂ ਉਸ ਨੂੰ ਕਿਸੇ ਨਾਲ਼ ਘੱਟ-ਵੱਧ ਬੋਲਦਿਆਂ ਨਹੀਂ ਸੀ ਸੁਣਿਆ।' ਕੋਈ ਹੋਰ ਬੋਲਿਆ।

'ਪਾਣੀ ਦਾ ਬੁਲਬੁਲਾ ਏ ਭਾਈ ਬੰਦਾ ਤਾਂ। ਜਿਹੜਾ ਸਾਹ ਅੰਦਰ ਗਿਆ ਏ, ਉਹਦਾ ਕੀ ਪਤਾ ਬਾਹਰ ਆਊ ਕਿ ਨਾ।'

ਉਹ ਅਮਰੂਦਾਂ ਦੇ ਸੰਘਣੇ ਬਾਗ ਵਿੱਚੀਂ ਹੁੰਦੇ ਬਿਲਡਿੰਗ ਕੋਲ਼ ਪਹੁੰਚ ਗਏ। ਡਾਟਾਂ ਵਾਲ਼ੇ ਖੁੱਲ੍ਹੇ ਗੇਟ ਦੇ ਮੂਹਰੇ ਬਰਾਂਡੇ ਵਿਚ ਇਕ ਤਖ਼ਤ ਪੋਸ਼ ਉੱਤੇ ਲੰਗੋਟੀ ਲਾਈ ਬੈਠਾ ਇਕ ਬਜ਼ੁਰਗ ਬਾਬਾ ਆਪਣੇ ਮੂਹਰੇ ਮਿੱਟੀ ਦੀ ਦਵਾਤ ਰੱਖੀ ਪੁਰਾਣੇ ਜਿਹੇ ਕਾਗਜ਼ਾਂ ਉੱਪਰ ਕਲਮ ਨਾਲ਼ ਕੁਝ ਲਿਖ ਰਿਹਾ ਸੀ। ਬੰਦੇ ਆਏ ਦੇਖ ਉਹ ਸਾਰਾ ਕੁਝ ਸਮੇਟ ਉੱਠ ਖੜ੍ਹਾ ਹੋਇਆ ਤੇ ਆਉਣ ਦਾ ਕਾਰਨ ਪੁੱਛਿਆ।

ਰਾਮ ਸਿੰਘ ਨੇ ਉਸ ਨੂੰ ਬਿਸ਼ੰਭਰ ਦੱਤ ਦੀ ਲਾਸ਼ ਪਾਣੀ ਵਿਚ ਵਹਾਉਣ ਬਾਰੇ ਦੱਸਿਆ ਤਾਂ ਉਹ ਕੰਨਾਂ ਨੂੰ ਹੱਥ ਲਾਉਂਦਾ 'ਰਾਮ ਰਾਮ' ਕਰਨ ਲੱਗ ਪਿਆ। ਫਿਰ ਖੂਹੀ ਵੱਲ ਇਸ਼ਾਰਾ ਕਰਦਾ ਬੋਲਿਆ, 'ਹੱਥ ਮੂੱਹ ਧੋਕੇ ਸ਼ੁਧ ਕਰਲੋ ਭਈਆ ਬਦਨ ਨੂੰ ਔਰ ਨੀਚੇ ਮੰਦਰ ਮੇਂ ਜਾ ਕੇ ਮੱਥਾ ਟੇਕੋ।'

ਖੂਹੀ ਉੱਤੇ ਲੋਹੇ ਦੀ ਸੰਗਲ਼ੀ ਨਾਲ਼ ਬੰਨ੍ਹਿਆਂ ਇਕ ਡੋਲ ਪਿਆ ਸੀ। ਪਾਣੀ ਕੱਢ ਕੇ ਸਾਰਿਆਂ ਨੇ ਹੱਥ ਮੂੰਹ ਧੋਤੇ। ਸਿਰ ਉੱਤੋਂ ਦੀ ਪਾਣੀ ਦੇ ਛਿੱਟੇ ਪਿੱਛੇ ਸੁੱਟੇ ਤੇ ਬਾਬੇ ਨਾਲ਼ ਪੌੜੀਆਂ ਉਤਰਨ ਲੱਗੇ। ਖੱਬੇ ਪਾਸੇ ਨੂੰ ਖੁੱਲ੍ਹਦੇ ਨਿੱਕੇ ਜਿਹੇ ਗੇਟ ਵਿੱਚੀਂ ਅੰਦਰ ਜਾ ਵੜੇ । ਮੰਦਰ ਵਿਚ ਭਗਵਾਨ ਕ੍ਰਿਸ਼ਨ ਤੇ ਰਾਧਾ ਦੀਆਂ ਮੂਰਤੀਆਂ ਸਨ। ਸਭ ਨੇ ਮੱਥਾ ਟੇਕਿਆ। ਤਿੰਨ ਚਾਰ ਜਣਿਆਂ ਨੇ ਕੁਝ ਸਿੱਕੇ ਵੀ ਚੜ੍ਹਾਏ। ਬਾਬਾ ਅੱਖਾਂ ਬੰਦ ਕਰ ਕੇ ਮੂਰਤੀਆਂ ਮੂਹਰੇ ਬੈਠ ਗਿਆ ਤੇ ਟੱਲੀ ਵਜਾਉਣ ਲੱਗਾ ਤੇ ਭਜਨ ਗਾਉਣ ਲੱਗਾ। ਰਾਧਾ ਤੇ ਕ੍ਰਿਸ਼ਨ ਦੇ ਬਸਤਰ ਭਾਵੇਂ ਬਹੁਤ ਚਮਕਦਾਰ ਸਨ, ਪਰ ਫਟੇ ਹਾਲੀਂ ਸਨ। ਜਿਵੇਂ ਕਿਸੇ ਨੇ ਕਦੀ ਉਨ੍ਹਾਂ ਦੀ ਸਾਰ ਹੀ ਨਾ ਲਈ ਹੋਵੇ। ਬਾਬੇ ਨੇ ਸਾਰਿਆਂ ਨੂੰ ਛੈਣਾ ਮੁਰਗੀ ਦਾ ਪ੍ਰਸ਼ਾਦ ਦਿੱਤਾ। ਇਹ ਵੀ ਦੱਸਿਆ ਕਿ ਜਿਨ੍ਹਾਂ ਦਾ ਇਹ ਮੰਦਰ ਹੈ, ਉਹ ਸੇਠ ਸੇਠਾਣੀ ਕੁਝ ਸਾਲ ਪਹਿਲਾਂ ਚਲਾਣਾ ਕਰ ਗਏ ਸਨ। ਹੁਣ ਉਨ੍ਹਾਂ ਦੇ ਧੀ ਪੁੱਤ ਮੰਦਰ ਵੱਲ ਕੋਈ ਧਿਆਨ ਨਹੀਂ ਸਨ ਦਿੰਦੇ। ਭਾਵੇ ਂ ਕਿ ਉਨ੍ਹਾਂ ਦੀਆਂ ਵੱਡੀਆਂ ਵੱਡੀਆਂ ਕਾਗਜ਼ ਦੀਆਂ ਮਿੱਲਾਂ ਸਨ। ਸੇਠ ਉਸ ਨੂੰ ਚੜ੍ਹੇ ਮਹੀਨੇ

ਵੀਹ ਰੁਪਏ ਤੇ ਆਟਾ ਦਾਲ਼ ਭੇਜਿਆ ਕਰਦਾ ਸੀ, ਉਹ ਵੀ ਬੰਦ ਹੋ ਗਏ। ਉਹ ਹਮੇਸ਼ਾ ਅੱਖਾਂ ਬੰਦ ਕਰਕੇ ਹੀ ਮੰਦਰ ਵਿਚ ਵੜਿਆ ਕਰਦਾ ਹੈ। ਕਿਉਂਕਿ ਉਹ ਆਪਣੇ ਭਗਵਾਨ ਕਾਨ੍ਹਾ ਦੇ ਤੇ ਮਈਆ ਰਾਧਾ ਦੇ ਫਟੇ ਬਸਤਰ ਨਹੀਂ ਦੇਖ ਸਕਦਾ। ਰਾਮ ਸਿੰਘ ਬਾਬੇ ਦੀ ਇਹ ਹਾਲਤ ਦੇਖ ਕੇ ਭਾਵੁਕ ਹੋ ਗਿਆ ਤੇ ਉਸ ਨੇ ਪੰਜ ਰੁਪਏ ਕੱਢ ਕੇ ਉਸ ਨੂੰ ਫੜਾ ਦਿੱਤੇ। ਬਾਬੇ ਨੇ ਲੱਖ ਅਸੀਸ ਦਿੱਤੀ।

ਮੰਦਰ ਤੋਂ ਬਾਹਰ ਆ ਕੇ ਸਾਰੇ ਐਧਰ ਉੱਧਰ ਦੇਖਣ ਲੱਗੇ। ਥਾਂ ਬੜੀ ਸ਼ਾਂਤ ਅਤੇ ਮਨ ਨੂੰ ਲੁਭਾਉਣ ਵਾਲ਼ੀ ਸੀ। ਲਾਗੇ ਹੀ ਇਕ ਮੋਰ ਪੈਲ ਪਾ ਰਿਹਾ ਸੀ ਤੇ ਪੰਜ ਸੱਤ ਮੋਰਨੀਆਂ ਉਸ ਦੁਆਲੇ ਘੁੰਮ ਰਹੀਆਂ ਸਨ ਤੇ ਧਰਤੀ ਉੱਤੇ ਠੁੰਗਾਂ ਮਾਰ ਰਹੀਆਂ ਸਨ। ਬਾਗ ਵਿਚ ਕਈ ਥਾਵਾਂ ਤੇ ਲਾਲ ਪੱਥਰ ਦੇ ਬੈਂਚ ਬਣੇ ਹੋਏ ਸਨ। ਇਕ ਛੋਟੇ ਕਮਰੇ ਮੂਹਰੇ ਦੇਵ ਜਾ ਖੜ੍ਹਿਆ ਤੇ ਅੰਦਰ ਦੇਖਿਆ। ਇਕ ਗੱਦੇ ਉੱਤੇ ਚੱਪਲ ਮਾਰੀ ਬੈਠਾ ਇਕ ਬੰਦਾ ਮੋਟੀ ਕਿਤਾਬ ਉੱਤੇ ਝੁਕਿਆ ਕੁਝ ਪੜ੍ਹ ਰਿਹਾ ਸੀ।

'ਆਈਏ ਸਰਦਾਰ ਜੀ... ਨਮਸਕਾਰ।' ਉਹ ਸਿਰ ਚੁੱਕ ਕੇ ਬੋਲਿਆ।

'ਨਮਸਕਾਰ ਭਾਈ ਸਾਹਬ... ਤੁਹਾਨੂੰ ਡਿਸਟਰਬ ਤਾਂ ਨਹੀਂ ਕੀਤਾ?' ਦੇਵ ਨੇ ਕਿਹਾ।

'ਕੋਈ ਬਾਤ ਨਹੀਂ ਸਰਦਾਰ ਜੀ.... ਇਹ ਥਾਂ ਐਨੀ ਇਕਾਂਤ ਭਰੀ ਏ ਕਿ ਚਿੱਤ ਕਰਦਾ ਸੀ, ਕੋਈ ਆ ਕੇ ਗੱਲ ਕਰੇ। ਤੁਸੀਂ ਆ ਗਏ, ਆਓ ਬੈਠੋ।'

ਉਨ੍ਹਾਂ ਦੀ ਗੱਲਬਾਤ ਸ਼ੁਰੂ ਹੋ ਗਈ। ਉਹ ਆਗਰਾ ਯੂਨੀਵਰਸਿਟੀ ਤੋਂ ਐਲ. ਐਲ. ਐਮ. (ਮਾਸਟਰ ਆਫ ਲਾਅ) ਕਰ ਰਿਹਾ ਸੀ। ਉਸ ਦਾ ਨਾਂ ਹਰੀਕ੍ਰਿਸ਼ਨ ਮੋਰੀਆ ਸੀ। ਫਾਈਨਲ ਵਿਚ ਕੁੱਲ ਸੱਤ ਵਿਦਿਆਰਥੀਆਂ ਨੇ ਇਸ ਸਾਲ ਪੇਪਰ ਦਿੱਤੇ ਸਨ ਤੇ ਸਾਰੇ ਹੀ ਫੇਲ੍ਹ ਹੋ ਗਏ ਸਨ। ਉਸ ਮਗਰੋਂ ਤਿੰਨ ਜਣੇ ਪੜ੍ਹਾਈ ਛੱਡ ਗਏ ਸਨ ਤੇ ਉਹ ਡਟਿਆ ਹੋਇਆ ਸੀ। ਉਹ ਉੱਥੇ ਬਾਬੇ ਕੋਲ਼ ਪੜ੍ਹਾਈ ਕਰਨ ਆਇਆ ਕਰਦਾ ਸੀ। ਬਹੁਤ ਸਧਾਰਣ ਦਿੱਖ ਵਾਲ਼ਾ ਮੋਰੀਆ ਤਿੰਨ ਬੱਚਿਆਂ ਦਾ ਬਾਪ ਸੀ ਤੇ ਉਹ ਆਪਣੇ ਪਰਿਵਾਰ ਸਮੇਤ ਆਪਣੀ ਵੱਡੀ ਭੈਣ ਕੋਲ਼ ਬਲਕੇਸ਼ਵਰ ਕਾਲੋਨੀ ਵਿਚ ਰਹਿੰਦਾ ਸੀ, ਜਿਹੜੀ ਕਚਹਿਰੀਆਂ ਵਿਚ ਪ੍ਰੈਕਟਿਸ ਕਰਦੀ ਸੀ ਤੇ ਘਰ ਦਾ ਖਰਚ ਤੋਰਦੀ ਸੀ। ਦੇਵ ਨੇ ਵੀ ਉਸ ਨੂੰ ਆਪਣੇ ਬਾਰੇ ਦੱਸਿਆ ਤਾਂ ਉਹ ਖੁਸ਼ ਹੋ ਗਿਆ ਤੇ ਕਹਿਣ ਲੱਗਾ, 'ਛੁੱਟੀ ਵਾਲ਼ੇ ਦਿਨ ਤੇ ਕਾਲਜ ਤੋਂ ਆਉਣ ਮਗਰੋਂ ਤੁਸੀਂ ਐਥੇ ਬੈਠ ਕੇ ਪੜ੍ਹਿਆ ਕਰੋ। ਫਰਕ ਮਹਿਸੂਸ ਕਰੋਗੇ।'

ਉਸ ਨੇ ਬਾਬੇ ਦੀ ਬੜੀ ਸਿਫ਼ਤ ਕੀਤੀ। ਪਚਾਸੀ ਸਾਲ ਦਾ ਹੋਣ ਦੇ ਬਾਵਜੂਦ ਘੋੜੇ ਵਾਂਗ ਦੌੜਿਆ ਫਿਰਦਾ ਸੀ। ਤੰਗੀਆਂ ਤੁਰਸ਼ੀਆਂ ਨੂੰ ਮਖੌਲ ਸਮਝ ਆਪਣਾ ਜੀਵਨ ਬਸਰ ਕਰਦਾ ਸੀ। ਹਰ ਸਖ਼ਸ਼ ਨੂੰ ਖਿੜੇ ਮੱਥੇ ਮਿਲਦਾ ਸੀ। ਉਹ ਆਪਣੇ ਆਪ ਨੂੰ ਖੂਹੀ ਦਾ ਡੋਲ ਕਹਿੰਦਾ ਸੀ ਜੋ ਸੰਗਲ਼ੀ ਨਾਲ਼ ਬੰਨ੍ਹਿਆ ਹੋਣ ਦੇ ਬਾਵਜੂਦ ਲੋਕਾਂ ਦੀ ਪਿਆਸ ਬੁਝਾਉਣ ਲਈ ਉਨ੍ਹਾਂ ਨੂੰ ਉਡੀਕਦਾ ਰਹਿੰਦਾ ਸੀ। ਹਿੰਦੀ ਵਿਚ ਉਹ ਆਪਣੀ ਜੀਵਨ ਗਾਥਾ ਲਿਖ ਰਿਹਾ ਸੀ। ਇਸ ਲੇਖਣੀ ਨੇ ਉਸ ਦੇ ਬੀਤਣ ਨਾਲ਼ ਬੀਤ ਜਾਣਾ ਸੀ। ਉਸ ਦਾ ਕਹਿਣਾ ਸੀ ਕਿ ਉਹ ਲਿਖਦਾ ਹੋਣ ਕਰਕੇ ਹੀ ਜਿਉਂਦਾ ਸੀ। ਨਹੀਂ ਤਾਂ ਕਦੋਂ ਦਾ ਮਰ ਖਪ ਗਿਆ ਹੁੰਦਾ।

ਰਾਮ ਸਿੰਘ ਨੂੰ ਦੇਵ ਨੇ ਉਸੇ ਵੇਲ਼ੇ ਹਰੀ ਕ੍ਰਿਸ਼ਨ ਮੋਰੀਆ ਨੂੰ ਮਿਲਾਇਆ। ਮੋਰੀਆ ਦੀ ਗੱਲਬਾਤ ਤੋਂ ਉਹ ਬੜਾ ਪ੍ਰਭਾਵਤ ਹੋਇਆ ਤੇ ਦੇਵ ਨੂੰ ਕਹਿਣ ਲੱਗਾ, 'ਤੂੰ ਆਉਣਾ ਚਾਹੇਂ ਤਾਂ ਐਥੇ ਆ ਕੇ ਪੜ੍ਹ ਜਾਇਆ ਕਰੀਂ। ਘਰ ਤਾਂ ਡਿਸਟਰਬੈਂਸ ਰਹਿੰਦੀ ਹੀ ਏ।'

ਜਮਨਾ ਕਿਨਾਰੇ ਮੰਦਰ ਵਾਲ਼ੀ ਇਸ ਥਾਂ ਨੂੰ 'ਬਾਲੂ ਜੀ ਕੀ ਬਗੀਆ' ਕਹਿੰਦੇ ਸਨ। ਘਰ ਜਾ ਕੇ ਦੇਵ ਨੇ ਆਪਣੀ ਭਾਬੀ ਜਿੰਦਰ ਨੂੰ ਸਾਰੀ ਗੱਲ ਦੱਸੀ ਤੇ ਅਗਲੇ ਦਿਨ ਕਾਲਜ ਤੋਂ ਵਾਪਸ ਆ ਕੇ ਬਗੀਆ ਵਿਚ ਪੜ੍ਹਨ ਚਲਾ ਗਿਆ। ਬਾਬਾ ਲੰਗੋਟੀ ਕਸੀ ਲਿਖਣ ਕਾਰਜ ਵਿਚ ਰੁੱਝਾ ਹੋਇਆ ਸੀ। ਉਸ ਦੇ ਚਿਹਰੇ ਅਤੇ ਸ਼ਰੀਰ ਦਾ ਮਾਸ ਜਿਵੇਂ ਹੱਡੀਆਂ ਨੂੰ ਛੱਡ ਹੇਠ ਵਹਿ ਜਾਣਾ ਲੋਚਦਾ ਹੋਵੇ। ਦੇਵ ਹੈਰਾਨ ਹੋਇਆ ਕਿ ਉਹ ਬਿਨਾਂ ਐਨਕ ਤੋਂ ਲਿਖੀ ਜਾ ਰਿਹਾ ਸੀ। ਉਸ ਨੂੰ ਡਿਸਟਰਬ ਨਾ ਕਰਨ ਦੇ ਖਿਆਲ ਨਾਲ਼ ਦੇਵ ਨੇ ਹੌਲ਼ੀ-ਹੌਲ਼ੀ ਸਾਇਕਲ ਸਟੈਂਡ ਉੱਤੇ ਲਾਇਆ ਹੀ ਸੀ ਕਿ ਉਹ ਚਿਹਰਾ ਉੱਤੇ ਚੁੱਕ ਕੇ ਬੋਲਿਆ, 'ਆਓ ਬੇਟਾ, ਕੈਸੇ ਆਏ ਹੋ? ਬੈਠੋ।'

ਦੇਵ ਨੇ ਉਹਦੇ ਕੋਲ਼ ਜਾ ਕੇ ਉਸ ਦੇ ਪੈਰ ਛੂਹੇ ਤਾਂ ਉਸ ਨੇ ਆਪਣੇ ਪੈਰ ਪਿੱਛੇ ਖਿੱਚਦਿਆਂ ਕਿਹਾ, 'ਅਰੇ ਬੇਟਾ, ਯੇ ਕਿਆ ਕਰ ਰਹੇ ਹੋ?'

'ਬਾਬਾ ਜੀ, ਮੈਂ ਕਦੀ ਕਦੀ ਇੱਥੇ ਬੈਠ ਕੇ ਪੜ੍ਹ ਜਾਇਆ ਕਰਾਂ?'

'ਕਿਉਂ ਨਹੀਂ?... ਕਿਉਂ ਨਹੀਂ?... ਪੜ੍ਹੋ ਬੇਟਾ... ਜਮ ਜਮ ਪੜ੍ਹੋ।'

ਉਹ ਉੱਠਿਆ। ਪੈਰਾਂ' ਚ ਪਿੱਤਲ ਦੇ ਮੁੱਠਿਆਂ ਵਾਲੀਆਂ ਲੱਕੜ ਦੀਆਂ ਖੜਾਵਾਂ ਪਾਈਆਂ ਤੇ ਅੰਦਰੋਂ ਗੱਦੇ ਵਾਲ਼ੀ ਕੁਰਸੀ ਘੜੀਸ ਲਿਆਇਆ। ਦੇਵ ਨੇ ਅੱਗੇ ਵਧ ਕੇ ਕੁਰਸੀ ਫੜ ਲਈ ਤੇ ਕਿਹਾ, 'ਬਾਬਾ ਜੀ ਤੁਸੀਂ ਕਿਉਂ ਤਕਲੀਫ਼ ਕਰ ਰਹੇ ਹੋ?'

'ਐਧਰ ਬੈਠੋ ਬੇਟਾ। ਜਿੰਨੀ ਮਰਜ਼ੀ ਦੇਰ ਬੈਠ ਕੇ ਪੜ੍ਹੋ।' ਉਸ ਨੇ ਬ੍ਰਿਜ ਭਾਸ਼ਾ' ਚ ਕਿਹਾ। ਦੇਵ ਚਾਰ ਦੀਵਾਰੀ ਲਾਗੇ ਬੈਠ ਪੜ੍ਹਨ ਲੱਗਾ। ਉੱਥੇ ਬੈਠ ਕੇ ਪੜ੍ਹਨਾ ਉਸ ਨੂੰ ਬੜਾ ਚੰਗਾ ਲੱਗਾ। ਫਜ਼ਿਕਸ ਦੇ ਨੁਮੈਰੀਕਲ ਉਸ ਅੱਗੇ ਜਿਵੇਂ ਪਾਣੀ ਵਾਂਗ ਤੁਰ ਪਏ। ਦਿਨ ਦੇ ਛਿਪਾ ਨਾਲ਼ ਹਰੀ ਕ੍ਰਿਸ਼ਨ ਮੋਰੀਆ ਵੀ ਛੋਟੇ ਕਮਰੇ' ਚੋਂ ਬਾਹਰ ਨਿਕਲ਼ ਆਇਆ ਤੇ ਬੋਲਿਆ, 'ਵੈਰੀ ਗੁੱਡ ਸਰਦਾਰ ਜੀ ਬੜਾ ਚੰਗਾ ਕੀਤਾ।'

'ਮੋਰੀਆ ਸਾਹਬ ਤੁਸੀਂ ਮੈਨੂੰ ਦੇਵ ਕਹਿ ਕੇ ਬੁਲਾਇਆ ਕਰੋ। ਮੈਂ ਤੁਹਾਥੋਂ ਬਹੁਤ ਛੋਟਾ ਹਾਂ।' ਦੇਵ ਨੇ ਕਿਹਾ।

ਉਸ ਨੇ ਦੇਵ ਨਾਲ਼ ਹੱਥ ਮਿਲਾਇਆ ਤੇ ਦੋ ਚਾਰ ਗੱਲਾਂ ਕਰਨ ਮਗਰੋਂ ਪੈਦਲ ਹੀ ਚਲਾ ਗਿਆ। ਦੇਵ ਉੱਨੀਂ ਦੇਰ ਪੜ੍ਹਦਾ ਰਿਹਾ, ਜਿੰਨੀ ਦੇਰ ਚਾਨਣ ਵਿਚ ਅੱਖਰ ਦਿਖਾਈ ਦਿੰਦੇ ਰਹੇ। ਉਸ ਮਗਰੋਂ ਬਾਬੇ ਨਾਲ਼ ਗੱਲਾਂ ਮਾਰਨ ਲੱਗਾ। ਉਸ ਨੇ ਉਸਨੂੰ ਆਪਣੇ ਲਿਖੇ ਹੋਏ ਕਾਗਜ਼ਾਂ ਦੇ ਬੰਡਲ ਦਿਖਾਏ। ਪਹਿਲੇ ਬੰਡਲ ਦੇ ਮੁੱਖ ਪੰਨੇ ਦੇ ਵਿਚਾਲ਼ੇ ਕਰ ਕੇ ਉਸ ਨੇ 'ਟੁੱਟੀ ਬੰਸਰੀ' ਤੇ ਬਿਲਕੁਲ ਹੇਠਾਂ 'ਬ੍ਰਿਜ ਲਾਲ ਖੰਡਲੇਵਾਲ' ਲਿਖਿਆ ਹੋਇਆ ਸੀ। ਇਕ ਪਾਸੇ ਗੂੰਦ ਨਾਲ਼ ਮੋਰ ਦੇ ਖੰਭ ਦੀਆਂ ਟਿੱਕੀਆਂ ਜੋੜੀਆਂ ਹੋਈਆਂ ਸਨ।

'ਇਹ ਨਾਵਲ ਏ ਬਾਬਾ ਜੀ?' ਦੇਵ ਨੇ ਪੁੱਛਿਆ।

'ਨਹੀਂ ਇਹ ਮੇਰੀ ਜੀਵਨ ਗਾਥਾ ਹੈ। ਆਪਣੀ ਜ਼ਿੰਦਗੀ ਦਾ ਸਾਰਾ ਹਾਲ ਮੈਂ ਇਸ

ਵਿਚ ਲਿਖ ਰਿਹਾ ਹਾਂ। ਮੌਤ ਹੋਣ ਤੱਕ ਲਿਖਦਾ ਰਹੇਗਾ।'

'ਇਸ ਨੂੰ ਛਪਵਾਓਗੇ?'

ਬਾਬਾ ਉਸ ਦੀ ਗੱਲ ਸੁਣ ਕੇ ਹੱਥ ਤੇ ਹੱਥ ਮਾਰ ਕੇ ਬਹੁਤ ਖੁੱਲ੍ਹ ਕੇ ਹੱਸਿਆ। ਉਸ ਦੇ ਸਰੀਰ ਦਾ ਲਟਕਦਾ ਮਾਸ ਵੀ ਜਿਵੇਂ ਨੱਚਣ ਲੱਗ ਪਿਆ। ਫਿਰ ਹੱਸਦੇ ਹੱਸਦੇ ਦੇ ਹੰਝੂ ਨਿਕਲ਼ ਆਏ। ਉਹ ਰੋਣ ਹੀ ਲੱਗ ਪਿਆ, ਕੋਈ ਵੀ ਜਵਾਬ ਨਾ ਦਿੱਤਾ। ਬਾਬੇ ਦੀ ਦੁਖਦੀ ਰਗ ਤੇ ਹੱਥ ਰੱਖਣ ਕਰਕੇ ਦੇਵ ਨੂੰ ਪਛਤਾਵਾ ਹੋਇਆ। ਉਹ ਬੋਲਿਆ, 'ਮਾਫ਼ ਕਰਨਾ ਬਾਬਾ ਜੀ ਮੈਂ ਐਸਾ ਪੁੱਛ ਕੇ ਤੁਹਾਡਾ ਦਿਲ ਦੁਖਾਇਐ।'

ਉਸ ਮਗਰੋਂ ਬਗੀਆ ਵਿਚ ਜਾ ਕੇ ਪੜ੍ਹਨਾ ਦੇਵ ਦਾ ਨਿੱਤ ਦਾ ਰੁਟੀਨ ਬਣ ਗਿਆ। ਬਾਬਾ ਵੀ ਸਮਝ ਗਿਆ ਕਿ ਦੇਵ ਪੜ੍ਹਨ ਵਾਲ਼ਾ ਮੁੰਡਾ ਹੈ। ਇਕ ਦਿਨ ਉਹ ਧੁੱਪੇ ਖੜ੍ਹਾ ਪਿੰਡੇ ਦੀ ਮਾਲਸ਼ ਕਰਦਾ ਹੱਸ ਕੇ ਬੋਲਿਆ, 'ਅਬੇ ਸਾਲੇ ਗਾਂਡੂ ਗੌਤਮ ਕੇ ਬੱਚੇ ਤੂ ਕਿਆ ਪੜ੍ਹੇਗਾ? ਪੜ੍ਹਦਾ ਏ ਵਕੀਲ ਬਾਬੂ... ਪੜ੍ਹਦਾ ਏ ਸਰਦਾਰ।'

'ਗੌਤਮ ਕੌਣ ਬਾਬਾ ਜੀ?' ਦੇਵ ਨੇ ਪੁੱਛਿਆ।

ਉਸ ਨੇ ਕਿਸੇ ਮੁੰਡੇ ਗੌਤਮ ਦੀ ਗੱਲ ਸੁਣਾਈ ਜੋ ਪਿਛਲੇ ਸਾਲ ਬਗੀਆ ਵਿਚ ਪੜ੍ਹਨ ਆਇਆ ਕਰਦਾ ਸੀ। ਪੜ੍ਹਦਾ ਘੱਟ ਤੇ ਆਲ਼ੇ-ਦੁਆਲ਼ੇ ਦੇ ਚੱਕਰ ਵੱਧ ਲਾਉਂਦਾ ਸੀ। ਉਹ ਬਗੀਆ ਦੇ ਨੇੜੇ ਹੀ ਸ਼ਿਵ ਮੰਦਰ ਦੇ ਬਾਹਰ ਛੁਪ ਕੇ ਉੱਥੇ ਆਉਂਦੀਆਂ ਔਰਤਾਂ ਨੂੰ ਤਾੜਿਆ ਕਰਦਾ ਸੀ। ਉਸ ਨੇ ਇਕ ਦਿਨ ਬਾਲਣ ਚੁਗਦੀ ਕਿਸੇ ਕੁੜੀ ਨੂੰ ਫੜ ਲਿਆ ਸੀ। ਕੁੜੀ ਦਾ ਸ਼ੋਰ ਸੁਣਕੇ ਜਦੋਂ ਬਾਬਾ ਡਾਂਗ ਚੁੱਕ ਕੇ ਉੱਥੇ ਪੁੱਜਾ, ਉਹ ਕੁੜੀ ਦਾ ਕਮੀਜ਼ ਫਾੜ ਕੇ ਦੌੜ ਚੁੱਕਾ ਸੀ ਤੇ ਮੁੜ ਕਦੀ ਬਗੀਆ ਵਿਚ ਪੜ੍ਹਨ ਨਹੀਂ ਸੀ ਆਇਆ। ਉਸੇ ਦਿਨ ਹੀ ਕਿਸ਼ਨ ਕੁਮਾਰ ਮੋਰੀਆ ਨੇ ਦੱਸਿਆ ਸੀ ਕਿ ਉਸ ਨੇ ਉਸ ਨੂੰ ਆਪਣੀ ਲਿੰਗ ਤ੍ਰਿਪਤੀ ਲਈ ਅਜੀਬੋ ਗਰੀਬ ਹਰਕਤਾਂ ਕਰਦਿਆਂ ਕਈ ਵਾਰੀ ਦੇਖਿਆ ਸੀ। ਪੜ੍ਹਾਈ ਕਰਨਾ ਭਟਕ ਰਹੇ ਮਨਾਂ ਦੇ ਵਸ ਦਾ ਰੋਗ ਨਹੀਂ ਹੁੰਦਾ।' ਇਉਂ ਹੀ ਆਖਿਆ ਸੀ ਬਾਬੇ ਨੇ ਦੇਵ ਨੂੰ।

ਪੜ੍ਹਾਈ ਕਰਨ ਮਗਰੋਂ ਦੇਵ ਘਰ ਆਉਣ ਲੱਗਾ ਕੁਝ ਚਿਰ ਲਈ ਬਾਬੇ ਕੋਲ਼ ਜ਼ਰੂਰ ਬੈਠਦਾ। ਬਾਬਾ ਜ਼ਿੰਦਗੀ ਨਾਲ਼ ਜੁੜੀਆਂ ਅਨੇਕਾਂ ਕਹਾਣੀਆਂ ਉਸ ਨੂੰ ਸੁਣਾਉਂਦਾ। ਉਸ ਨੇ ਘਾਟ-ਘਾਟ ਦਾ ਪਾਣੀ ਜੋ ਪੀਤਾ ਹੋਇਆ ਸੀ। ਦਿਲ ਦਹਿਲਾ ਦੇਣ ਵਾਲ਼ਾ ਆਪਣੀ ਘਰ ਵਾਲ਼ੀ ਦਾ ਕਿੱਸਾ ਵੀ ਉਸ ਨੇ ਦੇਵ ਨੂੰ ਸੁਣਾਇਆ ਸੀ ਜਿਸ ਨੂੰ ਆਪਣੇ ਵਿਆਹ ਤੋਂ ਪੰਜ ਸੱਤ ਦਿਨਾਂ ਮਗਰੋਂ ਹੀ ਉਸ ਨੇ ਆਪਣੇ ਪਿਓ ਦੀਆਂ ਬਾਹਾਂ ਵਿਚ ਦੇਖ ਲਿਆ ਸੀ।

'ਉਹ ਰਾਂਡ ਤਾਂ ਮੇਰੇ ਵਿਆਹ ਤੋਂ ਹਫ਼ਤਾ ਮਗਰੋਂ ਮੇਰੀ ਮਈਆ ਬਣਾ ਦਿੱਤੀ ਮੇਰੇ ਕੰਜਰ ਪਿਓ ਨੇ।' ਉਸ ਨੇ ਦੱਸਿਆ।

'ਘਰ ਵਾਲ਼ੀ ਮਾਂ ਕਿਵੇਂ ਬਣਾ ਦਿੱਤੀ?' ਦੇਵ ਨੇ ਪੁੱਛਿਆ।

'ਬਣਾਈ ਬੇਟਾ ਬਣਾਈ।' ਉਹ ਖੁੱਲ੍ਹ ਕੇ ਹੱਸਿਆ ਤੇ ਦੇਵ ਨੂੰ ਸਾਰੀ ਗੱਲ ਦੱਸੀ।

ਉਸ ਦਾ ਪਿਓ ਛਿਪੀਟੋਲੇ ਬਜਾਜੀ ਦੀ ਦੁਕਾਨ ਕਰਦਾ ਸੀ। ਅਚਾਨਕ ਉਸਦੀ ਘਰ ਵਾਲ਼ੀ ਕਿਸੇ ਬੀਮਾਰੀ ਦੀ ਲਪੇਟ ਵਿਚ ਆ ਕੇ ਮਰ ਗਈ। ਬ੍ਰਿਜ ਲਾਲ ਉਦੋਂ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਉਸ ਦੇ ਪਿਓ ਨੂੰ ਆਪਣੀ ਰੋਟੀ ਦਾ ਐਨਾ ਫਿਕਰ ਹੋਇਆ ਕਿ ਪਤਨੀ

ਦਾ ਸਿਵਾ ਠੰਡਾ ਹੋਣ ਤੋਂ ਪਹਿਲਾਂ ਹੀ ਉਸ ਨੇ ਇਕ ਤਕੜੇ ਜੁੱਸੇ ਅਤੇ ਵੱਧ ਉਮਰ ਦੀ ਔਰਤ ਨਾਲ਼ ਬ੍ਰਿਜ ਲਾਲ ਦਾ ਵਿਆਹ ਕਰ ਦਿੱਤਾ।

'ਮੇਰਾ ਵਿਆਹ ਕੀ ਕੀਤਾ ਬੇਟਾ, ਉਹ ਤਾਂ ਆਪਣੇ ਲਈ ਜ਼ੋਰੂ ਲਿਆਇਆ ਸੀ। ਜਿਸ ਦਿਨ ਮੈਂ ਪਿਓ ਦੀ ਕਰਤੂਤ ਦੇਖੀ, ਮੈਂ ਉਸੇ ਵੇਲ਼ੇ ਆਪਣੀ ਘਰਵਾਲ਼ੀ ਦੇ ਪੈਰ ਫੜ ਕੇ ਕਿਹਾ, ਤੂੰ ਤਾਂ ਮੇਰੀ ਮਈਆ ਹੈ। ਮੇਰੇ ਪਿਓ ਦਾ ਘਰ ਵਸਾ, ਮੈਂ ਚੱਲਿਆ।'

ਘਰ ਛੱਡ ਕੇ ਉਹ ਆਪਣੀ ਮਾਸੀ ਕੋਲ਼ ਗਵਾਲੀਅਰ ਚਲਾ ਗਿਆ। ਉੱਥੇ ਵੀ ਉਸ ਦਾ ਮਨ ਨਾ ਟਿਕਿਆ। ਸਨਿਆਸ ਲੈਕੇ ਚਾਲ਼ੀ ਸਾਲ ਵੱਖੋ-ਵੱਖਰੇ ਸ਼ਹਿਰਾਂ ਵਿਚ ਘੁੰਮਦਾ ਰਿਹਾ। ਕਿਹੜੀ ਥਾਂ ਸੀ ਜਿਹੜੀ ਉਸ ਨੇ ਨਹੀਂ ਦੇਖੀ। ਇਕ ਵਾਰੀ ਕਾਸ਼ੀ ਵਿਚ ਉਸ ਨੂੰ 'ਬਾਲੂ ਜੀ ਕੀ ਬਗੀਆ' ਦੇ ਮਾਲਕ ਸੇਠ ਜੀ ਮਿਲੇ। ਉਸ ਨੇ ਉਸ ਨੂੰ ਪਛਾਣ ਲਿਆ ਤੇ ਆਪਣੀ ਸਾਰੀ ਵਿਥਿਆ ਦੱਸੀ। ਸੇਠ ਨੇ ਉਸ ਨੂੰ ਘਰ ਜਾਣ ਲਈ ਜ਼ੋਰ ਪਾਇਆ ਪਰ ਉਹ ਨਾ ਮੰਨਿਆਂ। ਉਸ ਦੇ ਪਿਓ ਮਰੇ ਨੂੰ ਵੀ ਕਈ ਸਾਲ ਹੋ ਗਏ ਸਨ। ਉਸ ਦੀ ਪਤਨੀ ਦੀ ਕੁੱਖੋਂ ਉਸ ਦੇ ਦੋ ਭਰਾ ਤੇ ਇਕ ਭੈਣ ਜੰਮੇ ਸਨ, ਜਿਹੜੇ ਹੁਣ ਆਪਣੀ ਬੁੱਢੀ ਮਾਂ ਨਾਲ਼ ਰਹਿੰਦੇ ਸਨ। ਇਹ ਗੱਲ ਉਸਨੂੰ ਸੇਠ ਜੀ ਤੋਂ ਹੀ ਪਤਾ ਲੱਗੀ।

'ਉਹ ਮੇਰੇ ਕੀ ਲਗਦੇ ਨੇ ਸੇਠ ਜੀ। ਮੈਂ ਘਰ ਤਿਆਗ ਦਿੱਤਾ ਹੈ। ਹੁਣ ਨਹੀਂ ਜਾਵਾਂਗਾ।' ਉਸਨੇ ਕਿਹਾ ਸੀ।

ਸੇਠ ਭਲਾ ਪੁਰਸ਼ ਸੀ, ਉਹ ਉਸ ਨੂੰ ਆਗਰੇ ਆਪਣੇ ਨਾਲ਼ ਲੈ ਆਇਆ ਤੇ ਮੰਦਰ ਸੰਭਾਲ਼ ਦਿੱਤਾ। ਜਿੱਥੇ ਹੁਣ ਉਹ ਪਿਛਲੇ ਪੱਚੀ-ਤੀਹ ਸਾਲਾਂ ਤੋਂ ਰਹਿ ਰਿਹਾ ਸੀ।

**00**

# ਇਕਾਸੀ

ਦੇਵ ਨੂੰ ਬਗੀਆ ਵਿਚ ਪੜ੍ਹਨ ਜਾਂਦੇ ਨੂੰ ਮਹੀਨਾ ਕੁ ਬੀਤਿਆ ਹੋਵੇਗਾ ਜਦੋਂ ਉਸ ਨੂੰ ਪਤਾ ਲੱਗਾ ਕਿ ਜਿੰਦਰ ਨੇ ਅਗਲੇ ਬੱਚੇ ਨੂੰ ਜਨਮ ਦੇਣਾ ਸੀ। ਬਿਸ਼ੰਭਰ ਦੀ ਵਿਧਵਾ ਮਾਇਆ ਉਨ੍ਹਾਂ ਦੇ ਘਰ ਕੰਮ ਕਰਨ ਲਈ ਆਉਣ ਲੱਗ ਪਈ। ਉਸ ਦੇ ਨਾਲ਼ ਸੀਤਾ ਵੀ ਆ ਜਾਂਦੀ ਕਿਉਂਕਿ ਉਸ ਨੇ ਪੜ੍ਹਾਈ ਛੱਡ ਦਿੱਤੀ ਸੀ। ਮਾਇਆ ਦੇ ਭਰਾ ਚਿੱਟੀ ਟੋਪੀ ਵਾਲੇ ਨੇ ਬੜਾ ਜ਼ੋਰ ਲਾਇਆ ਕਿ ਮਕਾਨ ਦੀ ਪਗੜੀ ਲੈ ਕੇ ਉਹ ਉਸ ਕੋਲ਼ ਆ ਜਾਵੇ, ਪਰ ਮਾਇਆ ਮੰਨੀ ਨਾ। ਉਸ ਦਾ ਕਹਿਣਾ ਸੀ ਕਿ ਉਹ ਕਿਸੇ ਉੱਤੇ ਭਾਰ ਕਿਉਂ ਬਣੇ। ਹੁਣ ਉਹ ਦੋਨੋਂ ਝਾੜੂ-ਪੋਚੇ, ਕੱਪੜੇ ਧੋਣ ਅਤੇ ਰਸੋਈ ਦਾ ਸਾਰਾ ਕੰਮ ਕਰਦੀਆਂ। ਜਿੰਦਰ ਨੇ ਉਨ੍ਹਾਂ ਨੂੰ ਪੱਚੀ ਰੁਪਏ ਮਹੀਨੇ ਤੇ ਕੰਮ-ਕਾਰ ਲਈ ਰੱਖ ਲਿਆ ਸੀ ਤੇ ਇਕ ਟਾਇਮ ਦੀ ਰੋਟੀ ਉਹ ਉਨ੍ਹਾਂ ਦੇ ਘਰ ਹੀ ਖਾਂਦੀਆਂ ਸਨ। ਪੱਚੀ ਰੁਪਏ ਵਿਚ ਗੁਜਾਰਾ ਤਾਂ ਦੋਨਾਂ ਦਾ ਹੋ ਹੀ ਜਾਣਾ ਸੀ, ਪਰ ਮਾਇਆ ਦੀ ਇੱਛਾ ਸੀ ਕਿ ਜੇ ਕਿਸੇ ਘਰ ਹੋਰ ਕੰਮ ਮਿਲ ਜਾਵੇ ਤਾਂ ਧੀ ਦਾ ਕਾਰਜ ਕਰਨ ਲਈ ਕੁਝ ਰੁਪਏ ਜੁੜ ਸਕਦੇ ਸਨ। ਜਿੰਦਰ ਨੇ ਦੇਵ ਨੂੰ ਰਾਮੇਸ਼ਵਰ ਤੋਂ ਪਤਾ ਕਰਨ ਲਈ ਕਿਹਾ। ਉਹ ਤੁਰੰਤ ਮੰਨ ਗਿਆ। ਉਸ ਨਾਲ਼ ਵੀਹ ਰੁਪਿਆ ਵਿਚ ਗੱਲ ਤੈਅ ਹੋ ਗਈ। ਸਵੇਰੇ ਪੰਜ ਵਜੇ ਮਾਂ ਧੀ ਦੋਨੋਂ ਰਾਮੇਸ਼ਵਰ ਦੇ ਘਰ ਕੰਮ ਤੇ ਜਾਣ

ਲੱਗ ਪਈਆਂ। ਉਨ੍ਹਾਂ ਦੇ ਕੰਮ ਦੀ ਸਫ਼ਾਈ ਅਤੇ ਵੱਧ ਲਗਦਾ ਸਮਾਂ ਦੇਖ ਕੇ ਰਾਮੇਸ਼ਵਰ ਨੇ ਪੰਜ ਰੁਪਏ ਹੋਰ ਵਧਾ ਦਿੱਤੇ। ਰਾਮੇਸ਼ਵਰ ਨੂੰ ਸੌਖ ਹੋ ਗਈ ਤੇ ਪੜ੍ਹਨ ਲਈ ਵੱਧ ਸਮਾਂ ਮਿਲਣ ਲੱਗ ਪਿਆ। ਮਾਇਆ ਬੜੀ ਹਿੰਮਤੀ ਅਤੇ ਦਲੇਰ ਔਰਤ ਸੀ। ਸਿਰ ਤੇ ਪਈ ਮੁਸੀਬਤ ਨੂੰ ਉਸ ਨੇ ਸਿਦਕਦਿਲੀ ਨਾਲ਼ ਸਹਿ ਲਿਆ। ਉਹ ਜਿੰਦਰ ਨੂੰ ਅਕਸਰ ਕਹਿੰਦੀ, 'ਮੋਇਆਂ ਨਾਲ਼ ਮਰਿਆ ਨਹੀਂ ਜਾਂਦਾ ਭੈਣ ਜੀ। ਮੈਂ ਉਸ ਆਦਮੀ ਦੇ ਸਿਰ ਤੇ ਰਾਜ ਵੀ ਕੀਤਾ ਏ। ਕੰਮ' ਚ ਕਾਹਦੀ ਸ਼ਰਮ। ਸਮਾਂ ਆਉਣ ਤੇ ਚੰਗਾ ਮੁੰਡਾ ਲੱਭ ਕੇ ਘਰ ਜੁਆਈ ਰੱਖ ਲਵਾਂਗੀ। ਮੇਰੇ ਦਿਨ ਜ਼ਰੂਰ ਫਿਰਨਗੇ।'

ਬਲਕੇਸ਼ਵਰ ਕਾਲੋਨੀ ਵਿਚ ਜ਼ਿਆਦਾਤਰ ਟਰਾਂਸਪੋਰਟਰ ਜਾਂ ਨੌਕਰੀ ਪੇਸ਼ਾ ਲੋਕ ਹੀ ਕਾਬਜ਼ ਸਨ। ਪੰਜਾਬੀਆਂ, ਸਿੱਖਾਂ ਤੇ ਸਿੰਧੀਆਂ ਦਾ ਬੋਲਬਾਲਾ ਸੀ। ਸਿੰਧੀ ਮਰਦ ਸਹਿਜਧਾਰੀ ਸਿੱਖ ਕਹਾਉਂਦੇ ਸਨ। ਉਨ੍ਹਾਂ ਦੀਆਂ ਔਰਤਾਂ ਸਾੜ੍ਹੀਆਂ ਪਹਿਨਦੀਆਂ ਸਨ। ਗੁਰਦੁਆਰੇ ਵਿਚ ਉਨ੍ਹਾਂ ਦੀ ਆਸਥਾ ਸੀ। ਇਹ ਸਾਰੇ ਲੋਕ ਯੂ. ਪੀ. ਦੇ ਮੂਲ ਵਾਸੀਆਂ ਨਾਲੋਂ ਚੰਗਾ ਖਾਂਦੇ ਪੀਂਦੇ ਤੇ ਹੰਢਾਉਂਦੇ ਸਨ। ਇਹ ਇਲਾਕਾ ਸ਼ਹਿਰ ਤੋਂ ਕੁਝ ਹਟਵਾਂ ਅਤੇ ਜਮਨਾ ਦਰਿਆ ਦੇ ਕੰਢੇ ਤੇ ਹੋਣ ਕਰਕੇ ਸ਼ੁੱਧ ਵਾਤਾਵਰਣ ਵਾਲ਼ਾ ਤੇ ਸਾਫ਼ ਸੁਥਰਾ ਸੀ। ਵਾਟਰ ਵਰਕਸ ਨੇੜੇ ਹੋਣ ਕਰਕੇ ਪਾਣੀ ਦਾ ਪਰੈੱਸ਼ਰ ਠੀਕ ਬਣਿਆ ਰਹਿੰਦਾ ਸੀ। ਗੰਦੇ ਪਾਣੀ ਦਾ ਨਿਕਾਸ ਵੀ ਬੜਾ ਵਧੀਆ ਸੀ। ਸਭ ਕੁਝ ਹੋਣ ਦੇ ਬਾਵਜੂਦ ਉੱਥੇ ਇਕ ਵੱਡੀ ਸਮੱਸਿਆ ਵੀ ਸੀ। ਦਿਨ ਵੇ ਲ਼ੇ ਮਰਦ ਲੋਕ ਆਪਣੇ ਕੰਮਾਂ ਕਾਰਾਂ ਤੇ ਨਿਕਲ਼ ਜਾਂਦੇ ਤਾਂ ਪਿੱਛੇ ਔਰਤਾਂ ਘਰਾਂ' ਚ ਬੰਦ ਹੋ ਜਾਂਦੀਆਂ। ਕੱਲੇ-ਕਾਰੇ ਬੰਦਿਆਂ ਨੂੰ ਆਪਣੇ ਕਵਾਰਟਰਾਂ ਨੂੰ ਤਾਲ਼ੇ ਮਾਰ ਕੇ ਜਾਣਾ ਪੈਂਦਾ, ਜਿਸ ਕਾਰਨ ਹਫ਼ਤੇ ਦਸ ਦਿਨਾਂ ਮਗਰੋਂ ਕਿਤੇ ਨਾ ਕਿਤੇ ਚੋਰੀ ਹੋ ਜਾਂਦੀ। ਚੋਰ ਵੀ ਐਨੇ ਗਏ ਗੁਜ਼ਰੇ ਕਿ ਘਰਾਂ' ਚੋਂ ਚਾਹ, ਚੀਨੀ, ਆਟਾ, ਦਾਲਾਂ, ਘਿਓ, ਆਲੂ, ਪਿਆਜ, ਭਾਂਡੇ -ਟੀਂਡੇ, ਸਾਬਣ, ਤੇਲ, ਗੱਲ ਕੀ ਜੋ ਮੂਹਰੇ ਆਉਂਦਾ ਹੂੰਝ ਕੇ ਲੈ ਜਾਂਦੇ। ਔਰਤਾਂ ਵੱਲੋਂ ਕਾਬੂ ਕੀਤੇ ਚੋਰਾਂ ਦੀ ਅਕਸਰ ਹੁੰਦੀ ਮਾਰ-ਕੁੱਟ ਦੇ ਕਿੱਸੇ ਲੋਕਲ ਅਖ਼ਬਾਰ 'ਅਮਰ ਉਜਾਲਾ' ਵਿਚ ਛਪਦੇ ਰਹਿਣ ਕਰਕੇ ਚੋਰ ਬਹੁਤਾ ਬੰਦ ਘਰਾਂ ਨੂੰ ਹੀ ਪੈਂਦੇ। ਜਿਹੜੇ ਅੱਜ ਦੀ ਤਰੀਕ ਵਿਚ ਫੜੇ ਜਾਂਦੇ, ਦੋ-ਚਾਰ ਦਿਨ ਠਾਣੇ' ਚ ਵਗਾਰ ਕਰਨ ਮਗਰੋਂ ਮੁੜ ਆਪਣੀ ਮੁੱਖ ਧਾਰਾ ਵਿਚ ਸ਼ਾਮਲ ਹੋ ਕੇ ਪੁਰਾਣਾ ਧੰਦਾ ਸਾਂਭ ਲੈਂਦੇ। ਪੁਲ਼ਸ ਦਾ ਹਾਲ ਮਾੜਾ ਹੀ ਸੀ। ਉਸ ਦਾ ਰਿਸ਼ਵਤ ਰੇਟ ਬਹੁਤ ਘੱਟ ਚਲਦਾ ਸੀ। ਉਹ ਫੜੇ ਚੋਰ ਕੋਲ਼ੋਂ ਪੰਜ-ਸੱਤ ਰੁਪਏ ਜਾਂ ਫਿਰ ਚੋਰੀ ਦੇ ਮਾਲ' ਚੋਂ ਅੱਧ-ਪਚੱਧ ਲੈ ਕੇ ਸੰਤੁਸ਼ਟ ਹੋ ਜਾਂਦੇ। ਸਿਪਾਹੀ ਚੋਰਾਂ ਕੋਲ਼ੋਂ ਬੀੜੀਆਂ ਪੀ ਕੇ, ਹੱਥ ਮਿਲਾ ਕੇ, ਮੁੜ ਦਰਸ਼ਨ ਦਿੰਦੇ ਰਹਿਣ ਦੀ ਗੁਜਾਰਿਸ਼ ਕਰਦੇ। ਉਹ ਚੋਰਾਂ ਨੂੰ ਠਾਣੇ ਦੇ ਬਾਹਰਲੇ ਗੇਟ ਤੱਕ ਵਿਦਾਅ ਕਰਨ ਜਾਂਦੇ। ਖਾਕੀ ਨਿੱਕਰ, ਲਾਲ ਖਾਕੀ ਕੌਂਟਾ ਟੋਪੀ, ਚਮੜੇ ਦੇ ਭਾਰੇ ਸੈਂਡਲ ਤੇ ਹੱਥ ਵਿਚ ਡੰਡਾ ਫੜੀ ਖੜ੍ਹਾ ਪੁਲ਼ਸੀਆ, ਮੂੰਹ' ਚੋਂ ਬੀੜੀ ਦਾ ਧੂੰਆਂ ਛੱਡ ਰਹੇ, ਮੁਸਕਰਾਉਂਦੇ ਚੋਰ ਸਾਮ੍ਹਣੇ ਆਪਣੇ ਆਪ ਨੂੰ ਹੀਣਾ ਮਹਿਸੂਸ ਕਰਦਾ। ਪੁਲ਼ਸ ਦਾ ਇਕ ਡੰਡਾ ਰਾਮ ਸਿੰਘ ਦੇ ਘਰ ਵੀ ਔਖੇ ਵੇਲ਼ੇ ਵਰਤਣ ਲਈ ਸਾਂਭਿਆ ਹੋਇਆ ਸੀ। ਡੰਡੇ ਦੇ ਇਕ ਸਿਰੇ ਤੇ ਪਿੱਤਲ ਦੇ ਮੁੱਠੇ ਤੇ 'ਉੱਤਰ ਪ੍ਰਦੇਸ਼ ਰਾਜਕੀਯ ਪੁਲ਼ਸ ਦਲ' ਖੁਦਿਆ ਹੋਇਆ ਸੀ। ਇਹ ਡੰਡਾ ਦੇਵ ਦੇ ਭਰਾ ਬੇਅੰਤ ਨੇ ਆਗਰੇ ਪੜ੍ਹਨ ਸਮੇਂ ਕਿਸੇ

ਪੁਲ਼ਸੀਏ ਤੋਂ ਸੱਤਰ ਪੈਸੇ ਵਿਚ ਖਰੀਦਿਆ ਸੀ।

ਇਕ ਦਿਨ ਰਾਮ ਸਿੰਘ ਨੇ ਦੇਵ ਨੂੰ ਦੱਸਿਆ ਕਿ ਛਿਆਸੀ ਬਲਾਕ ਵਾਲ਼ਾ ਉਨ੍ਹਾਂ ਦਾ ਸ਼ਾਗਿਰਦ ਅਮਰੀਕ ਸਿੰਘ ਆਪਣੇ ਪਰਿਵਾਰ ਸਮੇਤ ਇਕ ਮਹੀਨੇ ਲਈ ਪੰਜਾਬ ਜਾ ਰਿਹਾ ਸੀ। ਉਹ ਚਾਹੁੰਦਾ ਸੀ ਕਿ ਮਗਰੋਂ ਦੇਵ ਉਸ ਦੇ ਕਵਾਰਟਰ ਦੀ ਨਿਗਰਾਨੀ ਰੱਖੇ ਤੇ ਰਾਤ ਨੂੰ ਉੱਥੇ ਸੌਂ ਜਾਇਆ ਕਰੇ। ਅਮਰੀਕ ਸਿੰਘ ਨਾਲ਼ ਪਿਛਲੇ ਸਾਲ ਹੀ ਰਾਮ ਸਿੰਘ ਨੇ ਦੇਵ ਦੀ ਜਾਣ-ਪਛਾਣ ਕਰਵਾਈ ਸੀ। ਗੁਰਦੁਆਰੇ ਜਾਣ ਸਮੇਂ ਦੇਵ ਪੰਜ ਸੱਤ ਵਾਰੀ ਉਸਦੇ ਘਰ ਵੀ ਜਾ ਆਇਆ ਸੀ। ਉਸ ਦੀ ਪਤਨੀ ਪਰਵਿੰਦਰ ਨੂੰ ਉਹ ਭਾਬੀ ਕਹਿੰਦਾ ਸੀ। ਉਸ ਨੂੰ ਇਕ ਵਾਰੀ ਉਹ ਦਵਾਈ ਦਵਾਉਣ ਲਈ ਆਪਣੇ ਸਾਇਕਲ ਉੱਤੇ ਕ੍ਰਿਸ਼ਨਾ ਨਗਰ ਦੀ ਡਿਸਪੈਂਸਰੀ ਵੀ ਲੈਕੇ ਗਿਆ ਸੀ। ਉਨ੍ਹਾਂ ਦੀ ਨਿੱਕੀ ਧੀ ਜਸਪ੍ਰੀਤ ਨੂੰ ਪਾਰਕ ਦੇ ਝੂਲਿਆਂ ਤੇ ਵੀ ਲੈ ਕੇ ਗਿਆ ਸੀ। ਉਹ ਸਾਰੇ ਦੇਵ ਨੂੰ ਬੜਾ ਪਿਆਰ ਕਰਦੇ ਸਨ। ਅਮਰੀਕ ਸਿੰਘ ਆਪਣੀ ਵਹੁਟੀ ਨਾਲ਼ ਕੁਝ ਸਾਲ ਪਹਿਲਾਂ ਆਗਰੇ ਆਇਆ ਸੀ। ਰਾਜਪੁਰੇ ਤੋਂ ਉਸ ਨੇ ਰੇਡਿਓ ਮਕੈਨਕੀ ਦਾ ਮਾੜਾ ਮੋਟਾ ਕੰਮ ਸਿੱਖਿਆ ਹੋਣ ਕਰਕੇ ਉਹ ਇਸੇ ਕੰਮ ਵਿਚ ਪੈਣ ਦੇ ਇਰਾਦੇ ਨਾਲ਼ ਰਾਮ ਸਿੰਘ ਕੋਲ਼ 'ਸਟਾਰ ਰੇਡਿਓਜ਼' ਵਾਲ਼ੀ ਦੁਕਾਨ ਤੇ ਕੰਮ ਲੱਭਣ ਆ ਗਿਆ ਸੀ। ਰਾਮ ਸਿੰਘ ਨੇ ਉਸ ਦੀ ਵਿੱਥਿਆ ਸੁਣ ਕੇ ਉਸ ਨੂੰ ਕੰਮ ਉੱਤੇ ਰੱਖ ਲਿਆ ਸੀ। ਬੜੀ ਤੇਜ਼ੀ ਨਾਲ਼ ਕੰਮ ਸਿੱਖਿਆ ਅਮਰੀਕ। ਫਰਜ਼ੀ ਗਾਹਕ ਭੇਜ ਕੇ ਦੋ ਤਿੰਨ ਵਾਰ ਉਸ ਦੀ ਇਮਾਨਦਾਰੀ ਚੈਕ ਕਰਨ ਮਗਰੋਂ ਉਸ ਦਾ ਵਿਸ਼ਵਾਸ ਬਣ ਗਿਆ ਤੇ ਉਹ ਦੁਕਾਨ ਸਾਂਭਣ ਲੱਗ ਪਿਆ। ਉਸ ਨੂੰ ਤਨਖਾਹ ਮਿਲਣ ਲੱਗੀ ਤਾਂ ਉਸ ਦੇ ਪੈਰ ਜ਼ਮੀਨ ਨੂੰ ਲੱਗ ਗਏ। ਰਾਮ ਸਿੰਘ ਨੇ ਹੀ ਉਸ ਨੂੰ ਸੀ. ਓ. ਡੀ. ਵਿਚ ਵਾਇਰਲੈਸ ਓਪਰੇਟਰ ਦੀ ਨੌਕਰੀ ਦੁਆ ਕੇ ਕੇਂਦਰੀ ਸਰਕਾਰ ਦਾ ਮੁਲਾਜ਼ਮ ਬਣਾ ਦਿੱਤਾ ਸੀ। ਮਗਰੋਂ ਉਹਦੇ ਲਈ ਬਲਕੇਸ਼ਵਰ ਕਾਲੋਨੀ ਵਿਚ ਕਵਾਰਟਰ ਵੀ ਲੱਭ ਦਿੱਤਾ, ਜੋ ਪਗੜੀ ਦੀ ਰਕਮ ਤਾਰਨ ਮਗਰੋਂ ਉਸਦਾ ਹੋ ਗਿਆ। ਅਹਿਸਾਨ ਹੀ ਐਨਾ ਵੱਡਾ ਸੀ ਕਿ ਅਮਰੀਕ ਸਿੰਘ ਰਾਮ ਸਿੰਘ ਦੀ ਵੱਡੇ ਭਰਾ ਵਾਂਗ ਇੱਜ਼ਤ ਕਰਦਾ। ਰਾਮ ਸਿੰਘ ਨੇ ਦੇਵ ਨੂੰ ਦੱਸਿਆ ਕਿ ਉਸਦੇ ਪਿਓ ਨੇ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ ਤੇ ਉਹ ਆਪਣੀ ਵਹੁਟੀ ਨੂੰ ਨਾਲ਼ ਲੈ ਕੇ ਆਗਰੇ ਆ ਗਿਆ ਸੀ। ਹੁਣ ਹਾਲਾਤ ਬਦਲ ਗਏ ਸਨ ਤੇ ਕਈ ਵਰ੍ਹਿਆਂ ਮਗਰੋਂ ਪਿਓ ਨੂੰ ਜ਼ਬਰੀ ਵਿਛੋੜਿਆ ਆਪਣਾ ਪੁੱਤਰ ਯਾਦ ਆ ਗਿਆ ਸੀ। ਯਾਦ ਹੀ ਨਹੀਂ ਸਗੋਂ ਉਸਨੂੰ ਤੜਫਣਾ ਲੱਗ ਗਈ ਸੀ। ਉਸ ਨੇ ਬੇਦਖ਼ਲੀ ਨੋਟਿਸ ਵਾਪਿਸ ਲੈਕੇ ਉਸ ਦੀ ਕਾਪੀ ਕਿਸੇ ਰਿਸ਼ਤੇਦਾਰ ਰਾਹੀਂ ਅਮਰੀਕ ਸਿੰਘ ਨੂੰ ਭੇਜ ਕੇ ਲਿਖਿਆ ਸੀ ਕਿ ਉਸਨੇ ਆਪਣੇ ਪੁੱਤ ਅਤੇ ਨੂੰਹ ਨੂੰ ਮਾਫ਼ ਕਰ ਦਿੱਤਾ ਹੈ। ਨੂੰਹ ਨੂੰ ਪ੍ਰਵਾਨ ਕਰ ਲਿਆ ਹੈ, ਉਹ ਉਸ ਕੋਲ਼ ਘਰ ਆਉਣ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਤੋੜ ਵਿਛੋੜਾ ਕਰ ਚੁੱਕੇ ਮਾਪਿਆਂ ਨੂੰ ਮਿਲਣ ਪੰਜਾਬ ਜਾਣਾ ਸੀ।

ਰਾਮ ਸਿੰਘ ਦੇਵ ਨੂੰ ਅਮਰੀਕ ਸਿੰਘ ਦੇ ਕਵਾਰਟਰ' ਚ ਲੈ ਗਿਆ ਤੇ ਉਨ੍ਹਾਂ ਦੇ ਪੰਜਾਬ ਜਾਣ ਮਗਰੋਂ ਉੱਥੇ ਸੌਣ ਅਤੇ ਨਿਗਰਾਨੀ ਰੱਖਣ ਦੀ ਡਿਊਟੀ ਲਾ ਦਿੱਤੀ। ਅਮਰੀਕ ਸਿੰਘ ਤੇ ਪਰਵਿੰਦਰ ਕੌਰ ਇਸ 'ਰਾਮ ਮਿਲਣੀ' ਕਰਕੇ ਬੜੇ ਖੁਸ਼ ਸਨ ਤੇ ਚੰਗੇ ਮੂਡ ਵਿਚ

ਵੀ। ਉਹ ਜਾ ਕੇ ਬੈਠੇ ਹੀ ਸਨ ਕਿ ਅਮਰੀਕ ਸਿੰਘ ਨੇ ਪਰਵਿੰਦਰ ਕੌਰ ਨੂੰ ਕਿਹਾ ਕਿ ਪਤੌੜ ਬਣਾ ਲਵੇ। ਕਰਿਆਟੀ ਲਿਆਉਣ ਦੀ ਡਿਉਟੀ ਦੇਵ ਦੀ ਹੀ ਲੱਗੀ। ਉਹ ਮਾਰਕੀਟ ਹੱਸਦਾ ਹੀ ਗਿਆ ਕਿਉਂ ਕਿ ਪਰਵਿੰਦਰ ਨੇ ਵੀ ਉਸ ਨੂੰ ਬੇਸਣ ਦੀ ਥਾਂ ਕਰਿਆਟੀ ਕਹਿ ਕੇ ਹੀ ਤੋਰਿਆ ਸੀ। ਕਰਿਆਟੀ ਲੈਕੇ ਉਹ ਵਾਪਸ ਆਇਆ ਤਾਂ ਪਰਵਿੰਦਰ ਆਲੂ ਪਿਆਜ ਕੱਟ ਰਹੀ ਸੀ ਤੇ ਸਟੋਵ ਉੱਤੇ ਰੱਖੀ ਕੜਾਹੀ ਵਿੱਚੋਂ ਸਰ੍ਹੋਂ ਦਾ ਤੇਲ ਪੀਲੀ ਝੱਗ ਅਤੇ ਤਿੱਖਾ ਮੁਸ਼ਕ ਛੱਡ ਰਿਹਾ ਸੀ। ਦੇਵ ਨੇ ਜਸਪ੍ਰੀਤ ਨੂੰ ਗੋਦੀ ਚੁੱਕਿਆ ਤੇ ਆਪਣੇ ਵੀਰ ਜੀ ਹੋਣਾ ਕੋਲ਼ ਜਾ ਬੈਠਾ। ਗੱਲਾਂ ਬਾਤਾਂ ਕਰਦਿਆਂ ਹੀ ਅਮਰੀਕ ਸਿੰਘ ਤਿੰਨ ਗਿਲਾਸ ਅਤੇ ਬੋਤਲ ਚੁੱਕ ਲਿਆਇਆ। ਰਾਮ ਸਿੰਘ ਨੇ ਕਿਹਾ, 'ਦੇਵ ਨੀ ਪੀਂਦਾ, ਇਕ ਗਿਲਾਸ ਚੁੱਕ ਦੇ।'

ਦੇਵ ਚੁੱਪ-ਚਪੀਤਾ ਜਸਪ੍ਰੀਤ ਨੂੰ ਚੁੱਕੀ ਰਸੋਈ ਵਿਚ ਚਲਾ ਗਿਆ। ਦਿਲ ਕਰਦਾ ਸੀ ਉਸਦਾ ਵੀ, ਕਿ ਲਾਵੇ ਘੁੱਟ, ਪਰ ਗੱਲ ਉਸਦੇ ਵਸ' ਚ ਨਹੀਂ ਸੀ।

'ਭਾਬੀ ਜੀ ਮੈਂ ਮਦਦ ਕਰਵਾਵਾਂ?' ਪਤੌੜ ਤਲ਼ਦੀ ਪਰਵਿੰਦਰ ਨੂੰ ਉਸ ਨੇ ਕਿਹਾ।

'ਨਹੀਂ ਦੇਵ ਤੂੰ ਬੱਸ ਕੁੜੀ ਨੂੰ ਸਾਂਭੀ ਰੱਖ।'

ਇਹ ਰਸੋਈ ਵੀ ਉਸੇ ਤਰ੍ਹਾਂ ਸੀ ਜਿਵੇਂ ਇਕ ਸੌ ਚਾਰ ਬਲਾਕ ਦੀ। ਵਿੱਚੇ ਸੱਜੀ ਕੰਧ ਨਾਲ਼ ਮੰਜਾ ਡਿਹਾ ਹੋਇਆ ਸੀ। ਦੇਵ ਉਸ ਤੇ ਬੈਠ ਕੁੜੀ ਨੂੰ ਖਿਡੌਣਿਆਂ ਨਾਲ਼ ਵਰਚਾਉਣ ਲੱਗਾ। ਪਰਵਿੰਦਰ ਬੋਲੀ, 'ਦੇਖ ਦੇਵ ਵੀਰੇ, ਪਿੱਛੋਂ ਘਰ ਦਾ ਪੂਰਾ ਖਿਆਲ ਰੱਖੀਂ। ਆਹ ਬਿਸਕੁਟਾਂ ਵਾਲ਼ਾ ਪੀਪਾ ਪਿਆ ਏ। ਇਸ ਡੱਬੇ ਵਿਚ ਪਿੰਨੀਆਂ ਨੇ। ਚਾਹ, ਚੀਨੀ, ਭੁਜੀਆ, ਰਸ ਸਭ ਕੁਝ ਪਿਆ ਏ। ਤੂੰ ਆਪਣਾ ਖਾਂਦਾ ਪੀਂਦਾ ਰਹੀਂ। ਸਟੋਵ ਤੇ ਚਾਹ ਬਣਾ ਲਿਆ ਕਰੀਂ। ਕੇਤਲੀ ਵਿਚ ਭਾਨ ਪਈ ਏ ਜਿਵੇਂ ਮਰਜ਼ੀ ਖਰਚੀਂ। ਦੁੱਧ ਤੜਕੇ ਹੀ ਆਇਆ ਕਰੂ ਅੱਧਾ ਕਿੱਲੋ, ਪੁਆ ਲਿਆ ਕਰੀਂ। ਸਾਡਾ ਸਭ ਗਹਿਣਾ ਗੱਟਾ ਘਰੇ ਪਿਆ ਏ। ਮੇਰੇ ਵੀਰ ਖਿਆਲ ਰੱਖੀਂ।'

'ਤੁਸੀਂ ਫਿਕਰ ਨਾ ਕਰੋ ਭਾਬੀ ਜੀ।' ਦੇਵ ਨੇ ਕਿਹਾ।

ਕਮਰੇ ਅੰਦਰ ਬੈਠੇ ਉਹ ਦੋਨੋਂ ਪੀ ਖਾ ਰਹੇ ਸਨ ਤੇ ਦੇਵ ਦੇ ਲੂਰ੍ਹੀਆਂ ਉੱਠ ਰਹੀਆਂ ਸਨ। ਥੋੜ੍ਹੀ ਥੋੜ੍ਹੀ ਦੇਰ ਮਗਰੋਂ ਉਹ ਉਨ੍ਹਾਂ ਦੀ ਪਲੇਟ ਵਿਚ ਹੋਰ ਪਤੌੜ ਪਾ ਆਉਂਦਾ ਤੇ ਰਸੋਈ ਵਿਚ ਆ ਕੇ ਪਰਵਿੰਦਰ ਨਾਲ਼ ਗੱਲਾਂ ਮਾਰਨ ਬੈਠ ਜਾਂਦਾ। ਉਸ ਨੇ ਦੇਵ ਨੂੰ ਉਸੇ ਦਿਨ ਆਗਰੇ ਆਉਣ ਦੀ ਅਸਲ ਕਹਾਣੀ ਦੱਸੀ। ਉਹ ਦੋਨੋਂ ਇਕ ਦੂਜੇ ਨੂੰ ਪਿਆਰ ਕਰਦੇ ਸਨ। ਪਰਵਿੰਦਰ ਨੀਵੀਂ ਸਮਝੀ ਜਾਣ ਵਾਲ਼ੀ ਜਾਤ ਨਾਲ਼ ਸਬੰਧ ਰੱਖਦੀ ਸੀ। ਅਮਰੀਕ ਸਿੰਘ ਉਸ ਨਾਲ਼ੋਂ ਦੋ ਟਕੇ ਉੱਚੀ ਜਾਤ ਦਾ ਹੋਵੇਗਾ। ਭੋਰਾ ਭਰ ਫਰਕ ਕਰਕੇ ਹੀ ਅਮਰੀਕ ਦਾ ਪਰਿਵਾਰ ਉਨ੍ਹਾਂ ਵਿਚਾਲ਼ੇ ਠੋਸ ਦੀਵਾਰ ਬਣ ਕੇ ਤਣ ਗਿਆ। ਉਨ੍ਹਾਂ ਦੋਨਾਂ ਨੇ ਘਰ ਛੱਡ ਦਿੱਤਾ ਤੇ ਪਟਿਆਲ਼ੇ ਅਮਰੀਕ ਦੇ ਮਾਮੇ ਕੋਲ਼ ਚਲੇ ਗਏ। ਜਾਤ ਦਾ ਬਿਖੇੜਾ ਹੋਣ ਕਰਕੇ ਉਹ ਵੀ ਉਨ੍ਹਾਂ ਨੂੰ ਰੱਖਣ ਤੋਂ ਸਿਰ ਫੇਰ ਗਿਆ। ਉਹ ਇਕ ਛੋਟੇ ਜਿਹੇ ਗੁਰਦੁਆਰੇ ਦੇ ਗ੍ਰੰਥੀ ਨੂੰ ਮਿਲੇ, ਜਿਸ ਨੇ ਸੌ ਰੁਪਏ ਲੈ ਕੇ ਅੱਠ-ਦੱਸ ਬੰਦਿਆਂ ਦੀ ਮੌਜੂਦਗੀ ਵਿਚ ਉਨ੍ਹਾਂ ਦਾ ਆਨੰਦ ਕਾਰਜ ਕਰਵਾ ਦਿੱਤਾ। ਬੰਦਿਆਂ ਦਾ ਪ੍ਰਬੰਧ ਵੀ ਗ੍ਰੰਥੀ ਨੇ ਆਪ ਹੀ ਕੀਤਾ ਤੇ

ਉਨ੍ਹਾਂ ਦੀਆਂ ਲਾਵਾਂ ਲੈਂਦਿਆਂ ਦੀਆਂ ਫ਼ੋਟੋਆਂ ਵੀ ਉਸੇ ਨੇ ਖਿਚਵਾਈਆਂ। ਸਾਰਿਆਂ ਨੇ ਦੋਨਾਂ ਨੂੰ ਪੈਂਤੀ ਕੁ ਰੁਪਏ ਦਾ ਸ਼ਗਨ ਵੀ ਪਾਇਆ। ਵਿਆਹ ਕਰਵਾਉਣ ਮਗਰੋਂ ਆਗਰੇ ਉਹ ਆਪਣੇ ਕਿਸੇ ਦੋਸਤ ਕੋਲ਼ ਆ ਗਏ, ਜਿਸ ਨੇ ਉਨ੍ਹਾਂ ਨੂੰ ਮਹੀਨਾ ਭਰ ਆਪਣੇ ਕੋਲ਼ ਰੱਖਿਆ ਤੇ ਅਮਰੀਕ ਸਿੰਘ ਨੇ ਰਾਮ ਸਿੰਘ ਨੂੰ ਮਿਲ ਕੇ ਕੰਮ ਲੱਭ ਲਿਆ। ਉਨ੍ਹਾਂ ਨੇ ਆਪਣੇ ਆਨੰਦ ਕਾਰਜ ਦੀਆਂ ਫ਼ੋਟੋਆਂ ਤੇ ਐਡਰੈਸ ਮਾਪਿਆਂ ਨੂੰ ਭੇਜ ਦਿੱਤੇ ਤੇ ਲਿਖਿਆ ਕਿ ਜਦੋਂ ਕਦੇ ਉਹ ਉਨ੍ਹਾਂ ਦੋਨਾਂ ਨੂੰ ਬੇਕਸੂਰ ਸਮਝਣ ਤਾਂ ਖ਼ਤ ਲਿਖਣ। ਪਰਵਿੰਦਰ ਦੇ ਘਰੋਂ ਉਸ ਦਾ ਪਿਓ ਤੇ ਮਾਂ ਤਾਂ ਅਗਲੇ ਹਫਤੇ ਹੀ ਆ ਗਏ ਸਨ। ਉਨ੍ਹਾਂ ਦੀ ਪਹਿਲਾਂ ਹੀ ਵਿਆਹ ਲਈ ਸਹਿਮਤੀ ਸੀ। ਪਰਵਿੰਦਰ ਦੇ ਮੰਮੀ ਡੈਡੀ ਉਨ੍ਹਾਂ ਨੂੰ ਬਜ਼ਾਰ ਲੈ ਗਏ ਤੇ ਕਾਫ਼ੀ ਸਾਰਾ ਦਾਜ ਦਾ ਸਮਾਨ ਖਰੀਦ ਕੇ ਦਿੱਤਾ। ਅਮਰੀਕ ਸਿੰਘ ਰੋਕਦਾ ਰਿਹਾ, ਪਰ ਉਹ ਮੰਨੇ ਹੀ ਨਾ। ਹੁਣ ਆਪਣੇ ਸਹੁਰੇ ਘਰ ਜਾਣ ਲਈ ਪਰਵਿੰਦਰ ਬੜੀ ਉਤਾਵਲੀ ਸੀ।

ਕਵਾਰਟਰ ਦੀ ਚਾਬੀ ਫੜ ਕੇ ਦੇਵ ਵੀ ਖੁਸ਼ ਹੋ ਗਿਆ। ਪਹਿਲੀ ਗੱਲ ਤਾਂ ਇਹ ਸੀ ਕਿ ਇਹ ਕਵਾਰਟਰ ਗਰਾਊਂਡ ਫਲੋਰ ਤੇ ਸੀ ਤੇ ਉਪਰਲੀ ਮੰਜ਼ਲ ਵਾਲ਼ੇ ਸਿਮਰਜੀਤ ਦੇ ਕਵਾਰਟਰ ਦੇ ਬਿਲਕੁਲ ਸਾਮ੍ਹਣੇ ਸੀ। ਦੋਹਾਂ ਵਿਚਾਲ਼ੇ ਇਕ ਛੋਟਾ ਜਿਹਾ ਪਾਰਕ ਸੀ ਜੋ ਪਹਾੜੀ ਅੱਕਾਂ ਅਤੇ ਝੂੰਡਾਂ ਨਾਲ਼ ਭਰਿਆ ਹੋਇਆ ਸੀ। ਲੋਕ ਆਪਣਾ ਕੂੜਾ-ਕਰਕਟ ਇਸੇ ਪਾਰਕ ਦੇ ਢਿੱਡ ਵਿਚ ਪਾਇਆ ਕਰਦੇ ਸਨ। ਜੇ ਦੋਨਾਂ ਕਵਾਰਟਰਾਂ ਵਿਚ ਦੋ ਜਣੇ ਆਪੋ-ਆਪਣੀਆਂ ਖਿੜਕੀਆਂ ਵਿਚ ਖੜੋ ਕੇ ਇਕ ਦੂਜੇ ਵੱਲ ਦੇਖਣ ਤਾਂ ਅੱਖਾਂ ਦਾ ਝਮਕਣਾ ਤੇ ਚਿਹਰੇ ਉੱਤੇ ਮੁਸਕਰਾਹਟ ਦਾ ਫੈਲ਼ਣਾ ਤੱਕ ਸਾਫ ਦਿਖਾਈ ਦਿੰਦਾ ਸੀ। ਇਹ ਗੱਲ ਦੇਵ ਨੂੰ ਉੱਥੇ ਇਕ ਰਾਤ ਬਿਤਾਉਣ ਮਗਰੋਂ ਸਵੇਰੇ ਹੀ ਉਦੋਂ ਪਤਾ ਲੱਗੀ ਸੀ, ਜਦੋਂ ਸਿਮਰਜੀਤ ਦੀ ਮੰਮੀ ਖਿੜਕੀ ਵਿੱਚੋਂ ਹੇਠਾਂ ਦੇਖਦੀ ਕਿਸੇ ਨਾਲ਼ ਗੱਲਾਂ ਕਰ ਰਹੀ ਸੀ। ਸਿਮਰਜੀਤ ਨੂੰ ਤਾਂ ਅਜੇ ਇਸ ਗੱਲ ਦੀ ਭਿਣਕ ਵੀ ਨਹੀਂ ਸੀ ਕਿ ਦੇਵ ਨੇ ਇਕ ਮਹੀਨੇ ਲਈ ਉਸ ਦੇ ਘਰ ਦੇ ਸਾਮ੍ਹਣੇ ਡੇਰਾ ਲਾ ਲਿਆ ਸੀ। ਦੇਵ ਦੇ ਖੁਸ਼ ਹੋਣ ਦੀ ਦੂਜੀ ਗੱਲ ਇਹ ਸੀ ਕਿ ਅੰਦਰੋਂ ਦਰਵਾਜ਼ਾ ਬੰਦ ਕਰਕੇ ਉਸ ਨੇ ਆਪਣੇ ਆਪ ਨੂੰ ਉਵੇਂ ਅਜ਼ਾਦ ਮਹਿਸੂਸ ਕੀਤਾ ਜਿਵੇ ਂ ਰਾਮੇਸ਼ਵਰ ਦੇ ਕਵਾਰਟਰ ਵਿਚ ਉਦੋਂ ਕਰਦਾ ਸੀ, ਜਦੋਂ ਉਹ ਡਿਊਟੀ ਉੱਤੇ ਗਿਆ ਹੁੰਦਾ। ਮਤਲਬ ਕੱਪੜੇ ਲਾਹ ਕੇ ਨੰਗਾ ਹੋ ਕੇ ਆਦਿ ਮਨੁੱਖ ਦੀ ਤਰ੍ਹਾਂ ਘੁੰਮਣਾ, ਟਪੂਸੀਆਂ ਮਾਰਨੀਆਂ ਤੇ ਸ਼ੀਸ਼ੇ ਅੱਗੇ ਖੜ੍ਹ ਕੇ ਦੰਦ ਚਿੜਾਉਣੇ।

ਇਹ ਕਵਾਰਟਰ ਦੋਨਾਂ ਪਾਸੇ ਨੂੰ ਖੁੱਲਦਾ ਸੀ। ਬੈਕ ਵਾਲ਼ਾ ਦਰਵਾਜ਼ਾ ਗੁਰਦੁਆਰੇ ਦੇ ਬਿਲਕੁਲ ਲਾਗੇ ਸੀ, ਪਰ ਬਾਹਰ ਗਲ਼ੀ ਦੇ ਕਿਨਾਰੇ, ਇਕ ਬਹੁਤ ਭਾਰੀ ਨਿੰਮ ਖੜ੍ਹੀ ਹੋਣ ਕਰਕੇ ਉੱਥੋਂ ਗੁਰਦੁਆਰਾ ਨਹੀਂ ਸੀ ਦਿਖਦਾ। ਪਿੱਛੇ ਵਿਹੜੇ ਵਿਚ ਵੀ ਗਲ਼ੀ ਨਾਲ਼ ਲਗਦੇ ਬਾਥਰੂਮ ਅਤੇ ਟਾਇਲਟ ਸਨ। ਵਿਹੜੇ ਵਿਚ ਅਮਰੂਦਾਂ ਨਾਲ਼ ਲੱਦੇ ਦੋ ਦਰਖਤ ਸਨ। ਰਸੋਈ ਵਿਚ ਡਹੇ ਮੰਜੇ ਉੱਤੇ ਮੋਰ, ਮੋਰਨੀਆਂ ਦੇ ਚਿੱਤਰਾਂ ਵਾਲ਼ਾ ਮਖਮਲੀ ਗੱਦਾ ਵਿੱਛਿਆ ਹੋਇਆ ਸੀ। ਤੀਜੇ ਪਹਿਰ ਉਹ ਕਿਤਾਬਾਂ ਲੈ ਕੇ ਅਮਰੀਕ ਸਿੰਘ ਦੇ ਕਵਾਰਟਰ ਵੱਲ ਜਾਣ ਲੱਗਾ ਤਾਂ ਪੌੜੀਆਂ ਵਿੱਚੋਂ ਅਵਾਜ਼ ਆਈ, 'ਪੋਸਟ ਮੈਨ।'

ਦੇਵ ਨੇ ਉਸ ਕੋਲ਼ੋਂ ਚਿੱਠੀ ਫੜ ਕੇ ਖੋਲ੍ਹੀ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ

ਰਿਹਾ। ਇਹ ਚਿੱਠੀ ਯੂਨੀਵਰਸਿਟੀ ਦੀ ਇਮਤਿਹਾਨ ਸ਼ਾਖਾ ਵੱਲੋਂ ਸੀ। ਦੋਬਾਰਾ ਮੁਲਾਂਕਣ ਵਿਚ ਉਸਦੇ ਫਜ਼ਿਕਸ ਅਤੇ ਕਮਿਸਟਰੀ ਦੋਹਾਂ ਵਿਚ ਨੰਬਰ ਵਧ ਗਏ ਸਨ। ਉਹ ਸ਼ੋਰ ਪਾਉਂਦਾ ਰਸੋਈ ਵਿਚ ਵੜਿਆ ਤੇ ਜਿੰਦਰ ਨੂੰ ਜੱਫੀ ਪਾ ਲਈ।

'ਵੇ ਕੀ ਹੋਇਆ ਤੈਨੂੰ? ਐਨਾ ਮਸਤ ਰਿਹਾ ਏਂ?' ਉਹ ਬੋਲੀ।

'ਭਾਬੀ ਜੀ ਮੇਰੇ ਨੰਬਰ ਵਧ ਗਏ। ਅਠਤਾਲ਼ੀ ਤੋਂ ਚੁਰੰਜਾ ਪਰਸੈਂਟ ਹੋ ਗਏ। ਕਰਾਓ ਮੂੰਹ ਮਿੱਠਾ।'

ਜਿੰਦਰ ਵੀ ਖੁਸ਼ ਹੋ ਗਈ ਤੇ ਲੱਡੂ ਲਿਆਉਣ ਲਈ ਪੈਸੇ ਦੇ ਦਿੱਤੇ। ਕੁੰਜ ਬਿਹਾਰੀ ਦੀ ਦੁਕਾਨ ਤੋਂ ਦੇਵ ਲੱਡੂ ਲੈ ਆਇਆ। ਰਾਮ ਸਿੰਘ ਅਜੇ ਡਿਊਟੀ ਤੋਂ ਨਹੀਂ ਸੀ ਆਇਆ। ਬਹੁਤ ਖੁਸ਼ ਹੋ ਕੇ ਦੇਵ ਅਮਰੀਕ ਸਿੰਘ ਦੇ ਕਵਾਰਟਰ ਤੱਕ ਗਾਉਂਦਾ ਗਿਆ। ਕਮਰੇ ਅੰਦਰ ਵੜ ਕੇ, ਕੁੰਡੀ ਬੰਦ ਕਰਕੇ ਜੋ ਪਹਿਲੀ ਗੱਲ ਦੇਵ ਦੇ ਮਨ' ਚ ਆਈ ਉਹ ਸੀ ਆਦਿ ਮਨੁੱਖ ਬਣ ਕੇ ਘੁੰਮਣ ਦੀ। ਸਾਰੇ ਕੱਪੜੇ ਲਾਹ ਕੇ ਉਹ ਵੱਡੇ ਸ਼ੀਸ਼ੇ ਮੂਹਰੇ ਖੜ੍ਹ ਗਿਆ ਤੇ ਉਂਗਲ਼ਾਂ ਨਾਲ਼ ਟੋਹ ਟੋਹ ਪੱਸਲ਼ੀਆਂ ਦੀ ਗਿਣਤੀ ਕਰਨ ਲੱਗਾ। ਫਿਰ ਆਪਣੇ ਆਪ ਨਾਲ਼ ਗੱਲਾਂ ਵੀ ਕਰਦਾ ਰਿਹਾ ਤੇ ਮੂੰਹ ਬਣਾ ਕੇ ਦੰਦ ਵੀ ਚਿੜਾਉਂਦਾ ਰਿਹਾ। ਬਾਂਦਰ ਵਾਂਗ ਟਪੂਸੀਆਂ ਮਾਰਦਾ ਬੋਲਿਆ, 'ਕੀ ਬਕਵਾਸ ਨੇ ਇਹ ਕੱਪੜੇ ਵੀ। ਕਾਸ਼! ਬੰਦਾ ਕੱਪੜਿਆਂ ਦੇ ਚੱਕਰ ਵਿਚ ਨਾ ਪਿਆ ਹੁੰਦਾ।'

ਦੇਵ ਨੂੰ ਉਸ ਬੰਦੇ ਤੇ ਵੀ ਗੁੱਸਾ ਆਇਆ ਜਿਸ ਨੇ ਸਭ ਤੋਂ ਪਹਿਲਾਂ ਘਾਹ ਫੂਸ ਤੇ ਪੱਤਿਆਂ ਨਾਲ਼ ਤਨ ਢਕਣ ਦਾ ਇਹ ਭੈੜਾ ਰਿਵਾਜ਼ ਪਾਇਆ। ਉਹ ਉਵੇਂ ਟਹਿਲਦਾ ਹੋਇਆ ਰਸੋਈ ਵਿੱਚੀਂ ਬਾਹਰ ਵਿਹੜੇ ਵਿਚ ਨਿਕਲ਼ ਗਿਆ। ਸੱਜੇ ਪਾਸੇ ਵਿਹੜੇ ਦੀ ਕੰਧ ਉੱਤੇ ਚੜ੍ਹੀ ਅਮਰੂਦ ਤੋੜਦੀ ਇਕ ਦੋ ਗੁੱਤਾਂ ਵਾਲ਼ੀ ਸਾਂਵਲੇ ਰੰਗ ਦੀ ਜਵਾਨ ਕੁੜੀ ਨਾਲ਼ ਉਸ ਦੀਆਂ ਨਜ਼ਰਾਂ ਜਾ ਭਿੜੀਆਂ। ਉਹ ਅੱਖਾਂ ਚੌੜੀਆਂ ਕਰ ਕੇ ਮੂੰਹ ਤੇ ਦੋਨੋਂ ਹੱਥ ਰੱਖ ਨੰਗੇ ਦੇਵ ਵੱਲ ਝਾਕਣ ਲੱਗੀ। ਉਹ ਉੱਥੋਂ ਵਾਪਸ ਹੋ ਕੇ ਅੰਦਰ ਜਾ ਵੜਿਆ। ਦੇਵ ਘਬਰਾ ਗਿਆ ਕਿ ਹੁਣ ਉਹ ਜ਼ਰੂਰ ਘਰ ਦੱਸੇਗੀ ਤੇ ਕੋਈ ਨਾ ਕੋਈ ਉਲਾਂਭਾ ਲੈ ਕੇ ਉਸ ਕੋਲ਼ ਆਵੇਗਾ ਪਰ ਅਗਲੇ ਹੀ ਪਲ਼ ਇਕ ਸੋਚ ਨੇ ਦੇਵ ਨੂੰ ਹੌਸਲਾ ਦਿੱਤਾ। ਉਹ ਤਾਂ ਆਪਣੇ ਘਰ' ਚ ਸੀ। ਆਪਣੇ ਘਰ' ਚ ਕੋਈ ਜਿਵੇਂ ਮਰਜ਼ੀ ਘੁੰਮੇਂ। ਅਮਰੂਦਾਂ ਦੀ ਚੋਰੀ ਤਾਂ ਸਗੋਂ ਉਹ ਕੁੜੀ ਕਰ ਰਹੀ ਸੀ।

ਹਫ਼ਤਾ ਕੁ ਲੰਘਿਆ ਸੀ। ਕਮਿਸਟਰੀ ਦਾ ਪੀਰਡ ਲਾ ਕੇ ਦੇਵ ਬਾਹਰ ਨਿਕਲ਼ਿਆ ਤਾਂ ਸਿਮਰਜੀਤ ਉਸ ਦੇ ਲਾਗੇ ਆ ਗਈ ਤੇ ਬੋਲੀ, 'ਦੇਵ ਮੇਰੇ ਲਈ ਤੁਹਾਡੇ ਕੋਲ਼ ਥੋੜ੍ਹਾ ਸਮਾਂ ਹੈ?'

'ਇੰਝ ਕਿਉਂ ਕਹਿੰਦੀ ਏਂ ਸਿਮਰ? ਮੈਂ ਤਾਂ ਸਗੋਂ ਤੇਰਾ ਧੰਨਵਾਦ ਕਰਨਾ ਸੀ। ਮੌਕਾ ਹੀ ਨੀ ਮਿਲਿਆ ਗੱਲ ਕਰਨ ਦਾ।'

'ਧੰਨਵਾਦ ਕਾਹਦਾ?'

'ਤੇਰੀ ਕਿਰਪਾ ਨਾਲ਼ ਮੇਰੇ ਚੁਰੰਜਾ ਪਰਸੈਂਟ ਨੰਬਰ ਬਣ ਗਏ ਨੇ। ਤੂੰ ਫਾਰਮ ਭਰਵਾਇਆ ਤਾਂ ਇਹ ਗੱਲ ਬਣੀ।'

'ਓ ਵੈਰੀ ਗੁੱਡ... ਫੇਰ ਤਾਂ ਪਾਰਟੀ ਹੋ ਗਈ।' ਸਿਮਰਜੀਤ ਖੁਸ਼ ਹੁੰਦੀ ਬੋਲੀ।

'ਠੀਕ ਏ ਜਦ ਕਹੇਂ।' ਦੇਵ ਹੱਸਿਆ।

'ਇਕ ਦੋ ਪਰਾਬਲਮਜ਼ ਸੀਗੀਆਂ। ਲਾਇਬ੍ਰੇਰੀ ਚੱਲ ਕੇ ਬੈਠੀਏ?'

'ਨਹੀਂ, ਉੱਧਰ ਨੂੰ ਤਾਂ ਅਹੁ ਦੇਖ ਰਾਮੇਸ਼ਵਰ ਤੁਰਿਆ ਜਾ ਰਿਹਾ ਏ।'

'ਇਹ ਬੜਾ ਚਿਪਕਿਆ ਰਹਿੰਦਾ ਏ ਲਾਇਬ੍ਰੇਰੀਅਨ ਨਾਲ਼।'

'ਚੱਲ.... ਮੌਜ ਕਰਨ ਦੇ... ਆਪਣਾ ਕੀ ਘਸਦਾ ਏ।'

'ਕਾਮਨ ਰੂਮ ਚੱਲੀਏ?'

'ਨਹੀਂ ਕੰਟੀਨ ਚਲਦੇ ਹਾਂ। ਨਾਲ਼ੇ ਤੈਨੂੰ ਪਾਰਟੀ ਹੋ ਜਾਵੇਗੀ। ਇਕ ਹੋਰ ਖੁਸ਼ੀ ਕਰਕੇ ਵੀ ਤੈਨੂੰ ਪਾਰਟੀ ਦੇਣੀ ਏਂ।'

'ਉਹ ਕੀ ਦੇਵ?'

'ਤੂੰ ਮੈਨੂੰ ਭਾਅ ਜੀ ਕਹਿਣ ਤੋਂ ਜੋ ਹਟੀ ਏਂ। ਇਸ ਤਬਦੀਲੀ ਦਾ ਕਾਰਨ ਜਾਣ ਸਕਦਾ ਏਂ?'

ਉਹ ਸ਼ਰਮਾ ਗਈ ਤੇ ਬੋਲੀ, 'ਹਟਣਾ ਪਿਆ। ਤੁਸੀਂ ਕਦੋਂ ਮੈਨੂੰ ਭੈਣ ਕਿਹਾ?'

'ਕਿਉਂ, ਮੈਂ ਕਿਉਂ ਕਹਾਂ ਭੈਣ? ਜੋ ਦਿਲ ਕਹੇਗਾ, ਉਹੀ ਕਹਾਂਗਾ।'

'ਅੱਛਾ! ਇਹ ਗੱਲ ਏ! ਕੀ ਕਹਿੰਦਾ ਏ ਦਿਲ?

'ਸਿਮਰ, ਸਿਮਰ, ਸਿਮਰ, ਸਿਮਰ... ਅਪ ਟੂ ਇਨਫਿਨਟੀ।'

'ਜਾਓ ਮੈਂ ਨੀ ਬੋਲਦੀ ਤੁਹਾਡੇ ਨਾਲ਼।' ਸਿਮਰਜੀਤ ਨੇ ਨਖ਼ਰਾ ਕੀਤਾ।

'ਨਾਲ਼ੇ ਬੁਲਾਇਆ ਏ, ਨਾਲ਼ੇ ਕਹਿੰਦੀ ਬੋਲਣਾ ਨੀ, ਇਹ ਕੀ ਗੱਲ ਬਣੀ?'

'ਬੱਸ ਮੈਂ ਤੁਹਾਡੇ ਨਾਲ਼ ਨਰਾਜ਼ ਹਾਂ।'

'ਵਜ੍ਹਾ?'

'ਤੁਸੀਂ ਛਿਆਸੀ ਬਲਾਕ' ਚ ਆਏ, ਮੈਨੂੰ ਨੀ ਸੀ ਦੱਸਣਾ? ਕਈ ਦਿਨਾਂ ਤੋਂ ਘਰ ਵੀ ਨੀ ਆਏ। ਹੋਰ ਕੁੜੀਆਂ ਨੂੰ ਫਰੂਟ ਖੁਆਉਂਦੇ ਫਿਰਦੇ ਹੋ।'

'ਮੈਂ? ਫਰੂਟ? ਕੀਹਨੂੰ ਖੁਆ ਦਿੱਤੇ?' ਦੇਵ ਹੱਸਿਆ।

'ਸ਼ਿਵੀ ਨੂੰ ਖੁਆਏ ਨੀ ਅਮਰੂਦ?'

'ਸ਼ਿਵੀ ਕੌਣ?' ਦੇਵ ਹੱਸਿਆ।

'ਉਹੀ? ਜੀਹਦੇ ਮੂਹਰੇ ਨੰਗੇ ਹੋ ਹੋ ਘੁੰਮਦੇ ਸੀ।'

'ਧੱਤ ਤੇਰੇ ਕੀ... ਅੱਛਿਆ... ਉਹਦਾ ਨਾਂ ਸ਼ਿਵੀ ਏ? ਤੈਨੂੰ ਕਿਵੇਂ ਜਾਣਦੀ ਏ?'

'ਗਰਲਜ਼ ਵਿੰਗ ਵਿਚ ਐਮ. ਏ. ਹਿੰਦੀ ਕਰ ਰਹੀ ਏ। ਤੁਸੀਂ ਤਾਂ ਕਮਾਲ ਹੀ ਕਰ ਦਿੱਤਾ ਦੇਵ। ਬਿਲਕੁਲ ਅਲਫ਼ ਨੰਗੇ। ਕਿਸੇ ਕੁੜੀ ਨੂੰ ਨੰਗੇ ਹੋ ਹੋ.... ।'

'ਨਹੀਂ ਨਹੀਂ ਸਿਮਰ... ਐਸੀ ਕੋਈ ਗੱਲ ਨੀ... ਮੈਂ ਤਾਂ ਨਹਾਉਣ ਚੱਲਿਆ ਸੀ ਬਾਥਰੂਮ' ਚ। ਕਮਰੇ ਦੇ ਅੰਦਰ ਹੀ ਕੱਪੜੇ ਖੋਲ੍ਹ ਦਿੱਤੇ। ਅੱਗੇ ਉਹ ਬਾਂਦਰੀ ਅਮਰੂਦ ਤੋੜਨ ਲੱਗੀ ਹੋਈ।'

ਉਹ ਦੋਨੋਂ ਹੱਸਦੇ ਹੋਏ ਕੰਟੀਨ' ਚ ਜਾ ਬੈਠੇ। ਦੇਵ ਇੱਕੋ ਪਲੇਟ ਵਿਚ ਚਾਰ ਗੁਲਾਬ

ਜਾਮਣਾਂ ਤੇ ਦੋ ਚਮਚੇ ਰੱਖ ਉਸ ਕੋਲ਼ ਲੈ ਆਇਆ।

'ਇਹ ਕੀ? ਦੋ ਪਲੇਟਾਂ ਵਿਚ ਕਿਉਂ ਨੀ ਲਿਆਏ?' ਸਿਮਰਜੀਤ ਬੋਲੀ।

'ਹਰੇਕ ਗੁਲਾਬ ਜਾਮਣ ਅੱਧੀ ਅੱਧੀ ਵੰਡ ਕੇ ਖਾਣੀ ਏਂ।'

ਉਨ੍ਹਾਂ ਨੇ ਇਸੇ ਤਰ੍ਹਾਂ ਕੀਤਾ। ਗੁਲਾਬ ਜਾਮਣਾਂ ਮੁੱਕੀਆਂ ਤਾਂ ਦੇਵ ਕਾਊਂਟਰ ਤੋਂ ਦੋ ਕੱਪ ਚਾਹ ਲੈ ਆਇਆ।

'ਚਾਹ ਤਾਂ ਜਮ੍ਹਾਂ ਈ ਫਿੱਕੀ ਪਈ ਏ।' ਦੇਵ ਘੁੱਟ ਭਰਦਾ ਬੋਲਿਆ।

'ਗੁਲਾਬ ਜਾਮਣਾਂ ਦੀ ਸਿਫ਼ਤ ਏ। ਮਿੱਠੀ ਚਾਹ ਨੂੰ ਵੀ ਫਿੱਕੀ ਕਰ ਦਿੰਦੀਆਂ ਨੇ।' ਸਿਮਰਜੀਤ ਹੱਸੀ।

ਸਿਮਰਜੀਤ ਨੇ ਦੇਵ ਦੇ ਹੱਥ ਨੂੰ ਜ਼ਰਾ ਕੁ ਛੂਹਿਆ ਤੇ ਬੋਲੀ, 'ਦੇਵ ਤੁਸੀਂ ਰੁੱਖੇ ਬਹੁਤ ਹੋ।'

'ਕਿਉਂ ਕੀ ਗੱਲ?' ਦੇਵ ਨੇ ਪੁੱਛਿਆ।

ਸਿਮਰ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਉਹ ਬੋਲੀ, 'ਅੱਜ ਸ਼ਾਮੀਂ ਘਰ ਆ ਜਾਣਾ ਸੱਤ ਵਜੇ, ਫੇਰ ਦੱਸਾਂਗੀ।'

ਸਾਮ੍ਹਣੇ ਬੈਠੀ ਸਿਮਰ ਤੇ ਦੇਵ ਨੂੰ ਬੜਾ ਪਿਆਰ ਆਇਆ। ਭਾਵੇਂ ਉਸ ਨੇ ਕਿਹਾ ਕੁਝ ਨਹੀਂ, ਸਿਮਰ ਵੱਲ ਦੇਖਦਾ ਸੋਚਣ ਲੱਗਾ, 'ਇਹ ਕੁੜੀ ਸਾਰੀ ਉਮਰ ਨਿਭ ਸਕਦੀ ਏ।'

**00**

# ਬਿਆਸੀ

ਅੱਜ ਦੇਵ ਦੀ ਸਿਮਰਜੀਤ ਦੇ ਘਰ ਜਾਣ ਦੀ ਤਿਆਰੀ ਸੀ। ਇਸ ਲਈ ਮਸੀਂ ਸ਼ਾਮ ਆਈ। ਉਹ ਅਮਰੀਕ ਸਿੰਘ ਦੇ ਕਵਾਰਟਰ ਦੇ ਦਰ ਵਿਚ ਖੜ੍ਹਾ ਸਾਮ੍ਹਣੇ ਚੁਬਾਰੇ ਵੱਲ ਦੇਖ ਰਿਹਾ ਸੀ ਕਿ ਸਿਮਰਜੀਤ ਬਾਰੀ ਵਿਚ ਆ ਖੜ੍ਹੀ ਹੋਈ। ਨਜ਼ਰਾਂ ਭਿੜੀਆਂ ਤਾਂ ਸਿਮਰਜੀਤ ਨੇ ਉਂਗਲਾਂ ਹਿਲਾ ਕੇ ਉਸ ਨੂੰ ਬੁਲਾਇਆ। ਦੇਵ ਨੇ ਕਮਰੇ ਨੂੰ ਤਾਲ਼ਾ ਲਾਇਆ ਤੇ ਪਾਰਕ ਦੇ ਖੱਬੇ ਪਾਸਿਓਂ ਘੁੰਮ ਕੇ ਉਨ੍ਹਾਂ ਦੇ ਘਰ ਦੀਆਂ ਪੌੜੀਆਂ ਜਾ ਚੜ੍ਹਿਆ। ਦਰਵਾਜ਼ਾ ਖੜਕਾਇਆ ਤਾਂ ਕਮਲ ਨੇ ਖੋਲ੍ਹਿਆ। ਦੋਨੋਂ ਹੱਥ ਜੋੜ ਕੇ ਮੁਸਕਰਾਕੇ ਬੋਲੀ, 'ਭਾਅ ਜੀ ਅੱਜ ਕਿਵੇਂ ਰਾਹ ਭੁੱਲ ਗਏ?'

'ਹਵਾ ਚਲਦੀ ਸੀ ਕਮਲ ਐਧਰ ਦੀ, ਉਡਾ ਲਿਆਈ।' ਦੇਵ ਨੇ ਹੱਸ ਕੇ ਕਿਹਾ ਤੇ ਅੰਦਰ ਲੰਘ ਗਿਆ। ਕਮਰੇ ਦੇ ਬਾਰ ਮੂਹਰੇ ਰੁਕ ਕੇ ਅੰਦਰ ਦੇਖਿਆ। ਕੈਪਟਨ ਐਨਕਾਂ ਲਾਈ ਕੋਈ ਰਿਸਾਲਾ ਪੜ੍ਹ ਰਿਹਾ ਸੀ। ਸਿਮਰਜੀਤ ਤੇ ਉਹਦੀ ਮੰਮੀ ਕਿਸੇ ਸਵੈਟਰ ਦੀ ਬੁਣਦੀ ਸਮਝ ਰਹੀਆਂ ਸਨ। ਦੇਵ ਨੇ ਅੰਦਰ ਵੜ ਕੇ ਸਭ ਨੂੰ 'ਸਤਿ ਸ੍ਰੀ ਅਕਾਲ' ਕਹੀ। ਕੈਪਟਨ ਬੋਲਿਆ, 'ਆ ਬੇਟਾ ਦੇਵ। ਕੀ ਹਾਲ ਏ ਤੇਰਾ? ਐਨੇ ਦਿਨ ਕਿੱਥੇ ਗਾਇਬ ਰਿਹਾ?'

'ਜੀ ਟਾਈਮ ਨੀ ਲੱਗਿਆ।' ਉਹ ਬੋਲਿਆ।

'ਭਾਅ ਜੀ ਮੈਂ ਤੁਹਾਨੂੰ ਸਾਮ੍ਹਣੇ ਵਾਲ਼ੇ ਕਵਾਰਟਰ ਵਿਚ ਦੋ ਤਿੰਨ ਵਾਰੀ ਦੇਖਿਆ। ਮੰਮੀ ਕਹਿੰਦੇ, ਤੈਨੂੰ ਭੁਲੇਖਾ ਲੱਗਾ ਏ।' ਕਮਲ ਬੋਲੀ।

'ਸਾਮ੍ਹਣੇ ਕਿੱਥੇ?' ਕੈਪਟਨ ਨੇ ਪੁੱਛਿਆ।

'ਜੀ ਸਰਦਾਰ ਅਮਰੀਕ ਸਿੰਘ ਪੰਜਾਬ ਗਏ ਨੇ। ਵੀਰ ਜੀ ਦੇ ਵਾਕਿਫ਼ ਹੋਣ ਕਰਕੇ ਚਾਬੀ ਸਾਨੂੰ ਦੇ ਗਏ ਸੀ।' ਦੇਵ ਨੇ ਦੱਸਿਆ।

ਕਮਲ ਪਾਣੀ ਦਾ ਗਿਲਾਸ ਲੈ ਆਈ। ਗਿਲਾਸ ਵੀ ਕੰਗਣੀ ਵਾਲ਼ਾ ਵੱਡਾ। ਦੇਵ ਨੂੰ ਰਾਮ ਸਿੰਘ ਨੇ ਕਦੀ ਇਹ ਗੱਲ ਕਹੀ ਸੀ ਕਿ ਪਾਣੀ ਤਾਂ ਜੇ ਲੋੜ ਨਾ ਵੀ ਹੋਵੇ ਤਾਂ ਵੀ ਪੀ ਲਓ। ਵੱਧ ਪਾਣੀ ਪੀਣਾ ਸਿਹਤ ਲਈ ਫਾਇਦੇਮੰਦ ਏ। ਸਿਆਣੇ ਬੰਦੇ ਤਾਂ ਰੋਟੀ ਖਾਣ ਤੋਂ ਪਹਿਲਾਂ ਪਾਣੀ ਦਾ ਗਿਲਾਸ ਪੀ ਲੈਂਦੇ ਹਨ ਤਾਂ ਕਿ ਰੋਟੀ ਘੱਟ ਖਾਧੀ ਜਾਵੇ। ਜਿੰਨਾ ਬੰਦੇ ਦਾ ਅੰਨ ਵੈਰੀ ਹੁੰਦਾ ਹੈ, ਉਨਾਂ ਭੁੱਖ ਨਹੀਂ ਹੁੰਦੀ। ਕਮਲ ਦੇ ਹੱਥੋਂ ਹਲਵਾਈਆਂ ਦੀ ਲੱਸੀ ਵਾਲ਼ਾ ਵੱਡਾ ਗਿਲਾਸ ਫੜ ਕੇ ਉਹ ਗਟ ਗਟ ਪੀ ਗਿਆ। ਖਾਲੀ ਗਿਲਾਸ ਉਸ ਵੱਲ ਵਧਾਇਆ ਤਾਂ ਸਿਮਰਜੀਤ ਬੋਲੀ, 'ਕਮਲ ਇਕ ਗਿਲਾਸ ਹੋਰ ਲਿਆ ਦੇ।'

'ਕਿਉਂ ਮੈਂ ਊਂਟ ਹਾਂ?' ਦੇਵ ਨੇ ਹੱਸ ਕੇ ਕਿਹਾ ਤਾਂ ਸਾਰੇ ਹੱਸਣ ਲੱਗੇ।

'ਕਮਲ ਚਾਹ ਬਣਾ ਦੇ।' ਉਹਦੀ ਮੰਮੀ ਨੇ ਕਿਹਾ।

'ਨਹੀਂ ਜੀ ਚਾਹ ਨੀ ਹੁਣ ਪੀਣੀ।'

'ਰੋਟੀ ਤਾਂ ਅਜੇ ਘੰਟੇ ਤੱਕ ਮਿਲੇਗੀ।'

'ਨਹੀਂ, ਭਾਬੀ ਜੀ ਛੇਤੀ ਹੀ ਬਣਾ ਲਿਆ ਕਰਦੇ ਨੇ।' ਦੇਵ ਬੋਲਿਆ।

'ਅੱਜ ਤਾਂ ਰੋਟੀ ਐਥੇ ਹੀ ਖਾਣੀ ਏਂ।' ਸਿਮਰਜੀਤ ਦੀ ਮੰਮੀ ਬੋਲੀ।

'ਨਾ ਜੀ ਨਾ... ਰੋਟੀ ਤਾਂ ਮੈਂ ਘਰ ਜਾ ਕੇ ਹੀ ਖਾਵਾਂਗਾ।'

'ਸਿਮਰਜੀਤ ਨੇ ਦੱਸ ਦਿੱਤਾ ਸੀ, ਤੁਸੀਂ ਆਉਣਾ ਏਂ। ਸੋ ਰੋਟੀ ਤਾਂ ਹੁਣ ਖਾਣੀ ਪਵੇ ਗੀ।'

'ਦੇਵ ਸੱਚ ਤੈਨੂੰ ਮੁਬਾਰਕਾਂ ਬਈ, ਉਹ ਵੀ ਦੂਹਰੀਆਂ।' ਕੈਪਟਨ ਬੋਲਿਆ।

'ਜੀ ਕਾਹਦੀਆਂ?'

ਇਕ ਤਾਂ ਸਿਮਰਜੀਤ ਨੇ ਉਸਦੇ ਨੰਬਰ ਵਧਣ ਵਾਲ਼ੀ ਗੱਲ ਘਰ ਦੱਸ ਦਿੱਤੀ ਸੀ। ਦੂਹਰੀਆਂ ਮੁਬਾਰਕਾਂ ਵਾਲ਼ੀ ਗੱਲ ਕੈਪਟਨ ਨੇ ਦੱਸੀ। ਐਨ. ਸੀ. ਸੀ. ਆਰ. ਦਫ਼ਤਰ ਵਿਚ ਇਕ ਚਿੱਠੀ ਆਈ ਸੀ। ਦਸ ਮੁੰਡੇ ਸਿਲੈਕਟ ਹੋਏ ਸਨ, ਜਿਨ੍ਹਾਂ ਦਾ ਅਲਾਹਾਬਾਦ ਦੋ ਹਫ਼ਤਿਆਂ ਲਈ 'ਰੈਗੂਲਰ ਅਟੈਚਮੈਂਟ ਟੂ ਆਰਮੀ' ਕੈਂਪ ਲੱਗਣਾ ਸੀ। ਦੇਵ ਦਾ ਨਾਂ ਵੀ ਉਨ੍ਹਾਂ ਵਿਚ ਸੀ।

'ਦੇਵ ਪਹਿਲਾਂ ਤੂੰ ਆਲ ਇੰਡੀਆ ਸ਼ੂਟਿੰਗ ਕੰਪੀਟੀਸ਼ਨ ਮਿੱਸ ਕਰ ਦਿੱਤਾ ਸੀ, ਹੁਣ ਇਹ ਮੌਕਾ ਨਾ ਗੁਆਈਂ।'

'ਉਦੋਂ ਮੈਨੂੰ ਕੁੱਤੇ ਨੇ ਵੱਢ ਲਿਆ ਸੀ। ਟੀਕੇ ਲੱਗ ਰਹੇ ਸਨ। ਜਦ ਤੱਕ ਚੌਦਾਂ ਪੂਰੇ ਨਹੀਂ ਸੀ ਹੁੰਦੇ, ਜਾ ਨਹੀਂ ਸਾਂ ਸਕਦਾ।'

'ਚੱਲ ਕੋਈ ਨਾ... ਇਸ ਕੈਂਪ ਮਗਰੋਂ ਸੈਕੰਡ ਲੈਫ਼ਟੀਨੈਂਟ ਲਈ ਤੇਰੀ ਚੋਣ ਦਾ ਰਸਤਾ

ਖੁੱਲ੍ਹ ਜਾਣਾ ਏਂ।'

'ਅੰਕਲ ਜੀ ਪੇਪਰਾਂ ਵਿਚ ਹੁਣ ਬਹੁਤਾ ਸਮਾਂ ਨਹੀਂ ਰਿਹਾ। ਪੜ੍ਹਾਈ ਦਾ ਬੜਾ ਨੁਕਸਾਨ ਹੋਵੇਗਾ। ਫਿਰ ਵੀ ਮੈਂ ਵੀਰ ਜੀ ਨਾਲ਼ ਸਲਾਹ ਕਰਾਂਗਾ।' ਦੇਵ ਨੇ ਦੱਸਿਆ।

'ਕੱਲ੍ਹ ਨੋਟਿਸ ਲੱਗ ਜਾਣਾ ਏਂ ਕਾਲਜ.... ਤੂੰ ਆ ਕੇ ਫਾਰਮ ਭਰੀਂ। ਪੜ੍ਹਾਈ ਵੀ ਹੁੰਦੀ ਹੀ ਰਹੂ।'

ਕੈਪਟਨ ਨੇ ਮਿਲਟਰੀ ਵਿਚ ਭਰਤੀ ਹੋਣ ਮਗਰੋਂ ਮਿਲਣ ਵਾਲ਼ੀਆਂ ਅਨੇਕਾਂ ਸਹੂਲਤਾਂ ਦਾ ਜ਼ਿਕਰ ਕੀਤਾ। ਕਾਫ਼ੀ ਦੇਰ ਦੇਵ ਤੇ ਉਹ ਗੱਲਾਂ ਕਰਦੇ ਰਹੇ, ਬਾਕੀ ਸੁਣਦੇ ਰਹੇ। ਫਿਰ ਸਿਮਰਜੀਤ ਬੋਲੀ, 'ਭਾਪਾ ਜੀ ਛੱਡੋ ਹੁਣ ਮਿਲਟਰੀ ਦੀ ਪੂਛ। ਹਨੂਮਾਨ ਵਾਂਗ ਵਧਾਈ ਜਾਂਦੇ ਹੋ। ਸਾਨੂੰ ਕੁਝ ਨੁਮੈਰੀਕਲ ਕਰਨ ਦਿਓ।'

'ਕਰੋ ਬੇਟਾ ਕਰੋ।' ਕੈਪਟਨ ਨੇ ਕਿਹਾ।

ਸਿਮਰਜੀਤ ਫਜ਼ਿਕਸ ਦੀ ਬੁੱਕ ਤੇ ਕਾਪੀ ਪੈੱਨ ਚੁੱਕ ਲਿਆਈ ਤੇ ਬੋਲੀ, 'ਭਾਅ ਜੀ ਵਿਹੜੇ' ਚ ਹੀ ਆ ਜਾਉ। ਕੁਰਸੀਆਂ ਮੇਜ਼ ਪਏ ਨੇ।'

ਉਹ ਵਿਹੜੇ' ਚ ਬਹਿ ਕੇ ਨੁਮੈਰੀਕਲਜ਼ ਹੱਲ ਕਰਨ ਲੱਗੇ। ਕਵਾਰਟਰ ਐਨਾ ਛੋਟਾ ਸੀ ਕਿ ਕੋਈ ਹੋਰ ਗੱਲਬਾਤ ਕਰਨਾ ਸੰਭਵ ਨਹੀਂ ਸੀ। ਤਿੰਨ ਚਾਰ ਨੁਮੈਰੀਕਲ ਕਰਨ ਮਗਰੋਂ ਸਿਮਰਜੀਤ ਨੇ ਕਾਪੀ ਤੇ ਲਿਖਿਆ, 'ਕੱਲ੍ਹ ਸ਼ਾਮੀਂ ਛਿਆਸੀ ਵਾਲ਼ੇ ਕਵਾਰਟਰ ਦੇ ਅਗਲੇ ਦਰਵਾਜ਼ੇ ਨੂੰ ਤਾਲ਼ਾ ਲਾ ਕੇ ਪਿਛਲਾ ਦਰ ਬਿਨਾਂ ਕੁੰਡੀ ਲਾਏ ਭੇੜ ਕੇ ਰੱਖਿਓ। ਮੈਂ ਸੱਤ ਵਜੇ ਆਵਾਂਗੀ।'

'ਪਿਛਲੇ ਰਾਹ ਪੰਜਾਬੀ ਤੇ ਸਿੰਧੀ ਲੋਕ ਗੁਰਦੁਆਰੇ ਆਉਂਦੇ ਜਾਂਦੇ ਨੇ।' ਦੇਵ ਨੇ ਲਿਖਿਆ।

'ਘਬਰਾਓ ਨਾ ਮੈਂ ਦੇਖ ਕੇ ਆਵਾਂਗੀ। ਕੋਈ ਨਿਆਣੀ ਨਹੀਂ ਮੈਂ।' ਸਿਮਰਜੀਤ ਨੇ ਲਿਖਿਆ।

'ਕੋਈ ਖਾਸ ਕੰਮ ਏਂ?'

'ਤੁਹਾਨੂੰ ਇਕਾਂਤ ਵਿਚ ਮਿਲਣਾ ਚਾਹੁੰਦੀ ਹਾਂ। ਕੁਝ ਜ਼ਰੂਰੀ ਗੱਲਾਂ ਕਰਨੀਆਂ ਨੇ।'

'ਕਾਲਜ ਵਿਚ ਚੌਥਾ ਪੀਰਡ ਵਿਹਲਾ ਹੁੰਦਾ ਏ। ਕਾਮਨ ਰੂਮ ਵਿਚ ਚਲੇ ਚੱਲਾਂਗੇ । ਐਥੇ ਤਾਂ ਬਹੁਤ ਖ਼ਤਰਾ ਏ।'

'ਕੋਈ ਨੀ ਬਿਜਲੀ ਪੈਂਦੀ। ਤੁਸੀਂ ਤਾਂ ਬੜੇ ਡਰਾਕਲ ਹੋ। ਮੈਂ ਆਵਾਂਗੀ।'

'ਐਵੇਂ ਬਦਨਾਮੀ ਨਾ ਹੋ ਜਾਵੇ ਸਿਮਰ।'

'ਤੁਸੀਂ ਮੈਨੂੰ ਪਿਆਰ ਨੀ ਕਰਦੇ?'

'ਕਰਦਾ ਏਂ।' ਐਥੇ ਤੱਕ ਸਾਰੀ ਗੱਲਬਾਤ ਲਿਖ ਕੇ ਹੋ ਗਈ।

'ਚਲੋ ਜੀ ਰਕਮ ਪੜ੍ਹੋ ਤੁਸੀਂ ਅਗਲੇ ਨੁਮੈਰੀਕਲ ਦੀ।' ਉਸ ਨੇ ਕਿਹਾ। ਦੇਵ ਰਕਮ ਪੜ੍ਹਨ ਲੱਗ ਪਿਆ। ਉਸ ਦਾ ਦਿਲ ਧੜਕ ਧੜਕ ਕੇ ਜਿਵੇਂ ਛਾਤੀ ਤੋਂ ਬਾਹਰ ਆਉਣ ਲੱਗਾ। ਨੁਮੈਰੀਕਲ ਵੀ ਅੜ ਗਿਆ। ਧਿਆਨ ਉੱਖੜ ਗਿਆ ਸੀ। ਉਹ ਸੋਚਣ ਲੱਗਾ, ਜ਼ਰੂਰ ਫਸਾਂਗੇ। ਹੋ ਸਕਦਾ ਏ ਰਾਮ ਸਿੰਘ ਵੀਰ ਜੀ ਜਾਂ ਜਿੰਦਰ ਹੀ ਉਸ ਪਾਸੇ ਆ

ਨਿਕਲਣ। ਅੰਦਰ ਬੈਠੀ ਸਿਮਰਜੀਤ ਨੂੰ ਉਹ ਕਿੱਥੇ ਛੁਪਾਏਗਾ? ਸਿਮਰਜੀਤ ਨੇ ਕਾਪੀ ਉੱਤੇ ਫਿਰ ਲਿਖ ਦਿੱਤਾ, 'ਜੇ ਤੁਸੀਂ ਕੱਲ੍ਹ ਕਮਰੇ' ਚ ਨਾ ਹੋਏ ਤਾਂ ਤੁਹਾਨੂੰ ਜ਼ਿੰਦਗੀ ਭਰ ਨਹੀਂ ਬੁਲਾਵਾਂਗੀ।'

'ਆ ਜਾਓ ਬਈ ਖਾਣਾ ਤਿਆਰ ਏ.... ਫਿਰ ਪੜ੍ਹ ਲੈਣਾ।' ਸਿਮਰਜੀਤ ਦੀ ਮੰਮੀ ਨੇ ਕਿਹਾ ਤਾਂ ਉਹ ਉੱਠ ਕੇ ਅੰਦਰ ਚਲੇ ਗਏ।

ਮਹਿਮਾਨਾਂ ਲਈ ਜਿਵੇਂ ਉਚੇਚ ਕਰ ਕੇ ਪੰਜਾਬੀ ਘਰਾਂ ਵਿਚ ਖਾਣਾ ਬਣਾਇਆ ਜਾਂਦਾ ਹੈ, ਉਵੇਂ ਸਭ ਕੁਝ ਬਣਾਇਆ ਹੋਇਆ ਸੀ। ਸਬਜ਼ੀ, ਦਾਲ਼, ਚਾਵਲ, ਫੁਲਕੇ, ਘਿਓ ਸ਼ੱਕਰ, ਸਲਾਦ, ਫਰੂਟ। ਦੇਵ ਨੇ ਢਿੱਡ ਭਰਕੇ ਖਾਧਾ ਤੇ ਕਿਹਾ, 'ਮੈਂ ਐਨਾ ਸੁਆਦੀ ਖਾਣਾ ਕਦੀ ਨਹੀਂ ਖਾਧਾ ਜੀ। ਢਿੱਡ ਭਰ ਗਿਆ ਏ ਪਰ ਜੀਅ ਕਰਦਾ ਏ ਖਾਈ ਜਾਵਾਂ।'

ਰਾਮ ਸਿੰਘ ਦੇ ਦੱਸਣ ਅਨੁਸਾਰ ਇੰਝ ਕਹਿਣ ਨਾਲ਼ ਘਰ ਦੀ ਸੁਆਣੀ ਖੁਸ਼ ਹੁੰਦੀ ਹੈ। ਖਾਣ-ਪੀਣ ਤੋਂ ਵਿਹਲੇ ਹੋ ਕੇ ਉਹ ਫਿਰ ਗੱਲਾਂ ਮਾਰਨ ਲੱਗ ਪਏ। ਦੇਵ ਬੋਲਿਆ, 'ਜਿਵੇਂ ਤੁਹਾਡੀ ਦਾਲ ਐਨੀ ਸੁਆਦੀ ਬਣੀ ਹੋਈ ਸੀ ਉਵੇਂ ਹੀ ਇਕ ਮਕਾਨ ਮਾਲਕਣ ਨੇ ਮਿਸਤਰੀ ਤੇ ਮਜ਼ਦੂਰਾਂ ਲਈ ਬਣਾ ਦਿੱਤੀ ਜਿਹੜੇ ਮਕਾਨ ਦੀ ਉਸਾਰੀ ਕਰ ਰਹੇ ਸਨ। ਮਿਸਤਰੀ ਬਾਰ ਬਾਰ ਦਾਲ਼ ਮੰਗੀ ਜਾਵੇ, ਔਰਤ ਤੰਗ ਆ ਗਈ। ਤਦੇ ਉਹਦਾ ਮੁੰਡਾ ਰੋਣ ਲੱਗ ਪਿਆ ਤਾਂ ਉਹ ਖਿਝ ਕੇ ਬੋਲੀ, ਚੁੱਪ ਕਰ ਜਾ। ਨਹੀਂ ਢੈਅ ਜਾਣੇ ਨੂੰ ਦਾਲ ਵਿਚ ਲਬੇ ੜ ਕੇ ਮਿਸਤਰੀ ਮੂਹਰੇ ਸੁੱਟ ਦੂੰ।'

ਚੁਟਕਲਾ ਸੁਣ ਕੇ ਖੂਬ ਹਾਸਾ ਮੱਚਿਆ। ਉਸ ਮਗਰੋਂ ਸਾਰੇ ਆਪੋ ਆਪਣੇ ਜੋਕ ਸੁਣਾਉਣ ਲੱਗ ਪਏ। ਇ੍ਹਨਾਂ ਦੀ ਤਾਂ ਕੋਈ ਹੱਦ ਹੀ ਨਹੀਂ ਸੀ। ਅਚਾਨਕ ਦੇਵ ਦਾ ਧਿਆਨ ਘੜੀ ਵੱਲ ਗਿਆ। ਨੌਂ ਵੱਜ ਚੁੱਕੇ ਸਨ। ਉਸ ਨੂੰ ਖਿਆਲ ਆਇਆ ਕਿ ਰੋਟੀ ਖਾਣ ਲਈ ਘਰ ਸੱਤ ਵਜੇ ਜਾਣਾ ਸੀ। ਉਹ ਉੱਠ ਖੜ੍ਹਾ ਹੋਇਆ। ਉਨ੍ਹਾਂ ਨੇ ਬਥੇਰਾ ਰੋਕਿਆ ਪਰ ਉਹ ਰੁਕਿਆ ਨਾ। ਆਪਣੇ ਘਰ ਦੀਆਂ ਪੌੜੀਆਂ ਚੜ੍ਹ ਅੰਦਰ ਵੜਿਆ ਤਾਂ ਜਿੰਦਰ ਬੋਲੀ, 'ਹੱਦ ਕਰ ਦਿੱਤੀ ਦੇਵ ਤੂੰ ਤਾਂ। ਕਿੱਥੋਂ ਆ ਰਿਹਾ ਏਂ ਹੁਣ? ਤੇਰੇ ਵੀਰ ਜੀ ਦੋ ਵਾਰ ਲੱਭ ਆਏ ਹੁਣ ਤੀਜੀ ਵਾਰ ਫਿਰ ਗਏ ਹੋਏ ਨੇ।'

'ਰਾਮੇਸ਼ਵਰ ਵੱਲ ਚਲਾ ਗਿਆ ਸੀ ਭਾਬੀ ਜੀ। ਉਸ ਨੇ ਜਬਰਦਸਤੀ ਰੋਟੀ ਵੀ ਖੁਆ ਦਿੱਤੀ।'

'ਕਿੰਨੇ ਵਜੇ ਗਿਆ ਸੀ?' ਉਸ ਨੇ ਪੁੱਛਿਆ।

'ਸਾਢੇ ਸੱਤ ਤੱਕ ਤਾਂ ਮੈਂ ਪੜ੍ਹਦਾ ਰਿਹਾ, ਉਸ ਮਗਰੋਂ ਗਿਆ ਸੀ।'

'ਕੀ ਖੁਆਇਆ ਰਮੇਸ਼ਵਰ ਨੇ?'

'ਉਹਨੇ ਕਿਹੜਾ ਮੁਰਗਾ ਬਣਾਉਣਾ ਏਂ। ਆਲੂ ਮਟਰਾਂ ਦੀ ਸਬਜ਼ੀ ਸੀ ਹਿੰਗ ਵਾਲ਼ੀ।' ਦੇਵ ਨੇ ਹੱਸ ਕੇ ਕਿਹਾ।

'ਸਵਾਦ ਨੀ ਲੱਗੀ?'

'ਨਹੀਂ, ਹੁਣ ਤਾਂ ਖਾ ਹੀ ਲਈਦੀ ਏ।'

ਦੇਵ ਕਮਰੇ' ਚ ਵੜ ਕੇ ਕੱਪੜੇ ਖੋਲ੍ਹਣ ਲੱਗਾ ਤਾਂ ਜਿੰਦਰ ਮਗਰ ਹੀ ਆ ਗਈ ਤੇ

ਬੋਲੀ, 'ਕੱਪੜੇ ਅਜੇ ਪਾਈ ਰੱਖ।'

'ਕੀ ਗੱਲ ਭਾਬੀ ਜੀ, ਕਿਧਰੇ ਜਾਣਾ ਏ?'

'ਆਹੋ।'

ਦੇਵ ਨੇ ਕਮੀਜ਼ ਦੇ ਬਟਨ ਮੁੜ ਬੰਦ ਕਰ ਲਏ ਤੇ ਪਲੰਘ ਤੇ ਬੈਠ ਗਿਆ। ਤਦੇ ਰਾਮ ਸਿੰਘ ਅੰਦਰ ਆਇਆ ਤੇ ਬੋਲਿਆ, 'ਉਹ ਪਤਾ ਨਹੀਂ ਕਿੱਥੇ ਆ? ਮੈਂ ਤਾਂ ਮਾਰਕੀਟ ਵੱਲ ਵੀ ਦੇਖ ਆਇਆ।'

'ਅੰਦਰ ਬੈਠਾ ਏ। ਪੁੱਛ ਲਓ ਉਸ ਨੂੰ।' ਜਿੰਦਰ ਬੋਲੀ।

'ਕਿੱਥੋਂ ਆ ਰਿਹਾ ਏਂ ਬਈ ਹੁਣ ਤੂੰ? ਸ਼ਰਮ ਹੈ ਭੋਰਾ?' ਉਹ ਬੋਲਿਆ।

ਦੇਵ ਨੇ ਸੋਚਿਆ ਕਿ ਉਹ ਅਮਰੀਕ ਸਿੰਘ ਵਾਲ਼ੇ ਕਵਾਰਟਰ ਵਿਚ ਉਸ ਨੂੰ ਦੇਖ ਕੇ ਆਏ ਹੋਣਗੇ। ਇਸੇ ਲਈ ਉਹ ਆਪਣੀ ਪਹਿਲਾਂ ਵਾਲ਼ੀ ਸਟੇਟਮੈਂਟ ਤੇ ਡਟਿਆ ਰਿਹਾ। ਉਹ ਬੋਲਿਆ, 'ਜੀ ਮੈਂ ਰਾਮੇਸ਼ਵਰ ਕੋਲ਼ ਚਲਾ ਗਿਆ ਸੀ।'

'ਕਿਉਂ ਕੁਫ਼ਰ ਤੋਲਦਾ ਏਂ? ਰਾਮੇਸ਼ਵਰ ਤਾਂ ਐਥੇ ਸੱਤ ਵਜੇ ਦਾ ਸਾਡੇ ਕੋਲ਼ ਆਇਆ ਬੈਠਾ ਸੀ। ਉਹ ਤਾਂ ਮੇਰੇ ਨਾਲ਼ ਛਿਆਸੀ ਬਲਾਕ ਤੱਕ ਵੀ ਗਿਆ। ਸੱਚ ਦੱਸ ਕਿੱਥੇ ਸੀ ਤੂੰ?'

ਦੇਵ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ।

'ਇਹ ਤਾਂ ਕਹਿੰਦਾ, ਮੈਂ ਰੋਟੀ ਵੀ ਨੀ ਖਾਣੀ। ਰਾਮੇਸ਼ਵਰ ਕੋਲ਼ ਖਾ ਕੇ ਆ ਰਿਹਾ ਏਂ।' ਜਿੰਦਰ ਨੇ ਦੱਸਿਆ।

'ਨਿੰਦਰ ਮਿਲ ਗਿਆ ਸੀ। ਸਰਬਜੋਤ ਭਾਪੇ ਦਾ ਮੁੰਡਾ। ਉਸ ਨੇ ਸਮੋਸੇ ਖੁਆ ਦਿੱਤੇ ਮਾਰਕੀਟ ਵਿਚ। ਫਿਰ ਅਸੀਂ ਜਮਨਾ ਵੱਲ ਘੁੰਮਣ ਚਲੇ ਗਏ।' ਉਸ ਨੇ ਕਿਹਾ।

'ਇਹ ਵੀ ਝੂਠ ਏ। ਨਿੰਦਰ ਤਾਂ ਕਿਸੇ ਦੀ ਵੱਢੀ ਉਂਗਲ਼ ਤੇ ਨਾ ਮੂਤੇ। ਤੈਨੂੰ ਸਮੋਸੇ ਕਿੱਥੋਂ ਖੁਆ ਦੇਵੇਗਾ? ਚੱਲ ਮੇਰੇ ਨਾਲ਼ ਪੁੱਛਦੇ ਹਾਂ ਉਸ ਨੂੰ।' ਰਾਮ ਸਿੰਘ ਨੇ ਕਿਹਾ।

ਦੇਵ ਜਿਵੇਂ ਧਰਤੀ ਵਿਚ ਨਿੱਘਰ ਗਿਆ ਤੇ ਨੀਵੀਂ ਪਾ ਲਈ। ਰਾਮ ਸਿੰਘ ਨੇ ਹਾਕੀ ਨੂੰ ਹੱਥ ਪਾਇਆ ਤਾਂ ਜਿੰਦਰ ਮੂਹਰੇ ਹੋ ਗਈ ਤੇ ਬੋਲੀ, 'ਪਹਿਲਾਂ ਬੇਅੰਤ ਲੜ ਕੇ ਗਿਆ ਸੀ ਮੇਰੇ ਨਾਲ਼। ਥੋੜੀ ਬਦਨਾਮੀ ਹੋਈ ਸੀ ਆਪਣੀ? ਹੁਣ ਇਹ ਦੌੜ ਜਾਵੇਗਾ। ਲੋਕ ਕਹਿਣਗੇ, ਜਿੰਦਰ ਹੀ ਮਾੜੀ ਏ। ਚਾਹੇ ਪੁੱਤਾਂ ਤੋਂ ਵੱਧ ਸਮਝ ਲਓ। ਕੌਣ ਆਪਣਾ ਬਣਦਾ ਏ।' ਜਿੰਦਰ ਅੱਖਾਂ ਭਰ ਆਈ।

ਹੁਣ ਤੱਕ ਦੇਵ ਅਸਲੀਅਤ ਇਸੇ ਲਈ ਛੁਪਾ ਰਿਹਾ ਸੀ ਕਿ ਜੇ ਉਨ੍ਹਾਂ ਨੂੰ ਕੈਪਟਨ ਕੋਲ਼ ਜਾਣ ਬਾਰੇ ਦੱਸ ਦਿੱਤਾ ਤਾਂ ਉਹ ਜ਼ਰੂਰ ਪੁੱਛਣਗੇ ਕਿ ਉੱਥੇ ਕੌਣ ਕੌਣ ਸੀ ਉਸਦੇ ਘਰ। ਹੌਲ਼ੀ-ਹੌਲ਼ੀ ਸਾਰਾ ਕੁਝ ਨੰਗਾ ਚਿੱਟਾ ਹੋ ਜਾਣਾ ਸੀ ਕਿ ਦੋ ਜਵਾਨ ਕੁੜੀਆਂ, ਜਿਨ੍ਹਾਂ' ਚੋਂ ਇਕ ਉਸਦੀ ਕਲਾਸ ਫੈਲੋ ਸੀ, ਦੀ ਵਜ੍ਹਾ ਕਰਕੇ ਹੀ ਉਹ ਉੱਥੇ ਗਿਆ ਸੀ। ਪਰ ਹੁਣ ਜਦੋਂ ਚਾਰੇ ਪਾਸਿਆਂ ਤੋਂ ਘਿਰ ਗਿਆ ਤਾਂ ਬੋਲਣਾ ਪਿਆ, 'ਵੀਰ ਜੀ ਮੈਂ ਕਾਲਜ ਵਾਲ਼ੇ ਕੈਪਟਨ ਸਾਹਬ ਦੇ ਘਰ ਚਲਾ ਗਿਆ ਸੀ, ਉਨ੍ਹਾਂ ਨੇ ਜਬਰਦਸਤੀ ਰੋਟੀ ਵੀ ਖੁਆ ਦਿੱਤੀ।'

'ਫੇਰ ਝੂਠ ਕਿਉਂ ਬੋਲ ਰਿਹਾ ਸੀ?'

ਦੇਵ ਨੇ ਕੋਈ ਉੱਤਰ ਨਾ ਦਿੱਤਾ। ਰਾਮ ਸਿੰਘ ਨੇ ਵੀ ਮੁੜ ਕੁਝ ਨਾ ਪੁੱਛਿਆ। ਜਿੰਦਰ ਰੋਟੀ ਮਗਰੋਂ ਉਸ ਨੂੰ ਦੁੱਧ ਦਾ ਕੱਪ ਦਿਆ ਕਰਦੀ ਸੀ। ਦੇਵ ਕੁਝ ਦੇਰ ਬੈਠਾ ਉਡੀਕਦਾ ਰਿਹਾ, ਜਦੋਂ ਉਹ ਉੱਠੀ ਹੀ ਨਾ ਤਾਂ ਉਹ ਉੱਠ ਖੜ੍ਹਾ ਹੋਇਆ ਤੇ ਬੋਲਿਆ, 'ਮੈਂ ਜਾਵਾਂ ਵੀਰ ਜੀ?'

'ਜਾਹ।' ਉਸ ਨੇ ਕਿਹਾ।

ਅਗਲੇ ਦਿਨ ਲਿਖੇ ਵਾਅਦੇ ਮੁਤਾਬਕ ਸ਼ਾਮ ਨੂੰ ਸਿਮਰਜੀਤ ਨੇ ਸੱਤ ਵਜੇ ਪਿਛਲੇ ਦਰ ਰਾਹੀਂ ਦੇਵ ਨੂੰ ਮਿਲਣ ਆਉਣਾ ਸੀ। ਰਾਤੀਂ ਹੋਈ ਕੁਪੱਤ ਨਾਲ਼ ਦੇਵ ਦਾ ਮੂਡ ਸਾਰਾ ਦਿਨ ਖ਼ਰਾਬ ਰਿਹਾ। ਉਸ ਨੂੰ ਇਸ ਗੱਲ ਦਾ ਧੁੜਕੂ ਰਿਹਾ ਕਿ ਜਿੰਦਰ ਹੁਣ ਸਾਰਾ ਭੇਤ ਕੱਢ ਲਵੇਗੀ। ਜੇ ਸਿਮਰਜੀਤ ਦੇ ਅੰਦਰ ਆਉਣ ਤੇ ਛਾਪਾ ਪੈ ਗਿਆ ਤਾਂ ਉਹ ਕੀ ਮੂੰਹ ਦਿਖਾਵੇਗਾ। ਉਹ ਸਿਮਰਜੀਤ ਨੂੰ ਮਿਲ ਕੇ ਆਪਣਾ ਕੀਤਾ ਵਾਅਦਾ ਵਾਪਸ ਲੈਣਾ ਚਾਹੁੰਦਾ ਸੀ, ਪਰ ਉਹ ਕਾਲਜ ਆਈ ਹੀ ਨਾ। ਕਾਲਜ ਤੋਂ ਵਾਪਸ ਆ ਕੇ ਦੇਵ ਅਮਰੀਕ ਸਿੰਘ ਦੇ ਕਵਾਰਟਰ ਵੱਲ ਜਾਣ ਦੀ ਥਾਂ ਜਮਨਾ ਕੰਢੇ ਬਾਬੇ ਕੋਲ਼ ਪੜ੍ਹਨ ਚਲਾ ਗਿਆ। ਦਿਨ ਛਿਪਿਆ ਤਾਂ ਘਰ ਆ ਗਿਆ। ਰੋਟੀ ਖਾਣ ਮਗਰੋਂ ਉਹ ਉੱਧਰ ਕਾਫ਼ੀ ਲੇਟ ਗਿਆ ਤੇ ਤਾਲ਼ਾ ਖੋਲ੍ਹਿਆ। ਬੱਤੀ ਜਗਾਈ ਨੌਂ ਵੱਜ ਚੁੱਕੇ ਸਨ। ਸਿਮਰਜੀਤ ਤਾਂ ਦੋ ਘੰਟੇ ਪਹਿਲਾਂ ਪਿਛਲਾ ਦਰ ਬੰਦ ਦੇਖ ਕੇ ਵਾਪਸ ਚਲੀ ਗਈ ਹੋਵੇਗੀ। ਦੇਵ ਨੇ ਠੀਕ ਕੀਤਾ ਜਾਂ ਗਲਤ, ਉਸ ਨੂੰ ਕੁਝ ਸਮਝ ਨਹੀਂ ਆ ਰਹੀ ਸੀ।

ਅਗਲੇ ਦਿਨਾਂ' ਚ ਦੇਵ ਸਿਮਰਜੀਤ ਨੂੰ ਮਿਲਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਉਹ ਟੇਢ ਵੱਟ ਕੇ ਉਸ ਕੋਲ਼ੋਂ ਲੰਘ ਜਾਂਦੀ, ਜਿਵੇਂ ਜਾਣਦੀ ਹੀ ਨਾ ਹੋਵੇ। ਇਕ ਦਿਨ ਫਿਜ਼ਿਕਸ ਲੈਬ ਵਿਚ ਉਹ ਉਸ ਦੇ ਨੇੜੇ ਜਾ ਕੇ ਬੋਲਿਆ, 'ਸਿਮਰਜੀਤ ਮੇਰੀ ਗੱਲ ਤਾਂ ਸੁਣ।'

ਸਿਮਰਜੀਤ ਨੇ ਉਸ ਦੀ ਗੱਲ ਸੁਣੀ ਹੀ ਨਾ। ਉਹ ਪਰੈਕਟੀਕਲ ਕਰਨ ਵਿਚ ਹੀ ਰੁਝੀ ਰਹੀ। ਅਮਰੀਕ ਸਿੰਘ ਦੇ ਪੰਜਾਬ ਤੋਂ ਵਾਪਸ ਆਉਣ ਵਿਚ ਚਾਰ ਪੰਜ ਦਿਨ ਬਾਕੀ ਰਹਿੰਦੇ ਸਨ। ਸ਼ਾਮ ਦਾ ਵੇਲਾ ਸੀ। ਦੇਵ ਦਰਵਾਜ਼ੇ ਵਿਚ ਕੁਰਸੀ ਡਾਹੀ ਪੜ੍ਹ ਵੀ ਰਿਹਾ ਸੀ ਤੇ ਸਿਮਰਜੀਤ ਦੇ ਚੁਬਾਰੇ ਦੀ ਖਿੜਕੀ ਵੱਲ ਵੀ ਉਸ ਨੇ ਆਪਣਾ ਧਿਆਨ ਜੋੜਿਆ ਹੋਇਆ ਸੀ। ਉਸ ਦਾ ਖਿਆਲ ਸੀ ਕਿ ਜੇ ਉਹ ਖਿੜਕੀ ਵਿਚ ਆ ਕੇ ਖੜ੍ਹੀ ਤਾਂ ਉਸ ਉਸ ਨੂੰ ਵਿਸ਼ ਕਰੇਗਾ। ਉਸੇ ਵੇਲ਼ੇ ਇਕ ਅੱਠ ਨੌਂ ਸਾਲ ਦਾ ਮੁੰਡਾ ਉਸ ਨੂੰ ਕਣਤਾਉਣ ਲੱਗ ਪਿਆ। ਉਸ ਕੋਲ਼ ਪਲਾਸਟਿਕ ਦਾ ਇਕ ਵਾਜਾ ਸੀ। ਘੜੀ ਕੁ ਬਾਅਦ ਉਹ ਆਉਂਦਾ ਤੇ ਦਰਵਾਜ਼ੇ ਮੂਹਰੇ ਖੜ੍ਹ ਕੇ 'ਪੌਂ-ਪੌਂ" ਕਰਕੇ ਦੌੜ ਜਾਂਦਾ। ਉਹ ਉੱਠ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਤਾਂ ਉਹ ਥੋੜ੍ਹੀ ਦੂਰ ਖੜ੍ਹ ਕੇ ਜੀਭਾਂ ਕੱਢ ਕੱਢ ਉਸ ਨੂੰ ਚਿੜਾਉਣ ਲੱਗ ਪੈਂਦਾ। ਦੇਵ ਨੇ ਉੱਠ ਕੇ ਦਰਵਾਜ਼ੇ ਮੂਹਰੇ ਪਰਦਾ ਤਾਣ ਦਿੱਤਾ, ਉਹ ਫੇਰ ਵੀ ਨਾ ਹਟਿਆ। ਕਿਸੇ ਪਾਸਿਓਂ ਉਸ ਦਾ ਵਾਜਾ ਨਿਕਲ਼ਦਾ ਤੇ ਉਹ 'ਪੌਂ-ਪੌਂ" ਕਰ ਕੇ ਦੌੜ ਜਾਦਾ। ਜਦੋਂ ਗੁੱਸੇ ਦਾ ਪਾਰਾ ਕਾਫ਼ੀ ਚੜ੍ਹ ਗਿਆ ਤਾਂ ਦੇਵ ਨੇ ਉਸ ਨੂੰ ਫੜ ਕੇ ਅਕਲ ਸਿਖਾਉਣੀ ਚਾਹੀ। ਉਹ ਦਰਵਾਜ਼ਾ ਓੜ੍ਹਕ ਕੇ ਮਗਰ ਖੜ੍ਹ ਗਿਆ। ਹੁਣ ਜਦੋਂ ਮੁੰਡਾ ਆਇਆ ਤਾਂ ਦੇਵ ਨੇ ਉਸ ਦੀ

ਬਾਂਹ ਫੜ ਕੇ ਕਮਰੇ ਅੰਦਰ ਖਿੱਚ ਲਿਆ। ਪਹਿਲਾਂ ਤਾਂ ਉਸ ਦਾ ਵਾਜਾ ਖੋਹ ਕੇ ਟੋਟੇ ਟੋਟੇ ਕੀਤਾ, ਫਿਰ ਉਸ ਦੇ ਦੋ ਤਿੰਨ ਥੱਪੜ ਲਾਏ। ਮੁੰਡਾ ਉੱਚੀ ਉੱਚੀ ਰੋਣ ਲੱਗ ਪਿਆ ਤਾਂ ਉਸ ਨੇ ਉਸ ਨੂੰ ਟਾਇਲਟ ਵਿਚ ਹੁੜਬ ਦਿੱਤਾ। ਕੁਝ ਦੇਰ ਚੀਕਣ ਮਗਰੋਂ ਉਹ ਚੁੱਪ ਕਰ ਗਿਆ। ਥੋੜ੍ਹੀ ਦੇਰ ਬਾਅਦ ਦੇਵ ਨੇ ਉਸ ਨੂੰ ਬਾਹਰ ਕੱਢਿਆਂ ਤਾਂ ਉਹ ਗੰਦੀਆਂ ਗਾਹਲਾਂ ਬਕਣ ਲੱਗ ਪਿਆ। ਦੇਵ ਨੇ ਉਸ ਦੇ ਇਕ ਦੋ ਥੱਪੜ ਮਾਰੇ ਤੇ ਭਜਾ ਦਿੱਤਾ। ਮੁੰਡਾ ਰੋਂਦਾ ਹੋਇਆ ਬਾਹਰ ਦੌੜ ਗਿਆ।

ਦੇਵ ਨੇ ਸੋਚਿਆ ਕਿ ਹੁਣ ਉਹ ਆਪਣੀ ਹੋਈ ਮਾਰ ਕੁੱਟ ਦੀ ਸ਼ਿਕਾਇਤ ਘਰ ਕਰੇ ਗਾ ਤੇ ਉਸ ਦੇ ਮਾਪੇ ਉਲਾਂਭਾ ਲੈ ਕੇ ਆਉਣਗੇ। ਉਸ ਨੇ ਪਿਛਲਾ ਦਰ ਖੋਹਲ ਦਿੱਤਾ ਤੇ ਅਗਲੇ ਵਾਲ਼ੇ ਨੂੰ ਤਾਲਾ ਲਾਕੇ ਪਿੱਛੇ ਅੰਦਰ ਆ ਗਿਆ। ਉਸ ਨੇ ਰਸੋਈ ਵਾਲ਼ਾ ਦਰ ਵੀ ਅੰਦਰੋਂ ਬੰਦ ਕਰ ਲਿਆ ਤੇ ਟੇਬਲ ਲੈਂਪ ਲਾ ਕੇ ਪੜ੍ਹਨ ਬੈਠ ਗਿਆ। ਐਨੇ ਨੂੰ ਗੁਰਦੁਆਰੇ ਦਾ ਸਪੀਕਰ ਬੋਲ ਪਿਆ ਤੇ ਤਰਲੋਚਨ ਸਿੰਘ ਰਹਿਰਾਸ ਸਾਹਬ ਦਾ ਪਾਠ ਕਰਨ ਲੱਗ ਪਿਆ। ਗੁਰਦੁਆਰੇ ਦਾ ਸਪੀਕਰ ਬੰਦ ਹੋਣ ਤਕ ਬਾਹਰ ਹਨੇਰਾ ਹੋ ਚੁੱਕਾ ਸੀ। ਦੇਵ ਰੋਟੀ ਖਾਣ ਜਾਣ ਲਈ ਪਿੱਛੋਂ ਘੁੰਮ ਕੇ ਬਾਹਰ ਲੱਗਾ ਤਾਲ਼ਾ ਖੋਲ੍ਹਣ ਦੀ ਸੋਚ ਹੀ ਰਿਹਾ ਸੀ ਕਿ ਰਸੋਈ ਵੱਲ 'ਚਿਰੜ, ਚਿਰੜ' ਦੀ ਅਵਾਜ਼ ਸ਼ੁਰੂ ਹੋ ਗਈ। ਬਿਨਾਂ ਬੱਤੀ ਜਗਾਏ ਉਸ ਨੇ ਰਸੋਈ ਦੇ ਦਰ ਦੀਆਂ ਵਿਰਲ਼ਾਂ ਥਾਣੀਂ ਬਾਹਰ ਦੇਖਿਆ। ਨਿਸ਼ਾਨ ਸਾਹਬ ਉੱਤੇ ਜਗਦੇ ਬੱਲਵ ਦੀ ਰੋਸ਼ਨੀ ਵਿਹੜੇ ਵਿਚ ਪੈ ਰਹੀ ਸੀ ਤੇ ਕੋਈ ਬੰਦਾ ਆਰੀ ਨਾਲ਼ ਰਸੋਈ ਦਾ ਕੁੰਡਾ ਵੱਢਣ ਲੱਗਾ ਹੋਇਆ ਸੀ। ਉਸ ਨੂੰ ਇਕ ਬੰਦਾ ਪਿਛਲੇ ਦਰ ਦੇ ਲਾਗੇ ਖੜ੍ਹਾ ਦਿਖਾਈ ਦਿੱਤਾ। ਕਮਰੇ ਨੂੰ ਬਾਹਰੋਂ ਤਾਲ਼ਾ ਲੱਗਾ ਹੋਣ ਕਰਕੇ ਉਸ ਪਾਸੇ ਨੂੰ ਬਾਹਰ ਜਾ ਕੇ ਰੌਲ਼ਾ ਪਾਉਣਾ ਸੰਭਵ ਨਹੀਂ ਸੀ। ਸੋ ਦੇਵ ਨੇ ਅੰਦਰੋਂ ਹੀ ਉੱਚੀ ਦੇਣੇ ਕਿਹਾ, 'ਕਿਹੜਾ ਏ ਉਇ?'

ਉਸ ਨੂੰ ਅੰਦਰੋਂ ਹੀ ਦੌੜਦੇ ਕਦਮਾਂ ਦੀ ਅਵਾਜ਼ ਸੁਣਾਈ ਦਿੱਤੀ। ਉਸ ਨੇ ਪਿਛਲਾ ਦਰਵਾਜ਼ਾ ਖੋਲ੍ਹ 'ਫੜੋ ਫੜੋ ਚੋਰ ਚੋਰ' ਕਹਿ ਕੇ ਸ਼ੋਰ ਕਰਨਾ ਸ਼ੁਰੂ ਕਰ ਦਿੱਤਾ। ਪਤਾ ਹੀ ਨਾ ਲੱਗਾ ਕਿ ਕਦੋਂ, ਕਿਸ ਪਾਸੇ ਦੋਨੋਂ ਚੋਰ ਦੌੜ ਗਏ। ਉਸ ਦਾ ਸ਼ੋਰ ਸੁਣ ਕੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਤੇ ਦੇਵ ਉਨ੍ਹਾਂ ਨੂੰ ਉਨ੍ਹਾਂ ਦਾ ਪਿੱਛੇ ਰਹਿ ਗਿਆ ਝੋਲ਼ਾ ਦਿਖਾਉਣ ਲੱਗ ਪਿਆ, ਜਿਸ ਵਿਚ ਕਟਰ? ਪਲਾਸ ਬਗੈਰਾ ਪਏ ਸਨ। ਉਹ ਅਜੇ ਲੋਕਾਂ ਨੂੰ ਦੱਸ ਹੀ ਰਿਹਾ ਸੀ ਕਿ ਭੀੜ ਵਿੱਚੋਂ ਇਕ ਔਰਤ ਉਸ ਉੱਤੇ ਟੁੱਟ ਪਈ ਤੇ ਬੋਲਣ ਲੱਗ ਪਈ। 'ਲੁੱਚੇ, ਲਫੰਗੇ, ਬਦਮਾਸ਼ ਤੂੰ ਬਾਹਰੋਂ ਤਾਲ਼ਾ ਲਾ ਕੇ ਅੰਦਰ ਲੁਕਿਆ ਬੈਠਾ ਏਂ? ਬੋਲ ਤੂੰ ਮੇਰੇ ਮੁੰਡੇ ਨੂੰ ਕਿਉਂ ਬੰਦ ਕੀਤਾ ਸੀ ਅੰਦਰ?'

ਫਿਰ ਇਕ ਹੋਰ ਬੰਦਾ ਆ ਕੇ ਉਸ ਨੂੰ ਧੱਕੇ ਮਾਰਨ ਲੱਗ ਪਿਆ। ਸਿਮਰਜੀਤ, ਕਮਲ ਤੇ ਉਨ੍ਹਾਂ ਦਾ ਪਿਓ ਕੈਪਟਨ ਵੀ ਉੱਥੇ ਪਹੁੰਚ ਗਏ। ਉਹ ਆਉਂਦਾ ਹੀ ਬੋਲਿਆ, 'ਇਹ ਚੱਕਰ ਕੀ ਏ? ਗੱਲ ਤਾਂ ਦੱਸੋ?'

'ਅੰਕਲ ਜੀ ਦੋ ਚੋਰ ਪਿਛਲੇ ਪਾਸਿਓਂ ਅੰਦਰ ਵੜ ਕੇ ਰਸੋਈ ਦਾ ਕੁੰਡਾ ਵੱਢਣ ਲੱਗ ਪਏ ਸਨ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਮੈਂ ਅੰਦਰ ਹੀ ਬੈਠਾ ਪੜ੍ਹਦਾ ਸਾਂ।'

'ਬਕਵਾਸ ਕਰ ਰਿਹਾ ਏ ਇਹ। ਮੇਰੇ ਮੈਂਟੂ ਨੂੰ ਅੰਦਰ ਬੰਦ ਕਰ ਕੇ ਇਸ ਨੇ ਪਤਾ

ਨਹੀਂ ਉਸ ਨਾਲ਼ ਕੀ ਕਰਨਾ ਚਾਹਿਆ। ਉਹ ਤਾਂ ਮਸੀਂ ਬਚ ਕੇ ਗਿਆ ਏ ਇਸ ਤੋਂ। ਡਰਦੇ ਨੇ ਲਾਇਆ ਏ ਤਾਲ਼ਾ ਬਾਹਰ ਵਾਲ਼ਾ।' ਔਰਤ ਨੇ ਕਿਹਾ।

'ਮੈਂ ਕਿੰਨੇ ਹੀ ਚੱਕਰ ਮਾਰ ਲਏ। ਬੰਦ ਤਾਲਾ ਦੇਖ ਮੁੜਦਾ ਰਿਹਾ। ਇਸਦੇ ਮਨ' ਚ ਪਾਪ ਸੀ ਤੇ ਇਸ ਨੇ ਬੱਚੇ ਨੂੰ ਫੜਿਆ।' ਹੁਣ ਉਹੀ ਧੱਕੇ ਮਾਰਨ ਵਾਲ਼ਾ ਬੰਦਾ ਬੋਲਿਆ।

ਮੁੰਡੇ ਵਾਲ਼ੀ ਗੱਲ ਨੇ ਚੋਰਾਂ ਵਾਲ਼ੀ ਗੱਲ ਨੂੰ ਦਬਾ ਲਿਆ। ਦੇਵ ਆਪਣੀ ਸਫਾਈ ਪੇਸ਼ ਕਰਦਾ ਰਿਹਾ। ਭੀੜ ਵਿਚ ਵੀ ਹੋ-ਹੋ ਹੁੰਦੀ ਰਹੀ। ਲੋਕ ਦੇਵ ਨੂੰ ਪੁਲ਼ਸ ਹਵਾਲੇ ਕਰਨ ਦੀਆਂ ਗੱਲਾਂ ਵੀ ਕਰਦੇ ਰਹੇ। ਕੈਪਟਨ ਨੇ ਅੱਗੇ ਵਧ ਕੇ ਦੇਵ ਦਾ ਮੋਢਾ ਫੜਿਆ ਤੇ ਬੋਲਿਆ, 'ਦੇਵ, ਸੱਚ ਸੱਚ ਦੱਸ ਗੱਲ ਕੀ ਸੀ?'

ਦੇਵ ਨੇ ਮੁੱਢੋਂ ਸਾਰੀ ਕਹਾਣੀ ਬਿਆਨ ਕਰ ਦਿੱਤੀ। ਕੈਪਟਨ ਬੋਲਿਆ, 'ਉਸ ਮੁੰਡੇ ਨੂੰ ਬੁਲਾਓ।'

ਮੁੰਡਾ ਵੀ ਆ ਗਿਆ। ਕੈਪਟਨ ਨੇ ਕਿਹਾ, 'ਹਾਂ ਬਈ ਕਾਕਾ ਕੀ ਗੱਲ ਹੋਈ ਸੀ?'

'ਜੀ ਮੈਨੂੰ ਇਹਨੇ ਕੁੱਟਿਆ ਤੇ ਵਾਜਾ ਤੋੜ' ਤਾ। ਟੱਟੀ' ਚ ਬੰਦ ਵੀ ਕੀਤਾ। ਫੇਰ ਮੈਨੂੰ ਭਜਾ ਦਿੱਤਾ।'

'ਸੁਣ ਲਿਆ ਬੀਬੀ, ਜੋ ਤੁਸੀਂ ਕਹਿ ਰਹੇ ਹੋ, ਉਹ ਗੱਲ ਨਹੀਂ। ਇਹ ਪਸ਼ੂ ਨਹੀਂ ਕੋਈ। ਪੜ੍ਹਿਆ ਲਿਖਿਆ ਮੁੰਡਾ ਏ। ਤੁਸੀਂ ਆਪਣੇ ਬੱਚੇ ਨੂੰ ਸਮਝਾਓ ਜਿਹੜਾ ਬਾਰ ਬਾਰ ਤੰਗ ਕਰ ਰਿਹਾ ਸੀ।' ਕੈਪਟਨ ਨੇ ਕਿਹਾ।

'ਫਿਰ ਇਸ ਨੇ ਮੈਂਟੂ ਨੂੰ ਕੁੱਟਿਆ ਕਿਉਂ?' ਔਰਤ ਬੋਲੀ।

'ਹੁਣ ਤੁਸੀਂ ਸੱਚ ਜਾਣੇ ਬਿਨਾਂ ਉਸ ਦੀ ਧੂਹ-ਘੜੀਸ ਕੀਤੀ ਤੁਹਾਡੀ ਵੀ ਗਲਤੀ ਹੈ। ਗੁੱਸੇ ਵਿਚ ਹੋ ਜਾਂਦਾ ਏ ਸਭ।'

ਭੀੜ' ਚ ਖੜ੍ਹੇ ਲੋਕ ਹੱਸਣ ਲੱਗ ਪਏ। ਗੱਲ ਆਈ ਗਈ ਹੋ ਗਈ। ਲੋਕ ਘਰੋ ਘਰੀ ਚਲੇ ਗਏ। ਚੋਰਾਂ ਦੀ ਵੀ ਮੁੜਕੇ ਕਿਸੇ ਨੇ ਗੱਲ ਨਾ ਕੀਤੀ।

ਕਮਲ ਬੋਲੀ, 'ਭਾਅ ਜੀ ਤੁਸੀਂ ਘਰ ਆਓ ਸਾਡੇ।' ਦੇਵ ਨੇ ਤਾਲਾ ਖੋਲ੍ਹਿਆ। ਅੰਦਰੋਂ ਕੁੰਡੇ ਬੰਦ ਕੀਤੇ ਤੇ ਉਨ੍ਹਾਂ ਨਾਲ਼ ਉਨ੍ਹਾਂ ਦੇ ਘਰ ਚਲਾ ਗਿਆ। ਚਾਹ ਪੀਣ ਮਗਰੋਂ ਦੇਵ ਨੇ ਸਿਮਰਜੀਤ ਨੂੰ ਕਿਹਾ, 'ਸਿਮਰ ਕੁਝ ਪਰਾਬਲਮਜ਼ ਨੇ ਫਜ਼ਿਕਸ ਦੀਆਂ, ਮਦਦ ਕਰੋਗੇ?'

ਸਿਮਰਜੀਤ ਹੁਣ ਤੱਕ ਕੁਝ ਨਹੀਂ ਸੀ ਬੋਲੀ, ਉਸ ਨੂੰ ਦੇਵ ਲਾਗੇ ਬੈਠਣਾ ਪਿਆ। ਦੇਵ ਨੇ ਕਾਗਜ਼ ਉੱਤੇ ਮਾਫ਼ੀਨਾਵਾਂ ਲਿਖਿਆ ਤਾਂ ਸਿਮਰਜੀਤ ਮੰਨ ਗਈ ਤੇ ਉਸ ਨੇ ਵੀ 'ਠੀਕ ਏ' ਲਿਖ ਦਿੱਤਾ।

ਆਗਰਾ ਕਾਲਜ ਦੀ ਸਾਲਾਨਾ ਕਨਵੋਕੇਸ਼ਨ ਮੌਕੇ ਰਿਟਾਇਰਡ ਜਨਰਲ ਕਰਿਅੱਪਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਉਨ੍ਹਾਂ ਨੇ ਡਿਗਰੀਆਂ ਤਾਂ ਵੰਡੀਆਂ ਹੀ। ਉਨ੍ਹਾਂ ਦੇ ਹੱਥੋਂ ਚੰਗੀ ਕਾਰਗੁਜ਼ਾਰੀ ਵਾਲ਼ੇ ਐਸ. ਸੀ. ਸੀ. ਆਰ. ਦੇ ਪੰਜ ਕੈਡਿਟਾਂ ਨੂੰ ਕੱਪ ਵੀ ਦੁਆਏ ਗਏ। ਜਿਨ੍ਹਾਂ ਵਿਚ ਦੇਵ ਦਾ ਨਾਂ ਪਹਿਲੇ ਨੰਬਰ ਤੇ ਸੀ। ਜਨਰਲ ਦੇ ਆਉਣ ਸਮੇਂ ਜਿਹੜੇ ਪੰਦਰਾਂ ਕੈਡਿਟਾਂ ਨੇ ਸਲਾਮੀ ਦਿੱਤੀ ਸੀ, ਉਸ ਦੀ ਅਗਵਾਈ ਦੇਵ ਨੇ ਕੀਤੀ। ਪਰੇਡ ਦਾ ਨਿਰੀਖਣ ਕਰਨ ਸਮੇਂ ਜਨਰਲ ਕਰਿਅੱਪਾ ਨੇ ਉਸ ਦੇ ਮੋਢੇ ਤੇ ਹੱਥ ਰੱਖ ਕੇ ਪੁੱਛਿਆ,

'ਸਰਦਾਰ ਲੋਗੋਂ ਪਰ ਦੇਸ਼ ਕੋ ਬਹੁਤ ਗਰਵ ਹੈ। ਤੁਮ ਦੇਸ਼ ਕੀ ਰਕਸ਼ਾ ਕੈਸੇ ਕਰਨੀ ਚਾਹੋਗੇ ?'

'ਫੌਜ ਮੇਂ ਭਰਤੀ ਹੋ ਕਰ ਸਰ। ਦੁਸ਼ਮਨ ਕਾ ਸਫਾਇਆ ਕਰਕੇ।' ਦੇਵ ਨੇ ਛਾਤੀ ਫੁਲਾ ਕੇ ਕਿਹਾ ਸੀ।

ਪਰ ਦੇਵ ਦਾ ਇਹ ਜਵਾਬ ਝੂਠ ਦਾ ਪੁਲੰਦਾ ਹੀ ਸੀ। ਦੇਵ ਨੇ ਤਾਂ ਫੌਜ ਵਿਚ ਕਦੀ ਵੀ ਨਾ ਜਾਣ ਦਾ ਫੈਸਲਾ ਕਰ ਲਿਆ ਸੀ। ਉਸ ਨੇ 'ਰੈਗੂਲਰ ਅਟੈਚਮੈਂਟ ਟੂ ਆਰਮੀ' ਵਾਲ਼ਾ ਕੈਂਪ ਵੀ ਅਟੈਂਡ ਨਹੀਂ ਸੀ ਕੀਤਾ। ਸਾਲਾਨਾ ਪੇਪਰ ਸਿਰ ਤੇ ਸਨ। ਕੈਂਪ ਵਾਲ਼ੀ ਚਿੱਠੀ ਉਸ ਨੇ ਫਾੜ ਕੇ ਹੀ ਸੁੱਟ ਦਿੱਤੀ। ਅਵਾਰਡ ਵਿਚ ਮਿਲਿਆ ਪਿੱਤਲ ਦਾ ਕੱਪ ਉਸ ਨੇ ਬੱਚਿਆਂ ਨੂੰ ਖੇਡਣ ਲਈ ਦੇ ਦਿੱਤਾ। ਕੈਪਟਨ ਕਸ਼ਮੀਰਾ ਸਿੰਘ ਨੇ ਉਸ ਨੂੰ ਦਫ਼ਤਰ ਬੁਲਾ ਕੇ ਕੈਂਪ ਅਟੈਂਡ ਕਰਨ ਲਈ ਕਿਹਾ ਪਰ ਉਹ ਨਾ ਮੰਨਿਆ। ਉਸ ਨੇ ਦੇਵ ਦੀ ਸੈਕੰਡ ਲੈਫਟੀਨੈਂਟ ਵਜੋਂ ਚੋਣ ਵਿਚ ਵੀ ਪੂਰੀ ਮਦਦ ਕਰਨ ਦਾ ਭਰੋਸਾ ਦਿੱਤਾ। ਇਹ ਵੀ ਕਿਹਾ ਕਿ ਉਹ ਆਪਣੀਆਂ ਦੋਨਾਂ ਧੀਆਂ ਦੇ ਵਿਆਹ ਮਿਲਟਰੀ ਅਫ਼ਸਰਾਂ ਨਾਲ਼ ਕਰੇਗਾ ਤੇ ਪੰਜਾਬ ਵਿਚਲੀ ਆਪਣੀ ਦਸ ਏਕੜ ਜ਼ਮੀਨ ਦੋਨਾਂ ਲੜਕੀਆਂ ਦੇ ਨਾਂ ਕਰਵਾ ਦੇਵੇਗਾ।

ਸਿਮਰਜੀਤ ਦੇ ਘਰ ਦੇਵ ਦਾ ਦਵਾਰਾ ਆਉਣ ਜਾਣ ਤਾਂ ਸ਼ੁਰੂ ਹੋ ਹੀ ਗਿਆ ਸੀ। ਇਕ ਦਿਨ ਉਹ ਉਨ੍ਹਾਂ ਦੀਆਂ ਪੌੜੀਆਂ ਉਤਰ ਆਪਣੇ ਘਰ ਜਾਣ ਲੱਗਾ ਸੀ ਕਿ ਉਸ ਨੂੰ ਉਹੀ ਕਿਰਪਾਲ ਸਿੰਘ ਨਾਂ ਦਾ ਬੰਦਾ ਮਿਲ ਗਿਆ ਜਿਸ ਨੇ ਕੈਂਪ ਤੋਂ ਵਾਪਸ ਮੁੜੇ ਨੂੰ ਰਿਕਸ਼ਾ ਰੋਕ ਕੇ ਗਿਆਨੀ ਜੀ ਦੀ ਵਹੁਟੀ ਜੋਧ ਕੌਰ ਬਾਰੇ ਸੂਹ ਕੱਢਣ ਦੀ ਕੋਸ਼ਿਸ਼ ਕੀਤੀ ਸੀ। ਉਹ ਬੋਲਿਆ, 'ਆ ਬਈ ਪੜ੍ਹਾਕੂਆ, ਐਧਰ ਕਿੱਧਰੋਂ?'

'ਅੰਕਲ ਜੀ ਕੈਪਟਨ ਕਸ਼ਮੀਰਾ ਸਿੰਘ ਦੇ ਘਰੋਂ ਆਇਆ ਹਾਂ।'

'ਸੁੱਖ ਏ? ਕੀ ਕੰਮ ਸੀ?'

'ਵੈਸੇ ਹੀ ਮਿਲਣ ਚਲਾ ਗਿਆ ਸੀ।'

'ਕੋਈ ਹੋਰ ਚੱਕਰ ਤਾਂ ਨਹੀਂ?'

'ਚੱਕਰ ਕੀ ਹੋਣਾ ਏਂ ਅੰਕਲ ਜੀ?'

'ਕੀਰਤਨ ਬੜਾ ਵਧੀਆ ਕਰਦੀਆਂ ਨੇ ਉਹਦੀਆਂ ਕੁੜੀਆਂ।' ਉਹ ਬੋਲਿਆ।

'ਅੱਛਿਆ ਜੀ? ਕਰਦੀਆਂ ਹੋਣਗੀਆਂ।'

'ਤੈਨੂੰ ਕਿਸੇ ਗੱਲ ਦਾ ਪਤਾ ਏ?'

'ਕਿਹੜੀ ਗੱਲ ਦਾ ਜੀ? ਜੋਧ ਕੋਰ ਵਾਲ਼ੀ ਦਾ?'

'ਨਹੀਂ ਨਹੀਂ.... ਕੀਰਤਨ ਕਰਨਾ ਤੇ ਤਬਲਾ ਵਜਾਉਣਾ ਇ੍ਹਨਾਂ ਨੇ 'ਇਲਾਈਟ ਮਿਊਜ਼ਿਕ ਸੈਂਟਰ' ਵਾਲ਼ੇ ਤਪਤੇਜ਼ ਸਿੰਘ ਤੋਂ ਸਿੱਖਿਆ ਸੀ। ਜਾਣਦਾ ਏਂ ਕੌਣ ਏ ਤਪਤੇਜ਼ ਸਿੰਘ?'

'ਤੁਸੀਂ ਦੱਸ ਤਾਂ ਦਿੱਤਾ।'

'ਨਹੀਂ ਨਹੀਂ ਵਿਚਲੀ ਗੱਲ ਨਹੀਂ ਤੈਨੂੰ ਪਤਾ।'

ਉਸ ਨੇ ਦੱਸਿਆ ਕਿ ਦੋ ਕੁ ਸਾਲ ਪਹਿਲਾਂ ਤਪਤੇਜ਼ ਸਿੰਘ ਕੈਪਟਨ ਦੀ ਵੱਡੀ ਕੁੜੀ

ਨੂੰ ਘਰੋਂ ਭਜਾ ਲੈ ਗਿਆ ਸੀ। ਪੰਜ ਦਿਨਾਂ ਮਗਰੋਂ ਘਰ ਮੁੜੀ ਸੀ ਉਹ। ਇਹ ਗੱਲ ਤਾਂ ਸਾਰੀ ਕਾਲੋਨੀ ਨੂੰ ਪਤਾ ਸੀ। ਦੇਵ ਨੂੰ ਕਿਉਂ ਨਹੀਂ ਸੀ ਪਤਾ। ਕੈਪਟਨ ਉਸ ਨਾਲ਼ ਕੁੜੀ ਪੱਕੇ ਤੌਰ ਤੇ ਹੀ ਤੋਰ ਦੇਣੀ ਚਾਹੁੰਦਾ ਸੀ, ਪਰ ਉਹ ਤਾਂ ਭੌਰਾ ਸੀ, ਮੰਨਿਆ ਨਹੀਂ ਸੀ।

'ਆਪਾਂ ਕੀ ਲੈਣਾ ਏਂ ਅੰਕਲ ਜੀ... ਮੈਂ ਤਾਂ ਐਨ. ਸੀ. ਸੀ. ਦਾ ਕੋਈ ਫਾਰਮ ਦੇਣ ਗਿਆ ਸੀ।' ਦੇਵ ਉਸ ਕੋਲ਼ੋਂ ਤੁਰ ਪਿਆ।

ਦੇਵ ਨੇ ਸੋਚਿਆ ਕਿ ਕਿਰਪਾਲ ਸਿੰਘ ਬੇਥਵੀਆਂ ਮਾਰ ਰਿਹਾ ਸੀ। ਫਿਰ ਵੀ ਉਸ ਦੀ ਗੱਲ ਦੇਵ ਦੇ ਦਿਲ ਵਿਚ ਕਿਰਚ ਵਾਂਗ ਖੁੱਭ ਗਈ। ਉਹ ਸੋਚਣ ਲੱਗਾ ਕਿ ਹੋ ਸਕਦਾ ਹੈ, ਇਹ ਗੱਲ ਸੱਚ ਹੀ ਹੋਵੇ। ਉਸ ਮਗਰੋਂ ਜਦੋਂ ਵੀ ਸਿਮਰਜੀਤ ਦੇਵ ਦੇ ਸਾਮ੍ਹਣੇ ਆਉਂਦੀ ਤਾਂ ਤਪਤੇਜ਼ ਸਿੰਘ ਦਾ ਕਲਪਿਤ ਚਿਹਰਾ ਉਸਨੂੰ ਦਿਸਣ ਲੱਗ ਪੈਂਦਾ। ਇਕ ਖਲਨਾਇਕ ਦਾ ਚਿਹਰਾ ਜਿਹੜਾ ਦੇਵ ਨੂੰ ਬੜਾ ਸਤਾਉਂਦਾ।

**00**

# ਤਰਿਆਸੀ

ਬੀ. ਐਸਸੀ. ਫਾਈਨਲ ਦੇ ਪੱਕੇ ਪੇਪਰਾਂ ਦੀ ਡੇਟਸ਼ੀਟ ਆਈ ਤਾਂ ਦੇਵ ਨੇ ਬੇਅੰਤ ਨੂੰ ਇਸ ਬਾਰੇ ਖਤ ਪਾ ਦਿੱਤਾ। ਜਿਸ ਦਿਨ ਉਸ ਨੇ ਪਰੈਕਟੀਕਲਾਂ ਤੋਂ ਵਿਹਲੇ ਹੋਣਾ ਸੀ, ਉਹ ਮਿਤੀ ਵੀ ਦੱਸ ਦਿੱਤੀ। ਉਸ ਨੇ ਦੇਵ ਨੂੰ ਪਹਿਲਾਂ ਹੀ ਇਹ ਗੱਲ ਦੱਸੀ ਹੋਈ ਸੀ ਕਿ ਉਹ ਵੱਡੇ ਅਫ਼ਸਰਾਂ ਤੱਕ ਆਪਣੀ ਰਸਾਈ ਰੱਖਦਾ ਸੀ, ਉਹ ਜਦੋਂ ਚਾਹੇਗਾ ਉਸ ਦੀ ਛੁੱਟੀ ਮੰਜ਼ੂਰ ਹੋ ਜਾਵੇਗੀ। ਅਫ਼ਸਰਾਂ ਦੀ ਨੇੜਤਾ ਜਾਂ ਕਹਿ ਲਵੋ ਚਮਚਾਗੀਰੀ ਕਰਕੇ ਹੀ ਉਹ ਛੇ ਤੀ ਹੌਲਦਾਰ ਬਣ ਗਿਆ ਸੀ। ਹਰੀਵੰਸ਼ ਨੂੰ ਵੀ ਉਸ ਨੇ ਛੁੱਟੀ ਤੇ ਆਉਣ ਲਈ ਲਿਖ ਦੇ ਣਾ ਸੀ। ਰਾਮ ਸਿੰਘ ਵੀ ਜਦੋਂ ਚਾਹੇ ਛੁੱਟੀ ਲੈ ਸਕਦਾ ਸੀ। ਇਸ ਤਰ੍ਹਾਂ ਇਕ ਲੰਬੇ ਅਰਸੇ ਮਗਰੋਂ ਚਾਰਾਂ ਭਰਾਵਾਂ ਨੇ ਇਕੱਠੇ ਹੋਣਾ ਸੀ। ਪਿਛਲੀ ਛੁੱਟੀ ਵੇਲ਼ੇ ਬੇਅੰਤ ਨੇ ਵਿਆਹ ਦੀ ਸਾਰੀ ਪੱਕ-ਠੱਕ ਸਿਰ ਖੁਦ ਹੋ ਕੇ ਹੀ ਕਰ ਲਈ ਸੀ। ਘਨ੍ਹੱਈਏ ਵੱਲੋਂ ਦੱਸਿਆ ਬਾਗਾਂਆਲੇ ਵਾਲ਼ਾ ਰਿਸ਼ਤਾ ਉਸ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਉਹ ਸ਼ਹਿਰੀ ਕੁੜੀ ਨਾਲ਼ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦਾ। ਹੁਣ ਜਿਸ ਕੁੜੀ ਨਾਲ਼ ਉਸ ਦਾ ਵਿਆਹ ਹੋਣਾ ਸੀ ਉਹ ਖੰਨੇ ਲਾਗੇ ਵਤਨੇੜੀ ਪਿੰਡ ਦੀ ਸੀ। ਉਹ ਦਸਵੀਂ ਪਾਸ ਕਰਨ ਮਗਰੋਂ ਪਿੰਡ ਵਿਚ ਹੀ ਸਿਲਾਈ-ਕਢਾਈ ਦਾ ਕੰਮ ਸਿੱਖ ਰਹੀ ਸੀ। ਉਨ੍ਹਾਂ ਦੀ ਖੰਨੇ ਕਸਬੇ ਵਿਚ ਲਲਹੇੜੀ ਰੋਡ ਤੇ ਆਟਾ ਚੱਕੀ ਤੇ ਕੋਹਲੂ ਸੀ, ਜਿੱਥੇ ਕੁੜੀ ਦਾ ਪਿਓ ਤੇ ਦੋਨੋਂ ਵੱਡੇ ਭਰਾ ਸਵੇਰੇ ਹੀ ਕੰਮ ਤੇ ਚਲੇ ਜਾਂਦੇ ਤੇ ਰਾਤ ਪਈ ਘਰ ਮੁੜਦੇ। ਦੋਰਾਹੇ ਦੇ ਪੋਸਟ ਆਫ਼ਸ ਵਿਚ ਬਾਲਕ ਰਾਮ ਨਾਂ ਦਾ ਇਕ ਪੋਸਟਮੈਨ ਬੇਅੰਤ ਦਾ ਦੋਸਤ ਬਣ ਗਿਆ ਸੀ। ਉਹ ਪਹਿਲਾਂ ਖੰਨੇ ਲੱਗਾ ਹੋਇਆ ਸੀ ਤੇ ਵਤਨੇੜੀ ਪਿੰਡ ਦੀ ਡਾਕ ਉਹੀ ਵੰਡਿਆ ਕਰਦਾ ਸੀ। ਉਹ ਆਪ ਸੁਨਿਆਰ ਸੀ ਤੇ ਉਹੀ ਜਾਤ ਹੋਣ ਕਰਕੇ ਉਸਦੀ ਕੁੜੀ ਦੇ ਪਰਿਵਾਰ ਨਾਲ਼ ਸਾਂਝ ਸੀ। ਬੇਅੰਤ ਨਾਲ ਉਸ ਕੁੜੀ ਦੇ ਰਿਸ਼ਤੇ ਦਾ ਸਬੱਬ ਵੀ ਬਾਲਕ ਰਾਮ ਕਰਕੇ ਹੀ ਬਣ ਗਿਆ। ਉਸ ਕੁੜੀ ਦੀਆਂ ਦੋ ਛੋਟੀਆਂ ਭੈਣਾਂ ਸਨ ਵੱਡੀ ਦਸਵੀਂ ਤੇ ਛੋਟੀ ਅੱਠਵੀਂ ਵਿਚ ਪੜ੍ਹਦੀ ਸੀ। ਬਾਲਕ

ਰਾਮ ਵੱਲੋਂ ਗੱਲ ਚਲਾਉਣ ਮਗਰੋਂ ਕੁੜੀ ਦਾ ਪਿਓ ਦੋਰਾਹੇ ਆ ਕੇ ਬੇਅੰਤ ਨੂੰ ਅਤੇ ਘਰ ਨੂੰ ਦੇਖ ਗਿਆ ਸੀ। ਉਸ ਨੂੰ ਬੇਅੰਤ ਤਾਂ ਪਸੰਦ ਆ ਗਿਆ ਸੀ, ਪਰ ਘਰ ਦੇਖ ਕੇ ਨੱਕ-ਬੁੱਲ੍ਹ ਕੱਢਦਾ ਸੀ। ਚਾਰ ਭਰਾ ਤੇ ਕੇਵਲ ਦੋ ਕਮਰਿਆਂ ਵਾਲ਼ੀ ਗੱਲ ਉਸ ਨੂੰ ਜਚੀ ਨਹੀਂ ਸੀ। ਬਾਲਕ ਰਾਮ ਨੇ ਇਹ ਕਹਿ ਕੇ ਕਿ ਜੇ ਮੁੰਡਾ ਠੀਕ ਹੋਵੇ, ਘਰ ਆਪੇ ਬਣ ਜਾਇਆ ਕਰਦੇ ਹਨ, ਕੁੜੀ ਦੇ ਬਾਪ ਨੂੰ ਸਹਿਮਤ ਕਰ ਲਿਆ ਸੀ। ਉਹ ਰੁਪਿਆ ਭਾਗਵੰਤੀ ਨੂੰ ਫੜਾ ਕੇ ਚਲਾ ਗਿਆ ਸੀ। ਇਹ ਵੀ ਵਾਅਦਾ ਕਰ ਗਿਆ ਸੀ ਕਿ ਵਿਆਹ ਉਨ੍ਹਾਂ ਦੀ ਇੱਛਾ ਮੁਤਾਬਕ ਜਦੋਂ ਕਹਿਣਗੇ, ਦੇ ਦੇਣਗੇ। ਤੱਤ-ਭੜੱਤ ਅੰਨ੍ਹੇ ਹੋ ਕੇ ਰਿਸ਼ਤਾ ਲੈਣ ਕਰ ਕੇ ਘਨ੍ਹੱਈਆ ਰਾਮ ਨਰਾਜ਼ ਸੀ। ਉਸ ਅਨੁਸਾਰ ਸਿਰਫ ਕੁੜੀ ਦੀ ਫ਼ੋਟੋ ਦੇਖ ਕੇ, ਡਾਕੀਏ ਦੀਆਂ ਗੱਲਾਂ ਤੇ ਵਿਸ਼ਵਾਸ਼ ਕਰ ਕੇ ਹਾਂ ਕਰ ਦੇਣੀ ਮਹਾਂ ਮੂਰਖਮੱਤੀ ਸੀ। ਫਿਰ ਉਨ੍ਹਾਂ ਦੇ ਪਰਿਵਾਰ ਦੀ ਪਹਿਲਾਂ ਆਪਸੀ ਸਾਂਝ ਵੀ ਕੋਈ ਨਹੀਂ ਸੀ। ਉਹ ਬਾਰ ਬਾਰ ਕਹਿ ਰਿਹਾ ਸੀ, 'ਫੌਜੀਆ ਅਕਲ ਕਰ, ਨੋਭੜ ਬੰਦਿਆਂ ਵਿਚ ਫਸ ਕੇ ਤੂੰ ਸਾਰੀ ਉਮਰ ਰੋਵੇਂਗਾ।'

'ਮਾਮਾ ਤੂੰ ਇਹ ਰਿਸ਼ਤਾ ਹੋਣ ਦੇ। ਐਵੇਂ ਰੋੜਾ ਨਾ ਅਟਕਾ। ਜੇ ਮੈਨੂੰ ਰੋਣਾ ਵੀ ਪਿਆ ਤਾਂ ਤੈਨੂੰ ਨਾਲ਼ ਰੋਣ ਲਈ ਕਦੀ ਵੀ ਨਹੀਂ ਆਖਾਂਗਾ।' ਇਵੇਂ ਹੀ ਬੇਅੰਤ ਨੇ ਕਿਹਾ ਸੀ ਜਿਸ ਨਾਲ਼ ਘਨ੍ਹੱਈਆ ਬੜਾ ਦੁਖੀ ਹੋਇਆ ਸੀ।

ਆਪਣੇ ਪੇਪਰ ਖ਼ਤਮ ਹੋਣ ਮਗਰੋਂ ਜਦੋਂ ਦੇਵ ਦੋਰਾਹੇ ਪੁੱਜਾ ਤਾਂ ਬੇਅੰਤ ਪਹਿਲਾਂ ਹੀ ਦੋ ਮਹੀਨੇ ਦੀ ਛੁੱਟੀ ਤੇ ਆ ਚੁੱਕਾ ਸੀ। ਉਸ ਨੇ ਦੋਨਾਂ ਕਮਰਿਆਂ ਨੂੰ ਆਪ ਹੀ ਕਲੀ ਕਰ ਦਿੱਤੀ ਸੀ। ਉਸ ਨੇ ਰੇਲਵੇ ਸਟੇਸ਼ਨ ਉੱਤੇ ਗੇਂਦੇ ਦੇ ਫੁੱਲਾਂ ਦਾ ਹਾਰ ਦੇਵ ਦੇ ਗਲੇ' ਚ ਪਾਇਆ। ਉਹ ਉਸ ਨੂੰ ਘਰ ਤਕ ਬਾਜਾ ਬਜਵਾ ਕੇ ਲਿਆਉਣਾ ਚਾਹੁੰਦਾ ਸੀ, ਪਰ ਉਸ ਦੀ ਬੇਬੇ ਨੇ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਲੋਕ ਕਹਿਣਗੇ, ਸੁਨਿਆਰ ਭੂਸਰ ਗਏ । ਸਾਇਕਲ ਉੱਤੇ ਸਮਾਨ ਲੱਦੀ ਘਰ ਵੱਲ ਜਾਂਦਿਆਂ ਦੇਵ ਨੇ ਪੁੱਛਿਆ, 'ਤੂੰ ਕੁੜੀ ਨਿਗਾਹ' ਚੋਂ ਵੀ ਕੱਢ ਲਈ?'

'ਕਾਹਨੂੰ.... ਮੈਂ ਤਾਂ ਬਥੇਰਾ ਪਿੱਟਿਆ, ਬਈ ਕੁੜੀ ਦਿਖਾ ਦੋ। ਸਾਲ਼ੇ ਮੰਨੇ ਹੀ ਨ੍ਹੀ। ਕਹਿੰਦੇ ਸਾਡੇ ਨ੍ਹੀ ਰਿਵਾਜ਼। ਬੱਸ ਫੋਟੋ ਲਿਆਇਆ ਸੀ, ਉਹ ਦਾ ਬੁੜ੍ਹਾ। ਉਹ ਵੀ ਆਪਣੇ ਹੱਥ ਵਿਚ ਹੀ ਮੇਰੇ ਮੂਹਰੇ ਨੂੰ ਘੁਮਾ ਕੇ ਜੇਬ੍ਹ ਵਿਚ ਪਾ ਲਈ।' ਬੇਅੰਤ ਨੇ ਦੱਸਿਆ।

'ਫ਼ੋਟੋਗਰਾਫ਼ਰ ਦੀ ਬਣਾਈ ਫ਼ੋਟੋ ਤੇ ਅਸਲ ਕੁੜੀ ਵਿਚ ਬੜਾ ਫਰਕ ਹੁੰਦਾ ਏ। ਫੇ ਰ ਇਕੱਲਾ ਮੂੰਹ ਹੀ ਨੀ ਦੇਖਣਾ ਹੁੰਦਾ। ਬੋਲਬਾਣੀ ਮੈਨਰਜ਼ ਦੇਖੇ ਬਿਨ੍ਹਾਂ ਤੂੰ ਹਾਂ ਕਿਵੇਂ ਕਰ ਦਿੱਤੀ? ਕੁੜੀ ਤੁਤਲੀ ਹੋਵੇ, ਟੀਰੀ ਹੋਵੇ, ਸਿੱਧਰੀ ਹੋਵੇ... ਫੇਰ ਕੀ ਪੂਛ ਫੜਲਾਂਗੇ ਡਾਕੀਏ ਦੀ।' ਦੇਵ ਨੇ ਕਿਹਾ।

'ਗੱਲ ਤਾਂ ਤੇਰੀ ਠੀਕ ਏ ਦੇਵ। ਮੈਂ ਤਾਂ ਬਾਲਕ ਰਾਮ ਤੇ ਹੀ ਡੋਰ ਸੁਟ' ਤੀ। ਉਹ ਕਹਿੰਦਾ ਮੈਂ ਜ਼ਿੰਮੇਵਾਰ ਹਾਂ।'

'ਜਦੋਂ ਭਾ ਦੀ ਬਣਦੀ ਏ, ਜਿੰਮੇਵਾਰ ਪਹਿਲਾਂ ਭੱਜਦੇ ਨੇ।'

'ਫੇਰ ਹੁਣ ਕੀ ਕਰੀਏ? ਹੋਰ ਕੁੜੀਆਂ ਕਿਹੜਾ ਧਰੀਆਂ ਪਈਆਂ।'

'ਤੂੰ ਹੌਲਦਾਰ ਏਂ, ਕੋਈ ਐਰਾ-ਗੈਰਾ ਤਾਂ ਹੈ ਨਹੀਂ। ਵਿਆਹ ਦੀ ਚਿੱਠੀ ਮਗਰੋਂ

ਫੜੀਏ, ਪਰ ਕੁੜੀ ਦੇਖਣ ਦਾ ਜੁਗਾੜ ਪਹਿਲਾਂ ਕਰੀਏ।'

'ਤੂੰ ਦੇਖ ਆਵੀਂ ਕਿਸੇ ਨਾ ਕਿਸੇ ਤਰ੍ਹਾਂ।'

'ਮੈਂ ਕਿਵੇਂ ਜਾਊਂ ਇਕੱਲਾ?'

'ਮੀਟਰ ਰੀਡਰ ਬਣ ਕੇ ਚਲਾ ਜਾਵੀਂ।'

'ਪਰ ਦੱਸੂ ਕੌਣ ਕਿ ਆਹ ਕੁੜੀ ਏ।'

'ਚੱਲ ਛੱਡ ਹੁਣ, ਘਰ ਜਾ ਕੇ ਸੋਚਾਂਗੇ।'

ਦੇਵ ਨੇ ਉਸ ਨੂੰ ਆਪਣੇ ਆਗਰੇ ਵਾਲ਼ੇ ਦੋਸਤ ਰਾਮੇਸ਼ਵਰ ਦੀ ਕਹਾਣੀ ਸੁਣਾਈ ਕਿ ਕਿਵੇਂ ਉਹ ਇਕ ਬੋਲ਼ੀ-ਗੂੰਗੀ ਕੁੜੀ ਨਾਲ਼ ਵਿਆਹੇ ਜਾਣ ਤੋਂ ਵਾਲ਼-ਵਾਲ਼ ਬਚਿਆ ਸੀ। 'ਵਿਆਹ ਤਾਂ ਜ਼ਿੰਦਗੀ ਭਰ ਦਾ ਸੌਦਾ ਹੁੰਦਾ ਏ, ਆਪਾਂ ਗਠੇ ਵੀ ਛਾਂਟ-ਛਾਂਟ ਕੇ ਖਰੀਦਦੇ ਹਾਂ।' ਦੇਵ ਨੇ ਕਿਹਾ।

ਫਿਰ ਬੇਅੰਤ ਉਸ ਦੇ ਪੇਪਰਾਂ ਬਾਰੇ ਤੇ ਉੱਥੇ ਰਹਿਣ ਬਾਰੇ ਗੱਲਾਂ ਪੁੱਛਣ ਲੱਗ ਪਿਆ। ਘਰ ਜਾਣ ਤੱਕ ਉਨ੍ਹਾਂ ਦੀ ਗੱਲ ਬਾਤ ਦਾ ਕੇਂਦਰ ਮੁੜ ਬੇਅੰਤ ਦੇ ਵਿਆਹ ਤੇ ਆ ਗਿਆ। ਉਨ੍ਹਾਂ ਫੈਸਲਾ ਕੀਤਾ ਕਿ ਕੁੜੀ ਦੇਖਣ ਲਈ ਬਾਲਕ ਰਾਮ ਨਾਲੋਂ ਤਕੜੀ ਕੜੀ ਹੋਰ ਕੋਈ ਨਹੀਂ। ਉਸ ਨੂੰ ਮਨਾਇਆ ਜਾਵੇ।

ਘਰ ਪੁੱਜੇ ਤਾਂ ਆਪਣੀ ਗਲਵਕੜੀ' ਚ ਦੇਵ ਨੂੰ ਲੈਂਦੀ ਉਹਦੀ ਬੇਬੇ ਭਾਵੁਕ ਹੋ ਗਈ। ਆਪਣੇ ਇਸ ਛੋਟੇ ਪੁੱਤ ਨੂੰ ਤਾਂ ਉਹ ਚਿਰਾਂ ਤੋਂ ਵੈਰਾਗੀ ਪਈ ਸੀ। ਛੇਤੀ ਹੀ ਉਹ ਵੀ ਬੇਅੰਤ ਦੇ ਵਿਆਹ ਬਾਰੇ ਗੱਲਾਂ ਕਰਨ ਲੱਗੀ। ਉਸ ਦੇ ਦੋ ਮੁੰਡੇ ਤਾਂ ਪਹਿਲਾਂ ਹੀ ਵਿਆਹੇ ਗਏ ਸਨ, ਹੁਣ ਉਸ ਨੂੰ ਆਸ ਸੀ ਕਿ ਤੀਜੀ ਨੂੰਹ ਉਸ ਕੋਲ਼ ਰਹੇਗੀ, ਉਸ ਨੂੰ ਪੱਕੀਆਂ ਖੁਆਏਗੀ ਤੇ ਇਕਲਾਪਾ ਦੂਰ ਕਰੇਗੀ।

ਲੰਬਾ ਸਫ਼ਰ ਹੋਣ ਕਰਕੇ ਦੇਵ ਕਾਫ਼ੀ ਥੱਕਿਆ ਹੋਇਆ ਸੀ। ਚਾਹ ਪਾਣੀ ਪੀਕੇ ਉਹ ਕਾਫ਼ੀ ਦੇਰ ਗੱਲਾਂ ਮਾਰਦੇ ਰਹੇ। ਦੇਵ ਦਾ ਨਹਾਉਣ ਨੂੰ ਚਿੱਤ ਕੀਤਾ ਤਾਂ ਉਹਦੀ ਬੇਬੇ ਨੇ 'ਬੁਗਚੂ-ਬੁਗਚੂ' ਕਰਨ ਵਾਲ਼ਾ ਮਧਰੇ ਕੱਦ ਦਾ ਨਲ਼ਕਾ ਗੇੜ ਕੇ ਪਾਣੀ ਦੀ ਬਾਲਟੀ ਭਰ ਦਿੱਤੀ। ਦੇਵ ਚੱਕੀ ਦੇ ਪੁੜ ਤੇ ਬੈਠ ਨਹਾਉਣ ਲੱਗਾ ਤਾਂ ਉਹ ਉਸ ਦੀ ਪਿੱਠ ਤੇ ਸਾਬਣ ਮਲਣ ਲੱਗ ਪਈ। ਦੇਵ 'ਰਹਿਣ ਦੇ' 'ਰਹਿਣ ਦੇ' ਕਰਦਾ ਰਿਹਾ। ਉਸ ਨੇ ਝਾਵਾਂ ਚੁੱਕ ਲਿਆ ਤੇ ਦੇਵ ਦੀਆਂ ਅੱਡੀਆਂ ਰਗੜਨ ਲੱਗ ਪਈ। ਹੁਣ ਉਹ 'ਹਾਈ, ਹਾਈ' ਕਰਨ ਲੱਗਾ।

'ਚੱਲ ਬੇਬੇ ਬੱਸ ਕਰ। ਖ਼ੂਨ ਨਾ ਚਲਾ ਦਵੀਂ ਕਿਤੇ।' ਬੇਅੰਤ ਬੋਲਿਆ।

ਸ਼ਾਮ ਨੂੰ ਉਹ ਸ਼ਕੁੰਤਲਾ ਬੀਬੀ ਵੱਲ ਗੇੜਾ ਮਾਰ ਆਇਆ। ਪਰੇਮ ਅਜੇ ਕੰਮ ਤੋਂ ਨਹੀਂ ਸੀ ਆਇਆ। ਉਹ ਖਾ ਪੀ ਕੇ ਛੇਤੀ ਹੀ ਸੌਂ ਗਏ।

ਅਗਲੇ ਦਿਨ ਉਹ ਦੋਨੋਂ ਡਾਕਖਾਨੇ ਗਏ। ਬਾਲਕ ਰਾਮ ਉਨ੍ਹਾਂ ਨੂੰ ਬੜੇ ਨਿੱਘ ਨਾਲ਼ ਮਿਲਿਆ। ਬੇਅੰਤ ਨੇ ਉਸ ਨੂੰ ਸ਼ਾਮੀਂ ਚਾਰ ਕੁ ਵਜੇ ਘਰ ਆ ਕੇ ਦਰਸ਼ਣ ਦੇਣ ਲਈ ਕਿਹਾ ਤਾਂ ਉਹ ਪੰਜ ਵਜੇ ਆਉਣ ਲਈ ਮੰਨ ਗਿਆ। ਉਹ ਵਿਚੋਲੇ ਦੀ ਆਓ ਭਗਤ ਲਈ ਤਿਆਰੀ ਕਰਨ ਲੱਗੇ। ਮੀਟ ਲੈ ਆਂਦਾ ਤੇ ਭਾਗਵੰਤੀ ਨੇ ਮਸਾਲਾ ਕੁੱਟ ਕੇ ਭੁੰਨ ਦਿੱਤਾ।

ਉਹ ਤਿਆਰੀ ਖਿੱਚ ਕੇ ਅੰਬਾਂ ਹੇਠ ਬੈਠੇ ਹੀ ਸਨ ਕਿ ਬਾਲਕ ਰਾਮ ਆ ਗਿਆ। ਸਾਇਕਲ ਨਾਲ਼ੋਂ ਡਾਕ ਵਾਲ਼ਾ ਝੋਲ਼ਾ ਲਾਹ ਕੇ ਉਸ ਨੇ ਅੰਬ ਦੀ ਖੁੰਘਰੀ ਨਾਲ਼ ਲਟਕਾ ਦਿੱਤਾ। ਮੰਜਿਆਂ ਦੇ ਗੱਭੇ ਮੇਜ਼ ਪਿਆ ਸੀ ਤੇ ਮੇਜ਼ ਉੱਤੇ ਕੰਚ ਦੇ ਗਿਲਾਸ ਲਿਸ਼-ਲਿਸ਼ ਕਰ ਰਹੇ ਸਨ। ਤਿੰਨੇ ਜਣੇ ਮੰਜਿਆਂ ਤੇ ਬੈਠ ਗਏ। ਬੇਅੰਤ ਬੋਰੀ ਵਿਚ ਲਪੇਟੇ ਬਰਫ਼ ਦੇ ਡਲ਼ੇ ਨੂੰ ਭੰਨਣ ਲੱਗ ਪਿਆ ਤੇ ਬਾਲਕ ਦੇਵ ਨੂੰ ਆਗਰੇ ਅਤੇ ਉੱਥੋਂ ਦੇ ਲੋਕਾਂ ਦੇ ਜੀਵਨ ਢੰਗ, ਪਹਿਰਾਵੇ ਅਤੇ ਬੋਲਬਾਣੀ ਬਾਰੇ ਪੁੱਛਣ ਲੱਗ ਪਿਆ। ਪ੍ਰੋਗਰਾਮ ਤਾਂ ਇਹ ਸੀ ਕਿ ਦੋ ਦੋ ਪੈੱਗ ਲਾਉਣ ਮਗਰੋਂ ਹੀ ਗੱਲ ਤੋਰੀ ਜਾਵੇਗੀ ਪਰ ਉਨ੍ਹਾਂ ਦੀ ਬੇਬੇ ਨੇ ਮੁੱਢ ਵਿਚ ਹੀ ਠਾਹ ਸੋਟਾ ਮਾਰ ਦਿੱਤਾ, 'ਵੀਰ ਬਾਲਕ ਰਾਮ ਮੁੰਡਾ ਚਾਹੁੰਦਾ ਏ ਕਿ ਕੁੜੀ ਪਹਿਲਾਂ ਦਿਖਾਓ ਸਾਨੂੰ।'

'ਇਹ ਗੱਲ ਨਹੀਂ ਹੋਣੀ ਹੁਣ। ਕਮਲ਼ੀਆਂ ਨਾ ਕੁੱਟੋ। ਉਹ ਹੁਣ ਕੁੜੀ ਨ੍ਹੀ ਦਿਖਾਉਣਗੇ।'

'ਵੀਰ... ਇਹ ਨ੍ਹੀ ਗੱਲ। ਕੁੜੀ ਤਾਂ ਅਸੀਂ ਦੇਖਣੀ ਆਂ।' ਉਹ ਫਿਰ ਬੋਲੀ।

'ਦੇਖੋ, ਮੈਂ ਵਿਚ ਹੈਗਾ ਏਂ। ਵਹਿਮ ਨਾ ਕਰੋ। ਸੌ ਜੁੱਤੀਆਂ ਮਾਰਿਓ, ਪਸੰਦ ਨਾ ਆਵੇ ਜੇ।'

'ਜੁੱਤੀ ਕਾਹਨੂੰ ਮਾਰੀਏ ਵੀਰ। ਇਹਦੇ' ਚ ਹਰਜ਼ ਤਾਂ ਹੋਣਾ ਨ੍ਹੀ ਚਾਹੀਦਾ।' ਉਹ ਬੋਲਣੋ ਹਟੇ ਹੀ ਨਾ। ਬੇਅੰਤ ਉਸ ਨੂੰ ਕੁੱਦ ਕੇ ਪੈ ਗਿਆ, ' ਚੁੱਪ ਕਰ ਜਾ ਹੁਣ। ਐਵੇਂ ਮਗਜ਼ੌਲੀਆਂ ਮਾਰੀ ਜਾਂਦੀ ਏਂ।'

ਬੇਅੰਤ ਨੇ ਗਿਲਾਸਾਂ ਵਿਚ ਦਾਰੂ ਪਾ ਕੇ ਪਾਣੀ ਅਤੇ ਬਰਫ਼ ਪਾਈ। ਇਕ ਗਿਲਾਸ ਉਸ ਵੱਲ ਨੂੰ ਕਰਦਾ ਬੋਲਿਆ, 'ਲਓ ਜੀ, ਚੁੱਕੋ ਜੀ।'

ਗਿਲਾਸ ਖਾਲੀ ਕਰ ਕੇ ਬਾਲਕ ਰਾਮ ਨੇ ਸਟੂਲੀ ਤੇ ਰੱਖ ਦਿੱਤਾ ਤੇ ਬੋਲਿਆ, 'ਐਨੀ ਖੇਚਲ਼ ਕਾਹਨੂੰ ਕਰਨੀ ਤੀ ਫ਼ੌਜੀਆ।'

'ਖੇਚਲ਼ ਕਾਹਦੀ? ਇਹ ਤਾਂ ਫਰਜ਼ ਏ ਸਾਡਾ।' ਕਹਿ ਕੇ ਉਹ ਉੱਠਿਆ ਤੇ ਤਿੰਨ ਕੌਲੀਆਂ ਮੀਟ ਦੀਆਂ ਭਰ ਲਿਆਇਆ, 'ਆਹ ਛਕੋ ਜੀ।'

ਬਾਲਕ ਰਾਮ ਨੇ ਕੌਲੀ ਚੁੱਕੀ ਤੇ ਮੁੜ 'ਖੇਚਲ਼' ਵਾਲ਼ੀ ਗੱਲ ਕਹਿ ਕੇ ਛਕਣ ਲੱਗ ਪਿਆ।

ਦੂਜਾ ਤੇ ਫਿਰ ਤੀਜਾ ਪੈੱਗ ਉੱਪਰੋਥਲ਼ੀ, ਬੜੀ ਤੇਜ਼ੀ ਨਾਲ਼ ਖਿੱਚ ਕੇ ਬਾਲਕ ਰਾਮ ਅੰਬਾਂ ਵੱਲ ਝਾਕਣ ਲੱਗ ਪਿਆ ਤੇ ਬੋਲਿਆ, 'ਜਾਮਣਾਂ ਬੜੀ ਛੇਤੀ ਵਧੀਆਂ। ਇਨ੍ਹਾਂ ਨੇ ਬੜੀ ਗੂੜ੍ਹੀ ਛਾਂ ਦਿਆ ਕਰਨੀ ਏਂ।'

'ਇਹ ਜਾਮਣਾਂ ਨਹੀਂ ਅੰਬ ਨੇ ਜੀ।' ਦੇਵ ਨੇ ਦੱਸਿਆ।

ਬੇਅੰਤ ਉੱਠ ਕੇ ਉਹਦੇ ਵਾਲ਼ੀ ਕੌਲੀ ਮੁੜ ਭਰ ਲਿਆਇਆ। ਦੋ ਗਿਲਾਸਾਂ ਵਿਚ ਤਾਂ ਪਹਿਲਾਂ ਹੀ ਪਈ ਸੀ, ਉਸ ਨੇ ਉਹਦੇ ਗਿਲਾਸ ਵਿਚ ਮੁੜ ਡਬਲ ਪੈੱਗ ਪਾ ਦਿੱਤਾ। ਥੋੜ੍ਹਾ ਜਿਹਾ ਪਾਣੀ ਤੇ ਬਰਫ਼ ਦੀ ਡਲੀ ਪਾਉਣ ਮਗਰੋਂ ਬੋਲਿਆ, 'ਚੁੱਕੋ ਜੀ, ਤੁਸੀਂ ਆ ਕੇ ਬੜੀ ਕਿਰਪਾ ਕੀਤੀ। ਵਤਨੇੜੀ ਪਿੰਡ ਭਲਾਂ ਹੈ ਕਿੱਥੇ ਕੁ?'

'ਚੜ੍ਹਦੇ ਵੱਲ ਨੂੰ ਗੱਡੀ ਦੀ ਲਾਇਨ ਟੱਪ ਕੇ, ਨਾਲ਼ ਹੀ ਐ ਖੰਨੇ ਦੇ। ਸਾਰਾ ਪਿੰਡ

ਮੇਰੀ ਬਹੁਤ ਕਦਰ ਕਰਦਾ ਏ ਉੱਥੇ।'

'ਮਹਾਰਾਜ ਤੁਹਾਡੀ ਕੀ ਰੀਸ ਐ। ਐਥੇ ਕਿਹੜਾ ਨਹੀਂ ਕਰਦੇ ਲੋਕ।'

ਬਾਲਕ ਰਾਮ ਨੇ ਗਿਲਾਸ ਖਾਲੀ ਕਰ ਕੇ ਮੁੜ ਮੇਜ਼ ਤੇ ਰੱਖ ਦਿੱਤਾ। ਬੇਅੰਤ ਨੇ ਮੁੜ ਬੋਤਲ ਨੂੰ ਹੱਥ ਪਾਇਆ ਤਾਂ ਉਹ ਬੋਲਿਆ, 'ਰਹਿਣ ਦੇ ਫੌਜੀ ਸਾਹਬ ਅਜੇ... ਜੇ ਮੈਂ ਉਨ੍ਹਾਂ ਨੂੰ ਕਹਾਂ, ਬਈ ਕੁੜੀ ਦਿਖਾ ਦੋ, ਉਹ ਮਨ੍ਹਾ ਨੀ ਕਰ ਸਕਦੇ। ਪਰ ਭਾਈ ਕੁੜੀ ਦਾ ਪਿਓ ਜ਼ਰਾ ਕੱਬਾ ਏ।'

ਭਾਗਵੰਤੀ ਉਨ੍ਹਾਂ ਦੇ ਲਾਗੇ ਸਟੂਲ ਤੇ ਆ ਬੈਠੀ ਤੇ ਬੋਲੀ, 'ਵੇ ਵੀਰ ਕੁੜੀ ਦੇ ਪਿਓ ਨਾਲ਼ ਗੱਲ ਕਰ ਕੇ ਤੂੰ ਕੱਕੜੀਆਂ ਲੈਣੀਆਂ ਨੇ? ਉਹਦੀ ਮਾਂ ਨੂੰ ਆਖ ਮੰਜੀ ਸਾਹਿਬ ਗੁਰਦੁਆਰੇ ਕੁੜੀ ਨੂੰ ਲੈ ਕੇ ਆ ਜਾਵੇ। ਭਾਫ਼ ਕਿਹੜੀ ਨਿੱਕਲ ਜਾਊ।'

'ਲੱਖ ਰੁਪਈਏ ਦੀ ਗੱਲ ਐ ਤੇਰੀ ਮਾਸੀ। ਇਹ ਗੱਲ ਤਾਂ ਸਹੁਰੀ ਦੀ ਮੇਰੇ ਦਿਮਾਗ ਵਿਚ ਹੀ ਨੀ ਆਈ। ਨਾਲ਼ੇ ਮਾਸੀ ਉਹ ਹੁਣ ਜਾਣਗੇ ਵੀ ਕਿੱਥੇ? ਐਨੇ ਕਿੰਨੇ ਕੁ ਖੱਬੀਖਾਨ ਨੇ। ਚੱਕੀ ਦਾ ਆਟਾ ਉਨ੍ਹਾਂ ਦੀਆਂ ਛਾਤੀਆਂ' ਚ ਜੰਮਿਆਂ ਪਿਐ। ਸਰੋਂ ਦੇ ਤੇਲ ਨਾਲ਼ ਸਾਲਿਆਂ ਦੇ ਕੱਪੜੇ ਗੜੁੱਚ ਰਹਿੰਦੇ ਆ। ਇਹ ਵੀ ਸਾਲ਼ਾ ਕੋਈ ਕੰਮਾਂ' ਚੋਂ ਕੰਮ ਏਂ।' ਬਾਲਕ ਰਾਮ ਉੱਧੜਨ ਲੱਗ ਪਿਆ।

'ਚੱਲ ਵੀਰ ਆਪਾਂ ਨੂੰ ਕੀ। ਆਪਾਂ ਕਿਹੜਾ ਦਾਜ ਲੈਣੇ ਨੇ।'

'ਕਿਉਂ ਨੀ ਲੈਣੇ ਦਾਜ? ਹੱਕ ਬਣਦਾ ਏ। ਸਾਡਾ ਮੁੰਡਾ ਕੋਈ ਐਵੇਂ ਆਂ?'

ਬੇਅੰਤ ਉੱਠ ਕੇ ਪਿਸ਼ਾਬ ਕਰਨ ਗਿਆ ਤਾਂ ਦੇਵ ਵੀ ਉਹਦੇ ਮਗਰ ਹੀ ਚਲਾ ਗਿਆ ਤੇ ਕਿਹਾ, 'ਬੱਸ, ਇਹਨੂੰ ਹੁਣ ਹੋਰ ਨਾ ਪਾਈਂ।'

'ਫੇਰ ਭਾ ਜੀ ਤੁਸੀਂ ਕੱਲ੍ਹ ਜਾਓਗੇ ਵਤਨੇੜੀ?' ਬੇਅੰਤ ਆਉਂਦਾ ਹੀ ਬੋਲਿਆ।

'ਕੱਲ੍ਹ ਕਿਉਂ ਮੈਂ ਤਾਂ ਅੱਜ ਹੀ ਜਾਊਂ।'

'ਨਹੀਂ, ਹੁਣ ਤਾਂ ਦਿਨ ਛਿਪਣ ਲੱਗਾ ਏ। ਕੱਲ੍ਹ ਨੂੰ ਵੀ ਜ਼ਰਾ ਲੇਟ ਹੀ ਜਾਇਓ, ਜਦੋਂ ਮੁੰਡੇ ਤੇ ਉਨ੍ਹਾਂ ਦਾ ਪਿਓ ਖੰਨੇ ਚਲੇ ਜਾਣ। ਤੁਸੀਂ ਗੁਰਦੁਆਰੇ ਵਿਚ ਦੇਖ-ਦਿਖਾਈ ਦਾ ਪ੍ਰੋਗਰਾਮ ਬਣਾ ਦੋ।'

ਜਦੋਂ ਉਹ ਜਾਣ ਲੱਗਾ ਤਾਂ ਬਾਕੀ ਬਚਦੀ ਬੋਤਲ ਬੇਅੰਤ ਨੇ ਉਹਦੇ ਝੋਲ਼ੇ ਵਿਚ ਪਾ ਦਿੱਤੀ ਤੇ ਝੋਲ਼ਾ ਉਸਦੇ ਸਾਇਕਲ ਨਾਲ਼ ਲਟਕਾ ਦਿੱਤਾ।

'ਚਲੇ ਵੀ ਜਾਓਗੇ ਠੀਕ ਠਾਕ?' ਬੇਅੰਤ ਬੋਲਿਆ।

ਉਹ ਹੱਸਿਆ ਤੇ ਸਾਇਕਲ ਦੀ ਕਾਠੀ ਤੇ ਹੱਥ ਮਾਰਦਾ ਬੋਲਿਆ, 'ਆਹ ਢੱਗਾ ਜਾਣੇ , ਇਹਦਾ ਕੰਮ ਜਾਣੇ। ਆਪੇ ਲਿਜਾਊ।'

'ਵੀਰ ਯਾਦ ਰੱਖੀਂ ਕੱਲ੍ਹ ਤੂੰ ਵਤਨੇੜੀ ਜਾਣਾ ਏਂ।' ਭਾਗਵੰਤੀ ਬੋਲੀ।

'ਓ. ਕੇ. , ਓ. ਕੇ. ਮੈਂ ਨਹੀਂ ਭੁੱਲਿਆ ਕਰਦਾ।' ਕਹਿ ਕੇ ਉਹ ਚਲਾ ਗਿਆ।

ਬਾਲਕ ਰਾਮ ਭੁੱਲਿਆ ਵੀ ਨਾ। ਅਗਲੇ ਦਿਨ ਉਹ ਵਤਨੇੜੀ ਗਿਆ। ਇਕੱਲੀ ਕੁੜੀ ਦੀ ਮਾਂ ਹੀ ਘਰ ਸੀ। ਬਾਲਕ ਰਾਮ ਨੇ ਕੁੜੀ ਦਿਖਾਉਣ ਦੀ ਗੱਲ ਤੋਰੀ ਤਾਂ ਉਹ ਬੋਲੀ, 'ਨਾ ਵੇ ਵੀਰਾ, ਤੂੰ ਮੇਰੀ ਗੁੱਤ ਪੁਟਾਉਣੀ ਏਂ? ਜੇ ਪਤਾ ਲੱਗ ਗਿਆ ਪਾਲੀ ਦੇ ਪਿਓ ਨੂੰ

ਘੰਡੀ ਮਰੋੜ ਦਊ ਮੇਰੀ। ਅਵੈੜਾ ਬੰਦਾ ਏ ਉਹ।'

'ਉਹਨੂੰ ਕੀ ਸੁਪਨਾ ਆਜੂ? ਊਂ ਨੀ ਗੁਰਦੁਆਰੇ ਜਾਂਦੇ ਤੁਸੀਂ? ਉਹ ਚੱਕੀ ਤੇ ਹੋਊ, ਮਾਂ-ਧੀ ਮੰਜੀ ਸਾਹਬ ਵਗ ਆਇਓ। ਮੁੰਡੇ ਨਾਲ਼ ਤੇਰੀ ਧੀ ਨੇ ਉਮਰ ਗੁਜ਼ਾਰਨੀ ਏਂ। ਕੁੜੀ ਦੀ ਹਾਂ ਵੀ ਅੱਜ ਕੱਲ੍ਹ ਜ਼ਰੂਰੀ ਹੁੰਦੀ ਏ। ਕੁੜਮਣੀ ਵੀ ਤੇਰੀ ਜਾਣੂ ਹੋ ਜੂ। ਇਕ ਦੂਜੇ ਦਾ ਸੁਭਾਅ ਪਤਾ ਲੱਗ ਜੂ। ਉਮਰਾਂ ਦੇ ਸੌਦੇ ਨੇ ਬੀਬੀ। ਓਹਲੇ ਵਾਲ਼ੀ ਗੱਲ ਨੀ ਰਹਿਣੀ ਚਾਹੀਦੀ।'

ਡਰਦੀ ਡਰਦੀ ਕੁੜੀ ਦੀ ਮਾਂ ਮੰਨ ਹੀ ਗਈ। ਉਸ ਨੇ ਸੁਝਾਅ ਵੀ ਦਿੱਤਾ ਕਿ ਖੰਨੇ ਬਿਲਾਂ ਵਾਲ਼ੀ ਛੱਪੜੀ ਕੋਲ਼ ਉਹਦੀ ਛੋਟੀ ਭੈਣ ਵਿਆਹੀ ਹੋਈ ਹੈ। ਦਿਨੇ ਉਹ ਘਰ ਇਕੱਲੀ ਹੁੰਦੀ ਏ। ਉੱਥੇ ਕੁੜੀ ਨੂੰ ਦਿਖਾ ਦਿੰਦੇ ਹਾਂ। ਅੰਨ੍ਹਾਂ ਕੀ ਭਾਲ਼ੇ ਦੋ ਅੱਖਾਂ। ਬਾਲਕ ਰਾਮ ਸਾਰਾ ਪ੍ਰੋਗਰਾਮ ਤੈਅ ਕਰ ਕੇ ਹੀ ਉਨ੍ਹਾਂ ਕੋਲ਼ ਆਇਆ।

**00**

## ਚੌਰਾਸੀ

ਨਿਸਚਤ ਮਿਤੀ ਨੂੰ ਉਹ ਸਾਰੇ ਬੱਸ ਫੜ ਕੇ ਖੰਨੇ ਕੁੜੀ ਦੀ ਮਾਸੀ ਦੇ ਘਰ ਅੱਪੜ ਗਏ। ਲੱਡੂਆਂ ਦੇ ਦੋ ਡੱਬੇ ਵੀ ਆਪਣੇ ਨਾਲ਼ ਲੈ ਗਏ। ਕੁੜੀ ਸੁਹਣੀ-ਸੁਨੱਖੀ ਸੀ, ਬੇਅੰਤ ਨੂੰ ਇਕ ਦਮ ਪਸੰਦ ਆ ਗਈ। ਉਸ ਨੇ ਭਾਗਵੰਤੀ ਦੇ ਕੰਨ' ਚ ਘੁਸਰ-ਮੁਸਰ ਕੀਤੀ, 'ਕੁੜੀ ਮੈਨੂੰ ਪਸੰਦ ਏ, ਹੁਣ ਜੋ ਬੋਲਣਾ ਏਂ, ਸੋਚ ਸਮਝ ਕੇ ਬੋਲੀਂ। ਐਵੇਂ ਨਾ ਕੜ੍ਹੀ ਘੋਲ਼ ਦਈਂ।'

ਪਰ ਉਹ ਤਾਂ ਕੁੜੀ ਨੂੰ ਬਾਹਰੋਂ ਹੀ ਨਹੀਂ ਅੰਦਰੋਂ ਵੀ ਪਰਖਣਾ ਚਾਹੁੰਦੀ ਸੀ। ਉਹ ਬੋਲੀ, 'ਐਵੇਂ ਤੱਤਾ ਨਾ ਖਾ। ਮੈਂ ਕੋਈ ਨਿਆਣੀ ਨੀ ਹੈਗੀ। ਕਰਨ ਦੇ ਤਸੱਲੀ ਮੈਨੂੰ।'

ਉਸ ਨੇ ਕੁੜੀ ਦੀ ਮਾਂ ਨੂੰ ਕਿਹਾ, 'ਭੈਣ ਜੀ, ਗੁੱਡੀ ਸਿਊਣ-ਪਰੋਣ ਦਾ ਕੰਮ ਤਾਂ ਜਾਣਦੀ ਏ ਨਾ?'

'ਹਾਂ ਭੈਣ ਜੀ, ਬੁਣਤੀ, ਕਢਾਈ, ਸਿਲਾਈ ਸਭ ਸਿੱਖੀ ਹੋਈ ਏ ਮੇਰੀ ਧੀ।' ਕੁੜੀ ਦੀ ਮਾਂ ਬੋਲੀ। ਉਸ ਦੀ ਮਾਸੀ ਸਿਲਾਈ ਮਸ਼ੀਨ ਉੱਤੋਂ ਵੇਲ ਬੂਟੀਆਂ ਵਾਲ਼ਾ ਇਕ ਕੱਪੜਾ ਚੁੱਕ ਲਿਆਈ ਤੇ ਬੋਲੀ, 'ਦੇਖੋ ਭੈਣ ਜੀ ਇਹ ਮੱਘੋ ਨੇ ਹੀ ਕੱਢਿਆ ਹੋਇਆ ਏ।'

ਮੱਘੋ ਨਾਂ ਸੁਣ ਕੇ ਸਾਰਿਆਂ ਨੂੰ ਹਾਸਾ ਆ ਗਿਆ। ਦੇਵ ਨੇ ਵੀ ਬੁੱਲ੍ਹ ਘੁੱਟ ਕੇ ਹਾਸਾ ਰੋਕਿਆ। ਕੁੜੀ ਦੀ ਮਾਂ ਬੁੱਲ੍ਹ' ਟੇਰਦੀ ਆਪਣੀ ਭੈਣ ਨੂੰ ਕਹਿਣ ਲੱਗੀ, 'ਸ਼ਾਬਾਸ਼ੇ ਤੇਰੇ ਸ਼ੇਰੋ। ਤੂੰ ਵੀ ਸਤਿੰਦਰ ਪਾਲ ਨੂੰ ਮੱਘੋ ਕਹੀ ਜਾਂਦੀ ਏਂ, ਹੋਰ ਫਿਰ ਕਿਉਂ ਨ੍ਹੀ ਕਹਿਣਗੇ... ਪੇਕਿਆਂ ਦਾ ਨਾਂ ਤਾਂ ਹਰ ਕੁੜੀ ਦਾ ਹੁੰਦਾ ਏ। ਤੁਸੀਂ ਨਾ ਭਾਈ ਕਿਹੋ ਮੱਘੋ।'

'ਹੁਣ ਤਾਂ ਜੀ ਇਹੋ ਨਾਂ ਚੱਲੂ। ਕਿੰਨਾ ਵਧੀਆ ਨਾਂ ਏ... ਮੱਘੋ।' ਦੇਵ ਨੇ ਹੱਸਦਿਆਂ ਕਿਹਾ ਤਾਂ ਖ਼ੂਬ ਹਾਸਾ ਮੱਚਿਆ। ਮੱਘੋ ਦਾ ਚਿਹਰਾ ਤਾਂ ਪਹਿਲਾਂ ਹੀ ਗੁਲਾਬੀ ਭਾਅ ਮਾਰਦਾ ਸੀ, ਹੁਣ ਲਾਲ ਸੁਰਖ਼ ਹੋ ਗਿਆ। ਉਸ ਨੇ ਦੰਦਾਂ' ਚ ਹੇਠਲਾ ਬੁੱਲ੍ਹ ਘੁੱਟ ਕੇ ਨੀਵੀਂ ਪਾ ਲਈ।

ਦੇਵ ਦੀ ਬੇਬੇ ਫਿਰ ਬੋਲੀ, 'ਭੈਣ ਜੀ ਤੁਹਾਡੀ ਧੀ ਰੋਟੀ ਟੁੱਕ ਤਾਂ ਬਣਾ ਲੈਂਦੀ ਏ ਨਾ?'

'ਕਿਉਂ ਨਹੀਂ ਭੈਣ ਜੀ, ਅੱਜ ਇਸੇ ਦੀਆਂ ਪੱਕੀਆਂ ਖੁਆਵਾਂਗੇ ਤੁਹਾਨੂੰ।'

'ਰੋਟੀ ਤਾਂ ਅਸੀਂ ਖਾ ਕੇ ਆਏ ਹਾਂ ਜੀ।' ਬੇਅੰਤ ਨੇ ਕਿਹਾ ਤੇ ਬੇਬੇ ਵੱਲ ਘੂਰਿਆ ਵੀ ਕਿ ਉਹ ਆਪਣੀਆਂ ਗੱਲਾਂ ਹੁਣ ਸਮੇਟ ਲਵੇ।

'ਅਸੀਂ ਨਹੀਂ ਸੁਣਨੀ ਇਹ ਗੱਲ। ਤੁਸੀਂ ਦੱਸੋ ਅੱਜ ਖਾਣਾ ਕੀ ਏ?' ਕੁੜੀ ਦੀ ਮਾਸੀ ਸ਼ੇਰੋ ਨੇ ਜ਼ੋਰ ਪਾ ਕੇ ਕਿਹਾ।

ਜਦੋਂ ਕੁੜੀ ਦੀ ਮਾਂ ਤੇ ਬਾਲਕ ਰਾਮ ਵੀ ਇਹੋ ਗੱਲ ਆਖਣ ਲੱਗੇ ਕਿ ਰੋਟੀ ਤਾਂ ਖਾਣੀ ਹੀ ਖਾਣੀ ਹੈ ਤਾਂ ਭਾਗਵੰਤੀ ਨੇ ਹੁਕਮ ਸੁਣਾ ਦਿੱਤਾ, 'ਚੰਗਾ ਜੀ, ਜੇ ਖੇਚਲ ਨਾ ਸਮਝੋ ਤਾਂ ਕੁੜੀ ਤਰੀ ਵਾਲ਼ੀ ਆਲੂਆਂ ਦੀ ਭਾਜੀ ਬਣਾ ਲਵੇ, ਫੁਲਕੇ ਲਾਹ ਲਵੇ ਤੇ ਸੂਜ਼ੀ ਦਾ ਕੜਾਹ ਬਣਾ ਦੇਵੇ।'

ਉਹ ਬੋਲੀ ਦੇਵ ਦੇ ਹੌਲ ਜਿਹਾ ਪਿਆ। ਬੇਅੰਤ ਵੀ ਘਬਰਾ ਗਿਆ ਕਿ ਉਸ ਦੀ ਬੇਬੇ ਨੇ ਆਪਣੇ ਖਾਣ-ਪੀਣ ਦਾ ਪੱਧਰ ਕਿੰਨਾ ਥੱਲੇ ਡੇਗ ਦਿੱਤਾ ਸੀ। ਪਹਿਲਾਂ ਕੁੜੀ ਦੀ ਮਾਂ ਹੱਸੀ, ਫੇਰ ਮਾਸੀ ਤੇ ਮਗਰੋਂ ਬਾਲਕ ਰਾਮ ਵੀ ਹੀ -ਹੀ ਕਰਨ ਲੱਗ ਪਿਆ। ਮੱਘੋ ਹੱਸਦੀਆਂ ਅੱਖਾਂ ਨਾਲ਼ ਰਸੋਈ ਵਿਚ ਜਾ ਵੜੀ। ਉਹ ਕੰਮ ਵਿਚ ਤਿੱਖੀ ਨਿਕਲ਼ੀ। ਉਸ ਨੇ ਇਕੱਲੀ ਨੇ ਹੀ ਦੋ ਸਬਜੀਆਂ ਬਣਾਈਆਂ। ਸੂਜ਼ੀ ਦਾ ਕੜਾਹ ਬਣਾਇਆ ਤੇ ਸਲਾਦ ਕੱਟ ਕੇ ਪਲੇਟ ਵਿਚ ਸਜਾ ਦਿੱਤਾ। ਭਾਗਵੰਤੀ ਰਸੋਈ ਦੇ ਸਾਮ੍ਹਣੇ ਬੈਠੀ ਆਪਣੀ ਕੁੜਮਣੀ ਤੇ ਉਹਦੀ ਭੈਣ ਨਾਲ਼ ਗੱਲਾਂ ਵੀ ਕਰਦੀ ਰਹੀ, ਰਸੋਈ ਵੱਲ ਵੀ ਝਾਕਦੀ ਰਹੀ, ਜਿਵੇਂ ਪੇਪਰ ਪਾ ਕੇ ਟੀਚਰ ਬੱਚੇ ਦੀ ਨਿਗਰਾਨੀ ਕਰ ਰਿਹਾ ਹੋਵੇ। ਮੱਘੋ ਜਦੋਂ ਫੁਲਕੇ ਲਾਹੁਣ ਲੱਗੀ ਉਹ ਉੱਠ ਕੇ ਉਹਦੇ ਕੋਲ਼ ਚਲੀ ਗਈ। ਤਵੇ ਤੇ ਗੁਬਾਰੇ ਵਾਂਗ ਫੁੱਲਿਆ ਫੁਲਕਾ ਦੇਖ ਉਹ ਵੀ ਉਸੇ ਤਰ੍ਹਾਂ ਫੁੱਲ ਗਈ। ਉਸ ਨੇ ਮੱਘੋ ਦਾ ਸਿਰ ਆਪਣੀ ਹਿੱਕ ਨਾਲ਼ ਲਾ ਲਿਆ। ਦਸ ਦਾ ਨੋਟ ਕੱਢ ਕੇ ਉਸ ਤੋਂ ਵਾਰਨਾ ਕੀਤਾ ਤੇ ਫੜਾ ਕੇ ਬੋਲੀ, 'ਮੇਰੀ ਧੀਏ ਤੂੰ ਕਿੱਥੇ ਖੋਈ ਹੋਈ ਸੀ ਹੁਣ ਤੱਕ?' ਭਾਗਵੰਤੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਚੜ੍ਹ ਆਏ। ਕੁੜੀ ਦੀ ਮਾਂ ਤੇ ਮਾਸੀ ਦੋਨੋਂ ਅੱਖਾਂ ਭਰ ਆਈਆਂ। ਬਾਲਕ ਰਾਮ ਬੋਲਿਆ, 'ਇਹ ਕੁੜੀ ਮਾਸੀ ਤੁਹਾਨੂੰ ਸਾਰੀਆਂ ਨੂੰਹਾਂ ਤੋਂ ਫਿੱਟ ਰਹੂਗੀ। ਇਸੇ ਨੂੰ ਖਾਨਦਾਨ ਕਹਿੰਦੇ ਆਂ।'

ਰੋਟੀ ਖਾਣ ਤੋਂ ਪਹਿਲਾਂ ਹੀ ਰਸੋਈ' ਚੋਂ ਆਉਂਦੀ ਖੁਸ਼ਬੋ ਨਾਲ਼ ਬਾਰ ਬਾਰ ਦੇਵ ਦੇ ਮੂੰਹ ਵਿਚ ਪਾਣੀ ਭਰ ਰਿਹਾ ਸੀ। ਉਹ ਸਾਰੇ ਹੀ ਘਰੋਂ ਨਿਰਨੇ ਕਾਲ਼ਜੇ ਆਏ ਸਨ ਕਿਉਂਕਿ ਬਾਲਕ ਰਾਮ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਰੋਟੀ ਕੁੜੀ ਦੀ ਮਾਸੀ ਦੇ ਘਰ ਖਾਣੀ ਹੈ। ਹੁਣ ਸਾਰਿਆਂ ਦੀ ਭੁੱਖ ਚਮਕੀ ਹੋਈ ਸੀ। ਭਾਗਵੰਤੀ ਨੂੰ ਆਪਣੇ ਮੁੰਡੇ ਉੱਠੇ ਦੇਖ ਸ਼ਾਇਦ ਅਭਿਮਾਨ ਜਿਹਾ ਹੋ ਗਿਆ ਸੀ। ਉਹ ਅੱਜ ਵੱਡੇ ਲੋਕਾਂ ਦੀ ਤਰ੍ਹਾਂ ਗੱਲਾ ਕਰ ਰਹੀ ਸੀ। ਰੋਟੀ ਉਨ੍ਹਾਂ ਸਾਰਿਆਂ ਨੇ ਇਕੱਠੇ ਬੈਠ ਕੇ ਖਾਧੀ। ਮੱਘੋ ਨੇ ਸਬਜ਼ੀਆਂ ਵਿਚ ਪਤਾ ਨਹੀਂ ਕਿਹੜੇ ਮਸਾਲੇ ਪਾਏ ਸਨ, ਜਾਂ ਫਿਰ ਪਿਆਰ ਹੀ ਐਨਾ ਭਰ ਦਿੱਤਾ ਸੀ ਕਿ ਸਾਰੇ ਉਂਗਲਾਂ ਚੱਟਦੇ ਰਹਿ ਗਏ। ਬੇਅੰਤ ਲਗਾਤਾਰ ਉਸ ਵੱਲ ਝਾਕੀ ਗਿਆ ਜਿਵੇਂ ਹੁਣੇ ਉਸ ਨੂੰ ਆਪਣੇ

ਫੰਗਾਂ ਤੇ ਬਿਠਾ ਕੇ ਉਡ ਜਾਵੇਗਾ। ਮੱਘੋ ਦੇ ਚਿਹਰੇ ਉੱਤੇ ਸ਼ਰਮ' ਚ ਲਿਪਟੀ ਮੁਸਕਾਨ ਘੁੰਮਦੀ ਰਹੀ।

'ਭੈਣ ਜੀ ਬੱਸ ਹੁਣ ਛੇਤੀ ਤੋਂ ਛੇਤੀ ਕੁੜੀ ਨੂੰ ਮੇਰੀ ਨੂੰਹ ਬਣਾ ਦਿਓ।' ਨਲ਼ਕੇ ਉੱਤੇ ਸਾਬਣ ਨਾਲ਼ ਹੱਥ ਧੋ ਕੇ ਕੁੜੀ ਦੀ ਮਾਂ ਦੇ ਹੱਥ ਵਿਚ ਫੜੇ ਤੌਲੀਏ ਨਾਲ਼ ਹੱਥ ਪੂੰਝਦੀ ਭਾਗਵੰਤੀ ਨੇ ਕਿਹਾ।

'ਬੀਬੀ ਕੋਈ ਲੈਣ-ਦੇਣ ਦੀ ਜਾਂ ਵਡਿਆਈਆਂ ਦੀ ਗੱਲ ਏ, ਉਹ ਵੀ ਦੱਸ ਦਿਓ।' ਉਹ ਬੋਲੀ।

'ਨੂੰਹਾਂ ਦੇ ਮਾਪਿਆਂ ਤੋਂ ਮੰਗ ਕੇ ਲੈਣ ਵਾਲ਼ੀ ਜੀਭ' ਚ ਕੀੜੇ ਪੈਣ ਭੈਣ ਜੀ। ਅਸੀਂ ਤਾਂ ਤਿੰਨ ਕੱਪੜਿਆਂ ਵਿਚ ਕੁੜੀ ਲੈ ਜਾਣੀ ਏਂ। ਚਾਹੇ ਅੱਜ ਤੋਰ ਦਿਓ। ਸਾਡੇ ਘਰ ਵਿਚ ਰੱਬ ਦਾ ਦਿੱਤਾ ਸਭ ਕੁਛ ਏ।' ਉਹ ਬੋਲੀ ਤਾਂ ਦੇਵ ਦਾ ਢਿੱਡ ਹੱਸਿਆ।

ਅਸਲੀਅਤ ਇਹ ਸੀ ਕਿ ਭਾਗਵੰਤੀ ਦੇ ਵਿਧਵਾ ਹੋਣ ਨਾਲ਼ ਇਹ ਟੱਬਰ ਟੋਏ' ਚ ਡਿਗ ਪਿਆ ਸੀ। ਘਨ੍ਹੱਈਏ ਨੇ ਇਨ੍ਹਾਂ ਨੂੰ ਟੋਏ' ਚੋਂ ਕੱਢ ਦਿੱਤਾ ਸੀ। ਉਹ ਧਰਤੀ ਦੇ ਬਰਾਬਰ ਜ਼ਰੂਰ ਆ ਗਏ ਸਨ, ਪਰ ਉੱਚਾ ਬਿਲਕੁਲ ਨਹੀਂ ਸਨ ਉੱਠੇ। ਗਰੀਬੜਾ ਜਿਹਾ ਘਰ ਦੇਵ ਦੀਆਂ ਅੱਖਾਂ ਅੱਗਿਓਂ ਲੰਘ ਗਿਆ। ਸਧਾਰਣ ਜਿਹੇ ਛੱਤੇ ਦੋ ਕਮਰੇ ਸਨ। ਇਕ ਕਮਰੇ' ਚ ਖੂੰਜੇ ਵਿਚ ਆਗਰੇ ਵਾਲ਼ੀ ਜਿੰਦਰ ਦੀ ਪੇਟੀ ਖੜ੍ਹੀ ਸੀ, ਜਿਸ ਉੱਤੇ ਹਰੇ ਰੰਗ ਦੇ ਪੱਤਿਆਂ ਦੀ ਵੇਲ ਤੇ ਸੂਹੇ ਫੁੱਲ ਹੌਲ਼ੀ-ਹੌਲ਼ੀ ਬਰਸਾਤਾਂ ਦੇ ਤਪਕਊਏ ਨਾਲ਼ ਭੂਰੇ ਬਣ ਗਏ ਸਨ। ਪੇਟੀ ਨਾਲ਼ ਉਸ ਦੀ ਬੇਬੇ ਦਾ ਮਧਰਾ ਸੰਦੂਖ਼ ਜੁੜਿਆ ਹੋਇਆ ਸੀ, ਜਿਸ ਉੱਤੇ ਪਿੱਤਲ ਦੀਆਂ ਘੁੱਗੀਆਂ ਜੜੀਆਂ ਹੋਈਆਂ ਸਨ ਤੇ ਦੋਨਾਂ ਪਾਸੇ ਤਾਂਬੇ ਦੇ ਭਾਰੇ ਕੁੰਡੇ ਸਨ। ਸੰਦੂਖ਼ ਅਤੇ ਪੇਟੀ ਉੱਤੇ ਲੱਕੜ ਦੀਆਂ ਦੋ ਸੰਦੂਖ਼ੜੀਆਂ ਤੇ ਤਿੰਨ ਲੋਹੇ ਦੇ ਜ਼ਰ ਖ਼ਾਧੇ ਟਰੰਕ ਧਰੇ ਹੋਏ ਸਨ। ਨਾਲ਼ ਹੀ ਇਕ ਚਰਖਾ ਪਿਆ ਸੀ, ਜਿਸ ਉੱਤੇ ਪਿੱਤਲ ਦੀਆਂ ਡੱਬੀਆਂ ਵਿਚ ਛੋਟੇ ਛੋਟੇ ਮੂੰਹ ਦੇਖਣ ਵਾਲ਼ੇ ਸ਼ੀਸ਼ੇ ਜੜੇ ਹੋਏ ਸਨ। ਵਿਹੜੇ ਵਿਚ ਬਾਲੇ ਪਾ ਕੇ ਆਪੇ ਛੱਤੀ ਵਿੰਗੀ ਟੇਢੀ ਰਸੋਈ ਸੀ, ਜਿਸ ਉੱਤੇ ਚੁੱਲ੍ਹਾ ਬਾਲਣ ਲਈ ਖਲਪਾੜਾਂ ਦਾ ਢੇਰ ਲੱਗਾ ਹੋਇਆ ਸੀ। ਭਾਗਵੰਤੀ ਉਨ੍ਹਾਂ ਦੇ ਦੋਰਾਹੇ ਆਉਣ ਤੱਕ ਚੁੱਲ੍ਹਾ ਬਾਲ਼ਦੀ ਰਹੀ ਸੀ। ਉਹ ਆ ਕੇ ਲੱਕੜ ਦੇ ਬੂਰੇ ਨਾਲ਼ ਮਘਣ ਵਾਲ਼ੀ ਇਕ ਅੰਗੀਠੀ ਅਤੇ ਸਟੋਵ ਲੈ ਆਏ ਸਨ। ਮਿੱਟੀ ਦੇ ਤੇਲ ਦੀ ਕਿੱਲਤ ਕਰ ਕੇ ਸਟੋਵ ਦਾ ਉਦਘਾਟਨ ਅਜੇ ਨਹੀਂ ਸੀ ਕੀਤਾ, ਪਰ ਅੰਗੀਠੀ ਜ਼ਰੂਰ ਲਾਉਣ ਲੱਗ ਪਏ ਸਨ। ਆਰੇ ਤੋਂ ਲੱਕੜੀ ਦੇ ਬੂਰੇ ਦੀ ਬੋਰੀ ਦੋ ਰੁਪਏ ਵਿਚ ਮਿਲ ਜਾਂਦੀ ਸੀ, ਜੋ ਸਸਤੀ ਪੈਂਦੀ ਸੀ। ਵਿਹੜੇ ਦੇ ਇਰਦ-ਗਿਰਦ ਇੱਟਾਂ ਦੀ ਚਾਰਦੀਵਾਰੀ ਸੀ, ਜਿਹੜੀ ਉਨ੍ਹਾਂ ਨੇ ਆਪ ਹੀ ਗਾਰੇ ਦੀ ਚਿਣਾਈ ਕਰ ਕੇ ਬਣਾਈ ਸੀ। ਕੋਠੇ ਤੇ ਚੜ੍ਹਨ ਲਈ ਨੌਂ ਡੰਡਿਆਂ ਦੀ ਬਾਂਸ ਦੀ ਪੌੜੀ ਸੀ। ਵਿਹੜੇ ਵਿਚ 'ਬੁਘਚੂ-ਬੁਘਚੂ' ਕਹਿਣ ਵਾਲ਼ਾ ਬੌਣਾ ਨਲ਼ਕਾ ਸੀ ਤੇ ਪੱਕਾ ਖੁਰਾ ਸੀ। ਚਾਰ ਦੀਵਾਰੀ ਵਿਚ ਇਕ ਪਾਸੇ ਛੋਟਾ ਜਿਹਾ ਰਾਹ ਛੱਡਿਆ ਹੋਇਆ ਸੀ ਜਿਸ ਉੱਤੇ ਟੀਨ ਲੱਗਾ ਰਹਿੰਦਾ। ਇਸ ਰਾਹ ਦੇ ਕੌਲ਼ੇ ਦੇਵ ਦੀ ਬੇਬੇ ਗੋਹੇ ਮਿੱਟੀ ਨਾਲ਼ ਲਿੱਪਦੀ ਰਹਿੰਦੀ। ਇਕ ਕੋਨੇ ਵਿਚ ਇੱਟਾਂ ਚਿਣ ਕੇ ਬਣਾਇਆ ਬਿਨਾਂ ਛੱਤ ਤੋਂ ਬਾਥਰੂਮ ਸੀ। ਇਸ ਬਾਥਰੂਮ ਦੇ ਬਾਹਰ ਦੋ ਖਾਲੀ ਬੋਤਲਾਂ ਪਈਆਂ ਰਹਿੰਦੀਆਂ। ਜੋ

ਵੀ ਬਾਹਰ ਖੇਤਾਂ ਵਿਚ ਜੰਗਲਪਾਣੀ ਜਾਂਦਾ, ਪਾਣੀ ਦੀ ਬੋਤਲ ਭਰ ਕੇ ਨਾਲ਼ ਲੈ ਜਾਂਦਾ। ਵਿਹੜੇ ਵਿਚ ਦੋ ਅਮਰੂਦ, ਦੋ ਅੰਬ, ਤਿੰਨ ਤੂਤ, ਇਕ ਜਾਮਣ, ਨੀਂਬੂ ਅਤੇ ਪਪੀਤੇ ਦੇ ਕਈ ਬੂਟੇ ਲੱਗੇ ਹੋਏ ਸਨ। ਦੇਵ ਦੀ ਬੇਬੇ ਦਾ ਕਹਿਣਾ ਸੀ ਕਿ ਅੰਬਾਂ ਹੇਠ ਪਰੇਮ ਦੇ ਪੁਰੋਹਿਤ ਦੀ ਘਰ ਵਾਲ਼ੀ ਅੰਬਿਕਾ ਨਹਾ ਕੇ ਕੋਈ ਜਾਦੂ ਟੂਣਾ ਕਰ ਗਈ ਸੀ, ਜਿਸ ਕਰਕੇ ਅੰਬਾਂ ਨੂੰ ਹਰ ਸਾਲ ਬੂਰ ਪੈਕੇ ਝੜ ਜਾਂਦਾ ਸੀ। ਘਰ ਵਿਚ ਪਿੰਡੋਂ ਲਿਆਂਦਾ ਹੋਇਆ ਇਕ ਲੱਤਾਂ ਕੱਠੀਆਂ ਹੋਣ ਵਾਲ਼ਾ ਮੇਜ਼ ਤੇ ਮੁਰੰਮਤ ਮੰਗਦੀਆਂ ਤਿੰਨ ਲੱਕੜ ਦੀਆਂ ਕੁਰਸੀਆਂ ਵੀ ਸਨ। ਚਾਰ ਪੰਜ ਬਾਣ ਦੇ ਮੰਜੇ ਸਨ, ਜੋ ਲੋੜ ਪੈਣ ਉੱਤੇ ਹੀ ਡਾਹੇ ਜਾਂਦੇ। ਬੈਠਣ ਲਈ ਮੂੜ੍ਹੇ ਪੀੜ੍ਹੀਆਂ ਤੇ ਦੱਭ ਦੀਆਂ ਦੋ ਸਫ਼ਾਂ ਸਨ, ਜਿਹੜੀਆਂ ਦੇਵ ਤੇ ਉਹਦੇ ਮਾਮੇ ਨੇ ਸਲਾਹਪੁਰ ਹੀ ਬਣਾਈਆਂ ਸਨ। ਝੱਲ ਮਾਰਨ ਲਈ ਖੰਜੂਰ ਦੇ ਪੱਠਿਆਂ ਤੋਂ ਬਣਾਏ ਹੱਥ ਪੱਖੇ ਸਨ। ਇਨ੍ਹਾਂ ਤੋਂ ਬਿਨਾਂ ਕਦੀ ਵੀ ਕੰਮ ਨਾ ਆਉਣ ਵਾਲ਼ਾ ਭਾਗਵੰਤੀ ਵੱਲੋਂ ਸਾਂਭ ਸਾਂਭ ਰੱਖਿਆ ਸਮਾਨ ਵੀ ਸੀ, ਜੋ ਉਨ੍ਹਾਂ ਦੇ ਪੁਰਾਣੇ ਬੰਦੇ ਹੋਣ ਦੀ ਗਵਾਹੀ ਭਰਦਾ ਸੀ। ਬਾਲਕ ਰਾਮ ਨੇ ਵਤਨੇੜੀ ਵਾਲ਼ਿਆਂ ਨੂੰ ਧਰਵਾਸ ਦਿੱਤਾ ਸੀ ਕਿ ਜੇ ਮੁੰਡੇ ਠੀਕ ਹੋਣ, ਘਰ ਵਿਚ ਸਿਆਣੀਆਂ ਨੂੰਹਾਂ ਦਾ ਪਰਵੇਸ਼ ਹੋ ਜਾਵੇ, ਤਾਂ ਦੁਨਿਆਵੀ ਵਸਤਾਂ ਤਾਂ ਬਣ ਹੀ ਜਾਂਦੀਆਂ ਹਨ। ਤਿੰਨ ਮੁੰਡੇ ਸਰਕਾਰੀ ਨੌਕਰੀਆਂ ਲੈ ਗਏ ਸਨ ਤੇ ਚੌਥਾ ਕਾਲਜ ਵਿਚ ਪੜ੍ਹਦਾ ਸੀ, ਇਹ ਕੋਈ ਛੋਟੀ ਗੱਲ ਨਹੀਂ ਸੀ।

ਖੈਰ, ਕੁੜੀ ਦੇਖਣ ਮਗਰੋਂ ਬੇਅੰਤ ਦੇ ਵਿਆਹ ਤੇ ਪੱਕੀ ਮੋਹਰ ਲੱਗ ਗਈ। ਜਨਮ ਪੱਤਰੀ, ਟੇਵੇ ਦੇਖਣ ਲਈ ਦੋਹਾਂ ਧਿਰਾਂ ਨੇ ਕੋਈ ਦਿਲਚਸਪੀ ਨਾ ਦਿਖਾਈ, ਬੱਸ ਰੁਪਿਆ ਦੇਣ ਤੋਂ ਪਹਿਲਾਂ ਕੁੜੀ ਦੇ ਬਾਪ ਨੇ ਗੋਤ ਨਾ ਰਲਦੇ ਹੋਣ ਦੀ ਗੱਲ ਜ਼ਰੂਰ ਪਰਖ਼ ਲਈ ਸੀ। ਵਿਆਹ ਦੀ ਤਰੀਕ ਫਿਕਸ ਕਰਨ ਲਈ ਹਰੀਵੰਸ਼ ਦੇ ਖ਼ਤ ਦੀ ਉਡੀਕ ਸੀ, ਪਰ ਉਸ ਨੂੰ ਛੁੱਟੀ ਨਹੀਂ ਸੀ ਮਿਲ ਰਹੀ। ਉਸ ਨੇ ਟੈਲੀਗਰਾਮ ਭੇਜੀ ਕਿ ਉਹ 'ਮਾਂ ਸਖ਼ਤ ਬੀਮਾਰ, ਤੁਰੰਤ ਪਹੁੰਚੋ।' ਲਿਖ ਕੇ ਤਾਰ ਭੇਜਣ। ਉਨ੍ਹਾਂ ਨੇ ਤਾਰ ਦਿੱਤੀ ਤਾਂ ਛੁੱਟੀ ਫੱਟ ਮਨਜ਼ੂਰ ਹੋ ਗਈ। ਉਨ੍ਹਾਂ ਸਾਰਿਆਂ ਨੇ ਝੂਠ ਦੀ ਸ਼ਕਤੀ ਨੂੰ ਨਮਸਕਾਰਿਆ। ਅਗਲੇ ਹਫ਼ਤੇ ਦੀ ਵਿਆਹ ਦੀ ਤਰੀਕ ਮਿੱਥ ਕੇ ਉਨ੍ਹਾਂ ਨੇ ਬਾਲਕ ਰਾਮ ਨੂੰ ਵਿਆਹ ਦੀ ਚਿੱਠੀ ਲਿਆਉਣ ਲਈ ਭੇਜ ਦਿੱਤਾ। ਅਗਲੇ ਦਿਨ ਹੀ ਹਰੀਵੰਸ਼ ਵੀ ਉਰਵਸ਼ੀ ਸਮੇਤ ਦੋਰਾਹੇ ਪਹੁੰਚ ਗਿਆ। ਉਹ ਆਪਣੇ ਨਾਲ਼ ਆਪਣੀ ਸਭ ਤੋਂ ਛੋਟੀ ਸਾਲ਼ੀ, ਜਿਸ ਦੀ ਉਮਰ ਨੌਂ ਦਸ ਸਾਲ ਸੀ, ਨੂੰ ਵੀ ਲੈ ਆਇਆ।

ਤੀਜੇ ਕੁ ਪਹਿਰ ਉਹ ਤਿੰਨੋਂ ਭਰਾ ਬਜ਼ਾਰ ਤੋਂ ਕੁਝ ਸੌਦੇ ਖਰੀਦ ਕੇ ਘਰ ਵੜੇ ਤਾਂ ਹਰੀਵੰਸ਼ ਦੀ ਸਾਲ਼ੀ ਅਤੇ ਦੋਨੋਂ ਬੱਚੇ ਕੱਚੇ ਅਮਰੂਦਾਂ ਨਾਲ਼ ਪੱਲੇ ਭਰੀ ਬੈਠੇ। ਦੇਵ ਤੜਫ਼ਣ ਲੱਗਾ ਕਿ ਉਨ੍ਹਾਂ ਨੇ ਕੱਚੇ ਫਲ਼ ਨਾਲ਼ ਭਰੇ ਦੋਨੋਂ ਅਮਰੂਦ ਰੁੰਡ-ਮਰੁੰਡ ਕਰ ਦਿੱਤੇ ਸਨ। ਉਹ ਬੋਲਿਆ, 'ਇਨ੍ਹਾਂ ਨਿਆਣਿਆਂ ਨੂੰ ਕਿਸੇ ਨੇ ਅਕਲ ਨ੍ਹੀ ਸਿਖਾਈ? ਸਾਰਾ ਫ਼ਲ਼ ਤੋੜ ਕੇ ਸੁੱਟ ਦਿੱਤਾ ਬਦਤਮੀਜ਼ਾਂ ਨੇ।'

'ਮੇਰੇ ਬੱਚਿਆਂ ਨੂੰ ਬਦਤਮੀਜ਼ ਕਹਿਣ ਦੀ ਲੋੜ ਨਹੀਂ। ਤੂੰ ਹੋਵੇਂਗਾ ਬਦਤਮੀਜ਼। ਵੱਡਾ ਆਇਆ ਫ਼ਲਾਂ ਵਾਲ਼ਾ।' ਦੇਵ ਦੀ ਭਾਬੀ ਉਰਵਸ਼ੀ ਬੋਲੀ।

'ਭਾਬੀ ਜੀ ਤੁਸੀਂ ਦੇਖਦੇ ਰਹੇ ਹੋ। ਤੁਹਾਨੂੰ ਬੱਚਿਆਂ ਨੂੰ ਰੋਕਣਾ ਨਹੀਂ ਸੀ ਚਾਹੀਦਾ?' ਦੇਵ ਬੋਲਿਆ।

'ਮੈਂ ਨਹੀਂ ਬੱਚਿਆਂ ਨੂੰ ਕੁਛ ਕਹਿੰਦੀ ਹੁੰਦੀ, ਚਾਹੇ ਸਭ ਕੁਝ ਤੋੜ ਦੇਣ।'

'ਕਿਉਂ ਬਕਵਾਸ ਕਰ ਰਹੀਂ ਏਂ ਉਰਵਸ਼ੀ? ਚੁੱਪ ਕਰ ਜਾ।' ਹਰੀਵੰਸ਼ ਬੋਲਿਆ।

'ਮੈਂ ਨਹੀਂ ਚੁੱਪ ਕਰਦੀ ਹੁੰਦੀ, ਇਹ ਹੁੰਦਾ ਕੌਣ ਏਂ ਮੇਰੇ ਬੱਚਿਆਂ ਨੂੰ ਬਦਤਮੀਜ਼ ਕਹਿਣ ਵਾਲ਼ਾ?'

ਉਹ ਰੋਣ ਲੱਗ ਪਈ ਤੇ ਹਰੀਵੰਸ਼ ਨੂੰ ਕਹਿਣ ਲੱਗੀ, 'ਮੈਂ ਹੁਣ ਇਕ ਮਿੰਟ ਲਈ ਵੀ ਐਥੇ ਨਹੀਂ ਰੁਕਾਂਗੀ। ਤੁਸੀਂ ਦੇਖਦੇ ਰਹਿਣਾ ਵਿਆਹ। ਮੇਰੀ ਜਾਣ-ਬੁੱਝ ਕੇ ਬੇਜ਼ਤੀ ਕੀਤੀ ਗਈ ਏ।'

ਉਰਵਸ਼ੀ ਨੂੰ ਸਭ ਨੇ ਸਮਝਾਇਆ। ਭਾਗਵੰਤੀ ਨੇ ਵੀ ਵਾਸਤੇ ਪਾਏ ਪਰ ਉਹ ਜਾਣ ਲਈ ਹਿੰਡ ਫੜ ਬੈਠੀ।

'ਕਿੱਥੇ ਜਾਣਾ ਏਂ ਹੁਣ ਤੂੰ?' ਹਰੀਵੰਸ਼ ਬੋਲਿਆ।

'ਮੈਨੂੰ ਤੇ ਬੱਚਿਆਂ ਨੂੰ ਰਾਜਪੁਰੇ ਦੀ ਗੱਡੀ ਚੜ੍ਹਾ ਆਵੋ। ਉੱਥੋਂ ਮੈਂ ਬੱਸ ਲੈ ਕੇ ਪਟਿਆਲ਼ੇ ਚਲੀ ਜਾਵਾਂਗੀ।'

'ਚੱਲ ਤੁਰ।' ਹਰੀਵੰਸ਼ ਉੱਠ ਖੜ੍ਹਾ ਹੋਇਆ। ਸਭ ਨੇ ਫਿਰ ਰੋਕਿਆ, ਪਰ ਉਹ ਬੋਲਿਆ, 'ਪਾਸੇ ਹਟ ਜੋ ਸਾਰੇ। ਜਾਣ ਦਿਓ ਇਹਨੂੰ।'

ਹਰੀਵੰਸ਼ ਨੇ ਉਸ ਦਾ ਸਮਾਨ ਸਾਇਕਲ ਉੱਤੇ ਲੱਦ ਲਿਆ ਤੇ ਉਸ ਨੂੰ ਗੱਡੀ ਚੜ੍ਹਾਉਣ ਚਲਾ ਗਿਆ। ਉਹ ਗਏ ਤਾਂ ਭਾਗਵੰਤੀ ਦੇਵ ਨੂੰ ਗਾਹਲ਼ਾਂ ਦੇਣ ਲੱਗ ਪਈ, 'ਢੈ ਜਾਣਿਆਂ ਬੇਅਕਲਿਆ ਤੂੰ ਫੂਕਣੇ ਸੀ ਅਮਰੂਦ? ਵਿਆਹ ਵਿਚ ਭਿੰਗਣਾ ਪੁਆ' ਤੀ।'

ਅੱਧਾ-ਪੌਣਾ ਘੰਟਾ ਬੀਤ ਗਿਆ ਉਹ ਸਾਰੇ ਵਿਹੜੇ ਵਿਚ ਮਸੋਸੇ ਬੈਠੇ ਸਨ ਕਿ ਰੋਂਦੀ ਹੋਈ ਉਰਵਸ਼ੀ ਅੰਦਰ ਆ ਵੜੀ ਤੇ ਬੋਲੀ, 'ਵੇ ਦੇਵ.... ਤੂੰ ਚੱਲ ਛੇਤੀ ਸਟੇਸ਼ਨ ਤੇ ਦਿਓਰ ਬਣ ਕੇ। ਵੇ ਬੇਅੰਤ ਤੂੰ ਵੀ ਚੱਲ ਛੇਤੀ। ਏ ਬੇਬੇ ਬਚਾ ਲਓ ਆਪਣੇ ਪੁੱਤ ਨੂੰ।'

'ਨੀ ਕੀ ਹੋ ਗਿਆ ਹਰੀਵੰਸ਼ ਨੂੰ?' ਭਾਗਵੰਤੀ ਨੇ ਚੀਕ ਮਾਰੀ।

'ਬੇਬੇ ਉਹ ਰੇਲ ਦੀਆਂ ਲਾਈਨਾਂ ਤੇ ਬੈਠਾ ਏ। ਕਹਿੰਦਾ ਗੱਡੀ ਹੇਠ ਆ ਕੇ ਮਰ ਜਾਣਾ ਏਂ। ਜੇ ਬਚਾਉਣ ਏਂ ਤਾਂ ਸਾਰੇ ਜਣੇ ਆਉਣ ਐਥੇ।' ਉਰਵਸ਼ੀ ਨੇ ਦੱਸਿਆ।

ਜਿਵੇਂ ਕੋਈ ਸੀ, ਉਸੇ ਹਾਲਤ ਵਿਚ ਸਟੇਸ਼ਨ ਵੱਲ ਨੂੰ ਦੌੜ ਲਿਆ। ਬੇਅੰਤ ਸਾਇਕਲ ਉੱਤੇ ਸਭ ਤੋਂ ਪਹਿਲਾਂ ਪਹੁੰਚ ਗਿਆ। ਹਰੀਵੰਸ਼ ਸੱਚਮੁੱਚ ਲਾਈਨਾਂ ਤੇ ਬੈਠਾ ਸੀ। ਕੁਝ ਲੋਕ ਉਸ ਦੁਆਲੇ' ਕੱਠੇ ਹੋਏ ਹੋਏ ਸਨ। ਭਾਗਵੰਤੀ ਅਤੇ ਉਰਵਸ਼ੀ ਪਹੁੰਚੀਆਂ ਤਾਂ ਉਹ ਬੋਲਿਆ, 'ਭੱਜ ਜਾਓ ਸਾਰੇ। ਮੈਂ ਅੱਜ ਜੀਵਨ ਲੀਲਾ ਖ਼ਤਮ ਕਰ ਦੇਣੀ ਏਂ।'

'ਹਰੀਵੰਸ਼ ਮੈਥੋਂ ਗਲਤੀ ਹੋ ਗਈ, ਮੈਨੂੰ ਮਾਫ਼ ਕਰਦੇ।' ਦੇਵ ਬੋਲਿਆ।

'ਜਿਸ ਦੀ ਸਾਰੀ ਗਲਤੀ ਏ, ਉਹ ਤਾਂ ਗੂੰਗੀ ਬਣੀ ਖੜੀ ਏ।' ਉਹ ਗਰਜਿਆ।

'ਜੀ, ਮੈਥੋਂ ਗਲਤੀ ਹੋ ਗਈ, ਮੈਨੂੰ ਮਾਫ਼ ਕਰ ਦੋ।' ਉਰਵਸ਼ੀ ਬੋਲੀ।

'ਇਉਂ ਨੀ ਮਾਫ਼ ਹੁੰਦਾ, ਦੇਵ ਤੋਂ ਮਾਫ਼ੀ ਮੰਗ।'

'ਦੇਵ ਤੂੰ ਮੇਰਾ ਛੋਟਾ ਦਿਓਰ ਏਂ। ਮੈਨੂੰ ਮਾਫ਼ ਕਰਦੇ।' ਉਹ ਬੋਲੀ।

'ਮੇਰੇ ਮਨ' ਚ ਕੁਛ ਨੀ। ਮੈਨੂੰ ਹੀ ਮਾਫ਼ ਕਰ ਦਿਓ ਭਾਬੀ ਜੀ।' ਦੇਵ ਬੋਲਿਆ।

'ਚਲੋ ਉੱਠੋ ਘਰ ਨੂੰ, ਮੈਂ ਨਹੀਂ ਜਾਂਦੀ ਪਟਿਆਲੇ।' ਉਰਵਸ਼ੀ ਬੋਲੀ।

'ਪਹਿਲਾਂ ਕਹਿ ਕਿ ਜਿੰਨੇ ਦਿਨ ਰਹਿਣਾ ਨੇ, ਕਿਸੇ ਨੂੰ ਕੁਛ ਨਹੀਂ ਕਹੇਂਗੀ।' ਹਰੀਵੰਸ਼ ਨੇ ਕਿਹਾ।

'ਨਹੀਂ ਕਹਿੰਦੀ, ਆਹ ਦੇਖੋ।' ਉਰਵਸ਼ੀ ਨੇ ਦੋਨੋਂ ਕੰਨ ਫੜ ਲਏ।

'ਪਟਿਆਲ਼ੇ ਜਾਣ ਨੂੰ ਕਹੇਂਗੀ?'

'ਨਹੀਂ ਕਹਿੰਦੀ।'

'ਮੇਰੇ ਨਾਲ਼ ਲੜਾਈ ਕਰੇਂਗੀ?'

'ਨਹੀਂ ਕਰਦੀ।'

ਆਲ਼ੇ ਦੁਆਲ਼ੇ ਖੜ੍ਹੇ ਲੋਕ ਹੱਸਣ ਲੱਗ ਪਏ ਤਾਂ ਭਾਗਵੰਤੀ ਬੋਲੀ, 'ਵੇ ਚੰਦਰਿਓ, ਕਿਉਂ ਜਲੂਸ ਕੱਢਦੇ ਹੋ ਆਪਣਾ? ਚੱਲੋ ਘਰ।'

ਹਰੀਵੰਸ਼ ਖੜ੍ਹਾ ਹੋ ਗਿਆ, ਪੈਂਟ ਝਾੜੀ ਤੇ ਤੁਰ ਪਿਆ। ਬੇਅੰਤ ਨੇ ਉਰਵਸ਼ੀ ਦਾ ਸਮਾਨ ਚੁੱਕ ਕੇ ਆਪਣੇ ਸਾਇਕਲ ਤੇ ਲੱਦ ਲਿਆ। ਘਰ ਪੁੱਜੇ ਤਾਂ ਅੱਧੇ ਘੰਟੇ ਮਗਰੋਂ ਫਿਰ ਹਾ-ਹਾ, ਹੀ-ਹੀ ਹੋਣ ਲੱਗ ਪਈ। ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਇਕ ਰਾਤ ਹੀ ਬੀਤੀ ਸੀ। ਸਵੇਰ ਸਾਰ ਉਰਵਸ਼ੀ ਹਰੀਵੰਸ਼ ਦਾ ਮੋਢਾ ਫੜਦੀ ਬੋਲੀ, 'ਜੀ ਗੁੱਸਾ ਤਾਂ ਨੀ ਕਰੋਗੇ? ਜੇ ਇਕ ਗੱਲ ਕਹਾਂ।'

'ਕਹਿ।' ਉਹ ਬੋਲਿਆ।

'ਜੀ ਅਸੀਂ ਵਿਆਹ ਤੋਂ ਇਕ ਦਿਨ ਪਹਿਲਾਂ ਆ ਜਾਵਾਂਗੇ। ਸਾਨੂੰ ਪਟਿਆਲ਼ੇ ਭੇਜ ਦਿਓ। ਬਾਥਰੂਮ ਤੇ ਲੈਟਰੀਨ ਤੋਂ ਬਿਨਾਂ ਬੱਚੇ ਐਥੇ ਨੀ ਰਹਿ ਸਕਦੇ।'

'ਥੋੜ੍ਹਾ ਅਡਜਸਟ ਕਰ ਉਰਵਸ਼ੀ। ਵਿਆਹ ਹੈ ਮੇਰੇ ਭਰਾ ਦਾ।'

'ਪਲੀਜ਼ ਮੈਨੂੰ ਬੱਸ ਬਿਠਾ ਆਓ। ਇਕ ਦਿਨ ਪਹਿਲਾਂ ਆ ਜਾਵਾਂਗੀ।' ਉਹ ਰੋਣ ਲੱਗ ਪਈ। ਹਰੀਵੰਸ਼ ਤੋਂ ਉਸ ਦੇ ਹੰਝੂ ਦੇਖੇ ਨਾ ਗਏ। ਉਹ ਬੋਲਿਆ, 'ਚੱਲ।'

'ਨੀ ਬਹੂ, ਇਉਂ ਨਾ ਕਰ ਸਾਡੇ ਨਾਲ਼।' ਭਾਗਵੰਤੀ ਹੱਥ ਜੋੜ ਕੇ ਖੜ੍ਹ ਗਈ।

'ਉਰਵਸ਼ੀ ਬਹੁਤ ਸਿਆਣੀ ਔਰਤ ਏ ਬੇਬੇ। ਹਮੇਸ਼ਾ ਜੋ ਵੀ ਫੈਸਲਾ ਉਹ ਕਰਦੀ ਏ ਠੀਕ ਹੀ ਹੁੰਦਾ ਏ। ਤੂੰ ਟੰਗ ਅੜਾ ਕੇ ਦੱਸ ਕੀ ਲੈਣਾ ਏਂ?'

ਸਾਰੇ ਸੋਚ ਰਹੇ ਸਨ ਕਿ ਇਹ ਉਹੀ ਕੱਲ੍ਹ ਵਾਲ਼ਾ ਹਰੀਵਸ਼ ਸੀ? ਉਹ ਉਹਦਾ ਸਮਾਨ ਸਾਇਕਲ ਉੱਤੇ ਰੱਖ ਬੱਚਿਆਂ ਸਮੇਤ ਉਨ੍ਹਾਂ ਨੂੰ ਬੱਸ ਚੜ੍ਹਾ ਆਇਆ।

**00**

# ਪਚਾਸੀ

ਦੂਜੇ ਜਾਂ ਤੀਜੇ ਦਿਨ ਰਾਮ ਸਿੰਘ ਤੇ ਦੇਵ ਦੀ ਭਾਬੀ ਜਿੰਦਰ ਆਗਰੇ ਤੋਂ ਦੋਰਾਹੇ ਪਹੁੰਚ ਗਏ। ਦੇਵ ਤੇ ਬੇਅੰਤ ਆਪਣੇ ਮਾਮੇ ਘਨ੍ਹੱਈਏ ਨੂੰ ਵਿਆਹ ਬਾਰੇ ਦੱਸਣ ਸਲਾਹਪੁਰ

ਜਾਣ ਦੀ ਤਿਆਰੀ ਕਰ ਰਹੇ ਸਨ। ਭਾਗਵੰਤੀ ਸਾਹਾ ਬੰਨ੍ਹਿਆ ਹੋਣ ਕਰਕੇ ਬੇਅੰਤ ਨੂੰ ਐਨੇ ਲੰਬੇ ਸਫ਼ਰ ਉੱਤੇ ਜਾਣ ਤੋਂ ਰੋਕ ਰਹੀ ਸੀ, ਪਰ ਉਹ ਕਹਿੰਦਾ ਰਿਹਾ ਸੀ, 'ਕਿਤੇ ਨੀਂ ਭੱਜਦਾ ਤੇਰਾ ਸਾਹਾ, ਸ਼ਾਮ ਨੂੰ ਅਸੀਂ ਵਾਪਸ ਆ ਜਾਣਾ ਏ।'

ਕੁਝ ਦੇਰ ਆਪਣੇ ਵੀਰ ਜੀ ਰਾਮ ਸਿੰਘ ਤੇ ਭਾਬੀ ਨਾਲ਼ ਗੱਲਾਂ ਮਾਰ ਉਹ ਦੋਨੋਂ ਸਾਇਕਲਾਂ ਤੇ ਪਿੰਡ ਨੂੰ ਚੱਲ ਪਏ। ਦਸ ਵੱਜਦੇ ਨੂੰ ਉਹ ਨਹਿਰ ਉੱਤੇ ਸਲਾਹਪੁਰ ਦੇ ਬਰਾਬਰ ਪਹੁੰਚ ਗਏ ਤਾਂ ਉੱਥੇ ਕਿਸ਼ਤੀ ਲੱਗੀ ਹੋਈ ਸੀ। ਉਹ ਹੈਰਾਨ ਹੋਏ ਕਿ ਚਮਕੌਰ ਦਾ ਪੁਲ਼ ਤਾਂ ਉੱਥੋਂ ਦੋ ਫਰਲਾਂਗ ਵੀ ਨਹੀਂ ਸੀ, ਕਿਸ਼ਤੀ ਦੀ ਕਿਹੜੀ ਲੋੜ ਪੈ ਗਈ ਸੀ। ਬਾਈ ਜਸਵੰਤ ਸਰਪੰਚ ਸੀ, ਉਸੇ ਨੇ ਹਿੰਮਤ ਕੀਤੀ ਹੋਵੇਗੀ। ਪੁਲ ਉੱਤੋਂ ਘੁੰਮ ਕੇ ਆਉਣ ਨਾਲੋਂ ਉਨ੍ਹਾਂ ਨੇ ਵੀ ਕਿਸ਼ਤੀ ਰਾਹੀਂ ਪਾਰ ਲੰਘਣ ਦਾ ਫੈਸਲਾ ਕਰ ਲਿਆ। ਕਿਸ਼ਤੀ ਉਰਲੇ ਕੰਢੇ ਹੀ ਖੜ੍ਹੀ ਸੀ। ਉਨ੍ਹਾਂ ਨੇ ਘਾਟ ਤੋਂ ਥੱਲੇ ਉੱਤਰ ਦੋਨੋਂ ਸਾਇਕਲ ਕਿਸ਼ਤੀ ਤੇ ਚੜ੍ਹਾ ਲਏ ਫਿਰ ਸੰਗਲ ਵਾਲ਼ਾ ਕੁੰਡਾ ਖੋਹਲ ਦਿੱਤਾ। ਕਿਸ਼ਤੀ ਬੜੀ ਤੇਜ਼ੀ ਨਾਲ਼ ਦੂਜੇ ਕੰਢੇ ਵੱਲ ਦੌੜ ਲਈ। ਦੂਜੇ ਕੰਢੇ ਤੇ ਸੰਗਲ਼ ਖਿੱਚ ਕੇ ਮੁੜ ਉਸੇ ਕੁੰਡੀ ਵਿਚ ਫਸਾਉਣਾ ਸੀ। ਕਿਸ਼ਤੀ ਕੰਢੇ ਲਾਗੇ ਪਹੁੰਚੀ ਉਹ ਦੋਨੋਂ ਸੰਗਲ ਖਿੱਚਣ ਲੱਗ ਪਏ। ਕਿਸ਼ਤੀ ਇਕ ਦਮ ਘੁੰਮੀ ਤਾਂ ਬੇਅੰਤ ਉਲਟ ਗਿਆ ਤੇ ਉਸ ਦੇ ਹੱਥੋਂ ਸੰਗਲ਼ ਛੁੱਟ ਗਿਆ। ਉਹ ਲੱਕ ਲੱਕ ਪਾਣੀ ਵਿਚ ਜਾ ਡਿੱਗਾ। ਉਸ ਦੀ ਖੁਸ਼ ਕਿਸਮਤੀ ਸੀ ਕਿ ਉਸ ਦਾ ਹੱਥ ਕਿਸ਼ਤੀ ਦੇ ਸਰੀਏ ਨੂੰ ਪੈ ਗਿਆ। ਕੰਢੇ ਉੱਤੇ ਖੜ੍ਹੇ ਪਿੰਡ ਦੇ ਦੋ ਮੁੰਡਿਆਂ ਭੂਰੂ ਤੇ ਗੀਚੂ ਨੇ ਉਸ ਨੂੰ ਫੜ ਕੇ ਬਾਹਰ ਕੱਢ ਲਿਆ। ਉਸ ਦੇ ਸਾਰੇ ਕੱਪੜੇ ਪਾਣੀ ਵਿਚ ਗੱਚ ਹੋ ਗਏ ਸਨ। ਕਿਸ਼ਤੀ ਤੋਂ ਸਾਇਕਲ ਲਾਹ ਕੇ ਬੇਅੰਤ ਨੇ ਦੋਨਾਂ ਮੁੰਡਿਆਂ ਨੂੰ ਕਿਹਾ, 'ਯਾਰ ਤੁਸੀਂ ਮੇਰੀ ਜਾਨ ਬਚਾਈ ਏ। ਅਗਲੇ ਐਤਵਾਰ ਮੇਰਾ ਵਿਆਹ ਏ, ਤੁਸੀਂ ਜ਼ਰੂਰ ਆਉਣੈ ਦੋਰਾਹੇ।'

'ਕਿਉਂ ਡਿਗਿਆ ਭਲਾ ਤੂੰ?' ਭੂਰੂ ਬੋਲਿਆ।

'ਕਿਉਂ?'

'ਪੜ੍ਹੇ-ਲਿਖੇ ਬੰਦੇ ਮੂਰਖ ਹੁੰਦੇ ਆਂ। ਮੈਂ ਤਾਂ ਹੀ ਨੀ ਪੜ੍ਹਿਆ।' ਉਹ ਹੱਸਣ ਲੱਗਾ।

ਉਨ੍ਹਾਂ ਨੇ ਸਾਇਕਲ ਘਰ ਵੱਲ ਨੂੰ ਤੋਰੇ ਤਾਂ ਬੇਅੰਤ ਅਜੇ ਵੀ ਨੁੱਚੜ ਰਿਹਾ ਸੀ। ਘਰ ਮੂਹਰੇ ਜਾ ਕੇ ਪਤਾ ਲੱਗਾ ਕਿ ਘਨ੍ਹੱਈਆ ਕੋਠੇ ਉੱਤੇ ਸੀ। ਉਹ ਦੋਨੋਂ ਸਾਇਕਲ ਖੜ੍ਹਾ ਕੇ ਪੌੜੀ ਚੜ੍ਹ ਗਏ। ਉਨ੍ਹਾਂ ਨੇ ਘਨ੍ਹੱਈਏ ਦੇ ਪੈਰੀਂ ਹੱਥ ਲਾ ਕੇ ਮੱਥਾ ਟੇਕਿਆ। ਉਹ ਕੌਲ਼ੇ ਢਕਣ ਲਈ ਅਗਲੀ ਕੰਧ ਉੱਤੇ ਛਪਰੀਆਂ ਬੰਨ੍ਹ ਰਿਹਾ ਸੀ। ਉਸ ਨੇ ਦੋਨਾਂ ਦੇ ਸਿਰ ਪਲ਼ੋਸੇ ਤੇ ਆਪਣੀਆਂ ਬਾਹਾਂ' ਚ ਲੈਂਦਾ ਬੋਲਿਆ, 'ਆਓ ਮੇਰੇ ਹੀਰਿਓ, ਕਦੋਂ ਆਏ ਤੁਸੀਂ? ਪਾ ਦਵੋ ਮੇਰੇ ਕਾਲ਼ਜੇ ਠੰਡ।'

ਉਹ ਉਨ੍ਹਾਂ ਨੂੰ ਹੇਠ ਲੈ ਆਇਆ। ਘਰ ਦੇ ਅੰਦਰ ਦਰਾਂ ਮੂਹਰੇ ਮੰਜੀ ਤੇ ਪਈ ਕੋਈ ਬਿਰਧ ਔਰਤ ਹੂੰਗਰਾਂ ਮਾਰ ਰਹੀ ਸੀ। ਉਸ ਦੇ ਮੋਢਿਆਂ ਤੇ ਮੱਖੀਆਂ ਭਿਣਕ ਰਹੀਆਂ ਸਨ। ਬੇਅੰਤ ਬੋਲਿਆ, 'ਇਹ ਕੌਣ ਏਂ ਮਾਮਾ?'

'ਇਹ ਚਮਕੌਰ ਵਾਲ਼ੀ ਦੂਰੋਂ ਲਗਦੀ ਤਾਈ ਏ ਪੂਰੋ। ਤਾਇਆ ਬਿਸ਼ਨਾ ਕੋਠੇ ਤੋਂ ਡਿਗ ਕੇ ਮਰ ਗਿਆ ਸੀ। ਇਹਦੇ ਦਿਓਰਾਂ ਨੇ ਸਾਂਭੀ ਨਾ, ਤਾਂ ਮੈਂ ਲੈ ਆਇਆ। ਇਹ ਤਾਂ

ਵਿਚਾਰੀ ਉਦੋਂ ਦੀ ਹੀ ਬੀਮਾਰ ਏ। ਸਿਰੀ ਰਾਮ ਤੋਂ ਦਵਾਈ ਲਿਆ ਦਿੰਦਾ ਹਾਂ ਚਮਕੋਰੋਂ। ਆਖਰੀ ਸੇਵਾ ਏ ਵਿਚਾਰੀ ਦੀ ਕਰੀ ਜਾਂਦੇ ਹਾਂ।'

'ਆਪਾਂ ਤਾਂ ਮਾਮਾ ਕਦੀ ਬਿਸ਼ਨੇ ਕੋਲ਼ ਜਾਦੇ ਹੀ ਨਹੀਂ ਸੀ। ਤੂੰ ਹੀ ਕਿਹਾ ਕਰਦਾ ਸੀ ਕਿ ਉਹਦੇ ਨਾਲ਼ ਲੜਾਈ ਹੋ ਗਈ ਸੀ।' ਦੇਵ ਨੇ ਕਿਹਾ।

'ਮਰ ਗਿਆ ਤਾਂ ਕਾਹਦੀ ਲੜਾਈ ਰਹਿ ਗਈ? ਸਰੀਕੇ' ਚ ਬਥੇਰੀਆਂ ਗੱਲਾਂ ਹੋ ਜਾਇਆ ਕਰਦੀਆਂ ਨੇ ਸਾਊ। ਕਿਸੇ ਨੂੰ ਆਖ਼ਰੀ ਵਕਤ ਸਾਂਭ ਲੈਣ ਨਾਲੋਂ ਵੱਡਾ ਪੁੰਨ ਹੋਰ ਕੋਈ ਨੀ ਕਾਕਾ।' ਘਨ੍ਹੱਈਆ ਬੋਲਿਆ।

'ਵਾਹ ਮਾਮਾ।' ਦੇਵ ਦੇ ਬੁੱਲ੍ਹ ਹਿੱਲੇ, ਪਰ ਅਵਾਜ਼ ਕੋਈ ਨਾ ਨਿਕਲ਼ੀ। ਉਨ੍ਹਾਂ ਦੋਨਾਂ ਨੇ ਪੂਰੋ ਦੇ ਪੈਰ ਫੜ ਕੇ ਮੱਥਾ ਟੇਕਿਆ ਤਾਂ ਉਹ ਜਿਵੇਂ ਖੂਹ' ਚੋਂ ਬੋਲੀ, 'ਕਿਹੜੇ ਓਂ?'

'ਇਹ ਭਾਗਵੰਤੀ ਦੇ ਨਿਆਣੇ ਨੇ।' ਘਨ੍ਹੱਈਏ ਨੇ ਦੱਸਿਆ।

'ਭਾਗਵੰਤੀ ਅਜੇ ਜਿਉਂਦੀ ਆ?'

'ਆਹੋ... ਹੋਰ ਤੂੰ ਸਾਰਿਆਂ ਨੂੰ ਮਾਰਨ ਦਾ ਠੇਕਾ ਲਿਆ ਏ?' ਘਨ੍ਹੱਈਆ ਹੱਸਿਆ।

'ਵੇ ਲੱਕੜਾਂ ਵੀ ਲੈ ਆਏ?' ਉਹ ਬੋਲੀ।

'ਆਹੋ... ਤੂੰ ਮਰ ਤਾਂ ਸਹੀ ਤਾਈ... ਲੱਕੜਾਂ ਪਾਵਾਂਗੇ ਤੇਰੇ ਤੇ ਚੰਦਨ ਦੀਆਂ।'

ਸਿਰ ਤੇ ਤਸਲਾ ਚੁੱਕੀ ਲਲਤਾ ਅੰਦਰ ਆ ਵੜੀ। ਉਨ੍ਹਾਂ ਦੋਨਾਂ ਨੇ ਉਸ ਦੇ ਪੈਰ ਛੂਹੇ । ਉਸ ਨੇ ਸਿਰ ਪਲੋਸੇ ਤੇ ਅਸੀਸਾਂ ਦਿੱਤੀਆਂ। ਉਸ ਨੇ ਦੱਸਿਆ ਕਿ ਉਹ ਸੁਆਹ ਤੇ ਕੀਤਾ ਪੂਰੋ ਤਾਈ ਦਾ ਜੰਗਲ ਪਾਣੀ ਢੇਰ ਤੇ ਸੁੱਟ ਕੇ ਆਈ ਸੀ।

'ਵਾਹ ਮਾਮੀ।' ਦੇਵ ਨੇ ਆਪਣੇ ਮਨ' ਚ ਹੀ ਕਿਹਾ।

'ਇਹ ਅੱਖ ਤੇ ਪੱਟੀ ਕਿਉਂ ਲਟਕ ਰਹੀ ਏ ਮਾਮੀ?' ਬੇਅੰਤ ਨੇ ਉਸ ਦੀ ਹਰੀ ਪੱਟੀ ਵੱਲ ਇਸ਼ਾਰਾ ਕਰ ਕੇ ਪੁੱਛਿਆ।

'ਚਮਕੌਰ ਅੱਖਾਂ ਦੇ ਓਪਰੇਸ਼ਨ ਦਾ ਕੈਂਪ ਲਗਾ ਸੀ ਭਾਈ। ਨਿਗਾਹ ਬਣ ਗਈ ਏ ਮੇਰੀ।'

'ਚਲੋ ਇਹ ਵੀ ਠੀਕ ਹੋਇਆ।'

ਲਲਤਾ ਨੇ ਉਨ੍ਹਾਂ ਲਈ ਚਾਹ ਬਣਾ ਦਿੱਤੀ। ਦੇਵ ਨੂੰ ਇਕ ਗੱਲ ਦਾ ਅਫ਼ਸੋਸ ਹੋਣ ਲੱਗਾ ਕਿ ਉਹ ਆਪਣੇ ਮਾਮੇ ਨੂੰ ਵਿਆਹ ਲਈ ਕਹਿਣ ਆਏ ਸੀ, ਪਰ ਲੱਡੂ ਲਿਆਂਦੇ ਹੀ ਨਹੀਂ ਸਨ। ਲੱਡੂ ਉਨ੍ਹਾਂ ਨੇ ਚਮਕੌਰ ਦੇ ਪੁਲ ਤੇ ਮਿੰਦਰ ਦੀ ਦੁਕਾਨ ਤੋਂ ਖਰੀਦਣੇ ਸਨ, ਪਰ ਲੰਘ ਆਏ ਸਨ ਉਹ ਕਿਸ਼ਤੀ ਚੜ੍ਹ ਕੇ। ਬੇਅੰਤ ਨੇ ਆਪਣੀ ਛੁੱਟੀ ਤੇ ਫਿਰ ਦੇਵ ਦੇ ਪੇਪਰ ਦੇ ਕੇ ਆਉਣ ਬਾਰੇ ਦੱਸਿਆ। ਘਨ੍ਹੱਈਆ ਸਭ ਦੀ ਸੁੱਖ ਸਾਂਦ ਪੁੱਛਦਾ ਰਿਹਾ।

'ਮਾਮੀ ਵੀ ਮਾੜੀ ਹੋਈ ਲਗਦੀ ਏ।' ਬੇਅੰਤ ਬੋਲਿਆ।

'ਹੁਣ ਅਸੀਂ ਮਾੜੇ ਹੀ ਹੋਣਾ ਏਂ ਬੱਚਿਓ। ਸਾਰੇ ਕੰਮ ਕਰਨੇ ਪੈਂਦੇ ਨੇ ਵਿਚਾਰੀ ਨੂੰ। ਜਦੋਂ ਸਾਡਾ ਵਿਆਹ ਹੋਇਆ, ਇਹ ਬਹੁਤ ਨਿਆਣੀ ਸੀ। ਮੈਂ ਇਹਨੂੰ ਕਿਹਾ ਕਰਨਾ... ਤੈਨੂੰ ਸਾਰੀ ਉਮਰ ਫੁੱਲਾਂ ਦੀ ਤਰ੍ਹਾਂ ਰੱਖਾਂਗਾ। ਤੂੰ ਕਦੀ ਬਾਲਣ ਨੂੰ ਨਹੀਂ ਜਾਏਂਗੀ, ਕੱਖਾਂ ਨੂੰ ਨਹੀਂ ਜਾਏਂਗੀ, ਪਾਥੀਆਂ ਨਹੀਂ ਪੱਥੇਂਗੀ, ਪਰ ਸਮੇਂ ਦਾ ਕੀ ਪਤਾ, ਬੜਾ ਬਲਵਾਨ ਹੁੰਦਾ ਏ ਇਹ।

ਮੂਹਰੇ ਲਾ ਲਈ ਵਿਚਾਰੀ। ਡਾਢੇ ਨੇ ਗੋਦ ਵੀ ਨਾ ਹਰੀ ਕੀਤੀ।' ਘਨ੍ਹੱਈਆ ਬੋਲਿਆ।

ਦੇਵ ਸੋਚ ਰਿਹਾ ਸੀ ਕਿ ਬੇਅੰਤ ਉਨ੍ਹਾਂ ਨੂੰ ਵਿਆਹ ਬਾਰੇ ਛੇਤੀ ਦੱਸੇ, ਪਰ ਉਹ ਤਾਂ ਜਿਵੇਂ ਡਰ ਰਿਹਾ ਸੀ, ਉਸ ਦਾ ਹੌਸਲਾ ਹੀ ਨਹੀਂ ਸੀ ਪੈ ਰਿਹਾ।

'ਚੱਲ ਮਾਮਾ ਹੌਂਸਲਾ ਰੱਖ, ਕੋਈ ਗੱਲ ਨੀ। ਰੱਬ ਅੱਗੇ ਕੋਈ ਜ਼ੋਰ ਥੋੜ੍ਹੀ ਆ। ਅਸੀਂ ਤਾਂ ਅੱਜ ਤੈਨੂੰ ਵਧਾਈਆਂ ਦੇਣ ਆਏ ਹਾਂ।' ਬੇਅੰਤ ਬੋਲਿਆ।

'ਵਧਾਈਆਂ ਕਾਹਦੀਆਂ ਪੁੱਤ?' ਲਲਤਾ ਨੇ ਪੁੱਛਿਆ।

'ਮੇਰੇ ਵਿਆਹ ਦੀ ਤਰੀਕ ਪੱਕੀ ਹੋ ਗਈ ਏ ਇਸ ਤੋਂ ਅਗਲੇ ਐਤਵਾਰ।'

'ਕਿੱਥੇ?' ਘਨੱਈਏ ਨੇ ਪੁੱਛਿਆ।

'ਉਹੀ ਵੜਨੇੜੀ। ਜਿੱਥੇ ਪਿਛਲੀ ਛੁੱਟੀ ਗੱਲ ਚੱਲੀ ਸੀ।'

'ਕੁੜੀ ਦੇਖੀ? ਘਰ-ਬਾਰ ਕਿਵੇਂ ਆਂ?'

'ਘਨ੍ਹੱਈਏ ਨੇ ਪੁੱਛਿਆ ਤਾਂ ਬੇਅੰਤ ਨੇ ਕੁੜੀ ਦੇਖਣ ਦੀ ਗੱਲ ਬੜੇ ਚਾਅ ਨਾਲ਼ ਦੱਸੀ। ਜਿਉਂ ਜਿਉਂ ਉਹ ਬੋਲਦਾ ਗਿਆ, ਘਨ੍ਹੱਈਏ ਦੇ ਤੇਵਰ ਚੜ੍ਹਦੇ ਗਏ। ਬੇਅੰਤ ਗੱਲ ਮੁਕਾਉਂਦਾ ਬੋਲਿਆ, 'ਹੁਣ ਤੂੰ ਮਾਮੀ ਨੂੰ ਲੈ ਕੇ ਛੇਤੀ ਤੋਂ ਛੇਤੀ ਦੋਰਾਹੇ ਪਹੁੰਚ ਜਾ। ਤੇਰੀ ਸਲਾਹ ਨਾਲ਼ ਹੀ ਸਾਰੇ ਕੰਮ ਕਰਨੇ ਨੇ।'

'ਮੇਰੀ ਸਲਾਹ? ਦੋਰਾਹੇ ਪਹੁੰਚ ਜਾਵਾਂ? ਅਸਾਨ ਪਿਆ ਏ ਦੋਰਾਹੇ ਪਹੁੰਚਣਾ? ਤੂੰ ਮੇਰੀ ਸਲਾਹ ਹੀ ਕਿਹੜੀ ਲਈ? ਪੁੱਛੀ ਕੋਈ ਗੱਲ ਆ ਕੇ ਮੈਨੂੰ?'

'ਮਾਮਾ ਵਿਆਹ ਵਿਚ ਤੂੰ ਹੀ ਮੂਹਰੇ ਹੋਵੇਂਗਾ। ਪਿਓ ਦੀ ਥਾਂ ਤੇਰੀ ਹੀ ਮਿਲਣੀ ਹੋਵੇ ਗੀ।'

'ਮੈਨੂੰ ਕੋਈ ਲੋੜ ਨੀ ਮਿਲਣੀਆਂ ਦੀ। ਭਾਗਵੰਤੀ ਨੂੰ ਨਹੀਂ ਸੀ ਆਉਣਾ ਚਾਹੀਦਾ ਅੱਜ? ਯਾਰੋ ਹੱਦ ਹੋ ਗਈ। ਤੁਸੀਂ ਮੈਨੂੰ ਐਨਾ ਭੁੰਜੇ ਲਾਹ ਦੇਵੋਂਗੇ ਸੋਚਿਆ ਨਾ ਸੀ। ਤੂੰ ਵਿਆਹ ਲਈ ਕਹਿਣ ਆ ਗਿਆ। ਸੇਰ ਲੱਡੂ ਨੀ ਸੀ ਸਰਦੇ ਤਾਂ ਗੁੜ ਦੀ ਭੇਲੀ ਹੀ ਲੈ ਆਉਂਦਾ। ਆ ਗਏ ਹੋ ਬਾਹਾਂ ਲਟਕਾਉਂਦੇ।'

ਉਹ ਉਠਿਆ ਤੇ ਕੋਠੇ ਤੇ ਜਾ ਚੜ੍ਹਿਆ। ਉਹ ਰੱਸੀ ਚੁੱਕ ਕੇ ਛਪਰੀ ਬੰਨ੍ਹਣ ਲੱਗ ਪਿਆ। ਉਹ ਦੋਨੋਂ ਵੀ ਮੁੜ ਪੌੜੀ ਜਾ ਚੜ੍ਹੇ। ਬੇਅੰਤ ਬੋਲਿਆ, 'ਮਾਮਾ ਨਰਾਜ਼ ਨਾ ਹੋ। ਤੇਰਾ ਮਾਣ-ਤਾਣ ਕਰਦੇ ਹਾਂ, ਇਸੇ ਲਈ ਸੱਦਣ ਆਏ ਹਾਂ। ਮੈਂ ਹੁਣੇ ਜਾ ਕੇ ਪੁਲ਼ ਤੋਂ ਲੱਡੂ ਲਿਆਉਂਦਾ ਏ। ਅਸੀਂ ਕਿਸ਼ਤੀ' ਚ ਆ ਗਏ ਸੀ। ਲੱਡੂ ਤਾਂ ਲਿਆਉਣੇ ਹੀ ਨੇ।'

'ਮੈਨੂੰ ਨਹੀਂ ਲੋੜ ਤੇਰੇ ਲੱਡੂਆਂ ਦੀ ਤੇ ਮਾਣ-ਤਾਣ ਦੀ। ਮੈਂ ਨੀ ਆ ਸਕਦਾ ਵਿਆਹ' ਚ।'

'ਇਉਂ ਕਰ ਫੇਰ... ਇਕ ਪੱਕੀ ਜਿਹੀ ਰੱਸੀ ਮੈਨੂੰ ਦੇ।' ਉਹ ਬੋਲਿਆ।

'ਰੱਸੀ ਤੂੰ ਫੂਕਣੀ ਏਂ?'

'ਹੇਠਾਂ ਫੱਟੇ ਵਾਲ਼ੇ ਪੱਖੇ ਨਾਲ਼ ਲਟਕ ਕੇ ਜਾਨ ਦੇਣੀ ਏਂ। ਫੇਰ ਤੈਨੂੰ ਵਿਸ਼ਵਾਸ ਹੋ ਜੂ ਬਈ ਅਸੀਂ ਤੇਰਾ ਮਾਣ-ਤਾਣ ਕਰਦੇ ਹਾਂ ਕਿ ਨਹੀਂ।'

ਉਹ ਝੱਟ ਉੱਠ ਖੜਾ ਹੋਇਆ ਤੇ ਬੇਅੰਤ ਨੂੰ ਜੱਫੀ ਪਾ ਕੇ ਰੋਣ ਲੱਗ ਪਿਆ। ਫੇ

ਰ ਉਨ੍ਹਾਂ ਦੋਨਾਂ ਨੂੰ ਹੇਠ ਲੈ ਗਿਆ।

'ਠੀਕ ਏ, ਮੈਂ ਆਵਾਂਗਾ। ਇਕ ਸ਼ਰਤ ਏ ਮੇਰੀ।'

'ਹਾਂ ਦੱਸ... ਜੋ ਕਹੇਂਗਾ ਉਹ ਕਰਾਂਗਾ।

'ਪਹਿਲਾਂ ਭਲਿਆਣ ਜਾ ਕੇ ਬਖਸ਼ੀ ਰਾਮ ਨੂੰ, ਖਮਾਣੋ ਮਾਧੋ ਰਾਮ ਤੇ ਬੁੱਘੇ ਬਾਈ ਨੂੰ, ਚਮਕੌਰ ਸ਼ਾਦੀ ਰਾਮ ਤੇ ਚੂਹੇ ਚਾਚੇ ਨੂੰ, ਘੁੰਗਰਾਲ਼ੀ ਨਰਾਤਾ ਰਾਮ ਨੂੰ ਭੇਲੀ ਦੇ ਕੇ ਆ, ਨਾਲ਼ੇ ਸੱਦਾ ਵੀ।' ਘਨ੍ਹੱਈਆ ਬੋਲਿਆ।

'ਮਾਮਾ ਅਸੀਂ ਐਨੀ ਦੂਰ ਤਕ ਵਰਤਣਾ ਨੀ ਚਾਹੁੰਦੇ।' ਬੇਅੰਤ ਨੇ ਕਿਹਾ।

'ਕਿਉਂ ਤੁਸੀਂ ਹੁਣ ਨਾਢੂ ਖਾਂ ਬਣ ਗਏ? ਕੀੜੇ-ਮਕੌੜੇ ਹੀ ਸਮਝਣ ਲੱਗ ਪਏ ਦੂਜਿਆਂ ਨੂੰ? ਭੁੱਲ ਗਏ ਜਦੋਂ ਮੈਂ ਕਤੂਰਿਆਂ ਵਰਗਿਆਂ ਨੂੰ ਚੁੱਕ ਕੇ ਲਿਆਇਆ ਸੀ?'

'ਪਰ ਮਾਮਾ ਤੂੰ ਉਨ੍ਹਾਂ ਨਾਲ਼ ਵਰਤ... ਅਸੀਂ ਕਿਹੜਾ ਰੋਕਦੇ ਹਾਂ।'

'ਮੂਰਖ਼ ਬੰਦੇ, ਮੈਂ ਤਾਂ ਆਪਣਾ ਸਭ ਕੁਝ ਤੁਹਾਡੇ ਵਿਚ ਹੀ ਦੇਖਿਆ ਸੀ।'

ਬੇਅੰਤ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਤੀਹ ਰੁਪਏ ਬਟੂਏ ' ਚੋਂ ਕੱਢੇ ਤੇ ਘਨ੍ਹੱਈਏ ਵੱਲ ਵਧਾਉਂਦਾ ਬੋਲਿਆ, 'ਠੀਕ ਏ ਮਾਮਾ, ਤੂੰ ਜੀਹਨੂੰ ਵੀ ਚਾਹੁੰਦਾ ਏਂ ਵਿਆਹ' ਚ ਸੱਦ ਲੈ। ਇਨ੍ਹਾਂ ਦੇ ਲੱਡੂ ਲੈ ਕੇ ਦਿਆ, ਨਾਲ਼ੇ ਕਿਹਾ। ਮੇਰੇ ਕੋਲ਼ ਹੁਣ ਟਾਇਮ ਨਹੀਂ।'

'ਪੈਸੇ ਰੱਖ ਤੂੰ ਆਪਣੇ ਕੋਲ਼। ਮੇਰੇ ਕੋਲ਼ ਕੋਈ ਘਾਟਾ ਨਹੀਂ ਪੈਸਿਆਂ ਦਾ। ਆਪਣੀ ਵਰਤੋਂ ਠੀਕ ਰੱਖੋ ਬੱਸ।'

ਹੁਣ ਘਨ੍ਹੱਈਆ ਖੁਸ਼ ਸੀ ਤੇ ਹੱਸਣ ਵੀ ਲੱਗ ਪਿਆ ਸੀ। ਫਿਰ ਬੋਲਿਆ, 'ਤੁਸੀਂ ਬਹੁਤੇ ਆਪ-ਹੁਦਰੇ ਹੋ ਗਏ ਹੋ। ਸਲਾਹ ਕਰ ਲਿਆ ਕਰੋ ਆਪਣੇ ਮਾਮੇ ਨਾਲ਼ ਵੀ। ਮੇ ਰਾ ਹੋਰ ਕੌਣ ਏਂ ਬੱਚਿਓ?'

ਦੇਵ ਦੀ ਮਾਮੀ ਨੇ ਦਾਲ਼ ਰੋਟੀ ਬਣਾ ਦਿੱਤੀ। ਕੜਾਹ ਵੀ ਬਣਾਇਆ। ਉਨ੍ਹਾਂ ਦੋਨਾਂ ਨੇ ਪਿੰਡ' ਚ ਘੁੰਮ ਕੇ ਖਾਸ ਖਾਸ ਘਰਾਂ' ਚ ਵਿਆਹ ਦਾ ਸੱਦਾ ਦੇ ਦਿੱਤਾ। ਸ਼ਾਮ ਨੂੰ ਉਨ੍ਹਾਂ ਨੇ ਘਨ੍ਹੱਈਏ ਤੋਂ ਆਗਿਆ ਲਈ ਤੇ ਦੋਰਾਹੇ ਲਈ ਚੱਲ ਪਏ।

**00**

ਣ::**14**

## ਛਿਆਸੀ

ਬੇਅੰਤ ਤੇ ਦੇਵ ਨ੍ਹੇਰਾ ਹੋਏ ਦੋਰਾਹੇ ਪਹੁੰਚੇ। ਪਤਾ ਲੱਗਣ ਤੇ ਕਿ ਰਾਮ ਸਿੰਘ ਕੋਠੇ ਤੇ ਸੌਣ ਚਲਾ ਗਿਆ ਸੀ, ਬੇਅੰਤ ਨੇ ਹਾਕ ਮਾਰੀ, 'ਵੀਰ ਜੀ, ਆ ਜਾਓ ਥੱਲੇ। ਗੱਲਾਂ ਮਾਰਦੇ ਹਾਂ।'

ਰਾਮ ਸਿੰਘ ਹੇਠ ਉਤਰ ਆਇਆ। ਬੇਅੰਤ ਬੋਤਲ ਅਤੇ ਗਿਲਾਸ ਚੁੱਕ ਲਿਆਇਆ। ਰਾਮ ਸਿੰਘ ਨੇ ਦੱਸਿਆ ਕਿ ਉਸ ਨੇ ਤਾਂ ਰੋਟੀ ਖਾ ਲਈ ਹੈ, ਉਹ ਲੈ ਲਵੇ।

'ਵੀਰ ਜੀ ਜਾਣ ਵੇਲੇ ਮੈਂ ਭੁੱਲ ਗਿਆ ਦੱਸਣਾ। ਰੰਮ ਅਲਮਾਰੀ' ਚ ਪਈ ਸੀ।' ਬੇ

ਅੰਤ ਨੇ ਕਿਹਾ।

'ਪਰੇਮ ਲੈ ਗਿਆ ਸੀ ਮੈਨੂੰ ਘਰ। ਸ਼ਕੁੰਤਲਾ ਨੇ ਰੋਟੀ ਵੀ ਖੁਆ ਦਿੱਤੀ।'

ਬੇਅੰਤ ਨੇ ਦੋ ਗਿਲਾਸਾਂ ਵਿਚ ਰੰਮ ਪਾ ਦਿੱਤੀ। ਪਾਣੀ ਪਾ ਕੇ ਉਸ ਨੇ ਤੇ ਦੇਵ ਨੇ ਗਿਲਾਸ ਖਾਲੀ ਕਰ ਦਿੱਤੇ। ਰਾਮ ਸਿੰਘ ਨੇ ਕਿਹਾ, 'ਦੇਵ ਨੂੰ ਵੀ ਲਾ ਲਿਆ ਪੀਣ?'

'ਇਹਨੇ ਛੱਡੀ ਕਦੋਂ ਸੀ?' ਬੇਅੰਤ ਹੱਸਿਆ ਤਾਂ ਦੇਵ ਨੇ ਸਿਰ ਝੁਕਾ ਲਿਆ। ਉਹ ਕਾਫੀ ਦੇਰ ਬੈਠੇ ਗੱਲਾ ਮਾਰਦੇ ਰਹੇ।

ਬੇਅੰਤ ਨੇ ਮੱਛਰਦਾਨੀ ਲਾ ਲਈ। ਦੇਵ ਦੇ ਲਹੂ ਵਿਚ ਫਰਕ ਹੋਵੇਗਾ, ਉਸਦੇ ਕਦੀ ਮੱਛਰ ਨਹੀਂ ਸੀ ਲੜਦਾ ਹੁੰਦਾ। ਉਨ੍ਹਾਂ ਦੀ ਬੇਬੇ ਦੇ ਵੀ ਨਹੀਂ ਸੀ ਲੜਦਾ। ਉਸ ਨੇ ਵੀ ਉਨ੍ਹਾਂ ਦੇ ਲਾਗੇ ਹੀ ਮੰਜੀ ਡਾਹ ਲਈ। ਸੱਠ ਮੀਲ ਸਾਇਕਲ ਚਲਾਇਆ ਸੀ, ਬੇਅੰਤ ਛੇਤੀ ਹੀ ਘੁਰਾੜੇ ਮਾਰਨ ਲੱਗ ਪਿਆ। ਘੁਰਾੜਿਆਂ ਦੀ ਅਵਾਜ਼ ਕਰਕੇ ਦੇਵ ਨੂੰ ਬੜੀ ਦੇਰ ਤੱਕ ਨੀਂਦ ਹੀ ਨਾ ਆਈ। ਅੱਧੀ ਕੁ ਰਾਤ ਮੁੜ ਦੇਵ ਦੀ ਅੱਖ ਖੁੱਲ੍ਹ ਗਈ। ਉਸ ਨੂੰ ਲੱਗਾ ਜਿਵੇਂ ਕੋਈ ਚੋਰ ਉਨ੍ਹਾਂ ਦੇ ਮੂਹਰਲੇ ਕਮਰੇ ਦੀ ਕੰਧ ਨੂੰ ਪਾੜ ਲਾ ਰਿਹਾ ਹੋਵੇ। ਸੱਬਲ਼ ਵੱਜਣ ਨਾਲ ਖੜਕਦੀਆਂ ਇੱਟਾਂ ਦੀ ਅਵਾਜ਼ ਸਾਫ਼ ਸੁਣਾਈ ਦੇ ਰਹੀ ਸੀ। ਦੇਵ ਉੱਠ ਕੇ ਬੈਠ ਗਿਆ। ਦੇਵ ਦੀ ਬੇਬੇ ਦਾ ਮੰਜਾ ਖਾਲੀ ਸੀ ਤੇ ਬੇਅੰਤ ਇਕੱਲਾ ਕੱਛਾ ਪਾਈ ਮੱਛਰਦਾਨੀ ਵਿਚ ਮੂੰਧਾ ਲੇਟਿਆ ਹੋਇਆ ਸੀ।

ਦੇਵ ਨੇ ਮੰਜੇ ਹੇਠੋਂ ਡਾਂਗ ਚੁੱਕ ਲਈ ਤੇ ਮੱਲ੍ਹਕ-ਮੱਲ੍ਹਕ ਕਦਮ ਪੁੱਟਦਾ ਕਮਰੇ ਦੇ ਦਰ ਮੂਹਰੇ ਜਾ ਖੜ੍ਹਿਆ। ਬਾਰ ਓੜ੍ਹਕਿਆ ਹੋਇਆ ਸੀ ਤੇ ਪਿਛਲੇ ਕਮਰੇ ਦਾ ਬਲਵ ਜਗ ਰਿਹਾ ਸੀ। ਦੇਵ ਦਰਵਾਜ਼ੇ ਦੀ ਝੀਥ ਵਿੱਚੀਂ ਅੰਦਰ ਦੇਖਣ ਲੱਗਾ। ਉਸ ਦੀ ਬੇਬੇ ਇੱਟਾਂ ਜੋੜ ਕੇ ਬਣੇ ਫਰਸ਼ ਨੂੰ ਸੱਬਲ ਨਾਲ਼ ਪੁੱਟ ਰਹੀ ਸੀ। ਛੇ ਸੱਤ ਇੱਟਾਂ ਅਤੇ ਹੇਠੋਂ ਨਿਕਲ਼ੀ ਪੀਲ਼ੀ ਮਿੱਟੀ ਦੀ ਢੇਰੀ ਨਜ਼ਰ ਆ ਰਹੀ ਸੀ। ਉਸ ਨੇ ਪੱਟੇ ਟੋਏ' ਚ ਬਾਂਹ ਪਾ ਕੇ ਇਕ ਪੁਰਾਣਾ ਜਿਹਾ ਕੁੱਜਾ ਕੱਢ ਕੇ ਬਾਹਰ ਰੱਖਿਆ ਹੀ ਸੀ ਕਿ ਦੇਵ ਅੰਦਰ ਜਾ ਵੜਿਆ। ਦਰਵਾਜ਼ੇ ਦੇ ਖੁੱਲ੍ਹਣ ਨਾਲ 'ਚੀਂਅਅ' ਦੀ ਅਵਾਜ਼ ਆਈ ਤਾਂ ਉਹ ਤ੍ਰਬਕ ਗਈ।

'ਇਹ ਕੀ ਕਰ ਰਹੀ ਏਂ, ਅੱਧੀ ਰਾਤ ਨੂੰ?' ਦੇਵ ਨੇ ਪੁੱਛਿਆ।

'ਚੁੱਪ!' ਉਹ ਆਪਣੇ ਬੁੱਲ੍ਹਾਂ ਤੇ ਉਂਗਲ ਰੱਖਦੀ ਬੋਲੀ।

'ਬੇਅੰਤ ਤਾਂ ਨ੍ਹੀ ਜਾਗਿਆ?' ਉਹ ਬੋਲੀ।

'ਨਹੀਂ.... ਤੂੰ ਕਰਦੀ ਕੀ ਏਂ?'

'ਉਹੀ ਜੋ ਪਹਿਲੇ ਦੋ ਵਿਆਹਾਂ' ਚ ਕੀਤਾ।

'ਕੀ ਏ ਇਸ ਕੁੱਜੇ' ਚ?'

'ਗਹਿਣੇ ਤੇ ਸੋਨਾ ਏਂ। ਵੱਡਿਆਂ ਦੀਆਂ ਵਹੁਟੀਆਂ ਨੂੰ ਪਹਿਲਾਂ ਦੇ ਦਿੱਤਾ। ਬਾਕੀ ਤੁਹਾਡੀਆਂ ਨੂੰ ਦੇ ਦਿਆਂਗੀ।' ਉਹ ਮੁਸਕਰਾਈ।

ਇਸ ਕੁੱਜੇ ਵਿਚ ਦੋ ਗੁਥਲੀਆਂ ਸਨ। ਉਸ ਨੇ ਇਕ ਬਾਹਰ ਕੱਢ ਲਈ ਤੇ ਖੋਲ੍ਹ ਕੇ ਦੇਵ ਨੂੰ ਦਿਖਾਉਣ ਲੱਗ ਪਈ। ਛਿੰਙ ਤਬੀਤੀਆਂ ਵਾਲ਼ਾ ਹਾਰ, ਸੱਗੀ ਫੁੱਲ, ਮੱਥੇ ਵਾਲ਼ਾ ਟਿੱਕਾ, ਦੋ ਗਜ਼ਰੇ, ਲਾਕਟ ਵਾਲ਼ੀ ਚੇਨੀ ਤੇ ਕੁਝ ਮੁੰਦੀਆਂ ਸਨ। ਉਸ ਨੇ ਸੋਨੇ ਦੀ ਇਕ

ਡਲੀ ਵੀ ਕੱਢੀ ਤੇ ਦੇਵ ਨੂੰ ਫੜਾਉਂਦੀ ਬੋਲੀ, 'ਤੂੰ ਕੱਲ੍ਹ ਲੁਧਿਆਣੇ ਜਾਈਂ ਸਰਾਫ਼ਾ ਬਜ਼ਾਰ' ਚ। ਉੱਥੇ ਰੋਪੜ ਵਾਲ਼ੇ ਭੀਮ ਸੁਨਿਆਰ ਦੇ ਮੁੰਡੇ ਰਾਜ ਕੁਮਾਰ ਖੀਪਲ ਦੀ ਹੱਟੀ ਪੁੱਛ ਲਵੀਂ ਤੇ ਇਸ ਨੂੰ ਵੇਚ ਆਵੀਂ। ਮੇਰਾ ਨਾਂ ਲੈ ਦਵੀਂ। ਭੀਮਾਂ ਤੇਰੇ ਬਾਈ ਦਾ ਲਿਹਾਜੀ ਸੀ। ਠੱਗੀ ਨ੍ਹੀ ਮਾਰਨ ਲੱਗਾ। ਆ ਕੇ ਪੈਸੇ ਮੈਨੂੰ ਫੜਾਈਂ। ਬੰਤ ਜਾਂ ਹੋਰ ਕਿਸੇ ਨੂੰ ਦੱਸਣ ਦੀ ਲੋੜ ਨਹੀਂ।'

'ਠੱਗੀ ਤਾਂ ਉਹ ਮਾਰੂ ਹੀ ਬੇਬੇ। ਕਿਹੜਾ ਸੁਨਿਆਰ ਨ੍ਹੀ ਮਾਰਦਾ? ਤੂੰ ਆਪ ਹੀ ਤਾਂ ਕਿਹਾ ਕਰਦੀ ਏਂ ਕਿ ਸੁਨਿਆਰ ਤਾਂ ਆਪਣੀ ਮਾਂ ਨੂੰ ਵੀ ਨੀ ਬਖ਼ਸ਼ਦਾ ਹੁੰਦਾ।'

'ਠੱਗੀ ਸਾਰੇ ਮਾਰਦੇ ਨੇ, ਪਰ ਸਾਰਿਆਂ ਨਾਲ ਨ੍ਹੀ ਮਾਰਦੇ। ਤੂੰ ਰਾਜ ਕੋਲ਼ ਮੇਰਾ ਨਾਂ ਲੈ ਦਵੀਂ ਬੱਸ।'

'ਮੈਨੂੰ ਇਕ ਗੱਲ ਸਮਝ ਨ੍ਹੀ ਆਈ।' ਦੇਵ ਬੋਲਿਆ।

'ਕਿਹੜੀ?'

'ਤੂੰ ਪਿੰਡ ਐਨੇ ਸਾਲ ਲੋਕਾਂ ਦੇ ਘਰੀਂ ਤੇ ਖੇਤਾਂ' ਚ ਮਰਦੀ ਖਪਦੀ ਰਹੀ। ਨਾ ਤੂੰ ਕਦੀ ਢੰਗ ਦਾ ਕੱਪੜਾ ਪਾਇਆ। ਐਨਾ ਮਾਲ ਸੀਗਾ ਤੇਰੇ ਕੋਲ਼, ਇਸ ਨੂੰ ਵੇਚਿਆ ਕਿਉਂ ਨਹੀਂ?'

'ਤੂੰ ਕੀ ਜਾਣੇ ਦੁਖੀ, ਮਾਂ ਦੇ ਦਿਲ ਨੂੰ। ਪੁੱਤ ਚਾਹੇ ਕੁਝ ਵੀ ਬਣ ਜਾਣ। ਮਾਂ ਤਾਂ ਮਾਂ ਹੀ ਰਹਿੰਦੀ ਏ ਨਾ। ਜੇ ਵਾਢਾ ਧਰ ਲੈਂਦੀ ਤਾਂ ਤੁਹਾਡੇ ਕਾਰਜ ਕਿਵੇਂ ਹੁੰਦੇ? ਖ਼ੂਹ ਵੀ ਖਾਲੀ ਹੋ ਜਾਂਦੇ ਨੇ ਪੁੱਤਾ ਵਾਢਾ ਲਾਇਆਂ।' ਉਹ ਹੱਸੀ, ਪਰ ਦੇਵ ਦੀਆਂ ਅੱਖਾਂ' ਚੋਂ ਹੰਝੂ ਵਗ ਤੁਰੇ।

'ਕੀ ਗੱਲ? ਕੀ ਹੋਇਆ?' ਉਸ ਨੇ ਉੱਠ ਕੇ ਦੇਵ ਉੱਤੋਂ ਬਾਂਹ ਵਲਾਈ।

'ਵਾਹ ਬੇਬੇ.. ਮੇਰੀ ਨੌਕਰੀ ਲੱਗ ਜਾਵੇ, ਤੈਨੂੰ ਪੂਜਿਆ ਕਰਾਂਗਾ ਮੈਂ।'

'ਐਨਾ ਨਾ ਮੇਰਾ ਹੌਸਲਾ ਵਧਾ। ਵਹੁਟੀ ਆ ਗਈ ਫੇਰ ਨੀ ਬੇਬੇ ਦਿਖਣੀ।' ਉਹ ਹੱਸੀ।

ਦੂਜੀ ਪੋਟਲ਼ੀ ਵਾਲ਼ਾ ਕੁੱਜਾ ਉਸ ਨੇ ਮੁੜ ਉਸੇ ਥਾਂ ਦੱਬ ਦਿੱਤਾ ਤੇ ਉਨ੍ਹਾਂ ਦੋਨਾਂ ਨੇ ਮਿੱਟੀ ਪਾ ਕੇ ਇੱਟਾਂ ਜੋੜ ਦਿੱਤੀਆਂ।

'ਗੱਲ ਸੁਣ ਦੇਵ.... ਤੂੰ ਇਸ ਗੱਲ ਦੀ ਭਾਫ਼ ਨੀ ਕੱਢਣੀ। ਸਭ ਨੂੰ ਬਰਾਬਰ ਦਾ ਦਿੱਤਾ ਏ ਮੈਂ। ਇਸ ਕੁੱਜੇ ਵਿਚ ਤੇਰਾ ਨਹੀਂ, ਤੇਰੀ ਵਹੁਟੀ ਦਾ ਹਿੱਸਾ ਏ। ਤੂੰ ਸਹੁੰ ਖਾ ਕੇ ਕਹਿ ਕਿ ਆਪਣੇ ਵਿਆਹ ਤੱਕ ਇਸ ਨੂੰ ਹੱਥ ਨਹੀਂ ਲਾਵੇਂਗਾ।' ਉਹ ਬੋਲੀ।

'ਠੀਕ ਏ। ਤੇਰੀ ਸਹੁੰ ਬੇਬੇ। ਮੈਂ ਇਹਦੇ ਵੱਲ ਕਦੀ ਝਾਕਾਂਗਾ ਵੀ ਨਹੀਂ।'

'ਸਹੁੰ ਮੇਰੀ ਨਹੀਂ, ਰੱਬ ਦੀ ਖਾ।'

'ਰੱਬ ਤੈਥੋਂ ਵੱਡਾ ਹੋ ਗਿਆ ਮੂਰਖੇ?' ਦੇਵ ਨੇ ਉਸਨੂੰ ਆਪਣੀ ਜੱਫੀ ਵਿਚ ਘੁੱਟ ਲਿਆ ਤੇ ਬੋਲਿਆ, 'ਤੂੰ ਸਾਰੀ ਉਮਰ ਬੇਵਕੂਫ਼ ਰਹਿਣਾ ਏਂ ਬੇਬੇ।'

'ਉਹ ਕਿਉਂ?'

'ਜੇ ਤੂੰ ਮਰ ਜਾਂਦੀ ਤੇ ਤੇਰਾ ਇਹ ਕੁੱਜਾ ਦੱਬਿਆ ਦਬਾਇਆ ਰਹਿ ਜਾਂਦਾ ਫੇਰ?

ਮਾਮੇ ਨੇ ਆਪਣੇ ਸਾਰੇ ਖਜ਼ਾਨੇ ਬਾਰੇ ਮੈਨੂੰ ਦੱਸਿਆ ਹੋਇਆ ਸੀ, ਤੂੰ ਸਭ ਤੋਂ ਲੁਕਾਈ ਰੱਖਿਆ।'

'ਨਹੀਂ ਦੇਵ.... ਮੇਰੀ ਜਾਨ ਇਹਦੇ ਵਿੱਚ ਆ। ਮਰ ਐਵੀਂ ਜਾਂਦੀ? ਤੇਰਾ ਵਿਆਹ ਕਰ ਕੇ ਹੀ ਮਰੂੰ।'

ਉਸ ਨੇ ਗਹਿਣਿਆਂ ਵਾਲ਼ੀ ਗੁੱਥਲ਼ੀ ਕਾਨਸ ਤੇ ਪਈ ਗੁਰੂ ਨਾਨਕ ਦੇਵ ਦੀ ਫ਼ੋਟੋ ਪਿੱਛੇ ਰੱਖ ਦਿੱਤੀ ਤੇ ਬੋਲੀ, 'ਤੂੰ ਜਾ... ਪੈ ਜਾ ਹੁਣ।'

'ਮੈਨੂੰ ਇਕ ਗੱਲ ਸਮਝ ਨੀ ਆਈ। ਬਾਬਾ ਆਦਮ ਵੇਲ਼ੇ ਦੇ ਇਹ ਗਹਿਣੇ ਤੂੰ ਬੇ ਅੰਤ ਦੀ ਬਹੂ ਨੂੰ ਪਾਏਂਗੀ ਤਾਂ ਜਲੂਸ ਨੀ ਨਿੱਕਲੂ?' ਦੇਵ ਨੇ ਕਿਹਾ।

'ਇੰਨ੍ਹਾਂ ਨੂੰ ਭੰਨਵਾ ਕੇ ਨਵੇਂ ਬਨਵਾਉਣੇ ਨੇ ਪਰੇਮ ਤੋਂ। ਦਿਨ ਚੜ੍ਹਦੇ ਹੀ ਦੇ ਆਵਾਂਗੀ ਉਸ ਨੂੰ।'

ਸੋਨੇ ਦੀ ਡਲ਼ੀ ਵੇਚ ਕੇ ਦੇਵ ਨੇ ਤੇਰਾਂ ਸੌ ਰੁਪਏ ਲਿਆ ਕੇ ਆਪਣੀ ਬੇਬੇ ਨੂੰ ਫੜਾ ਦਿੱਤੇ। ਰਾਜ ਨੇ ਉਹ ਪੈਸੇ ਇਕ ਨਿੱਕੀ ਜਿਹੀ ਗੁਥਲ਼ੀ' ਚ ਪਾ ਕੇ ਉਸ ਦੀ ਛਾਤੀ ਨਾਲ਼ ਬਰੀਕ ਜਿਹੀ ਰੱਸੀ ਨਾਲ ਟੰਗ ਦਿੱਤੇ ਸਨ। ਦੇਵ ਬੜਾ ਹੈਰਾਨ ਹੋਇਆ ਸੀ ਕਿ ਸੋਨੇ ਵਿਚ ਅਜਿਹੀ ਕਿਹੜੀ ਗੱਲ ਹੁੰਦੀ ਹੈ ਕਿ ਨਿੱਕੀ ਜਿਹੀ ਡਲ਼ੀ ਦੇ ਐਨੇ ਸਾਰੇ ਰੁਪਏ ਮਿਲ ਗਏ । ਬੇਅੰਤ ਨੇ ਵੀ ਆਪਣੀ ਤਨਖ਼ਾਹ' ਚੋਂ ਜੋੜੇ ਛੇ ਸੱਤ ਸੌ ਰੁਪਏ ਆਪਣੀ ਬੇਬੇ ਦੇ ਸਪੁਰਦ ਕਰ ਦਿੱਤੇ ਸਨ। ਉਨ੍ਹਾਂ ਨੇ ਬੜੀ ਤੇਜ਼ੀ ਨਾਲ ਵਿਆਹ ਲਈ ਸਮਾਨ ਖ਼ਰੀਦਣਾ ਸ਼ੁਰੂ ਕਰ ਦਿੱਤਾ। ਜੈਲੀ ਹਲਵਾਈ ਨੇ ਉਨ੍ਹਾਂ ਨੂੰ ਲੋੜੀਂਦਾ ਸਮਾਨ ਲਿਖਾ ਦਿੱਤਾ ਸੀ। ਘਿਓ, ਚੀਨੀ, ਦਾਲ਼ਾਂ, ਮੈਦਾ, ਚਾਵਲ, ਕਰਿਆਟੀ, ਚਾਹ ਮਸਾਲੇ ਬਗੈਰਾ ਨਾਲ ਪਿਛਲੇ ਕਮਰੇ ਦਾ ਇਕ ਚੌਥਾਈ ਫਰਸ਼ ਢਕਿਆ ਗਿਆ। ਵਿਆਹ ਦੀ ਭਾਜੀ ਲਈ ਭੱਠੀ ਚੜ੍ਹਾ ਕੇ ਲੱਡੂ, ਸ਼ਕਰਪਾਰੇ ਤੇ ਮਿੱਠੀਆਂ ਪਕੌੜੀਆਂ ਪਹਿਲਾਂ ਹੀ ਬਣਵਾ ਲੈਣ ਦਾ ਪ੍ਰੋਗਰਾਮ ਬਣ ਗਿਆ। ਉਨ੍ਹਾਂ ਦੇ ਆਲ਼ੇ -ਦੁਆਲ਼ੇ ਕਾਫ਼ੀ ਮਕਾਨ ਪੈ ਗਏ ਸਨ। ਜਿਹੜੇ ਚੂਹੇ ਪਹਿਲਾਂ ਗੰਨੇ ਕੁਤਰ ਕੇ, ਮੂੰਗਫਲੀ, ਚਿੱਬੜ, ਫੁੱਲ ਅਤੇ ਬੇਰ ਖਾ ਕੇ ਗੁਜ਼ਾਰਾ ਕਰਿਆ ਕਰਦੇ ਸਨ, ਹੁਣ ਖੇਤ ਖ਼ਤਮ ਹੋਣ ਨਾਲ ਉਨ੍ਹਾਂ ਨੇ ਆਪਣੇ ਖਾਣ-ਪੀਣ ਦਾ ਮੀਨੂੰ ਬੰਦਿਆਂ ਦੀ ਖੁਰਾਕ ਵਾਲ਼ਾ ਹੀ ਬਣਾ ਲਿਆ ਸੀ ਤੇ ਘਰਾਂ ਵਿਚ ਖੱਡਾਂ ਪੱਟ ਕੇ ਖੱਲਾਂ ਖੂੰਜਿਆਂ ਵਿਚ ਖੇਡਣ ਲੱਗੇ ਸਨ। ਥੋੜ੍ਹਾ ਹਟ ਕੇ ਬੱਦੂਆਂ ਦੀਆਂ ਝੁੱਗੀਆਂ ਸਨ, ਇਸ ਕਰਕੇ ਬਿੱਲੀਆਂ ਦੀ ਨਫ਼ਰੀ ਦਿਨ-ਵ-ਦਿਨ ਘਟਦੀ ਜਾ ਰਹੀ ਸੀ। ਜਿੰਨਾਂ ਬਿੱਲੀਆਂ ਬੱਦੂਆਂ ਤੋਂ ਡਰਦੀਆਂ ਸਨ, ਉੰਨ੍ਹਾਂ ਚੂਹੇ ਬਿੱਲੀਆਂ ਤੋਂ ਨਹੀਂ ਸਨ ਡਰਦੇ । ਬਾਹਰ ਰਹਿਣ ਵਾਲ਼ੇ ਚੂਹੇ ਵੀ ਰਾਤੀਂ ਘਰਾਂ ਦੀ ਸੈਰ ਕਰਨ ਤੇ ਖਾਣ-ਪੀਣ ਦਾ ਜੁਗਾੜ ਕਰਨ ਆ ਜਾਂਦੇ। ਪਹਿਲਾਂ ਤੇ ਭੇਤੀ ਚੂਹੇ ਆਪਣੇ ਦੋਸਤਾਂ ਮਿੱਤਰਾਂ, ਸਾਕ-ਸਬੰਧੀਆਂ ਨੂੰ ਸੁਨੇਹੇ ਭੇਜ ਕੇ ਦਾਅਵਤ ਤੇ ਸੱਦ ਲੈਂਦੇ। ਖਾਣ-ਪੀਣ ਦਾ ਵਾਧੂ ਪਿਆ ਸਮਾਨ ਦੇਖ ਉਨ੍ਹਾਂ ਦੇ ਘਰ ਤੇ ਵੀ ਚੂਹਿਆਂ ਨੇ ਧਾਵਾ ਬੋਲ ਦਿੱਤਾ। ਬੇਅੰਤ ਸ਼ਕੁੰਤਲਾ ਦੇ ਘਰੋਂ ਪਿੰਜਰਾ ਚੁੱਕ ਲਿਆਇਆ। ਪਿੰਜਰੇ ਨੂੰ ਹਰ ਰੋਜ਼ ਸ਼ਾਮ ਵੇਲੇ ਚੰਗੀ ਤਰ੍ਹਾਂ ਧੋ ਕੇ, ਉਸ ਵਿਚ ਰੋਟੀ ਦਾ ਟੁਕੜਾ ਲਟਕਾ ਕੇ ਉਹ ਸਮਾਨ ਦੇ ਲਾਗੇ ਰੱਖ ਦਿੰਦੇ ਤਾਂ ਦਿਨ ਚੜ੍ਹੇ ਨੂੰ ਪੰਜ ਸੱਤ ਚੂਹੇ ਫਸੇ ਹੁੰਦੇ। ਉਹ ਪਿੰਜਰਾ ਚੁੱਕ ਸਰਹੰਦ ਨਹਿਰ ਦੇ ਕੰਢੇ ਪੁੱਜ ਜਾਂਦੇ ਤੇ ਨਹਿਰ ਵੱਲ ਨੂੰ

ਕਰਕੇ ਪਿੰਜਰੇ ਦਾ ਢੱਕਣ ਖੋਲ੍ਹ ਦਿੰਦੇ। ਪਿੰਜਰੇ' ਚੋਂ ਚੂਹਾ ਛਾਲ ਮਾਰਦਾ ਤੇ ਤੈਰਨ ਲੱਗਦਾ। ਟਪੂਸੀਆਂ ਮਾਰਦਾ ਤੇ ਹਫ਼ ਕੇ ਜਲ-ਸਮਾਧੀ ਲੈ ਲੈਂਦਾ। ਫਿਰ ਅਗਲਾ ਚੂਹਾ ਵੀ ਉਸੇ ਤਰ੍ਹਾਂ ਕਰਦਾ। ਇਕ ਇਕ ਕਰ ਕੇ ਸਾਰੇ ਚੂਹੇ ਡੁੱਬ ਜਾਂਦੇ। ਅਗਲੇ ਦਿਨ ਉਨ੍ਹਾਂ ਦੀ ਥਾਂ ਘਰ ਵਿਚ ਨਵੇਂ ਮਹਿਮਾਨ ਦਿਖਾਈ ਦਿੰਦੇ।

ਬੇਅੰਤ ਆਪਣੇ ਨਾਲ ਰੰਮ ਦੀਆਂ ਕਈ ਬੋਤਲਾਂ ਲੈਕੇ ਆਇਆ ਸੀ। ਹਰੀਵੰਸ਼ ਦੇ ਆਉਣ ਤੱਕ ਉਨ੍ਹਾਂ ਦੋਨਾਂ ਨੇ ਚਾਰ ਬੋਤਲਾਂ ਬਿਲੇ ਲਾ ਦਿੱਤੀਆਂ ਸਨ। ਦਸ ਕੁ ਬੋਤਲਾਂ ਹਰੀਵੰਸ਼ ਵੀ ਲੈ ਆਇਆ ਸੀ। ਉਹ ਉਨ੍ਹਾਂ ਨੇ ਦਬਕੇ ਵਿਚ ਰੱਖ ਦਿੱਤੀਆਂ। ਸਹੁੰ ਖਾਧੀ ਕਿ ਬੇਅੰਤ ਦੇ ਵਿਆਹ ਤੱਕ ਕੋਈ ਉਨ੍ਹਾਂ ਨੂੰ ਹੱਥ ਨਹੀਂ ਲਾਵੇਗਾ। ਉਨ੍ਹਾਂ ਦੀ ਇਹ ਸਹੁੰ ਪਰੇਮ ਕਰਕੇ ਨਿਭ ਨਾ ਸਕੀ। ਉਹ ਨਿੱਤ ਸ਼ਾਮ ਨੂੰ ਆ ਜਾਂਦਾ ਤੇ ਉਨ੍ਹਾਂ ਦੀ ਹਰ ਸ਼ਾਮ ਰੰਗੀਨ ਹੁੰਦੀ ਰਹਿੰਦੀ। ਪਤਾ ਹੀ ਨਾ ਲੱਗਾ ਕਿ ਕਦੋਂ ਸਾਹੇ ਬੰਨ੍ਹੇ ਦਿਨ ਉਡੰਤਰ ਹੋ ਗਏ । ਉਹ ਦਿਨ ਆ ਗਿਆ, ਜਿਸ ਦੀ ਸਾਰਿਆਂ ਨੂੰ ਉਡੀਕ ਸੀ। ਇਕ ਬੱਸ ਅਤੇ ਇਕ ਕਾਰ ਵਿਚ ਸਾਰੇ ਬਰਾਤੀ ਆ ਗਏ। ਤੀਵੀਆਂ ਦੇ ਬਰਾਤ ਜਾਣ ਦਾ ਅਜੇ ਰਿਵਾਜ਼ ਹੀ ਨਹੀਂ ਸੀ ਪਿਆ। ਬਰਾਤ ਵਿਦਾ ਹੋਣ ਮਗਰੋਂ, ਗਿੱਧਾ ਪਾਉਣ, ਖੜਦੁੰਮ ਮਚਾਉਣ ਤੇ ਨਕਲਾਂ ਉਤਾਰਨ ਲਈ ਉਹ ਵੀ ਅਜ਼ਾਦ ਹੋ ਜਾਂਦੀਆਂ। ਉਹ ਐਨੀਆਂ ਖੁੱਲ੍ਹ ਜਾਂਦੀਆਂ ਕਿ ਗੰਦੀਆਂ ਬੋਲੀਆਂ ਵੀ ਪਾਉਂਦੀਆਂ। ਬਰਾਤ ਚੜ੍ਹਨ ਸਮੇਂ ਹਰੀਵੰਸ਼ ਨੇ ਆਪਣੀ ਰਾਈਫ਼ਲ' ਚੋਂ ਤਿੰਨ ਫਾਇਰ ਕੀਤੇ ਤੇ ਬੀਨਾਂ ਵਾਲਾ ਵਾਜਾ ਵੱਜਣਾ ਸ਼ੁਰੂ ਹੋ ਗਿਆ। ਘਨ੍ਹੱਈਏ ਨੇ ਆਪਣੀ ਗੁਲਾਬੀ ਪੱਗ ਦਾ ਤੁਰਲਾ ਛੱਡਿਆ ਹੋਇਆ ਸੀ ਤੇ ਹੱਥ ਵਿਚ ਭਾਨ ਵਾਲ਼ੀ ਲਾਲ ਥੈਲੀ ਫੜੀ ਹੋਈ ਸੀ। ਜਿਉਂ ਹੀ ਬੇਅੰਤ ਸਿਹਰਾ ਬੰਨ੍ਹੀ ਕਾਰ ਦੀ ਮੂਹਰਲੀ ਸੀਟ ਤੇ ਬੈਠਿਆ, ਉਸ ਨੇ ਕਾਰ ਉੱਤੋਂ ਤਿੰਨ ਚਾਰ ਮੁੱਠੀਆਂ ਭਾਨ ਦੀਆਂ ਸੁੱਟੀਆਂ ਤੇ ਬਰਾਤ ਰਵਾਨਾ ਹੋ ਗਈ।

**00**

# ਸਤਾਸੀ

ਬੇਅੰਤ ਦੇ ਵਿਆਹ ਵਿਚ ਫੇਰਿਆਂ ਦਾ ਝੰਝਟ ਹੋਣ ਕਰਕੇ ਬਰਾਤ ਨੇ ਇਕ ਰਾਤ ਵਤਨੇੜੀ ਠਹਿਰਨਾ ਸੀ। ਇਹੀ ਵਜ੍ਹਾ ਸੀ ਕਿ ਬਰਾਤ ਸੰਝ ਪਈ ਦੋਰਾਹੇ ਤੋਂ ਚੜ੍ਹੀ ਤੇ ਘੰਟੇ ਕੁ ਵਿਚ ਕੁੜੀ ਦੇ ਪਿੰਡ ਪਹੁੰਚ ਗਈ। ਡੇਰਾ ਪਿੰਡ ਦੀ ਧਰਮਸ਼ਾਲਾ ਵਿਚ ਸੀ। ਮਿਲਣੀ ਹੋਣ ਮਗਰੋਂ ਸਾਰਿਆਂ ਨੇ ਪਾਲ਼ ਵਿਚ ਰੱਖੇ ਮੰਜੇ, ਜਿਨ੍ਹਾਂ ਦੇ ਪਾਵਿਆਂ ਤੇ ਮਾਲਕਾਂ ਦੇ ਅਜੀਬ ਅਜੀਬ ਨਾਂ ਲਿਖੇ ਹੋਏ ਸਨ, ਡਾਹ ਲਏ। ਮੰਜਿਆਂ ਤੇ ਬੈਠਿਆਂ ਨੂੰ ਹੀ ਲੱਡੂ, ਮੱਠੀਆਂ ਤੇ ਪਕੌੜਿਆਂ ਨਾਲ ਭਰੀਆਂ ਕੌਲੀਆਂ ਤੇ ਚਾਹ ਨਾਲ਼ ਭਰੇ ਪਿੱਤਲ਼ ਦੇ ਗਿਲਾਸ ਵਰਤਾ ਦਿੱਤੇ ਗਏ। ਲਾਊਡ ਸਪੀਕਰ ਵਾਲ਼ੇ ਨੇ ਧਰਮਸ਼ਾਲਾ ਦੇ ਬਨੇਰੇ ਉੱਤੇ ਲਾਊਡ ਸਪੀਕਰ ਬੰਨ੍ਹ ਕੇ ਦੇਵ ਦੀ ਸਿਫਾਰਿਸ਼ ਤੇ ਹਸਨਪੁਰੀ ਦਾ 'ਗੜਵਾ ਚਾਂਦੀ ਦਾ' ਗੀਤ ਲਾ ਦਿੱਤਾ ਤਾਂ ਚਾਹ ਨਾਲ ਹੀ ਬਰਾਤੀਆਂ ਨੂੰ ਸਰੂਰ ਆਉਣ ਲੱਗ ਪਿਆ। ਉਨ੍ਹਾਂ ਦੀ ਇੱਛਾ ਸੀ ਕਿ ਬਰਾਤ ਸਵੇਰੇ ਜਾਂਦੀ, ਦਿਨੇ ਫੇਰਿਆਂ ਮਗਰੋਂ ਰੋਟੀ ਖਾ ਕੇ ਦੋਰਾਹੇ ਵਾਪਸ ਆ ਜਾਂਦੀ, ਪਰ ਪੰਡਤ ਨੇ ਉਨ੍ਹਾਂ ਦੀ ਪੇਸ਼ ਨਹੀਂ ਸੀ ਚੱਲਣ ਦਿੱਤੀ। ਡੇਰੇ ਦੇ ਅੰਦਰ ਤਾਂ ਦੋ ਬਲਵ ਜਗਦੇ ਹੀ ਸਨ, ਚਾਰ

ਬਲਵਾਂ ਅਤੇ ਤਿੰਨ ਗੈਸਾਂ ਦਾ ਬਾਹਰ ਵੀ ਪ੍ਰਬੰਧ ਕੀਤਾ ਹੋਇਆ ਸੀ। ਜਿਨ੍ਹਾਂ ਦੀ ਰੋਸ਼ਨੀ ਸਦਕਾ ਦਿਨ ਚੜ੍ਹਿਆ ਹੋਇਆ ਸੀ। ਹੁਣ ਕਿਉਂਕਿ ਸ਼ਾਮ ਦਾ ਵੇਲਾ ਹੋ ਚੁੱਕਾ ਸੀ ਤੇ ਆਪਣੀ ਬਦਖੋਈ ਤੋਂ ਡਰਦੇ ਉਨ੍ਹਾਂ ਨੇ ਬਰਾਤੀਆਂ ਨੂੰ ਪਿਲਾਉਣੀ ਸੀ। ਉਹ ਆਪਣੇ ਨਾਲ ਸ਼ਰਾਬ ਲੈ ਗਏ ਸਨ। ਇਹ ਕੰਮ ਜ਼ੋਖਮ ਭਰਿਆ ਇਸ ਲਈ ਸੀ ਕਿ ਅੱਧੀ ਤੋਂ ਵੱਧ ਬਰਾਤ ਗੰਵਾਰ ਜਿਹੇ ਬਰਾਤੀਆਂ ਦੀ ਸੀ। ਘਨ੍ਹੱਈਏ ਨੇ ਸ਼ਰਾਬ ਵਰਤਾਉਣ ਦਾ ਵਿਰੋਧ ਕੀਤਾ, ਪਰ ਉਸ ਦੀ ਕਿਸੇ ਨੇ ਸੁਣੀ ਹੀ ਨਾ। ਫੇਰਿਆਂ ਸਮੇਂ ਹਾਜ਼ਰ ਰਹਿਣ ਦੀ ਤਾਂ ਘਰ ਘਰ ਦੇ ਬੰਦਿਆਂ ਦੀ ਲੋੜ ਸੀ, ਬਾਕੀ ਲਾਣੇ ਨੇ ਤਾਂ ਵਿਆਹ ਵਿਚ ਮੌਜ ਮੇਲਾ ਕਰਨਾ ਸੀ। ਫਿਰ ਇਹੀ ਇਕ ਅਜਿਹਾ ਦਿਨ ਸੀ ਜਦੋਂ ਘਰ ਵਾਲ਼ੀਆਂ ਦਾ ਪ੍ਰਛਾਵਾਂ ਸਿਰ ਤੇ ਨਾ ਹੋਣ ਕਰਕੇ ਕਈ ਜਣਿਆਂ ਨੇ ਪੀਣ ਦੀਆਂ ਡੰਝਾਂ ਅੱਜ ਹੀ ਲਾਹੁਣੀਆਂ ਸਨ। ਇਸ ਅਜ਼ਾਦੀ ਮੌਕੇ ਉਹ ਨਾ ਪਿਲਾਉਂਦੇ ਤਾਂ ਅਗਲਿਆਂ ਨੇ ਖੰਨੇ ਜਾ ਕੇ ਪੀ ਆਉਣੀ ਸੀ। ਉਨ੍ਹਾਂ ਨੂੰ ਗਾਹਲਾਂ ਕੱਢਣੀਆਂ ਸਨ ਤੇ 'ਨੰਗ ਨੰਗ' ਕਹਿ ਕੇ ਅੱਗਾ ਪਿੱਛਾ ਪੁਣਨਾ ਸੀ। ਸੋ ਜਿਉਂ ਹੀ ਉਨ੍ਹਾਂ ਦੇ ਆਡਰ ਉੱਤੇ ਕੁੜੀ ਵਾਲ਼ਿਆਂ ਨੇ ਪਕੌੜਿਆਂ ਨਾਲ ਭਰੀ ਪਰਾਂਤ ਡੇਰੇ ਭੇਜੀ ਹਰੀਵੰਸ਼ ਨੇ ਸੰਤਰਾ ਮਾਰਕਾ ਦੇਸੀ ਸ਼ਰਾਬ ਦੀ ਬੋਰੀ ਖੋਹਲ ਕੇ ਹਰ ਮੰਜੇ ਉੱਤੇ ਬੋਤਲਾਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਇਹ ਵੀ ਕਹੀ ਗਿਆ ਕਿ ਮੇਰੇ ਵੀਰ ਪੀਓ ਜਿੰਨੀ ਮਰਜੀ ਪਰ ਖਿੜਾਇਓ ਨਾ। ਉਨ੍ਹਾਂ ਦੀ ਲਾਜ ਬਰਾਤੀਆਂ ਦੇ ਹੱਥ ਹੈ, ਅਜੇ ਫੇਰੇ ਹੋਣੇ ਹਨ। ਹਰੀਵੰਸ਼ ਨੇ ਉਨ੍ਹਾਂ ਵਿਚ ਬੈਠੇ ਖਾਸ ਖਾਸ ਬੰਦਿਆਂ ਨੂੰ ਇਸ਼ਾਰਾ ਕਰਕੇ ਧਰਮਸ਼ਾਲਾ ਦੇ ਉੱਤੇ ਜਾਣ ਲਈ ਵੀ ਕਹਿ ਦਿੱਤਾ, ਜਿੱਥੇ ਫਰਸ਼ ਵਿਛਾ ਕੇ ਰੰਮ ਅਤੇ ਵਿਸਕੀ ਦੀਆਂ ਬੋਤਲਾਂ ਦੀ ਰਾਖੀ ਘਨ੍ਹੱਈਏ ਦੇ ਸਾਲ਼ੇ ਮਾਧੋ ਰਾਮ ਨੂੰ ਬਿਠਾਇਆ ਹੋਇਆ ਸੀ। ਉੱਥੇ ਬਰਫ ਦਾ ਇਕ ਵੱਡਾ ਡਲ਼ਾ ਵੀ ਪਿਆ ਸੀ। ਸਲਾਹਪੁਰ ਪਿੰਡ' ਚੋਂ ਪੰਦਰਾਂ-ਸੋਲਾਂ ਬੰਦੇ ਵਿਆਹ ਵਿਚ ਸ਼ਾਮਲ ਹੋਏ ਸਨ, ਜਿਨ੍ਹਾਂ ਵਿਚ ਦੇਵ ਦੇ ਦੋਸਤ ਬਸ਼ੀਰ ਅਤੇ ਮਾਨ ਸਿੰਘ ਤੋਂ ਇਲਾਵਾ ਚਾਰ ਪੰਜ ਹੋਰ ਬੰਦੇ ਰੁਤਬੇ ਵਾਲ਼ੇ ਸਨ। ਉਨ੍ਹਾਂ ਨੂੰ ਵੀ ਦੇਵ ਨੇ 'ਬਾਲਕੋਨੀ ਕਲਾਸ' ਵਾਲੇ ਪਿਅੱਕੜਾਂ ਵਿਚ ਭੇਜ ਦਿੱਤਾ।

ਸਲਾਹਪੁਰ ਤੋਂ ਝਿਊਰਾਂ ਦੇ ਅਲਾਦੀਨ ਨੂੰ ਉਨ੍ਹਾਂ ਨੇ ਹਫ਼ਤਾ ਪਹਿਲਾਂ ਦੋਰਾਹੇ ਸੱਦ ਲਿਆ ਸੀ। ਉਸ ਨੇ ਘਰ ਦਾ ਕਾਫ਼ੀ ਕੰਮ ਸਾਂਭ ਲਿਆ ਸੀ। ਦੇਵ ਦੀ ਆਗਰੇ ਵਾਲ਼ੀ ਭਾਬੀ ਤੋਂ ਓਹਲੇ ਵਿਚ ਉਹ ਰੋਜ਼ ਸ਼ਾਮ ਨੂੰ ਰੋਟੀ ਤੋਂ ਪਹਿਲਾਂ ਦੋ ਦੋ ਪੈੱਗ ਮਾਰ ਲਿਆ ਕਰਦੇ ਸਨ। ਉਹ ਅਲਾਦੀਨ ਨੂੰ ਵੀ ਬਿਨਾਂ ਕਿਸੇ ਵਿਤਕਰੇ ਤੋਂ ਆਪਣੇ ਵਿਚ ਸ਼ਾਮਲ ਕਰ ਲੈਂਦੇ। ਉਸ ਨੂੰ ਇਹ ਹਦਾਇਤ ਵੀ ਸੀ ਕਿ ਰੋਟੀ ਖਾ ਕੇ ਬਿਲਕੁਲ ਚੁੱਪ-ਚਾਪ ਸੌਂ ਜਾਣਾ ਹੈ। ਕਿਸੇ ਨਾਲ਼ ਗੱਲ ਨਹੀਂ ਕਰਨੀ ਤੇ ਨਾ ਹੀ ਹੁੰਘਾਰਾ ਭਰਨਾ ਹੈ। ਜਿਸ ਦਿਨ ਉਹ ਬੋਲਿਆ ਜਾਂ ਕੋਈ ਖ਼ਰੂਦ ਕੀਤਾ, ਅਗਲੇ ਦਿਨ ਤੋਂ ਉਸ ਨੂੰ ਰੰਮ ਮਿਲਣੀ ਬੰਦ ਹੋ ਜਾਵੇਗੀ। ਹੁਣ ਅਲਾਦੀਨ ਬਰਾਤ ਵਿਚ ਵੀ ਉਨ੍ਹਾਂ ਨਾਲ਼ ਆਇਆ ਸੀ। ਜਿੰਨੇ ਵਾਰਨੇ ਹੋਏ ਜਾਂ ਅਜੇ ਹੋਣੇ ਸਨ, ਸਭ' ਤੇ ਉਸੇ ਦਾ ਅਧਿਕਾਰ ਸੀ। ਉਸ ਨੂੰ ਪਹਿਨਣ ਲਈ ਬੇਅੰਤ ਨੇ ਆਪਣੀ ਪੈਂਟ ਅਤੇ ਬੁਸ਼ਰਟ ਦਿੱਤੇ ਸਨ। ਇਹ ਕੱਪੜੇ ਪਾ ਕੇ ਉਹ ਸ਼ਰਮਾ ਰਿਹਾ ਸੀ, ਕਿਉਂਕਿ ਇਹੋ ਜਿਹੇ ਕੱਪੜੇ ਉਸ ਨੇ ਜ਼ਿੰਦਗੀ ਵਿਚ ਪਹਿਲੀ ਵਾਰੀ ਪਹਿਨੇ ਸਨ। ਚੜ੍ਹਤੀ ਵੇਲੇ ਤੇ ਫਿਰ ਬੱਸ' ਚੋਂ ਕੱਢ ਬਰੀ ਵਾਲ਼ਾ ਟਰੰਕ ਅਲਾਦੀਨ ਨੇ ਹੀ ਆਪਣੇ ਸਿਰ ਤੇ ਚੁੱਕ ਡੇਰੇ ਪੁਜਾਇਆ

ਸੀ। ਹੁਣ ਜਦੋਂ ਰੁਤਬੇ ਅਨੁਸਾਰ ਪਿਆਕੜਾਂ ਦੀ ਹੇਠਾਂ ਅਤੇ ਉੱਤੇ ਦੋ ਥਾਵਾਂ ਤੇ ਮਹਿਫ਼ਲ ਸਜੀ ਤਾਂ ਹਰੀਵੰਸ਼ ਨੇ ਅਲਾਦੀਨ ਨੂੰ ਸਖ਼ਤ ਤਾੜਨਾ ਕਰ ਦਿੱਤੀ ਕਿ ਉਹ ਲੋੜ ਅਨੁਸਾਰ ਵਿਆਹ ਵਾਲ਼ੇ ਘਰ' ਚੋਂ ਖਾਣ-ਪੀਣ ਦੀਆਂ ਚੀਜ਼ਾਂ ਲਿਆ ਕੇ ਬਰਾਤੀਆਂ ਦੀ ਸੇਵਾ ਕਰੇਗਾ, ਖੁਦ ਸ਼ਰਾਬ ਨਹੀਂ ਪੀਵੇਗਾ।

ਅਲਾਦੀਨ ਕਦੀ ਪਕੌੜੇ, ਕਦੀ ਪਾਣੀ ਦਾ ਜੱਗ ਚੁੱਕੀ ਉੱਪਰ ਹੇਠਾਂ ਭੱਜਿਆ ਫਿਰ ਰਿਹਾ ਸੀ। ਘੰਟਾ ਭਰ ਉਸ ਨੇ ਸ਼ਰਾਬ ਨੂੰ ਮੂੰਹ ਨਾ ਲਾਇਆ। ਉਹ ਧਰਮਸ਼ਾਲਾ ਉੱਤੇ ਪਕੌੜੇ ਦੇਣ ਗਿਆ ਤਾਂ ਹਰੀਵੰਸ਼ ਨੂੰ ਇਕ ਪਾਸੇ ਸੱਦ ਕੇ ਕਹਿਣ ਲੱਗਾ, 'ਮੋਤੀਆਂ ਆਲ਼ਿਓ, ਹੁਣ ਨ੍ਹੀ ਰਿਹਾ ਜਾਂਦਾ। ਮੈਨੂੰ ਵੀ ਰੰਬ ਦਾ ਇੱਕ ਮੋਟਾ ਜਿਹਾ ਹਾੜਾ ਦੇ ਦੋ।'

'ਹਫ਼ਤਾ ਰੰਮ ਹੀ ਪੀਂਦਾ ਰਿਹਾ ਏਂ। ਜੇ ਅੱਜ ਸਬਰ ਕਰ ਲਵੇਂਗਾ, ਮਰਨ ਨਹੀਂ ਲੱਗਾ।' ਹਰੀਵੰਸ਼ ਨੇ ਕਿਹਾ।

'ਜੇ ਅੱਜ ਨਾ ਪੀਤੀ ਤਾਂ ਮਰ ਹੀ ਜਾਵਾਂਗਾ।' ਉਹ ਬੋਲਿਆ।

'ਅੱਜ ਦਾ ਦਿਨ ਸਬਰ ਕਰ ਲੈ ਅਲਾਦੀਨ। ਘਰ ਜਾ ਕੇ ਜਿੰਨੀ ਮਰਜ਼ੀ ਡੱਫ ਲਵੀਂ।'

'ਵਿਆਹ ਏ... ਕੋਈ ਮਰਗ ਤੇ ਨ੍ਹੀ ਆਏ ਹੋਏ। ਮੈਨੂੰ ਵੀ ਚੌਅ ਆ। ਸਬਰ ਕਿਵੇ ਂ ਕਰ ਲਵਾਂ?'

'ਜੇ ਤੂੰ ਡੱਫ ਲਈ ਤਾਂ ਐਥੇ ਕੰਮ ਕੌਣ ਕਰੂ?'

'ਮੈਂ ਕਰੂੰ ਕੰਮ। ਇਹ ਤਾਂ ਮੇਰੀ ਜ਼ਿੰਮੇਵਾਰੀ ਆ। ਤੁਸੀਂ ਦਵੋ ਮੈਨੂੰ ਰੰਬ ਦਾ ਇਕ ਹਾੜਾ।'

'ਕੀ ਕਹਿੰਦਾ ਏ ਭ਼ੀਰ?' ਹਰਿਓਂ ਵਾਲਾ ਹਰੀਵੰਸ਼ ਦਾ ਜਾਣੂ ਦਲੀਪਾ ਬੋਲ ਪਿਆ।

'ਰੰਮ ਮੰਗਦਾ ਏ ਪੀਣ ਨੂੰ।' ਹਰੀਵੰਸ਼ ਨੇ ਦੱਸਿਆ।

'ਚੱਲ ਸਾਲ਼ਾ... ਚੋਦਿਆ ਰੰਮ ਦਾ। ਜਾ ਕੇ ਪਕੌੜੇ ਲੈ ਕੇ ਆ ਗਰਮਾ-ਗਰਮ। ਬਹੁਤਾ ਨਾ ਚਮ੍ਹਲਾਇਆ ਕਰੋ ਜਾਰ ਇਨ੍ਹਾਂ ਮੰਗ ਖਾਣੀਆਂ ਜਾਤਾਂ ਨੂੰ।' ਦਲੀਪਾ ਪੈੱਗ ਚੁੱਕਦਾ ਬੋਲਿਆ।

ਅਲਾਦੀਨ ਹਰਖ਼ ਗਿਆ ਤੇ ਪੌੜੀਆਂ ਉੱਤਰ ਗਿਆ। ਥੋੜ੍ਹੀ ਦੇਰ ਹੀ ਹੋਈ ਸੀ, ਜਿਵੇ ਂ ਕਿਸੇ ਨੇ ਅੱਧ-ਅਸਮਾਨੋਂ ਬੜ੍ਹਕ ਮਾਰੀ ਹੋਵੇ, 'ਕੁੱਤਿਓ ਸੁਨਿਆਰੋ। ਮੈਂ ਮਰਦਾ ਏਂ ਉਇ ਥੋਡੇ ਸਿਰ ਚੜ੍ਹਕੇ। ਭਿੰਗਣਾ ਪਾਊਂ ਥੋਡੇ ਵਿਆਹ ਮਾ ਸਾਲ਼ਿਓ। ਤੁਸੀਂ ਜੁੰਮੇਵਾਰ ਹੋਵੋਂਗੇ ਮੇ ਰੀ ਮੌਤ ਦੇ। ਰੋਕ ਲਉ ਜਿਹੜਾ ਖੱਬੀਖਾਨ ਰੋਕ ਸਕਦੈ ਮੈਨੂੰ।'

ਸਾਰੇ ਹੈਰਾਨ ਹੋ ਕੇ ਖੜ੍ਹੇ ਹੋ ਗਏ। ਅਲਾਦੀਨ ਧਰਮਸ਼ਾਲਾ ਦੇ ਪਿੱਪਲ ਤੇ ਚੜ੍ਹਿਆ ਐਨ ਸਿਖ਼ਰ ਤੋਂ ਬੋਲ ਰਿਹਾ ਸੀ। ਉਸ ਨੇ ਤੇੜ ਕੇਵਲ ਕੱਛਾ ਹੀ ਪਾਇਆ ਹੋਇਆ ਸੀ। ਪੈਂਟ ਕਮੀਜ਼ ਦਾ ਕੋਈ ਪਤਾ ਨਹੀਂ ਉਹ ਕਿੱਥੇ ਖੋਹਲ ਗਿਆ ਸੀ।

'ਸਾਲੇ ਦਰੈਂਤੀਏ। ਹੇਠ ਵਾਲ਼ਿਆਂ ਨੂੰ ਸੰਤਰਾ ਮਾਰਕਾ ਪਿਲਾਉਂਦੇ ਆਂ। ਉੱਪਰ ਆਪ ਮਾਈਂ ਜਾਥ੍ਹੇ ਰੰਬਾਂ ਡੱਫਦੇ ਆਂ। ਲਿਆਓ ਸਾਲ਼ਿਓ ਖੱਫਣ ਮੇਰਾ। ਮੈਂ ਲੱਗਿਆ ਏਂ ਛਾਲ਼ ਮਾਰਨ।'

'ਉਇ ਅਲਾਦੀਨ... ਰੱਬ ਦਾ ਵਾਸਤਾ ਏ, ਇਹ ਕਹਿਰ ਨਾ ਵਰਤਾਈਂ। ਉੱਤਰ ਆ

ਵੀਰ ਮੇਰੇ ਥੱਲੇ। ਤੈਨੂੰ ਬਾਹਲੀ ਚੜ੍ਹ ਗਈ ਏ।' ਕਿਸੇ ਨੇ ਉੱਚੀ ਅਵਾਜ਼ ਵਿਚ ਕਿਹਾ।

'ਸਾਲਿਓ ਮੇਰਿਓ... ਸੋਫ਼ੀ ਏ ਥੋਡਾ ਜੁਆਈ.... ਬਿਨਾਂ ਪੀਤੇ ਥੋਡੀ ਮਾਂ ਕਿਵੇਂ ਚੜ੍ਹ ਗਈ? ਮੈਂ ਤਾਂ ਮੂੰਹ ਨੀ ਲਾਇਆ ਅਜੇ ਤੱਕ ਸਾਲ਼ਿਓ ਵਗਾਰਾਂ ਕਰਾਉਣ ਵਾਲ਼ਿਓ।'

'ਚੱਲ ਫੇਰ ਉਤਰ ਆ ਮੇਰੇ ਵੀਰ। ਪੀ ਲੈ ਜਿੰਨੀ ਪੀਣੀ ਏਂ।' ਹਰੀਵੰਸ਼ ਨੇ ਮੌਕਾ ਸਾਂਭਦਿਆਂ ਉੱਚੀ ਦੇਣੇ ਕਿਹਾ। ਬਾਕੀ ਸਾਰੇ ਵੀ ਅਲਾਦੀਨ ਨੂੰ ਹੇਠ ਉਤਰਨ ਲਈ ਕਹਿਣ ਲੱਗ ਪਏ।

'ਕੀ ਕਿਹਾ ਸੀ ਮੈਂ ਥੁਆਨੂੰ? ... ਬਈ ਇਹ ਕੰਜਰਖ਼ਾਨਾ ਨਾ ਕਰੋ। ਮੇਰੀ ਮੰਨੀ ਕਿਸੇ ਨੇ? ਔਲ਼ੇ ਦਾ ਖਾਧਾ, ਸਿਆਣੇ ਦਾ ਕਿਹਾ, ਬਾਅਦ' ਚ ਪਤਾ ਲਗਦਾ ਏ।' ਘਨੱ੍ਹਈਆ ਬੋਲਿਆ।

'ਉਇ ਅਲਾਦੀਨ... ਆ ਜਾ ਥੱਲੇ.. ਮੇਰੇ ਕਰਕੇ ਆ ਜਾ।' ਬਸ਼ੀਰ ਨੇ ਹਾਕ ਮਾਰ ਕੇ ਕਿਹਾ।

'ਐ ਨ੍ਹੀ ਉਤਰਦਾ... ਪਹਿਲਾਂ ਆਪਣੇ ਧਗੜੇ ਨੂੰ ਰੰਬ ਦੀ ਬੋਤਲ ਭੇਜੋ ਉੱਤੇ।'

'ਉੱਤੇ ਪੀ ਕੇ ਮਰਨਾ ਏਂ ਤੂੰ? ਪਹਿਲਾਂ ਹੇਠ ਆ ਜਾ... ਮੈਂ ਦਿਆਂਗਾ... ਬਸ਼ੀਰ ਬੋਲਦੈਂ।'

'ਹਟ ਜਾਓ ਪਾਸੇ.... ਫੇਰ ਨਾ ਕਿਹੋ... ਜੇ ਕਿਸੇ ਦੇ ਉੱਤੇ ਡਿਗ ਪਿਆ।' ਉਸ ਨੇ ਮੁੜ ਉੱਚੀ ਅਵਾਜ਼ ਵਿਚ ਕਿਹਾ।

'ਉਇ ਅਲਾਦੀਨ.... ਮੈਂ ਘਨੱ੍ਹਈਆ ਬੋਲਦੈਂ, ਤੇਰਾ ਚਾਚਾ। ਆਪਣੇ ਚਾਚੇ ਦਾ ਵੀ ਕਹਿਣਾ ਨ੍ਹੀ ਮੰਨੇਂਗਾ? ਉਤਰ ਆ ਥੱਲੇ।'

'ਚਾਚੇ ਮੇਰੀ ਬੇਜ਼ਤੀ ਖ਼ਰਾਬ ਕਰੀ ਏ ਇਨ੍ਹਾਂ ਨੇ। ਐਕਣਾ ਨ੍ਹੀ ਉਤਰਦਾ ਹੁਣ ਮੈਂ। ਚਾਹੇ ਸੱਚੇ ਪਾਤਸ਼ਾਹ ਖ਼ੁਦ ਚੱਲ ਕੇ ਆ ਜਾਣ। ਤੁਸੀਂ ਦੁਖੀ ਨੂੰ ਬੋਤਲ ਦੇ ਕੇ ਭੇਜ ਦਿਓ ਉੱਪਰ। ਮੈਂ ਐਥੇ ਹੀ ਦੁਸਾਂਗੜ' ਚ ਬਹਿ ਕੇ ਪੀਊਂਗਾ।'

'ਭੇਜ ਦਿਓ... ਭੇਜ ਦਿਓ... ਆਵੇ ਪੁੱਤ ਥੱਲੇ। ਸਾਲ਼ੇ ਝੀਰ ਨੂੰ ਵਧਾ ਦਿੰਦੇ ਹਾਂ।' ਦਲੀਪਾ ਫਿਰ ਕੜਕਿਆ।

'ਆਹ ਬੰਨ੍ਹੇ ਤੇਰੇ ਮੂਹਰੇ ਹੱਥ.... ਰੱਬ ਦੇ ਵਾਸਤੇ ਕੋਈ ਕੁਛ ਨਾ ਕਿਹੋ। ਵਿਆਹ' ਚ ਭਿੰਗਣਾ ਪੈਜੂ।' ਘਨੱ੍ਹਈਏ ਨੇ ਦਲੀਪੇ ਨੂੰ ਕਿਹਾ।

'ਉਹਦਾ ਵੀ ਕੀ ਕਸੂਰ ਏ? ਦੇ ਦਿੰਦੇ ਦੋ ਪੈੱਗ ਮਰਦੇ ਸੀ? ਨਾਲ਼ੇ ਵਿਤਕਰਾ ਦੇ ਖੋ ਯਾਰੋ ਆਪ ਰੰਮਾਂ ਤੇ ਸਾਨੂੰ ਦੇਸੀ।'

'ਚੁੱਪ ਕਰ ਜਾਓ ਭਾਈ। ਨਵੀਂ ਲੂਤੀ ਨਾ ਲਾਓ ਹੁਣ। ਅਜੇ ਸਾਡਾ ਕਾਰਜ ਪਿਆ ਏ। ਆਹ ਹੱਥ ਜੋੜੇ ਥੋਡੇ ਮੂਹਰੇ।' ਘਨੱ੍ਹਈਆ ਮੁੜ ਮੁੜ ਹੱਥ ਜੋੜੀ ਜਾ ਰਿਹਾ ਸੀ।

ਹਰੀਵੰਸ਼ ਨੇ ਸਿਆਣਪ ਕੀਤੀ। ਪਊਆ ਕੁ ਰੰਮ ਦਾ ਸੀ ਜਿਸ ਵਿਚ ਉਸ ਨੇ ਪਾਣੀ ਪਾ ਕੇ ਬੋਤਲ ਭਰ ਲਈ ਤੇ ਦੇਵ ਨੂੰ ਫੜਾ ਕੇ ਪਿੱਪਲ ਤੇ ਚੜ੍ਹਾ ਦਿੱਤਾ। ਦੇਵ ਬਾਂਦਰ ਵਾਂਗ ਝੱਟ ਅਲਾਦੀਨ ਕੋਲ਼ ਪਹੁੰਚ ਗਿਆ ਤੇ ਬੋਤਲ ਉਸ ਦੇ ਹਵਾਲੇ ਕਰ ਦਿੱਤੀ। ਉਸ ਨੇ ਗਟ ਗਟ ਕਰ ਕੇ ਇੱਕੋ ਸਾਹੇ ਸਾਰੀ ਬੋਤਲ ਖਾਲੀ ਕਰ ਦਿੱਤੀ ਤੇ ਬੋਲਿਆ, 'ਮੈਂ ਬੋਤਲ ਸਿੱਟਣ

ਲੱਗਿਆਂ ਏਂ ਥੱਲੇ। ਫੇਰ ਨਾ ਕਿਹੋ ਕਿਸੇ ਦੇ ਵੱਜੀ।'

ਉਹਦੀ ਗੱਲ ਸੁਣ ਕੇ ਸਾਰੇ ਪਿੱਪਲ ਤੋਂ ਦੂਰ ਭੱਜੇ। ਬੋਤਲ ਸੁੱਟ ਉਹ ਝੂੰਮਦਾ ਹੋਇਆ ਹੇਠਾਂ ਉਤਰ ਆਇਆ। ਛੇਤੀ ਹੀ ਰੋਟੀ ਦਾ ਸੱਦਾ ਆ ਗਿਆ। ਘਨ੍ਹੱਈਏ ਨੇ ਵਾਜੇ ਵਾਲਿਆਂ ਨੂੰ ਇਸ਼ਾਰਾ ਕਰ ਦਿੱਤਾ। ਅਰਜਣ ਅਮਲੀ ਨੇ ਪੀਪਨੀ ਵਿਚ ਫੂਕ ਮਾਰੀ। ਨੌਰੰਗੇ ਨੇ ਬੀਨ' ਚੋਂ ਧੁਨ ਕੱਢੀ। ਢੋਲਕੀ ਕੁੱਟੀ ਜਾਣ ਲੱਗੀ। ਵੱਡੇ ਢੋਲ ਤੇ ਡੱਗੇ ਵੱਜਣ ਲੱਗ ਪਏ। ਬਰਾਤੀ ਭੰਗੜਾ ਪਾਉਣ ਲੱਗੇ, ਟਪੂਸੀਆਂ ਮਾਰਨ ਲੱਗੇ, ਬੱਕਰੇ ਬੁਲਾਉਣ ਲੱਗੇ। ਸੁਰਾਂ ਵਾਲੇ ਵਾਜੇ ਵਿਚ ਨੱਚਦੇ ਸਾਰੇ ਬੇਸੁਰੇ ਹੋ ਗਏ। ਅਲਾਦੀਨ ਜਿਹੜਾ ਦਸ ਮਿੰਟ ਪਹਿਲਾਂ ਮਰਨ ਦੀਆਂ ਗੱਲਾਂ ਕਰਦਾ ਸੀ, ਵਾਜੇ ਵਾਲ਼ਿਆਂ ਦੇ ਮੂਹਰੇ ਬਣਮਾਣਸ ਵਾਂਗ ਛਾਲਾਂ ਮਾਰਨ ਲੱਗ ਪਿਆ। ਉਹ ਮੁੜ ਮੁੜ ਘਨ੍ਹੱਈਏ, ਰਾਮ ਸਿੰਘ ਤੇ ਹੋਰਨਾਂ ਦੇ ਪੈਰੀਂ ਹੱਥ ਲਾਉਣ ਲੱਗ ਪਿਆ। ਸਾਰੇ ਬਰਾਤੀ ਝੂੰਮਦੇ, ਹੱਸਦੇ ਗੈਸ ਵਾਲ਼ੇ ਦੇ ਮਗਰ ਭੀੜੀਆਂ ਗਲ਼ੀਆਂ ਵਿੱਚੀਂ ਰੋਟੀ ਖਾਣ ਚੱਲ ਪਏ। ਬਨੇਰਿਆਂ ਤੋਂ ਤੀਵੀਆਂ ਦੇ ਗਾਉਣ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ।

**00**

ੜ;;**015**

## ਅਠਾਸੀ

ਸੁਨਿਆਰਾਂ ਦੀ ਬਰਾਤ ਵਿਚ ਸ਼ਾਮਲ ਕੁਝ ਬੰਦਿਆਂ ਨੇ ਪਹਿਲਾਂ ਵੀ ਵਿਆਹਾਂ ਵਿਚ ਮੇਜ਼, ਕੁਰਸੀਆਂ ਤੇ ਰੋਟੀ ਖਾਧੀ ਹੋਵੇਗੀ, ਪਰ ਸਲਾਹਪੁਰ ਪਿੰਡ ਦੇ ਕਈ ਜਣਿਆਂ ਲਈ ਇਹ ਪਹਿਲਾ ਮੌਕਾ ਸੀ। ਰਾਮ ਸਿੰਘ ਤੇ ਫਿਰ ਹਰੀਵੰਸ਼ ਦੇ ਵਿਆਹਾਂ ਸਮੇਂ ਉਨ੍ਹਾਂ ਦੇ ਸਹੁਰਿਆਂ ਵੱਲੋਂ ਖੱਦਰ ਦੇ ਕੋਰਿਆਂ ਉੱਤੇ ਬਿਠਾ ਕੇ ਹੀ ਰੋਟੀ ਖੁਆਈ ਗਈ ਸੀ। ਅੱਜ ਬਰਾਤੀਆਂ ਦੀ ਖਿਦਮਤ ਲਈ ਡੇਰੇ ਵਿਚ ਗੇੜੇ ਦਿੰਦਿਆਂ ਦੇਵ 'ਲਵਲੀ ਪੈੱਗ' ਕਰਦਿਆਂ ਹੀ ਵੱਧ ਹੋ ਗਿਆ ਸੀ। ਸਿਰ ਵਿਚ ਸ਼ਰਾਬ ਦਾ ਝਾਂਜਾ ਝੁੱਲ ਰਿਹਾ ਸੀ। ਵਾਜੇ ਵਾਲ਼ਿਆਂ ਦੇ ਮਗਰ ਡੱਕੇ-ਡੌਲ਼ੇ ਖਾਂਦਿਆਂ ਉਹ ਵੀ ਪੰਡਾਲ' ਚ ਲਾਈਆਂ ਕੁਰਸੀਆਂ' ਚੋਂ ਇਕ ਤੇ ਜਾ ਬੈਠਾ। ਪਹਿਲਾਂ ਬਰਾਤੀਆਂ ਮੂਹਰੇ ਥਾਲ਼ੀਆਂ ਗਿਲਾਸ ਰੱਖੇ ਗਏ, ਫਿਰ ਕੁਝ ਮੁੰਡੇ ਪਰਾਂਤਾਂ ਵਿਚ ਪਾਏ ਲੱਡੂ, ਜਲੇਬੀਆਂ ਵਰਤਾਉਣ ਲੱਗ ਪਏ। ਦੇਵ ਨੇ ਪਕੌੜਿਆਂ ਨਾਲ਼ ਹੀ ਐਨਾ ਢਿੱਡ ਭਰ ਲਿਆ ਸੀ ਕਿ ਥਾਲ਼ੀ ਵੱਲ ਝਾਕਣ ਨੂੰ ਵੀ ਚਿੱਤ ਨਾ ਕੀਤਾ। ਉਸ ਨੇ ਕੁਰਸੀ ਨਾਲ਼ ਢੋਅ ਲਾ ਲਈ ਤੇ ਬਾਹਾਂ ਹੇਠ ਲਮਕਾ ਲਈਆਂ। ਘਨ੍ਹੱਈਏ ਦਾ ਬੇਲੀ ਖਾਨਪੁਰੀਆ ਗੌਰਵ ਸਿੰਘ, ਜਿਸ ਨੂੰ ਉਸ ਦੇ ਪਿੰਡ ਵਾਲ਼ਿਆਂ ਨੇ 'ਗੌਰੀ ਜੱਟ ਡਕਾਰੇ ਮੱਟ' ਦਾ ਖ਼ਿਤਾਬ ਬਖਸ਼ਿਆ ਹੋਇਆ ਸੀ, ਪਹਿਲਾਂ ਤਾਂ ਬੈਠਾ ਹੌਲ਼ੀ-ਹੌਲ਼ੀ ਜਲੇਬੀ ਦੀਆਂ ਭੂੰਕਾਂ ਚਿੱਥੀ ਗਿਆ। ਪਰ ਜਦੋਂ ਦੇਖਿਆ ਕਿ ਹੋਰ ਲੱਡੂ, ਜਲੇਬੀਆਂ ਲੈਣ ਤੋਂ ਸਾਰੇ ਬਰਾਤੀ ਵਰਤਾਉਣ ਵਾਲ਼ਿਆਂ ਦੇ ਮੂਹਰੇ ਥਾਲ਼ੀਆਂ ਉੱਤੇ ਪੁੱਠੇ ਹੱਥ ਕਰਨ ਲੱਗ ਪਏ ਤਾਂ ਉਹ ਇਕੱਠੀਆਂ ਦੋ ਜਲੇਬੀਆਂ ਮੂੰਹ ਲਾਗੇ ਕਰ ਕੇ ਬੋਲਿਆ, 'ਜਲੇਬੀਆਂ ਲਿਆਓ ਬਈ ਜਲੇਬੀਆਂ.... ਮੁੱਕ ਗਈਆਂ?'

'ਮੁੱਕ ਕਿਉਂ ਗਈਆਂ ਮਹਾਰਾਜ ਜੀ? ਜਿੰਨੀਆਂ ਮਰਜੀ ਛਕੋ।' ਦੋ ਮੁੰਡੇ ਜਲੇਬੀਆਂ

ਵਾਲ਼ੀ ਪਰਾਤ 'ਚੋਂ ਚਾਰ ਪੰਜ ਜਲੇਬੀਆਂ ਉਹਦੀ ਥਾਲ਼ੀ ਵਿਚ ਸੁੱਟ ਉਹਦੇ ਮੂਹਰੇ ਖੜ੍ਹ ਗਏ। ਉਸ ਨੇ ਜਲੇਬੀਆਂ ਨੂੰ ਛੂਹ ਕੇ ਦੇਖਿਆ ਤੇ ਬੋਲਿਆ, 'ਕਿਉਂ ਬਈ ਕੀ ਗੱਲ, ਠੰਡੀਆਂ ਲਿਆਉਣ ਲੱਗ ਪਏ?'

'ਹੁਣੇ ਲਓ ਮਹਾਰਾਜ ਗਰਮ ਗਰਮ ਲਿਆਉਂਦੇ ਹਾਂ।' ਇਕ ਮੁੰਡਾ ਬੋਲਿਆ ਤੇ ਗਰਮ ਜਲੇਬੀਆਂ ਲਿਆਉਣ ਚਲਾ ਗਿਆ। ਓਹਦੇ ਮੁੜਦੇ ਨੂੰ ਗੌਰੀ ਨੇ ਥਾਲ਼ੀ ਖਾਲੀ ਕਰ ਦਿੱਤੀ। ਮੁੰਡੇ ਨੇ ਅੱਠ ਦਸ ਜਲੇਬੀਆਂ ਉਹਦੀ ਥਾਲ਼ੀ ਵਿਚ ਲਿਆ ਸੁੱਟੀਆਂ। ਉਹ ਹਾਬੜਿਆਂ ਵਾਂਗ ਸਾਰੀਆਂ ਖਾ ਗਿਆ। ਸਾਰੇ ਬਰਾਤੀ ਅਤੇ ਮੇਲ਼ੀ ਜਲੇਬੀਆਂ ਖਾਂਦੇ ਗੌਰੀ ਨੂੰ ਦੇਖ ਦੇਖ ਹੱਸਣ ਲੱਗ ਪਏ। ਗੌਰੀ ਜਲੇਬੀਆਂ ਖਾ ਕੇ ਬੋਲਿਆ, 'ਇਕ ਪਰਾਤ ਅੰਮਰਤੀਆਂ ਦੀ ਵੀ ਲਿਆਓ ਛੇਤੀ।'

'ਅੰਮਰਤੀਆਂ ਤਾਂ ਵੀਰ ਜੀ ਹੈਗੀਆਂ ਨੀ। ਜੇ ਕਹੋ ਜਲੇਬੀਆਂ ਲੈ ਆਉਂਦੇ ਹਾਂ।' ਮੁੰਡਾ ਬੜੇ ਧੀਰਜ ਨਾਲ਼ ਬੋਲਿਆ।

'ਚੋਦਿਆ ਜਲੇਬੀਆਂ ਦਾ... ਸਾਲ਼ੇ ਨੰਗ... ਅੰਮਰਤੀਆਂ ਲਿਆਓ ਆਪਣੇ ਜੁਆਈ ਨੂੰ ਓਇ।' ਗੌਰੀ ਨੇ ਬੱਕਰਾ ਬੁਲਾ ਦਿੱਤਾ। ਘਨ੍ਹੱਈਆ ਉੱਠ ਕੇ ਉਸ ਲਾਗੇ ਆ ਗਿਆ। ਬਰਾਤੀ ਘੁਸਰ-ਮੁਸਰ ਕਰਨ ਲੱਗੇ ਕਿ ਗੌਰੀ ਸੰਤਰਾ ਮਾਰਕਾ ਪੂਰੀ ਬੋਤਲ ਸੜ੍ਹਾਕ ਗਿਆ ਸੀ ਤੇ ਹੁਣ ਜਲੇਬੀਆਂ ਨਾਲ਼ ਉਸ ਦਾ ਨਸ਼ਾ ਖਿੜਿਆ ਸੀ।

'ਗੌਰਵ ਸਿੰਘ ਕੀ ਕਰੀ ਜਾਂਦੈਂ ਤੂੰ?... ਵੀਰ ਮੇਰੇ ਆਹ ਕੰਮ ਨਾ ਕਰ।' ਘਨ੍ਹੱਈਆ ਬੋਲਿਆ।

'ਸਾਲ਼ਿਓ ਮੈਨੂੰ ਲਿਆਏ ਕਿਉਂ ਤੀ ਜੇ ਭੁੱਖਾ ਹੀ ਰੱਖਣਾ ਸੀ?... ਲਿਆ ਓਇ ਸਾਲ਼ਿਆ ਅੰਮਰਤੀਆਂ।' ਉਸਨੇ ਫਿਰ ਕਿਹਾ।

ਮੁੰਡਾ ਵੀ ਹਰਖ਼ ਗਿਆ। ਉਹ ਕੁੜੀ ਦੀ ਭੂਆ ਦਾ ਮੁੰਡਾ ਸੀ ਤੇ ਪਰਾਂਤ ਵਾਲ਼ਾ ਉਸ ਦਾ ਪਿਉ। ਫਿਰ ਵੀ ਉਸ ਨੇ ਬੜੀ ਧੀਮੀ ਅਵਾਜ਼ ਵਿਚ ਕਿਹਾ, 'ਸਾਲਿਆ ਨੰਗਾ... ਭੁੱਖਿਆ ਜ਼ਮਾਨੇ ਦਿਆ... ਜ਼ੁਬਾਨ ਬੰਦ ਰੱਖ... ਨਹੀਂ ਸਾਲ਼ੇ ਨੂੰ ਹੁਣੇ ਠੋਕ ਦੂੰ।'

'ਕੀ ਕਰੇਂਗਾ ਤੂੰ ਓਇ ਮੇਰੇ ਸਾਲ਼ਿਆ?' ਗੌਰੀ ਨੇ ਅੱਖ ਦੇ ਫੋਰ' ਚ ਖੜ੍ਹਾ ਹੋ ਕੇ ਕੁਰਸੀ ਚੁੱਕੀ ਤੇ ਮੁੰਡੇ ਦੇ ਮੌਰਾਂ' ਚ ਕੱਢ ਮਾਰੀ। ਉਨ੍ਹਾਂ ਨੇ ਪਰਾਂਤ ਸੁੱਟੀ ਤੇ ਗੌਰੀ ਦੇ ਧੱਕੇ -ਮੁੱਕੇ ਮਾਰਨ ਲੱਗ ਪਏ। ਗੌਰੀ ਦੀ ਪਗੜੀ ਵੀ ਪਤਾ ਨਹੀਂ ਕਿੱਧਰ ਜਾ ਡਿਗੀ। ਸਿਆਣੇ ਬੰਦਿਆਂ ਨੇ ਦੋਨ੍ਹਾਂ ਧਿਰਾਂ ਨੂੰ ਫੜਨਾ ਚਾਹਿਆ, ਪਰ ਪਤਾ ਹੀ ਨਾ ਲੱਗਾ ਕਿ ਕਦੋਂ ਸਾਰੀ ਪੰਡਾਲ ਵਿਚ ਖੜਦੁੰਮ ਪੈ ਗਿਆ। ਕੁੜੀ ਵਾਲ਼ੇ ਉਨ੍ਹਾਂ ਨੂੰ ਜਿਵੇਂ ਪਹਿਲਾਂ ਹੀ ਕੁੱਟਣ ਦੀ ਤਿਆਰੀ ਕਰੀ ਬੈਠੇ ਸਨ। ਸੋਟੀਆਂ ਚੁੱਕ ਲਿਆਏ ਤੇ ਬਿਨਾਂ ਕਿਸੇ ਵਿਤਕਰੇ ਤੋਂ ਜਿਹੜਾ ਮੂਹਰੇ ਆਇਆ ਠੋਕੀ ਗਏ। ਬੋਲੀ ਵੀ ਜਾਣ, 'ਭੱਜ ਓਇ.... ਭੁੱਖਿਆ... ਆਹ ਲੈ ਖੁਆਵਾਂ ਤੈਨੂੰ ਅੰਮਰਤੀ.... ਲੈ ਜਾਓ ਬਰਾਤ ਵਾਪਸ.... ਅਸੀਂ ਨ੍ਹੀ ਫੇਰੇ ਦੇਣੇ ਕੁੜੀ ਦੇ।'

ਜਿਸ ਗੱਲ ਦਾ ਖਦਸ਼ਾ ਹੋਣ ਕਰ ਕੇ ਘਨ੍ਹੱਈਆ ਅਤੇ ਰਾਮ ਸਿੰਘ ਦਾਰੂ ਵਾਲ਼ਾ ਪ੍ਰੋਗਰਾਮ ਵਿਆਹ ਵਿੱਚੋਂ ਖਾਰਜ ਕਰਨਾ ਚਾਹੁੰਦੇ ਸਨ, ਉਹੀ ਗੱਲ ਵਾਪਰ ਗਈ। ਕੁੜੀ ਵਾਲ਼ਿਆਂ ਨੇ ਇਕ ਦਮ ਥਾਲ਼ੀਆਂ ਚੁੱਕ ਦਿੱਤੀਆਂ ਤੇ ਮੇਜ਼ ਕੁਰਸੀਆਂ' ਕੱਠੇ ਕਰ ਦਿੱਤੇ।

ਕਾਫ਼ੀ ਬਰਾਤੀ ਖਿਸਕ ਗਏ ਤੇ ਡੇਰੇ ਜਾ ਬੈਠੇ। ਘਨ੍ਹੱਈਆ, ਰਾਮ ਸਿੰਘ ਤੇ ਕੁਝ ਹੋਰ ਰਿਸ਼ਤੇ ਦਾਰ ਡੌਰ-ਭੌਰ ਖੜ੍ਹੇ ਦੇਖਦੇ ਰਹੇ।

'ਦੌੜ ਜਾਓ ਸਾਰੇ ਐਥੋਂ, ਨਹੀਂ ਡਾਂਗਾਂ ਖਾਓਗੇ।' ਕੁੜੀ ਦਾ ਭਰਾ ਬੋਲਿਆ।

'ਸਾਡੇ ਜੁਆਈ ਦੀ ਬੇਜ਼ਤੀ ਕੀਤੀ ਏ। ਤੁਸੀਂ ਭਲੇਮਾਣਸ ਬਣਕੇ ਐਥੋਂ ਚਲਦੇ ਬਣੋ। ਅਸੀਂ ਕੁੜੀ ਨਹੀਂ ਤੋਰਾਂਗੇ।' ਇਕ ਸਿਆਣਾ ਜਿਹਾ ਬੰਦਾ ਬੋਲਿਆ।

ਵਿਚੋਲਾ ਬਾਲਕ ਰਾਮ ਊਰੀ ਵਾਂਗ ਭੱਜਿਆ ਫਿਰ ਰਿਹਾ ਸੀ। ਮੁੰਡੇ ਵਾਲ਼ਿਆਂ ਕੋਲ ਕਹਿ ਰਿਹਾ ਸੀ, ਉਹ ਮਾੜੇ ਨਹੀਂ। ਕੁੜੀ ਵਾਲ਼ਿਆਂ ਕੋਲ ਕਹਿ ਰਿਹਾ ਸੀ, ਉਹ ਮਾੜੇ ਨਹੀਂ। 'ਅੰਮਰਤੀਆਂ ਮੰਗਣ ਵਾਲ਼ਾ ਤਾਂ ਜੱਟ ਸੀ। ਉਸ ਨਾਲ਼ ਸਾਡੀ ਕਾਹਦੀ ਸ਼ਕੀਰੀ। ਉਹਦੀ ਥਾਂ ਮੈਂ ਮਾਫ਼ੀ ਮੰਗਦੈਂ।' ਬਾਲਕ ਰਾਮ ਨੇ ਕੁੜੀ ਦੇ ਬਾਪ ਨੂੰ ਕਿਹਾ। ਘਨ੍ਹੱਈਏ ਅਤੇ ਰਾਮ ਸਿੰਘ ਨੇ ਵੀ ਮੁੜ ਮੁੜ ਹੱਥ ਜੋੜ ਕੇ ਮਾਫ਼ੀ ਮੰਗੀ। ਹੌਲ਼ੀ-ਹੌਲ਼ੀ ਸ਼ਾਂਤੀ ਹੋਈ ਤਾਂ ਬੈਠ ਕੇ ਗੱਲ ਕਰਨ ਦੀ ਰਜ਼ਾਮੰਦੀ ਵੀ ਹੋ ਗਈ।

ਜਦੋਂ ਸੁਲ੍ਹਾ ਕਰਨ ਲਈ ਕੁਰਸੀਆਂ ਤੇ ਬੈਠੇ। ਕੁੜੀ ਵਾਲ਼ਿਆਂ ਨੇ ਗੱਲ' ਚੋਂ ਗੱਲ ਹੋਰ ਹੀ ਕੱਢ ਲਈ। ਉਨ੍ਹਾਂ ਨੇ ਸ਼ਰਾਬ ਨਾਲ਼ ਰੱਜਿਆ ਮੱਘੋ ਦਾ ਤਾਇਆ ਮੂਹਰੇ ਲਾਇਆ ਹੋਇਆ ਸੀ। ਉਹ ਬੋਲਿਆ, 'ਦੇਖੋ ਜੀ, ਜਨਾਬ ਜੀ। ਬੇਜ਼ਤੀ ਹੋ ਗਈ ਸਾਡੀ ਬਹੁਤ ਖ਼ਰਾਬ। ਇਹ ਨਹੀਂ ਅਸੀਂ ਬਰਦਾਸ਼ਤ ਕਰ ਸਕਦੇ। ਜਿੰਨੀ ਮਰਜ਼ੀ ਹੋ ਜੇ ਬੇਜ਼ਤੀ ਕੁੜੀਆਂ ਕੀਹਨੇ ਘਰ ਰੱਖੀਆਂ? ਰਾਜੇ ਮਹਾਰਾਜੇ ਨੀ ਰੱਖ ਸਕੇ। ਹੁਣ ਕਹਾਣੀ ਗਈ ਏ ਬਾਹਲ਼ੀ ਉਲਝ। ਤੁਸੀਂ ਬਰਾਤ ਵਾਪਸ ਲੈ ਜੋ।'

'ਇਹ ਧੱਕਾ ਨਾ ਕਰੋ ਮਹਾਰਾਜ ਜੀ ਸਾਡੇ ਨਾਲ਼।' ਘੱਨ੍ਹਈਆ ਹੱਥ ਜੋੜਦਾ ਬੋਲਿਆ।

'ਦੇਖੋ ਜੀ ਜਨਾਬ ਜੀ.... ਸੌ ਗਜ਼ ਰੱਸਾ ਸਿਰੇ ਤੇ ਗੰਢ.... ਹੱਲ ਨਿਕਲ਼ ਸਕਦਾ ਏ । ਕਿਉਂ ਨ੍ਹੀ ਨਿਕਲ਼ ਸਕਦਾ ਹੱਲ? ਹੁਣ ਸਹੁਰੀ ਦੀ ਗੱਲ ਹੀ ਐਸੀ ਹੋ ਗਈ। ਕੀ ਨਿਕਲਣੈਂ ਹੱਲ?' ਉਹ ਫਿਰ ਬੋਲਿਆ।

'ਤੂੰ ਮੇਵਾ ਸਿਆਂ ਪਖਾਣੇ ਜਿਹੇ ਕੀ ਪਾਈ ਜਾਨੈਂ.. ? ਜਿਹੜਾ ਆਪਾਂ ਫੈਸਲਾ ਕੀਤਾ ਏ, ਦੱਸ ਦੇ ਇਕ ਟੁੱਕ।' ਨੱਤੀਆਂ ਵਾਲ਼ਾ ਇਕ ਘੋਨ-ਮੋਨ ਜਿਹਾ ਬੰਦਾ ਹੱਥ ਕੱਢ ਕੇ ਬੋਲਿਆ।

'ਕੁੜੀ ਨੂੰ ਤੋਰਾਂਗੇ, ਕਿਉਂ ਨ੍ਹੀ ਤੋਰਨੀ ਕੁੜੀ?... ਦੇਖੋ ਜੀ, ਜਨਾਬ ਜੀ... ਫੇਰੇ ਦਿਆਂਗੇ, ਕਿਉਂ ਨਹੀਂ ਦੇਣੇ ਫੇਰੇ? ਪਰ ਇਕ ਕੁੜੀ ਦੇ ਨ੍ਹੀ, ਦੋਨਾਂ ਦੇ ਦਿਆਂਗੇ।'

ਕਈ ਜਣੇ ਹੱਸ ਪਏ। ਕੁੜੀ ਵਾਲ਼ੇ ਪਾਸਿਓਂ ਕੋਈ ਹੋਰ ਬੰਦਾ ਬੋਲਿਆ, 'ਮੇਵਾ ਸਿਆਂ ਇਹ ਕੀ ਯੱਬਲੀਆਂ ਮਾਰੀ ਜਾਨੈਂ। ਦੋ ਕੁੜੀਆਂ ਤੋਰਨੀਆਂ ਨੇ ਮੁੰਡੇ ਨਾਲ਼?'

'ਉਇ ਤੂੰ ਚੁੱਪ ਕਰ ਜਾ ਬਖ਼ਸ਼ਿਆ। ਸਿਆਣਿਆਂ' ਚ ਨੀ ਬੋਲੀਦਾ। ਮੇਰਾ ਭਰਾ ਠੀਕ ਕਹਿ ਰਿਹਾ ਏ।' ਕੁਰਸੀ ਉੱਤੇ ਗੋਡੇ ਖੜ੍ਹੇ ਕਰੀ ਪੈਰਾਂ ਭਾਰ ਬੈਠਾ ਕੁੜੀ ਦਾ ਪਿਓ ਬਖ਼ਸ਼ੇ ਵੱਲ ਨੂੰ ਪੰਜਾ ਫੈਲਾ ਕੇ ਬੋਲਿਆ।

'ਕੀ ਠੀਕ ਕਹਿ ਰਿਹਾ ਏ? ਤੁਹਾਡੀ ਮੱਤ ਤਾਂ ਨੀ ਮਾਰੀ ਗਈ?'

'ਦੋਨੋਂ ਕੁੜੀਆਂ ਤੋਰਾਂਗੇ, ਦੋਨਾਂ ਭਰਾਵਾਂ ਨਾ। ਤੈਨੂੰ ਪ੍ਰਾਹੁਣੇ ਦਾ ਛੋਟਾ ਭਰਾ ਨੀ ਦਿਖਦਾ?' ਕੁੜੀ ਦੇ ਪਿਓ ਨੇ ਖੜ੍ਹਾ ਹੋ ਕੇ ਦੇਵ ਵੱਲ ਨੂੰ ਹੱਥ ਕਰਕੇ ਕਿਹਾ।

'ਛੋਟੇ ਮੁੰਡੇ ਨੇ ਤਾਂ ਅਜੇ ਅੱਗੇ ਪੜ੍ਹਨਾ ਏਂ ਸ਼ਾਹ ਜੀ। ਕੀ ਗੱਲਾਂ ਕਰਦੇ ਹੋ ਤੁਸੀਂ?' ਘਨ੍ਹੱਈਆ ਬੋਲਿਆ।

'ਇਹ ਕੀ ਸ਼ਰਤ ਹੋਈ ਭਲਾਂ ਤੁਹਾਡੀ? ਅਸੀਂ ਕੋਈ ਬਿੱਲੀ ਮਾਰਤੀ?' ਰਾਮ ਸਿੰਘ ਨੇ ਥੋੜ੍ਹਾ ਤੈਸ਼ ਵਿਚ ਆ ਕੇ ਕਿਹਾ।

'ਤਾਂ ਫੇਰ ਲੈ ਜੋ ਬਰਾਤ ਵਾਪਸ... ਹੈਂ ਜੀ... ਜਨਾਬ ਜੀ... ਤੁਸੀਂ ਸਾਡੀ ਕੁੜੀ ਨੂੰ ਬਿੱਲੀ ਕਹੀ ਜਾਂਦੇ ਹੋ।' ਕੁੜੀ ਦਾ ਤਾਇਆ ਫਿਰ ਬੋਲ ਪਿਆ।

ਕੁਰਬਲ-ਕੁਰਬਲ ਹੁੰਦੀ ਰਹੀ। ਬੇਅੰਤ ਹੱਥ ਵਿਚ ਲਾੜੇ ਵਾਲ਼ੀ ਕਿਰਪਾਨ ਫੜੀ ਦੇ ਵ ਨੂੰ ਉਠਾ ਕੇ ਇੱਕ ਪਾਸੇ ਲੈ ਗਿਆ ਤੇ ਬੋਲਿਆ, 'ਜੇ ਮੈਂ ਤੈਨੂੰ ਕੋਈ ਗੱਲ ਕਹਾਂ ਤਾਂ ਮੰਨੇਂਗਾ?'

'ਹਾਂ ਕਹਿ।' ਦੇਵ ਬੋਲਿਆ।

'ਤੂੰ ਹਾਮੀ ਭਰ ਦੇ। ਕੁੜੀ ਬਹੁਤ ਸੁਹਣੀ ਏਂ। ਦਸਵੀਂ ਵਿਚ ਪੜ੍ਹਦੀ ਏ। ਬੰਦੇ ਤਾਂ ਇਹ ਅੱਖੜ ਹੀ ਨੇ, ਪਰ ਅੱਖੜ ਬੰਦਿਆਂ ਦੀਆਂ ਕੁੜੀਆਂ ਸਾਊ ਹੁੰਦੀਆਂ ਨੇ। ਮੇਰਾ ਦਿਲ ਦੇਖ ਦੇਵ, ਕਿਵੇਂ ਛਾਤੀ' ਚੋਂ ਬਾਹਰ ਨਿਕਲਣ ਨੂੰ ਫਿਰਦੈ। ਤੂੰ ਮੇਰੇ ਲਈ ਹਾਂ ਕਰ ਦੇ। ਮੈਂ ਤੈਨੂੰ ਪੈਸੇ ਭੇਜਿਆ ਕਰਾਂਗਾ। ਉਸ ਨੂੰ ਵੀ ਅੱਗੇ ਪੜ੍ਹਨ ਲਾ ਦਿਆਂਗੇ।'

'ਕੀ ਕਹੀ ਜਾਨੈਂ ਬੇਅੰਤ ਤੂੰ? ਮੈਂ ਨ੍ਹੀ ਕਰਾਉਣਾ ਵਿਆਹ-ਵਿਊਹ ਅਜੇ।' ਦੇਵ ਬੋਲਿਆ।

'ਜੇ ਬਰਾਤ ਵਾਪਸ ਚਲੀ ਗਈ ਤਾਂ ਬਹੁਤ ਬਦਨਾਮੀ ਹੋਊ। ਫੇਰ ਨਾ ਕਿਤੇ ਮੇਰਾ ਰਿਸ਼ਤਾ ਹੋਣਾ ਏ ਤੇ ਨਾ ਤੇਰਾ।'

ਤਦੇ ਘਨ੍ਹੱਈਆ ਉਨ੍ਹਾਂ ਕੋਲ਼ ਆ ਗਿਆ। ਉਸ ਨੇ ਸਿਗਰਟ ਸੁਲਘਾ ਲਈ ਸੀ। ਸੂਟਾ ਖਿੱਚ ਕੇ ਬੋਲਿਆ, 'ਮੈਨੂੰ ਤਾਂ ਸਾਲ਼ੇ ਇਹ ਸਿੱਧਰੇ ਲੱਗਦੇ ਆਂ। ਨੋਭੜ ਬੰਦਿਆਂ ਦਾ ਸਾਕ ਲੈ ਕੇ ਮੂਰਖਮੱਤੀ ਕੀਤੀ ਏ ਤੂੰ। ਬਚ ਜਾਓ ਜੇ ਹੁਣ ਵੀ ਬਚ ਹੁੰਦਾ ਏ। ਉਹ ਕੁੜੀ ਜਿਹੜੀ ਮੈਂ ਦੱਸੀ ਸੀ, ਜੇ ਕਹੇਂ ਅੱਜ ਹੀ ਵਗ ਜਾਂਦੇ ਹਾਂ ਉਹਦੇ ਪਿੰਡ। ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨੀ ਵਿਗੜਿਆ, ਅੱਗੇ ਤੇਰੀ ਮਰਜ਼ੀ।'

'ਮਾਮਾ ਤੂੰ ਚੁੱਪ ਕਰ ਜਾ। ਦੇਵ ਚਾਹੁੰਦੈ, ਤੈਨੂੰ ਕੀ ਇਤਰਾਜ਼ ਏ?' ਬੇਅੰਤ ਨੂੰ ਬਰਾਤ ਮੁੜਨ ਦਾ ਪਾਲ਼ਾ ਵੱਢ ਵੱਢ ਖਾ ਰਿਹਾ ਸੀ। ਤਦੇ ਰਾਮ ਸਿੰਘ ਨੇ ਬੇਅੰਤ ਨੂੰ ਹਾਕ ਮਾਰ ਲਈ। ਉਹ ਗਿਆ ਤਾਂ ਘਨ੍ਹੱਈਆ ਬੋਲਿਆ, 'ਉਇ ਦੁਖੀ, ਭੱਜ ਜਾ ਐਥੋਂ। ਬਚਾ ਲੈ ਫੰਗ ਜੇ ਬਚਦੇ ਆਂ। ਕੁੜਮਾਂ ਦੀ ਦਾਰੂ ਉਤਰਜੂ ਅਸੀਂ ਆਪੇ ਸੰਭਾਲ਼ ਲਵਾਂਗੇ।'

ਦੇਵ ਦਾ ਮਾਮਾ ਠੀਕ ਹੀ ਕਹਿ ਰਿਹਾ ਸੀ। ਦੇਵ ਪੈਂਟ ਦੇ ਬਟਨ ਖੋਲ੍ਹਦਾ ਥੋੜ੍ਹੀ ਦੂਰ ਜਾ ਕੇ ਇਕ ਕੰਧ ਨਾਲ਼ ਜਾ ਖੜ੍ਹਿਆ ਤੇ ਪਿੱਛੇ ਦੇਖਿਆ। ਉੱਥੇ ਮਾਘਾ ਉਵੇਂ ਪੈ ਰਿਹਾ ਸੀ। ਦੇਵ ਹੌਲ਼ੀ ਦੇਣੇ ਗਲ਼ੀ ਮੁੜਿਆ ਤੇ ਸ਼ੂਟ ਵੱਟ ਕੇ ਡੇਰੇ ਜਾ ਵੜਿਆ। ਉਸ ਨੇ ਡਰੇ ਹੋਏ ਬਸ਼ੀਰ ਤੇ ਮਾਨ ਨੂੰ ਸਾਰੀ ਗੱਲ ਦੱਸੀ ਤੇ ਉਹ ਡੇਰੇ' ਚੋਂ ਖਿਸਕ ਆਏ। ਰਾਤ ਪੂਰੀ ਉਤਰ

ਆਈ ਸੀ। ਖੰਨੇ ਦੇ ਰਾਹ ਪੈ ਕੇ ਗੱਲਾਂ ਮਾਰਦੇ ਜਦੋਂ ਰੇਲਵੇ ਸਟੇਸ਼ਨ ਤੇ ਪੁੱਜੇ ਤਾਂ ਸਾਢੇ ਦਸ ਵੱਜ ਚੁੱਕੇ ਸਨ। ਉੱਥੇ ਉਨ੍ਹਾਂ ਨੇ ਢਿੱਡ ਭਰ ਕੇ ਪੂਰੀਆਂ ਛੋਲੇ ਖਾਧੇ ਤੇ ਦੋਰਾਹੇ ਜਾਣ ਵਾਲ਼ੀ ਗੱਡੀ ਦਾ ਪਤਾ ਕੀਤਾ। ਗੱਡੀ ਤਾਂ ਸਵੇਰੇ ਸੱਤ ਵਜੇ ਜਾਣੀ ਸੀ। ਉਨ੍ਹਾਂ ਤਿੰਨਾਂ ਨੇ ਬੈਂਚਾਂ ਤੇ ਪੈ ਕੇ ਰਾਤ ਕੱਟ ਲਈ।

ਅਗਲੇ ਦਿਨ ਦੋਰਾਹੇ ਪੁੱਜ ਉਹ ਦੇਵ ਦੇ ਘਰ ਤੋਂ ਉਰੇ ਹੀ ਇਕ ਮੋੜ ਉੱਤੇ ਰੁਕ ਗਏ। ਉਨ੍ਹਾਂ ਨੇ ਫੈਸਲਾ ਕੀਤਾ ਕਿ ਜਿੰਨੀ ਦੇਰ ਬਰਾਤ ਨਾ ਆ ਜਾਵੇ, ਉਹ ਵੀ ਘਰ ਨਾ ਜਾਣ। ਝਗੜੇ ਬਾਰੇ ਪਤਾ ਲੱਗਣ ਉੱਤੇ ਘਰ' ਚ ਪਹਿਲਾਂ ਹੀ ਰੋਣ ਪਿੱਟਣ ਪੈਣ ਦੇ ਖ਼ਤਰੇ ਤੋਂ ਉਹ ਡਰ ਗਏ ਸਨ। ਉਨ੍ਹਾਂ ਨੂੰ ਬਹੁਤਾ ਉਡੀਕਣਾ ਨਾ ਪਿਆ। ਬਰਾਤੀਆਂ ਨਾਲ਼ ਭਰੀ ਬੱਸ ਆ ਕੇ ਰੁਕੀ ਤੇ ਬੀਨਾਂ ਵਾਲ਼ਾ ਵਾਜਾ ਵੱਜਣਾ ਸ਼ੁਰੂ ਹੋ ਗਿਆ। ਖੁਸ਼ੀ ਨਾਲ਼ ਭਰੇ ਉਹ ਤਿੰਨੋਂ ਵੀ ਬੱਸ ਲਾਗੇ ਜਾ ਪਹੁੰਚੇ। ਤਦੇ ਲਾੜੇ ਲਾੜੀ ਵਾਲ਼ੀ ਕਾਰ ਵੀ ਆ ਗਈ। ਮੂਹਰੇ ਡਰਾਇਵਰ ਨਾਲ਼ ਕੁੜੀ ਦਾ ਭਰਾ ਬੈਠਾ ਸੀ ਤੇ ਪਿੱਛੇ ਬੇਅੰਤ ਅਤੇ ਮੱਘੋ ਦੇ ਵਿਚਾਲੇ ਮੋਟੀ ਨਾਇਣ।

'ਇਹ ਮੋਟੋ ਕੀ ਕਰਨ ਆਈ ਏ?' ਬਸ਼ੀਰ ਨੇ ਹੱਸ ਕੇ ਪੁੱਛਿਆ।

'ਰਾਖੀ ਕਰਨ ਨੂੰ ਭੇਜੀ ਏ ਉਨ੍ਹਾਂ ਨੇ ਨਾਲ਼।' ਮਾਨ ਬੋਲਿਆ।

'ਨਹੀਂ, ਨਾਇਣ ਤਾਂ ਆਉਂਦੀ ਏ ਬਈ ਵਿਆਹੁਲੀ ਨੂੰ ਭੇਤ ਦੀਆਂ ਸਾਰੀਆਂ ਗੱਲਾਂ ਸਮਝਾ ਦੇਵੇ।' ਦੇਵ ਨੇ ਕਿਹਾ।

ਸੜਕ ਤੋਂ ਘਰ ਤੱਕ ਜਾਣ ਵਾਲ਼ੀ ਗਲ਼ੀ ਬੜੀ ਤੰਗ ਅਤੇ ਚਿੱਕੜ ਨਾਲ਼ ਖ਼ਸਤਾ ਹਾਲ ਬਣੀ ਪਈ ਸੀ। ਭਾਗਵੰਤੀ ਸਿਰ ਉੱਤੇ ਮੋਟਾ ਜਿਹਾ ਝੋਨਾ ਲਈ, ਹਥੇਲ਼ੀ ਤੇ ਲੱਡੂਆਂ ਵਾਲ਼ੀ ਥਾਲ਼ੀ ਚੁੱਕੀ ਤੀਵੀਆਂ ਦੇ ਝੁੰਡ ਨਾਲ਼ ਕਾਰ ਕੋਲ਼ ਪਹੁੰਚ ਗਈ। ਤੀਵੀਆਂ ਗੀਤ ਗਾਉਣ ਲੱਗੀਆਂ। ਉਹ ਤਿੰਨੋਂ ਉਨ੍ਹਾਂ ਕੋਲ਼ੋਂ ਲੰਘ ਅੰਦਰ ਜਾ ਵੜੇ।

ਵਿਆਹ ਮਗਰੋਂ ਸਾਰੇ ਰਿਸ਼ਤੇਦਾਰਾਂ ਦੀ ਛੇਤੀ ਹੀ ਛੀੜ ਹੋ ਗਈ। ਭਾਗਵੰਤੀ ਨੇ ਸਭ ਨੂੰ ਲੱਡੂਆਂ, ਸ਼ੱਕਰਪਾਰਿਆਂ ਤੇ ਪਕੌੜੀਆਂ ਦੀ ਭਾਜੀ ਤੱਕੜੀ ਨਾਲ਼ ਤੋਲ ਕੇ ਦਿੱਤੀ। ਕਈਆਂ ਨੂੰ ਸੂਟ, ਤਿਓਰ ਬਗੈਰਾ ਵੀ ਦਿੱਤੇ। ਉਰਵਸ਼ੀ ਨੇ ਅਗਲੀ ਰਾਤ ਆਉਣ ਤੋਂ ਪਹਿਲਾਂ ਪਹਿਲਾਂ ਹਰੀਵੰਸ਼ ਨੂੰ ਪਟਿਆਲ਼ੇ ਚੱਲਣ ਲਈ ਕਿਹਾ। ਉਹ ਬੋਲਿਆ, 'ਉਰਵਸ਼ੀ ਜੀ, ਰਹਿ ਜਾਂਦੇ ਹਾਂ ਹਫ਼ਤਾ ਕੁ ਦੋਰਾਹੇ ਵੀ।'

'ਅਜੇ ਰੱਜੇ ਨਹੀਂ ਤੁਸੀਂ ਦੋਰਾਹੇ ਰਹਿ ਕੇ।' ਉਹ ਬੋਲੀ।

'ਆਪਣੇ ਪੇਕਿਆਂ' ਚ ਰਹਿ ਕੇ ਕੌਣ ਰੱਜਿਆ ਉਰਵਸ਼ੀ?'

'ਤੁਸੀਂ ਮੇਰਾ ਮਜ਼ਾਕ ਉਡਾਉਂਦੇ ਹੋ? ਸਿੱਧੇ ਹੋ ਕੇ ਤੁਰ ਪਓ। ਨਹੀਂ ਮੈਥੋਂ ਬੁਰਾ ਕੋਈ ਨਹੀਂ।'

'ਉਹ ਤਾਂ ਪਹਿਲਾਂ ਵੀ ਨਹੀਂ ਉਰਵਸ਼ੀ।'

'ਉਰਵਸ਼ੀ ਦੋ ਚਾਰ ਦਿਨ ਤੇਰਾ ਐਥੇ ਰਹਿਣਾ ਬਣਦਾ ਏ। ਨਵੀਂ ਦਰਾਣੀ ਆਈ ਏ ਤੇਰੀ। ਬੇਬੇ ਵੀ ਚਾਹੁੰਦੀ ਏ ਤੂੰ ਰਵ੍ਹੇਂ।' ਜਿੰਦਰ ਨੇ ਆਪਣੀ ਭਾਣਜੀ ਨੂੰ ਸਮਝਾਇਆ।

'ਜੀਹਨੇ ਰਹਿਣਾ ਏਂ ਰਹੀ ਚੱਲੇ। ਮੈਂ ਚੱਲੀ। ਖ਼ਬਰਦਾਰ ਜੇ ਮਗਰੋਂ ਪਟਿਆਲ਼ੇ ਆਏ

।'

'ਚਲੋ ਜੀ ਚਲੋ .... ਉਰਵਸ਼ੀ ਜੀ .... ਤੁਹਾਨੂੰ ਨਰਾਜ ਕਰਕੇ ਅਸੀਂ ਕਾਹਦੇ ਜੋਗੇ ਹਾਂ?'

ਹਰੀਵੰਸ਼ ਜਾਣ ਲਈ ਤਿਆਰ ਹੋ ਗਿਆ। ਦੇਵ ਅਤੇ ਬੇਅੰਤ ਉਹਨਾਂ ਦਾ ਸਮਾਨ ਸਾਇਕਲਾਂ ਉੱਤੇ ਰੱਖ ਪਟਿਆਲ਼ੇ ਵਾਲੀ ਬੱਸ ਚੜ੍ਹਾ ਆਏ।

ਦੂਜੇ ਦਿਨ ਰਾਮ ਸਿੰਘ ਤੇ ਜਿੰਦਰ ਨੇ ਵੀ ਵਾਪਸ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸ਼ਾਇਦ ਘਰ ਛੋਟਾ ਹੋਣ ਕਰਕੇ ਉਨ੍ਹਾਂ ਦੇਵ ਨੂੰ ਕਿਹਾ, 'ਚੱਲ ਬਈ ਦੇਵ ਹੋ ਜਾ ਤਿਆਰ ਤੂੰ ਵੀ।'

'ਵੀਰ ਜੀ ਮੈਂ ਠਹਿਰ ਕੇ ਆ ਜਾਵਾਂਗਾ।' ਦੇਵ ਬੋਲਿਆ।

'ਠਹਿਰ ਕੇ? ਕੀ ਮਤਲਬ ਤੇਰਾ? ਤੂੰ ਹੁਣ ਐਥੇ ਕੀ ਕਰਨਾ ਏਂ?' ਜਿੰਦਰ ਬੋਲੀ।

'ਕਰਨਾ ਤਾਂ ਕੁਝ ਨੀ।'

'ਫੇਰ ਬੰਨ੍ਹ ਸਮਾਨ। ਉੱਥੇ ਜਾ ਕੇ ਸੋਚਾਂਗੇ ਕਿ ਤੈਨੂੰ ਅੱਗੇ ਕੀ ਕਰਾਉਣਾ ਏਂ।'

ਦੇਵ ਦੋਰਾਹੇ ਰਹਿਣਾ ਚਾਹੁੰਦਾ ਸੀ ਪਰ ਉਸ ਦੀ ਪੁੱਗੀ ਨਾ।

'ਦੋ ਹਫ਼ਤੇ ਤੱਕ ਅਸੀਂ ਵੀ ਆਗਰੇ ਆਵਾਂਗੇ ਦੇਵ।' ਨਵੀਂ ਵਹੁਟੀ ਸਤਿੰਦਰਪਾਲ ਨੇ ਦੇਵ ਨੂੰ ਕਿਹਾ। ਉਹ ਉਨ੍ਹਾਂ ਨੂੰ ਗੱਡੀ ਚੜ੍ਹਾਉਣ ਲਈ ਰੇਲਵੇ ਸਟੇਸ਼ਨ ਤੇ ਵੀ ਗਏ। ਦੇ ਵ ਦੀ ਨਵੀਂ ਭਾਬੀ ਨੇ ਹੌਲ਼ੀ ਦੇਣੇ ਉਸ ਨੂੰ ਵੀਹ ਦਾ ਨੋਟ ਫੜਾ ਦਿੱਤਾ। ਗੱਡੀ ਆਉਣ ਤੇ ਉਹ ਅੰਦਰ ਵੜੇ ਹੀ ਸਨ ਕਿ ਸਿਗਨਲ ਹੋ ਗਿਆ। ਖਾਲੀ ਸੀਟਾਂ ਦੇਖ ਸਾਰੇ ਖੁਸ਼ ਹੋ ਗਏ । ਗੱਡੀ ਚੱਲ ਪਈ– 'ਧੱਕ ਉਇ ਚਾਚਾ– ਖਿੱਚ ਉਇ ਬਾਪੂ' ਆਖਣ ਲੱਗ ਪਈ। ਸਟੇ ਸ਼ਨ ਤੇ ਖੜ੍ਹੇ ਬੇਅੰਤ, ਸਤਿੰਦਰਪਾਲ ਤੇ ਦੇਵ ਦੀ ਬੇਬੇ ਕਾਫ਼ੀ ਦੇਰ ਹੱਥ ਹਿਲਾਉਂਦੇ ਰਹੇ।

**00**

## ਉਣਾਨਵੇਂ

ਆਗਰੇ ਦੇ 'ਰਾਜਾ ਕੀ ਮੰਡੀ' ਰੇਲਵੇ ਸਟੇਸ਼ਨ ਤੇ ਗੱਡੀ ਅੱਧੀ ਰਾਤ ਪੁੱਜੀ। ਉਹ ਟਾਂਗਾ ਕਰ ਕੇ ਬਲਕੇਸ਼ਵਰ ਕਾਲੋਨੀ ਪਹੁੰਚ ਗਏ। ਉਹ ਪੰਜਾਬ ਜਾਣ ਲੱਗੇ ਪ੍ਰਭਾ ਦੁਕਾਨਦਾਰ ਨੂੰ ਕਵਾਰਟਰ ਦੀ ਚਾਬੀ ਦੇ ਗਏ ਸਨ। ਉਸ ਦਾ ਮੁੰਡਾ ਉਨ੍ਹਾਂ ਦੇ ਕਵਾਰਟਰ ਵਿਚ ਹੀ ਸੁੱਤਾ ਹੋਇਆ ਸੀ। ਉਹ ਪੁੱਜੇ ਤਾਂ ਉਹ ਉੱਠ ਕੇ ਘਰ ਜਾਣ ਲੱਗਾ। ਜਿੰਦਰ ਬੋਲੀ, 'ਕਲੂਏ ਪਿਆ ਰਹਿ ਹੁਣ ਐਥੇ ਹੀ, ਦਿਨ ਚੜ੍ਹੇ ਚਲਾ ਜਾਵੀਂ।' ਪਰ ਉਹ 'ਨਹੀਂ ਚਾਚੀ ਜੀ' ਕਹਿ ਕੇ ਰਾਤ ਨੂੰ ਹੀ ਆਪਣੇ ਘਰ ਚਲਾ ਗਿਆ। ਉਹ ਕਾਫ਼ੀ ਦਿਨ ਚੜ੍ਹੇ ਤੱਕ ਸੁੱਤੇ ਰਹੇ । ਜਿੰਦਰ ਨੇ ਦੇਵ ਅਤੇ ਉਸ ਦੇ ਵੀਰ ਜੀ ਦੇ ਉੱਠਣ ਤੱਕ ਮਿੱਸੀਆਂ ਰੋਟੀਆਂ ਤੇ ਛੋਲਿਆਂ ਦੀ ਦਾਲ਼ ਬਣਾ ਦਿੱਤੀ ਸੀ। ਨਹਾਉਣ-ਧੋਣ ਮਗਰੋਂ ਰੋਟੀ ਖਾ ਕੇ ਰਾਮੇਸ਼ਵਰ ਵੱਲ ਜਾਣ ਲਈ ਦੇਵ ਪੌੜੀਆਂ ਉਤਰਨ ਲੱਗਾ ਤਾਂ ਬਿਸ਼ੰਭਰ ਨਾਈ ਦੀ ਕੁੜੀ ਸੀਤਾ ਪੌੜੀਆਂ ਚੜ੍ਹ ਰਹੀ ਸੀ। ਉਹ ਤਾਂ ਉਸ ਨੂੰ ਲਿਪਟ ਹੀ ਗਈ ਤੇ ਬੋਲੀ, 'ਦੇਵ ਤੂੰ ਆ ਗਿਆ?'

'ਛੱਡ ਛੱਡ ਮੈਨੂੰ.... ਕੋਈ ਦੇਖ ਲਵੇਗਾ।' ਉਹ ਬੋਲਿਆ।

'ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ ਦੇਵ।'

'ਚੰਗਾ ਛੱਡ ਹੁਣ... ਹੋਰ ਨਾ ਮਰਵਾ ਦਵੀਂ।' ਦੇਵ ਨੇ ਉਸ ਨੂੰ ਆਪਣੇ ਨਾਲ਼ੋਂ ਤੋੜਿਆ। ਉਹ ਬਹੁਤ ਡਰ ਗਿਆ ਸੀ। ਕਿਸੇ ਵੀ ਟਾਇਮ ਉੱਤੇ ਬਿੜਕ ਪੈ ਸਕਦੀ ਸੀ। ਉਹ ਬੜੀ ਮੁਸ਼ਕਲ ਨਾਲ਼ ਉਸ ਕੋਲ਼ੋਂ ਲੰਘਿਆ। ਉਹ ਅਜੇ ਪੌੜੀਆਂ ਵਿਚ ਹੀ ਸੀ ਕਿ ਉਸ ਦੀ ਮਾਂ ਵੀ ਆ ਗਈ। ਉਹਨਾਂ ਨੂੰ ਆਉਣ ਲਈ ਸ਼ਾਇਦ ਤੜਕੇ ਹੀ ਜਿੰਦਰ ਕਹਿ ਆਈ ਹੋਵੇਗੀ। ਦੇਵ ਹੈਰਾਨ ਹੋਇਆ ਕਿ ਸੀਤਾ ਨੂੰ ਅਜੇ ਤੀਕ ਕੋਈ ਪਿਆਰ ਕਰਨ ਵਾਲ਼ਾ ਨਹੀਂ ਸੀ ਟੱਕਰਿਆ। ਪੜ੍ਹਾਈ ਛੱਡਣ ਮਗਰੋਂ ਉਹ ਸ਼ਾਇਦ ਘਰ ਵਿਚ ਹੀ ਬੰਦ ਹੋ ਕੇ ਰਹਿ ਗਈ ਸੀ। ਉਹ ਹੁਣ ਮਾਂ ਧੀ ਉਨ੍ਹਾਂ ਦੇ ਘਰ ਕੰਮ ਕਰਨ ਆਈਆਂ ਸਨ। ਰਾਮੇਸ਼ਵਰ ਦੇ ਕਵਾਰਟਰ ਤੱਕ ਉਹ ਸੀਤਾ ਤੇ ਉਹਦੀ ਮਾਂ ਦੀ ਤ੍ਰਾਸਦੀ ਬਾਰੇ ਹੀ ਸੋਚਦਾ ਰਿਹਾ, ਜਿਨ੍ਹਾਂ ਨੂੰ ਸਮੇਂ ਨੇ ਧਰਤੀ ਨਾਲ਼ ਪਟਕਾ ਮਾਰਿਆ ਸੀ।

ਰਾਮੇਸ਼ਵਰ ਦੇ ਕਵਾਰਟਰ ਦੀਆਂ ਪੌੜੀਆਂ ਚੜ੍ਹਕੇ ਉਸ ਨੇ ਦਰ ਖੜਕਾਇਆ ਤੇ ਉਡੀਕਣ ਲੱਗਾ। ਦੇਵ ਦੀ ਹੈਰਾਨੀ ਦੀ ਹੱਦ ਨਾ ਰਹੀ ਕਿ ਦਰਵਾਜ਼ਾ ਮਧੂ ਨੇ ਖੋਲ੍ਹਿਆ, ਗੁੜੂ ਮੁੜੂ ਦੀ ਕੁੜੀ ਮਧੂ ਨੇ ਜਿਹੜੀ ਆਗਰਾ ਕਾਲਜ ਵਿਚ ਲਾਇਬ੍ਰੇਰੀਅਨ ਸੀ, ਜਿਸ ਨਾਲ਼ ਰਾਮੇਸ਼ਵਰ ਦੀ ਦੋਸਤੀ ਚੱਲ ਰਹੀ ਸੀ। ਪਲ ਦੀ ਪਲ ਤਾਂ ਦੇਵ ਹੈਰਾਨ ਹੋਇਆ ਖੜ੍ਹਾ ਰਹਿ ਗਿਆ। ਕੀ ਉਹ ਸੱਚ-ਮੁੱਚ ਮਧੂ ਹੀ ਸੀ। ਮੱਥੇ ਤੇ ਵੱਡੀ ਲਾਲ ਬਿੰਦੀ ਕੋਲ਼ ਲਟਕਦਾ ਸੋਨੇ ਦਾ ਟਿੱਕਾ, ਬੁੱਲ੍ਹਾਂ ਤੇ ਲਿੱਪਸਟਿਕ, ਨੱਕ ਵਿਚ ਕੋਕਾ, ਚੀਰਵੀ' ਚ ਸੰਧੂਰ, ਗਲ਼ੇ' ਚ ਮੰਗਲ ਸੂਤਰ, ਵੱਡੇ ਝੁਮਕੇ, ਬਾਹਾਂ' ਚ ਲਾਲ ਚੂੜਾ ਤੇ ਲਿਸ਼-ਲਿਸ਼ ਕਰਦੀ ਸੁਨਹਿਰੀ ਸਾੜ੍ਹੀ। ਦੇਵ ਨੂੰ ਕੁਝ ਸੁਝੇ ਹੀ ਨਾ ਕਿ ਕੀ ਕਹੇ। ਆਗਰਾ ਕਾਲਜ ਦੀ ਲਾਇਬ੍ਰੇਰੀ ਵਿਚ ਪਤਲੀ ਪਤੰਗ ਤੇ ਤਿਤਲੀ ਵਾਂਗ ਉਡਦ ਵਾਲ਼ੀ ਮਧੂ ਤਾਂ ਉਹ ਲੱਗ ਹੀ ਨਹੀਂ ਸੀ ਰਹੀ।

'ਸਿਸਟਰ ਤੁਸੀਂ?' ਦੇਵ ਦੇ ਮੂੰਹੋਂ ਮਸੀਂ ਨਿਕਲ਼ਿਆ।

ਉਹ ਮੁਸਕਰਾਈ ਤੇ ਦੋਨੋਂ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਕਹਿੰਦੀ ਬੋਲੀ, 'ਆਓ ਦੇਵ ਭਾਅ ਜੀ। ਕਿੱਥੇ ਗੁੰਮ ਗਏ ਸੀ ਤੁਸੀਂ? ਕੀ ਹਾਲ ਏ ਤੁਹਾਡਾ?'

'ਹਾਲ ਤਾਂ ਮੇਰਾ ਠੀਕ ਏ ਸਿਸਟਰ। ਇਹ ਮੈਂ ਕੀ ਦੇਖ ਰਿਹਾ ਹਾਂ? ਤੁਹਾਨੂੰ ਐਥੇ ਦੇਖ ਕੇ ਤਾਂ ਮੇਰਾ ਦਿਲ ਜਿਵੇਂ ਖੁਸ਼ੀ ਨਾਲ਼ ਫਟਣ-ਫਟਣ ਕਰਦੈ।' ਦੇਵ ਨੇ ਕਿਹਾ।

'ਦੇਖੀਂ ਐਥੇ ਧਮਾਕਾ ਨਾ ਕਰ ਦੇਵੀਂ। ਅਜੇ ਸਾਡਾ ਨਵਾਂ ਨਵਾਂ ਵਿਆਹ ਹੋਇਆ ਏ , ਸਰਦਾਰ ਪਿਆਰੇ। ਲੰਘਿਆ ਅੰਦਰ।' ਸੂਟਡ-ਬੂਟਡ ਰਾਮੇਸ਼ਵਰ ਅੰਦਰੋਂ ਮੁਸਕਰਾਉਂਦਾ ਹੋਇਆ ਬਾਹਰ ਨਿਕਲਿਆ ਤੇ ਦੇਵ ਨੂੰ ਆਪਣੀ ਜੱਫੀ ਵਿਚ ਘੁੱਟ ਲਿਆ।

'ਬੇਈਮਾਨਾ ਬੜਾ ਪੀਰ ਨਿਕਲ਼ਿਆ ਤੂੰ ਤਾਂ.. ਖ਼ਬਰ ਨੀ ਸੀ ਕਰਨੀ ਮੈਨੂੰ ਵਿਆਹ ਦੀ? ਹੱਟ ਪਿੱਛੇ ਮੈਂ ਨੀ ਬੋਲਦਾ ਤੇਰੇ ਨਾਲ਼।'

'ਗੁੱਸੇ ਕਿਉਂ ਹੁੰਦਾ ਏਂ ਦੇਵ? ਪਹਿਲਾਂ ਆਪਣੀ ਭਾਬੀ ਦੇ ਪੈਰ ਛੂਹ। ਮਗਰੋਂ ਸਾਰੀ ਗੱਲ ਦੱਸਦਾ ਏਂ।'

'ਤੂੰ ਕੀ ਬਕੀ ਜਾਨੈਂ... ਮੇਰੇ ਸਿਸਟਰ ਨੇ ਮਧੂ ਜੀ।'

'ਸਮੀਕਰਣ ਹੁਣ ਬਦਲ ਗਈ ਏ। ਤੂੰ ਮੇਰਾ ਛੋਟਾ ਭਰਾ ਨੀ ਹੈਗਾ? ਇਹ ਤੇਰੀ

ਭਾਬੀ ਨਾ ਲੱਗੀ ਬੇਵਕੂਫ਼ਾ? ਇਸ ਨੂੰ ਭਾਬੀ ਜੀ ਕਹਿ ਕੇ ਪੈਰ ਛੂਹ।' ਉਸ ਨੇ ਦੇਵ ਨੂੰ ਮਧੂ ਵੱਲ ਨੂੰ ਧੱਕਿਆ। ਦੇਵ ਨੇ ਦੋਨੋਂ ਹੱਥ ਮਧੂ ਦੇ ਪੈਰਾਂ ਨੂੰ ਲਾ ਦਿੱਤੇ। ਉਸ ਨੇ ਦੇਵ ਨੂੰ ਗਲਵੱਕੜੀ' ਚ ਲੈਕੇ ਆਪਣੀ ਗੱਲ੍ਹ ਦੇਵ ਦੀ ਗੱਲ੍ਹ ਨਾਲ਼ ਜੋੜ ਦਿੱਤੀ ਤੇ ਬੋਲੀ, 'ਜਿਉਂਦਾ ਰਹਿ ਵੀਰ ਮੇਰੇ।'

'ਸਿਸਟਰ ਇਹ ਤੁਹਾਨੂੰ ਜੀ ਜੀ ਕਰਿਆ ਕਰਦਾ ਸੀ, ਹੁਣ ਤੂੰ ਤੂੰ ਕਰਦਾ ਏ।'

'ਇਨ੍ਹਾਂ ਤੋਂ 'ਤੂੰ' ਕਹਾਉਣਾ ਮੈਨੂੰ ਚੰਗਾ ਲਗਦਾ ਏ ਦੇਵ।' ਮਧੂ ਬੋਲੀ।

'ਫੇਰ ਇਹਨੂੰ ਵੀ 'ਤੂੰ' ਹੀ ਕਿਹਾ ਕਰੋ।'

'ਦੇਵ ਪਤੀ ਤਾਂ ਪਰਮੇਸ਼ਵਰ ਹੁੰਦਾ ਏ, 'ਤੂੰ' ਕਿਵੇਂ ਕਹਿ ਸਕਦੀ ਹਾਂ?'

'ਬੱਲੇ ਉਇ ਤੇਰੇ ਪਤੀ ਪਰਮੇਸ਼ਰ ਦੇ।' ਦੇਵ ਹੱਸਿਆ।

'ਬੱਸ ਕਰ ਉਇ ਨਾਰਦਮੁਨੀਏ... ਲੜਾਈ ਨਾ ਕਰਵਾ ਦੇਵੀਂ ਉਲ਼ਟ ਵਿੱਦਿਆ ਦੇ ਕੇ।' ਰਾਮੇਸ਼ਵਰ ਨੇ ਦੇਵ ਨੂੰ ਧੱਫਾ ਮਾਰ ਕੇ ਕਿਹਾ। ਦੋਨੋਂ ਜਣੇ ਦੇਵ ਨੂੰ ਕਮਰੇ ਅੰਦਰ ਲੈ ਗਏ। ਅੰਦਰ ਕਮਰੇ ਦਾ ਸਭ ਕੁਝ ਬਦਲਿਆ ਪਿਆ ਸੀ। ਸੋਫ਼ਿਆਂ ਦੇ ਅੱਗੇ ਸ਼ੀਸ਼ੇ ਦੇ ਵੱਡੇ ਟੇਬਲ ਉੱਤੇ ਫੁੱਲਦਾਨ ਪਿਆ ਸੀ। ਲਾਗੇ ਹੀ ਦੋ ਪਲੰਘ ਡਹੇ ਹੋਏ ਸਨ, ਜਿਨ੍ਹਾਂ ਦੇ ਮੋਟੇ ਗੱਦਿਆਂ ਉੱਤੇ ਸੁਨਹਿਰੀ ਚਾਦਰਾਂ ਵਿਛੀਆਂ ਹੋਈਆਂ ਸਨ। ਇਕ ਪਾਸੇ ਸਟੀਲ ਦੀ ਅਲਮਾਰੀ, ਡਰੈਸਿੰਗ ਟੇਬਲ, ਕਈ ਅਟੈਚੀ ਕੇਸ ਪਏ ਸਨ। ਬਾਰੀਆਂ ਅਤੇ ਦੋਨਾਂ ਦਰਵਾਜ਼ਿਆਂ ਅੱਗੇ ਸੁਨਹਿਰੀ ਪਰਦੇ ਤਣੇ ਹੋਏ ਸਨ। ਸਾਰੇ ਘਰ ਦੀ ਕਾਇਆ ਕਲਪ ਹੋ ਗਈ ਸੀ। ਐਧਰ-ਉੱਧਰ ਦੇਖਿਆਂ ਹੀ ਪਤਾ ਲੱਗਦਾ ਸੀ ਕਿ ਕਿਸੇ ਸੁਘੜ ਸੁਆਣੀ ਦਾ ਘਰ ਵਿਚ ਪਰਵੇਸ਼ ਹੋ ਗਿਆ ਸੀ। ਰਾਮੇਸ਼ਵਰ ਦੇਵ ਨੂੰ ਸੋਫ਼ੇ ਉੱਤੇ ਬਿਠਾ ਕੇ ਆਪਣੀ ਡਾਇਰੀ ਵਿੱਚੋਂ ਉਹੀ ਟੈਲੀਗਰਾਮ ਚੁੱਕ ਲਿਆਇਆ, ਜਿਹੜੀ ਉਸ ਨੇ ਦੇਵ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਭੇਜੀ ਸੀ। ਉਸ ਵਿਚ ਟੁੱਟੇ ਅੱਖਰਾਂ ਨਾਲ਼ 'ਦੋਰਾਹਾ' ਦੀ ਜਗ੍ਹਾ 'ਦੋਰਾਇਆ' ਲਿਖਿਆ ਹੋਇਆ ਸੀ। ਇਸੇ ਲਈ ਉਹ ਤਾਰ ਵਾਪਸ ਉਸੇ ਕੋਲ਼ ਪਰਤ ਆਈ ਸੀ। **104** ਬਲਾਕ ਵਿਚ ਉਹ ਰਾਮ ਸਿੰਘ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਕਹਿਣ ਗਿਆ ਸੀ ਪਰ ਉਹ ਪੰਜਾਬ ਜਾ ਚੁੱਕੇ ਸਨ।

'ਜੀ ਜ਼ਰਾ ਸੁਣਿਓ।' ਰਸੋਈ ਵੱਲੋਂ ਮਧੂ ਦੀ ਅਵਾਜ਼ ਆਈ।

'ਸਿਸਟਰ ਐਧਰ ਹੀ ਆ ਕੇ ਸੁਣਾਓ। ਜੇ ਤੁਸੀਂ ਮੈਥੋਂ ਓਹਲਾ ਰੱਖ ਕੇ ਕੋਈ ਘੁਸਰ-ਮੁਸਰ ਕੀਤੀ ਤਾਂ ਮੈਨੂੰ 'ਗੈਰ' ਹੋਣ ਦਾ ਅਹਿਸਾਸ ਹੋਵੇਗਾ ਤੇ ਮੈਂ ਐਥੋਂ ਦੌੜ ਜਾਵਾਂਗਾ।' ਦੇ ਵ ਨੇ ਕਿਹਾ ਤਾਂ ਮਧੂ ਕਮਰੇ' ਚ ਆ ਗਈ।

'ਹਾਂ ਜੀ ਫਰਮਾਓ।' ਰਾਮੇਸ਼ਵਰ ਬੋਲਿਆ।

'ਤੁਹਾਨੂੰ ਨ੍ਹੀ ਪਤਾ... ਦੇਵ ਭਾਅ ਜੀ ਆਏ ਨੇ। ਖਾਣ-ਪੀਣ ਲਈ ਕੁਝ ਲੈ ਕੇ ਆਓ।'

'ਮੈਂ ਕੁਝ ਨ੍ਹੀ ਖਾਣਾ। ਦਾਲ਼ ਨਾਲ਼ ਚਾਰ ਮਿੱਸੀਆਂ ਰੋਟੀਆਂ ਵੇਲ ਕੇ ਆ ਰਿਹਾ ਏ ਂ।' ਦੇਵ ਬੋਲਿਆ।

ਰਾਮੇਸ਼ਵਰ ਬਾਹਰ ਨਿਕਲ਼ ਪੌੜੀਆਂ ਉਤਰ ਗਿਆ ਤਾਂ ਦੇਵ ਨੇ ਕਿਹਾ, 'ਸਿਸਟਰ

ਬੰਦਾ ਤਾਂ ਇਹ ਠੀਕ ਹੀ ਏ। ਕੀ ਖਿਆਲ ਏ ਤੁਹਾਡਾ?'

'ਬੰਦੇ ਠੀਕ ਸੀ ਭਾ ਜੀ ਤਾਂ ਹੀ ਝੱਟ ਮੰਗਣੀ ਪੱਟ ਵਿਆਹ ਕਰਨਾ ਪਿਆ। ਮੈਂ ਖੁਸ਼ ਹਾਂ ਇਨ੍ਹਾਂ ਨਾਲ਼।'

ਫਿਰ ਉਹ ਵਿਆਹ ਦੀ ਸਾਰੀ ਕਹਾਣੀ ਦੱਸਣ ਲੱਗ ਪਈ ਕਿ ਰਾਮੇਸ਼ਵਰ ਤਾਂ ਬੁਰੀ ਤਰ੍ਹਾਂ ਉਸ ਦੇ ਪਿੱਛੇ ਹੀ ਪੈ ਗਿਆ ਕਿ ਆਪਦੇ ਘਰਦਿਆਂ ਨਾਲ਼ ਗੱਲ ਕਰਾਂ। ਮਧੂ ਲਈ ਇਹ ਗੱਲ ਕਹਿਣੀ ਮੁਸ਼ਕਲ ਸੀ ਤਾਂ ਰਾਮੇਸ਼ਵਰ ਨੇ ਕਾਨਪੁਰ ਤੋਂ ਆਪਣੀ ਮਾਂ ਤੇ ਭੈਣ ਨੂੰ ਸੱਦ ਲਿਆ। ਆਪਸ ਵਿਚ ਮਿਲ ਕੇ ਦੋਨਾਂ ਧਿਰਾਂ ਦੇ ਮਾਪੇ ਖੁਸ਼ ਹੋ ਗਏ। ਫੇਰ ਉਹ ਵਿਆਹ ਇਕ ਹਫਤੇ' ਚ ਹੀ ਦੇਣ ਲਈ ਪੈਰ ਵੱਢਣ ਲੱਗ ਪਏ, ਇਹ ਵੀ ਕਿਹਾ ਕਿ ਕੋਈ ਦਾਜ-ਦਹੇਜ ਨਹੀਂ ਲੈਣਾ। ਦਰਅਸਲ ਇਨ੍ਹਾਂ ਨੂੰ ਡਰ ਸੀ ਕਿ ਜੇ ਸਮਾਂ ਵੱਧ ਹੋ ਗਿਆ ਤਾਂ ਇਨ੍ਹਾਂ ਦੇ ਪਹਿਲੇ ਵਿਆਹ ਸਮੇਂ ਮੰਡਪ' ਚੋਂ ਦੌੜਨ ਵਾਲ਼ੀ ਗੱਲ ਦਾ ਭੇਤ ਨਾ ਖੁੱਲ ਜਾਵੇ। ਮਧੂ ਦੇ ਘਰ ਵਾਲ਼ੇ ਵੀ ਰਾਜ਼ੀ ਹੋ ਗਏ ਤੇ ਆਗਰੇ ਵਿਚ ਹੀ ਉਨ੍ਹਾਂ ਦਾ ਵਿਆਹ ਹੋ ਗਿਆ।

'ਕੀ ਸ਼ਿਕਾਇਤਾਂ ਲੱਗ ਰਹੀਆਂ ਨੇ ਮੇਰੀਆਂ?' ਦੋ ਲਿਫਾਫ਼ੇ ਚੁੱਕੀ ਅੰਦਰ ਵੜਦਾ ਰਾਮੇਸ਼ਵਰ ਬੋਲਿਆ।

'ਆ ਜਾ... ਆ ਜਾ... ਕਰਦਾ ਏਂ ਤੈਨੂੰ ਠੀਕ... ਤੂੰ ਜਿਹੜਾ ਤੰਗ ਕਰਦਾ ਏਂ ਸਿਸਟਰ ਨੂੰ... ਲਿਆਓ ਸਿਸਟਰ ਬੇਲਣਾ।' ਦੇਵ ਨੇ ਕਿਹਾ ਤਾਂ ਉਹ ਦੋਨੋਂ ਹੱਸਣ ਲੱਗ ਪਏ।

ਚਾਹ ਪੀਣ ਲੱਗੇ ਤਾਂ ਰਾਮੇਸ਼ਵਰ ਮਧੂ ਦੀਆਂ ਸਿਫ਼ਤਾਂ ਕਰਨ ਲੱਗਾ ਕਿ ਉਸ ਨੇ ਉਸ ਦੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ਼ ਭਰ ਦਿੱਤਾ ਸੀ। ਉਹ ਉਸ ਨੂੰ ਬਹੁਤ ਪਿਆਰ ਕਰਦੀ ਸੀ। ਮਧੂ ਸੰਗਦੀ ਸਿਰ ਝੁਕਾਈ ਬੈਠੀ ਸਭ ਕੁਝ ਸੁਣਦੀ ਰਹੀ।

'ਤੂੰ ਤਾਂ ਕਹਿੰਦਾ ਸੀ ਐਮ. ਐਸਸੀ. ਕਰਾਂਗੇ। ਵਿਆਹ ਦੀ ਕਿਹੜੀ ਕਾਹਲੀ ਪੈ ਗਈ ਸੀ ਐਨੀ? ਸਿਸਟਰ ਨੂੰ ਵੀ ਨੀ ਪੜ੍ਹਨ ਦਿੱਤਾ ਤੂੰ।'

'ਇਹ ਪੜ੍ਹੀ ਜਾਵੇ। ਇਹਨੂੰ ਕੌਣ ਰੋਕਦਾ ਏ। ਮੈਂ ਤਾਂ ਐਮ. ਐਸ. ਸੀ. ਕਰ ਹੀ ਲਈ। ਐਮ. ਤੋਂ ਮੈਂ, ਐਸ ਤੋਂ ਸ਼ਾਦੀ, ਸੀ ਤੋ ਕਰ ਲਈ... ਮਤਲਬ ਮੈਂ ਸ਼ਾਦੀ ਕਰ ਲਈ।' ਉਹ ਹੱਸਿਆ।

ਮਧੂ ਇਕ ਸੁਨਹਿਰੀ ਕੇਤਲ਼ੀ' ਚ ਪਾ ਕੇ ਚਾਹ ਲਿਆਈ। ਕੱਪ ਵੀ ਕਮਾਲ ਦੇ।

'ਪਹਿਲਾਂ ਜ਼ਿੰਦਗੀ ਵਿਚ ਦੇਖੇ ਨੇ ਅਜਿਹੇ ਕੱਪ?' ਦੇਵ ਨੇ ਰਾਮੇਸ਼ਵਰ ਨੂੰ ਕਿਹਾ।

'ਮਧੂ ਨੇ ਮੈਨੂੰ ਕੀ ਕੀ ਦਿਖਾਇਆ, ਤੂੰ ਕੀ ਜਾਣੇ ਸਰਦਾਰ ਪਿਆਰੇ। ਤੇਰੇ ਕਰ ਕੇ ਹੀ ਮੇਰਾ ਬੇੜਾ ਪਾਰ ਲੱਗਿਆ ਏ ਦੇਵ। ਮੇਰੇ ਲਈ ਤੂੰ ਪਹਿਲਾਂ, ਮਧੂ ਪਿੱਛੋਂ।' ਰਾਮੇ ਸ਼ਵਰ ਨੇ ਅੱਖਾਂ ਭਰ ਲਈਆਂ।

ਇਹ ਗੱਲ ਜਾਣ ਕੇ ਦੇਵ ਨੂੰ ਬੜਾ ਦੁੱਖ ਹੋਇਆ ਕਿ ਰਾਮੇਸ਼ਵਰ ਨੂੰ ਰਾਜਸਥਾਨ ਵਿਚ ਕੋਟਿਟਾ ਸ਼ਹਿਰ ਦੇ ਥਰਮਲ ਪਲਾਂਟ ਵਿਚ ਓਵਰਸੀਅਰ ਦੀ ਨੌਕਰੀ ਮਿਲ ਗਈ ਸੀ। ਉਸ ਲਈ ਤਾਂ ਇਹ ਗੱਲ ਬੜੀ ਖੁਸ਼ੀ ਵਾਲ਼ੀ ਹੋਵੇਗੀ, ਪਰ ਦੇਵ ਅੰਦਰ ਸੋਗ ਜਿਹਾ ਫੈਲ ਗਿਆ। ਇਕ ਚੰਗੇ ਦੋਸਤ ਕੋਲ਼ੋਂ ਵਿੱਛੜ ਜਾਣਾ ਅਸਹਿ ਸੀ। ਉਸ ਨੇ ਘਰ ਜਾ ਕੇ ਸਾਰੀ ਗੱਲ ਆਪਣੇ ਵੀਰ ਜੀ ਅਤੇ ਭਾਬੀ ਜੀ ਨੂੰ ਦੱਸੀ ਤਾਂ ਉਹ ਵੀ ਹੈਰਾਨ ਹੋਏ ਕਿ ਐਨੀ ਛੇ

ਤੀ ਉਸ ਦਾ ਵਿਆਹ ਕਿਵੇਂ ਹੋ ਗਿਆ ਸੀ। ਕਿਸੇ ਭੇਤ ਦੇ ਖੁੱਲ੍ਹ ਜਾਣ ਦੇ ਡਰੋਂ ਦੇਵ ਨੇ ਇਹ ਗੱਲ ਉਨ੍ਹਾਂ ਨੂੰ ਨਾ ਦੱਸੀ ਕਿ ਰਾਮੇਸ਼ਵਰ ਦੀ ਵਹੁਟੀ 'ਗੁੜੂ ਮੁੜੂ' ਦੀ ਧੀ ਮਧੂ ਸੀ, ਜਿਹੜੀ ਆਗਰਾ ਕਾਲਜ ਵਿਚ ਲਾਇਬ੍ਰੇਰੀਅਨ ਸੀ ਤੇ ਇਕ ਵਾਰੀ ਉਨ੍ਹਾਂ ਦੀ ਕੱਪੜੇ ਦੀ ਦੁਕਾਨ ਉੱਤੇ ਰਾਮ ਸਿੰਘ ਦੀ ਮੌਜੂਦਗੀ ਵਿਚ 'ਗੁੜੂ ਮੁੜੂ' ਨੇ ਮਧੂ ਬਾਰੇ ਦੇਵ ਨੂੰ ਦੱਸਿਆ ਸੀ ਤੇ ਮਿਲਣ ਲਈ ਵੀ ਕਿਹਾ ਸੀ।

ਉਨ੍ਹਾਂ ਦੇ ਕੋਇਟੇ ਜਾਣ ਤੋਂ ਕੁਝ ਦਿਨ ਪਹਿਲਾਂ ਦੇਵ ਹੋਣਾ ਨੇ ਰਾਮੇਸ਼ਵਰ ਤੇ ਮਧੂ ਨੂੰ ਰੋਟੀ ਕੀਤੀ ਤਾਂ ਗੱਲ ਨਿੱਕਲੀ। ਜਿੰਦਰ ਦੇ ਪੁੱਛਣ ਤੇ ਮਧੂ ਨੇ ਦੱਸਿਆ ਕਿ ਉਹ ਆਗਰਾ ਕਾਲਜ ਵਿਚ ਲਾਇਬ੍ਰੇਰੀਅਨ ਸੀ ਤੇ ਹੁਣ ਉਸ ਨੇ ਨੌਕਰੀ ਛੱਡ ਦਿੱਤੀ ਸੀ।

'ਤੁਹਾਡਾਂ ਨਾ ਮਧੂ ਨਹੀਂ? ਤੁਹਾਡੇ ਡੈਡੀ ਜੀ ਦੀ ਦਰੇਸੀ ਵਿਚ ਕੱਪੜੇ ਦੀ ਦੁਕਾਨ ਨਹੀਂ?'

'ਹਾਂ ਜੀ.... ਮਹਿੰਦਰ ਨਾਥ ਕਲਾਸ ਸਟੋਰ ਦੇ ਮਾਲਕ ਮੇਰੇ ਡੈਡੀ ਹੀ ਨੇ... ਦੇਵ ਭਾ ਜੀ ਨੇ ਤੁਹਾਨੂੰ ਦੱਸਿਆਂ ਨਹੀਂ?'

'ਨਹੀਂ...... ਤੁਹਾਡੇ ਡੈਡੀ ਤਾਂ ਅਕਸਰ ਤੁਹਾਡੀ ਗੱਲ ਕਰਿਆ ਕਰਦੇ ਸਨ।'

ਦੇਵ ਡਰਿਆ ਬੈਠਾ ਸੀ ਕਿ ਹੁਣ ਉਨ੍ਹਾਂ ਦੀ ਪਿਆਰ ਕਹਾਣੀ ਤੋਂ ਪਰਦਾ ਹੀ ਨਾ ਹਟ ਜਾਵੇ। ਜੋ ਦੇਵ ਨੇ ਵਿਚੋਲੇ ਦਾ ਰੋਲ ਨਿਭਾਇਆ ਸੀ, ਉਸ ਬਾਰੇ ਜਾਣ ਕੇ ਉਸ ਦੇ ਵੀਰ ਜੀ ਤੇ ਭਾਬੀ ਜੀ ਨੇ ਗੁੱਸਾ ਕਰਨਾ ਸੀ। ਪਰ ਗੱਲ ਛੇਤੀ ਹੀ ਹੋਰ ਪਾਸੇ ਨਿਕਲ਼ ਗਈ। ਰਾਮੇਸ਼ਵਰ ਨੇ ਆਪਣੀ ਉਸ ਗੂੰਗੀ ਬਹਿਰੀ ਮੰਗੇਤਰ ਦੀ ਕਥਾ ਛੇੜ ਲਈ, ਜਿੱਥੋਂ ਉਹ ਲਾਵਾਂ ਤੋਂ ਪਹਿਲਾਂ ਮਸੀਂ ਬਚ ਕੇ ਨਿਕਲ਼ਿਆ ਸੀ। ਉਸ ਨੇ ਇਹ ਵੀ ਦੱਸਿਆ ਕਿ ਉਹ ਇਹ ਕਥਾ ਮਧੂ ਨੂੰ ਪਹਿਲਾਂ ਹੀ ਸੁਣਾ ਚੁੱਕਾ ਸੀ। ਮਧੂ ਉਂਝ ਵੀ ਸ਼ਰਮਾਕਲ਼ ਸੀ। ਜੇ ਕੋਈ ਹੋਰ ਕੁੜੀ ਹੁੰਦੀ ਤਾਂ ਉਸ ਨੇ ਸਭ ਦੱਸ ਦੇਣਾ ਸੀ ਕਿ ਉਨ੍ਹਾਂ ਦਾ ਇਸ਼ਕ ਵਿਆਹ ਦੀ ਮੰਜ਼ਿਲ ਤੱਕ ਕਿਵੇਂ ਪਹੁੰਚਿਆ।

ਰਾਮ ਸਿੰਘ ਨੇ ਉਨ੍ਹਾਂ ਨੂੰ ਟਰੱਕ ਰਾਹੀਂ ਕੋਇਟੇ ਜਾਣ ਦਾ ਸੁਝਾਅ ਦਿੱਤਾ ਤੇ ਬਿੰਦਰਾ ਟਰਾਂਸਪੋਰਟ ਵਾਲ਼ਿਆਂ ਕੋਲ਼ ਜਾ ਕੇ ਟਰੱਕ ਵੀ ਕਰ ਦਿੱਤਾ। ਰਾਮੇਸ਼ਵਰ ਨੂੰ ਇਹ ਵੀ ਕਹਿ ਦਿੱਤਾ ਕਿ ਟਰੱਕ ਵਾਲ਼ੇ ਨੂੰ ਕੋਈ ਪੈਸਾ ਦੇਣ ਦੀ ਲੋੜ ਨਹੀਂ। ਉਹ ਆਪ ਹੀ ਸਮਝ ਲੈਣਗੇ । ਵਿਦਾਇਗੀ ਵਾਲ਼ੇ ਦਿਨ ਦੇਵ ਤੇ ਉਹਦੇ ਵੀਰ ਜੀ ਰਾਮੇਸ਼ਵਰ ਦੇ ਕਵਾਰਟਰ ਚਲੇ ਗਏ । ਉਹ ਉਨ੍ਹਾਂ ਲਈ ਦੋ ਡੱਬੇ ਪੇਠੇ ਦੀ ਮਠਿਆਈ ਲੈ ਗਏ ਸਨ। ਉਨ੍ਹਾਂ ਨੇ ਰਾਮੇਸ਼ਵਰ ਨਾਲ਼ ਲੱਗ ਕੇ ਸਾਰਾ ਸਮਾਨ ਟਰੱਕ ਵਿਚ ਲਦਵਾ ਦਿੱਤਾ। ਕਾਫ਼ੀ ਸਾਰਾ ਪੁਰਾਣਾ ਸਮਾਨ ਜਿਵੇ ਂਪਲੰਘ, ਮੂੜ੍ਹੇ, ਮੰਜੇ, ਗਲੀਚਾ ਤੇ ਪੜਦੇ ਬਗੈਰਾ ਉਸ ਨੇ ਲੈ ਕੇ ਜਾਣ ਤੋਂ ਮਨ੍ਹਾਂ ਕਰ ਦਿੱਤਾ। ਉਹ ਬੋਲਿਆ, 'ਨਹੀਂ ਵੀਰ ਜੀ, ਸਾਨੂੰ ਜੋ ਚਾਹੀਦਾ ਸੀ, ਲੈ ਲਿਆ। ਬਾਕੀ ਦੇਵ ਦੇ ਕੰਮ ਆਵੇਗਾ।'

'ਦੇਵ ਦੇ? ਇਸ ਨੇ ਕੀ ਕਰਨਾ ਏਂ?'

'ਅਸੀਂ ਤਾਂ ਹੁਣ ਵੀਰ ਜੀ ਐਥੇ ਆਉਣਾ ਨਹੀਂ। ਸਾਡੇ ਵਿਆਹ ਦੀ ਖੁਸ਼ੀ ਵਿਚ ਇਹ ਮਕਾਨ ਅੱਜ ਤੋਂ ਮੇਰੇ ਛੋਟੇ ਭਰਾ ਦੇਵ ਦਾ ਹੋਵੇਗਾ। ਸਾਡਾ ਤੋਹਫ਼ਾ ਕਬੂਲ ਕਰ ਲਵੋ।' ਰਾਮੇ

ਸ਼ਵਰ ਬੋਲਿਆ।

‘ਜੇ ਛੱਡਣਾ ਹੀ ਹੋਇਆ ਤਾਂ ਇਸਦੀ ਕਾਫ਼ੀ ਪਗੜੀ ਮਿਲ ਜਾਵੇਗੀ। ਪੈਸੇ ਤੈਨੂੰ ਭੇਜ ਦਿਆਂਗੇ।’ ਰਾਮ ਸਿੰਘ ਨੇ ਦੱਸਿਆ।

‘ਕੋਈ ਪਗੜੀ ਨਹੀਂ ਚਾਹੀਦੀ ਮੈਨੂੰ ਵੀਰ ਜੀ। ਇਸ ਦਾ ਮਾਲਕ ਹੁਣ ਦੇਵ ਹੈ।’ ਉਸ ਨੇ ਮਕਾਨ ਦੀ ਚਾਬੀ ਦੇਵ ਨੂੰ ਫੜਾਉਂਦਿਆਂ ਕਿਹਾ।

‘ਚਾਬੀ ਫੜ ਕੇ ਦੇਵ ਖੁਸ਼ ਹੋ ਗਿਆ ਤੇ ਆਪਣੀ ਉਸ ਅਜ਼ਾਦੀ ਬਾਰੇ ਸੋਚਣ ਲੱਗਾ ਜੋ ਉਸਨੂੰ ਇਕੱਲ ਵਿਚ ਰਹਿ ਕੇ ਮਿਲਣੀ ਸੀ। ਰਾਮ ਸਿੰਘ ਵੀ ਬਹੁਤ ਖੁਸ਼ ਹੋਇਆ, ਉਸ ਨੂੰ ਉਨ੍ਹਾਂ ਦੀ ਦੋਸਤੀ ਤੇ ਮਾਣ ਹੋਇਆ।

‘ਰਾਮੇਸ਼ਵਰ ਬੇਟੇ ਇਕ ਵਾਰੀ ਮੈਂ ਦੇਵ ਨੂੰ ਤੇਰੇ ਕੋਲ਼ ਰਹਿ ਕੇ ਪੜ੍ਹਨੋ ਰੋਕ ਲਿਆ ਸੀ। ਇਸ ਗੱਲ ਦਾ ਮੈਨੂੰ ਹਮੇਸ਼ਾ ਪਛਤਾਵਾ ਰਹੇਗਾ। ਮੈਨੂੰ ਮਾਫ਼ ਕਰ ਦੇਣਾ।’ ਰਾਮ ਸਿੰਘ ਅੱਖਾਂ ਭਰ ਆਇਆ।

‘ਤਾਂ ਕੀ ਹੋਇਆ ਵੀਰ ਜੀ। ਮੈਨੂੰ ਦੇਵ ਤੇ ਮਾਣ ਏ। ਅਜਿਹਾ ਦੋਸਤ ਮੁੜ ਨਹੀਂ ਮਿਲਣਾ।’

‘ਦੇਵ ਭਾਅ ਜੀ ਖਤ ਲਿਖਦੇ ਰਹਿਣਾ।’ ਮਧੂ ਬੋਲੀ।

ਟਰੱਕ ਚੱਲਿਆ ਤਾਂ ਸਾਰਿਆਂ ਦੀਆਂ ਅੱਖਾਂ ਭਰ ਆਈਆਂ। ਘਰ ਨੂੰ ਆਉਂਦਿਆਂ ਰਾਮ ਸਿੰਘ ਨੇ ਕਿਹਾ, ‘ਦੇਵ ਇਹਦੇ ਵਰਗਾ ਦੋਸਤ ਵਿਰਲਾ ਹੀ ਕੋਈ ਹੁੰਦਾ ਏ। ਇਹਦੇ ਨਾਲ਼ ਸਾਰੀ ਉਮਰ ਵਰਤਦਾ ਰਹੀਂ। ਹਮੇਸ਼ਾ ਖ਼ਤ ਲਿਖਦਾ ਰਹੀਂ। ਖ਼ਤਾਂ ਦਾ ਆਉਣ ਜਾਣ ਬੰਦ ਹੋ ਜਾਵੇ ਤਾਂ ਦੋਸਤ ਦੁਨੀਆਂ ਦੇ ਸਮੁੰਦਰ ਵਿਚ ਗੁਆਚ ਜਾਇਆ ਕਰਦੇ ਨੇ। ਫਿਰ ਨਹੀਂ ਲੱਭਦੇ। ਜੇ ਇਕ ਵਾਰੀ ਰਾਬਤਾ ਟੁੱਟ ਗਿਆ ਤਾਂ ਬੰਦਾ ਦੋਸਤਾਂ ਦੀਆਂ ਪੈੜਾਂ ਲੱਭਦਾ ਰਹਿ ਜਾਂਦਾ ਏ। ਜਿਉਂ ਜਿਉਂ ਉਪਰ ਲੰਘਦੀ ਏ ਦੋਸਤ ਬੜਾ ਯਾਦ ਆਉਂਦੇ ਨੇ, ਪਰ ਉਨ੍ਹਾਂ ਤੱਕ ਜਾਣ ਦਾ ਕੋਈ ਰਾਹ ਸਾਨੂੰ ਪਤਾ ਨਹੀਂ ਹੁੰਦਾ। ਕਿੰਨਾ ਖੁਸ਼ਕਿਸਮਤ ਏ ਇਹ ਮੁੰਡਾ। ਕਿੰਨੇ ਨਿੱਘੇ ਸੁਭਾਅ ਦੀ ਵਹੁਟੀ ਮਿਲੀ ਏ।’

**00**

# ਨੱਬੇ

ਦੇਵ ਦੀ ਛਾਤੀ ਇਸ ਗੱਲੋਂ ਬੜੀ ਫੁੱਲੀ ਕਿ ਉਹ ਵੀ ਆਗਰੇ ਵਰਗੇ ਸ਼ਹਿਰ ਵਿਚ ਇਕ ਮਕਾਨ ਦਾ ਮਾਲਕ ਬਣ ਗਿਆ ਸੀ। ਮਾਲਕ ਵਰਗੀ ਹੀ ਗੱਲ ਸੀ, ਕਿਰਾਇਆ ਤਾਂ ਨਾ ਮਾਤਰ ਹੀ ਸੀ। ਉਸ ਦੇ ਪੈਰ ਥੋੜ੍ਹੇ ਥੋੜ੍ਹੇ ਧਰਤੀ ਤੋਂ ਉੱਤੇ ਰਹਿਣ ਲੱਗ ਪਏ ਸਨ। ਬਹੁਤ ਛੇਤੀ ਉਸ ਨੇ ਬੀ. ਐਸਸੀ. ਪੂਰੀ ਕਰ ਕੇ ਵੱਡਾ ਬੰਦਾ ਵੀ ਬਣ ਜਾਣਾ ਸੀ। ਸੀਤਾ ਵਰਗੀ ਕੁੜੀ ਨਾਲ਼ ਉਸ ਦਾ ਕੀ ਮੇਲ। ਉਹ ਆਪਣੀ ਔਕਾਤ ਨਹੀਂ ਸੀ ਪਛਾਣ ਰਹੀ, ਐਵੇਂ ਲਸੂੜੇ ਦੀ ਗਿਟਕ ਬਣਨ ਨੂੰ ਫਿਰਦੀ ਸੀ। ਅਜਿਹੇ ਵਿਚਾਰ ਉਸ ਦੇ ਦਿਮਾਗ ਵਿਚ ਆਉਂਦੇ ਰਹਿੰਦੇ ਤੇ ਉਹ ਮੁਸਕਰਾਉਂਦਾ ਰਹਿੰਦਾ। ਰਾਮੇਸ਼ਵਰ ਦੇ ਜਾਣ ਮਗਰੋਂ ਅਗਲੇ ਹਫ਼ਤੇ ਹੀ ਜਿੰਦਰ ਨੇ ਤੀਜੀ ਕੁੜੀ ਨਿੰਮੋ ਨੂੰ ਜਨਮ ਦਿੱਤਾ। ਸਭ ਨੂੰ ਆਸ ਸੀ ਕਿ ‘ਰੱਬ’ ਇਸ ਵਾਰ

ਜ਼ਰੂਰ ਮੁੰਡਾ ਦੇਵੇਗਾ। ਜਿੰਦਰ ਰਾਮ ਸਿੰਘ ਨੂੰ ਬੜਾ ਹੌਸਲਾ ਦਿੰਦੀ ਰਹੀ, ਪਰ ਉਹ ਮੁਰਝਾਇਆ ਮੁਰਝਾਇਆ ਰਹਿਣ ਲੱਗ ਪਿਆ। ਘਨ੍ਹੱਈਏ ਨੇ ਉਸ ਦੇ ਖ਼ਤ ਦੇ ਜਵਾਬ ਵਿਚ ਲਿਖਿਆ, 'ਰਾਮ ਸਿੰਘ ਇਹ ਕੁੜੀ ਰੱਬ ਨੇ ਮੇਰੇ ਲਈ ਭੇਜੀ ਹੈ। ਹੁਣ ਤੁਸੀਂ ਦੁਚਿੱਤੀ ਵਿਚ ਨਾ ਪਿਓ। ਜੇ ਤੂੰ ਕਹੇਂ ਮੈਂ ਹੁਣੇ ਲਲਤਾ ਨੂੰ ਲੈ ਕੇ ਆਗਰੇ ਆ ਜਾਂਦਾ ਹਾਂ। ਜਿੰਦਰ ਨਾਲ਼ ਮੋਹ ਪੈਣ ਤੋਂ ਪਹਿਲਾਂ ਹੀ ਅਸੀਂ ਕੁੜੀ ਨੂੰ ਆਪਣੇ ਨਾਲ਼ ਲੈ ਆਵਾਂਗੇ। ਰੱਬ ਦੇ ਘਰ ਦਾ ਕੀਹਨੇ ਭੇਤ ਪਾਇਆ, ਜੇ ਇਹ ਮੁੰਡਾ ਹੁੰਦੀ, ਤੁਸੀਂ ਕਦੋਂ ਦੇਣੀ ਸੀ। ਉਹ ਸਾਡੇ ਕੋਲ਼ ਪਲੇਗੀ, ਸਾਡਾ ਬੁਢਾਪਾ ਵਧੀਆ ਲੰਘ ਜਾਵੇਗਾ।'

ਘਨ੍ਹੱਈਏ ਨੇ ਹੋਰ ਵੀ ਕਾਫ਼ੀ ਕੁਝ ਲਿਖਿਆ ਸੀ। ਰਾਮ ਸਿੰਘ ਕੁੜੀ ਉਨ੍ਹਾਂ ਨੂੰ ਦੇਣ ਲਈ ਤਿਆਰ ਹੋ ਗਿਆ। ਜਿੰਦਰ ਨੇ ਘਨ੍ਹੱਈਏ ਅਤੇ ਲਲਤਾ ਦੀ ਉਮਰ ਦਾ ਅੰਦਾਜ਼ਾ ਲਾ ਕੇ ਕਿਹਾ, 'ਜਦ ਨੂੰ ਕੁੜੀ ਜੁਆਨ ਹੋਵੇਗੀ, ਉਹ ਦੋਨੋਂ ਸੰਸਾਰ ਤੋਂ ਰੁਖ਼ਸਤ ਹੋ ਗਏ ਹੋਣਗੇ। ਕੁੜੀ ਦਾ ਸਾਡੇ ਵਿਚ ਕੋਈ ਮੋਹ ਨਹੀਂ ਪਵੇਗਾ ਤੇ ਨਾ ਉਹ ਸਾਡੇ ਕੋਲ਼ ਆਵੇਗੀ। ਉਹ ਤਾਂ ਬੱਸ ਨਫ਼ਰਤ ਕਰੇਗੀ ਸਾਨੂੰ, ਜਿਨ੍ਹਾਂ ਨੇ ਉਸ ਨੂੰ ਘਰੋਂ ਨਿਕਾਲ਼ਾ ਦੇ ਕੇ ਪਿੰਡ ਵਿਚ ਸੁੱਟਿਆ। ਮੈਂ ਆਪਣੀ ਧੀ ਨਾਲ਼ ਇਹ ਅਨਿਆਇ ਨਹੀਂ ਹੋਣ ਦਿਆਂਗੀ।'

ਰਾਮ ਸਿੰਘ ਚੁੱਪ ਕਰ ਗਿਆ, ਉਸ ਨੇ ਘਨ੍ਹੱਈਏ ਨੂੰ ਗੋਲ਼-ਮੋਲ਼ ਜਵਾਬ ਦੇ ਦਿੱਤਾ। ਘਨ੍ਹੱਈਏ ਦੀ ਕੀ ਹਾਲਤ ਹੋਈ ਹੋਵੇਗੀ, ਰੱਬ ਜਾਣੇ।

ਦੇਵ ਹੁਣ ਜ਼ਿਆਦਾਤਰ ਰਾਮੇਸ਼ਵਰ ਵਾਲ਼ੇ ਕਵਾਰਟਰ ਵਿਚ ਹੀ ਰਹਿੰਦਾ। ਸਵੇਰ, ਦੁਪਹਿਰ ਤੇ ਸ਼ਾਮੀਂ ਉਹ ਕੇਵਲ ਰੋਟੀ ਖਾਣ ਲਈ ਹੀ ਘਰ ਜਾਂਦਾ। ਜਿੰਦਰ ਉਸ ਨੂੰ ਦਿਨੇ ਕਰਨ ਵਾਲ਼ੇ ਕੰਮ ਗਿਣਾ ਦਿੰਦੀ। ਆਪਣੀ ਡਿਊਟੀ ਭੁਗਤਾਉਣ ਮਗਰੋਂ ਉਹ ਆਪਣੇ ਨਵੇਂ ਮਿਲੇ ਕਵਾਰਟਰ ਵਿਚ ਪੁੱਜ ਜਾਂਦਾ। ਉਹ ਉੱਥੇ ਹੀ ਚਾਹ ਬਣਾ ਲੈਂਦਾ ਤੇ ਕੋਈ ਫਰੂਟ ਬਗੈਰਾ ਲਿਆ ਕੇ ਰੱਖ ਲੈਂਦਾ। ਉਸ ਦੇ ਵੀਰ ਜੀ ਤੇ ਭਾਬੀ ਜੀ ਕਹਿੰਦੇ ਰਹਿੰਦੇ ਕਿ ਬੱਚਿਆਂ ਕੋਲ ਰਿਹਾ ਕਰੇ, ਪਰ ਉਹ ਉਨ੍ਹਾਂ ਦੀ ਗੱਲ ਵੱਲ ਬਹੁਤਾ ਧਿਆਨ ਹੀ ਨਾ ਦਿੰਦਾ। ਹੌਲ਼ੀ-ਹੌਲ਼ੀ ਉਨ੍ਹਾਂ ਨੇ ਕਹਿਣਾ ਹੀ ਬੰਦ ਕਰ ਦਿੱਤਾ। ਕਵਾਰਟਰ ਦੀ ਕੁੰਡੀ ਅੰਦਰੋਂ ਬੰਦ ਕਰ ਕੇ ਉਹ ਕਹਾਣੀਆਂ ਦੀਆਂ ਕਿਤਾਬਾਂ ਤੇ ਨਾਵਲਾਂ ਵਿਚ ਮਸਤ ਹੋ ਜਾਂਦਾ।

ਮਧੂ ਨੇ ਰਾਜਸਥਾਨ ਜਾਣ ਸਮੇਂ ਆਗਰਾ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਅਸਿਸਟੈਂਟ ਲਾਇਬ੍ਰੇਰੀਅਨ ਲੱਗੇ ਆਰ. ਐਸ. ਅਗਰਵਾਲ ਦੇ ਨਾਂ ਇੱਕ ਚਿੱਠੀ ਲਿਖ ਕੇ ਦਿੱਤੀ ਸੀ ਕਿ ਦੇਵ ਉਸ ਦਾ ਛੋਟਾ ਭਰਾ ਹੈ, ਜੋ ਵੀ ਕਿਤਾਬ ਉਹ ਮੰਗੇ, ਉਹ ਉਸ ਨੂੰ ਦੇ ਦਿਆ ਕਰੇ। ਕੁਝ ਦਿਨਾਂ ਮਗਰੋਂ ਹੀ ਉਹ ਉਸ ਨੂੰ ਮਿਲਿਆ ਸੀ। ਚਿੱਟੇ ਰੰਗ ਦੀ ਧੋਤੀ, ਕਮੀਜ਼ ਟੋਪੀ ਵਾਲ਼ੇ ਤਿਲਕਧਾਰੀ ਤੇ ਭਾਰੀ ਦੇਹ ਵਾਲ਼ੇ ਅਗਰਵਾਲ ਨੇ ਚਿੱਠੀ ਪੜ੍ਹਨ ਮਗਰੋਂ ਦੇਵ ਦੀ ਕਾਫ਼ੀ ਆਓ ਭਗਤ ਕੀਤੀ ਸੀ ਤੇ ਚਾਹ ਨਾਲ਼ ਬਿਸਕੁਟ ਵੀ ਖੁਆਏ ਸਨ। ਉਸ ਨੇ ਉਸ ਨੂੰ ਦੱਸਿਆ ਕਿ ਇੱਕੋ ਸਮੇਂ ਜਿੰਨੀਆਂ ਕਿਤਾਬਾਂ ਦੀ ਲੋੜ ਹੋਵੇ, ਲੈ ਜਾਇਆ ਕਰੇ। ਨਾਵਲ, ਕਹਾਣੀਆਂ, ਕਵਿਤਾਵਾਂ ਦੀਆਂ ਕਿਤਾਬਾਂ ਤੋਂ ਬਿਨਾਂ ਉੱਥੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਸਾਰੇ ਵਿਸ਼ਿਆਂ ਦੀਆਂ ਨਵੇਂ ਐਡੀਸ਼ਨਾਂ ਵਾਲ਼ੀਆਂ ਸਭ ਕਿਤਾਬਾਂ ਉਪਲੱਬਧ ਸਨ। ਜਦੋਂ ਉਸ ਨੂੰ ਪਤਾ ਲੱਗਾ ਕਿ ਦੇਵ ਨੇ ਐਮ. ਐਸਸੀ. ਮੈਥ ਦੇ ਪਹਿਲੇ ਸਾਲ ਵਿਚ

ਦਾਖ਼ਲਾ ਲੈਣਾ ਹੈ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਕੋਈ ਵੀ ਕਿਤਾਬ ਮੁੱਲ ਲੈਣ ਦੀ ਲੋੜ ਨਹੀਂ।

ਇਸੇ ਦੌਰਾਨ ਸਿਮਰਜੀਤ ਦੇ ਘਰ ਵੀ ਉਹ ਕਈ ਵਾਰ ਜਾ ਚੁੱਕਾ ਸੀ। ਦਰਅਸਲ ਉਸ ਪਰਿਵਾਰ ਤੋਂ ਬਿਨਾਂ ਦੇਵ ਦੀ ਹੋਰ ਕਿਧਰੇ ਕੋਈ ਸਾਂਝ ਹੀ ਨਹੀਂ ਸੀ। ਉਸ ਘਰ ਵਿਚ ਉਸ ਦੀ ਪੁੱਛ-ਪਰਤੀਤ ਵੀ ਕਾਫੀ ਸੀ। ਸਿਮਰਜੀਤ ਨੇ ਦੇਵ ਨੂੰ ਦੱਸਿਆ ਕਿ ਉਹ ਆਰ. ਬੀ. ਐਸ. ਕਾਲਜ ਵਿਚ ਐਮ. ਐਸਸੀ. ਮੈਥ ਵਿਚ ਦਾਖ਼ਲਾ ਲਵੇਗੀ। ਦੇਵ ਫਜ਼ਿਕਸ ਵਿਚ ਐਮ. ਐਸਸੀ. ਕਰਨਾ ਚਾਹੁੰਦਾ ਸੀ, ਪਰ ਸਿਮਰਜੀਤ ਕਰਕੇ ਉਹ ਵੀ ਉਸ ਦੇ ਮਗਰ ਲੱਗ ਗਿਆ। ਨਤੀਜਾ ਆਉਣ ਅਤੇ ਨਵੇਂ ਦਾਖ਼ਲੇ ਖੁੱਲ੍ਹਣ ਵਿਚ ਅਜੇ ਤਿੰਨ ਕੁ ਹਫ਼ਤੇ ਦਾ ਸਮਾਂ ਪਿਆ ਸੀ। ਦੇਵ ਨੇ ਸੋਚਿਆ ਕਿ ਇਨ੍ਹਾਂ ਦਿਨਾਂ ਵਿਚ ਉਹ ਸਾਰੇ ਪ੍ਰਸਿੱਧ ਲੇਖਕਾਂ ਦੀਆਂ ਕਹਾਣੀਆਂ ਨਾਵਲ ਪੜ੍ਹੇਗਾ। ਉਹ ਇਸੇ ਲਈ ਸਾਰਾ ਦਿਨ ਕਿਤਾਬੀ ਕੀੜਾ ਬਣਿਆ ਰਹਿੰਦਾ। ਚਾਰ-ਛੇ ਦਿਨ ਛੱਡ ਕੇ ਕਿਸੇ ਸ਼ਾਮ ਸਿਮਰਜੀਤ ਦੇ ਘਰ ਹੋ ਆਉਂਦਾ। ਇਕ ਦਿਨ ਉਸ ਨੇ ਸਿਮਰਜੀਤ ਨੂੰ ਨਵਾਂ ਕਵਾਰਟਰ ਮਿਲਣ ਦੀ ਕਹਾਣੀ ਦੱਸੀ ਤਾਂ, ਉਹ ਬੋਲੀ, 'ਆਵਾਂ ਕਿਸੇ ਦਿਨ?'

'ਆ ਜਾਈਂ।' ਦੇਵ ਨੇ ਕਿਹਾ।

'ਤਾਂ ਕਿ ਤੁਸੀਂ ਤਾਲ਼ਾ ਲਾ ਕੇ ਦੌੜ ਜਾਵੋ। ਹੈ ਨਾ?'

'ਨਹੀਂ ਸਿਮਰ... ਉਦੋਂ ਹਾਲਾਤ ਹੋਰ ਸੀਗੇ।'

ਅਗਰਵਾਲ ਨੇ ਕਿਸੇ ਹਿੰਦੀ ਦੇ ਲੇਖਕ ਤੋਂ ਪ੍ਰਸਿੱਧ ਸਾਹਿਤਕ ਪੁਸਤਕਾਂ ਦੀ ਸੂਚੀ ਬਣਵਾ ਲਈ ਤੇ ਦੇਵ ਦੇ ਸਪੁਰਦ ਕਰਦਾ ਬੋਲਿਆ, 'ਇਹ ਸਾਰੀਆਂ ਪੜ੍ਹ ਦੇਵ। ਤੇਰੀਆਂ ਅੱਖਾਂ ਖੁੱਲ੍ਹ ਜਾਣਗੀਆਂ।'

'ਧੰਨਵਾਦ ਅਗਰਵਾਲ ਸਾਹਬ।' ਦੇਵ ਨੇ ਕਿਹਾ।'

'ਇਕ ਗੱਲ ਦੱਸ ਤੂੰ ਆਪਣੀ ਰੋਜ਼ਾਨਾ ਡਾਇਰੀ ਲਿਖਦਾ ਹੁੰਦਾ ਏਂ?' ਉਸ ਨੇ ਪੁੱਛਿਆ।

'ਲਿਖਦਾ ਤਾਂ ਹਾਂ, ਪਰ ਮਾੜਾ ਮੋਟਾ ਹੀ।'

'ਜੋ ਦਿਨ ਭਰ ਬੀਤਦਾ ਏ ਲਿਖਿਆ ਕਰ। ਕਿਤਾਬਾਂ' ਚੋਂ ਪੜੀਆਂ ਕੀਮਤੀ ਗੱਲਾਂ ਵੀ ਲਿਖਿਆ ਕਰ।'

ਗੱਲ ਦੇਵ ਨੂੰ ਸਮਝ ਪੈ ਗਈ। ਉਸ ਨੂੰ ਅਗਰਵਾਲ ਦੀ ਇਹ ਰਾਇ ਜਚੀ ਵੀ ਬਹੁਤ। ਕੁਝ ਨਾ ਕੁਝ ਹਰ ਰੋਜ਼ ਅਜਿਹਾ ਹੁੰਦਾ, ਜਿਸ ਨੂੰ ਉਹ ਆਪਣੀ ਡਾਇਰੀ ਵਿਚ ਨੋਟ ਕਰ ਲੈਂਦਾ। ਜੋ ਸਮਾਂ ਹੁਣ ਤੀਕ ਲੰਘਿਆ ਸੀ, ਉਸ ਨੇ ਤਾਂ ਉਨ੍ਹਾਂ ਘਟਨਾਵਾਂ ਨੂੰ, ਜੋ ਉਸ ਨਾਲ਼ ਤੇ ਪਰਿਵਾਰ ਨਾਲ਼ ਬੀਤੀਆਂ ਸਨ, ਕਈ ਡਾਇਰੀਆਂ ਵਿਚ ਨੋਟ ਕਰ ਲਿਆ। ਕੁਝ ਦਿਨਾਂ ਮਗਰੋਂ ਹੀ ਉਹ ਮਹਿਸੂਸ ਕਰਨ ਲੱਗ ਪਿਆ ਕਿ ਜੋ ਗੱਲਾਂ ਉਹ ਕਿਸੇ ਨਾਲ਼ ਵੀ ਨਹੀਂ ਕਰ ਸਕਦਾ, ਉਹਨਾਂ ਨੂੰ ਡਾਇਰੀ ਵਿਚ ਲਿਖ ਸਕਦਾ ਹੈ। ਹੌਲ਼ੀ-ਹੌਲ਼ੀ ਉਸ ਨੂੰ ਲੱਗਾ ਜਿਵੇਂ ਡਾਇਰੀ ਖ਼ਤਰਨਾਖ਼ ਰੂਪ ਅਖਤਿਆਰ ਕਰਦੀ ਜਾ ਰਹੀ ਹੋਵੇ। ਜਿਵੇਂ ਉਹ ਡਾਇਰੀ ਨਾ ਹੋ ਕੇ ਕੋਈ ਬੰਬ ਹੋਵੇ। ਲਿਖਿਆ ਹੋਇਆ ਸਭ ਕੁਝ ਤਾਂ ਗੁਪਤ ਰੱਖਣ ਵਾਲ਼ਾ

ਸੀ। ਉਸ ਨੇ ਡਾਇਰੀ ਨੂੰ ਰਮੇਸ਼ਵਰ ਤੋਂ ਮਿਲੇ ਰਮੇਸ਼ਵਰ ਕੇਸ ਵਿਚ ਰੱਖ ਤਾਲ਼ਾ ਲਾਉਣਾ ਸ਼ੁਰੂ ਕਰ ਦਿੱਤਾ।

ਇਕ ਦਿਨ ਤੀਜੇ ਕੁ ਪਹਿਰ ਦੇਵ ਕੱਪੜੇ ਖੋਲ੍ਹੀ, ਪਾਣੀ ਨਾਲ਼ ਭਰੇ ਟੱਬ ਵਿਚ ਲੇਟਿਆ ਕੋਈ ਨਾਵਲ ਪੜ੍ਹ ਰਿਹਾ ਸੀ ਕਿ ਦਰਵਾਜ਼ੇ ਤੇ ਦਸਤਕ ਹੋਈ। ਉਹ ਟੱਬ' ਚੋਂ ਬਾਹਰ ਨਿਕਲ਼ਿਆ ਤੇ ਲੱਕ ਦੁਆਲ਼ੇ ਤੌਲੀਆ ਲਪੇਟ ਲਿਆ। ਵਿਰਲ਼ ਥਾਣੀਂ ਬਾਹਰ ਦੇਖਣਾ ਚਾਹਿਆ, ਪਰ ਉਹ ਵਿਹਲ ਤਾਂ ਸ਼ਾਇਦ ਰਾਮੇਸ਼ਵਰ ਨੇ ਹੀ ਬੰਦ ਕਰ ਦਿੱਤੀ ਸੀ, ਜਿਸ ਵਿੱਚੋਂ ਉਹ ਦੇਖ ਲਿਆ ਕਰਦੇ ਸਨ ਕਿ ਬਾਹਰ ਕੌਣ ਹੈ। ਉਸ ਨੇ ਕੁੰਡਾ ਖੋਲ੍ਹਿਆ। ਚਿੱਟੀ ਘੁੱਟਵੀਂ ਪਜਾਮੀਂ ਉੱਤੋਂ ਖੁੱਲ੍ਹਾ-ਡੁੱਲ੍ਹਾ ਗੁਲਾਬੀ ਫੁੱਲਾਂ ਵਾਲ਼ਾ ਕਮੀਜ਼ ਪਾਈ ਖੜ੍ਹੀ ਸਿਮਰਜੀਤ ਮੁਸਕਰਾ ਰਹੀ ਸੀ। ਦੇਵ ਨੂੰ ਇਸ ਹਾਲਤ ਵਿਚ ਦੇਖ ਉਸ ਨੇ ਆਪਣੇ ਮੂੰਹ ਤੇ ਹੱਥ ਰੱਖ 'ਹ ਅਅਅ' ਕਿਹਾ ਤੇ ਅੰਦਰ ਲੰਘ ਆਈ। ਦੇਵ ਨੇ ਅੰਦਰੋਂ ਕੁੰਡੀ ਬੰਦ ਕਰ ਲਈ ਤੇ ਸਿਮਰਜੀਤ ਨੂੰ ਆਪਣੇ ਨਾਲ਼ ਘੁੱਟ ਕੇ ਚੁੰਮ ਲਿਆ। ਚੁੰਮ ਕੀ ਲਿਆ, ਕਾਫ਼ੀ ਦੇਰ ਛੱਡਿਆ ਹੀ ਨਾ। ਉਹ ਵੀ ਉਵੇਂ ਖੜ੍ਹੀ ਰਹੀ। ਇਹ ਪਹਿਲਾ ਦਿਨ ਸੀ ਜਦੋਂ ਉਹ ਇਕ ਦੂਜੇ ਨੂੰ ਗਲਵੱਕੜੀ ਪਾਈ ਕਿੰਨਾ ਹੀ ਚਿਰ ਫਰਸ਼ ਤੇ ਬੈਠੇ ਰਹੇ ਸਨ।

'ਜੇ ਕੋਈ ਘਰੋਂ ਆ ਜਾਵੇ?' ਉਹ ਬੋਲੀ।

'ਤੈਨੂੰ ਰਾਮੇਸ਼ਵਰ ਦੇ ਪੁਰਾਣੇ ਪਲੰਘ ਹੇਠ ਛੁਪਾ ਦਿਆਂਗਾ।'

'ਹੇਠ ਖੜ੍ਹਾ ਮੇਰਾ ਲੇਡੀ ਸਾਈਕਲ ਸਿਗਨਲ ਦੇਊ ਅਗਲੇ ਨੂੰ।'

'ਚਾਰ ਕਵਾਰਟਰਾਂ ਵਿਚ ਆਉਣ ਵਾਲ਼ੇ ਉਸੇ ਥਾਂ ਤੇ ਸਾਇਕਲ ਖੜ੍ਹਾਉਂਦੇ ਨੇ। ਜੇ ਪਤਾ ਵੀ ਲੱਗ ਜਾਵੇ ਤਾਂ ਵੀ ਮੈਂ ਹੁਣ ਕਿਸੇ ਤੋਂ ਡਰਦਾ ਨਹੀਂ। ਕਹਿ ਦਿਆਂਗਾ ਕਿ ਮੈਂ ਸਿਮਰਜੀਤ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਦਾ ਹਾਂ। ਮੈਂ ਇਸ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਮੈਂ ਇਸ ਦੇ ਨਾਲ਼ ਵਿਆਹ ਕਰਵਾਵਾਂਗਾ। ਕਿਸੇ ਵਿਚ ਤਾਕਤ ਹੈ ਤਾਂ ਮੈਨੂੰ ਰੋਕ ਕੇ ਦਿਖਾਓ।' ਦੇਵ ਨੇ ਕਿਹਾ ਤਾਂ ਉਹ ਉਸ ਨਾਲ਼ ਲਿਪਟ ਗਈ ਤੇ ਬੋਲੀ, 'ਮੈਂ ਵੀ ਦੇਵ ਹੁਣ ਤੇਰੇ ਬਿਨਾਂ ਰਹਿ ਨਹੀਂ ਸਕਦੀ। ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ।'

ਉਸ ਨੇ ਦੇਵ ਦਾ ਹੱਥ ਖਿੱਚ ਕੇ ਆਪਣੇ ਸਿਰ ਉੱਤੇ ਰੱਖ ਲਿਆ ਤੇ ਬੋਲੀ, 'ਮੇਰੀ ਸਹੁੰ ਖਾ ਕੇ ਕਹੋ ਕਿ ਜੋ ਕਹੋਗੇ ਸੱਚ ਕਹੋਗੇ।'

'ਕਿਉਂ ਤੂੰ ਹੁਣ ਕਚਹਿਰੀ ਲਾਉਣੀ ਏਂ?'

'ਆਹੋ।'

'ਗੱਲ ਕੀ ਹੋਈ?'

'ਦੇਵ ਮੈਂ ਤੁਹਾਡੇ ਨਾਲ਼ ਆਪਣਾ ਜੀਵਨ ਬਿਤਾਉਣਾ ਚਾਹੁੰਦੀ ਹਾਂ। ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਤੁਹਾਡੇ ਦਿਲ ਵਿਚ ਕੋਈ ਹੋਰ ਤਾਂ ਨਹੀਂ।'

'ਦਿਲ ਵਿਚ ਤਾਂ ਹੈ, ਪਰ ਆਗਰੇ ਵਿਚ ਨਹੀਂ। ਐਥੇ ਵੀ ਇਕ ਕੁੜੀ ਮੇਰੇ ਨਾਲ਼ ਦੋਸਤੀ ਕਰਨਾ ਚਾਹੁੰਦੀ ਸੀ, ਪਰ ਮੈਂ ਠੁਕਰਾ ਦਿੱਤੀ।'

'ਕੌਣ ਸੀ ਉਹ।'

ਦੇਵ ਨੇ ਆਪਣੇ ਬਲਾਕ ਵਾਲ਼ੀ ਸੀਤਾ ਦੀ ਸਾਰੀ ਗੱਲ ਦੱਸ ਦਿੱਤੀ ਕਿ ਕਿਵੇਂ ਉਹ

ਆਪਣਾ ਸਭ ਕੁਝ ਉਸ ਦੇ ਹਵਾਲੇ ਕਰਨ ਲਈ ਤੁਲੀ ਹੋਈ ਸੀ। ਉਸਦੀ ਗੱਲ ਸੁਣ ਕੇ ਉਹ ਹੱਸੀ ਤੇ ਦਿਲ ਵਿਚ ਹੋਰ ਕੌਣ ਸੀ, ਪੁੱਛਣ ਲੱਗੀ। ਦੇਵ ਨੇ ਬੇਗਮਪੁਰ ਦੀ ਪੰਮੀ, ਸਰਵਰਪੁਰ ਦੀ ਕੁਲਦੀਪ ਤੇ ਉਹਦੀ ਮੰਮੀ ਤੇ ਆਪਣੀ ਭਾਬੀ ਰੋਮਾਂ ਵਾਲ਼ੀ ਸਾਰੀ ਕਹਾਣੀ ਉਸ ਨੂੰ ਸੁਣਾ ਦਿੱਤੀ। ਅੱਧਾ ਘੰਟਾ ਉਹ ਉਸਦੀ ਛਾਤੀ ਨਾਲ਼ ਚਿਪਕੀ ਬੈਠੀ ਸੁਣਦੀ ਰਹੀ। ਦੇਵ ਚੁੱਪ ਹੋਇਆ ਤਾਂ ਬੋਲੀ, 'ਹੁਣ ਉਹ ਯਾਦ ਆਉਂਦੀਆਂ ਹੋਣਗੀਆਂ?'

'ਹਾਂ ਬਹੁਤ... ਚਿੱਤ ਕਰਦਾ ਏ ਉਡ ਕੇ 'ਕੱਲੀ' ਕੱਲੀ ਨੂੰ ਮਿਲ ਕੇ ਆਵਾਂ।'

'ਸਭ ਤੋਂ ਵੱਧ ਕਿਹੜੀ ਯਾਦ ਆਉਂਦੀ ਏ?'

'ਸਾਰੀਆਂ ਆਉਂਦੀਆਂ ਨੇ... ਦਿਲ ਦਾ ਢੱਕਣ ਕਦੀ ਕਿਸੇ ਵੱਲ ਨੂੰ ਖੁੱਲ੍ਹ ਜਾਂਦਾ ਏ , ਕਦੀ ਕਿਸੇ ਵੱਲ ਨੂੰ।'

ਦੇਵ ਤੁਸੀਂ ਬਹੁਤ ਸੱਚੇ ਬੰਦੇ ਹੋ। ਮੈਂ ਤੁਹਾਨੂੰ ਐਨਾ ਪਿਆਰ ਕਰਾਂਗੀ ਕਿ ਸਭ ਭੁੱਲ ਜਾਣਗੀਆਂ।'

'ਇਸ ਤਰ੍ਹਾਂ ਵੀ ਹੋ ਸਕਦਾ ਏ?'

'ਹਾਂ, ਕਿਉਂ ਨ੍ਹੀ ਹੋ ਸਕਦਾ। ਮੈਂ ਤੁਹਾਡਾ ਸਾਰੇ ਦਾ ਸਾਰਾ ਦਿਲ ਮੱਲ ਲਵਾਂਗੀ।'

'ਦਿਲ ਮੱਲ ਕੇ ਫਿਰ ਕੰਡਿਆਂ ਵਾਲ਼ੀ ਤਾਰ ਲਾਵੇਂਗੀ ਤੇ ਦਿਲ ਫੜਫੜਾ ਕੇ ਰਹਿ ਜਾਵੇਗਾ।'

'ਬੱਸ, ਤੁਹਾਨੂੰ ਕਿਸੇ ਵੱਲ ਦੇਖਣ ਦੀ ਲੋੜ ਹੀ ਨਹੀਂ ਪੈਣੀ, ਦੇਖ ਲੈਣਾ।'

'ਇਹ ਕੰਮ ਕਿਸ ਦਿਨ ਤੋਂ ਸ਼ੁਰੂ ਕਰਨਾ ਏਂ?' ਦੇਵ ਹੱਸਿਆ।

'ਅੱਜ ਤੋਂ ਹੀ... ਹੁਣ ਤੋਂ ਹੀ।' ਉਹ ਦੇਵ ਨੂੰ ਜੱਫ਼ੀ ਪਾ ਕੇ ਉਸ ਦੀ ਗੋਦ ਵਿਚ ਡਿਗ ਪਈ। ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਨੱਚਣ ਲੱਗ ਪਈਆਂ। ਦੇਵ ਉਸ ਦੇ ਵਾਲਾਂ ਵਿਚ ਉਂਗਲਾਂ ਘੁਮਾਉਣ ਲੱਗ ਪਿਆ। ਫਿਰ ਉਸ ਦੇ ਬੁੱਲ੍ਹ ਚੁੰਮਣ ਲੱਗ ਪਿਆ।

'ਤੂੰ ਤਾਂ ਮੈਥੋਂ ਸਭ ਕੁਝ ਪੁੱਛ ਲਿਆ ਸਿਮਰ। ਹੁਣ ਆਪਣੀ ਦੱਸ, ਕਿਸ ਕਿਸ ਦੇ ਦਿਲ ਵਿਚ ਤੂੰ ਆਲ੍ਹਣੇ ਪਾਏ?' ਦੇਵ ਬੋਲਿਆ।

'ਤੇਰੇ ਬਿਨਾਂ ਮੇਰੀ ਕਿਸੇ ਨਾਲ਼ ਕਦੀ ਕੋਈ ਐਸੀ ਗੱਲ ਨਹੀਂ ਹੋਈ ਦੇਵ।'

'ਮੇਰੀ ਸਹੁੰ?'

'ਹਾਂ ਤੇਰੀ ਸਹੁੰ।'

'ਬਿਲਕੁਲ ਝੂਠ।' ਦੇਵ ਉਸ ਨੂੰ ਆਪਣੀ ਗੋਦ' ਚੋਂ ਧੱਕਦਾ ਬੋਲਿਆ।

'ਝੂਠ? ਕੀ ਕੀਤਾ ਏ ਮੈਂ?' ਉਹ ਉਸ ਦੇ ਚਿਹਰੇ ਵਿਚ ਝਾਕਦੀ ਬੋਲੀ।

'ਤੂੰ ਹਰਮੋਨੀਅਮ ਵਜਾਉਣਾ ਕਿਸ ਤੋਂ ਸਿੱਖਿਆ? ਤਪਤੇਜ਼ ਸਿੰਘ ਤੋਂ ਨਾ? ਕੀ ਸਬੰਧ ਸੀ ਤੇਰਾ ਉਸ ਨਾਲ਼?'

'ਇਹ ਤੁਹਾਨੂੰ ਕਿਸ ਨੇ ਕਿਹਾ?'

'ਕਿਹਾ ਨਹੀਂ... ਮੈਂ ਤੇਰੇ ਮੂੰਹੋਂ ਸੁਣਨਾ ਚਾਹੁੰਦਾ ਹਾਂ। ਕੋਸ਼ਿਸ਼ ਕਰ, ਮੇਰੇ ਵਾਂਗ ਹੀ ਤੂੰ ਵੀ ਸੱਚ ਬੋਲ ਸਕੇਂ।'

ਸਿਮਰਜੀਤ ਰੋਣ ਲੱਗ ਪਈ। ਦੇਵ ਨੇ ਉਸ ਦੇ ਹੰਝੂ ਪੂੰਝੇ, ਚੁੱਪ ਕਰਾਇਆ ਤੇ

ਕਿਹਾ, 'ਰਹਿਣ ਦੇ ਸਿਮਰ... ਮੈਂ ਕੁਝ ਨਹੀਂ ਪੁੱਛਣਾ ਚਾਹੁੰਦਾ... ਮਿੱਟੀ ਪਾ ਬੀਤੇ ਤੇ।'

'ਨਹੀਂ ਦੇਵ... ਮੈਂ ਤੁਹਾਨੂੰ ਸੱਚ-ਸੱਚ ਦੱਸਾਂਗੀ, ਜੇ ਤੁਸੀਂ ਯਕੀਨ ਕਰੋ।'

ਸਿਮਰਜੀਤ ਨੇ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਉਹ ਦਸਵੀਂ ਜਮਾਤ ਵਿਚ ਪੜ੍ਹਨ ਜਾਣ ਲੱਗੀ ਹੀ ਸੀ। ਉਸ ਦੇ ਡੈਡੀ ਨੇ ਉਸਨੂੰ ਤੇ ਛੋਟੀ ਭੈਣ ਕਮਲ ਨੂੰ ਹਰਮੋਨੀਅਮ ਅਤੇ ਤਬਲਾ ਸਿਖਾਉਣ ਲਈ ਤਪਤੇਜ਼ ਸਿੰਘ ਦੇ ਮਿਊਜ਼ਿਕ ਸੈਂਟਰ ਵਿਚ ਲਾ ਦਿੱਤਾ ਸੀ। ਉਹ ਦੋਨੋਂ ਹਰ ਰੋਜ਼ ਤੀਜੇ ਪਹਿਰ ਉਸ ਕੋਲ਼ ਦੋ ਘੰਟੇ ਲਈ ਜਾਇਆ ਕਰਦੀਆਂ ਸਨ। ਹੌਲ਼ੀ-ਹੌਲ਼ੀ ਉਸ ਨੂੰ ਤਪਤੇਜ਼ ਦੀ ਨੀਅਤ ਤੇ ਸ਼ੱਕ ਹੋਣ ਲੱਗਾ। ਉਹ ਸੁਰਾਂ ਉੱਤੇ ਰੱਖੀਆਂ ਉਸ ਦੀਆਂ ਉਂਗਲਾਂ ਨੂੰ ਦਬਾਈ ਰੱਖਦਾ ਤੇ ਉਸ ਵੱਲ ਦੇਖ ਕੇ ਮੁਸਕਰਾਉਂਦਾ। ਜਦੋਂ ਸਿਮਰਜੀਤ ਨੇ ਕੋਈ ਵਿਰੋਧ ਹੀ ਨਾ ਕੀਤਾ ਤਾ ਉਹ ਹੋਰ ਅੱਗੇ ਵਧ ਗਿਆ। ਤੇ ਉਸ ਨੂੰ ਚਿੱਠੀਆਂ ਦੇ ਜਾਲ਼ ਵਿਚ ਫਸਾ ਲਿਆ ਤੇ ਵੱਡੇ ਵੱਡੇ ਸਬਜ਼ਬਾਗ ਦਿਖਾਉਣ ਲੱਗ ਪਿਆ। ਉਹ ਵਿਆਹਿਆ ਹੋਇਆ ਸੀ ਤੇ ਉਸ ਦੇ ਦੋ ਬੱਚੇ ਸਨ। ਉਹ ਕਹਿਣ ਲੱਗਾ ਕਿ ਉਹ ਆਪਣੇ ਪਰਿਵਾਰ ਨੂੰ ਛੱਡ ਕੇ ਉਸ ਨੂੰ ਬੰਬਈ ਲੈ ਜਾਵੇਗਾ। ਉਨ੍ਹਾਂ ਕੋਲ ਆਪਣੀ ਕੋਠੀ ਕਾਰ ਨੌਕਰ-ਚਾਕਰ ਹੋਣਗੇ ਤੇ ਉਹ ਦੋਨੋਂ ਸੁਖੀ ਜੀਵਨ ਬਿਤਾਉਣਗੇ। ਉਹ ਉਸ ਦੀ ਚਾਲ ਸਮਝ ਨਾ ਸਕੀ ਤੇ ਸਭ ਸੱਚ ਮੰਨ ਬੈਠੀ। ਇਕ ਦਿਨ ਉਸ ਨੇ ਬਾਥਰੂਮ ਗਈ ਸਿਮਰਜੀਤ ਨੂੰ ਫੜ ਲਿਆ ਤੇ ਉਸ ਨਾਲ਼ ਜਬਰਦਸਤੀ ਕਰਨੀ ਚਾਹੀ। ਉਸ ਦੇ ਰੌਲ਼ਾ ਪਾਉਣ ਉੱਤੇ ਕਮਲ ਅਤੇ ਹੋਰ ਕੁੜੀਆਂ ਆ ਗਈਆਂ। ਉਸ ਮਗਰੋਂ ਦੋਨਾਂ ਭੈਣਾਂ ਨੇ ਮਿਊਜ਼ਕ ਸੈਂਟਰ ਵਿਚ ਜਾਣਾ ਬੰਦ ਕਰ ਦਿੱਤਾ।

'ਫੇਰ ਤੂੰ ਘਰ ਦੱਸਿਆ ਹੋਵੇਗਾ। ਉਨ੍ਹਾਂ ਕੀ ਕੀਤਾ?'

'ਦੱਸਿਆ ਸੀ, ਉਹ ਕਹਿੰਦੇ ਬੱਸ ਚੁੱਪ ਕਰ ਜਾਓ। ਰੌਲ਼ਾ ਪਾਵਾਂਗੇ ਤਾਂ ਕੁੜੀ ਦੀ ਹੀ ਬਦਨਾਮੀ ਹੁੰਦੀ ਏ।'

'ਠੀਕ ਏ... ਫੇਰ ਤੂੰ ਮੇਰੀ ਝੂਠੀ ਸਹੁੰ ਕਿਉਂ ਖਾਧੀ?'

'ਦੇਵ ਮੈਨੂੰ ਮਾਫ਼ ਕਰਦੋ। ਮੈਥੋਂ ਗਲਤੀ ਹੋ ਗਈ।' ਕਹਿ ਕੇ ਉਹ ਦੇਵ ਨਾਲ਼ ਲਿਪਟ ਗਈ। ਦੇਵ ਨੇ ਹੱਸ ਕੇ ਉਸ ਦੀਆਂ ਗੱਲ੍ਹਾਂ ਥਪਥਪਾਈਆਂ।

**00**

# ਇਕਾਨਵੇਂ

ਸਿਮਰਜੀਤ ਵੱਲੋਂ ਦੱਸੀ ਗੱਲ ਨੇ ਦੇਵ ਨੂੰ ਪਰੇਸ਼ਾਨ ਕਰ ਦਿੱਤਾ। ਉਸ ਦੇ ਜਾਣ ਮਗਰੋਂ ਉਹ ਬਹੁਤ ਰੋਇਆ। ਕਦੀ ਮਨ ਕਹਿੰਦਾ, ਸਿਮਰਜੀਤ ਨੇ ਸਭ ਕੁਝ ਸੱਚ ਦੱਸ ਦਿੱਤਾ ਸੀ, ਕਦੀ ਕਹਿੰਦਾ, ਉਸ ਨੇ ਬਹੁਤ ਕੁਝ ਛੁਪਾ ਲਿਆ ਸੀ। ਉਹ ਗੱਲ ਐਨੀ ਕੁ ਨਹੀਂ ਸੀ, ਜਿੰਨੀ ਸਿਮਰਜੀਤ ਨੇ ਦੱਸੀ ਸੀ। ਉਸ ਨੂੰ ਕਿਰਪਾਲ ਸਿੰਘ ਦੀ ਦੱਸੀ ਗੱਲ ਯਾਦ ਆਈ ਕਿ ਸਿਮਰਜੀਤ ਨੂੰ ਤਪਤੇਜ਼ ਸਿੰਘ ਬਾਹਰ ਭਜਾ ਕੇ ਲੈ ਗਿਆ ਸੀ। ਹੁਣ ਕਿਰਪਾਲ ਸਿੰਘ ਉਸ ਨੂੰ ਸੱਚਾ ਲੱਗ ਰਿਹਾ ਸੀ। ਉਹ ਤਾਂ ਸਭ ਕੁਝ ਲੁਟਾ ਕੇ ਘਰ ਪਰਤੀ ਹੋਵੇਗੀ। ਐਵੇਂ ਉਸ ਕੋਲ ਆਪਣੇ ਸੱਚੀ ਅਤੇ ਪਵਿੱਤਰ ਹੋਣ ਦਾ ਨਾਟਕ ਕਰ ਰਹੀ ਸੀ। ਦੇਵ ਰਾਤ

ਭਰ ਇਹੋ ਜਿਹੀਆਂ ਗੱਲਾਂ ਹੀ ਸੋਚਦਾ ਰਿਹਾ। ਉਸ ਨੂੰ ਕਿਰਪਾਲ ਸਿੰਘ ਨੇ ਸ਼ਾਇਦ ਇਹ ਵੀ ਕਿਹਾ ਸੀ ਕਿ ਇਹ ਕੁੜੀ ਵਿਆਹ ਲਈ ਨਹੀਂ ਸਗੋਂ ਘੁੰਮਣ ਫਿਰਨ ਅਤੇ ਮੌਜ-ਮੇਲਾ ਕਰਨ ਲਈ ਵਧੀਆ ਸੀ।

ਅਗਲੇ ਐਤਵਾਰ ਉਨ੍ਹਾਂ ਦੋਨਾਂ ਦਾ ਪਿਕਚਰ ਦੇਖਣ ਦਾ ਪ੍ਰੋਗਰਾਮ ਸੀ। ਦੇਵ ਸਾਇਕਲ ਚੁੱਕ ਕੇ ਦੁਪਹਿਰ ਦੇ ਸ਼ੋਅ ਲਈ ਇਲਾਈਟ ਥਿਏਟਰ ਪੁੱਜ ਗਿਆ। ਜਦੋਂ ਸਿਨਮਾ ਹਾਲ ਦਾ ਬਾਹਰਲਾ ਗੇਟ ਲੰਘਿਆ ਤਾਂ ਸਿਮਰਜੀਤ ਤੇ ਉਹਦੀ ਛੋਟੀ ਭੈਣ ਕਮਲ ਪੋਸਟਰ ਦੇਖਣ ਲੱਗੀਆਂ ਹੋਈਆਂ। ਦੇਵ ਦੇਖ ਕੇ ਹੈਰਾਨ ਹੋਇਆ ਕਿ ਉਹ ਕਮਲ ਨੂੰ ਕਿਉਂ ਨਾਲ਼ ਲੈ ਆਈ ਸੀ। ਉਨ੍ਹਾਂ ਨੇ ਇਕ ਦੂਜੇ ਨੂੰ ਵਿਸ਼ ਕੀਤਾ ਤੇ ਕੌਫ਼ੀ ਹੱਟ ਦੇ ਸਾਮ੍ਹਣੇ ਡਹੇ ਸੋਫ਼ੇ ਤੇ ਬੈਠ ਗਏ।

'ਹੋਰ ਬਈ ਕਮਲ ਕੀ ਹਾਲ ਏ ਤੇਰਾ?' ਦੇਵ ਨੇ ਗੱਲ ਸ਼ੁਰੂ ਕੀਤੀ।

'ਹਾਲ ਵਧੀਆ ਏ, ਤੁਸੀਂ ਸੁਣਾਓ।'

'ਅਸੀਂ ਦੋਨਾਂ ਭੈਣਾਂ ਨੇ ਇਕ ਦੂਜੇ ਤੋਂ ਕਦੀ ਕੋਈ ਗੱਲ ਛੁਪਾਈ ਨਹੀਂ।' ਸਿਮਰਜੀਤ ਬੋਲੀ।

'ਤਾਂ ਤੇ ਉਸ ਦਿਨ ਮੇਰੇ ਕਵਾਰਟਰ' ਚ ਆਉਣ ਵਾਲ਼ੀ ਗੱਲ ਵੀ ਦੱਸ ਦਿੱਤੀ ਹੋਵੇ ਗੀ, ਕਮਲ ਨੂੰ।' ਦੇਵ ਦੇ ਮੂੰਹੋਂ ਨਿਕਲ਼ ਗਿਆ।

'ਕੌਣ? ਸਿਮਰ ਗਈ ਸੀ ਤੁਹਾਡੇ ਕਵਾਰਟਰ' ਚ?' ਕਮਲ ਨੇ ਪੁੱਛਿਆ।

'ਤੈਨੂੰ ਬੁੱਧੂ ਬਣਾਉਂਦੇ ਨੇ ਕਮਲ। ਮੈਂ ਐਨੀ ਹਿੰਮਤ ਕਰ ਸਕਦੀ ਹਾਂ ਕਿ ਇਨ੍ਹਾਂ ਦੇ ਕਵਾਰਟਰ ਵਿਚ ਚਲੀ ਜਾਵਾਂ?'

'ਹੁਣ ਤਾਂ ਚੋਰੀ ਫੜੀ ਗਈ।' ਕਮਲ ਹੱਸੀ।

'ਚੱਲ ਫੜੀ ਗਈ ਤਾਂ ਫੜੀ ਗਈ ਸਹੀ।' ਸਿਮਰ ਨੇ ਮੂੰਹ ਬਣਾ ਕੇ ਕਿਹਾ।

'ਫੇਰ ਤਾਂ ਅਜਿਹੀਆਂ ਬਹੁਤ ਗੱਲਾਂ ਹੋਣਗੀਆਂ ਜਿਹੜੀਆਂ ਤੁਸੀਂ ਇਕ ਦੂਜੇ ਨਾਲ਼ ਸਾਂਝੀਆਂ ਕਰ ਲੈਂਦੀਆਂ ਹੋਵੋਂਗੀਆਂ। ਮੈਨੂੰ ਵੀ ਦੱਸੋਂ ਕੋਈ।' ਦੇਵ ਨੇ ਕਿਹਾ।

'ਤੀਜਾ ਰਲ਼ਿਆ ਕੰਮ ਗਲ਼ਿਆ।' ਕਮਲ ਹੱਸੀ

ਦੇਵ ਨੂੰ ਫਿਰ ਤਪਤੇਜ਼ ਦਿਖਣ ਲੱਗ ਪਿਆ। ਕਿਸੇ ਖੂੰਖਾਰ ਬਘਿਆੜ ਦੀ ਸ਼ਕਲ ਉਸ ਦੇ ਦਿਮਾਗ ਵਿਚ ਆ ਵੜੀ। ਜੋ ਵੀ ਕਰਦੀਆਂ ਨੇ ਇਹ ਮਿਲ ਕੇ ਕਰਦੀਆਂ ਨੇ। ਉਹ ਕੀ ਕਰਦੀਆਂ ਹੋਣਗੀਆਂ। ਭੈੜੇ ਭੈੜੇ ਖਿਆਲ ਉਸ ਨੂੰ ਹੌਂਟ ਕਰਨ ਲੱਗੇ। ਆਗਰਾ ਸ਼ਹਿਰ ਵਿਚ ਮੁੰਡੇ-ਕੁੜੀਆਂ ਦਾ ਇਕੱਠੇ ਪਿਕਚਰ ਦੇਖ ਲੈਣਾ ਕੋਈ ਬਹੁਤੀ ਸਲਸਨੀਖੇਜ਼ ਗੱਲ ਨਹੀਂ ਸੀ ਹੁੰਦੀ। ਦੇਵ ਨੂੰ ਲੱਗਾ ਜਿਵੇਂ ਉਸ ਵਿੱਚੋਂ 'ਦੁਖੀ' ਨਾਂ ਦਾ ਮੁੰਡਾ ਕਦੋਂ ਦਾ ਬਾਹਰ ਨਿਕਲ਼ ਗਿਆ ਹੋਵੇ। ਸ਼ਹਿਰ ਦੀ ਹਵਾ ਵਿਚ ਉਹ ਵੀ ਆਪਣੇ ਪਰ ਤੋਲਣ ਲੱਗ ਪਿਆ ਹੋਵੇ। ਉਸ ਨੇ ਕਮਲ ਵੱਲ ਨੀਝ ਲਾ ਕੇ ਦੇਖਿਆ ਤਾਂ ਉਹ ਮੁਸਕਰਾਉਣ ਲੱਗੀ। ਮੋਤੀਆਂ ਵਰਗੇ ਦੰਦਾਂ ਦੀ ਪਾਲ਼ ਵੀ ਦਿਖਾਈ ਦੇਣ ਲੱਗ ਪਈ। ਉਹ ਖ਼ੂਬ ਫ਼ਬ ਰਹੀ ਸੀ। ਦੇਵ ਨੂੰ ਉਸ ਦੇ ਨੈਣ-ਨਕਸ਼ ਸਿਮਰਜੀਤ ਤੋਂ ਵੀ ਵੱਧ ਆਕਰਸ਼ਿਕ ਲੱਗੇ। ਇਕ ਗੱਲ ਤਾਂ ਦੇਵ ਪਹਿਲਾਂ ਹੀ ਜਾਣਦਾ ਸੀ ਕਿ ਕਮਲ ਅੰਦਰੋਂ ਵੀ ਇੰਟੈਲੀਜੈਂਟ ਅਤੇ ਖ਼ੂਬਸੂਰਤ ਸੀ।

ਫਿਰ ਉਹ ਦੇਵ ਤੋਂ ਚਾਰ ਪੰਜ ਸਾਲ ਛੋਟੀ ਵੀ ਸੀ। ਦੇਵ ਦੇ ਅੰਦਰੋਂ ਅਵਾਜ਼ ਆਈ ਕਿ ਪਿਆਰ ਕਰਨ ਲਈ ਸਿਮਰਜੀਤ ਨਹੀਂ, ਸਗੋਂ ਕਮਲ ਹੀ ਹੋਣੀ ਚਾਹੀਦੀ ਹੈ। ਉਸ ਦਿਨ ਇਕੱਠੇ ਪਿਕਚਰ ਦੇਖਣ ਨਾਲ਼ ਕਮਲ ਨਾਲ਼ ਉਸ ਦੀ ਨੇੜਤਾ ਦਾ ਵਧ ਜਾਣਾ ਕੁਦਰਤੀ ਸੀ। ਉਸ ਦਾ ਮਨ ਮਚਲਣ ਲੱਗ ਪਿਆ ਕਿ ਕਦੋਂ ਮੌਕਾ ਮਿਲੇ ਤੇ ਉਹ ਕਮਲ ਕੋਲ਼ ਆਪਣੇ ਪਿਆਰ ਦਾ ਇਜ਼ਹਾਰ ਕਰੇ। ਸਵੇਰ ਵਾਲ਼ਾ ਸ਼ੋਅ ਖ਼ਤਮ ਹੋਣ ਤੇ ਲੋਕ ਬਾਹਰ ਆਉਣ ਲੱਗੇ । ਦੇਵ ਪਹਿਲਾਂ ਹੀ ਬਕਸ ਦੀਆਂ ਤਿੰਨ ਟਿਕਟਾਂ ਲੈ ਆਇਆ ਸੀ। ਟਿਕਟ ਦਿਖਾ ਕੇ ਉਹ ਅੰਦਰ ਡਹੀਆਂ ਕੁਰਸੀਆਂ ਤੇ ਜਾ ਬੈਠੇ। ਉਨ੍ਹਾਂ ਮੂਹਰੇ ਇਕ ਇਕ ਕਰਕੇ ਤਿੰਨ ਜੋੜੇ ਹੋਰ ਆ ਬੈਠੇ। ਉਸ ਪਿਕਚਰ ਦਾ ਨਾਂ 'ਆਏ ਦਿਨ ਬਹਾਰ ਕੇ' ਸੀ ਤੇ ਹੀਰੋ ਸ਼ਾਇਦ ਧਰਮਿੰਦਰ ਸੀ, ਜਾਂ ਫਿਰ ਕੋਈ ਹੋਰ ਸੀ। ਪਹਿਲਾਂ ਉਨ੍ਹਾਂ ਦੇ ਖੱਬਿਓਂ ਸੱਜੇ ਵੱਲ ਬੈਠਣ ਦੀ ਤਰਤੀਬ ਸੀ, ਦੇਵ, ਸਿਮਰਜੀਤ ਤੇ ਫਿਰ ਕਮਲ। ਪਿਕਚਰ ਸ਼ੁਰੂ ਹੋਈ ਤਾਂ ਕਮਲ ਦੇਵ ਦੇ ਸੱਜੇ ਪਾਸੇ ਆ ਬੈਠੀ। ਉਸ ਦੇ ਮੂਹਰੇ ਰਾਜਸਥਾਨੀ ਪੱਗੜ ਵਾਲ਼ਾ ਕੋਈ ਭਾਈ ਆ ਬੈਠਾ ਸੀ। ਫਿਰ ਉਨ੍ਹਾਂ ਦੀ ਤਰਤੀਬ ਬਣ ਗਈ, ਕਮਲ, ਦੇਵ ਤੇ ਸਿਮਰਜੀਤ। ਇਸ ਤਰ੍ਹਾਂ ਦੇਵ ਦੀ ਸੀਟ ਦੋਨਾਂ ਦੇ ਵਿਚਾਲ਼ੇ ਬਣ ਗਈ। ਉਹ ਆਪਣੇ ਆਪ ਨੂੰ ਸ਼ਹਿਨਸ਼ਾਹ ਮਹਿਸੂਸ ਕਰਨ ਲੱਗਾ, ਜਿਸ ਦੀਆਂ ਦੋ ਰਾਣੀਆਂ ਉਸ ਦੇ ਖੱਬੇ-ਸੱਜੇ ਬੈਠੀਆਂ ਸਨ। ਦੇਵ ਨੇ ਮਨ ਹੀ ਮਨ ਕਿਹਾ- ਗਾਨੇ ਵਾਲ਼ੀ ਕੋ ਬੁਲਾਓ... ਸ਼ਹਿਨਸ਼ਾਹ ਅਕਬਰ ਅਪਨੀ ਬੀਵੀਓਂ ਕੇ ਸਾਥ ਪਧਾਰ ਚੁਕੇ ਹੈਂ। ਅਚਾਨਕ ਸਿਮਰਜੀਤ ਨੇ ਦੇਵ ਦਾ ਖੱਬਾ ਹੱਥ ਫੜ ਕੇ ਆਪਣੀ ਗੋਦ ਵਿਚ ਰੱਖ ਲਿਆ ਤੇ ਪੋਲਾ ਪੋਲਾ ਸਹਿਲਾਉਣ ਲੱਗ ਪਈ। ਜਿਵੇਂ ਹੱਥ ਨੂੰ ਲੋਰੀ ਦੇ ਰਹੀ ਹੋਵੇ। ਕੁਝ ਚਿਰ ਮਗਰੋਂ ਕਮਲ ਦੇ ਗੋਡੇ ਉੱਤੇ ਦੇਵ ਨੇ ਆਪਣਾ ਸੱਜਾ ਹੱਥ ਰੱਖਿਆ ਹੀ ਸੀ ਕਿ ਉਹ ਇੰਝ ਟੱਪੀ ਜਿਵੇਂ ਨੂੰਹਾਂ ਲੜ ਗਿਆ ਹੋਵੇ। ਉਸ ਨੇ ਦੇਵ ਦਾ ਹੱਥ ਪਰ੍ਹਾਂ ਧੱਕ ਦਿੱਤਾ ਤੇ ਜ਼ਰਾ ਕੁ ਪਰ੍ਹੇ ਸਰਕ ਗਈ। ਥੋੜ੍ਹੀ ਦੇਰ ਮਗਰੋਂ ਉਹ ਫਿਰ ਨੇੜੇ ਆਈ ਤਾਂ ਦੇਵ ਨੇ ਉਸ ਦਾ ਹੱਥ ਫੜ ਕੇ ਘੁੱਟ ਲਿਆ। ਉਹ ਛੁਡਾਉਣ ਦੀ ਕੋਸ਼ਿਸ਼ ਕਰਦੀ ਰਹੀ ਪਰ ਉਸ ਨੇ ਛੱਡਿਆ ਨਾ। ਉਹ ਹੱਥ ਨੂੰ ਸਹਿਲਾਉਣ ਲੱਗਾ ਤਾਂ ਉਹ ਟਿਕ ਗਈ। ਦੇਵ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਇੰਟਰਵਲ ਹੋ ਗਿਆ ਤੇ ਬੱਤੀਆਂ ਜਗ ਪਈਆਂ। ਦੇਵ ਨੇ ਇਕ ਵਾਰੀ ਵੀ ਪਰਦੇ ਤੇ ਨਹੀਂ ਸੀ ਦੇਖਿਆ ਕਿ ਕੀ ਹੋ ਰਿਹਾ ਸੀ। ਸਿਮਰਜੀਤ ਉੱਠ ਕੇ ਬਾਹਰ ਨਿਕਲ਼ ਗਈ, ਸ਼ਾਇਦ ਬਾਥਰੂਮ ਗਈ ਹੋਵੇਗੀ। ਕਮਲ ਬੋਲੀ, 'ਤੁਸੀਂ ਮੇਰਾ ਹੱਥ ਕਿਉਂ ਫੜਿਆ?'

ਦੇਵ ਨੇ ਉਸ ਦਾ ਹੱਥ ਫਿਰ ਫੜ ਲਿਆ ਤੇ ਕਿਹਾ, 'ਕਮਲ ਤੂੰ ਮੇਰੇ ਦਿਲ ਤੇ ਜਾਦੂ ਕਰ ਦਿੱਤਾ ਏ। ਮੈਂ ਤੈਨੂੰ ਬਹੁਤ ਪਿਆਰ ਕਰਨ ਲੱਗਾ ਹਾਂ।'

'ਤੁਸੀਂ... ਮੈਨੂੰ ਪਿਆਰ ਕਰਦੇ ਹੋ?' ਉਹ ਹੈਰਾਨੀ ਨਾਲ਼ ਬੋਲੀ।

'ਹਾਂ ਕਮਲ.... ਬਹੁਤ ਜ਼ਿਆਦਾ। ਤੇਰੇ ਕੋਲ਼ੋਂ ਵੀ ਚਾਹੁੰਦਾ ਏਂ ਕਿ ਤੂੰ ਵੀ ਮੈਨੂੰ ਕਰੇਂ।'

'ਹੋਰ ਤੁਸੀਂ ਕਿਸ ਨੂੰ ਪਿਆਰ ਕਰਦੇ ਹੋ?'

'ਕਿਸੇ ਨੂੰ ਵੀ ਨਹੀਂ।'

'ਸਿਮਰਜਜੀਤ ਨੂੰ ਵੀ ਨਹੀਂ?'

'ਨਹੀਂ, ਮੈਂ ਕੇਵਲ ਤੈਨੂੰ ਪਿਆਰ ਕਰਦਾ ਹਾਂ।'

'ਬੜੇ ਬੇਵਫ਼ਾ ਹੋ ਤੁਸੀਂ ਤਾਂ।'

'ਬੱਸ ਕੁਝ ਵੀ ਕਹਿ। ਮੈਂ ਤੇਰੇ ਨਾਲ਼ ਹਮੇਸ਼ਾ ਵਫ਼ਾ ਨਿਭਾਵਾਂਗਾ। ਤੇਰੇ ਕੋਲ਼ੋਂ ਪਿਆਰ ਦੀ ਭੀਖ ਮੰਗਦਾ ਹਾਂ।' ਦੇਵ ਨੇ ਕਿਹਾ।

'ਬੜੇ ਅਜੀਬ ਮੰਗਤੇ ਹੋ ਤੁਸੀਂ ਤਾਂ... ਦਰ ਦਰ ਤੇ ਭੀਖ ਮੰਗਦੇ ਫਿਰ ਰਹੇ ਹੋ।' ਉਹ ਬੋਲੀ ਹੀ ਸੀ ਕਿ ਸਿਮਰਜੀਤ ਆ ਗਈ। ਉਹ ਖਾਣ-ਪੀਣ ਲਈ ਕਾਫ਼ੀ ਕੁੱਝ ਲੈ ਆਈ ਸੀ। ਆਉਂਦੀ ਹੀ ਬੋਲੀ, 'ਕੀ ਚੁਗਲੀਆਂ ਹੋ ਰਹੀਆਂ ਨੇ?'

'ਕਮਲ ਪੁੱਛਦੀ ਸੀ, ਪਿਕਚਰ ਕਿਵੇਂ ਲੱਗੀ?' ਦੇਵ ਬੋਲਿਆ।

'ਝੂਠੇ.... ਮੈਂ ਕਦੋਂ ਪੁੱਛਿਆ ਏ?'

'ਕਮਲ ਬੜੀ ਸਿਆਣੀ ਕੁੜੀ ਏ ਸਿਮਰ।'

'ਅੱਜ ਪਤਾ ਲੱਗਾ ਏ?' ਸਿਮਰਜੀਤ ਨੇ ਕਿਹਾ।

ਹਾਲ ਦੀਆਂ ਬੱਤੀਆਂ ਬੰਦ ਹੋਈਆਂ ਤਾਂ ਪਿਕਚਰ ਮੁੜ ਸ਼ੁਰੂ ਹੋ ਗਈ। ਦੇਵ ਨੇ ਤਾਂ ਨਾ ਪਹਿਲਾਂ ਦੇਖੀ ਤੇ ਨਾ ਹੀ ਹੁਣ ਦੇਖ ਰਿਹਾ ਸੀ। ਉਸ ਦਾ ਖੱਬਾ ਹੱਥ ਸਿਮਰ ਨੇ ਖਿੱਚ ਲਿਆ। ਉਸ ਨੇ ਸੱਜਾ ਹੱਥ ਕਮਲ ਵੱਲ ਵਧਾਇਆ ਤੇ ਉਸ ਦਾ ਹੱਥ ਫੜ ਲਿਆ। ਹੁਣ ਉਸ ਨੇ ਕੋਈ ਵਿਰੋਧ ਨਾ ਕੀਤਾ। ਉਹ ਉਸ ਦੀਆਂ ਉਂਗਲਾਂ ਘੁੱਟਣ ਲੱਗਾ। ਉੱਧਰ ਖੱਬੇ ਹੱਥ ਦੀਆਂ ਉਂਗਲਾਂ ਨੂੰ ਸਿਮਰ ਘੁੱਟਣ ਲੱਗੀ ਹੋਈ ਸੀ। ਪਤਾ ਹੀ ਨਾ ਲੱਗਾ ਕਿ ਕਦੋਂ ਸ਼ਹਿਨਸ਼ਾਹ ਦੇ ਤਿੰਨ ਘੰਟੇ ਆਸੇ ਪਾਸੇ ਬੈਠੀਆਂ ਹੂਰ ਪਰੀਆਂ ਦੀ ਸੰਗਤ ਵਿਚ ਬੀਤ ਗਏ ।

'ਘਰ ਆ ਜਾਇਆ ਕਰੋ ਸ਼ਾਮ ਨੂੰ।' ਜਦੋਂ ਉਨ੍ਹਾਂ ਨੇ ਆਪਣੇ ਸਾਇਕਲ ਚੁੱਕੇ ਤਾਂ ਸਿਮਰਜੀਤ ਨੇ ਕਿਹਾ।

ਉਸ ਦਿਨ ਮਗਰੋਂ ਦੇਵ ਦੇ ਉਨ੍ਹਾਂ ਦੇ ਘਰ ਦੇ ਗੇੜੇ ਵਧ ਗਏ। ਸਿਮਰਜੀਤ ਉਸ ਨੂੰ ਚਿੱਠੀ ਫੜਾਉਂਦੀ ਤਾਂ ਉਹ ਦੋ ਤਿੰਨ ਦਿਨਾਂ ਬਾਅਦ ਉਸ ਦਾ ਉੱਤਰ ਲਿਖ ਲਿਆਉਂਦਾ। ਕਮਲ ਵੱਲ ਦੇਖ ਕੇ ਉਹ ਮੁਸਕਰਾਉਂਦਾ ਤਾਂ ਉਹ ਕੋਈ ਪ੍ਰਤੀਕਰਮ ਨਾ ਦਿਖਾਉਂਦੀ। ਇਕ ਦਿਨ ਜਦੋਂ ਉਹ ਉਨ੍ਹਾਂ ਦੇ ਘਰੋਂ ਆਉਣ ਲੱਗਾ ਤਾਂ ਦਰਵਾਜ਼ਾ ਬੰਦ ਕਰਨ ਲਈ ਆਈ ਕਮਲ ਬੋਲੀ, 'ਤੁਸੀਂ ਮੇਰੇ ਪਿੱਛੇ ਕਿਉਂ ਪਏ ਰਹਿੰਦੇ ਹੋ?'

'ਮੈਂ ਸਿਰਫ਼ ਤੈਨੂੰ ਪਿਆਰ ਕਰਦਾ ਹਾਂ ਕਮਲ। ਤੇਰੇ ਬਿਨਾਂ ਜੀਅ ਨਹੀਂ ਸਕਦਾ।'

'ਠੀਕ ਏ... ਤੁਸੀਂ ਜੋ ਵੀ ਚਾਹੁੰਦੇ ਹੋ, ਕੱਲ੍ਹ ਚਿੱਠੀ ਲਿਖ ਕੇ ਦੇ ਦੇਣੀ।' ਕਮਲ ਮੁਸਕਰਾਈ।

ਦੇਵ ਬੜੇ ਚਾਅ ਨਾਲ਼ ਛਾਲਾਂ ਮਾਰਦਾ ਘਰ ਨੂੰ ਗਿਆ। ਸੋਚਿਆ, ਹੁਣ ਗੱਲ ਬਣੀ ਕਿ ਬਣੀ। ਘਰ ਰੋਟੀ ਖਾਣ ਮਗਰੋਂ ਉਹ ਸੱਠ ਨੰਬਰ ਵਾਲ਼ੇ ਕਵਾਰਟਰ ਨੂੰ ਚਲਾ ਗਿਆ। ਕੱਪੜੇ ਖੋਲ੍ਹੇ ਤੇ ਕਮਲ ਨੂੰ ਚਿੱਠੀ ਲਿਖਣ ਬੈਠ ਗਿਆ। ਉਸ ਨੇ ਆਪਣੇ ਦਿਲ ਦੇ ਸਾਰੇ ਵਲਵਲੇ ਉਸ ਚਿੱਠੀ ਵਿਚ ਮੋਤੀਆਂ ਵਾਂਗ ਪਰੋ ਦਿੱਤੇ ਕਿ ਇਸ ਵਿਚ ਕੋਈ ਝੂਠ ਨਹੀਂ ਕਿ

ਉਹ ਸਿਮਰਜੀਤ ਨੂੰ ਪਿਆਰ ਕਰਦਾ ਸੀ, ਪਰ ਹੁਣ ਕਮਲ ਦਾ ਪਿਆਰ ਉਸ ਉਤੇ ਹਾਵੀ ਹੋ ਗਿਆ ਸੀ। ਸਿਮਰ ਕਮਲ ਜਿੰਟੀ ਸੋਹਣੀ ਤੇ ਹੁਸੀਨ ਨਹੀਂ। ਉਸ ਨੂੰ ਉਸਦਾ ਚਿਹਰਾ ਵੀ ਚੰਗਾ ਨਹੀਂ ਲਗਦਾ, ਜਿਵੇਂ ਚੂਪਿਆ ਹੋਇਆ ਅੰਬ ਹੋਵੇ। ਸਿਮਰ ਦੇ ਬੁੱਲ੍ਹ, ਅੱਖਾਂ ਐਨੇ ਸੁਹਣੇ ਨਹੀਂ, ਜਿੰਨੇ ਕਮਲ ਦੇ ਸਨ। ਕਈ ਗੱਲਾਂ ਵਿਚ ਤਾਂ ਸਿਮਰ ਡਫਰ ਹੀ ਹੈ ਜਦ ਕਿ ਕਮਲ ਸੂਝਵਾਨ, ਚੁਸਤ ਤੇ ਫੁਰਤੀਲੀ ਹੈ। ਸਿਮਰ ਦੀ ਤੋਰ ਸਿੱਧ ਪਧਰੀ ਹੈ ਜਦ ਕਿ ਕਮਲ ਦੀ ਤੋਰ ਦਿਲ ਨੂੰ ਧੂਅ ਪਾਉਂਦੀ ਹੈ। ਦੇਵ ਨੇ ਚਿੱਠੀ ਵਿਚ ਬੜੇ ਸ਼ਿਅਰ ਲਿਖੇ ਤੇ ਹੋਰ ਬਹੁਤ ਸਾਰੀਆਂ ਗੱਲਾਂ ਵੀ ਲਿਖੀਆਂ ਜਿਹੜੀਆਂ ਉਹ ਕਦੀ ਸਿਮਰਜੀਤ ਜਾਂ ਕੁਲਦੀਪ ਨੂੰ ਲਿਖਦਾ ਰਿਹਾ ਸੀ। ਉਸ ਨੇ ਕਮਲ ਨੂੰ ਕਦੀ ਇਕੱਲੀ ਘੁੰਮਣ ਫਿਰਨ ਜਾਣ ਲਈ ਜਾਂ ਫਿਰ ਸੱਠ ਬਲਾਕ ਵਿਚ ਆ ਕੇ ਮਿਲਣ ਲਈ ਵੀ ਲਿਖਿਆ। ਅਗਲੇ ਦਿਨ ਓਹ ਚਿੱਠੀ ਕਮਲ ਨੂੰ ਦੇ ਆਇਆ।

ਦੋ ਜਾਂ ਤਿੰਨ ਦਿਨ ਹੀ ਬੀਤੇ ਸਨ। ਦੇਵ ਅਜੇ ਕਵਾਰਟਰ ਵਿਚ ਸੁੱਤਾ ਹੀ ਪਿਆ ਸੀ ਕਿ ਦਰ ਖੜਕਿਆ। ਐਨੀ ਸਾਝਰੇ ਕੌਣ ਹੋ ਸਕਦਾ ਸੀ, ਹੈਰਾਨ ਹੋਇਆ। ਉਸਨੇ ਕੱਛਾ ਪਾਇਆ ਤੇ ਬਾਹਰ ਜਾ ਕੇ ਦਰ ਖੋਲ੍ਹ ਦਿੱਤਾ। ਸਿਮਰਜੀਤ ਸੀ। ਉਸ ਨੇ ਤਾਰ ਉਤੇ ਲਟਕਦਾ ਹੋਇਆ ਤੌਲੀਆ ਲੱਕ ਦੁਆਲੇ ਲਪੇਟਿਆ ਤੇ ਉਸ ਦੁਆਲ਼ੇ ਬਾਂਹ ਵਲ਼ਾ ਕੇ ਅੰਦਰ ਕਮਰੇ' ਚ ਲੈ ਗਿਆ।

'ਅਜੇ ਉੱਠੇ ਨੀ ਸੀ?' ਸਿਮਰਜੀਤ ਬੋਲੀ।

'ਲੇਟ ਸੁੱਤਾ ਸੀ ਰਾਤੀਂ।' ਉਹ ਬੋਲਿਆ।

'ਚਿੱਠੀ ਲਿਖਦੇ ਰਹੇ ਸੀ ਕਿਸੇ ਨੂੰ?'

'ਨਹੀ.... ਚਿੱਠੀ ਮੈਂ ਤੇਰੇ ਬਿਨਾਂ ਕਿਸਨੂੰ ਲਿਖਣੀ ਏਂ?' ਉਹ ਹੱਸਿਆ।

'ਦੇਵ, ਇਹ ਦੱਸੋ ਸਾਡੇ ਦੋਨਾਂ' ਚੋਂ ਸੁਹਣੀ ਕੌਣ ਏਂ? ਮੈਂ ਜਾਂ ਕਮਲ?'

'ਤੁਸੀਂ ਦੋਨੋਂ ਇਕ ਦੂਜੀ ਤੋਂ ਸੋਹਣੀਆਂ ਹੋ?'

'ਬੁੱਲ੍ਹ ਕੀਹਦੇ ਸੁਹਣੇ ਨੇ ਜ਼ਿਆਦਾ?'

'ਕੀ ਮਤਲਬ ਸਿਮਰ?' ਉਹ ਘਬਰਾ ਗਿਆ।

'ਚਿਹਰਾ ਕੀਹਦਾ ਏ ਚੂਪੇ ਹੋਏ ਅੰਬ ਵਰਗਾ?'

'ਕੀ ਬੋਲੀ ਜਾਂਦੀ ਏ ਸਿਮਰ ਤੂੰ?'

'ਡਫ਼ਰ ਕੌਣ ਏ? ਤੋਰ ਕੀਹਦੀ ਵਧੀਆ ਏ? ਦੱਸੋ ਮੈਨੂੰ।'

'ਸਿਮਰ... ਪਲੀਜ਼... ਪਲੀਜ਼... ।' ਉਹ ਥਥਲਾਉਣ ਲੱਗਾ।

'ਤੁਸੀਂ ਕੇਵਲ ਕਮਲ ਨੂੰ ਪਿਆਰ ਕਰਦੇ ਹੋ। ਮੈਂ ਸੁਹਣੀ ਨਹੀਂ ਹਾਂ ਨਾ। ਮੈਥੋਂ ਦਿਲ ਭਰ ਗਿਆ ਏ ਤੁਹਾਡਾ.... ਮੈਂ.... ਮੈਂ... ।' ਸਿਮਰ ਬੋਲੀ ਗਈ ਤੇ ਉਹ ਸੁੰਨ ਹੁੰਦਾ ਚਲਾ ਗਿਆ।

ਸਿਮਰਜੀਤ ਨੇ ਮੇਜ਼ ਤੇ ਪਿਆ ਛੋਟਾ ਸ਼ੀਸ਼ਾ ਚੁੱਕ ਲਿਆ ਤੇ ਅੱਗ ਵਰ੍ਹਾਉਂਦੀਆਂ ਅੱਖਾਂ ਨਾਲ਼ ਦੇਵ ਵੱਲ ਕਰਦੀ ਬੋਲੀ, ' ਦੇਵ... ਇਸ ਵਿਚ ਆਪਣਾ ਚਿਹਰਾ ਦੇਖੋ... ਹੈ ਨਾ ਚੂਪੇ ਅੰਬ ਵਰਗਾ? ਤੁਹਾਨੂੰ ਇਹ ਘਿਣਾਉਣਾ ਨਹੀਂ ਲਗਦਾ? ਬੁੱਲ੍ਹ ਜਿਵੇਂ ਖੋਤੇ ਦੇ ਹੋਣ। ਨੱਕ

ਜਿਵੇਂ ਕੰਧ ਤੇ ਪਾਥੀ ਪੱਥੀ ਹੋਵੇ। ਮੱਥਾ ਜਿਵੇਂ ਚੱਕੀ ਦਾ ਪੁੜ ਧਰਿਆ ਹੋਵੇ। ਹੋਰ ਕੀ ਸੁਣਨਾ ਚਾਹੁੰਦੇ ਹੋ ਮੈਥੋਂ?'

'ਸਿਮਰਜੀਤ, ਮੈਂ ਮਾਫ਼ੀ ਮੰਗਦਾ ਹਾਂ। ਮੈਨੂੰ ਮਾਫ਼ ਕਰਦੇ।' ਉਹ ਬੋਲਿਆ।

'ਮਾਫ਼ੀ ਕਾਹਦੀ? ਮੈਂ ਤੁਹਾਡੇ ਨਾਲ਼ ਸਾਰੇ ਸਬੰਧ ਖ਼ਤਮ ਕਰਨ ਆਈ ਹਾਂ। ਕਮਲ ਮੇਰੀ ਸਹੇਲੀਆਂ ਵਰਗੀ ਭੈਣ ਹੈ। ਉਸ ਨੂੰ ਵੀ ਕਦੀ ਕੁਝ ਕਹਿਣ ਦੀ ਜੁਅੱਰਤ ਨਾ ਕਰਨਾ। ਬਦਤਮੀਜ਼ੀ ਨਾਲ਼ ਲਿਖੀ ਤੁਹਾਡੀ ਉਹ ਚਿੱਠੀ ਕਮਲ ਨੇ ਡੈਡੀ ਨੂੰ ਦੇ ਦਿੱਤੀ ਏ। ਉਹ ਵੀ ਤੁਹਾਨੂੰ ਨਫ਼ਰਤ ਕਰਦੀ ਏ। ਸਾਡਾ ਸਾਰਾ ਘਰ ਤੁਹਾਨੂੰ ਨਫ਼ਰਤ ਕਰਦਾ ਏ- ਥੂਹ।' ਉਹ ਥੁੱਕ ਕੇ ਕਮਰੇ' ਚੋਂ ਬਾਹਰ ਨਿਕਲ਼ ਗਈ। ਕਾਫ਼ੀ ਦੇਰ ਤੱਕ ਜਿਵੇਂ ਦੇਵ ਨੂੰ ਸੁਰਤ ਹੀ ਨਾ ਆਈ। ਉਸ ਨੇ ਆਪਣੀ ਗੱਲ੍ਹ ਉੱਤੇ ਕਈ ਚਪੇੜਾਂ ਮਾਰੀਆਂ, ਫਿਰ ਰੋਣ ਲੱਗ ਪਿਆ।

ਬੀ. ਐਸਸੀ. ਦਾ ਨਤੀਜਾ ਆਇਆ ਤਾਂ ਦੇਵ ਸੈਕਿੰਡ ਡਵੀਜ਼ਨ ਵਿਚ ਪਾਸ ਹੋ ਗਿਆ। ਰਾਮੇਸ਼ਵਰ ਵੀ ਉਸ ਤੋਂ ਕੁਝ ਨੰਬਰ ਘੱਟ ਲੈ ਕੇ ਪਾਸ ਹੋ ਗਿਆ। ਸਿਮਰਜੀਤ ਫ਼ਸਟ ਡਵੀਜ਼ਨ ਲੈ ਗਈ ਸੀ। ਇਸ ਵਾਰੀ ਸਾਰੀ ਕਲਾਸ ਹੀ ਪਾਸ ਹੋ ਗਈ ਸੀ। ਯੂਨੀਵਰਸਿਟੀ ਰਿਜ਼ਲਟ ਦੇਖਣ ਗਿਆ ਉਹ ਇਕ ਬਹੁਤ ਲੰਬੀ ਚਿੱਠੀ ਸਿਮਰਜੀਤ ਨੂੰ ਦੇ ਣ ਲਈ ਨਾਲ਼ ਲੈ ਗਿਆ ਸੀ। ਉਹ ਢਾਈ ਤਿੰਨ ਘੰਟੇ ਲਸੂੜੇ ਦੇ ਦਰੱਖਤ ਦੁਆਲ਼ੇ ਬਣੇ ਉੱਚੇ ਫਰਸ਼ ਤੇ ਬੈਠਾ ਉਸ ਨੂੰ ਉਡੀਕਦਾ ਰਿਹਾ। ਜਦੋਂ ਸਿਮਰਜੀਤ ਰਿਜ਼ਲਟ ਦੇਖਣ ਆਈ ਤਾਂ ਉਹ ਉੱਠ ਕੇ ਉਸ ਲਾਗੇ ਚਲਾ ਗਿਆ ਤੇ ਬੋਲਿਆ, 'ਸਿਮਰਜੀਤ ਮੁਬਾਰਕ ਹੋਵੇ। ਤੇ ਰੀ ਫਸਟ ਡਵੀਜ਼ਨ ਆਈ ਏ।'

'ਚੰਗਾ, ਤੁਹਾਡਾ ਧੰਨਵਾਦ।'

'ਮੈਂ ਵੀ ਸੈਕੰਡ ਡਵੀਜ਼ਨ ਵਿਚ ਪਾਸ ਹੋ ਗਿਆ ਹਾਂ।' ਉਸ ਨੇ ਕਿਹਾ।

'ਚੰਗਾ।' ਉਹ ਬੋਲੀ।

'ਕੰਟੀਨ ਚੱਲੇਂਗੀ?'

'ਉੱਥੇ ਕੀ ਏ?'

'ਸਿਮਰਜੀਤ, ਮੈਂ ਤੇਰੇ ਨਾਲ਼ ਬੈਠ ਕੇ ਚਾਹ ਦਾ ਕੱਪ ਪੀਣਾ ਚਾਹੁੰਦਾ ਹਾਂ। ਪਲੀਜ਼ ਮੇਰੀ ਗਲਤੀ ਮਾਫ਼ ਕਰਦੇ। ਮੈਂ ਬਹੁਤ ਪਰੇਸ਼ਾਨ ਹਾਂ।' ਦੇਵ ਦੀਆਂ ਅੱਖਾਂ ਵਿਚ ਪਾਣੀ ਉਤਰ ਆਇਆ।

'ਚਲੋ।' ਸਿਮਰਜੀਤ ਬੋਲੀ।

'ਮੈਂ ਸਮਝਾਂ, ਕਿ ਤੂੰ ਮੈਨੂੰ ਮਾਫ਼ ਕਰ ਦਿੱਤਾ ਏ?'

ਸਿਮਰਜੀਤ ਕੁਝ ਵੀ ਨਾ ਬੋਲੀ। ਉਹ ਚਾਹ ਅਤੇ ਸਮੋਸਿਆਂ ਦਾ ਆਡਰ ਦੇ ਕੇ ਸਿਮਰਜੀਤ ਕੋਲ਼ ਆ ਬੈਠਾ। ਫਿਰ ਬੋਲਿਆ, 'ਸਿਮਰਜੀਤ, ਮੇਰਾ ਮਰਨ ਨੂੰ ਦਿਲ ਕਰਦਾ ਰਹਿੰਦੈ।'

'ਉਹ ਕਿਉਂ?'

'ਤੇਰੇ ਬਿਨਾਂ ਮੇਰੀ ਦੁਨੀਆਂ ਸੁੰਨੀ ਹੋ ਗਈ ਏ। ਜੇ ਤੂੰ ਮੇਰੀ ਜ਼ਿੰਦਗੀ ਵਿਚ ਪਰਤ ਆਵੇਂ ਤਾਂ ਮੁੜ ਕਦੀ ਕੋਈ ਗਲਤੀ ਨਹੀਂ ਕਰਾਂਗਾ।'

'ਇਉਂ ਲਗਦੈ ਜਿਵੇਂ ਕਾਫ਼ੀ ਸੁਧਰ ਗਏ ਹੋਵੋਂ।'

'ਹਾਂ ਸਿਮਰ... ਠੋਕਰ ਖਾ ਕੇ ਮੈਨੂੰ ਹੋਸ਼ ਆਈ ਏ।'

'ਅੱਛਿਆ... ਕਮਾਲ ਏ ਬਈ।'

'ਸਿਮਰਜੀਤ ਮੈਂ ਪ੍ਰਸਾਚਿਤ ਕਰਨਾ ਚਾਹੁੰਦਾ ਹਾਂ। ਇਸ ਚਿੱਠੀ ਵਿਚ ਸਭ ਕੁਝ ਲਿਖਿਆ ਏ।' ਉਸ ਨੇ ਚਿੱਠੀ ਮੇਜ਼ ਉੱਤੇ ਰੱਖ ਸਿਮਰ ਵੱਲ ਨੂੰ ਵਧਾ ਦਿੱਤੀ। ਉਸ ਨੇ ਹੱਥ ਨਾਲ਼ ਹੀ ਚਿੱਠੀ ਮੁੜ ਦੇਵ ਵੱਲ ਨੂੰ ਧੱਕ ਦਿੱਤੀ ਤੇ ਬੋਲੀ, 'ਦੇਵ, ਉਹ ਸਭ ਕੁਝ ਖ਼ਤਮ ਹੋ ਗਿਆ ਹੈ। ਬੁਰਾ ਨਾ ਮਨਾਉਣਾ ਮੈਂ ਇਹ ਚਿੱਠੀ ਨਹੀਂ ਲੈ ਸਕਦੀ।'

ਚਾਹ ਪੀਣ ਅਤੇ ਸਮੋਸੇ ਖਾਣ ਮਗਰੋਂ ਉਹ ਦੇਵ ਤੋਂ ਪਹਿਲਾਂ ਹੀ ਉੱਠ ਕੇ ਕਾਊਂਟਰ ਵੱਲ ਚਲੀ ਗਈ। ਦੇਵ ਵੀ ਉਸ ਦੇ ਮਗਰ ਗਿਆ ਤੇ ਜੇਬ੍ਹ' ਚੋਂ ਪਰਸ ਕੱਢਦਿਆਂ ਪੈਸੇ ਪੁੱਛੇ । ਢਾਈ ਰੁਪਏ ਬਣੇ ਸਨ। ਸਿਮਰਜੀਤ ਨੇ ਸਵਾ ਰੁਪਿਆ ਕੰਟੀਨ ਵਾਲ਼ੇ ਵੱਲ ਵਧਾ ਦਿੱਤਾ। ਉਹ ਬੋਲਿਆ, 'ਨਹੀਂ ਸਿਮਰਜੀਤ ਪੈਸੇ ਮੈਂ ਦੇਣੇ ਹਨ। ਚੁੱਕ ਲੈ ਇਨ੍ਹਾਂ ਨੂੰ।'

'ਨਹੀਂ ਦੇਵ, ਤੁਸੀਂ ਆਪਣੇ ਨਾਲ਼ ਬੈਠ ਕੇ ਚਾਹ ਪੀਣ ਲਈ ਕਿਹਾ ਸੀ, ਮੈਂ ਪੀ ਲਈ। ਪੈਸੇ ਤਾਂ ਆਪੋ-ਆਪਣੇ ਹੀ ਦਿਆਂਗੇ।' ਉਸ ਨੇ ਪਿੱਠ ਘੁਮਾਈ ਤੇ ਕੰਟੀਨ' ਚੋਂ ਬਾਹਰ ਚਲੀ ਗਈ।

**00**

# ਬਾਨਵੇਂ

ਦੇਵ ਨੇ ਆਰ. ਬੀ. ਐਸ. ਕਾਲਜ ਵਿਚ ਐਮ. ਐਸ. ਸੀ. ਮੈਥ ਦੇ ਪਹਿਲੇ ਸਾਲ ਵਿਚ ਦਾਖ਼ਲਾ ਲੈ ਲਿਆ। ਸਿਮਰਜੀਤ ਵੀ ਉੱਥੇ ਹੀ ਦਾਖਲਾ ਲੈਣ ਬਾਰੇ ਕਿਹਾ ਕਰਦੀ ਸੀ, ਪਰ ਉਸ ਦਾ ਨਾਂ ਲਿਸਟ ਵਿਚ ਨਾ ਦੇਖ ਕੇ ਉਹ ਸਮਝ ਗਿਆ ਕਿ ਉਸ ਨੇ ਉਹਦੇ ਕਰਕੇ ਹੀ ਉੱਥੇ ਦਾਖ਼ਲਾ ਨਹੀਂ ਸੀ ਲਿਆ। ਦੇਵ ਨੂੰ ਕਾਫ਼ੀ ਮਗਰੋਂ ਪਤਾ ਲੱਗਾ ਕਿ ਉਹ ਆਗਰਾ ਕਾਲਜ ਵਿਚ ਹੀ ਅੱਗੇ ਪੜ੍ਹਨ ਲੱਗ ਪਈ ਸੀ। ਸਿਮਰਜੀਤ ਪ੍ਰਤੀ ਦੇਵ ਦੇ ਮਨ ਵਿਚ ਈਰਖਾ ਦੀ ਭਾਵਨਾ ਜਾਗ ਪਈ, ਕਿ ਉਹ ਆਪਣੇ ਆਪ ਨੂੰ ਸਮਝਦੀ ਕੀ ਹੈ। ਉਸ ਨੇ ਸੋਚਿਆ ਕਿ ਉਹ ਹੁਣ ਪੂਰੀ ਮਿਹਨਤ ਕਰੇਗਾ ਤੇ ਸਿਮਰਜੀਤ ਨਾਲ਼ੋਂ ਵੱਧ ਨੰਬਰ ਲੈ ਕੇ ਦਿਖਾਵੇਗਾ। ਭਾਵੇਂ ਸਿਮਰਜੀਤ ਨਾਲ਼ ਉਸ ਦਾ ਸਬੰਧ ਬਿਲਕੁਲ ਖ਼ਤਮ ਹੋ ਗਿਆ ਸੀ ਪਰ ਉਹ ਚਾਹੁੰਦਾ ਸੀ ਕਿ ਜੇ ਕਦੀ ਉਹ ਟੱਕਰ ਜਾਵੇ ਤਾਂ ਉਹ ਉਸ ਕੋਲ਼ੋਂ ਉਸ ਨੂੰ ਬਿਨਾਂ ਬੁਲਾਏ ਲੰਘੇਗਾ।

ਨੌਕਰੀ ਪੇਸ਼ਾ ਵਿਦਿਆਰਥੀਆਂ ਲਈ ਇਹ ਕਾਲਜ ਬੜਾ ਫਿੱਟ ਸੀ, ਕਿਉਂ ਕਿ ਇਸ ਦਾ ਸਮਾਂ ਸਵੇਰੇ ਛੇ ਵਜੇ ਤੋਂ ਦਸ ਵਜੇ ਤੱਕ ਸੀ। ਕਈ ਅਜਿਹੇ ਮਰਦ, ਔਰਤਾਂ ਨੇ ਵੀ ਐਮ. ਐਸਸੀ. ਵਿਚ ਦਾਖ਼ਲਾ ਲੈ ਲਿਆ ਸੀ, ਜਿਨ੍ਹਾਂ ਦੀ ਉਮਰ ਉਨ੍ਹਾਂ ਦੇ ਪ੍ਰੋਫੈਸਰਾਂ ਨਾਲ਼ੋਂ ਵੀ ਵੱਧ ਸੀ। ਝੁਰੜੀਆਂ ਵਾਲ਼ੇ ਚਿਹਰੇ ਤੇ ਚਿੱਟੇ ਵਾਲ਼, ਜਿਵੇਂ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਕਰਕੇ ਜਵਾਨੀ ਵੇਲ਼ੇ ਪੜ੍ਹਾਈ ਦੀ ਗੱਡੀ ਚੜ੍ਹਨੋਂ ਖੁੰਝ ਗਏ ਹੋਣ। ਸਾਰੀਆਂ ਕਿਤਾਬਾਂ ਦੇਵ ਨੂੰ ਪੂਰੇ ਸਾਲ ਲਈ ਯੂਨੀਵਰਸਿਟੀ ਵਾਲ਼ੇ ਅਗਰਵਾਲ ਨੇ ਹੀ ਦੇ ਦਿਤੀਆਂ ਸਨ। ਛੇਤੀ ਹੀ ਪੜ੍ਹਾਈ

ਬੜੇ ਜ਼ੋਰ-ਸ਼ੋਰ ਨਾਲ਼ ਸ਼ੁਰੂ ਹੋ ਗਈ। ਦੇਵ ਦੇ ਵੀਰ ਜੀ ਨੇ ਉਸ ਨੂੰ ਕਿਹਾ ਕਿ ਉਹ ਨਾਲ਼ ਦੀ ਨਾਲ਼ ਕਿਸੇ ਕੰਮ ਦੀ ਤਲਾਸ਼ ਕਰਦਾ ਰਹੇ। ਜੇ ਕੋਈ ਟਿਊਸ਼ਨ ਵਰਕ ਮਿਲ ਸਕੇ, ਉਹ ਵੀ ਲਾਹੇਵੰਦ ਰਹੇਗਾ। ਦੇਵ ਆਪਣੇ ਨਾਲ਼ ਪੜ੍ਹਦੇ ਸਟੂਡੈਂਟਸ ਨੂੰ ਤੇ ਹੋਰ ਜਾਣੂ ਬੰਦਿਆਂ ਨੂੰ ਆਪਣੀ ਇਸ ਲੋੜ ਬਾਰੇ ਦੱਸਦਾ ਰਹਿੰਦਾ ਸੀ। ਦੇਵ ਦਾ ਕਲਾਸ ਫੈਲੋ ਸਾਹਬ ਸਿੰਘ, ਜੋ ਉਸ ਤੋਂ ਦਸ ਬਾਰਾਂ ਸਾਲ ਵੱਡਾ ਹੋਵੇਗਾ, ਉਸ ਦਾ ਦੋਸਤ ਬਣ ਗਿਆ। ਉਹ ਆਰ. ਈ. ਆਈ. ਦਿਆਲਬਾਗ ਦੇ ਡਿਗਰੀ ਕਾਲਜ ਦੀ ਫਜ਼ਿਕਸ ਲੈਬ ਵਿਚ ਡੈਮੋਸਟਰੇਟਰ ਲੱਗਾ ਹੋਇਆ ਸੀ। ਰਾਧਾ ਸੁਆਮੀ ਟਰੱਸਟ ਦੇ ਅਧੀਨ ਬੀ. ਐਡ. ਅਤੇ ਇੰਜਨੀਅਰਿੰਗ ਕਾਲਜ ਵੀ ਚਲਦੇ ਸਨ। ਉਨ੍ਹਾਂ ਨੇ ਆਪਣੇ ਸਟਾਫ਼ ਨੂੰ ਬੜੇ ਸਸਤੇ ਤੇ ਸ਼ਾਨਦਾਰ ਕਵਾਰਟਰਜ਼ ਵੀ ਅਲਾਟ ਕੀਤੇ ਹੋਏ ਸਨ। ਸਾਹਬ ਸਿੰਘ ਨੂੰ ਵੀ ਕਵਾਰਟਰ ਮਿਲਿਆ ਹੋਇਆ ਸੀ, ਜਿਸ ਵਿਚ ਉਹ ਆਪਣੇ ਦੋ ਬੱਚਿਆਂ ਅਤੇ ਪਤਨੀ ਸਮੇਤ ਰਹਿੰਦਾ ਸੀ। ਉਸ ਦੀ ਪਤਨੀ ਕਿਸੇ ਇੰਟਰਮੀਡੀਏਟ ਕਾਲਜ ਵਿਚ ਅਰਥ-ਸਾਸ਼ਤਰ ਦੀ ਲੈਕਚਰਾਰ ਲੱਗੀ ਹੋਈ ਸੀ। ਇਕ ਦਿਨ ਉਸ ਨੇ ਦੇਵ ਨੂੰ ਦੱਸਿਆ ਕਿ ਆਰ. ਈ. ਆਈ. ਦੇ ਡਿਗਰੀ ਕਾਲਜ ਵਿਚ ਕਮਿਸਟਰੀ ਡੈਮੋਸਟਰੇਟਰ ਦੀ ਪੋਸਟ ਖਾਲੀ ਪਈ ਸੀ। ਜੇ ਉਹ ਚਾਹੁੰਦਾ ਹੋਵੇ ਤਾਂ ਪ੍ਰਿੰਸੀਪਲ ਬੀ. ਪੀ. ਜੌਹਰੀ ਨਾਲ਼ ਗੱਲ ਕਰ ਲਵੇ। ਦੇਵ ਨੂੰ ਇਕ ਧੁੜਕੂ ਸੀ ਕਿ ਕਮਿਸਟਰੀ ਪ੍ਰੈਕਟੀਕਲ ਕਰਵਾਉਣੇ ਉਸ ਲਈ ਬੜੀ ਟੇਢੀ ਖੀਰ ਹੋਵੇਗੀ, ਪਰ ਸਾਹਬ ਸਿੰਘ ਨੇ ਹੌਸਲਾ ਦਿੱਤਾ ਕਿ ਕਿਸੇ ਸਮੱਸਿਆ ਸਮੇਂ ਉੱਥੇ ਪ੍ਰੋਫੈਸਰਾਂ ਦੀ ਮਦਦ ਮਿਲਦੀ ਰਹੇ ਗੀ।

ਦੇਵ ਨੇ ਪ੍ਰਿੰਸੀਪਲ ਨਾਲ਼ ਗੱਲ ਕੀਤੀ ਤਾਂ ਉਸ ਨੇ ਉਸ ਨੂੰ ਇੰਟਰਵਿਊ ਤੇ ਸੱਦ ਲਿਆ। ਇੰਟਰਵਿਊ ਹੋਈ ਤਾਂ ਸਿਲੈਕਸ਼ਨ ਵੀ ਹੋ ਗਈ। ਇਕ ਸੌ ਵੀਹ ਰੁਪਏ ਮਹੀਨਾ ਤਨਖ਼ਾਹ ਦਾ ਨਿਯੁਕਤੀ ਪੱਤਰ ਵੀ ਮਿਲ ਗਿਆ। ਡਿਊਟੀ ਦਾ ਸਮਾਂ ਹੋਣਾ ਸੀ ਸਾਢੇ ਦਸ ਤੋਂ ਚਾਰ। ਕਾਲਜ ਵਾਲਿਆਂ ਨੇ ਉਸ ਨੂੰ ਦਸ ਰੁਪਏ ਮਹੀਨਾ ਤੇ ਕਵਾਰਟਰ ਦੀ ਪੇਸ਼ਕਸ਼ ਵੀ ਕੀਤੀ, ਜੋ ਉਸ ਨੇ ਇਹ ਕਹਿ ਕੇ ਠੁਕਰਾ ਦਿੱਤੀ ਕਿ ਉਸ ਕੋਲ਼ ਕਵਾਰਟਰ ਪਹਿਲਾਂ ਹੀ ਹੈ ਸੀ। ਰਾਧਾ ਸੁਆਮੀਆਂ ਦੀ ਆਪਣੀ ਰਸੋਈ ਸੀ ਜਿੱਥੇ ਪੈਂਤੀ ਪੈਸੇ ਵਿਚ ਖਾਣ ਦੀ ਪੂਰੀ ਥਾਲ਼ੀ ਮਿਲਦੀ ਸੀ। ਕਾਲਜ ਵਿਚ ਹੋਰ ਸਹੂਲਤਾਂ ਵੀ ਬਹੁਤ ਸਨ। ਰਾਮ ਸਿੰਘ ਤੇ ਜਿੰਦਰ ਉਸ ਨੂੰ ਨੌਕਰੀ ਮਿਲਣ ਕਰਕੇ ਬਹੁਤ ਖੁਸ਼ ਹੋਏ। ਰਾਮ ਸਿੰਘ ਨੇ ਕਿਹਾ, 'ਦੇਖ ਬੇਟਾ, ਹੁਣ ਤੂੰ ਤਨਖ਼ਾਹ ਆਪਣੀ ਭਾਬੀ ਨੂੰ ਫੜਾਇਆ ਕਰੀਂ। ਵੱਡਿਆਂ ਦਾ ਮਾਣ-ਆਦਰ ਹੀ ਹੁੰਦਾ ਹੈ। ਜਿੰਨੇ ਪੈਸਿਆਂ ਦੀ ਲੋੜ ਹੋਵੇ, ਬਾਅਦ ਵਿਚ ਲੈ ਜਾਇਆ ਕਰੀਂ।'

ਮਹੀਨੇ ਬਾਅਦ ਉਸ ਨੂੰ ਇਕ ਸੌ ਵੀਹ ਰੁਪਏ ਮਿਲੇ। ਦਸਾਂ ਦਸਾਂ ਦੇ ਬਾਰਾਂ ਖੜਕਦੇ ਨਵੇਂ ਨੋਟ। ਦੇਵ ਦੀਆਂ ਤਾਂ ਅੱਖਾਂ ਹੀ ਚੁੰਧਿਆ ਗਈਆਂ। ਨੋਟਾਂ ਨੇ ਤਾਂ ਜਿਵੇਂ ਉਸ ਦਾ ਸਿਰ ਹੀ ਘੁਮਾ ਦਿੱਤਾ। ਐਨੇ ਸਾਰੇ ਨੋਟ ਉਹ ਆਪਣੀ ਭਾਬੀ ਨੂੰ ਕਿਵੇਂ ਦੇ ਦਿੰਦਾ। ਬੜਾ ਜ਼ੋਰ ਲਾਇਆ ਉਸ ਨੇ, ਪਰ ਜੇਬ੍ਹ' ਚ ਪਏ ਨੋਟ ਤਾਂ ਜਿਵੇਂ ਉਸ ਦੀ ਛਾਤੀ ਨੂੰ ਚੁੰਬੜ ਗਏ ਸਨ। ਉਸ ਨੇ ਅਗਲੇ ਦਿਨ ਪੰਦਰਾਂ ਰੁਪਏ ਦਾ ਮਨੀਆਰਡਰ ਆਪਣੀ ਬੇਬੇ ਨੂੰ ਤੇ ਦਸ ਰੁਪਏ ਦਾ ਆਪਣੇ ਮਾਮੇ ਨੂੰ ਭੇਜ ਦਿੱਤਾ। ਆਪਣੀ ਨੌਕਰੀ ਲੱਗਣ ਬਾਰੇ ਵੀ ਵਿਸਥਾਰ ਵਿਚ ਲਿਖ

ਦਿੱਤਾ। ਘਨੱਈਏ ਨੇ ਸਾਰੇ ਪਿੰਡ ਵਿਚ ਧੁਮਾ ਦਿੱਤਾ ਸੀ ਕਿ ਦੇਵ ਕਾਲਜ ਵਿਚ ਪ੍ਰੋਫੈਸਰ ਲੱਗ ਗਿਆ ਸੀ। ਕਮੀਣ ਮਰਦ ਔਰਤਾਂ ਉਸ ਨੂੰ ਵਧਾਈ ਦੇਣ ਆਏ ਸਨ ਤੇ ਉਸ ਨੇ ਸਭ ਨੂੰ ਚਾਰ ਚਾਰ ਆਨੇ ਵੰਡ ਦਿੱਤੇ ਸਨ। ਇਹ ਗੱਲ ਦੇਵ ਨੂੰ ਉਸ ਦੇ ਦੋਸਤ ਮਾਨ ਸਿੰਘ ਨੇ ਲਿਖੀ ਸੀ। ਦੇਵ ਚਿੱਠੀ ਪੜ੍ਹ ਕੇ ਖੁਸ਼ ਹੋਇਆ ਸੀ। ਦੇਵ ਦੇ ਬੁੱਲ੍ਹ ਫਰਕੇ ਸਨ, 'ਵਾਹ ਉਇ ਮਾਮਾ... ਆਪਣੇ ਭਾਣਜਿਆਂ ਦੀ ਤਰੱਕੀ ਦੇਖਣ ਲਈ ਤੂੰ ਕਿੰਨਾ ਬੇਚੈਨ ਏਂ।'

ਦੇਵ ਨੂੰ ਤਨਖ਼ਾਹ ਤਾਂ ਪਹਿਲੀ ਤਰੀਕ ਨੂੰ ਹੀ ਮਿਲ ਗਈ ਸੀ। ਦਸ ਤਰੀਕ ਆ ਗਈ ਤਾਂ ਜਿੰਦਰ ਰੋਟੀ ਖਾਣ ਗਏ ਨੂੰ ਕਹਿਣ ਲੱਗੀ, 'ਵੇ ਦੇਵ.. ਤੈਨੂੰ ਤਨਖ਼ਾਹ ਨ੍ਹੀ ਮਿਲੀ?'

'ਤਨਖ਼ਾਹ ਤਾਂ ਮਿਲ ਗਈ ਸੀ ਭਾਬੀ ਜੀ। ਚਾਰ ਪੰਜ ਕਿਤਾਬਾਂ ਖ੍ਰੀਦਣੀਆਂ ਪੈ ਗਈਆਂ। ਇਕ ਕਮੀਜ਼ ਪਜਾਮਾ ਵੀ ਸੁਆਇਆ ਏ। ਕਾਲਜ ਦੀ ਫੀਸ ਸਮੇਂ ਤੀਹ ਰੁਪਏ ਕਿਸੇ ਦੋਸਤ ਤੋਂ ਫੜੇ ਸੀ, ਉਹ ਮੋੜ ਦਿੱਤੇ।' ਉਹ ਬੋਲਿਆ।

'ਬੱਸ ਬੱਸ... ਤੇਰੇ ਪੈਸੇ ਨੇ, ਤੂੰ ਜਿਵੇਂ ਮਰਜ਼ੀ ਖ਼ਰਚ। ਮੈਂ ਕਿਹੜਾ ਤੇਰੇ ਕੋਲ਼ੋਂ ਹਿਸਾਬ ਮੰਗਦੀ ਹਾਂ। ਮੈਂ ਤਾਂ ਤਾਂ ਪੁੱਛਦੀ ਸੀ, ਬਈ ਪਹਿਲੀ ਕਮਾਈ ਏ, ਦਸ-ਵੀਹ ਰੁਪਏ ਗੁਰਦੁਆਰੇ ਦੀ ਗੋਲਕ ਵਿਚ ਪਾ ਆਉਂਦਾ।'

'ਉਹ ਤਾਂ ਮੈਂ ਪਾ ਆਇਆ ਸੀ, ਮਾਈਥਾਨ ਗੁਰਦੁਆਰੇ।' ਉਹ ਬੋਲਿਆ। ਮਾਈਥਾਨ ਗੁਰਦੁਆਰੇ ਦੇਵ ਗਿਆ ਜ਼ਰੂਰ ਸੀ ਪਰ ਮੱਥਾ ਪੰਜਾਹ ਪੈਸੇ ਦਾ ਹੀ ਟੇਕਿਆ ਸੀ।

ਅਗਲੇ ਮਹੀਨੇ ਫਿਰ ਤਨਖਾਹ ਮਿਲੀ। ਪਹਿਲਾਂ ਤਾਂ ਦੇਵ ਸੋਚਦਾ ਰਿਹਾ ਸੀ ਕਿ ਦਿਲ ਪੱਕਾ ਕਰ ਕੇ ਸਾਰੀ ਦੀ ਸਾਰੀ ਤਨਖ਼ਾਹ ਜਿੰਦਰ ਨੂੰ ਫੜਾ ਦੇਣੀ ਹੈ। ਉਹ ਵਿਚਾਰੀ ਉਸ ਦਾ ਐਨਾ ਕਰਦੀ ਸੀ। ਧੋਕੇ ਪਰੈੱਸ ਕੀਤੇ ਕੱਪੜੇ ਦਿੰਦੀ ਸੀ। ਤਾਜ਼ੇ ਫੁਲਕੇ ਲਾਹ ਕੇ ਦਿੰਦੀ ਸੀ। ਐਨੀ ਦੇਰ ਤੋਂ ਉਨ੍ਹਾਂ ਕੋਲ਼ ਰਹਿ ਰਿਹਾ ਸੀ। ਉਨ੍ਹਾਂ ਨੇ ਫੀਸਾਂ ਦਿੱਤੀਆਂ ਸਨ। ਸਾਰਾ ਖ਼ਰਚ ਝੱਲਿਆ ਸੀ। ਉਸ ਦਾ ਵੀ ਤਾਂ ਕੁਝ ਫਰਜ਼ ਬਣਦਾ ਸੀ। ਤਨਖ਼ਾਹ ਮਿਲੀ ਤਾਂ ਉਸ ਦੀ ਇਹ ਸੋਚ ਤਿੜਕਣ ਲੱਗੀ। ਉਸ ਨੇ ਸਾਰੇ ਪੈਸੇ ਆਪਣੇ ਕਵਾਰਟਰ ਦੀ ਅਲਮਾਰੀ ਵਿਚ ਰੱਖ ਦਿੱਤੇ ਤੇ ਸੋਚਿਆ ਕਿ ਜੇ ਜਿੰਦਰ ਮੰਗੇਗੀ, ਦੇ ਦਿਆਂਗਾ, ਨਹੀਂ ਤਾਂ ਠੀਕ ਹੈ। ਪਰ ਜਿੰਦਰ ਪੈਸੇ ਮੰਗਣ ਵਾਲ਼ੀ ਨਹੀਂ ਸੀ। ਉਹ ਚੁੱਪ ਕਰ ਰਹੀ। ਦੇਵ ਅਲਮਾਰੀ ਵਿਚ ਪਏ ਪੈਸੇ ਕੱਢ ਕੱਢ ਗਿਣਦਾ ਰਹਿੰਦਾ। ਉਸ ਨੂੰ ਬੜੀ ਖੁਸ਼ੀ ਮਿਲਦੀ।

ਇੱਕ ਦਿਨ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ' ਚੋਂ ਕੁਝ ਕਿਤਾਬਾਂ ਲੈਣ ਗਿਆ ਤਾਂ ਅਗਰਵਾਲ ਨੇ ਉਸ ਨੂੰ ਕਿਹਾ ਕਿ ਉਸ ਦੇ ਨੇੜਲੇ ਕਿਸੇ ਪਰਿਵਾਰ ਦੇ ਸਕੂਲ ਪੜ੍ਹਦੇ ਦੋ ਬੱਚੇ ਹਨ। ਜੇ ਉਹ ਰੋਜ਼ ਇਕ ਘੰਟਾ ਟਿਊਸ਼ਨ ਪੜ੍ਹਾ ਆਇਆ ਕਰੇ ਤਾਂ ਉਸ ਨੂੰ ਮਹੀਨੇ ਦੇ ਸੱਠ ਰੁਪਏ ਮਿਲ ਸਕਦੇ ਹਨ। ਉਹ ਘਰ ਆਰ. ਈ. ਆਈ. ਦਿਆਲਬਾਗ ਅਤੇ ਬਲਕੇਸ਼ਵਰ ਕਾਲੋਨੀ ਦੇ ਰਾਹ ਵਿਚ ਹੀ ਪੈਂਦਾ ਸੀ। ਦੇਵ ਨੇ ਹਾਂ ਕਰ ਦਿੱਤੀ ਤਾਂ ਅਗਰਵਾਲ ਉਸ ਨੂੰ ਬੱਚਿਆਂ ਦੇ ਘਰ ਲੈ ਗਿਆ। ਮੁੰਡਾ ਸੁਜੀਤ ਕੁਮਾਰ ਛੇਵੀ' ਚ ਤੇ ਕੁੜੀ ਰਿਸਮ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ। ਉਨ੍ਹਾਂ ਦਾ ਮਕਾਨ ਬੜਾ ਸ਼ਾਨਦਾਰ ਸੀ। ਬੱਚਿਆਂ ਦੀ ਮਾਂ ਸੋਨਿਕਾ ਦੇਵਗਨ ਬੜੀ ਤੰਦਰੁਸਤ, ਚੁਸਤ, ਗੋਰੇ ਰੰਗ ਦੀ, ਲੰਬੇ ਕੱਦ ਵਾਲ਼ੀ ਔਰਤ ਸੀ। ਉਸ ਨੇ ਤੇ ਉਸਦੀ ਧੀ ਨੇ ਆਪਣੇ ਵਾਲ਼ ਕਟਵਾਏ ਹੋਏ ਸਨ। ਮਾਂ ਧੀ ਦੋਹਾਂ ਦੀਆਂ ਅੱਖਾਂ ਵਿਚ ਸੂਰਜ

ਵਰਗੀ ਲਿਸ਼ਕ ਸੀ। ਸੋਨਿਕਾ ਦੇਵਗਨ ਸਿੱਧੀ ਅੱਖਾਂ' ਚ ਝਾਕ ਕੇ ਗੱਲ ਕਰ ਰਹੀ ਸੀ। ਦੇਵ ਤੋਂ ਉਸ ਦੀ ਤਾਬ ਝੱਲੀ ਨਾ ਗਈ। ਦੇਵ ਉਸ ਨਾਲ਼ ਗੱਲਾਂ ਕਰਦਾ ਪਲ ਕੁ ਭਰ ਲਈ ਉਸ ਦੇ ਚਿਹਰੇ ਵੱਲ ਦੇਖਦਾ ਤੇ ਆਪਣੀ ਨਜ਼ਰ ਨੂੰ ਐਧਰ-ਉੱਧਰ ਘੁਮਾ ਲੈਂਦਾ। ਉਸ ਨੇ ਉਨ੍ਹਾਂ ਨੂੰ ਬਦਾਮਾਂ ਵਾਲ਼ਾ ਗਾੜ੍ਹਾ ਦੁੱਧ ਪਿਲਾਇਆ ਜਿਸ ਵਿੱਚੋਂ ਕੇਲੇ ਦੇ ਫਲੇਵਰ ਦੀ ਸੁਗੰਧ ਆਉਂਦੀ ਸੀ। ਦੇਵ ਦਾ ਜੀਅ ਕੀਤਾ ਕਿ ਉਹ ਮੁੜ ਉਸ ਦਾ ਗਿਲਾਸ ਭਰ ਦੇਵੇ, ਪਰ ਵੱਡੇ ਬੰਦੇ ਸ਼ਾਇਦ ਇੰਝ ਨਾ ਕਰਦੇ ਹੋਣ। ਦੇਵ ਨੇ ਆਪਣੇ ਆਪ ਨੂੰ ਹੀ ਕਿਹਾ ਕਿ ਹੁਣ ਉਹ ਵੀ ਵੱਡਾ ਬੰਦਾ ਬਣ ਗਿਆ ਹੈ, ਨੀਅਤ ਛੋਟੀ ਨਾ ਕਰਿਆ ਕਰੇ। ਵੱਡੇ ਬੰਦੇ ਐਨੀ ਭੁੱਖ ਨਹੀਂ ਦਿਖਾਉਂਦੇ ਹੁੰਦੇ। ਔਰਤ ਨੇ ਥੋੜ੍ਹੇ ਸਮੇਂ ਵਿਚ ਹੀ ਦੇਵ ਤੋਂ ਸਾਰੀ ਜਾਣਕਾਰੀ ਲੈ ਲਈ। ਕੁਝ ਸ਼ਹਿਦ ਵਰਗਾ ਸੀ ਜੋ ਸੋਨਿਕਾ ਦੀਆਂ ਅੱਖਾਂ ਵਿੱਚੋਂ ਲਗਾਤਾਰ ਟਪਕਦਾ ਰਿਹਾ। ਬੋਲ ਉਸ ਦੇ ਇੰਝ ਸਨ ਜਿਵੇਂ ਕਿਸੇ ਅਣਦੇਖੇ ਸਾਜ਼ ਵਿੱਚੋਂ ਧੁਨਾਂ ਨਿਕਲਦੀਆਂ ਹੋਣ।

'ਠੀਕ ਏ ਜੀ। ਮੈਨੂੰ ਆਗਿਆ ਦਿਓ। ਮੈਂ ਕੱਲ੍ਹ ਸਵਾ ਚਾਰ ਵਜੇ ਪੜ੍ਹਾਉਣ ਆ ਜਾਵਾਂਗਾ।'

'ਅੱਜ ਤੋਂ ਹੀ ਕਿਉਂ ਨਹੀਂ?' ਸੋਨਿਕਾ ਮੁਸਕਰਾਈ।

'ਅੱਜ ਤੋਂ ਵੀ ਠੀਕ ਏ ਜੀ।' ਦੇਵ ਨੇ ਕਿਹਾ।

ਦੋਨੋਂ ਬੱਚੇ ਹਾਲ ਕਮਰੇ ਵਿਚ ਹੀ ਪੜ੍ਹਨ ਬੈਠ ਗਏ। ਸੋਨਿਕਾ ਤੇ ਅਗਰਵਾਲ ਉੱਠ ਕੇ ਅੰਦਰ ਕਿਸੇ ਹੋਰ ਕਮਰੇ' ਚ ਜਾ ਬੈਠੇ। ਦੇਵ ਬੱਚਿਆਂ ਕੋਲ਼ ਬੈਠ ਕੇ ਮੁੱਢਲੀ ਜਾਣ-ਪਛਾਣ ਕਰਨ ਲੱਗ ਪਿਆ। ਦੋਨੋਂ ਬੱਚੇ ਕਿਸੇ ਅੰਗਰੇਜ਼ੀ ਮਾਧਿਅਮ ਸਕੂਲ ਵਿਚ ਪੜ੍ਹਦੇ ਸਨ। ਦੋਨੋਂ ਹੀ ਇੰਟੈਲੀਜੈਂਟ ਸਨ। ਫਟਾਫਟ ਅੰਗਰੇਜ਼ੀ ਅਤੇ ਹਿੰਦੀ ਦੀ ਰਲ਼ੀ-ਮਿਲ਼ੀ ਭਾਸ਼ਾ ਬੋਲਦੇ ਸਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਾ ਡੈਡੀ ਗੁਲਾਬ ਚੰਦ ਨਿਪਾਲ ਤੋਂ ਕੱਪੜੇ ਸਮੇ ਤ ਕਈ ਚੀਜ਼ਾਂ ਲਿਆ ਕੇ ਇੰਡੀਆ ਵਿਚ ਵੇਚਦਾ ਸੀ ਤੇ ਐਧਰੋਂ ਨਫ਼ਾ ਦੇਣ ਵਾਲ਼ੀਆਂ ਵਸਤਾਂ ਨਿਪਾਲ ਭੇਜਦਾ ਸੀ। ਉਨ੍ਹਾਂ ਕੋਲ਼ ਪੈਸਿਆਂ ਦੀ ਕੋਈ ਘਾਟ ਨਹੀਂ ਸੀ। ਗੁਲਾਬ ਚੰਦ ਢਾਈ ਤਿੰਨ ਮਹੀਨਿਆਂ ਮਗਰੋਂ ਹੀ ਘਰ ਆਉਂਦਾ ਸੀ। ਅੰਕਲ ਅਗਰਵਾਲ ਗੁਲਾਬ ਚੰਦ ਦਾ ਨਿੱਘਾ ਦੋਸਤ ਸੀ ਤੇ ਉਸ ਦੀ ਗੈਰ ਹਾਜ਼ਰੀ ਵਿਚ ਘਰ ਤੋਂ ਬਾਹਰ ਦੇ ਉਨ੍ਹਾਂ ਦੇ ਸਾਰੇ ਕੰਮ ਉਹੀ ਕਰਦਾ ਸੀ। ਕੁਝ ਵੀ ਪੜ੍ਹਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਦੇਵ ਨੇ ਬੱਚਿਆਂ ਨੂੰ ਆਪਣੇ ਬਚਪਨ ਦੀ ਉਹ ਕਹਾਣੀ ਸੁਣਾ ਦਿੱਤੀ ਜਿਸ ਵਿਚ ਪਿੰਡ ਦੇ ਮੁੰਡਿਆਂ ਨੇ ਗੜ੍ਹੀ ਸਾਹਬ ਗੁਰਦੁਆਰੇ ਦੀ ਸਰਾਇੰ ਦੇ ਲਾਗੇ ਖੋਲ਼ਿਆਂ ਵਿਚ ਲਮਢੀਂਗ ਨਾਂ ਦੇ ਮੁੰਡੇ ਦੀ ਕੰਬਲ ਪਰੇ ਡ ਕੀਤੀ ਸੀ। ਬੱਚੇ ਉਹ ਕਹਾਣੀ ਸੁਣ ਕੇ ਬਹੁਤ ਹੱਸੇ ਤੇ ਖੁਸ਼ ਹੋਏ।

'ਜੇ ਤੁਸੀਂ ਚੰਗੀ ਤਰ੍ਹਾਂ ਪੜ੍ਹੋਗੇ, ਰੋਜ਼ ਦੀ ਰੋਜ਼ ਕੰਮ ਮੁਕਾਓਗੇ ਤਾਂ ਮੈਂ ਨਿੱਤ ਹੀ ਤੁਹਾਨੂੰ ਇਕ ਕਹਾਣੀ ਸੁਣਾਇਆ ਕਰਾਂਗਾ।' ਉਹ ਬੋਲਿਆ।

'ਠੀਕ ਏ ਅੰਕਲ ਜੀ। ਤੁਸੀਂ ਤਾਂ ਬਹੁਤ ਚੰਗੇ ਹੋ।' ਰਿਸ਼ਮ ਬੋਲੀ।

ਉਸ ਦਿਨ ਦੇਵ ਨੇ ਉਨ੍ਹਾਂ ਨੂੰ ਮੈਥ, ਇੰਗਲਿਸ਼ ਤੇ ਸਾਇੰਸ ਦੇ ਕੁਝ ਪ੍ਰਸ਼ਨ ਪੁੱਛ ਕੇ ਉਨ੍ਹਾਂ ਦਾ ਪੜ੍ਹਾਈ ਦਾ ਪੱਧਰ ਹੀ ਪਰਖਿਆ। ਹੁਸ਼ਿਆਰ ਬੱਚਿਆਂ ਦੀ ਸੰਗਤ ਕਰ ਕੇ ਦੇ ਵ ਨੂੰ ਬੜਾ ਆਨੰਦ ਆਇਆ।

ਪਹਿਲੇ ਦਿਨ ਹੀ ਉਨ੍ਹਾਂ ਦੀ ਐਨੀ ਦੋਸਤੀ ਹੋ ਗਈ ਜਿਵੇਂ ਚਿਰਾਂ ਤੋਂ ਜਾਣਦੇ ਹੋਣ। ਦੇਵ ਉੱਥੋਂ ਆਉਣ ਹੀ ਲੱਗਾ ਸੀ ਕਿ ਸੋਨਿਕਾ ਆਈ ਤੇ ਇਕ ਵੱਡੀ ਪਲੇਟ ਦੇਵ ਮੂਹਰੇ ਧਰ ਦਿੱਤੀ। ਉਸ ਵਿਚ ਛਿਲਕਾ ਲਾਹ ਕੇ ਕੱਟੇ ਹੋਏ ਸੇਬ ਦੇ ਪੀਸ ਸਨ।

'ਕਿਵੇਂ ਨੇ ਇਹ ਪੜ੍ਹਨ ਨੂੰ? ਸਰਦਾਰ ਜੀ ਇਨ੍ਹਾਂ ਦੇ ਕੰਨ ਖਿੱਚਦੇ ਰਹਿਣਾ। ਮੇਰਾ ਨੀ ਇਹ ਆਖਾ ਮੰਨਦੇ।' ਉਹ ਬੋਲੀ।

'ਇਹ ਤਾਂ ਬੜੇ ਹੁਸ਼ਿਆਰ ਨੇ ਜੀ। ਮੇਰੇ ਵੀ ਕੰਨ ਕੁਤਰਦੇ ਨੇ।' ਦੇਵ ਨੇ ਕਿਹਾ ਤਾਂ ਬੱਚੇ ਉੱਚੀ ਉੱਚੀ ਹੱਸ ਪਏ। ਹੱਸਦੀ ਸੋਨਿਕਾ ਦੇ ਸਾਰੇ ਦੇ ਸਾਰੇ ਦੰਦ ਵੀ ਦਿਖਣ ਲੱਗ ਪਏ।

'ਅੱਜ ਤੋਂ ਇਹ ਤੁਹਾਡਾ ਵੀ ਆਖਾ ਮੰਨਣਗੇ। ਮੈਂ ਇਕੱਲੇ ਪੜ੍ਹਾਉਣਾ ਹੀ ਨਹੀਂ ਸਗੋਂ ਇਨ੍ਹਾਂ ਨੂੰ ਉਹ ਗੱਲਾਂ ਵੀ ਸਿਖਾਉਣੀਆਂ ਨੇ ਜਿਹੜੀਆਂ ਨਾਲ਼ ਇਨ੍ਹਾਂ' ਚ ਚੰਗੇ ਗੁਣ ਪੈਦਾ ਹੋ ਜਾਣ।' ਦੇਵ ਨੇ ਗੰਭੀਰ ਹੋਕੇ ਇਹ ਗੱਲ ਕਹੀ।

'ਬਹੁਤ ਹੀ ਧੰਨਵਾਦ ਤੁਹਾਡਾ ਸਰਦਾਰ ਜੀ।' ਅੱਧ ਖੁੱਲ੍ਹੀਆਂ ਅੱਖਾਂ ਦੇਵ ਵੱਲ ਕਰਕੇ ਸੋਨਿਕਾ ਬੋਲੀ।

'ਤੁਸੀਂ ਮੈਨੂੰ ਸਰਦਾਰ ਜੀ ਦੀ ਥਾਂ ਦੇਵ ਕਿਹਾ ਕਰੋ ਜੀ।'

'ਠੀਕ ਏ ਦੇਵ ਜੀ।' ਉਹ ਮੁਸਕਰਾ ਕੇ ਕਿਤੇ ਅੰਦਰ ਬੈਠੇ ਅਗਰਵਾਲ ਕੋਲ਼ ਚਲੀ ਗਈ।

'ਲਓ ਬਈ ਬੱਚਿਓ ਸੇਬ।' ਦੇਵ ਨੇ ਕਿਹਾ।

'ਨਹੀਂ ਅੰਕਲ ਜੀ ਇਹ ਤੁਹਾਡੇ ਲਈ ਆਏ ਨੇ।'

'ਮੈਂ ਤਾਂ ਕਾਲਜੋਂ ਖਾ ਪੀ ਕੇ ਆਇਆ ਹਾਂ।' ਦੇਵ ਨੇ ਕਿਹਾ।

'ਕੋਈ ਨਾ ਅੰਕਲ ਜੀ ਤੁਸੀਂ ਲਓ। ਅੱਗੇ ਤੋਂ ਕਾਲਜੋਂ ਖਾ ਕੇ ਨਾ ਆਇਆ ਕਰੋ। ਮੰਮੀ ਜੀ ਕਿਸੇ ਨੂੰ ਵੀ ਖੁਆ ਕੇ ਬੜੇ ਖੁਸ਼ ਹੁੰਦੇ ਨੇ।' ਸੁਜੀਤ ਕੁਮਾਰ ਅੰਗਰੇਜ਼ੀ ਵਿਚ ਬੋਲਿਆ।

'ਬਈ ਆਪਾਂ ਤੁਹਾਡੇ ਮੰਮੀ ਜੀ ਨੂੰ ਤਾਂ ਖੁਸ਼ ਰੱਖਾਂਗੇ ਹੀ।' ਕਹਿ ਕੇ ਦੇਵ ਸੇਬ ਖਾਣ ਲੱਗ ਪਿਆ। ਉਸ ਨੂੰ ਤਾਂ ਕਦੋਂ ਦੀ ਭੁੱਖ ਲੱਗੀ ਹੋਈ ਸੀ।

'ਤੁਹਾਨੂੰ ਇਕ ਦਿਨ ਸੇਬ ਦੀ ਕਹਾਣੀ ਵੀ ਸੁਣਾਵਾਂਗਾ।' ਦੇਵ ਨੇ ਕਿਹਾ।

'ਠੀਕ ਏ ਅੰਕਲ ਜੀ।'

ਕੁਝ ਹੀ ਦਿਨਾਂ ਵਿਚ ਦੇਵ ਦੀ ਸਾਂਝ ਬੱਚਿਆਂ ਨਾਲ਼ ਐਨੀ ਵਧ ਗਈ ਕਿ ਉਹ ਦੇ ਵ ਨੂੰ ਉਡੀਕਦੇ ਰਹਿੰਦੇ। ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਉਹ ਨਿੱਤ ਹੀ ਉਨ੍ਹਾਂ ਨੂੰ ਕੋਈ ਨਾ ਕੋਈ ਆਪ ਬੀਤੀ, ਜੱਗ ਬੀਤੀ ਜਾਂ ਮਨਘੜਤ ਕਹਾਣੀ ਸੁਣਾਉਂਦਾ। ਸੋਨਿਕਾ ਨੂੰ ਵੀ ਸ਼ਾਇਦ ਉਸ ਦੀਆਂ ਗੱਲਾਂ' ਚੋਂ ਆਨੰਦ ਆਉਂਦਾ ਹੋਵੇਗਾ। ਉਹ ਸਿਲਾਈਆਂ ਚੁੱਕ ਉਨ੍ਹਾਂ ਦੇ ਲਾਗੇ ਹੀ ਬੈਠ ਜਾਂਦੀ ਤੇ ਸਾਰਾ ਧਿਆਨ ਉਨ੍ਹਾਂ ਵੱਲ ਲਾਈ ਰੱਖਦੀ। ਕੋਈ ਹਾਸੇ ਵਾਲ਼ੀ ਗੱਲ ਹੁੰਦੀ ਤਾਂ ਉਸ ਦੇ ਬੁੱਲ੍ਹ ਵੀ ਖੁੱਲ੍ਹ ਜਾਂਦੇ।

ਉਸ ਘਰ ਵਿਚ ਅਗਰਵਾਲ ਨਾਲ਼ ਦੇਵ ਦਾ ਅਕਸਰ ਮੇਲ ਹੋ ਜਾਂਦਾ। ਉਹ ਦੇਵ

ਨਾਲ਼ ਖੁਸ਼ ਹੋ ਕੇ ਹੱਥ ਮਿਲਾਉਂਦਾ, ਹਾਲ-ਚਾਲ ਪੁੱਛਦਾ। ਬੱਚਿਆਂ ਦੇ ਨਮਸਤੇ ਦਾ ਜਵਾਬ ਦਿੰਦਾ। ਸੋਨਿਕਾ ਉਸ ਨੂੰ ਅੰਦਰ ਲੈ ਜਾਂਦੀ। ਦੇਵ ਪੜ੍ਹਾ ਕੇ ਵਾਪਸ ਆ ਜਾਂਦਾ ਪਰ ਅਗਰਵਾਲ ਅੰਦਰੋਂ ਬਾਹਰ ਹੀ ਨਾ ਨਿਕਲ਼ਦਾ। ਦੇਵ ਨੂੰ ਸ਼ੱਕ ਹੁੰਦੀ ਕਿ ਦਾਲ਼ ਵਿਚ ਕੁਝ ਕਾਲ਼ਾ ਜ਼ਰੂਰ ਹੈ। ਅਗਲੇ ਹੀ ਪਲ ਉਸ ਨੂੰ ਆਪਣੇ ਅੰਦਰੋਂ ਹੀ ਉੱਤਰ ਮਿਲਦਾ-ਚਾਹੇ ਸਾਰੀ ਦਾਲ਼ ਹੀ ਕਾਲ਼ੀ ਹੋਵੇ। ਤੂੰ ਕੀ ਲੈਣਾ? ਤੇਰਾ ਮਤਲਬ ਤਾਂ ਟਿਊਸ਼ਨ ਪੜ੍ਹਾਉਣਾ ਤੇ ਫੀਸ ਖ਼ਰੀ ਕਰਨਾ ਹੈ।

ਅਗਰਵਾਲ ਨੇ ਪਹਿਲੇ ਦਿਨ ਹੀ ਦੇਵ ਨੂੰ ਇਹ ਗੱਲ ਕਹੀ ਸੀ ਕਿ ਉਹ ਉਨ੍ਹਾਂ ਤੋਂ ਟਿਊਸ਼ਨ ਦੇ ਪੈਸੇ ਨਾ ਮੰਗੇ। ਗੁਲਾਬ ਚੰਦ ਦੇ ਆਉਣ ਮਗਰੋਂ ਉਹ ਸਾਰੇ ਇਕੱਠੇ ਹੀ ਦੁਆ ਦੇਵੇਗਾ। ਵੱਡੇ ਲੋਕ ਹਨ, ਛੋਟਿਆਂ ਦੀਆਂ ਗੱਲਾਂ ਨੂੰ ਮਾਈਂਡ ਵੀ ਛੇਤੀ ਕਰ ਲਿਆ ਕਰਦੇ ਨੇ। ਜਦੋਂ ਦੇਵ ਨੂੰ ਪੜ੍ਹਾਉਂਦੇ ਨੂੰ ਤੀਜੇ ਮਹੀਨੇ ਦੇ ਵੀ ਦਸ ਦਿਨ ਲੰਘ ਗਏ ਤਾਂ ਉਸ ਨੂੰ ਇਹ ਧੁੜਕੂ ਲੱਗ ਗਿਆ ਕਿ ਕਿਧਰੇ ਪੈਸੇ ਮਰ ਹੀ ਨਾ ਜਾਣ। ਅਗਰਵਾਲ ਦੀ ਉਹ ਕੀ ਪੂਛ ਫੜੇਗਾ। ਇਕ ਦਿਨ ਦੇਵ ਨੇ ਉਸ ਨੂੰ ਲਾਇਬ੍ਰੇਰੀ ਜਾ ਕੇ ਕਿਹਾ, 'ਅਗਰਵਾਲ ਜੀ, ਦੋ ਮਹੀਨੇ ਦੀ ਫੀਸ ਹੀ ਦੁਆ ਦਿੰਦੇ।'

'ਅਰੇ ਸਰਦਾਰ ਜੀ ਇਹ ਕਿਆ ਬਾਤ ਕਰ ਦਿੱਤੀ। ਬੱਚਿਆਂ ਦੇ ਪਾਪਾ ਆਉਣਗੇ ਤਾਂ ਫੀਸ ਮਿਲ ਜਾਵੇਗੀ। ਵੱਡੇ ਲੋਕ ਨੇ ਉਹ। ਵੱਧ ਵੀ ਦੁਆ ਦਿਆਂਗਾ ਤੇ ਐਡਵਾਂਸ ਵੀ।' ਉਹ ਬੋਲਿਆ ਤਾਂ ਦੇਵ ਚੁੱਪ ਕਰ ਗਿਆ।

ਸੋਨਿਕਾ ਨਿੱਤ ਹੀ ਉਸ ਨੂੰ ਦੁੱਧ ਅਤੇ ਖਾਣ ਲਈ ਕੁਝ ਦਿੰਦੀ। ਸੁਜੀਤ ਦੇ ਜਨਮ ਦਿਨ ਤੋਂ ਇਕ ਦਿਨ ਪਹਿਲਾਂ ਉਸ ਨੇ ਦੇਵ ਨੂੰ ਪੈਂਟ ਅਤੇ ਕਮੀਜ਼ ਦਾ ਕੱਪੜਾ ਦਿੱਤਾ। ਇਹ ਵੀ ਕਿਹਾ ਕਿ ਇਸ ਬਾਰੇ ਅਗਰਵਾਲ ਨਾਲ਼ ਕੋਈ ਗੱਲ ਨਾ ਕਰੇ। ਦੇਵ ਨੂੰ ਕੀ ਲੋੜ ਸੀ ਗੱਲ ਕਰਨ ਦੀ। ਉਸ ਨੇ ਜਨਮ ਦਿਨ ਵਾਲ਼ੇ ਦਿਨ ਟਿਊਸ਼ਨ ਤੋਂ ਛੁੱਟੀ ਕਰਨ ਲਈ ਵੀ ਦੇਵ ਨੂੰ ਆਖ ਦਿੱਤਾ। ਅਗਲੇ ਦਿਨ ਜਦੋਂ ਉਹ ਦਿਆਲਬਾਗ ਕਾਲਜ ਵਿਚ ਡਿਊਟੀ ਤੇ ਸੀ ਤਾਂ ਕਿਸੇ ਨੇ ਉਸ ਨੂੰ ਸੁਨੇਹਾ ਦਿੱਤਾ ਕਿ ਉਹ ਪਹਿਲਾਂ ਵਾਲ਼ੇ ਟਾਇਮ ਸੋਨਿਕਾ ਦੇ ਘਰ ਜ਼ਰੂਰ ਜਾਵੇ। ਦਰਅਸਲ, ਜਦੋਂ ਬੱਚਿਆਂ ਨੂੰ ਪਤਾ ਲੱਗਾ ਸੀ ਕਿ ਦੇਵ ਦੀ ਉਸ ਦਿਨ ਟਿਊਸ਼ਨ ਤੋਂ ਛੁੱਟੀ ਕਰਵਾ ਦਿੱਤੀ ਸੀ ਤਾਂ ਉਹ ਆਪਣੀ ਮੰਮੀ ਨਾਲ਼ ਨਰਾਜ਼ ਹੋ ਗਏ ਸਨ। ਦੇਵ ਗਿਆ ਤਾਂ ਉਨ੍ਹਾਂ ਬੜੀ ਗਰਮਜੋਸ਼ੀ ਨਾਲ਼ ਉਸ ਦਾ ਸਵਾਗਤ ਕੀਤਾ। ਗਿਣਤੀ ਦੇ ਕੁਝ ਬੱਚੇ ਤੇ ਔਰਤਾਂ ਜਨਮ ਦਿਨ ਮਨਾਉਣ ਲਈ ਸ਼ਾਮਲ ਹੋਏ ਸਨ। ਦੇਵ ਇਕ ਖਿਡੌਣਾ ਗੱਡੀ ਸੁਜੀਤ ਲਈ ਲੈ ਗਿਆ ਸੀ, ਜਿਹੜੀ ਚਾਬੀ ਦੇਣ ਮਗਰੋਂ ਫਰਸ਼ ਉੱਤੇ ਦੌੜਦੀ ਵੀ ਸੀ ਤੇ ਹਾਰਨ ਵੀ ਵਜਾਉਂਦੀ ਸੀ। ਦੇਵ ਇਕੱਲਾ ਇੱਕੋ-ਇਕ ਰੰਨਾਂ ਵਿਚ ਧੰਨਾਂ ਬਣ ਗਿਆ ਸੀ। ਉਨ੍ਹਾਂ ਨੇ ਅਗਰਵਾਲ ਨੂੰ ਵੀ ਨਹੀਂ ਸੀ ਬੁਲਾਇਆ। ਦੇਵ ਨੇ ਕਾਫ਼ੀ ਸਮੇਂ ਤੋਂ ਉਸ ਨੂੰ ਦੇਖਿਆ ਵੀ ਨਹੀਂ ਸੀ।

ਅਗਲੇ ਦਿਨ ਦੇਵ ਨੇ ਰਿਸ਼ਮ ਨੂੰ ਅਗਰਵਾਲ ਬਾਰੇ ਪੁੱਛ ਲਿਆ ਕਿ ਇਸ ਖਾਸ ਮੌਕੇ ਤੇ ਉਹ ਕਿਉਂ ਨਹੀਂ ਸੀ ਆਇਆ। ਉਸ ਨੇ ਦੱਸਿਆ ਕਿ ਅਗਰਵਾਲ ਉਨ੍ਹਾਂ ਨਾਲ਼ ਦੋ ਹਜ਼ਾਰ ਰੁਪਏ ਦੀ ਠੱਗੀ ਮਾਰ ਗਿਆ ਸੀ। ਉਸ ਦੀ ਮੰਮੀ ਸੋਨਿਕਾ ਨੇ ਫਰਨੀਚਰ ਵਾਲ਼ੇ

ਦਾ ਉਧਾਰ ਚੁਕਾਉਣ ਲਈ ਇਹ ਰੁਪਏ ਦਿੱਤੇ ਸਨ, ਜੋ ਉਸ ਨੇ ਪੁੱਜਦੇ ਨਹੀਂ ਸਨ ਕੀਤੇ । ਇਸ ਠੱਗੀ ਦਾ ਪੂਰੇ ਅੱਠ ਮਹੀਨੇ ਮਗਰੋਂ ਪਤਾ ਲੱਗਾ। ਰਿਸ਼ਮ ਦੀ ਮੰਮੀ ਨੇ ਉਸ ਨਾਲ਼ ਕਾਫ਼ੀ ਲੜਾਈ ਕੀਤੀ ਸੀ ਤੇ ਉਹ ਹੁਣ ਉਨ੍ਹਾਂ ਦੇ ਘਰ ਨਹੀਂ ਸੀ ਆਉਂਦਾ।

ਦੇਵ ਦਾ ਪ੍ਰੋਫੈਸਰ ਵਿਜੇ ਕੁਮਾਰ ਬਹੁਤ ਨਿੱਘੇ ਸੁਭਾਅ ਦਾ ਮਾਲਕ ਸੀ। ਉਹ ਉਨ੍ਹਾਂ ਨੂੰ ਮਾਡਰਨ ਅਲਜ਼ਬਰਾ ਪੜ੍ਹਾਉਂਦਾ ਸੀ, ਜੋ ਵਿਦਿਆਰਥੀਆਂ ਨੂੰ ਸਭ ਵਿਸ਼ਿਆਂ ਤੋਂ ਮੁਸ਼ਕਲ ਲਗਦਾ ਸੀ। ਕਾਲਜ ਦੇ ਬਿਲਕੁਲ ਲਾਗੇ ਉਸ ਦੀ ਕੋਠੀ ਸੀ। ਉਸ ਦੀਆਂ ਤਿੰਨ ਬੇਟੀਆਂ ਹੀ ਬੇਟੀਆਂ ਸਨ। ਦੋ ਸਕੂਲ ਵਿਚ ਪੜ੍ਹਦੀਆਂ ਸਨ ਤੇ ਤੀਜੀ ਸੈਂਟ ਜੌਹਨ ਕਾਲਜ ਤੋਂ ਬੀ. ਐਸਸੀ. ਪਾਰਟ ਵੰਨ ਕਰ ਰਹੀ ਸੀ। ਉਸ ਦੀ ਪਤਨੀ ਹਾਊਸ ਵਾਈਫ਼ ਸੀ ਜੋ ਐਮ. ਐਸਸੀ. ਵਿਚ ਉਸ ਦੀ ਕਲਾਸ ਫੈਲ਼ੋ ਰਹੀ ਸੀ। ਉਨ੍ਹਾਂ ਨੇ ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਕੇ ਵਿਆਹ ਕਰਵਾਇਆ ਹੋਇਆ ਸੀ, ਤੇ ਉਹ ਬੜੇ ਖੁਸ਼ ਸਨ। ਪ੍ਰੋ. ਵਿਜੇ ਕੁਮਾਰ ਆਪਣੀਆਂ ਘਰੇਲੂ ਗੱਲਾਂ ਅਤੇ ਦਿਲਚਸਪ ਪਿਆਰ ਕਿੱਸੇ ਉਨ੍ਹਾਂ ਨੂੰ ਕਲਾਸ ਵਿਚ ਹੀ ਸੁਣਾ ਦਿਆ ਕਰਦਾ ਸੀ। ਉਹ ਵਿਦਿਆਰਥੀਆਂ ਨੂੰ ਇਹ ਵੀ ਕਿਹਾ ਕਰਦਾ ਸੀ ਕਿ ਕੋਈ ਸਮੱਸਿਆ ਹੋਵੇ ਤਾਂ ਉਹ ਉਸ ਦੀ ਕੋਠੀ ਆ ਕੇ ਸਮਝ ਸਕਦੇ ਹਨ। ਸਮੱਸਿਆਵਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਸਨ, ਪਰ ਦੇਵ ਕੋਲ਼ ਪ੍ਰੋਫੈਸਰ ਦੇ ਘਰ ਜਾਣ ਦਾ ਸਮਾਂ ਹੀ ਕਿੱਥੇ ਸੀ। ਸਾਢੇ ਪੰਜ ਵਜੇ ਸਵੇਰੇ ਘਰੋਂ ਨਿਕਲਣਾ ਤੇ ਸ਼ਾਮ ਪਈ ਘਰ ਵੜਨਾ। ਇਕ ਦਿਨ ਦੇਵ ਨੇ ਉਸ ਨੂੰ ਪੁੱਛਿਆ, ‘ਸਰ ਕੀ ਮੈਂ ਸੰਡੇ ਨੂੰ ਤੁਹਾਡੇ ਘਰ ਆ ਸਕਦਾ ਹਾਂ?’

‘ਹਾਂ-ਹਾਂ- ਕਿਉਂ ਨਹੀਂ ਬਈ, ਜ਼ਰੂਰ ਆਓ।’ ਉਹ ਮੁਸਕਰਾ ਕੇ ਬੋਲਿਆ।

ਦੇਵ ਐਤਵਾਰ ਵਾਲ਼ੇ ਦਿਨ ਉਸ ਦੀ ਕੋਠੀ ਚਲਾ ਗਿਆ। ਕੋਠੀ ਦੇ ਲਾਅਨ ਵਿਚ ਬੈਡਮਿੰਟਨ ਦਾ ਨੈੱਟ ਲੱਗਾ ਹੋਇਆ ਸੀ ਤੇ ਪ੍ਰੋਫੈਸਰ ਦਾ ਸਾਰਾ ਟੱਬਰ ਹੀ ਚਿੜੀ-ਬੱਲਾ ਖੇਡ ਰਿਹਾ ਸੀ। ਕੁੜੀਆਂ ਨੇ ਬਹੁਤ ਘੱਟ ਕੱਪੜੇ ਪਹਿਨੇ ਹੋਏ ਸਨ ਤੇ ਉਨ੍ਹਾਂ ਦੀਆਂ ਭਾਰੀਆਂ ਗੋਰੀਆਂ ਲੱਤਾਂ ਗੋਡਿਆਂ ਤੋਂ ਉੱਤੇ ਤੱਕ ਨੰਗੀਆਂ ਸਨ। ਦੇਵ ਪਿੱਛੇ ਮੁੜਨ ਲੱਗਾ, ਪਰ ਵਿਜੇ ਕੁਮਾਰ ਨੇ ਉਸ ਨੂੰ ਦੇਖ ਲਿਆ ਤੇ ਕਿਹਾ, ‘ਆਓ ਦੇਵ... ਆ ਜਾਓ ਅੰਦਰ।’

ਦੇਵ ਨੇ ਅੰਦਰ ਵੜ ਕੇ ਆਪਣਾ ਸਾਇਕਲ ਗੇਟ ਦੇ ਲਾਗੇ ਹੀ ਕੋਠੀ ਦੀ ਕੰਧ ਕੋਲ ਸਟੈਂਡ ਤੇ ਖੜ੍ਹਾ ਦਿੱਤਾ। ਉਹ ਹੈਰਾਨ ਹੋਇਆ, ਕੋਠੀ ਦਾ ਤਾਂ ਲਾਅਨ ਹੀ ਐਨਾ ਵੱਡਾ ਸੀ। ਥਾਂ-ਥਾਂ ਉੱਤੇ ਘਾਹ ਉੱਗਿਆ ਹੋਇਆ ਸੀ। ਕਿਆਰੀਆਂ ਤਾਂ ਸਨ, ਪਰ ਉਨ੍ਹਾਂ ਦੀ ਦੇਖ ਭਾਲ਼ ਕਿਸੇ ਨੇ ਨਹੀਂ ਸੀ ਕੀਤੀ ਲਗਦੀ। ਫੁੱਲ ਵੀ ਕਿਤੇ ਵਿਰਲ਼ਾ ਵਿਰਲ਼ਾ ਹੀ ਖਿੜਿਆ ਹੋਇਆ ਸੀ। ਖਾਲੀ ਗਮਲੇ ਤਾਂ ਇਕ ਕੋਨੇ ਵਿਚ ਇੰਝ ਇਕੱਠੇ ਕੀਤੇ ਪਏ ਸਨ, ਜਿਵੇਂ ਉਹ ਜ਼ਿੰਦਗੀ ਵਿਚ ਆਪਣਾ ਰੋਲ ਨਿਭਾ ਚੁੱਕੇ ਹੋਣ।

‘ਦੇਵ ਆ ਜਾ ਤੂੰ ਵੀ ਜੇ ਗੇਮ ਲਾਉਣੀ ਏਂ।’ ਪ੍ਰੋ. ਵਿਜੇ ਨੇ ਕਿਹਾ।

‘ਸਰ, ਮੈਂ ਤਾਂ ਕਦੀ ਖੇਡਿਆ ਨਹੀਂ।’ ਉਹ ਬੋਲਿਆ।

ਦੇਵ ਨੇ ਨਾ ਤਾਂ ਕਦੀ ਬੱਲਾ ਫੜਿਆ ਸੀ ਤੇ ਨਾ ਹੀ ਚਿੜੀ ਨੂੰ ਹੱਥ ਲਾ ਕੇ ਦੇਖਿਆ ਸੀ। ਦੇਵ ਇਸ ਨੂੰ ਅਮੀਰਾਂ ਦੀ ਖੇਡ ਸਮਝਦਾ ਸੀ। ਇਹ ਗੱਲ ਉਸ ਨੂੰ ਸਕੂਲ ਪੜ੍ਹਦਿਆਂ ਮੈਥ ਵਾਲ਼ੇ ਮਾਸਟਰ ਜੋਗਿੰਦਰ ਸਿੰਘ ਕੰਗ ਨੇ ਦੱਸੀ ਸੀ। ਉਹ ਕਿਸੇ ਖਾਸ ਕਿਸਮ ਦੀ

ਚਿੜੀ ਦਾ ਨਾਂ ਵੀ ਲਿਆ ਕਰਦਾ ਸੀ, ਜਿਸ ਨੂੰ ਮਾਰ ਕੇ ਉਸ ਦੇ ਖੰਭਾਂ ਨਾਲ਼ ਇਹ ਚਿੜੀ ਬਣਾਈ ਜਾਂਦੀ ਸੀ। ਇਕ ਮੁਰਦਾ ਚਿੜੀ ਬਣਾਉਣ ਲਈ ਦੋ ਜਿਉਂਦੀਆਂ ਚਿੜੀਆਂ ਦੀ ਬਲੀ ਦਿੱਤੀ ਜਾਂਦੀ ਸੀ। ਚਿੜੀਆਂ ਦੀ ਮੌਤ ਗੰਵਾਰਾ ਦਾ ਹਾਸਾ।

'ਸਰ ਤੁਸੀਂ ਖੇਡੋ। ਮੈਨੂੰ ਖੁਰਪਾ ਦੇ ਦਿਓ ਜੀ, ਜੇ ਹੈ।' ਦੇਵ ਬੋਲਿਆ।

'ਉਹ ਕਾਹਦੇ ਲਈ ਬਈ?'

'ਜੀ ਮੈਨੂੰ ਬਾਗਬਾਨੀ ਦਾ ਸ਼ੌਕ ਏ। ਮੈਂ ਕਿਆਰੀਆਂ ਬਣਾ ਦਿੰਦਾ ਹਾਂ। ਕੁਝ ਬੂਟੇ ਲਾ ਦਿਆਂਗੇ।'

ਉਸ ਦੀ ਵੱਡੀ ਕੁੜੀ ਜਿਸ ਦਾ ਨਾਂ ਮੀਨਕਾਸ਼ੀ ਸੀ, ਦੌੜ ਕੇ ਖੁਰਪਾ ਚੁੱਕ ਲਿਆਈ ਤੇ ਦੇਵ ਨੂੰ ਫੜਾਉਂਦੀ ਬੋਲੀ, 'ਪਾਣੀ ਲਿਆਵਾਂ ਤੁਹਾਡੇ ਲਈ ਸਰਦਾਰ ਜੀ?'

'ਲਿਆ ਦਿਓ।' ਦੇਵ ਨੇ ਕਿਹਾ। ਦੇਵ ਦੇ ਪਿੰਡ ਸਲਾਹਪੁਰ ਜਿਹੜੀਆਂ ਸਮਝਦਾਰ ਔਰਤਾਂ ਹੁੰਦੀਆਂ ਸਨ, ਉਹ ਆਪਣੇ ਘਰ ਵਾਲ਼ਿਆਂ ਨੂੰ 'ਸਰਦਾਰ ਜੀ' ਕਹਿ ਕੇ ਬੁਲਾਇਆ ਕਰਦੀਆਂ ਸਨ। ਮੀਨਾਕਸ਼ੀ ਦਾ ਉਸ ਨੂੰ ਸਰਦਾਰ ਜੀ ਕਹਿਕੇ ਬੁਲਾਉਣਾ ਬੜਾ ਚੰਗਾ ਲੱਗਾ। ਉਸ ਨੇ ਪਾਣੀ ਨਾਲ਼ ਭਰਿਆ ਪਿੱਤਲ ਦਾ ਗਿਲਾਸ ਦੇਵ ਨੂੰ ਲਿਆ ਫੜਾਇਆ। ਜਦੋਂ ਉਹ ਪਾਣੀ ਪੀ ਰਿਹਾ ਸੀ ਤਾਂ ਸ਼ਾਇਦ ਖਾਲੀ ਗਿਲਾਸ ਫੜਨ ਲਈ ਉਹ ਉਸ ਲਾਗੇ ਖੜ੍ਹੀ ਰਹੀ। ਉਸ ਦੇ ਖੜ੍ਹੀ ਹੋਣ ਕਰਕੇ ਦੇਵ ਨੂੰ ਪਾਣੀ ਵੀ ਸੋਚ ਸੋਚ ਕੇ ਪੀਣਾ ਪਿਆ, ਉਹ ਡਰਦਾ ਸੀ ਕਿ ਕਿਤੇ ਹੁੱਥੂ ਹੀ ਨਾ ਆ ਜਾਵੇ।

ਜਿੰਨੀ ਦੇਰ ਉਹ ਖੇਡਦੇ ਰਹੇ, ਦੇਵ ਨੇ ਤਿੰਨ ਕਿਆਰੀਆਂ' ਚੋਂ ਸਾਰਾ ਘਾਹ ਕੱਢ ਦਿੱਤਾ ਤੇ ਚੰਗੀ ਤਰ੍ਹਾਂ ਗੁਡਾਈ ਕਰ ਕੇ ਵੱਟਾਂ ਬਣਾ ਦਿੱਤੀਆਂ। ਜਦੋਂ ਦੇਵ ਨੇ ਟੂਟੀ ਤੋਂ ਹੱਥ ਧੋ ਲਏ ਤਾਂ ਸਭ ਤੋਂ ਛੋਟੀ ਕੁੜੀ ਜਿਸ ਨੂੰ ਉਹ ਮੁਨੀਆਂ ਕਹਿੰਦੇ ਸਨ, ਉਸ ਨੂੰ ਸ਼ਰਬਤ ਨਾਲ਼ ਭਰਿਆ ਗਿਲਾਸ ਫੜਾਉਂਦੀ ਬੋਲੀ, 'ਸਰਦਾਰ ਜੀ, ਤੁਮ ਗਾਰਡਨਰ ਹੋ?'

'ਗਾਰਡਨਰ ਤਾਂ ਨਹੀਂ, ਮੈਨੂੰ ਸ਼ੌਂਕ ਏ। ਮੈਂ ਤਾਂ ਪ੍ਰੋਫੈਸਰ ਸਾਹਬ ਕੋਲੋਂ ਐਮ. ਐਸਸੀ. ਕਰ ਰਿਹਾ ਹਾਂ।' ਦੇਵ ਨੇ ਦੱਸਿਆ ਤਾਂ ਉਸ ਦੀਆਂ ਅੱਖਾਂ ਕੁਝ ਚੌੜੀਆਂ ਹੋਈਆਂ, ਜਿਵੇ ਂ ਦੇਵ ਦੀ ਗੱਲ ਤੇ ਉਸ ਨੂੰ ਹੈਰਾਨੀ ਹੋਈ ਹੋਵੇ।

ਫਿਰ ਉਹ ਸਾਰੇ ਜਣੇ ਦੇਵ ਕੋਲ਼ ਆ ਗਏ ਤੇ ਉਸ ਦੇ ਕੰਮ ਦੀ ਤਾਰੀਫ਼ ਕਰਨ ਲੱਗੇ । ਉਸ ਮਗਰੋਂ ਵਿਜੇ ਸਰ ਨੇ ਉਸ ਨੂੰ ਸੁਆਲ ਸਮਝਾਏ ਤੇ ਕਿਹਾ, 'ਜਦੋਂ ਵੀ ਕੋਈ ਸਮੱਸਿਆ ਹੋਵੇ, ਆ ਜਾਇਆ ਕਰ। ਹੋਰ ਕੋਈ ਨੌਕਰੀ ਤਾਂ ਨਹੀਂ ਕਰਦਾ?'

ਦੇਵ ਨੇ ਉਸ ਨੂੰ ਆਪਣੀ ਨੌਕਰੀ ਬਾਰੇ ਦੱਸਿਆ ਤਾਂ ਉਹ ਬੋਲਿਆ, 'ਵੈਰੀ ਗੁੱਡ... ਸੰਡੇ ਨੂੰ ਆ ਜਾਇਆ ਕਰ।'

ਉਸ ਦਿਨ ਮਗਰੋਂ ਦੇਵ ਦਾ ਰੁਟੀਨ ਹੀ ਬਣ ਗਿਆ। ਹਰ ਸੰਡੇ ਉਹ ਉਨ੍ਹਾਂ ਕੋਲ਼ ਚਲਾ ਜਾਂਦਾ। ਉਹ ਉਨ੍ਹਾਂ ਨਾਲ਼ ਮਾੜੀ ਮੋਟੀ ਬੈਡਮਿੰਟਨ ਵੀ ਖੇਡਣ ਲੱਗ ਪਿਆ ਤੇ ਕੁੜੀਆਂ ਨਾਲ਼ ਗੱਲਾਂ ਵੀ ਮਾਰਨ ਲੱਗ ਪਿਆ। ਵਿਜੇ ਸਰ ਤੋਂ ਸਵਾਲ ਵੀ ਸਮਝ ਲੈਂਦਾ। ਮਹੀਨੇ ਵਿਚ ਹੀ ਬਗੀਚੀਆਂ ਟਹਿਕ ਪਈਆਂ। ਸਾਰੇ ਗਮਲਿਆਂ ਵਿਚ ਵੀ ਫੁੱਲ ਖਿੜ੍ਹਨ ਲੱਗੇ। ਸਾਰਾ ਪਰਿਵਾਰ ਹੀ ਬਹੁਤ ਖੁਸ਼ ਸੀ। ਵਿਜੇ ਸਰ ਦੀ ਘਰ ਵਾਲ਼ੀ ਕਹਿਣ ਲੱਗੀ, ' ਬਈ ਦੇਵ

ਤੂੰ ਤਾਂ ਸਾਡੀ ਕੋਠੀ ਦੀ ਕਾਇਆ ਕਲਪ ਹੀ ਕਰ ਦਿੱਤੀ।'

'ਤੂੰ ਐਮ. ਐਸਸੀ. ਕਰ... ਪੀ. ਐਚ. ਡੀ. ਮੈਂ ਕਰਵਾਵਾਂਗਾ।' ਵਿਜੇ ਸਰ ਨੇ ਕਿਹਾ। ਉਸ ਨੇ ਖ਼ੁਦ ਡਾਕਟਰੇਟ ਕੀਤੀ ਹੋਈ ਸੀ, ਪਰ ਉਹ ਆਪਣੇ ਨਾਂ ਨਾਲ਼ ਕੋਈ ਪੂਛ ਨਹੀਂ ਸੀ ਲਾਉਂਦਾ। ਕੋਠੀ ਦੇ ਬਾਹਰ ਵੀ ਇਕੱਲਾ 'ਵਿਜੇ ਕੁਮਾਰ' ਲਿਖ ਕੇ ਨੇਮ ਪਲੇਟ ਲਾਈ ਹੋਈ ਸੀ।

ਮੀਨਕਾਸ਼ੀ ਦੇਵ ਕੋਲੋਂ ਫ਼ਜਿਕਸ ਦੇ ਨੁਮੈਰੀਕਲ ਸਮਝਣ ਲੱਗ ਪਈ। ਉਹ ਦੇਵ ਦੀ ਬੜੀ ਤਾਰੀਫ ਕਰਦੀ ਕਿ ਉਹ ਹਰ ਨੁਮੈਰੀਕਲ ਝੱਟ ਹੱਲ ਕਰ ਦਿਆ ਕਰਦਾ ਸੀ। ਦੂਜੀਆਂ ਕੁੜੀਆਂ ਵੀ ਦੇਵ ਨਾਲ਼ ਗੱਲਾਂ ਮਾਰਦੀਆਂ ਰਹਿੰਦੀਆਂ। ਉਹ ਉਸ ਲਈ ਚਾਹ, ਸ਼ਰਬਤ ਤੇ ਖਾਣ ਲਈ ਕੁਝ ਨਾ ਕੁਝ ਲਿਆਉਂਦੀਆਂ ਰਹਿੰਦੀਆਂ। ਕੁੜੀਆਂ ਨਾਲ਼ ਗੱਲਾਂ ਕਰਨਾ, ਉਨ੍ਹਾਂ ਦੇ ਖਿੜੇ ਚਿਹਰਿਆਂ ਵੱਲ ਦੇਖਣਾ ਉਸ ਨੂੰ ਸਭ ਕੁਝ ਭੁਲਾ ਦਿੰਦਾ। ਉਹ ਦੇਵ ਨੂੰ 'ਸਰਦਾਰ ਜੀ' ਕਹਿ ਕੇ ਬੁਲਾਉਂਦੀਆਂ ਤਾਂ ਉਹ ਖੁਸ਼ ਹੁੰਦਾ। ਇਕ ਵਾਰੀ ਦੇਵ ਨੇ ਸੋਨਿਕਾ ਦੇਵਗਨ ਨੂੰ ਕਿਹਾ ਸੀ ਕਿ ਉਹ ਉਸ ਨੂੰ 'ਸਰਦਾਰ ਜੀ' ਨਹੀਂ ਸਗੋਂ ਦੇਵ ਕਿਹਾ ਕਰੇ। ਪਰ ਹੁਣ ਉਹ ਚਾਹੁੰਦਾ ਕਿ ਕੁੜੀਆਂ ਉਸ ਨੂੰ 'ਸਰਦਾਰ ਜੀ' ਹੀ ਕਿਹਾ ਕਰਨ। ਅਜਿਹਾ ਕਿਉਂ ਸੀ, ਦੇਵ ਨੂੰ ਸਮਝ ਨਾ ਆਉਂਦੀ।

**00**

ਦ਼;;**016**

# ਤਰਿਆਨਵੇਂ

ਚਾਰ ਮਹੀਨੇ ਸੋਨਿਕਾ ਦੇਵਗਨ ਦੇ ਬੱਚਿਆਂ ਨੂੰ ਟਿਊਸ਼ਨ ਮਗਰੋਂ ਵੀ ਦੇਵ ਨੂੰ ਫੀਸ ਨਾ ਮਿਲੀ। ਉਸ ਨੂੰ ਗੁਲਾਬ ਚੰਦ ਦੇ ਵੀ ਦਰਸ਼ਨ ਨਾ ਹੋਏ ਤਾਂ ਉਸ ਨੇ ਇਕ ਦਿਨ ਸੋਨਿਕਾ ਨੂੰ ਪੁੱਛ ਹੀ ਲਿਆ, 'ਜੀ ਟਿਊਸ਼ਨ ਫੀਸ ਹੀ ਦੇ ਦਿੰਦੇ।'

'ਤੁਹਾਨੂੰ ਅਗਰਵਾਲ ਨੇ ਦਿੱਤੀ ਨਹੀਂ? ਉਸ ਨੂੰ ਤਾਂ ਮੈਂ ਪੰਜ ਸੌ ਰੁਪਏ ਐਡਵਾਂਸ ਦੇ ਦਿੱਤੇ ਸਨ।'

'ਜੀ ਨਹੀਂ.... ਉਸ ਨੇ ਕੁਝ ਨਹੀਂ ਦਿੱਤਾ।'

'ਉਹ ਤਾਂ ਸਾਡੇ ਨਾਲ਼ ਹੋਰ ਵੀ ਠੱਗੀ ਮਾਰ ਗਿਆ ਸੀ। ਤੁਸੀਂ ਚਿੰਤਾ ਨਾ ਕਰੋ। ਮੈਂ ਤੁਹਾਡੇ ਪੈਸੇ ਦਿੰਦੀ ਹਾਂ।'

'ਉਹ ਕਿੰਨੇ ਮਹੀਨੇ ਦੇ ਲੈ ਗਿਆ ਸੀ?' ਦੇਵ ਨੇ ਪੁੱਛਿਆ।

'ਚਾਰ ਮਹੀਨੇ ਦੇ ਪੰਜ ਸੌ ਰੁਪਏ।'

ਅਗਰਵਾਲ ਤਾਂ ਟਿਊਸ਼ਨ ਵਿੱਚੋਂ ਵੀ ਕਾਫ਼ੀ ਕੁੰਡੀ ਲਾ ਗਿਆ ਸੀ। ਦੇਵ ਦੇ ਤਾਂ ਕੇ ਵਲ ਦੋ ਸੌ ਚਾਲੀ ਬਣਦੇ ਸਨ, ਪਰ ਉਹ ਲੈ ਗਿਆ ਸੀ ਪੰਜ ਸੌ। ਸੋਨਿਕਾ ਨੇ ਉਸ ਨੂੰ ਹਜ਼ਾਰ ਰੁਪਏ ਦੇ ਕੇ ਕਿਹਾ, 'ਇਸ ਵਿਚ ਅਗਲੇ ਚਾਰ ਮਹੀਨਿਆਂ ਦੀ ਫੀਸ ਵੀ ਹੈ। ਤੁਸੀਂ ਮੇਰੇ ਬੱਚਿਆਂ ਨੂੰ ਸਿਰੇ ਲਾ ਦਵੋ। ਫੀਸ ਜਿੰਨੀ ਮਰਜ਼ੀ ਲੈ ਲੈਣਾ।'

ਐਨੇ ਰੁਪਏ ਦੇਵ ਨੇ ਕਦੋਂ ਦੇਖੇ ਸਨ। ਉਹ ਭਮੱਤਰ ਗਿਆ। ਰਸਤੇ ਵਿਚ ਪਾਰਕ'

ਚ ਬੈਠ ਉਸ ਨੇ ਸਾਰੇ ਨੋਟ ਮੁੜ ਗਿਣੇ, ਜਿਵੇਂ ਕੋਈ ਚੋਰ ਚੋਰੀ ਕਰਕੇ ਨਿਵੇਕਲੀ ਥਾਂ ਤੇ ਬੈਠ ਚੋਰੀ ਕੀਤੀ ਰਕਮ ਗਿਣਦਾ ਹੈ। ਫਿਰ ਉਹ ਇਹ ਵੀ ਸੋਚਣ ਲੱਗਾ ਕਿ ਕਿਸੇ ਨਾ ਕਿਸੇ ਤਰ੍ਹਾਂ ਅਗਰਵਾਲ ਵੱਲੋਂ ਹਥਿਆਈ ਰਕਮ ਵੀ ਕਢਾਵੇ। ਉਸ ਨੇ ਇਕ ਦਿਨ ਆਪਣੇ ਦੋਸਤ ਸਾਹਬ ਸਿੰਘ ਨੂੰ ਸਾਰੀ ਕਹਾਣੀ ਦੱਸੀ। ਉਸੇ ਨੇ ਦੇਵ ਨੂੰ ਤਰਕੀਬ ਸੁਝਾਈ। ਉਹ ਸਾਹਬ ਸਿੰਘ ਨੂੰ ਨਾਲ਼ ਲੈ ਕੇ ਯੂਨੀਵਰਸਿਟੀ ਦੀ ਲਾਇਬ੍ਰੇਰੀ ਚਲਾ ਗਿਆ ਤੇ ਅਗਰਵਾਲ ਨੂੰ ਕਿਹਾ, 'ਸਰ ਜੀ ਇਹ ਮੇਰੇ ਦੋਸਤ ਨੇ। ਐਮ. ਐਸਸੀ. ਮੈਥ ਫਾਈਨਲ ਦੇ ਸਟੂਡੈਂਟ ਨੇ । ਮੇਰੀ ਇਨ੍ਹਾਂ ਨੇ ਬੜੀ ਸਹਾਇਤਾ ਕੀਤੀ ਏ। ਕੁਝ ਕਿਤਾਬਾਂ ਚਾਹੀਦੀਆਂ ਨੇ ਇਨ੍ਹਾਂ ਨੂੰ। ਪਲੀਜ਼ ਇਸ਼ੂ ਕਰ ਦਿਓ।'

'ਕਿਤਾਬਾਂ ਜਿੰਨੀਆਂ ਮਰਜ਼ੀ ਦੇਵ। ਹੋਰ ਕੀ ਹਾਲ ਏ ਤੇਰਾ?'

'ਸਭ ਤੁਹਾਡੀ ਕਿਰਪਾ ਏ ਸਰ ਜੀ। ਸੁਜੀਤ ਦੇ ਡੈਡੀ ਆਏ ਹੀ ਨਹੀਂ। ਉਹ ਆਉਣ ਤਾਂ ਮੇਰੇ ਵੀ ਪੈਸੇ ਮਿਲ ਜਾਣ।' ਦੇਵ ਨੇ ਕਿਹਾ।

ਉਸ ਨੇ ਇਸ ਬਾਰੇ ਕੋਈ ਗੱਲ ਹੀ ਨਾ ਕੀਤੀ। ਦੇਵ ਤੇ ਸਾਹਬ ਸਿੰਘ ਨੇ ਪੰਜ-ਛੇ ਸੌ ਰੁਪਏ ਕੀਮਤ ਦੇ ਬਰਾਬਰ ਕਿਤਾਬਾਂ ਇਸ਼ੂ ਕਰਵਾ ਲਈਆਂ, ਜਿਨ੍ਹਾਂ ਨੂੰ ਸਾਹਬ ਸਿੰਘ ਆਪਣੇ ਘਰ ਲੈ ਗਿਆ। ਅਗਲੇ ਦਿਨ ਦੇਵ ਮੁੜ ਅਗਰਵਾਲ ਨੂੰ ਮਿਲਿਆ ਤੇ ਪੁੱਛਿਆ, ' ਸਰ, ਮੇਰੀ ਟਿਊਸ਼ਨ ਦੀ ਫੀਸ ਤੁਸੀਂ ਲੈ ਆਏ। ਮੈਨੂੰ ਦੱਸਿਆ ਹੀ ਨਹੀਂ।'

'ਹਾਂ ਦੇਵ ਯਾਰ.... ਮੇਰੀ ਮਦਰ ਬੀਮਾਰ ਹੋ ਗਈ ਸੀ। ਪੈਸੇ ਖਰਚੇ ਗਏ। ਮੈਂ ਤੈਨੂੰ ਛੇਤੀ ਹੀ ਦੇ ਦਿਆਂਗਾ।'

ਉਸ ਮਗਰੋਂ ਦੇਵ ਹਫ਼ਤੇ ਦਸ ਦਿਨਾਂ ਮਗਰੋਂ ਉਸ ਤੋਂ ਪੈਸੇ ਮੰਗਣ ਲਈ ਲਾਇਬ੍ਰੇਰੀ ਜਾਣ ਲੱਗ ਪਿਆ, ਪਰ ਉਹ ਲਾਰੇ ਲਾਈ ਗਿਆ। ਦੇਵ ਦੇ ਪੇਪਰ ਨੇੜੇ ਆਏ ਤਾਂ ਅਗਰਵਾਲ ਨੇ ਕੋਈ ਬੰਦਾ ਦਿਆਲਬਾਗ ਉਸ ਕੋਲ਼ ਭੇਜਿਆ ਜਿਸ ਨੇ ਲਾਇਬ੍ਰੇਰੀ ਤੋਂ ਲਈਆਂ ਪਾਰਟ ਵੰਨ ਤੇ ਟੂ ਦੀਆਂ ਸਾਰੀਆਂ ਕਿਤਾਬਾਂ ਵਾਪਸ ਕਰਨ ਬਾਰੇ ਕਿਹਾ। ਲਾਇਬ੍ਰੇਰੀ ਦੀ ਇੰਸਪੈਕਸ਼ਨ ਆ ਗਈ ਸੀ ਤੇ ਉੱਥੇ ਸਾਰੀਆਂ ਕਿਤਾਬਾਂ ਦਾ ਮੌਜੂਦ ਹੋਣਾ ਜ਼ਰੂਰੀ ਸੀ। ਦੇਵ ਨਾਲ਼ ਉਸ ਦਾ ਕਿਤਾਬਾਂ ਦਾ ਹਿਸਾਬ-ਕਿਤਾਬ ਜ਼ਬਾਨੀ-ਕਲਾਮੀ ਸੀ। ਉਸ ਨੇ ਇਸ਼ੂ ਰਜਿਸਟਰ ਤੇ ਕਿਤੇ ਵੀ ਦਸਖਤ ਨਹੀਂ ਸਨ ਕੀਤੇ। ਉਸ ਨੇ ਆਏ ਬੰਦੇ ਨੂੰ ਕਿਹਾ, 'ਅਗਰਵਾਲ ਨੂੰ ਕਹਿਣਾ ਕਿ ਕਿਤਾਬਾਂ ਨੂੰ ਤਾਂ ਸਿਓਂਕ ਖਾ ਗਈ ਹੈ।'

ਅਗਲੇ ਦਿਨ ਉਹ ਆਪ ਆ ਗਿਆ ਤੇ ਬੋਲਿਆ, 'ਦੇਵ ਯਾਰ ਕਿਤਾਬਾਂ ਵਾਪਸ ਕਰ।'

'ਦੇਖੋ ਵੀਰ ਜੀ ਕਿਤਾਬਾਂ ਤਾਂ ਵਾਪਸ ਕਰਾਂਗਾ ਜੇ ਮੇਰੇ ਪੰਜ ਸੌ ਰੁਪਏ ਦੇਵੋਗੇ।'

'ਪੰਜ ਸੌ ਨਹੀਂ ਦੇਵ... ਤੇਰੇ ਦੋ ਸੋ ਚਾਲੀ ਨੇ। ਕਿਤਾਬਾਂ ਮੋੜ ਆਉਣਾ ਦੇ ਦਿਆਂਗਾ।'

'ਪਰ ਤੁਸੀਂ ਤਾਂ ਮੇਰੇ ਨਾਂ ਤੇ ਪੰਜ ਸੋ ਲਏ ਨੇ... ਦਵੋ ਮੈਨੂੰ।'

'ਤੂੰ ਤਾਂ ਯਾਰ ਬੜਾ ਥੈਂਕ ਲੈੱਸ ਬੰਦਾ ਏਂ। ਸਾਲ ਭਰ ਤੈਨੂੰ ਨਾਵਲ ਕਹਾਣੀਆਂ ਪੜ੍ਹਾਏ । ਪਾਰਟ ਵੰਨ ਦੀਆਂ ਸਾਰੀਆਂ ਕਿਤਾਬਾਂ ਦਿੱਤੀਆਂ। ਫਿਰ ਪਾਰਟ ਟੂ ਦੀਆਂ ਵੀ ਲੈ ਗਿਆ। ਇਹ ਚੰਗਾ ਬਦਲਾ ਚੁਕਾ ਰਿਹਾ ਏਂ ਮੇਰੀ ਭਲਮਾਣਸੀ ਦਾ।'

'ਅਗਰਵਾਲ ਸਾਹਬ ਸੋਚ ਲਵੋ। ਕਿਤਾਬਾਂ ਸਾਰੀਆਂ ਤਾਂ ਹੀ ਵਾਪਸ ਕਰਾਂਗਾ। ਜੇ ਪਹਿਲਾਂ ਮੈਨੂੰ ਪੰਜ ਸੌ ਰੁਪਏ ਦੇਵੋਗੇ।'

'ਜੇ ਮੈਨੂੰ ਪਤਾ ਹੁੰਦਾ ਸਰਦਾਰ ਲੋਕ ਐਨੇ ਘਟੀਆ ਹੁੰਦੇ ਨੇ, ਤੈਨੂੰ ਇਕ ਵੀ ਕਿਤਾਬ ਨਾ ਦਿੰਦਾ।'

'ਚਲੋ, ਇਸੇ ਬਹਾਨੇ ਪਤਾ ਤਾਂ ਲੱਗ ਗਿਆ।'

'ਠੀਕ ਏ.... ਕੱਲ੍ਹ ਸਾਰੀਆਂ ਕਿਤਾਬਾਂ ਲਾਇਬ੍ਰੇਰੀ ਪਹੁੰਚਦੀਆਂ ਕਰ ਦੇਵੀਂ। ਤੈਨੂੰ ਪੰਜ ਸੌ ਰੁਪਏ ਦੇ ਦਿਆਂਗਾ।'

'ਕੱਲ੍ਹ ਤਾਂ ਮੈਂ ਕੇਵਲ ਪੈਸੇ ਲੈਣ ਹੀ ਆਵਾਂਗਾ। ਕਿਤਾਬਾਂ ਇਕ ਦਿਨ ਮਗਰੋਂ ਦਿਆਂਗਾ।'

'ਤੇਰੇ ਉਸ ਹਰਾਮਜ਼ਾਦੀ ਦੇਵਗਨ ਨੇ ਕੰਨ ਭਰੇ ਲਗਦੇ ਨੇ।' ਉਹ ਬੋਲਿਆ।

'ਇਕ ਸ਼ਰੀਫ ਔਰਤ ਨੂੰ ਗਾਹਲਾਂ ਨਾ ਦਵੋ ਸਰ।'

'ਕਿੱਧਰੋਂ ਸ਼ਰੀਫ਼ ਏ ਉਹ? ਸਾਲ਼ੀ ਨੇ ਡੋਰੇ ਪਾ ਲਏ ਹੋਣਗੇ ਤੇਰੇ ਤੇ।' ਉਹ ਬੋਲਿਆ।

ਦੇਵ ਚੁੱਪ ਕਰ ਗਿਆ। ਉਹ ਜਾਣ ਲੱਗਾ ਤਾਂ ਦੇਵ ਨੇ ਉਸ ਨੂੰ ਚਾਹ ਪੁੱਛੀ। ਉਹ ਬੋਲਿਆ, 'ਅਜੇ ਕਸਰ ਏ ਚਾਹ ਦੀ?'

ਗੱਲ ਉਵੇਂ ਹੋਈ ਜਿਵੇਂ ਦੇਵ ਚਾਹੁੰਦਾ ਸੀ। ਦੇਵ ਨੇ ਪਾਰਟ ਵੰਨ ਦੇ ਸਾਰੇ ਨੋਟਸ ਬਣਾਏ ਹੋਏ ਸਨ। ਹੁਣ ਕਿਤਾਬਾਂ ਦੀ ਉਸ ਨੂੰ ਲੋੜ ਹੀ ਕੋਈ ਨਹੀਂ ਸੀ। ਅਗਰਵਾਲ ਤੋਂ ਪੰਜ ਸੌ ਰੁਪਏ ਲੈ ਕੇ ਉਹ ਲਾਇਬ੍ਰੇਰੀ ਦੀਆਂ ਸਾਰੀਆਂ ਕਿਤਾਬਾਂ ਮੋੜ ਆਇਆ। ਅਗਰਵਾਲ ਬੋਲਿਆ, 'ਮੈਂ ਤਾਂ ਆਪਣੇ ਆਪ ਨੂੰ ਹੀ ਠੱਗ ਸਮਝਦਾ ਸੀ। ਤੂੰ ਤਾਂ ਠੱਗਾਂ ਦਾ ਵੀ ਸਰਦਾਰ ਨਿਕਲ਼ਿਆ।'

ਲਾਇਬ੍ਰੇਰੀ' ਚੋਂ ਨਿਕਲ਼ ਦੇਵ ਸਿੱਧਾ ਬਜ਼ਾਰ ਗਿਆ। ਦੋ ਕੁਰਸੀਆਂ, ਇਕ ਟੇਬਲ, ਬੈੱਡ ਸ਼ੀਟ, ਪਰੈੱਸ, ਮਰਫ਼ੀ ਦਾ ਰੇਡਿਓ, ਚਮੜੇ ਦੇ ਬੂਟ ਤੇ ਕਾਫ਼ੀ ਸਾਰੇ ਕੱਪੜੇ ਖਰੀਦ ਆਪਣੇ ਕਵਾਰਟਰ ਵਿਚ ਪੁੱਜਾ ਦਿੱਤੇ।

ਇਕ ਦਿਨ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਮਗਰੋਂ ਸਾਇਕਲ ਚੁੱਕ ਉਹ ਦੇਵਗਨ ਦੇ ਘਰੋਂ ਨਿਕਲਣ ਲੱਗਾ ਸੀ ਕਿ ਉਹ ਉਸਦੇ ਮਗਰ ਹੀ ਆ ਗਈ ਤੇ ਬੋਲੀ, 'ਦੇਵ ਜੀ ਮੇਰੀ ਇਕ ਸਹੇਲੀ ਨੇ ਬੰਬਈ ਤੋਂ ਅੱਜ ਰਾਤ ਨੌਂ ਵਜੇ ਵਾਲ਼ੀ ਗੱਡੀ ਆਗਰਾ ਕੈਂਟ ਪਹੁੰਚਣਾ ਏਂ। ਮੈਂ ਉਸ ਨੂੰ ਰਿਸੀਵ ਕਰਨ ਜਾਣਾ ਏਂ। ਤੁਸੀਂ ਮੇਰੇ ਨਾਲ਼ ਚੱਲੋਗੇ?'

'ਹਾਂ... ਹਾਂ ਸੋਨਿਕਾ ਜੀ ਕਿਉਂ ਨਹੀਂ। ਮੈਂ ਸਟੇਸ਼ਨ ਤੇ ਪਹੁੰਚ ਜਾਵਾਂਗਾ।'

'ਸਟੇਸ਼ਨ ਤੇ ਨਹੀਂ, ਤੁਸੀਂ ਸਾਢੇ ਅੱਠ ਵਜੇ ਐਥੇ ਆ ਜਾਣਾ।'

'ਠੀਕ ਏ ਜੀ.. ਆ ਜਾਵਾਂਗਾ।' ਕਹਿ ਕੇ ਦੇਵ ਘਰ ਆ ਗਿਆ। ਜਿੰਦਰ ਕੋਲ਼ ਰੋਟੀ ਖਾਧੀ ਤੇ ਕੁਝ ਦੇਰ ਬੱਚਿਆਂ ਨਾਲ਼ ਖੇਡਦਾ ਰਿਹਾ। ਸਟੇਸ਼ਨ ਤੇ ਸੋਨਿਕਾ ਨਾਲ਼ ਜਾਣ ਦੀ ਗੱਲ ਦੱਸਣ ਵਾਲ਼ੀ ਤਾਂ ਹੈ ਨਹੀਂ ਸੀ। ਉਹ ਦੁੱਧ ਦਾ ਗਿਲਾਸ ਪੀ ਕੇ ਆਪਣੇ ਕਵਾਰਟਰ ਪਹੁੰਚ ਗਿਆ। ਉਹ ਇਕ ਵਾਰੀ ਫਿਰ ਨਹਾਇਆ। ਕੱਪੜੇ ਬਦਲੇ, ਪਗੜੀ ਬੰਨ੍ਹੀ ਤੇ ਬਣ

ਫ਼ਬ ਕੇ ਠੀਕ ਸਾਢੇ ਅੱਠ ਵਜੇ ਸੋਨਿਕਾ ਦੇ ਘਰ ਪਹੁੰਚ ਗਿਆ।

'ਮੈਂ ਉਸ ਵੇਲ਼ੇ ਕਹਿਣਾ ਭੁੱਲ ਗਈ ਸੀ। ਤੁਹਾਡੀ ਰੋਟੀ ਮੈਂ ਬਣਾ ਦਿੱਤੀ ਏ। ਖਾ ਲਵੋ, ਚਲਦੇ ਹਾਂ।' ਸੋਨਿਕਾ ਬੋਲੀ।

'ਰੋਟੀ ਤਾਂ ਮੈਂ ਖਾ ਆਇਆ ਜੀ। ਬੱਚਿਆਂ ਨੇ ਵੀ ਜਾਣਾ ਏਂ ਨਾਲ਼?'

'ਨਹੀਂ... ਨਹੀਂ... ਬੱਚੇ ਤਾਂ ਸੌਂ ਵੀ ਗਏ। ਬਾਹਰੋਂ ਤਾਲ਼ਾ ਲਾ ਕੇ ਜਾਵਾਂਗੇ। ਉਂਜ ਮੈਂ ਰਿਸ਼ਮ ਨੂੰ ਸਾਰੀ ਗੱਲ ਦੱਸੀ ਹੋਈ ਏ।' ਉਹ ਬੋਲੀ।

ਦੇਵ ਦੇ ਨਾ ਨਾ ਕਰਦਿਆਂ ਉਹ ਕੌਫ਼ੀ ਦੇ ਦੋ ਕੱਪ ਬਣਾ ਲਿਆਈ ਤੇ ਬਿਲਕੁਲ ਉਸ ਦੇ ਨਾਲ਼ ਸੋਫ਼ੇ ਤੇ ਬੈਠ ਗਈ। ਦੇਵ ਤਾਂ ਉਸ ਨੂੰ ਆਪਣੇ ਬਾਰੇ ਪਹਿਲਾਂ ਹੀ ਸਭ ਕੁਝ ਦੱਸ ਚੁੱਕਾ ਸੀ। ਇਹ ਵੀ ਕਿ ਉਹ ਸੱਠ ਨੰਬਰ ਬਲਾਕ ਵਿਚ ਇਕੱਲਾ ਰਹਿੰਦਾ ਸੀ। ਆਪਣੀ ਭਾਬੀ ਕੋਲ਼ੋਂ ਰੋਟੀ ਖਾ ਕੇ ਉੱਥੇ ਆ ਜਾਇਆ ਕਰਦਾ ਸੀ। ਅੱਜ ਸੋਨਿਕਾ ਨੂੰ ਦੇਵ ਨਾਲ਼ ਇਕੱਲੇ ਬੈਠਣ ਦਾ ਮੌਕਾ ਮਿਲਿਆ ਤਾਂ ਉਸ ਨੇ ਦੱਸਿਆ ਕਿ ਉਸਦਾ ਆਪਣੇ ਘਰ ਵਾਲ਼ੇ ਗੁਲਾਬ ਚੰਦ ਨਾਲ਼ ਤਲਾਕ ਦਾ ਕੇਸ ਚੱਲ ਰਿਹਾ ਸੀ। ਉਹ ਐਨਾ ਬੇਸ਼ਰਮ ਸੀ ਕਿ ਦੋ ਢਾਈ ਮਹੀਨੇ ਮਗਰੋਂ ਉਹ ਜਦ ਵੀ ਘਰ ਆਉਂਦਾ ਤਾਂ ਉਸ ਨਾਲ਼ ਨਵੀਂ ਕੁੜੀ ਹੁੰਦੀ। ਉਹ ਹਮੇਸ਼ਾ ਹੋਰ ਔਰਤਾਂ ਨਾਲ਼ ਘੁੰਮਣ ਵਾਲ਼ਾ ਬੰਦਾ ਸੀ, ਜਿਸ ਨੂੰ ਉਹ ਬਰਦਾਸ਼ਤ ਨਹੀਂ ਸੀ ਕਰਦੀ। ਉਨ੍ਹਾਂ ਨੇ ਆਪਣੇ ਮਾਪਿਆਂ ਤੋਂ ਬਾਹਰੇ ਹੋ ਕੇ ਪ੍ਰੇਮ ਵਿਆਹ ਕਰਵਾਇਆ ਸੀ। ਇਸੇ ਲਈ ਦੋਨਾਂ ਦੀ ਹੀ ਮਾਪਿਆਂ ਨਾਲ਼ ਕੋਈ ਵਰਤੋਂ ਨਹੀਂ ਸੀ।

'ਫੇਰ ਤਾਂ ਬੱਚਿਆਂ ਨੂੰ ਵੀ ਸਾਰੀ ਗੱਲ ਦਾ ਪਤਾ ਹੋਵੇਗਾ।' ਦੇਵ ਨੇ ਕਿਹਾ।

'ਨਹੀਂ, ਬੱਚਿਆਂ ਨੂੰ ਕਹਿ ਦੇਈਦਾ ਹੈ ਕਿ ਉਹ ਕੁੜੀ ਉਨ੍ਹਾਂ ਦੀ ਸਰਵੈਂਟ ਹੈ, ਜੋ ਬਾਰਡਰ ਤੇ ਉਨ੍ਹਾਂ ਲਈ ਕੰਮ ਕਰਦੀ ਹੈ। ਦਰਅਸਲ ਅਸੀਂ ਆਪਣੀ ਰਜ਼ਾਮੰਦੀ ਨਾਲ਼ ਹੀ ਕੋਰਟ ਵਿਚ ਕੇਸ ਪਾਇਆ ਹੈ। ਇਕ ਅੱਧ ਪੇਸ਼ੀ ਮਗਰੋਂ ਸਾਡਾ ਤਲਾਕ ਹੋ ਜਾਣਾ ਏਂ।'

'ਫੇਰ ਤੁਸੀਂ ਹੋਰ ਮੈਰਿਜ਼ ਕਰਵਾਓਗੇ?'

'ਪਹਿਲੇ ਤੋਂ ਖਹਿੜਾ ਛੁੱਟੇਗਾ, ਤਦੇ ਸੋਚਾਂਗੀ।'

'ਉਹ ਬੱਚਿਆਂ ਨੂੰ ਵੀ ਪਿਆਰ ਨਹੀਂ ਕਰਦੇ? ਇੰਨੇ ਸੁਹਣੇ ਇੰਟੈਲੀਜੈਂਟ ਬੱਚੇ ਨੇ । ਮੈਨੂੰ ਤਾਂ ਉਹ ਬਹੁਤ ਪਿਆਰੇ ਲੱਗਦੇ ਨੇ।'

ਇਸ ਗੱਲ ਦਾ ਮੋਨਿਕਾ ਨੇ ਕੋਈ ਉੱਤਰ ਨਾ ਦਿੱਤਾ। ਗੱਲਬਾਤ ਦੌਰਾਨ ਉਸ ਨੇ ਆਪਣੀਆਂ ਪਲਕਾਂ ਤੇ ਢਿਲਕ ਆਏ ਓਸ ਵਰਗੇ ਹੰਝੂਆਂ ਨੂੰ ਆਪਣੀਆਂ ਉਂਗਲਾਂ ਦੇ ਪੋਟਿਆਂ ਨਾਲ਼ ਕਈ ਵਾਰੀ ਬੋਚਿਆ।

ਉਹ ਰਿਕਸ਼ਾ ਕਰਕੇ ਨੌਂ ਵੱਜਣ ਤੋਂ ਪਹਿਲਾਂ ਹੀ ਕੈਂਟ ਸਟੇਸ਼ਨ ਦੇ ਪਲੇਟਫਾਰਮ ਉੱਤੇ ਪਹੁੰਚ ਗਏ। ਪਤਾ ਲੱਗਾ ਕਿ ਗੱਡੀ ਦੋ ਘੰਟੇ ਲੇਟ ਸੀ। ਉਹ ਦੋਨੋਂ ਵੇਟਿੰਗ ਰੂਮ ਵਿਚ ਜਾ ਬੈਠੇ। ਉੱਥੇ ਬੈਠਿਆਂ ਹੀ ਸੋਨਿਕਾ ਦੇਵਗਨ ਨੇ ਦੇਵ ਨੂੰ ਆਪਣੀ ਕਹਾਣੀ ਦੱਸੀ, ਉਹ ਬਾਰ-ਬਾਰ ਅੱਖਾਂ ਭਰਦੀ ਰਹੀ। ਉਸ ਦੇ ਨਾਂ ਉੱਤੇ ਕਿਨਾਰੀ ਬਜ਼ਾਰ ਵਿਚ ਸੱਤ ਦੁਕਾਨਾਂ ਸਨ, ਜਿਨ੍ਹਾਂ ਦਾ ਹਰ ਮਹੀਨੇ ਉਸ ਨੂੰ ਕਿਰਾਇਆ ਆਉਂਦਾ ਸੀ। ਇਹ ਦੁਕਾਨਾਂ ਉਸ ਦੇ ਮਾਪਿਆਂ ਨੇ ਵਿਆਹ ਤੋਂ ਪਹਿਲਾਂ ਹੀ ਉਸ ਦੇ ਨਾਂ ਕੀਤੀਆਂ ਹੋਈਆਂ ਸਨ। ਗੱਡੀ ਸਵਾ ਗਿਆਰਾਂ

ਵਜੇ ਪਲੇਟ ਫਾਰਮ ਤੇ ਪਹੁੰਚ ਗਈ। ਕਿੰਨੀ ਹੀ ਦੇਰ ਉਹ ਉਤਰ ਰਹੀਆਂ ਸਵਾਰੀਆਂ ਵੱਲ ਦੇਖਦੇ ਰਹੇ। ਉਸ ਦੀ ਸਹੇਲੀ ਤਾਂ ਪਹੁੰਚੀ ਹੀ ਨਹੀਂ ਸੀ। ਨਿਰਾਸ਼ ਹੋਕੇ ਉਹ ਬੋਲੀ, 'ਚਲੋ ਦੇਵ ਜੀ ਵਾਪਸ ਚੱਲੀਏ।'

ਉਨ੍ਹਾਂ ਨੇ ਮੁੜ ਉਸ ਦੇ ਘਰ ਲਈ ਰਿਕਸ਼ਾ ਕਰ ਲਿਆ। ਦੇਵ ਦਾ ਸਾਇਕਲ ਉਸੇ ਦੇ ਘਰ ਖੜ੍ਹਾ ਸੀ। ਉਸ ਨੇ ਦੇਵ ਨੂੰ ਦੱਸਿਆ ਕਿ ਉਸ ਦੀ ਗੱਡੀ ਤਿੰਨ ਚਾਰ ਦਿਨ ਦੀ ਮਕੈਨਿਕ ਕੋਲ਼ ਖੜ੍ਹੀ ਸੀ। ਰਿਕਸ਼ੇ ਉੱਤੇ ਬੈਠ ਕੇ ਸਫ਼ਰ ਕਰਨਾ ਉਸ ਨੂੰ ਬੜਾ ਮੁਸ਼ਕਲ ਲੱਗਦਾ ਸੀ। ਉਸ ਨੇ ਇਹ ਗੱਲ ਦੇਵ ਨੂੰ ਕਈ ਵਾਰੀ ਕਹੀ ਕਿ ਉਸ ਨੇ ਰਿਕਸ਼ਾ ਕਰ ਕੇ ਦੇਵ ਨੂੰ ਬੜਾ ਕਸ਼ਟ ਦਿੱਤਾ ਸੀ। ਪਰ ਦੇਵ ਤਾਂ ਉਸ ਨਾਲ਼ ਖੁਸ਼ ਬੈਠਾ ਸੀ। ਨਾਲ਼ ਜੁੜੀ ਬੈਠੀ ਸੋਨਿਕਾ ਦਾ ਸਾਥ ਉਸ ਨੂੰ ਪਿਆਰਾ ਲੱਗ ਰਿਹਾ ਸੀ। ਘਰ ਪਹੁੰਚ ਮਕਾਨ ਦਾ ਤਾਲ਼ਾ ਖੋਹਲ ਉਹ ਅੰਦਰ ਜਾ ਵੜੇ।

'ਕੀ ਲਵੋਂਗੇ ਦੇਵ ਜੀ?' ਉਹ ਬੋਲੀ।

'ਹੁਣ ਅੱਧੀ ਰਾਤ ਕਿਸੇ ਚੀਜ਼ ਦੀ ਲੋੜ ਨਹੀਂ ਸੋਨਿਕਾ ਜੀ। ਮੈਨੂੰ ਆਗਿਆ ਦਿਓ, ਮੈਂ ਜਾਵਾਂ।' ਜਿਸ ਦਿਨ ਦਾ ਸੋਨਿਕਾ ਨੇ ਉਸ ਨੂੰ ਕਿਹਾ ਸੀ ਕਿ ਉਹ ਉਸ ਨੂੰ 'ਸੋਨਿਕਾ' ਕਹਿਕੇ ਹੀ ਬੁਲਾਇਆ ਕਰੇ, ਉਹ ਗੱਲ ਗੱਲ ਵਿਚ ਉਸ ਨੂੰ ਸੋਨਿਕਾ ਕਹਿ ਕੇ ਖੁਸ਼ ਹੁੰਦਾ ਸੀ।

'ਹੁਣ ਤਾਂ ਮੈਂ ਨਹੀਂ ਜਾਣ ਦਿਆਂਗੀ। ਐਥੇ ਹੀ ਪੈ ਜਾਓ।'

'ਮੈਂ ਛੇ ਵਜੇ ਕਾਲਜ ਜਾਣਾ ਹੁੰਦਾ ਏ ਸੋਨਿਕਾ ਜੀ। ਨਾਲ਼ੇ ਹੁਣ ਵੀ ਤਾਂ ਰਾਤ ਵਿਚ ਹੀ ਆਏ ਹਾਂ। ਐਥੇ ਤਾਂ ਲੋਕ ਸਾਰੀ ਰਾਤ ਘੁੰਮਦੇ ਰਹਿੰਦੇ ਨੇ।' ਦੇਵ ਨੇ ਕਿਹਾ।

'ਨਹੀਂ, ਤੁਸੀਂ ਅੱਜ ਐਥੇ ਹੀ ਰਹੋਗੇ, ਮੈਂ ਤੁਹਾਨੂੰ ਜਾਣ ਨਹੀਂ ਦਿਆਂਗੀ ਦੇਵ ਜੀ।' ਉਸ ਨੇ ਆਪਣਾ ਫੈਸਲਾ ਸੁਣਾ ਦਿੱਤਾ। ਦੇਵ ਸੋਫ਼ੇ ਤੇ ਬੈਠ ਗਿਆ। ਉਹ ਦੋ ਕੱਪ ਚਾਹ ਦੇ ਬਣਾ ਲਿਆਈ।

'ਚਾਹ ਪੀਣ ਨਾਲ਼ ਤਾਂ ਨੀਂਦ ਨਹੀਂ ਆਏਗੀ ਸੋਨਿਕਾ ਜੀ।'

'ਕਿਉਂ?... ਰੋਜ਼ ਸੌਂਦੇ ਹੀ ਹੋ।' ਉਹ ਮੁਸਕਰਾਈ।

ਹਾਲ ਕਮਰੇ ਵਿਚ ਮੋਟੇ ਗੱਦੇ ਵਾਲ਼ਾ ਖੁੱਲ੍ਹਾ-ਡੁੱਲ੍ਹਾ ਦੀਵਾਨ ਪਿਆ ਸੀ। ਉਸ ਨੇ ਉਸ ਉੱਤੇ ਨਵੀਂ ਰੇਸ਼ਮੀ ਚਾਦਰ ਵਿਛਾ ਕੇ ਦੋ ਸਿਰਹਾਣੇ ਅਤੇ ਖੇਸੀ ਰੱਖ ਦਿੱਤੀ। ਪਾਣੀ ਦੀ ਇਕ ਗੜਬੀ ਤੇ ਗਿਲਾਸ ਸਿਰਹਾਣੇ ਵੱਲ ਤਿਪਾਈ ਉੱਤੇ ਰੱਖ ਦਿੱਤੇ। ਫਿਰ ਉਹ ਧਾਰੀਆਂ ਵਾਲ਼ਾ ਨਾਈਟ ਸੂਟ ਚੁੱਕ ਲਿਆਈ ਤੇ ਉਸ ਨੂੰ ਫੜਾਉਂਦੀ ਬੋਲੀ, ' ਚੇਂਜ ਕਰ ਲਓ ਦੇਵ ਜੀ। ਹੋਰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਸੰਗਣਾ ਨਹੀਂ। ਮੈਨੂੰ ਹਾਕ ਮਾਰ ਲੈਣੀ।'

ਦੇਵ ਨੇ ਉਸ ਦੇ ਚਿਹਰੇ ਵੱਲ ਦੇਖਿਆ ਉਹ ਮੁਸਕਰਾ ਰਹੀ ਸੀ। ਉਹ ਦੀਵਾਰ ਤੇ ਲੱਗੇ ਕਲਾਕ ਵੱਲ ਦੇਖਦਾ ਬੋਲਿਆ, 'ਬੱਸ ਜੀ, ਲੋੜ ਤਾਂ ਕੋਈ ਹੈ ਨਹੀਂ ਜੀ।'

'ਲਾਈਟ ਬੰਦ ਕਰ ਦਿਆਂ?'

'ਕਰ ਦਿਓ ਸੋਨਿਕਾ ਜੀ। ਮੈਨੂੰ ਸਾਢੇ ਚਾਰ ਵਜੇ ਜਗਾ ਦੇਣਾ।'

ਉਸ ਨੇ ਲਾਈਟ ਬੰਦ ਕੀਤੀ ਤਾਂ ਵੀ ਅੰਦਰ ਕਾਫ਼ੀ ਰੋਸ਼ਨੀ ਸੀ। ਗਲ਼ੀ ਵੱਲੋਂ ਦੋ

ਰੋਸ਼ਨਦਾਨਾਂ ਵਿੱਚੀਂ ਕਾਫ਼ੀ ਲਾਈਟ ਅੰਦਰ ਆ ਰਹੀ ਸੀ। ਦੇਵ ਨੇ ਇਕ ਇਕ ਕਰ ਕੇ ਕੱਪੜੇ ਲਾਹੇ ਤੇ ਕੀਲੀ ਨਾਲ਼ ਟੰਗ ਦਿੱਤੇ। ਤਹਿ ਮਾਰਿਆ ਨਾਈਟ ਸੂਟ ਉਸ ਨੇ ਖੋਲ੍ਹਿਆ ਹੀ ਨਾ। ਕੱਪੜੇ ਪਾ ਕੇ ਉਹ ਸੌਂ ਹੀ ਨਹੀਂ ਸੀ ਸਕਦਾ। ਉਸ ਦੇ ਤਾਂ ਇਕੱਲਾ ਕੱਛਾ ਵੀ ਜਿਵੇਂ ਲੜ ਰਿਹਾ ਸੀ। ਬੜੀ ਦੇਰ ਤੱਕ ਉਹ ਅੱਖਾਂ ਖੋਲ੍ਹੀ ਛੱਤ ਵੱਲ ਝਾਕਦਾ ਰਿਹਾ। ਉਸ ਨੂੰ ਲੱਗ ਰਿਹਾ ਸੀ ਕਿ ਸੋਨਿਕਾ ਉਸ ਕੋਲ਼ ਜ਼ਰੂਰ ਆਵੇਗੀ। ਦੀਵਾਨ ਤੇ ਦੋ ਸਿਰਹਾਣੇ ਰੱਖਣ ਦਾ ਮਤਲਬ ਹੋਰ ਕੀ ਹੋ ਸਕਦਾ ਸੀ। ਫਿਰ ਉਸ ਦੇ ਖਿਆਲ ਹੋਰ ਹੋਰ ਪਾਸੇ ਭਟਕਣ ਲੱਗੇ। ਜੇ ਇਸ ਵੇਲ਼ੇ ਗੁਲਾਬ ਚੰਦ ਆ ਜਾਵੇ ਤਾਂ ਸੋਨਿਕਾ ਉਸ ਨਾਲ਼ ਉਸਦਾ ਤੁਆਰਫ਼ ਕਿਵੇਂ ਕਰਾਏਗੀ। ਜੇ ਉਸਦੇ ਵੀਰ ਜੀ ਤੇ ਭਾਬੀ ਨੂੰ ਇਸ ਗੱਲ ਦੀ ਭਿਣਕ ਪੈ ਜਾਵੇ ਕਿ ਉਹ ਇਸ ਵੇਲ਼ੇ ਇਕ ਨੌਜਵਾਨ ਔਰਤ ਦੇ ਘਰ ਹੈ, ਫਿਰ ਕੀ ਬਣੇਗਾ? ਇੰਝ ਘੁੰਮਣਘੇਰੀਆਂ' ਚ ਪਏ ਦੇਵ ਨੂੰ ਨੀਂਦ ਆ ਗਈ।

ਸੋਨਿਕਾ ਨੇ ਉਸ ਦਾ ਪੈਰ ਹਿਲਾਇਆ ਤੇ ਦੱਸਿਆ ਕਿ ਸਾਢੇ ਚਾਰ ਵੱਜ ਚੁੱਕੇ ਸਨ। ਉਹ ਉੱਠ ਬੈਠਾ ਤੇ ਖੇਸੀ ਨਾਲ਼ ਆਪਣਾ ਨੰਗਾ ਪਿੰਡਾ ਢਕਦਿਆਂ ਕਿਹਾ, 'ਤੁਸੀਂ ਅਲਾਰਮ ਲਾਇਆ ਸੀ?'

'ਨਹੀਂ, ਮੈਨੂੰ ਨੀਂਦ ਘੱਟ ਹੀ ਆਈ ਏ ਦੇਵ ਜੀ। ਤੁਸੀਂ ਸੁੱਤੇ?' ਉਹ ਉਸ ਦੇ ਲਾਗੇ ਦੀਵਾਨ ਤੇ ਬਹਿੰਦੀ ਬੋਲੀ।

'ਪਤਾ ਹੀ ਨੀ ਰਿਹਾ ਜੀ ਪੈ ਕੇ।' ਦੇਵ ਬੋਲਿਆ।

'ਤੁਸੀਂ ਉੱਠ ਕੇ ਬਾਥਰੂਮ ਜਾ ਆਓ। ਮੈਂ ਚਾਹ ਬਣਾਉਂਦੀ ਹਾਂ। ਉੱਥੇ ਡੱਬੀ ਵਿਚ ਨਵਾਂ ਬਰੁਸ਼ ਪਿਆ ਏ, ਪੇਸਟ ਬਗੈਰਾ ਅੰਦਰ ਹੀ ਹੈ। ਹੋਰ ਕੋਈ ਲੋੜ ਹੋਵੇ ਦੱਸ ਦੇਣਾ।' ਉਹ ਬੋਲੀ।

'ਨਹੀਂ ਜੀ..... ਹੁਣ ਮੈਨੂੰ ਜਾਣ ਦਿਓ। ਤਿਆਰ ਤਾਂ ਮੈਂ ਘਰ ਜਾ ਕੇ ਹੀ ਹੋਵਾਂਗਾ।'

ਦੇਵ ਕੱਪੜੇ ਪਾਉਣੇ ਚਾਹੁੰਦਾ ਸੀ, ਪਰ ਉਹ ਉੱਠੇ ਹੀ ਨਾ। ਉਹ ਥੋੜ੍ਹੀ ਦੇਰ ਚੁੱਪ ਰਹੀ ਫਿਰ ਬੋਲੀ, 'ਤੁਸੀਂ ਐਥੋਂ ਨਾਸ਼ਤਾ ਕਰ ਕੇ ਸਿੱਧੇ ਹੀ ਕਾਲਜ ਚਲੇ ਜਾਣਾ।'

'ਨਹੀਂ ਜੀ ਸਵੇਰੇ ਸਵੇਰੇ ਭਾਬੀ ਜੀ ਕੋਲ਼ ਹਾਜ਼ਰੀ ਜ਼ਰੂਰੀ ਏ।'

'ਉਨ੍ਹਾਂ ਨੂੰ ਦੱਸੋਗੇ ਕਿ ਰਾਤ ਕਿੱਥੇ ਸੀ?' ਉਹ ਹੱਸੀ।

'ਇਹ ਕੋਈ ਦੱਸਣ ਵਾਲ਼ੀ ਗੱਲ ਥੋੜ੍ਹੋ ਹੈ ਜੀ। ਜੇ ਤੁਸੀਂ ਜ਼ੋਰ ਪਾਉਂਦੇ ਹੋ ਤਾਂ ਮੈਂ ਚਾਹ ਦਾ ਕੱਪ ਲੈ ਲਵਾਂਗਾ।' ਦੇਵ ਬੋਲਿਆ ਤਾਂ ਉਹ ਉੱਠ ਕੇ ਰਸੋਈ ਵੱਲ ਚਲੀ ਗਈ।

ਦੇਵ ਨੇ ਛੇਤੀ ਛੇਤੀ ਕੱਪੜੇ ਪਾ ਕੇ, ਪਗੜੀ ਸਿਰ ਤੇ ਰੱਖ ਲਈ। ਬਾਥਰੂਮ ਜਾ ਕੇ ਕੁਰਲੀ ਕਰ ਆਇਆ।

ਜਦੋਂ ਉਹ ਚਾਹ ਦੇ ਦੋ ਕੱਪ ਲੈ ਕੇ ਮੁੜੀ ਦੇਵ ਸੋਫ਼ੇ ਤੇ ਜਾ ਬੈਠਾ ਸੀ। ਉਹ ਉਸ ਦੇ ਨਾਲ਼ ਹੀ ਬੈਠ ਗਈ ਤੇ ਬੋਲੀ, 'ਦੇਵ ਜੀ ਤੁਸੀਂ ਰਾਤ ਮੇਰੇ ਨਾਲ਼ ਗਏ। ਤੁਹਾਡਾ ਧੰਨਵਾਦ।'

'ਇਹ ਤਾਂ ਮੇਰਾ ਫਰਜ਼ ਸੀ ਜੀ।' ਦੇਵ ਬੋਲਿਆ।

'ਤੁਸੀਂ ਬਹੁਤ ਚੰਗੇ ਹੋ ਦੇਵ ਜੀ... ਤੁਸੀਂ ਮੇਰਾ ਦਿਲ ਜਿੱਤ ਲਿਆ।'

'ਮੈਨੂੰ ਵੀ ਇਸੇ ਤਰ੍ਹਾਂ ਲਗਦਾ ਏ ਸੋਨਿਕਾ ਜੀ।' ਦੇਵ ਨੇ ਕਿਹਾ ਤਾਂ ਸੋਨਿਕਾ ਦੀ ਅੱਖ ਭਰ ਆਈ। ਉਸ ਨੇ ਆਪਣੇ ਬੁੱਲ੍ਹ ਦੰਦਾਂ ਵਿਚ ਘੁੱਟ ਲਏ।

'ਮੈਂ ਜਾਵਾਂ ਹੁਣ?' ਚਾਹ ਪੀਣ ਮਗਰੋਂ ਦੇਵ ਖੜ੍ਹਾ ਹੁੰਦਾ ਬੋਲਿਆ। ਸੋਨਿਕਾ ਵੀ ਉੱਠ ਖੜ੍ਹੀ ਹੋਈ। ਉਹ ਦਰਾਂ ਤੱਕ ਦੇਵ ਦੇ ਨਾਲ਼ ਆਈ, ਫਿਰ ਹੱਥ ਹਿਲਾਉਣ ਲੱਗ ਪਈ। ਰਸਤੇ ਵਿਚ ਦੇਵ ਨੂੰ ਖਿਆਲ ਆਇਆ ਕਿ ਉਸ ਨੂੰ ਪੁੱਛਣਾ ਚਾਹੀਦਾ ਸੀ ਕਿ ਉਹ ਰੋਈ ਕਿਉਂ?

**00**

# ਚੁਰੱਨਵੇਂ

ਐਮ. ਐਸਸੀ. (ਪਹਿਲਾ ਸਾਲ) ਦੇ ਪੇਪਰ ਦੇਣ ਮਗਰੋਂ ਦੇਵ ਬਿਲਕੁਲ ਵਿਹਲਾ ਹੋ ਗਿਆ। ਦਿਆਲਬਾਗ ਕਾਲਜ ਵਿਚ ਵੀ ਗਰਮੀ ਦੀਆਂ ਛੁੱਟੀਆਂ ਹੋ ਗਈਆਂ ਸਨ। ਇਕ ਦਿਨ ਉਹ ਪ੍ਰੋ. ਵਿਜੇ ਦੀ ਕੋਠੀ ਗਿਆ ਤਾਂ ਉਹ ਉਸ ਦੇ ਆਉਣ ਤੇ ਬੜਾ ਖੁਸ਼ ਹੋਏ। ਉਨ੍ਹਾਂ ਦਾ ਸਾਰਾ ਪ੍ਰਵਾਰ ਛੁੱਟੀਆਂ ਮਨਾਉਣ ਲਈ ਪਹਾੜੀ ਇਲਾਕਿਆਂ ਵਿਚ ਘੁੰਮਣ ਜਾਣ ਦੀ ਤਿਆਰੀ ਕਰੀ ਬੈਠਾ ਸੀ। ਉਨ੍ਹਾਂ ਦੀ ਖੁਸ਼ੀ ਦਾ ਕਾਰਨ ਇਹ ਸੀ ਕਿ ਪਿੱਛੋਂ ਦੇਵ ਉਨ੍ਹਾਂ ਦੀ ਕੋਠੀ ਆਉਂਦਾ ਰਹੇ ਤੇ ਬੂਟਿਆਂ ਦੀ ਦੇਖ ਭਾਲ਼ ਕਰਦਾ ਰਹੇ। ਤਿੰਨਾਂ ਕੁੜੀਆਂ ਦਾ ਹੀ ਨਹੀਂ ਸਗੋਂ ਉਨ੍ਹਾਂ ਦੇ ਮਾਂ ਬਾਪ ਦਾ ਵੀ ਹੁਣ ਫੁੱਲਾਂ ਨਾਲ਼ ਪਿਆਰ ਪੈ ਗਿਆ ਸੀ ਤੇ ਉਹ ਇਸ ਦਾ ਸਿਹਰਾ ਦੇਵ ਦੇ ਸਿਰ ਹੀ ਬੰਨ੍ਹਦੇ ਸਨ ਜਿਸ ਨੇ ਠੁੱਡਾ ਮਾਰ ਕੇ ਸੁੱਤੀ ਪਈ ਕਿਸੇ ਅਹੱਲਿਆ ਨੂੰ ਜਗਾ ਦਿੱਤਾ ਸੀ। ਵਿਜੇ ਸਰ ਨੇ ਦੇਵ ਨੂੰ ਫਾਈਨਲ ਦੀਆਂ ਸਾਰੀਆਂ ਕਿਤਾਬਾਂ ਦਾ ਸੈੱਟ ਦਿੱਤਾ ਤਾਂ ਦੇਵ ਹੈਰਾਨ ਹੋਇਆ ਕਿ ਸਾਰੀਆਂ ਉੱਤੇ ਯੂਨੀਵਰਸਿਟੀ ਲਾਇਬ੍ਰੇਰੀ ਦੀ ਮੋਹਰ ਲੱਗੀ ਸੀ। ਦੇਵ ਬੋਲਿਆ, 'ਸਰ ਮੈਂ ਇਸ ਵਿਹਲੇ ਸਮੇਂ ਵਿਚ ਕੁਝ ਨਾਵਲ ਕਹਾਣੀਆਂ ਪੜ੍ਹਨੀਆਂ ਚਾਹੁੰਦਾ ਹਾਂ। ਜੇ ਕੋਈ ਲਾਇਬ੍ਰੇਰੀਅਨ ਤੁਹਾਡਾ ਵਾਕਫ਼ ਹੋਵੇ ਤਾਂ ਕਿਤਾਬਾਂ ਦੇਣ ਦੀ ਸਿਫਾਰਿਸ਼ ਹੀ ਕਰ ਦਿਓ।'

'ਮੈਂ ਚਿੱਟ ਲਿਖ ਦਿੰਦਾ ਏਂ ਤੂੰ ਯੂਨੀਵਰਸਿਟੀ ਲਾਇਬ੍ਰੇਰੀ ਉਸ ਨੂੰ ਮਿਲ ਲੈਣ।' ਵਿਜੇ ਸਰ ਨੇ ਕਿਹਾ।

ਜਿਹੜੀ ਚਿੱਟ ਉਸ ਨੇ ਲਿਖ ਕੇ ਦਿੱਤੀ, ਉਹ ਅਸਿਸਟੈਂਟ ਲਾਇਬ੍ਰੇਰੀਅਨ ਆਰ. ਐਸ. ਅਗਰਵਾਲ ਦੇ ਨਾਂ ਸੀ, ਜਿਸ ਨਾਲ਼ ਦੇਵ ਦਾ ਪਹਿਲਾਂ ਹੀ ਪੰਗਾ ਪੈ ਚੁੱਕਾ ਸੀ। ਉਸ ਨੇ ਚਿੱਟ ਉੱਤੇ ਲਿਖਿਆ ਸੀ ਕਿ ਇਹ ਬੰਦਾ ਉਸਦਾ ਵਾਕਿਫ਼ ਹੈ, ਇਸ ਨੂੰ ਇਕੋ ਸਮੇਂ ਲੋੜੀਂਦੀਆਂ ਤਿੰਨ ਕਿਤਾਬਾਂ ਦਿੰਦੇ ਰਹਿਣਾ। ਦੇਵ ਨੇ ਚਿੱਟ ਪੜ੍ਹ ਕੇ ਜੇਬ੍ਹ ਵਿਚ ਪਾ ਲਈ। ਪ੍ਰੋ. ਵਿਜੇ ਬਾਥਰੂਮ' ਚ ਜਾ ਵੜਿਆ ਤਾਂ ਉਸ ਦੀ ਵੱਡੀ ਬੇਟੀ ਮੀਨਾਕਸ਼ੀ ਬੋਲੀ, 'ਸਰਦਾਰ ਜੀ ਤੁਸੀਂ ਮੈਥ ਦੇ ਸਟੂਡੈਂਟ ਹੋ ਤੇ ਨਾਵਲ ਕਹਾਣੀਆਂ ਵੀ ਪੜ੍ਹਦੇ ਹੋ?'

'ਕਿਉਂ ਮੈਥ ਵਾਲ਼ੇ ਬੰਦੇ ਨੀ ਹੁੰਦੇ? ਤੁਸੀਂ ਕਦੇ ਪੜ੍ਹ ਕੇ ਤਾਂ ਦੇਖੋ। ਨਵੀਂ ਦੁਨੀਆਂ ਦੇ ਦਰਸ਼ਣ ਹੋ ਜਾਣਗੇ।'

'ਸ਼ੌਕ ਤਾਂ ਮੈਨੂੰ ਵੀ ਬਹੁਤ ਏ ਪਰ ਮੰਮੀ ਜੀ ਤੋਂ ਡਰ ਲਗਦਾ ਏ। ਚੋਰੀ ਛੁਪੇ ਮੈਂ

ਤਿੰਨ ਨਾਵਲ ਪੜ੍ਹੇ ਨੇ।'

ਦੇਵ ਹੈਰਾਨ ਹੋਇਆ ਕਿ ਜਿਹੜੇ ਤਿੰਨ ਨਾਵਲਾਂ ਦਾ ਉਸ ਨੇ ਨਾਂ ਲਿਆ, ਉਹ ਹਿੰਦੀ ਦੇ 'ਮਾਸਟਰ ਪੀਸ' ਸਨ। ਦੇਵ ਵੀ ਉਨ੍ਹਾਂ ਨੂੰ ਪੜ੍ਹ ਚੁੱਕਾ ਸੀ। ਇਕ ਵੱਖਰੀ ਦੁਨੀਆਂ ਦੀ ਜਿਹੜੀ ਖਿੜਕੀ ਦੇਵ ਦੀਆਂ ਸੋਚਾਂ ਵਿਚ ਖੁੱਲ੍ਹੀ ਸੀ, ਸ਼ਾਇਦ ਉਵੇਂ ਹੀ ਮੀਨਾਕਸ਼ੀ ਨੇ ਵੀ ਮਹਿਸੂਸ ਕੀਤਾ ਹੋਵੇਗਾ।

'ਤੁਸੀਂ ਟਰਿੱਪ ਤੋਂ ਵਾਪਸ ਆ ਜਾਓ। ਲਿਟਰੇਚਰ ਦੀਆਂ ਕਿਤਾਬਾਂ ਲਿਆਉਣਾ ਮੇਰਾ ਕੰਮ। ਤੁਸੀਂ ਪੜ੍ਹਨ ਵਾਲ਼ੇ ਬਣੋ।' ਦੇਵ ਨੇ ਕਿਹਾ ਤਾਂ ਮੀਨਾਕਸ਼ੀ ਖੁਸ਼ ਹੋ ਗਈ।

ਪ੍ਰੋ. ਵਿਜੇ ਕੁਮਾਰ ਨੇ ਜੋ ਚਿੱਟ ਦਿੱਤੀ, ਉਸ ਉੱਤੇ ਕਿਸੇ ਦਾ ਨਾਂ ਨਹੀਂ ਸੀ ਲਿਖਿਆ ਹੋਇਆ। ਦੇਵ ਨੇ ਸੋਚਿਆ ਕਿ ਕਿਸੇ ਨੂੰ ਵੀ ਭੇਜ ਕੇ ਕਿਤਾਬਾਂ ਲਈਆਂ ਜਾ ਸਕਦੀਆਂ ਸਨ। ਸਾਹਿਬ ਸਿੰਘ ਤੋਂ ਬਿਨਾਂ ਉਸਦਾ ਹੋਰ ਕੋਈ ਦੋਸਤ ਵੀ ਨਹੀਂ ਸੀ। ਉਹ ਉਸ ਨੂੰ ਮਿਲਿਆ ਤਾਂ ਉਹ ਬੋਲਿਆ, 'ਕਿਹੜਾ ਮੋਇਆ ਪਛਾਣਦਾ ਏ ਸਾਹਬ ਸਿੰਘ ਨੂੰ। ਤੂੰ ਚਿੱਟ ਉਰੇ ਕਰ... ਦੱਸ ਕਿਹੜਾ ਕਿਹੜਾ ਨਾਵਲ ਲੈਣਾ ਏਂ?'

ਅਗਰਵਾਲ ਨੇ ਸਾਹਬ ਸਿੰਘ ਨੂੰ ਪਛਾਣਿਆ ਵੀ ਨਾ। ਇੰਝ ਉਸ ਨੇ ਦੇਵ ਲਈ ਕਿਤਾਬਾਂ, ਲਿਆਉਣੀਆਂ ਸ਼ੁਰੂ ਕਰ ਦਿੱਤੀਆਂ।

ਦੇਵ ਨੂੰ ਫੁਰਸਤ ਦੇ ਪਲ ਬਿਤਾਉਣ ਲਈ ਨਾਵਲ ਪੜ੍ਹਨ ਤੋਂ ਬਿਨਾਂ ਸੋਨਿਕਾ ਦੇ ਵਗਨ ਦਾ ਘਰ ਵੀ ਸੀ, ਜਿੱਥੇ ਉਹ ਬਿਨਾਂ-ਨਾਗਾ ਜਾਂਦਾ ਰਿਹਾ। ਸੋਨਿਕਾ ਦੀ ਵੀ ਇਹ ਇੱਛਾ ਸੀ ਕਿ ਉਹ ਉਸ ਦੇ ਬੱਚਿਆਂ ਨੂੰ ਸਾਲ ਭਰ ਹੀ ਪੜ੍ਹਾਉਂਦਾ ਰਹੇ। ਸੋਨਿਕਾ ਜਿੰਨੀ ਖ਼ੂਬਸੂਰਤ ਸੀ, ਉਸ ਦਾ ਸੁਭਾਅ ਉਸ ਤੋਂ ਵੀ ਵੱਧ ਨਿੱਘਾ ਸੀ। ਸੁਹਣੀ ਸੁਨੱਖੀ, ਦਿਲ ਨੂੰ ਧੂਅ ਲੈਣ ਵਾਲ਼ੀ ਉਹ ਔਰਤ ਜੁਆਨੀ ਚੜ੍ਹ ਰਹੇ ਦੇਵ ਦੀ ਮਾਨਸਿਕ ਭੁੱਖ ਦੀ ਪੂਰਤੀ ਲਈ ਇਕ ਵਡਮੁੱਲਾ ਖ਼ਜ਼ਾਨਾ ਸੀ। ਦੇਵ ਉਸ ਦੇ ਘਰ ਤੀਜੇ ਕੁ ਪਹਿਰ ਜਾਂਦਾ। ਸੋਨਿਕਾ ਤੇ ਉਸ ਦੇ ਬੱਚੇ ਉਸ ਦੀ ਉਡੀਕ ਕਰ ਰਹੇ ਹੁੰਦੇ। ਉੱਥੇ ਜਾਕੇ ਜਿਵੇਂ ਸਭ ਘੜੀਆਂ ਰੁਕ ਜਾਂਦੀਆਂ। ਵਕਤ ਠਹਿਰ ਜਾਂਦਾ। ਦੋ ਤਿੰਨ ਘੰਟੇ ਉਨ੍ਹਾਂ ਨਾਲ਼ ਬਿਤਾਉਣ ਮਗਰੋਂ ਜਦੋਂ ਦੇਵ ਘਰ ਆਉਣ ਲੱਗਦਾ ਤਾਂ ਸੋਨਿਕਾ ਉਸ ਦੇ ਅੱਗੇ ਖੜ੍ਹ ਕੇ ਆਪਣੇ ਦੋਨੋਂ ਹੱਥ ਉਸ ਦੇ ਮੋਢਿਆਂ ਨੂੰ ਲਾ ਕੇ ਮੁਸਕਰਾਉਣ ਲਗਦੀ ਤੇ ਕਹਿੰਦੀ, 'ਨਹੀਂ ਜਾਣਾ ਅਜੇ ਦੇਵ ਜੀ। ਹੁਣੇ ਘਰ ਜਾ ਕੇ ਤੁਸੀਂ ਕਰਨਾ ਕੀ ਏ? ਬੱਚਿਆਂ ਨਾਲ਼ ਕੋਈ ਗੇਮ ਖੇਡ ਲਵੋ। ਉਹ ਤੁਹਾਨੂੰ ਮਿੱਸ ਕਰਦੇ ਨੇ।'

ਦੇਵ ਨੂੰ ਲੱਗਦਾ ਜਿਵੇਂ ਸੋਨਿਕਾ ਖ਼ੁਦ ਉਸ ਨੂੰ ਮਿੱਸ ਕਰਨ ਲੱਗ ਪਈ ਹੋਵੇ। ਜਦੋਂ ਉਹ ਪੜ੍ਹਾ ਰਿਹਾ ਹੁੰਦਾ, ਸਾਰਾ ਸਮਾਂ ਉਹ ਉਸ ਦੇ ਮੁੱਢ ਬੈਠੀ ਰਹਿੰਦੀ। ਜਦੋਂ ਦੇਵ ਨਾਲ਼ ਅੱਖਾਂ ਟਕਰਾਉਂਦੀਆਂ ਤਾਂ ਉਹ ਮੁਸਕਰਾ ਦਿੰਦੀ। ਕਿਸੇ ਕਿਸੇ ਦਿਨ ਉਹ ਦੇਵ ਨੂੰ ਆਪਣੇ ਨਾਲ਼ ਬਜ਼ਾਰ ਜਾਣ ਲਈ ਕਹਿ ਦਿੰਦੀ ਤਾਂ ਦੇਵ ਦੇ ਦਿਲ ਵਿਚ ਕੁਤਕੁਤਾਰੀਆਂ ਹੋਣ ਲੱਗਦੀਆਂ। ਜਦੋਂ ਉਹ ਘਰ ਜਾਣ ਲਈ ਉੱਠਦਾ ਤਾਂ ਉਹ ਬੋਲ ਪੈਂਦੀ, 'ਕੁਝ ਸੌਦੇ ਲਿਆਉਣੇ ਸੀ ਦੇਵ ਜੀ ਬਜ਼ਾਰੋਂ। ਚੱਲੋਗੇ ਮੇਰੇ ਨਾਲ਼?'

'ਕਿਉਂ ਨਹੀਂ, ਸੋਨਿਕਾ ਜੀ, ਚਲੋ ਚਲਦਾ ਹਾਂ।' ਦੇਵ ਕਹਿੰਦਾ।

ਦੇਵ ਉਸ ਦੀ ਕਾਰ ਦੀ ਅਗਲੀ ਸੀਟ ਤੇ ਬੈਠ ਜਾਂਦਾ। ਉਹ ਡਰਾਈਵ ਕਰਦੀ। ਉਸ

ਦੀ ਕਾਲ਼ੇ ਰੰਗ ਦੀ ਕਾਰ ਸੜਕ ਉੱਤੇ ਸੱਪਣੀ ਵਾਂਗ ਮੇਲ੍ਹਦੀ ਜਾਂਦੀ। ਬਜ਼ਾਰ ਵਿਚੋਂ ਉਹ ਜੋ ਕੁਝ ਵੀ ਖਰੀਦਦੀ ਕਾਰ ਦੀ ਪਿਛਲੀ ਲੰਬੀ ਸੀਟ ਉੱਤੇ ਰੱਖੀ ਜਾਂਦੀ। ਦੇਵ ਸੋਚਦਾ ਕਿ ਬੰਦਿਆਂ ਦੇ ਜੀਣ ਪੱਧਰ ਵਿਚ ਕਿੰਨਾ ਅੰਤਰ ਹੁੰਦਾ ਹੈ। ਜੋ ਸੌਦੇ ਸੋਨਿਕਾ ਖਰੀਦਦੀ, ਉਹ ਉਨ੍ਹਾਂ ਦੇ ਸੌਦਿਆਂ ਵਿਚ ਸ਼ਾਮਲ ਨਹੀਂ ਸਨ ਹੁੰਦੇ। ਕਾਜੂ, ਬਦਾਮ, ਪਿਸਤੇ ਬਗੈਰਾ ਤਾਂ ਉਹ ਹਰ ਫੇਰੀ ਸਮੇਂ ਖਰੀਦਦੀ। ਔਰਤਾਂ ਵਾਲ਼ੇ ਕੱਪੜੇ, ਨੇਲ ਪਾਲਸ਼ਾਂ, ਪਾਊਡਰ ਕਰੀਮਾਂ ਬਗੈਰਾ ਵੀ ਉਸ ਦੇ ਮੁੱਕੇ ਹੀ ਰਹਿੰਦੇ। ਉਹ ਦੇਵ ਨੂੰ ਕਿਸੇ ਰੈਸਟੋਰੈਂਟ ਵਿਚ ਲੈ ਜਾਂਦੀ ਤੇ ਕਾਫ਼ੀ ਕੁਝ ਖੁਆਉਂਦੀ, ਪਿਆਉਂਦੀ। ਬਹਿਰੇ ਨੂੰ ਟਿੱਪ ਦੇਣ ਵਾਲ਼ੀ ਤੇ ਕਾਰ ਵਿਚ ਅਗਲੀ ਸੀਟ ਤੇ ਬੈਠਣ ਵਾਲ਼ੀ ਗੱਲ ਦੇਵ ਨੂੰ ਉਸੇ ਤੋਂ ਪਤਾ ਲੱਗੀ ਸੀ। ਕਿਤਾਬਾਂ ਦੇ ਬਜ਼ਾਰ ਵਿਚ ਇਕ ਭੀੜੀ ਗਲ਼ੀ ਦੀ ਦੁਕਾਨ ਤੇ ਉਹ ਜ਼ਰੂਰ ਜਾਂਦੀ, ਜਿੱਥੋਂ ਉਹ ਪੇਪਰ ਬੈਕ ਵਿਚ ਛਪੇ ਮੋਟੇ ਮੋਟੇ ਨਾਵਲ ਖਰੀਦਦੀ। ਉਹ ਸਾਰੇ ਜਸੂਸੀ ਅਤੇ ਇਸ਼ਕੀਆ ਤਰਜ਼ ਦੇ ਹੁੰਦੇ। ਵਾਪਸੀ ਉੱਤੇ ਦੇਵ ਉਨ੍ਹਾਂ' ਚੋਂ ਕੁਝ ਲਾਈਨਾਂ ਪੜ੍ਹਕੇ ਦੇਖਦਾ ਜੋ ਨਿਰੀਆਂ ਅਸ਼ਲੀਲ ਅਤੇ ਸੈਕਸ ਸੈਂਟਰਡ ਹੁੰਦੀਆਂ। ਦੇਵ ਹਿੰਦੀ ਦੇ ਮਸ਼ਹੂਰ ਲੇਖਕਾਂ ਦੇ ਨਾਂ ਲੈ ਕੇ ਉਨ੍ਹਾਂ ਦੀਆਂ ਕਿਤਾਬਾਂ ਪੜ੍ਹਨ ਦੀ ਸਲਾਹ ਦਿੰਦਾ ਤਾਂ ਉਹ ਹੱਸ ਕੇ ਆਖਦੀ, 'ਦੇਵ ਜੀ, ਮੈਨੂੰ ਗੰਭੀਰ ਕਿਸਮ ਦੀਆਂ ਰੋਂਦੂ ਕਿਤਾਬਾਂ ਪੜ੍ਹਨ ਦਾ ਸ਼ੌਕ ਨਹੀਂ। ਕਿਤਾਬਾਂ ਤਾਂ ਮਨ ਪ੍ਰਚਾਵੇ ਲਈ ਹੀ ਹੁੰਦੀਆਂ ਹਨ। ਇਨ੍ਹਾਂ ਨਾਵਲਾਂ ਵਿਚ ਜਦੋਂ ਪਾਤਰਾਂ ਦੀ ਚਿਤਵੀ ਕੋਈ ਵੀ ਇੱਛਾ ਪੂਰੀ ਹੁੰਦੀ ਹੈ ਤਾਂ ਮੈਨੂੰ ਖੁਸ਼ੀ ਮਿਲਦੀ ਹੈ।'

ਉਸ ਦੀ ਗੱਲ ਸੁਣ ਕੇ ਦੇਵ ਚੁੱਪ ਕਰ ਜਾਂਦਾ। ਸ਼ਾਇਦ ਅਮੀਰ ਲੋਕ ਇਹੋ ਕੁਝ ਪੜ੍ਹਦੇ ਹੋਣਗੇ। ਇਕ ਦਿਨ ਉਹ ਬਜ਼ਾਰ ਵਿਚ ਕਾਰ ਖੜ੍ਹਾ ਕੇ, ਦੇਵ ਨੂੰ ਵਿਚੇ ਬੈਠਾ ਰਹਿਣ ਲਈ ਕਹਿ ਕੇ ਲੇਡੀਜ਼ ਹੇਅਰ ਸੈਲੂਨ ਵਿਚ ਜਾ ਵੜੀ। ਪਿੱਛੋਂ ਇਕ ਕੌਂਟਾ ਟੋਪੀ ਵਾਲ਼ਾ ਸਿਪਾਹੀ ਆ ਕੇ ਗੱਡੀ ਦੇ ਟਾਇਰਾਂ ਤੇ ਡੰਡੇ ਮਾਰਨ ਲੱਗ ਪਿਆ।

'ਕੀ ਤਕਲੀਫ਼ ਏ ਤੈਨੂੰ?' ਦੇਵ ਨੇ ਤਾਕੀ' ਚੋਂ ਸਿਰ ਕੱਢ ਕੇ ਪੁੱਛਿਆ।

'ਹਟਾਓ ਇਸ ਕੋ ਯਹਾਂ ਸੇ। ਯਹਾਂ ਪਾਰਕ ਕਿਉਂ ਕੀ ਹੈ? ਆਗੇ ਕਰੋ ਇਸ ਕੋ।'

'ਮੈਨੂੰ ਨਹੀਂ ਆਉਂਦੀ ਅੱਗੇ ਕਰਨੀ। ਮੈਡਮ ਆਉਣਗੇ ਤਾਂ ਕਰਨਗੇ।'

'ਕੌਣ ਮੈਡਮ?'

'ਮੈਡਮ, ਕਾਰ ਦੀ ਮਾਲਕ, ਹੋਰ ਕੌਣ?' ਦੇਵ ਨੇ ਕਿਹਾ।

'ਮੈਡਮ ਕੇ ਭੇਜਾ ਨਹੀਂ ਹੈ? ਹਟਾਓ ਇਸ ਕੋ। ਬੁਲਾਓ ਉਸ ਕੋ। ਪੂਛਤਾ ਹੂੰ।'

'ਪੁੱਛ ਲਈਂ ਉਸ ਨੂੰ... ਉਹ ਡੀ. ਸੀ. ਸਾਹਬ ਦੀ ਵਾਈਫ਼ ਹੈ।' ਦੇਵ ਨੇ ਕਿਹਾ।

'ਹੈਂਅ.... ਡੀ. ਸੀ. ਸਾਹਬ ਕੀ ਵਾਈਫ਼?'

ਸਿਪਾਹੀ ਸਲਾਮ ਮਾਰਦਾ ਉੱਥੋਂ ਤਿੱਤਰ ਹੋ ਗਿਆ। ਸੋਨਿਕਾ ਬਾਹਰ ਆਈ ਤਾਂ ਦੇ ਵ ਨੇ ਉਸ ਨੂੰ ਸਿਪਾਹੀ ਵਾਲ਼ੀ ਗੱਲ ਦੱਸੀ। ਉਹ ਹੱਸੀ ਤੇ ਬੋਲੀ, 'ਦੇਵ ਜੇ ਤੁਸੀਂ ਡੀ. ਸੀ. ਸਾਹਬ ਦੀ ਵਾਈਫ਼ ਨਾ ਕਹਿੰਦੇ ਤਾਂ ਉਹਨੇ ਮੈਥੋਂ ਇਕ ਦੋ ਰੁਪਏ ਲੈ ਕੇ ਹੀ ਖਹਿੜਾ ਛੱਡਣਾ ਸੀ।'

ਫਿਰ ਉਹ ਰਸਤੇ ਵਿਚ ਦੇਵ ਨੂੰ ਕਹਿਣ ਲੱਗੀ, 'ਤੁਸੀਂ ਆਪ ਕਰ ਦੇਣੀ ਸੀ ਗੱਡੀ

ਪਾਸੇ।'

'ਜੀ, ਮੈਨੂੰ ਤਾਂ ਆਉਂਦੀ ਨ੍ਹੀ ਚਲਾਉਣੀ।'

'ਦੇਵ ਜੀ, ਅੱਜ ਕੱਲ੍ਹ ਗੱਡੀ ਸਿੱਖਣੀ ਬਹੁਤ ਜ਼ਰੂਰੀ ਏ।'

'ਮੇਰੇ ਕੋਲ਼ ਤਾਂ ਨਾ ਕੋਈ ਗੱਡੀ ਹੈ ਤੇ ਨਾ ਕਦੀ ਹੋਣੀ ਏਂ।'

'ਤੁਸੀਂ ਇਸ ਤਰ੍ਹਾਂ ਕਿਉਂ ਕਹਿੰਦੇ ਹੋ? ਤੁਸੀਂ ਕੱਲ੍ਹ ਸਵੇਰੇ ਮੇਰੇ ਕੋਲ਼ ਘਰ ਆ ਸਕਦੇ ਹੋ?'

'ਜੀ ਕਾਹਦੇ ਲਈ?'

'ਤੁਹਾਨੂੰ ਗੱਡੀ ਸਿਖਾਉਣੀ ਏਂ।' ਉਹ ਹੱਸੀ।

ਦੇਵ ਖੁਸ਼ ਹੋ ਗਿਆ ਤੇ ਅਗਲੇ ਦਿਨ ਦਿੱਤੇ ਸਮੇਂ ਤੇ ਸੋਨਿਕਾ ਦੇਵਗਨ ਦੇ ਘਰ ਪੁੱਜ ਗਿਆ। ਉਸ ਨੇ ਗੱਡੀ ਦੇ ਕੇ ਇਕ ਡਰਾਇਵਰ ਦੇਵ ਨਾਲ਼ ਭੇਜ ਦਿੱਤਾ ਜੋ ਉਸ ਨੂੰ ਜਮਨਾ ਦਰਿਆ ਵੱਲ ਇਕ ਖੁੱਲ੍ਹੀ ਤੇ ਖਾਲੀ ਸੜਕ ਤੇ ਲੈ ਗਿਆ ਤੇ ਗੱਡੀ ਸਿਖਾਉਣ ਲੱਗਾ। ਚਾਰ ਦਿਨ ਉਨ੍ਹਾਂ ਦਾ ਇਹੋ ਰੁਟੀਨ ਰਿਹਾ। ਪੰਜਵੇਂ ਦਿਨ ਦੇਵ ਆਪ ਹੀ ਗੱਡੀ ਚਲਾ ਕੇ ਗਿਆ ਤੇ ਵਾਪਸ ਲਿਆਇਆ। ਛੇਤੀ ਹੀ ਉਹ ਗੱਡੀ ਗੈਰਜ ਵਿਚ ਲਾਉਣੀ ਤੇ ਕੱਢਣੀ ਵੀ ਸਿੱਖ ਗਿਆ। ਉਸ ਦਿਨ ਮਗਰੋਂ ਜਦੋਂ ਵੀ ਉਹ ਬਜ਼ਾਰ ਜਾਂਦੇ, ਗੱਡੀ ਦੇਵ ਹੀ ਚਲਾਉਂਦਾ। ਦੇਵ ਦਾ ਲਰਨਿੰਗ ਤੇ ਫਿਰ ਪੱਕਾ ਡਰਾਈਵਿੰਗ ਲਾਇਸੈਂਸ ਸੋਨਿਕਾ ਨੇ ਹੀ ਕਿਧਰੋਂ ਮੰਗਵਾ ਦਿੱਤਾ ਸੀ, ਦੇਵ ਨੂੰ ਤਾਂ ਕਿਤੇ ਜਾਣਾ ਵੀ ਨਾ ਪਿਆ।

ਸੋਨਿਕਾ ਨਾਲ਼ ਕਿਧਰੇ ਵੀ ਘੁੰਮਦਿਆਂ ਇਹ ਚਿੰਤਾ ਵੀ ਦੇਵ ਨੂੰ ਵੱਢ-ਵੱਢ ਖਾਂਦੀ ਕਿ ਕੋਈ ਉਸ ਦਾ ਜਾਣੂ ਦੇਵ ਨੂੰ ਉਸ ਨਾਲ਼ ਦੇਖ ਕੇ ਘਰ ਖ਼ਬਰ ਹੀ ਨਾ ਪੁਜਾ ਦੇਵੇ। ਬਜ਼ਾਰ ਆਏ ਉਸ ਦੇ ਵੀਰ ਜੀ ਹੀ ਨਾ ਮਿਲ ਜਾਣ। ਜਦੋਂ ਉਹ ਬਜ਼ਾਰ ਵਿਚ ਖਰੀਦਦਾਰੀ ਕਰਦੀ, ਦੇਵ ਉਸ ਤੋਂ ਕੁਝ ਕਦਮ ਪਿੱਛੇ ਹੀ ਰਹਿੰਦਾ। ਉਹ ਕਿਸੇ ਵੀ ਦੁਕਾਨ ਵਿਚ ਵੜਦੀ ਤਾਂ ਉਹ ਇਕ ਪਾਸੇ ਖੜ੍ਹਕੇ ਆਲ਼ੇ-ਦੁਆਲ਼ੇ ਨੂੰ ਘੋਖ਼ਦਾ ਰਹਿੰਦਾ। ਇਕ ਦਿਨ ਇਕ ਰੈਸਟੋਰੈਂਟ ਵਿਚ ਬੈਠੇ ਉਹ ਆਈਸ ਕਰੀਮ ਖਾ ਰਹੇ ਸਨ ਕਿ ਸੋਨਿਕਾ ਬੋਲੀ, 'ਦੇਵ ਜੀ ਮੈਨੂੰ ਤੁਹਾਡਾ ਬੜਾ ਆਸਰਾ ਹੋ ਗਿਆ ਏ। ਤੁਹਾਨੂੰ ਕਿਸੇ ਵੀ ਚੀਜ਼ ਦੀ ਲੋੜ ਹੁੰਦੀ ਏ, ਖਰੀਦ ਲਿਆ ਕਰੋ। ਪੈਸੇ ਦੀ ਚਿੰਤਾ ਨਾ ਕਰਨਾ।'

'ਨਹੀਂ ਸੋਨਿਕਾ ਜੀ, ਮੇਰੀਆਂ ਲੋੜਾਂ ਤਾਂ ਬੜੀਆਂ ਸੀਮਤ ਨੇ।'

'ਕਿੰਨੇ ਚੰਗੇ ਹੋ ਦੇਵ ਜੀ ਤੁਸੀਂ। ਮੈਨੂੰ ਅਜਿਹਾ ਜੀਵਨ ਸਾਥੀ ਮਿਲਿਆ, ਜਿਸ ਨੇ ਮੇਰੀਆਂ ਸਭ ਸੱਧਰਾਂ ਮਿੱਧ ਕੇ ਰੱਖ ਦਿੱਤੀਆਂ। ਨਿੱਤ ਨਵੀਂ ਔਰਤ ਉਸ ਦੀ ਲੋੜ ਬਣੀ ਰਹੀ। ਅਜੇ ਪਤਾ ਨਹੀਂ ਕਦੋਂ ਉਸ ਤੋਂ ਛੁਟਕਾਰਾ ਮਿਲਣਾ ਏਂ।' ਉਹ ਬੋਲੀ।

ਦੇਵ ਨੂੰ ਕੋਈ ਗੱਲ ਹੀ ਨਾ ਸੁਝੀ। ਉਹ ਫਿਰ ਬੋਲੀ, 'ਜਦੋਂ ਤੁਹਾਡੇ ਕੋਲ਼ ਹੁੰਦੀ ਹਾਂ, ਮੇਰੇ ਦਿਮਾਗ ਦਾ ਸਾਰਾ ਖਿਲਾਅ ਭਰ ਜਾਂਦਾ ਏ। ਮੈਂ ਨਹੀਂ ਜਾਣਦੀ ਦੇਵ ਜੀ, ਤੁਸੀਂ ਮੇਰੇ ਕੀ ਹੋ। ਤੁਹਾਡੇ ਵਿਚ ਕੁਝ ਐਸਾ ਹੈ ਜੋ ਮੈਨੂੰ ਅੰਤਾਂ ਦਾ ਸਕੂਨ ਦਿੰਦਾ ਏ।'

ਦੇਵ ਉਸ ਦੇ ਆਈਸਕਰੀਮ ਵਾਲ਼ੇ ਕੱਪ ਵਿਚ ਨਜ਼ਰਾਂ ਗੱਡੀ ਉਸ ਨੂੰ ਸੁਣਦਾ ਰਿਹਾ। ਉਹ ਬੋਲਿਆ, 'ਤੁਸੀਂ ਆਈਸ ਕਰੀਮ ਤਾਂ ਲਓ ਸੋਨਿਕਾ ਜੀ।' ਦੇਵ ਦੇ ਯਾਦ ਕਰਾਉਣ

ਮਗਰੋਂ ਹੀ ਉਹ ਖਾਣ ਲੱਗੀ।

ਇਕ ਦਿਨ ਦੇਵ ਘਰ ਆਉਣ ਲੱਗਾ ਤਾਂ ਸੋਨਿਕਾ ਬੋਲੀ, 'ਦੇਵ ਜੀ ਕੱਲ੍ਹ ਤੋਂ ਤੁਸੀਂ ਦਸ ਦਿਨ ਦੀਆਂ ਛੁੱਟੀਆਂ ਕਰਨੀਆਂ ਨੇ।'

'ਕੀ ਗੱਲ ਜੀ ਕਿਤੇ ਜਾਣ ਦਾ ਪ੍ਰੋਗਰਾਮ ਏਂ?'

'ਹਾਂ ਜੀ... ਅਸੀਂ ਮਸੂਰੀ ਜਾ ਰਹੇ ਹਾਂ। ਹਰ ਸਾਲ ਹੀ ਅਸੀਂ ਕਿਤੇ ਨਾ ਕਿਤੇ ਜਾਇਆ ਕਰਦੇ ਹਾਂ।'

'ਆਪਣੀ ਗੱਡੀ ਵਿਚ ਜਾਓਗੇ?'

'ਨਹੀਂ ਬੱਸ ਵਿਚ।'

'ਮੰਮੀ ਜੀ, ਅੰਕਲ ਜੀ ਨੂੰ ਵੀ ਨਾਲ਼ ਲੈ ਚੱਲੋ।' ਰਿਸ਼ਮ ਬੋਲੀ।

'ਮੈਂ ਤਾਂ ਚਾਹੁੰਦੀ ਹਾਂ। ਮਨਾ ਲਓ ਇਨ੍ਹਾਂ ਨੂੰ।' ਸੋਨਿਕਾ ਨੇ ਕਿਹਾ।

'ਮੈਨੂੰ ਹੋਰ ਕੀ ਚਾਹੀਦਾ ਏ, ਲੈ ਚੱਲੋ ਨਾਲ਼।' ਦੇਵ ਨੇ ਹੱਸ ਕੇ ਕਿਹਾ।

ਦੇਵ ਦੀ ਗੱਲ ਸੁਣ ਕੇ ਉਹ ਤਿੰਨੋਂ ਖੁਸ਼ ਹੋ ਗਏ। ਦੇਵ ਨੇ ਸੋਚਿਆ ਕਿ ਘਰ ਕਹਿ ਦੇਵੇਗਾ ਕਿ ਕਾਲਜ ਵੱਲੋਂ ਮਸੂਰੀ ਟੂਰ ਜਾਣਾ ਏ, ਦਸ ਦਿਨ ਦਾ। ਦੇਵ ਦੀ ਪਹਾੜਾਂ ਦੀ ਇਹ ਪਹਿਲੀ ਸੈਰ ਹੋਣੀ ਸੀ। ਦਿਨ ਅਤੇ ਰਾਤਾਂ ਨੂੰ ਉਸ ਨੇ ਸੋਨਿਕਾ ਨਾਲ਼ ਰਹਿਣਾ ਸੀ। ਇਕੱਠੇ ਰਹਿ ਕੇ ਉਨ੍ਹਾਂ ਨੇ ਇਕ ਦੂਜੇ ਦੇ ਕਿੰਨਾ ਨੇੜੇ ਆ ਜਾਣਾ ਸੀ, ਦੇਵ ਕਲਪਨਾ ਵਿਚ ਹੀ ਉਡਾਰੀਆਂ ਲਾਉਣ ਲੱਗਾ। ਅਗਲੇ ਦਿਨ ਸਵੇਰੇ ਬੱਸ ਸਟੈਂਡ ਉੱਤੇ ਪਹੁੰਚਣ ਦਾ ਵਾਅਦਾ ਕਰ ਕੇ ਉਹ ਘਰ ਨੂੰ ਚਲਾ ਗਿਆ।

**00**

# ਪਚਾਨਵੇਂ

ਸੋਨਿਕਾ ਦੇ ਘਰੋਂ ਦੇਵ ਆਪਣੇ ਸਾਇਕਲ ਉੱਤੇ ਹਵਾ' ਚ ਉਡਦਾ ਘਰ ਪੁੱਜਾ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ। ਘਰ ਨੂੰ ਤਾਲ਼ਾ ਲੱਗਾ ਹੋਇਆ ਸੀ। ਤਾਲ਼ੇ ਵਿਚ ਇਕ ਕਾਗਜ਼ ਦਾ ਟੁਕੜਾ ਫਸਾਇਆ ਹੋਇਆ ਸੀ। ਜਿਸ ਉੱਤੇ ਉਸ ਦੀ ਭਾਬੀ ਦੇ ਹੈਂਡ' ਚ ਲਿਖਿਆ ਹੋਇਆ ਸੀ ਕਿ ਉਸ ਦੇ ਵੀਰ ਜੀ ਅਚਾਨਕ ਬੀਮਾਰ ਹੋ ਗਏ ਸਨ। ਉਹ ਜਿੰਨੀ ਛੇਤੀ ਹੋ ਸਕੇ ਡਾਕਟਰ ਸਰਕਾਰ ਦੇ ਹਸਪਤਾਲ਼ ਪੁੱਜ ਜਾਵੇ। ਪੌੜੀਆਂ ਤੋਂ ਹੇਠ ਉਤਰ ਉਸ ਨੇ ਸੀਤਾ ਦੇ ਘਰ ਦੀ ਕੁੰਡੀ ਖੜਕਾਈ। ਉਸ ਦੀ ਮਾਂ ਨੇ ਦੱਸਿਆ ਕਿ ਡਿਊਟੀ ਤੋਂ ਵਾਪਸ ਆਉਂਦਿਆਂ ਰਾਮ ਸਿੰਘ ਨੂੰ ਲਕਵੇ ਦਾ ਅਟੈਕ ਹੋ ਗਿਆ ਸੀ ਤੇ ਉਹ ਸੜਕ ਉੱਤੇ ਡਿਗ ਪਿਆ ਸੀ। ਉਸ ਦੇ ਨਾਲ਼ ਹੀ ਨੌਕਰੀ ਕਰਦੇ ਕਿਸੇ ਸਰਦਾਰ ਜੀ ਨੇ ਉਸ ਨੂੰ ਹਸਪਤਾਲ਼ ਪੁਜਾਇਆ ਸੀ ਤੇ ਘਰ ਖ਼ਬਰ ਕੀਤੀ ਸੀ। ਦੇਵ ਬਹੁਤ ਘਬਰਾ ਗਿਅ ਤੇ ਬੜੀ ਤੇਜ ਸਾਇਕਲ ਚਲਾ ਕੇ ਡਾਕਟਰ ਸਰਕਾਰ ਦੇ ਹਸਪਤਾਲ਼ ਪੁੱਜ ਗਿਆ। ਉਨ੍ਹਾਂ ਦਾ ਗੁਆਂਢੀ ਦੁਕਾਨਦਾਰ ਪ੍ਰਭਾ ਤੇ ਰਾਮ ਸਿੰਘ ਦੇ ਜਾਣੂ ਕੁਝ ਬੰਦੇ ਐਮਰਜੈਂਸੀ ਵਾਰਡ ਦੇ ਬਾਹਰ ਖੜ੍ਹੇ ਗੱਲਾਂ ਕਰ ਰਹੇ ਸਨ। ਛਿਆਸੀ ਬਲਾਕ ਵਾਲ਼ਾ ਅਮਰੀਕ ਸਿੰਘ ਵੀ ਉਨ੍ਹਾਂ ਵਿਚ ਹੀ ਸੀ। ਉਸੇ ਨੇ ਦੇਵ ਨੂੰ ਸਾਰੀ ਗੱਲ ਦੱਸੀ। ਉਸ ਦਾ ਧੀਰਜ ਵੀ ਬੰਨ੍ਹਾਇਆ ਕਿ ਮੌਕੇ ਤੇ

ਹਸਪਤਾਲ ਪਹੁੰਚਣ ਕਰਕੇ ਰਾਮ ਸਿੰਘ ਨੂੰ ਸਾਂਭ ਲਿਆ ਗਿਆ ਸੀ। ਬਰਾਂਡੇ ਵਿਚ ਪਏ ਬੈਂਚ ਤੋਂ ਉੱਠ ਬੈਠੀ ਜਿੰਦਰ ਅੱਖਾਂ ਪੂੰਝਦੀ ਉਸ ਕੋਲ਼ ਆਈ ਤੇ ਬੋਲੀ, 'ਦੇਵ ਵੀਰੇ, ਇਹ ਕੀ ਹੋ ਗਿਆ ਆਪਣੇ ਨਾਲ਼?'

ਉਸ ਵੱਲ ਦੇਖ ਦੇਵ ਦੀਆਂ ਅੱਖਾਂ ਛਲਕ ਪਈਆਂ। ਉਸ ਤੋਂ ਬੋਲ ਹੀ ਨਾ ਹੋਇਆ। ਡਾਕਟਰ ਵੱਲੋਂ ਭੇਜੀ ਇਕ ਨਰਸ ਬਾਹਰ ਆ ਕੇ ਜਿੰਦਰ ਨੂੰ ਦਵਾਈਆਂ ਲਿਆਉਣ ਲਈ ਚਿੱਟ ਫੜਾ ਗਈ। ਦੇਵ ਉਹ ਚਿੱਟ ਉਸ ਤੋਂ ਫੜ ਕੇ ਕੈਮਿਸਟ ਵੱਲ ਜਾਣ ਲੱਗਾ ਤਾਂ ਉਹ ਆਪਣਾ ਪਰਸ ਉਸ ਵੱਲ ਨੂੰ ਵਧਾਉਂਦੀ ਬੋਲੀ, 'ਇਸ ਵਿਚ ਪੈਸੇ ਨੇ ਦੇਵ।'

ਦੇਵ ਨੇ ਪਰਸ ਫੜ ਲਿਆ। ਉਸ ਨੂੰ ਮਗਰੋਂ ਖਿਆਲ ਆਇਆ ਕਿ ਉਸ ਦਾ ਆਪਣਾ ਪਰਸ ਵੀ ਤਾਂ ਨੋਟਾਂ ਨਾਲ਼ ਭਰਿਆ ਪਿਆ ਸੀ। ਉਸ ਨੂੰ ਜਿੰਦਰ ਕੋਲ਼ੋਂ ਪਰਸ ਨਹੀਂ ਸੀ ਫੜਨਾ ਚਾਹੀਦਾ। ਦਵਾਈਆਂ ਲੈ ਕੇ ਉਹ ਅੰਦਰ ਫੜਾਉਣ ਚਲਾ ਗਿਆ। ਉੱਥੇ ਖੜ੍ਹੇ ਗੇਟ ਮੈਨ ਨੇ ਉਸ ਨੂੰ ਅੰਦਰ ਜਾਣੋ ਰੋਕਿਆ ਹੀ ਨਾ। ਡਾਕਟਰ ਨੇ ਵੀ ਕੁਝ ਨਾ ਕਿਹਾ। ਰਾਮ ਸਿੰਘ ਬੈੱਡ ਉੱਤੇ ਪਿਆ ਸੀ। ਉਹ ਦੇਵ ਨੂੰ ਦੇਖ ਕੇ ਮੁਸਕਰਾਇਆ ਤਾਂ ਉਸ ਦਾ ਉੱਪਰਲਾ ਬੁੱਲ੍ਹ ਖੱਬੇ ਪਾਸਿਓਂ ਉੱਤੇ ਨੂੰ ਚੁੱਕਿਆ ਗਿਆ ਤੇ ਖੱਬੀ ਅੱਖ ਵੀ ਆਮ ਨਾਲ਼ੋਂ ਕੁਝ ਜ਼ਿਆਦਾ ਖੁੱਲ੍ਹ ਗਈ। ਉਸ ਨੇ ਡਾਕਟਰ ਨੂੰ ਅੰਗਰੇਜ਼ੀ ਵਿਚ ਕਿਹਾ, 'ਡਾਕਟਰ ਸਾਹਬ ਪਲੀਜ਼ ਮੇਰੇ ਵੱਡੇ ਭਰਾ ਨੂੰ ਬਚਾ ਲਵੋ।' ਬੋਲਦਿਆਂ ਦੇਵ ਦੀਆਂ ਅੱਖਾਂ ਡੁਬਡੁਬਾ ਆਈਆਂ। ਰਾਮ ਸਿੰਘ ਨੇ ਹੱਥ ਦਾ ਇਸ਼ਾਰਾ ਕਰ ਕੇ ਉਸ ਨੂੰ ਅਜਿਹਾ ਨਾ ਕਰਨ ਲਈ ਕਿਹਾ। ਡਾਕਟਰ ਨੇ ਉਸ ਨੂੰ ਅੰਗਰੇਜ਼ੀ' ਚ ਕਿਹਾ, 'ਜੈਂਟਲਮੈਨ ਫਿਕਰ ਨਾ ਕਰ। ਦੋ ਹਫ਼ਤਿਆਂ ਵਿਚ ਨੌਂ-ਬਰ-ਨੌਂ ਨਾ ਕੀਤਾ ਤਾਂ ਮੇਰਾ ਨਾਂ ਡਾਕਟਰ ਐਸ. ਆਰ. ਪੀ. ਸਰਕਾਰ ਦੀ ਥਾਂ ਕੁਝ ਹੋਰ ਧਰ ਦੇਣਾ।'

ਡਾਕਟਰ ਨੇ ਐਨਾ ਹੌਸਲਾ ਦਿੱਤਾ ਕਿ ਦੇਵ ਬੇਫ਼ਿਕਰ ਹੋ ਗਿਆ। ਉਸ ਨੇ ਬਥੇਰੇ ਡਾਕਟਰ ਦੇਖੇ ਸਨ, ਜਿਨ੍ਹਾਂ ਦੇ ਮੂੰਹ ਸਿਉਤੇ ਰਹਿੰਦੇ। ਜੇ ਬੋਲਦੇ ਤਾਂ ਮਰੀਜ਼ ਜਾਂ ਮਿਲਣ ਆਇਆਂ ਨੂੰ ਡਾਂਟਦੇ। ਦੇਵ ਨੇ ਸਭ ਕੁਝ ਜਿੰਦਰ ਨੂੰ ਬਾਹਰ ਆ ਕੇ ਦੱਸਿਆ ਤਾਂ ਉਸ ਨੇ ਧਰਤੀ ਨੂੰ ਦੋਨੋਂ ਹੱਥ ਲਾਏ ਤੇ ਬੋਲੀ, 'ਗੁਰੂ ਕੇ ਤਾਲ ਵਾਲ਼ਿਆ। ਹੱਥ ਦੇ ਕੇ ਰੱਖ ਸਾਨੂੰ ਗਰੀਬਾਂ ਨੂੰ। ਤੇਰੇ ਦਰ ਨੰਗੇ ਪੈਰੀਂ ਆ ਕੇ ਸਧਾਰਣ ਪਾਠ ਕਰਵਾਊਂ। ਹਾਥੀ ਘਾਟ ਜਾ ਕੇ ਗਿਆਰਾਂ ਐਤਵਾਰ ਲੋੜਵੰਦਾਂ ਨੂੰ ਲੰਗਰ ਛਕਾਊਂ। ਮੇਰੇ ਸਾਈਂ ਦੀ ਰੱਖਿਆ ਕਰ ਦਾਤਿਆ।'

ਜਿੰਦਰ ਦੀ ਗੱਲ ਸੁਣ ਕੇ ਦੇਵ ਰੋ ਪਿਆ ਤੇ ਉੱਥੇ ਹੀ ਬੈਠ ਗਿਆ। ਅਮਰੀਕ ਸਿੰਘ ਨੇ ਉਸ ਕੋਲ਼ ਆ ਕੇ ਉਸ ਨੂੰ ਚੁੱਪ ਕਰਾਇਆ। ਦੇਵ ਪਰਸ ਵਿੱਚੋਂ ਸਾਰੇ ਰੁਪਏ ਕੱਢ ਕੇ ਜਿੰਦਰ ਨੂੰ ਫੜਾਉਣ ਲੱਗਾ ਤਾਂ ਉਹ ਬੋਲੀ, 'ਦੇਵ ਹੁਣ ਤੂੰ ਹੀ ਆਪਣੇ ਵੀਰ ਜੀ ਕੋਲ਼ ਰਹਿਣਾ ਏਂ ਰਾਤਾਂ ਨੂੰ ਵੀ। ਰੱਖ ਆਪਣੇ ਕੋਲ਼ ਤੇ ਆਹ ਪਰਸ ਵੀ ਫੜ ਲੈ।' ਜਿੰਦਰ ਨੇ ਉਹ ਪਰਸ ਵੀ ਦੇਵ ਨੂੰ ਫੜਾ ਦਿੱਤਾ ਜਿਹੜਾ ਉਹ ਦਵਾਈ ਲੈਣ ਮਗਰੋਂ ਉਸ ਨੂੰ ਫੜਾ ਗਿਆ ਸੀ। ਉਸ ਨੇ ਦੇਵ ਨੂੰ ਦੱਸਿਆ ਕਿ ਉਹ ਰਾਤ ਵੇਲ਼ੇ ਆਪਣੇ ਵੀਰ ਜੀ ਦਾ ਪੂਰਾ ਧਿਆਨ ਰੱਖੇ। ਦਿਨ ਵੇਲ਼ੇ ਉਹ ਰੋਟੀ ਲੈ ਕੇ ਉਸ ਕੋਲ਼ ਆ ਜਾਇਆ ਕਰੇਗੀ। ਰਾਤ ਵੇ ਲ਼ੇ ਬੱਚਿਆਂ ਕੋਲ਼ ਰਹਿਣਾ ਜਿੰਦਰ ਲਈ ਜ਼ਰੂਰੀ ਸੀ, ਜਿਨ੍ਹਾਂ ਨੂੰ ਉਹ ਅੱਜ ਗੁਆਂਢ ਵਾਲ਼ੇ

ਨਿਪਾਲੀਆਂ ਕੋਲ਼ ਛੱਡ ਕੇ ਆਈ ਸੀ। ਜਿੰਦਰ ਚਾਹੁੰਦੀ ਸੀ ਕਿ ਉਹ ਵੀ ਰਾਮ ਸਿੰਘ ਨੂੰ ਮਿਲ ਆਵੇ ਪਰ ਡਾਕਟਰ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਮਰੀਜ਼ ਨੂੰ ਬਾਰ ਬਾਰ ਡਿਸਟਰਬ ਨਾ ਕਰੋ। ਕੱਲ੍ਹ ਜਨਰਲ ਵਾਰਡ ਵਿਚ ਸ਼ਿਫਟ ਹੋਣ ਮਗਰੋਂ ਮਿਲਦੇ ਰਹਿਣਾ।

ਉਹ ਡਾਕਟਰ ਸਰਕਾਰ ਦੇ ਤੇਰਾਂ ਦਿਨ ਦਾਖਲ ਰਿਹਾ। ਪਹਿਲੀ ਰਾਤ ਤਾਂ ਦੇਵ ਨੇ ਇਕ ਬੈਂਚ ਉੱਤੇ ਬੈਠ ਕੇ ਜਾਂ ਲੇਟ ਕੇ ਕੱਟ ਲਈ ਸੀ। ਉਸ ਮਗਰੋਂ ਜਨਰਲ ਵਾਰਡ ਵਿਚ ਸ਼ਿਫਟ ਹੋਣ ਮਗਰੋਂ ਉੱਥੇ ਕੋਈ ਨਾ ਕੋਈ ਖਾਲੀ ਬੈੱਡ ਦੇਵ ਨੂੰ ਵੀ ਮਿਲ ਜਾਂਦਾ ਤੇ ਉਹ ਅਰਾਮ ਨਾਲ਼ ਸੌਂ ਜਾਂਦਾ। ਚਾਰ ਪੰਜ ਦਿਨਾਂ ਮਗਰੋਂ ਹੀ ਰਾਮ ਸਿੰਘ ਹਸਪਤਾਲ਼ ਤੋਂ ਤੰਗ ਆ ਗਿਆ ਤੇ ਉਹ ਡਾਕਟਰ ਨੂੰ ਛੁੱਟੀ ਦੇਣ ਲਈ ਆਖਣ ਲੱਗਾ। ਡਾਕਟਰ ਹੱਸ ਕੇ ਟਾਲਦਾ ਰਿਹਾ। ਇਹ ਵੀ ਕਹਿੰਦਾ ਰਿਹਾ ਕਿ ਉਹ ਦੋ ਹਫ਼ਤਿਆਂ ਦੀ ਵੀ ਉਂਨੀਂ ਹੀ ਫੀਸ ਲਵੇਗਾ, ਜਿੰਨੀ ਚਾਰ ਦਿਨ ਦੀ। ਬੈੱਡ ਦਾ ਕਿਰਾਇਆ ਅੱਸੀ ਰੁਪਏ, ਚਾਹੇ ਚਾਰ ਦਿਨ ਰਹੋ ਚਾਹੇ ਮਹੀਨਾ। ਦੇਵ ਡਾਕਟਰ ਦੇ ਅਜਿਹੇ ਹਿਸਾਬ-ਕਿਤਾਬ ਤੋਂ ਬੜਾ ਹੈਰਾਨ ਹੋਇਆ। ਦੇਵ ਨੇ ਹਸਪਤਾਲ਼ ਰਹਿਣ ਦਾ ਵੀ ਲਾਹਾ ਲੈ ਲਿਆ। ਇਨ੍ਹਾਂ ਦਿਨਾਂ ਵਿਚ ਉੱਥੇ ਉਸ ਨੇ ਤਿੰਨ ਨਾਵਲ ਪੜ੍ਹੇ। ਇਕ ਨਾਵਲ ਦਾ ਨਾਂ 'ਆਗ ਕਾ ਦਰਿਆ' ਸੀ, ਜਿਸ ਤੋਂ ਉਹ ਬਹੁਤ ਹੀ ਪ੍ਰਭਾਵਿਤ ਹੋਇਆ।

ਰਾਮ ਸਿੰਘ ਨੂੰ ਛੁੱਟੀ ਮਿਲੀ ਤਾਂ ਸਾਰਿਆਂ ਨੇ ਸ਼ੁਕਰ ਮਨਾਇਆ। ਖ਼ਬਰ ਲੈਣ ਲਈ ਲੋਕ ਆਉਣ ਲੱਗੇ। ਆਉਣ ਵਾਲ਼ਾ ਹਰ ਬੰਦਾ ਡਾਕਟਰ ਬਣ ਜਾਂਦਾ ਤੇ ਇਸ ਬੀਮਾਰੀ ਤੋਂ ਛੁਟਕਾਰਾ ਪਾਉਣ ਲਈ ਕੋਈ ਨਾ ਕੋਈ ਨੁਸਖ਼ਾ ਜ਼ਰੂਰ ਦੱਸਦਾ। ਰਾਮ ਲਾਲ ਸੋਢੀ ਨਾਂ ਦਾ ਇਕ ਅਜਿਹਾ ਬੰਦਾ ਵੀ ਖ਼ਬਰ ਨੂੰ ਆਇਆ ਜਿਸ ਤੇ ਕਦੀ ਲਕਵੇ ਦਾ ਅਟੈਕ ਹੋ ਗਿਆ ਸੀ। ਉਹ ਮਹੀਨਾ ਭਰ ਕਬੂਤਰਾਂ ਦੀ ਤਰੀ ਪੀਣ ਨਾਲ਼ ਹੀ ਤੰਦਰੁਸਤ ਹੋ ਗਿਆ ਸੀ। ਉਸ ਨੇ ਸੁਝਾਅ ਦਿੱਤਾ ਕਿ ਰਾਮ ਸਿੰਘ ਨੂੰ ਦੋਨੋਂ ਟਾਇਮ ਬਟੇਰੇ ਜਾਂ ਕਬੂਤਰ ਦੀ ਤਰੀ ਦਿੱਤੀ ਜਾਵੇ ਤਾਂ ਮੂੰਹ ਅਤੇ ਅੱਖ ਵਿਚ ਭੋਰਾ ਭਰ ਵੀ ਵਿੰਗ ਨਹੀਂ ਰਹੇਗਾ। ਉਸ ਦੀ ਗੱਲ ਰਾਮ ਸਿੰਘ ਨੂੰ ਜਚ ਗਈ। ਬਟੇਰੇ ਮਿਲਣੇ ਤਾਂ ਬੜੇ ਮੁਸ਼ਕਲ ਸਨ, ਕਬੂਤਰਾਂ ਦਾ ਜੁਗਾੜ ਉਨ੍ਹਾਂ ਨੇ ਬਣਾ ਲਿਆ। ਦੇਵ ਸਵੇਰੇ ਦੁੱਧ ਲੈਣ ਲਈ ਜਮਨਾ ਲਾਗਲੇ ਪਿੰਡ ਜਾਂਦਾ ਤਾਂ ਤੋੜੇ ਵਾਲ਼ੀ ਬੰਦੂਕ ਆਪਣੇ ਮੋਢੇ ਨਾਲ਼ ਲਟਕਾ ਲੈਂਦਾ ਤੇ ਕਬੂਤਰ ਫੁੰਡ ਲਿਆਉਂਦਾ। ਜਿੰਦਰ ਪਾਠ ਵੀ ਕਰੀ ਜਾਂਦੀ ਤੇ ਰਾਮ ਸਿੰਘ ਲਈ ਤਰੀ ਵੀ ਬਣਾਈ ਜਾਂਦੀ। ਉਹ ਹੋਮੋਪੈਥੀ ਦੀਆਂ ਗੋਲ਼ੀਆਂ ਵੀ ਖਾਂਦਾ ਰਿਹਾ ਤੇ ਹੋਰ ਕਈ ਓਹੜ-ਪੋਹੜ ਵੀ ਕਰਦਾ ਰਿਹਾ। ਕੁਝ ਵੀ ਸੀ, ਉਹ ਦਿਨਾਂ ਵਿਚ ਹੀ ਠੀਕ ਹੋ ਗਿਆ ਤੇ ਮੁੜ ਡਿਊਟੀ ਤੇ ਜਾਣ ਲੱਗਾ। ਜਿੰਦਰ ਨੇ ਆਪਣੀਆਂ ਸੁੱਖਾਂ ਵੀ ਲਾਹ ਦਿੱਤੀਆਂ।

ਦੇਵ ਨੇ ਅੰਦਾਜ਼ਾ ਲਾਇਆ ਕਿ ਸੋਨਿਕਾ ਤੇ ਉਹਦੇ ਬੱਚੇ ਹਫ਼ਤਾ ਪਹਿਲਾਂ ਮਸੂਰੀ ਤੋਂ ਪਰਤ ਆਏ ਹੋਣਗੇ। ਦੇਵ ਰਾਮ ਸਿੰਘ ਨੂੰ ਅਟੈਂਡ ਕਰਨ ਕਰਕੇ ਨਾ ਉਸ ਦੇ ਘਰ ਜਾ ਸਕਿਆ ਸੀ ਤੇ ਨਾ ਹੀ ਸੱਠ ਬਲਾਕ ਵਾਲ਼ੇ ਆਪਣੇ ਕਵਾਰਟਰ ਵਿਚ। ਇਕ ਵਾਰੀ ਸੋਨਿਕਾ ਨੇ ਉਸ ਦਾ **104** ਬਲਾਕ ਵਾਲ਼ਾ ਐਡਰੈਸ ਆਪਣੀ ਕਾਪੀ ਵਿਚ ਨੋਟ ਕੀਤਾ ਸੀ। ਹੁਣ ਦੇਵ ਨੂੰ ਇਹ ਗੱਲ ਸਤਾਉਣ ਲੱਗੀ ਕਿ ਸੋਨਿਕਾ ਉਸ ਬਾਰੇ ਕੀ ਸੋਚਦੀ ਹੋਵੇਗੀ ਕਿ ਦੇ

ਵ ਨਾਲ਼ ਵਾਪਰ ਕੀ ਗਿਆ ਕਿ ਉਹ ਸਮਾਂ ਦੇ ਕੇ ਉਸ ਦਿਨ ਬੱਸ ਅੱਡੇ ਤੇ ਨਹੀਂ ਸੀ ਪਹੁੰਚਿਆ ਤੇ ਨਾ ਹੀ ਮਗਰੋਂ ਘਰ ਆਇਆ। ਉਹ ਜੇ ਖ਼ਬਰ ਲੈਣ ਲਈ ਆ ਗਈ, ਫਿਰ ਉਹ ਜਿੰਦਰ ਨੂੰ ਕੀ ਜਵਾਬ ਦੇਵੇਗਾ। ਇਕ ਦਿਨ ਦੁਪਹਿਰ ਮਗਰੋਂ ਜਦੋਂ ਰਾਮ ਸਿੰਘ ਡਿਊਟੀ ਤੇ ਸੀ ਦੇਵ ਨੇ ਜਿੰਦਰ ਨੂੰ ਕਿਹਾ, 'ਭਾਬੀ ਜੀ ਮੈਂ ਯੂਨੀਵਰਸਿਟੀ ਲਾਇਬ੍ਰੇਰੀ ਤੋਂ ਕਿਤਾਬਾਂ ਲੈਣ ਜਾਣਾ ਏ, ਜਾ ਆਵਾਂ?'

'ਲਾਇਬ੍ਰੇਰੀ ਜਾਣਾ ਏਂ ਕਿ ਕਿਸੇ ਹੋਰ ਨੂੰ ਮਿਲਣ ਜਾਣਾ ਏਂ?' ਉਹ ਬੋਲੀ।

'ਹੋਰ ਮੈਂ ਕਿਸ ਨੂੰ ਮਿਲਣਾ ਏਂ ਭਾਬੀ ਜੀ? ਰਾਮੇਸ਼ਵਰ ਸੀਗਾ ਉਹ ਵੀ ਛੱਡ ਗਿਆ ਆਗਰਾ।'

'ਕਾਲ਼ੀ ਕਾਰ ਵਾਲ਼ੀ ਮੈਡਮ ਨੂੰ ਨੀ ਮਿਲਣ ਜਾਣਾ?' ਉਹ ਬੋਲੀ ਤਾਂ ਦੇਵ ਘਬਰਾ ਗਿਆ।

'ਕਿਹੜੀ ਕਾਰ ਵਾਲ਼ੀ?'

'ਜੇ ਹੁਣ ਤੂੰ ਝੂਠ ਨਾ ਬੋਲੇਂ ਤੇ ਆਪ ਹੀ ਸਾਰੀ ਗੱਲ ਦੱਸ ਦੇਵੇਂ ਤਾਂ ਠੀਕ ਨ੍ਹੀ ਦੇਵ?'

ਦੇਵ ਚਕਰਾ ਗਿਆ। ਜ਼ਰੂਰ ਸੋਨਿਕਾ ਉਸ ਬਾਰੇ ਪਤਾ ਕਰਨ ਲਈ ਆਈ ਹੋਵੇਗੀ। ਹੋਰ ਉਨ੍ਹਾਂ ਦੇ ਘਰ ਕਾਰ ਵਾਲ਼ੀ ਕਿਹੜੀ ਔਰਤ ਨੇ ਆਉਣਾ ਸੀ। ਪਤਾ ਨਹੀਂ ਉਹ ਜਿੰਦਰ ਨੂੰ ਕੀ ਕੀ ਦੱਸ ਗਈ ਹੋਵੇਗੀ। ਦੇਵ ਨੇ ਉਸ ਦੇ ਘਰ ਟਿਊਸ਼ਨ ਪੜ੍ਹਾਉਣ ਦੀ ਗੱਲ ਜਿੰਦਰ ਨੂੰ ਦੱਸੀ ਤਾਂ ਉਹ ਬੋਲੀ, 'ਤੂੰ ਡਰਦਾ ਸੀ ਕਿਤੇ ਮੈਂ ਪੈਸੇ ਨਾ ਮੰਗ ਲਵਾਂ?'

'ਨਹੀਂ ਭਾਬੀ ਜੀ ਅਜੇ ਤਾਂ ਮੈਂ ਜਾਣਾ ਸ਼ੁਰੂ ਹੀ ਕੀਤਾ ਸੀ ਕਿ ਵੀਰ ਜੀ ਬੀਮਾਰ ਹੋ ਗਏ। ਮੈਂ ਸੋਚਦਾ ਸੀ ਕਿ ਉੱਥੇ ਜਾਣਾ ਜੇ ਫਿੱਟ ਨਾ ਬੈਠਿਆ ਤਾਂ ਛੱਡ ਦਿਆਂਗਾ ਜੇ ਫਿੱਟ ਬੈਠ ਗਿਆ ਤਾਂ ਤੁਹਾਨੂੰ ਦੱਸ ਦਿਆਂਗਾ।'

'ਦੇਵ ਇਹ ਚਲਾਕੀਆਂ ਨਾ ਕਰਿਆ ਕਰ ਮੇਰੇ ਨਾਲ਼। ਇਹ ਫਿੱਟ ਨਾ ਫਿੱਟ ਕੀ ਹੁੰਦਾ ਏ? ਸਹੀ ਪੁੱਛਦਾ ਏਂ ਤਾਂ ਉਸ ਔਰਤ ਤੋਂ ਮੈਨੂੰ ਡਰ ਆਇਆ। ਉਹ ਬੜੀ ਤੇਜ਼ ਲੱਗੀ ਮੈਨੂੰ।'

'ਮੈਨੂੰ ਇਸ ਨਾਲ਼ ਕੀ ਭਾਬੀ ਜੀ। ਮੇਰਾ ਮਤਲਬ ਤਾਂ ਫੀਸ ਤੱਕ ਏ..... ਸ਼ਹਿਰ ਵਾਲ਼ੇ ਸਾਰੇ ਤੇਜ਼ ਹੀ ਹੁੰਦੇ ਨੇ।'

'ਉਹਦਾ ਘਰ ਵਾਲ਼ਾ ਵੀ ਉਹਦੇ ਨਾਲ਼ ਨੀ ਰਹਿੰਦਾ।' ਉਹ ਬੋਲੀ।

'ਨਾਲ਼ ਨੀ ਰਹਿੰਦਾ? ਹੋਰ ਕਿੱਥੇ ਰਹਿੰਦੈ? ਇਕ ਬੰਦਾ ਉੱਥੇ ਹੁੰਦਾ ਤਾਂ ਹੈ।' ਦੇਵ ਨੇ ਕਿਹਾ।

ਜਿਸ ਦਿਨ ਉਨ੍ਹਾਂ ਦੀ ਇਹ ਗੱਲਬਾਤ ਹੋਈ ਉਸੇ ਸ਼ਾਮ ਨੂੰ ਜਿੰਦਰ ਦੀ ਵੱਡੀ ਭੈਣ ਰਤਨਾ ਦੇਵੀ ਜੋ ਹਰੀਵੰਸ਼ ਦੀ ਸੱਸ ਵੀ ਸੀ ਆਪਣੀ ਧੀ ਬ੍ਰਹਮੀ ਸਮੇਤ ਪੰਜਾਬ ਤੋਂ ਉਨ੍ਹਾਂ ਕੋਲ਼ ਪਹੁੰਚ ਗਈ। ਸ਼ਾਇਦ ਜਿੰਦਰ ਨੇ ਉਨ੍ਹਾਂ ਨੂੰ ਰਾਮ ਸਿੰਘ ਦੇ ਬੀਮਾਰ ਹੋਣ ਦੀ ਚਿੱਠੀ ਲਿਖੀ ਹੋਵੇਗੀ। ਦੇਵ ਨੂੰ ਪਤਾ ਲੱਗਾ ਕਿ ਉਰਵਸ਼ੀ ਦੀ ਉਸ ਛੋਟੀ ਭੈਣ ਬ੍ਰਹਮੀ ਨੇ ਬਾਰਾਂ ਪਾਸ ਕੀਤੀਆਂ ਹੋਈਆਂ ਸਨ। ਖੁੱਲ੍ਹੇ ਹੱਡਾਂ ਪੈਰਾਂ ਵਾਲ਼ੀ ਮੋਟੀ ਬ੍ਰਹਮੀ ਦਾ ਮੁੜੰਗਾ ਉਰਵਸ਼ੀ

ਦੇ ਨਾਲ਼ ਮਿਲਦਾ ਜ਼ਰੂਰ ਸੀ ਪਰ ਉਹ ਉਸ ਨਾਲ਼ੋਂ ਦੁੱਗਣੀ ਮੋਟੀ ਲਗਦੀ ਸੀ। ਉਸ ਦੀਆਂ ਦੋਨੋਂ ਗੱਲ੍ਹਾਂ ਉੱਤੇ ਚੜ੍ਹਦੀ ਜੁਆਨੀ ਕਰਕੇ ਚਿੱਟੇ ਮੂੰਹਾਂ ਵਾਲੀਆਂ ਕਿੱਲਾਂ ਦੀਆਂ ਰੁੱਭਲੀਆਂ ਪਈਆਂ ਹੋਈਆਂ ਸਨ। ਅਗਲੇ ਹੀ ਦਿਨ ਜਿੰਦਰ ਨੇ ਦੇਵ ਨੂੰ ਕਿਹਾ ਕਿ ਉਹ ਉਸ ਦੀ ਭੈਣ ਤੇ ਭਾਣਜੀ ਨੂੰ ਤਾਜ ਮਹਿਲ ਦਿਖਾ ਲਿਆਵੇ। ਦੋ ਕੁ ਦਿਨ ਪਹਿਲਾਂ ਰਾਮ ਸਿੰਘ ਨੇ ਦਫਤਰ ਤੋਂ ਮੁੜ ਹਫ਼ਤੇ ਕੁ ਦੀ ਛੁੱਟੀ ਹੋਰ ਲੈ ਲਈ ਹੋਈ ਸੀ।

'ਤੁਸੀਂ ਲੈ ਜਾਓ ਭਾਬੀ ਜੀ... ਮੈਂ ਵੀਰ ਜੀ ਕੋਲ਼ ਰਹਿ ਜਾਵਾਂਗਾ।' ਦੇਵ ਨੇ ਕਿਹਾ।

'ਨਹੀਂ, ਤੇਰੇ ਵੀਰ ਜੀ ਕੋਲ਼ ਮੈਂ ਰਹਾਂਗੀ। ਜੋ ਕਹਿੰਦੀ ਹੁੰਦੀ ਹਾਂ ਕਰਿਆ ਕਰ।' ਜਿੰਦਰ ਨੇ ਰੋਹਬ ਨਾਲ਼ ਕਿਹਾ।

'ਠੀਕ ਏ ਜੀ।' ਦੇਵ ਬੋਲਿਆ।

ਜਿੰਦਰ ਨੇ ਉਸ ਨੂੰ ਉਂਗਲ ਦੇ ਇਸ਼ਾਰੇ ਨਾਲ਼ ਆਪਣੇ ਕੋਲ਼ ਸੱਦਿਆ ਤੇ ਪੌੜੀਆਂ ਉਤਰ ਗਈ। ਉਹ ਬੋਲੀ, 'ਦੇਵ, ਇਹ ਮੇਰਾ ਫੈਸਲਾ ਹੈ ਕਿ ਤੇਰਾ ਇਸ ਕੁੜੀ ਨਾਲ਼ ਵਿਆਹ ਕਰਾਂਗੇ। ਸੁਹਣੀ, ਸੁਨੱਖੀ ਤੇ ਪੜ੍ਹੀ ਲਿਖੀ ਏ। ਰਸੋਈ ਦੇ ਕੰਮ ਵਿਚ ਮਾਹਰ ਏ । ਸਿਲਾਈ ਕਢਾਈ ਵੀ ਜਾਣਦੀ ਏ। ਖਾਨਦਾਨੀ ਏਂ। ਮੇਰਾ ਜੀਜਾ ਬਹੁਤ ਅਮੀਰ ਬੰਦਾ ਏ । ਤੈਨੂੰ ਪਤਾ ਹੀ ਏ ਉਰਵਸ਼ੀ ਨੂੰ ਕਿੰਨਾਂ ਦਾਜ ਦਿੱਤਾ। ਕੋਠੀ ਬਣਾ ਕੇ ਦਿੱਤੀ। ਉਹ ਤੇ ਰਾ ਘਰ ਭਰ ਦੇਵੇਗਾ। ਤੇਰੇ ਲਈ ਵੀ ਕੋਠੀ ਪਾ ਦੇਵੇਗਾ।'

'ਪਰ ਭਾਬੀ ਜੀ, ਤੁਸੀਂ ਐਨੀ ਕਾਹਲੀ ਕਿਉਂ ਕਰ ਰਹੇ ਹੋ? ਮੇਰਾ ਤਾਂ ਅਜੇ ਪੜ੍ਹਾਈ ਦਾ ਇਕ ਸਾਲ ਪਿਆ ਏ। ਫਿਰ ਨੌਕਰੀ ਲੱਭਣੀ ਏਂ।' ਦੇਵ ਬੋਲਿਆ।

'ਅਸੀਂ ਸਿਰਫ਼ ਮੰਗਣਾ ਕਰਨਾ ਏ ਤੇਰਾ। ਵਿਆਹ ਜਦੋਂ ਤੂੰ ਚਾਹੇਂ ਕਰਾਂਗੇ।'

'ਉਹ ਕਿਹੜਾ ਦੌੜੀ ਜਾਂਦੀ ਏ ਕਿਤੇ। ਅਗਲੇ ਸਾਲ ਦੇਖੀ ਜਾਵੇਗੀ।'

'ਉਹਨੂੰ ਤਾਂ ਵੀਹ ਰਿਸ਼ਤੇ ਆਉਂਦੇ ਨੇ। ਮੈਂ ਤੇਰੇ ਭਲੇ ਲਈ ਕਹਿੰਦੀ ਹਾਂ। ਜੇ ਤੈਨੂੰ ਕੁੜੀ ਪਸੰਦ ਨਹੀਂ ਤਾਂ ਵੀ ਸਾਫ਼ ਸਾਫ਼ ਕਹਿ ਮੈਨੂੰ।'

'ਮੈਂ ਕਦੋਂ ਕਿਹਾ, ਪਸੰਦ ਨਹੀਂ? ਮੈਨੂੰ ਸੋਚਣ ਦਾ ਸਮਾਂ ਦਿਓ।'

'ਠੀਕ ਏ ਤੂੰ ਉਨ੍ਹਾਂ ਨੂੰ ਤਾਜ ਮਹਿਲ ਦਿਖਾ ਕੇ ਲਿਆ। ਭੈਣ ਤੈਨੂੰ ਮੌਕਾ ਦੇਵੇਗੀ, ਤੂੰ ਉਸ ਨਾਲ਼ ਗੱਲਬਾਤ ਕਰ ਲਵੀਂ। ਬੇਸ਼ੱਕ ਬਾਅਦ ਵਿਚ ਚਿੱਠੀਆਂ ਵੀ ਲਿਖਦੇ ਰਹਿਣਾ, ਇਕ ਦੂਜੇ ਨੂੰ। ਪੜ੍ਹਿਆ-ਲਿਖਿਆ ਪਰਿਵਾਰ ਏ। ਕੋਈ ਬੁਰਾ ਨਹੀਂ ਮਨਾਵੇਗਾ।'

ਉਹ ਤਿੰਨੋਂ ਪੰਜ ਨੰਬਰ ਲੋਕਲ ਬੱਸ ਫੜ ਕੇ ਬੇਲਣ ਗੰਜ ਪੁੱਜ ਗਏ ਤੇ ਉੱਥੋਂ ਨੌਂ ਨੰਬਰ ਬੱਸ ਲੈ ਲਈ। ਦੋਨੋਂ ਵਾਰੀ ਕੁੜੀ ਦੀ ਮਾਂ ਨੇ ਹੀ ਟਿਕਟਾਂ ਖਰੀਦੀਆਂ। ਦੋਨੋਂ ਵਾਰੀ ਬ੍ਰਹਮੀ ਦੇਵ ਨਾਲ਼ ਜੁੜ ਕੇ ਬੈਠੀ। ਜੇ ਦੇਵ ਘਿਸਰ ਕੇ ਥੋੜ੍ਹਾ ਪਰ੍ਹੇ ਵੀ ਹੁੰਦਾ ਉਹ ਮੁੜ ਉਸ ਉੱਤੇ ਆ ਚੜ੍ਹਦੀ। ਉਹਦੀ ਮਾਂ ਦੇਵ ਨਾਲ਼ ਰੂਬਰੂ ਕਰਦੀ ਰਹੀ।

'ਤੂੰ ਕਾਕਾ ਪੜ੍ਹਾਈ ਪੂਰੀ ਕਰਨ ਮਗਰੋਂ ਕੀ ਕਰਨਾ ਚਾਹੁੰਦੈਂ?'

'ਜੀ ਜੇ ਅਮੀਰ ਘਰ ਰਿਸ਼ਤਾ ਹੋ ਗਿਆ, ਕੰਮ ਕਰਨ ਦੀ ਕਿਹੜੀ ਲੋੜ ਏ?'

'ਦੇਖ ਬੇਟਾ ਮੇਰੀ ਧੀ ਬੜੀ ਸਾਊ ਏ। ਮੌਜ ਕਰੇਂਗਾ ਸਾਰੀ ਜ਼ਿੰਦਗੀ। ਤੇਰੀ ਅਸੀਂ ਹਰ ਮੰਗ ਪੂਰੀ ਕਰਾਂਗੇ। ਜੇ ਇਸ ਨੂੰ ਹੋਰ ਪੜ੍ਹਾਉਣਾ ਚਾਹੇਂ ਪੜ੍ਹਾ ਵੀ ਦਿਆਂਗੇ।'

'ਜੀ, ਮੈਂ ਤਾਂ ਕਿਸੇ ਨਰਸ ਨਾਲ਼ ਵਿਆਹ ਕਰਾਉਣਾ ਚਾਹੁੰਦਾ ਹਾਂ।'

'ਨਰਸਾਂ ਨ੍ਹੀ ਠੀਕ ਹੁੰਦੀਆਂ। ਖ਼ਾਨਦਾਨੀ ਕੁੜੀ ਨਾਲ਼ ਵਿਆਹ ਕਰਵਾਈਦਾ ਏ।'

'ਖ਼ਾਨਦਾਨੀ ਕਿਸ ਨੂੰ ਕਹਿੰਦੇ ਨੇ ਜੀ?'

'ਜਿਵੇਂ ਮੇਰੀ ਬ੍ਰਹਮੀ ਏ।' ਉਹ ਬੋਲੀ ਤਾਂ ਬ੍ਰਹਮੀ ਨੇ ਉਸ ਦੇ ਕੂਹਣੀ ਮਾਰੀ।

ਤਾਜ ਮਹਿਲ ਪਹੁੰਚ ਕੇ ਉਹਦੀ ਮਾਂ ਬਾਹਰ ਹੀ ਗੁਲਮੋਹਰ ਦੇ ਇਕ ਦਰੱਖਤ ਹੇਠ ਬਹਿੰਦੀ ਬੋਲੀ, 'ਤੁਸੀਂ ਦੋਨੋਂ ਹੀ ਜਾ ਕੇ ਦੇਖ ਆਓ। ਮੇਰੇ ਤਾਂ ਬੇਟਾ ਪੈਰ' ਚ ਮੋਚ ਆਈ ਹੋਈ ਏ।'

'ਮੈਂ ਤਾਂ ਤਾਜ ਮਹਲ ਬੜੀ ਵਾਰੀ ਦੇਖਿਆ ਏ। ਇਹਨੂੰ ਇਕੱਲੀ ਨੂੰ ਹੀ ਭੇਜ ਦਿਓ।'

'ਨਾ ਬੇਟਾ ਤੂੰ ਬ੍ਰਹਮੀ ਦੇ ਨਾਲ਼ ਜਾ।'

'ਚੰਗਾ ਜੀ, ਚਲਾ ਜਾਂਦਾ ਹਾਂ।'

ਕੁਝ ਦੂਰ ਜਾ ਕੇ ਦੇਵ ਨੇ ਉਸ ਨੂੰ ਕਿਹਾ, 'ਦੇਖ ਮੇਰੀ ਭੈਣ, ਇਹ ਗੱਲ ਤੂੰ ਆਪਣੇ ਦਿਮਾਗ ਵਿੱਚੋਂ ਕੱਢ ਦੇ ਕਿ ਮੈਂ ਤੇਰੇ ਨਾਲ਼ ਵਿਆਹ ਕਰਵਾਵਾਂਗਾ। ਨਾਲ਼ੇ ਇਕ ਪਤਨੀ ਦੇ ਜਿਉਂਦੇ ਜੀਅ ਮੈਂ ਦੂਜਾ ਵਿਆਹ ਕਿਵੇਂ ਕਰਵਾ ਸਕਦਾ ਹਾਂ?'

'ਦੂਜਾ ਵਿਆਹ? ਕੀ ਮਤਲਬ ਤੁਹਾਡਾ?' ਉਹ ਅੱਖਾਂ ਚੌੜੀਆਂ ਕਰਕੇ ਬੋਲੀ।

'ਮੈਂ ਤੈਨੂੰ ਇਹ ਗੱਲ ਦੱਸ ਨ੍ਹੀ ਸਕਦਾ।'

'ਦੱਸੋ ਦੱਸੋ ਤੁਸੀਂ।'

'ਦੱਸ ਦਿੰਦਾ ਹਾਂ ਪਹਿਲਾਂ ਵਾਅਦਾ ਕਰ ਕਿ ਇਹ ਗੱਲ ਤੂੰ ਵੀਰ ਜੀ, ਭਾਬੀ ਜੀ ਜਾਂ ਆਪਣੀ ਮਾਂ ਨੂੰ ਨਹੀਂ ਦੱਸੇਂਗੀ। ਇਹ ਵਿਆਹ ਮੈਂ ਸਭ ਤੋਂ ਚੋਰੀ ਕਰਵਾਇਆ ਹੋਇਆ ਏ।'

'ਕਿਸ ਨਾਲ਼?'

'ਜੇ ਤੂੰ ਕਹੇਂ, ਤੈਨੂੰ ਆਪਣੀ ਪਤਨੀ ਨਾਲ਼ ਅੱਜ ਹੀ ਮਿਲਾ ਦਿੰਦਾ ਹਾਂ।'

'ਮੈਂ ਉਸ ਨੂੰ ਮਿਲ ਕੇ ਕੀ ਲੈਣਾ ਏ?' ਉਹ ਬੋਲੀ

'ਤੂੰ ਮੈਨੂੰ ਨਾ-ਪਸੰਦ ਕਰਦੇ ਭੈਣ ਬਣ ਕੇ। ਤੇਰਾ ਅਹਿਸਾਨ ਸਾਰੀ ਉਮਰ ਨਹੀਂ ਭੁੱਲਾਂਗਾ। ਜੇ ਤੂੰ ਇਹ ਕੰਮ ਕਰ ਦੇਵੇਂ ਮੈਂ ਤੈਨੂੰ ਵੀਹ ਰੁਪਏ ਦੇ ਸਕਦਾ ਹਾਂ।'

'ਮੈਂ ਫੂਕਣੇ ਨੇ ਵੀਹ ਰੁਪਏ?'

'ਬੱਸ ਤੂੰ ਐਨਾ ਕਹਿਦੇ ਕਿ ਇਸ ਪਾਗਲ ਕਿਸਮ ਦੇ ਬੰਦੇ ਨਾਲ਼ ਵਿਆਹ ਕਰਵਾ ਕੇ ਤੂੰ ਆਪਣੀ ਜ਼ਿੰਦਗੀ ਬਰਬਾਦ ਨਹੀਂ ਕਰਨਾ ਚਾਹੁੰਦੀ। ਭਾਬੀ ਜੀ ਦੀ ਮੈਂ ਬਹੁਤ ਇੱਜ਼ਤ ਕਰਦਾ ਹਾਂ। ਜੇ ਉਸ ਨੇ ਜ਼ੋਰ ਪਾ ਦਿੱਤਾ ਮੈਨੂੰ ਤੇਰੇ ਨਾਲ਼ ਵੀ ਵਿਆਹ ਕਰਵਾਉਣਾ ਪਵੇਗਾ। ਫਿਰ ਮੇਰੇ ਬੱਚਿਆਂ ਦਾ ਕੀ ਬਣੇਗਾ?'

'ਇਸਦਾ ਮਤਲਬ ਤੁਹਾਡੇ ਬੱਚੇ ਵੀ ਹਨ?'

'ਹਾਂ ਦੋ ਬੱਚੇ।'

'ਤੁਸੀਂ ਤਾਂ ਬੜੇ ਫਰਾਡ ਹੋ।'

'ਜੋ ਵੀ ਹਾਂ ਤੇਰੇ ਸਾਮ੍ਹਣੇ ਹਾਂ ਭੈਣ ਬ੍ਰਹਮੀ। ਜੇ ਭਾਬੀ ਦੇ ਕਹਿਣ ਤੇ ਮੈਨੂੰ ਤੇਰੇ ਨਾਲ਼

ਵੀ ਵਿਆਹ ਕਰਾਉਣਾ ਪੈਂਦਾ ਹੈ ਤਾਂ ਇਕ ਗੱਲ ਤੈਨੂੰ ਲਿਖ ਕੇ ਦੇਣੀ ਪਵੇਗੀ ਕਿ ਤੂੰ ਹਮੇਸ਼ਾ ਆਪਣੀ ਸੌਂਕਣ ਦਾ ਕਹਿਣਾ ਮੰਨੇਗੀ। ਸਾਥੋਂ ਅਲੱਗ ਕਮਰੇ ਵਿਚ ਸੋਵੇਂਗੀ।' ਦੇਵ ਨੇ ਕਿਹਾ।

'ਮੈਨੂੰ ਕੁੱਤੇ ਨੇ ਵੱਢਿਆ ਏ ਕਿ ਮੈਂ ਤੈਨੂੰ ਅਜਿਹੀਆਂ ਬੇਤੁਕੀਆਂ ਗੱਲਾਂ ਲਿਖ ਕੇ ਦਿਆਂ? ਬੜਾ ਧੋਖੇਬਾਜ਼ ਬੰਦਾ ਏਂ ਤੂੰ ਤਾਂ।'

'ਬੱਸ ਜੋ ਹਾਂ ਭੈਣੇ ਤੇਰੇ ਸਾਮ੍ਹਣੇ ਹਾਂ। ਮੈਂ ਤੇਰੇ ਨਾਲ਼ ਕਿਹੜਾ ਧੋਖਾ ਕੀਤਾ ਏ ਭੈਣੇ। ਸੱਚ ਬੋਲਣਾ ਧੋਖਾ ਹੁੰਦਾ ਏ? ਧੋਖਾ ਤਾਂ ਉਦੋਂ ਸੀ, ਜਦੋਂ ਮੈਂ ਤੈਨੂੰ ਅਸਲੀਅਤ ਨਾ ਦੱਸਦਾ।'

'ਚੱਲ ਮੁੜ ਚੱਲ... ਉੱਥੇ ਦੇਖਣ ਨੂੰ ਹੈ ਵੀ ਕੀ... ਕਬਰਾਂ ਨੇ।' ਦੇਵ ਬੋਲਿਆ।

ਉਹ ਪਰਕਰਮਾ ਜਿਹੀ ਦੇ ਵਿੱਚੋਂ ਹੀ ਵਾਪਸ ਪਰਤ ਆਏ। ਇਕ ਅੰਗਰੇਜ਼ ਜੋੜੀ ਨੇ ਦੇਵ ਨੂੰ ਘੇਰ ਕੇ ਕਿਹਾ ਕਿ ਉਹ ਉਨ੍ਹਾਂ ਦੀ ਫ਼ੋਟੋ ਖਿੱਚ ਦਵੇ। ਦੇਵ ਨੂੰ ਫੋਟੋ ਖਿੱਚਣੀ ਆਉਂਦੀ ਹੀ ਨਹੀਂ ਸੀ, ਉਹ ਪੰਜਾਬੀ' ਚ ਬੋਲਿਆ, 'ਜਾਓ ਜਾਓ ਬਾਂਦਰ ਮੂੰਹੇ ਜਿਹੇ ਨਾ ਹੋਣ ਤਾਂ... ਅਸੀਂ ਠੇਕਾ ਲਿਆ ਏ ਤੁਹਾਡੀਆਂ ਫੋਟੋਆਂ ਖਿੱਚੀਏ?'

'ਇਹ ਤੈਨੂੰ ਦੌਰਾ ਪੈਂਦਾ ਏ ਕਿ ਤੇਰਾ ਪਹਿਲਾਂ ਤੋਂ ਹੀ ਦਿਮਾਗ ਖ਼ਰਾਬ ਏ?' ਬ੍ਰਹਮੀ ਬੋਲੀ।

'ਤੂੰ ਜੋ ਮਰਜੀ ਸਮਝ ਲੈ ਭੈਣੇ।' ਦੇਵ ਹੱਸਿਆ।

ਉਹ ਗੁਲਮੋਹਰ ਦੇ ਦਰੱਖਤ ਕੋਲ਼ ਪੁੱਜੇ ਤਾਂ ਬ੍ਰਹਮੀ ਦੀ ਮਾਂ ਸਿਰ ਹੇਠ ਇੱਟ ਦਾ ਸਿਰਹਾਣਾ ਲਾਈ ਪਈ ਸੀ। ਬ੍ਰਹਮੀ ਬੋਲੀ, 'ਉੱਠੋ ਮੰਮੀ ਚੱਲੀਏ।'

ਉਹ ਉੱਭੜਬਾਹੇ ਉੱਠੀ ਤੇ ਬੋਲੀ, 'ਦੇਖ ਵੀ ਆਏ?'

'ਸੁਆਹ ਦੇਖ ਆਏ।' ਬ੍ਰਹਮੀ ਨੇ ਕਿਹਾ।

ਉਹ ਵਾਪਸ ਚੱਲ ਪਏ। ਜਦੋਂ ਉਹ ਆਏ ਸਨ, ਬ੍ਰਹਮੀ ਵਿਚਾਲੇ ਹੋ ਕੇ ਤੁਰਦੀ ਸੀ, ਹੁਣ ਉਹਦੀ ਮਾਂ ਵਿਚਾਲੇ ਸੀ। ਅੱਗੇ ਫ਼ਲਾਂ ਦੀ ਰੇੜ੍ਹੀ ਤੇ ਉਹ ਰੁਕ ਗਈ ਤੇ ਬੋਲੀ, 'ਆ ਜੋ ਪੁੱਤ ਜੂਸ ਪੀ ਲੋ।'

'ਜੀ ਮੈਂ ਤਾਂ ਕਦੀ ਪੀਤਾ ਨੀ। ਤੁਸੀਂ ਪੀ ਲਵੋ।'

ਉਨ੍ਹਾਂ ਨੇ ਵੀ ਨਾ ਪੀਤਾ। ਉਸ ਨੇ ਦਰਜਣ ਕੇਲਿਆਂ ਦੀ ਖਰੀਦ ਲਈ ਤੇ ਲਿਫਾਫ਼ਾ ਦੇਵ ਵੱਲ ਨੂੰ ਕਰ ਕੇ ਬੋਲੀ, 'ਲਓ ਕੇਲਾ ਬੇਟਾ।'

'ਜੀ ਮੈਂ ਤਾਂ ਕਦੀ ਕੇਲਾ ਖਾਧਾ ਨੀ।'

'ਫੇਰ ਤੁਸੀਂ ਖਾਂਦੇ ਕੀ ਹੋ?' ਹੁਣ ਬ੍ਰਹਮੀ ਬੋਲੀ।

'ਹਵਾ।' ਦੇਵ ਹੱਸਿਆ।

ਬ੍ਰਹਮੀ ਨੇ ਆਪਣੀ ਮਾਂ ਵੱਲ ਨੂੰ ਝਾਕ ਕੇ ਬੁੱਲ੍ਹ ਕੱਢੇ। ਜਿਵੇਂ ਕਹਿ ਰਹੀ ਹੋਵੇ, 'ਇਹ ਤਾਂ ਬਿਲਕੁਲ ਉੱਲੂ ਬੰਦਾ ਏ, ਕਿੱਥੇ ਲੈ ਆਈ ਮੈਨੂੰ?' ਬੱਸ ਆਈ ਤਾਂ ਉਹ ਤਿੰਨੋਂ ਚੜ੍ਹ ਗਏ। ਬ੍ਰਹਮੀ ਉਸ ਤੋਂ ਪਰ੍ਹੇ ਬੈਠੀ। ਉਹ ਬੇਲਣਗੰਜ ਬੱਸ ਸਟਾਪ ਤੇ ਉਤਰ ਕੇ ਖੜ੍ਹ ਗਏ ਤੇ ਪੰਜ ਨੰਬਰ ਬੱਸ ਦੀ ਉਡੀਕ ਕਰਨ ਲੱਗੇ। ਨਾਲ਼ ਹੀ ਬੱਤਿਆਂ ਵਾਲ਼ੇ ਦਾ ਖੋਖਾ ਸੀ। ਉਸ ਦੀ ਮਾਂ ਤਿੰਨ ਠੰਡੇ ਫੜ ਲਿਆਈ। ਇਕ ਬ੍ਰਹਮੀ ਨੂੰ ਫੜਾ ਕੇ ਦੂਜਾ ਦੇਵ ਵੱਲ ਵਧਾ ਦਿੱਤਾ।

'ਜੀ, ਮੈਂ ਤਾਂ ਕਦੀ ਬੱਤਾ ਪੀਤਾ ਨਹੀਂ।' ਉਹ ਬੋਲਿਆ।

'ਜੇ ਨਹੀਂ ਪਤਾ ਤਾਂ ਅੱਜ ਪੀ ਲੈ।'

'ਪੀ ਤਾਂ ਲਵਾਂ ਜੀ। ਜੇ ਆਦਤ ਪੈ ਗਈ ਤਾਂ ਕੱਲ੍ਹ ਕੌਣ ਪਿਲਾਊ? ਆਪਣੇ ਕੋਲ਼ ਤਾਂ ਕੋਈ ਪੈਸਾ ਹੀ ਨਹੀਂ ਹੁੰਦਾ।' ਦੇਵ ਹੱਸਿਆ।

ਬ੍ਰਹਮੀ ਨੇ ਆਪਣੀ ਮਾਂ ਦੇ ਕੰਨ ਵਿਚ ਕੁਝ ਕਿਹਾ। ਕਹਿਣਾ ਕੀ ਸੀ, ਕਹਿੰਦੀ ਹੋਊ, ਪਾਗਲ ਬੰਦਾ ਹੈ ਇਹ। ਨਾ ਇਸ ਨਾਲ਼ ਮਗਜ਼ ਮਾਰ।

ਬਲਕੇਸ਼ਵਰ ਕਾਲੋਨੀ ਜਾ ਕੇ ਬੱਸ ਉੱਤਰੇ ਤਾਂ ਦੇਵ ਬੋਲਿਆ, 'ਆਹੀ ਬਲਾਕ ਏ ਆਪਣਾ। ਤੁਸੀਂ ਪਰਲੀਆਂ ਪੌੜੀਆਂ ਚੜ ਜਾਓ। ਗਿਆਰਾਂ ਨੰਬਰ ਆਪਣਾ ਹੀ ਏ।'

'ਤੂੰ ਕਿਧਰੇ ਜਾਣਾ ਏ ਬੇਟਾ?'

'ਹਾਂ ਜੀ, ਜਿੱਥੇ ਰੋਜ਼ ਜਾਂਦਾ ਹਾਂ। ਮੈਨੂੰ ਕੋਈ ਉਡੀਕ ਰਿਹਾ ਏ।' ਉਹ ਹੱਸਿਆ।

**00**

## ਛਿਆਨਵੇਂ

ਰਤਨਾ ਦੇਵੀ ਤੇ ਉਹਦੀ ਧੀ ਪੌੜੀਆਂ ਜਾ ਚੜ੍ਹੀਆਂ ਤਾਂ ਦੇਵ ਨੇ ਆਪਣੀਆਂ ਮੁਹਾਰਾਂ ਸੱਠ ਬਲਾਕ ਵੱਲ ਨੂੰ ਮੋੜ ਦਿੱਤੀਆਂ। ਦੇਵ ਦਾ ਇਹ ਸਾਰਾ ਡਰਾਮਾ ਆਪਣੀ ਭਾਬੀ ਉਰਵਸ਼ੀ ਦੇ ਉਨ੍ਹਾਂ ਨਾਲ਼ ਭੈੜੇ ਵਿਵਹਾਰ ਦਾ ਪ੍ਰਤੀਕਰਮ ਹੀ ਸੀ। ਉਸ ਨੂੰ ਵਿਸ਼ਵਾਸ਼ ਹੋ ਗਿਆ ਕਿ ਉਹ ਮੁੜ ਉਸ ਦੇ ਵਿਆਹ ਦੀ ਗੱਲ ਨਹੀਂ ਕਰਨਗੇ। ਫਿਰ ਵੀ ਉਸ ਨੂੰ ਡਰ ਸੀ ਕਿ ਜਿੰਦਰ ਮੁੜ ਉਸ ਨੂੰ ਮਜ਼ਬੂਰ ਕਰੇਗੀ। ਉਹ ਘਰ ਗਿਆ ਹੀ ਨਾ। ਤੀਜੇ ਕੁ ਪਹਿਰ ਸੋਨਿਕਾ ਕੋਲ਼ ਚਲਾ ਗਿਆ ਤੇ ਰਾਤ ਦੀ ਰੋਟੀ ਖਾ ਕੇ ਸਿੱਧਾ ਸੱਠ ਬਲਾਕ ਵਿਚ ਆ ਸੁੱਤਾ। ਅਗਲੇ ਦਿਨ ਵੀ ਉਸ ਨੇ ਉਵੇਂ ਕੀਤਾ ਤੇ ਫਿਰ ਉਹ ਨਿੱਤ ਹੀ ਬਾਅਦ ਦੁਪਹਿਰ ਸੋਨਿਕਾ ਦੇ ਘਰ ਚਲਾ ਜਾਂਦਾ ਤੇ ਸ਼ਾਮ ਨੂੰ ਰੋਟੀ ਉਸੇ ਕੋਲ਼ ਖਾ ਕੇ ਮੁੜਦਾ। ਉਹ ਦੇਵ ਨੂੰ ਰੋਟੀ ਖੁਆ ਕੇ ਬੜਾ ਖੁਸ਼ ਹੁੰਦੀ। 'ਹੋਰ ਲਓ ਜੀ' ਹੋਰ ਲਓ ਜੀ' ਹੀ ਕਰੀ ਜਾਂਦੀ। ਰਾਮ ਸਿੰਘ ਦੇ ਬੀਮਾਰ ਹੋਣ ਦੀ ਗੱਲ ਤਾਂ ਸੋਨਿਕਾ ਨੂੰ ਉਦੋਂ ਹੀ ਜਿੰਦਰ ਕੋਲੋਂ ਪਤਾ ਲੱਗ ਗਈ ਸੀ ਜਦੋਂ ਉਹ ਦੇਵ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦੇ ਘਰ ਆਈ ਸੀ। ਹੁਣ ਦੇਵ ਨੇ ਉਸ ਨੂੰ ਇਹ ਵੀ ਦੱਸ ਦਿੱਤਾ ਕਿ ਉਸ ਦੀ ਭਾਬੀ ਉਸ ਨੂੰ ਆਪਣੀ ਭਾਣਜੀ ਨਾਲ਼ ਨੂੜਨ ਨੂੰ ਫਿਰਦੀ ਸੀ, ਜਿਸ ਕਰਕੇ ਉਹ ਉਨ੍ਹਾਂ ਕੋਲ਼ ਨਹੀਂ ਸੀ ਜਾਂਦਾ।

'ਤੁਹਾਨੂੰ ਘਰੋਂ ਇੰਝ ਨਹੀਂ ਸੀ ਆਉਣਾ ਚਾਹੀਦਾ। ਤੁਹਾਨੂੰ ਜਬਰਦਸਤੀ ਕਿਵੇਂ ਨੂੜ ਸਕਦਾ ਹੈ ਕੋਈ? ਤੁਹਾਡੀ ਅਪਣੀ ਮਰਜ਼ੀ ਕੋਈ ਨਹੀਂ? ਤੁਹਾਡੇ ਬਰੱਦਰ ਬੀਮਾਰ ਨੇ। ਉਹ ਕੀ ਸੋਚਣਗੇ ਤੁਹਾਡੇ ਬਾਰੇ?'

'ਵੀਰ ਜੀ ਤਾਂ ਹੁਣ ਠੀਕ ਨੇ। ਵੈਸੇ ਹੀ ਕੁਝ ਦਿਨਾਂ ਦੀ ਛੁੱਟੀ ਲਈ ਸੀ।' ਦੇਵ ਬੋਲਿਆ।

'ਤੁਸੀਂ ਉਨ੍ਹਾਂ ਨੂੰ ਕਹੋ... ਉਹ ਕਿਵੇਂ ਨਹੀਂ ਮੰਨਣਗੇ ਤੁਹਾਡੀ ਗੱਲ?' ਸੋਨਿਕਾ ਬੋਲੀ।

ਚੌਥੇ ਜਾਂ ਪੰਜਵੇਂ ਦਿਨ ਦੀ ਸਵੇਰ ਸੀ। ਅਜੇ ਦੇਵ ਸੁੱਤਾ ਹੀ ਪਿਆ ਸੀ ਕਿ ਦਰ

ਖੜਕਿਆ। ਉਸ ਨੇ ਉੱਠ ਕੇ ਕੱਛਾ ਪਾਇਆ, ਲੱਕ ਦੁਆਲ਼ੇ ਤੌਲੀਆ ਲਪੇਟਿਆ ਤੇ ਦਰ ਖੋਲ੍ਹ ਦਿੱਤਾ। ਜਿੰਦਰ ਛੋਟੀ ਕੁੜੀ ਨਿੰਮੋਂ ਨੂੰ ਚੁੱਕੀ ਖੜ੍ਹੀ ਸੀ। ਜਿੰਦਰ ਅੰਦਰ ਵੜਦੀ ਹੀ ਰੋਣ ਲੱਗ ਪਈ। ਉਸ ਨੇ ਦੇਵ ਨੂੰ ਦੱਸਿਆ ਕਿ ਉਸ ਦੇ ਵੀਰ ਜੀ ਨੇ ਉਸ ਨੂੰ ਬਹੁਤ ਡਾਂਟਿਆ ਸੀ। ਅੱਜ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਜੇ ਦੇਵ ਸ਼ਾਮ ਤੱਕ ਘਰ ਨਾ ਆਇਆ ਤਾਂ ਉਹ ਵੀ ਪੰਜਾਬ ਨੂੰ ਤੁਰਦੀ ਬਣੇ। ਦੇਵ ਨੇ ਉਸ ਨੂੰ ਅੰਦਰ ਕੁਰਸੀ ਤੇ ਬਿਠਾਇਆ ਤਾਂ ਉਸ ਨੇ ਨਿੰਮੋਂ ਨੂੰ ਫਰਸ਼ ਤੇ ਛੱਡ ਦਿੱਤਾ। ਉਹ ਰੁੜ੍ਹਦੀ ਰੈਕ' ਚੋਂ ਜੁੱਤੀਆਂ ਖਿੱਚਣ ਲੱਗ ਪਈ।

'ਮੈਨੂੰ ਤੇਰੇ ਤੇ ਬੜਾ ਮਾਣ ਸੀ ਦੇਵ। ਤੂੰ ਤਾਂ ਭੈਣ ਕੋਲ਼ ਮੇਰੀ ਸੁਆਹ ਕਰ ਦਿੱਤੀ। ਤੂੰ ਕੁੜੀ ਕੋਲ਼ ਕਿੰਨਾ ਵੱਡਾ ਝੂਠ ਬੋਲਿਆ ਕਿ ਤੂੰ ਵਿਆਹ ਕਰਵਾਇਆ ਹੋਇਆ ਏ ਤੇ ਤੇਰੇ ਦੋ ਬੱਚੇ ਨੇ।'

'ਵਿਆਹ ਤਾਂ ਸਮਝ ਲਓ ਹੋਣ ਹੀ ਵਾਲ਼ਾ ਏ ਹੁਣ।' ਦੇਵ ਨੇ ਕਿਹਾ।

'ਕਿਸ ਨਾਲ਼?'

'ਜਿਸ ਨਾਲ਼ ਤੁਹਾਨੂੰ ਦੱਸਿਆ ਏ ਭੰਬੀਰੀ ਨੇ।'

'ਭੰਬੀਰੀ ਕੌਣ?'

'ਭੰਬੀਰੀ ਤੁਹਾਡੀ ਭਾਣਜੀ... ਹੋਰ ਕੌਣ।'

'ਉਹਦਾ ਨਾਂ ਭੰਬੀਰੀ ਨਹੀਂ, ਬ੍ਰਹਮੀ ਏਂ।'

'ਚਲੋ ਕੁਝ ਵੀ ਹੋਵੇ।'

'ਉਹਦੇ ਦੋ ਬੱਚੇ ਨੇ ਦੇਵ। ਉਹਦਾ ਘਰ ਵਾਲ਼ਾ ਵੀ ਏ।'

'ਉਹ ਬੜੀ ਰਿੱਚ ਲੇਡੀ ਏ। ਘਰਵਾਲ਼ੇ ਨਾਲ਼ ਤਾਂ ਤਲਾਕ ਹੋਇਆ ਸਮਝੋ।'

'ਤੈਨੂੰ ਭੋਰਾ ਸ਼ਰਮ ਹੈਗੀ ਏ? ਇਹ ਕਿਹੋ ਜਿਹੀਆਂ ਗੱਲਾਂ ਕਰਦਾ ਏਂ ਤੂੰ?'

'ਮੇਰਾ ਦਿਮਾਗ ਚੱਲ ਗਿਆ ਏ ਭਾਬੀ ਜੀ।'

'ਦਿਮਾਗ ਚੱਲ ਗਿਆ ਏ ਕਿ ਉਸ ਜਾਦੂਗਰਨੀ ਨੇ ਤੇਰਾ ਦਿਲ ਕਾਬੂ ਕਰ ਲਿਆ ਏ।'

'ਬੱਸ ਹੁਣ ਤਾਂ ਉਹੀ ਦਿਖਦੀ ਏ।'

'ਚੱਲ ਤੂੰ ਘਰ ਆ ਜਾ... ਤੇਰੇ ਵੀਰ ਜੀ ਕੋਲ਼ ਬੈਠ ਕੇ ਗੱਲ ਕਰਦੇ ਹਾਂ।'

'ਘਰ ਨਹੀਂ ਮੈਂ ਹੁਣ ਆਉਣਾ। ਮੈਂ ਤਾਂ ਦੇਵਗਨ ਨਾਲ਼ ਰਹਿਣ ਲੱਗ ਜਾਣਾ ਏਂ।'

'ਦੇਵਗਨ ਕੌਣ?'

'ਸੋਨਿਕਾ ਦੇਵਗਨ.... ਟਿਊਸ਼ਨ ਪੜ੍ਹਨ ਵਾਲ਼ੇ ਬੱਚਿਆਂ ਦੀ ਮਾਂ।'

ਜਿੰਦਰ ਦੰਦਾਂ ਨਾਲ਼ ਆਪਣੇ ਬੁੱਲ੍ਹ ਘੁੱਟਣ ਲੱਗ ਪਈ। ਉਸ ਨੂੰ ਕੁਝ ਸੁਝ ਹੀ ਨਹੀਂ ਸੀ ਰਿਹਾ। ਉਹ ਰੋ ਪਈ ਤੇ ਉੱਠ ਕੇ ਕਾਹਲੀ-ਕਾਹਲੀ ਪੌੜੀਆਂ ਉਤਰ ਗਈ। ਨਿੰਮੋ ਨੂੰ ਉਸ ਦੇ ਜਾਣ ਦਾ ਪਤਾ ਲੱਗਾ ਤਾਂ ਉਹ ਉੱਚੀ ਉੱਚੀ ਲੇਰਾਂ ਮਾਰਨ ਲੱਗ ਪਈ। ਦੇਵ ਨੇ ਰੋਂਦੀ ਕੁੜੀ ਚੁੱਕੀ ਤੇ ਪੌੜੀਆਂ ਉਤਰ ਗਿਆ। ਜਿੰਦਰ ਕਿਸੇ ਮੁੰਡੇ ਦੇ ਸਾਇਕਲ ਮਗਰ ਬੈਠੀ ਜਾ ਰਹੀ ਸੀ। ਬੜੀ ਮੁਸੀਬਤ ਆਈ। ਕੁੜੀ ਤਾਂ ਰੋਣੋਂ ਚੁੱਪ ਹੀ ਨਾ ਕਰੇ। ਉਹ 'ਪੁਚ' 'ਪੁਚ'

ਕਰੀ ਜਾਵੇ ਤੇ ਉਹ ਉਸ ਦੀ ਸ਼ਕਲ ਦੇਖ ਕੇ ਚੀਕੀ ਜਾਵੇ। ਚੁੱਪ ਤਾਂ ਤਦ ਕਰਦੀ ਜੇ ਉਸ ਵਿਚਾਰੀ ਨੂੰ ਦੇਵ ਨੇ ਕਦੀ ਚੁੱਕਿਆ ਹੁੰਦਾ। ਉਹ ਫਿਰ ਪੌੜੀਆਂ ਚੜ੍ਹਿਆ। ਕੱਪੜੇ ਪਾਏ ਤੇ ਕੁੜੀ ਨੂੰ ਗੋਦੀ ਵਿਚ ਚੁੱਕ ਕਵਾਰਟਰ ਨੂੰ ਤਾਲ਼ਾ ਲਾ ਕੇ ਹੇਠਾਂ ਉਤਰ ਗਿਆ। ਸਾਇਕਲ ਚੁੱਕ ਕੇ ਜਦੋਂ **104** ਬਲਾਕ ਮੂਹਰੇ ਪੁੱਜਾ ਤਾਂ ਰਾਮ ਸਿੰਘ ਬਾਹਰ ਹੀ ਇਕ ਕੁਰਸੀ ਤੇ ਬੈਠਾ ਸੀ। ਜਿੰਦਰ ਉਸ ਦੇ ਮਗਰ ਖੜ੍ਹੀ ਸੀ।

'ਕੀ ਕਹਿੰਦੀ ਏ ਤੇਰੀ ਭਾਬੀ ਬਈ ਦੇਵ?'

'ਜੋ ਭਾਬੀ ਜੀ ਕਹਿੰਦੇ ਨੇ। ਠੀਕ ਹੀ ਕਹਿੰਦੇ ਹੋਣਗੇ।'

'ਹੋਣਗੇ ਦਾ ਮਤਲਬ ਕੀ ਏ?'

'ਵੀਰ ਜੀ, ਮੇਰੀ ਕੋਈ ਮਰਜ਼ੀ ਨਹੀਂ? ਇਹ ਐਵੇਂ ਮੈਨੂੰ ਨੂੜਨ ਨੂੰ ਫਿਰਦੇ ਨੇ।'

'ਚੱਲ ਤੂੰ ਬ੍ਰਹਮੀ ਨਾਲ਼ ਰਿਸ਼ਤਾ ਨਹੀਂ ਚਾਹੁੰਦਾ, ਮੱਤ ਕਰ। ਮੈਨੂੰ ਦੱਸ ਉਸ ਕਾਰ ਵਾਲ਼ੀ ਔਰਤ ਦੀ ਅਸਲੀਅਤ ਕੀ ਏ?'

'ਉਸ ਨਾਲ਼ ਮੇਰੀ ਕੋਈ ਐਸੀ ਗੱਲ ਨਹੀਂ। ਉਹ ਤਾਂ ਮੈਂ ਆਪਣੇ ਬਚਾਓ ਲਈ ਭਾਬੀ ਜੀ ਕੋਲ਼ ਝੂਠ ਬੋਲਿਆ ਸੀ।'

'ਬੰਦ ਕਰ ਉੱਥੇ ਟਿਊਸ਼ਨ ਪੜ੍ਹਾਉਣ ਜਾਣਾ।'

'ਜੀ।'

ਜਿੰਦਰ ਦੀ ਭੈਣ ਤੇ ਭਾਣਜੀ ਉੱਤੇ ਖਿੜਕੀ ਦੇ ਸਰੀਆਂ ਨਾਲ਼ ਸਿਰ ਜੋੜੀ ਹੇਠਾਂ ਹੋ ਰਿਹਾ ਵਾਰਤਾਲਾਪ ਸੁਣ ਰਹੀਆਂ ਸਨ। ਰਾਮ ਸਿੰਘ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਜਿੰਦਰ ਨੇ ਉਸ ਨੂੰ ਸਹਾਰਾ ਦਿੱਤਾ ਤੇ ਉਹ ਪੌੜੀਆਂ ਚੜ੍ਹ ਗਏ। ਮੋਢੇ ਨਾਲ਼ ਲਾਈ ਸੁੱਤੀ ਪਈ ਕੁੜੀ ਨੂੰ ਚੁੱਕੀ ਦੇਵ ਉਨ੍ਹਾਂ ਦੇ ਮਗਰ ਚਲਾ ਗਿਆ। ਮੁੜ ਉਨ੍ਹਾਂ ਦੀ ਕੋਈ ਗੱਲ ਨਾ ਹੋਈ।

ਬ੍ਰਹਮੀ ਅਤੇ ਉਹਦੀ ਮਾਂ ਨੇ ਉਸੇ ਸ਼ਾਮ ਦੀ ਗੱਡੀ ਪੰਜਾਬ ਵਾਪਸ ਜਾਣਾ ਸੀ। ਜਿੰਦਰ ਦੇ ਕਹਿਣੇ ਉੱਤੇ ਦੇਵ ਨੂੰ ਉਨ੍ਹਾਂ ਨੂੰ ਗੱਡੀ ਚੜ੍ਹਾਉਣ ਜਾਣਾ ਪਿਆ। ਉਹ ਤਿੰਨੋਂ ਜਣੇ ਇੰਝ ਚੁੱਪ ਰਹੇ ਜਿਵੇਂ ਜ਼ੁਬਾਨਾਂ ਨੂੰ ਬਕਸੂਏ ਲਾਏ ਹੋਣ। ਗੱਡੀ ਚੱਲਣ ਲੱਗੀ ਤਾਂ ਦੇਵ ਨੇ ਬ੍ਰਹਮੀ ਨੂੰ ਕਿਹਾ, 'ਪਲੀਜ਼ ਮੇਰੀ ਕੋਈ ਗੱਲ ਮਾਈਂਡ ਨਾ ਕਰੀਂ। ਤੂੰ ਮੇਰੀ ਛੋਟੀ ਭੈਣ ਵਰਗੀ ਏਂ।' ਬ੍ਰਹਮੀ ਨੇ ਜ਼ੁਬਾਨ ਨੂੰ ਬਕਸੂਆ ਲਾਈ ਰੱਖਿਆ। ਦੇਵ ਨੇ ਉਸ ਦੀ ਮਾਂ ਦੇ ਪੈਰ ਛੂਹਕੇ ਕਿਹਾ, 'ਵੱਧ ਘੱਟ ਬੋਲਿਆ ਮਾਫ਼ ਕਰ ਦੇਣਾ ਜੀ।' ਉਸ ਨੇ ਵੀ ਆਪਣੀ ਜ਼ੁਬਾਨ ਨੂੰ ਬਕਸੂਆ ਲਾਈ ਰੱਖਿਆ।

ਸੋਨਿਕਾ ਦੇ ਬੱਚਿਆਂ ਦੀ ਟਿਊਸ਼ਨ ਬੰਦ ਕਰਨ ਲਈ ਦੇਵ ਨੇ ਆਪਣੇ ਵੀਰ ਜੀ ਕੋਲ਼ ਹਾਮੀ ਤਾਂ ਭਰ ਦਿੱਤੀ, ਪਰ ਮਨ ਨੂੰ ਕਿੱਥੇ ਟਿਕਾ ਸੀ। ਅਗਲੇ ਦਿਨ ਫਿਰ ਉਸ ਦੇ ਘਰ ਪੁੱਜ ਗਿਆ। ਸੋਨਿਕਾ ਨੇ ਹਰੇ ਰੰਗ ਦੇ ਫੁੱਲਾਂ ਵਾਲ਼ੀ ਖੁੱਲ੍ਹੀ-ਡੁੱਲ੍ਹੀ ਤੇ ਮਹੀਨ ਮੈਕਸੀ ਪਾਈ ਹੋਈ ਸੀ। ਉਸ ਦੇ ਹੇਠ ਵੀ ਸ਼ਾਇਦ ਉਸ ਨੇ ਕੋਈ ਕੱਪੜਾ ਨਹੀਂ ਸੀ ਪਹਿਨਿਆ ਹੋਇਆ। ਜਦੋਂ ਦੇਵ ਬੱਚਿਆਂ ਨੂੰ ਪੜ੍ਹਾਉਣ ਲੱਗਾ ਤਾਂ ਉਹ ਉਨ੍ਹਾਂ ਦੇ ਸਾਮ੍ਹਣੇ ਅੰਦਰਲੇ ਦਰ ਵਿਚ ਖੜ੍ਹੀ ਹੋ ਗਈ। ਉਹਦੇ ਪਿੱਛਿਓਂ ਲੋਹੇ ਦੇ ਜਾਲ਼ ਵਿੱਚੀਂ ਸੂਰਜ ਦੀ ਰੋਸ਼ਨੀ ਸਿੱਧੀ ਉਸ ਦੀ ਪਿੱਠ

ਤੇ ਪੈ ਰਹੀ ਸੀ। ਦੇਵ ਨੂੰ ਇੰਝ ਲੱਗਾ ਜਿਵੇਂ ਉਸ ਨੇ ਮੈਕਸੀ ਵੀ ਨਹੀਂ ਸੀ ਪਾਈ ਹੋਈ। ਮੈਕਸੀ ਐਨੀ ਪਾਰਦਰਸ਼ੀ ਸੀ ਕਿ ਉਸ ਦਾ ਅੰਗ-ਅੰਗ ਦਿਖਾਈ ਦੇ ਰਿਹਾ ਸੀ। ਉਹ ਇਕ ਮੁਸਕਰਾਉਂਦਾ ਹੋਇਆ ਨੰਗਾ ਬੁੱਤ ਬਣ ਗਈ ਸੀ। ਦੇਵ ਉਸ ਵੱਲ ਦੇਖਦਾ ਜਿਵੇਂ ਮੰਤਰ ਮੁਗਧ ਹੋ ਗਿਆ। ਥੋੜ੍ਹੀ ਦੇਰ ਮਗਰੋਂ ਸੋਨਿਕਾ ਨੇ ਦੁੱਧ ਦਾ ਗਿਲਾਸ ਤੇ ਬਰਫ਼ੀ ਵਾਲ਼ੀ ਪਲੇ ਟ ਉਸ ਦੇ ਮੂਹਰੇ ਲਿਆ ਧਰੀ ਤੇ ਆਪ ਵੀ ਉਸ ਦੇ ਮੂਹਰੇ ਬੈਠ ਕਰੋਸ਼ੀਏ ਨਾਲ਼ ਬੁਣਤੀ ਕਰਨ ਲੱਗ ਪਈ। ਦੇਵ ਨੇ ਬਰਫ਼ੀ ਦਾ ਪੀਸ ਚੁੱਕ ਕੇ ਮੂੰਹ ਵਿਚ ਪਾਇਆ ਹੀ ਸੀ ਕਿ ਬਾਹਰੋਂ ਦਰ ਖੜਕਿਆ। ਸੋਨਿਕਾ ਉੱਠੀ ਤੇ ਜਾ ਕੇ ਦਰ ਖੋਲ੍ਹ ਦਿੱਤਾ। ਉਹ ਮੁੜੀ ਤਾਂ ਉਹਦੇ ਪਿੱਛੇ ਪਿੱਛੇ ਦੇਵ ਦੀ ਭਾਬੀ ਜਿੰਦਰ ਵੀ ਆ ਰਹੀ ਸੀ।

'ਬੈਠੋ ਭੈਣ ਜੀ, ਮੋਸਟ ਵੈਲ ਕਮ।' ਸੋਨਿਕਾ ਨੇ ਸੋਫ਼ੇ ਵੱਲ ਇਸ਼ਾਰਾ ਕਰ ਕੇ ਉਸ ਨੂੰ ਕਿਹਾ। ਉਹ ਬੈਠੀ ਤਾਂ ਸੋਨਿਕਾ ਅੰਦਰ ਚਲੀ ਗਈ।

'ਤੇਰੇ ਵੀਰ ਜੀ ਨੇ ਕੀ ਕਿਹਾ ਸੀ ਦੇਵ? ਤੂੰ ਹਰ ਗੱਲ ਅਣਸੁਣੀ ਕਰ ਰਿਹਾ ਏ ਂ।' ਉਹ ਬੋਲੀ

ਦੇਵ ਨੂੰ ਉਸਦੇ ਇੰਝ ਸੀ. ਆਈ. ਡੀ. ਕਰਨ ਤੇ ਬੜੀ ਪਰੇਸ਼ਾਨੀ ਹੋਈ। ਉਸ ਨੇ ਉਸ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਉਹ ਉੱਠ ਕੇ ਅੰਦਰ ਚਲੀ ਗਈ, ਜਿੱਧਰ ਸੋਨਿਕਾ ਗਈ ਸੀ। ਪੰਦਰਾਂ ਵੀਹ ਮਿੰਟ ਉਹ ਮੁੜੀ ਹੀ ਨਾ। ਦੇਵ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ। ਉਹ ਜੋ ਸੂਹ ਕੱਢਣ ਆਈ ਸੀ, ਦੇਵ ਨੂੰ ਪਤਾ ਹੀ ਸੀ। ਜਾਣ ਲੱਗੀ ਉਹ ਦੇਵ ਕੋਲ਼ੋਂ ਭਰੀ ਪੀਤੀ ਲੰਘੀ। ਦੇਵ ਨੂੰ ਇੰਝ ਲੱਗਾ ਜਿਵੇਂ ਘਰ ਜਾ ਕੇ ਉਹ ਤੁਫਾਨ ਖੜ੍ਹਾ ਕਰ ਦੇਵੇਗੀ। ਉਸ ਦੇ ਜਾਣ ਮਗਰੋਂ ਸੋਨਿਕਾ ਨੇ ਕੁੰਡਾ ਅੰਦਰੋਂ ਬੰਦ ਕਰ ਲਿਆ ਤੇ ਦੇਵ ਨੂੰ ਦੂਜੇ ਕਮਰੇ ਵਿਚ ਸੱਦ ਲਿਆ ਤੇ ਹੌਲ਼ੀ ਦੇਣੇ ਬੋਲੀ, 'ਦੇਵ ਤੁਸੀਂ ਸੱਚਮੁੱਚ ਮੇਰੇ ਨਾਲ਼ ਵਿਆਹ ਕਰਵਾਉਣਾ ਚਾਹੁੰਦੇ ਹੋ?'

'ਕੀ ਕਹਿ ਰਹੀ ਸੀ ਭਾਬੀ?'

'ਪਹਿਲਾਂ ਮੇਰੀ ਗੱਲ ਦਾ ਜਵਾਬ ਦਵੋ।'

'ਵਿਆਹ ਕਿਵੇਂ ਹੋ ਸਕਦਾ ਏ? ਤੁਹਾਡਾ ਤਾਂ ਅਜੇ ਤਲਾਕ ਨੀ ਹੋਇਆ।'

'ਮੈਂ ਤੁਹਾਨੂੰ ਇਹ ਪੁੱਛ ਰਹੀ ਹਾਂ ਕਿ ਤੁਸੀਂ ਮੇਰੇ ਨਾਲ਼ ਵਿਆਹ ਕਰਵਾਉਣਾ ਚਾਹੁੰਦੇ ਹੋ? ਮੈਂ ਹੁਣੇ ਤਾਂ ਨਹੀਂ ਕਹਿ ਰਹੀ।'

'ਜੀ।' ਦੇਵ ਨੇ ਐਨਾ ਹੀ ਕਿਹਾ।

ਸੋਨਿਕਾ ਨੇ ਦੇਵ ਦੇ ਚਿਹਰੇ ਵਿਚ ਆਪਣੀਆਂ ਅੱਖਾਂ ਗੱਡ ਲਈਆਂ। ਫਿਰ ਜਿਵੇਂ ਉਸ ਦੀਆਂ ਅੱਖਾਂ ਮਿਚਣ ਲੱਗ ਪਈਆਂ। ਉਸ ਨੇ ਦੇਵ ਦੇ ਲਾਗੇ ਆ ਕੇ, ਆਪਣੀਆਂ ਦੋਨੋਂ ਬਾਹਾਂ ਫੈਲਾ ਕੇ ਅੱਖਾਂ ਘੁੱਟ ਕੇ ਬੰਦ ਕਰ ਲਈਆਂ। ਅਗਲੇ ਹੀ ਪਲ ਦੋਨਾਂ ਦੀਆਂ ਪਿੱਠਾਂ ਤੇ ਉਨ੍ਹਾਂ ਦੀਆਂ ਉਂਗਲਾਂ ਦੀਆਂ ਕੰਘੀਆਂ ਬਣੀਆਂ ਹੋਈਆਂ ਸਨ।

'ਦੇਵ ਜੀ, ਮੈਂ ਆਪਣਾ ਤਨ, ਮਨ, ਧਨ ਤੁਹਾਡੇ ਹਵਾਲ਼ੇ ਕਰਦੀ ਹਾਂ।' ਉਹ ਫੁਸਫੁਸਾਈ।

'ਮੈਂ ਵੀ ਮੋਨਿਕਾ ਜੀ।' ਦੇਵ ਦੇ ਬੁੱਲ੍ਹ ਮਸਾਂ ਹਿੱਲੇ।

ਸ਼ਾਮ ਨੂੰ ਦੇਵ ਘਰ ਗਿਆ ਤਾਂ ਜਿੰਦਰ ਨੇ ਸਾਰੀ ਗੱਲ ਦੇਵ ਦੇ ਵੀਰ ਜੀ ਨੂੰ ਦੱਸ ਦਿੱਤੀ ਸੀ। ਉਹ ਕੜਕਿਆ, 'ਉਇ ਮੂਰਖ ਬੰਦੇ। ਤੇਰੀ ਬੁੱਧੀ ਭ੍ਰਿਸ਼ਟ ਹੋ ਗਈ ਏ? ਤੈਨੂੰ ਉੱਥੇ ਜਾਣ ਤੋਂ ਮੈਂ ਰੋਕਿਆ ਸੀ, ਫਿਰ ਕਿਉਂ ਗਿਆ? ਹੁਣ ਤੂੰ ਦੋ ਬੱਚਿਆਂ ਦੀ ਮਾਂ ਬੁੱਢੀ ਔਰਤ ਨਾਲ਼ ਵਿਆਹ ਰਚਾਵੇਂਗਾ? ਬੇੜਾ ਗਰਕ ਤੇਰਾ ਬੇਵਕੂਫਾ... ਪਛਤਾਵੇਂਗਾ, ਰੋਵੇਂਗਾ ਸਾਰੀ ਉਮਰ।'

ਉਹ ਕਾਫ਼ੀ ਦੇਰ ਬੋਲਦਾ ਰਿਹਾ ਤੇ ਦੇਵ ਚੁਪ-ਚਾਪ ਸੁਣਦਾ ਰਿਹਾ।

'ਤੂੰ ਬੋਲਦਾ ਕਿਉਂ ਨੀ? ਤੈਨੂੰ ਸੱਪ ਸੁੰਘ ਗਿਆ ਏ?' ਉਹ ਫਿਰ ਕੜਕਿਆ।

'ਮੇਰੇ ਪੈਸੇ ਫਸੇ ਹੋਏ ਨੇ। ਮਿਲ ਜਾਣਗੇ, ਜਾਣਾ ਬੰਦ ਕਰ ਦਿਆਂਗਾ।'

'ਤੂੰ ਗੋਲ਼ੀ ਮਾਰ ਪੈਸਿਆਂ ਦੇ। ਸਾਡੇ ਕੋਲ਼ੋਂ ਲੈ ਲਵੀਂ ਜੇ ਤੈਨੂੰ ਤਨਖ਼ਾਹ ਨਾਲ਼ ਨਹੀਂ ਸਰਦਾ।'

'ਠੀਕ ਏ ਵੀਰ ਜੀ, ਹੁਣ ਉੱਥੇ ਨਹੀਂ ਜਾਵਾਂਗਾ।'

ਜਿੰਦਰ ਕਾਹਲ਼ੀ ਨਾਲ਼ ਜਾ ਕੇ ਰੁਮਾਲੇ ਵਿਚ ਬੰਨ੍ਹੇ ਗੁਟਕੇ ਚੁੱਕ ਲਿਆਈ ਤੇ ਬੋਲੀ, 'ਇਹਨਾਂ ਤੇ ਹੱਥ ਰੱਖ ਕੇ ਗੁਰੂ ਨਾਨਕ ਦੇਵ ਦੀ ਸਹੁੰ ਖਾਕੇ ਕਹਿ ਕਿ ਮੁੜ ਉੱਥੇ ਨਹੀਂ ਜਾਵੇਂਗਾ।'

ਦੇਵ ਕੁਰਸੀ ਤੋਂ ਸਪਰਿੰਗ ਵਾਂਗ ਉੱਛਲਿਆ ਤੇ ਦੌੜ ਕੇ ਪੌੜੀਆਂ ਉਤਰ ਗਿਆ। ਹੇਠ ਜਾ ਕੇ ਸਾਇਕਲ ਚੁੱਕ ਮਾਰਕੀਟ ਵੱਲ ਚਲਾ ਗਿਆ। ਜਿੰਦਰ ਨੇ ਅਵਾਜ਼ ਵੀ ਦਿੱਤੀ ਪਰ ਉਸ ਨੇ ਅਣਸੁਣੀ ਕਰ ਦਿੱਤੀ। ਮਾਰਕੀਟ ਵਿਚ ਹਲਵਾਈ ਦੀ ਦੁਕਾਨ ਤੇ ਸਿਮਰਜੀਤ ਤੇ ਕਮਲ ਖੜ੍ਹੀਆਂ ਦਿਖਾਈ ਦਿੱਤੀਆਂ। ਉਹ ਜਾਣ-ਬੁੱਝ ਕੇ ਉਨ੍ਹਾਂ ਦੇ ਰਾਹ ਵਿਚ ਖੜ੍ਹ ਗਿਆ। ਉਹ ਮਠਿਆਈ ਦੇ ਡੱਬੇ ਚੁੱਕੀ ਉਸ ਕੋਲ਼ੋਂ ਲੰਘਣ ਲੱਗੀਆਂ ਤਾਂ ਸਿਮਰਜੀਤ ਬੋਲੀ, 'ਦੇਵ ਤੈਨੂੰ ਵਧਾਈਆਂ... ਬੜੇ ਨੰਬਰ ਕੁੱਟੇ ਨੇ।'

'ਆ ਗਿਆ ਨਤੀਜਾ?' ਉਹ ਬੋਲਿਆ।

'ਤੂੰ ਤਾਂ ਇਉਂ ਕਹਿ ਰਿਹਾ ਏਂ ਜਿਵੇਂ ਤੈਨੂੰ ਪਤਾ ਨੀ ਹੁੰਦਾ।'

'ਰਿਜ਼ਲਟ ਆਉਣ ਨੂੰ ਤਾਂ ਅਜੇ ਚਾਰ ਦਿਨ ਪਏ ਨੇ।'

'ਨਹੀਂ... ਪਹਿਲਾਂ ਡਿਕਲੇਅਰ ਹੋ ਗਿਆ। ਲਿਸਟ ਲੱਗ ਗਈ ਯੂਨੀਵਰਸਿਟੀ ਬੋਰਡ ਤੇ ਤੇਰੇ ਦੋ ਸੌ ਬੱਤੀ ਨੰਬਰ ਨੇ ਮੇਰੇ ਦੋ ਸੌ ਬਾਰਾਂ।'

'ਮਜ਼ਾਕ ਕਿਉਂ ਕਰਦੀ ਏਂ ਸਿਮਰ?'

'ਤੇਰੀ ਸਹੁੰ ਦੇਵ, ਮੈਂ ਸੱਚ ਕਹਿ ਰਹੀ ਹਾਂ।'

ਦੇਵ ਨੇ ਉਨ੍ਹਾਂ ਨਾਲ਼ ਹੋਰ ਕੋਈ ਗੱਲ ਨਾ ਕੀਤੀ। ਆਪਣੀ ਤਸੱਲੀ ਲਈ ਸਾਇਕਲ ਯੂਨੀਵਰਸਿਟੀ ਵੱਲ ਨੂੰ ਭਜਾ ਲਿਆ। ਸਿਮਰਜੀਤ ਨੇ ਸੱਚ ਹੀ ਕਿਹਾ ਸੀ। ਉਨ੍ਹਾਂ ਦੇ ਕਾਲਜ ਦੇ ਰਣਬੀਰ ਦੇ ਦੋ ਸੌ ਇਕਤਾਲ਼ੀ ਨੰਬਰ ਸਨ ਤੇ ਉਹ ਯੂਨੀਵਰਸਿਟੀ' ਚੋਂ ਫਸਟ ਸੀ। ਦੇਵ ਆਪਣੇ ਕਾਲਜ' ਚੋਂ ਸੈਕੰਡ ਸੀ ਤੇ ਯੂਨੀਵਰਸਿਟੀ ਵਿਚ ਉਸ ਦਾ ਪੰਜਵਾਂ ਸਥਾਨ ਸੀ। ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਦੋ ਕਿੱਲੋ ਲੱਡੂ ਲੈ ਕੇ ਘਰ ਜਾ ਪੁੱਜਾ। ਜਿੰਦਰ ਕੋਲਿਆਂ ਦੀ ਅੰਗੀਠੀ ਨੂੰ ਗੱਤੇ ਨਾਲ਼ ਝੱਲ ਮਾਰ ਰਹੀ ਸੀ ਤੇ ਰਾਮ ਸਿੰਘ ਉਸ ਦੇ

ਲਾਗੇ ਬੈਠਾ ਸੋਲਡਰ ਆਇਰਨ ਨਾਲ਼ ਕਿਸੇ ਰੇਡਿਓ ਦੀਆਂ ਤਾਰਾਂ ਨੂੰ ਟਾਂਕੇ ਲਾ ਰਿਹਾ ਸੀ। ਉਸ ਨੇ ਡੱਬਾ ਜਿੰਦਰ ਲਾਗੇ ਰੱਖ ਦੋਨਾਂ ਦੇ ਪੈਰ ਛੂਹੇ ਤੇ ਰੋਣ ਲੱਗ ਪਿਆ।

'ਦੇਵ ਇਹ ਕਾਹਦੇ ਨੇ?' ਜਿੰਦਰ ਬੋਲੀ।

ਉਸ ਤੋਂ ਬੋਲਿਆ ਹੀ ਨਾ ਜਾਵੇ ਕਿ ਯੂਨੀਵਰਸਿਟੀ ਵਿਚ ਉਸਦਾ ਪੰਜਵਾਂ ਸਥਾਨ ਸੀ। ਦੋਨੋਂ ਹੈਰਾਨ ਹੋ ਕੇ ਉਸ ਵੱਲ ਦੇਖਣ ਲੱਗੇ। ਉਸ ਨੇ ਆਪਣੀ ਜੇਬ੍ਹ ਵਿੱਚੋਂ ਕੱਢ ਕੇ ਉਹ ਕਾਗਜ਼ ਫੜਾ ਦਿੱਤਾ ਜੋ ਉਸ ਨੇ ਯੂਨੀਵਰਸਿਟੀ ਦੇ ਲਸੂੜੇ ਹੇਠ ਬਣੇ ਫਰਸ਼ ਤੇ ਬੈਠ ਕੇ ਲਿਖਿਆ ਸੀ। ਦੋਨਾਂ ਨੂੰ ਪਤਾ ਲੱਗ ਗਿਆ ਕਿ ਦੇਵ **58%** ਨੰਬਰ ਲੈ ਕੇ ਯੂਨੀਵਰਸਿਟੀ ਵਿਚ ਪੰਜਵੇਂ ਸਥਾਨ ਤੇ ਆਇਆ ਸੀ। ਉਸ ਨੇ ਇਹ ਵੀ ਲਿਖਿਆ ਸੀ ਕਿ ਇਹ ਸਭ ਉਨ੍ਹਾਂ ਦੋਨਾਂ ਦੇ ਆਸ਼ੀਰਵਾਦ ਕਰਕੇ ਸੀ। ਉਸ ਨੇ ਬੜੀਆਂ ਗਲਤੀਆਂ ਕੀਤੀਆਂ ਹਨ। ਉਸ ਨੂੰ ਮਾਫ਼ ਕਰ ਦਿੱਤਾ ਜਾਵੇ।

ਰਾਮ ਸਿੰਘ ਨੇ ਐਨਕਾਂ ਲਾਹ ਕੇ ਅੱਖਾਂ ਪੂੰਝੀਆਂ ਤੇ ਖੜ੍ਹਾ ਹੋ ਕੇ ਦੇਵ ਨੂੰ ਆਪਣੀ ਗਲਵਕੜੀ ਵਿਚ ਘੁੱਟਦਿਆਂ ਕਿਹਾ, 'ਸ਼ਾਬਾਸ਼! ਮੇਰੇ ਪੁੱਤਰਾ। ਹੁਣ ਜੇ ਤੂੰ ਸਿੱਧੇ ਰਾਹ ਤੇ ਤੁਰੇਂ ਤਾਂ ਬਹੁਤ ਵੱਡਾ ਬੰਦਾ ਬਣ ਸਕਦਾ ਏਂ।'

'ਤੁਰਾਂਗਾ ਵੀਰ ਜੀ... ਵਾਅਦਾ ਰਿਹਾ।' ਉਹ ਬੋਲਿਆ।

ਜਿੰਦਰ ਨੇ ਇਕ ਲੱਡੂ ਕੱਢ ਕੇ ਦੇਵ ਦੇ ਮੂੰਹ' ਚ ਤੁੰਨ ਦਿੱਤਾ ਤੇ ਬੋਲੀ, 'ਜਿੰਨਾਂ ਨਲਾਇਕ ਏਂ ਉਨ੍ਹਾਂ ਲਾਇਕ ਵੀ ਏਂ ਤੂੰ।'

ਦੇਵ ਦੇ ਦਿਮਾਗ ਤੇ ਇਹ ਗੱਲ ਭਾਰੂ ਹੋ ਗਈ ਕਿ ਜੇ ਸਭ ਕੁਝ ਭੁੱਲ-ਭੁਲਾ ਕੇ ਉਹ ਅਗਲੇ ਸਾਲ ਮਿਹਨਤ ਕਰੇ ਤਾਂ ਉਸ ਲਈ ਯੂਨੀਵਰਸਿਟੀ ਵਿਚ ਟਾਪ ਕਰਨਾ ਮੁਸ਼ਕਲ ਨਹੀਂ ਹੋਵੇਗਾ। ਅਗਲੇ ਦਿਨ ਸੋਨਿਕਾ ਦੇਵਗਨ ਦੇ ਘਰ ਜਾਣ ਦੀ ਬਜਾਇ ਉਸ ਨੇ ਆਪਣੀ ਭਾਬੀ ਜਿੰਦਰ ਨੂੰ ਕਿਹਾ, 'ਭਾਬੀ ਜੀ ਮੇਰੇ ਨਾਲ਼ ਚੱਲੋ। ਗੁਰੂ ਕਾ ਤਾਲ ਗੁਰਦੁਆਰੇ ਜਾ ਕੇ ਦੇਗ ਕਰਵਾ ਕੇ ਆਉਣੀ ਏਂ।'

ਜਿੰਦਰ ਖੁਸ਼ ਹੋ ਗਈ। ਉਹ ਦੋਨੋਂ ਸਾਇਕਲ ਉੱਤੇ ਹੀ ਚਲੇ ਗਏ। ਦੇਵ ਨੇ ਉੱਥੇ ਗਿਆਰਾਂ ਰੁਪਏ ਦੀ ਦੇਗ ਕਰਾਈ ਤੇ ਗ੍ਰੰਥ ਸਾਹਬ ਮੂਹਰੇ ਖੜ ਕੇ ਮਨ ਹੀ ਮਨ ਕਿਹਾ, ' ਬਲ ਬਖਸ਼ੋ ਸੱਚੇ ਪਾਤਸ਼ਾਹ। ਤੇਰਾ ਇਹ ਭੁਚੰਗੀ ਭਟਕ ਗਿਆ ਸੀ। ਮੈਨੂੰ ਸਿੱਧੇ ਰਾਹ ਪਾਓ। ਲਗਨ ਨਾਲ਼ ਪੜ੍ਹਾਈ ਕਰਨ ਦੀ ਸਮਰੱਥਾ ਬਖਸ਼ੋ।'

ਉਸ ਨੇ ਗੁਰਦੁਆਰੇ ਤੋਂ ਬਾਹਰ ਆ ਕੇ ਆਪਣੀ ਕੀਤੀ ਅਰਦਾਸ ਬਾਰੇ ਜਿੰਦਰ ਨੂੰ ਦੱਸਿਆ ਤਾਂ ਉਸ ਨੇ ਉਸ ਦੀ ਪਿੱਠ ਤੇ ਹੱਥ ਰੱਖਿਆ ਤੇ ਬੋਲੀ, 'ਦੇਵ ਮੈਨੂੰ ਲਗਦਾ ਏ ਤੂੰ ਗਲਤੀ ਨਾਲ਼ ਬੇਬੇ ਦੀ ਕੁੱਖ ਵਿਚ ਚਲਾ ਗਿਆ। ਅਸਲ ਵਿਚ ਤੂੰ ਤਾਂ ਮੇਰੇ ਜੰਮਣਾ ਸੀ।'

'ਉਹ ਕਿਉਂ ਭਾਬੀ ਜੀ?' ਦੇਵ ਨੇ ਪੁੱਛਿਆ।

'ਤੂੰ ਮੈਨੂੰ ਐਨਾ ਤੰਗ ਕਰਦਾ ਏਂ, ਜਿਵੇਂ ਮੇਰਾ ਪੁੱਤ ਹੋਵੇਂ। ਤੂੰ ਮੇਰੇ ਨਾਲ਼ ਐਨੀਆਂ ਵਧੀਕੀਆਂ ਕਰਦਾ ਏਂ, ਜਿਵੇਂ ਮੈਂ ਤੇਰੀ ਮਾਂ ਹੋਵਾਂ।'

'ਭਾਬੀ ਜੀ ਮੈਨੂੰ ਮਾਫ਼ ਕਰ ਦਿਓ। ਹੁਣ ਮੈਂ ਕਦੀ ਤੁਹਾਡਾ ਦਿਲ ਨਹੀਂ ਦੁਖਾਵਾਂਗਾ।' ਰੋਣ ਲੱਗ ਪਈ ਭਾਬੀ ਦੇ ਉੱਪਰੋਂ ਉਸ ਨੇ ਆਪਣੀ ਬਾਂਹ ਵਲ਼ਾ ਕੇ ਕਿਹਾ।

ਉਸ ਮਗਰੋਂ ਦੇਵ ਨੇ ਜਿਵੇਂ ਸਭ ਪਾਸਿਓਂ ਅੱਖਾਂ ਮੀਚ ਲਈਆਂ। ਇਕ ਦਿਨ ਉਸ ਦੀ ਭਾਬੀ ਇਕੱਲੀ ਹੀ ਸੋਨਿਕਾ ਦੇ ਘਰ ਜਾ ਕੇ ਕਹਿ ਆਈ ਕਿ ਉਹ ਦੇਵ ਦੀ ਉਡੀਕ ਕਰਨੀ ਛੱਡ ਦੇਵੇ। ਉਹ ਅਗਲੀ ਪੜ੍ਹਾਈ ਕਰਨ ਲਈ ਪੰਜਾਬ ਚਲਾ ਗਿਆ ਹੈ।

**00**

## ਸਤੱਨਵੇਂ

ਰਿਜ਼ਲਟ ਦੇ ਤੁਰੰਤ ਮਗਰੋਂ ਫਾਈਨਲ ਦੀ ਕਲਾਸ ਸ਼ੁਰੂ ਹੋ ਗਈ। ਦਿਆਲਬਾਗ ਕਾਲਜ ਵਿਚ ਪਹਿਲਾਂ ਹੀ ਨਵਾਂ ਸੈਸ਼ਨ ਚਾਲੂ ਹੋ ਗਿਆ ਸੀ। ਸਾਹਬ ਸਿੰਘ ਨੇ ਪ੍ਰਿੰਸੀਪਲ ਬੀ. ਪੀ. ਜੌਹਰੀ ਨੂੰ ਦੇਵ ਦੇ ਨੰਬਰਾਂ ਬਾਰੇ ਦੱਸ ਦਿੱਤਾ ਸੀ। ਸੈਸ਼ਨ ਦੇ ਪਹਿਲੇ ਦਿਨ ਉਸ ਨੇ ਆਪਣੇ ਭਾਸ਼ਣ ਵਿਚ ਦੇਵ ਦਾ ਵੀ ਜ਼ਿਕਰ ਕੀਤਾ ਸੀ ਕਿ ਨੌਕਰੀ ਕਰਨ ਦੇ ਬਾਵਜੂਦ ਉਸ ਨੇ ਯੂਨੀਵਰਸਿਟੀ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਸੀ। ਉਸ ਨੇ ਇਹ ਵੀ ਕਿਹਾ ਸੀ ਕਿ ਉਸ ਦੇ ਐਮ. ਐਸਸੀ. ਕੰਪਲੀਟ ਕਰਨ ਮਗਰੋਂ ਉਹ ਉਸ ਨੂੰ ਡਿਗਰੀ ਕਲਾਸਾਂ ਪੜ੍ਹਾਉਣ ਲਈ ਲੈਕਚਰਾਰ ਨਿਯੁਕਤ ਕਰ ਦੇਣਗੇ। ਇਸ ਗੱਲੋਂ ਸਟੂਡੈਂਟਸ ਦੀਆਂ ਤਾੜੀਆਂ ਨੇ ਦੇਵ ਨੂੰ ਹਵਾ ਵਿਚ ਉਡਣ ਲਾ ਦਿੱਤਾ ਸੀ। ਉਸ ਨੇ ਘਰ ਜਾ ਕੇ ਆਪਣੇ ਵੀਰ ਜੀ ਅਤੇ ਭਾਬੀ ਨੂੰ ਇਹ ਗੱਲ ਦੱਸੀ ਤਾਂ ਉਹ ਖੁਸ਼ ਹੋਏ। ਰਾਮ ਸਿੰਘ ਨੇ ਕਿਹਾ, 'ਜਿੰਦਰ ਤੂੰ ਬੁਰਾ ਨਾ ਮਨਾਈਂ, ਦੇਵ ਨੇ ਤਾਂ ਅਗਲੇ ਸਾਲ ਕਾਲਜ ਵਿਚ ਪ੍ਰੋਫੈਸਰ ਲੱਗ ਜਾਣਾ ਹੈ। ਬ੍ਰਹਮੀ ਨਾਲ਼ ਇਸ ਦਾ ਮੇਲ ਕੋਈ ਢੁਕਵਾਂ ਨਹੀਂ ਸੀ।'

'ਮੈਂ ਤਾਂ ਤਦ ਮੰਨਾਂਗੀ ਜਦ ਇਹ ਆਗਰੇ ਦੇ ਗੰਦ-ਮੰਦ' ਚੋਂ ਬਚ ਕੇ ਨਿਕਲ਼ ਜਾਊ।'

ਇਸ ਵਾਰੀ ਦੇਵ ਹੋਰ ਵੀ ਉਤਸ਼ਾਹ ਨਾਲ਼ ਪੜ੍ਹਾਈ ਵਿਚ ਖੁਭ ਗਿਆ। ਜਦੋਂ ਉਹ ਪੜ੍ਹਦਾ ਪੜ੍ਹਦਾ ਥਕਾਵਟ ਮਹਿਸੂਸ ਕਰਨ ਲੱਗਦਾ ਤਾਂ ਉਹ ਕੋਈ ਕਹਾਣੀ ਜਾਂ ਨਾਵਲ ਅੰਸ਼ ਪੜ੍ਹਕੇ ਕੁਝ ਸਮੇਂ ਲਈ ਆਪਣਾ ਟਰੈਕ ਬਦਲ ਲੈਂਦਾ। ਸਾਹਬ ਸਿੰਘ ਉਹਦੇ ਲਈ ਉਸ ਦੇ ਸਾਬਕਾ ਦੋਸਤ ਅਗਰਵਾਲ ਤੋਂ ਲੋੜ ਅਨੁਸਾਰ ਕਿਤਾਬਾਂ ਲਿਆ ਦਿੰਦਾ। ਜੋ ਕਿਤਾਬ ਉਸ ਨੂੰ ਬਹੁਤੀ ਚੰਗੀ ਲੱਗਦੀ, ਉਹ ਉਸ ਦੇ ਅੰਤ ਵਿਚ ਆਪਣੇ ਵੱਲੋਂ ਕੁਝ ਰਿਮਾਰਕਸ ਲਿਖ ਦਿੰਦਾ। ਚੰਗੀਆਂ ਕਿਤਾਬਾਂ ਪੜ੍ਹਨ ਲਈ ਉਹ ਪ੍ਰੋ. ਵਿਜੇ ਕੁਮਾਰ ਦੀ ਬੇਟੀ ਮੀਨਾਕਸ਼ੀ ਨੂੰ ਵੀ ਦੇ ਦਿੰਦਾ। ਇਹ ਅਦਾਨ-ਪ੍ਰਦਾਨ ਲੀਕ ਆਊਟ ਹੋਣ ਤੋਂ ਬਚਣ ਲਈ ਉਹ ਉਸ ਕਿਤਾਬ ਉੱਤੇ ਅਖ਼ਬਾਰ ਦਾ ਕਵਰ ਚੜ੍ਹਾ ਕੇ ਲਿਆਉਂਦਾ। ਮੀਨਾਕਸ਼ੀ ਬਹੁਤ ਖੁਸ਼ ਹੁੰਦੀ। ਇਕ ਨਾਵਲ ਪੜ੍ਹਨ ਮਗਰੋਂ ਦੇਵ ਨੇ ਉਸ ਦੇ ਆਖ਼ਰੀ ਸਫ਼ੇ ਤੇ ਲਿਖਿਆ- ਤੁਸੀਂ ਇਸ ਨਾਵਲ ਨੂੰ ਪੜ੍ਹਕੇ ਹੋਰ ਵੀ ਸੁਹਣੇ ਹੋ ਜਾਓਗੇ। ਮੈਂ ਤੁਹਾਨੂੰ ਪਿਆਰ ਕਰਦਾ ਹਾਂ.. ਦੇਵ। ਉਹ ਨਾਵਲ ਉਸ ਨੇ ਮੀਨਾਕਸ਼ੀ ਨੂੰ ਪੜ੍ਹਨ ਲਈ ਦੇ ਦਿੱਤਾ। ਕੁਝ ਦਿਨਾਂ ਮਗਰੋਂ ਉਹ ਮੁੜ ਉਨ੍ਹਾਂ ਦੀ ਕੋਠੀ ਗਿਆ ਤੇ ਪਾਈਪ ਨਾਲ਼ ਬੂਟਿਆਂ ਨੂੰ ਪਾਣੀ ਦੇਣ ਲੱਗ ਪਿਆ। ਉਹੀ ਨਾਵਲ ਹੱਥ ਵਿਚ ਫੜੀ ਮੀਨਾਕਸ਼ੀ ਦੇਵ ਕੋਲ਼ ਆ ਗਈ ਤੇ ਬੋਲੀ, 'ਸਰਦਾਰ ਜੀ ਮੈਂ ਨਾਵਲ ਪੜ੍ਹ ਲਿਆ ਏ।'

'ਕਿਵੇਂ ਲੱਗਾ ਮੀਨਕਾਸ਼ੀ?'

'ਬਹੁਤ ਵਧੀਆ... ਜੋ ਤੁਸੀਂ ਆਖ਼ਰੀ ਸਫੇ ਤੇ ਲਿਖਿਆ, ਉਹ ਵੀ ਵਧੀਆ ਲੱਗਾ।'

' ਕੀ ਲਿਖਿਆ, ਆਖ਼ਰੀ ਸਫ਼ੇ ਤੇ? ਮੈਂ ਤਾਂ ਭੁੱਲ ਗਿਆ।' ਦੇਵ ਨੇ ਕਿਹਾ।

ਇੱਟਾਂ ਦੇ ਚੱਠੇ ਮਗਰ ਖੜ੍ਹੀ ਮੀਨਾਕਸ਼ੀ ਦੀ ਮੰਮੀ ਨੇ ਇਹ ਸਭ ਕੁਝ ਸੁਣ ਲਿਆ। ਉਹ ਮੀਨਾਕਸ਼ੀ ਦੇ ਲਾਗੇ ਆ ਕੇ ਬੋਲੀ, 'ਕੀ ਲਿਖਿਆ ਏ? ਦਿਖਾ ਮੈਨੂੰ।'

ਮੀਨਾਕਸ਼ੀ ਦਾ ਚਿਹਰਾ ਪੀਲ਼ਾ ਪੈ ਗਿਆ। ਉਸ ਨੇ ਨਾਵਲ ਆਪਣੀ ਮੰਮੀ ਵੱਲ ਨੂੰ ਵਧਾ ਦਿੱਤਾ। ਨਾਵਲ ਫੜ ਕੇ ਉਹ ਵਰਕੇ ਫਰੋਲਣ ਲੱਗੀ ਤੇ ਆਖਰੀ ਸਫ਼ਾ ਕੱਢ ਲਿਆ। ਫਿਰ ਦੇਵ ਵੱਲ ਨੂੰ ਘੂਰਦੀ ਬੋਲੀ, 'ਇਹ ਤੂੰ ਲਿਖਿਆ ਏ ਦੇਵ?'

'ਹਾਂ ਆਂਟੀ ਜੀ.. ਮੇਰਾ ਭਾਵ ਏ ਚੰਗੀਆਂ ਕਿਤਾਬਾਂ ਬੰਦੇ ਨੂੰ ਸੁਹਣਾ ਮਨੁੱਖ ਬਣਾਉਂਦੀਆਂ ਨੇ।' ਦੇਵ ਬੋਲਿਆ।

'ਤੇ ਤੁਸੀਂ ਆਪਣੀ ਔਕਾਤ ਦੇਖੇ ਬਿਨਾਂ ਉਸ ਨੂੰ ਪਿਆਰ ਕਰਨ ਲੱਗ ਜਾਂਦੇ ਹੋ, ਹੈ ਨਾ?' ਉਹ ਬੋਲੀ।

'ਮੰਮੀ ਜੀ, ਇਸ ਤਰ੍ਹਾਂ ਨਾ ਕਹੋ। ਸਰਦਾਰ ਜੀ ਐਸੇ ਨਹੀਂ।' ਮੀਨਾਕਸ਼ੀ ਨੇ ਕਿਹਾ।

'ਆਂਟੀ ਜੀ, ਮੇਰਾ ਇਹ ਮਤਲਬ ਨਹੀਂ ਸੀ। ਮੀਨਾਕਸ਼ੀ ਤਾਂ ਮੇਰੀ ਛੋਟੀ ਭੈਣ ਏਂ। ਮੈਂ ਉਸ ਨੂੰ ਪਿਆਰ ਕਰਦਾ ਹਾਂ।' ਦੇਵ ਨੇ ਕਿਹਾ।

'ਇਹ ਨਾਵਲ ਤੂੰ ਦਿੱਤਾ ਸੀ ਲਿਆ ਕੇ?'

'ਮੰਮੀ ਜੀ, ਮੈਂ ਹੀ ਇਨ੍ਹਾਂ ਤੋਂ ਮੰਗਵਾਇਆ ਸੀ।' ਮੀਨਾਕਸ਼ੀ ਦੇਵ ਤੋਂ ਪਹਿਲਾਂ ਹੀ ਬੋਲ ਪਈ।

'ਤੂੰ ਨਾਵਲ ਪੜ੍ਹਦੀ ਏਂ ਕਿ ਕੋਰਸ ਦੀਆਂ ਕਿਤਾਬਾਂ? ਤੇਰੇ ਪਾਪਾ ਆਉਣਗੇ, ਕਰਦੀ ਹਾਂ ਗੱਲ ਉਨ੍ਹਾਂ ਨਾਲ਼।'

ਉਹ ਤੁਰ ਪਈ ਤਾਂ ਮੀਨਾਕਸ਼ੀ ਵੀ ਉਹਦੇ ਮਗਰ ਮਗਰ ਅੰਦਰ ਚਲੀ ਗਈ। ਡੌਰ-ਭੌਰ ਹੋਇਆ ਦੇਵ ਕੁਝ ਚਿਰ ਖੜ੍ਹਾ ਰਿਹਾ ਫਿਰ ਟੂਟੀ ਬੰਦ ਕਰ ਕੇ ਪਾਈਪ ਇਕੱਠੀ ਕਰ ਦਿੱਤੀ ਤੇ ਸਾਇਕਲ ਚੁੱਕ ਘਰ ਨੂੰ ਦੌੜ ਆਇਆ। ਘਰ ਤੱਕ ਉਸ ਦੀਆਂ ਲੱਤਾਂ ਕੰਬੀ ਗਈਆਂ। ਉਸ ਸ਼ਾਮ ਉਸ ਨੇ ਤਬੀਅਤ ਖ਼ਰਾਬ ਹੋਣ ਦਾ ਬਹਾਨਾ ਬਣਾ ਕੇ ਰੋਟੀ ਵੀ ਨਾ ਖਾਧੀ। ਉਹ ਡਰ ਰਿਹਾ ਸੀ ਕਿ ਪ੍ਰੋਫੈਸਰ ਵਿਜੇ ਕੋਲ਼ ਪੇਸ਼ੀ ਪੈਣ ਸਮੇਂ ਉਹ ਕੀ ਜਵਾਬ ਦੇਵੇਗਾ।

ਕਈ ਦਿਨ ਲੰਘਣ ਮਗਰੋਂ ਵੀ ਜਦੋਂ ਦੇਵ ਪ੍ਰੋਫੈਸਰ ਵਿਜੇ ਦੀ ਕੋਠੀ ਨਾ ਗਿਆ ਤਾਂ ਇਕ ਦਿਨ ਪੀਰਡ ਲੈਣ ਮਗਰੋਂ ਉਸ ਨੇ ਦੇਵ ਨੂੰ ਆਪਣੇ ਕੋਲ਼ ਸੱਦ ਕੇ ਕਿਹਾ, 'ਦੇਵ ਕੀ ਗੱਲ ਬਈ ਤੂੰ ਮੁੜ ਕੇ ਘਰ ਹੀ ਨੀ ਆਇਆ?'

'ਸਰ ਮੇਰੇ ਬਰੱਦਰ ਢਿੱਲੇ ਨੇ। ਉਨ੍ਹਾਂ ਨੂੰ ਅਟੈਂਡ ਕਰਨਾ ਪੈਂਦਾ ਏ।' ਦੇਵ ਨੇ ਕਿਹਾ ਤਾਂ ਉਹ ਚੁੱਪ ਕਰ ਗਿਆ। ਇਕ ਗੱਲੋਂ ਉਸ ਨੂੰ ਰਾਹਤ ਮਿਲੀ ਕਿ ਉਸ ਦਿਨ ਦੀ ਘਟਨਾ ਬਾਰੇ ਉਸ ਨੇ ਕੁਝ ਵੀ ਨਾ ਪੁੱਛਿਆ। ਦੇਵ ਨੇ ਸੋਚਿਆ ਕਿ ਮਾਂ ਧੀ ਨੇ ਇਹ ਮਸਲਾ ਖ਼ੁਦ ਹੀ ਨਿਪਟਾ ਲਿਆ ਹੋਵੇਗਾ।

ਬਲਕੇਸ਼ਵਰ ਕਾਲੋਨੀ ਦੇ ਨੌਂ ਬਲਾਕ ਦੇ ਕਵਾਰਟਰ ਨੰਬਰ ਇਕ ਵਿਚ ਆਰ. ਈ.

ਆਈ. ਦਿਆਲਬਾਗ ਦੇ ਆਫ਼ਸ ਸੁਪਰਡੈਂਟ ਪੀ. ਐਲ. ਵਰਮਾ ਦੀ ਕੋਈ ਜਾਣੂ ਔਰਤ ਆਪਣੇ ਬੇਟੇ ਨਾਲ਼ ਰਹਿੰਦੀ ਸੀ। ਪ੍ਰਦੀਪ ਨਾਂ ਦਾ ਉਸ ਦਾ ਬੇਟਾ ਗਾਂਧੀ ਨੈਸ਼ਨਲ ਹਾਈ ਸਕੂਲ ਵਿਚ ਦਸਵੀਂ ਦਾ ਵਿਦਿਆਰਥੀ ਸੀ। ਵਰਮਾ ਜੀ ਨੇ ਦੇਵ ਨੂੰ ਦੱਸਿਆ ਕਿ ਪ੍ਰਦੀਪ ਬਹੁਤ ਸੰਗਾਊ ਨੇਚਰ ਦਾ ਹੈ ਤੇ ਉਸ ਨੂੰ ਬੋਲਦਿਆਂ ਹੱਕ ਪੈਂਦੀ ਹੈ। ਗੱਲ ਕਰਦਾ ਕਰਦਾ ਉਹ ਅੜ੍ਹਕ ਜਾਂਦਾ ਹੈ ਤੇ ਤਤਲਾਉਣ ਲਗਦਾ ਹੈ। ਨਾਲ਼ ਦੇ ਵਿਦਿਆਰਥੀ ਸਾਂਗਾਂ ਲਾ ਕੇ ਉਸ ਦਾ ਮਜ਼ਾਕ ਉਡਾਉਂਦੇ ਹਨ। ਜੇ ਦੇਵ ਪੜ੍ਹਨ ਅਤੇ ਖੇਡਣ ਵਿਚ ਉਸ ਦੀ ਮਨੋਵਿਗਿਆਨਕ ਪਹੁੰਚ ਨਾਲ਼ ਮੱਦਦ ਕਰ ਦੇਵੇ ਤਾਂ ਉਹ ਉਸ ਨੂੰ ਪੰਜਾਹ ਰੁਪਏ ਫੀਸ ਦੁਆ ਸਕਦਾ ਹੈ। ਇਕ ਦਿਨ ਵਰਮਾ ਉਸ ਨੂੰ ਪ੍ਰਦੀਪ ਦੇ ਕਵਾਰਟਰ' ਚ ਲੈ ਗਿਆ ਤੇ ਉਸ ਦੀ ਮਾਂ ਨੂੰ ਸਾਰੀ ਗੱਲ ਦੱਸੀ। ਇਹ ਬਲਾਕ ਊਸ਼ਾ ਮਾਤਾ ਦੇ ਮੰਦਰ ਦੇ ਬਿਲਕੁਲ ਨੇੜੇ ਸੀ ਤੇ ਇੱਥੇ ਬੱਸ ਟਰਮੀਨਸ ਹੋਣ ਕਰਕੇ ਸਾਰਾ ਦਿਨ ਹੀ ਚਹਿਲ-ਪਹਿਲ ਰਹਿੰਦੀ ਸੀ। ਮੰਦਰ ਵਾਲ਼ਿਆਂ ਦੀ ਹੀ ਦਸ ਬਾਰਾਂ ਦੁਕਾਨਾਂ ਦੀ ਮਾਰਕੀਟ ਵੀ ਸੀ। ਪ੍ਰਦੀਪ ਦੀ ਮੰਮੀ ਨੇ ਦੇਵ ਦੀ ਬਹੁਤ ਆਓ ਭਗਤ ਕੀਤੀ। ਉਸ ਦਾ ਡੈਡੀ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿਚ ਟਰਾਂਸਪੋਰਟ ਅਫ਼ਸਰ ਲੱਗ ਕੇ ਥੋੜ੍ਹਾ ਚਿਰ ਪਹਿਲਾਂ ਹੀ ਗਿਆ ਸੀ। ਆਗਰੇ ਤੋਂ ਜਿਹੜੀ ਨੌਕਰੀ ਉਹ ਛੱਡ ਕੇ ਗਿਆ, ਉਹ ਵੀ ਉੱਚ ਅਹੁਦੇ ਵਾਲ਼ੀ ਹੀ ਸੀ। ਇਹ ਕਵਾਰਟਰ ਉਨ੍ਹਾਂ ਨੇ ਪਗੜੀ ਤੇ ਲਿਆ ਹੋਇਆ ਸੀ। ਪਹਿਲੀ ਮੁਲਾਕਾਤ ਨਾਲ਼ ਹੀ ਪ੍ਰਦੀਪ ਨਾਲ਼ ਦੇਵ ਦੀ ਦੋਸਤੀ ਹੋ ਗਈ। ਦੇਵ ਨੇ ਨਿੱਤ ਸ਼ਾਮ ਨੂੰ ਉਸ ਕੋਲ਼ ਜਾਣਾ ਸ਼ੁਰੂ ਕਰ ਦਿੱਤਾ। ਉਸ ਦੀ ਮੰਮੀ ਦੇਵ ਨੂੰ ਬੇਟਾ ਬੇਟਾ ਕਹਿ ਕੇ ਬੜਾ ਪਿਆਰ ਕਰਦੀ। ਪ੍ਰਦੀਪ ਪੜ੍ਹਾਈ ਵਿਚ ਠੀਕ ਹੀ ਸੀ। ਉਹ ਦੋਨੋਂ ਕਦੀ ਕੋਈ ਗੇਮ ਖੇਡਦੇ, ਕਦੀ ਬਜ਼ਾਰ ਦਾ ਗੇੜਾ ਲਾਉਣ ਚਲੇ ਜਾਂਦੇ। ਪੜ੍ਹਦੇ ਸਮੇਂ ਜਾਂ ਕਿਸੇ ਨਾਲ਼ ਗੱਲ ਕਰਨ ਵੇਲ਼ੇ ਉਹ ਆਪਣੇ ਮੂੰਹ ਵਿਚ ਰੁਪਏ ਦਾ ਸਿੱਕਾ ਪਾਈ ਰੱਖਦਾ। ਉਸ ਨੇ ਦੇਵ ਨੂੰ ਦੱਸਿਆ ਕਿ ਇੰਝ ਕਰਨ ਨਾਲ਼ ਉਸ ਦੀ ਜੀਭ ਦੰਦਾਂ ਵਿਚ ਆਉਣ ਤੋਂ ਬਚੀ ਰਹਿੰਦੀ ਸੀ। ਦੇਵ ਨੂੰ ਇਹ ਗੱਲ ਵੀ ਸਮਝ ਆ ਗਈ ਕਿ ਪ੍ਰਦੀਪ ਜਦੋਂ ਉਸ ਨਾਲ਼ ਗੱਲ ਕਰਦਾ ਸੀ, ਤਾਂ ਉਸ ਨੂੰ ਹੱਕ ਨਹੀਂ ਸੀ ਪੈਂਦੀ ਪਰ ਓਪਰੇ ਬੰਦੇ ਨਾਲ਼ ਗੱਲ ਕਰਦਿਆਂ ਉਹ ਅੜ੍ਹਕ ਜਾਂਦਾ। ਦੇਵ ਕੋਸ਼ਿਸ਼ ਕਰਦਾ ਕਿ ਉਸ ਵਿਚ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ ਜਾਵੇ ਤਦ ਹੀ ਉਹ ਇਸ ਸਮੱਸਿਆ ਤੋਂ ਛੁਟਕਾਰਾ ਪਾ ਸਕਦਾ ਸੀ।

ਅਜੇ ਦੋ ਕੁ ਮਹੀਨੇ ਹੀ ਬੀਤੇ ਸਨ ਕਿ ਪ੍ਰਦੀਪ ਦਾ ਡੈਡੀ ਉਨ੍ਹਾਂ ਨੂੰ ਕਾਂਗੜੇ ਲੈ ਜਾਣ ਲਈ ਆ ਪਹੁੰਚਿਆ। ਉਸ ਦੀ ਮੰਮੀ ਨੇ ਦੇਵ ਬਾਰੇ ਪਹਿਲਾਂ ਹੀ ਉਸ ਨੂੰ ਦੱਸਿਆ ਹੋਇਆ ਸੀ। ਉਹ ਉਸ ਨੂੰ ਮਿਲ ਕੇ ਬੜਾ ਖੁਸ਼ ਹੋਇਆ। ਉਨ੍ਹਾਂ ਦੇ ਜਾਣ ਵੇਲ਼ੇ ਪ੍ਰਦੀਪ ਦੇਵ ਨੂੰ ਜੱਫੀ ਪਾ ਰੋਣ ਲੱਗਾ ਸੀ। ਉਸ ਦੀ ਮੰਮੀ ਅਤੇ ਡੈਡੀ ਵੀ ਅੱਖਾਂ ਭਰ ਆਏ ਸਨ। ਉਨ੍ਹਾਂ ਨੇ ਦੇਵ ਤੇ ਐਨਾ ਵਿਸ਼ਵਾਸ ਕੀਤਾ ਕਿ ਕਵਾਰਟਰ ਦੀ ਚਾਬੀ ਉਸ ਨੂੰ ਸੰਭਾਲ਼ ਗਏ। ਇਹ ਵੀ ਕਿਹਾ ਕਿ ਪੰਜ ਹਜ਼ਾਰ ਰੁਪਏ ਤੱਕ ਪਗੜੀ ਲੈ ਕੇ ਕਵਾਰਟਰ ਛੱਡ ਦੇਣਾ।

ਸਵੇਰ ਵਾਲ਼ੀਆਂ ਕਲਾਸਾਂ ਵਿਚ ਆਰ. ਬੀ. ਐਸ. ਕਾਲਜ ਤੋਂ ਐਮ. ਏ. ਅੰਗਰੇਜ਼ੀ ਕਰ ਰਹੇ ਬਲਕਾਰ ਸਿੰਘ ਨਾਂ ਦੇ ਮੁੰਡੇ ਨਾਲ਼ ਦੇਵ ਦੀ ਦੋਸਤੀ ਹੋ ਗਈ। ਕਾਲਜ ਵਿਚ

ਇੰਟਰ ਯੂਨੀਵਰਸਿਟੀ ਨਾਟਕ ਮੇਲਾ ਹੋਇਆ ਸੀ ਜਦੋਂ ਉਹ ਦੇਵ ਨੂੰ ਪਹਿਲੀ ਵਾਰ ਮਿਲਿਆ। ਦੋਸਤੀ ਦਾ ਅਧਾਰ ਸ਼ਾਇਦ ਦੋਨਾਂ ਦਾ ਸਰਦਾਰ ਹੋਣਾ ਹੀ ਸੀ। ਉਹ ਦੇਵ ਨੂੰ ਕੰਟੀਨ ਲੈ ਗਿਆ ਸੀ ਤੇ ਉਨ੍ਹਾਂ ਦੀ ਹੌਲ਼ੀ-ਹੌਲ਼ੀ ਕਾਫ਼ੀ ਸਾਂਝ ਵਧ ਗਈ ਸੀ। ਉਸ ਦੀ ਉਮਰ ਦੇਵ ਤੋਂ ਦਸ ਕੁ ਸਾਲ ਵੱਧ ਸੀ ਤੇ ਉਹ ਏਅਰ ਫੋਰਸ ਵਿਚ ਸਾਰਜੈਂਟ ਲੱਗਾ ਹੋਇਆ ਸੀ। ਵਿਆਹ ਉਸ ਦਾ ਅਜੇ ਹੋਇਆ ਨਹੀਂ ਸੀ, ਜਾਂ ਫਿਰ ਉਸ ਨੇ ਦੇਵ ਤੋਂ ਇਸ ਗੱਲ ਦਾ ਓਹਲਾ ਰੱਖਿਆ ਹੋਵੇਗਾ। ਉਸ ਵੱਲੋਂ ਸ਼ਹਿਰ ਵਿਚ ਕਿਰਾਏ ਤੇ ਮਕਾਨ ਲੱਭਣ ਦੀ ਗੱਲ ਦੇਵ ਨੂੰ ਸਮਝ ਨਹੀਂ ਸੀ ਆਈ। ਜਦੋਂ ਉਹ ਪਹਿਲੀ ਵਾਰੀ ਦੇਵ ਨਾਲ਼ ਬਲਕੇਸ਼ਵਰ ਕਾਲੋਨੀ ਦੇ ਸੱਠ ਬਲਾਕ ਵਿਚ ਆਇਆ ਤਾਂ ਨੌਂ ਬਲਾਕ ਵਾਲ਼ੀ ਚਾਬੀ ਦੇਵ ਕੋਲ਼ ਆ ਚੁੱਕੀ ਸੀ। ਉਹ ਕਵਾਰਟਰ ਅੰਦਰ ਬੈਠੇ ਹੀ ਸਨ ਕਿ ਉਸ ਨੇ ਆਪਣੇ ਬੈਗ ਵਿੱਚੋਂ ਰੰਮ ਦੀ ਬੋਤਲ ਕੱਢ ਲਈ। ਉਸ ਨੇ ਦੇਵ ਨੂੰ ਪੀਣ ਲਈ ਜ਼ੋਰ ਪਾਇਆ ਪਰ ਉਹ ਇਸ ਲਈ ਨਾ ਮੰਨਿਆ ਕਿ ਉਸ ਨੇ ਘਰ ਰੋਟੀ ਖਾਣ ਜਾਣਾ ਸੀ। ਸ਼ਰਾਬ ਵਿਚ ਟੁੰਨ ਹੋ ਕੇ ਉਹ ਕਿਸੇ ਸ਼ਸ਼ੀ ਨਾਂ ਦੀ ਕੁੜੀ ਦੀਆਂ ਗੱਲਾਂ ਕਰਨ ਲੱਗ ਪਿਆ। ਜਾਣ ਲੱਗਿਆਂ ਉਹ ਬੋਲਿਆ, 'ਯਾਰ ਦੇਵ ਤੂੰ ਇੱਥੇ ਇਕੱਲਾ ਰਹਿੰਦਾ ਏਂ। ਮੈਨੂੰ ਵੀ ਨਾਲ਼ ਰੱਖ ਲੈ। ਪਾਣੀ, ਬਿਜਲੀ ਦਾ ਖਰਚ ਤੇ ਮਕਾਨ ਦਾ ਸਾਰਾ ਕਿਰਾਇਆ ਮੈਂ ਦੇ ਦਿਆ ਕਰਾਂਗਾ।'

ਦੇਵ ਕਿਸੇ ਨਾਲ਼ ਵੀ ਰਹਿ ਕੇ ਖੁਸ਼ ਨਹੀਂ ਸੀ। ਉਸ ਨੂੰ ਆਪਣੀ ਅਜ਼ਾਦੀ ਵਿਚ ਖਲਲ ਪੈਣ ਦਾ ਅੰਦੇਸ਼ਾ ਸੀ। ਉਹ ਬੋਲਿਆ, 'ਯਾਰ ਇਸ ਮਕਾਨ ਦਾ ਮਾਲਕ ਰਾਮੇਸ਼ਵਰ ਹੈ ਤੇ ਉਹ ਬੜੀ ਛੇਤੀ ਐਥੇ ਆ ਰਿਹਾ ਹੈ। ਜੇ ਤੂੰ ਪਗੜੀ ਦੇ ਕੇ ਕਵਾਰਟਰ ਲੈਣਾ ਚਾਹੁੰਦਾ ਏਂ ਤਾਂ ਮੈਂ ਦਵਾ ਸਕਦਾ ਹਾਂ।'

ਉਸ ਦੇ ਹਾਂ ਕਰਨ ਉੱਤੇ ਦੇਵ ਉਸ ਨੂੰ ਨੌਂ ਬਲਾਕ ਵਾਲ਼ੇ ਕਵਾਰਟਰ ਵਿਚ ਲੈ ਗਿਆ। ਉਸ ਨੂੰ ਕਵਾਰਟਰ ਬੜਾ ਪਸੰਦ ਆਇਆ। ਉਹ ਬੋਲਿਆ, 'ਇਸ ਦੀ ਚਾਬੀ ਤੇਰੇ ਕੋਲ਼ ਕਿਵੇਂ ਦੇਵ?'

'ਮੇਰੇ ਵਾਕਿਫ ਸਨ ਇੱਥੇ ਰਹਿੰਦੇ। ਹੁਣ ਉਹ ਕਾਂਗੜੇ ਚਲੇ ਗਏ ਨੇ।'

'ਪਗੜੀ ਕਿੰਨੀ ਮੰਗਦੇ ਨੇ?'

'ਪੰਜ ਹਜ਼ਾਰ।'

'ਪੰਜ ਹਜ਼ਾਰ ਤਾਂ ਯਾਰ ਬਹੁਤ ਨੇ ਜੇ ਤਿੰਨ ਤੱਕ ਮੰਨਦੇ ਨੇ, ਚਿੱਠੀ ਪਾ ਦੇ।'

'ਠੀਕ ਏ, ਪਤਾ ਕਰ ਲਵਾਂਗਾ।'

ਅਗਲੇ ਦਿਨ ਬਲਕਾਰ ਦੇਵ ਨੂੰ ਕਾਲਜ ਵਿਚ ਮਿਲਿਆ ਤੇ ਕਹਿਣ ਲੱਗਾ, 'ਕਵਾਰਟਰ ਤਾਂ ਦੇਵ ਮੈਂ ਲੈ ਹੀ ਲੈਣਾ ਏਂ। ਫਿਲਹਾਲ ਖਾਲੀ ਹੀ ਪਿਆ ਏ। ਮੈਨੂੰ ਚਾਬੀ ਦੇ ਦੇ। ਕਿਰਾਇਆ ਤੇ ਸਾਰੇ ਬਿਲ ਮੈਂ ਭਰਾਉਂਦਾ ਰਹਾਂਗਾ। ਜੇ ਗੱਲ ਨਾ ਵੀ ਬਣੀ ਤਾਂ ਜਦੋਂ ਕਹੇਂਗਾ ਖਾਲੀ ਕਰ ਦਿਆਂਗਾ।'

ਦੇਵ ਨੇ ਸੋਚਿਆ ਕਿ ਜੇ ਉਹ ਮਕਾਨ ਕਿਰਾਏ ਤੇ ਚੜ੍ਹਾ ਦੇਵੇ ਤਾਂ ਉਹ ਪੈਸੇ ਜੋ ਹਰ ਮਹੀਨੇ ਪ੍ਰਦੀਪ ਦੇ ਡੈਡੀ ਨੇ ਭੇਜਣੇ ਸਨ, ਉਸ ਨੂੰ ਮਿਲ ਸਕਦੇ ਸੀ। ਉਸ ਨੇ ਹਾਂ ਕਰ ਦਿੱਤੀ। ਬਲਕਾਰ ਆਪਣਾ ਮੰਜਾ, ਬਿਸਤਰਾ, ਕਿਤਾਬਾਂ, ਕੁਰਸੀ, ਮੇਜ਼, ਬਗੈਰਾ ਚੁੱਕ

ਲਿਆਇਆ। ਕੁਝ ਦਿਨਾਂ ਮਗਰੋਂ ਹੀ ਕਾਂਗੜੇ ਤੋਂ ਉਸ ਦੇ ਖ਼ਤ ਦਾ ਜਵਾਬ ਆ ਗਿਆ ਕਿ ਪੰਜ ਹਜ਼ਾਰ ਤੋਂ ਘੱਟ ਕਵਾਰਟਰ ਛੱਡਿਆ ਨਾ ਜਾਵੇ। ਜੇ ਕੋਈ ਗਾਹਕ ਨਹੀਂ ਤਾਂ ਤਾਲ਼ਾ ਲੱਗਿਆ ਰਹਿਣ ਦੇਣਾ। ਬਲਕਾਰ ਨੂੰ ਦੱਸਿਆ ਤਾਂ ਉਹ ਬੋਲਿਆ, 'ਮੈਂ ਐਨੇ ਰੁਪਏ ਨਹੀਂ ਦੇ ਸਕਦਾ ਯਾਰ।'

ਬਲਕਾਰ ਨਾਲ਼ ਦੇਵ ਦੀ ਨੇੜਤਾ ਕਾਫ਼ੀ ਵਧ ਗਈ ਸੀ। ਜਦੋਂ ਵੀ ਸਮਾਂ ਮਿਲਦਾ ਉਹ ਬਜ਼ਾਰ ਦਾ ਚੱਕਰ ਲਾ ਆਉਂਦੇ ਜਾਂ ਕੋਈ ਪਿਕਚਰ ਬਗੈਰਾ ਵੀ ਦੇਖ ਆਉਂਦੇ। ਦੇਵ ਕਦੀ ਕਦਾਈਂ ਉਸ ਨਾਲ਼ ਡਰਿੰਕ ਵੀ ਕਰਨ ਲੱਗਾ। ਸਾਰਾ ਖਰਚਾ ਬਲਕਾਰ ਆਪ ਹੀ ਕਰਦਾ ਹੁੰਦਾ। ਉਹ ਘੰਟਾ ਘੰਟਾ ਸ਼ੀਸ਼ੇ ਮੂਹਰੇ ਬੈਠਾ ਕੈਂਚੀ ਨਾਲ਼ ਦਾੜ੍ਹੀ ਮੁੱਛਾਂ ਵੀ ਝਾੜਦਾ ਰਹਿੰਦਾ। ਉਹ ਅਕਸਰ ਹੀ ਖਿੜਕੀ ਦੀ ਜਾਲ਼ੀ ਵਿੱਚੀਂ ਦੂਰਬੀਨ ਨਾਲ਼ ਬੱਸ ਸਟਾਪ ਤੇ ਖੜ੍ਹੀਆਂ ਕੁੜੀਆਂ ਨੂੰ ਦੇਖਦਾ ਰਹਿੰਦਾ। ਫਿਰ ਸ਼ਸ਼ੀ ਉਸ ਕੋਲ਼ ਆਉਣ ਲੱਗ ਪਈ। ਉਹ ਚੰਗੇ ਡੀਲ-ਡੌਲ ਵਾਲ਼ੀ ਆਕਰਸ਼ਕ ਕੁੜੀ ਸੀ। ਵਾਲ਼ ਉਸ ਨੇ ਕੱਟੇ ਹੋਏ ਸਨ। ਉਹ ਸੈਂਟ ਜਾਹਨ ਕਾਲਜ ਤੋਂ ਗਰੈਜੂਏਸ਼ਨ ਕਰ ਰਹੀ ਸੀ। ਜਦੋਂ ਉਹ ਆ ਜਾਂਦੀ ਤਾਂ ਬਲਕਾਰ ਦੇਵ ਨੂੰ ਕਹਿ ਦਿੰਦਾ, 'ਚੰਗਾ ਦੇਵ, ਤੂੰ ਹੁਣ ਚੱਲ। ਫੇਰ ਮਿਲਾਂਗੇ।'

ਦੇਵ ਆਪਣੀ ਇਨਸਲਟ ਮਹਿਸੂਸ ਕਰਦਾ ਤੇ ਸੋਚਦਾ ਕਿ ਉਸ ਕੋਲ਼ੋਂ ਕਵਾਰਟਰ ਖਾਲੀ ਕਰਵਾ ਲਵੇ। ਉਹ ਉਸ ਕੋਲ਼ ਜਾਣਾ ਘੱਟ ਕਰ ਦਿੰਦਾ, ਪਰ ਬਲਕਾਰ ਮੁੜ ਉਸ ਨੂੰ ਮਨਾ ਲੈਂਦਾ। ਉਹ ਕਹਿੰਦਾ, 'ਯਾਰ ਦੇਵ, ਸੌਰੀ, ਤੂੰ ਬੁਰਾ ਮਨਾ ਗਿਆ? ਮੇਰੀ ਵਿਆਹ ਦੀ ਉਮਰ ਲੰਘਦੀ ਜਾਂਦੀ ਏ। ਇਹ ਕੁੜੀ ਜੇ ਮੇਰੇ ਕਾਬੂ ਆ ਗਈ ਤਾਂ ਇਸ ਨੂੰ ਤੇਰੀ ਭਾਬੀ ਬਣਾ ਦੇਣਾ ਏਂ।'

ਇਕ ਦਿਨ ਦੇਵ ਬਲਕਾਰ ਨੂੰ ਮਿਲਣ ਗਿਆ ਤਾਂ ਇਕ ਨਿਪਾਲਣ ਲਗਦੀ ਔਰਤ ਨੇ ਦਰ ਖੋਲ੍ਹਿਆ। ਦੇਵ ਨੇ ਸੋਚਿਆ ਕਿ ਬਲਕਾਰ ਨੇ ਕੋਈ ਨਵੀਂ ਔਰਤ ਫਾਹ ਲਈ ਹੋਵੇ ਗੀ। ਉਸ ਨੇ ਔਰਤ ਨੂੰ ਪੁੱਛਿਆ, 'ਸਰਦਾਰ ਬਲਕਾਰ ਸਿੰਘ ਜੀ?'

'ਉਹ ਐਥੇ ਨਹੀਂ ਰਹਿੰਦੇ।' ਔਰਤ ਨੇ ਹਿੰਦੀ' ਚ ਕਿਹਾ।

'ਐਥੇ ਨਹੀਂ ਰਹਿੰਦੇ? ਕੀ ਮਤਲਬ?'

'ਅਸੀਂ ਇਹ ਮਕਾਨ ਪਗੜੀ ਤੇ ਲੈ ਲਿਆ ਹੈ।' ਉਹ ਬੋਲੀ।

'ਕਿਹੜੀ ਪਗੜੀ? ਇਹ ਮਕਾਨ ਤਾਂ ਮੇਰਾ ਹੈ। ਉਹ ਕੌਣ ਹੁੰਦਾ ਏ ਪਗੜੀ ਤੇ ਦੇ ਣ ਵਾਲ਼ਾ?'

ਬਲਕਾਰ ਉਨ੍ਹਾਂ ਤੋਂ ਛੇ ਹਜ਼ਾਰ ਰੁਪਏ ਲੈ ਕੇ ਮਕਾਨ ਖਾਲੀ ਕਰ ਗਿਆ ਸੀ। ਦੇ ਵ ਤਾਂ ਬੁਰਾ ਫਸ ਗਿਆ। ਉਸ ਨੇ ਤਾਂ ਹੁਣ ਤੱਕ ਰਾਮ ਸਿੰਘ ਨੂੰ ਵੀ ਇਸ ਬਾਰੇ ਨਹੀਂ ਸੀ ਦੱਸਿਆ। ਫਿਰ ਵੀ ਹੌਸਲਾ ਕਰਕੇ ਉਹ ਘਰ ਗਿਆ ਤੇ ਆਪਣੀ ਭਾਬੀ ਨੂੰ ਸਾਰੀ ਗੱਲ ਦੱਸੀ। ਉਹ ਬੋਲੀ, 'ਦੇਵ ਤੂੰ ਬਹੁਤ ਆਪਹੁਦਰਾ ਬੰਦਾ ਏਂ। ਹੁਣ ਦੱਸ ਮੈਂ ਕੀ ਕਰਾਂ?'

'ਤੁਸੀਂ ਵੀਰ ਜੀ ਨੂੰ ਦੱਸ ਦਿਓ। ਫਿਰ ਦੇਖੀ ਜਾਏਗੀ ਕੀ ਬਣਦਾ ਏ।'

ਰਾਮ ਸਿੰਘ ਡਿਊਟੀ ਤੋਂ ਵਾਪਸ ਆਇਆ ਤਾਂ ਪਾਣੀ ਅਤੇ ਚਾਹ ਪਿਲਾਉਣ ਮਗਰੋਂ ਉਸ ਦੀ ਭਾਬੀ ਨੇ ਸਾਰੀ ਗੱਲ ਦੱਸ ਦਿੱਤੀ। ਉਹ ਦੇਵ ਨੂੰ ਕੁੱਦ ਕੇ ਪਿਆ, 'ਬੇਵਕੂਫ ਬੰਦੇ

... ਪਹਿਲੀ ਗੱਲ ਤਾਂ ਇਹ ਕਿ ਤੂੰ ਕਿਸੇ ਓਪਰੇ ਬੰਦੇ ਤੋਂ ਚਾਬੀ ਕਿਉਂ ਫੜੀ? ਜੇ ਫੜ ਹੀ ਲਈ ਸੀ ਤਾਂ ਓਪਰੇ ਬੰਦੇ ਨੂੰ ਮਕਾਨ ਕਿਰਾਏ ਤੇ ਕਿਉਂ ਚੜ੍ਹਾਇਆ?'

'ਗਲਤੀ ਹੋ ਗਈ ਵੀਰ ਜੀ... ਤੁਸੀਂ ਕੋਈ ਰਸਤਾ ਕੱਢੋ। ਮੇਰੇ ਚਾਹੇ ਸੌ ਜੁੱਤੀ ਮਾਰ ਲਵੋ।' ਦੇਵ ਰੋਣ ਲੱਗ ਪਿਆ।

ਰਾਮ ਸਿੰਘ ਤੇ ਦੇਵ ਆਰ. ਬੀ. ਐਸ. ਕਾਲਜ ਜਾ ਕੇ ਪ੍ਰਿੰਸੀਪਲ ਨੂੰ ਮਿਲੇ ਤਾਂ ਪਤਾ ਲੱਗਾ ਕਿ ਬਲਕਾਰ ਦਾ ਨਾਂ ਤਾਂ ਲੰਬੀ ਗੈਰਹਾਜ਼ਰੀ ਕਰਕੇ ਕਦੋਂ ਦਾ ਕੱਟਿਆ ਜਾ ਚੁੱਕਾ ਸੀ। ਫਿਰ ਉਹ ਪੁੱਛਦੇ-ਪੁਛਾਉਂਦੇ ਏਅਰ ਫੋਰਸ ਹੈਡ ਕਵਾਰਟਰਜ਼ ਚਲੇ ਗਏ। ਉਸ ਦੀ ਸ਼ਿਕਾਇਤ ਕਰਨ ਤੋਂ ਪਹਿਲਾਂ ਰਾਮ ਸਿੰਘ ਨੇ ਉਸਨੂੰ ਮਿਲਣਾ ਮੁਨਾਸਬ ਸਮਝਿਆ। ਇਕ ਮਾਸਟਰ ਵਰੰਟ ਅਫਸਰ ਨੇ ਦੱਸਿਆ ਕਿ ਉਹ ਮੈੱਸ ਵਿਚ ਹੁਣੇ ਹੁਣੇ ਵੜਿਆ ਸੀ। ਉਨ੍ਹਾਂ ਨੇ ਉਸ ਨੂੰ ਘੇਰ ਲਿਆ ਤੇ ਦੱਸਿਆ ਕਿ ਉਹ ਉਸ ਦੀ ਸ਼ਿਕਾਇਤ ਕਰਨ ਆਏ ਸਨ।

'ਸ਼ਿਕਾਇਤ ਕਰਨ ਦੀ ਲੋੜ ਨਹੀਂ। ਤੁਸੀਂ ਪੰਜ ਹਜ਼ਾਰ ਮੰਗਦੇ ਸੀ, ਉਹ ਮੈਥੋਂ ਲੈ ਲਵੋ।' ਉਹ ਬੋਲਿਆ।

'ਪੰਜ ਹਜ਼ਾਰ ਨਹੀਂ, ਛੇ ਹਜ਼ਾਰ.... ਤੂੰ ਛੇ ਹਜ਼ਾਰ ਨਹੀਂ ਲਏ ਪਗੜੀ ਦੇ?' ਰਾਮ ਸਿੰਘ ਨੇ ਕਿਹਾ।

'ਲੈਣੇ ਨੇ ਲਉ... ਨਹੀਂ ਤੁਹਾਡੀ ਮਰਜ਼ੀ।'

'ਕੋਈ ਨਾ... ਮੈਂ ਸੀ. ਓ. ਸਾਹਬ ਨੂੰ ਮਿਲਦਾ ਹਾਂ।'

ਰਾਮ ਸਿੰਘ ਨੇ ਕਿਹਾ ਤਾਂ ਉਹ ਜਰਕ ਗਿਆ। ਉਸੇ ਵੇਲ਼ੇ ਛੇ ਹਜ਼ਾਰ ਰੁਪਏ ਲਿਆ ਕੇ ਉਨ੍ਹਾਂ ਨੂੰ ਫੜਾ ਦਿੱਤੇ। ਰਸਤੇ ਵਿਚ ਉਹ ਦੇਵ ਨੂੰ ਕਹਿਣ ਲੱਗਾ, 'ਦੇਵ ਹੁਣ ਤੂੰ ਨਿਆਣਾ ਨਹੀਂ। ਇਹ ਮੂਰਖਮੱਤੀਆਂ ਕਰਨੀਆਂ ਛੱਡ ਦੇ।'

ਦੇਵ ਚੁੱਪ ਰਿਹਾ ਤੇ ਸੋਚਣ ਲੱਗਾ ਕਿ ਵਾਧੂ ਮਿਲੇ ਹਜ਼ਾਰ ਰੁਪਏ ਜੇ ਆਪਣੀ ਭਾਬੀ ਜਿੰਦਰ ਨੂੰ ਦੇ ਦੇਵੇ ਤਾਂ ਪਹਿਲਾਂ ਦਾ ਸਾਰਾ ਕਲੰਕ ਧੋਇਆ ਜਾਵੇਗਾ। ਪਰ ਉਹ ਇਸ ਗੱਲ ਦਾ ਆਖਰੀ ਫੈਸਲਾ ਨਾ ਕਰ ਸਕਿਆ।

**00**

# ਅਠਾਨਵੇਂ

ਦੇਵ ਦੀ ਹੁਣ ਤੱਕ ਦੀ ਪੜ੍ਹਾਈ ਵਿਚ ਐਮ. ਐਸ. ਸੀ. ਦਾ ਫਾਈਨਲ ਈਅਰ ਸਭ ਤੋਂ ਵੱਧ ਤਪੱਸਿਆ ਵਾਲ਼ਾ ਹੋ ਨਿਬੜਿਆ। ਪਾਰਟ ਵੰਨ' ਚ ਯੂਨੀਵਰਸਿਟੀ ਵਿਚ ਪੰਜਵਾਂ ਸਥਾਨ ਹਾਸਲ ਕਰਨ ਮਗਰੋਂ ਉਹ ਸਿਮਰਜੀਤ, ਸੋਨਿਕਾ ਤੇ ਪ੍ਰੋਫੈਸਰ ਵਿਜੇ ਕੁਮਾਰ ਦੇ ਘਰਾਂ ਨੂੰ ਜਿਵੇਂ ਭੁੱਲ ਹੀ ਗਿਆ। ਇਕੋ ਲਗਨ ਲੱਗ ਗਈ ਕਿ ਯੂਨੀਵਰਸਿਟੀ ਵਿਚ ਪੁਜੀਸ਼ਨ ਹਾਸਲ ਕਰਨੀ ਹੈ। ਉਸ ਦਾ ਰੋਜ਼ਾਨਾ ਰੁਟੀਨ ਚਾਰ ਥਾਵਾਂ ਤੇ ਸਿਮਟ ਕੇ ਰਹਿ ਗਿਆ। ਅੱਜ ਕੱਲ੍ਹ ਉਹ ਰਾਤ ਵੇਲ਼ੇ ਸੱਠ ਬਲਾਕ ਵਿਚ ਹੀ ਸੌਂਦਾ ਸੀ। ਰਾਤ ਨੂੰ ਉਹ ਬਾਰਾਂ ਵਜੇ ਤੱਕ ਸਫ਼ ਜਾਂ ਕੁਰਸੀ ਉੱਤੇ ਬੈਠ ਕੇ ਪੜ੍ਹਦਾ। ਤੜਕੇ ਚਾਰ ਵਜੇ ਉਸ ਨੂੰ ਸਾਮ੍ਹਣੇ ਬਲਾਕ ਵਾਲ਼ੇ ਮੰਦਰ' ਚੋਂ ਸ਼ੁਰੂ ਹੁੰਦੀ ਕੰਨ ਪਾੜਵੀਂ ਅਵਾਜ਼ ਜਗਾ ਦਿੰਦੀ। ਉਹ ਉੱਠ ਕੇ ਨਹਾਉਂਦਾ,

ਧੋਂਦਾ ਤੇ ਤਿਆਰ ਹੋ ਕੇ ਆਪਣੇ ਵੀਰ ਜੀ ਅਤੇ ਭਰਜਾਈ ਕੋਲ਼ ਚਲਾ ਜਾਂਦਾ। ਅੱਧਾ ਪੌਣਾ ਘੰਟਾ ਉੱਥੇ ਪੜਨ ਤੇ ਰੋਟੀ ਖਾਣ ਮਗਰੋਂ ਉਹ ਕਾਲਜ ਲਈ ਨਿਕਲ਼ ਜਾਂਦਾ। ਸਾਢੇ ਦਸ ਵਜੇ ਉੱਥੋਂ ਛੁੱਟੀ ਹੋ ਜਾਂਦੀ ਤਾਂ ਉਹ ਆਰ. ਈ. ਆਈ. ਦੀ ਕਮਿਸਟਰੀ ਲੈਬ ਵਿਚ ਡਿਊਟੀ ਤੇ ਪਹੁੰਚ ਜਾਂਦਾ। ਕਿਸੇ ਕਲਾਸ ਦਾ ਪ੍ਰੈਕਟੀਕਲ ਹੁੰਦਾ ਤਾਂ ਕਰਵਾ ਦਿੰਦਾ, ਨਹੀਂ ਤਾਂ ਬੈਠਾ ਕੋਰਸ ਦੀਆਂ ਕਿਤਾਬਾਂ ਪੜ੍ਹਦਾ ਰਹਿੰਦਾ। ਨਾ ਕਿਸੇ ਪ੍ਰੋਫੈਸਰ ਨਾਲ਼ ਗੱਲ ਕਰਦਾ ਤੇ ਨਾ ਹੀ ਕੰਟੀਨ' ਚ ਜਾ ਕੇ ਬਹਿੰਦਾ। ਇਕ ਦੋ ਪ੍ਰੋਫੈਸਰ ਈਰਖਾ ਕਰਦੇ, ਉਸ ਦੀ ਪਿੱਠ ਪਿੱਛੇ ਕਹਿੰਦੇ, 'ਅੰਨ੍ਹੇ ਦੇ ਪੈਰ ਹੇਠ ਬਟੇਰਾ ਹਮੇਸ਼ਾ ਨਹੀਂ ਆਇਆ ਕਰਦਾ।'

ਚਾਰ ਵਜੇ ਛੁੱਟੀ ਹੋਣ ਮਗਰੋਂ ਉਹ ਸੱਠ ਬਲਾਕ ਵਾਲ਼ੇ ਆਪਣੇ ਕਵਾਰਟਰ ਵਿਚ ਪਹੁੰਚ ਜਾਂਦਾ ਤੇ ਅੱਠ ਵਜੇ ਤੱਕ ਪੜ੍ਹਦਾ ਰਹਿੰਦਾ। ਉੱਥੋਂ ਉੱਠ ਸਿੱਧਾ ਇਕ ਸੌ ਚਾਰ ਬਲਾਕ ਪਹੁੰਚ ਜਾਂਦਾ ਤੇ ਖਾਣਾ ਖਾਂਦਾ। ਉਹ ਮੁੜ ਸੱਠ ਬਲਾਕ ਵਾਲ਼ੇ ਕਵਾਰਟਰ ਜਾਣ ਸਮੇਂ ਕਹਿੰਦਾ, 'ਭਾਬੀ ਜੀ ਕੱਲ੍ਹ ਕੋਈ ਬਜ਼ਾਰ ਦਾ ਕੰਮ ਹੈ ਤਾਂ ਦੱਸ ਦਿਓ।'

'ਦੇਵ ਤੂੰ ਆਪਣੀ ਪੜ੍ਹਾਈ ਕਰ। ਕੰਮ ਸਾਰੇ ਤੇਰੇ ਵੀਰ ਜੀ ਕਰ ਹੀ ਦਿੰਦੇ ਨੇ।' ਉਹ ਆਖਦੀ।

ਐਤਵਾਰ ਜਾਂ ਛੁੱਟੀ ਵਾਲ਼ੇ ਦਿਨ ਉਹ ਪਰੌਂਠੇ ਖਾਣ ਮਗਰੋਂ 'ਬਾਲੂ ਜੀ ਕੀ ਬਗੀਆ' ਵਿਚ ਪੜ੍ਹਨ ਲਈ ਚਲਾ ਜਾਂਦਾ। ਜਦੋਂ ਪੜ੍ਹਦਾ ਪੜ੍ਹਦਾ ਥੱਕ ਜਾਂਦਾ ਤਾਂ ਬਾਬੇ ਕੋਲ਼ ਜਾ ਬੈਠਦਾ। ਉਹ ਕੋਈ ਨਾ ਕੋਈ ਦਿਲਚਸਪ ਕਿੱਸਾ ਉਸ ਨੂੰ ਸੁਣਾਉਂਦਾ। ਦੁੱਖ ਭਰੀ ਵਾਰਤਾ ਉੱਤੇ ਵੀ ਬਾਬਾ ਟਾਹ-ਟਾਹ ਕਰ ਕੇ ਤਾੜੀਆਂ ਮਾਰ ਮਾਰ ਹੱਸਦਾ। ਦੇਵ ਨੂੰ ਆਪਣੀ ਤਿਆਰੀ ਤੇ ਮਾਣ ਸੀ। ਉਸ ਨੇ ਚਾਰੋਂ ਵਿਸ਼ਿਆਂ ਦੇ ਨੋਟਸ ਬੜੀ ਸੂਝ-ਬੂਝ ਨਾਲ਼ ਤਿਆਰ ਕਰ ਲਏ ਸਨ। ਕਿਹੜਾ ਸਵਾਲ ਕਿਹੜੇ ਸਾਲ ਪੁੱਛਿਆ ਗਿਆ ਸੀ ਤੇ ਕਿਹੜਾ ਵੱਧ ਰਿਪੀਟ ਹੋਇਆ ਸੀ ਉਹ ਨੋਟਸਾਂ ਉੱਤੇ ਉਨ੍ਹਾਂ ਦੇ ਆਉਣ ਦੇ ਸਾਲ ਲਿਖ ਲਿਆ ਕਰਦਾ ਸੀ। ਪੱਕੇ ਪੇਪਰਾਂ ਤੋਂ ਮਹੀਨਾਂ ਪਹਿਲਾਂ ਉਸ ਨੇ ਸਭ ਕੁਝ ਆਪਣੇ ਚੇਤਿਆਂ ਵਿਚ ਵਸਾ ਲਿਆ ਸੀ। ਬੱਸ ਹੁਣ ਇਕ ਦੋਹਰਾਈ ਦੀ ਲੋੜ ਸੀ ਤੇ ਉਸ ਨੇ ਚੌਕੀ ਦੀ ਛਾਲ ਮਾਰ ਦੇ ਣੀ ਸੀ। ਦੇਵ ਉੱਡਿਆ ਫਿਰ ਰਿਹਾ ਸੀ ਤੇ ਆਪਣੇ ਵੀਰ ਜੀ ਤੇ ਭਰਜਾਈ ਨੂੰ ਕਹਿ ਰਿਹਾ ਸੀ, 'ਨੰਬਰ ਇਕ ਤੇ ਆਵਾਂਗਾ। ਸਭ ਨੂੰ ਉਲਟਾ ਦਿਆਂਗਾ।' ਪਰ ਕੁਦਰਤ ਨੂੰ ਅਜਿਹਾ ਮੰਜੂਰ ਨਹੀਂ ਸੀ।

ਇਕ ਦਿਨ ਤੜਕਸਾਰ ਫਲੱਸ਼ ਵਿਚ ਬੈਠਿਆਂ ਇਕ ਅਸਿਹ ਦਰਦ ਨੇ ਜਿਵੇਂ ਉਸ ਦੀ ਜਾਨ ਹੀ ਕੱਢ ਦਿੱਤੀ। ਉਸ ਦੇ ਅੰਦਰੋਂ ਤਿੱਪ-ਤਿੱਪ ਕਰਕੇ ਖ਼ੂਨ ਦੇ ਤੁਪਕੇ ਡਿਗਣ ਲੱਗ ਪਏ। ਉਹ ਉੱਠਿਆ ਤਾਂ ਖ਼ੂਨ ਆਪਣੇ ਆਪ ਹੀ ਬੰਦ ਹੋ ਗਿਆ। ਉਹ ਇਹ ਗੱਲ ਘਰ ਦੱਸਣੋ ਸੰਗ ਗਿਆ ਤੇ ਕੈਮਿਸਟ ਕੋਲ਼ ਜਾ ਕੇ ਇਸ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਉਸ ਨੂੰ ਖ਼ੂਨੀ ਬਵਾਸੀਰ ਹੋ ਗਈ ਸੀ। ਬਹੁਤੀ ਦੇਰ ਬੈਠਣ ਨਾਲ਼ ਜਾਂ ਕਬਜ਼ ਨਾਲ਼ ਇਹ ਹੋ ਜਾਇਆ ਕਰਦੀ ਹੈ। ਫਲੱਸ਼ ਜਾਣ ਤੋਂ ਪਹਿਲਾਂ ਤੇ ਮਗਰੋਂ ਲਾਉਣ ਲਈ ਉਸ ਨੇ ਦੇ ਵ ਨੂੰ ਇਕ ਟਿਊਬ ਦਿੱਤੀ ਤੇ ਕਈ ਸਾਵਧਾਨੀਆਂ ਵਰਤਣ ਲਈ ਕਿਹਾ। ਵਿਸ਼ੇਸ਼ ਤੌਰ ਤੇ ਸਾਇਕਲ ਨਾ ਚਲਾਉਣ ਦੀ ਹਦਾਇਤ ਕੀਤੀ। ਹਫ਼ਤਾ ਭਰ ਟਿਊਬ ਲਾਉਣ ਦੇ

ਬਾਵਜੂਦ ਬੀਮਾਰੀ ਸਗੋਂ ਵਧ ਗਈ। ਬੱਸ ਉੱਤੇ ਕਾਲਜ ਟਾਇਮ ਤੇ ਪਹੁੰਚਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ। ਉਸ ਦੀ ਪੜ੍ਹਾਈ ਡਿਸਟਰਬ ਹੋਣ ਲੱਗ ਪਈ। ਨੀਂਦ ਉਡ ਗਈ ਤੇ ਭੁੱਖ ਘਟ ਗਈ।

'ਦੇਵ ਤੂੰ ਰੋਟੀ ਘੱਟ ਕਿਉਂ ਕਰ ਦਿੱਤੀ ਏ?' ਜਿੰਦਰ ਨੇ ਇਕ ਦਿਨ ਪੁੱਛਿਆ।

'ਭਾਬੀ ਜੀ ਭੁੱਖ ਹੀ ਨਹੀਂ ਲੱਗਦੀ।'

ਜਿੰਦਰ ਨੇ ਆਪਣੇ ਪੋਟਿਆਂ ਨਾਲ਼ ਉਸ ਦੀਆਂ ਪਲਕਾਂ ਖਿੱਚ ਕੇ ਅੱਖਾਂ ਦੇਖੀਆਂ, ਫਿਰ ਬੋਲੀ, 'ਤੇਰੀਆਂ ਅੱਖਾਂ ਦੁਆਲ਼ੇ ਸ਼ਾਹੀਆਂ ਕਿਉਂ ਬਣ ਗਈਆਂ? ਤੈਨੂੰ ਕੋਈ ਤਕਲੀਫ਼ ਤਾਂ ਨਹੀਂ?'

'ਨਹੀਂ ਭਾਬੀ ਜੀ, ਤਕਲੀਫ਼ ਤਾਂ ਕੋਈ ਨਹੀਂ।' ਉਹ ਬੋਲਿਆ।

ਜਿੰਦਰ ਨੇ ਉਸ ਦਾ ਹੱਥ ਖਿੱਚ ਕੇ ਆਪਣੇ ਸਿਰ ਉੱਤੇ ਰੱਖ ਲਿਆ ਤੇ ਬੋਲੀ, 'ਆਪਣੀ ਭਾਬੀ ਦੀ ਕਸਮ ਖਾ ਕੇ ਦੱਸ ਕਿ ਤੂੰ ਕਿਸੇ ਅਫ਼ਰਊ ਔਰਤ ਕੋਲ਼ ਨਹੀਂ ਗਿਆ।'

'ਨਹੀਂ ਭਾਬੀ ਜੀ ਇਹ ਗੱਲ ਨਹੀਂ.... ਮੈਨੂੰ ਕੁਝ ਦਿਨਾਂ ਤੋਂ ਖ਼ੂਨੀ ਬਵਾਸੀਰ ਹੋ ਗਈ ਏ।'

ਜਿੰਦਰ ਘਬਰਾ ਗਈ ਤੇ ਦੇਵ ਨੂੰ ਇਸ ਗੱਲੋਂ ਡਾਂਟਣ ਲੱਗੀ ਕਿ ਉਸ ਨੇ ਉਸ ਨੂੰ ਪਹਿਲਾਂ ਕਿਉਂ ਨਾ ਦੱਸਿਆ। ਉਸੇ ਸ਼ਾਮ ਉਸ ਨੇ ਰਾਮ ਸਿੰਘ ਨੂੰ ਵੀ ਇਹ ਗੱਲ ਦੱਸ ਦਿੱਤੀ। ਉਹ ਦੇਵ ਨੂੰ ਫੁਹਾਰਾ ਚੌਂਕ ਵਾਲ਼ੇ ਅਲਡਾਫ਼ੀਏ ਦੇ ਦਵਾਖਾਨੇ ਲੈ ਗਿਆ। ਉਸ ਨੇ ਖਾਣ ਲਈ ਕੁਝ ਗੋਲੀਆਂ ਦਿੱਤੀਆਂ ਤੇ ਬਿਨਾਂ ਮਿਰਚ ਤੋਂ ਦਾਲ ਸਬਜ਼ੀ ਖਾਣ ਦੀ ਹਦਾਇਤ ਕਰ ਦਿੱਤੀ। ਸਲੇਬਸ ਤਾਂ ਸਾਰੇ ਖ਼ਤਮ ਹੀ ਸਨ। ਕਾਲਜ ਜਾਣ ਤੋਂ ਬਿਨਾਂ ਸਰ ਸਕਦਾ ਸੀ। ਪਰ ਇਸ ਬੀਮਾਰੀ ਨਾਲ਼ ਦੇਵ ਦਾ ਧਿਆਨ ਉੱਖੜ ਗਿਆ। ਨੀਂਦ ਨਾ ਆਉਣ ਕਰਕੇ ਸਾਰਾ ਦਿਨ ਵੀ ਖ਼ਰਾਬ ਜਾਣ ਲੱਗਾ ਜਦੋਂ ਅਲਡਾਫ਼ੀਏ ਦੀ ਦਵਾਈ ਵੀ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਤਾਂ ਰਾਮ ਸਿੰਘ ਇਕ ਦਿਨ ਉਸ ਨੂੰ ਐਸ. ਐਨ. ਮੈਡੀਕਲ ਹਸਪਤਾਲ ਲੈ ਗਿਆ। ਡਾਕਟਰ ਨੇ ਉਸ ਨੂੰ ਚੈੱਕ ਕੀਤਾ ਤੇ ਅਟੈਂਡੈਂਟ ਨਾਲ਼ ਇਕ ਕਮਰੇ ਵਿਚ ਜਾਣ ਲਈ ਕਿਹਾ। ਉੱਥੇ ਇਕ ਤਖ਼ਤ ਪੋਸ਼ ਪਿਆ ਸੀ। ਅਟੈਂਡੈਂਟ ਨੇ ਦੇਵ ਨੂੰ ਉਸ ਉੱਤੇ ਪਾਸੇ ਭਾਰ ਲਿਟਾ ਦਿੱਤਾ ਤੇ ਪੈਂਟ ਕੱਛਾ ਸਰਕਾ ਕੇ ਨੰਗਾ ਕਰ ਦਿੱਤਾ। ਫਿਰ ਮੈਡੀਕਲ ਦੀ ਪੜ੍ਹਾਈ ਕਰ ਰਹੇ ਚਿੱਟੇ ਕੋਟਾਂ ਵਾਲ਼ੇ ਮੁੰਡੇ ਕੁੜੀਆਂ ਦਾ ਇਕ ਗਰੁੱਪ ਉਸ ਦੇ ਪਿੱਛੇ ਆ ਖੜ੍ਹਿਆ। ਫਿਰ ਡਾਕਟਰ ਵੀ ਅੰਦਰ ਲੰਘ ਆਇਆ। ਉੱਥੇ ਖੜ੍ਹ ਕੇ ਹੀ ਉਹ ਭਾਸ਼ਣ ਕਰਨ ਲੱਗ ਪਿਆ ਕਿ ਬਵਾਸੀਰ ਕਿੰਨੇ ਕਿਸਮ ਦੀ ਹੁੰਦੀ ਹੈ। ਕਿਸ ਕਿਸਮ ਦਾ ਕਿਵੇਂ ਇਲਾਜ ਕਰਨਾ ਹੈ, ਬਗੈਰਾ ਬਗੈਰਾ। ਉਸ ਨੇ ਦੇਵ ਦੀ ਗੁਦਾ ਤੇ ਬਣੇ ਤਿੰਨ ਮਹੁਕੇ ਸਾਰਿਆਂ ਨੂੰ ਦਿਖਾਏ ਤੇ ਅਸਹਿ ਪੀੜ ਦੇਣ ਵਾਲ਼ੇ ਆਲਮੰਡ ਆਇਲ ਦੇ ਤਿੰਨ ਟੀਕੇ ਉਨ੍ਹਾਂ ਮਹੁਕਿਆਂ' ਚ ਲਾਏ। ਡਾਕਟਰ ਨੇ ਚਾਰ-ਚਾਰ ਦਿਨਾਂ ਮਗਰੋਂ ਦੇਵ ਨੂੰ ਉੱਥੇ ਆਉਣ ਲਈ ਕਿਹਾ। ਟੀਕਿਆਂ ਨਾਲ਼ੋਂ ਦੇਵ ਨੂੰ ਜਿਸ ਤਰੀਕੇ ਨਾਲ਼ ਮੁੰਡੇ ਕੁੜੀਆਂ ਵਿਚ ਨੰਗਾ ਕਰ ਕੇ ਜਲੀਲ ਕੀਤਾ ਗਿਆ, ਇਹ ਉਸ ਲਈ ਵੱਧ ਦੁਖਦਾਇਕ ਸੀ। ਆਪਣੀ ਪੈਂਟ ਪਾ ਕੇ ਸਿਰ ਝੁਕਾਈ ਕਮਰੇ ਤੋਂ ਬਾਹਰ ਨਿਕਲਦਿਆਂ ਦੇਵ ਨੇ ਫੈਸਲਾ ਕਰ ਲਿਆ ਕਿ ਉਹ ਮਰ ਜਾਵੇਗਾ, ਪਰ ਇਲਾਜ ਲਈ ਮੁੜ

ਉਨ੍ਹਾਂ ਕੋਲ਼ ਨਹੀਂ ਆਵੇਗਾ।

ਇਹੀ ਗੱਲ ਉਸ ਨੇ ਬਾਹਰ ਖੜ੍ਹੇ ਰਾਮ ਸਿੰਘ ਨੂੰ ਵੀ ਕਹਿ ਦਿੱਤੀ ਤਾਂ ਉਹ ਬੋਲਿਆ, ‘ ਦੇਵ ਡਾਕਟਰਾਂ ਸਾਮ੍ਹਣੇ ਨੰਗ ਕੋਈ ਮਾਹਨੇ ਨੀ ਰੱਖਦਾ। ਤੂੰ ਆਪਣਾ ਪੂਰਾ ਇਲਾਜ ਕਰਵਾ।’

‘ਵੀਰ ਜੀ ਇਹ ਲੋਕ ਤਾਂ ਪ੍ਰਯੋਗ ਕਰਦੇ ਨੇ। ਮੈਂ ਮੁੜ ਕੇ ਐਥੇ ਨਹੀਂ ਆਵਾਂਗਾ।’

ਆਲਮੰਡ ਦੇ ਟੀਕਿਆਂ ਨਾਲ਼ ਕੋਈ ਫਰਕ ਨਾ ਪਿਆ। ਦਰਦ ਵੀ ਹੁੰਦਾ ਰਿਹਾ ਕਰੇ , ਪਰ ਦੇਵ ਕਹਿੰਦਾ ਰਿਹਾ ਕਿ ਹੁਣ ਉਹ ਬਿਲਕੁਲ ਠੀਕ ਸੀ। ਖ਼ੂਨ ਵਹਿਣ ਨਾਲ਼ ਉਸ ਦੀ ਸਿਹਤ ਦਿਨੋਂ-ਦਿਨ ਡਾਊਨ ਹੁੰਦੀ ਚਲੀ ਗਈ। ਚੱਕਰ ਵੀ ਆਉਣ ਲੱਗ ਪਏ। ਇਕ ਦਿਨ ਰਾਮ ਸਿੰਘ ਨੇ ਕਿਹਾ, ‘ਦੇਵ ਤੂੰ ਸਾਥੋਂ ਛੁਪਾ ਰਿਹਾਂ ਏਂ। ਤੇਰੀ ਸਿਹਤ ਠੀਕ ਨਹੀਂ ਲਗਦੀ।’

‘ਵੀਰ ਜੀ, ਖ਼ੂਨ ਨੀ ਰੁਕਦਾ। ਤੁਸੀਂ ਮੈਨੂੰ ਪ੍ਰਾਈਵੇਟ ਡਾਕਟਰ ਨੂੰ ਦਿਖਾ ਦਿਓ।’

‘ਠੀਕ ਏ ਪਰਸੋਂ ਸੋਮਵਾਰ ਲੋਹਾਮੰਡੀ ਵਾਲ਼ੇ ਡਾਕਟਰ ਨੰਦਨ ਦੇ ਚੱਲਾਂਗੇ। ਮੈਂ ਛੁੱਟੀ ਲੈ ਲਵਾਂਗਾ।’ ਰਾਮ ਸਿੰਘ ਨੇ ਦੱਸਿਆ।

ਦੁਪਹਿਰ ਮਗਰੋਂ ਜਿੰਦਰ ਉਸ ਨੂੰ ਕਹਿਣ ਲੱਗੀ, ‘ਦੇਵ ਨੌਂ ਬਲਾਕ ਵਾਲ਼ੇ ਮਕਾਨ ਦੇ ਪੈਸੇ ਕਿੱਥੇ ਨੇ?’

‘ਭਾਬੀ ਜੀ, ਮੈਂ ਪੰਜ ਹਜ਼ਾਰ ਦਾ ਡਰਾਫਟ ਕਾਂਗੜੇ ਭੇਜ ਦਿੱਤਾ ਸੀ।’

‘ਬਾਕੀ ਦੇ ਹਜ਼ਾਰ?’

‘ਉਹ ਮੇਰੀ ਅਲਮਾਰੀ’ ਚ ਪਏ ਨੇ।’

‘ਚੰਦਰਿਆ... ਉਨ੍ਹਾਂ ਤੇ ਤੇਰਾ ਹੱਕ ਕਿਵੇਂ ਹੋ ਗਿਆ? ਇਹ ਪਾਪ ਦੀ ਕਮਾਈ ਕਰਕੇ ਤੈਨੂੰ ਬੀਮਾਰੀ ਲੱਗੀ ਏ।’

‘ਇਹ ਨ੍ਹੀ ਹੋ ਸਕਦਾ ਭਾਬੀ ਜੀ।’ ਦੇਵ ਹੱਸਿਆ।

‘ਹੁੰਦਾ ਏ ਦੇਵ, ਇਵੇਂ ਹੁੰਦਾ ਏ.. ਉਹ ਹਜ਼ਾਰ ਰੁਪਏ ਲੈ ਕੇ ਆ।’

ਦੇਵ ਸੱਠ ਬਲਾਕ ਵਾਲ਼ੇ ਕਵਾਰਟਰ ਗਿਆ ਤੇ ਹਜ਼ਾਰ ਰੁਪਏ ਲਿਆ ਕੇ ਆਪਣੀ ਭਾਬੀ ਨੂੰ ਫੜਾ ਦਿੱਤੇ। ਉਸ ਨੇ ਰੁਪਏ ਦਸਵੰਧ ਵਾਲ਼ੇ ਪੈਸਿਆਂ ਵਿਚ ਰੱਖ ਕੇ ਅਰਦਾਸ ਕੀਤੀ, ‘ਹੇ ਸੱਚੇ ਪਾਤਸ਼ਾਹ ਇਨ੍ਹਾਂ ਪੈਸਿਆਂ ਦਾ ਗਰੀਬ-ਗੁਰਬਿਆਂ ਨੂੰ ਲੰਗਰ ਛਕਾਵਾਂਗੇ । ਦੇਵ ਨੂੰ ਸਿਹਤਯਾਬ ਕਰਦੇ।’

ਡਾਕਟਰ ਨੰਦਨ ਦਾ ਪਾਇਲਜ਼ ਹਸਪਤਾਲ ਸੀ। ਉਸ ਨੇ ਦੇਵ ਨੂੰ ਚੈਕ ਕੀਤਾ ਤੇ ਅਪ੍ਰੇਸ਼ਨ ਦਾ ਸੁਝਾਅ ਦਿੱਤਾ। ਅਗਲੇ ਦਿਨ ਉਸ ਦਾ ਅਪ੍ਰੇਸ਼ਨ ਵੀ ਹੋ ਗਿਆ। ਹਫ਼ਤੇ ਦੇ ਵਿਚ ਵਿਚ ਦੇਵ ਨੌ-ਬਰ-ਨੌਂ ਸੀ। ਇਕ ਦਿਨ ਜਿੰਦਰ ਬੋਲੀ, ‘ਦੇਵ, ਦੇਖੀ ਫੇਰ ਕਰਾਮਾਤ?’

‘ਭਾਬੀ ਜੀ, ਡਾਕਟਰ ਦੀ ਕਰਾਮਾਤ ਏ ਇਹ।’

‘ਕਮਲ਼ਿਆ ਡਾਕਟਰ ਵਿਚ ਭਗਵਾਨ ਆਇਆ ਤਾਂ ਹੀ ਤੂੰ ਰਾਜ਼ੀ ਹੋਇਆ। ਹਰਾਮ ਦਾ ਪੈਸਾ ਨਾ ਅੱਗੇ ਤੋਂ ਘਰ ਵਾੜੀਂ।’ ਜਿੰਦਰ ਬੋਲੀ।

ਲਗਾਤਾਰ ਵੀਹ ਬਾਈ ਦਿਨ ਦੀ ਇਸ ਸਮੱਸਿਆ ਨੇ ਦੇਵ ਦਾ ਦਿਲ ਤੋੜ ਦਿੱਤਾ। ਜਿਵੇਂ ਉਹ ਚਾਹੁੰਦਾ ਸੀ, ਉਂਝ ਸਲੇਬਸ ਦੀ ਦੋਹਰਾਈ ਨਾ ਹੋ ਸਕੀ। ਫਿਰ ਵੀ ਉਸ ਨੂੰ ਯਕੀਨ ਸੀ ਕਿ ਉਸਦੇ ਪੇਪਰ ਕਾਫ਼ੀ ਚੰਗੇ ਹੋਏ ਹਨ। ਫ਼ਸਟ ਡਵੀਜਨ ਤਾਂ ਉਹ ਲੈ ਹੀ ਜਾਵੇਗਾ।

**00**

# ਨੜਿੱਨਵੇਂ

ਡਿਗਰੀ ਕਾਲਜਾਂ ਦੇ ਸਲਾਨਾ ਪੇਪਰ, ਦੇਵ ਦੇ ਪੇਪਰਾਂ ਤੋਂ ਬਹੁਤ ਪਹਿਲਾਂ ਹੋ ਚੁੱਕੇ ਸਨ। ਦਿਆਲਬਾਗ ਕਾਲਜ ਤੋਂ ਵੀ ਉਸ ਦੀ ਤਿੰਨ ਮਹੀਨੇ ਦੀ ਬਿਨ-ਤਨਖਾਹੋਂ ਛੁੱਟੀ ਹੋ ਗਈ ਸੀ। ਪ੍ਰਿੰਸੀਪਲ ਬੀ. ਪੀ. ਜੌਹਰੀ ਨੇ ਦੇਵ ਨੂੰ ਆਸ਼ਵਾਸਨ ਦੁਆਇਆ ਸੀ ਕਿ ਨਵੇ ਂ ਸੈਸ਼ਨ ਤੋਂ ਉਸ ਨੂੰ ਡਿਗਰੀ ਕਲਾਸਾਂ ਪੜ੍ਹਾਉਣ ਲਈ ਲੈਕਚਰਾਰ ਨਿਯੁਕਤ ਕਰ ਲਿਆ ਜਾਵੇਗਾ। ਉਸ ਦਾ ਰਿਜ਼ਲਟ ਅਜੇ ਡੇਢ ਦੋ ਮਹੀਨੇ ਤੱਕ ਡਿਕਲੇਅਰ ਹੋਣਾ ਸੀ। ਨਵਾਂ ਸੈਸ਼ਨ ਸ਼ੁਰੂ ਹੋਣ ਨੂੰ ਵੀ ਢਾਈ ਮਹੀਨੇ ਲੱਗ ਜਾਣੇ ਸਨ। ਇਕ ਨਹੀਂ ਕਈ ਇੱਟਾਂ ਖੂਹ ਵਿਚ ਸਨ, ਜਿਨ੍ਹਾਂ ਬਾਰੇ ਪੱਕੇ ਤੌਰ ਤੇ ਕੁਝ ਕਹਿਣਾ ਸੰਭਵ ਹੀ ਨਹੀਂ ਸੀ। ਦੇਵ ਨੂੰ ਇਸ ਗੱਲ ਦੀ ਅਕਲ ਤਾਂ ਆ ਹੀ ਗਈ ਸੀ ਕਿ ਵਿਹਲਾ ਮਨ ਸ਼ੈਤਾਨ ਦਾ ਚਰਖਾ ਹੁੰਦਾ ਹੈ। ਜੇ ਉਹ ਵਿਹਲਾ ਰਿਹਾ ਤਾਂ ਮੱਲੋਮੱਲੀ ਕੋਈ ਨਾ ਕੋਈ ਪੰਗਾ ਖੜ੍ਹਾ ਹੋਣ ਦੀ ਪੂਰੀ ਪੂਰੀ ਸੰਭਾਵਨਾ ਸੀ, ਸੋ ਉਸ ਨੇ ਅਪਣੇ ਵੀਰ ਜੀ ਰਾਮ ਸਿੰਘ ਨਾਲ਼ ਸਲਾਹ ਕਰ ਕੇ ਪੰਜਾਬ ਜਾਣ ਦਾ ਪ੍ਰੋਗਰਾਮ ਬਣਾ ਲਿਆ। ਉਸ ਨੂੰ ਬੇਅੰਤ ਦਾ ਖ਼ਤ ਵੀ ਕੁਝ ਦਿਨ ਪਹਿਲਾਂ ਹੀ ਆਇਆ ਸੀ ਕਿ ਉਹ ਦੋਰਾਹੇ ਦੇਵ ਦੀ ਭਾਬੀ ਸਤਿੰਦਰਪਾਲ ਸਮੇਤ ਦੋ ਮਹੀਨੇ ਦੀ ਛੁੱਟੀ ਬਿਤਾਉਣ ਲਈ ਪਹੁੰਚ ਚੁੱਕਾ ਸੀ। ਉਸ ਦੀ ਪੋਸਟਿੰਗ ਹੁਣ ਡਗਸ਼ਈ ਸੀ, । ਜਿੱਥੇ ਉਸ ਨੂੰ ਫੈਮਿਲੀ ਕਵਾਰਟਰ ਮਿਲ ਗਿਆ ਸੀ। ਰਾਮੇਸ਼ਵਰ ਵਾਲ਼ੇ ਕਵਾਰਟਰ ਦੀ ਚਾਬੀ ਉਸ ਨੇ ਵੀਰ ਜੀ ਰਾਮ ਸਿੰਘ ਦੇ ਹਵਾਲ਼ੇ ਕੀਤੀ ਤੇ ਗੱਡੀ ਫੜ ਕੇ ਦੋਰਾਹੇ ਆ ਪੁੱਜਾ। ਉਸ ਦੀ ਬੇਬੇ ਨੇ ਦੱਸਿਆ ਕਿ ਬੇਅੰਤ ਤਾਂ ਕਈ ਦਿਨਾਂ ਦਾ ਸਤਿੰਦਰਪਾਲ ਸਮੇਤ ਸਹੁਰੀਂ ਬੈਠਾ ਸੀ। ਉਸ ਨੂੰ ਇਸ ਗੱਲ ਦਾ ਬੜਾ ਦੁੱਖ ਹੋਇਆ ਕਿ ਚਾਰ ਪੁੱਤਾਂ ਦੇ ਹੁੰਦਿਆਂ ਉਸ ਦੀ ਬੇਬੇ ਉੱਥੇ ਇਕੱਲੀ ਹੱਥ ਫੂਕਦੀ ਸੀ ਤੇ ਇਕਲਾਪਾ ਹੰਢਾਉਂਦੀ ਸੀ। ਭਾਗਵੰਤੀ ਦੇ ਚਿਹਰੇ ਵਿਚ ਪੈ ਰਹੀਆਂ ਝੁਰੜੀਆਂ ਦੇਖ ਕੇ ਉਹ ਫਿਕਰਮੰਦ ਹੋ ਗਿਆ ਤੇ ਸੋਚਣ ਲੱਗਾ ਕਿ ਜੇ ਉੱਥੇ ਪੰਜਾਬ ਵਿਚ ਹੀ ਉਸ ਨੂੰ ਕੋਈ ਢੰਗ ਦੀ ਨੌਕਰੀ ਮਿਲ ਜਾਵੇ ਤਾਂ ਉਹ ਆਗਰੇ ਨੂੰ ਸਦਾ ਲਈ ਅਲਵਿਦਾ ਕਹਿ ਦੇਵੇਗਾ। ਦੋਰਾਹੇ ਪੁੱਜ ਕੇ ਉਸ ਨੇ ਆਪਣਾ ਸਾਰਾ ਧਿਆਨ ਇਸੇ ਗੱਲ ਉੱਤੇ ਕੇਂਦਰਤ ਕਰ ਦਿੱਤਾ ਕਿ ਨਿੱਤ ਸਾਰੇ ਅਖ਼ਬਾਰ ਪੜ੍ਹ ਕੇ ਨੌਕਰੀਆਂ ਦੇ ਇਸ਼ਤਿਹਾਰ ਲੱਭੇ ਤੇ ਅਪਲਾਈ ਕਰੇ।

ਉਨ੍ਹਾਂ ਦਾ ਗੁਆਂਢੀ ਮੱਦੀ ਘੜੀਸਾਜ਼ ਦੇਵ ਦਾ ਦੋਸਤ ਸੀ। ਉਹ ਉਸ ਦੀ ਦੁਕਾਨ ਤੇ ਬੈਠ ਆਪਣਾ ਟਾਈਮ ਪਾਸ ਕਰਦਾ। ਉਹ ਕਿਸੇ ਗਾਹਕ ਨੂੰ ਘੜੀ ਵੇਚਦਾ ਜਾਂ ਠੀਕ ਕਰਦਾ ਤਾਂ ਗਾਹਕ ਦੇ ਜਾਣ ਮਗਰੋਂ ਦੇਵ ਨੂੰ ਦੱਸ ਦਿੰਦਾ ਕਿ ਉਸ ਨੇ ਉਸਨੂੰ ਕਿੰਨੇ ਰੁਪਏ ਵਿਚ

ਰਗੜਿਆ ਸੀ। ਉਸ ਨੂੰ ਤਾਂ ਹਰ ਰੋਜ਼ ਸੌ ਰੁਪਏ ਤੋਂ ਵੀ ਵੱਧ ਆਮਦਨ ਹੋ ਜਾਂਦੀ। ਉਹ ਆਪਣੀਆਂ ਬੈਂਕਾਂ ਦੀਆਂ ਕਾਪੀਆਂ ਵੀ ਦੇਵ ਨੂੰ ਦਿਖਾਉਂਦਾ ਰਹਿੰਦਾ ਜਿਨ੍ਹਾਂ ਵਿਚ ਹਜ਼ਾਰਾਂ ਰੁਪਏ ਜਮ੍ਹਾਂ ਹੁੰਦੇ। ਉਸ ਵੱਲੋਂ ਕੀਤੀ ਗਰੀਬ ਮਾਰ ਦੇਵ ਨੂੰ ਬੜਾ ਸਤਾਉਂਦੀ। ਉਹ ਆਪਣੀ ਬੇਬੇ ਨੂੰ ਦੱਸਦਾ ਤਾਂ ਉਹ ਕਹਿੰਦੀ, ' ਪੁੱਤਾ ਹਰਾਮ ਦੀ ਕਮਾਈ ਬੰਦੇ ਨੂੰ ਡਾਇਣ ਬਣ ਕੇ ਨਿਗਲ਼ ਜਾਂਦੀ ਏ।'

'ਪਰ ਉਸ ਨੂੰ ਤਾਂ ਕੁਝ ਹੁੰਦਾ ਨਹੀਂ। ਮੌਜਾਂ ਕਰਦੇ ਨੇ ਸਾਰੇ।'

'ਦੇਰ ਹੈ ਹਨੇਰ ਨਹੀਂ। ਉਹਦੇ ਕੋਲ਼ ਨਾ ਬੈਠਿਆ ਕਰ।'

ਮੱਦੀ ਨੂੰ ਪਤਾ ਸੀ ਕਿ ਦੇਵ ਇਕ ਚੰਗਾ ਪੇਂਟਰ ਹੈ। ਉਹ ਕਿਸੇ ਸਮੇਂ ਦੁਕਾਨਾਂ ਦੇ ਬੋਰਡ ਵੀ ਲਿਖਦਾ ਰਿਹਾ ਸੀ। ਹੁਣ ਪਹਿਲਾ ਆਰਡਰ ਮੱਦੀ ਦਾ ਹੀ ਮਿਲਿਆ। ਉਸ ਨੇ ਉਸ ਨੂੰ ਫਰੇਮ ਵਿਚ ਲੱਗਾ ਟੀਨ ਦਾ ਬੋਰਡ, ਰੋਗਨ, ਬੁਰਸ਼ ਬਗੈਰਾ ਲਿਆ ਕੇ ਦੇ ਦਿੱਤੇ । ਦੇਵ ਨੇ ਦੋ ਤਿੰਨ ਦਿਨ ਵਿਚ ਹੀ ਉਸ ਦਾ ਬੋਰਡ ਤਿਆਰ ਕਰ ਦਿੱਤਾ, ਜਿਸ ਉੱਤੇ ਅੰਗਰੇਜ਼ੀ ਦੇ ਅੱਖਰ਼ਾ ਵਿਚ ਲਿਖਿਆ ਹੋਇਆ ਸੀ- ਇੰਡੋ ਸਵਿੱਸ ਵਾਚ ਕੰਪਨੀ। ਉਸ ਨੇ ਇਕ ਵੱਡੇ ਸਾਈਜ਼ ਦੇ ਟਾਈਮ ਪੀਸ ਲਾਗੇ ਬੈਠੀ ਇਕ ਖ਼ੂਬਸੂਰਤ ਔਰਤ ਦੀ ਫੋਟੋ ਵੀ ਬਣਾ ਦਿੱਤੀ, ਜੋ ਆਪਣੀ ਬਾਂਹ ਤੇ ਬੰਨ੍ਹੀ ਘੜੀ ਵੀ ਦਿਖਾ ਰਹੀ ਸੀ। ਬੋਰਡ ਐਨਾ ਵਧੀਆ ਬਣਿਆ ਕਿ ਜੋ ਦੇਖੇ ਉਸ ਦੀ ਤਾਰੀਫ਼ ਕਰੇ। ਦੇਵ ਨੇ ਸੋਚਿਆ ਸੀ ਕਿ ਮੱਦੀ ਬੋਰਡ ਲਿਖਣ ਦੇ ਉਸ ਨੂੰ ਦਸ-ਪੰਦਰਾਂ ਰੁਪਏ ਜ਼ਰੂਰ ਦੇਵੇਗਾ, ਪਰ ਉਸ ਨੇ ਰੇਹੜੀ ਵਾਲ਼ੇ ਤੋਂ ਇਕ ਰੁਪਏ ਦੇ ਅਮਰੂਦ ਖੁਆ ਕੇ ਸਾਰ ਦਿੱਤਾ। ਖ਼ੈਰ, ਬੋਰਡ ਲਿਖਣ ਦਾ ਫਾਇਦਾ ਇਹ ਹੋਇਆ ਕਿ ਦੇਵ ਨੂੰ ਨਵੇਂ ਆਰਡਰ ਮਿਲਣੇ ਸ਼ੁਰੂ ਹੋ ਗਏ। ਉਹ ਆਪਣੇ ਗਾਹਕਾਂ ਕੋਲ਼ ਝੂਠ ਮਾਰਦਾ ਕਿ ਉਸ ਨੇ ਆਰਟ ਐਂਡ ਪੇਂਟਿੰਗ ਵਿਚ ਡਿਗਰੀ ਕੀਤੀ ਹੋਈ ਸੀ। ਬੋਰਡ ਲਿਖਣ ਦਾ ਆਰਡਰ ਦੇਣ ਵਾਲ਼ਿਆਂ ਵਿਚ ਬਾਟਾ ਸ਼ੂਅ ਕੰਪਨੀ ਦੀ ਦੁਕਾਨ ਦਾ ਮਾਲਕ ਨਾਹਰ ਸਿੰਘ ਵੀ ਸੀ, ਜਿਸ ਦੀ ਘਰ ਵਾਲ਼ੀ ਖਾਲਸਾ ਸਕੂਲ ਦੀ ਹੈਡ ਮਿਸਟ੍ਰੈਸ ਸੀ। ਉਹ ਚਮਕੌਰ ਸਾਹਿਬ ਲਾਗੇ ਲੁਠੇੜੀ ਪਿੰਡ ਦਾ ਹੋਣ ਕਰਕੇ ਦੇਵ ਦਾ ਪਹਿਲਾਂ ਹੀ ਵਾਕਿਫ਼ ਸੀ। ਉਹ ਬੋਰਡ ਲਿਖਵਾਉਣ ਦਾ ਆਰਡਰ ਦੇਣ ਆਇਆ ਦੇਵ ਨੂੰ ਇਹ ਸਭ ਕੁਝ ਯਾਦ ਕਰਵਾਉਣ ਲੱਗਾ। ਇਹ ਵੀ ਕਿਹਾ ਕਿ ਉਹ ਉਸ ਦਾ ਜਾਤ ਭਾਈ ਸੁਨਿਆਰ ਸੀ। ਉਸ ਨੇ ਦੱਸਿਆ ਕਿ ਉਸ ਦੀਆਂ ਦੋ ਕੁੜੀਆਂ ਐਮ. ਏ. ਕਰ ਰਹੀਆਂ ਸਨ। ਨਾਹਰ ਸਿੰਘ ਨੂੰ ਦੇਵ ਨੇ ਬਿਸਕੁਟਾਂ ਨਾਲ਼ ਚਾਹ ਪਿਲਾਈ। ਉਸ ਨੇ ਬੋਰਡ ਦਾ ਨਮੂਨਾ ਦੇਵ ਨੂੰ ਸਮਝਾ ਦਿੱਤਾ ਤੇ ਪੁੱਛਿਆ, ' ਕਾਕਾ ਜੀ ਕਿੰਨੇ ਪੈਸੇ ਦਿਆਂ?'

'ਜੀ ਬਿਲਕੁਲ ਮੁਫਤ ਬਣਾਵਾਂਗਾ ਤੁਹਾਡਾ ਬੋਰਡ ਤਾਂ ਮੈਂ। ਜੇ ਪਸੰਦ ਆ ਗਿਆ ਤਾਂ ਘਰ ਬੁਲਾ ਕੇ ਚਾਹ ਪਿਆ ਦੇਣੀ।' ਦੇਵ ਹੱਸਿਆ।

'ਤੁਸੀਂ ਹੋਰ ਕਿਤੇ ਵੀ ਕੰਮ ਕਰਦੇ ਹੋ?'

'ਜੀ ਅਜੇ ਤਾਂ ਐਮ. ਐਸਸੀ. ਦੇ ਪੇਪਰ ਦੇ ਕੇ ਆਇਆ ਹਾਂ। ਨੌਕਰੀ ਦੀ ਤਲਾਸ਼ ਹੈ।'

'ਤੁਸੀਂ ਮੇਰੀ ਵਾਈਫ਼ ਨੂੰ ਮਿਲੋ। ਉਹ ਤੁਹਾਨੂੰ ਕਿਤੇ ਨਾ ਕਿਤੇ ਮਾਸਟਰ ਲੁਆ ਦੂ।'

ਉਹ ਘਰੋਂ ਗਿਆ ਤਾਂ ਭਾਗਵੰਤੀ ਹੱਸੀ ਤੇ ਬੋਲੀ, 'ਟੁੱਟ ਪੈਣਿਆਂ ਚਾਹ ਪੀਣ ਜਾਣਾ ਏਂ ਕਿ ਉਹਦੀਆਂ ਕੁੜੀਆਂ ਦੇਖਣ?'

'ਦੋਨੋਂ ਕੰਮ ਹੋ ਜਾਣਗੇ ਬੇਬੇ।' ਉਹ ਹੱਸਿਆ।

'ਇਕ ਗੱਲ ਏ ਪਰ... ਉਹ ਟੌਂਕ ਨੇ। ਉਹ ਨਿਆਰੀਏ ਹੁੰਦੇ ਨੇ। ਸੁਨਿਆਰਾਂ ਦੀਆਂ ਦੁਕਾਨਾਂ ਤੋਂ ਬਾਹਰ ਨਾਲੀਆਂ ਫਰੋਲਣ ਵਾਲ਼ੇ ਤੇ ਸੁਆਹ ਖਰੀਦਣ ਵਾਲ਼ੇ।'

'ਚੱਲ ਕੁੜੀਆਂ ਤਾਂ ਪੜ੍ਹੀਆਂ ਲਿਖੀਆਂ ਨੇ ਕੋਈ ਟੌਂਕ ਨੀ ਅੜਦਾ। ਜੇ ਲੋਟ ਹੋਈ ਤੋਰ ਲਵਾਂਗੇ ਗੱਲ।'

ਟ੍ਰਿਬਿਊਨ ਅਖ਼ਬਾਰ ਵਿਚ ਇਕ ਇਸ਼ਤਿਹਾਰ ਛਪਿਆ ਕਿ ਐਫ. ਸੀ. ਆਈ. ਮਹਿਕਮੇ ਵਿਚ ਗੋਡਾਊਨ ਕੀਪਰ ਦੀਆਂ ਦਸ ਅਸਾਮੀਆਂ ਭਰੀਆਂ ਜਾਣੀਆਂ ਸਨ। ਦੇਵ ਨੇ ਅਪਲਾਈ ਕਰ ਦਿੱਤਾ। ਛੇਤੀ ਹੀ ਇੰਟਰਵਿਊ ਵੀ ਆ ਗਈ। ਲੁਧਿਆਣੇ ਜਗਰਾਉਂ ਰੋਡ ਉੱਤੇ ਐਫ. ਸੀ. ਆਈ. ਦਾ ਦਫ਼ਤਰ ਸੀ, ਜਿੱਥੇ ਜਨਰਲ ਮੈਨੇਜਰ ਅਤੇ ਤਿੰਨ ਹੋਰ ਅਫ਼ਸਰਾਂ ਨੇ ਉਸਦੀ ਇੰਟਰਵਿਊ ਲਈ। ਵੀਹ ਕੁ ਉਮੀਦਵਾਰ ਪੁੱਜੇ ਸਨ। ਮੈਰਿਟ ਵਿਚ ਦੇਵ ਦਾ ਪਹਿਲਾ ਨੰਬਰ ਸੀ। ਸਭ ਤੋਂ ਪਹਿਲਾਂ ਉਸੇ ਨੂੰ ਸੱਦਿਆ ਗਿਆ। ਸਾਰਿਆਂ ਨੂੰ ਗੁੱਡ ਮਾਰਨਿੰਗ ਕਹਿ ਕੇ ਉਹ ਸਾਮ੍ਹਣੇ ਪਈ ਚੇਅਰ ਤੇ ਬੈਠ ਗਿਆ। ਉਹ ਪੰਜਾਬੀ ਵਿਚ ਸਵਾਲ ਪੁੱਛਣ ਦੇਵ ਅੰਗਰੇਜ਼ੀ ਵਿਚ ਜਵਾਬ ਦਈ ਜਾਵੇ।

'ਤੁਸੀਂ ਪੰਜਾਬੀ ਨਹੀਂ ਜਾਣਦੇ?' ਇਕ ਜਣਾ ਹੱਸ ਕੇ ਬੋਲਿਆ।

'ਜਾਣਦਾ ਹਾਂ ਸਰ। ਪੰਜਾਬੀ ਤਾਂ ਮੇਰੀ ਮਾਂ ਬੋਲੀ ਏ। ਹਿੰਦੀ ਅਤੇ ਉਰਦੂ ਵੀ ਮੈਂ ਜਾਣਦਾ ਹਾਂ।'

'ਜੇ ਤੁਹਾਨੂੰ ਇਹ ਨੌਕਰੀ ਦੇ ਦੇਈਏ ਤਾਂ ਛੱਡ ਕੇ ਤਾਂ ਨਹੀਂ ਭੱਜੋਗੇ?'

'ਜਿੰਨੀ ਦੇਰ ਇਸ ਤੋਂ ਚੰਗੀ ਨੌਕਰੀ ਨਹੀਂ ਮਿਲਦੀ, ਉੰਨੀ ਦੇਰ ਤਾਂ ਨਹੀਂ ਭੱਜਾਂਗਾ ਸਰ।'

'ਤੁਹਾਨੂੰ ਤਿੰਨ ਗੁਦਾਮਾਂ ਦਾ ਚਾਰਜ ਮਿਲੇਗਾ। ਪੂਰੀ ਨਿਗਰਾਨੀ ਰੱਖਣੀ ਹੋਵੇਗੀ। ਫੀਲਡ ਵਿਚ ਵੀ ਕੰਮ ਕਰਨਾ ਪਵੇਗਾ। ਚੌਂਕੀਦਾਰ ਤੁਹਾਡੇ ਅੰਡਰ ਹੋਣਗੇ। ਕਿਤੇ ਚੋਰੀ ਹੁੰਦੀ ਹੈ, ਹੇਰਾਫੇਰੀ ਹੁੰਦੀ ਹੈ, ਮੁਆਵਜ਼ਾ ਤੁਹਾਨੂੰ ਭਰਨਾ ਪਵੇਗਾ। ਲਵੋਂਗੇ ਜ਼ਿੰਮੇਵਾਰੀ?'

'ਨੌਕਰੀ ਕੀ ਤੇ ਨਖ਼ਰਾ ਕੀ। ਜ਼ਿੰਮੇਵਾਰੀ ਤਾਂ ਲਵਾਂਗਾ ਹੀ ਸਰ। ਰੋਟੀ ਖਾਣੀ ਹੈ। ਬੁੱਢੀ ਮਾਂ ਨੂੰ ਖੁਆਉਣੀ ਹੈ। ਜੇ ਤੁਸੀਂ ਮੇਰੀ ਪਿੱਠ ਤੇ ਹੋਏ ਤਾਂ ਕਿਸੇ ਨੂੰ ਅਨਾਜ ਦਾ ਇਕ ਦਾਣਾ ਵੀ ਨਹੀਂ ਖਾਣ ਦਿਆਂਗਾ ਤੇ ਨਾ ਹੀ ਕਦੀ ਸਰਕਾਰੀ ਅਨਾਜ ਦਾ ਦਾਣਾ ਆਪਣੇ ਘਰ ਵਾੜਾਂਗਾ। ਤਨਦੇਹੀ ਨਾਲ਼ ਕੰਮ ਕਰਾਂਗਾ।' ਦੇਵ ਨੇ ਕਿਹਾ ਤਾਂ ਸਾਰੇ ਹੱਸਣ ਲੱਗੇ।

'ਤੁਹਾਡਾ ਵਿਆਹ ਹੋ ਚੁੱਕਾ?'

'ਬੇਰੁਜ਼ਗਾਰ ਨੂੰ ਕੌਣ ਧੀ ਦੇਵੇਗਾ ਸਰ? ਤੁਸੀਂ ਨੌਕਰੀ ਦਵੋ, ਅਗਲਾ ਧੀ ਵੀ ਦੇ ਦੇਵੇਗਾ।' ਉਹ ਦੀ ਗੱਲ ਸੁਣ ਕੇ ਇਕ ਵਾਰੀ ਫਿਰ ਸਾਰੇ ਹੱਸੇ।

'ਕਣਕ ਅਤੇ ਜ਼ੀਰੀ ਰੇਲਵੇ ਸਟੇਸ਼ਨਾਂ ਤੋਂ ਬੋਰੀਆਂ ਦੀ ਗਿਣਤੀ ਕਰ ਕੇ ਦੂਜੇ ਰਾਜਾਂ ਨੂੰ ਡੈਸਟੀਨੇਟ ਕਰਨੀ ਪਵੇਗੀ। ਪਹੁੰਚ ਤੱਕ ਤੁਹਾਡੀ ਜ਼ੁੰਮੇਵਾਰੀ ਹੋਵੇਗੀ।'

ਦੇਵ ਇਹ ਗੱਲ ਸੁਣ ਕੇ ਚਕਰਾ ਗਿਆ। ਰੇਲਵੇ ਸਟੇਸ਼ਨ ਤੋਂ ਬੋਗੀਆਂ ਭਰ ਕੇ ਗੇਟਾਂ ਤੇ ਸੀਲ ਲਾਉਣ ਮਗਰੋਂ ਉਹ ਪਹੁੰਚ ਦਾ ਜਿੰਮੇਵਾਰ ਕਿਵੇਂ ਬਣਦਾ? ਉਹ ਪਲ ਭਰ ਸੋਚ ਕੇ ਬੋਲਿਆ, 'ਸਰ ਜੇ ਨੌਕਰੀ ਦਵੋਗੇ ਤਾਂ ਡਰਾਇਵਰ ਦੇ ਨਾਲ਼ ਬੈਠ ਕੇ ਮਾਲ ਗੱਡੀ ਵਿਚ ਹੀ ਚਲਾ ਜਾਇਆ ਕਰਾਂਗਾ।'

ਦੇਵ ਨੂੰ ਸੁਣਦੀ ਸਾਰ ਸਾਰੇ ਮੁੜ ਹੱਸ ਪਏ। ਜਨਰਲ ਮੈਨੇਜ਼ਰ ਬੋਲਿਆ, 'ਠੀਕ ਏ ਮਿਸਟਰ ਦੇਵ। ਯੂ ਆਰ ਸਿਲੈਕਟਡ। ਅਜੇ ਤੁਹਾਨੂੰ ਉੱਕਾ-ਪੁੱਕਾ ਢਾਈ ਸੌ ਰੁਪਏ ਮਿਲਣਗੇ। ਸਟੇਸ਼ਨ ਦੱਸੋ ਕਿਹੜਾ ਲੈਣਾ ਚਾਹੁੰਦੇ ਹੋ?'

ਦੇਵ ਖੁਸ਼ ਹੋ ਗਿਆ ਤੇ ਬੋਲਿਆ, 'ਦੋਰਾਹੇ ਦਾ ਵਾਸੀ ਹਾਂ ਸਰ। ਸਟੇਸ਼ਨ ਜਿਹੜਾ ਮਰਜ਼ੀ ਦੇ ਦਿਓ।'

'ਠੀਕ ਏ, ਕੱਲ੍ਹ ਸਵੇਰੇ ਦੋਰਾਹੇ ਦਸ ਵਜੇ ਦਾਣਾ ਮੰਡੀ ਵਿਚ ਕੁਆਲਿਟੀ ਇੰਸਪੈਕਟਰ ਮਿਸਟਰ ਜੇ. ਐਲ. ਰਾਵਤ ਕੋਲ਼ ਹਾਜ਼ਰੀ ਰਿਪੋਰਟ ਦਵੋ। ਤੁਹਾਨੂੰ ਨਿਯੁਕਤੀ ਪੱਤਰ ਦੇ ਕੇ ਮੈਨੂੰ ਖੁਸ਼ੀ ਹੋ ਰਹੀ ਏ। ਮੈਂ ਚਾਹੁੰਦਾ ਹਾਂ ਤੁਸੀਂ ਜ਼ਿੰਦਗੀ ਵਿਚ ਤਰੱਕੀ ਦੀਆਂ ਟੀਸੀਆਂ ਛੂਹੋ।' ਜਨਰਲ ਮੈਨੇਜਰ ਨੇ ਖੜਾ ਹੋ ਕੇ ਦੇਵ ਵੱਲ ਹੱਥ ਵਧਾਇਆ, ਜਿਸ ਨੂੰ ਦੇਵ ਨੇ ਝੁਕ ਕੇ ਦੋਨਾਂ ਹੱਥਾਂ ਨਾਲ਼ ਘੁੱਟ ਲਿਆ। ਉਹ ਕਲਕਰ ਦੇ ਦਫ਼ਤਰ ਚੋਂ ਨਿਯੁਕਤੀ ਪੱਤਰ ਲੈਣ ਗਿਆ ਤਾਂ ਇੰਟਰਵਿਊ ਲੈਣ ਵਾਲ਼ਾ ਇਕ ਅਧਿਕਾਰੀ ਉਸ ਲਾਗੇ ਆ ਗਿਆ ਤੇ ਬੋਲਿਆ, 'ਮਿਸਟਰ ਦੇਵ ਤੈਨੂੰ ਤਿੰਨ ਗੱਲਾਂ ਦੱਸਦਾਂ ਹਾਂ। ਪਹਿਲੀ ਤਾਂ ਇਹ ਹੈ ਕਿ ਇਸ ਮਹਿਕਮੇ' ਚੋਂ ਉਹੀ ਬੰਦੇ ਰਿਟਾਇਰ ਹੁੰਦੇ ਨੇ, ਜੋ ਦਾਰੂ ਨਹੀਂ ਪੀਂਦੇ।'

'ਜੀ ਬਾਕੀ ਰਿਟਾਇਰ ਕਿਉਂ ਨੀਂ ਹੁੰਦੇ?'

'ਉਹ ਰਿਟਾਇਰਮੈਂਟ ਤੋਂ ਪਹਿਲਾਂ ਹੀ ਸਵਰਗ ਸਿਧਾਰ ਜਾਂਦੇ ਨੇ। ਹਰਾਮ ਦਾ ਆਇਆ ਪੈਸਾ ਬੰਦੇ ਵਿਚ ਬੜੇ ਵਕਾਰ ਪੈਦਾ ਕਰ ਦਿੰਦਾ ਏ। ਸਾਡੇ ਮਹਿਕਮੇ ਦਾ ਨਾਂ 'ਸੁੱਸਰੀ ਮਹਿਕਮਾ' ਹੈ। ਜਿਵੇਂ ਕਣਕ ਨੂੰ ਸੁੱਸਰੀ ਲਗਦੀ ਹੈ, ਉਵੇਂ ਮੁਲਾਜ਼ਮ ਅਫਸਰ ਵੀ ਇਸ ਨੂੰ ਲੱਗੇ ਰਹਿੰਦੇ ਨੇ।' ਕਹਿ ਕੇ ਉਹ ਹੱਸਿਆ। ਉਸ ਨੂੰ ਹੱਸਦਾ ਦੇਖ ਕੇ ਦੇਵ ਵੀ ਹੱਸ ਪਿਆ।

'ਸਰ ਬਾਕੀ ਦੀਆਂ ਦੋ ਗੱਲਾਂ ਵੀ ਦੱਸ ਦਿਓ।'

'ਮੇਰੀ ਪੋਸਟਿੰਗ ਖੰਨੇ ਹੈ। ਕਦੀ ਦਫ਼ਤਰ ਆਓਗੇ ਤਾਂ ਦੱਸਾਂਗਾ।'

ਅਗਲੇ ਦਿਨ ਦੇਵ ਐਫ. ਸੀ. ਆਈ. ਦੇ ਦੋਰਾਹੇ ਵਾਲ਼ੇ ਦਫ਼ਤਰ ਨਿਯੁਕਤੀ ਪੱਤਰ ਲੈ ਕੇ ਪਹੁੰਚ ਗਿਆ। ਮਿਸਟਰ ਰਾਵਤ ਉਸ ਦੀ ਆਮਦ ਤੇ ਬੜਾ ਖੁਸ਼ ਹੋਇਆ। ਉਸ ਕੋਲ਼ ਇਕ ਸਫੇਦ ਕਮੀਜ਼ ਪਜਾਮੇ ਵਾਲ਼ਾ ਸਰਦਾਰ ਹੋਰ ਬੈਠਾ ਸੀ। ਜਿਸ ਨੇ ਢਿੱਲੀ ਜਿਹੀ ਜ਼ਹਿਰ ਮੋਹਰਾ ਪੱਗ ਬੰਨ੍ਹੀ ਹੋਈ ਸੀ। ਹੱਥ ਵਿਚ ਸੋਨੇ ਦਾ ਮੋਟਾ ਕੜਾ ਪਾਇਆ ਹੋਇਆ ਸੀ। ਰਾਵਤ ਨੇ ਉਸ ਨਾਲ਼ ਦੇਵ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ, 'ਇਹ ਸਰਦਾਰ ਅਜਾਇਬ ਸਿੰਘ ਆੜ੍ਹਤੀ ਹਨ। ਇਹ ਆਪਣੇ ਮਹਿਕਮੇ ਨਾਲ਼ ਅਟੈਚਡ ਨੇ। ਕਣਕ ਦੀ ਸਾਰੀ ਖਰੀਦ ਆਪਾਂ ਰਲ਼ ਕੇ ਕਰਨੀ ਹੈ।'

ਦੇਵ ਨੇ ਅਜਾਇਬ ਸਿੰਘ ਨਾਲ਼ ਹੱਥ ਮਿਲਾਇਆ ਤੇ ਉਹ ਗੱਲਾਂ ਕਰਨ ਲੱਗੇ। ਗੱਲਾਂ

ਗੱਲਾਂ ਵਿਚ ਹੀ ਦੇਵ ਦੇ ਜੀਜੇ ਪਰੇਮ ਦਾ ਜ਼ਿਕਰ ਪਤਾ ਨਹੀਂ ਕਿਵੇਂ ਆ ਗਿਆ ਕਿ ਅਜਾਇਬ ਸਿੰਘ ਨੇ ਦੇਵ ਨੂੰ ਜੱਫ਼ੀ ਪਾ ਲਈ ਤੇ ਬੋਲਿਆ, 'ਪਰੇਮ ਤਾਂ ਮੇਰਾ ਲੰਗੋਟੀਆ ਯਾਰ ਏ। ਆਪਾਂ ਤਾਂ ਘਰ ਦੇ ਬੰਦੇ ਹੀ ਨਿਕਲ਼ ਆਏ।'

ਇਹ ਹੋਰ ਵੀ ਖੁਸ਼ੀ ਦੀ ਗੱਲ ਸੀ ਕਿ ਉਸੇ ਦਿਨ ਬੇਅੰਤ ਤੇ ਸਤਿੰਦਰਪਾਲ ਵੀ ਬੇਅੰਤ ਦੇ ਸਹੁਰਿਆਂ ਤੋਂ ਵਾਪਸ ਆ ਗਏ। ਉਸ ਨੂੰ ਭਾਗਵੰਤੀ ਤੋਂ ਦੇਵ ਦੀ ਨੌਕਰੀ ਲੱਗਣ ਦਾ ਪਤਾ ਲੱਗਾ ਤਾਂ ਉਹ ਉਸ ਨੂੰ ਵਧਾਈ ਦੇਣ ਲਈ ਦਾਣਾ ਮੰਡੀ ਪਹੁੰਚ ਗਿਆ। ਬੇਅੰਤ ਸ਼ਾਮ ਦਾ ਪ੍ਰੋਗਰਾਮ ਬਣਾਉਣ ਲਈ ਕਹਿ ਕੇ ਵਾਪਸ ਘਰ ਚਲਾ ਗਿਆ। ਦੇਵ ਦਾ ਇਹ ਦਫ਼ਤਰ ਚੁਬਾਰੇ ਵਿਚ ਸੀ। ਫਰਸ਼ ਉੱਤੇ ਇਕ ਪਾਸੇ ਕਰ ਕੇ ਮੋਟੇ ਗੱਦੇ ਵਿਛਾ ਕੇ ਗੋਲ਼ ਸਿਰਹਾਣੇ ਰੱਖੇ ਹੋਏ ਸਨ। ਇਕ ਵੱਡੇ ਮੇਜ਼ ਦੁਆਲ਼ੇ ਕੁਝ ਕੁਰਸੀਆਂ ਪਈਆਂ ਸਨ। ਇਕ ਕੋਨੇ ਵਿਚ ਤਿੰਨ-ਚਾਰ ਅਲਮਾਰੀਆਂ ਸਨ। ਉਨ੍ਹਾਂ ਨੇ ਹੇਠ ਆ ਕੇ ਕਣਕ ਦੀਆਂ ਕੁਝ ਢੇਰੀਆਂ ਦੀ ਖਰੀਦ ਕੀਤੀ ਤੇ ਪੱਲੇਦਾਰਾਂ ਨੂੰ ਬੋਰੀਆਂ ਭਰ ਭਰ ਤੋਲਣ ਤੇ ਸਿਊਣ ਲਾ ਦਿੱਤਾ। ਦੋਨੋਂ ਚੌਕੀਦਾਰ ਵੀ ਸੋਹਣੇ ਲੀੜੇ ਪਾਈ ਅਫ਼ਸਰਾਂ ਦੇ ਵਾਂਗ ਹੱਸ-ਹੱਸ ਗੱਲਾਂ ਕਰ ਰਹੇ ਸਨ। ਪੱਲੇਦਾਰ ਆਪਸ ਵਿਚ ਗੰਦੀਆਂ ਗਾਹਲਾਂ ਕੱਢ ਕੱਢ ਖੁਸ਼ ਹੋ ਰਹੇ ਸਨ। ਇਕ ਨੇ ਤਾਂ ਦੂਜੇ ਨੂੰ ਬੜੀ ਅਜੀਬ ਗਾਹਲ ਕੱਢੀ। ਉਹ ਬੋਲਿਆ, 'ਮੈਂ ਭੈਣ... ਨੀ ਹੋਵਾਂਗਾ ਜੇ ਮੁੜ ਕੇ ਤੈਥੋਂ ਸਾਇਕਲ ਮੰਗਾਂ।'

ਦੇਵ ਪ੍ਰੇਸ਼ਾਨ ਹੋਇਆ ਕਿ ਉਹ ਕੈਸੇ ਜਾਹਲ ਲੋਕਾਂ ਵਿਚ ਆ ਫਸਿਆ ਸੀ। ਇਕ ਚੌਂਕੀਦਾਰ ਪਸ਼ੌਰਾ ਮਾਦਪੁਰ ਪਿੰਡ ਦਾ ਹਰੀਜਨਾਂ ਦਾ ਮੁੰਡਾ ਸੀ। ਉਸ ਕੋਲ਼ ਲਮਰੇਟਾ ਸਕੂਟਰ ਸੀ ਤੇ ਉਸ ਨੇ ਪਿੰਡ ਆਪਣੀ ਕੋਠੀ ਪਾਈ ਹੋਈ ਸੀ। ਉਸ ਦੇ ਚਾਚੇ ਦੀ ਖੁਰਦਾ ਬਜ਼ਾਰ ਵਿਚ ਜੁੱਤੀਆਂ ਦੀ ਦੁਕਾਨ ਸੀ। ਜਦੋਂ ਦੇਵ ਨੇ ਉਸ ਨੂੰ ਦੱਸਿਆ ਕਿ ਉਸ ਦੁਕਾਨ ਦਾ ਬੋਰਡ ਉਸ ਨੇ ਲਿਖਿਆ ਸੀ ਤਾਂ ਉਹ ਬੜਾ ਖੁਸ਼ ਹੋਇਆ। ਉਸ ਨੇ ਦੱਸਿਆ ਕਿ ਜੁੱਤੀਆਂ ਗੰਢਦੇ ਰਵਿਦਾਸ ਭਗਤ ਜੀ ਦੀ ਜੋ ਫੋਟੋ ਦੇਵ ਨੇ ਬਣਾਈ ਸੀ, ਉਨੀਂ ਵਧੀਆ ਉਸ ਨੇ ਪਹਿਲਾਂ ਕਦੀ ਨਹੀਂ ਸੀ ਦੇਖੀ। ਗੱਲਾਂ ਗੱਲਾਂ ਵਿਚ ਹੀ ਉਸ ਨੇ ਦੇਵ ਨੂੰ ਦੱਸਿਆ ਕਿ ਉਹ ਉਸ ਨੂੰ ਆਪਣੇ ਲਮਰੇਟੇ ਤੇ ਸਕੂਟਰ ਚਲਾਉਣਾ ਸਿਖਾ ਦੇਵੇਗਾ ਤਾਂ ਦੇਵ ਬੜਾ ਖੁਸ਼ ਹੋਇਆ। ਜੇ ਉਹ ਸਕੂਟਰ ਸਿੱਖ ਗਿਆ ਤਾਂ ਇਕ ਦਿਨ ਪਸ਼ੌਰੇ ਤੋਂ ਉਧਾਰਾ ਲੈ ਕੇ ਉਹ ਆਪਣੇ ਮਾਮੇ ਘਨ੍ਹੱਈਏ ਕੋਲ਼ ਸਲਾਹਪੁਰ ਜਾਕੇ ਆਵੇਗਾ ਤਾਂ ਲੋਕ ਉਸਨੂੰ ਦੇਖ ਕੇ ਹੈਰਾਨ ਰਹਿ ਜਾਣਗੇ। ਦੋ ਕੁ ਵਜੇ ਉਹ ਮੁੜ ਦਫ਼ਤਰ ਵਿਚ ਆ ਬੈਠੇ। ਦੇਵ ਨੇ ਰਾਵਤ ਤੋਂ ਪੁੱਛਿਆ, 'ਸਰ ਮੈਂ ਰੋਟੀ ਖਾ ਆਵਾਂ?'

'ਰੋਟੀ ਕਿੱਥੇ ਖਾਣੀ ਏਂ?'

'ਸਰ, ਨੇੜੇ ਹੀ ਤਾਂ ਮੇਰਾ ਘਰ ਏ। ਬੇਬੇ ਉਡੀਕਦੀ ਹੋਊ।'

'ਨਹੀਂ ਰੋਟੀ ਐਥੇ ਹੀ ਆ ਰਹੀ ਏ। ਅੱਜ ਹੀ ਘਰ ਮਦਰ ਨੂੰ ਕਹਿ ਦੇਣਾ ਕਿ ਦੁਪਹਿਰ ਦੀ ਰੋਟੀ ਮੰਡੀ ਵਿਚ ਹੀ ਖਾਇਆ ਕਰਾਂਗੇ।'

ਚੌਂਕੀਦਾਰ ਜਿਸ ਦਾ ਨਾਂ ਗੁਲਜ਼ਾਰਾ ਸੀ, ਵੱਡੇ ਵੱਡੇ ਟਿਫ਼ਨਾਂ ਵਿਚ ਦਾਲ਼, ਮੀਟ, ਰੋਟੀ, ਰਿਐਤਾ, ਸਲਾਦ ਬਗੈਰਾ ਭਰ ਲਿਆਇਆ ਤੇ ਉਸਦਾ ਸਾਥੀ ਪਸ਼ੌਰਾ ਛੇ ਬੀਅਰਾਂ।

'ਲਓ ਜੀ ਦੇਵ ਜੀ, ਖੋਲ੍ਹੋ ਕਾਰਕ ਤੁਹਾਨੂੰ ਵੈਲਕਮ ਕਰੀਏ।' ਅਜਾਇਬ ਸਿੰਘ ਨੇ ਬੀਅਰ ਦੀ ਬੋਤਲ ਤੇ ਚਾਬੀ ਉਸ ਵੱਲ ਵਧਾਉਂਦਿਆਂ ਕਿਹਾ। ਦੇਵ ਦੇ ਦਿਮਾਗ ਵਿਚ ਇਕ ਦਮ ਜਿਵੇਂ ਬਿਜਲੀ ਲਿਸ਼ਕੀ ਤੇ ਇੰਟਰਵਿਊ ਲੈਣ ਵਾਲ਼ਾ ਉਹ ਅਫ਼ਸਰ ਦਿਖਾਈ ਦਿੱਤਾ ਜਿਸ ਨੇ ਕਿਹਾ ਸੀ ਕਿ ਉਸ ਮਹਿਕਮੇ ਵਿੱਚੋਂ ਉਹੀ ਬੰਦੇ ਰਿਟਾਇਰ ਹੁੰਦੇ ਨੇ, ਜਿਹੜੇ ਦਾਰੂ ਨਹੀਂ ਪੀਂਦੇ।

'ਜੀ ਮੈਂ ਤਾਂ ਪੀਂਦਾ ਨਹੀਂ।' ਦੇਵ ਨੇ ਕਿਹਾ ਤਾਂ ਰਾਵਤ ਬੜਾ ਹੈਰਾਨ ਹੋਇਆ ਕਿ ਦੇਵ ਤਾਂ ਬੀਅਰ ਵੀ ਨਹੀਂ ਸੀ ਪੀ ਰਿਹਾ।

ਪੇਟ ਭਰ ਖਾਣਾ ਖਾਣ ਮਗਰੋਂ ਦੇਵ ਬਾਹਰ ਲੱਗੀ ਟੂਟੀ ਤੇ ਹੱਥ ਧੋਣ ਗਿਆ ਤਾਂ ਉਸ ਨੇ ਗੁਲਜ਼ਾਰੇ ਤੋਂ ਪੁੱਛਿਆ, 'ਇਹ ਰੋਟੀ, ਮੀਟ, ਬੀਅਰ ਤਾਂ ਬਹੁਤ ਮਹਿੰਗੀ ਪਈ ਹੋਊ। ਹਿਸਾਬ-ਕਿਤਾਬ ਕਿਵੇਂ ਵੰਡਦੇ ਹੋ?'

'ਸਾਰਾ ਖਾਣ-ਪੀਣ ਆੜ੍ਹਤੀਏ ਵੱਲੋਂ ਫਰੀ ਹੁੰਦਾ ਏ ਪੇਂਟਰ ਸਾਹਬ।' ਉਹ ਹੱਸਿਆ।

'ਉਸ ਨੂੰ ਕੀ ਚੱਟੀ ਪਈ ਏ ਕਿ ਪੈਸਾ ਖਰਚ ਕਰੇ?'

'ਸਭ ਜਾਣ ਜਾਓਗੇ ਪੇਂਟਰ ਸਾਹਬ।' ਉਹ ਫਿਰ ਹੱਸਿਆ।

ਉਸ ਨੇ ਦੋਨੋਂ ਵਾਰੀ 'ਪੇਂਟਰ ਸਾਹਬ' ਬੜਾ ਘੋਟ ਕੇ ਕਿਹਾ ਸੀ। ਸ਼ਾਇਦ ਪਸ਼ੌਰੇ ਨੇ ਉਸ ਨੂੰ ਦੁਕਾਨ ਦਾ ਬੋਰਡ ਲਿਖਣ ਵਾਲ਼ੀ ਗੱਲ ਦੱਸ ਦਿੱਤੀ ਹੋਵੇਗੀ।

ਘਰ ਜਾ ਕੇ ਦੇਵ ਨੇ ਬੇਅੰਤ ਨੂੰ ਸਾਰੀ ਗੱਲ ਦੱਸੀ ਤਾਂ ਉਹ ਬੋਲਿਆ, ' ਬੱਲੇ ਉਇ ਤੇਰੇ ਪ੍ਰੋਫੈਸਰਾ, ਤੂੰ ਵੀ ਕਮਲਾ ਹੀ ਏਂ। ਮੁਫ਼ਤ ਵਿਚ ਕੀ ਕਹਿੰਦੀ ਸੀ ਬੀਅਰ?'

'ਮੈਨੂੰ ਬੀਅਰ ਚੰਗੀ ਹੀ ਨਹੀਂ ਲੱਗਦੀ, ਜਿਵੇਂ ਹੁੱਕੇ ਦਾ ਪਾਣੀ ਹੁੰਦਾ ਏ।' ਦੇਵ ਨੇ ਹੱਸਕੇ ਕਿਹਾ।

ਸ਼ਾਮ ਨੂੰ ਦੇਵ ਬਜ਼ਾਰ ਦਾ ਗੇੜਾ ਲਾ ਕੇ ਘਰ ਪੁੱਜਾ ਤਾਂ ਬੇਅੰਤ ਨੇ ਦੱਸਿਆ ਕਿ ਕੋਈ ਗੁਲਜ਼ਾਰ ਨਾਂ ਦਾ ਬੰਦਾ ਕੁਅੰਟਲ ਕੁਅੰਟਲ ਦੀਆਂ ਕਣਕ ਦੀਆਂ ਤਿੰਨ ਬੋਰੀਆਂ ਸੁੱਟ ਗਿਆ ਸੀ, ਕਹਿੰਦਾ ਸੀ ਸਰਦਾਰ ਅਜਾਇਬ ਸਿੰਘ ਨੇ ਭੇਜੀਆਂ ਨੇ।'

'ਮੈਂ ਤਾਂ ਇਹ ਨਹੀਂ ਲਵਾਂਗਾ। ਇਹ ਤਾਂ ਰਿਸ਼ਵਤ ਲੱਗਦੀ ਏ।' ਦੇਵ ਨੇ ਕਿਹਾ।

'ਰਿਸ਼ਵਤ ਤਾਂ ਪੈਸਿਆਂ ਦੀ ਹੁੰਦੀ ਏ ਕਮਲ਼ਿਆ। ਕੋਈ ਖਾਣ-ਪੀਣ ਦੀ ਚੀਜ਼ ਦੇਵੇ ਉਹ ਰਿਸ਼ਵਤ ਨਹੀਂ ਸਗੋਂ ਗਿਫ਼ਟ ਹੁੰਦੀ ਏ। ਕਣਕ ਮੈਂ ਥੈਲਿਆਂ' ਚ ਪਾ ਦਿੱਤੀ। ਕੱਲ੍ਹ ਬੋਰੀਆਂ ਵਾਪਸ ਕਰ ਦਵੀਂ।'

ਦੇਵ ਨੂੰ ਇਸ ਗੱਲ ਦੀ ਬੜੀ ਪਰੇਸ਼ਾਨੀ ਹੋਈ। ਅਗਲੇ ਦਿਨ ਉਸ ਨੇ ਕਣਕ ਭੇਜਣ ਦੀ ਗੱਲ ਰਾਵਤ ਨੂੰ ਦੱਸੀ ਤਾਂ ਉਹ ਬੋਲਿਆ, 'ਮਿਸਟਰ ਦੇਵ, ਆਪਾਂ ਮਹਿਕਮੇ ਦੇ ਮਾਲਕ ਹਾਂ। ਕਿਸੇ ਗਰੀਬ ਦਾ ਗਲ਼ਾ ਕੱਟ ਕੇ ਤਾਂ ਇਹ ਕਣਕ ਆਈ ਨਹੀਂ। ਲੱਖੀ ਕਾਰਖਾਨੇ' ਚੋਂ ਇਕ ਚੁੰਜ ਤੂੰ ਭਰ ਲਈ ਐਥੇ ਕੀ ਘਾਟਾ ਪੈ ਗਿਆ। ਤੂੰ ਮਹਿਕਮੇ ਦਾ ਮੁਲਾਜ਼ਮ ਏਂ, ਕਣਕ ਮੁੱਲ ਖਰੀਦਦਾ?'

ਦੇਵ ਨੂੰ ਗੱਲ ਨਾ ਆਈ। ਪਹਿਲੇ ਦਿਨ ਹੀ ਰਿਸ਼ਵਤ ਦੇ ਆਉਣ ਨਾਲ਼ ਉਸ ਦੀ ਜ਼ਮੀਰ ਕੰਬੀ। ਇਹ ਤਾਂ ਸ਼ਾਹੀ ਮਹਿਕਮਾ ਸੀ, ਉਸ ਨੂੰ ਕਿਵੇਂ ਰਾਸ ਆਵੇਗਾ। ਸੰਸਕਾਰਾਂ

ਵਿਚ ਜੋ ਉਸ ਨੂੰ ਮਿਲਿਆ ਸੀ, ਕੀ ਸਭ ਢਹਿ ਢੇਰੀ ਹੋ ਜਾਵੇਗਾ। ਬੁੰਬ ਤੋਂ ਚੁੱਕਿਆ ਗੰਗਾ ਸਾਗਰ ਤੇ ਗਿਲਾਸ, ਮਾਮੇ ਘਨ੍ਹੱਈਏ ਵੱਲੋਂ ਪਈ ਡਾਂਟ ਉਸ ਨੂੰ ਚੇਤੇ ਆਏ। ਸਾਰੀ ਰਾਤ ਹੀ ਉਹ ਕਰਵਟਾਂ ਬਦਲਦਾ ਰਿਹਾ।

ਥੋੜ੍ਹੇ ਦਿਨਾਂ ਵਿਚ ਹੀ ਉਸ ਨੇ ਕੰਮ ਦਾ ਪੂਰਾ ਭੇਤ ਪਾ ਲਿਆ। ਇਹ ਵੀ ਪਤਾ ਲੱਗ ਗਿਆ ਕਿ ਰਾਵਤ ਮੌਜੀ ਅਤੇ ਅਜਾਇਬ ਸਿੰਘ ਦਰਿਆ ਦਿਲ ਬੰਦਾ ਸੀ। ਆੜ੍ਹਤੀ ਉਨ੍ਹਾਂ ਦੇ ਨਾਲ਼ ਹੀ ਰਹਿੰਦਾ ਤੇ ਨੋਟ ਕੱਢ-ਕੱਢ ਖਰਚੀ ਜਾਂਦਾ। ਰਾਵਤ ਪਾਣੀ ਦੀ ਥਾਂ ਬੀਅਰ ਹੀ ਪੀਂਦਾ। ਉਸ ਨੇ ਹੌਲੀ-ਹੌਲੀ ਸਾਰਾ ਕੰਮ ਦੇਵ ਉਤੇ ਹੀ ਸੁੱਟ ਦਿੱਤਾ। ਦੇਵ ਕਣਕ ਦੀ ਖਰੀਦਦਾਰੀ ਵੀ ਕਰਦਾ, ਬੋਰੀਆਂ ਤੁਲਵਾ ਕੇ, ਸਿਲਾਈ ਕਰਵਾ ਕੇ ਗੁਦਾਮ ਵਿਚ ਵੀ ਪੁਜਾਉਂਦਾ। ਦੋਰਾਹੇ ਅਤੇ ਚਾਵੇ ਦੇ ਰੇਲਵੇ ਸਟੇਸ਼ਨਾ ਤੋਂ ਬੋਗੀਆਂ ਵਿਚ ਦੂਜੇ ਰਾਜਾਂ ਨੂੰ ਭੇਜੀਆਂ ਜਾਣ ਵਾਲੀਆਂ ਬੋਰੀਆਂ ਗਿਣ ਕੇ ਲਦਵਾਉਂਦਾ। ਕਈ ਟਰੱਕ ਡਰਾਇਵਰ ਬੋਰੀਆਂ ਫਾੜ ਕੇ ਟਰੱਕ ਵਿਚ ਕਣਕ ਸੁੱਟ ਲੈਂਦੇ। ਚੌਂਕੀਦਾਰ ਨਿੱਤ ਖ਼ਬਰਾਂ ਲਿਆਉਂਦੇ ਕਿ ਰਾਤ ਐਨੀਆਂ ਬੋਰੀਆਂ ਘੋੜੀਆਂ ਵਾਲ਼ੇ ਚੁੱਕ ਕੇ ਦੌੜ ਗਏ।

'ਤੂੰ ਕੀ ਕਰਦਾ ਸੀ ਉੱਥੇ?' ਦੇਵ ਕੱਪੜਿਆਂ ਤੋਂ ਬਾਹਰ ਹੋ ਜਾਂਦਾ।

'ਦੇਵ ਬਾਬੂ ਬਹੁਤਾ ਔਖਾ ਹੋਣ ਦੀ ਲੋੜ ਨਹੀਂ। ਮੈਂ ਤੈਨੂੰ ਦੱਸ ਦਿੱਤਾ, ਇਹੀ ਗਨੀਮਤ ਸਮਝ।'

'ਇਹ ਚੋਰੀ ਹੈ, ਮੈਂ ਤੇਰੀ ਸ਼ਿਕਾਇਤ ਕਰਾਂਗਾ।'

'ਕਿਸ ਕੋਲ਼ ਕਰੇਂਗਾ ਸ਼ਿਕਾਇਤ ਤੂੰ? ਕੌਣ ਸੁਣੇਗਾ ਤੇਰੀ? ਬਾਬੂ ਬਹੁਤਾ ਨਾ ਤੜਫ। ਦੋ ਬੋਰੀਆਂ ਘਟ ਜਾਣ ਤਾਂ ਚਾਰ ਖੋਲ੍ਹ ਕੇ ਪੂਰੀਆਂ ਕਰਨੀਆਂ ਮੈਨੂੰ ਆਉਂਦੀਆਂ ਨੇ। ਰਲ਼ ਮਿਲ਼ ਕੇ ਚੱਲੇਂਗਾ ਤਾਂ ਠੀਕ ਰਹੂ। ਸ਼ਿਕਾਇਤਾਂ' ਚ ਪਵੇਂਗਾ ਤਾਂ ਮਾਰਿਆ ਜਾਵੇਂਗਾ। ਪਊਆ ਲੁਆ ਮੈਨੂੰ।'

'ਕਿੱਥੋਂ ਲੁਆਵਾਂ ਪਊਆ? ਮੇਰੇ ਪਿਉ ਦਾ ਰਾਜ ਏ?'

'ਪਿਉ ਵਾਲ਼ਾ ਰਾਜ ਹੀ ਏ ਬਾਬੂ। ਤਿੰਨ ਗੁਦਾਮਾਂ ਦਾ ਮਾਲਕ ਏਂ।'

'ਮੈਂ ਚੋਰੀ ਨਹੀਂ ਕਰਾਂਗਾ'

'ਮਹਿਕਮੇ ਵਿਚ ਆਉਣ ਵੇਲ਼ੇ ਕੋਈ ਵੀ ਨੀ ਕਰਦਾ ਬਾਬੂ, ਪਰ ਹੌਲੀ-ਹੌਲੀ ਕਰਨੀ ਪਵੇਗੀ। ਜਿਵੇਂ ਬਾਕੀ ਦੇ ਪਹੀਏ ਘੁੰਮਦੇ ਨੇ ਤੈਨੂੰ ਵੀ ਘੁੰਮਣਾ ਪਵੇਗਾ, ਨਹੀਂ ਘੁੰਮੇਂਗਾ ਤਾਂ ਟੁੱਟ ਕੇ ਡਿਗ ਜਾਵੇਂਗਾ। ਉੱਪਰਲੇ ਮਗਰਮੱਛਾਂ ਦਾ ਢਿੱਡ ਆਪਣੇ ਘਰੋਂ ਭਰੇਂਗਾ?'

'ਮਰ ਜਾਵਾਂਗਾ... ਚੋਰੀ ਕਦੀ ਨਹੀਂ ਕਰਾਂਗਾ।'

'ਫੇਰ ਅਫ਼ਸਰਾਂ ਨੂੰ ਕੀ ਦਵੇਂਗਾ ਟੱਟੂ? ਉਹ ਤੈਨੂੰ ਸਸਪੈਂਡ ਕਰ ਦੇਣਗੇ। ਤੇਰੇ ਤੇ ਗ਼ਬਨ ਦਾ ਕੇਸ ਬਣਾ ਦੇਣਗੇ। ਖਾਵੀਂ ਜੇਲ੍ਹ ਦੀ ਹਵਾ ਤੇ ਭੁਗਤੀਂ ਤਰੀਕਾਂ।'

ਇਹ ਸਾਰੀ ਗੱਲਬਾਤ ਚੌਂਕੀਦਾਰ ਪਸ਼ੌਰੇ ਨਾਲ਼ ਹੋਈ ਸੀ, ਜਿਸ ਨੂੰ ਸਾਰੇ ਟੱਲੀ ਕਹਿੰਦੇ ਸਨ। ਦੇਵ ਦਾ ਮੌਕੇ ਦਾ ਬੌਸ ਤਾਂ ਰਾਵਤ ਸੀ। ਦੇਵ ਉਸ ਦੇ ਨੋਟਿਸ ਵਿਚ ਕੋਈ ਵੀ ਗੱਲ ਲਿਆਉਂਦਾ ਤਾਂ ਉਹ ਹੱਸ ਕੇ ਟਾਲ਼ ਦਿੰਦਾ ਤੇ ਕਹਿੰਦਾ, 'ਬੀ ਇਜ਼ੀ ਮਿਸਟਰ ਦੇਵ। ਤੂੰ ਐਨਾ ਕਿਉਂ ਤੜਫ਼ਦਾ ਏਂ? ਉਸੇ ਮਾਹੌਲ ਵਿਚ ਸਾਹ ਲੈਣਾ ਸਿੱਖ, ਜਿੱਥੇ ਤੂੰ ਖੜ੍ਹਾਂ

ਏਂ। ਇਹੀ ਨਹੀਂ ਸਿੱਖਣਾ ਕਿ ਕੰਮ ਕਿਵੇਂ ਕਰਨਾ ਏ, ਇਹ ਵੀ ਸਿੱਖਣਾ ਹੈ ਕਿ ਆਪਣੇ ਉਤਲਿਆਂ ਤੇ ਹੇਠਲਿਆਂ ਨੂੰ ਖ਼ੁਸ਼ ਕਿਵੇਂ ਰੱਖਣਾ ਏਂ।'

ਉਹ ਘਰ ਜਾ ਕੇ ਬੇਅੰਤ ਨੂੰ ਆਪਣੀ ਪਰੇਸ਼ਾਨੀ ਦੱਸਦਾ ਤਾਂ ਉਹ ਕਹਿੰਦਾ, 'ਭਰਾਵਾ ਜਿਹੋ ਜਿਹਾ ਮਹਿਕਮਾ ਏਂ ਉਹੋ ਜਿਹਾ ਰੰਗ ਫੜ ਲੈ। ਗਿਰਗਟ ਬਣ ਕੇ ਰਹਿ। ਜੇ ਅੱਕ ਟਿੱਡਾ ਹਰਾ ਨਾ ਹੁੰਦਾ ਤਾਂ ਪੰਛੀ ਹੀ ਠੂੰਗ ਲੈਂਦੇ। ਦਾਰੂ ਪੀ ਲਿਆ ਕਰ। ਕੋਈ ਫਾਇਦਾ ਨਹੀਂ ਟੈਨਸ਼ਨ ਲੈਣ ਦਾ।'

ਕਣਕ ਦੀਆਂ ਬੋਰੀਆਂ ਦੀਆਂ ਧਾਂਕਾਂ ਨੇੜੇ ਪੱਲੀਆਂ ਚੁੱਕੀ ਔਰਤਾਂ ਇੱਲ੍ਹਾਂ ਵਾਂਗ ਮੰਡਰਾਉਂਦੀਆਂ ਰਹਿੰਦੀਆਂ। ਉਹ ਆਪਣੇ ਕੋਲ਼ ਪਰਖੀਆਂ ਰੱਖਦੀਆਂ ਤੇ ਮੌਕਾ ਤਾੜ ਕਿਸੇ ਵੀ ਬੋਰੀ ਵਿਚ ਘਸੋ ਕਣਕ ਬਾਹਰ ਕੱਢ ਤੁਰਦੀਆਂ ਬਣਦੀਆਂ। ਸ਼ਾਮ ਵੇਲ਼ੇ ਆਪਣੇ ਸਿਰਾਂ ਉੱਤੇ ਕਣਕ ਦੀਆਂ ਭਾਰੀਆਂ ਪੰਡਾਂ ਚੁੱਕੀ ਜਾਂਦੀਆਂ ਦੇਖ ਦੇਵ ਦਾ ਸੀਨਾ ਮੱਚਦਾ। ਦੋਨੋਂ ਚੌਂਕੀਦਾਰ ਉਨ੍ਹਾਂ ਸਾਰੀਆਂ ਦੇ ਨਾਉਂ ਜਾਣਦੇ ਤੇ ਉਨ੍ਹਾਂ ਨਾਲ਼ ਦੂਹਰੇ ਹੋ ਹੋ ਅਸ਼ਲੀਲ ਗੱਲਾਂ ਕਰਦੇ। ਉਹ ਵੀ ਬੇਸ਼ਰਮ ਹੋ ਕੇ ਹੱਥਾਂ ਨਾਲ਼ ਅਸ਼ਲੀਲ ਹਰਕਤਾਂ ਕਰਦੀਆਂ। ਚੌਂਕੀਦਾਰ ਦੇਵ ਨੂੰ ਇਹ ਵੀ ਕਹਿੰਦੇ ਰਹੇ ਕਿ ਉਹ ਕਿਸੇ ਤੇ ਵੀ ਉਂਗਲ ਰੱਖੇ ਤਾਂ ਉਸ ਨੂੰ ਤੁਰੰਤ ਪੇਸ਼ ਕਰ ਦੇਣਗੇ। ਇਸ ਰਾਹ ਤਾਂ ਉਹ ਆਗਰੇ ਵਰਗੇ ਸ਼ਹਿਰ ਵਿਚ ਰਹਿਕੇ ਨਹੀਂ ਸੀ ਪਿਆ, ਹੁਣ ਕੀ ਪੈਣਾ ਸੀ। ਇਕ ਦਿਨ ਉਸ ਨੂੰ ਇਕ ਟੈਕਸੀ ਡਰਾਇਵਰ ਨੇ ਦੱਸਿਆ ਕਿ ਉਹ ਔਰਤਾਂ ਕਣਕ ਬਦਲੇ ਉਨ੍ਹਾਂ ਨੂੰ ਜਿਸਮ ਵੇਚਦੀਆਂ ਸਨ। ਦੇਵ ਨੇ ਇਹੋ ਗੱਲ ਇੰਸਪੈਕਟਰ ਰਾਵਤ ਨੂੰ ਦੱਸੀ ਤਾਂ ਉਹ ਬੋਲਿਆ, 'ਬਕਵਾਸ ਕਰਦੇ ਨੇ ਲੋਕ। ਗਰੀਬ ਔਰਤਾਂ ਨੇ ਵਿਚਾਰੀਆਂ। ਗਰੀਬ ਤੇ ਦੋਸ਼ ਲਾਉਣਾ ਕੋਈ ਔਖੀ ਗੱਲ ਨਹੀਂ ਹੁੰਦੀ। ਉਨ੍ਹਾਂ ਦੇ ਬੱਚੇ ਹਨ, ਪਤੀ ਹਨ, ਉਹ ਰੰਡੀਆਂ ਨਹੀਂ।'

ਦੇਵ ਰਾਵਤ ਦੀ ਗੱਲ ਸੁਣ ਤਿਲਮਿਲਾ ਕੇ ਰਹਿ ਗਿਆ। ਉਸ ਦੇ ਅੰਦਰ ਇਹ ਇੱਛਾ ਜਾਗੀ ਕਿ ਕਦੀ ਨਾ ਕਦੀ ਰਾਵਤ ਦੀ ਇਸ ਗੱਲ ਨੂੰ ਝੂਠੀ ਸਾਬਤ ਕਰ ਦੇਵੇਗਾ। ਜਦੋਂ ਵੀ ਦੇਵ ਵਿਹਲਾ ਹੁੰਦਾ, ਉਹ ਚੌਂਕੀਦਾਰ ਵਾਂਗ ਹੀ ਕਣਕ ਦੀਆਂ ਧਾਂਕਾਂ ਵਿਚ ਘੁੰਮਦਾ ਰਹਿੰਦਾ। ਚੌਂਕੀਦਾਰ ਉਸ ਨੂੰ ਉਸਦੀ ਪਿੱਠ ਪਿੱਛੇ ਪਾਗਲ, ਖਬਤੀ, ਨਪੁੰਸਕ ਵਰਗੇ ਵਿਸ਼ੇਸ਼ਣਾ ਨਾਲ਼ ਨਿਵਾਜਦੇ ਰਹਿੰਦੇ। ਇਕ ਦਿਨ ਸੂਰਜ ਛਿਪਣ ਨੂੰ ਸੀ ਕਿ ਦੇਵ ਸਾਇਕਲ ਚੁੱਕ ਉਸ ਪਾਸੇ ਗੇੜਾ ਕੱਢਣ ਚਲਾ ਗਿਆ, ਜਿੱਥੇ ਕੁਝ ਦਿਨ ਪਹਿਲਾਂ ਹੀ ਬੋਰੀਆਂ ਲਾ ਕੇ ਤਰਪਾਲਾਂ ਪਾਈਆਂ ਸਨ। ਸਾਇਕਲ ਖੜ੍ਹਾ ਉਹ ਖਾਲੀ ਪਾਲ਼ਾਂ ਵਿਚ ਗੇੜਾ ਕੱਢਣ ਚਲਾ ਗਿਆ। ਅਚਾਨਕ ਉਸ ਨੂੰ ਇੰਝ ਲੱਗਾ ਜਿਵੇਂ ਬੋਰੀਆਂ ਮਗਰ ਕੋਈ ਕੁੱਤੇ ਵਾਂਗ ਹੌਂਕ ਰਿਹਾ ਸੀ। ਦੇਵ ਥੋੜ੍ਹਾ ਹੋਰ ਅੱਗੇ ਹੋਇਆ ਤਾਂ ਹੈਰਾਨ ਰਹਿ ਗਿਆ। ਕਣਕ ਦੀ ਬੋਰੀ ਉੱਤੇ ਕੋਈ ਔਰਤ ਪਈ ਸੀ ਤੇ ਉਸ ਉੱਤੇ ਟੱਲੀ ਦਾ ਸਿਰ ਹਿੱਲ ਰਿਹਾ ਸੀ। ਦੇਵ ਨੇ ਝੁਕ ਕੇ ਨਾਲ਼ ਵਾਲ਼ੀ ਬੋਰੀ ਉੱਤੇ ਪਈ ਸਲਵਾਰ ਚੁੱਕੀ ਤੇ ਸਾਇਕਲ ਦੀ ਟੋਕਰੀ' ਚ ਰੱਖ ਦਫਤਰ ਪਹੁੰਚ ਗਿਆ। ਰਾਵਤ, ਅਜਾਇਬ ਸਿੰਘ ਤੇ ਚਾਰ ਪੰਜ ਬੰਦੇ ਬੈਠੇ ਸ਼ਰਾਬ ਪੀ ਰਹੇ ਸਨ। ਦੇਵ ਨੇ ਰਾਵਤ ਨੂੰ ਬਾਹਰ ਸੱਦਿਆ ਤੇ ਸਲਵਾਰ ਦਿਖਾਉਂਦਾ ਬੋਲਿਆ, 'ਦੇਖੋ ਸਰ, ਤੁਸੀਂ ਮੰਨਦੇ ਨਹੀਂ ਸੀ।'

'ਕੀ ਏ ਇਹ?'

'ਸਲਵਾਰ ਏ ਸਰ। ਉੱਥੇ ਟੱਲੀ ਕਿਸੇ ਔਰਤ ਨਾਲ਼.... ।'

'ਬੱਸ ਕਰ ਯਾਰ... ਤੂੰ ਤਾਂ ਜਮ੍ਹਾਂ ਹੀ ਕਮਲ਼ਾ ਏਂ। ਇਹ ਸਲਵਾਰ ਕਿਉਂ ਚੁੱਕ ਲਿਆਇਆ?'

'ਤੁਹਾਨੂੰ ਦਿਖਾਉਣ ਲਈ ਸਰ, ਉਹ ਸ਼ਰੀਰ ਬਦਲੇ ਕਣਕ ਦਿੰਦਾ ਏ।'

ਰਾਵਤ ਨੇ ਮੱਥੇ ਤੇ ਹੱਥ ਮਾਰਿਆ ਤੇ ਬੋਲਿਆ, 'ਤੂੰ ਤਾਂ ਹਿੱਲ ਗਿਆ ਯਾਰ। ਜੇ ਕੋਈ ਔਰਤ ਦੋ ਚਾਰ ਕਿੱਲੋ ਕਣਕ ਲੈਜੂ ਤਾਂ ਕਿਹੜਾ ਸਾਲ਼ਾ ਘਾਟਾ ਪੈਜੂ ਮਹਿਕਮੇ ਨੂੰ। ਇਨ੍ਹਾਂ ਔਰਤਾਂ ਤੇ ਆਪਦੇ ਹੇਠਲੇ ਸਟਾਫ਼ ਨਾਲ਼ ਕਦੀ ਪੰਗੇ' ਚ ਨ੍ਹੀ ਪਈਦਾ। ਜੇ ਹੁਣ ਉਸੇ ਤਰ੍ਹਾਂ ਉਹ ਔਰਤ ਠਾਣੇ ਚਲੀ ਜਾਵੇ ਤੇ ਤੇਰੇ ਵਿਰੁੱਧ ਰਿਪੋਰਟ ਲਿਖਵਾ ਦੇਵੇ ਕਿ ਤੂੰ ਉਹਦੇ ਨਾਲ਼ ਬਲਾਤਕਾਰ ਕਰਕੇ ਸਲਵਾਰ ਚੁੱਕ ਕੇ ਦੌੜ ਗਿਆ ਏਂ ਤਾਂ ਤੂੰ ਉਹਦਾ ਕੀ ਫੜਲੇਂਗਾ? ਕੋਈ ਹੈ ਜਵਾਬ?'

ਦੇਵ ਉਸਦੀ ਗੱਲ ਸੁਣ ਕੇ ਰੋਣਹਾਕਾ ਹੋ ਗਿਆ। ਉਹ ਮੁੜ ਉੱਥੇ ਪਹੁੰਚਿਆ ਤਾਂ ਉਹ ਔਰਤ ਉਸ ਨੂੰ ਗਾਹਲਾਂ ਕੱਢਣ ਲੱਗ ਪਈ। ਉਸ ਨੂੰ ਖੁਸਰਾ ਤੱਕ ਕਹਿ ਗਈ। ਟੱਲੀ ਵੀ ਉਸਦੇ ਗਲ ਪੈ ਗਿਆ। ਮਗਰੋਂ ਬੋਲਿਆ, 'ਬਾਬੂ ਪਊਆ ਲੁਆ ਦੇ।'

ਦੇਵ ਉੱਥੋਂ ਬਿਨਾਂ ਬੋਲੇ ਖਿਸਕ ਆਇਆ। ਉਸ ਦਿਨ ਮਗਰੋਂ ਟੱਲੀ ਦੇਵ ਦਾ ਕਹਿਣਾ ਮੰਨਣੋ ਬਿਲਕੁਲ ਹਟ ਗਿਆ। ਇਕ ਦਿਨ ਇਕ ਬੋਰੀ ਫਟੀ ਪਈ। ਉਸ ਵਿੱਚੋਂ ਅੱਧੀ ਤੋਂ ਵੱਧ ਕਣਕ ਗਾਇਬ। ਦੇਵ ਨੇ ਟੱਲੀ ਨੂੰ ਪੁੱਛਿਆ, 'ਆਹ ਬੋਰੀ ਕਿਵੇਂ ਫਟ ਗਈ?'

'ਐਸ ਤਰ੍ਹਾਂ।' ਉਸ ਨੇ ਦੂਜੀ ਬੋਰੀ ਤੇ ਪਤਾ ਨਹੀਂ ਕੀ ਮਾਰਿਆ ਕਿ ਕਣਕ ਬੋਰੀ ਵਿੱਚੋਂ ਕੀੜਿਆਂ ਦੇ ਭੌਣ ਵਾਂਗ ਬਾਹਰ ਨੂੰ ਵਹਿ ਤੁਰੀ।

ਇਕ ਦਿਨ ਬਾਅਦ ਦੁਪਹਿਰ ਉਹ ਜੀ. ਟੀ. ਰੋਡ ਤੇ ਨਿੰਮ ਵਾਲ਼ੇ ਢਾਬੇ ਵਿਚ ਰੋਟੀ ਖਾਣ ਬੈਠੇ ਸਨ ਕਿ ਦੇਵ ਨੇ ਇੰਸਪੈਕਟਰ ਰਾਵਤ ਨੂੰ ਕਿਹਾ, 'ਸਰ, ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਇਸ ਮਹਿਕਮੇ ਵਿਚ ਤਾਂ ਚੋਰੀ ਹੀ ਬੜੀ ਏ। ਜਣਾ ਖਣਾ ਦਾਅ ਮਾਰਨ ਨੂੰ ਫਿਰਦਾ ਏ।'

'ਤੂੰ ਵੀ ਮਾਰ ਲਿਆ ਕਰ ਦਾਅ ਦੇਵ।' ਉਹ ਹੱਸਿਆ।

'ਨਹੀਂ ਸਰ, ਮੇਰੀ ਨ੍ਹੀ ਜ਼ਮੀਰ ਮੰਨਦੀ।'

'ਜਿੰਨੀ ਦੇਰ ਜ਼ਮੀਰ ਚੁੱਕੀ ਫਿਰੇਂਗਾ, ਨੀਂਦ ਨਹੀਂ ਆਉਣੀ। ਲਾਹ ਦੇ ਜ਼ਮੀਰ ਦਾ ਕੱਫ਼ਣ। ਤੂੰ ਪੈਗ-ਸ਼ੈਗ ਲਾਇਆ ਕਰ ਦੇਵ।'

'ਠੀਕ ਏ ਜੀ, ਮੈਂ ਲਾਵਾਂਗਾ। ਮੈਂ ਇਕੱਲਾ ਕਿਉਂ ਐਨਾ ਭਾਰ ਚੁੱਕੀ ਫਿਰਾਂ?'

'ਦੇਵ ਬੀਅਰ ਪੀਵੇਂਗਾ ਕਿ ਵਿਸਕੀ?' ਅਜਾਇਬ ਸਿੰਘ ਖੁਸ਼ ਹੋ ਕੇ ਬੋਲਿਆ।

'ਵਿਸਕੀ ਹੀ ਪੀ ਲਵਾਂਗਾ ਸਰਦਾਰ ਜੀ।'

'ਇਸੇ ਖੁਸ਼ੀ ਵਿਚ ਅਸੀਂ ਵੀ ਅੱਜ ਵਿਸਕੀ ਹੀ ਪੀਵਾਂਗੇ।' ਰਾਵਤ ਵੀ ਖਿੜ ਗਿਆ।

ਉਸ ਦਿਨ ਮਗਰੋਂ ਦੇਵ ਉਨ੍ਹਾਂ ਨਾਲ਼ ਪੀਣ ਲੱਗ ਪਿਆ। ਉਸ ਦੀ ਸਾਰੀ ਟੈਂਸ਼ਨ ਖੰਭ ਲਾ ਕੇ ਉਡ ਗਈ। ਰਾਵਤ ਉਸਨੂੰ ਮਹਿਕਮੇ ਦੇ ਅਜੀਬ ਅਜੀਬ ਭੇਤ ਦੱਸਿਆ ਕਰੇ।

ਚੌਂਕੀਦਾਰਾਂ ਨਾਲ਼ ਵੀ ਉਸ ਦੀ ਮੁੜ ਆੜੀ ਪੈ ਗਈ। ਮਾਲ ਗੱਡੀ ਵਿਚ ਬੋਰੀਆਂ ਲਦਵਾਉਂਦੇ ਅੱਧੀ ਅੱਧੀ ਰਾਤ ਹੋ ਜਾਂਦੀ। ਉਹ ਪੈੱਗ ਲਾ ਕੇ ਹੀ ਸਾਰੀ ਡਿਊਟੀ ਭੁਗਤਾਉਂਦਾ। ਰਾਤ ਨੂੰ ਟੁੰਨ ਹੋ ਕੇ ਘਰ ਵੜਦਾ। ਭਾਗਵੰਤੀ ਗਾਲ੍ਹਾਂ ਕੱਢਦੀ। ਉਸਦਾ ਭਰਾ ਬੇਅੰਤ ਤੇ ਭਰਜਾਈ ਉਸ ਦੀ ਲਾਹ-ਪਾਹ ਕਰਦੇ। ਪਰ ਉਹ ਕਿਸੇ ਦੀ ਸੁਣਦਾ ਹੀ ਨਾ।

'ਤੂੰ ਤਾਂ ਕਿਹਾ ਕਰਦਾ ਸੀ ਦਾਰੂ ਪੀ ਲਿਆ ਕਰ। ਹੁਣ ਪੀਂਦਾ ਹਾਂ ਤਾਂ ਔਖਾ ਕਿਉਂ ਹੁੰਦਾ ਏਂ ਮੇਰੇ ਨਾਲ਼?' ਉਹ ਬੇਅੰਤ ਨੂੰ ਕਹਿੰਦਾ।

'ਤੈਨੂੰ ਦਾਰੂ ਪੀਣ ਲਈ ਕਿਹਾ ਸੀ ਬੰਦਿਆਂ ਵਾਂਗ... ਪੂਰੀ ਪੂਰੀ ਬੋਤਲ ਸੜ੍ਹਾਕਣ ਲਈ ਨਹੀਂ ਸੀ ਕਿਹਾ।'

ਉਹ ਸਵੇਰੇ ਉੱਠਦਾ ਤਾਂ ਉਸ ਦੇ ਹੱਡ ਪੈਰ ਦੁਖ ਰਹੇ ਹੁੰਦੇ। ਇਸ ਦਾ ਇਲਾਜ ਵੀ ਉਸ ਨੂੰ ਰਾਵਤ ਨੇ ਦੱਸਿਆ ਸੀ ਕਿ ਉੱਠਦੀ ਸਾਰ ਰੱਬ ਦਾ ਨਾਉਂ ਲੈਣ ਤੋਂ ਪਹਿਲਾਂ ਪਟਿਆਲ਼ਾ ਪੈੱਗ ਮਾਰ ਲਵੋ। ਅਜਿਹਾ ਕਰਨ ਨੂੰ ਉਹ 'ਸਮੂਹੀ' ਆਖਦਾ। ਸਮੂਹੀ ਮਗਰੋਂ ਦੇਵ ਮੁੜ ਘੋੜੇ ਵਰਗਾ ਹੋ ਜਾਂਦਾ। ਉਸ ਦੀ ਬੇਬੇ ਨੂੰ ਪਤਾ ਲੱਗਦਾ ਤਾਂ ਉਹ ਸਵੇਰੇ ਹੀ ਉਸ ਨੂੰ ਸਲਾਮਤਾਂ ਸੁਣਾਉਣੀਆਂ ਸ਼ੁਰੂ ਕਰ ਦਿੰਦੀ। ਅਜਾਇਬ ਸਿੰਘ ਨੇ ਇਕ ਦਿਨ ਪੰਜ ਕੁਇੰਟਲ ਕਣਕ ਵਾਲ਼ਾ ਜਿਸਤੀ ਢੋਲ ਉਸ ਦੇ ਘਰ ਭੇਜ ਦਿੱਤਾ। ਭਾਗਵੰਤੀ ਨੇ ਥੈਲਿਆਂ' ਚ ਪਈ ਕਣਕ ਢੋਲ ਵਿਚ ਪਾ ਦਿੱਤੀ ਤੇ ਬੋਲੀ, 'ਇਹ ਤਾਂ ਬੜੀ ਵਧੀਆ ਚੀਜ਼ ਏ। ਢੈ ਜਾਣੇ ਚੂਹਿਆਂ ਨੇ ਮੇਰੀ ਜਾਨ ਕੁੜਿੱਕੀ ਵਿਚ ਫਸਾਈ ਪਈ ਸੀ। ਹੁਣ ਟੁੱਕਣ ਢੋਲ ਨੂੰ ਕਿਵੇ ਂ ਟੁੱਕਦੇ ਨੇ।'

'ਮਾਤਾ ਇਹ ਸਾਇੰਸ ਦੀਆਂ ਕਾਢਾਂ ਨੇ, ਤੂੰ ਕੀ ਜਾਣੇ।' ਦੇਵ ਬੋਲਿਆ।

ਬੇਅੰਤ ਦੀ ਛੁੱਟੀ ਖ਼ਤਮ ਹੋਈ ਤਾਂ ਉਹ ਦੇਵ ਨਾਲ਼ ਬਹੁਤੀ ਗੱਲਬਾਤ ਕਰੇ ਬਿਨਾਂ ਹੀ ਆਪਣੀ ਯੂਨਿਟ ਵਿਚ ਡਗਸ਼ਈ ਚਲਾ ਗਿਆ। ਪਿੱਛੇ ਰਹਿ ਗਏ ਭਾਗਵੰਤੀ ਤੇ ਉਹਦਾ ਪੁੱਤ ਦੇਵ। ਇਕ ਦਿਨ ਭਾਗਵੰਤੀ ਡੀਪੂ ਤੋਂ ਚੀਨੀ ਅਤੇ ਘੀ ਲੈਣ ਗਈ ਤਾਂ ਦੇਵ ਅੰਗਰੇਜ਼ੀ ਸ਼ਰਾਬ ਦੀ ਪੇਟੀ ਖਰੀਦ ਲਿਆਇਆ। ਉਸ ਨੇ ਸਾਰੀਆਂ ਬੋਤਲਾਂ ਕੱਢ ਕਣਕ ਵਾਲ਼ੇ ਢੋਲ ਵਿਚ ਘਸੋ ਦਿੱਤੀਆਂ ਤੇ ਗੱਤੇ ਦੀ ਪੇਟੀ ਬਾਹਰ ਕੰਧ ਲਾਗੇ ਰੱਖ ਫੂਕ ਦਿੱਤੀ। ਹੁਣ ਜਦ ਪੀਣੀ ਹੀ ਸੀ, ਨਿੱਤ ਕੌਣ ਜਾਵੇ ਠੇਕਿਆਂ ਤੇ।

ਰਾਤ ਨੂੰ ਜਦੋਂ ਦੇਵ ਘਰ ਮੁੜਦਾ ਤਾਂ ਭਾਗਵੰਤੀ ਦੇਹਲੀ ਤੇ ਬੈਠੀ ਉਡੀਕ ਰਹੀ ਹੁੰਦੀ। ਉਸ ਨੂੰ ਲੜਖੜਾਉਂਦਾ ਦੇਖ ਉਹ ਉਸ ਨੂੰ ਹਾਕੀ ਨਾਲ਼ ਕੁੱਟਣ ਤੱਕ ਜਾਂਦੀ। ਗਾਹਲਾਂ ਵੀ ਕੱਢਦੀ। ਜਿਹੜੇ ਕੱਪੜੇ ਉਹ ਖੋਲ੍ਹ ਕੇ ਖੁਰੇ ਵਿਚ ਸੁੱਟਦਾ, ਉਹ ਉਨ੍ਹਾਂ ਦੀਆਂ ਜੇਬ੍ਹਾਂ ਫਰੋਲਦੀ। ਉਸ ਦਾ ਪਰਸ ਸੌ ਸੌ ਦੇ ਨੋਟਾਂ ਨਾਲ਼ ਭਰਿਆ ਦੇਖ ਉਹ ਕੰਬ ਜਾਂਦੀ ਤੇ ਬੁੜ ਬੁੜਾਉਂਦੀ, 'ਹੇ ਮੇਰੇ ਦਾਤਿਆ, ਬਚਾ ਲੈ ਸਾਨੂੰ, ਸੁਮੱਤ ਬਖਸ਼ ਇਸ ਮੁੰਡੇ ਨੂੰ।'

ਦੇਵ ਨੂੰ ਸਾਰੀ ਸਾਰੀ ਰਾਤ ਅਜੀਬ ਅਜੀਬ ਕਿਸਮ ਦੇ ਸੁਪਨੇ ਘੇਰੀ ਰੱਖਦੇ। ਘੋੜੀਆਂ ਉੱਤੇ ਕਣਕ ਦੀਆਂ ਬੋਰੀਆਂ ਰੱਖੀ ਕਾਲ਼ੇ ਕੱਪੜਿਆਂ ਵਾਲ਼ੇ ਚੋਰ ਦੌੜੇ ਜਾ ਰਹੇ ਹਨ। ਕਣਕ ਦੀਆਂ ਬੋਰੀਆਂ ਉੱਤੇ ਨੰਗੀਆਂ ਔਰਤਾਂ ਖੜਦੁੰਮ ਮਚਾ ਰਹੀਆਂ ਹਨ। ਪੱਲੇਦਾਰ ਉਸ ਨੂੰ ਫੜ ਕੇ ਟਰੱਕ ਦੇ ਟੂਲ-ਬਾਕਸ ਵਿਚ ਸੁੱਟ ਬੋਰੀਆਂ ਹੇਠ ਦੱਬ ਦਿੰਦੇ ਹਨ। ਉਸ ਦਾ ਦਮ ਘੁਟਦਾ

ਹੈ। ਉਹ ਚੀਕਾਂ ਮਾਰਦਾ ਹੈ। ਮੰਗਤਿਆਂ ਵਰਗੇ ਫਟੇ ਟਾਕੀਆਂ ਵਾਲ਼ੇ ਕੱਪੜਿਆਂ ਵਿਚ ਲੋਕ ਕਣਕ ਦੀਆਂ ਬੋਰੀਆਂ ਤੇ ਆਪਣੇ ਬੱਚਿਆਂ ਨੂੰ ਬਿਠਾ ਕੇ ਖਿੱਚੀ ਲਈ ਜਾ ਰਹੇ ਹਨ। ਬੋਰੀਆਂ ਦੀਆਂ ਬੋਗੀਆਂ ਬਣ ਜਾਂਦੀਆਂ ਹਨ ਤੇ ਦੇਵ ਮਾਲ ਗੱਡੀ ਚਲਾ ਰਿਹਾ ਹੈ। 'ਖਿੱਚ ਉਇ ਚਾਚਾ ਧੱਕ ਉਇ ਬਾਪੂ' ਕਰਦੀ ਰੇਲਗੱਡੀ 'ਢਹਿ ਗਿਆ ਟੇਸਣ ਮਰ ਗਿਆ ਬਾਬੂ' ਕਹਿਣ ਲਗਦੀ ਹੈ। ਦੇਵ ਕੋਇਲੇ ਦੀ ਥਾਂ ਪਾੜਛੇ ਨਾਲ਼ ਇੰਜਣ ਦੇ ਢਿੱਡ ਵਿਚ ਕਣਕ ਸੁੱਟ ਰਿਹਾ ਹੈ। ਕੁਲਦੀਪ ਹੱਥ ਉੱਤੇ ਚੁੱਕੀ ਰੇਲ ਦੀ ਪਟੜੀ ਤੇ ਖੜ੍ਹੀ ਗੱਡੀ ਰੋਕਣ ਲਈ ਇਸ਼ਾਰੇ ਕਰ ਰਹੀ ਹੈ। ਉਹ ਗੱਡੀ ਤੋਂ ਬਾਹਰ ਛਾਲ਼ ਮਾਰਦਾ ਹੈ। ਝਾੜੀਆਂ' ਚੋਂ ਇਕ ਹਿਰਨ ਸਰਪਟ ਦੌੜ ਲੈਂਦਾ ਹੈ। ਕਦੀ ਬਰੜਾ ਕੇ ਉਹ ਉੱਠ ਬੈਠਦਾ ਹੈ ਤਾਂ ਮੰਜੀ ਤੇ ਬੈਠੀ ਭਾਗਵੰਤੀ ਕਹਿੰਦੀ ਹੈ, 'ਛੱਡ ਦੇ ਇਹ ਨੌਕਰੀ। ਦਫ਼ਾ ਹੋ ਜਾ ਆਗਰੇ ਨੂੰ। ਤੂੰ ਅੱਜ ਨਹੀਂ ਤਾਂ ਕੱਲ੍ਹ ਮਰਿਆ ਕਿ ਮਰਿਆ।'

ਇਕ ਦਿਨ ਦੇਵ ਚਾਵੇ ਤੋਂ ਕਣਕ ਦੀ ਹੈਦਰਾਬਾਦ ਲਈ ਰਵਾਨਗੀ ਕਰ ਕੇ ਜਦੋਂ ਘਰ ਮੁੜਿਆ ਤਾਂ ਉਹ ਸ਼ਰਾਬ ਨਾਲ਼ ਰੱਜਿਆ ਹੋਇਆ ਸੀ। ਉਸ ਦੇ ਘਰ ਦੇ ਬਾਹਰ ਗੰਦੇ ਪਾਣੀ ਦੀ ਟੋਭੜੀ ਬਣ ਚੁੱਕੀ ਸੀ, ਜਿਸ ਵਿਚ ਉਹ ਡਿਗ ਪਿਆ। ਦਰਾਂ' ਚ ਬੈਠੀ ਭਾਗਵੰਤੀ ਦੌੜੀ ਆਈ। ਦੇਵ ਦੀ ਪਗੜੀ ਨਾਲ਼ੀ ਵਿਚ ਜਾ ਪਈ ਸੀ। ਉਹ ਬੋਲੀ ਜਾ ਰਿਹਾ ਸੀ, 'ਕਿਹੜਾ ਸਾਲ਼ਾ ਮੈਨੂੰ ਰੋਕ ਲਊ? ਮੈਂ ਤਾਂ ਫੂਸੜੇ ਉਡਾਦੂੰ।'

ਭਾਗਵੰਤੀ ਨੇ ਉਸ ਨੂੰ ਬਾਹੋਂ ਫੜ ਖਿੱਚਿਆ ਤੇ ਬੈਠਾ ਕਰ ਦਿੱਤਾ। ਫਿਰ ਧੂਹ ਕੇ ਅੰਦਰ ਲੈ ਗਈ। ਰਸੋਈ ਵਿੱਚੋਂ ਭੂਕਨਾ ਚੁੱਕ ਲਿਆਈ। ਉਨੀਂ ਦੇਰ ਉਸਦੇ ਗਿੱਟੇ ਗੋਡੇ ਭੰਨਦੀ ਰਹੀ ਜਦੋਂ ਤੱਕ ਉਹ ਹੰਭ ਨਾ ਗਈ। ਦੇਵ ਵੀ ਬੋਲੀ ਜਾਵੇ, 'ਮਾਰ.... ਮਾਰ... ਮਾਰਦੇ... ਮਾਰਦੇ... ਸਿਰ ਵਿਚ ਵੀ ਮਾਰਦੇ।' ਉਹ ਐਨਾ ਸ਼ਰਾਬੀ ਸੀ ਕਿ ਬੋਲਦਾ ਬੋਲਦਾ ਹੀ ਸੌਂ ਗਿਆ। ਭਾਗਵੰਤੀ ਸਾਰੀ ਰਾਤ ਬੈਠੀ ਰੋਂਦੀ ਰਹੀ। ਸਵੇਰੇ ਦੇਵ ਤੋਂ ਉੱਠਿਆ ਨਾ ਜਾਵੇ । ਉਹ ਪੈੱਗ ਲਾਉਣਾ ਚਾਹੁੰਦਾ ਸੀ, ਪਰ ਬੋਤਲ ਤਾਂ ਢੋਲ ਵਿਚ ਪਈ ਸੀ। ਉਹ ਬੋਲਿਆ, 'ਏ ਬੇਬੇ?'

'ਹਾਂ ਦੱਸ।' ਭਾਗਵੰਤੀ ਬੋਲੀ।

'ਮੈਥੋਂ ਉੱਠਿਆ ਨੀ ਜਾਂਦਾ। ਮੈਂ ਜੰਗਲਪਾਣੀ ਜਾਣਾ ਸੀ।'

'ਫੇਰ ਮੈਂ ਕੀ ਕਰਾਂ?'

'ਕਣਕ ਦੇ ਢੋਲ' ਚੋਂ ਇਕ ਬੋਤਲ ਲਿਆ ਦੇ। ਬੱਸ ਇਕ ਪੈੱਗ ਲਾਊਂਗਾ।'

ਭਾਗਵੰਤੀ ਉੱਠੀ ਤੇ ਢੋਲ ਦਾ ਢੱਕਣ ਖੋਲ੍ਹ ਕੇ ਕਣਕ ਵਿਚ ਹੱਥ ਮਾਰਿਆ। ਉੱਥੇ ਤਾਂ ਬੋਤਲਾਂ ਹੀ ਬੋਤਲਾਂ ਪਈਆਂ ਸਨ। ਇਕ ਬੋਤਲ ਕੱਢ ਲਿਆਈ ਤੇ ਦੇਵ ਨੂੰ ਫੜਾਉਂਦੀ ਬੋਲੀ, 'ਲੈਅ... ਇਕ ਪੈੱਗ ਦਾ ਕੀ ਲਾਉਣਾ... ਤੂੰ ਮਰਜੇਂ... ਢੈ ਜਾਣਿਆਂ... ਪੂਰੀ ਬੋਤਲ ਪੀ। ਅੱਜ ਮੈਂ ਤੇਰੇ ਮਾਮੇ ਕੋਲ਼ ਸਲਾਹਪੁਰ ਚਲੀ ਜਾਣਾ ਏਂ। ਕਦੀ ਨਹੀਂ ਮੁੜਾਂਗੀ।'

ਦੇਵ ਨੇ ਬੋਤਲ ਦਾ ਡੱਟ ਖੋਲ੍ਹਿਆ ਤੇ ਕੁਝ ਸ਼ਰਾਬ ਮੂੰਹ' ਚ ਡੋਲ੍ਹ ਕੇ ਕਹਿਣ ਲੱਗਾ, 'ਬੱਸ ਬੇਬੇ... ਅੱਜ ਇਸ ਨੌਕਰੀ ਨੂੰ ਲੱਤ ਮਾਰ ਦੇਵਾਂਗਾ। ਮੈਂ ਸੁਧਰ ਜਾਵਾਂਗਾ। ਤੈਨੂੰ ਕਿਤੇ ਜਾਣ ਦੀ ਲੋੜ ਨਹੀਂ।'

ਸਮੂਹੀ ਮਗਰੋਂ ਉਹ ਘੋੜੇ ਵਰਗਾ ਹੋ ਗਿਆ ਤੇ ਲੈਟਰੀਨ' ਚ ਜਾ ਵੜਿਆ। ਨਹਾ ਧੋ ਕੇ ਉਸ ਨੇ ਕੱਪੜੇ ਪਾ ਲਏ ਤੇ ਪਰੌਂਠੇ ਖਾਣ ਮਗਰੋਂ ਨੌਕਰੀ ਤੋਂ ਅਸਤੀਫ਼ਾ ਲਿਖ ਦਿੱਤਾ। ਭਾਗਵੰਤੀ ਨੂੰ ਕਹਿਣ ਲੱਗਾ, 'ਬੇਬੇ ਮੈਨੂੰ ਮਾਫ਼ ਕਰਦੇ। ਮੈਂ ਦਫ਼ਤਰ ਜਾ ਆਵਾਂ। ਅੱਜ ਤੋਂ ਤੇਰੇ ਪੁੱਤ ਤਾ ਨਵਾਂ ਜਨਮ ਹੋਵੇਗਾ।'

ਉਹ ਦਫ਼ਤਰ ਗਿਆ ਤਾਂ ਰਾਵਤ ਕਿਸੇ ਸੋਚ ਵਿਚ ਗੁਆਚਾ ਕੁਰਸੀ ਤੇ ਬੈਠਾ ਸਿਗਰਟ ਦੇ ਧੂੰਏਂ ਦੇ ਛੱਲੇ ਛੱਤ ਵੱਲ ਨੂੰ ਛੱਡ ਰਿਹਾ ਸੀ। ਦੇਵ ਨੇ ਅਸਤੀਫ਼ੇ ਵਾਲ਼ਾ ਕਾਗਜ਼ ਉਸ ਨੂੰ ਫੜਾ ਕੇ ਕਿਹਾ, ' ਸਰ, ਮੇਰਾ ਅਸਤੀਫਾ ਮੰਜ਼ੂਰੀ ਲਈ ਭੇਜ ਦਿਓ। ਮੈਂ ਨਹੀਂ ਇਹ ਨੌਕਰੀ ਕਰਨਾ ਚਾਹੁੰਦਾ। ਮੇਰੀ ਮਾਨਸਿਕ ਹਾਲਤ ਠੀਕ ਨਹੀਂ।'

ਰਾਵਤ ਉੱਠਿਆ ਤੇ ਸਿਗਰਟ ਦਾ ਟੋਟਾ ਆਪਣੀ ਜੁੱਤੀ ਹੇਠ ਮਸਲ ਕੇ ਦੇਵ ਨੂੰ ਆਪਣੀ ਗਲਵੱਕੜੀ' ਚ ਲੈ ਲਿਆ। ਫਿਰ ਬੋਲਿਆ, 'ਦੇਵ ਤੂੰ ਪੜ੍ਹਿਆ-ਲਿਖਿਆ ਨੌਜਵਾਨ ਏਂ। ਤੇਰੀ ਅਜੇ ਉਮਰ ਹੀ ਕੀ ਏ। ਤੂੰ ਮਹਿਕਮੇਂ ਵਿਚ... ਮੈਂ ਤਾਂ ਕਹਾਂਗਾ ਸ਼ਾਹੀ ਮਹਿਕਮੇ ਵਿਚ ਵੜ ਗਿਆ ਏਂ। ਤੂੰ ਖੁਸ਼ਕਿਸਮਤ ਸਮਝ ਆਪਣੇ ਆਪ ਨੂੰ। ਮੇਰੀ ਗੱਲ ਯਾਦ ਰੱਖੀਂ... ਤੂੰ ਜਨਰਲ ਮੈਨੇਜਰ ਦੀ ਪੋਸਟ ਤੱਕ ਪੁੱਜੇਂਗਾ ਇਕ ਦਿਨ। ਇਹ ਅਸਤੀਫਾ ਚੁੱਲ੍ਹੇ' ਚ ਡਾਹ ਦਵੀਂ।'

'ਸਰ, ਪਲੀਜ਼ ਮੇਰਾ ਅਸਤੀਫਾ ਉੱਤੇ ਭੇਜ ਦਿਓ। ਮੈਂ ਛੋਟਾ ਬੰਦਾ ਹਾਂ, ਛੋਟਾ ਹੀ ਰਹਿਣਾ ਚਾਹੁੰਦਾ ਹਾਂ। ਮੈਂ ਨਹੀਂ ਆਇਆ ਕਰਨਾ।'

'ਠੀਕ ਏ ਤੂੰ ਕੁਝ ਦਿਨ ਘਰ ਬੈਠ... ਅਰਾਮ ਕਰ। ਤੇਰੀ ਥਾਵੇਂ ਮੈਂ ਕੋਈ ਹੋਰ ਬੰਦਾ ਅਡਜਸਟ ਕਰ ਲੈਂਦਾ ਹਾਂ। ਐਥੇ ਤਾਂ ਲੋਕ ਬਿਨ ਤਨਖਾਹੋਂ ਨੌਕਰੀ ਕਰਨ ਲਈ ਤਿਆਰ ਨੇ। ਤੂੰ ਹਰ ਮਹੀਨੇ ਆ ਕੇ ਆਪਣੀ ਤਨਖ਼ਾਹ ਲੈ ਜਾਇਆ ਕਰੀਂ। ਕਿਸੇ ਕੋਲ਼ ਗੱਲ ਕਰਨ ਦੀ ਲੋੜ ਨਹੀਂ। ਜਦ ਤੇਰਾ ਮਨ ਠੀਕ ਹੋ ਗਿਆ, ਆਉਣਾ ਸ਼ੁਰੂ ਕਰ ਦੇਣਾ। ਨਾਲ਼ੇ ਕੰਮ ਤਾਂ ਹੁਣ ਮੁੱਕਣ ਕਿਨਾਰੇ ਹੈ। ਫਿਰ ਜ਼ੀਰੀ ਦੀ ਫਸਲ ਤੱਕ ਵਿਹਲੇ ਹਾਂ।'

'ਸਰ ਰੋਣਾ ਤਾਂ ਇਹੀ ਏ ਕਿ ਮੈਂ ਘਰ ਬੈਠਾ ਤਨਖ਼ਾਹ ਨਹੀਂ ਲੈ ਸਕਦਾ। ਮੇਰੇ ਮਨ ਤੇ ਬੜਾ ਭਾਰ ਏ। ਇਸ ਭਾਰ ਤੋਂ ਮੈਨੂੰ ਮੁਕਤ ਕਰਵਾ ਦਵੋ। ਅਜਾਇਬ ਸਿੰਘ ਨੇ ਤਿੰਨ ਬੋਰੀਆਂ ਕਣਕ ਭੇਜੀ ਸੀ, ਜਦੋਂ ਮੈਂ ਨੌਕਰੀ ਸ਼ੁਰੂ ਕੀਤੀ। ਮੈਨੂੰ ਤਾਂ ਉਹੀ ਅਜੇ ਤੱਕ ਭੂਤ ਬਣ ਕੇ ਚੁੰਬੜੀਆਂ ਹੋਈਆਂ ਨੇ। ਪਲੀਜ਼ ਤੁਸੀਂ ਮੈਨੂੰ ਬਚਾਓ।'

ਭਾਰ ਮੁਕਤ ਹੋ ਕੇ ਦੇਵ ਉੱਥੋਂ ਨਿਕਲ਼ਿਆ। ਉਸ ਦੀ ਬੇਬੇ ਇਸ ਗੱਲੋਂ ਖੁਸ਼ ਹੋ ਗਈ। ਉਹ ਬੋਲੀ, 'ਦੋਨੋਂ ਟਾਇਮ ਗੁਰਦੁਆਰੇ ਜਾਇਆ ਕਰ ਤੇ ਸ਼ਰਾਬ ਪੀਣੀ ਬੰਦ ਕਰਦੇ।'

'ਠੀਕ ਏ ਮਾਂ ਮੇਰੀਏ। ਹੁਣ ਤੂੰ ਜਿਵੇਂ ਕਹੇਂਗੀ, ਉਵੇਂ ਕਰਾਂਗਾ।' ਉਹ ਦੰਦੀਆਂ ਕੱਢਣ ਲੱਗਾ।

**00**

# ਸੌ

ਭਾਰਤੀ ਖੁਰਾਕ ਨਿਗਰ ਦੇ ਮਹਿਕਮੇ' ਚੋਂ ਦੇਵ ਅਸਤੀਫ਼ਾ ਦੇ ਕੇ ਘਰ ਆ ਬੈਠਾ ਤਾਂ

ਉਸ ਦੀ ਬੇਬੇ ਨੂੰ ਇਸ ਗੱਲ ਦਾ ਕੋਈ ਝੋਰਾ ਨਹੀਂ ਸੀ। ਉਸ ਦੀ ਇੱਕੋ ਇਕ ਸੱਧਰ ਸੀ ਕਿ ਦੇਵ ਬੱਚਿਆਂ ਨੂੰ ਪੜ੍ਹਾਉਣ ਵਾਲ਼ਾ ਮਾਸਟਰ ਲੱਗ ਜਾਵੇ। ਦੇਵ ਨੇ ਵੀ ਸੋਚਿਆ ਕਿ ਟੀਚਿੰਗ ਤੋਂ ਬਿਨਾਂ ਹੋਰ ਕੋਈ ਮਹਿਕਮਾਂ ਉਸ ਲਈ ਫਿੱਟ ਨਹੀਂ ਸੀ। ਬੱਚਿਆਂ ਨੂੰ ਪੜ੍ਹਾਓ ਤੇ ਘਰ ਆ ਕੇ ਸੌਂ ਜਾਓ। ਨਾ ਕੋਈ ਫਿਕਰ ਨਾ ਫਾਕਾ। ਉਸ ਨੂੰ ਪੱਕੀ ਉਮੀਦ ਸੀ ਕਿ ਦਿਆਲਬਾਗ ਕਾਲਜ ਵਿਚ ਉਸ ਨੂੰ ਲੈਕਚਰਾਰੀ ਅਵੱਸ਼ ਮਿਲ ਜਾਵੇਗੀ। ਉਸ ਨੇ ਇਕ ਦਿਨ ਆਪਣੇ ਵੱਡੇ ਭਰਾ ਬੇਅੰਤ ਨੂੰ ਡਗਸ਼ਈ ਜਾ ਕੇ ਮਿਲਣ ਦਾ ਪ੍ਰੋਗਰਾਮ ਬਣਾ ਲਿਆ। ਜਾਣ ਤੋਂ ਪਹਿਲਾਂ ਉਹ ਡਾਕਖਾਨੇ ਆਪਣੀ ਡਾਕ ਪਤਾ ਕਰਨ ਗਿਆ ਤਾਂ ਆਗਰੇ ਤੋਂ ਉਸ ਦੇ ਵੀਰ ਜੀ ਦੀ ਚਿੱਠੀ ਆਈ ਹੋਈ ਸੀ। ਉਸ ਨੂੰ ਖੁਸ਼ੀ ਹੋਈ ਕਿ ਉਹ ਫਸਟ ਡਵੀਜ਼ਨ ਵਿਚ ਐਮ. ਐਸਸੀ. ਕਰ ਗਿਆ ਸੀ। ਇਸ ਗੱਲ ਦਾ ਦੁੱਖ ਵੀ ਹੋਇਆ ਕਿ ਉਸ ਦੀ ਕੋਈ ਪੋਜੀਸ਼ਨ ਨਹੀਂ ਸੀ ਆਈ। ਉਸ ਨੇ ਘਰ ਆ ਕੇ ਆਪਣੀ ਬੇਬੇ ਨੂੰ ਆਪਣੇ ਪਾਸ ਹੋਣ ਦੀ ਖਬਰ ਦਿੱਤੀ ਤਾਂ ਉਹ ਬਹੁਤ ਖੁਸ਼ ਹੋਈ। ਉਸ ਨੇ ਇਹ ਵੀ ਕਿਹਾ, ‘ਦੇਖ ਬੇਬੇ, ਮੈਨੂੰ ਤਾਂ ਮੁੜ ਆਗਰੇ ਹੀ ਜਾਣਾ ਪਵੇਗਾ। ਨੌਕਰੀ ਮੈਨੂੰ ਦਿਆਲਬਾਗ ਕਾਲਜ ਵਿਚ ਮਿਲ ਜਾਣੀ ਹੈ। ਹੁਣ ਤਾਂ ਜ਼ਿੰਦਗੀ ਉੱਥੇ ਹੀ ਬੀਤੂ।’ ਉਸ ਦੀ ਗੱਲ ਸੁਣ ਕੇ ਭਾਗਵੰਤੀ ਉਦਾਸ ਹੋ ਗਈ।

ਉਸ ਨੇ ਦੋਰਾਹੇ ਤੋਂ ਚੰਡੀਗੜ੍ਹ ਵਾਲ਼ੀ ਬੱਸ ਫੜੀ ਤੇ ਉੱਥੋਂ ਸ਼ਿਮਲੇ ਵਾਲ਼ੀ ਬੱਸ ਬੈਠ ਧਰਮਪੁਰ ਜਾ ਕੇ ਉਤਰ ਗਿਆ। ਉੱਥੋਂ ਡਗਸ਼ਈ ਮਿਲਟਰੀ ਦੀਆਂ ਬੈਰਕਾਂ ਦੀਆਂ ਲਾਲ ਛੱਤਾਂ ਦਿਖਾਈ ਦੇ ਰਹੀਆਂ ਸਨ। ਕਿਸੇ ਨੇ ਦੱਸਿਆ ਕਿ ਉਹ ਪੈਦਲ ਨਿਕਲ਼ ਜਾਵੇ ਜਾਂ ਫਿਰ ਕਿਸੇ ਤੋਂ ਲਿਫ਼ਟ ਲੈ ਲਵੇ। ਫੌਜੀਆਂ ਦੇ ਇਕ ਟਰੱਕ ਵਿਚ ਹੀ ਉਸ ਨੂੰ ਲਿਫਟ ਮਿਲ ਗਈ ਤੇ ਉਹ ਬੇਅੰਤ ਦੇ ਸਰਕਾਰੀ ਕਵਾਰਟਰ ਲਾਗੇ ਜਾ ਉਤਰਿਆ। ਬੇਅੰਤ ਅਤੇ ਸਤਿੰਦਰਪਾਲ ਨੇ ਉਸ ਦੀ ਬੜੀ ਆਓ ਭਗਤ ਕੀਤੀ ਤੇ ਉਸ ਦੇ ਫ਼ਸਟ ਡਵੀਜ਼ਨ ਵਿਚ ਪਾਸ ਹੋਣ ਕਰਕੇ ਬਹੁਤ ਖੁਸ਼ ਹੋਏ। ਸ਼ਾਮ ਤੱਕ ਉਹ ਉਨ੍ਹਾਂ ਦੇ ਕਵਾਰਟਰ ਵਿਚ ਹੀ ਰਿਹਾ। ਫਿਰ ਬੇਅੰਤ ਨੇ ਦੱਸਿਆ ਕਿ ਫੈਮਿਲੀ ਕਵਾਰਟਰਾਂ ਵਿਚ ਕਿਸੇ ਮਹਿਮਾਨ ਦਾ ਰਹਿਣਾ ਵਰਜ਼ਿਤ ਹੈ, ਉਸ ਨੂੰ ਫੌਜੀਆਂ ਕੋਲ਼ ਬੈਰਕ ਵਿਚ ਸੌਣਾ ਪਵੇਗਾ। ਬੇਅੰਤ ਉਸ ਨੂੰ ਫੌਜੀਆਂ ਵਿਚ ਛੱਡ ਆਪ ਆਪਣੇ ਕਵਾਰਟਰ ਚਲਾ ਗਿਆ। ਦੇਵ ਨੂੰ ਇਹ ਗੱਲ ਬਹੁਤ ਬੁਰੀ ਲੱਗੀ। ਇਹ ਵੀ ਭਲਾਂ ਕੀ ਗੱਲ ਹੋਈ ਕਿ ਕੋਈ ਆਪਣੇ ਭਰਾ ਨੂੰ ਵੀ ਆਪਣੇ ਕੋਲ਼ ਨਾ ਰੱਖ ਸਕੇ । ਬੈਰਕ ਵਿਚ ਕਾਫ਼ੀ ਮੰਜੇ ਡਹੇ ਹੋਏ ਸਨ ਜਿੱਥੇ ਸ਼ਾਇਦ ਉਹ ਇਕੱਲਾ ਹੀ ਅੱਧੀ ਰਾਤ ਤੱਕ ਜਾਗਦਾ ਰਿਹਾ।

ਮੁਸ਼ਕਲ ਨਾਲ਼ ਉਸ ਦੀ ਅੱਖ ਲੱਗੀ ਹੋਵੇਗੀ ਕਿ ਬੜੇ ਜ਼ੋਰ ਦੀ ਬਾਰਸ਼ ਸ਼ੁਰੂ ਹੋ ਗਈ ਤੇ ਟੀਨ ਦੀਆਂ ਛੱਤਾਂ ਉੱਤੇ ਪੱਥਰਾਂ ਵਾਂਗ ਆਹਣ ਡਿਗਣੀ ਸ਼ੁਰੂ ਹੋ ਗਈ। ਹਨੇਰੀ ਵੀ ਆਪਣੇ ਪੂਰੇ ਜਲ਼ੋਅ ਵਿਚ ਚੱਲਣ ਲੱਗੀ। ਰੁੱਖ ਸੀਟੀਆਂ ਮਾਰਨ ਲੱਗੇ ਤੇ ਲਾਈਟ ਚਲੀ ਗਈ। ਇੰਝ ਦੇਵ ਦੀ ਉਣੀਂਦੇ ਵਿਚ ਹੀ ਸਾਰੀ ਰਾਤ ਬੀਤ ਗਈ। ਉਨ੍ਹਾਂ ਦੀ ਬੈਰਕ ਦੇ ਨਾਲ਼ ਹੀ ਫੁੱਟਬਾਲ ਦਾ ਗਰਾਊਂਡ ਸੀ ਜਿੱਥੇ ਕੁਝ ਦਿਨਾਂ ਤੋਂ ਵੱਖ ਵੱਖ ਯੂਨਿਟਾਂ ਤੋਂ ਆਈਆਂ ਫੌਜੀਆਂ ਦੀਆਂ ਫੁਟਬਾਲ ਟੀਮਾਂ ਦੇ ਮੁਕਾਬਲੇ ਚੱਲ ਰਹੇ ਸਨ। ਅੱਜ ਫਾਈਨਲ ਵਿਚ ਪੁੱਜੀਆਂ ਟੀਮਾਂ ਦਾ ਮੈਚ ਹੋਣਾ ਸੀ। ਦੇਵ ਨੇ ਦੇਖਿਆ ਕਿ ਸਾਰਾ ਗਰਾਊਂਡ ਪਾਣੀ ਨਾਲ਼ ਭਰਿਆ ਪਿਆ ਸੀ

ਪਰ ਕੁਝ ਫੌਜੀ ਉੱਥੇ ਮੇਜ਼ ਕੁਰਸੀਆਂ ਲਾ ਰਹੇ ਸਨ। ਮੇਜ਼ਾਂ ਉੱਤੇ ਮੇਜ਼ਪੋਸ਼ ਵਿਛਾ ਕੇ ਗੁਲਦਸਤੇ ਰੱਖ ਰਹੇ ਸਨ। ਕਿਸੇ ਵੱਡੇ ਫੌਜੀ ਅਫ਼ਸਰ ਨੇ ਅੱਜ ਇਨਾਮ ਵੰਡਣ ਲਈ ਆਉਣਾ ਸੀ। ਦੇਵ ਬੈਰਕ ਦੇ ਗੇਟ ਵਿਚ ਖੜ੍ਹਾ ਇਹ ਸਭ ਕੁਝ ਦੇਖ ਰਿਹਾ ਸੀ। ਉਸ ਨੇ ਕੋਲ਼ੋਂ ਲੰਘਦੇ ਇਕ ਫੌਜੀ ਨੂੰ ਪੁੱਛਿਆ, 'ਸਰ ਗਰਾਊਂਡ ਵਿਚ ਤਾਂ ਐਨਾ ਪਾਣੀ ਖੜ੍ਹਾ ਏ। ਮੈਚ ਕਿਵੇਂ ਹੋ ਜਾਵੇਗਾ? ਤੁਹਾਡੇ ਸਾਥੀ ਮੇਜ਼ ਕੁਰਸੀਆਂ ਲਾਉਣ ਲੱਗੇ ਹੋਏ ਨੇ।'

'ਸਰ, ਉਹ ਤਾਂ ਕੱਲ੍ਹ ਦਾ ਮਿਲਿਆ ਹੁਕਮ ਵਜਾ ਰਹੇ ਨੇ। ਮੈਚ ਹੁੰਦਾ ਹੈ ਜਾਂ ਨਹੀਂ ਇਸ ਗੱਲ ਨਾਲ਼ ਉਨ੍ਹਾਂ ਦਾ ਕੋਈ ਵਾਸਤਾ ਨਹੀਂ। ਵੱਡੇ ਸਾਹਬ ਦੇ ਨਾ ਆਉਣ ਦਾ ਹੁਕਮ ਆਵੇਗਾ ਤਾਂ ਮੇਜ਼ ਕੁਰਸੀਆਂ ਇਕੱਠੀਆਂ ਕਰਨ ਦਾ ਤਾਜ਼ਾ ਹੁਕਮ ਵੀ ਆ ਜਾਵੇਗਾ।' ਉਸ ਨੇ ਦੱਸਿਆ।

'ਇਹ ਫੌਜੀ ਤੜਕੇ ਦਾ ਹੀ ਪਿਠੂ ਲਾਈ ਪਾਣੀ ਵਿਚ ਘੁੰਮ ਰਿਹਾ ਏ। ਇਸ ਨੇ ਕੀ ਗੁਨਾਹ ਕਰ ਦਿੱਤਾ?' ਦੇਵ ਨੇ ਪੁੱਛਿਆ।

'ਇਹ ਕੱਲ੍ਹ ਮੇਜਰ ਸਾਹਬ ਕੋਲ਼ੋਂ ਬਿਨਾਂ ਸਲੂਟ ਮਾਰੇ ਲੰਘ ਗਿਆ ਸੀ। ਅੱਜ ਬਾਰਾਂ ਵਜੇ ਤਕ ਇਸੇ ਤਰ੍ਹਾਂ ਘੁੰਮਦਾ ਰਹੇਗਾ।' ਉਸ ਨੇ ਦੱਸਿਆ।

ਦੇਵ ਨੇ ਸੋਚਿਆ, ਚੰਗਾ ਹੀ ਹੋਇਆ, ਉਸ ਨੇ ਆਰਮੀ ਜੁਐਨ ਨਹੀਂ ਸੀ ਕੀਤੀ।

ਬੇਅੰਤ ਉਸ ਨੂੰ ਸਵੇਰੇ ਹੀ ਮੁੜ ਘਰ ਲੈ ਗਿਆ। ਉਸ ਨੇ ਪੁੱਛਿਆ ਕਿ ਉਸ ਦੀ ਰਾਤ ਕਿਵੇਂ ਬੀਤੀ। ਦੇਵ ਹੱਸਣ ਲੱਗਾ ਤੇ ਬੋਲਿਆ, 'ਭਰਾਵਾ ਮੈਂ ਹੋਰ ਰਾਤ ਐਥੇ ਨਹੀਂ ਕੱਟ ਸਕਦਾ। ਨਾਸ਼ਤਾ ਖੁਆ ਤੇ ਮੈਨੂੰ ਧਰਮਪੁਰ ਤੱਕ ਪੁਚਾ।'

ਬੇਅੰਤ ਨੇ ਬੜਾ ਜ਼ੋਰ ਲਾਇਆ ਕਿ ਉਹ ਕੁਝ ਰਾਤਾਂ ਉਸ ਕੋਲ਼ ਰਹੇ ਪਰ ਦੇਵ ਨਾ ਮੰਨਿਆ ਤੇ ਵਾਪਸ ਦੋਰਾਹੇ ਆ ਗਿਆ। ਹਫ਼ਤਾ ਭਰ ਦੋਰਾਹੇ ਰਹਿਣ ਮਗਰੋਂ ਉਹ ਆਪਣੀ ਬੇਬੇ ਨੂੰ ਮੁੜ ਇਕੱਲੀ ਛੱਡ ਆਗਰੇ ਵਾਲ਼ੀ ਗੱਡੀ ਚੜ੍ਹ ਗਿਆ। ਰਾਮ ਸਿੰਘ ਨੇ ਉਸ ਨੂੰ ਦੱਸਿਆ ਕਿ ਜੇ ਕਾਲਜ ਦੀ ਲੈਕਚਰਾਰੀ ਮਿਲਦੀ ਹੈ ਤਾਂ ਹੋਰ ਕੀ ਚਾਹੀਦਾ ਹੈ। ਉਹ ਪ੍ਰਿੰਸੀਪਲ ਨੂੰ ਮਿਲ ਕੇ ਆਪਣੀ ਸੀਟ ਪੱਕੀ ਕਰ ਲਵੇ। ਉਹ ਉਸੇ ਦਿਨ ਦਿਆਲਬਾਗ ਕਾਲਜ ਚਲਾ ਗਿਆ। ਪ੍ਰਿੰਸੀਪਲ ਨੇ ਦੱਸਿਆ ਕਿ ਫਿਲਹਾਲ ਗਣਿਤ ਲੈਕਚਰਾਰ ਦੀ ਕੋਈ ਪੋਸਟ ਖਾਲੀ ਨਹੀਂ ਹੈ। ਉਹ ਸੈਸ਼ਨ ਸ਼ੁਰੂ ਹੁੰਦਿਆਂ ਹੀ ਡੈਮੋਂਸਟਰੇਟਰ ਦੇ ਤੌਰ ਤੇ ਜੁਐਨ ਕਰ ਲਵੇ ਤੇ ਪੋਸਟ ਖਾਲੀ ਹੁੰਦਿਆਂ ਹੀ ਉਹ ਉਸ ਨੂੰ ਲੈਕਚਰਾਰ ਬਣਾ ਦੇਣਗੇ। ਉਸ ਨੇ ਇਕ ਹੋਰ ਸੁਝਾਅ ਵੀ ਦਿੱਤਾ ਕਿ ਉੱਥੋਂ ਦਾ ਟਰੇਨਿੰਗ ਕਾਲਜ ਵੀ ਉਨ੍ਹਾਂ ਦੇ ਅੰਡਰ ਹੀ ਚਲਦਾ ਸੀ। ਦੇਵ ਉਸ ਕਾਲਜ ਤੋਂ ਬੀ. ਐਡ. ਕਰ ਲਵੇ। ਉਹ ਅਗਲੇ ਸਾਲ ਉਸ ਨੂੰ ਉੱਥੇ ਲੈਕਚਰਾਰ ਨਿਯੁਕਤ ਕਰ ਦੇਣਗੇ। ਉਹ ਨੌਕਰੀ ਕਰਦਾ ਰਹੇ, ਜਦੋਂ ਵਿਹਲਾ ਹੋਇਆ ਕਰੇ ਬੀ. ਐਡ. ਕਲਾਸ ਲਾ ਲਿਆ ਕਰੇ। ਬੀ. ਐਡ. ਦੀਆਂ ਕਿਤਾਬਾਂ ਉਹ ਕਾਲਜ ਤੋਂ ਲੈ ਲਵੇ ਤੇ ਖ਼ੁਦ ਤਿਆਰੀ ਕਰਦਾ ਰਹੇ। ਉਸ ਕੋਲ਼ੋਂ ਕੋਈ ਫੀਸ ਨਹੀਂ ਲਈ ਜਾਵੇਗੀ। ਸੋ ਦੇਵ ਨੇ ਨੌਕਰੀ ਵੀ ਜੁਐਨ ਕਰ ਲਈ ਤੇ ਬੀ. ਐਡ. ਵਿਚ ਦਾਖਲਾ ਵੀ ਲੈ ਲਿਆ। ਸਭ ਪ੍ਰੋਫੈਸਰ ਉਸ ਦੇ ਦੋਸਤ ਸਨ, ਉਹ ਉਸ ਦੀ ਸਹਾਇਤਾ ਕਰ ਕੇ ਖੁਸ਼ ਹੁੰਦੇ। ਦੇਵ ਨੇ ਸੱਠ ਬਲਾਕ ਵਿਚ ਰਹਿ ਕੇ ਪੜ੍ਹਾਈ ਸ਼ੁਰੂ ਕਰ ਦਿੱਤੀ। ਸਵੇਰ ਸ਼ਾਮ ਉਹ ਰੋਟੀ ਆਪਣੀ ਭਾਬੀ ਕੋਲ਼

ਖਾ ਆਉਂਦਾ।

ਬੀ. ਐਡ. ਕਲਾਸ ਸ਼ੁਰੂ ਹੋਈ ਨੂੰ ਤਿੰਨ ਮਹੀਨੇ ਹੋ ਚੁੱਕੇ ਸਨ ਕਿ ਕਾਲਜ ਵਿਚ ਮੁੰਡਿਆਂ ਨੇ ਹੜਤਾਲ ਕਰ ਦਿੱਤੀ। ਲੀਡਰਨੁਮਾ ਮੁੰਡੇ ਪਹਿਲਾਂ ਵੀ ਜੋਹਰੀ ਸਾਹਬ ਨੂੰ ਕਈ ਵਾਰੀ ਮਿਲ ਕੇ ਇਹ ਮੰਗ ਕਰ ਚੁੱਕੇ ਸਨ ਕਿ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਕਰਵਾਈਆਂ ਜਾਣ। ਪ੍ਰਿੰਸੀਪਲ ਉਨ੍ਹਾਂ ਦੀ ਮੰਗ ਨੂੰ ਇਸ ਕਰਕੇ ਟਾਲ਼ਦਾ ਆ ਰਿਹਾ ਸੀ ਕਿ ਯੂਨੀਅਨ ਬਣਨ ਮਗਰੋਂ ਨਿੱਤ ਹੀ ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਹੜਤਾਲਾਂ ਸ਼ੁਰੂ ਹੋ ਜਾਂਦੀਆਂ ਹਨ। ਹੁਣ ਹੜਤਾਲ ਹੋਈ ਤਾਂ ਪ੍ਰਿੰਸੀਪਲ ਨੂੰ ਝੁਕਣਾ ਪਿਆ। ਡਿਗਰੀ ਅਤੇ ਟਰੇਨਿੰਗ ਕਾਲਜ ਦੀ ਸਾਂਝੀ ਵਿਦਿਆਰਥੀ ਯੂਨੀਅਨ ਬਣਨੀ ਸੀ। ਮੈਨੇਜਿੰਗ ਕਮੇਟੀ ਦਾ ਪ੍ਰਿੰਸੀਪਲ ਤੇ, ਪ੍ਰਿੰਸੀਪਲ ਦਾ ਸਟਾਫ਼ ਅਤੇ ਸਟਾਫ਼ ਦਾ ਵਿਦਿਆਰਥੀਆਂ ਤੇ ਪੂਰਾ ਜ਼ੋਰ ਚੱਲਣਾ ਸੀ ਕਿ ਅਹੁਦੇਦਾਰ ਵਿਦਿਆਰਥੀ ਉਨ੍ਹਾਂ ਦੇ ਚਹੇਤੇ ਹੋਣ। ਚੋਣ ਕਰਾਉਣ ਦਾ ਐਲਾਨ ਹੋਇਆ ਤਾਂ ਕੁਝ ਮੁੰਡੇ ਕੁੜੀਆਂ ਨੇ ਦੇਵ ਨੂੰ ਪ੍ਰਧਾਨ ਦੇ ਅਹੁਦੇ ਲਈ ਚੋਣ ਲੜਨ ਲਈ ਮਨਾ ਲਿਆ। ਸਾਰੇ ਪ੍ਰੋਫ਼ੈਸਰਾਂ ਤੇ ਪ੍ਰਿੰਸੀਪਲ ਨੇ ਵੀ ਉਸ ਨੂੰ ਚੋਣ ਲੜਨ ਲਈ ਉਤਸ਼ਾਹਿਤ ਕੀਤਾ। ਇੱਕੋ ਇਕ ਦੇਵ ਹੀ ਸੀ ਜੋ ਪ੍ਰਿੰਸੀਪਲ ਅਤੇ ਮੈਨੇਜਿੰਗ ਕਮੇਟੀ ਦੇ ਹਿਤਾਂ ਦਾ ਧਿਆਨ ਰੱਖਣ ਵਾਲ਼ਾ ਹੋਣਾ ਸੀ। ਦੇਵ ਨੇ ਪ੍ਰਧਾਨ ਲਈ ਆਪਣਾ ਨਾਂ ਪੇਸ਼ ਕਰ ਦਿੱਤਾ।

ਪ੍ਰੋਫ਼ੈਸਰ ਸਕਸੈਨਾ ਨੇ ਦੇਵ ਨੂੰ ਇਕ ਭੇਤ ਵਾਲ਼ੀ ਗੱਲ ਦੱਸੀ। ਜਿਹੜੇ ਵਿਦਿਆਰਥੀਆਂ ਨੇ ਪ੍ਰਧਾਨ ਦੀ ਚੋਣ ਲਈ ਕਾਗਜ਼ ਭਰਨੇ ਸਨ, ਉਨ੍ਹਾਂ ਨੂੰ ਇਕ 'ਅੜਾਖੋੜ' ਪਾਰ ਕਰਨਾ ਪੈਣਾ ਸੀ। ਚੋਣ ਤੋਂ ਪਹਿਲਾਂ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਦੀ ਹਾਜ਼ਰੀ ਵਿਚ, ਮੌਕੇ ਤੇ ਮਿਲੇ ਟਾਪਕ ਉੱਤੇ, ਵੀਹ ਮਿੰਟ ਭਾਸ਼ਣ ਕਰਨਾ ਸੀ। ਦੇਵ ਨੂੰ ਤਾਂ ਕੇਵਲ ਪੰਜਾਬੀ ਆਉਂਦੀ ਸੀ। ਹਿੰਦੀ ਜਾਂ ਅੰਗਰੇਜ਼ੀ ਵਿਚ ਭਾਸ਼ਣ ਦੇਣਾ ਉਸ ਲਈ ਸੌਖੀ ਗੱਲ ਨਹੀਂ ਸੀ। ਪ੍ਰੋਫ਼ੈਸਰ ਸਕਸੈਨਾ ਨੇ ਇਸ ਸਮੱਸਿਆ ਦਾ ਹੱਲ ਕੱਢ ਲਿਆ। ਉਸ ਨੇ ਚੋਣ ਤੋਂ ਪੰਜ ਦਿਨ ਪਹਿਲਾਂ ਉਸ ਨੂੰ ਇਕ ਟਾਪਕ 'ਭਾਰਤ ਪਾਕਿ ਕੇ ਆਪਸੀ ਰਿਸ਼ਤੇ ਔਰ ਹਥਿਆਰੋਂ ਕੀ ਦੌੜ' ਦੱਸ ਦਿੱਤਾ ਤੇ ਹਿੰਦੀ ਦੇ 'ਅਮਰ ਉਜਾਲਾ' ਅਖ਼ਬਾਰ ਦੀ ਉਹ ਕਟਿੰਗ ਵੀ ਦੇਵ ਨੂੰ ਦੇ ਦਿੱਤੀ ਜਿਸ ਵਿਚ ਕਿਸੇ ਵਿਦਵਾਨ ਲੇਖਕ ਦਾ ਇਹ ਲੇਖ ਛਪਿਆ ਸੀ। ਭਾਸ਼ਣ ਦੇਣ ਤੋਂ ਪਹਿਲਾਂ ਟਾਪਕ ਲਿਖੀ ਉਸ ਪਰਚੀ ਦੀ ਪਛਾਣ ਵੀ ਉਸ ਨੂੰ ਦੱਸ ਦਿੱਤੀ ਜਿਹੜੀ ਉਸ ਨੇ ਚੁੱਕਣੀ ਸੀ ਤੇ ਰਟਿਆ-ਰਟਾਇਆ ਭਾਸ਼ਣ ਦੇਣਾ ਸੀ।

ਉਸ ਦੇ ਮੁਕਾਬਲੇ ਵਿਚ ਬੀ. ਐਡ. ਕਲਾਸ' ਚੋਂ ਹੀ ਅਨਿਲ ਸੱਚਦੇਵਾ ਨਾਂ ਦੇ ਮੁੰਡੇ ਨੇ ਪ੍ਰਧਾਨ ਲਈ ਕਾਗਜ਼ ਭਰੇ। ਚੋਣ ਵਾਲ਼ੀ ਸਵੇਰ ਹਾਲ ਮੁੰਡੇ ਕੁੜੀਆਂ ਨਾਲ਼ ਭਰਿਆ ਪਿਆ ਸੀ। ਦੋਨਾਂ ਉਮੀਦਵਾਰਾਂ ਨੂੰ ਸੁਣਨ ਮਗਰੋਂ ਹੀ ਸਾਰੇ ਅਹੁਦਿਆਂ ਲਈ ਵੋਟਾਂ ਪੈਣੀਆਂ ਸਨ। ਦੇਵ ਨੇ ਆਪਣਾ ਭਾਸ਼ਣ ਰਟ ਰਟ ਕੇ ਪਾਣੀ ਵਾਂਗ ਤੋਰ ਲਿਆ ਸੀ। ਕਿੰਨੀ ਵਾਰੀ ਉਹ ਸ਼ੀਸ਼ੇ ਮੂਹਰੇ ਖੜ ਕੇ ਬੋਲ ਚੁੱਕਾ ਸੀ। ਪਹਿਲਾਂ ਅਨਿਲ ਸੱਚਦੇਵ ਬੋਲਿਆ। ਉਸ ਨੇ ਪ੍ਰੋਫ਼ੈਸਰ ਸਕਸੈਨਾ ਦੇ ਹੱਥ' ਚ ਫੜੀ ਟਰੇਅ' ਚੋਂ ਇਕ ਪਰਚੀ ਚੁੱਕੀ ਤੇ ਖੋਲ੍ਹ ਕੇ ਵਿਸ਼ਾ ਦੱਸਿਆ, 'ਭਾਰਤ ਮੇਂ ਅਨਪੜ੍ਹਤਾ ਕੀ ਸਮੱਸਿਆ ਔਰ ਸਮਾਧਾਨ।' ਅਨਪੜ੍ਹਤਾ ਨੂੰ ਹਿੰਦੀ ਵਿਚ ਉਸ

ਨੇ ਕੁਝ ਹੋਰ ਕਿਹਾ ਸੀ। ਪੰਜ-ਸੱਤ ਵਾਕ ਬੋਲਣ ਮਗਰੋਂ ਉਸ ਦੀ ਜ਼ੁਬਾਨ ਨੂੰ ਬਰੇਕ ਲੱਗ ਗਏ। ਉਹ ਚੁੱਪ ਕਰ ਗਿਆ। ਉਸ ਨੂੰ ਕੁਝ ਸੁਝੇ ਹੀ ਨਾ। ਮੁੰਡੇ ਕੁੜੀਆਂ ਤਾੜੀਆਂ ਮਾਰ-ਮਾਰ ਹੋ ਹੋ ਕਰਨ ਲੱਗੇ ਤਾਂ ਉਹ ਆਪਣਾ ਪੀਲ਼ਾ ਪੈ ਚੁੱਕਾ ਚਿਹਰਾ ਲੈ ਕੇ ਬੈਠ ਗਿਆ। ਫਿਰ ਦੇਵ ਦੀ ਵਾਰੀ ਆਈ। ਅਨਿਲ ਨੂੰ ਟਰੇਅ ਵਿੱਚੋਂ ਟਾਪਕ ਲਿਖੀ ਪਰਚੀ ਚੁਕਵਾਉਣ ਮਗਰੋਂ ਪ੍ਰੋਫੈਸਰ ਸਕਸਨਾ ਨੇ ਦੇਵ ਵਾਲ਼ੀ ਸਿਆਹੀ ਲੱਗੀ ਪਰਚੀ ਰੱਖ ਦਿੱਤੀ ਸੀ, ਜੋ ਉਸ ਨੇ ਚੁੱਕ ਕੇ ਖੋਲ੍ਹ ਲਈ। ਉਸ ਨੇ ਟਾਪਕ ਪੜ੍ਹਿਆ ਤੇ ਆਪਣਾ ਭਾਸ਼ਣ ਸ਼ੁਰੂ ਕਰ ਦਿੱਤਾ। ਰਟੇ ਹੋਏ ਲੇਖ ਦੇ ਵਾਕ ਉਸ ਦੇ ਮੂੰਹੋਂ ਫਰਨ-ਫਰਨ ਡਿਗਣ ਲੱਗੇ। ਸਾਰੇ ਹਾਲ ਵਿਚ ਇਕ ਖਾਮੋਸ਼ੀ ਅਤੇ ਅਚੰਭਾ ਛਾ ਗਿਆ। ਵਿਦਿਆਰਥੀ ਹੈਰਾਨ ਹੋ ਹੋ ਤਾੜੀਆਂ ਮਾਰਦੇ ਕਿ ਐਨਾ ਵਿਦਵਾਨ ਸਰਦਾਰ ਕਿਹੜੀ ਦੁਨੀਆਂ' ਚੋਂ ਆਇਆ ਸੀ। ਦੇਵ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਨਾਟਕ ਵਿਚ ਆਪਣਾ ਰੋਲ ਅਦਾ ਕਰ ਰਿਹਾ ਹੋਵੇ। ਸਭ ਮੁੰਡੇ-ਕੁੜੀਆਂ ਮੰਤਰ-ਮਗਧ ਹੋਏ ਬੈਠੇ ਸਨ। ਭਾਸ਼ਣ ਦੀ ਸਮਾਪਤੀ ਮਗਰੋਂ ਓਨੀ ਦੇਰ ਤਾੜੀਆਂ ਵੱਜਦੀਆਂ ਰਹੀਆਂ ਸਨ, ਜਿੰਨੀ ਦੇਰ ਪਹਿਲਾਂ ਦੇਵ ਬੋਲ ਚੁੱਕਾ ਸੀ। ਜੌਹਰੀ ਸਾਬ੍ਹ ਨੇ ਖੜ੍ਹੇ ਹੋ ਕੇ ਦੋਨੋਂ ਹੱਥ ਉੱਤੇ ਚੁੱਕ ਕੇ ਵਿਦਿਆਰਥੀਆਂ ਨੂੰ ਸ਼ਾਂਤ ਕੀਤਾ ਤੇ ਕਿਹਾ, 'ਸਰਦਾਰ ਜੀ ਹਮਾਰੇ ਕਾਲਜ ਕਾ ਹੀਰਾ ਹੈ। ਹਮਾਰੀ ਖੁਸ਼ਕਿਸਮਤੀ ਹੈ ਕਿ ਯੇ ਯਹਾਂ ਪਰ ਟੀਚਰ ਵੀ ਹੈ ਔਰ ਸਟੂਡੈਂਟ ਵੀ।'

ਕਈ ਵਿਦਿਆਰਥੀਆਂ ਨੇ ਬਾਹਾਂ ਖੜ੍ਹੀਆਂ ਕਰ ਕੇ ਕਿਹਾ, 'ਹਮ ਅਪਨਾ ਪ੍ਰਧਾਨ ਸਰਦਾਰ ਜੀ ਕੋ ਚੁਨਤੇ ਹੈਂ। ਅਬ ਪ੍ਰਧਾਨ ਕੇ ਲੀਏ ਵੋਟਿੰਗ ਕਾ ਕੋਈ ਮਤਲਬ ਨਹੀਂ ਰਹਿ ਗਿਆ।'

ਖੈਰ, ਵੋਟਾਂ ਤਾਂ ਪੈਣੀਆਂ ਹੀ ਸਨ। ਦੇਵ ਨੇ ਆਪਣੇ ਵਿਰੋਧੀ ਅਨਿਲ ਸਚਦੇਵਾ ਨੂੰ ਭਾਰੀ ਬਹੁਮਤ ਨਾਲ਼ ਹਰਾਇਆ। ਜਿੰਨੇ ਅਹੁਦੇਦਾਰ ਜਿੱਤੇ, ਸ਼ਾਮ ਨੂੰ ਉਨ੍ਹਾਂ ਦੀ ਇਕ ਮੀਟਿੰਗ ਦੇਵ ਦੀ ਪ੍ਰਧਾਨਗੀ ਹੇਠ ਹੋਈ। ਦੇਵ ਲਈ ਇਹ ਜ਼ਿੰਦਗੀ ਵਿਚ ਮਿਲਿਆ ਸਭ ਤੋਂ ਵੱਡਾ ਮਾਣ ਸੀ। ਅਗਲੇ ਦਿਨ ਉਹ ਕਾਲਜ ਵਿਚ ਧਰਤੀ ਤੋਂ ਗਿੱਠ ਗਿੱਠ ਹੋਇਆ ਘੁੰਮ ਰਿਹਾ ਸੀ। ਸਵੇਰੇ ਉਸ ਨੇ ਪਗੜੀ ਵੀ ਕਈ ਵਾਰ ਢਾਹ ਕੇ ਬੰਨ੍ਹੀ ਸੀ ਤੇ ਕੱਪੜੇ ਵੀ ਪਰੈੱਸ ਕਰਵਾ ਕੇ ਪਾਏ ਸਨ। ਕਾਲਜ ਵਿਚ ਜੋ ਵੀ ਉਸ ਨੂੰ ਮਿਲਦਾ- 'ਰਾਧਾ ਸੁਆਮੀ ਪ੍ਰਧਾਨ ਜੀ' ਕਹਿ ਕੇ ਹਾਲ-ਚਾਲ ਪੁੱਛਦਾ। ਉਸ ਦੇ ਭਾਸ਼ਣ ਦੀ ਤਾਰੀਫ਼ ਕਰਦਾ। ਕਈ ਕੁੜੀਆਂ ਨੇ ਵੀ ਉਸ ਨੂੰ ਵਿਸ਼ ਕੀਤਾ। ਮਨੋਰਮਾ ਨਾਂ ਦੀ ਬੀ. ਐਸਸੀ. ਕਰਦੀ ਇਕ ਕੁੜੀ ਨੇ ਤਾਂ ਉਸ ਨੂੰ ਇਕ ਤਹਿ ਮਾਰਿਆ ਕਾਗਜ਼ ਵੀ ਫੜਾ ਦਿੱਤਾ, ਜਿਸ ਵਿਚ ਉਸ ਨੇ ਲਿਖਿਆ ਸੀ ਕਿ ਉਹ ਉਸ ਨੂੰ ਪਿਆਰ ਕਰਦੀ ਹੈ ਤੇ ਹਮੇਸ਼ਾ ਲਈ ਉਸ ਦੀ ਬਣ ਜਾਣਾ ਚਾਹੁੰਦੀ ਹੈ। ਦੇਵ ਲਈ ਉਸ ਦਿਨ ਕਲਾਸ ਲਾਉਣ ਦਾ ਮਜ਼ਾ ਹੀ ਹੋਰ ਸੀ।

ਬੀ. ਐਡ. ਦੇ ਇਕ ਦੋ ਪੀਰਡ ਲਾ ਕੇ ਉਹ ਡਿਗਰੀ ਕਾਲਜ ਦੀ ਲੈਬ ਵਿਚ ਪ੍ਰੈਕਟੀਕਲ ਦੀ ਕਲਾਸ ਲੈ ਰਿਹਾ ਸੀ ਕਿ ਪ੍ਰਿੰਸੀਪਲ ਜੋਹਰੀ ਦਾ ਬੁਲਾਵਾ ਆ ਗਿਆ। ਉਹ ਖੁਸ਼ ਹੋਇਆ ਕਿ ਰਾਤੋ-ਰਾਤ ਉਸ ਦੀ ਕਿੰਨੀ ਬੁੱਕਤ ਵਧ ਗਈ ਸੀ। ਜ਼ਰੂਰ ਉਹ ਕਾਲਜ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨਾ ਚਾਹੁੰਦਾ ਹੋਵੇਗਾ। ਦੇਵ ਦੀ ਬਦਕਿਸਮਤੀ

ਕਿ ਪ੍ਰਿੰਸੀਪਲ ਦੇ ਦਫਤਰ ਵਿਚ ਤਾਂ ਹੋਰ ਹੀ ਮਾਘਾ ਪਿਆ ਹੋਇਆ ਸੀ। ਉੱਥੇ ਚੋਣ ਹਾਰਿਆ ਅਨਿਲ ਸੱਚਦੇਵਾ ਤੇ ਉਸ ਦੇ ਸਾਥੀ ਬੈਠੇ ਸਨ। ਸਾਰੀ ਪੋਲ ਖੁੱਲ੍ਹ ਚੁੱਕੀ ਸੀ। ਆਗਰੇ ਤੋਂ ਛਪੇ 'ਅਮਰ ਉਜਾਲਾ' ਦਾ ਉਹ ਅੰਕ ਉਨ੍ਹਾਂ ਕੋਲ਼ ਸੀ ਜਿਸ ਵਿਚ ਦੇਵ ਵੱਲੋਂ ਦਿੱਤਾ ਗਿਆ ਭਾਸ਼ਣ ਕਿਸੇ ਹੋਰ ਦੇ ਨਾਂ ਛਪਿਆ ਹੋਇਆ ਸੀ। ਉਹ ਸਟਾਫ ਦੇ ਕਿਸੇ ਮੈਂਬਰ ਵੱਲੋਂ ਇਸ ਸਾਜਸ਼ ਵਿਚ ਸ਼ਾਮਲ ਹੋਣ ਦਾ ਦੋਸ਼ ਵੀ ਲਾ ਰਹੇ ਸਨ। ਦੇਵ ਨੇ ਮਨ ਹੀ ਮਨ ਇਹ ਫੈਸਲਾ ਕਰ ਲਿਆ ਕਿ ਚਾਹੇ ਅੱਗ ਦੇ ਮੂੰਹ' ਚ ਪੈਣਾ ਪਵੇ ਉਹ ਪ੍ਰੋਫੈਸਰ ਸਕਸੈਨਾ ਨੂੰ ਆਂਚ ਨਹੀਂ ਆਉਣ ਦੇਵੇਗਾ। ਪ੍ਰਿੰਸੀਪਲ ਨੇ ਉਸ ਨੂੰ ਬੈਠਣ ਲਈ ਕਿਹਾ ਤੇ ਪੁੱਛਿਆ, 'ਸਰਦਾਰ ਜੀ, ਜੋ ਆਪਨੇ ਭਾਸ਼ਣ ਦੀਆ, ਵੋ ਕਹਾਂ ਸੇ ਲੀਆ?'

'ਜੀ ਅਮਰ ਉਜਾਲਾ ਅਖ਼ਬਾਰ ਮੇ ਛਪਾ ਥਾ।'

'ਆਪ ਕੋ ਕੈਸੇ ਪਤਾ ਚਲਾ ਕਿ ਇਸੀ ਟਾਪਕ ਪਰ ਬੋਲਨਾ ਹੈ?'

'ਸਰ ਕੁਝ ਦਿਨ ਪਹਿਲੇ ਮੈਂ ਸਟਾਫ਼ ਰੂਮ ਮੇਂ ਗਯਾ ਥਾ। ਵਹਾਂ ਪਰ ਸਕਸੈਨਾ ਸਾਹਬ ਕੀ ਡਾਇਰੀ ਪੜੀ ਥੀ। ਮੈਨੇ ਉਠਾ ਲੀ। ਉਸ ਮੇਂ ਤੀਨ ਟਾਪਕ ਲਿਖੇ ਥੇ। ਮੇਰੇ ਵਾਲ਼ੇ ਟਾਪਕ ਕੀ ਕਟਿੰਗ ਵੀ ਪੜੀ ਥੀ। ਮੈਂ ਸਮਝ ਗਯਾ ਕਿ ਇਨ ਮੇਂ ਸੇ ਹੀ ਏਕ ਮੁਝੇ ਮਿਲੇ ਗਾ। ਕਟਿੰਗ ਵਾਲ਼ਾ ਟਾਪਕ ਮੈਨੇ ਪੂਰੀ ਤਰ੍ਹਾ ਰਟ ਲੀਆ। ਭਗਵਾਨ ਨੇ ਮੇਰਾ ਸਾਥ ਦੀਆ, ਔਰ ਵੋਹ ਹੀ ਮੁਝੇ ਮਿਲ ਗਯਾ।'

'ਨਹੀਂ ਸਰ... ਕਿਸੀ ਭਗਵਾਨ ਨੇ ਸਾਥ ਨਹੀਂ ਦੀਆ। ਕਿਸੀ ਪ੍ਰੋਫੈਸਰ ਕੀ ਚਾਲ ਹੈ ਯੇ। ਉਸ ਕੇ ਖਿਲਾਫ਼ ਐਕਸ਼ਨ ਲੋ ਔਰ ਇਸ ਸਰਦਾਰ ਕੋ ਭਗਾਓ ਯਹਾਂ ਸੇ, ਨਹੀਂ ਤੋ ਸਾਰਾ ਕਾਲਜ ਹੜਤਾਲ ਪਰ ਜਾਏਗਾ।' ਅਨਿਲ ਬੋਲਿਆ।

ਪ੍ਰਿੰਸੀਪਲ ਅਨਿਲ ਨੂੰ ਉਠਾ ਕੇ ਸਾਥ ਵਾਲ਼ੇ ਕਮਰੇ' ਚ ਲੈ ਗਿਆ ਤੇ ਵਾਪਸ ਆ ਕੇ ਪ੍ਰਧਾਨ ਦੇ ਅਹੁਦੇ ਲਈ ਮੁੜ ਚੋਣ ਕਰਵਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਦੇਵ ਨੇ ਦੱਸਿਆ ਕਿ ਹੁਣ ਉਹ ਚੋਣ ਨਹੀਂ ਲੜੇਗਾ। ਮੁੰਡੇ ਤਾੜੀਆਂ ਮਾਰਦੇ ਦਫ਼ਤਰੋਂ ਬਾਹਰ ਚਲੇ ਗਏ। ਪ੍ਰਿੰਸੀਪਲ ਜੌਹਰੀ ਨੇ ਦੇਵ ਨੂੰ ਕਿਹਾ, 'ਕੋਈ ਬਾਤ ਨਹੀਂ ਸਰਦਾਰ ਜੀ। ਤੁਮਹਾਰੇ ਵਿਰੁੱਧ ਕੋਈ ਐਕਸ਼ਨ ਨਹੀਂ ਲੀਆ ਜਾਏਗਾ।'

ਦੇਵ ਆਪ ਸੋਚਣ ਲੱਗਾ ਕਿ ਉਸ ਨੇ ਇਸ ਪੁੱਠੇ ਪੰਗੇ ਵਿਚ ਪੈ ਕੇ ਕੀ ਲੈਣਾ ਸੀ। ਇਹ ਵੀ ਚੰਗਾ ਹੋਇਆ ਕਿ ਉਸ ਨੇ ਇਸ ਗੱਲ ਨੂੰ ਆਪਣੇ ਤੱਕ ਹੀ ਸੀਮਤ ਰੱਖਿਆ ਸੀ, ਘਰ ਆਪਣੇ ਵੀਰ ਜੀ ਜਾਂ ਭਾਬੀ ਕੋਲ਼ ਭਾਫ਼ ਨਹੀਂ ਸੀ ਕੱਢੀ।

ਕੁਝ ਦਿਨਾਂ ਮਗਰੋਂ ਮਨੋਰਮਾ ਉਸ ਨੂੰ ਫਿਰ ਮਿਲੀ ਤੇ ਬੋਲੀ, 'ਦੇਵ ਜੀ ਚਾਹੇ ਜੋ ਭੀ ਹੂਆ, ਮੈਂ ਆਪ ਕੋ ਅਬ ਭੀ ਪਿਆਰ ਕਰਤੀ ਹੂੰ।'

ਦੇਵ ਉਸ ਵੱਲ ਦੇਖ ਕੇ ਮੁਸਕਰਾ ਦਿੱਤਾ।

**00**

ਦ਼;;**017**

# ਇਕ ਸੌ ਇਕ

ਬੀ. ਐਡ ਦੇ ਪੇਪਰ ਦੇਣ ਮਗਰੋਂ ਦੇਵ ਫਿਰ ਵਿਹਲਾ ਹੋ ਗਿਆ। ਡਿਗਰੀ ਕਾਲਜ ਵਿਚ ਗਣਿਤ ਲੈਕਚਰਾਰ ਦੀ ਕੋਈ ਪੋਸਟ ਖਾਲੀ ਨਾ ਹੋਈ। ਯੂਨਵਰਸਿਟੀ ਵੱਲੋਂ ਇਕ ਨਵਾ ਫੁਰਮਾਨ ਵੀ ਜ਼ਾਰੀ ਹੋ ਗਿਆ ਕਿ ਟਰੇਨਿੰਗ ਕਾਲਜ ਵਿਚ ਲੈਕਚਰਾਰ ਦੀ ਨਿਯੁਕਤੀ ਲਈ ਪੋਸਟ ਗਰੈਜੁਏਸ਼ਨ ਦੇ ਨਾਲ਼ ਐਮ. ਐਡ. ਹੋਣਾ ਵੀ ਜਰੂਰੀ ਹੋਵੇਗਾ। ਇਸਦਾ ਮਤਲਬ ਸੀ ਦੇਵ ਇਕ ਸਾਲ ਹੋਰ ਪੜ੍ਹਾਈ ਕਰਦਾ। ਉੱਧਰ ਉਸਦੀ ਬੇਬੇ ਦੋਰਾਹੇ ਇਕੱਲੀ ਰਹਿ ਰਹੀ ਸੀ। ਉਹ ਪੂਰਾ ਇਕ ਮਹੀਨਾ ਬੀਮਾਰ ਰਹੀ ਸੀ ਤੇ ਉਸਨੂੰ ਦੇਵ ਦੀ ਮਾਸੀ ਦੀ ਧੀ ਸ਼ਕੁੰਤਲਾ ਨੇ ਸਾਂਭਿਆ ਸੀ। ਦਵਾ ਦਾਰੂ ਵੀ ਕੀਤੀ ਸੀ ਤੇ ਰੋਟੀ ਪਾਣੀ ਵੀ ਦਿੱਤਾ ਸੀ। ਉਹ ਦੋਰਾਹਾ ਛੱਡ ਕੇ ਆਪਣੇ ਕਿਸੇ ਪੁੱਤ ਕੋਲ਼ ਜਾ ਵੀ ਨਹੀਂ ਸੀ ਸਕਦੀ। ਪਰੇਮ ਨੇ ਦੇਵ ਨੂੰ ਸੱਠ ਬਲਾਕ ਦੇ ਪਤੇ ਉੱਤੇ ਇਕ ਖਤ ਪਾਇਆ ਕਿ ਉਹ ਚਾਰ ਪੁੱਤ ਸਨ ਤੇ ਉਨ੍ਹਾਂ ਦੀ ਮਾਂ ਇੱਕਲੀ ਰੁਲ ਰਹੀ ਹੈ ਸੀ। ਉਸਦੀ ਹਾਲਤ ਤਾਂ ਦੇਵ ਦੇ ਮਾਮੇ ਘਨ੍ਹਈਏ ਨਾਲ਼ੋਂ ਵੀ ਭੈੜੀ ਸੀ, ਉਹ ਦੋ ਜਣੇ ਤਾਂ ਸਨ । ਉਨ੍ਹਾਂ ਨੂੰ ਬੈਠ ਕੇ ਕੋਈ ਹੱਲ ਲੱਭਣਾ ਚਾਹੀਦਾ ਹੈ ਤਾਂ ਕੀ ਉਨ੍ਹਾਂ ਦੀ ਬੇਬੇ ਵੀ ਜਿੰਦਗੀ ਵਿਚ ਸੁੱਖ ਦੇਖ ਸਕੇ। ਚਿੱਠੀ ਪੜ੍ਹ ਕੇ ਦੇਵ ਭਾਵੁਕ ਹੋ ਗਿਆ। ਉਸ ਨੇ ਰਾਮ ਸਿੰਘ ਤੇ ਆਪਣੀ ਭਾਬੀ ਨੂੰ ਦੱਸ ਦਿੱਤਾ ਕਿ ਹੁਣ ਉਹ ਪੰਜਾਬ ਵਿਚ ਹੀ ਕਿਸੇ ਨੌਕਰੀ ਦੀ ਤਲਾਸ਼ ਕਰੇਗਾ। ਉਸ ਨੇ ਦਿਅਲਬਾਗ ਕਾਲਜ ਛੱਡ ਦਿੱਤਾ ਤੇ ਦੋਰਾਹੇ ਆ ਗਿਆ । ਹੁਣ ਉਸਨੂੰ ਇਸ ਗੱਲ ਦੀ ਬੜੀ ਸੰਤੁਸ਼ਟੀ ਸੀ ਕਿ ਉਹ ਆਪਣੀ ਬੇਬੇ ਕੋਲ਼ ਸੀ। ਅਜੇ ਹਫਤਾ ਹੀ ਬੀਤਿਆ ਸੀ ਕਿ ਇਕ ਦਿਨ ਅਖਬਾਰ ਪੜ੍ਹਦਿਆਂ ਉਸ ਨੂੰ ਗਣਿਤ ਲੈਕਚਰਾਰ ਦੀ ਖਾਲੀ ਥਾਂ ਲੱਭੀ। ਪਰ ਸੱਮਸਿਆ ਮੁੜ ਉਹੋ ਪੁਰਾਣੀ ਸੀ ਕਿ ਇਹ ਪੋਸਟ ਹਿਮਾਚਲ ਪਰਦੇਸ਼ ਦੇ ਕਾਂਗੜਾ ਸ਼ਹਿਰ ਵਿਚ ਸਥਿਤ ਜੀ. ਏ. ਵੀ ਹਾਇਰ ਸੈਕੰਡਰੀ ਸਕੂਲ ਵਿਚ ਸੀ। ਉਸ ਨੇ ਅਪਲਾਈ ਨਾ ਕਰਨ ਦਾ ਮਨ ਬਣਾਇਆ ਤੇ ਆਪਣੀ ਬੇਬੇ ਕੋਲ਼ ਗੱਲ ਕੀਤੀ ਉਹ ਬੋਲੀ, 'ਦੇਖ ਪੁੱਤ, ਮੇਰੇ ਕੋਲ਼ ਕੋਈ ਨਾ ਕੋਈ ਆਉਂਦਾ ਹੀ ਰਹਿੰਦਾ ਏ, ਤੂੰ ਆਪਣੀ ਨੌਕਰੀ ਲੱਭ ਜਿੱਥੇ ਮਿਲਦੀ ਏ। ਛੁੱਟੀਆਂ ਵਿਚ ਗੇੜਾ ਮਾਰ ਜਾਇਆ ਕਰੀਂ। ਮੇ ਰੇ ਗੋਡੇ ਨਾਲ਼ ਬਹਿ ਕੇ ਤੈਨੂੰ ਕੋਈ ਨੌਕਰੀ ਨਹੀਂ ਮਿਲਣੀ। ਦਰਖ਼ਾਸਤ ਭੇਜਦੇ।'

ਦੇਵ ਨੇ ਉਸ ਸਕੂਲ ਦੇ ਪਿਲ਼ੰਸੀਪਲ ਦੇ ਨਾਂ ਅਰਜ਼ੀ ਭੇਜ ਦਿੱਤੀ ਤੇ ਆਪਣਾ ਰਿਜ਼ਿਊਮ ਨਾਲ਼ ਨੱਥੀ ਕਰ ਦਿੱਤਾ। ਸਕੂਲ ਪ੍ਰਬੰਧਕਾਂ ਨੇ ਬਿਨਾਂ ਇੰਟਰਵਿਊ ਲਏ ਉਸ ਨੂੰ ਦੋ ਸੌ ਰੁਪਏ ਮਹੀਨਾ ਤਨਖਾਹ ਦਾ ਨਿਯੁਕਤੀ ਪੱਤਰ ਭੇਜ ਦਿੱਤਾ। ਇਹ ਵੀ ਦੱਸਿਆ ਕਿ ਸਕੂਲ ਵੱਲੋਂ ਉਸ ਦੀ ਰਿਹਾਇਸ਼ ਦਾ ਪ੍ਰਬੰਧ ਮੁਫ਼ਤ ਵਿਚ ਕੀਤਾ ਜਾਵੇਗਾ। ਸੋ ਦੇਵ ਨੇ ਕਾਂਗੜੇ ਜਾਣ ਦੀ ਤਿਆਰੀ ਕਰ ਲਈ। ਉਸ ਨੇ ਭਾਗਵੰਤੀ ਨੂੰ ਕਿਹਾ, 'ਬੇਬੇ ਆਪਾਂ ਦੋਰਾਹੇ ਵਿਚ ਮਕਾਨ ਕਾਹਦਾ ਬਣਾਇਆ, ਤੇਰੇ ਪੈਰਾਂ' ਚ ਪੈਖੜ ਪੈ ਗਏ। ਜੇ ਇਹ ਨਾ ਹੁੰਦਾ ਤਾਂ ਅੱਜ ਤੂੰ ਮੇਰੇ ਨਾਲ਼ ਕਾਂਗੜੇ ਜਾਂਦੀ। ਤਾਜ਼ੀ ਰੋਟੀ ਖਾਂਦੇ ਤੇ ਮੌਜ ਨਾਲ਼ ਰਹਿੰਦੇ।'

ਉਸ ਦੀ ਗੱਲ ਸੁਣ ਕੇ ਉਹ ਹੱਸ ਪਈ ਤੇ ਬੋਲੀ, 'ਬੰਦਿਆਂ ਤੇ ਪੰਛੀਆਂ' ਚ ਆਹੀ ਫਰਕ ਏ। ਆਪਾਂ ਤੋਂ ਤਾਂ ਟੱਪਰੀਵਾਸ ਚੰਗੇ। ਮਨ ਆਵੇ ਕਿਤੇ ਰੁਕ ਜਾਵੋ ਨਹੀਂ ਤਾਂ ਚੁੱਕੋ

ਆਪਣਾ ਘਰ ਸਿਰ' ਤੇ ਅਰ ਚੱਲ ਪਵੋ।'

ਦੇਵ ਨੂੰ ਕਿਸੇ ਨੇ ਦੱਸਿਆ ਕਿ ਉਹ ਕਾਂਗੜੇ ਜਾਣ ਲਈ ਪਹਿਲਾਂ ਹੁਸ਼ਿਆਰਪੁਰ ਪਹੁੰਚ ਜਾਵੇ ਤੇ ਉੱਥੋਂ ਕਾਂਗੜੇ ਦੀ ਬੱਸ ਫੜੇ। ਉਹ ਹੁਸ਼ਿਆਰਪੁਰ ਅਜੇ ਪਹੁੰਚਿਆ ਨਹੀਂ ਸੀ ਕਿ ਬੱਸ ਦਾ ਟਾਇਰ ਪੈਂਚਰ ਹੋ ਗਿਆ। ਟਾਇਰ ਬਦਲਦਿਆਂ ਕਾਫ਼ੀ ਸਮਾਂ ਖਰਾਬ ਹੋ ਗਿਆ। ਜਦੋਂ ਉਹ ਹੁਸ਼ਿਆਰਪੁਰ ਪੁੱਜਾ ਤਾਂ ਸ਼ਾਮ ਦੇ ਛੇ ਵੱਜ ਚੁੱਕੇ ਸਨ ਤੇ ਕਾਂਗੜੇ ਵਾਲੀ ਆਖਰੀ ਬੱਸ ਜਾ ਚੁੱਕੀ ਸੀ। ਸਕੂਲ ਵਾਲ਼ਿਆਂ ਵੱਲੋਂ ਨੌਕਰੀ ਜੁਐਨ ਕਰਨ ਲਈ ਕੋਈ ਤਰੀਕ ਨਹੀਂ ਸੀ ਮਿੱਥੀ ਗਈ ਸੋ ਉਸ ਨੇ ਆਪਣਾ ਬਿਸਤਰ ਬੰਨ੍ਹ ਤੇ ਅਟੈਚੀ ਰਿਕਸ਼ੇ ਤੇ ਰੱਖ ਪਰਸ ਰਾਮ ਹਿੰਦੂ ਧਰਮਸ਼ਾਲਾ ਵਿਚ ਇਕ ਰਾਤ ਲਈ ਸ਼ਰਣ ਲੈ ਲਈ। ਧਰਮਸ਼ਾਲਾ ਦੇ ਕਲੱਰਕਾਂ ਨੇ ਉਸ ਦਾ ਨਾਂ, ਪਤਾ ਅਤੇ ਹੋਰ ਜਾਣਕਾਰੀ ਲੈ ਕੇ ਫਾਰਮ ਭਰਿਆ ਤੇ ਦਸਖ਼ਤ ਕਰਵਾ ਲਏ ਅਤੇ ਉੱਥੇ ਰਹਿਣ ਲਈ ਕੁਝ ਸ਼ਰਤਾਂ ਲਾ ਕੇ ਇਕ ਕਮਰਾ ਖੋਲ੍ਹ ਦਿੱਤਾ। ਕਮਰੇ ਅੰਦਰ ਇਕ ਬਾਣ ਦਾ ਮੰਜਾ, ਇਕ ਦਰੀ ਤੇ ਕੰਬਲ ਪਏ ਸਨ। ਮੰਜੇ ਦਾ ਇੱਕ ਪਾਵਾ ਧਰਤੀ ਨਾਲ਼ ਸੱਠ ਦਰਜ਼ੇ ਦਾ ਕੋਣ ਬਣਾਉਂਦਾ ਸੀ। ਦੇਵ ਨੇ ਮੰਜੇ ਤੇ ਪਏ ਕੱਪੜੇ ਚੁੱਕ ਇੱਕ ਖੂੰਜੇ ਵਿਚ ਸੁੱਟ ਦਿੱਤੇ ਤੇ ਆਪਣੇ ਵਾਲ਼ਾ ਬਿਸਤਰ ਬੰਨ੍ਹ ਵਿਛਾ ਲਿਆ। ਸਾਮ੍ਹਣੇ ਬਰਾਂਡੇ ਵਿਚ ਇਕ ਪਰਦੇ ਪਿੱਛੇ ਪੱਕਾ ਖੁਰਾ ਸੀ ਤੇ ਟੂਟੀ ਲੱਗੀ ਹੋਈ ਸੀ। ਦੇਵ ਨੇ ਉੱਥੇ ਨਹਾ ਕੇ ਕਮੀਜ਼ ਪਜਾਮਾ ਪਾ ਲਏ ਤੇ ਸਿਰ ਤੇ ਪਟਕਾ ਬੰਨ੍ਹ ਲਿਆ। ਕਮਰੇ ਨੂੰ ਤਾਲ਼ਾ ਲਾ ਕੇ ਕਲੱਰਕ ਨੂੰ ਕਿਹਾ, 'ਲਾਲਾ ਜੀ, ਮੈਂ ਰੋਟੀ ਖਾਣ ਲਈ ਕਿਸੇ ਹੋਟਲ ਤੇ ਜਾਣਾ ਚਾਹੁੰਦਾ ਹਾਂ।'

'ਤੁਸੀਂ ਜਾ ਸਕਦੇ ਹੋ, ਪਰ ਅੱਠ ਵਜੇ ਮੇਨ ਗੇਟ ਬੰਦ ਹੋ ਜਾਵੇਗਾ। ਜਲਦੀ ਵਾਪਸ ਆ ਜਾਣਾ।' ਉਹ ਬੋਲਿਆ।

ਦੇਵ ਨੂੰ ਨੌਕਰੀ ਮਿਲਣ ਦਾ ਚਾਅ ਸੀ। ਉੱਥੇ ਪੀਣ ਤੋਂ ਟੋਕਣ ਵਾਲਾ ਵੀ ਕੋਈ ਨਹੀਂ ਸੀ। ਉਸ ਨੇ ਵਿਸਕੀ ਦਾ ਅਧੀਆ ਖਰੀਦਿਆ ਤੇ ਇਕ ਅਹਾਤੇ ਵਿਚ ਬੈਠ ਪਊਆ ਭਰ ਪੀਕੇ ਦੋ ਆਂਡਿਆਂ ਦੀ ਭੁਰਜੀ ਖਾ ਲਈ। ਮੌਜ ਵਿਚ ਆਇਆ ਤਾਂ ਉਸ ਦਾ ਘੁੰਮਣ ਨੂੰ ਚਿੱਤ ਕੀਤਾ। ਉਹ ਗੁਣਗੁਣਾਉਂਦਾ ਬਜ਼ਾਰ ਵਿਚ ਤੁਰੀ ਗਿਆ। ਸਟਰੀਟ ਲਾਈਟਾਂ ਨਾਲ਼ ਸੜਕ ਉੱਤੇ ਦਿਨ ਚੜ੍ਹਿਆ ਪਿਆ ਸੀ। ਪੂਰੀ ਮਸਤੀ ਵਿਚ ਖਿੜੇ ਚਿਹਰਿਆਂ ਵਾਲ਼ੀਆਂ ਔਰਤਾਂ ਘੁੰਮ ਰਹੀਆਂ ਸਨ ਤੇ ਖਰੀਦਦਾਰੀ ਵੀ ਕਰ ਰਹੀਆਂ ਸਨ। ਅੱਗੇ ਇਕ ਢਾਬੇ ਦੇ ਬਰਾਂਡੇ ਵਿਚ ਤੰਦੂਰ ਅੱਗੇ ਖੜੇ ਬੰਦੇ ਵੱਲੋਂ ਰੋਟੀਆਂ ਥੱਪਣ ਦੀ ਅਵਾਜ਼ ਸੁਣ ਕੇ ਉਹ ਢਾਬੇ ਵਿਚ ਜਾ ਬੈਠਾ ਤੇ ਰੋਟੀ ਖਾਧੀ। ਰੋਟੀ ਖਾਣ ਮਗਰੋਂ ਉਹ ਧਰਮਸ਼ਾਲਾ ਵੱਲ ਨੂੰ ਤੁਰ ਪਿਆ। ਉਹ ਦੁਕਾਨਾਂ ਅਤੇ ਲੋਕਾਂ ਵੱਲ ਦੇਖਦਾ ਕਾਫ਼ੀ ਦੂਰ ਨਿਕਲ ਗਿਆ, ਪਰ ਧਰਮਸ਼ਾਲਾ ਉਸ ਦੇ ਰਾਹ ਵਿਚ ਆਈ ਹੀ ਨਾ। ਉਸ ਨੇ ਕਿਸੇ ਕੋਲ਼ੋਂ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਤਾਂ ਗਲਤ ਪਾਸੇ ਆ ਗਿਆ ਸੀ। ਧਰਮਸ਼ਾਲਾ ਤਾਂ ਡੇਢ-ਦੋ ਕਿਲੋਮੀਟਰ ਪਿੱਛੇ ਰਹਿ ਗਈ ਸੀ। ਦੇਵ ਉਸ ਪਾਸੇ ਨੂੰ ਮੁੜ ਗਿਆ। ਕਾਫ਼ੀ ਦੇਰ ਚੱਲਣ ਮਗਰੋਂ ਫਿਰ ਕਿਸੇ ਨੂੰ ਧਰਮਸ਼ਾਲਾ ਬਾਰੇ ਪੁੱਛਿਆ। ਉਹ ਬੰਦਾ ਭਲਾ ਮਾਣਸ ਸੀ, ਉਸ ਨੂੰ ਧਰਮਸ਼ਾਲਾ ਦੇ ਗੇਟ ਤੱਕ ਛੱਡ ਵੀ ਆਇਆ ਤੇ ਇਹ ਨਸੀਹਤ ਵੀ ਕਰ ਗਿਆ ਕਿ ਸਫਰ ਵਿਚ ਕਦੀ ਵੀ ਦਾਰੂ ਨਹੀਂ ਪੀਣੀ

ਚਾਹੀਦੀ। ਹੁਣ ਉਹ ਕਲੱਰਕ ਕੋਲ਼ ਸਾਹ ਨਾ ਲਵੇ, ਉਹ ਲੋਕ ਸ਼ਰਾਬੀ ਨੂੰ ਕਮਰਾ ਨਹੀਂ ਦਿੰਦੇ। ਧਰਮਸ਼ਾਲਾ ਦਾ ਗੇਟ ਤਾਂ ਬੰਦ ਸੀ। ਉਹ ਕੁਝ ਦੇਰ ਖੜ੍ਹਾ ਰਿਹਾ ਫਿਰ ਗੇਟ ਖੜਕਾ ਦਿੱਤਾ। ਕੋਈ ਬੋਲਿਆ ਹੀ ਨਾ ਤਾਂ ਮੁੜ ਖੜਕਾਇਆ। ਗੇਟ ਵਿਚ ਬਣੀ ਚੌਰਸ ਗਲ਼ੀ ਅੱਗਿਓਂ ਪਲੇਟ ਹਟ ਗਈ ਤੇ ਕਲੱਰਕ ਵਿੱਚੀਂ ਝਾਕਦਾ ਬੋਲਿਆ, 'ਕੀ ਗੱਲ ਏ?'

'ਜਨਾਬ ਪੱਚੀ ਨੰਬਰ ਕਮਰੇ ਵਿਚ ਮੇਰਾ ਸਮਾਨ ਪਿਆ ਏ। ਮੈਂ ਰੋਟੀ ਖਾਣ ਗਿਆ ਸੀ।'

'ਹੁਣ ਗੇਟ ਨਹੀਂ ਖੁੱਲ੍ਹੇਗਾ। ਕੱਲ੍ਹ ਸਵੇਰੇ ਅੱਠ ਵਜੇ ਆਉਣਾ।'

'ਮੈਂ ਹੁਣ ਕਿੱਥੇ ਜਾਵਾਂ ਜਨਾਬ? ਰਾਤ ਦਾ ਵੇਲ਼ਾ ਏ। ਰਹਿਮ ਕਰੋ।' ਪਰ ਉਸ ਨੇ ਦੇਵ ਦੀ ਗੱਲ ਨਾ ਸੁਣੀ ਤੇ ਗਲ਼ੀ ਮੂਹਰੇ ਫਿਰ ਪਲੇਟ ਖਿੱਚ ਦਿੱਤੀ।

ਦੇਵ ਮੁੜ ਗੇਟ ਖੜਕਾਉਣ ਲੱਗਾ। ਜਿੰਨੀ ਦੇਰ ਉਹ ਆਇਆ ਨਾ ਖੜਕਾਈ ਗਿਆ। ਦੁਖੀ ਹੋਕੇ ਉਸ ਨੇ ਫਿਰ ਪਲੇਟ ਹਟਾਈ ਤੇ ਗਲ਼ੀ ਵਿੱਚੋਂ ਦੇਖਦਾ ਬੋਲਿਆ, 'ਤੈਨੂੰ ਸਮਝ ਨਹੀਂ ਆਈ, ਮੈਂ ਕੀ ਕਿਹਾ ਏ? ਨੌਂ ਵੱਜ ਗਏ ਨੇ, ਹੁਣ ਗੇਟ ਨਹੀਂ ਖੁੱਲ੍ਹੇਗਾ।'

'ਇੱਕ ਮਿੰਝ ਠਹਿਰੋ।' ਦੇਵ ਨੇ ਕਿਹਾ।

'ਹੁਣ ਕੀ ਏ?'

'ਆਹ ਲਓ... ਹੁਣ ਤਾਂ ਖੁੱਲ੍ਹ ਜਾਵੇਗਾ।' ਉਸ ਨੇ ਪੰਜ ਦਾ ਨੋਟ ਅੰਦਰ ਵਧਾ ਦਿੱਤਾ।

ਉਸ ਬੰਦੇ ਨੇ ਨੋਟ ਝਪਟਿਆ ਤੇ ਗੇਟ ਖੋਹਲ ਦਿੱਤਾ। ਬੁੜ-ਬੁੜ ਉਵੇਂ ਜਾਰੀ ਰੱਖੀ। ਦੇਵ ਅੰਦਰ ਗਿਆ ਤੇ ਕਮਰਾ ਖੋਲ੍ਹ ਕੇ ਬੱਤੀ ਜਗਾ ਲਈ। ਕੱਪੜੇ ਖੋਹਲ ਕੇ ਕੀਲੀ ਤੇ ਟੰਗੇ ਤੇ ਮੰਜੇ ਉੱਤੇ ਲੇਟ ਗਿਆ। ਥੋੜ੍ਹੀ ਦੇਰ ਬਾਅਦ ਕਲੱਰਕ ਆਇਆ ਤੇ ਬੋਲਿਆ, 'ਬੱਤੀ ਬੰਦ ਕਰੋ।'

ਬੱਤੀ ਬੰਦ ਕਰਨ ਦੀ ਦੇਰ ਸੀ ਕਿ ਦੇਵ ਉੱਤੇ ਮੱਛਰਾਂ ਨੇ ਹੱਲਾ ਬੋਲ ਦਿੱਤਾ। ਕੰਬਲ ਉੱਤੇ ਲਿਆ ਤਾਂ ਪਸੀਨੇ ਨਾਲ਼ ਤਰ ਹੋ ਗਿਆ। ਉਹ ਕਦੀ ਉੱਠ ਬੈਠਦਾ, ਕਦੀ ਕਮਰੇ ਵਿਚ ਟਹਿਲਣ ਲਗਦਾ ਤੇ ਕਦੀ ਕੰਬਲ ਵਿਚ ਲਿਪਟ ਜਾਂਦਾ। ਕਿੱਥੇ ਫਸ ਗਿਆ ਸੀ ਉਹ। ਜਾਗੋ-ਮੀਟੀ ਕਰਦਿਆਂ ਸਾਰੀ ਰਾਤ ਲੰਘਾ ਦਿੱਤੀ। ਪਹਿਲੀ ਬੱਸ ਦਾ ਟਾਇਮ ਛੇ ਵਜੇ ਦਾ ਸੀ। ਉਹ ਚਾਰ ਵਜੇ ਤਿਆਰ ਹੋ ਕੇ ਬੈਠ ਗਿਆ। ਬੱਤੀ ਬਲ਼ਦੀ ਦੇਖ ਕਲੱਰਕ ਫਿਰ ਆ ਗਿਆ ਤੇ ਬੋਲਿਆ, 'ਬੱਤੀ ਬੰਦ ਕਰੋ।'

'ਬੱਸ ਜੀ ਮੈਂ ਤਾਂ ਜਾ ਰਿਹਾ ਹਾਂ।'

'ਜਾ ਰਹੇ ਹੋ? ਕਹਾਂ ਜਾ ਰਹੇ ਹੋ?'

'ਬੱਸ ਅੱਡੇ ਜਾ ਰਿਹਾ ਹਾਂ। ਮੈਂ ਛੇ ਵਜੇ ਬੱਸ ਫੜਨੀ ਹੈ।'

'ਅੱਠ ਵਜੇ ਤੋਂ ਪਹਿਲਾਂ ਧਰਮਸ਼ਾਲਾ ਦਾ ਗੇਟ ਨਹੀਂ ਖੁੱਲ੍ਹੇਗਾ। ਸਾਰੇ ਲੋਕ ਜਾਗਣਗੇ । ਆਪੋ ਆਪਣਾ ਸਮਾਨ ਚੈੱਕ ਕਰਨਗੇ ਫਿਰ ਦਵਾਰ ਖੁੱਲ੍ਹੇਗਾ।'

'ਮੈਂ ਕੋਈ ਚੋਰ ਨਹੀਂ ਹਾਂ ਲਾਲਾ ਜੀ। ਗੇਟ ਉਵੇਂ ਖੋਹਲ ਦਵੋ ਜਿਵੇਂ ਰਾਤ ਖੋਲ੍ਹਿਆ ਸੀ। ਦੇਵ ਨੇ ਪਰਸ ਵਿੱਚੋਂ ਪੰਜ ਦਾ ਨੋਟ ਕੱਢ ਕੇ ਉਸ ਵੱਲ ਵਧਾ ਦਿੱਤਾ। ਉਸ ਨੇ ਨੋਟ ਫੜ ਕੇ ਤੁਰੰਤ ਗੇਟ ਖੋਲ੍ਹ ਦਿੱਤਾ। ਗੇਟ ਤੋਂ ਬਾਹਰ ਸਮਾਨ ਰੱਖਦੇ ਸਾਰ ਉਹ ਬੋਲਿਆ, 'ਮੇ

ਰੇ ਦਸ ਰੁਪਏ ਵਾਪਸ ਕਰੋ। ਨਹੀਂ ਤਾਂ ਮੈਂ ਧਰਮਸ਼ਾਲਾ ਦੇ ਪ੍ਰਧਾਨ ਕੋਲ਼ ਸ਼ਿਕਾਇਤ ਕਰ ਕੇ ਹੀ ਬੱਸ ਫੜਾਂਗਾ।'

'ਅਰੇ ਬੀਸੋਂ ਆਤੇ ਹੈਂ ਤੇਰੇ ਜੈਸੇ। ਦਫ਼ਾ ਹੋ ਜਾਓ ਯਹਾਂ ਸੇ।' ਕਲੱਰਕ ਵੀ ਹੰਢਿਆ ਹੋਇਆ ਸੀ। ਦੇਵ ਨੇ ਬਿਸਤਰਬੰਨ੍ਹ ਸਿਰ ਤੇ ਚੁੱਕਿਆ ਤੇ ਹੱਥ ਵਿਚ ਅਟੈਚੀ ਲਟਕਾ ਕੇ ਬੱਸ ਅੱਡੇ ਵੱਲ ਤੁਰ ਪਿਆ। ਉਸ ਨੂੰ ਪਛਤਾਵਾ ਹੋਇਆ ਕਿ ਜੇ ਕਿਸੇ ਹੋਟਲ ਵਿਚ ਕਮਰਾ ਲੈ ਲੈਂਦਾ ਤਾਂ ਦਸ ਰੁਪਏ ਤਾਂ ਲੱਗਣੇ ਵੀ ਨਹੀਂ ਸਨ। ਉਸ ਦੇ ਜਾਂਦੇ ਨੂੰ ਬੱਸ ਤਿਆਰ ਖੜ੍ਹੀ ਸੀ। ਦੇਵ ਨੇ ਆਪਣਾ ਸਮਾਨ ਅਗਲੀ ਸੀਟ ਦੇ ਹੇਠ ਵੱਲ ਧੱਕ ਦਿੱਤਾ ਤੇ ਅਰਾਮ ਨਾਲ਼ ਬੈਠ ਕੇ ਐਧਰ-ਉੱਧਰ ਦੇਖਣ ਲੱਗ ਪਿਆ। ਬੱਸ ਕਾਂਗੜੇ ਲਈ ਚੱਲ ਪਈ। ਛੇਤੀ ਹੀ ਪਹਾੜੀ ਸਫ਼ਰ ਸ਼ੁਰੂ ਹੋ ਗਿਆ। ਇਸ ਤੋਂ ਪਹਿਲਾਂ ਦੇਵ ਨੇ ਸਿਰਫ ਇਕ ਵਾਰੀ ਪਹਾੜੀ ਸਫ਼ਰ ਕੀਤਾ ਸੀ ਜਦੋਂ ਉਹ ਡਗਸ਼ਈ ਬੇਅੰਤ ਨੂੰ ਮਿਲਣ ਗਿਆ ਸੀ। ਉਹ ਸਫ਼ਰ ਇਸ ਸਫ਼ਰ ਜਿੰਨਾ ਡਰਾਉਣਾ ਨਹੀਂ ਸੀ। ਡੂੰਘੀਆਂ ਖਾਈਆਂ ਅਤੇ ਮੋੜਾਂ-ਘੋੜਾਂ ਵਾਲੀ ਸੜਕ ਦੇ ਖ ਦੇਵ ਦਾ ਚਿਤ ਘਬਰਾਉਣ ਲੱਗ ਪਿਆ। ਲੱਗ-ਭੱਗ ਇੱਕ ਘੰਟੇ ਮਗਰੋਂ ਬੱਸ ਕਿਸੇ ਥਾਂ ਰੁਕੀ ਤੇ ਇਕ ਔਰਤ ਚੜ੍ਹ ਕੇ ਦੇਵ ਨਾਲ਼ ਆ ਬੈਠੀ। ਉਸ ਨੇ ਦਸਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਕੱਢੀ ਤੇ ਪੜ੍ਹਨ ਲੱਗ ਪਈ। ਦੇਵ ਨੇ ਪੁੱਛਿਆ, 'ਤੁਸੀਂ ਟੀਚਰ ਹੋ ਜੀ?'

ਉਸ ਨੇ ਕਿਸੇ ਸਰਕਾਰੀ ਸਕੂਲ ਦਾ ਨਾਂ ਲਿਆ, ਜਿੱਥੇ ਉਹ ਪਿਛਲੇ ਵੀਹ ਸਾਲ ਤੋਂ ਐਸ. ਐਸ. ਮਿਸਟਰੈਸ ਲੱਗੀ ਹੋਈ ਸੀ। ਉਹ ਸਕੂਲ ਉਸ ਦੇ ਘਰ ਤੋਂ ਪੈਂਤੀ ਕਿਲੋਮੀਟਰ ਦੂਰ ਸੀ।

'ਤੁਸੀਂ ਨਿੱਤ ਬੱਸ ਰਾਹੀਂ ਹੀ ਆਉਂਦੇ ਜਾਂਦੇ ਹੋ?' ਦੇਵ ਨੇ ਪੁੱਛਿਆ।

'ਹਾਂ ਜੀ।' ਉਹ ਬੋਲੀ।

'ਤੁਹਾਨੂੰ ਡਰ ਨਹੀਂ ਲੱਗਦਾ? ਐਨੀਆਂ ਡੂੰਘੀਆਂ ਖਾਈਆਂ ਤੇ ਸੜਕ ਦੀਆਂ ਗੁਲ਼ਾਈਆਂ।'

'ਡਰ ਕਾਹਤੋਂ ਲੱਗਣਾ ਏਂ ਜੀ?' ਉਹ ਮੁਸਕਰਾਈ।

ਉਸ ਦੀ ਗੱਲ ਸੁਣ ਕੇ ਦੇਵ ਨੂੰ ਕੁਝ ਧਰਵਾਸ ਮਿਲਿਆ। ਉਸ ਨੂੰ ਤਾਂ ਇਹੀ ਲਗਦਾ ਰਿਹਾ ਸੀ ਕਿ ਇਹ ਬੱਸ ਕਾਂਗੜੇ ਕਦੀ ਨਹੀਂ ਪੁੱਜੇਗੀ। ਉਸ ਨੇ ਮਨ ਹੀ ਮਨ ਵੀਹ ਸਾਲ ਦੇ ਵਰਕਿੰਗ ਡੇਜ਼ ਬਣਾਏ। ਜੇ ਹਰ ਸਾਲ ਔਸਤ ਦੋ ਸੌ ਦਿਨ ਵੀ ਸਕੂਲ ਲੱਗਦਾ ਹੋਵੇ ਤਾਂ ਉਹ ਮੈਡਮ **4000** ਦਿਨ ਸਕੂਲ ਗਈ ਹੋਵੇਗੀ। ਰੋਜ਼ ਸੱਤਰ ਕਿਲੋਮੀਟਰ ਦੇ ਹਿਸਾਬ ਨਾਲ਼ ਉਹ ਦੋ ਲੱਖ ਅੱਸੀ ਹਜ਼ਾਰ ਕਿਲੋਮੀਟਰ ਦੂਰੀ ਦਾ ਪਹਾੜੀ ਸਫ਼ਰ ਕਰ ਚੁੱਕੀ ਸੀ। ਉਸ ਨੂੰ ਕੁਝ ਨਹੀਂ ਹੋਇਆ ਤਾਂ ਉਸ ਨੂੰ ਅੱਠ ਘੰਟੇ ਦੇ ਸਫ਼ਰ ਵਿਚ ਕੀ ਹੋਣਾ ਸੀ। ਉਹ ਦਲੇਰ ਹੋ ਗਿਆ, ਮਨ ਹੀ ਮਨ ਉਸ ਮੈਡਮ ਨੂੰ ਕਿਹਾ, 'ਪਿਆਰੀ ਦਲੇਰ ਔਰਤ ਤੇਰੇ ਆਉਣ ਦਾ ਲੱਖ ਲੱਖ ਧੰਨਵਾਦ।'

ਦੇਵ ਬਾਹਰ ਦੇਖਣ ਲੱਗ ਪਿਆ। ਕੁਦਰਤ ਦੇ ਨਜ਼ਾਰਿਆਂ ਅਤੇ ਠੰਡੀ ਹਵਾ ਵਿਚ ਲਿਪਟੇ ਪਹਾੜੀ ਸਫ਼ਰ ਦਾ ਆਨੰਦ ਲੈਣ ਲੱਗਾ।

ਕਾਂਗੜੇ ਦੇ ਛੋਟੇ ਜਿਹੇ ਬੱਸ ਅੱਡੇ ਵਿਚ ਉਹ ਦੁਪਹਿਰ ਮਗਰੋਂ ਜਾ ਉਤਰਿਆ। ਅੱਡੇ

ਦੇ ਅੰਦਰ ਹੀ ਇਕ ਢਾਬਾ ਸੀ। ਉੱਥੇ ਤਵੇ ਉੱਤੇ ਰੋਟੀਆਂ ਲਾਹੁੰਦੇ ਇਕ ਬੰਦੇ ਨੂੰ ਦੇਖ ਦੇਵ ਦੀ ਭੁੱਖ ਚਮਕ ਆਈ। ਸਮਾਨ ਢਾਬੇ' ਚ ਰੱਖ ਉਹ ਰੋਟੀ ਖਾਣ ਬੈਠ ਗਿਆ। ਢਿੱਡ ਭਰ ਕੇ ਖਾਣਾ ਖਾਣ ਮਗਰੋਂ ਉਸ ਨੇ ਹੋਟਲ ਵਾਲ਼ੇ ਨੂੰ ਪੁੱਛਿਆ ਕਿ ਸਕੂਲ ਕਿੰਨੀ ਕੁ ਦੂਰ ਸੀ। ਉਸ ਨੇ ਢਾਬੇ ਦੇ ਮੁੰਡੂ ਨੂੰ ਸਮਾਨ ਚੁਕਵਾ ਕੇ ਦੇਵ ਨਾਲ਼ ਭੇਜ ਦਿੱਤਾ। ਬੱਸ ਇਕ ਗਰਾਊਂਡ ਲੰਘ ਕੇ ਅੱਗੇ ਸਕੂਲ ਸੀ। ਸਕੂਲ ਦਾ ਗੇਟ ਵੜਦਿਆਂ ਹੀ ਦੇਵ ਹੈਰਾਨ ਰਹਿ ਗਿਆ। ਉੱਥੇ ਪ੍ਰਿੰਸੀਪਲ ਦਫ਼ਤਰ ਦੇ ਬਾਹਰ ਦਰੀ ਵਿਛਾਈ ਬੈਠੇ ਸਕੂਲ ਦੇ ਟੀਚਰ ਪ੍ਰਿੰਸੀਪਲ ਅਤੇ ਮੈਨੇਜਿੰਗ ਕਮੇਟੀ ਵਿਰੁੱਧ 'ਮੁਰਦਾਬਾਦ' ਦੇ ਨਾਅਰੇ ਮਾਰ ਰਹੇ ਸਨ। ਦੇਵ ਦਾ ਸਮਾਨ ਉਤਰਿਆ ਦੇਖ ਇਕ ਟੀਚਰ ਖੜ੍ਹਾ ਹੋ ਕੇ ਬੋਲਣ ਲੱਗ ਪਿਆ, 'ਸਾਥੀਓ ਦੇਖੋ ਇਕ ਹੋਰ ਮੁਰਗਾ ਆ ਫਸਿਆ ਹੈ। ਪਤਾ ਨਹੀਂ ਸਰਦਾਰ ਜੀ ਵਿਚਾਰਾ ਖੱਜਲ ਖੁਆਰ ਹੁੰਦਾ ਕਿਹੜੇ ਦੇਸੋਂ ਆਇਆ ਹੈ। ਦੋ ਮਹੀਨੇ ਤਨਖ਼ਾਹ ਦੇਣਗੇ, ਫਿਰ ਇਕ ਮਹੀਨੇ ਦੀ ਮਾਰ ਲੈਣਗੇ। ਫਿਰ ਇਕ ਮਹੀਨੇ ਦੀ ਦੇਣਗੇ, ਦੋ ਮਹੀਨੇ ਦੀ ਮਾਰ ਲੈਣਗੇ। ਇਹ ਵਿਚਾਰਾ ਐਸੇ ਜਾਲ਼ ਵਿਚ ਫਸੇਗਾ ਕਿ ਨਾ ਛੱਡ ਸਕੇਗਾ ਨਾ ਜਾ ਸਕੇਗਾ। ਸਕੂਲ ਕਮੇਟੀ ਅਤੇ ਧੋਖੇਬਾਜ਼ ਪ੍ਰਿੰਸੀਪਲ ਮੁਰਦਾਬਾਦ।'

'ਮੁਰਦਾਬਾਦ ਮੁਰਦਾਬਾਦ।' ਬਾਕੀਆਂ ਨੇ ਬਾਹਾਂ ਚੁੱਕ ਕੇ ਨਾਅਰੇ ਦਾ ਜਵਾਬ ਦਿੱਤਾ।

ਉਹ ਅਜੇ ਬੋਲ ਹੀ ਰਿਹਾ ਸੀ ਕਿ ਪ੍ਰਿੰਸੀਪਲ ਨੇ ਸਕੂਲ ਦਾ ਚਪੜਾਸੀ ਭੇਜ ਕੇ ਦੇਵ ਨੂੰ ਅੰਦਰ ਸੱਦ-ਲਿਆ। ਉਹ ਉਸ ਦਾ ਸਮਾਨ ਵੀ ਪ੍ਰਿੰਸੀਪਲ ਦੇ ਦਫ਼ਤਰ ਵਿਚ ਹੀ ਚੁੱਕ ਕੇ ਲੈ ਗਿਆ। ਦੇਵ ਅੰਦਰ ਵੜਿਆ ਤਾਂ ਚਿੱਟੇ ਸਿਰ ਅਤੇ ਲੰਬੂਤਰੇ ਚਿਹਰੇ ਵਾਲ਼ਾ ਗੋਰੇ ਰੰਗ ਦਾ ਪ੍ਰਿੰਸੀਪਲ ਉੱਠ ਕੇ ਖੜ੍ਹਾ ਹੋ ਗਿਆ ਤੇ ਉਸ ਨਾਲ਼ ਹੱਥ ਮਿਲਾ ਕੇ ਬੈਠਣ ਦਾ ਇਸ਼ਾਰਾ ਕੀਤਾ। ਫਿਰ ਬੋਲਿਆ, ' ਲੁਧਿਆਣਾ ਸੇ ਆਏ ਹੈਂ ਆਪ?'

'ਯਸ ਸਰ।' ਦੇਵਨੇ ਕਿਹਾ।

'ਯੇ ਜੋ ਟੀਚਰ ਨਾਅਰੇਬਾਜ਼ੀ ਕਰ ਰਹੇ ਹੈਂ। ਇਨਕਾ ਵਿਸ਼ਵਾਸ ਮੱਤ ਕਰਨਾ। ਸਕੂਲ ਮਾਲੀ ਸੰਕਟ ਮੇਂ ਆ ਗਯਾ ਥਾ। ਅਬ ਸਬ ਕੁਛ ਠੀਕ ਹੈ। ਵਾਅਦਾ ਕਰਤਾ ਹੂੰ ਕਿ ਹਮ ਆਪ ਕੋ ਪੂਰੀ ਔਰ ਸਮੇਂ ਪਰ ਸੈਲਰੀ ਦੇਤੇ ਰਹੇਂਗੇ।'

'ਥੈਂਕ ਯੂ ਸਰ।'

'ਯੇ ਲੋਗ ਤੁਮਹੇ ਭੜਕਾਏਂਗੇ। ਇਨ ਕੀ ਮੱਤ ਸੁਨਨਾ। ਯਦੀ ਜ਼ਰੂਰਤ ਹੋ ਤੋਂ ਕੁਛ ਰਕਮ ਆਪ ਕੋ ਅਡਵਾਂਸ ਮੇਂ ਭੀ ਦਿਲਵਾ ਦੂੰਗਾ।'

'ਓ. ਕੇ. ਸਰ।' ਦੇਵ ਨੇ ਕਿਹਾ।

ਚਾਹ ਪਿਲਾਉਣ ਮਗਰੋਂ ਉਸ ਨੇ ਦੇਵ ਦੇ ਸਰਟੀਫਿਕੇਟਾਂ ਤੇ ਉਡਦੀ ਉਡਦੀ ਨਜ਼ਰ ਮਾਰੀ। 'ਵੈਰੀ ਗੁੱਡ' 'ਵੈਰੀ ਗੁੱਡ' ਵੀ ਕਰਦਾ ਰਿਹਾ। ਹਾਜ਼ਰੀ ਰਿਪੋਰਟ ਲਿਖਵਾਈ ਤੇ ਕਿਹਾ, 'ਅਬ ਆਪ ਪੀਅਨ ਕੇ ਸਾਥ ਅਪਨੇ ਰੂਮ ਮੇਂ ਚਲੇ ਜਾਏਂ। ਆਪ ਕੀ ਡਿਊਟੀ ਆਜ ਸੇ ਸ਼ੁਰੂ ਹੋ ਗਈ ਹੈ। ਕੱਲ੍ਹ ਸੇ ਕਲਾਸ ਲੇ ਲੇਨਾ। ਟਾਈਮ ਟੇਬਲ ਅਭੀ ਆਪ ਕੇ ਰੂਮ ਮੇਂ ਭਿਜਵਾ ਦੂੰਗਾ।'

ਚਪੜਾਸੀ ਉਸ ਦਾ ਸਮਾਨ ਚੁੱਕ ਕੇ ਉਸ ਦੇ ਮੂਹਰੇ ਹੋ ਤੁਰਿਆ। ਉਹ ਦਫ਼ਤਰੋਂ

ਨਿਕਲ਼ਿਆ ਤਾਂ ਕਿਸੇ ਦੁਖੀ ਟੀਚਰ ਨੇ ਨਾਅਰਾ ਮਾਰਿਆ, 'ਚੋਰ ਮੈਨੇਜਿੰਗ ਕਮੇਟੀ ਔਰ ਨਿਕੰਮਾ ਪ੍ਰਿੰਸੀਪਲ ਹਾਏ ਹਾਏ।'

'ਹਾਏ ਹਾਏ... ਹਾਏ ਹਾਏ।' ਬਾਕੀਆਂ ਨੇ ਜਵਾਬ ਦਿੱਤਾ।

ਸਕੂਲੋਂ ਬਾਹਰ ਨਿਕਲ਼ ਦੇਵ ਨੇ ਚਪੜਾਸੀ ਨੂੰ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ 'ਮਹਿੰਗਾ ਰਾਮ' ਦੱਸਿਆ। ਦੇਵ ਬੋਲਿਆ, 'ਕਿਉਂ ਬਈ ਮਹਿੰਗਾ ਰਾਮ ਤੈਨੂੰ ਤਾਂ ਤਨਖ਼ਾਹ ਮਿਲੀ ਜਾਂਦੀ ਏ?'

'ਹਾਂ ਜੀ, ਸਕੂਲ ਤਾਂ ਮੇਰੇ ਕਰਕੇ ਹੀ ਖੁੱਲ੍ਹਦਾ ਏ ਸਰਦਾਰ ਜੀ। ਨਹੀਂ ਦੇਣਗੇ ਤਾਂ ਸਾਲ਼ੇ ਬੈਠਣਗੇ ਕਿੱਥੇ?' ਉਹ ਹੱਸਿਆ।

ਉਸ ਨੇ ਦੇਵ ਨੂੰ ਕਿਹਾ ਕਿ ਤਨਖਾਹ ਤਾਂ ਮਿਲੀ ਹੀ ਜਾਣੀ ਏਂ। ਉਹ ਘਬਰਾਵੇ ਨਾ। ਜੇ ਇਕ ਅੱਧ ਮਹੀਨਾ ਕਦੀ ਲੇਟ ਹੋ ਜਾਵੇ ਤਾਂ ਕਿਹੜੀ ਆਫ਼ਤ ਆਉਂਦੀ ਏ। ਉਹ ਇਕ ਖੁੱਲ੍ਹੇ-ਡੁੱਲ੍ਹੇ ਅਹਾਤੇ ਵਿਚ ਦੇਵ ਨੂੰ ਲੈਵੜਿਆ, ਜਿੱਥੇ ਹਮੇਸ਼ਾ ਖੁੱਲ੍ਹੇ ਰਹਿਣ ਵਾਲ਼ੇ ਵੱਡੇ ਗੇ ਟ ਦੇ ਬਿਲਕੁਲ ਲਾਗੇ ਕਮੇਟੀ ਦੇ ਪਾਣੀ ਦੀ ਟੂਟੀ ਮੂਹਰੇ ਪੰਦਰਾਂ ਵੀਹ ਔਰਤਾਂ ਆਪਣੇ ਆਪਣੇ ਘੜੇ, ਬਾਲਟੀਆਂ ਇਕ ਲਾਈਨ ਵਿਚ ਲਾਈ ਖੜ੍ਹੀਆਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਤੇ ਪਾਣੀ ਆਉਣ ਦੀ ਉਡੀਕ ਕਰ ਰਹੀਆਂ ਸਨ। ਸਾਰੀਆਂ ਹੀ ਔਰਤਾਂ ਦੇ ਵ ਨੂੰ ਬਹੁਤ ਸੁਹਣੀਆਂ ਤੇ ਸਿਹਤਵੰਦ ਲੱਗੀਆਂ। ਸਾਰੀਆਂ ਹੀ ਉਸ ਵੱਲ ਦੇਖਣ ਲੱਗੀਆਂ। ਦੇਵ ਨੂੰ ਲੱਗਾ ਜਿਵੇਂ ਉਹ ਸਾਰੀਆਂ ਤੋਂ ਸਲਾਮੀ ਲੈਂਦਾ ਪੀਅਨ ਦੇ ਪਿੱਛੇ ਪਿੱਛੇ ਜਾ ਰਿਹਾ ਹੋਵੇ। ਕਿਸੇ ਔਰਤ ਨੇ ਸ਼ਾਇਦ ਮਹਿੰਗੇ ਨੂੰ ਇਸ਼ਾਰਾ ਕਰ ਕੇ ਦੇਵ ਬਾਰੇ ਪੁੱਛਿਆ ਹੋਵੇਗਾ। ਉਹ ਬੋਲਿਆ, 'ਨਏ ਮਾਸ... ਸਾਹਬ ਆਏ ਹੈਂ ਪੰਜਾਬ ਸੇ। ਬਹੁਤ ਪੜ੍ਹੇ ਲਿਖੇ ਹੈਂ।'

ਉਸ ਅਹਾਤੇ ਦੇ ਪਿੱਛੇ ਜਾ ਕੇ ਇੱਕੋ ਪਾਲ਼ ਵਿਚ ਪੰਜ ਵੱਡੇ ਸਾਈਜ਼ ਦੇ ਕਮਰੇ ਸਨ। ਉਨ੍ਹਾਂ ਦੀਆਂ ਕੰਧਾਂ ਕੱਚੀਆਂ ਸਨ ਤੇ ਛੱਤਾਂ ਕੜੀਆਂ ਅਤੇ ਫੂਸ ਦੀਆਂ ਬਣੀਆਂ ਹੋਈਆਂ ਸਨ। ਮਹਿੰਗੇ ਨੇ ਸਭ ਤੋਂ ਸੱਜੇ ਪਾਸੇ ਵਾਲ਼ੇ ਕਮਰੇ ਦਾ ਦਰ ਖੋਲ੍ਹ ਦਿੱਤਾ ਤੇ ਅੱਖ ਦੱਬ ਕੇ ਬੋਲਿਆ, 'ਲਓ ਮਾਸਾਹਬ ਜੀ ਆਪ ਦਾ ਦਿਲ ਅਗਰ ਲਗਨੇ ਵਾਲਾ ਹੂਆ ਤੋ ਆਜ ਹੀ ਲਗ ਜਾਏ ਗਾ।'

'ਯਾਰ ਮਹਿੰਗੇ ਮੈਨੂੰ ਇਕ ਗੱਲ ਦੱਸ ਤੂੰ ਪੰਜਾਬੀ ਏਂ ਕਿ ਪਹਾੜੀਆ? ਕਦੀ ਪੰਜਾਬੀ ਬੋਲਦਾ ਏਂ ਕਦੀ ਹਿੰਦੀ।'

'ਇਹ ਸਾਰਾ ਪੰਜਾਬ ਹੀ ਸੀ ਮਾ ਸਾਬ੍ਹ ਪੰਜ=ਚਾਰ ਸਾਲ ਪਹਿਲਾਂ। ਬੇੜਾ ਬਹਿ ਗਿਆ ਸਿਆਸਤਦਾਨਾਂ ਦਾ। ਬੇਰਹਿਮੀ ਨਾਲ਼ ਚੀਰ ਕੇ ਰੱਖ ਤਾ।' ਉਹ ਬੋਲਿਆ।

'ਚੰਗਾ ਇਹ ਦੱਸ ਮੇਰਾ ਇੱਥੇ ਦਿਲ ਕਿਵੇਂ ਲੱਗੇਗਾ?'

'ਇਹ ਪਾਣੀ ਭਰਨ ਵਾਲ਼ੀਆਂ ਸਾਰੀਆਂ ਔਰਤਾਂ ਨਿੱਤ ਤੁਹਾਨੂੰ ਨਮਸਤੇ ਬੋਲਿਆ ਕਰਨਗੀਆਂ।'

'ਨਮੱਸਤੇ ਬੋਲਣ ਨਾਲ਼ ਮੇਰਾ ਦਿਲ ਕਿਵੇਂ ਲੱਗਜੂ?'

'ਬੋਲ ਚਾਲ ਨਾਲ਼ ਹੀ ਦਿਲ ਤੱਕ ਪਹੁੰਚ ਹੁੰਦੀ ਏ, ਮਾਸਾਬ੍ਹ।'

ਉਸ ਕਮਰੇ ਵਿਚ ਇਕ ਬਾਲਟੀ, ਮੇਜ਼, ਦੋ ਕੁਰਸੀਆਂ, ਅਲਮਾਰੀ ਤੇ ਇਕ ਨੁਆਰ

ਦਾ ਪਲੰਘ ਪਏ ਸਨ। ਮਹਿੰਗੇ ਨੇ ਹੀ ਉਸ ਦਾ ਸਮਾਨ ਠੀਕ ਕਰ ਕੇ ਲੁਆ ਦਿੱਤਾ।

ਸਕੂਲ ਵਿਚ ਸਭ ਅੱਛਾ ਨਹੀਂ ਸੀ। ਕਦੀ ਟੀਚਰਾਂ ਦਾ ਤੇ ਕਦੀ ਮਾਪਿਆਂ ਦਾ ਇਕੱਠ ਹੁੰਦਾ ਹੀ ਰਹਿੰਦਾ। ਦੇਵ ਨੂੰ ਵੀ ਕੁਝ ਅਧਿਆਪਕ ਉਕਸਾਉਂਦੇ ਰਹੇ ਕਿ ਉਹ ਉਨ੍ਹਾਂ ਦੀ ਮੂਵਮੈਂਟ ਦਾ ਅੰਗ ਬਣ ਜਾਵੇ, ਪਰ ਉਸ ਨੇ ਆਪਣੇ ਪੜ੍ਹਾਉਣ ਤੱਕ ਹੀ ਗੱਲ ਸੀਮਤ ਰੱਖੀ। ਉਹ ਪੂਰੀ ਤਿਆਰੀ ਕਰ ਕੇ ਮਿਹਨਤ ਨਾਲ਼ ਆਪਣੇ ਪੀਰਡ ਲੈਂਦਾ ਰਿਹਾ। ਪ੍ਰਿੰਸੀਪਲ ਨੇ ਉਸਨੂੰ ਗਿਆਰਵੀਂ ਜਮਾਤ ਦੇ ਮੈਥ ਤੋਂ ਬਿਨਾਂ ਨੌਵੀਂ ਜਮਾਤ ਦੇ ਮੈਥ ਅਤੇ ਸਾਇੰਸ ਵੀ ਦੇ ਦਿੱਤੇ। ਉਸ ਨੇ ਇਕ ਦਿਨ ਦੇਵ ਨੂੰ ਆਪਣੇ ਕੋਲ਼ ਬੁਲਾ ਕੇ ਦੱਸਿਆ ਕਿ ਬੱਚੇ ਅਤੇ ਉਨ੍ਹਾਂ ਦੇ ਮਾਪੇ ਉਸ ਤੋਂ ਬਹੁਤ ਖੁਸ਼ ਸਨ। ਦਸਵੀਂ ਜਮਾਤ ਦੇ ਬੱਚਿਆਂ ਨੇ ਆਪਣੀ ਮੰਗ ਰੱਖੀ ਸੀ ਕਿ ਦਸਵੀਂ ਦਾ ਮੈਥ ਉਸ ਨੂੰ ਦਿੱਤਾ ਜਾਵੇ। ਪ੍ਰਿੰਸੀਪਲ ਨੇ ਉਸ ਨੂੰ ਸੌ ਰੁਪਏ ਅਡਵਾਂਸ ਦੇ ਦਿੱਤੇ। ਦੇਵ ਦੇ ਕਮਰੇ ਵਿਚ ਬਾਥਰੂਮ ਜਾਂ ਫਲੱਸ਼ ਨਹੀਂ ਸੀ। ਪੰਜਾਂ ਕਮਰਿਆਂ ਲਈ ਇਕ ਕੋਨੇ ਵਿਚ ਸਾਂਝਾ ਬਾਥਰੂਮ ਤੇ ਫਲੱਸ਼ ਬਣੇ ਹੋਏ ਸਨ, ਪਰ ਦੇਵ ਸਵੇਰੇ ਹੀ ਬਾਹਰ ਨਿਕਲ਼ ਜਾਂਦਾ ਤੇ ਕਿਸੇ ਝਰਨੇ ਤੇ ਇਹ ਦੋਨੋਂ ਕੰਮ ਮੁਕਾ ਆਉਂਦਾ। ਚਰਨ ਗੰਗਾ ਨਾਂ ਦੀ ਇਥ ਥਾਂ ਤੋਂ ਪਾਣੀ ਬੁਲਬੁਲੇ ਬਣ ਕੇ ਉਵੇਂ ਬਾਹਰ ਨਿਕਲਦਾ ਸੀ ਜਿਵੇਂ ਉਨ੍ਹਾਂ ਦੇ ਪਿੰਡ ਸਲਾਹਪੁਰ ਦੇ ਬੁੰਬ' ਚੋਂ। ਸ਼ਾਮ ਵੇਲ਼ੇ ਜਦੋਂ ਪਾਣੀ ਭਰਨ ਵਾਲ਼ੀਆਂ ਔਰਤਾਂ ਦੀ ਲੰਬੀ ਲਾਈਨ ਲੱਗ ਜਾਂਦੀ ਤੇ ਪਾਣੀ ਆਉਣ ਦਾ ਸਮਾਂ ਹੋ ਜਾਂਦਾ ਤਾਂ ਦੇਵ ਵੀ ਆਪਣੀ ਬਾਲਟੀ ਚੁੱਕਦਾ ਤੇ ਸਭ ਦੇ ਮਗਰ ਲਾ ਦਿੰਦਾ। ਮਹਿੰਗਾ ਸੱਚ ਹੀ ਕਹਿੰਦਾ ਸੀ, ਸਾਰੀਆਂ ਔਰਤਾਂ ਉਸ ਨੂੰ ਨਮੱਸਤੇ ਕਹਿੰਦੀਆਂ ਤੇ ਉਸ ਨੂੰ ਆਪਣੀ ਬਾਲਟੀ ਸਭ ਤੋਂ ਅੱਗੇ ਲਾਉਣ ਲਈ ਕਹਿੰਦੀਆਂ। ਦੇਵ ਪਾਣੀ ਤਾਂ ਕਦੀ ਵੀ ਭਰ ਸਕਦਾ ਸੀ, ਉਹ ਤਾਂ ਉਨ੍ਹਾਂ ਖੂਬਸੂਰਤ ਔਰਤਾਂ ਦਾ ਝਾਕਾ ਲੈਣ ਹੀ ਜਾ ਖੜ੍ਹਦਾ ਸੀ। ਇਸੇ ਲਈ ਉਹ ਕਹਿੰਦਾ, 'ਨਹੀਂ ਜੀ, ਮੈਂ ਕਭੀ ਲਾਈਨ ਨਹੀਂ ਤੋੜਾ ਕਰਤਾ। ਆਪਨੀ ਵਾਰੀ ਪਰ ਹੀ ਬਾਲਟੀ ਭਰੂੰਗਾ।'

ਦੇਵ ਉਨ੍ਹਾਂ ਨਾਲ਼ ਗੱਲਾਂ ਮਾਰਨ ਲੱਗਦਾ। ਦਿਨਾਂ ਵਿਚ ਹੀ ਕਿੰਨੀਆਂ ਹੀ ਔਰਤਾਂ ਨਾਲ਼ ਉਸ ਦੀ ਸਾਂਝ ਪੈ ਗਈ। ਉਹ ਦੇਵ ਦੇ ਗੱਲਾਂ ਮਾਰਨ ਦੇ ਠਰਕ ਨੂੰ ਸਮਝਦੀਆਂ ਸਨ ਤੇ ਵਿੱਚੋਂ ਵਿੱਚ ਖੁਸ਼ ਹੁੰਦੀਆਂ ਰਹਿੰਦੀਆਂ ਸਨ।

ਇਕ ਦਿਨ ਪ੍ਰਿੰਸੀਪਲ ਸੱਤਪਾਲ ਸੂਦ ਨੇ ਦੇਵ ਨੂੰ ਕਿਹਾ ਕਿ ਜੇ ਉਹ ਇਸੇ ਤਰ੍ਹਾਂ ਕੰਮ ਕਰਦਾ ਰਿਹਾ ਤਾਂ ਉਹ ਅਗਲੇ ਸਾਲ ਉਸ ਨੂੰ ਵਾਈਸ ਪ੍ਰਿੰਸੀਪਲ ਬਣਾਉਣ ਦੀ ਸਿਫਾਰਿਸ਼ ਕਰੇਗਾ। ਦੇਵ ਸੋਚਣ ਲੱਗਾ ਕਿ ਜੇ ਇਹ ਗੱਲ ਬਣ ਗਈ ਤਾਂ ਸੂਦ ਦੇ ਮਗਰੋਂ ਉਸ ਦਾ ਪ੍ਰਿੰਸੀਪਲ ਬਣ ਜਾਣਾ ਲਾਜ਼ਮੀ ਹੋ ਜਾਵੇਗਾ। ਮਿਹਨਤ ਉਸ ਦਾ ਸੁਭਾਅ ਸੀ। ਉਹ ਮਿਹਨਤ ਕਰਦਾ ਰਿਹਾ। ਜਦੋਂ ਬੱਚੇ ਖੁਸ਼ ਹੁੰਦੇ ਸਨ, ਉਸ ਨੂੰ ਖੁਸ਼ੀ ਮਿਲਦੀ ਸੀ। ਉਸ ਨੂੰ ਤਨਖ਼ਾਹ ਵੀ ਰੈਗੂਲਰ ਮਿਲਦੀ ਰਹੀ। ਨਵੇਂ ਦਾਖ਼ਲੇ ਹੋਣ ਕਰਕੇ ਸਟਾਫ਼ ਨੂੰ ਵੀ ਤਨਖਾਹਾਂ ਮਿਲ ਗਈਆਂ ਤੇ ਸਕੂਲ ਵਿਚ ਅਮਨ ਚੈਨ ਪਰਤ ਆਇਆ।

00

# ਇੱਕ ਸੌ ਦੋ

ਦੇਵ ਦੇ ਕਮਰੇ ਤੋਂ ਖੱਬੇ ਪਾਸੇ ਤੀਜੇ ਕਮਰੇ ਵਿਚ ਇਕ ਪਤੀ ਪਤਨੀ ਤੇ ਉਨ੍ਹਾਂ ਦੀਆਂ ਦੋ ਧੀਆਂ ਰਹਿੰਦੀਆਂ ਸਨ। ਪਤੀ ਪਤਨੀ ਤਾਂ ਸੁੰਦਰ ਹੈ ਹੀ ਸਨ, ਪਰ ਉਨ੍ਹਾਂ ਦੀਆਂ ਧੀਆਂ ਇੰਝ ਸਨ ਜਿਵੇਂ ਹੁਣੇ-ਹੁਣੇ ਕਿਸੇ ਗੋਰੀ ਨਸਲ ਦੇ ਬਹੁਤੇ ਵੱਡੇ ਆਂਡੇ' ਚੋਂ ਨਿਕਲ਼ ਕੇ ਆਈਆਂ ਹੋਣ। ਔਰਤ ਸਾਰਾ ਦਿਨ ਆਪਣੇ ਘਰ' ਚ ਵੜੀ ਰਹਿੰਦੀ। ਸ਼ਾਇਦ ਧੁੱਪ ਵਿਚ ਰੰਗ ਕਾਲ਼ਾ ਹੋਣ ਦੇ ਡਰੋਂ ਇੰਝ ਕਰਦੀ ਹੋਵੇ। ਮਰਦ ਅੱਠ ਕੁ ਵਜੇ ਆਪਣੀ ਛਤਰੀ ਸਮੇਤ ਕਿਧਰੇ ਡਿਊਟੀ ਤੇ ਜਾਂਦਾ ਸੀ। ਹੰਸਣੀਆਂ ਦੀ ਜੋੜੀ ਸਾਢੇ ਅੱਠ ਕੁ ਵਜੇ ਗਿਣਤੀ ਦੀਆਂ ਕਿਤਾਬਾਂ ਹਿੱਕ ਨਾਲ਼ ਜੋੜੀ ਦੇਵ ਕੋਲ਼ੋਂ ਲੰਘ ਕਿਸੇ ਕਾਲਜ ਜਾਂਦੀ ਸੀ। ਸੱਤ ਪੱਤੀ ਦਾ ਇਕ ਸੰਘਣੇ ਪੱਤਿਆਂ ਵਾਲ਼ਾਂ ਦਰੱਖਤ ਦੇਵ ਵਾਲ਼ੇ ਕਮਰੇ ਦੇ ਬਾਹਰ ਹਮੇਸ਼ਾ ਹੀ ਛਤਰੀ ਬਣਾਈ ਰੱਖਦਾ। ਪਿਓ ਲੰਘ ਜਾਂਦਾ ਤਾਂ ਦੇਵ ਸੱਤਪੱਤੀ ਹੇਠ ਕੁਰਸੀ ਡਾਹ ਕੇ ਉਨ੍ਹਾਂ ਕੁੜੀਆਂ ਦਾ ਝਾਕਾ ਲੈਣ ਲਈ ਕੋਈ ਨਾਵਲ, ਕਹਾਣੀ ਪੜ੍ਹਨ ਬੈਠ ਜਾਂਦਾ। ਉਹ ਨਿਕਲ਼ਦੀਆਂ ਤਾਂ ਦੇਵ ਉਨ੍ਹਾਂ ਦੋਨਾਂ ਦੇ ਹੁਸਨ ਨੂੰ ਮਨੋ ਮਨੀ ਸਿਰ ਝੁਕਾਉਂਦਾ ਤੇ ਖੁਲ੍ਹੇ ਦੀਦਾਰ ਕਰ ਕੇ ਪ੍ਰਸੰਨ-ਚਿੱਤ ਹੋ ਜਾਂਦਾ। ਉਹ ਹੱਥ ਲਾਇਆਂ ਮੈਲ਼ੀਆਂ ਹੋਣ ਵਾਲ਼ੀਆਂ, ਤਿੱਖੇ ਨੈਣ-ਨਕਸ਼ਾਂ ਤੇ ਸੁਡੌਲ ਸ਼ਰੀਰਾਂ ਵਾਲੀਆਂ ਕੁੜੀਆਂ ਸਨ। ਦੇਵ ਨੂੰ ਉਹ ਜੌੜੀਆਂ ਲੱਗਦੀਆਂ ਸਨ। ਇੱਕੋ ਜਿਹੇ ਸਾਦੇ ਲਿਸਾਬ ਵਿਚ ਉਹ ਦੇਵ ਵੱਲ ਇੰਝ ਦੇਖ ਕੇ ਲੰਘ ਜਾਂਦੀਆਂ ਜਿਵੇਂ ਕੋਈ ਸੜਕ ਤੇ ਤੁਰਿਆ ਜਾਂਦਾ ਸਹਿਜ ਹੀ ਜੁੱਤੀਆਂ ਗੱਠਦੇ ਕਿਸੇ ਮੋਚੀ ਵੱਲ ਦੇਖ ਕੇ ਲੰਘ ਜਾਵੇ। ਤਾਰ ਤੇ ਬੈਠਾ ਕੋਈ ਕਬੂਤਰ ਉਨ੍ਹਾਂ ਦੀ ਨਜ਼ਰ ਪੈ ਜਾਵੇ ਜਾਂ ਸਾਇਕਲ ਤੇ ਲੰਘਦੇ ਢਹੀ ਜਿਹੀ ਪਗੜੀ ਵਾਲ਼ੇ ਬੰਦੇ ਵੱਲ ਐਵੇਂ ਧਿਆਨ ਚਲਾ ਜਾਵੇ, ਬੇ ਲਾਗ, ਬੇ ਮਤਲਬ... । ਦੇਵ ਉਨ੍ਹਾਂ ਨੂੰ ਹੋਰ ਤਰ੍ਹਾਂ ਦੇਖਦਾ ਸੀ। ਅੱਖਾਂ ਨਾਲ਼ ਤੋਲਦਾ ਸੀ, ਸ਼ਰੀਰਾਂ ਦੀ ਮਿਣਤੀ ਕਰਦਾ ਸੀ ਤੇ ਜਦੋਂ ਤੱਕ ਉਹ ਦਿਖੋਂ ਬੰਦ ਨਾ ਹੋ ਜਾਣ, ਉਨ੍ਹਾਂ ਦੇ ਪੈਰਾਂ ਨੂੰ ਚੁੱਕਦਾ ਤੇ ਧਰਦਾ ਸੀ।

ਇਕ ਦਿਨ ਦੇਵ ਨੇ ਇਕ ਲਿਫਾਫੇ ਉੱਤੇ ਆਗਰੇ ਦਾ ਜਾਅਲੀ ਐਡਰੈਸ ਲਿਖ ਕੇ , ਉਸ ਵਿਚ ਇਕ ਚਿੱਠੀ ਪਾਈ ਤੇ ਲਿਫਾਫ਼ਾ ਬਿਨਾਂ ਬੰਦ ਕੀਤੇ ਸਤਪੱਤੀ ਹੇਠ ਬੈਠ ਉਨ੍ਹਾਂ ਕੁੜੀਆਂ ਨੂੰ ਉਡੀਕਣ ਲੱਗਾ। ਉਹ ਆਈਆਂ ਤੇ ਉਸ ਉੱਤੋਂ ਓਪਰੀ ਨਜ਼ਰ ਘੁਮਾਕੇ ਲੰਘਣ ਲੱਗੀਆਂ। ਦੇਵ ਨੇ ਕੁਰਸੀ ਤੋਂ ਉੱਠ ਉਨ੍ਹਾਂ ਨੂੰ ਰੋਕ ਕੇ ਕਿਹਾ, 'ਜੀ ਐਥੇ ਡਾਕਖਾਨਾ ਕਿਹੜੇ ਪਾਸੇ ਹੈ?'

'ਉਹ ਤਾਂ ਬੱਸ ਅੱਡੇ ਤੋਂ ਅੱਗੇ ਹੈ ਜੀ। ਹਾਕੀ ਗਰਾਊਂਡ ਦੇ ਖੱਬੇ ਪਾਸੇ ਜਾ ਕੇ।' ਇਕ ਬੋਲੀ।

'ਮੈਂ ਤਾਂ ਚਿੱਠੀ ਪੋਸਟ ਕਰਨੀ ਸੀ। ਤੁਸੀਂ ਕਿੱਥੇ ਤੱਕ ਜਾਣਾ ਹੈ?'

'ਜੀ ਅਸੀਂ ਤਾਂ ਧਰਮਸ਼ਾਲਾ ਪੜ੍ਹਨ ਜਾਂਦੀਆਂ ਹਾਂ। ਜੇ ਕਹੋ ਤਾਂ ਉੱਥੇ ਜਾ ਕੇ ਪੋਸਟ ਕਰ ਦਿਆਂਗੀਆਂ।'

ਉਹ ਬੋਲੀ। ਦੇਵ ਨੇ ਧਿਆਨ ਨਾਲ਼ ਦੇਖਿਆ, ਬੋਲਣ ਵਾਲ਼ੀ ਦੇ ਠੋਡੀ ਤੇ ਤਿਲ ਸੀ। ਜਿਹੜੀ ਦੂਜੀ ਸੀ ਉਸ ਦੀ ਠੋਡੀ ਤੇ ਤਿਲ ਨਹੀਂ ਸੀ। ਮਤਲਬ ਇਕ ਤਿਲ ਵਾਲੀ ਦੂਜੀ ਬਿਨਾਂ ਤਿਲ ਵਾਲ਼ੀ। ਉਸ ਨੇ ਸੋਚਿਆ, ਹੁਣ ਨਾਂ ਕਿਵੇਂ ਪੁੱਛੇ।

ਤਿਲ ਵਾਲ਼ੀ ਨੂੰ ਲਿਫਾਫ਼ਾ ਫੜਾ ਕੇ ਦੇਵ ਨੇ ਕਿਹਾ, 'ਜੀ ਮੈਂ ਇੱਥੇ ਜੀ. ਏ. ਵੀ' ਚ

ਲੈਕਚਰਾਰ ਲੱਗਾ ਹੋਇਆ ਹਾਂ। ਮੇਰਾ ਨਾਂ ਦੇਵ ਹੈ। ਕੀ ਮੈਂ ਤੁਹਾਡਾ ਨਾਂ ਜਾਣ ਸਕਦਾ ਹਾਂ?'

'ਜੀ ਸਾਨੂੰ ਪਤਾ ਏ, ਪਰ ਇਹ ਤਨਖ਼ਾਹਾਂ ਮਾਰ ਲੈਂਦੇ ਨੇ ਟੀਚਰਾਂ ਦੀਆਂ। ਮੇਰਾ ਨਾ ਰੇਣੁਕਾ ਏ ਤੇ ਇਹ ਮੇਰੀ ਛੋਟੀ ਭੈਣ ਜੈਤਿਨੀ ਹੈ, ਮੈਥੋਂ ਇਕ ਘੰਟਾ ਛੋਟੀ।' ਉਹ ਹੱਸੀ।

'ਖੁਸ਼ੀ ਹੋਈ ਤੁਹਾਨੂੰ ਮਿਲ ਕੇ। ਲਿਫਾਫ਼ਾ ਖੁੱਲ੍ਹਾ ਏ, ਮੇਰੇ ਕੋਲ਼ ਗੂੰਦ ਨਹੀਂ ਸੀ। ਪਲੀਜ਼ ਬੰਦ ਕਰ ਕੇ ਪੋਸਟ ਕਰਿਓ।' ਦੇਵ ਨੇ ਕਿਹਾ ਤਾਂ ਉਹ ਮੁਸਕਰਾ ਕੇ ਚਲੀਆਂ ਗਈਆਂ।

ਪੱਕੀ ਗੱਲ ਸੀ ਕਿ ਦੇਵ ਦੇ ਖੁੱਲ੍ਹੇ ਲਿਫਾਫ਼ੇ ਵਿਚ ਪਈ ਖੁੱਲ੍ਹੀ ਚਿੱਠੀ ਉਨ੍ਹਾਂ ਨੇ ਜ਼ਰੂਰ ਪੜ੍ਹਨੀ ਸੀ। ਚਿੱਠੀ ਵਿਚ ਉਸ ਨੇ ਲਿਖਿਆ ਸੀ ਕਿ ਉਸਦਾ ਕਾਂਗੜੇ ਵਿਚ ਬਿਲਕੁਲ ਜੀਅ ਨਹੀਂ ਸੀ ਲੱਗਿਆ। ਇਸ ਨਾਲ਼ੋਂ ਤਾਂ ਉਹ ਆਗਰੇ ਹੀ ਕਾਲਜ ਵਿਚ ਪੜ੍ਹਾਉਂਦਾ ਰਹਿੰਦਾ। ਐਥੇ ਤਨਖ਼ਾਹ ਵੀ ਘੱਟ ਗਈ ਹੈ ਤੇ ਆਪਣਾ ਕਹਿਣ ਲਈ ਵੀ ਕੋਈ ਨਹੀਂ ਮਿਲਿਆ। ਖੁਸ਼ਕ ਖੁਸ਼ਕ ਲੋਕ ਹਨ ਇੱਥੋਂ ਦੇ, ਆਪਣੇ ਆਪ ਵਿਚ ਮਸਤ। ਮਾਵਾਂ ਆਪਣੀਆਂ ਕੁੜੀਆਂ ਨੂੰ ਘਰਾਂ' ਚ ਡੱਕੀ ਰੱਖਦੀਆਂ ਹਨ। ਤੂੰ ਕਿਹਾ ਕਰਦਾ ਸੀ, ਪਹਾੜੀ ਲੋਕ ਬੜੇ ਖ਼ੂਬਸੂਰਤ ਹੁੰਦੇ ਹਨ। ਕੋਈ ਸ਼ੱਕ ਨਹੀਂ ਕਿ ਇਹ ਲੋਕ ਬਾਹਰੋਂ ਤਾਂ ਬੜੇ ਖ਼ੂਬਸੂਰਤ ਹਨ, ਪਰ ਇਨ੍ਹਾਂ ਦੇ ਦਿਲ ਉਸ ਨੂੰ ਪਹਾੜਾਂ ਦੇ ਪੱਥਰਾਂ ਵਾਂਗ ਹੀ ਲੱਗਦੇ ਹਨ, ਜਿਨ੍ਹਾਂ ਦੀ ਹੋਂਦ ਤਾਂ ਹੈ, ਪਰ ਧੜਕਦੇ ਨਹੀਂ। ਕਿਸੇ ਕਾਰਨ ਦੋ ਦਿਨ ਹੋਟਲ ਬੰਦ ਰਿਹਾ। ਜਿੱਥੇ ਉਹ ਰਹਿੰਦਾ ਹੈ, ਉੱਥੇ ਵੀ ਉਹ ਕਿਸੇ ਨੂੰ ਅਪਣੱਤ ਨਾਲ਼ ਇਹ ਨਹੀਂ ਕਹਿ ਸਕਿਆ ਕਿ ਦੋ ਦਿਨ ਰੋਟੀ ਉਨ੍ਹਾਂ ਦੇ ਘਰ ਖਾਵੇਗਾ। ਉਹ ਇਹ ਸਕੂਲ ਛੇਤੀ ਹੀ ਛੱਡਣ ਬਾਰੇ ਸੋਚ ਰਿਹਾ ਹੈ। ਇਸੇ ਚਿੱਠੀ ਵਿਚ ਦੇਵ ਨੇ ਇਹ ਵੀ ਲਿਖਿਆ ਕਿ ਉਸ ਨੂੰ ਬਹੁਤ ਅਮੀਰ ਘਰਾਂ ਦੇ ਰਿਸ਼ਤੇ ਆ ਚੁੱਕੇ ਹਨ ਪਰ ਉਹ ਸਾਦਾ ਰਹਿਣ ਵਾਲੀ, ਪੜ੍ਹੀ ਲਿਖੀ ਤੇ ਪਿਆਰ ਕਰਨ ਵਾਲ਼ੀ ਕੁੜੀ ਨਾਲ਼ ਹੀ ਵਿਆਹ ਕਰਵਾਏਗਾ। ਜਾਤ ਪਾਤ ਦਾ ਉਸ ਨੂੰ ਕੋਈ ਵਹਿਮ ਨਹੀਂ। ਦੇਖੋ ਉਹ ਕੁੜੀ ਰੱਬ ਨੇ ਕਿੱਥੇ ਲਕੋਈ ਹੋਈ ਹੈ। ਬਗੈਰਾ, ਬਗੈਰਾ।

ਉਸ ਦਿਨ ਮਗਰੋਂ ਉਹ ਦੋਨੋਂ ਕੁੜੀਆਂ ਉਸ ਕੋਲ਼ੋਂ ਲੰਘਣ ਸਮੇਂ ਦੇਵ ਨੂੰ ਮੁਸਕਰਾ ਕੇ, ਹੱਥ ਜੋੜ ਕੇ ਨਮੱਸਤੇ ਆਖਣ ਲੱਗ ਪਈਆਂ। ਉਹ ਬੱਸ ਅੱਡੇ ਤੋਂ ਧਰਮਸ਼ਾਲਾ ਲਈ ਬੱਸ ਫੜਿਆ ਕਰਦੀਆਂ ਸਨ। ਇਕ ਸ਼ਾਮ ਦੇਵ ਨੇ ਕਿੱਲੋ ਬਰਫ਼ੀ ਲਈ ਤੇ ਡੱਬਾ ਚੁੱਕ ਬੱਸ ਅੱਡੇ ਵਿਚ ਜਾ ਖੜ੍ਹਿਆ। ਉਹ ਧਰਮਸ਼ਾਲਾ ਵਾਲ਼ੀ ਬੱਸ ਉਤਰੀਆਂ ਤਾਂ ਉਹ ਹੌਲੀ ਹੌਲੀ ਉਨ੍ਹਾਂ ਦੇ ਮਗਰ ਹੋ ਕੇ ਨਾਲ਼ ਜਾ ਰਲ਼ਿਆ ਤੇ ਬੋਲਿਆ, 'ਆਹ ਲਓ ਜੀ, ਮੂੰਹ ਮਿੱਠਾ ਕਰੋ। ਅੱਜ ਮੇਰਾ ਜਨਮ ਦਿਨ ਹੈ। ਮੈਂ ਤੁਹਾਨੂੰ ਹੀ ਉਡੀਕ ਰਿਹਾ ਸੀ।'

'ਸਰ ਡੱਬਾ ਤਾਂ ਲੈ ਲਈਏ। ਮੰਮੀ ਡੈਡੀ ਨੂੰ ਕੀ ਕਹਾਂਗੀਆਂ?' ਰੇਣੁਕਾ ਬੋਲੀ।

'ਇਹ ਬਹਾਨਾ ਤੁਸੀਂ ਆਪ ਸੋਚਿਓ।' ਦੇਵ ਨੇ ਹੱਸ ਕੇ ਕਿਹਾ।

ਰੇਣੁਕਾ ਨੇ ਮੁਸਕਰਾ ਕੇ ਡੱਬਾ ਫੜ ਲਿਆ ਤੇ ਦੋਨੋਂ ਘਰ ਵੱਲ ਨੂੰ ਤੁਰ ਪਈਆਂ।

'ਜਨਮ ਦਿਨ ਮੁਬਾਰਕ ਨਹੀਂ ਕਹੋਗੇ ਰੇਣੁਕਾ ਜੀ?'

'ਓ ਸੌਰੀ.. ਹੈਪੀ ਬਰਥ ਡੇ ਸਰ।'

'ਥੈਂਕ ਯੂ।' ਦੇਵ ਨੇ ਕਿਹਾ।

ਦੇਵ ਉਨ੍ਹਾਂ ਦੇ ਨਾਲ਼ ਨਾਲ਼ ਜਾਣ ਲੱਗਾ ਤੇ ਕਿਹਾ, 'ਮੈਂ ਇੱਥੇ ਬਹੁਤ ਇਕੱਲਾ ਮਹਿਸੂਸ ਕਰ ਰਿਹਾ ਹਾਂ। ਕਦੀ ਕਦੀ ਤੁਹਾਡੇ ਘਰ ਆ ਜਾਇਆ ਕਰਾਂ?'

'ਨਹੀਂ ਜੀ, ਡੈਡੀ ਜਾਂ ਮੰਮੀ ਇਸ ਗੱਲ ਦੀ ਕਦੀ ਆਗਿਆ ਨਹੀਂ ਦੇਣਗੇ।'

'ਫਿਰ ਬਾਹਰ ਮਿਲ ਲਿਆ ਕਰਾਂ ਤੁਹਾਨੂੰ ਰੇਣੂਕਾ ਜੀ? ਜਦੋਂ ਤੁਸੀਂ ਕਾਲਜ ਜਾਂਦੇ ਹੋ। ਜਦੋਂ ਤੁਸੀਂ ਕਾਲਜ ਤੋਂ ਆਉਂਦੇ ਹੋ।' ਦੇਵ ਨੇ ਤਰਲ਼ਾ ਕੀਤਾ। ਉਹ ਦੋਨੋਂ ਮੁਸਕਰਾ ਕੇ ਚਲੀਆਂ ਗਈਆਂ।

ਇਕ ਦਿਨ ਬੜੀ ਜ਼ੋਰਦਾਰ ਬਾਰਸ਼ ਹੋਈ। ਗੜ੍ਹਿਆਂ ਨਾਲ਼ ਸਾਰੀ ਧਰਤੀ ਚਿੱਟੀ ਹੋ ਗਈ ਤੇ ਠੰਡ ਇਕ ਦਮ ਵਧ ਗਈ। ਦੇਵ ਕੋਲ਼ ਕੇਵਲ ਇੱਕੋ ਕੰਬਲ਼ ਸੀ। ਉਹ ਇਕ ਕੰਬਲ਼ ਹੋਰ ਖਰੀਦਣ ਲਈ ਬਜ਼ਾਰ ਚਲਾ ਗਿਆ। ਇਕ ਦੁਕਾਨ ਵਿਚ ਵੜਿਆ ਤਾਂ ਰੇਣੂਕਾ ਦਾ ਟੱਬਰ ਵੀ ਉੱਥੇ ਬੈਠਾ ਹੋਇਆ ਸੀ। ਉਸ ਨੂੰ ਦੇਖ ਕੁੜੀਆਂ ਤਾਂ ਚੁੱਪ ਹੀ ਰਹੀਆਂ, ਪਰ ਉਨ੍ਹਾਂ ਦਾ ਡੈਡੀ ਬੋਲਿਆ, 'ਆਓ ਜੀ, ਮਾਸਟਰ ਜੀ ਨਮਸਤੇ। ਕੀ ਹਾਲ ਏ ਤੁਹਾਡਾ?'

'ਠੀਕ ਏ ਜੀ, ਤੁਸੀਂ ਸੁਣਾਓ।' ਦੇਵ ਨੇ ਉਸ ਦਾ ਵਧਿਆ ਹੱਥ ਫੜ ਕੇ ਘੁੱਟਿਆ। ਉਹ ਹੈਰਾਨ ਹੋਇਆ ਕਿ ਜਿਹੜਾ ਬੰਦਾ ਉਸ ਕੋਲ਼ੋਂ ਹਮੇਸ਼ਾ ਚੁੱਪ-ਚਾਪ ਲੰਘ ਜਾਇਆ ਕਰਦਾ ਸੀ, ਅੱਜ ਉਸ ਨੇ ਕਿਵੇਂ ਬੁਲਾ ਲਿਆ। ਦੇਵ ਉਨ੍ਹਾਂ ਦੇ ਲਾਗੇ ਹੀ ਬੈਠ ਗਿਆ। ਉਸ ਨੇ ਪੁੱਛਿਆ ਕਿ ਕੀ ਉਸ ਦਾ ਕਾਂਗੜੇ ਵਿਚ ਦਿਲ ਲੱਗ ਗਿਆ ਸੀ। ਦੇਵ ਨੇ ਆਪਣਾ ਚਿੱਠੀ ਵਾਲਾ ਰੋਣਾ ਰੋਇਆ ਕਿ ਉੱਥੇ ਕੋਈ ਜਾਣ-ਪਛਾਣ ਨਾ ਹੋਣ ਕਰਕੇ ਉਸ ਦਾ ਸਮਾਂ ਨਹੀਂ ਸੀ ਲੰਘਦਾ। ਉਸ ਨੇ ਕਿਹਾ, 'ਕੋਈ ਨਾ ਆਪਾਂ ਮਿਲਿਆ ਕਰਾਂਗੇ।'

ਦੇਵ ਨੇ ਸੋਚਿਆ ਕਿ ਉਸ ਨੂੰ ਕਹਿਣਾ ਚਾਹੀਦਾ ਸੀ ਕਿ ਦੇਵ ਉਸ ਦੇ ਘਰ ਆ ਜਾਇਆ ਕਰੇ। ਉਸੇ ਦਿਨ ਸ਼ਾਮ ਨੂੰ ਉਹ ਦੇਵ ਕੋਲ਼ ਆ ਗਿਆ। ਉਹ ਦੋਨੋਂ ਕਮਰੇ ਅੰਦਰ ਬੈਠ ਬੜੀ ਦੇਰ ਤੱਕ ਗੱਲਾਂ ਕਰਦੇ ਰਹੇ। ਉਸ ਦਾ ਨਾਂ ਸ਼ਾਮ ਲਾਲ ਸੀ ਤੇ ਉਹ ਧਰਮਸ਼ਾਲਾ ਦੇ ਟੀ. ਬੀ. ਹਸਪਤਾਲ ਵਿਚ ਐਕਸ ਰੇ ਡਿਪਾਰਟਮੈਂਟ ਦਾ ਮੁਖੀ ਸੀ। ਉਸਦੀਆਂ ਦੋਨੋਂ ਕੁੜੀਆਂ ਮੈਡੀਕਲ ਲਾਈਨ ਨਾਲ਼ ਸਬੰਧਤ ਕੋਈ ਕੋਰਸ ਕਰਦੀਆਂ ਸਨ। ਉਸ ਦੀ ਘਰਵਾਲ਼ੀ ਸਰਿਤਾ ਅਸਲ ਵਿਚ ਘਰ ਵਾਲ਼ੀ ਹੀ ਸੀ। ਉਹ ਬਾਹਰ ਨਹੀਂ ਸੀ ਨਿਕਲ਼ਦੀ। ਸਰਿਤਾ ਇਕ ਟਰੇਅ ਵਿਚ ਚਾਹ ਦੇ ਦੋ ਕੱਪ ਤੇ ਬਿਸਕੁਟ ਫੜਾ ਕੇ ਚਲੀ ਗਈ। ਉਸ ਮਗਰੋਂ ਹਰ ਸ਼ਾਮ ਉਹ ਇਕ ਦੂਜੇ ਨੂੰ ਮਿਲਦੇ ਤੇ ਸਰਿਤਾ ਉਨ੍ਹਾਂ ਨੂੰ ਚਾਹ ਬਣਾ ਕੇ ਦੇ ਜਾਂਦੀ। ਕੁੜੀਆਂ ਦੇ ਆਉਣ ਵੇਲ਼ੇ ਦੇਵ ਉਨ੍ਹਾਂ ਨੂੰ ਅੱਡੇ ਵਿਚ ਨਿੱਤ ਮਿਲਦਾ। ਇਕੱਲੀ ਰੇ ਣੂਕਾ ਹੁੰਦਾ ਤਾਂ ਉਨ੍ਹਾਂ ਨੇ ਕਦੋਂ ਦਾ ਅੱਗੇ ਵਧ ਜਾਣਾ ਸੀ। ਦੋਨਾਂ ਕੁੜੀਆਂ ਦੀ ਮੌਜੂਦਗੀ ਵਿਚ ਦਿਲ ਦੀਆਂ ਗੱਲਾਂ ਕਰਨੀਆਂ ਔਖੀਆਂ ਸਨ।

ਸਰਦੀ ਦੀਆਂ ਬਾਰਾਂ ਦਿਨ ਦੀਆਂ ਛੁੱਟੀਆਂ ਹੋਈਆਂ ਤਾਂ ਦੇਵ ਨੇ ਦੋਰਾਹੇ ਜਾਣ ਦੀ ਤਿਆਰੀ ਕਰ ਲਈ। ਕੁੜੀਆਂ ਨੂੰ ਤਾਂ ਉਸ ਨੇ ਪਹਿਲਾਂ ਹੀ ਆਪਣੇ ਜਾਣ ਬਾਰੇ ਦੱਸ ਦਿੱਤਾ ਸੀ। ਜਿਸ ਦਿਨ ਜਾਣਾ ਸੀ, ਉਸ ਨੇ ਆਪਣੇ ਨਾਲ਼ ਇਕ ਛੋਟਾ ਬੈਗ ਲਿਆ ਤੇ ਕਮਰੇ ਨੂੰ ਤਾਲ਼ਾ ਲਾ ਕੇ ਚਾਬੀ ਰੇਣੂਕਾ ਦੇ ਘਰ ਦੇਣ ਲਈ ਚਲਾ ਗਿਆ। ਰੇਣੂਕਾ ਕੁਰਸੀ ਤੇ ਬੈਠੀ ਦਰਵਾਜ਼ੇ ਉੱਤੇ ਦੋਨੋਂ ਪੈਰ ਰੱਖੀ ਕੋਈ ਕਿਤਾਬ ਪੜ੍ਹ ਰਹੀ ਸੀ। ਦੇਵ ਨੂੰ ਦੇਖ ਉਹ ਉੱਠ ਖੜ੍ਹੀ

ਹੋਈ ਤੇ ਬੋਲੀ, 'ਚੱਲੇ ਸਰ?'

'ਹਾਂ, ਕਿੱਧਰ ਨੇ ਬਾਕੀ?' ਦੇਵ ਨੇ ਪੁੱਛਿਆ।

'ਮੰਮੀ ਬਾਥਰੂਮ ਵਿਚ ਨਹਾਉਣ ਗਏ ਨੇ, ਜੈਤਿਨੀ ਨਾਨਕੇ ਚਲੀ ਗਈ ਏ ਤੇ ਡੈਡੀ ਡਿਊਟੀ ਤੇ।' ਉਹ ਹੱਸੀ।

'ਰੇਣੁਕਾ ਮੈਂ ਪੰਜਾਬ ਜਾ ਰਿਹਾ ਹਾਂ। ਤੇਰੇ ਲਈ ਕੀ ਲੈ ਕੇ ਆਵਾਂ?' ਦੇਵ ਨੇ ਉਸ ਦੇ ਲਾਗੇ ਜਾ ਕੇ ਕਿਹਾ।

'ਬੱਸ ਤੁਸੀਂ ਆ ਜਾਣਾ ਮੁੜਕੇ।' ਉਹ ਬੋਲੀ।

'ਹੁਣ ਤਾਂ ਰੇਣੁਕਾ ਜੀ ਆਉਣਾ ਹੀ ਪਵੇਗਾ ਕਿਉਂਕਿ ਐਥੇ ਮੇਰਾ ਦਿਲ ਲੱਗ ਗਿਆ ਏ।'

'ਕਿਵੇਂ ਲੱਗ ਗਿਆ ਏ ਦਿਲ?' ਉਹ ਮੁਸਕਰਾਈ।

'ਮੈਂ ਤੈਨੂੰ ਬਹੁਤ ਪਿਆਰ ਕਰਨ ਲੱਗਾ ਹਾਂ ਰੇਣੁਕਾ।' ਦੇਵ ਨੇ ਅੱਗੇ ਵਧ ਕੇ ਉਸ ਨੂੰ ਆਪਣੀਆਂ ਬਾਹਾਂ ਵਿਚ ਭਰ ਲਿਆ ਤੇ ਚੁੰਮਣ ਲੱਗਾ। ਰੇਣੁਕਾ ਨੇ ਕੋਈ ਵਿਰੋਧ ਨਾ ਕੀਤਾ।

'ਤੂੰ ਵੀ ਮੈਨੂੰ ਪਿਆਰ ਕਰਦੀ ਏਂ ਰੇਣੁਕਾ?' ਦੇਵ ਨੇ ਉਸ ਦੀਆਂ ਅੱਖਾਂ ਵਿਚ ਦੇਖਦਿਆਂ ਪੁੱਛਿਆ।

'ਹਾਂ.... ਬਹੁਤ.... ਤੁਸੀਂ ਹੁਣ ਚਲੇ ਜਾਓ। ਮੰਮੀ ਆਉਣ ਵਾਲ਼ੇ ਨੇ।'

ਦੇਵ ਨੇ ਆਪਣੀ ਜੇਬ੍ਹ' ਚੋਂ ਕਮਰੇ ਦੀ ਚਾਬੀ ਕੱਢ ਕੇ ਉਸ ਨੂੰ ਫੜਾਉਣੀ ਚਾਹੀ, ਉਹ ਬੋਲੀ, 'ਚਾਬੀ ਮੰਮੀ ਨੂੰ ਹੀ ਫੜਾ ਕੇ ਜਾਣਾ ਦੇਵ ਜੀ। ਪਲੀਜ਼ ਗੋ ਨਾਉ।'

ਦੇਵ ਮੁੜ ਆਪਣੇ ਕਮਰੇ ਦੇ ਦਰ' ਚ ਖੜ੍ਹ ਗਿਆ। ਖੁੱਲ੍ਹੇ ਨੁੱਚੜਦੇ ਵਾਲ਼ ਲਈ ਰੇਣੁਕਾ ਦੀ ਮੰਮੀ ਆਪਣੇ ਘਰ ਵੜੀ ਤਾਂ ਉਹ ਵੀ ਚਲਾ ਗਿਆ ਤੇ ਬੋਲਿਆ, 'ਆਂਟੀ ਜੀ, ਮੈਂ ਪੰਜਾਬ ਜਾ ਰਿਹਾ ਹਾਂ। ਪਲੀਜ਼ ਚਾਬੀ ਰੱਖ ਲੈਣਾ।'

ਸਰਿਤਾ ਨੇ ਚੁੱਪ ਚਾਪ ਉਸ ਦੇ ਹੱਥੋਂ ਚਾਬੀ ਫੜ ਲਈ। ਦੇਵ ਨੇ ਹੱਥ ਜੋੜ ਕੇ ਨਮਸਤੇ ਕਹੀ ਤਾਂ ਉਸ ਨੇ ਥੋੜ੍ਹਾ ਜਿਹਾ ਸਿਰ ਝੁਕਾ ਦਿੱਤਾ। ਰੇਣੁਕਾ ਉਦਾਸ ਅੱਖਾਂ ਨਾਲ਼ ਉਸ ਵੱਲ ਦੇਖਦੀ ਰਹੀ।

ਬੱਸ ਅੱਡੇ ਵੱਲ ਜਾਂਦਿਆਂ ਦੇਵ ਨੇ ਸੋਚਿਆ ਕਿ ਰੇਣੁਕਾ ਹੀ ਉਸ ਦੀ ਜ਼ਿੰਦਗੀ ਦੀ ਆਖ਼ਰੀ ਕੁੜੀ ਹੋਵੇਗੀ। ਹੁਣ ਚਾਹੇ ਕੁਝ ਵੀ ਹੋ ਜਾਵੇ, ਉਹ ਉਸ ਨੂੰ ਆਪਣੀ ਬਣਾ ਕੇ ਹੀ ਚੈਨ ਲਵੇਗਾ।

ਦੇਵ ਨੇ ਰੇਣੁਕਾ ਦੇ ਖਿਆਲਾਂ ਵਿਚ ਡੁੱਬੇ ਨੇ ਹੀ ਸਾਰਾ ਸਫਰ ਮੁਕਾਇਆ। ਉਹ ਘਰ ਪੁੱਜਾ ਤਾਂ ਉਸ ਦੀ ਬੇਬੇ ਨੇ ਉਸ ਨੂੰ ਘੁੱਟ ਕੇ ਗਲਵਕੜੀ ਪਾ ਲਈ। ਵਿਰਾਗੀ ਪਈ ਸੀ ਵਿਚਾਰੀ। ਦੇਵ ਰੋਣ ਲੱਗ ਪਿਆ। ਦੋ ਤਿੰਨ ਦਿਨ ਤਾਂ ਠੀਕ ਲੰਘ ਗਏ, ਪਰ ਫਿਰ ਰੇਣੁਕਾ ਦਾ ਖਿਆਲ ਉਸ ਨੂੰ ਸਤਾਉਣ ਲੱਗਾ। ਉਹ ਛੇਤੀ ਤੋਂ ਛੇਤੀ ਉਸ ਨੂੰ ਆਪਣੇ ਕਬਜ਼ੇ ਵਿਚ ਲੈ ਲੈਣਾ ਲੋਚਦਾ ਸੀ। ਇਕ ਤਾਰ ਹੋਰ ਵੀ ਉਸ ਨੂੰ ਆਪਣੇ ਵੱਲ ਖਿੱਚ ਰਹੀ ਸੀ, ਕੀ ਭਵਿੱਖ ਸੀ ਉਸ ਦਾ ਕਾਂਗੜੇ ਦੇ ਸਕੂਲ ਵਿਚ! ਨੌਕਰੀ ਤਾਂ ਉਸ ਨੂੰ ਹੋਰ ਪਾਸੇ ਲੱਭਣੀ ਪੈਣੀ

ਸੀ। ਇਹੀ ਕਾਰਨ ਸੀ ਕਿ ਉਹ ਅਖ਼ਬਾਰਾਂ ਵਿਚ ਨੌਕਰੀਆਂ ਲੱਭ ਲੱਭ ਆਪਣੀਆਂ ਅਰਜੀਆਂ ਭੇਜਦਾ ਰਿਹਾ ਸੀ। ਉਸ ਨੂੰ ਇਹ ਵੀ ਵਿਸ਼ਵਾਸ਼ ਸੀ ਕਿ ਜੇ ਉਹ ਕਿਸੇ ਚੰਗੇ ਕਾਲਜ ਵਿਚ ਪ੍ਰੋਫ਼ੈਸਰ ਲੱਗਣ ਮਗਰੋਂ ਸ਼ਾਮ ਲਾਲ ਦੇ ਘਰ ਜਾ ਕੇ ਰੇਣੁਕਾ ਲਈ ਪਰੋਪੋਜ਼ ਕਰੇ ਤਾਂ ਉਹ ਮੰਨ ਜਾਣਗੇ। ਜੇ ਜਵਾਬ ਦੇਣਗੇ ਵੀ ਤਾਂ ਉਹ ਰੇਣੁਕਾ ਨੂੰ ਘਰੋਂ ਦੌੜਾ ਕੇ ਕੋਰਟ ਮੈਰਿਜ਼ ਕਰਨ ਲਈ ਸਹਿਮਤ ਕਰ ਲਵੇਗਾ। ਇਨ੍ਹਾਂ ਦਿਨਾਂ ਵਿਚ ਹੀ ਦੇਵ ਨੂੰ ਦੋ ਇੰਟਰਵਿਊ ਲੈਟਰ ਆਏ, ਇਕ ਲੁਧਿਆਣੇ ਦੇ ਆਰੀਆ ਕਾਲਜ ਤੋਂ ਦੇ ਦੂਸਰਾ ਹਿਸਾਰ ਦੇ ਸੀ. ਆਰ. ਕਾਲਜ ਆਫ ਐਜੂਕੇਸ਼ਨ ਤੋਂ। ਹਿਸਾਰ ਤਾਂ ਦੂਰ ਬੜਾ ਸੀ, ਉਸ ਉੱਤੇ ਉਸ ਨੇ ਲੀਕ ਮਾਰ ਦਿੱਤੀ। ਉਹ ਆਰੀਆ ਕਾਲਜ ਵਿਚ ਇੰਟਰਵਿਊ ਦੇਣ ਚਲਾ ਗਿਆ। ਚਮਕੌਰ ਸਾਹਬ ਤੋਂ ਬ੍ਰਿਜ ਲਾਲ ਦਾ ਵੱਡਾ ਮੁੰਡਾ ਪਰੇਮ ਵੀ ਫਿਜੀਕਲ ਐਜੂਕੇਸ਼ਨ ਦੇ ਲੈਕਚਰਾਰ ਲਈ ਇੰਟਰਵਿਊ ਦੇਣ ਆਇਆ ਹੋਇਆ ਸੀ। ਦੇਵ ਨਾਲ਼ ਉਹ ਚਮਕੌਰ ਸਕੂਲ ਵਿਚ ਪੜ੍ਹਿਆ ਹੋਇਆ ਸੀ। ਦੇਵ ਨੇ ਉਸ ਨੂੰ ਆਪਣੇ ਬਾਰੇ ਦੱਸਿਆ ਤਾਂ ਉਹ ਬੋਲਿਆ, 'ਇਕ ਇਕ ਅਸਾਮੀ ਲਈ ਦਸ ਦਸ ਬੰਦੇ ਤੁਰੇ ਫਿਰਦੇ ਨੇ। ਤੂੰ ਕਮੇਟੀ ਦੇ ਕਿਸੇ ਬੰਦੇ ਤੱਕ ਪਹੁੰਚ ਕਰ ਲੈਣੀ ਸੀ।'

'ਕਹਾਂ ਕਿਸ ਨੂੰ ਯਾਰ? ਮੇਰੀ ਤਾਂ ਕੋਈ ਵਾਕਫ਼ੀਅਤ ਹੀ ਨਹੀਂ। ਰੋਪੜ ਹੁੰਦੇ ਤਾਂ ਕੋਈ ਨਾ ਕੋਈ ਲੱਭ ਹੀ ਲੈਂਦੇ।'

'ਜਿਹੜਾ ਸੈਕਟਰੀ ਏ ਕਾਲਜ ਦਾ। ਉਹ ਮੇਰੇ ਬਾਊ ਜੀ ਨਾਲ਼ ਫੌਜ ਵਿਚ ਹੁੰਦਾ ਸੀ। ਦੇਖੋ ਜੇ ਰੇਖ਼' ਚ ਮੇਖ਼ ਵੱਜ ਗਈ।'

'ਫੇਰ ਤਾਂ ਯਾਰ ਮੇਰੇ ਲਈ ਵੀ ਕੁਹਾ ਦੇ ਉਸ ਨੂੰ।'

'ਤੇਰੇ ਬਾਰੇ ਕਹਾਂਗਾ ਤਾਂ ਮੇਰਾ ਵੀ ਕੰਮ ਵਿਗੜੂ।'

ਦੇਵ ਦੀ ਇੰਟਰਵਿਊ ਤਾਂ ਕਾਫੀ ਠੀਕ ਹੋਈ, ਪਰ ਨੌਕਰੀ ਕਿਸੇ ਹੋਰ ਨੂੰ ਮਿਲ ਗਈ। ਦੇਵ ਨੂੰ ਚਿੰਤਾ ਹੋਣ ਲੱਗੀ ਕਿ ਜੇ ਸਿਫਾਰਿਸ਼ ਨਾਲ਼ ਨੌਕਰੀ ਮਿਲਣੀ ਏਂ ਤਾਂ ਉਸ ਦਾ ਨੰਬਰ ਤਾਂ ਕਦੀ ਵੀ ਨਹੀਂ ਆਵੇਗਾ। ਜੇ ਕੋਈ ਸਿਫਾਰਸ਼ ਲੱਭਣੀ ਸੀ ਤਾਂ ਉਹ ਉਸਦੇ ਮਾਮੇ ਘਨ੍ਹੱਈਏ ਨੇ ਲੱਭਣੀ ਸੀ। ਉਹ ਵੀ ਵਿਚਾਰਾ ਕਿੰਨੇ ਕੁ ਵੱਡੇ ਬੰਦੇ ਨੂੰ ਹੱਥ ਪਾ ਸਕਦਾ ਸੀ।

**00**

# ਇੱਕ ਸੌ ਤਿੰਨ

ਰੇਣੁਕਾ ਦਾ ਮਨ ਵਿਚ ਅੱਠੋ ਪਹਿਰ ਖਿਆਲ ਵੜਿਆ ਰਹਿਣ ਕਰਕੇ ਦੇਵ ਦੀਆਂ ਛੁੱਟੀਆਂ ਮਸੀਂ ਲੰਘੀਆਂ। ਉਸ ਨੇ ਆਪਣੇ ਮਾਮੇ ਘਨ੍ਹੱਈਏ ਨੂੰ ਮਿਲਣ ਜਾਣਾ ਸੀ, ਪਰ ਗਿਆ ਹੀ ਨਾ। ਆਪਣੀ ਬੇਬੇ ਨੂੰ ਵੀ ਖ਼ਬਰਦਾਰ ਕਰ ਦਿੱਤੀ ਕਿ ਉਸਦੇ ਦੋਰਾਹੇ ਆਉਣ ਬਾਰੇ ਘਨ੍ਹੱਈਏ ਨੂੰ ਕੋਈ ਸੂਹ ਨਾ ਮਿਲੇ, ਨਹੀਂ ਤਾਂ ਉਹ ਗੁੱਸੇ ਵਿਚ ਉੱਬਲ ਹੀ ਜਾਵੇਗਾ। ਕਾਂਗੜੇ ਨੂੰ ਜਾਣ ਲੱਗਿਆਂ ਦੇਵ ਨੇ ਇਕ ਰਜਾਈ, ਕਈ ਗਰਮ ਕੱਪੜੇ ਤੇ ਕਾਫੀ ਸਾਰੀਆਂ ਸਾਹਿਤਕ ਕਿਤਾਬਾਂ ਪੈਕ ਕਰ ਲਈਆਂ ਤੇ ਸਵੇਰੇ ਪੰਜ ਵਜੇ ਹੀ ਤੋਚੀ ਦੇ ਸਬਜ਼ੀ ਵਾਲ਼ੇ

ਟੈਂਪੂ ਤੇ ਬੈਠ ਲੁਧਿਆਣੇ ਪੁੱਜ ਗਿਆ। ਉਸ ਨੇ ਉਸ ਨੂੰ ਬੱਸ ਅੱਡੇ ਤੇ ਲਾਹ ਦਿੱਤਾ। ਅੱਡੇ ਵਿੱਚੋਂ ਜਿੱਥੋਂ ਕਾਂਗੜੇ ਨੂੰ ਬੱਸ ਮਿਲਣੀ ਸੀ, ਉਹਦੇ ਨਾਲ਼ ਦੇ ਕਾਊਂਟਰ ਤੇ ਇਕ ਕੰਡਕਟਰ ਸਵਾਰੀਆਂ ਨੂੰ ਹਿਸਾਰ, ਹਿਸਾਰ ਦੀ ਰਟ ਲਾ ਰਿਹਾ ਸੀ। ਦੇਵ ਨੇ ਆਪਣਾ ਹਿਸਾਰ ਵਾਲ਼ਾ ਇੰਟਰਵਿਊ ਕਾਰਡ ਕੱਢਿਆ। ਉਸੇ ਦਿਨ ਬਾਅਦ ਦੁਪਹਿਰ ਦੋ ਵਜੇ ਸੀ. ਆਰ. ਕਾਲਜ ਆਫ਼ ਐਜੂਕੇਸ਼ਨ ਵਿਚ ਉਸ ਦੀ ਇੰਟਰਵਿਊ ਸੀ। ਜੇ ਮਿਲ ਜਾਵੇ ਤਾਂ ਹਿਸਾਰ ਦੀ ਨੌਕਰੀ ਕਾਂਗੜੇ ਵਾਲੀ ਤੋਂ ਹਜ਼ਾਰ ਦਰਜ਼ੇ ਚੰਗੀ ਸੀ। ਉਸ ਨੇ ਕੰਡਕਟਰ ਨੂੰ ਪੁੱਛਿਆ, 'ਬਾਈ ਜੀ, ਹਿਸਾਰ ਕਿੰਨੇ ਵਜੇ ਪੁੱਜ ਜਾਂਦੇ ਹੋ?'

'ਜੇ ਕੋਈ ਰੁਕਾਵਟ ਨਾ ਪਵੇ ਤਾਂ ਦੋ ਵਜੇ।' ਉਹ ਬੋਲਿਆ।

'ਰੁਕਾਵਟ ਤੋਂ ਤੁਹਾਡਾ ਮਤਲਬ?'

'ਰੇਲਵੇ ਫਾਟਕ, ਜਾਮ।'

'ਦੋ ਵਜੇ ਮੇਰੀ ਉੱਥੇ ਇੰਟਰਵਿਊ ਏ। ਜੇ ਮੈਂ ਜਾਵਾਂ ਤਾਂ ਸਮੇਂ ਸਿਰ ਪੁੱਜਣ ਦੀ ਕਿੰਨੀ ਕੁ ਆਸ ਹੈ?'

'ਕਿੰਨੇ ਕੁ ਬੰਦੇ ਹੋਣਗੇ ਇੰਟਰਵਿਊ ਦੇਣ ਵਾਲ਼ੇ?'

'ਹੁਣ ਕੀ ਪਤਾ?'

'ਮਹਾਰਾਜ ਜੀ ਇੰਟਰਵਿਊ ਤਾਂ' ਕੱਲੇ' ਕੱਲੇ ਦੀ ਹੋਣੀ ਏਂ। ਤੁਸੀਂ ਤਿੰਨ ਚਾਰ ਵਜੇ ਵੀ ਜਾਓ ਤਾਂ ਵੀ ਨੰਬਰ ਆਵੇਗਾ। ਅਸੀਂ ਤਾਂ ਦੋ ਵਜੇ ਹੱਦ ਢਾਈ ਵਜੇ ਤੱਕ ਪੁੱਜ ਹੀ ਜਾਣਾ ਏਂ। ਰੱਬ ਦਾ ਨਾਂ ਲਓ ਤੇ ਬੱਸ' ਚ ਬੈਠੋ।' ਉਹ ਹੱਸਿਆ।

ਦੇਵ ਨੇ ਹਿਸਾਰ ਜਾਣ ਦਾ ਤੁਰੰਤ ਫੈਸਲਾ ਕਰ ਲਿਆ। ਟਿਕਟ ਲਈ ਤੇ ਸਮਾਨ ਉੱਤੇ ਚੜ੍ਹਾ ਕੇ ਬੱਸ ਵਿਚ ਬੈਠ ਗਿਆ। ਕੰਡਕਟਰ ਨੇ ਠੀਕ ਹੀ ਕਿਹਾ ਸੀ। ਸਵਾ ਦੋ ਵਜੇ ਉਹ ਹਿਸਾਰ ਦੇ ਬੱਸ ਅੱਡੇ' ਚ ਪੁੱਜ ਗਿਆ। ਰਿਕਸ਼ੇ ਉੱਤੇ ਸਮਾਨ ਲੱਦ ਕੇ ਜਦੋਂ ਕਾਲਜ ਵੜਿਆ ਤਾਂ ਦਫ਼ਤਰ ਦੇ ਸਾਮ੍ਹਣੇ ਲਾਅਨ ਵਿਚ ਖੜ੍ਹੇ ਇੰਟਰਵਿਊ ਦੇਣ ਵਾਲ਼ੇ ਪੰਦਰਾਂ ਵੀਹ ਮੁੰਡੇ-ਕੁੜੀਆਂ ਨੇ ਉਸ ਵੱਲ ਹੈਰਾਨੀ ਨਾਲ਼ ਦੇਖਿਆ। ਰਿਕਸ਼ੇ' ਚੋਂ ਉਤਰ ਉਸ ਨੇ ਬੂਟਿਆਂ ਦੀ ਗੋਡੀ ਕਰ ਰਹੇ ਮਾਲੀ ਨੂੰ ਆਪਣੀ ਸਮੱਸਿਆ ਦੱਸ ਕੇ ਕਲੱਰਕ ਦੇ ਕਮਰੇ ਵਿਚ ਸਾਰਾ ਸਮਾਨ ਰਖਵਾ ਦਿੱਤਾ। ਉਹ ਵੀ ਆਪਣੀ ਸਰਟੀਫਿਕੇਟਾਂ ਵਾਲ਼ੀ ਫਾਇਲ ਚੁੱਕ ਮੁੰਡੇ-ਕੁੜੀਆਂ ਵਿਚ ਜਾ ਖੜ੍ਹਿਆ। ਇਕ ਜਣਾ ਹੱਸ ਕੇ ਬੋਲਿਆ, 'ਯੇ ਸਰਦਾਰ ਜੀ ਤੋ ਭਈ ਅਪਣਾ ਪੂਰਾ ਘਰ ਸਾਥ ਉਠਾ ਲਾਯਾ। ਇਸ ਕੀ ਤੋ ਹੋ ਗਈ ਪੱਕੀ ਨੌਕਰੀ।'

'ਨੌਕਰੀ ਪੱਕੀ ਕਿਵੇਂ ਨੀ ਹੋਊ ਭਾਊ? ਐਮ. ਐਸ. ਸੀ. , ਐਮ. ਐਡ. , ਥਰੂਆਊਟ ਫਸਟ ਕਲਾਸ। ਟਰੇਨਿੰਗ ਕਾਲਜ ਮੇਂ ਪੜ੍ਹਾਨੇ ਕਾ ਤੀਨ ਸਾਲ ਕਾ ਐਕਸਪੀਰੀਐਂਸ। ਨੌਕਰੀ ਮੁਝੇ ਨਹੀਂ ਮਿਲੇਗੀ ਕਯਾ ਤੁਮਹੇਂ ਮਿਲੇਗੀ?' ਦੇਵ ਨੇ ਹੱਸਣ ਵਾਲ਼ੇ ਦੇ ਨਹਿਲੇ ਤੇ ਦਹਿਲਾ ਮਾਰਿਆ।

'ਕੇ ਸਬਜੈਕਟ ਕੀ ਇੰਟਰਵਿਊ ਦੇਨੀ ਸੈ?' ਕਿਸੇ ਹੋਰ ਨੇ ਜਿਵੇਂ ਘਬਰਾ ਕੇ ਦੇਵ ਨੂੰ ਪੁੱਛਿਆ।

'ਟੀਚਿੰਗ ਆਫ਼ ਮੈਥ ਐਂਡ ਸਾਇੰਸ।' ਉਸ ਨੇ ਦੱਸਿਆ।

ਉਸ ਕਾਲਜ ਵਿਚ ਜੇ. ਬੀ. ਟੀ. , ਓ. ਟੀ. , ਸੀ. ਪੀ. ਐਡ. ਅਤੇ ਬੀ. ਐਡ. ਦੀਆਂ ਕਲਾਸਾਂ ਚਲਦੀਆਂ ਸਨ। ਕਈ ਵਿੰਗਾਂ ਲਈ ਲੈਕਚਰਾਰ ਨਿਯੁਕਤ ਕੀਤੇ ਜਾਣੇ ਸਨ। ਇਹ ਪਤਾ ਲੱਗਣ ਤੇ ਕਿ ਆਏ ਉਮੀਦਵਾਰ ਨੇ ਕਲੱਰਕ ਕੋਲ਼ ਆਪਣੀ ਹਾਜ਼ਰੀ ਦੇਣੀ ਹੈ, ਉਹ ਕਲੱਰਕ ਦੇ ਦਫਤਰ' ਚ ਚਲਾ ਗਿਆ। ਦੇਵ ਵਾਲ਼ੀ ਅਸਾਮੀ ਲਈ ਅੱਠ ਕੈਂਡੀਡੇਟ ਆਏ ਸਨ। ਉਨ੍ਹਾਂ ਦੀ ਵਾਰੀ ਆਈ ਤਾਂ ਕਮੇਟੀ ਮੈਂਬਰ ਆਪਸ ਵਿਚ ਖਹਿਬੜਨ ਲੱਗ ਪਏ। ਇਕ ਧੜਾ ਕਹੇ ਇਸ ਨੂੰ ਰੱਖੋ, ਦੂਜਾ ਕਹੇ ਕਿਸੇ ਹੋਰ ਨੂੰ ਰੱਖੋ। ਦੋਨੋਂ ਕੈਂਡੀਡੇਟ ਕਮੇਟੀ ਮੈਂਬਰਾਂ ਦੇ ਨਜ਼ਦੀਕੀ ਸਨ। ਉਸੇ ਵੇਲੇ ਚਿੱਟੇ ਸਿਰ ਵਾਲ਼ਾ ਇਕ ਬਜ਼ੁਰਗ ਦਫ਼ਤਰ' ਚੋਂ ਬਾਹਰ ਨਿਕਲ਼ਿਆ ਤੇ ਨੰਗੇ ਪੈਰੀਂ ਲਾਅਨ ਵਿਚ ਘੁੰਮਣ ਲੱਗ ਪਿਆ।

'ਇਸ ਬੁੱਢੇ ਕੇ ਹਾਥ ਮੇਂ ਹੈ ਸਭ ਕੁਛ। ਯੇ ਜਿਸ ਕੋ ਕਹਿ ਦੇਗਾ ਰਖ ਲੇਂਗੇ।' ਕੋਈ ਬੋਲਿਆ।

'ਇਹ ਕੌਣ ਏ?'

'ਪ੍ਰਿੰਸੀਪਲ ਹੈ... ਔਰ ਕੌਨ।'

ਦੇਵ ਨੇ ਉਸ ਵੱਲ ਦੇਖਿਆ। ਉਸ ਦੀ ਸ਼ਕਲ ਤਾ ਪ੍ਰੋਫੈਸਰ ਐਸ. ਐਸ. ਭਾਟੀਆ ਨਾਲ਼ ਮਿਲਦੀ ਸੀ ਜਿਹੜਾ ਗੌਰਮਿੰਟ ਕਾਲਜ ਰੋਪੜ ਵਿਚ ਬਾਇਓ ਦਾ ਲੈਕਚਰਾਰ ਹੁੰਦਾ ਸੀ ਤੇ ਦੇਵ ਵਾਲ਼ੇ ਟਿਊਟੋਰੀਅਲ ਗਰੁੱਪ ਦਾ ਇੰਚਾਰਜ ਵੀ ਰਿਹਾ ਸੀ। ਦੇਵ ਉਸ ਦੇ ਨੇੜੇ ਗਿਆ ਤਾਂ ਉਹ ਭਾਟੀਆ ਹੀ ਸੀ। ਉਸ ਨੇ ਉਸ ਦੇ ਪੈਰ ਛੂਹੇ ਤੇ ਕਿਹਾ, 'ਸਰ ਤੁਸੀਂ ਰੋਪੜ ਕਾਲਜ ਵਿਚ ਪ੍ਰੋਫੈਸਰ ਹੁੰਦੇ ਸੀ, ਮੈਂ ਉੱਥੇ ਪੜ੍ਹਿਆ ਹਾਂ।'

'ਉਇ ਭਾਊ ਤੂੰ ਐਥੇ ਕਿਵੇਂ ਆ ਗਿਆ?'

'ਟੀਚਿੰਗ ਆਫ਼ ਮੈਥ ਐਂਡ ਸਾਇੰਸ ਦੀ ਇੰਟਰਵਿਊ ਦੇਣ ਆਇਆ ਹਾਂ ਸਰ। ਕਰ ਦਿਓ ਗਰੀਬ ਤੇ ਕਿਰਪਾ। ਸਾਰੀ ਉਮਰ ਤੁਹਾਨੂੰ ਪੂਜੂੰ ਸਰ।'

ਉਹ ਹੱਸਿਆ ਤੇ ਬੋਲਿਆ, 'ਐਥੇ ਤਾਂ ਭਰਾਵਾ ਤੇਰੇ ਵਾਲ਼ੀ ਇੰਟਰਵਿਊ ਤੋਂ ਪਹਿਲਾਂ ਹੀ ਕੁੰਢੀਆਂ ਦੇ ਸਿੰਗ ਫਸੇ ਹੋਏ ਨੇ। ਤੈਨੂੰ ਕੀਹਨੇ ਪੁੱਛਣਾ ਏਂ। ਵਗ ਜਾ ਵਾਪਸ ਘਰ ਨੂੰ।'

ਦੇਵ ਨੂੰ ਬੜੀ ਨਿਰਾਸ਼ਾ ਹੋਈ। ਉਸ ਨੇ ਸੋਚਿਆ, ਕੀ ਲੋੜ ਪਈ ਸੀ ਹਿਸਾਰ ਨੂੰ ਦੌੜਨ ਦੀ। ਹੁਣ ਵਾਪਸ ਜਾਣ ਲਈ ਤਾਂ ਕੋਈ ਬੱਸ ਹੀ ਨਹੀਂ ਸੀ। ਫਿਰ ਸੋਚਿਆ, ਚਲੋ ਇਹ ਵੀ ਜੀਵਨ ਦਾ ਤਜਰਬਾ ਸਹੀ। ਇੰਟਰਵਿਊ ਤਾਂ ਦੇਣੀ ਹੀ ਹੈ। ਕਾਂਗੜੇ ਜਾਣ ਤੋਂ ਤਾਂ ਕੋਈ ਰੋਕ ਨਹੀਂ ਸਕਦਾ।

ਉਨ੍ਹਾਂ ਨੇ ਸਾਰੇ ਕੈਂਡੀਡੇਟਾਂ ਨੂੰ ਇੰਟਰਵਿਊ' ਚੋਂ ਇਉਂ ਕੱਢਿਆ ਜਿਵੇਂ ਸੌਣ ਦੇ ਚਾਲੇ ਸਮੇਂ ਮੰਦਰ ਦੇ ਬਾਹਰ ਖੜ੍ਹੇ ਸਿਪਾਹੀ ਨੈਣਾ ਦੇਵੀ ਦੀ ਮੂਰਤੀ ਦੇ ਦਰਸ਼ਨ ਕਰਵਾ ਕੇ ਭਗਤਾਂ ਨੂੰ ਅੱਗੇ ਧੱਕਦੇ ਹਨ। ਇੰਟਰਵਿਊ ਮੁੱਕੀ ਤਾਂ ਅੰਦਰ ਫਿਰ ਖੱਪ ਪੈਣ ਲੱਗ ਪਈ। ਅਚਾਨਕ ਚਪੜਾਸੀ ਨੇ ਬਾਹਰ ਆ ਕੇ 'ਦੇਵ' ਦਾ ਨਾਂ ਲਿਆ ਤੇ ਉਸ ਨੂੰ ਦੁਬਾਰਾ ਅੰਦਰ ਬੁਲਾ ਲਿਆ। ਉਹ ਅੰਦਰ ਵੜਿਆ ਤਾਂ ਕਿਸੇ ਨੇ ਉਸ ਨੂੰ ਕੁਰਸੀ ਉੱਤੇ ਬੈਠਣ ਲਈ ਕਿਹਾ। ਹੁਣ ਪ੍ਰਿੰਸੀਪਲ ਬੋਲਿਆ, 'ਕਿਉਂ ਬਈ ਮਿਸਟਰ ਦੇਵ ਤੂੰ ਓ. ਟੀ. ਕਲਾਸ ਨੂੰ ਪੰਜਾਬੀ ਪੜ੍ਹਾ ਦੇਵੇਂਗਾ?'

'ਹਾਂ ਸਰ ਪੜ੍ਹਾ ਦਿਆਂਗਾ।'

'ਜੇ. ਬੀ. ਟੀ. ਨੂੰ ਵੀ ਪੜ੍ਹਾਉਣਾ ਪਵੇਗਾ।'

'ਜੀ ਪੜ੍ਹਾ ਦਿਆਂਗਾ।'

'ਕਿਹੜੇ ਕਿਹੜੇ ਸਬਜੈਕਟ ਪੜ੍ਹਾ ਸਕਦੇ ਹੋ?'

'ਜੀ ਸੰਸਕ੍ਰਿਤ ਤੋਂ ਬਿਨਾਂ ਕੋਈ ਵੀ ਪੜ੍ਹਾ ਸਕਦਾ ਹਾਂ। ਟੀਚਰ ਨੇ ਪੜ੍ਹਾਉਣਾ ਤਾਂ ਤਿਆਰੀ ਕਰ ਕੇ ਹੁੰਦਾ ਹੈ।' ਉਸ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

'ਠੀਕ ਏ, ਬਾਹਰ ਬੈਠੋ।' ਪ੍ਰਿੰਸੀਪਲ ਨੇ ਕਿਹਾ।

ਦੇਵ ਹੈਰਾਨ ਹੋਇਆ ਕਿ ਕੁਝ ਦੇਰ ਮਗਰੋਂ ਹੀ ਨਿਯੁਕਤੀ ਲਈ ਉਸ ਦਾ ਨਾਂ ਬੋਲ ਦਿੱਤਾ ਗਿਆ। ਇਸ ਗੱਲ ਦਾ ਦੇਵ ਨੂੰ ਬਾਅਦ ਵਿਚ ਪਤਾ ਲੱਗਾ ਕਿ ਸਿਫਾਰਸ਼ਾਂ ਭਿੜਨ ਕਰਕੇ ਪ੍ਰਿੰਸੀਪਲ ਨੇ ਦੋਹਾਂ ਧਿਰਾਂ ਨੂੰ ਮੰਜੂਰ ਇਹ ਵਿਚਕਾਰਲਾ ਰਸਤਾ ਕੱਢ ਲਿਆ ਸੀ। ਵਿਚਲੀ ਗੱਲ ਹੋਰ ਵੀ ਸੀ ਕਿ ਪ੍ਰਧਾਨ ਜੀ ਦੇ ਪੋਤੇ ਅਤੇ ਪੋਤੀ ਨੇ ਆਪਣੇ ਪਿਤਾ ਦੇ ਨਾਲ਼ ਚੰਡੀਗੜ੍ਹ ਸ਼ਿਫਟ ਹੋਣਾ ਸੀ, ਜਿੱਥੇ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਸੀ। ਉਨ੍ਹਾਂ ਨੂੰ ਪੰਜਾਬੀ ਸਿਖਾਉਣ ਲਈ ਦੇਵ ਨੇ ਕੰਮ ਆਉਣਾ ਸੀ। ਭਾਟੀਆ ਸਾਹਬ ਨੇ ਪ੍ਰਧਾਨ ਜੀ ਨਾਲ਼ ਇਸ ਬਾਰੇ ਗਿਟ-ਮਿਟ ਕਰ ਲਈ ਸੀ ਤੇ ਦੇਵ ਦਾ ਗੁਣੀਆਂ ਪਾਉਣ ਲਈ ਹਰੀ ਝੰਡੀ ਦੇ ਦਿੱਤੀ ਸੀ। ਕੁਝ ਵੀ ਸੀ, ਦੇਵ ਇਕ ਮਸ਼ਹੂਰ ਅਤੇ ਆਰਥਕ ਪੱਖੋਂ ਤਕੜੇ ਕਾਲਜ ਵਿਚ ਲੈਕਚਰਾਰ ਲੱਗ ਗਿਆ ਸੀ। ਉਸ ਦੀ ਤਨਖਾਹ **444** ਰੁਪਏ ਮਹੀਨਾ ਹੋ ਗਈ ਸੀ। ਉਸੇ ਕਾਲਜ ਦਾ ਪ੍ਰੋਫ਼ੈਸਰ ਡੀ. ਆਰ. ਪਹੂਜਾ ਉਸਦਾ ਸਮਾਨ ਚੁਕਵਾ ਕੇ ਆਪਣੇ ਘਰ ਲੈ ਗਿਆ ਤੇ ਬੋਲਿਆ, 'ਸਰਦਾਰ ਜੀ ਜਿੰਨੀ ਦੇਰ ਤੱਕ ਢੰਗ ਦਾ ਮਕਾਨ ਕਿਰਾਏ ਤੇ ਨਹੀਂ ਮਿਲ ਜਾਂਦਾ, ਮੇਰੇ ਕੋਲ਼ ਰਹੋ।'

ਇਕ ਪਰਦੇਸੀ ਬੰਦੇ ਲਈ ਹੋਰ ਕੀ ਚਾਹੀਦਾ ਸੀ। ਦੇਵ ਚਾਰ ਪੰਜ ਦਿਨ ਉਸੇ ਕੋਲ਼ ਰਿਹਾ। ਉਸ ਦੀ ਘਰ ਵਾਲੀ ਰਾਜਕੀਯ ਸਕੂਲ ਵਿਚ ਟੀਚਰ ਸੀ ਤੇ ਉਨ੍ਹਾਂ ਦੇ ਦੋ ਸਕੂਲ ਪੜ੍ਹਦੇ ਬੱਚੇ ਸਨ। ਸਾਰੇ ਦੇਵ ਨਾਲ਼ ਗੱਲਾਂ ਮਾਰ ਕੇ ਖੁਸ਼ ਹੁੰਦੇ। ਬਾਤਾਂ ਸੁਣਨ ਦੇ ਲਾਲਚੀ ਬੱਚੇ ਤਾਂ ਉਸਦੇ ਜਿਵੇਂ ਚਿਰਾਂ ਤੋਂ ਜਾਣੂ ਹੋਣ। ਦੇਵ ਨੂੰ ਮਾਡਲ ਗਰਾਮ ਵਿਚ ਬਾਬਾ ਨਰਾਇਣ ਸਿੰਘ ਦੇ ਮਕਾਨ ਵਿਚ ਇਕ ਕਮਰਾ ਕਿਰਾਏ ਤੇ ਪ੍ਰੋਫ਼ੈਸਰ ਪਹੂਜਾ ਨੇ ਹੀ ਦੁਆਇਆ।

ਦੇਵ ਨੇ ਆਪਣੀ ਬੇਬੇ, ਮਾਮੇ ਅਤੇ ਤਿੰਨਾਂ ਭਰਾਵਾਂ ਸਮੇਤ ਕੁਝ ਚੋਣਵੇਂ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਨੂੰ ਆਪਣੇ ਪ੍ਰੋਫ਼ੈਸਰ ਲੱਗਣ ਦੀਆਂ ਚਿੱਠੀਆਂ ਪਾ ਦਿੱਤੀਆਂ। ਸਾਰਿਆਂ ਨੂੰ ਆਪਣੀ ਤਨਖ਼ਾਹ ਵੀ ਦੱਸੀ। ਉਸ ਨੇ ਦੋ ਚਿੱਠੀਆਂ ਕਾਂਗੜੇ ਨੂੰ ਵੀ ਪਾਈਆਂ, ਇਕ ਪ੍ਰਿੰਸੀਪਲ ਤੇ ਦੂਜੀ ਰੇਣੁਕਾ ਦੇ ਪਿਤਾ ਜੀ ਸ਼ਾਮ ਲਾਲ ਨੂੰ। ਪ੍ਰਿੰਸੀਪਲ ਨੂੰ ਉਸ ਨੇ ਆਪਣਾ ਅਸਤੀਫ਼ਾ ਭੇਜ ਦਿੱਤਾ। ਕਾਰਨ ਵੀ ਲਿਖ ਦਿੱਤਾ ਕਿ ਉਸ ਨੂੰ ਟਰੇਨਿੰਗ ਕਾਲਜ ਵਿਚ ਪ੍ਰੋਫ਼ੈਸਰੀ ਮਿਲ ਗਈ ਸੀ। ਜੋ ਉਸ ਕੋਲ਼ ਸਕੂਲ ਵਾਲਾ ਕਮਰਾ ਸੀ, ਉਸ ਦੀ ਚਾਬੀ ਸ੍ਰੀ ਸ਼ਾਮ ਲਾਲ ਕੋਲ਼ ਸੀ। ਉਸ ਦਾ ਸਾਰਾ ਸਮਾਨ ਉਸ ਦੇ ਘਰ ਰੱਖ ਕੇ ਕਮਰਾ ਵਿਹਲਾ ਕਰਵਾ ਲਿਆ ਜਾਵੇ। ਸ਼ਾਮ ਲਾਲ ਨੂੰ ਵੀ ਉਸ ਨੇ ਸਭ ਕੁਝ ਦੱਸ ਦਿੱਤਾ। ਇਹ ਵੀ ਲਿਖ ਦਿੱਤਾ ਕਿ ਉਹ ਉਸ ਦੀ ਬੇਟੀ ਰੇਣੁਕਾ ਨਾਲ਼ ਵਿਆਹ ਕਰਵਾਉਣਾ ਚਾਹੁੰਦਾ ਹੈ। ਉਸ ਦੀ ਦਾਜ-

ਦਹੇਜ ਦੀ ਕੋਈ ਮੰਗ ਨਹੀਂ ਹੈ। ਜੇ ਉਹ ਵਿਆਹ ਲਈ ਸਹਿਮਤ ਹੋ ਜਾਣ ਤਾਂ ਉਹ ਆਪਣੇ ਆਪ ਨੂੰ ਭਾਗਿਆਸ਼ਾਲੀ ਸਮਝੇਗਾ ਤੇ ਉਨ੍ਹਾਂ ਦੀ ਧੀ ਨੂੰ ਸਾਰੀ ਉਮਰ ਫੁੱਲਾਂ ਵਾਂਗ ਰੱਖੇਗਾ। ਚਿੱਠੀਆਂ ਪੋਸਟ ਕਰਨ ਮਗਰੋਂ ਬਹੁਤ ਸਮੇਂ ਤੱਕ ਉਹ ਸ਼ਾਮ ਲਾਲ ਦੇ ਉੱਤਰ ਨੂੰ ਉਡੀਕਦਾ ਰਿਹਾ ਤੇ ਫਿਰ ਹੌਲ਼ੀ-ਹੌਲ਼ੀ ਬੇ ਆਸ ਹੋ ਗਿਆ।

ਕਾਲਜ ਵਿਚ ਬੀ. ਐਡ. ਕਰ ਰਹੇ ਪੈਂਤੀ ਲੜਕੇ ਅਤੇ ਸੱਤਰ ਲੜਕੀਆਂ ਸਨ। ਓ. ਟੀ. ਕਲਾਸ ਵਿਚ ਸੱਠ ਮੁੰਡੇ ਅਤੇ ਵੀਹ ਕੁੜੀਆਂ ਸਨ ਅਤੇ ਜੇ. ਬੀ. ਟੀ. ਵਿਚ ਚਾਲੀ ਕੁੜੀਆਂ ਅਤੇ ਅਠਾਰਾਂ ਲੜਕੇ ਸਨ। ਬੀ. ਐਡ. ਕਰ ਰਹੇ ਬਹੁਤੇ ਵਿਦਿਆਰਥੀ ਪਹਿਲਾਂ ਹੀ ਟੀਚਰ ਲਗੇ ਸਨ ਤੇ ਸਾਲ ਦੀ ਛੁੱਟੀ ਲੈਕੇ ਬੀ. ਐਡ ਕਰਨ ਆਏ ਸਨ। ਬਹੁਤਿਆਂ ਦੀ ਉਮਰ ਦੇਵ ਨਾਲ਼ੋਂ ਵੱਧ ਹੀ ਸੀ। ਕਈ ਕੁੜੀਆਂ ਉਸਦੀ ਭਾਬੀ ਜਿੰਦਰ ਨਾਲ਼ੋਂ ਵੀ ਵੱਧ ਉਮਰ ਦੀਆਂ ਲੱਗਦੀਆਂ ਸਨ। ਉਹ ਬੁਢਾਪੇ ਵਿਚ ਬੀ. ਐਡ ਕਰਨ ਕਿਉਂ ਆ ਗਈਆਂ ਸਨ, ਦੇਵ ਨੂੰ ਸਮਝ ਨਾ ਪੈਂਦੀ। ਦੇਵ ਦਾ ਕੋਈ ਕੋਈ ਪੀਰਡ ਹੀ ਵਿਹਲਾ ਹੁੰਦਾ। ਵੱਧ ਤੋਂ ਵੱਧ ਸਿੱਖਣ ਅਤੇ ਪੜ੍ਹਾਉਣ ਦਾ ਜੋਸ਼ ਸੀ। ਉਹ ਆਪਣੇ ਲੈਕਚਰ ਤਿਆਰ ਕਰਨ ਲਈ ਕਈ ਕਈ ਘੰਟੇ ਲਾ ਦਿੰਦਾ। ਆਪਣੇ ਵਿਦਿਆਰਥੀਆਂ ਦੇ ਚਿਹਰਿਆਂ ਤੇ ਤਸੱਲੀ ਦੇਖ ਉਹ ਖੁਸ਼ ਹੁੰਦਾ। ਉਸਨੂੰ ਰੇਣੁਕਾ ਬੜਾ ਯਾਦ ਆਉਂਦੀ ਪਰ ਜਦੋਂ ਉਹ ਕਾਲਜ ਦੀਆਂ ਨੌਜਵਾਨ ਕੁੜੀਆਂ ਨੂੰ ਪੜ੍ਹਾ ਰਿਹਾ ਹੁੰਦਾ ਜਾਂ ਗੱਲਾਂ ਮਾਰ ਰਿਹਾ ਹੁੰਦਾ ਉਹ ਉਸ ਨੂੰ ਭੁੱਲਿਆ ਰਹਿੰਦਾ। ਦੇਵ ਨੂੰ ਇਹੀ ਲਗਦਾ ਕਿ ਜਿੰਦਗੀ ਭਰ ਦੇ ਸਾਥ ਲਈ ਉਸ ਨੂੰ ਕੋਈ ਨਾ ਕੋਈ ਕੁੜੀ ਇਥੋਂ ਹੀ ਮਿਲੇਗੀ। ਕਈ ਵਾਰ ਕੁੜੀਆਂ ਉਸ ਵਿਚ ਦਿਲਚਸਪੀ ਲੈਂਦੀਆਂ ਊਟਪਟਾਂਗ ਸਵਾਲ ਵੀ ਪੁਛਦੀਆਂ ਰਹਿੰਦੀਆਂ। ਕੁਝ ਵੀ ਸੀ, ਦੋ ਢਾਈ ਮਹੀਨੇ ਵਿਚ ਹੀ ਦੇਵ ਦਾ ਉਸ ਕਾਲਜ ਵਿਚ ਦਿਲ ਲੱਗ ਗਿਆ। ਉਸ ਦੇ ਦਿਮਾਗ ਤੇ ਇਕ ਮਸਤੀ ਜਿਹੀ ਛਾਈ ਰਹਿੰਦੀ ਤੇ ਉਹ ਸੋਚਦਾ ਕਿ ਐਤਵਾਰ ਦੀ ਵੀ ਛੁੱਟੀ ਨਹੀਂ ਹੋਣੀ ਚਾਹੀਦੀ।

ਇਕ ਦਿਨ ਦੇਵ ਕੁਰਸੀ ਡਾਹੀ ਕਾਲਜ ਦੇ ਲਾਅਨ ਵਿਚ ਬੈਠਾ ਕੋਈ ਪੁਸਤਕ ਪੜ੍ਹ ਰਿਹਾ ਸੀ ਕਿ ਈਸ਼ਵਰੀ ਨਾਂ ਦੀ ਇਕ ਬਹੁਤ ਸੁਹਣੀ ਕੁੜੀ ਜੋ ਬੀ. ਐਡ. ਦੀ ਸਟੂਡੈਂਟ ਸੀ ਉਸ ਕੋਲ਼ ਆਈ ਤੇ ਬਿਨ੍ਹਾਂ ਕਿਸੇ ਦੀ ਪਰਵਾਹ ਕੀਤੇ ਆਪਣੀ ਚੁੰਨੀ ਹੇਠੋਂ ਗੁਲਾਬ ਦਾ ਇਕ ਫੁੱਲ ਕੱਢ ਦੇਵ ਵੱਲ ਵਧਾ ਦਿੱਤਾ ਤੇ ਬੋਲੀ, 'ਆਈ ਲਵ ਯੂ ਸਰ।'

ਦੇਵ ਨੇ ਨਾ ਆਪਣਾ ਹੱਥ ਕੱਢਿਆ ਤੇ ਨਾ ਹੀ ਕੁਝ ਬੋਲਿਆ। ਉਸਦੇ ਇਰਦ-ਗਿਰਦ ਪਤਾ ਨਹੀ ਕਿੰਨੀਆਂ ਨਜਰਾਂ ਇਹ ਤਮਾਸ਼ਾ ਦੇਖ ਰਹੀਆਂ ਸਨ। ਉਹ ਬੋਲੀ, 'ਫੜੋ ਫੁੱਲ, ਜੇ ਨਹੀਂ ਫੜੋਗੇ ਤਾਂ ਮੈਂ ਆਪਣੀ ਜਾਨ ਦੇ ਦਿਆਂਗੀ।'

ਦੇਵ ਨੇ ਫੁੱਲ ਫੜ ਲਿਆ ਤਾਂ ਆਲ਼ੇ-ਦੁਆਲ਼ੇ ਤੋਂ ਤਾੜੀਆਂ ਅਤੇ ਹੋ-ਹੋ ਦੀ ਅਵਾਜ਼ ਆਈ। ਦੇਵ ਬਹੁਤ ਪਰੇਸ਼ਾਨ ਹੋ ਗਿਆ। ਉਹ ਫੁੱਲ ਨੂੰ ਉਥੇ ਹੀ ਸੁੱਟ ਉੱਠ ਕੇ ਪਿੰਲ਼ਸੀਪਲ ਦੇ ਦਫਤਰ ਵੱਲ ਨੂੰ ਚਲ ਪਿਆ। ਈਸ਼ਵਰੀ ਨੇ ਇਹ ਡਰਾਮਾ ਕਿਉਂ ਕੀਤਾ ਸੀ, ਉਸਨੂੰ ਸਮਝ ਨਾ ਆਈ। ਉਸ ਨੂੰ ਇਸ ਵਿੱਚੋਂ ਕਿਸੇ ਸਾਜਸ਼ ਦੀ ਬੂ ਆਈ। ਈਸ਼ਵਰੀ ਉਸ ਨੂੰ ਬੜੀ ਖਤਰਨਾਕ ਕੁੜੀ ਲੱਗੀ। ਉਸਨੇ ਸੋਚਿਆ ਕਿ ਜਿੰਨੀ ਛੇਤੀ ਪਿਲ਼ੰਸੀਪਲ ਨਾਲ਼ ਗੱਲ ਕਰ ਲਵੇ ਠੀਕ ਰਹੇਗਾ। ਉਸਨੇ ਪਿਲ਼ੰਸੀਪਲ ਨੂੰ ਮਿਲਕੇ ਜੋ ਹੋਇਆ ਸੀ ਦੱਸ ਦਿੱਤਾ।

ਉਸਨੇ ਦੇਵ ਸਾਮ੍ਹਣੇ ਹੀ ਈਸ਼ਵਰੀ ਨੂੰ ਸੱਦ ਲਿਆ। ਉਹ ਬੋਲੀ, 'ਸਰ, ਫੁੱਲ ਦੇਣ ਵਿਚ ਭਲਾਂ ਕੀ ਇਤਰਾਜ਼ ਹੋ ਸਕਦਾ ਏ?'

'ਕਾਲਜ ਵਿਚ ਮੈਂ ਅਜਿਹੀ ਗੱਲ ਬਰਦਾਸ਼ਤ ਨਹੀਂ ਕਰਾਂਗਾ। ਪਲ਼ੋਫੈਸਰ ਦੇਵ ਤੋਂ ਲਿਖਤੀ ਮਾਫ਼ੀ ਮੰਗੋ।'

ਈਸ਼ਵਰੀ ਨੇ ਜੋ ਕਾਗਜ਼ ਤੇ ਲਿਖਿਆ ਇਵੇਂ ਸੀ, 'ਦੇਵ ਜੀ, ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ। ਸ਼ਰੇਆਮ ਫੁੱਲ ਦੇਣ ਦਾ ਮਤਲਬ ਸੀ ਕਿ ਮੈਂ ਇਹ ਗੱਲ ਸਾਰੀ ਦੁਨੀਆਂ ਨੂੰ ਦੱਸਣਾ ਚਾਹੁੰਦੀ ਸਾਂ ਕਿ ਮੈਂ ਤੁਹਾਡੀ ਬਣਨਾ ਚਾਹੁੰਦੀ ਹਾਂ। ਜੇ ਮੈਂ ਇੰਝ ਕਰ ਕੇ ਕੋਈ ਗਲਤੀ ਕੀਤੀ ਹੈ ਤਾਂ ਮੈਨੂੰ ਮਾਫ਼ ਕਰ ਦੇਣਾ। ਤੁਹਾਡੀ-ਈਸ਼ਵਰੀ।'

ਉਸ ਨੇ ਲਿਖਿਆ ਕਾਗਜ਼ ਫੜਾਇਆ ਤੇ ਬਾਹਰ ਨਿਕਲ਼ ਗਈ। ਉਹ ਕਾਗਜ਼ ਪ੍ਰਿੰਸੀਪਲ ਨੇ ਵੀ ਪੜ੍ਹਿਆ ਤੇ ਦੇਵ ਨੂੰ ਕਹਿਣ ਲੱਗਾ, 'ਇਹਦੇ ਮਾਪਿਆਂ ਨੂੰ ਸੱਦ ਕੇ ਗੱਲ ਕਰਾਂਗਾ।'

'ਛੱਡੋ ਸਰ, ਐਵੇਂ ਗੱਲ ਵਧੇਗੀ। ਮਿੱਟੀ ਪਾਓ ਹੁਣ।'

'ਤੈਨੂੰ ਐਥੇ ਲੋਹੇ ਦਾ ਲੰਗੋਟ ਪਾ ਕੇ ਰਹਿਣਾ ਪਊ ਬੱਚੂ।' ਪ੍ਰਿੰਸੀਪਲ ਨੇ ਕਿਹਾ।

'ਉਹ ਤਾਂ ਪਹਿਲਾਂ ਹੀ ਪਾ ਰੱਖਿਆ ਏ, ਸਰ।' ਉਹ ਬੋਲਿਆ।

**00**

# ਇਕ ਸੌ ਚਾਰ

ਮਾਡਲ ਗਰਾਮ ਦੇ ਮਕਾਨ ਵਿਚ ਦੇਵ ਕੋਲ਼ ਸਿਰਫ਼ ਇਕ ਕਮਰਾ ਸੀ। ਤਿੰਨ ਕਿਰਾਏਦਾਰ ਉੱਥੇ ਹੋਰ ਰਹਿੰਦੇ ਸਨ। ਲੈਟਰੀਨ, ਬਾਥਰੂਮ ਬਗੈਰਾ ਸਭ ਲਈ ਸਾਂਝੇ ਸਨ। ਮਕਾਨ ਮਾਲਕ ਬਾਬਾ ਨਰਾਇਣ ਸਿੰਘ ਦੀ ਉਮਰ ਨੱਬੇ ਸਾਲਾਂ ਤੋਂ ਵੀ ਵੱਧ ਸੀ। ਹਰ ਵੇ ਲ਼ੇ ਮਾਲ਼ਾ ਫੇਰਦਾ ਰਹਿੰਦਾ ਸੀ। ਮੇਨ ਗੇਟ ਲਾਗੇ ਤੀਰ ਕਮਾਨ ਵਾਂਗ ਝੁਕਿਆ ਖੜ੍ਹਾ ਆਉਂਦੇ ਜਾਂਦੇ ਰਾਹੀਆਂ ਵੱਲ ਦੇਖਦਾ ਰਹਿੰਦਾ। ਗੁਣੀ ਗਿਆਨੀ ਵੀ ਬਹੁਤ ਸੀ। ਬਹੁਤੀ ਗੁਰਬਾਣੀ ਉਸ ਨੂੰ ਕੰਠ ਸੀ। ਸਵੇਰੇ ਅਤੇ ਸ਼ਾਮੀਂ ਉਹ ਗੜ੍ਹਕਵੀਂ ਅਵਾਜ਼ ਵਿਚ ਪਾਠ ਕਰਦਾ। ਸਵੇ ਰੇ ਹੀ ਗ੍ਰੰਥ ਸਾਹਬ ਦਾ ਪ੍ਰਕਾਸ਼ ਕਰਦਾ ਤੇ ਸ਼ਾਮੀਂ ਕੀਰਤਨ ਸੋਹਿਲਾ ਪੜ੍ਹਨ ਮਗਰੋਂ ਸੰਤੋਖ ਦਿੰਦਾ। ਦੇਵ ਕਦੀ ਕਦੀ ਪ੍ਰਕਾਸ਼ ਵਾਲ਼ੇ ਕਮਰੇ ਵਿਚ ਮੱਥਾ ਟੇਕ ਆਉਂਦਾ। ਪੈਸੇ ਚੜ੍ਹਾਉਣ ਤੋਂ ਬਾਬਾ ਮਨ੍ਹਾਂ ਕਰਦਾ। ਉਸ ਦੀ ਘਰ ਵਾਲ਼ੀ ਵੀ ਬਹੁਤ ਬੁੱਢੀ ਸੀ ਤੇ ਗਠੀਏ ਦੀ ਰੋਗਣ ਹੋਣ ਕਰਕੇ ਘੱਟ ਹੀ ਚੱਲ ਫਿਰ ਸਕਦੀ ਸੀ। ਗ੍ਰੰਥ ਸਾਹਬ ਵਾਲ਼ੇ ਕਮਰੇ ਵਿਚ ਉਸ ਨੇ ਕਈ ਸੰਤਾਂ ਦੀਆਂ ਫ਼ੋਟੋਆਂ ਲਾਈਆਂ ਹੋਈਆਂ ਸਨ। ਉਸ ਦਾ ਵਿਸ਼ਵਾਸ਼ ਸੀ ਕਿ ਦੇਹ-ਧਾਰੀ ਗੁਰੂ ਤੋਂ ਬਿਨਾਂ ਦੁਨੀਆਂ ਦੇ ਇਸ ਭਵਸਾਗਰ ਨੂੰ ਤਰਿਆ ਨਹੀਂ ਜਾ ਸਕਦਾ। ਉਸ ਨੇ ਵੀ ਆਪਣਾ ਕੋਈ ਗੁਰੂ ਧਾਰਿਆ ਹੋਇਆ ਸੀ ਜਿਸ ਦਾ ਪਾਣੀਪਤ ਜਾਂ ਕਰਨਾਲ ਕੋਈ ਬਹੁਤ ਵੱਡਾ ਡੇਰਾ ਸੀ। ਸੜਕ ਵੱਲ ਖੁੱਲ੍ਹਦੀ ਇਕ ਦੁਕਾਨ ਉਸ ਨੇ ਢਾਬੇ ਵਾਲ਼ੇ ਨੂੰ ਦੇ ਰੱਖੀ ਸੀ ਜਿੱਥੋਂ ਦੇਵ ਰੋਟੀ ਖਾਂਦਾ ਸੀ। ਬਾਬੇ ਅਤੇ ਉਸ ਦੀ ਘਰ ਵਾਲ਼ੀ ਲਈ ਰੋਟੀ ਉਸੇ ਢਾਬੇ ਤੋਂ ਆਉਂਦੀ ਸੀ।

ਉਸ ਦੀ ਦੇਵ ਨਾਲ਼ ਨੇੜਤਾ ਹੋਈ ਤਾਂ ਉਸ ਨੇ ਦੱਸਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ ਦੇ ਅਰਥ ਕਰਕੇ ਾਣਦਾ ਸੀ। ਜੇ ਉਹ ਉਸਦਾ ਸਾਥ ਦੇਵੇ ਤਾਂ ਉਸ ਨੂੰ ਵੀ ਅਰਥ ਸਮਝਾ ਦੇਵੇਗਾ। ਦੇਵ ਦੀ ਹਾਂ ਹੋਣ ਮਗਰੋਂ ਉਹ ਨਿੱਤ ਸ਼ਾਮ ਨੂੰ ਦੋ ਘੰਟੇ ਇਸ ਕੰਮ ਵਿਚ ਲਾਉਣ ਲੱਗ ਪਏ। ਦੇਵ ਗ੍ਰੰਥ ਸਾਹਬ ਵਿੱਚੋਂ ਲਾਈਨ ਪੜ੍ਹਦਾ ਤੇ ਗ੍ਰੰਥ ਸਾਹਬ ਮੂਹਰੇ ਬੈਠਾ ਬਾਬਾ ਉਸ ਲਾਈਨ ਦੀ ਵਿਆਖਿਆ ਕਰਦਾ। ਇਕੱਲੇ-ਇਕੱਲੇ ਸ਼ਬਦ ਦੇ ਅਰਥ ਵੀ ਦੱਸਦਾ। ਦੇਵ ਨੂੰ ਵੀ ਇਸ ਕੰਮ' ਚੋਂ ਰਸ ਆਉਣ ਲੱਗਾ। ਪਹਿਲਾ ਮਹੀਨਾ ਲੰਘਣ ਮਗਰੋਂ ਉਹ ਕਿਰਾਇਆ ਦੇਣ ਲੱਗਾ ਤਾਂ ਬਾਬੇ ਨੇ ਹੱਥ ਪਿੱਛੇ ਕਰ ਕੇ ਕਿਹਾ, 'ਨਾ ਬੇਟਾ ਕਿਰਾਇਆ ਨਹੀਂ ਲੈਣਾ। ਆਪਣੇ ਪੁੱਤਰ ਤੋਂ ਵੀ ਕੋਈ ਕਿਰਾਇਆ ਲੈਂਦਾ ਏ? ਤੂੰ ਜਿੰਨੀ ਦੇਰ ਮਰਜ਼ੀ ਮੇਰੇ ਕੋਲ਼ ਰਹੀ ਚੱਲ।'

ਪੈਸੇ ਜੇਬ੍ਹ ਵਿਚ ਪਾ ਕੇ ਦੇਵ ਨੇ ਬਾਬੇ ਦੇ ਪੈਰੀਂ ਹੱਥ ਲਾਏ ਤਾਂ ਉਹ ਖੁਸ਼ ਹੋਇਆ। ਉਸ ਦੀ ਪਿੱਠ ਥਾਪੜਦਾ ਬੋਲਿਆ, 'ਗੁਰੂ ਤੋਂ ਬਿਨਾਂ ਕਿਸੇ ਦੇ ਪੈਰਾਂ' ਚ ਨਹੀਂ ਝੁਕੀਦਾ ਬੇ ਟਾ।'

'ਤੁਸੀਂ ਮੇਰੇ ਗੁਰੂ ਹੀ ਹੋ ਬਾਬਾ ਜੀ।'

'ਮੈਂ ਇਸ ਦੇ ਲਾਇਕ ਨਹੀਂ।' ਉਹ ਮੁਸਕਰਾਇਆ।

ਰਤੀਆ ਪਿੰਡ ਦੇ ਬੀ. ਐਡ. ਕਰ ਰਹੇ ਪੰਜਾਬੀ ਮੁੰਡਿਆਂ ਨਾਲ਼ ਦੇਵ ਦੀ ਦੋਸਤੀ ਹੋ ਗਈ। ਜਿਨ੍ਹਾਂ ਵਿੱਚੋਂ ਕਈ ਪਹਿਲਾਂ ਹੀ ਸਕੂਲ ਮਾਸਟਰ ਸਨ ਤੇ ਦੇਵ ਨਾਲ਼ੋਂ ਵੱਧ ਉਮਰ ਦੇ ਸਨ। ਟੋਹਾਣੇ ਇੰਟਰ ਯੂਨੀਵਰਸਿਟੀ ਐਥਲੈਟਿਕਸ ਮੀਟ ਵਿਚ ਦੇਵ ਪ੍ਰੋਫ਼ੈਸਰ ਇੰਚਾਰਜ਼ ਬਣ ਕੇ ਕਾਲਜ ਦੇ ਐਥਲੀਟ ਮੁੰਡੇ ਕੁੜੀਆਂ ਦੀ ਟੀਮ ਲੈ ਕੇ ਗਿਆ ਸੀ। ਹਰਨੇਕ ਸਿੰਘ ਖੋਖਰ ਅਥਲੀਟਾਂ ਦਾ ਲੀਡਰ ਸੀ। ਕਾਲਜ ਵਿੱਚੋਂ ਖਿਡਾਰੀਆਂ ਤੇ ਖਰਚਣ ਲਈ ਦੇਵ ਨੂੰ ਖੁੱਲ੍ਹੀ ਰਕਮ ਦਿੱਤੀ ਗਈ ਸੀ। ਰਾਤ ਵੇਲ਼ੇ ਉਹ ਅਤੇ ਬਾਕੀ ਦੇ ਮੁੰਡੇ ਕਾਲਜ ਦੇ ਇਕ ਵੱਡੇ ਕਮਰੇ ਵਿਚ ਹੀ ਸੁੱਤੇ। ਕੁੜੀਆਂ ਦੇ ਸੌਣ ਦਾ ਪ੍ਰਬੰਧ ਗਰਲਜ਼ ਹੋਸਟਲ ਵਿਚ ਕਰ ਦਿੱਤਾ ਗਿਆ ਸੀ। ਰਾਤ ਵੇਲ਼ੇ ਕਿਸੇ ਮੁੰਡੇ ਨੇ ਦੇਵ ਦਾ ਪਰਸ ਉਡਾ ਲਿਆ ਜਿਸ ਵਿਚ ਲਗਭਗ ਬਾਰਾਂ ਸੌ ਰੁਪਏ ਸਨ। ਅੱਧੀ ਕੁ ਰਾਤ ਆਪਣੀ ਜੇਬ੍ਹ ਵਿਚ ਪਰਸ ਨਾ ਦੇਖ ਕੇ ਦੇਵ ਨੇ ਹਰਨੇ ਕ ਸਿੰਘ ਨੂੰ ਉਠਾਇਆ ਤੇ ਪਰਸ ਗੁੰਮ ਹੋ ਜਾਣ ਦੀ ਗੱਲ ਦੱਸੀ। ਉਸ ਨੇ ਉੱਠ ਕੇ ਬੱਤੀ ਜਗਾ ਲਈ ਤੇ ਬਾਕੀ ਸਾਰਿਆਂ ਨੂੰ ਵੀ ਉਠਾ ਲਿਆ। ਉਸ ਨੇ ਸਾਰੇ ਮੁੰਡਿਆਂ ਨੂੰ ਇਹ ਗੱਲ ਦੱਸੀ ਤੇ ਤਲਾਸ਼ੀ ਸ਼ੁਰੂ ਕਰ ਦਿੱਤੀ। ਹਰਨੇਕ ਦੇ ਬੈਗ ਵਿੱਚੋਂ ਪਰਸ ਨਿਕਲ਼ ਆਇਆ, ਪਰ ਉਹ ਖਾਲੀ ਸੀ। ਸਾਰਿਆਂ ਦੇ ਬੈਗ ਅਤੇ ਕੱਪੜਿਆਂ ਦੀ ਤਲਾਸ਼ੀ ਮਗਰੋਂ ਵੀ ਪੈਸੇ ਨਾ ਮਿਲੇ । ਵੀਹ, ਤੀਹ, ਪੰਜਾਹ ਰੁਪਏ ਤੋਂ ਵੱਧ ਕਿਸੇ ਕੋਲ਼ ਨਹੀਂ ਸਨ। ਫਿਰ ਹਰਨੇਕ ਨੇ ਹੀ ਕੰਧ ਲਾਗੇ ਪਏ ਬੂਟ ਅਤੇ ਜ਼ੁਰਾਬਾਂ ਫੋਲਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਦਿਲਬਾਗ ਨਾਂ ਦੇ ਮੁੰਡੇ ਦੀ ਜ਼ੁਰਾਬ' ਚੋਂ ਸਾਰੇ ਪੈਸੇ ਮਿਲ ਗਏ।

'ਮੈਂ ਨਹੀਂ ਰੱਖੇ, ਮੈਂ ਕੋਈ ਚੋਰ ਹਾਂ। ਇਹ ਕਿਸੇ ਦੀ ਸ਼ੈਤਾਨੀ ਹੈ।' ਦਿਲਬਾਗ ਬੋਲਿਆ।

ਹਰਨੇਕ ਨੇ ਟੁੱਟੀ ਹੋਈ ਕੁਰਸੀ ਦੀ ਇਕ ਲੱਤ ਖਿੱਚ ਲਈ ਤੇ ਉਸ ਦੀ ਪਿੱਠ ਤੇ

ਦੜਾ-ਦੜ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਇਹ ਵੀ ਕਿਹਾ ਕਿ ਉਹ ਜਿੰਨੀ ਦੇਰ ਤੱਕ ਮੰਨੇ ਗਾ ਨਹੀਂ, ਇਸੇ ਤਰ੍ਹਾਂ ਕੁੱਟ ਪੈਂਦੀ ਰਹੇਗੀ। ਦਿਲਬਾਗ ਛੇਤੀ ਹੀ ਮੰਨ ਗਿਆ। ਇਸ ਗੱਲ ਕਰਕੇ ਹਰਨੇਕ ਨਾਲ਼ ਦੇਵ ਦੀ ਦੋਸਤੀ ਦਾ ਮੁੱਢ ਬੰਨ੍ਹਿਆ। ਟੋਹਾਣੇ ਤੋਂ ਵਾਪਸੀ ਮਗਰੋਂ ਇਕ ਦਿਨ ਹਰਨੇਕ ਅਤੇ ਉਸ ਦੇ ਕੁਝ ਦੋਸਤ ਦੇਵ ਕੋਲ਼ ਮਾਡਲ ਗਰਾਮ ਆ ਗਏ ਤੇ ਬਿਨਾਂ ਦੇਵ ਨਾਲ਼ ਕੋਈ ਗੱਲ ਕਰੇ ਉਸਦਾ ਸਮਾਨ ਕਮਰੇ' ਚੋਂ ਬਾਹਰ ਕੱਢਣ ਲੱਗ ਪਏ।

'ਇਹ ਤੁਸੀਂ ਕੀ ਕਰਨ ਲੱਗ ਪਏ ਆਉਂਦੇ ਹੀ?' ਦੇਵ ਬੋਲਿਆ।

'ਸਰ, ਤੁਹਾਡਾ ਰਹਿਣ ਦਾ ਟਿਕਾਣਾ ਬਦਲਣ ਲੱਗੇ ਹਾਂ। ਅੱਜ ਤੋਂ ਤੁਸੀਂ ਸਾਡੇ ਨਾਲ਼ ਰਹੋਗੇ।'

'ਤੁਸੀਂ ਕਿੱਥੇ ਰਹਿੰਦੇ ਹੋ?'

'ਇੱਥੋਂ ਦੋ ਕਿਲੋਮੀਟਰ ਦੂਰ ਅਸੀਂ ਇਕ ਕੋਠੀ ਕਿਰਾਏ ਤੇ ਲਈ ਹੋਈ ਏ।' ਉਨ੍ਹਾਂ ਦੱਸਿਆ।

'ਪਰ ਮੈਂ ਤਾਂ ਬਾਬਾ ਜੀ ਕੋਲ਼ੋਂ ਨਹੀਂ ਜਾ ਸਕਦਾ।' ਉਸ ਨੇ ਕਿਹਾ।

'ਕਿਉਂ?'

ਦੇਵ ਨੇ ਪਾਠ ਕਰਨ ਵਾਲੀ ਗੱਲ ਦੱਸੀ ਤਾਂ ਉਹ ਹੱਸ ਪਏ। ਉਨ੍ਹਾਂ ਨੇ ਕਿਹਾ ਕਿ ਪਾਠ ਕਰਨ ਲਈ ਉਹ ਸਾਇਕਲ ਉੱਤੇ ਰੋਜ਼ ਆ ਸਕਦਾ ਸੀ। ਨਾ-ਨਾ ਕਰਦਿਆਂ ਉਹ ਦੇਵ ਦਾ ਸਮਾਨ ਚੁੱਕ ਕੇ ਲੈ ਗਏ ਤੇ ਕੋਠੀ ਦਾ ਇਕ ਕਮਰਾ ਉਸ ਦੇ ਹਵਾਲੇ ਕਰ ਦਿੱਤਾ। ਦੇਵ ਨੇ ਦੇਖਿਆ ਕਿ ਉਹ ਸਾਰੇ ਬੜੀ ਠਾਠ ਨਾਲ਼ ਰਹਿ ਰਹੇ ਸਨ। ਰੋਟੀ, ਦਾਲ, ਸਬਜ਼ੀਆਂ, ਮੀਟ ਬਗੈਰਾ ਰਲ ਮਿਲ ਕੇ ਹੀ ਬਣਾਉਂਦੇ ਸਨ। ਕਈ ਜਣੇ ਪਿਆਕੜ ਵੀ ਸਨ ਤੇ ਕੇਨੀਆਂ' ਚ ਰੂੜੀ ਮਾਰਕਾ ਘਰੋਂ ਹੀ ਲੈ ਆਉਂਦੇ ਸਨ। ਉੱਥੇ ਜਾ ਕੇ ਦੇਵ ਨੂੰ ਹੋਰ ਵੀ ਸੌਖ ਹੋ ਗਈ। ਮਕਾਨ, ਬਿਜਲੀ, ਰੋਟੀ, ਪਾਣੀ ਸਭ ਕੁਝ ਉਸ ਲਈ ਫ਼ਰੀ ਹੋ ਗਿਆ। ਦੇਵ ਨੇ ਪੈਸੇ ਦੇਣੇ ਚਾਹੇ ਪਰ ਉਨ੍ਹਾਂ ਨੇ ਲਏ ਨਹੀਂ। ਉਹ ਤਾਂ ਉਸ ਨੂੰ ਲਸਣ ਪਿਆਜ਼ ਛਿੱਲਣ ਤੋਂ ਵੀ ਮਨ੍ਹਾ ਕਰ ਦਿੰਦੇ।

ਕੋਠੀ ਵਿਚ ਸ਼ਿਫਟ ਹੋਣ ਮਗਰੋਂ ਦੇਵ ਬਾਬਾ ਜੀ ਕੋਲ਼ ਨਿੱਤ ਸ਼ਾਮੀਂ ਚਲਾ ਜਾਂਦਾ ਤੇ ਉਹ ਮਿਲ ਕੇ ਗੁਰਬਾਣੀ ਦਾ ਪਾਠ ਤੇ ਅਰਥ ਕਰਦੇ। ਇਹ ਸਿਲਸਿਲਾ ਕਈ ਮਹੀਨੇ ਚਲਦਾ ਰਿਹਾ। ਇਕ ਦਿਨ ਬਾਬਾ ਜੀ ਗੁਰਬਾਣੀ ਦੇ ਅਰਥ ਕਰਦੇ ਕਰਦੇ ਹੀ ਜੋਤੀ ਜੋਤ ਸਮਾ ਗਏ। ਦੇਵ ਨੇ ਕਿਸੇ ਸ਼ਬਦ ਦੀ ਤੁਕ ਪੜ੍ਹਕੇ ਉਨ੍ਹਾਂ ਵੱਲ ਦੇਖਿਆ ਤਾਂ ਉਹ ਲੁੜ੍ਹਕ ਗਏ ਸਨ। ਦੇਵ ਉੱਠਿਆ ਕੋਲ਼ ਜਾ ਕੇ ਨਬਜ਼ ਟੋਹੀ। ਸਾਹਾਂ ਦਾ ਭੌਰ ਉਡਾਰੀ ਮਾਰ ਗਿਆ ਸੀ। ਕਮਰੇ ਅੰਦਰ ਪਈ ਬਾਬਾ ਜੀ ਦੀ ਪਤਨੀ ਨੂੰ ਦੇਵ ਨੇ ਇਹ ਖ਼ਬਰ ਦਿੱਤੀ ਤਾਂ ਉਹ ਹੱਥ ਜੋੜ ਕੇ ਮਿਣ ਮਿਣ ਕਰਨ ਲੱਗੀ। ਉਸ ਨੇ ਧਰਤੀ ਨੂੰ ਦੋਨੋਂ ਹੱਥ ਲਾਏ ਤੇ ਉੱਠ ਖੜ੍ਹੀ ਹੋਈ। ਦੇਵ ਉਸ ਦਾ ਹੱਥ ਫੜ ਕੇ ਪ੍ਰਕਾਸ਼ ਵਾਲ਼ੇ ਕਮਰੇ' ਚ ਲੈ ਗਿਆ। ਉਹ ਡਿਗੇ ਪਏ ਬਾਬਾ ਜੀ ਦੇ ਪੈਰਾਂ ਵੱਲ ਬੈਠ ਗਈ। ਫਿਰ ਪੈਰ ਫੜਦੀ ਬੋਲੀ, 'ਚਲੇ ਗਏ ਹੋ ਨਾ ਇਕੱਲੀ ਛੱਡ ਕੇ? ਮੈਨੂੰ ਮਿਲਣਾ ਨਹੀਂ ਸੀ?'

ਉਸ ਦੀ ਗੱਲ ਸੁਣ ਕੇ ਦੇਵ ਰੋਣ ਲੱਗ ਪਿਆ। ਉਹ ਬੋਲੀ, ' ਨਾ ਬੇਟਾ। ਰੋਣਾ ਨਹੀਂ

ਹੈ। ਉਨ੍ਹਾਂ ਨੂੰ ਮਹਾਰਾਜ ਨੇ ਸੱਦ ਲਿਆ ਏ। ਉਹ ਜੋਤੀ ਜੋਤ ਸਮਾ ਗਏ ਨੇ।'

ਬਾਬਾ ਜੀ ਦੇ ਦੋ ਮੁੰਡੇ ਅਤੇ ਉਨ੍ਹਾਂ ਦੇ ਪਰਿਵਾਰ ਕਰਨਾਲ਼ ਰਹਿੰਦੇ ਸਨ। ਕੁਝ ਹੋਰ ਰਿਸ਼ਤੇਦਾਰ ਵੀ ਸਨ। ਸਾਰਿਆਂ ਦੇ ਪਤੇ ਲੈ ਕੇ ਦੇਵ ਟੈਲੀਗਰਾਮਾਂ ਭੇਜ ਆਇਆ। ਕੋਠੀ ਜਾ ਕੇ ਹਰਨੇਕ ਹੋਣਾਂ ਨੂੰ ਵੀ ਇਸ ਬਾਰੇ ਦੱਸ ਆਇਆ। ਆਂਢ-ਗੁਆਂਢ ਵਿਚ ਵੀ ਖ਼ਬਰ ਕਰ ਦਿੱਤੀ। ਵਿਹੜੇ ਵਿਚ ਦੋ ਤਿੰਨ ਦਰੀਆਂ ਵਿਛਾ ਦਿੱਤੀਆਂ। ਉਸਦੇ ਪਰਿਵਾਰ ਦੇ ਸਾਰੇ ਜੀਅ ਰਾਤੀਂ ਦਸ ਵਜੇ ਤੱਕ ਪਹੁੰਚ ਗਏ। ਉਸ ਮਗਰੋਂ ਅਗਲੇ ਦਿਨ ਆਉਣ ਲਈ ਕਹਿ ਕੇ ਦੇਵ ਤੇ ਦੂਜੇ ਮੁੰਡੇ ਕੋਠੀ ਚਲੇ ਗਏ।

ਕਾਲਜ ਸਟਾਫ਼ ਵਿਚ ਦੋ ਹੀ ਸਰਦਾਰ ਸਨ। ਇਕ ਦੇਵ ਤੇ ਦੂਜਾ ਰਾਵਿੰਦਰ ਸਿੰਘ। ਰਾਵਿੰਦਰ ਦਾ ਸੁਭਾਅ ਬੜਾ ਨਿੱਘਾ ਸੀ। ਉਸ ਨੇ ਦੇਵ ਨੂੰ ਸਾਹਿਤ ਦੀਆਂ ਬਹੁਤ ਕਿਤਾਬਾਂ ਪੜ੍ਹਾਈਆਂ। ਉਸ ਵੱਲੋਂ ਇਹ ਖੁੱਲ੍ਹੀ ਛੁੱਟੀ ਸੀ ਕਿ ਦੇਵ ਜੋ ਕਿਤਾਬ ਪੜ੍ਹਨੀ ਚਾਹੇ ਕਾਲਜ ਦੇ ਨਾਂ ਬਿਲ ਬਣਾ ਕੇ ਖਰੀਦ ਲਵੇ। ਇਹ ਖੁੱਲ੍ਹ ਉਸ ਨੂੰ ਪ੍ਰਿੰਸੀਪਲ ਸਰਦਾਰਾ ਸਿੰਘ ਭਾਟੀਆ ਨੇ ਦੇ ਰੱਖੀ ਸੀ। ਰਵਿੰਦਰ ਕੋਲ਼ੋਂ ਹੀ ਭਾਟੀਆ ਸਾਹਿਬ ਨੂੰ ਇਹ ਗੱਲ ਪਤਾ ਲੱਗੀ ਕਿ ਦੇਵ ਸਾਹਿਤ ਦਾ ਚੰਗਾ ਪਾਠਕ ਸੀ ਤੇ ਮਾੜਾ ਮੋਟਾ ਕਵਿਤਾ ਨੂੰ ਵੀ ਮੂੰਹ ਮਾਰਦਾ ਸੀ। ਭਾਟੀਆ ਸਾਹਿਬ ਨੇ ਦੇਵ ਨੂੰ ਪੁੱਛਿਆ ਕਿ ਉਸ ਨੇ ਲਿਟਰੇਚਰ ਦਾ ਕੀ ਕੀ ਪੜ੍ਹਿਆ ਸੀ। ਦੇਵ ਨੇ ਕਿੰਨੀਆਂ ਹੀ ਕਿਤਾਬਾਂ ਗਿਣਾ ਦਿੱਤੀਆਂ। ਉਹ ਹੈਰਾਨ ਹੋਏ ਕਿ ਸਾਇੰਸ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਉਸ ਨੂੰ ਇਹ ਸ਼ੌਂਕ ਕਿਵੇਂ ਪੈ ਗਿਆ ਸੀ। ਕਾਲਜ ਦਾ ਮੈਗਜ਼ੀਨ ਜਿਸ ਦਾ ਨਾਂ ਸਤਲੁਜ ਸੀ ਛਪਣਾ ਸੀ। ਦੇਵ ਹੈਰਾਨ ਹੋਇਆ ਕਿ ਰੋਪੜ ਦੇ ਕਾਲਜ ਦੇ ਮੈਗਜ਼ੀਨ ਦਾ ਵੀ ਇਹੋ ਨਾਂ ਸੀ। ਪ੍ਰਿੰਸੀਪਲ ਨੇ ਦੇਵ ਨੂੰ ਪੰਜਾਬੀ ਸੈਕਸ਼ਨ ਦਾ ਪ੍ਰੋਫੈਸਰ ਸੰਪਾਦਕ ਬਣਾ ਦਿੱਤਾ। ਕੁਝ ਵਿਦਿਆਰਥੀਆਂ ਨੂੰ ਨਾਲ਼ ਲੈਕੇ ਉਸ ਨੇ ਬੜੀ ਮਿਹਨਤ ਨਾਲ਼ ਪੰਜਾਬੀ ਸੈਕਸ਼ਨ ਦੀ ਤਿਆਰੀ ਕੀਤੀ। ਭਾਟੀਆ ਸਾਹਬ ਨੇ ਮੈਨੇਜਿੰਗ ਕਮੇਟੀ ਵਿਚ ਦੇਵ ਦੇ ਸਰਬਪੱਖੀ ਗੁਣਾਂ ਦੀ ਤਾਰੀਫ਼ ਕੀਤੀ ਤੇ ਪ੍ਰਧਾਨ ਹਵਾ ਸਿੰਘ ਨੇ ਦੇਵ ਨੂੰ ਆਪਣੇ ਕੋਲ਼ ਸੱਦ ਕੇ ਉਸ ਦੀ ਪਿੱਠ ਥਾਪੜੀ।

ਆਰਟ ਐਂਡ ਕਰਾਫ਼ਟ ਦਾ ਪ੍ਰੋਫੈਸਰ ਆਰ. ਐਨ. ਰਸਤੋਗੀ ਪੰਜਾਬੀ ਸੀ ਤੇ ਉਸ ਦਾ ਪਿਛੋਕੜ ਬਠਿੰਡੇ ਦਾ ਸੀ। ਉਹ ਆਪਣੀ ਪਤਨੀ ਨਾਲ਼ ਕ੍ਰਿਸ਼ਨਾ ਨਗਰ ਵਿਚ ਕਿਰਾਏ ਤੇ ਰਹਿੰਦਾ ਸੀ। ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਉਸ ਦੇ ਦੋ ਬੱਚੇ ਸਨ। ਉਸ ਦਾ ਸੁਭਾਅ ਬੜਾ ਮਿਲਣਸਾਰ ਸੀ। ਵਿਆਹਿਆ ਹੋਣ ਦੇ ਬਾਵਜੂਦ ਉਹ ਕਾਲਜ ਦੀਆਂ ਕੁੜੀਆਂ ਵਿਚ ਬੜੀ ਦਿਲਚਸਪੀ ਲਿਆ ਕਰਦਾ ਸੀ। ਉਹ ਆਪਣੇ ਵਿਸ਼ੇ ਵਿਚ ਐਨਾ ਮਾਹਰ ਸੀ ਕਿ ਆਪਣੇ ਸਾਮ੍ਹਣੇ ਕਿਸੇ ਵੀ ਬੰਦੇ ਨੂੰ ਬਿਠਾ ਕੇ ਥੋੜ੍ਹੇ ਸਮੇਂ ਵਿਚ ਹੀ ਉਸ ਦਾ ਪੋਰਟਰੇਟ ਤਿਆਰ ਕਰ ਦਿਆ ਕਰਦਾ ਸੀ। ਕਾਲਜ ਦੇ ਸਟਾਫ਼ ਰੂਮ ਵਿਚ ਦੀਵਾਰ ਉੱਤੇ ਇਕ ਵੱਡੀ ਪੇਂਟਿੰਗ ਲੱਗੀ ਹੋਈ ਸੀ ਜਿਸ ਵਿਚ ਸਾਰੇ ਸਟਾਫ਼ ਮੈਂਬਰਾਂ ਦੇ ਚਿਹਰੇ ਬਣੇ ਹੋਏ ਸਨ। ਇਹ ਪੇਂਟਿੰਗ ਰਸਤੋਗੀ ਨੇ ਹੀ ਬਣਾਈ ਸੀ। ਜਦੋਂ ਵੀ ਕੋਈ ਨਵਾਂ ਪ੍ਰੋਫ਼ੈਸਰ ਕਾਲਜ ਵਿਚ ਆਉਂਦਾ ਰਸਤੋਗੀ ਪੁਰਾਣੇ ਸਟਾਫ਼ ਦੇ ਚਿਹਰਿਆਂ ਵਿਚ ਉਸਦਾ ਚਿਹਰਾ ਵੀ ਸ਼ਾਮਲ ਕਰ ਦਿੰਦਾ। ਉਸਨੇ ਦੇਵ ਦੇ ਕਾਲਜ ਆਉਣ ਮਗਰੋਂ ਉਸ ਦਾ ਚਿਹਰਾ ਵੀ ਵੱਡੀ ਪੇਂਟਿੰਗ ਵਿਚ ਸ਼ਾਮਲ

ਕਰ ਦਿੱਤਾ ਸੀ। ਉਸ ਨੇ ਦੇਵ ਦਾ ਇਕ ਵੱਖਰਾ ਪੋਰਟਰੇਟ ਵੀ ਬਣਾਇਆ ਸੀ, ਜਿਸ ਕਰਕੇ ਉਨ੍ਹਾਂ ਦੀ ਨੇੜਤਾ ਕਾਫ਼ੀ ਵਧ ਗਈ ਸੀ।

ਬੀ. ਐਡ. ਸੈਸ਼ਨ ਦੇ ਅੰਤ ਵਿਚ ਜਦੋਂ ਟੀਚਿੰਗ ਪ੍ਰੈਕਟਿਸ ਸ਼ੁਰੂ ਹੋਈ ਤਾਂ ਵਿਦਿਆਰਥੀਆਂ ਦੇ ਲੈਸਨ ਆਬਜ਼ਰਬ ਕਰਨ ਲਈ ਸਾਰੇ ਪ੍ਰੋਫੈਸਰਾਂ ਦੀ ਅਲੱਗ ਅਲੱਗ ਸਕੂਲਾਂ ਵਿਚ ਡਿਊਟੀ ਲੱਗ ਗਈ। ਬੱਚਿਆਂ ਨੂੰ ਪੜ੍ਹਾਉਣ ਲਈ ਹਰ ਸਕੂਲ ਵਿਚ ਦਸ ਤੋਂ ਪੰਦਰਾਂ ਤੱਕ ਵਿਦਿਆਰਥੀ ਭੇਜੇ ਗਏ। ਟੀਚਿੰਗ ਪ੍ਰੈਕਟਿਸ ਲੱਗਭੱਗ ਇਕ ਮਹੀਨਾ ਚੱਲਣੀ ਸੀ। ਪ੍ਰੋਫੈਸਰ ਰਸਤੋਗੀ ਦੀ ਵਹੁਟੀ ਨੇ ਤੀਜੇ ਬੱਚੇ ਨੂੰ ਜਨਮ ਦੇਣਾ ਸੀ ਤੇ ਉਸ ਦਾ ਸਾਲ਼ਾ ਹਿਸਾਰ ਆ ਕੇ ਆਪਣੀ ਭੈਣ ਨੂੰ ਬਠਿੰਡੇ ਲੈ ਗਿਆ ਸੀ। ਦੇਵ ਅਤੇ ਰਸਤੋਗੀ ਦੀ ਡਿਊਟੀ ਇੱਕੋ ਸਕੂਲ ਵਿਚ ਲੱਗ ਗਈ। ਇਕ ਦਿਨ ਉਹ ਕਹਿਣ ਲੱਗਾ ਕਿ ਉਸ ਦੀ ਵਹੁਟੀ ਨੇ ਤਾਂ ਹੁਣ ਪੰਜਾਬ ਹੀ ਰਹਿਣਾ ਸੀ, ਦੇਵ ਉਸ ਦੇ ਨਾਲ਼ ਹੀ ਰਹਿਣ ਲੱਗ ਪਵੇ। ਦੇਵ ਆਪ ਵੀ ਚਾਹੁੰਦਾ ਸੀ ਕਿ ਮੁੰਡਿਆਂ ਨੇ ਤਾਂ ਕੋਠੀ ਖਾਲੀ ਕਰ ਕੇ ਬਹੁਤ ਛੇਤੀ ਚਲੇ ਜਾਣਾ ਸੀ ਤੇ ਦੇਵ ਨੂੰ ਉੱਥੋਂ ਸ਼ਿਫ਼ਟ ਕਰਨਾ ਪੈਣਾ ਸੀ। ਹੁਣ ਅੜਚਣ ਇਹ ਸੀ ਕਿ ਮਕਾਨ ਮਾਲਕ ਨੇ ਰਸਤੋਗੀ ਨੂੰ ਮਕਾਨ, ਨਾਲ਼ ਫੈਮਿਲੀ ਹੋਣ ਕਰ ਕੇ ਦਿੱਤਾ ਸੀ। ਰਸਤੋਗੀ ਨੂੰ ਤਾਂ ਉਹ 'ਚੰਗਾ ਬੰਦਾ' ਕਰਕੇ ਜਾਣਦਾ ਸੀ, ਪਰ ਦੇਵ ਦਾ ਵਿਸ਼ਵਾਸ ਕਿਵੇਂ ਕਰਦਾ। ਇਸੇ ਕਰਕੇ ਉਸ ਨੇ ਰਸਤੋਗੀ ਨੂੰ ਪੁੱਛਿਆ, ' ਕੀ ਤੇਰਾ ਮਕਾਨ ਮਾਲਕ ਤੇਰੇ ਨਾਲ਼ ਮੈਨੂੰ ਕਮਰਾ ਸ਼ੇਅਰ ਕਰਨ ਦੇਵੇਗਾ?'

'ਦਿੰਦਾ ਤਾਂ ਉਹ ਫੈਮਿਲੀ ਵਾਲ਼ੇ ਨੂੰ ਹੀ ਹੈ। ਫਿਰ ਵੀ ਆਪਾਂ ਕੋਈ ਜੁਗਾੜ ਬਣਾ ਲੈਂਦੇ ਹਾਂ।' ਰਸਤੋਗੀ ਹੱਸਿਆ।

ਇਕ ਦਿਨ ਉਹ ਦੋਨੋਂ ਵਿਸਕੀ ਦੀ ਬੋਤਲ ਖਰੀਦ ਲਿਆਏ ਅਤੇ ਮੀਟ ਬਣਾ ਲਿਆ। ਉਸ ਨੇ ਐਸ. ਐਮ. ਢੀਂਗਰਾ ਨਾਂ ਦੇ ਮਕਾਨ ਮਾਲਕ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਦੇ ਦਿੱਤਾ। ਉਸ ਨੇ ਦੇਵ ਦੀ ਕਾਫ਼ੀ ਸਿਫ਼ਤ ਕਰਕੇ ਢੀਂਗਰੇ ਨਾਲ਼ ਜਾਣ-ਪਛਾਣ ਕਰਵਾ ਦਿੱਤੀ। ਢੀਂਗਰੇ ਦੀ ਬਜ਼ਾਰ ਵਿਚ ਸਾਇਕਲਾਂ ਦੀ ਦੁਕਾਨ ਸੀ। ਉਹ ਨਵੇਂ ਸਾਇਕਲ ਵੀ ਵੇਚਦਾ ਸੀ ਤੇ ਖੁਦ ਰਿਪੇਅਰ ਕਰਦਾ ਜਾਂ ਪੈਂਚਰ ਬਗੈਰਾ ਲਾਉਂਦਾ ਸੀ। ਉਸ ਦੀ ਰਿਹਾਇਸ਼ ਉੱਪਰ ਵਾਲ਼ੇ ਪੋਰਸ਼ਨ ਵਿਚ ਸੀ ਤੇ ਹੇਠ ਵਾਲ਼ਾ ਪੋਰਸ਼ਨ ਰਸਤੋਗੀ ਕੋਲ਼ ਸੀ। ਉਹ ਹੇਠ ਹੀ ਬੈਠੇ ਨੁਕਲ-ਪਾਣੀ ਕਰ ਰਹੇ ਸਨ। ਢੀਂਗਰੇ ਨੇ ਕਈ ਗੀਤ ਸੁਣਾਏ ਤਾਂ ਦੇਵ ਨੇ ਵੀ ਸ਼ਿਵ ਕੁਮਾਰ ਬਟਾਲਵੀ ਦਾ ਇਕ ਗੀਤ ਸੁਣਾ ਦਿੱਤਾ। ਢੀਂਗਰਾ ਨੇ ਖੁਸ਼ ਹੋ ਕੇ ਦੇਵ ਨੂੰ ਜੱਫ਼ੀ ਪਾ ਲਈ। ਗਰਮ ਲੋਹਾ ਦੇਖ ਕੇ ਰਸਤੋਗੀ ਨੇ ਸੱਟ ਮਾਰੀ, 'ਢੀਂਗਰਾ ਸਾਹਬ ਮੇਰੀ ਵਾਈਫ਼ ਨੇ ਤਾਂ ਹੁਣ ਛੇ ਮਹੀਨੇ ਆਉਣਾ ਨਹੀਂ। ਜੇ ਇਤਰਾਜ਼ ਨਾ ਹੋਵੇ ਤਾਂ ਮੈਂ ਪ੍ਰੋਫੈਸਰ ਦੇਵ ਨੂੰ ਆਪਣੇ ਨਾਲ਼ ਰੱਖ ਲਵਾਂ?'

'ਰਸਤੋਗੀ ਜੀ ਮੈਂ ਪੀ ਕੇ ਕੋਈ ਫੈਸਲਾ ਨਹੀਂ ਕਰਿਆ ਕਰਦਾ। ਇਸ ਬਾਰੇ ਕੱਲ੍ਹ ਸੋਚਾਂਗੇ।' ਉਹ ਬੋਲਿਆ।

ਰਸਤੋਗੀ ਦਾ ਤੀਰ ਨਿਸ਼ਾਨੇ ਤੋਂ ਖੁੰਝ ਗਿਆ। ਸੋਫ਼ੀ ਬੰਦੇ ਨਾਲ਼ ਤਾਂ ਬਿਨਾਂ ਕੋਈ ਖਰਚ ਕੀਤਿਆਂ ਗੱਲ ਹੋ ਸਕਦੀ ਸੀ। ਦੇਵ ਨੂੰ ਲੱਗਾ ਕਿ ਹੁਣ ਢੀਂਗਰਾ ਰਜ਼ਾਮੰਦ ਨਹੀਂ

ਹੋਣ ਲੱਗਾ। ਉਸ ਰਾਤ ਦੇਵ ਰਸਤੋਗੀ ਕੋਲ਼ ਹੀ ਸੁੱਤਾ ਸੀ। ਸੌਣ ਤੋਂ ਥੋੜ੍ਹੀ ਦੇਰ ਪਹਿਲਾਂ ਉਸ ਨੂੰ ਕਿਸੇ ਔਰਤ ਦੇ ਚੀਕਾਂ ਮਾਰਨ ਦੀ ਅਵਾਜ਼ ਸੁਣਾਈ ਦੇਣ ਲੱਗੀ। ਦੇਵ ਨੇ ਬਾਹਰ ਨਿਕਲ਼ ਕੇ ਦੇਖਿਆ। 'ਹਾਇ ਮਰ ਗਈ' ... ਹਾਇ ਮਾਰ' ਤੀ ਛੱਡੋ ਮੈਨੂੰ।' ਦੀਆਂ ਅਵਾਜ਼ਾਂ ਉੱਤੋਂ ਢੀਂਗਰੇ ਦੇ ਕਮਰੇ' ਚੋਂ ਹੀ ਆ ਰਹੀਆਂ ਸਨ, ਜਿਵੇਂ ਉਹ ਆਪਣੀ ਪਤਨੀ ਨੂੰ ਤਸੀਹੇ ਦੇ ਰਿਹਾ ਹੋਵੇ। ਦੇਵ ਨੇ ਰਸਤੋਗੀ ਨੂੰ ਜਗਾਇਆ ਤੇ ਪੁੱਛਿਆ, 'ਇਹ ਕੀ ਹੋ ਰਿਹਾ ਏ ਬਈ?'

'ਢੀਂਗਰਾ ਗੈਰ ਕੁਦਰਤੀ ਸੰਭੋਗ ਕਰ ਰਿਹਾ ਏ। ਪੀਤੀ ਹੋਈ ਹੋਵੇ ਤਾਂ ਉਹ ਹਮੇ ਸ਼ਾ ਇਸੇ ਤਰ੍ਹਾਂ ਆਪਣੀ ਔਰਤ ਤੇ ਜ਼ੁਲਮ ਢਾਉਂਦਾ ਏ।' ਉਹ ਹੱਸਿਆ।

'ਉਹ ਵਿਚਾਰੀ ਤੜਫ਼ ਰਹੀ ਏ। ਇਹ ਤਾਂ ਸਾਲ਼ਾ ਜਾਨਵਰ ਏ।' ਦੇਵ ਬੋਲਿਆ।

'ਕੋਈ ਵੀ ਜਾਨਵਰ ਇਹ ਕੁਝ ਨਹੀਂ ਕਰਦਾ।'

ਦੇਵ ਨੂੰ ਬੜਾ ਬੁਰਾ ਲੱਗਾ। ਉਸ ਦਾ ਜੀਅ ਕਰੇ ਕਿ ਜਾ ਕੇ ਢੀਂਗਰੇ ਦੇ ਠੁੱਡੇ ਮਾਰੇ । ਉਹ ਬੋਲਿਆ, 'ਉੱਠ ਸਾਲੇ ਨੂੰ ਪੁੱਛੀਏ।'

'ਪੈ ਜਾ ਤੂੰ... ਥੋੜ੍ਹੀ ਦੇਰ ਦੀ ਗੱਲ ਏ... ਆਪਾਂ ਜਰੂਰ ਪੰਗਾ ਲੈਣਾ ਏ? ਦਿਨ ਨੀ ਚੜ੍ਹਨ ਦੇਣਾ ਉਹਨੇ, ਸਮਾਨ ਮਾਰੂ ਆਪਣਾ ਬਾਹਰ'

ਦੇਵ ਕਾਫੀ ਦੇਰ ਤੱਕ ਇਸ ਘਟਨਾ ਬਾਰੇ ਸੋਚਦਾ ਰਿਹਾ। ਉਸ ਦੇ ਮਾਮੇ ਦਾ ਮੁੰਡਾ ਨਿੱਤਿਆ ਨੰਦ ਵੀ ਉਸ ਦੀਆਂ ਸੋਚਾਂ' ਚੋਂ ਉੱਭਰਿਆ ਜਿਹੜਾ ਸੈਕਸ ਤ੍ਰਿਪਤੀ ਦੇ ਅਜਿਹੇ ਗੈਰ ਕੁਦਰਤੀ ਢੰਗ ਨੂੰ 'ਹਵਾਈ ਜਹਾਜ ਬਣਾਉਣਾ' ਕਿਹਾ ਕਰਦਾ ਸੀ।

ਸਵੇਰੇ ਉੱਠੇ ਤਾਂ ਸਭ ਨਾਰਮਲ ਸੀ। ਢੀਂਗਰਾ ਬੁਗਨਵੇਲੀਏ ਦੀ ਵੇਲ ਦੀ ਕਾਂਟ-ਛਾਂਟ ਕਰਨ ਲੱਗਾ ਹੋਇਆ ਸੀ ਤੇ ਉਸ ਦੀ ਪਤਨੀ ਮੈਕਸੀ ਪਾਈ ਖੜ੍ਹੀ ਦੰਦੀਆਂ ਕੱਢ ਰਹੀ ਸੀ। ਦੇਵ ਨੇ ਸੋਚਿਆ, 'ਰਾਤੀਂ ਉਹ ਰੋਂਦੀ ਨਹੀਂ ਹੋਵੇਗੀ, ਉਸ ਦਾ ਰੋਣ ਨਿਕਲ਼ ਜਾਂਦਾ ਹੋਵੇਗਾ। ਦੇਵ ਦਾ ਧਿਆਨ ਅਚਾਨਕ ਪੌੜੀਆਂ ਅੱਗੇ ਡਿੱਗੇ ਪਰਸ ਵੱਲ ਚਲਾ ਗਿਆ। ਉਸ ਨੇ ਉਹ ਪਰਸ ਚੁੱਕ ਲਿਆ ਤੇ ਅੰਦਰ ਵੜ੍ਹ ਕੇ ਖੋਲ੍ਹਿਆ। ਪਰਸ ਤਾਂ ਨੋਟਾਂ ਨਾਲ਼ ਭਰਿਆ ਪਿਆ ਸੀ। ਉਹ ਗਿਣਨ ਲੱਗਾ, ਚਾਰ ਸੌ ਰੁਪਏ ਤੋਂ ਵੀ ਵੱਧ ਸਨ। ਰਸਤੋਗੀ ਅਜੇ ਸੁੱਤਾ ਪਿਆ ਸੀ। ਮੁੜ ਪਰਸ ਵਿਚ ਰੁਪਏ ਪਾ ਕੇ ਉਹ ਬਾਹਰ ਆਇਆ ਤੇ ਵਿਹੜੇ ਵਿਚ ਖੜ੍ਹ ਕੇ ਅਵਾਜ਼ ਦਿੱਤੀ, 'ਢੀਂਗਰਾ ਸਾਹਬ, ਐਧਰ ਨੂੰ ਹੋਇਓ ਜ਼ਰਾ।'

'ਹਾਂ ਜੀ, ਪ੍ਰੋਫੈਸਰ ਸਾਹਿਬ ਜੀ।' ਉਹ ਤੇ ਉਸ ਦੀ ਘਰਵਾਲੀ ਵਾਧਰੇ ਤੋਂ ਹੇਠ ਦੇ ਖਣ ਲੱਗੇ।

'ਆਹ ਪਰਸ ਤੁਹਾਡਾ ਏ?' ਦੇਵ ਨੇ ਪਰਸ ਦਿਖਾਇਆ।

'ਹਾਂ ਜੀ।' ਉਹ ਤੁਰੰਤ ਹੇਠ ਉਤਰਿਆ ਤੇ ਪਰਸ ਖੋਲ੍ਹ ਕੇ ਪੈਸੇ ਗਿਣਨ ਲੱਗਾ। ਉਸ ਨੇ ਦੇਵ ਨੂੰ ਜੱਫੀ ਪਾ ਲਈ ਤੇ ਬੋਲਿਆ, 'ਪ੍ਰੋਫੈਸਰ ਸਾਹਬ, ਧੰਨਵਾਦ ਤੁਹਾਡਾ। ਰਾਤੀਂ ਮੈਂ ਪੌੜੀਆਂ ਚੜ੍ਹਨ ਲੱਗੇ ਨੇ ਆਪਣਾ ਕਮੀਜ਼ ਲਾਹਿਆ ਸੀ। ਪਰਸ ਐਥੇ ਹੀ ਡਿਗ ਪਿਆ।'

'ਘਰ ਆ ਕੇ ਸਭ ਤੋਂ ਪਹਿਲਾਂ ਭੈਣ ਜੀ ਕੋਲ਼ ਪਰਸ ਸੰਭਾਲ਼ ਦਿਆ ਕਰੋ।' ਦੇਵ ਨੇ ਕਿਹਾ।

'ਵੀਰ ਜੀ, ਪਰਸ ਦਾ ਨੀ ਇਹ ਵਿਸਾਹ ਖਾਂਦੇ। ਗਿਣ ਗਿਣ ਰੱਖਣਗੇ ਪੈਸੇ।' ਉਸ ਦੀ ਪਤਨੀ ਬੋਲੀ।

'ਕਾਨਤਾ ਕਿਉਂ ਭੰਡੀ ਕਰਨ ਲੱਗੀ ਏਂ? ਹਾਂ ਸੱਚ ਰਾਤੀਂ ਰਸਤੋਗੀ ਸਾਹਬ ਪੁੱਛ ਰਹੇ ਸੀ, ਤੁਹਾਡੇ ਐਥੇ ਰਹਿਣ ਬਾਰੇ। ਚੁੱਕ ਲਿਆਓ ਸਮਾਨ ਤੁਸੀਂ ਆਪਣਾ।'

ਦੇਵ ਉਸੇ ਦਿਨ ਰਸਤੋਗੀ ਕੋਲ਼ ਸ਼ਿਫਟ ਕਰ ਗਿਆ। ਉਨ੍ਹਾਂ ਨੇ ਰਲ਼ ਮਿਲ ਕੇ ਆਪਣੀ ਰੋਟੀ ਬਣਾਉਣੀ ਸ਼ੁਰੂ ਕਰ ਦਿੱਤੀ। ਰਸੋਈ ਦੇ ਕੰਮ ਵਿਚ ਰਸਤੋਗੀ ਪੂਰਾ ਨਿਪੁੰਨ ਸੀ। ਕੁਝ ਦਿਨ ਲੰਘੇ ਤਾਂ ਲੈਸਨ ਅਬਜ਼ਰਬ ਕਰਨ ਲਈ ਦੇਵ ਦੀ ਡਿਊਟੀ ਆਰੀਆ ਸਕੂਲ ਵਿਚ ਲੱਗ ਗਈ ਤੇ ਰਸਤੋਗੀ ਗਾਂਧੀ ਪਬਲਿਕ ਸਕੂਲ ਵਿਚ ਹੀ ਜਾਂਦਾ ਰਿਹਾ।

**00**

# ਇੱਕ ਸੌ ਪੰਜ

ਹਿਸਾਰ ਦੇ ਵਾਈਨ ਕੰਟਰੈਕਟਰ ਸ਼ਿਵ ਦਿਆਲ ਬਵੇਜਾ ਦੀ ਬਹੁਤ ਹੀ ਖ਼ੂਬਸੂਰਤ ਕੁੜੀ ਸੀ. ਆਰ. ਕਾਲਜ ਵਿਚ ਬੀ. ਐਡ. ਦੀ ਸਟੂਡੈਂਟ ਸੀ। ਜਿੰਨੇ ਵੀ ਕਲਚਰਲ ਪ੍ਰੋਗਰਾਮ ਜਾਂ ਨਾਟਕ ਬਗੈਰਾ ਹੁੰਦੇ ਉਹ ਸਭ ਤੋਂ ਮੂਹਰੇ ਲੱਗੀ ਹੁੰਦੀ। ਉਸ ਦਾ ਨਾਂ ਮੋਹਿਨੀ ਦੇਵੀ ਸੀ ਤੇ ਉਹ ਰਸਤੋਗੀ ਵਾਲ਼ੇ ਸਕੂਲ ਟੀਚਿੰਗ ਪ੍ਰੈਕਟਿਸ ਦੇ ਲੈਸਨ ਦੇਣ ਜਾਂਦੀ ਸੀ। ਦੇਵ ਨੂੰ ਪਹਿਲਾਂ ਹੀ ਪਤਾ ਸੀ ਕਿ ਰਸਤੋਗੀ ਉਸ ਕੁੜੀ ਤੇ ਫਿਦਾ ਸੀ। ਉਹ ਦੇਵ ਨਾਲ਼ ਉਸ ਦੀਆਂ ਗੱਲਾਂ ਕਰਿਆ ਕਰਦਾ ਸੀ ਕਿ ਉਹ ਹਮੇਸ਼ਾ ਮੁਸਕਰਾ ਕੇ ਮਿਲਦੀ ਹੈ, ਬਹੁਤ ਖੁੱਲ੍ਹੇ -ਡੁੱਲ੍ਹੇ ਵਿਚਾਰਾਂ ਦੀ ਹੈ, ਉਸ ਨਾਲ਼ ਪਿਕਚਰ ਦੇਖਣ ਲਈ ਤਿਆਰ ਹੈ। ਪ੍ਰਿੰਸੀਪਲ ਭਾਟੀਆ ਦੀ ਨਸੀਹਤ ਮੁਤਾਬਕ ਦੇਵ ਉਸ ਨੂੰ ਕੁੜੀਆਂ ਕੋਲੋਂ ਦੂਰੀ ਰੱਖਣ ਲਈ ਕਿਹਾ ਕਰਦਾ ਸੀ। ਇਕ ਦਿਨ ਜਦੋਂ ਸਾਰੇ ਸਟੂਡੈਂਟ ਆਪੋ ਆਪਣਾ ਲੈਸਨ ਦੇ ਕੇ ਰਸਤੋਗੀ ਤੋਂ ਕਾਪੀ ਤੇ ਦਸਖ਼ਤ ਕਰਵਾਉਣ ਮਗਰੋਂ ਚਲੇ ਗਏ ਤਾਂ ਮੋਹਿਨੀ ਦੇਵੀ ਸਕੂਲ ਦੇ ਸਟਾਫ਼ਰੂਮ ਵਿਚ ਬੈਠੇ ਰਸਤੋਗੀ ਕੋਲ਼ ਆ ਗਈ ਤੇ ਬੋਲੀ, 'ਸਰ, ਮੇਰਾ ਪੋਰਟਰੇਟ ਬਣਾ ਦੋ।'

'ਬਣਾ ਦਿਆਂਗਾ, ਪਰ ਇਕ ਸ਼ਰਤ ਏ।' ਉਹ ਬੋਲਿਆ।

'ਦੱਸੋ ਸਰ।'

'ਤੇਰੇ ਪੋਰਟਰੇਟ ਦੋ ਬਣਾਵਾਂਗਾ, ਇਕ ਤੇਰੇ ਲਈ, ਦੂਜਾ ਆਪਣੇ ਲਈ।'

'ਉਹ ਕਿਉਂ ਸਰ?'

'ਮੈਂ ਤੈਨੂੰ ਪਿਆਰ ਕਰਦਾ ਹਾਂ ਮੋਹਿਨੀ।' ਰਸਤੋਗੀ ਨੇ ਕਿਹਾ।

'ਪਰ ਸਰ ਮੈਂ ਤਾਂ ਨਹੀਂ ਕਰਦੀ।'

'ਤਾਂ ਰਹਿਣ ਦੇ ਫਿਰ ਨਹੀਂ ਬਣਾਵਾਂਗਾ।'

'ਚਲੋ ਕਰਦੀ ਹਾਂ ਸਰ... ਪਰ ਬਣਾਓਗੇ ਕਿੱਥੇ?'

'ਆਪਣੇ ਘਰ ਬਣਾਵਾਂਗਾ ਹੋਰ ਕਿੱਥੇ।'

'ਉੱਥੇ ਹੋਰ ਕੌਣ ਹੋਵੇਗਾ?'

'ਆਪਾਂ ਦੋਨੋਂ।'

'ਠੀਕ ਏ ਸਰ, ਦੱਸੋ ਕਿੱਥੇ, ਕਦੋਂ ਆਵਾਂ?'

'ਪਰ ਇਕ ਗੱਲ ਏ, ਜਿਵੇਂ ਮੈਂ ਕਹਾਂ, ਤੈਨੂੰ ਪੋਜ਼ ਬਣਾਉਣਾ ਪਵੇਗਾ।'

'ਠੀਕ ਏ ਸਰ, ਜਿਵੇਂ ਕਹੋਗੇ, ਬਣਾ ਦਿਆਂਗੀ।'

ਰਸਤੋਗੀ ਨੇ ਉਸ ਨੂੰ ਕ੍ਰਿਸ਼ਨਾ ਨਗਰ ਵਿਚ ਢੀਂਡਸੇ ਦੇ ਘਰ ਦਾ ਪਤਾ ਤੇ ਟਾਈਮ ਦੇ ਦਿੱਤਾ। ਉਸ ਨੇ ਮੋਹਿਨੀ ਦੇਵੀ ਨੂੰ ਘਰ ਦੀ ਨਿਸ਼ਾਨੀ ਦੱਸੀ ਕਿ ਗਲ਼ੀ ਵੱਲ ਦੇ ਜਿਸ ਕਮਰੇ ਮੂਹਰੇ ਲਾਲ ਕਾਠੀ ਵਾਲ਼ਾ ਸਾਇਕਲ ਖੜ੍ਹਾ ਹੋਵੇਗਾ, ਉਹ ਉਸ ਦਰਵਾਜ਼ੇ ਨੂੰ ਧੱਕ ਕੇ ਅੰਦਰ ਲੰਘ ਆਵੇ। ਦੇਵ ਘਰ ਹੀ ਸੀ। ਰਸਤੋਗੀ ਆ ਕੇ ਉਸ ਨੂੰ ਕਹਿਣ ਲੱਗਾ, 'ਤੂੰ ਯਾਰ ਢਾਈ ਤਿੰਨ ਘੰਟੇ ਲਈ ਕਿਧਰੇ ਖਿਸਕ ਜਾ, ਮੋਹਿਨੀ ਆ ਰਹੀ ਏ।'

'ਐਥੇ ਆ ਰਹੀ ਏ ਮੋਹਿਨੀ? ਪੰਜਾਬੀਆਂ ਦਾ ਪਹਿਲਾਂ ਹੀ ਜਾਟਾਂ ਨਾਲ਼ ਪੰਗਾ ਪੈ ਕੇ ਹਟਿਆ ਏ। ਤੂੰ ਬਚ ਜਾ ਜੇ ਬਚ ਸਕਦਾ ਏਂ।' ਦੇਵ ਨੇ ਕਿਹਾ।

'ਕੁਛ ਨੀ ਹੁੰਦਾ।'

'ਜੇ ਫਸ ਗਿਆ, ਨੌਕਰੀ ਵੀ ਜਾ ਸਕਦੀ ਏ।'

'ਤੂੰ ਘਬਰਾ ਨਾ ਮੈਂ ਇਹ ਸਾਰੇ ਕੰਮ ਸਿੱਖੇ ਹੋਏ ਨੇ।'

ਉਸ ਮਗਰੋਂ ਵਾਪਰਨ ਵਾਲ਼ੀ ਸਾਰੀ ਘਟਨਾ ਦਾ ਵੇਰਵਾ ਉਸ ਨੇ ਦੇਵ ਨੂੰ ਪੰਜਾਬ ਜਾਣ ਵੇਲ਼ੇ ਰੇਲਵੇ ਸਟੇਸ਼ਨ ਤੇ ਬੈਠਿਆਂ ਸੁਣਾਇਆ ਸੀ। ਜਦੋਂ ਮੋਹਿਨੀ ਦੇਵੀ ਕਮਰੇ ਅੰਦਰ ਲੰਘ ਆਈ ਤਾਂ ਉਸ ਨੇ ਗਲ਼ੀ ਵਾਲ਼ਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਰਾਹਦਾਰੀ ਵਿੱਚੋਂ ਜਾ ਕੇ ਆਪਣਾ ਸਾਇਕਲ ਅੰਦਰ ਕਰ ਲਿਆ ਤੇ ਵਿਹੜੇ ਵੱਲ ਖੁੱਲ੍ਹਦਾ ਕਮਰੇ ਦਾ ਦੂਜਾ ਦਰਵਾਜ਼ਾ ਵੀ ਅੰਦਰੋਂ ਬੰਦ ਕਰ ਲਿਆ। ਟਿਊਬ ਲਾਈਟ ਜਗਾ ਲਈ। ਕੁੜੀ ਬੜੀ ਦਲੇ ਰ ਸੀ, ਮੁਸਕਰਾਈ ਗਈ। ਰਸਤੋਗੀ ਨੇ ਬੁਰਸ਼, ਰੰਗ ਅਤੇ ਕੈਨਵਸ ਬਗੈਰਾ ਚੁੱਕ ਲਿਆਂਦੇ ਤੇ ਮੋਹਿਨੀ ਨੂੰ ਇਕ ਸਟੂਲ ਉੱਤੇ ਬੈਠਣ ਲਈ ਕਿਹਾ।

'ਪਹਿਲਾਂ ਮੈਂ ਉਹ ਪੋਰਟਰੇਟ ਬਣਾਵਾਂਗਾ, ਜੋ ਮੈਂ ਰੱਖਣਾ ਹੈ।' ਉਹ ਬੋਲਿਆ।

'ਠੀਕ ਏ ਸਰ।'

'ਚੁੰਨੀ ਲਾਹ ਕੇ ਬੈੱਡ ਤੇ ਰੱਖ ਦੇ।' ਉਹ ਬੋਲਿਆ ਤਾਂ ਮੋਹਿਨੀ ਨੇ ਚੁੰਨੀ ਉਤਾਰ ਦਿੱਤੀ। ਉਹ ਉਸ ਲਾਗੇ ਆ ਗਿਆ ਤੇ ਉਸ ਦੀਆਂ ਦੋਨ੍ਹਾਂ ਗੱਲ੍ਹਾਂ ਤੇ ਹੱਥ ਰੱਖ ਕੇ ਪੋਜ਼ ਬਣਾਉਣ ਲੱਗਾ। ਵਾਲ਼ਾਂ ਦੀਆਂ ਲਿਟਾਂ ਨੂੰ ਥਾਂ ਸਿਰ ਕਰਨ ਲੱਗਾ। ਕੁੜੀ ਦੇ ਸਾਮਣੇ ਬੈਠ ਉਸ ਨੇ ਪੈਂਸਿਲ ਨਾਲ਼ ਲੀਕਾਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ। ਛੇਤੀ ਹੀ ਮੋਹਿਨੀ ਦੇ ਖ਼ੂਬਸੂਰਤ ਚਿਹਰੇ ਦੇ ਨਕਸ਼ ਉੱਘੜ ਆਏ। ਚਿੱਤਰ ਵਿਚ ਉਸ ਦੀਆਂ ਵਾਲ਼ੀਆਂ, ਨੱਕ ਦਾ ਕੋਕਾ ਚਮਕਣ ਲੱਗੇ। ਚਿਹਰੇ ਤੇ ਮੁਸਕਰਾਹਟ ਫੈਲ ਗਈ ਤੇ ਲੰਬੀ ਗਰਦਣ ਨਿਕਲ਼ ਆਈ। ਉਸ ਨੇ ਚਿੱਤਰ ਮੋਹਿਨੀ ਵੱਲ ਨੂੰ ਘੁਮਾ ਕੇ ਦਿਖਾਇਆ ਤਾਂ ਉਹ ਬੋਲੀ, 'ਵਾਹ।'

'ਆਪਣਾ ਕਮੀਜ਼ ਲਾਹ ਦੇ।' ਰਸਤੋਗੀ ਬੋਲਿਆ।

'ਨਹੀਂ, ਕਮੀਜ਼ ਨਹੀਂ ਲਾਹਵਾਂਗੀ ਸਰ.... ਮੈਂ ਕੋਈ ਨਿਊਡ ਥੋੜ੍ਹੀ ਬਣਵਾਉਣਾ ਏ ।'

'ਇਹ ਚਿੱਤਰ ਮੈਂ ਆਪਣੇ ਲਈ ਬਣਾ ਰਿਹਾ ਹਾਂ ਮੋਹਿਨੀ। ਤੂੰ ਕਿਹਾ ਸੀ, ਜਿਵੇ

ਂ ਕਹੋਗੇ ਪੋਜ਼ ਬਣਾਵਾਂਗੀ। ਇਕ ਆਰਟਿਸਟ ਤੋਂ ਕਾਹਦੀ ਸੰਗ? ਕਲਾ ਦੀ ਕਦਰ ਕਰਨੀ ਸਿੱਖ ਮੋਹਿਨੀ।' ਉਹ ਬੋਲਿਆ।

'ਠੀਕ ਏ ਸਰ।' ਮੋਹਿਨੀ ਨੇ ਕਿਹਾ ਤੇ ਕਮੀਜ਼ ਉਤਾਰ ਕੇ ਬੈੱਡ ਉੱਤੇ ਸੁੱਟ ਦਿੱਤਾ ਤੇ ਅੱਖਾਂ ਬੰਦ ਕਰ ਲਈਆਂ।'

'ਉਹ ਵੀ ਉਤਾਰ ਦੇ।'

'ਲਓ ਸਰ।' ਉਸ ਨੇ ਬਰਾ ਵੀ ਲਾਹ ਦਿੱਤਾ।

ਰਸਤੋਗੀ ਚਿੱਤਰ ਬਣਾਉਣ ਵਿਚ ਰੁਝ ਗਿਆ। ਫਿਰ ਉੱਠਿਆ ਤੇ ਉਸ ਨੂੰ ਵੱਖੀਆਂ ਕੋਲ਼ੋਂ ਛੂਹ ਕੇ ਥੋੜ੍ਹਾ ਘੁੰਮਣ ਲਈ ਕਿਹਾ। ਉਹ ਘੁੰਮ ਗਈ।

'ਅੱਖਾਂ ਖੁੱਲੀਆਂ ਰੱਖ ਮੋਹਿਨੀ ਤੇ ਦਰਵਾਜ਼ੇ ਦੀ ਸਰਦਲ ਵੱਲ ਦੇਖ।'

'ਠੀਕ ਏ ਸਰ।'

'ਹੁਣ ਤੇਰੀਆਂ ਪਹਿਲਾਂ ਵਾਲੀਆਂ ਅੱਖਾਂ ਨਹੀਂ ਰਹੀਆਂ। ਮੈਂ ਕੁਝ ਤਬਦੀਲੀ ਕਰਦਾ ਹਾਂ।'

ਰਸਤੋਗੀ ਨੇ ਚਿੱਤਰ ਦੀਆਂ ਅੱਖਾਂ ਵਿਚ ਜਿਵੇਂ ਨਸ਼ਾ ਭਰ ਦਿੱਤਾ। ਉੱਠ ਕੇ ਫਿਰ ਮੋਹਿਨੀ ਕੋਲ਼ ਚਲਾ ਗਿਆ ਤੇ ਬੋਲਿਆ, 'ਸਲਵਾਰ ਲਾਹਦੇ।'

'ਨਹੀਂ ਸਰ..... ਸਲਵਾਰ ਨਹੀਂ ਲਾਹਵਾਂਗੀ। ਮੇਰੇ ਲਈ ਇਹ ਬਹੁਤ ਔਖੀ ਗੱਲ ਏ ।'

'ਲਿਆ ਮੈਂ ਲਾਹ ਦਿੰਦਾ ਹਾਂ।'

'ਨਹੀਂ।' ਮੋਹਿਨੀ ਨੇ ਵਿਰੋਧ ਕੀਤਾ।

ਪਰ ਰਸਤੋਗੀ ਤੇ ਕਾਮ ਦਾ ਭੂਤ ਸਵਾਰ ਹੋ ਚੁੱਕਾ ਸੀ। ਉਸ ਨੇ ਮੋਹਿਨੀ ਨੂੰ ਜੱਫ਼ਾ ਮਾਰ ਖੜੀ ਕਰ ਲਿਆ ਤੇ ਬੈੱਡ ਤੇ ਸੁੱਟ ਲਿਆ। ਤਦੇ ਠਾਹ ਕਰਦੀ ਅਵਾਜ਼ ਆਈ ਤੇ ਗਲ਼ੀ ਵੱਲ ਦੀ ਖਿੜਕੀ ਚੌਪੱਟ ਖੁੱਲ੍ਹ ਗਈ। ਕਾਲਜ ਸਟਾਫ਼ ਦੇ ਪੰਜ ਸਟਾਫ਼ ਮੈਂਬਰ ਮਨਿੰਦਰ, ਫੂਲ ਸਿੰਘ, ਮਨੀ ਰਾਮ, ਸੂਰਜ ਭਾਨ ਅਤੇ ਹਰੀ ਸ਼ੰਕਰ ਖਿੜਕੀ ਦੇ ਸਰੀਏ ਫੜੀ ਅੰਦਰ ਦੇਖ ਰਹੇ ਸਨ।

'ਦਰ ਖੋਲ੍ਹ ਉਇ ਹਰਾਮਜ਼ਾਦਿਆ।' ਕਿਸੇ ਨੇ ਕਿਹਾ।

'ਦਰ ਖੋਲ੍ਹਣ ਤੋਂ ਪਹਿਲਾਂ ਕੁੜੀ ਨੇ ਫਟਾ-ਫਟ ਆਪਣੇ ਕੱਪੜੇ ਪਾ ਲਏ। ਉਸ ਦਾ ਬਰਾ ਬੈੱਡ ਤੇ ਪਿਆ ਰਹਿ ਗਿਆ। ਦਰ ਖੁੱਲ੍ਹਣ ਮਗਰੋਂ ਅੰਦਰ ਵੜਦਿਆਂ ਹੀ ਉਹ ਰਸਤੋਗੀ ਨੂੰ ਧੱਕੇ ਮੁੱਕੇ ਮਾਰਨ ਲੱਗ ਪਏ। ਮੋਹਿਨੀ ਨੂੰ ਤਾਂ ਉਨ੍ਹਾਂ ਨੇ ਉੱਥੋਂ ਭਜਾ ਦਿੱਤਾ ਪਰ ਰਸਤੋਗੀ ਦੀ ਕੁੱਟ ਮਾਰ ਕਰ ਕੇ ਉਸ ਤੋਂ ਜੋ ਵਾਪਰਿਆ ਸੀ, ਇਕ ਕਾਗਜ਼ ਉੱਤੇ ਲਿਖਵਾ ਲਿਆ।

ਜਦੋਂ ਦੇਵ ਵਾਪਸ ਆਇਆ ਤਾਂ ਰਸਤੋਗੀ ਬੈੱਡ ਤੇ ਡਿੱਗਿਆ ਪਿਆ ਸੀ। ਉਸ ਨੇ ਅੱਧ-ਪਚੱਧ ਗੱਲ ਦੱਸੀ ਤੇ ਪੁੱਛਿਆ, 'ਦੇਵ ਯਾਰ ਹੁਣ ਕੀ ਕਰੀਏ?'

'ਚੱਲ ਪ੍ਰਿੰਸੀਪਲ ਭਾਟੀਆ ਨੂੰ ਮਿਲਦੇ ਹਾਂ।'

ਉਹ ਕਾਲਜ ਪਿੱਛੇ ਭਾਟੀਆ ਸਾਹਬ ਦੀ ਰਿਹਾਇਸ਼ ਪਹੁੰਚ ਗਏ। ਦੂਜੇ ਪ੍ਰੋਫੈਸਰ ਉਨ੍ਹਾਂ ਕੋਲ਼ ਪਹਿਲਾਂ ਹੀ ਸ਼ਿਕਾਇਤ ਪੁਜਾ ਗਏ ਸਨ। ਪ੍ਰਿੰਸੀਪਲ ਨੇ ਕਿਹਾ ਕਿ ਮਾਮਲਾ

ਬਹੁਤ ਗੰਭੀਰ ਹੈ, ਉਹ ਇਸ ਵਿਚ ਕੋਈ ਮਦਦ ਨਹੀਂ ਕਰ ਸਕਦਾ। ਜੇ ਗੱਲ ਕੁੜੀ ਦੇ ਪਿਓ ਤੱਕ ਪੁੱਜ ਗਈ ਤਾਂ ਖ਼ੂਨ ਹੋ ਜਾਣਗੇ।

'ਫੇਰ ਸਰ ਹੁਣ ਮੈਂ ਕੀ ਕਰਾਂ?' ਰਸਤੋਗੀ ਬੋਲਿਆ।

'ਕਰਨਾ ਕੀ ਏ, ਅਸਤੀਫ਼ਾ ਲਿਖ ਤੇ ਪੰਜਾਬ ਨੂੰ ਦੌੜ ਜਾ। ਤੇਰਾ ਤਜ਼ਰਬਾ ਸਰਟੀਫਿਕੇਟ ਮੈਂ ਮਗਰੋਂ ਭੇਜ ਦਿਆਂਗਾ।'

ਰਸਤੋਗੀ ਨੂੰ ਉਹੀ ਕੁਝ ਕਰਨਾ ਪਿਆ ਜੋ ਭਾਟੀਆ ਸਾਹਬ ਨੇ ਕਿਹਾ ਸੀ। ਰਸਤੋਗੀ ਅਗਲੀ ਸਵੇਰ ਹੀ ਆਪਣੀ ਟਿੰਡ ਫੌੜ੍ਹੀ ਚੁੱਕ ਕੇ ਪੰਜਾਬ ਚਲਾ ਗਿਆ ਤੇ ਢੀਂਡਸੇ ਵਾਲ਼ੇ ਮਕਾਨ ਦੀ ਚਾਬੀ ਦੇਵ ਨੂੰ ਮਿਲ ਗਈ।

**00**

# ਇੱਕ ਸੌ ਛੇ

ਪ੍ਰੋਫੈਸਰ ਰਸਤੋਗੀ ਵੱਲੋਂ ਅਸਤੀਫਾ ਦੇ ਕੇ ਜਾਣ ਮਗਰੋਂ ਦੇਵ ਲਈ ਉੱਥੇ ਡਰ ਅਤੇ ਤਣਾਅ ਦਾ ਮਾਹੌਲ ਬਣ ਗਿਆ। ਰਸਤੋਗੀ ਨੂੰ ਕਢਵਾਉਣ ਵਾਲੀ ਜੁੰਡਲੀ ਦੀ ਚੜ੍ਹ ਮਚ ਗਈ। ਉਨ੍ਹਾਂ ਦੇ ਗਰੁੱਪ ਦਾ ਹਰ ਬੰਦਾ ਆਪਣੇ ਆਪ ਨੂੰ ਹੀਰੋ ਸਮਝਣ ਲੱਗ ਪਿਆ। ਉਹ ਦੱਬਵੀਂ ਸੁਰ ਵਿਚ ਇਹ ਗੱਲ ਕਰਦੇ ਰਹਿੰਦੇ ਕਿ ਜਬ ਹਰਿਆਣਾ' ਲੱਗ, ਪੰਜਾਬ' ਲੱਗ ਤੋ ਯੇ ਲੋਕ ਹਰਿਆਣਵੀਓਂ ਕਾ ਹੱਕ ਕਿਉਂ ਮਾਰੈ ਸੈ। ਭਗਾਓ ਇਨ ਕੋ, ਜਾਣੈ ਅਪਨੇ ਪੰਜਾਬ ਮਾਂ। ਖੇਤੀਬਾੜੀ ਯੂਨੀਵਰਸਿਟੀ ਵਿਚ ਵੀ ਪੰਜਾਬੀ ਅਤੇ ਹਰਿਆਣਵੀ ਮੁੰਡਿਆਂ ਵਿਚ ਖਹਿਬਾਜ਼ੀ ਸ਼ੁਰੂ ਹੋ ਗਈ ਸੀ। ਇਕ ਦਿਨ ਜਦੋਂ ਦੋਨਾਂ ਧਿਰਾਂ ਵਿਚ ਕਿਰਪਾਨਾਂ ਚੱਲ ਗਈਆਂ ਤਾਂ ਯੂਨੀਵਰਸਿਟੀ ਦਸ ਦਿਨਾਂ ਲਈ ਬੰਦ ਕਰ ਦਿੱਤੀ ਗਈ। ਦੇਵ ਦੇ ਕਾਲਜ ਦੀ ਜੁੰਡਲੀ ਦੇ ਪ੍ਰੋਫੈਸਰ ਉਸ ਤੋਂ ਆਸ ਰੱਖਣ ਲੱਗੇ ਕਿ ਮਿਲਣ ਸਮੇਂ ਦੇਵ ਹੀ ਉਨ੍ਹਾਂ ਨੂੰ ਨਮਸਤੇ ਬੁਲਾਇਆ ਕਰੇ। ਕੁਝ ਦਿਨਾਂ ਵਿਚ ਹੀ ਦੇਵ ਨੂੰ ਸਮਝ ਪੈ ਗਈ ਕਿ ਉਹ ਨਮੱਸਤੇ ਕਹਾਉਣ ਲਈ ਹੀ ਉਸ ਕੋਲ਼ੋਂ ਸਿੱਧਾ ਝਾਕਦੇ ਲੰਘਿਆ ਕਰਦੇ ਸਨ। ਦੇਵ ਨੇ ਉਨ੍ਹਾਂ ਨੂੰ ਬੁਲਾਉਣਾ ਹੀ ਬੰਦ ਕਰ ਦਿੱਤਾ। ਉਹ ਸੋਚਣ ਲੱਗਾ ਕਿ ਨੌਕਰੀ ਕਰੇਗਾ ਤਾਂ ਆਪਣੇ ਸਵੈਮਾਨ ਤੇ ਜ਼ਮੀਰ ਨੂੰ ਕਾਇਮ ਰੱਖ ਕੇ। ਇਕ ਦਿਨ ਇਹੀ ਗੱਲ ਦੇਵ ਨੇ ਪ੍ਰਿੰਸੀਪਲ ਭਾਟੀਆ ਨਾਲ਼ ਸਾਂਝੀ ਕੀਤੀ ਤਾਂ ਉਸ ਨੇ ਉਨ੍ਹਾਂ ਪ੍ਰੋਫੈਸਰਾਂ ਵਿਚ ਚੱਲ ਰਹੀ ਘੁਸਰ-ਮੁਸਰ ਬਾਰੇ ਦੱਸਿਆ। ਉਹ ਉਸ ਉੱਤੇ ਕੋਈ ਨਾ ਕੋਈ ਦੋਸ਼ ਲਾ ਕੇ ਕਿਸੇ ਫਰੈੱਸ਼ ਜਾਟ ਮੁੰਡੇ ਨੂੰ ਉਸਦੀ ਥਾਂ ਨਿਯੁਕਤ ਕਰਵਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਪ੍ਰਧਾਨ ਹਵਾ ਸਿੰਘ ਕੋਲ਼ ਵੀ ਦੇਵ ਦੇ ਵਿਰੁੱਧ ਕਾਫ਼ੀ ਕੁੱਝ ਕਿਹਾ ਸੀ ਕਿ ਉਹ ਕੁੜੀਆਂ ਨੂੰ ਤਾੜਦਾ ਹੈ, ਉਨ੍ਹਾਂ ਦੇ ਘਰੀਂ ਜਾਂਦਾ ਹੈ, ਉਨ੍ਹਾਂ ਨਾਲ਼ ਰਾਤ ਦੇ ਸਿਨੇਮਾ ਸ਼ੋਅ ਦੇਖਣ ਜਾਂਦਾ ਹੈ। ਉਹ ਇਹ ਵੀ ਕਹਿੰਦੇ ਸਨ ਕਿ ਰਸਤੋਗੀ ਵਾਲ਼ੇ ਕੇਸ ਵਿਚ ਇਨ੍ਹਾਂ ਦੋਨਾਂ ਦੀ ਮਿਲੀ ਭੁਗਤ ਸੀ। ਇਨ੍ਹਾਂ ਗੱਲਾਂ ਦਾ ਕੋਈ ਸਬੂਤ ਨਾ ਮਿਲਣ ਕਰਕੇ ਅਤੇ ਪ੍ਰਧਾਨ ਦੀ ਕੋਠੀ ਵਿਚ ਲਗਾਤਾਰ ਤਿੰਨ ਮਹੀਨੇ ਫਰੀ ਵਿਚ ਉਸਦੇ ਪੋਤੇ ਪੋਤੀ ਨੂੰ ਪੰਜਾਬੀ ਪੜ੍ਹਾਉਣ ਕਰਕੇ ਹਵਾ ਸਿੰਘ ਦੇਵ ਨਾਲ਼ ਬੁੱਕਲ ਸਾਂਝੀ ਕਰ ਲਿਆ ਕਰਦਾ ਸੀ ਤੇ ਕਿਸੇ ਵੀ ਤਰ੍ਹਾਂ ਉਸ ਨੂੰ ਕਾਲਜ ਤੋਂ ਹਟਾਉਣ ਦੇ ਹੱਕ ਵਿਚ

ਨਹੀਂ ਸੀ। ਉਸ ਨੇ ਦੇਵ ਨੂੰ ਖ਼ਬਰਦਾਰ ਵੀ ਕੀਤਾ ਸੀ ਕਿ ਉਹ ਇਨ੍ਹਾਂ ਲੋਕਾਂ ਤੋਂ ਬਚ ਕੇ ਰਹੇ, ਆਪਣੇ ਕੰਮ ਤੱਕ ਮਤਲਬ ਰੱਖੇ ਤੇ ਕੁੜੀਆਂ ਵਿਚ ਬਹੁਤਾ ਮਿਕਸਅੱਪ ਨਾ ਹੋਵੇ। ਉਸ ਨੇ ਤਾਂ ਦੇਵ ਨੂੰ ਇਹ ਵਿਸ਼ਵਾਸ਼ ਵੀ ਦੁਆਇਆ ਸੀ ਕਿ ਸੀ. ਐਮ. ਉਸ ਦਾ ਰਿਸ਼ਤੇ ਦਾਰ ਹੈ, ਉਹ ਉਸ ਦੀ ਨਿਯੁਕਤੀ ਕਿਸੇ ਸਰਕਾਰੀ ਕਾਲਜ ਵਿਚ ਕਰਵਾ ਦੇਵੇਗਾ। ਭਾਟੀਆ ਸਾਹਿਬ ਨੇ ਵੀ ਉਸ ਨੂੰ ਖ਼ਬਰਦਾਰ ਰਹਿਣ ਲਈ ਕਿਹਾ ਸੀ। ਉਹ ਉਸ ਨੂੰ ਬਦਨਾਮ ਕਰਨ ਲਈ ਕਿਸੇ ਕੁੜੀ ਦਾ ਸਹਾਰਾ ਵੀ ਲੈ ਸਕਦੇ ਸਨ। ਉਸ ਨੇ ਇਹ ਸੁਝਾਅ ਵੀ ਦਿੱਤਾ ਸੀ ਕਿ ਪੰਜਾਬ ਵਿਚ ਨਿਕਲਦੀਆਂ ਖਾਲੀ ਪੋਸਟਾਂ ਤੇ ਉਹ ਅਪਲਾਈ ਕਰਦਾ ਰਹੇ ਤੇ ਮੌਕਾ ਪਾ ਕੇ ਇੱਥੋਂ ਚਲਾ ਜਾਵੇ।

ਸਟਰੱਕਚਰਲ ਐਪਰੋਚ ਨਾਲ਼ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਤੇ ਵੱਖੋ ਵੱਖ ਵਿਧੀਆਂ ਸਿਖਾਉਣ ਲਈ ਅਮੈਰਿਕਾ ਤੋਂ ਵੀਹ ਦੇ ਕਰੀਬ ਟਰੇਂਡ ਅਧਿਆਪਕ ਇਕੱਲੇ ਹਿਸਾਰ ਜ਼ਿਲ੍ਹੇ ਵਿਚ ਹੀ ਆ ਗਏ ਸਨ। ਸੀ. ਆਰ. ਕਾਲਜ ਆਫ਼ ਐਜੂਕੇਸ਼ਨ ਵਿਚ ਜਿਹੜਾ ਅਧਿਆਪਕ ਆਇਆ, ਉਹ ਸਾਢੇ ਛੇ ਫੁੱਟ ਲੰਬਾ ਤੇ ਰਿਸ਼ਟ-ਪੁਸ਼ਟ ਨੌਜਵਾਨ ਸੀ। ਉਸ ਦਾ ਨਾਂ ਡੇਨੀਅਲ ਆਡਲ ਸੀ। ਥੋੜ੍ਹੇ ਦਿਨਾਂ ਵਿਚ ਹੀ ਉਹ ਦੇਵ ਦਾ ਮਿੱਤਰ ਬਣ ਗਿਆ। ਬਹੁਤ ਹੀ ਨਿੱਘੀ ਤਬੀਅਤ ਦਾ ਮਾਲਕ ਡੇਨੀਅਲ ਜਿਵੇਂ ਦੇਵ ਤੇ ਆਪਣੀ ਜਾਨ ਛਿੜਕਦਾ। ਕਾਲਜ ਵੱਲੋਂ ਉਸ ਨੂੰ ਰਿਹਾਇਸ਼ ਲਈ ਕੋਠੀ, ਸਵਾਰੀ ਲਈ ਨਵਾਂ ਸਾਇਕਲ ਦਿੱਤਾ ਗਿਆ ਸੀ। ਬਾਕੀ ਪ੍ਰੋਫੈਸਰਾਂ ਨਾਲ਼ੋਂ ਉਸ ਦੀ ਤਨਖ਼ਾਹ ਚਾਰ ਗੁਣਾਂ ਸੀ ਤੇ ਅਮੈਰਿਕਾ ਵੱਲੋਂ ਹੀ ਉਸਨੂੰ ਤਨਖਾਹ ਪੈਕੇਜ ਮਿਲਦਾ ਸੀ। ਦੇਵ ਨਾਲ਼ ਉਸ ਦੀ ਦੋਸਤੀ ਹਿੰਦੀ ਫਿਲਮਾਂ ਦੇਖਣ ਨਾਲ਼ ਹੋਈ। ਉਹ ਥਿਏਟਰ ਵਿਚ ਬਕਸ ਦਾ ਟਿਕਟ ਲੈ ਲੈਂਦੇ। ਪਿਕਚਰ ਸ਼ੁਰੂ ਹੁੰਦੀ ਤਾਂ ਦੇਵ ਨਾਲ਼ ਦੀ ਨਾਲ਼ ਡਾਇਲਾਗਾਂ ਦਾ ਅੰਗਰੇਜ਼ੀ ਵਿਚ ਉਲੱਥਾ ਕਰੀ ਜਾਂਦਾ। ਸਾਰੀ ਪਿਕਚਰ ਉਸ ਨੂੰ ਸਮਝ ਆ ਜਾਂਦੀ ਤਾਂ ਉਹ ਬੜਾ ਖੁਸ਼ ਹੁੰਦਾ। ਉਹ ਕਿਸੇ ਨਾ ਕਿਸੇ ਰੈਸਟੋਰੈਂਟ ਵਿਚ ਦੇਵ ਨੂੰ ਲੈ ਜਾਂਦਾ। ਉਹ ਕਿਤੇ ਵੀ ਜਾਂਦੇ, ਖਰਚ ਤਾਂ ਹੁੰਦੀ ਹੀ ਸੀ, ਉਹ ਦੇਵ ਨੂੰ ਪਰਸ ਨਾ ਕੱਢਣ ਦਿੰਦਾ। ਦੇਵ ਦੀ ਸੰਗਤ ਵਿਚ ਹੀ ਉਹ ਮਿਰਚ ਮਸਾਲਿਆਂ ਵਾਲੀਆਂ ਦਾਲਾਂ ਸਬਜ਼ੀਆਂ, ਕਣਕ ਦੇ ਆਟੇ ਦੇ ਫੁਲਕੇ ਜਾਂ ਤੰਦੂਰੀ ਰੋਟੀਆਂ ਖਾਣ ਗਿੱਝ ਗਿਆ ਸੀ। ਦੇ ਵ ਆਪਣੇ ਘਰ ਦੀ ਪਤਲੀ ਹਾਲਤ ਵੀ ਉਸ ਨੂੰ ਦੱਸ ਚੁੱਕਾ ਸੀ। ਉਹ ਦੇਵ ਨੂੰ ਕਹਿੰਦਾ, 'ਸਾਰੀ ਤਨਖਾਹ ਆਪਣੀ ਮਾਂ ਨੂੰ ਭੇਜ ਦਿਆ ਕਰ ਮਿਸਟਰ ਦੇਵ। ਜੋ ਮੇਰੇ ਕੋਲ਼ ਹੈ, ਉਹ ਤੇਰਾ ਵੀ ਹੈ। ਮੈਥੋਂ ਰੁਪਏ ਮੁੱਕਦੇ ਨਹੀਂ। ਇਨ੍ਹਾਂ ਨੂੰ ਮੁਕਾਉਣ ਵਿਚ ਮੇਰਾ ਸਾਥ ਦਿਆ ਕਰ। ਆ ਇਕੱਠੇ ਐਂਜੁਆਏ ਕਰੀਏ।'

ਡੇਨੀਅਲ ਹਿੰਦੀ ਬੋਲਣੀ ਬੜੀ ਛੇਤੀ ਸਿੱਖਿਆ। ਉਹ ਜੋ ਵੀ ਬੋਲਦਾ ਟਿਕਾ ਟਿਕਾ ਕੇ ਬੋਲਦਾ ਤੇ ਬੜਾ ਸ਼ੁੱਧ ਬੋਲਦਾ। ਇਕ ਦਿਨ ਉਹ ਤੇ ਦੇਵ ਲਾਅਨ ਵਿਚ ਕੁਰਸੀਆਂ ਡਾਹੀ ਬੈਠੇ ਸਨ ਕਿ ਬੀ. ਐਡ. ਦੀਆਂ ਕੁਝ ਕੁੜੀਆਂ ਉਨ੍ਹਾਂ ਕੋਲ੍ਹ ਆ ਕੇ ਘਾਹ ਤੇ ਬੈਠ ਗਈਆਂ। ਇਕ ਬੋਲੀ, 'ਡੇਨੀਅਲ ਸਰ, ਤੁਸੀਂ ਮੈਰਿਡ ਹੋ?'

'ਕੀ ਤੇਰੀ ਕੋਈ ਛੋਟੀ ਭੈਣ ਏਂ ਜਿਹੜੀ ਅਨਮੈਰਿਡ ਏ?'

'ਸਰ ਮੈਂ ਵੀ ਅਨਮੈਰਿਡ ਹੀ ਹਾਂ। ਮੇਰੇ ਨਾਲ਼ ਵਿਆਹ ਕਰੋਗੇ?'

'ਮੈਂ ਬਹੁਤ ਵੱਡੇ ਦਿਲ ਵਾਲ਼ਾ ਬੰਦਾ ਹਾਂ ਕੁੜੀਓ.... ਮੈਂ ਤੁਹਾਡੇ ਪੰਜਾਂ ਨਾਲ਼ ਵਿਆਹ ਕਰਵਾ ਸਕਦਾ ਹਾਂ। ਤਿਆਰ ਹੋ? ਬੋਲੋ।'

'ਬੜਾ ਸ਼ੈਤਾਨ ਏ ਇਹ ਬਾਂਦਰ ਮੂੰਹਾਂ।' ਇਕ ਕੁੜੀ ਬੋਲੀ।

'ਬਾਂਦਰ' ਮਤਲਬ 'ਮਾਂਕੀ' .. ਵਾਟ ਸ਼ਤਾਨ? ਕੀ ਤੂੰ ਕਿਸੇ ਬਾਂਦਰ ਨਾਲ਼ ਵਿਆਹ ਕਰਵਾਉਣਾ ਚਾਹੁੰਦੀ ਏਂ?' ਉਹ ਹੱਸਿਆ ਤਾਂ ਕੁੜੀਆਂ ਵੀ ਹੱਸ ਪਈਆਂ।

ਡੇਨੀਅਲ ਨਾਲ਼ ਪਈ ਦੇਵ ਦੀ ਦੋਸਤੀ ਕਰਕੇ ਜੁੰਡਲੀ ਧੜਾ ਦੇਵ ਤੋਂ ਬੜਾ ਖਿਝਦਾ। ਉਹ ਕਹਿੰਦੇ, ਇਹ ਸਰਦਾਰ ਤਾਂ ਉਸ ਨੂੰ ਲੁੱਟ ਕੇ ਖਾ ਜਾਵੇਗਾ। ਉਨ੍ਹਾਂ ਨੇ ਪ੍ਰਿੰਸੀਪਲ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਇਹ ਲੋਕ ਜੋ ਅਮੈਰਿਕਾ ਤੋਂ ਆਏ ਹਨ, ਦੇਸ਼ ਦੀ ਖੁਫ਼ੀਆ ਜਾਣਕਾਰੀ ਲੈਣਾ ਉੱਥੋਂ ਦੀ ਸਰਕਾਰ ਦਾ ਗੁਪਤ ਅਜੰਡਾ ਹੈ ਤੇ ਸਰਦਾਰ ਉਸ ਦੀ ਮਦਦ ਕਰੇਗਾ। ਪ੍ਰਿੰਸੀਪਲ ਨੇ ਦੇਵ ਨੂੰ ਇਸ ਅਜੀਬ ਦੋਸ਼ ਬਾਰੇ ਦੱਸਿਆ। ਇਹ ਵੀ ਕਿਹਾ ਕਿ ਉਹ ਡੇਨੀਅਲ ਨਾਲ਼ ਬਹੁਤਾ ਰਸੂਖ਼ ਨਾ ਵਧਾਵੇ। ਇਹੋ ਜਿਹੇ ਦੋਸ਼ਾਂ ਦੀ ਜਾਂਚ-ਪੜਤਾਲ ਨਹੀਂ ਹੋਇਆ ਕਰਦੀ, ਸ਼ੱਕ ਮੂਜਬ ਹੀ ਧੂਅ-ਘੜੀਸ ਹੋ ਜਾਇਆ ਕਰਦੀ ਹੈ। ਦੇਵ ਨੂੰ ਇਹ ਵਾਹੀਆਤ ਗੱਲ ਤੇ ਬੜਾ ਗੁੱਸਾ ਚੜ੍ਹਿਆ ਤੇ ਉਸ ਨੇ ਇਹ ਗੱਲ ਡੇਨੀਅਲ ਨੂੰ ਦੱਸੀ। ਉਹ ਹੱਸਿਆ ਤੇ ਬੋਲਿਆ, 'ਦੇਵ ਤੂੰ ਮੈਨੂੰ ਆਪਣੇ ਦੇਸ ਦੀ ਗੁਪਤ ਜਾਣਕਾਰੀ ਦਿੰਦਾ ਤਾਂ ਹੈਂ।'

'ਕੀ ਮਤਲਬ?'

'ਲੋਕ ਕੀ ਹਨ, ਕਿਵੇਂ ਰਹਿੰਦੇ ਨੇ। ਗਰੀਬੀ ਕਰਕੇ ਅੱਧੀ ਵਸੋਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਧਾਰਮਿਕ ਜਨੂੰਨ ਕਰਕੇ ਦੰਗੇ ਫਸਾਦ ਹੁੰਦੇ ਨੇ। ਲੀਡਰ ਲੋਕ ਆਮ ਜਨਤਾ ਦਾ ਸੋਸ਼ਣ ਕਰਦੇ ਹਨ। ਅੱਧੇ ਤੋਂ ਵੱਧ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ।' ਉਹ ਬੋਲਿਆ।

ਦੇਵ ਬਿਨਾਂ ਕਿਸੇ ਗੱਲ ਦੀ ਪਰਵਾਹ ਕੀਤਿਆਂ ਡੇਨੀਅਲ ਨਾਲ਼ ਘੁੰਮਦਾ ਰਿਹਾ। ਕੁਝ ਐਸੇ ਸਟਾਫ਼ ਮੈਂਬਰ ਵੀ ਸਨ ਜਿਨ੍ਹਾਂ ਨਾਲ਼ ਦੇਵ ਦੀ ਬੜੀ ਨੇੜਤਾ ਸੀ। ਸਾਰੀਆਂ ਮੈਡਮਾਂ ਦੇਵ ਨੂੰ ਬੜਾ ਚੰਗਾ ਸਮਝਦੀਆਂ ਸਨ। ਕਈ ਤਾਂ ਉਸ ਨੂੰ ਫੂਕ-ਫੂਕ ਕੇ ਕਦਮ ਰੱਖਣ ਦੀ ਸਲਾਹ ਵੀ ਦਿੰਦੀਆਂ। ਕਿਸੇ ਗੱਲ ਦੀ ਭਿਣਕ ਪੈ ਜਾਂਦੀ ਤਾਂ ਉਹ ਤੁਰੰਤ ਦੇਵ ਨੂੰ ਦੱਸ ਦਿੰਦੀਆਂ।

ਲਾਇਬ੍ਰੇਰੀਅਨ ਰਾਵਿੰਦਰ ਸਿੰਘ ਹਿਸਾਰ ਦਾ ਜੰਮਪਲ ਹੋਣ ਕਰਕੇ ਤੇ ਉਸ ਦਾ ਫਾਦਰ ਹਿਸਾਰ ਵਿਚ ਤਹਿਸੀਲਦਾਰ ਲੱਗਾ ਹੋਣ ਕਰਕੇ ਸਟਾਫ਼ ਵਿਚ ਪੂਰੀ ਵੁੱਕਤ ਰੱਖਦਾ ਸੀ। ਉਹੀ ਜਿਹੜੇ ਦੇਵ ਤੋਂ ਨਮੱਸਤੇ ਕਹਾਉਣ ਦੀ ਝਾਕ ਰੱਖਦੇ ਸਨ, ਉਹ ਉਸ ਨੂੰ ਦੂਰੋਂ ਹੀ ਨਮਸਕਾਰ ਕਹਿੰਦੇ ਸਨ। ਦੇਵ ਰਾਵਿੰਦਰ ਕੋਲ਼ੋਂ ਕਿਤਾਬਾਂ ਲੈ ਕੇ ਪੜ੍ਹਦਾ ਰਹਿੰਦਾ। ਇਕ ਦਿਨ ਉਹ ਤੇ ਦੇਵ ਲਾਇਬ੍ਰੇਰੀ' ਚ ਬੈਠੇ ਸਨ ਕਿ ਰਵਿੰਦਰ ਉਸ ਦਾ ਹੱਥ ਫੜ ਕੇ ਹੱਥ ਰੇਖਾਵਾਂ ਪੜ੍ਹਨ ਲੱਗਾ ਤੇ ਬੋਲਿਆ, 'ਦੇਵ ਤੈਨੂੰ ਤਿੰਨ ਗੱਲਾਂ ਦੱਸਦਾ ਹਾਂ।'

'ਮੈਂ ਹੀ ਦੱਸ ਦਿੰਦਾ ਹਾਂ ਤੈਨੂੰ ਤਿੰਨ ਗੱਲਾਂ, ਕਰ ਹੱਥ ਉਰੇ।' ਦੇਵ ਬੋਲਿਆ।

'ਲੈ ਦੱਸ।' ਉਸ ਨੇ ਹਥੇਲ਼ੀ ਦੇਵ ਅੱਗੇ ਕਰ ਦਿੱਤੀ।

'ਡੂੰਘੇ ਪਾਣੀ' ਚ ਨਾ ਵੜੀਂ, ਉੱਚੇ ਦਰੱਖਤ ਤੇ ਨਾ ਚੜ੍ਹੀਂ, ਅੱਗ ਤੋਂ ਦੂਰ ਰਹੀਂ।'

'ਨਹੀਂ ਦੇਵ ਤੂੰ ਮਜ਼ਾਕ ਨਾ ਉਡਾ, ਮੈਂ ਪਿਛਲੇ ਦਸ ਸਾਲਾਂ ਤੋਂ ਪਾਮਿਸਟਰੀ ਦਾ ਅਧਿਐਨ ਕਰ ਰਿਹਾ ਹਾਂ। ਮੇਰੀਆਂ ਬਹੁਤ ਗੱਲਾਂ ਸੱਚ ਹੋਈਆਂ ਨੇ।'

'ਚੰਗਾ ਦੱਸ।' ਦੇਵ ਨੇ ਮੁੜ ਹੱਥ ਉਹਦੇ ਮੂਹਰੇ ਕਰ ਦਿੱਤਾ।

'ਤੇਰੀ ਲਾਈਫ਼ ਲਾਈਨ ਬੜੀ ਲੰਬੀ ਤੇ ਗੂੜ੍ਹੀ ਏ। ਇਸ ਵਿਚ ਕੋਈ ਕੱਟ ਨਹੀਂ। ਇਸ ਦਾ ਮਤਲਬ ਤੂੰ ਸਿਹਤਮੰਦ ਲੰਬੀ ਉਮਰ ਭੋਗਣੀ ਹੈ। ਆਹ ਤੇਰੀ ਹਰਟ ਰੇਖਾ ਸੰਕੇ ਤ ਦਿੰਦੀ ਏ ਕਿ ਜਿਹੜੀਆਂ ਕੁੜੀਆਂ ਤੇਰੀ ਜ਼ਿੰਦਗੀ ਵਿਚ ਆਉਣਗੀਆਂ, ਤੂੰ ਕਿਸੇ ਨਾਲ਼ ਵੀ ਵਫ਼ਾ ਨਹੀਂ ਨਿਭਾਵੇਂਗਾ। ਇਕ ਤਲਾਕਸ਼ੁਦਾ ਔਰਤ ਨਾਲ਼ ਤੇਰਾ ਵਾਹ ਪਵੇਗਾ। ਤੂੰ ਉਸ ਤੋਂ ਬਚ ਕੇ ਰਹੀਂ। ਉਹ ਤੇਰੇ ਨਾਲ਼ ਬੇਬਫ਼ਾਈ ਕਰੇਗੀ ਤੇ ਹੋ ਸਕਦਾ ਏ ਉਹੀ ਔਰਤ ਤੇ ਰੀ ਮੌਤ ਦਾ ਕਾਰਨ ਵੀ ਬਣੇਂ।'

'ਵਾਹ ਨਜੂਮੀ ਜੀ। ਆਹ ਅਟਕਲਪਚੂ ਵਧੀਆ ਮਾਰਿਆ। ਨਾਲ਼ੇ ਕਹਿੰਦਾ ਏਂ ਸਿਹਤਵੰਦ ਲੰਬੀ ਉਮਰ ਭੋਗਣੀ ਏ, ਨਾਲ਼ੇ ਕਹਿੰਦਾ ਏਂ ਔਰਤ ਮੌਤ ਦਾ ਕਾਰਨ ਬਣੇਂਗੀ। ਕਿੰਨੀ ਕੰਟਰਾਡਿਕਸ਼ਨ। ਜੋਤਿਸ਼ ਤੋਂ ਵੱਡਾ ਹੋਰ ਕੋਈ ਫਰਾਡ ਨਹੀਂ।' ਦੇਵ ਨੇ ਹੱਸਦਿਆਂ ਕਿਹਾ।

'ਚੱਲ ਤੂੰ ਮੰਨ ਚਾਹੇ ਨਾ ਮੰਨ, ਇਕ ਹੋਰ ਗੱਲ ਦੱਸਦਾ ਏਂ ਕਿ ਤੂੰ ਵਿਦੇਸ਼ ਵਿਚ ਜ਼ਰੂਰ ਜਾਵੇਂਗਾ ਤੇ ਉੱਥੇ ਕਿਸੇ ਹਬਸ਼ਣ ਨਾਲ਼ ਵਿਆਹ ਕਰਵਾਏਂਗਾ।'

'ਜੇ ਤਲਾਕਸ਼ੁਦਾ ਔਰਤ ਤੋਂ ਬਚਾਂਗਾ ਤਾਂ ਹੀ ਹਬਸ਼ਣ ਨਾਲ਼ ਵਿਆਹ ਕਰਵਾਊਂ।'

'ਮੈਂ ਸੰਭਾਵਨਾ ਦੀ ਗੱਲ ਕਰਦਾ ਏਂ ਦੇਵ... ਆਈ ਮੀਨ ਪਾਸੀਬਿਲਟੀ।'

'ਰਵਿੰਦਰ ਛੱਡ ਯਾਰ ਮੈਨੂੰ ਮਾਫ਼ ਕਰ। ਤੂੰ ਲਾਈਬਲ਼ਰੇਰੀਅਨ ਦੀ ਪੋਸਟ ਤੋ ਅਸਤੀਫਾ ਦੇ ਕੇ ਕਚਹਿਰੀਆ ਲਾਗੇ ਜੋਤਿਸ਼ ਕਾਰਿਆਲਿਆ ਖੋਲ੍ਹ ਲੈ। ਮੂਰਖਾਂ ਦਾ ਦੇਸ਼ ਏ। ਖੂਬ ਖੱਟੀ ਕਰੇਂਗਾ।' ਦੇਵ ਨੇ ਹੱਥ ਪਿੱਛੇ ਖਿੱਚਦਿਆਂ ਕਿਹਾ ।

ਦੇਵ ਨੇ ਪਹਿਲਾਂ ਵੀ ਉਸ ਨੂੰ ਕਈ ਵਾਰੀ ਪਾਮਿਸਟਰੀ ਦੀਆਂ ਕਿਤਾਬਾਂ ਪੜਦੇ। ਦਖਿਆ ਸੀ। ਉਹ ਆਪਣੇ ਬਾਰੇ ਵੀ ਕਾਫੀ ਗੱਲਾਂ ਦੇਵ ਨੂੰ ਦੱਸਿਆ ਕਰਦਾ ਸੀ ਕਿ ਉਹ ਇਕ ਦਿਨ ਆਈ. ਏ. ਐਸ ਅਫਸਰ ਬਣੇਗਾ, ਜਿਸ ਦੀ ਤਿਆਰੀ ਉਸਨੇ ਆਰੰਭੀ ਹੋਈ ਸੀ । ਉਸਦਾ ਵਿਆਹ ਕਿਸੇ ਮੰਤਰੀ ਦੀ ਕੁੜੀ ਨਾਲ਼ ਹੋਵੇਗਾ। ਦੇਵ ਉਸ ਨੂੰ ਇਨ੍ਹਾਂ ਫਜ਼ੂਲ ਬਣੇਂਗਾ ਗੱਲਾਂ ਤੇ ਐਨਰਜੀ ਵੇਸਟ ਨਾ ਕਰਨ ਦੀ ਸਲਾਹ ਦਿੰਦਾ, ਪਰ ਉਹ ਤਾਂ ਇਨ੍ਹਾਂ ਵਿਚ ਬੁਰੀ ਤਰ੍ਹਾਂ ਧੱਸਿਆਂ ਹੋਇਆ ਸੀ। ਰਵਿੰਦਰ ਨੇ ਜਬਰਦਸਤੀ ਹੀ ਦੇਵ ਨੂੰ ਕੈਰੋ ਦੀ ਲਿਖੀ ਪਾਮਿਸਟਰੀ ਦੀ ਕਿਤਾਬ ਦੇ ਦਿੱਤੀ, ਜਿਸ ਵਿਚ ਉਸਨੇ ਅਨੇਕਾਂ ਹੀ ਹੱਥ ਰੇਖਾਵਾਂ ਦਾ ਸਚਿਤਰ ਮੁਤਾਲਿਆ ਕੀਤਾ ਹੋਇਆ ਸੀ। ਉਹ ਕਿਤਾਬ ਘਰ ਲੈ ਗਿਆ। ਉਹ ਸ਼ੁਗਲ ਸ਼ੁਗਲ ਵਿਚ ਕਿਤਾਬ ਖੋਲ ਕੇ ਬੈਠ ਜਾਂਦਾ ਤੇ ਆਪਣੀਆਂ ਹੱਥ ਰਖਾਂਵਾਂ ਪੜ੍ਹਨ ਦੀ ਕੋਸ਼ਿਸ਼ ਕਰਦਾ। ਹੌਲ਼ੀ-ਹੌਲ਼ੀ ਉਸਨੂੰ ਸਾਰੀਆਂ ਰੇਖਾਵਾਂ ਅਤੇ ਮਾਊਂਟਾਂ ਬਗੈਰਾ ਦੀ ਜਾਣਕਾਰੀ ਹੋ ਗਈ। ਉਸ ਦੇ ਅਧਾਰ ਤੇ ਕਿਸੇ ਵੀ ਬੰਦੇ ਨੂੰ ਮੂਰਖ ਬਣਾਇਆ ਜਾ ਸਕਦਾ ਸੀ।

ਇਕ ਦਿਨ ਦੁਪਹਿਰ ਮਗਰੋਂ ਕਾਲਜ ਤੋਂ ਵਾਪਸ ਆ ਕੇ ਦੇਵ ਆਪਣੇ ਕੱਪੜੇ ਖੋਲ੍ਹ

ਦਰਵਾਜ਼ਾ ਬੰਦ ਕਰੀ ਪਲੰਘ ਉਤੇ ਲੇਟਿਆ ਪਿਆ ਸੀ ਕਿ ਦਰਵਾਜੇ ਦੀ ਕੁੰਡੀ ਖੜਕੀ । ਦੇਵ ਨੇ ਕੱਪੜੇ ਪਾਏ ਤੇ ਦਰਵਾਜ਼ਾ ਖੋਲ੍ਹ ਦਿੱਤਾ। ਪੱਚੀ ਤੀਹ ਵਰ੍ਹਿਆਂ ਦਾ ਇਕ ਮੋਨਾ ਬੰਦਾ ਹੱਥ ਵਿਚ ਪੀਪੀ ਲਟਕਾਈ ਬਾਹਰ ਖੜ੍ਹਾ ਸੀ। ਉਸ ਦੇ ਮਗਰ ਇਕ ਕੁੜੀ ਸੀ। ਦੋਨ੍ਹਾਂ ਨੇ ਦੇਵ ਨੂੰ ਨਮਸਤੇ ਕਹੀ। ਦੇਵ ਨੇ ਕੁੜੀ ਵੱਲ ਗਹੁ ਨਾਲ਼ ਦੇਖਿਆ ਤੇ ਸੋਚਣ ਲੱਗਾ ਕਿ ਉਸ ਨੂੰ ਕਿੱਥੇ ਦੇਖਿਆ ਹੈ। ਦੇਵ ਨੇ ਉਨ੍ਹਾਂ ਨੂੰ ਅੰਦਰ ਲੰਘ ਆਉਣ ਲਈ ਕਿਹਾ। ਉਹ ਕੁਰਸੀਆਂ ਤੇ ਬੈਠ ਗਏ।

'ਹੁਕਮ ਕਰੋ ਜੀ ਕਿਵੇਂ ਆਉਣਾ ਹੋਇਆ?' ਦੇਵ ਨੇ ਪੁੱਛਿਆ।

'ਅਰਚਨਾ ਮੇਰੀ ਛੋਟੀ ਭੈਣ ਏਂ ਸਰ। ਤੁਹਾਡੇ ਕੋਲ਼ ਇਹ ਓ. ਟੀ. ਕਰ ਰਹੀ ਏ। ਮ਼ੈ ਵਕੀਲ ਹਾਂ ਤੇ ਹਾਂਸੀ ਕਚਹਿਰੀਆਂ ਵਿਚ ਪਲ਼ੈਕਟਿਸ ਕਰਦਾ ਹਾਂ। ਮੇਰਾ ਨਾਮ ਧਰਮ ਪਾਲ ਹੈ।'

'ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ?' ਦੇਵ ਨੇ ਪੁੱਛਿਆ।

'ਇਹ ਤੁਹਾਡੇ ਲਈ ਹੈ ਜੀ।' ਉਸ ਨੇ ਪੀਪੀ ਦੇਵ ਵੱਲ ਨੂੰ ਖਿਸਕਾ ਦਿੱਤੀ।

'ਇਹ ਕੀ ਏ?'

'ਦੇਸੀ ਘੀ ਏ ਜੀ।'

'ਇਹ ਕਿਉਂ ਲੈ ਆਏ?'

'ਤੁਹਾਡੇ ਕੋਲ਼ ਆਉਣਾ ਸੀ ਸਰ, ਖਾਲੀ ਹੱਥ ਕਿਵੇਂ ਆਓਂਦੇ?'

'ਇਹ ਤਾਂ ਮੈਂ ਲਵਾਂਗਾ ਨਹੀਂ, ਤੁਸੀ ਸੇਵਾ ਦਸੋ।'

'ਸਰ ਸਾਡੀ ਆਪਣੀ ਮਿਲਕ ਡੇਅਰੀ ਏ। ਇਹ ਤਾ ਤੁਹਾਨੂੰ ਲੈਣਾ ਹੀ ਪਵੇਗਾ। ਮੇ ਰੀ ਭੈਣ ਆਖਦੀ ਸੀ ਕਿ ਸਿੱਖਿਆ ਮਨੋਵਿਗਿਆਨ ਇਸ ਨੂੰ ਔਖੀ ਲਗਦੀ ਏ। ਇਹ ਤੁਹਾਡੇ ਕੋਲੋਂ ਕੋਚਿੰਗ ਲੈਣਾ ਚਾਹੁੰਦੀ ਏ। ਦੋ ਤਿੰਨ ਮਹੀਨੇ ਪੜ੍ਹਾ ਦਿਓ ਮਿਹਰਬਾਨੀ ਕਰ ਕੇ । ਫੀਸ ਸਰ ਜੋ ਕਹੋ ਦੇ ਦਿਆਂਗੇ।' ਉਹ ਬੋਲਿਆ।

ਦੇਵ ਸੋਚੀਂ ਪੈ ਗਿਆ । ਉਸਨੇ ਸੋਚਿਆ ਕਿ ਜੁੰਡਲੀ ਵਾਲ਼ਿਆਂ ਨੇ ਉਸਨੂੰ ਫਾਹੁਣ ਵਾਸਤੇ ਕੋਈ ਨਵਾਂ ਜਾਲ਼ ਤਿਆਰ ਕੀਤਾ ਹੋਵੇਗਾ। ਉਹ ਬੋਲਿਆ, 'ਦੇਖੋ ਜੀ ਵਕੀਲ ਸਾਹਬ ਜੀ। ਮੈਂ ਇੱਥੇ ਇਕੱਲਾ ਰਹਿੰਦਾ ਹਾਂ। ਮੇਰੇ ਲਈ ਕਿਸੇ ਕੁੜੀ ਨੂੰ ਟਿਊਸ਼ਨ ਪੜ੍ਹਾਉਣੀ ਸੰਭਵ ਹੀ ਨਹੀਂ। ਹਰਿਆਣਵੀਆਂ ਤੇ ਪੰਜਾਬੀਆਂ ਦਾ ਰੌਲ਼ਾ ਤੁਹਾਨੂੰ ਪਤਾ ਹੀ ਏ। ਉਨ੍ਹਾਂ ਨੂੰ ਤਾਂ ਬਦਨਾਮ ਕਰਨ ਲਈ ਕੋਈ ਨਾ ਕੋਈ ਗੱਲ ਚਾਹੀਦੀ ਏ।'

'ਨਹੀਂ ਸਰ, ਤੁਸੀਂ ਐਥੇ ਥੋੜ੍ਹੀ ਪੜ੍ਹਾਉਣਾ ਏਂ। ਦੋ ਤਿੰਨ ਕਿਲੋਮੀਟਰ ਦੂਰ ਸਾਡੀ ਕੈਂਪ ਵਿਚ ਰਿਹਾਇਸ਼ ਏ। ਸਾਡੀ ਦਾਦੀ ਤੇ ਮੇਰੀਆਂ ਦੋਨੋਂ ਭੈਣਾਂ ਉੱਥੇ ਰਹਿੰਦੀਆਂ ਨੇ। ਅਸੀਂ ਵੀ ਪੰਜਾਬੀ ਹਾਂ ਸਰ। ਤੁਹਾਡੇ ਵੱਲ ਕੋਈ ਉਂਗਲ਼ ਨਹੀਂ ਕਰ ਸਕਦਾ।'

'ਇਹ ਕੈਂਪ ਕੀ ਚੀਜ਼ ਏ? ਤੰਬੂ ਨੇ ਤੁਹਾਡੇ ਉੱਥੇ?' ਦੇਵ ਨੇ ਪੁੱਛਿਆ।

ਉਸ ਨੇ ਦੱਸਿਆ ਕਿ ਕੈਂਪ ਇਕ ਅਜਿਹੀ ਬਸਤੀ ਸੀ ਜਿੱਥੇ ਸੰਨ ਸੰਤਾਲੀ ਵਿਚ ਹੱਲਿਆਂ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਏ ਹਿੰਦੂ ਸਿੱਖ ਸ਼ਰਨਾਰਥੀਆਂ ਦਾ ਟੈਂਟਾਂ ਵਿਚ ਵਸੇਬਾ ਕੀਤਾ ਗਿਆ ਸੀ। ਉਨ੍ਹਾਂ ਦੇ ਵਡਾਰੂਆਂ ਦਾ ਪਰਿਵਾਰ ਵੀ ਪਾਕਿਸਤਾਨੋਂ ਆਇਆ

ਸੀ। ਬਾਅਦ ਵਿਚ ਉਸੇ ਥਾਂ ਉੱਤੇ ਸ਼ਰਨਾਰਥੀਆਂ ਨੂੰ ਤਿੰਨ ਤਿੰਨ ਸੌ ਗਜ਼ ਦੇ ਪਲਾਟ ਅਲਾਟ ਕਰ ਦਿੱਤੇ ਗਏ ਸਨ। ਉੱਥੇ ਹੌਲੀ ਹੌਲੀ ਸਭ ਨੇ ਪੱਕੇ ਮਕਾਨਾਂ ਦੀ ਉਸਾਰੀ ਕਰ ਲਈ।

ਜਿੰਨੀ ਦੇਰ ਵਕੀਲ ਦੱਸਦਾ ਰਿਹਾ, ਦੇਵ ਅਰਚਨਾ ਵੱਲ ਦੇਖਦਾ ਰਿਹਾ। ਸੁਹਣੀਆਂ ਕੁੜੀਆਂ ਨੂੰ ਤਾਂ ਪ੍ਰੋਫੈਸਰ ਜਾਣਦੇ ਹੀ ਹੁੰਦੇ ਹਨ। ਸ਼ਾਇਦ ਉਹ ਐਨੀ ਸੁਹਣੀ ਨਾ ਹੋਣ ਕਰਕੇ ਹੀ ਦੇਵ ਦੇ ਦਿਮਾਗ ਦੇ ਕਿਸੇ ਖਾਨੇ ਵਿਚ ਮੌਜੂਦ ਨਹੀਂ ਸੀ। ਉਸ ਦਾ ਸ਼ਰੀਰ ਕਾਠਾ ਤੇ ਜ਼ਰਾ ਕੁ ਪੱਕੇ ਰੰਗ ਦਾ ਸੀ। ਭਾਰੇ ਚਿਹਰੇ ਵਿਚਲੇ ਨੱਕ ਵਿੱਚ ਕੋਕਾ ਚਮਕ ਰਿਹਾ ਸੀ। ਗੱਲ੍ਹਾਂ ਉੱਠੀਆਂ ਹੋਈਆਂ ਸਨ। ਕੰਨਾਂ ਵਿਚ ਸੋਨੇ ਦੇ ਝੁਮਕੇ ਸਨ। ਉਸ ਦੀ ਮੁਸਕਰਾਹਟ ਅਤੇ ਭੂਰੇ ਰੰਗ ਦੀਆਂ ਅੱਖਾਂ ਵਿਚ ਖਿੱਚ ਸੀ। ਉਸ ਦੀਆਂ ਛਾਤੀਆਂ ਬਹੁਤ ਭਾਰੀਆਂ ਸਨ, ਪਰ ਗਰਦਣ ਜ਼ਰਾ ਛੋਟੀ ਸੀ। ਉਸ ਕੋਲ਼ ਘੰਟਾ ਭਰ ਬੈਠ ਕੇ ਪੜ੍ਹਾਉਣਾ ਤੇ ਗੱਲਾਂ ਮਾਰਨੀਆਂ ਦੇਵ ਨੂੰ ਠੀਕ ਠੀਕ ਲੱਗਿਆਂ।

'ਫੇਰ ਦੱਸੋ ਸਰ ਜੀ।' ਦੇਵ ਨੂੰ ਚੁੱਪ ਬੈਠਾ ਦੇਖ ਧਰਮਪਾਲ ਬੋਲਿਆ।

'ਠੀਕ ਏ ਪੜ੍ਹਾ ਆਇਆ ਕਰਾਂਗਾ।' ਦੇਵ ਨੇ ਕਿਹਾ।

'ਸਰ ਫੀਸ ਦੱਸ ਦਿਓ।'

'ਫੀਸ ਇਕ ਮਹੀਨੇ ਦੀ ਤਾਂ ਆ ਗਈ।'

'ਆ ਕਿਵੇਂ ਗਈ ਸਰ?'

'ਆਹ ਜਿਹੜੀ ਦੇਸੀ ਘੀ ਦੀ ਪੀਪੀ ਲੈ ਕੇ ਆਏ ਹੋ। ਮੁਫ਼ਤ ਵਿਚ ਥੋੜ੍ਹੀ ਰੱਖਾਂਗਾ?'

ਅਗਲੇ ਦਿਨ ਅਰਚਨਾ ਦੇ ਘਰ ਉਹ ਸ਼ਾਮੀਂ ਪੰਜ ਵਜੇ ਪੁੱਜ ਗਿਆ। ਉਸ ਨੇ ਦਰ ਖੋਲ੍ਹਿਆ ਤਾਂ ਦੇਵ ਨੂੰ ਸੈਂਟ ਦੀਆਂ ਲਪਟਾਂ ਆਉਣ ਲੱਗੀਆਂ। ਅਰਚਨਾ ਤਾਂ ਖੂਬ ਸਜ਼ੀ-ਧਜੀ ਬੈਠੀ ਸੀ। ਕੱਲ੍ਹ ਵਾਲ਼ੀ ਅਰਚਨਾ ਤਾਂ ਉਹ ਲਗਦੀ ਹੀ ਨਹੀਂ ਸੀ। ਅੰਦਰ ਵੜਦਿਆਂ ਹੀ ਦੇਵ ਨੇ ਗਰਦਣ ਘੁਮਾ ਕੇ ਘਰ ਦਾ ਜਾਇਜ਼ਾ ਲਿਆ। ਖੱਬੇ ਹੱਥ ਬਾਥਰੂਮ ਅਤੇ ਫਲੱਸ਼ ਬਣੇ ਹੋਏ ਸਨ। ਸੱਜੇ ਪਾਸੇ ਵੱਡੀ ਸਾਰੀ ਰਸੋਈ ਸੀ। ਲੰਬੇ ਬਰਾਂਡੇ ਦੇ ਮਗਰ ਤਿੰਨ ਕਮਰੇ ਸਨ। ਅਰਚਨਾ ਉਸ ਨੂੰ ਸੱਜੇ ਪਾਸੇ ਦੇ ਕਮਰੇ ਵਿਚ ਲੈ ਵੜੀ।

'ਅਰਚਨਾ ਤੇਰੇ ਇਸ ਸੈਂਟ ਨੇ ਮੈਨੂੰ ਜ਼ੁਕਾਮ ਕਰ ਦੇਣਾ ਏਂ।' ਉਹ ਬੋਲਿਆ।

'ਕੀ ਗੱਲ ਸਰ? ਸੈਂਟ ਨਾਲ਼ ਜ਼ੁਕਾਮ?' ਉਹ ਹੱਸੀ

'ਆਹੋ, ਮੈਨੂੰ ਹੋ ਜਾਂਦਾ ਏ। ਦੇਸੀ ਬੰਦਾ ਜੋ ਹੋਇਆ।'

'ਠੀਕ ਏ ਸਰ ਅੱਗੇ ਤੋਂ ਨਹੀਂ ਲਾਵਾਂਗੀ।'

'ਸੈਂਟ ਬੰਦੇ ਦੀ ਆਪਣੀ ਸੁਗੰਧੀ ਨੂੰ ਚੱਟ ਜਾਂਦਾ ਏ।' ਉਸ ਨੇ ਹੌਲ਼ੀ ਦੇਣੇ ਕਿਹਾ ਤਾਂ ਅਰਚਨਾ ਮੁਸਕਰਾਉਣ ਲੱਗ ਪਈ।

ਦੇਵ ਨੇ ਇਹ ਗੱਲ ਸ਼ੁਗਲ ਵਜੋਂ ਹੀ ਆਖ ਦਿੱਤੀ ਸੀ। ਉਸ ਨੇ ਆਪ ਘਰ ਵਿਚ ਸੈਂਟ ਦੀ ਵਧੀਆ ਸ਼ੀਸ਼ੀ ਸੰਭਾਲ਼ ਰੱਖੀ ਸੀ ਤੇ ਵਿਸ਼ੇਸ਼ ਮੌਕਿਆਂ ਤੇ ਆਪਣੇ ਕੱਪੜਿਆਂ ਤੇ ਸੈਂਟ ਛਿੜਕ ਲਿਆ ਕਰਦਾ ਸੀ।

ਦੇਵ ਦਾ ਧਿਆਨ ਕਮਰੇ ਦੇ ਪਿਛਲੇ ਕੋਨੇ ਵੱਲ ਗਿਆ। ਉੱਥੇ ਦੀਵਾਰ ਵਿਚ ਇਕ ਛੋਟਾ ਜਿਹਾ ਮੰਦਰ ਬਣਾਇਆ ਹੋਇਆ ਸੀ ਜਿਸ ਵਿਚ ਪਈ ਜਗਦੰਬੇ ਮਾਤਾ ਦੀ ਮੂਰਤੀ

ਮੂਹਰੇ ਜੋਤ ਜਗ ਰਹੀ ਸੀ ਤੇ ਇਕ ਕੁੜੀ ਹੱਥ ਜੋੜੀ ਉਸ ਦੇ ਮੂਹਰੇ ਬੈਠੀ ਸੀ। ਕੁੜੀ ਦੀ ਦੇਵ ਵੱਲ ਪਿੱਠ ਸੀ।

'ਇਹ ਕੌਣ ਏ'?' ਕੁਰਸੀ ਉੱਤੇ ਬਹਿੰਦਿਆਂ ਦੇਵ ਨੇ ਇਸ਼ਾਰਾ ਕਰ ਕੇ ਅਰਚਨਾ ਤੋਂ ਪੁੱਛਿਆ।

'ਮੇਰੀ ਛੋਟੀ ਭੈਣ ਸਰੋਜ ਏ ਸਰ। ਗਿਆਰਵੀ' ਚ ਪੜ੍ਹਦੀ ਏ। ਦੇਵੀ ਦੀ ਪੱਕੀ ਭਗਤਣੀ ਏਂ। ਜਿੰਨੇ ਘੰਟੇ ਪੜ੍ਹਦੀ ਏ, ਉੰਨੇ ਘੰਟੇ ਦੇਵੀ ਦੀ ਅਰਾਧਨਾ ਕਰਦੀ ਏ।'

ਅਰਚਨਾ ਦੇਵ ਲਈ ਟਰੇਅ' ਚ ਰੱਖ ਕੇ ਪਾਣੀ ਦਾ ਗਿਲਾਸ ਲੈ ਆਈ। ਪਾਣੀ ਪੀ ਕੇ ਉਹ ਬੋਲਿਆ, ' ਅਰਚਨਾ ਮਕਾਨ ਤਾਂ ਤੁਹਾਡਾ ਬੜਾ ਵਧੀਆ ਏ। ਦੂਜੇ ਕਮਰਿਆਂ ਵਿਚ ਕੋਈ ਕਿਰਾਏਦਾਰ ਏ?'

'ਨਹੀਂ ਸਰ, ਸਾਡੇ ਕੋਲ਼ ਹੀ ਨੇ। ਹਾਂਸੀ ਵਿਚ ਸਾਡੀ ਬੜੀ ਵੱਡੀ ਕੋਠੀ ਏ ਸਰ। ਇਹ ਮਕਾਨ ਤਾਂ ਬੰਦ ਹੀ ਰਹਿੰਦਾ ਏ। ਅਸੀਂ ਤਾਂ ਬੱਸ ਪੜ੍ਹਾਈ ਕਰਕੇ ਐਥੇ ਰਹਿੰਦੀਆਂ ਹਾਂ।'

ਤਦੇ ਸਰੋਜ ਟੱਲੀ ਵਜਾਉਣ ਲੱਗ ਪਈ। ਦੇਵ ਦਾ ਧਿਆਨ ਉਸ ਵੱਲ ਚਲਾ ਗਿਆ। ਉਹ ਜਗਦੀ ਜੋਤ ਉੱਤੋਂ ਦੀ ਦੋਨੋਂ ਹੱਥ ਘੁਮਾ ਕੇ ਆਪਣੇ ਮੂੰਹ ਤੇ ਮਲ਼ਣ ਲੱਗੀ। ਫਿਰ ਉੱਠ ਖੜ੍ਹੀ ਹੋਈ ਤੇ ਉਨ੍ਹਾਂ ਵੱਲ ਆ ਗਈ। ਉਹ ਹੱਥ ਜੋੜਦੀ ਬੋਲੀ, 'ਨਮਸਤੇ ਸਰ।'

ਉਹ ਉਨ੍ਹਾਂ ਦੇ ਲਾਗੇ ਹੀ ਪਲੰਘ ਤੇ ਬੈਠ ਗਈ। ਅਰਚਨਾ ਤੋਂ ਬਿਲਕੁਲ ਉਲਟ ਉਸ ਦਾ ਰੰਗ ਬੜਾ ਗੋਰਾ ਸੀ। ਨੈਣ ਨਕਸ਼ ਬੜੇ ਤਿੱਖੇ ਤੇ ਗਰਦਣ ਲੰਬੀ ਸੀ। ਉਹ ਪੂਰੀ ਹੁੰਦੜਹੇਲ ਸੀ ਤੇ ਇੰਝ ਮੁਸਕਰਾ ਰਹੀ ਸੀ ਜਿਵੇਂ ਫੋਟੋ ਖਿਚਵਾਉਣ ਲਈ ਕੈਮਰੇ ਮੂਹਰੇ ਬੈਠੀ ਹੋਵੇ।

'ਕਿਵੇਂ ਚਲਦੀ ਏ ਤੇਰੀ ਪੜ੍ਹਾਈ ਸਰੋਜ?'

'ਠੀਕ ਏ ਸਰ।' ਉਹ ਬੋਲੀ।

'ਚਾਹ ਬਣਾ ਦੇ ਸਰ ਵਾਸਤੇ।' ਅਰਚਨਾ ਨੇ ਕਿਹਾ ਤਾਂ ਉਹ ਉੱਠ ਕੇ ਰਸੋਈ ਵੱਲ ਚਲੀ ਗਈ।

ਅਰਚਨਾ ਨੇ ਪੜ੍ਹਾਈ ਕਰਨ ਲਈ ਕਿਤਾਬ ਖੋਲ੍ਹੀ ਹੀ ਸੀ ਕਿ ਉਸ ਦੀ ਬਿਰਧ ਅਤੇ ਕੁੱਬੀ ਦਾਦੀ ਆਪਣੀ ਸੋਟੀ ਨਾਲ਼ ਟੱਕ ਟੱਕ ਕਰਦੀ ਅੰਦਰ ਵੜੀ ਤੇ ਲੱਕ ਉੱਤੇ ਹੱਥ ਧਰਕੇ ਗੋਲ਼ ਸ਼ੀਸ਼ਿਆਂ ਵਾਲ਼ੀਆਂ ਆਪਣੀਆਂ ਐਨਕਾਂ ਵਿੱਚੋਂ ਉਨ੍ਹਾਂ ਵੱਲ ਦੇਖਣ ਲੱਗੀ। ਦੇਵ ਨੇ ਉੱਠ ਕੇ ਉਸ ਦੇ ਪੈਰ ਛੂਹੇ ਤਾਂ ਉਹ ਉਸਦਾ ਸਿਰ ਪਲ਼ੋਸਦੀ ਬੋਲੀ, 'ਜਿਉਂਦਾ ਰਵ੍ਹੇਂ ਪੁੱਤਾ। ਜੁਆਨੀਆਂ ਮਾਣੇ। ਕੌਣ ਸੋ?'

'ਇਹ ਮਾਸਟਰ ਸਾਹਬ ਨੇ ਅੰਮਾ.. ਮੈਨੂੰ ਪੜ੍ਹਾਉਣ ਘਰ ਆਇਆ ਕਰਨਗੇ।' ਅਰਚਨਾ ਨੇ ਉੱਚੀ ਅਵਾਜ਼ ਵਿਚ ਕਿਹਾ।

'ਡਾਕਟਰ ਸਾਹਬ... ਕਿਉਂ ਆਏ ਨੇ?'

'ਡਾਕਟਰ ਨਹੀਂ ਮਾਸਟਰ... ਪੜ੍ਹਾਉਣ ਵਾਲ਼ੇ ਮਾਸਟਰ। ਰੋਜ਼ ਆਇਆ ਕਰਨਗੇ।'

ਬੁੱਢੀ ਉਨ੍ਹਾਂ ਦੇ ਲਾਗੇ ਪਏ ਪਲੰਘ ਉੱਤੇ ਬੈਠ ਗਈ ਤੇ ਬੋਲੀ, 'ਹੁਣ ਕਾਲਜ ਨਹੀਂ ਜਾਇਆ ਕਰਨਾ? ਐਥੇ ਹੀ ਪੜ੍ਹਿਆ ਕਰੇਂਗੀ?'

'ਉੱਥੇ ਵੀ ਜਾਇਆ ਕਰਨਾ ਏਂ। ਐਥੇ ਵੀ ਪੜ੍ਹਿਆ ਕਰਨਾ ਏਂ।'

ਬੁੱਢੀ ਨੂੰ ਚਾਹੀਦਾ ਸੀ ਕਿ ਹੁਣ ਪੂਰੀ ਜਾਣਕਾਰੀ ਮਿਲ ਗਈ ਸੀ, ਉੱਠ ਕੇ ਬਾਹਰ ਜਾਂਦੀ ਤੇ ਉਨ੍ਹਾਂ ਨੂੰ ਪੜ੍ਹਨ ਪੜ੍ਹਾਉਣ ਦਿੰਦੀ। ਕਿਸੇ ਕਮਰੇ' ਚ ਲੇਟ ਕੇ ਅਰਾਮ ਕਰਦੀ' ਪਰ ਉਹ ਤਾਂ ਸੇੜ੍ਹਾ ਬਣ ਕੇ ਬੈਠ ਉਨ੍ਹਾਂ ਵੱਲ ਘੂਰਦੀ ਰਹੀ। ਅਰਚਨਾ ਨੂੰ ਉਹ ਬਾਲਮਨ ਦੀਆਂ ਗੁੰਝਲਾਂ ਬਾਰੇ ਵਿਸਥਾਰ ਵਿਚ ਸਮਝਾਉਣ ਲੱਗ ਪਿਆ ਤੇ ਨਾਲ਼ ਦੀ ਨਾਲ਼ ਜ਼ਰੂਰੀ ਨੋਟਸ ਲਿਖਣ ਲਹੀ ਵੀ ਕਹਿੰਦਾ ਰਿਹਾ। ਦਸ ਮਿੰਟ, ਪੰਦਰਾਂ ਮਿੰਟ, ਵੀਹ ਮਿੰਟ... ਸਮਾਂ ਬੀਤਦਾ ਗਿਆ ਤੇ ਬੁੱਢੀ ਉਨ੍ਹਾਂ ਵੱਲ ਨੀਝ ਟਿਕਾਈ ਬੈਠੀ ਰਹੀ। ਬਾਰ ਬਾਰ ਦੇਵ ਦਾ ਧਿਆਨ ਉਸ ਵੱਲ ਜਾ ਰਿਹਾ ਸੀ। ਦੇਵ ਨੂੰ ਪਤਾ ਤਾਂ ਲੱਗ ਹੀ ਗਿਆ ਸੀ ਕਿ ਬੁੱਢੀ ਬੋਲ਼ੀ ਹੈ। ਉਸ ਨੇ ਅਰਚਨਾ ਨੂੰ ਕਿਹਾ, 'ਇਹ ਤੇਰੀ ਦਾਦੀ ਆਪਣੇ ਵੱਲ ਅੱਖਾਂ ਫਾੜ ਫਾੜ ਕਿਉਂ ਦੇਖੀ ਜਾ ਰਹੀ ਏ?'

'ਸਰ ਤੁਹਾਨੂੰ ਪਤਾ ਹੀ ਏ, ਮੈਨੂੰ ਕੀ ਪੁੱਛਦੇ ਹੋ?'

'ਮੈਨੂੰ ਕੀ ਪਤਾ, ਤੂੰ ਦੱਸ।'

'ਸਰ ਉਹਦਾ ਮਤਲਬ ਏ। ਅਸੀਂ ਸਿਰਫ਼ ਪੜ੍ਹਾਈ ਹੀ ਕਰੀਏ। ਐਧਰ-ਉਧਰ ਦੀ ਕੋਈ ਗੱਲ ਨਾ ਕਰੀਏ।'

'ਇਹਦਾ ਮਤਲਬ ਇਹ ਸੀ. ਆਈ. ਡੀ. ਕਰ ਰਹੀ ਏ। ਇਹ ਰੋਜ਼ ਇਸੇ ਤਰ੍ਹਾਂ ਬੈਠਿਆ ਕਰੇਗੀ?'

'ਉਹ ਤਾਂ ਬੈਠੇਗੀ ਹੀ ਸਰ।'

'ਚੰਗਾ ਫੇਰ ਮੈਂ ਚਲਦਾ ਏਂ। ਮੈਂ ਨਹੀਂ ਆਇਆ ਕਰਨਾ।'

'ਨਹੀਂ ਸਰ, ਤੁਸੀਂ ਬੈਠੋ। ਮੈਂ ਇਸ ਨੂੰ ਦੂਜੇ ਕਮਰੇ ਵਿਚ ਛੱਡ ਕੇ ਆਉਂਦੀ ਹਾਂ।'

ਆਪਣੀ ਦਾਦੀ ਨੂੰ ਉਠਾਲ਼ ਅਰਚਨਾ ਬਾਹਰ ਲੈ ਗਈ। ਕੁਝ ਦੇਰ ਮਗਰੋਂ ਉਹ ਮੁੜੀ ਤਾਂ ਦੇਵ ਨੇ ਹੱਸ ਕੇ ਕਿਹਾ, 'ਸਰੋਜ ਕਿੱਥੇ ਗਈ? ਉਸ ਨੂੰ ਤਾਂ ਤੂੰ ਚਾਹ ਬਣਾਉਣ ਭੇਜਿਆ ਸੀ।'

'ਸਰ ਉਹ ਆਲੂ, ਬੇਸਣ ਬਗੈਰਾ ਲੈਣ ਮਾਰਕੀਟ ਗਈ ਏ।'

'ਚਾਹ ਵਿਚ ਆਲੂ ਬੇਸਣ ਵੀ ਪਾਉਣੇ ਨੇ?' ਦੇਵ ਹੱਸਿਆ।

'ਸਰ ਤੁਹਾਡੇ ਲਈ ਪਕੌੜੇ ਬਣਾਉਣੇ ਨੇ।'

ਉਹ ਮੁੜ ਪੜ੍ਹਨ ਲੱਗੇ ਤਾਂ ਦੇਵ ਨੇ ਕਿਹਾ, 'ਦਾਦੀ ਨੂੰ ਤੇਰੀ ਰਾਖੀ ਕਰਨ ਲਈ ਤੇ ਰੇ ਵਕੀਲ ਭਾਈ ਨੇ ਕਿਹਾ ਹੋਵੇਗਾ।

'ਨਹੀਂ ਸਰ..... ਦਾਦੀ ਦੀ ਹੀ ਮਾੜੀ ਆਦਤ ਏ।' ਅਰਚਨਾ ਨੇ ਦੱਸਿਆ।

**00**

# ਇਕ ਸੌ ਸੱਤ

ਕੈਂਪ ਜਾ ਕੇ ਅਰਚਨਾ ਨੂੰ ਪੜ੍ਹਾਉਣ੍ਹਾ ਦੇਵ ਨੂੰ ਚੰਗਾ ਚੰਗਾ ਲੱਗਣ ਲੱਗ ਪਿਆ। ਦਿਲੋਂ ਐਨੀ ਸੁਹਣੀ ਕੁੜੀ ਦੇਵ ਨੇ ਸ਼ਾਇਦ ਪਹਿਲਾਂ ਕੋਈ ਨਹੀਂ ਸੀ ਦੇਖੀ। ਦੇਖੀ ਵੀ ਹੋਵੇਗੀ ਤਾਂ

ਸ਼ਾਇਦ ਉਹ ਹੁਣ ਭੁੱਲ ਭੁਲਾ ਗਿਆ ਸੀ। ਅਰਚਨਾ ਦੇਵ ਨਾਲ਼ ਖ਼ੂਬ ਗੱਲਾਂ ਮਾਰਦੀ। ਸਰੋਜ ਤਾਂ ਉਨ੍ਹਾਂ ਕੋਲ਼ ਬਹੁਤ ਘੱਟ ਆਉਂਦੀ। ਭਜਨ-ਪਾਠ ਤੋਂ ਬਿਨਾਂ ਸ਼ਾਇਦ ਉਸ ਨੂੰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਦੇਵ ਨੂੰ ਘਰ ਮੁੜਨ ਦੀ ਤਾਂ ਕੋਈ ਕਾਹਲ ਨਹੀਂ ਸੀ ਹੁੰਦੀ। ਉਹ ਦੋਨੋਂ ਉਸ ਲਈ ਕਦੀ ਕੁਝ ਤੇ ਕਦੀ ਕੁਝ ਬਣਾਉਂਦੀਆਂ ਹੀ ਰਹਿੰਦੀਆਂ। ਇਕ ਦਿਨ ਅਰਚਨਾ ਉਸ ਨੂੰ ਪੁੱਛਣ ਲੱਗੀ, 'ਸਰ ਤੁਸੀਂ ਸੱਚ ਸੱਚ ਦੱਸਿਓ, ਓ. ਟੀ. ਵਾਲ਼ੀ ਬੀਰਇੰਦਰ ਨਾਲ਼ ਤੁਹਾਡੀ ਕੋਈ ਗੱਲ ਏ?'

'ਤੈਨੂੰ ਕੌਣ ਕਹਿੰਦਾ ਏ? ਅਜਿਹੀ ਤਾਂ ਕੋਈ ਗੱਲ ਨਹੀਂ।'

'ਸਰ ਕੁੜੀਆਂ ਕਹਿੰਦੀਆਂ ਸੀ ਕਿ ਉਸ ਨੇ ਤੁਹਾਨੂੰ ਚਾਬੀਆਂ ਪਾਉਣ ਵਾਲ਼ਾ ਛੱਲਾ ਦਿੱਤਾ ਏ।'

'ਹਾਂ ਉਨ੍ਹਾਂ ਦੀ ਦੁਕਾਨ ਏ। ਇਕ ਛੱਲਾ ਮੈਨੂੰ ਦੇ ਗਈ। ਦਿਲ ਤਾਂ ਨੀ ਦਿੱਤਾ?'

'ਸਰ ਦਿਲ ਦਿੰਦੀ ਤਾਂ ਲੈ ਲੈਂਦੇ?'

'ਜਿਹੜੀ ਕੁੜੀ ਆਪ ਹੀ ਕਿਸੇ ਮੂਹਰੇ ਦਿਲ ਕੱਢ ਕੇ ਰੱਖ ਦੇਵੇ, ਇਹਦਾ ਮਤਲਬ ਉਹ ਕੁੜੀ ਠੀਕ ਨਹੀਂ ਹੁੰਦੀ। ਦਿਲ ਤਾਂ ਕੋਈ ਮੰਗੇ, ਵਾਰ ਵਾਰ ਮੰਗੇ ਤਾਂ ਵੀ ਚੰਗੀ ਕੁੜੀ ਨਹੀਂ ਮੰਨਦੀ ਹੁੰਦੀ।'

'ਸਰ ਜੇ ਮੈਂ ਤੁਹਾਨੂੰ ਬਿਨਾਂ ਮੰਗੇ ਦਿਲ ਦੇ ਦਿਆਂ ਤਾਂ ਇਹਦਾ ਮਤਲਬ ਮੈਂ ਚੰਗੀ ਕੁੜੀ ਨ੍ਹੀ ਹੋਵਾਂਗੀ?'

ਦੇਵ ਨੇ ਆਪਣੇ ਹੱਥ ਨਾਲ਼ ਅਰਚਨਾ ਦੀਆਂ ਦੋਨੋਂ ਗੱਲ੍ਹਾਂ ਘੁੱਟੀਆਂ, ਫਿਰ ਗਰਦਣ ਉੱਤੋਂ ਬਾਂਹ ਵਲਾ ਕੇ ਆਪਣੇ ਵੱਲ ਨੂੰ ਖਿੱਚ ਕੇ ਉਸ ਨੂੰ ਚੁੰਮ ਲਿਆ ਤੇ ਬੋਲਿਆ, 'ਯੂ ਆਰ ਵੈਰੀ ਸਵੀਟ ਗਰਲ।'

ਉਹ ਅੱਖਾਂ ਬੰਦ ਕਰ ਕੇ ਕਾਫ਼ੀ ਦੇਰ ਮੁਸਕਰਾਉਂਦੀ ਰਹੀ।

ਐਤਵਾਰ ਦਾ ਦਿਨ ਸੀ। ਉਸ ਸ਼ਾਮ ਉਸ ਦਾ ਤੇ ਡੇਨੀਅਲ ਦਾ ਪਿਕਚਰ ਦੇਖਣ ਦਾ ਪ੍ਰੋਗਰਾਮ ਸੀ, ਇਸ ਲਈ ਉਹ ਸਵੇਰੇ ਹੀ ਅਰਚਨਾ ਨੂੰ ਪੜ੍ਹਾਉਣ ਚਲਾ ਗਿਆ। ਉਹ ਉੱਥੇ ਪੁੱਜਾ ਤਾਂ ਸਰੋਜ ਇਕੱਲੀ ਘਰ ਸੀ। ਉਸ ਨੇ ਦੱਸਿਆ ਕਿ ਅਰਚਨਾ ਹੁਣੇ ਹੀ ਉਸ ਦੀ ਦਾਦੀ ਨੂੰ ਲੈ ਕੇ ਹਾਂਸੀ ਚਲੀ ਗਈ ਸੀ, ਜਿਸ ਨੂੰ ਰਾਤ ਕਾਫ਼ੀ ਬੁਖ਼ਾਰ ਚੜ੍ਹ ਗਿਆ ਸੀ। ਉਸ ਨੂੰ ਹਾਂਸੀ ਛੱਡ ਕੇ ਉਹ ਸ਼ਾਮ ਤੱਕ ਵਾਪਸ ਆਵੇਗੀ। ਦੇਵ ਬਰਾਂਡੇ ਵਿਚ ਪਈ ਕੁਰਸੀ ਤੇ ਬੈਠ ਗਿਆ। ਬਾਹਰ ਵਾਲ਼ੇ ਦਰ ਦੀ ਕੁੰਡੀ ਬੰਦ ਕਰ ਕੇ ਸਰੋਜ ਦੇਵ ਕੋਲ਼ ਆ ਗਈ।

'ਕੀ ਹਾਲ ਏ ਤੇਰਾ ਸਰੋਜ?' ਦੇਵ ਨੇ ਅੱਖਾਂ' ਚ ਪਿਆਰ ਭਰਕੇ ਪੁੱਛਿਆ।

'ਠੀਕ ਏ ਸਰ, ਤੁਸੀਂ ਆਪਣਾ ਸੁਣਾਓ।'

'ਅੱਜ ਵੱਟ ਬੜਾ ਪੈ ਗਿਆ ਏ। ਮੀਂਹ ਆਊ।'

'ਚੰਗਾ ਹੀ ਏ ਸਰ ਜੇ ਮੀਂਹ ਪੈ ਜਾਵੇ। ਗਰਮੀ ਨੇ ਵੱਟ ਕੱਢੇ ਪਏ ਨੇ।'

'ਕੁਰਸੀ ਖਿੱਚ ਲੈ ਸਰੋਜ। ਤੂੰ ਤਾਂ ਮੇਰੇ ਕੋਲ਼ ਕਦੀ ਬੈਠਦੀ ਹੀ ਨਹੀਂ। ਲਿਆ ਬੁੱਕ, ਦੇਖੀਏ ਤੈਨੂੰ ਕਿੰਨੀ ਕੁ ਅੰਗਰੇਜ਼ੀ ਆਉਂਦੀ ਏ।' ਦੇਵ ਨੇ ਕਿਹਾ।

'ਮੈਂ ਐਤਵਾਰ ਨੂੰ ਨ੍ਹੀ ਪੜ੍ਹਦੀ ਹੁੰਦੀ ਸਰ।'

'ਚੱਲ ਫੇਰ ਬੈਠ ਤਾਂ ਜਾ... ਗੱਲਾਂ ਹੀ ਮਾਰ ਲੈਂਦੇ ਹਾਂ।'

'ਮੈਂ ਚਾਹ ਬਣਾਉਂਦੀ ਹਾਂ ਸਰ ਤੁਹਾਡੇ ਲਈ।' ਕਹਿ ਕੇ ਉਹ ਰਸੋਈ ਵਿਚ ਜਾ ਵੜੀ। ਦੇਵ ਵੀ ਉੱਠ ਕੇ ਰਸੋਈ ਵਿਚ ਜਾ ਵੜਿਆ ਤੇ ਬੋਲਿਆ, 'ਸਰੋਜ ਪਾਣੀ ਦਾ ਗਿਲਾਸ ਤਾਂ ਦੇ।'

'ਉਸ ਨੇ ਘੜੇ' ਚੋਂ ਪਾਣੀ ਦਾ ਗਿਲਾਸ ਭਰ ਕੇ ਦੇਵ ਵੱਲ ਵਧਾ ਦਿੱਤਾ। ਗਿਲਾਸ ਫੜਨ ਲੱਗਿਆਂ ਦੇਵ ਨੇ ਉਸ ਦੀਆਂ ਉਂਗਲਾਂ ਨੂੰ ਦਬਾਇਆ ਤੇ ਕਿਹਾ, 'ਤੇਰੇ ਹੱਥ ਬੜੇ ਠੰਡੇ ਪਏ ਨੇ ਸਰੋਜ।'

'ਉਸ ਨੇ ਹੋਰ ਹੀ ਤਰ੍ਹਾਂ ਅੱਖਾਂ ਕਰ ਕੇ ਦੇਵ ਵੱਲ ਦੇਖਿਆ, ਪਰ ਬੋਲੀ ਕੁਝ ਨਾ। ਪਾਣੀ ਪੀ ਕੇ ਦੇਵ ਨੇ ਗਿਲਾਸ ਸਟੋਵ ਲਾਗੇ ਰੱਖ ਦਿੱਤਾ ਤੇ ਕਿਹਾ, 'ਸਰੋਜ ਕੈਂਪ ਦਾ ਪਾਣੀ ਬੜਾ ਮਿੱਠਾ ਏ, ਕ੍ਰਿਸ਼ਨਾ ਨਗਰ ਦਾ ਤਾਂ ਖਾਰਾ ਪਿਆ ਏ।'

'ਐਥੋਂ ਲੈ ਜਾਇਆ ਕਰੋ ਸਰ ਪੀਣ ਲਈ।' ਉਹ ਹੱਸੀ।

'ਕੀ ਕੀ ਲੈਕੇ ਜਾਵਾਂਗਾ ਐਥੋਂ? ਉੱਥੇ ਤਾਂ ਬੰਦੇ ਵੀ ਵਧੀਆ ਨਹੀਂ।'

'ਐਥੇ ਕੌਣ ਵਧੀਆ ਏ ਸਰ?'

'ਤੂੰ ਬਹੁਤ ਵਧੀਆ ਏਂ ਸਰੋਜ। ਤੇਰੇ ਵਰਗੀਆਂ ਸੁਹਣੀਆਂ ਅੱਖਾਂ, ਨੱਕ, ਬੁੱਲ੍ਹ, ਗੱਲ੍ਹਾਂ ਤਾਂ ਸਾਡੇ ਕਾਲਜ ਵਿਚ ਵੀ ਕਿਸੇ ਕੁੜੀ ਦੀਆਂ ਨਹੀਂ। ਜੀਅ ਕਰਦਾ ਏ ਤੈਨੂੰ ਕ੍ਰਿਸ਼ਨਾ ਨਗਰ ਹੀ ਲੈ ਜਾਵਾਂ।'

'ਹਟੋ ਗੰਦੇ... ਜਾ ਕੇ ਬਰਾਂਡੇ ਵਿਚ ਬੈਠੋ।'

'ਤੂੰ ਮੇਰੀ ਗੱਲ ਦਾ ਬੁਰਾ ਮਨਾ ਗਈ ਸਰੋਜ?' ਦੇਵ ਨੇ ਪੁੱਛਿਆ। ਉਹ ਚੁੱਪ ਰਹੀ, ਕੋਈ ਉੱਤਰ ਨਾ ਦਿੱਤਾ। ਦੇਵ ਖੜ੍ਹਾ ਰਿਹਾ ਤੇ ਉਸ ਵੱਲ ਦੇਖਦਾ ਰਿਹਾ। ਉਹ ਫਿਰ ਬੋਲੀ, 'ਤੁਸੀਂ ਜਾ ਕੇ ਬਰਾਂਡੇ' ਚ ਬੈਠੋ ਸਰ, ਮੈਂ ਚਾਹ ਲਿਆਉਂਦੀ ਹਾਂ।'

ਦੇਵ ਬਰਾਂਡੇ ਵਿਚ ਜਾ ਬੈਠਾ। ਉਹ ਕੇਵਲ ਇਕ ਕੱਪ ਚਾਹ ਦਾ ਲੈ ਕੇ ਆਈ।

'ਤੂੰ ਨਹੀਂ ਪੀਣੀ?'

'ਨਾ ਜੀ, ਮੈਂ ਚਾਹ ਨੀ ਪੀਂਦੀ।'

'ਦੁੱਧ ਪੀਂਦੀ ਏਂ?'

'ਨਾ ਜੀ, ਮੈਂ ਦੁੱਧ ਨੀ ਪੀਂਦੀ।' ਉਹ ਬੋਲੀ।

'ਫੇਰ ਤੂੰ ਪੀਂਦੀ ਕੀ ਏਂ?' ਦੇਵ ਨੇ ਪੁੱਛਿਆ।

'ਪਾਣੀ।'

'ਚੰਗਾ ਇਕ ਕੁਰਸੀ ਤਾਂ ਲੈ ਆ।'

ਉਹ ਅੰਦਰੋਂ ਕੁਰਸੀ ਚੁੱਕ ਲਿਆਈ ਤੇ ਦੇਵ ਕੋਲ਼ ਡਾਹ ਕੇ ਬੈਠ ਗਈ। ਦੇਵ ਨੇ ਗੁਰਗਾਬੀ ਲਾਹ ਕੇ ਆਪਣੇ ਪੈਰ ਸਟੂਲ ਤੇ ਰੱਖ ਲਏ।

'ਸਰ, ਇਕ ਜ਼ੁਰਾਬ ਹਰੀ, ਇਕ ਨੀਲੀ... ਇਹ ਕੀ?' ਉਹ ਹੱਸੀ।

'ਇਹਦੇ ਨਾਲ਼ ਦਾ ਇਕ ਜੋੜਾ ਹੋਰ ਵੀ ਹੈਗਾ ਏ ਮੇਰੇ ਕੋਲ਼।' ਉਹ ਵੀ ਹੱਸਿਆ।

'ਅਰਚਨਾ ਕੀ ਕਹਿ ਗਈ ਸੀ ਵਾਪਸ ਆਉਣ ਵਾਸਤੇ?' ਦੇਵ ਨੇ ਪੁੱਛਿਆ।

'ਦਾਦੀ ਨੂੰ ਛੱਡ ਕੇ ਉਸ ਨੇ ਵਾਪਸ ਆ ਜਾਣਾ ਏ'।' ਆਉਣ ਵਾਲੀ ਹੋਊ।

'ਜੇ ਉਹ ਨਾ ਆਈ?'

'ਨਹੀਂ ਸਰ ਆ ਜਾਣਾ ਏਂ। ਉਹ ਕਹਿ ਕੇ ਗਈ ਏ।'

'ਫੇਰ ਵੀ ਜੇ ਉਹ ਨਾ ਆਈ ਤਾਂ ਮੈਂ ਰਾਤ ਨੂੰ ਤੇਰੇ ਕੋਲ਼ ਰਹਿ ਜਾਵਾਂਗਾ।'

'ਤੁਸੀਂ ਰਹਿ ਕੇ ਕੀ ਕਰਨਾ ਏਂ?'

'ਪਿਆਰ।'

'ਗੰਦੇ.... ਬੇ ਸ਼ਰਮ।' ਕਹਿਕੇ ਉਹ ਉੱਠ ਕੇ ਚਲੀ ਗਈ।

ਪਲ ਕੁ ਮਗਰੋਂ ਦੇਵ ਨੂੰ ਇਉਂ ਲੱਗਾ ਜਿਵੇਂ ਉਸ ਦੇ ਸਿਰ ਉੱਤੇ ਬੱਦਲ ਫਟ ਗਿਆ ਹੋਵੇ। ਸਰੋਜ ਨੇ ਪਾਣੀ ਨਾਲ਼ ਭਰੀ ਲੋਹੇ ਦੀ ਬਾਲਟੀ ਉਸ ਦੇ ਸਿਰ ਵਿਚ ਉਲੱਦ ਦਿੱਤੀ ਤੇ ਬੋਲੀ, 'ਆਹ ਲਓ ਤੁਹਾਨੂੰ ਮਜ਼ਾ ਚਖ਼ਾਵਾਂ ਪਿਆਰ ਦਾ।'

ਦੇਵ ਦੀ ਪਗੜੀ, ਕਮੀਜ਼, ਪੈਂਟ ਸਭ ਬੁਰੀ ਤਰ੍ਹਾਂ ਭਿੱਜ ਗਏ। ਬਨੈਣ ਅਤੇ ਕੱਛੇ ਤੱਕ ਪਾਣੀ ਜਾ ਵੜਿਆ। ਉਹ ਬਿਫ਼ਰੀ ਖੜ੍ਹੀ ਸਰੋਜ ਵੱਲ ਦੇਖਣ ਲੱਗਾ। ਇੰਨ੍ਹ-ਬਿੰਨ੍ਹ ਜਿਵੇਂ ਮੰਦਰ ਦੀ ਮੂਰਤੀ ਹੋਵੇ। ਉਹ ਤਾਂ ਅੱਖਾਂ ਵੀ ਨਹੀਂ ਸੀ ਝਮਕ ਰਹੀ।

'ਇਹ ਤੂੰ ਬੜੀ ਵਧੀਕੀ ਕੀਤੀ ਸਰੋਜ ਮੇਰੇ ਨਾਲ਼।' ਉਹ ਬੋਲਿਆ।

'ਵਧੀਕੀ ਤਾਂ ਤੁਸੀਂ ਮੇਰੇ ਨਾਲ਼ ਕਰ ਰਹੇ ਸੀ ਸਰ।'

'ਚੱਲ ਤੂੰ ਸੌਰੀ ਕਹਿਦੇ, ਮੈਂ ਮਾਫ਼ ਕਰ ਦਿਆਂਗਾ।'

'ਸੌਰੀ ਮੈਂ ਕਹਾਂ? ਕਿਉਂ ਕਹਾਂ ਮੈਂ ਸੌਰੀ? ਅਰਚਨਾ ਆ ਜਾਵੇ। ਸਭ ਦੱਸਾਂਗੀ ਉਸਨੂੰ।' ਕਹਿਕੇ ਉਹ ਕਮਰੇ' ਚ ਜਾ ਵੜੀ।

ਗਿੱਲੀ ਹੋਣ ਕਰਕੇ ਦੇਵ ਦੀ ਪਗੜੀ ਮੱਥੇ ਉੱਤੇ ਢਿਲ਼ਕ ਆਈ ਸੀ। ਉਸ ਨੇ ਪਗੜੀ ਲਾਹ ਕੇ ਖੋਲ੍ਹੀ, ਪਿੰਨ ਕੱਢੇ ਤੇ ਨਿਚੋੜ ਕੇ ਤਾਰ ਉੱਤੇ ਫੈਲਾ ਦਿੱਤੀ। ਫਿਰ ਪੈਂਟ, ਕਮੀਜ਼ ਤੇ ਬਨੈਣ ਲਾਹ ਕੇ ਨਿਚੋੜੇ ਤੇ ਤਾਰ ਉੱਤੇ ਪਾ ਦਿੱਤੇ। ਇਕੱਲਾ ਕੱਛਾ ਪਾਈ ਉਹ ਕਮਰੇ ਅੰਦਰ ਜਾ ਵੜਿਆ। ਸਰੋਜ ਪਲੰਘ ਉੱਤੇ ਮੂੰਧੀ ਪਈ ਰੋ ਰਹੀ ਸੀ। ਦੇਵ ਨੇ ਬਾਹੀ ਉੱਤੇ ਬੈਠ ਕੇ ਉਸ ਦੇ ਮੋਢੇ ਨੂੰ ਥਾਪੜਿਆ ਤਾਂ ਉਹ ਸਿੱਧੀ ਹੋ ਗਈ ਤੇ ਲਾਲ ਅੱਖਾਂ ਦਿਖਾਉਂਦੀ ਬੋਲੀ, 'ਕੀ ਏ?'

'ਸਰੋਜ ਮੈਨੂੰ ਮਾਫ਼ ਕਰਦੇ। ਮੈਥੋਂ ਗਲਤੀ ਹੋ ਗਈ। ਤੂੰ ਅਰਚਨਾ ਨੂੰ ਕੁਝ ਨਾ ਦੱਸੀਂ।'

'ਠੀਕ ਏ। ਮਾਫ਼ ਵੀ ਕਰ ਦਿਆਂਗੀ ਤੇ ਭੈਣ ਨੂੰ ਵੀ ਨਹੀਂ ਦੱਸਾਂਗੀ, ਪਰ ਇਕ ਸ਼ਰਤ ਤੇ।' ਉਹ ਉੱਠ ਕੇ ਬਹਿੰਦੀ ਬੋਲੀ।

'ਹਾਂ ਦੱਸ?'

'ਪਹਿਲਾਂ ਕਹੋ.... ਮੈਂ ਤੇਰਾ ਵੱਡਾ ਭਰਾ ਹਾਂ ਤੇ ਤੂੰ ਮੇਰੀ ਛੋਟੀ ਭੈਣ ਏਂ। ਮੈਨੂੰ ਮਾਫ਼ ਕਰਦੇ।'

'ਠੀਕ ਏ ਸਰੋਜ... ਮੇਰੀ ਪਿਆਰੀ ਛੋਟੀ ਭੈਣ। ਮੈਨੂੰ ਮਾਫ਼ ਕਰ ਦੇ। ਅੱਗੇ ਤੋਂ ਅਜਿਹੀ ਗਲਤੀ ਨਹੀਂ ਕਰਾਂਗਾ।' ਕਹਿ ਕੇ ਦੇਵ ਉੱਠ ਖੜਿਆ। ਸਰੋਜ ਵੀ ਉੱਠੀ ਤੇ ਅੱਗੇ

ਆ ਕੇ ਦੇਵ ਨੂੰ ਆਪਣੀਆਂ ਦੋਨਾਂ ਬਾਹਾਂ ਵਿਚ ਘੁੱਟਦੀ ਬੋਲੀ, 'ਮੈਨੂੰ ਮਾਫ਼ ਕਰਦੋ ਵੀਰ ਜੀ। ਮੈਂ ਤੁਹਾਡੇ ਨਾਲ਼ ਬਹੁਤ ਵਧੀਕੀ ਕੀਤੀ।'

'ਨਹੀਂ ਸਰੋਜ ਤੇਰੀ ਕੋਈ ਗਲਤੀ ਨਹੀਂ।'

ਦੇਵ ਉਸੇ ਹਾਲ ਕੁਰਸੀ ਤੇ ਜਾ ਬੈਠਾ ਤੇ ਸੋਚਣ ਲੱਗਾ ਕਿ ਜੇ ਹੁਣ ਅਰਚਨਾ ਆ ਜਾਵੇ ਤਾਂ ਉਹ ਇਸ ਅਵੱਸਥਾ ਵਿਚ ਪਹੁੰਚਣ ਦੀ ਕੀ ਦਲੀਲ ਦਵੇਗਾ। ਉਸ ਦੇ ਤਾਂ ਕੱਛੇ ਵਿੱਚੋਂ ਵੀ ਪਾਣੀ ਨੁੱਚੜ ਰਿਹਾ ਸੀ। ਸਰੋਜ ਨੇ ਪਰੈੱਸ ਲਾ ਕੇ ਪਹਿਲਾਂ ਉਸ ਦਾ ਕਮੀਜ਼ ਸੁਕਾਇਆ ਤੇ ਦੇਵ ਨੂੰ ਫੜਾ ਦਿੱਤਾ। ਫੇਰ ਹੌਲ਼ੀ-ਹੌਲ਼ੀ ਪੈਂਟ ਉੱਤੇ ਆਪਣੀ ਚੁੰਨੀ ਰੱਖ ਕੇ ਪਰੈੱਸ ਫੇਰਦੀ ਰਹੀ। ਉਹ ਵੀ ਸੁੱਕ ਗਈ। ਦੇਵ ਨੇ ਬਾਥਰੂਮ' ਚ ਜਾਕੇ ਕੱਛਾ ਨਿਚੋੜ ਲਿਆ ਤੇ ਉੱਤੋਂ ਪੈਂਟ ਪਾ ਲਈ। ਪਗੜੀ ਤਾਂ ਆਪ ਹੀ ਸੁੱਕ ਗਈ ਸੀ। ਇਸੇ ਚੱਕਰ ਵਿਚ ਘੰਟਾ, ਸਵਾ ਘੰਟਾ ਬੀਤ ਗਿਆ। ਅੰਦਰਲੇ ਕਮਰੇ ਦੇ ਕੁੰਡੇ ਨਾਲ਼ ਇਕ ਲੜ ਬੰਨ੍ਹ ਕੇ ਉਸ ਨੇ ਪੂਣੀ ਕਰ ਲਈ ਤੇ ਸ਼ੀਸ਼ੇ ਮੂਹਰੇ ਖੜ੍ਹ ਕੇ ਪਗੜੀ ਬੰਨ੍ਹ ਲਈ। ਉਸ ਨੂੰ ਰਸੋਈ ਵਿੱਚੋਂ ਘਿਓ' ਚ ਭੁੱਜ ਰਹੇ ਆਟੇ ਦੀ ਸੁਗੰਧੀ ਆਈ। ਛੇਤੀ ਹੀ ਸਰੋਜ ਕੜਾਹ ਦੀ ਪਲੇਟ ਭਰ ਕੇ ਵਿੱਚ ਦੋ ਚਮਚੇ ਰੱਖ ਦੇਵ ਕੋਲ਼ ਆ ਗਈ ਤੇ ਬੋਲੀ, 'ਆਓ ਵੀਰ ਜੀ ਖਾਈਏ।'

ਉਸ ਨੇ ਸਟੂਲੀ ਉੱਤੇ ਪਲੇਟ ਰੱਖ ਦਿੱਤੀ। ਸਰੋਜ ਉਸ ਦੇ ਕੋਲ਼ ਬੈਠ ਗਈ ਤੇ ਇਕ ਚਮਚਾ ਭਰ ਕੇ ਦੇਵ ਦੇ ਮੂੰਹ ਲਾਗੇ ਕਰ ਦਿੱਤਾ। ਮੂੰਹ ਅੱਡ ਦੇਵ ਨੇ ਕੜਾਹ ਖਾ ਲਿਆ। ਫਿਰ ਇਹੋ ਗੱਲ ਦੇਵ ਨੇ ਦੋਹਰਾਈ। ਸਰੋਜ ਨੇ ਵੀ ਹੱਸਦਿਆਂ ਮੂੰਹ ਅੱਡ ਲਿਆ। ਕੜਾਹ ਮੁੱਕਿਆ ਤਾਂ ਉਹ ਉੱਠ ਖੜ੍ਹਾ ਹੋਇਆ ਤੇ ਬੋਲਿਆ, 'ਚੰਗਾ ਬਈ ਸਰੋਜ ਮੈਂ ਚਲਦਾ ਏਂ।'

'ਨਹੀਂ ਵੀਰ ਜੀ ਪਹਿਲਾਂ ਮੈਨੂੰ ਅੰਗਰੇਜ਼ੀ ਪੜ੍ਹਾਓ।'

'ਚੰਗਾ ਜੀ, ਲਿਆਓ ਗਰਾਮਰ ਬੁੱਕ।' ਦੇਵ ਨੇ ਕਿਹਾ ਤਾਂ ਉਹ ਕਿਤਾਬ ਲੈ ਆਈ। ਉਹ ਪੜ੍ਹਨ ਲੱਗੇ।

ਦਿਨ ਛਿਪਣ ਲੱਗਾ ਸੀ, ਜਦੋਂ ਅਰਚਨਾ ਆ ਗਈ। ਬਾਹਰਲੀ ਕੁੰਡੀ ਤਾਂ ਸਰੋਜ ਨੇ ਪਹਿਲਾਂ ਹੀ ਖੋਲ੍ਹ ਦਿੱਤੀ ਸੀ। ਉਹ ਅੰਦਰ ਵੜਦੀ ਬੋਲੀ, 'ਬੱਲੇ, ਅੱਜ ਤਾਂ ਸਰੋਜ ਰਾਣੀ ਵੀ ਪੜ੍ਹਨ ਲੱਗੀ ਹੋਈ ਏ ਸਰ ਤੋਂ। ਇਹ ਸੂਰਜ ਕਿਸ ਪਾਸਿਓਂ ਚੜ੍ਹ ਆਇਆ?'

'ਇਹ ਸਰ ਨਹੀਂ... ਵੀਰ ਜੀ ਨੇ।' ਸਰੋਜ ਹੱਸੀ।

ਅਰਚਨਾ ਦੇ ਆਉਣ ਮਗਰੋਂ ਕੁਝ ਚਿਰ ਬੈਠੇ ਉਹ ਗੱਲਾਂ ਮਾਰਦੇ ਰਹੇ। ਦੇਵ ਨੇ ਉਸ ਤੋਂ ਉਹਦੀ ਦਾਦੀ ਦਾ ਹਾਲ-ਚਾਲ ਪੁੱਛਿਆ। ਫਿਰ ਕਿਹਾ, 'ਚੰਗਾ ਬਈ, ਹੁਣ ਮੈਂ ਚਲਦਾ ਏਂ।'

'ਨਹੀਂ ਨਹੀਂ ਬੈਠੋ ਤੁਸੀਂ। ਅੱਜ ਰੋਟੀ ਐਥੇ ਹੀ ਖਾਣੀ ਏਂ। ਮੈਂ ਸਬਜ਼ੀ ਬਗੈਰਾ ਲੈ ਕੇ ਆਈ ਹਾਂ।' ਉਹ ਬੋਲੀ।

ਸਰੋਜ ਅਤੇ ਅਰਚਨਾ ਦੋਨਾਂ ਨੇ ਰਲ਼ ਕੇ ਰੋਟੀ ਤਿਆਰ ਕੀਤੀ। ਸਰੋਜ ਦੇਵ ਅੱਗੇ ਰੋਟੀ ਰੱਖਣ ਆਈ ਤਾਂ ਉਹ ਬੋਲਿਆ, 'ਭੈਣ ਬਣ ਕੇ ਕਿਸੇ ਗੱਲ ਦੀ ਭਾਫ਼ ਨਾ ਕੱਢੀਂ।'

'ਠੀਕ ਏ ਵੀਰ ਜੀ।' ਉਹ ਦੰਦਾਂ ਵਿਚ ਬੁੱਲ੍ਹ ਘੁੱਟ ਕੇ ਚਲੀ ਗਈ।

**00**

ਦ਼;;018

# ਇਕ ਸੌ ਅੱਠ

ਸਮਾਂ ਬਿਤਾਉਣ ਲਈ ਅਰਚਨਾ ਦਾ ਘਰ ਦੇਵ ਲਈ ਸਵੱਰਗ ਮਾਫ਼ਕ ਸੀ। ਹੌਲ਼ੀ-ਹੌਲ਼ੀ ਉਸ ਦੀ ਸ਼ਾਮ ਦੀ ਰੋਟੀ ਉਸੇ ਘਰ ਪੱਕਣ ਲੱਗੀ। ਉਹ ਜਿਵੇਂ ਉਸ ਘਰ ਦਾ ਮੈਂਬਰ ਹੀ ਬਣ ਗਿਆ। ਆਪਣੇ ਘਰ ਉਹ ਸਵੇਰੇ ਦੋ ਆਂਡੇ ਉਬਾਲ ਲੈਂਦਾ ਤੇ ਬਰੈੱਡ ਨਾਲ਼ ਖਾ ਕੇ ਦੁੱਧ ਪੀ ਲੈਂਦਾ। ਦੁਪਹਿਰ ਵੇਲ਼ੇ ਕਾਲਜ ਦੀ ਕੰਟੀਨ ਵਿਚ ਚਾਹ ਨਾਲ਼ ਦੋ ਸਮੋਸੇ ਖਾ ਲੈਂਦਾ ਤੇ ਸ਼ਾਮੀਂ ਦੋਨੋਂ ਕੁੜੀਆਂ ਅਰਚਨਾ ਤੇ ਸਰੋਜ ਰੋਟੀ ਖੁਆਏ ਬਿਨਾਂ ਉਸ ਨੂੰ ਆਉਣ ਹੀ ਨਾ ਦਿੰਦੀਆਂ। ਹੋਟਲ ਦੀ ਰੋਟੀ ਤੋਂ ਉਸ ਦਾ ਬਿਲਕੁਲ ਖਹਿੜਾ ਛੁੱਟ ਗਿਆ ਸੀ। ਕੁੜੀਆਂ ਵੱਲੋਂ ਬਣਾਈ ਰੋਟੀ ਵਿਚ ਪਿਆਰ ਦਾ ਪਲੇਥਣ ਵੀ ਲੱਗਿਆ ਹੁੰਦਾ। ਨਿੱਤ ਘਰ ਵਾਪਸ ਆ ਕੇ ਉਹ ਡਾਇਰੀ ਲਿਖਦਾ ਤਾਂ ਇਕ ਲਾਈਨ ਉਸ ਵਿਚ ਜ਼ਰੂਰ ਹੁੰਦੀ- ਅੱਜ ਦਾ ਦਿਨ ਬੜਾ ਸ਼ਾਨਦਾਰ ਬੀਤਿਆ। ਧਰਮਪਾਲ ਵਕੀਲ ਇਕ ਦਿਨ ਕਾਲਜ ਆ ਕੇ ਉਸ ਨੂੰ ਹਜ਼ਾਰ ਰੁਪਏ ਦੇ ਗਿਆ ਸੀ। ਦੇਵ ਨੇ ਕਾਫ਼ੀ ਮਨ੍ਹਾਂ ਕੀਤਾ ਸੀ ਕਿ ਟਿਊਸ਼ਨ ਦੇ ਪੈਸੇ ਨਹੀਂ ਲੈਣੇ, ਪਰ ਉਹ ਮੱਲੋ ਮੱਲੀ ਉਸ ਦੀ ਜੇਬ੍ਹ ਵਿਚ ਪਾ ਕੇ ਚਲਦਾ ਬਣਿਆ ਸੀ। ਧਰਮਪਾਲ ਨੇ ਕੁਝ ਸਾਲ ਪਹਿਲਾਂ ਆਪਣੀ ਸਾਰੀ ਪੜ੍ਹਾਈ ਹਿਸਾਰ ਰਹਿ ਕੇ ਹੀ ਪੂਰੀ ਕੀਤੀ ਸੀ। ਦੇਵ ਦੇ ਕਾਲਜ ਵਿਚ ਵੀ ਤਿੰਨ ਚਾਰ ਪ੍ਰੋਫੈਸਰ ਉਸ ਦੇ ਦੋਸਤ ਸਨ। ਉਹ ਦੇ ਵ ਨੂੰ ਨਾਲ਼ ਲੈ ਕੇ ਉਨ੍ਹਾਂ ਨੂੰ ਮਿਲਿਆ ਤੇ ਦੱਸਿਆ ਕਿ ਉਹ ਆਪਸ ਵਿਚ ਨੇੜਲੇ ਰਿਸ਼ਤੇ ਦਾਰ ਸਨ। ਉਸ ਦੀ ਇਸ ਗੱਲੋਂ ਦੇਵ ਬੜਾ ਹੈਰਾਨ ਹੋਇਆ। ਧਰਮਪਾਲ ਨਾਲ਼ ਦੇਵ ਦੀ ਰਿਸ਼ਤੇਦਾਰੀ ਵਾਲ਼ੀ ਗੱਲ ਹੌਲ਼ੀ-ਹੌਲ਼ੀ ਜੁੰਡਲ਼ੀ ਵਾਲ਼ੇ ਪ੍ਰੋਫ਼ੈਸਰਾਂ ਕੋਲ਼ ਵੀ ਜਾ ਪੁੱਜੀ। ਅਰਚਨਾ ਨੂੰ ਪੜ੍ਹਾਉਣ ਵਾਲ਼ੀ ਗੱਲ ਵੀ ਉਨ੍ਹਾਂ ਤੀਕ ਪਹੁੰਚ ਚੁੱਕੀ ਸੀ। ਦੇਵ ਨੇ ਅਰਚਨਾ ਨੂੰ ਸਾਰੀ ਗੱਲ ਸਮਝਾ ਕੇ ਖ਼ਬਰਦਾਰ ਰਹਿਣ ਲਈ ਸੁਚੇਤ ਕਰ ਦਿੱਤਾ। ਇਕ ਦਿਨ ਕਾਲਜ ਕੰਟੀਨ ਵਿਚ ਪ੍ਰੋਫੈਸਰ ਮਨਿੰਦਰ ਸਿੰਘ ਨੇ ਅਰਚਨਾ ਨੂੰ ਰੋਕ ਕੇ ਕਿਹਾ, 'ਅਰਚਨਾ ਕਿਵੇ ਂ ਚਲਦੀ ਏ ਬਈ ਤੇਰੀ ਪੜ੍ਹਾਈ?'

'ਬਹੁਤ ਵਧੀਆ ਚਲਦੀ ਏ ਸਰ।' ਉਹ ਬੋਲੀ।

'ਤੇਰੇ ਬਰੱਦਰ ਧਰਮਪਾਲ ਮੈਥੋਂ ਇਕ ਸਾਲ ਪਿੱਛੇ ਪੜ੍ਹਦੇ ਸੀ। ਯੂਨੀਅਨ ਵਿਚ ਸਰਗਰਮ ਹੋਣ ਕਰਕੇ ਉਹ ਮੇਰੇ ਨਿੱਘੇ ਦੋਸਤ ਬਣ ਗਏ ਸੀ। ਮੈਨੂੰ ਤਾਂ ਹੁਣ ਪਤਾ ਲੱਗਾ ਕਿ ਤੂੰ ਉਨ੍ਹਾਂ ਦੀ ਛੋਟੀ ਭੈਣ ਏਂ। ਭਾਈ ਕੋਈ ਕੰਮ ਹੁੰਦਾ ਏ ਮੈਨੂੰ ਦੱਸਿਆ ਕਰ। ਮੈਂ ਵੀ ਤੇਰਾ ਭਰਾ ਹੀ ਹਾਂ।'

'ਥੈਂਕਿਊ ਸਰ।' ਉਹ ਬੋਲੀ।

'ਆ ਜਾ ਬੈਠ। ਚਾਹ ਪੀਂਦੇ ਹਾਂ।'

'ਸਰ ਮੈਂ ਹੁਣੇ ਕੋਕ ਪੀਤਾ ਏ।'

'ਚੱਲ ਫੇਰ... ਇਕ ਕੋਕ ਹੋਰ ਪੀ ਲਵੀਂ।' ਉਸ ਨੇ ਜ਼ੋਰ ਪਾਇਆ ਤਾਂ ਉਹ ਜਵਾਬ

ਨਾ ਦੇ ਸਕੀ। ਉਹ ਦੋਨੋਂ ਕੁਰਸੀਆਂ ਤੇ ਜਾ ਬੈਠੇ।

'ਮੈਂ ਸੁਣਿਆਂ ਏ ਪ੍ਰੋਫੈਸਰ ਦੇਵ ਨਾਲ਼ ਤੁਹਾਡੀ ਕੋਈ ਰਿਸ਼ਤੇਦਾਰੀ ਏ?' ਉਹ ਬੋਲਿਆ।

'ਹਾਂ ਸਰ ਉਹ ਮੇਰੇ ਭਰਾ ਹੀ ਲੱਗਦੇ ਨੇ।'

'ਪਰ ਉਹ ਤਾਂ ਸਰਦਾਰ ਨੇ।'

'ਸਰ ਰਲੇ-ਮਿਲੇ ਪਰਿਵਾਰ ਨੇ ਸਾਡੇ। ਮੇਰੇ ਦਾਦਾ ਜੀ ਸਰਦਾਰ ਸਨ, ਪਰ ਮੰਮੀ ਜੀ ਦੇ ਪੇਕੇ ਹਿੰਦੂ।'

'ਉਹ ਤੈਨੂੰ ਟਿਊਸ਼ਨ ਵੀ ਪੜ੍ਹਾਉਂਦੇ ਨੇ?'

'ਇਕੱਲੇ ਰਹਿੰਦੇ ਨੇ ਸਰ ਉਹ। ਰੱਖੜੀ ਵਾਲੇ ਦਿਨ ਆਏ ਸੀ ਰੱਖੜੀ ਬੰਨ੍ਹਾਉਣ।'

ਰਖੜੀ ਵਾਲ਼ੀ ਗੱਲ ਨੇ ਮਨਿੰਦਰ ਦਾ ਮੂੰਹ ਬੰਦ ਕਰਵਾ ਦਿੱਤਾ ਤੇ ਉਹ 'ਚੰਗਾ ਭਾਈ' ਕਹਿ ਕੇ ਉੱਠ ਕੇ ਚਲਾ ਗਿਆ। ਇਸ ਵਾਰਤਾਲਾਪ ਦੇ 'ਡਾਇਲਾਗ' ਭਾਵੇਂ ਦੇਵ ਨੇ ਲਿਖੇ ਸਨ ਪਰ ਅਰਚਨਾ ਜ਼ਰੂਰੀ ਤਰਮੀਮਾਂ ਕਰ ਕੇ ਸਾਰੀ ਅਦਾਕਾਰੀ ਕਰ ਆਈ। ਉਸ ਨੇ ਮਨਿੰਦਰ ਸਿੰਘ ਨਾਲ਼ ਹੋਈ ਸਾਰੀ ਗੱਲਬਾਤ ਦੇਵ ਨੂੰ ਦੱਸੀ ਤਾਂ ਉਹ ਖ਼ੂਬ ਹੱਸੇ।

ਇਕ ਦਿਨ ਸਰੋਜ ਰਸੋਈ ਵਿਚ ਵੜੀ ਰੋਟੀ ਤਿਆਰ ਕਰ ਰਹੀ ਸੀ ਕਿ ਅਰਚਨਾ ਬਾਥਰੂਮ' ਚੋਂ ਨੁੱਚੜਦੇ ਵਾਲ਼ ਲਈ ਨਿੱਕਲ਼ੀ ਤੇ ਦੇਵ ਕੋਲ਼ ਬਰਾਂਡੇ ਵਿਚ ਆ ਬੈਠੀ ਤੇ ਬੋਲੀ, 'ਸਰ, ਤੁਸੀਂ ਆਪਣੀ ਮਦਰ ਨੂੰ ਪੰਜਾਬ ਤੋਂ ਸੱਦ ਕਿਉਂ ਨੀ ਲੈਂਦੇ। ਉਹ ਵਿਚਾਰੀ ਇਕੱਲੀ ਰਹਿੰਦੀ ਏ।'

'ਸਾਡਾ ਸਾਂਝਾ ਮਕਾਨ ਏਂ ਨਾ ਉੱਥੇ। ਤਾਲਾ ਲਾਕੇ ਆਉਣਾ ਮੁਸ਼ਕਲ ਏ। ਫਿਰ ਕੋਈ ਨਾ ਕੋਈ ਭਰਾ ਵੀ ਛੁੱਟੀ ਆਇਆ ਰਹਿੰਦਾ ਏ।'

'ਜੇ ਉਹ ਐਥੇ ਹੋਵੇ, ਆਪ ਵੀ ਤਾਜ਼ੀ ਰੋਟੀ ਖਾਵੇ ਤੇ ਤੁਹਾਨੂੰ ਵੀ ਖੁਆਵੇ।'

'ਲਗਦਾ ਏ ਤੁਸੀਂ ਮੇਰੀ ਰੋਟੀ ਬਣਾਉਣ ਤੋਂ ਤੰਗ ਆ ਗਈਆਂ।'

'ਨਹੀਂ ਸਰ ਇਹ ਗੱਲ ਨਹੀਂ। ਰੋਟੀ ਤਾਂ ਮੈਂ ਤੁਹਾਡੀ ਸਾਰੀ ਉਮਰ ਬਣਾ ਸਕਦੀ ਹਾਂ। ਰੱਬ ਮੌਕਾ ਦਵੇ ਸਹੀ।'

ਤਦੇ ਥਾਲੀ ਵਿਚ ਰੋਟੀਆਂ ਸਬਜ਼ੀ ਬਗੈਰਾ ਰੱਖ ਕੇ ਸਰੋਜ ਆ ਗਈ ਤੇ ਬੋਲੀ, 'ਲਓ ਵੀਰ ਜੀ ਖਾਓ ਤੁਸੀਂ ਪਹਿਲਾਂ।'

ਤੁਸੀਂ ਵੀ ਖਾਓ ਮੇਰੇ ਨਾਲ਼।'

'ਪਹਿਲਾਂ ਦੇਵਤਾ ਜੀ ਖਾਣਗੇ ਤਾਂ ਹੀ ਖਾਵਾਂਗੀਆਂ।' ਉਹ ਹੱਸੀ।

ਫਿਰ ਇਕ ਦਿਨ ਅਰਚਨਾ ਨੇ ਉਸ ਨੂੰ ਇਕ ਚਿੱਠੀ ਦਿੱਤੀ ਜਿਸ ਵਿਚ ਉਸ ਨੇ ਆਪਣਾ ਦਿਲ ਪੂਰੀ ਤਰ੍ਹਾਂ ਫੋਲ ਦਿੱਤਾ ਸੀ। ਉਹ ਚਾਹੁੰਦੀ ਸੀ ਕਿ ਦੇਵ ਉਸ ਨਾਲ਼ ਵਿਆਹ ਕਰਵਾਵੇ। ਉਹ ਉਸ ਨੂੰ ਜ਼ਿੰਦਗੀ ਦਾ ਹਰ ਸੁੱਖ ਦੇਵੇਗੀ। ਕਿਸੇ ਦੇਵਤੇ ਵਾਂਗ ਉਸ ਦੀ ਪੂਜਾ ਕਰੇਗੀ। ਉਸ ਦੇ ਘਰ ਨੂੰ ਸਵੱਰਗ ਬਣਾ ਦੇਵੇਗੀ। ਉਹ ਉਸ ਦੀ ਮਾਂ ਦੀ ਸੇਵਾ ਕਰੇਗੀ। ਉਸ ਨੇ ਆਪਣੇ ਪੇਕਿਆਂ ਦੇ ਬਹੁਤ ਅਮੀਰ ਹੋਣ ਦੀ ਗੱਲ ਵੀ ਲਿਖੀ, ਜਿਹੜੇ ਉਸ ਦਾ ਘਰ ਦਾਜ ਨਾਲ਼ ਭਰ ਦੇਣਗੇ।

ਦੇਵ ਨੂੰ ਇਹ ਗੱਲ ਜੇ ਸਰੋਜ ਨੇ ਕਹੀ ਹੁੰਦੀ, ਉਸ ਨੇ ਝੱਟ ਤਿਆਰ ਹੋ ਜਾਣਾ ਸੀ। ਅਰਚਨਾ ਨੂੰ ਹੁਣ ਉਹ ਕੀ ਜਵਾਬ ਦੇਵੇ, ਸਮਝ ਨਹੀਂ ਸੀ ਆ ਰਹੀ। ਉਸ ਨੂੰ ਅਚਾਨਕ ਰਵਿੰਦਰ ਲਾਇਬ੍ਰੇਰੀਅਨ ਦਾ ਖਿਆਲ ਆਇਆ। ਉਸ ਦੀ ਪਾਮਿਸਟਰੀ ਅਰਚਨਾ ਤੇ ਵਰਤਣ ਦਾ ਉਸ ਨੇ ਮਨ ਬਣਾ ਲਿਆ। ਕਾਲਜ ਵਿਚ ਉਸ ਨੂੰ ਬੁਲਾ ਕੇ ਛੇਤੀ ਘਰ ਜਾਣ ਲਈ ਕਹਿ ਦਿੱਤਾ। ਥੋੜ੍ਹੀ ਦੇਰ ਮਗਰੋਂ ਉਹ ਵੀ ਖਿਸਕ ਗਿਆ ਤੇ ਅਰਚਨਾ ਦੇ ਘਰ ਜਾ ਪੁੱਜਾ। ਇਹ ਉਹ ਸਮਾਂ ਸੀ, ਜਦੋਂ ਸਰੋਜ ਅਜੇ ਸਕੂਲ ਵਿਚ ਹੀ ਸੀ।

'ਇਕੱਲੀ?' ਦੇਵ ਨੇ ਮੁਸਕਰਾ ਕੇ ਪੁੱਛਿਆ।

'ਹਾਂ ਜੀ... ਆ ਜਾਓ।' ਉਸ ਨੇ ਦੇਵ ਦੇ ਅੰਦਰ ਵੜਦਿਆਂ ਹੀ ਕੁੰਡੀ ਮੁੜ ਬੰਦ ਕਰ ਲਈ।

ਕੁਝ ਦੇਰ ਬੈਠੇ ਉਹ ਗੱਲਾਂ ਮਾਰਦੇ ਰਹੇ ਫਿਰ ਉਸ ਨੇ ਅਰਚਨਾ ਦਾ ਖੱਬਾ ਹੱਥ ਖਿੱਚ ਕੇ ਆਪਣੇ ਗੋਡੇ ਤੇ ਰੱਖ ਲਿਆ ਤੇ ਰੇਖਾਵਾਂ ਤੇ ਆਪਣੀ ਉਂਗਲ ਦਾ ਪੋਟਾ ਘੁਮਾਉਣ ਲੱਗ ਪਿਆ।

'ਇਹ ਕੀ ਕਰ ਰਹੇ ਹੋ, ਸਰ?'

'ਤੇਰਾ ਹੱਥ ਦੇਖ ਰਿਹਾ ਹਾਂ।'

'ਕੀ ਲਿਖਿਆ ਏ ਸਰ?'

'ਦਰਅਸਲ ਅਰਚਨਾ ਅਪਣਾ ਵਿਆਹ ਨਹੀਂ ਹੋ ਸਕਦਾ।'

'ਕਿਉਂ ਸਰ? ਮੇਰੇ ਹੱਥ' ਚ ਲਿਖਿਆ ਏ?'

'ਨਹੀਂ, ਮੇਰੇ ਹੱਥ' ਚ ਲਿਖਿਆ ਏ। ਉਸ ਦੀ ਵਜ੍ਹਾ ਨਾਲ਼ ਆਪਣਾ ਵਿਆਹ ਨਹੀਂ ਹੋ ਸਕਦਾ।'

'ਕੀ ਲਿਖਿਆ ਏ, ਤੁਹਾਡੇ ਹੱਥ' ਚ?'

'ਅਰਚਨਾ ਪਿਛਲੇ ਕਈ ਸਾਲਾਂ ਤੋਂ ਮੈਂ ਹੱਥ ਰੇਖਾਵਾਂ ਦਾ ਅਧਿਐਨ ਕਰ ਰਿਹਾ ਹਾਂ। ਮੈਂ ਦੇਖ ਰਿਹਾ ਹਾਂ ਕਿ ਤੂੰ ਬਹੁਤ ਲੰਬੀ ਉਮਰ ਭੋਗੇਗੀਂ। ਦੋ ਤਿੰਨ ਸਾਲਾਂ ਵਿਚ ਤੇਰਾ ਵਿਆਹ ਇਕ ਅਮੀਰ ਖਾਨਦਾਨ ਵਿਚ ਹੋਵੇਗਾ। ਤੇਰੇ ਤਿੰਨ ਬੱਚੇ ਹੋਣਗੇ। ਤੈਨੂੰ ਸਰਕਾਰੀ ਨੌਕਰੀ ਮਿਲੇਗੀ ਤੇ ਸਹੁਰੇ ਘਰ ਵਿਚ..... ।'

'ਬੱਸ ਬੱਸ ਛੱਡੋ ਮੇਰਾ ਹੱਥ ਸਰ... ਅਸਲ ਗੱਲ ਦੱਸੋ ਕੀ ਏ?' ਉਸ ਨੇ ਦੇਵ ਨੂੰ ਟੋਕਿਆ।

'ਮੇਰੀ ਉਮਰ ਬਹੁਤ ਘੱਟ ਬਚੀ ਏ ਅਰਚਨਾ। ਵੱਧ ਤੋਂ ਵੱਧ ਪੈਂਤੀ ਸਾਲ। ਇਹ ਗੱਲ ਮੈਨੂੰ ਹੰਢੇ ਹੋਏ ਜੋਤਸ਼ੀਆਂ ਨੇ ਵੀ ਦੱਸੀ ਹੈ। ਮੈਂ ਆਪ ਵੀ ਇਸ ਦਾ ਹਿਸਾਬ ਲਾਇਆ ਏ । ਇਸੇ ਲਈ ਮੈਂ ਕਦੀ ਵਿਆਹ ਨਾ ਕਰਵਾਉਣ ਦਾ ਫੈਸਲਾ ਕੀਤਾ ਏ। ਮੈਂ ਕਿਸੇ ਕੁੜੀ ਨੂੰ ਵਿਧਵਾ ਬਣਾ ਕੇ..... ।'

'ਸਰ, ਐਨਾ ਵੱਡਾ ਝੂਠ ਬੋਲਣ ਦੀ ਤੁਹਾਨੂੰ ਕਿਹੜੀ ਲੋੜ ਪੈ ਗਈ? ਤੁਸੀਂ ਮੈਨੂੰ ਸਿੱਧਾ ਕਹਿ ਦਿੰਦੇ ਕਿ ਮੈਂ ਸੁਹਣੀ ਨਹੀਂ ਹਾਂ। ਮੈਂ ਤੁਹਾਡਾ ਬੁਰਾ ਨਹੀਂ ਸੀ ਮਨਾਉਣਾ। ਜਿਹੜੀ ਕਹਾਣੀ ਤੁਸੀਂ ਬਣਾਈ ਏ, ਉਹ ਸੁਣ ਕੇ ਬੜਾ ਦੁੱਖ ਹੋਇਆ ਏ। ਮੈਨੂੰ ਆਪ ਨੂੰ

ਪਤਾ ਸੀ ਕਿ ਮੈਂ ਤੁਹਾਡੇ ਕਾਬਿਲ ਨਹੀਂ ਹਾਂ ਫਿਰ ਵੀ ਮੈਂ ਆਪਣੇ ਆਪ ਤੇ ਕਾਬੂ ਨਹੀਂ ਰੱਖ ਸਕੀ, ਬਕ ਬੈਠੀ ਜੋ ਦਿਲ' ਚ ਸੀ।' ਉਹ ਉੱਠੀ ਤੇ ਦੂਜੇ ਕਮਰੇ ਵੱਲ ਚਲੀ ਗਈ।

ਕੁਝ ਦੇਰ ਤਾਂ ਦੇਵ ਉਵੇਂ ਬੈਠਾ ਰਿਹਾ ਫਿਰ ਉਹ ਉਸ ਕਮਰੇ ਦੇ ਦਰ ਵਿਚ ਜਾ ਖੜਿਆ ਜਿੱਥੇ ਅਰਚਨਾ ਕੁਰਸੀ ਉੱਤੇ ਪਿੱਛੇ ਨੂੰ ਸਿਰ ਸੁੱਟੀ ਰੋ ਰਹੀ ਸੀ। ਦੇਵ ਨੇ ਸੋਚਿਆ ਕਿ ਉਸ ਨੂੰ ਮਨਾਇਆ ਜਾਵੇ, ਪਰ ਤਦੇ ਉਸ ਦਾ ਵਿਚਾਰ ਬਦਲ ਗਿਆ। ਵਾਪਸ ਪਰਤਿਆ ਚੁੱਪ ਚਾਪ ਸਾਇਕਲ ਚੁੱਕਿਆ ਤੇ ਘਰ ਨੂੰ ਦੌੜ ਆਇਆ। ਸ਼ਾਮ ਨੂੰ ਉਹ ਉਸੇ ਪੁਰਾਣੇ ਢਾਬੇ ਵਿਚ ਰੋਟੀ ਖਾਣ ਗਿਆ ਤਾਂ ਕਾਊਂਟਰ ਤੇ ਬੈਠਾ ਦਿਲਬਾਗ ਰਾਏ ਬੋਲਿਆ, 'ਘਣੀ ਦੇਰ ਬਾਅਦ ਆਏ ਹੋ ਸਰਦਾਰ ਜੀ, ਪੰਜਾਬ ਚਲੇ ਗਏ थे?'

'ਹੁਣ ਰੋਜ਼ ਆਇਆ ਕਰਾਂਗਾ ਦਿਲਬਾਗ ਰਾਏ ਜੀ।' ਦੇਵ ਨੇ ਕਿਹਾ।

ਬੀ. ਐਡ. ਕਰਦੀ ਇਕ ਬਹੁਤ ਸੁਹਣੀ ਲੰਬੀ ਤੇ ਸਡੌਲ ਸ਼ਰੀਰ ਵਾਲ਼ੀ ਗੋਰੀ ਕੁੜੀ ਵੰਦਨਾ ਤੇ ਉਹਦੀ ਇਕ ਮਧਰੇ ਕੱਦ ਵਾਲ਼ੀ ਪੱਕੇ ਰੰਗ ਦੀ ਸਹੇਲੀ ਮੀਨਾ ਕਾਲਜ ਵਿਚ ਹਮੇਸ਼ਾ ਇਕੱਠੀਆਂ ਹੀ ਰਹਿੰਦੀਆਂ ਸਨ। ਦੋਨੋਂ ਪੰਜਾਬੀ ਸਨ ਤੇ ਹੁਸ਼ਿਆਰਪੁਰ ਦੀਆਂ ਰਹਿਣ ਵਾਲ਼ੀਆਂ ਸਨ। ਸ਼ਾਇਦ ਪੰਜਾਬੀ ਹੋਣ ਕਰਕੇ ਉਹ ਦੇਵ ਨੂੰ 'ਸਤਿ ਸ੍ਰੀ ਅਕਾਲ' ਕਹਿਣ ਅਕਸਰ ਆ ਜਾਇਆ ਕਰਦੀਆਂ ਸਨ। ਉਹ ਦੋਨਾਂ ਦਾ ਹਾਲ-ਚਾਲ ਪੁੱਛ ਲੈਂਦਾ, ਪਰ ਗੱਲ ਕਰਦਾ ਡਰਿਆ ਡਰਿਆ ਰਹਿੰਦਾ। ਮੀਨਾ ਅੱਖਾਂ ਹੀ ਅੱਖਾਂ ਵਿਚ ਆਪਣੇ ਪਿਆਰ ਦਾ ਪ੍ਰਗਟਾਵਾ ਕਰਦੀ। ਉਹ ਸ਼ਾਇਦ ਹੈਰਾਨ ਹੁੰਦੀ ਹੋਵੇਗੀ ਕਿ ਦੇਵ ਦਾ ਪ੍ਰਤੀਕਰਮ ਐਨਾ ਠੰਡਾ ਕਿਉਂ ਸੀ। ਕਾਲਜ ਵਿਚ ਉਹ ਬਹੁਤ ਸੋਚ ਸਮਝ ਕੇ ਬੋਲਦਾ, ਦੇਖਦਾ ਤੇ ਉੱਠਦਾ ਬੈਠਦਾ ਸੀ। ਅਸਲ ਗੱਲ ਉਹ ਕੁੜੀਆਂ ਨੂੰ ਕਿਵੇਂ ਦੱਸਦਾ ਕਿ ਉਸ ਦੀਆਂ ਹਰਕਤਾਂ ਨੋਟ ਕਰਨ ਲਈ ਕਈ ਅੱਖਾ ਵਿਚ ਕੈਮਰੇ ਫਿੱਟ ਕੀਤੇ ਹੋਏ ਸਨ।

ਇਕ ਦਿਨ ਉਹ ਦੋਨੋਂ ਦੇਵ ਕੋਲ਼ ਆਈਆਂ। ਵੰਦਨਾ ਬੋਲੀ, 'ਸਰ ਅੱਜ ਮੀਨਾ ਦਾ ਬਰਥ ਡੇ ਹੈ। ਤੁਹਾਨੂੰ ਸਾਡੇ ਕੋਲ਼ ਸ਼ਾਮ ਨੂੰ ਘਰ ਆਉਣਾ ਹੋਵੇਗਾ।'

'ਕਿੱਥੇ ਰਹਿੰਦੇ ਹੋ ਤੁਸੀਂ?' ਦੇਵ ਨੇ ਪੁੱਛਿਆ।

'ਸਰ, ਅਸੀਂ ਇਲਾਈਟ ਸਿਨਮੇ ਦੇ ਮਗਰ ਸੁੰਦਰ ਨਗਰ' ਚ ਸਤਾਰਾਂ ਨੰਬਰ ਮਕਾਨ ਵਿਚ ਕਿਰਾਏ ਤੇ ਰਹਿੰਦੀਆਂ ਹਾਂ।'

'ਤੈਨੂੰ ਜਨਮ ਦਿਨ ਮੁਬਾਰਕ ਮੀਨਾ, ਪਰ ਮੇਰੀ ਇਕ ਮਜਬੂਰੀ ਹੈ।'

'ਕੀ ਸਰ?'

'ਐਥੇ ਕੁਝ ਪ੍ਰੋਫੈਸਰ ਪੰਜਾਬੀ ਹੋਣ ਕਰਕੇ ਮੈਨੂੰ ਚੰਗਾ ਨਹੀਂ ਸਮਝਦੇ। ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਉਹ ਬਾਤ ਦਾ ਬਤੰਗੜ ਬਣਾ ਦੇਣਗੇ।'

'ਸਰ, ਤੁਸੀਂ ਕਿਹੜਾ ਇਕੱਲਿਆਂ ਨੇ ਆਉਣਾ ਏਂ। ਅਸੀਂ ਚਾਰ ਪੰਜ ਪ੍ਰੋਫੈਸਰ ਹੋਰ ਸੱਦੇ ਨੇ। ਤੁਸੀਂ ਡਿਨਰ ਕਰਕੇ ਵਾਪਸ ਘਰ ਆ ਜਾਣਾ।' ਵੰਦਨਾ ਨੇ ਕਿਹਾ।

'ਕਿਸ ਕਿਸ ਨੂੰ ਸੱਦਿਆ ਏ ਤੁਸੀਂ?' ਦੇਵ ਨੇ ਪੁੱਛਿਆ।

'ਮੈਡਮ ਕੀਰਤੀ, ਨਿਰਮਲਾ ਪ੍ਰੋਫੈਸਰ ਮਨੀ ਰਾਮ, ਰਾਜਿੰਦਰ ਮੋਹਨ ਤੇ ਮਨਿੰਦਰ ਸਿੰਘ ਨੂੰ।'

ਮਨੀ ਰਾਮ ਤੇ ਮਨਿੰਦਰ ਸਿੰਘ ਤਾਂ ਪਹਿਲਾਂ ਹੀ ਉਸ ਦੇ ਵਿਰੋਧੀ ਸਨ। ਦੇਵ ਨੇ ਕੁੜੀਆਂ ਨੂੰ ਦੱਸ ਦਿੱਤਾ। ਉਹ ਸੁਣਕੇ ਨਿਰਾਸ਼ ਹੋਈਆਂ। ਮੀਨਾ ਬੋਲੀ, 'ਸਰ ਜੇ ਸਾਨੂੰ ਪਹਿਲਾਂ ਪਤਾ ਹੁੰਦਾ, ਅਸੀਂ ਉਨ੍ਹਾਂ ਨੂੰ ਸੱਦਦੀਆਂ ਹੀ ਨਾ।'

'ਚੱਲ ਕੋਈ ਨਾ... ਮੈਂ ਫਿਰ ਕਿਸੇ ਦਿਨ ਤੁਹਾਡੇ ਕੋਲ਼ ਆ ਜਾਵਾਗਾ।' ਦੇਵ ਬੋਲਿਆ।

ਅਗਲੇ ਦਿਨ ਦੇਵ ਲਾਇਬ੍ਰੇਰੀ ਵਿਚ ਬੈਠਾ ਕੁਝ ਪੜ੍ਹ ਰਿਹਾ ਸੀ ਕਿ ਦੋਨੋਂ ਕੁੜੀਆਂ ਫਿਰ ਉਸ ਕੋਲ਼ ਆ ਗਈਆਂ। ਉਹ ਘਬਰਾਈਆਂ ਹੋਈਆਂ ਸਨ। ਉਨ੍ਹਾਂ ਸਾਰੀ ਗੱਲ ਦੇਵ ਨੂੰ ਦੱਸੀ।

ਉਨ੍ਹਾਂ ਨੇ ਮੈਡਮਾਂ ਤੇ ਪ੍ਰੋਫੈਸਰਾਂ ਤੋਂ ਬਿਨਾਂ ਆਪਣੀਆਂ ਕੁਝ ਜਮਾਤਣਾਂ ਨੂੰ ਵੀ ਘਰ ਸੱਦਿਆ ਹੋਇਆ ਸੀ। ਸੱਤ ਵਜੇ ਦੇ ਕਰੀਬ ਸਭ ਆ ਗਏ, ਪਰ ਪ੍ਰੋਫੈਸਰ ਮਨਿੰਦਰ ਸਿੰਘ ਤੇ ਮਨੀ ਰਾਮ ਨਾ ਆਏ। ਘੰਟਾ ਭਰ ਹੋਰ ਉਨ੍ਹਾਂ ਨੂੰ ਉਡੀਕਣ ਮਗਰੋਂ ਕੇਕ ਕੱਟ ਲਿਆ ਗਿਆ। ਸਭ ਨੇ ਡਿਨਰ ਵੀ ਕਰ ਲਿਆ। ਉਸ ਮਗਰੋਂ ਸਭ ਆਪੋ ਆਪਣੇ ਘਰਾਂ ਨੂੰ ਚਲੇ ਗਏ। ਨੌਂ ਵਜੇ ਦੇ ਕਰੀਬ ਜਦੋਂ ਉਹ ਸੌਣ ਲੱਗੀਆਂ ਤਾਂ ਦਰਵਾਜਾ ਖੜਕਿਆ। ਵੰਦਨਾ ਨੇ ਖੋਲ੍ਹਿਆ ਤਾਂ ਦੋਨੋਂ ਪ੍ਰੋਫੈਸਰ ਬਾਹਰ ਖੜ੍ਹੇ ਝੂੰਮ ਰਹੇ ਸਨ।

'ਡਾਰਲਿੰਗ ਜਨਮ ਦਿਨ ਮੁਬਾਰਕ।' ਦੋਨਾਂ ਨੇ ਇਕੱਠੇ ਹੀ ਕਿਹਾ ਤੇ ਅੰਦਰ ਆ ਵੜੇ
।

'ਜਨਮ ਦਿਨ ਮੇਰਾ ਨਹੀਂ ਸਰ, ਮੀਨਾ ਦਾ ਏ।' ਵੰਦਨਾ ਬੋਲੀ।

'ਅਸੀਂ ਤੇਰਾ ਵੀ ਮਨਾਵਾਂਗੇ।' ਉਹ ਅੰਦਰ ਵੜ ਕੇ ਕੁਰਸੀਆਂ ਤੇ ਬੈਠ ਗਏ। ਬਾਥਰੂਮ' ਚੋਂ ਨਿਕਲ਼ ਮੀਨਾ ਨੇ ਦੋਨਾਂ ਨੂੰ ਨਮੱਸਤੇ ਕਹੀ। ਮਨਿੰਦਰ ਬੋਲਿਆ, 'ਦੋ ਗਿਲਾਸ ਤੇ ਬਰਫ਼ ਪਾਣੀ ਲੈ ਕੇ ਆਓ।'

ਮੀਨਾ ਨੇ ਦੋ ਗਿਲਾਸ ਤੇ ਪਾਣੀ ਦਾ ਜੱਗ ਮੇਜ਼ ਤੇ ਧਰ ਦਿੱਤੇ ਤੇ ਬੋਲੀ, 'ਸਰ ਬਰਫ਼ ਤਾਂ ਹੈ ਨਹੀਂ। ਤੁਸੀਂ ਐਨਾ ਲੇਟ ਹੋ ਗਏ। ਸੱਤ ਵਜੇ ਸੱਦਿਆ ਸੀ ਤੁਹਾਨੂੰ।'

'ਚਲੇ ਜਾਈਏ ਹੁਣ?' ਮਨੀ ਰਾਮ ਬੋਲਿਆ।

'ਸਰ ਤੁਸੀਂ ਕਾਫ਼ੀ ਪੀ ਰੱਖੀ ਏ, ਪਲੀਜ਼ ਆਪਣੇ ਘਰ ਚਲੇ ਜਾਓ।' ਵੰਦਨਾ ਨੇ ਕਿਹਾ।

'ਬੇਜ਼ਤੀ ਮੱਤ ਕਰੋ ਵੰਦਨਾ... ਅਸੀਂ ਤੇਰੇ ਪ੍ਰੋਫੈਸਰ ਹਾਂ।'

'ਸਰ, ਸਟੂਡੈਂਟਸ ਦੇ ਘਰ ਸ਼ਰਾਬ ਥੋੜ੍ਹੋ ਪੀਂਦੇ ਹੁੰਦੇ ਨੇ ਪ੍ਰੋਫੈਸਰ।'

'ਮੈਨੂੰ ਅਕਲਾਂ ਨਾ ਦੇ ਤੇ ਬਰਫ਼ ਲੈਕੇ ਆਓ।' ਮਨਿੰਦਰ ਬੋਲਿਆ।

'ਕਿਹਾ ਨਾ ਸਰ... ਬਰਫ਼ ਹੈ ਨੀ।'

'ਫੇਰ ਭੁਜੀਆ ਲੈ ਕੇ ਆਓ ਮੀਨਾ। ਸੁਣਦੀ ਏਂ ਤੈਨੂੰ ਕਹਿ ਰਿਹਾ ਏਂ।' ਮਨਿੰਦਰ ਸਿੰਘ ਨੇ ਡੱਬ' ਚੋਂ ਬੋਤਲ ਕੱਢ ਕੇ ਮੇਜ਼ ਉੱਤੇ ਰੱਖ ਦਿੱਤੀ।

ਇਲਾਈਟ ਸਿਨਮੇ ਦੇ ਲਾਗੇ ਹੀ ਇਕ ਖੋਖੇ ਵਾਲ਼ਾ ਸੀ। ਮੀਨਾ ਉਸ ਤੋਂ ਭੁਜੀਆ ਲੈਣ ਚਲੀ ਗਈ। ਦੋਨਾਂ ਨੇ ਇਕ ਇਕ ਪੈੱਗ ਪਾ ਕੇ ਵਿਚ ਪਾਣੀ ਪਾਇਆ ਤੇ ਡੀਕ ਗਏ । ਫਿਰ ਕੁਝ ਗਿਟ ਮਿਟ ਕੀਤੀ ਤੇ ਮਨੀ ਰਾਮ ਨੇ ਕਿਹਾ, 'ਮਾਈ ਡੀਅਰ ਵੰਦਨਾ ਤੂੰ ਵੀ

ਬੈਠ ਸਾਡੇ ਕੋਲ਼।'

'ਨਹੀਂ ਸਰ, ਮੈਂ ਨਹੀਂ ਬੈਠਾਂਗੀ।'

'ਕਿਉਂ ਨਹੀਂ ਬੈਠੇਂਗੀ ਤੂੰ?' ਮਨਿੰਦਰ ਸਿੰਘ ਨੇ ਉੱਠ ਕੇ ਵੰਦਨਾ ਨੂੰ ਜੱਫਾ ਮਾਰਨਾ ਚਾਹਿਆ । ਮਨੀ ਰਾਮ ਵੀ ਆ ਗਿਆ ਤੇ ਵੰਦਨਾ ਦੀ ਬਾਂਹ ਫੜ ਲਈ। ਵੰਦਨਾ ਨੇ ਮਨਿੰਦਰ ਸਿੰਘ ਨੂੰ ਧੱਕਾ ਮਾਰਿਆ, ਉਹ ਡਿਗ ਪਿਆ। ਮਨੀ ਰਾਮ ਤੋਂ ਵੀ ਉਸ ਨੇ ਆਪਣੀ ਬਾਂਹ ਛੁਡਾ ਲਈ ਤੇ ਦੌੜ ਕੇ ਬੋਤਲ ਨੂੰ ਹੱਥ ਪਾ ਲਿਆ। ਬੋਤਲ ਉਸ ਨੇ ਮਨਿੰਦਰ ਦੇ ਸਿਰ' ਚ ਮਾਰੀ। ਮਨੀ ਰਾਮ ਨੇ ਗਲਾਵੇ" ਚ ਹੱਥ ਪਾ ਉਸ ਦਾ ਕਮੀਜ਼ ਫਾੜ ਦਿੱਤਾ। ਵੰਦਨਾ ਨੇ ਉਸ ਤੇ ਵੀ ਬੋਤਲ ਨਾਲ਼ ਵਾਰ ਕੀਤਾ ਤਾਂ ਉਸ ਦੇ ਮੱਥੇ' ਚੋਂ ਖ਼ੂਨ ਵਹਿਣ ਲੱਗਾ। ਮੀਨਾ ਦੇ ਵਾਪਸ ਆਉਣ ਤੋਂ ਪਹਿਲਾਂ ਹੀ ਉਹ ਦੋਨੋਂ ਉੱਥੋਂ ਦੌੜ ਗਏ।

'ਉਨ੍ਹਾਂ ਦੀ ਗੱਲ ਸੁਣ ਕੇ ਦੇਵ ਨੂੰ ਹੁਣ ਪਤਾ ਲੱਗਾ ਕਿ ਦੋਨੋਂ ਜਣੇ ਅੱਜ ਕਾਲਜ ਕਿਉਂ ਨਹੀਂ ਸਨ ਆਏ।'

'ਤੁਸੀਂ ਪੁਲ਼ਸ ਰਿਪੋਰਟ ਕੀਤੀ?' ਦੇਵ ਨੇ ਪੁੱਛਿਆ।

'ਨਹੀਂ ਸਰ।'

'ਪ੍ਰਿੰਸੀਪਲ ਸਾਹਬ ਨਾਲ਼ ਗੱਲ ਕੀਤੀ?'

'ਨਹੀਂ ਸਰ।'

ਪ੍ਰਧਾਨ ਹਵਾ ਸਿੰਘ ਦੀ ਕੋਠੀ ਤਾਂ ਕਾਲਜ ਦੇ ਨੇੜੇ ਹੀ ਸੀ, ਪਰ ਉਹ ਦਿਨ ਵੇਲ਼ੇ ਕਚਹਿਰੀਆਂ' ਚ ਚਲਾ ਜਾਇਆ ਕਰਦਾ ਸੀ। ਦੇਵ ਨੇ ਸੋਚਿਆ ਕਿ ਸ਼ਿਕਾਇਤ ਸਿੱਧੀ ਉਸ ਕੋਲ਼ ਕੀਤੀ ਜਾਵੇ। ਉਸ ਨੇ ਕੁੜੀਆਂ ਨੂੰ ਮੈਨੇਜਰ ਦੇ ਨਾਂ ਇਕ ਅਰਜ਼ੀ ਲਿਖਣ ਲਈ ਕਿਹਾ, ਜਿਸ ਵਿਚ ਸਾਰੀ ਗੱਲ ਸੱਚੋ-ਸੱਚ ਲਿਖ ਦਿੱਤੀ ਜਾਵੇ। ਭਾਟੀਆ ਸਾਹਬ ਨਾਲ਼ ਅਜੇ ਗੱਲ ਨਾ ਕੀਤੀ ਜਾਵੇ। ਦੇਵ ਨੂੰ ਡਰ ਸੀ ਕਿ ਜੇ ਉਸ ਨਾਲ਼ ਗੱਲ ਕੀਤੀ ਤਾਂ ਉਹ ਸਮਝੌਤੇ ਵੱਲ ਤੁਰ ਕੇ ਸਾਰੀ ਗੱਲ ਰਫ਼ਾ-ਦਫ਼ਾ ਹੀ ਨਾ ਕਰਵਾ ਦੇਵੇ। ਉਹ ਚਾਹੁੰਦਾ ਸੀ ਕਿ ਹੁਣ ਦੋਨਾਂ ਪ੍ਰੋਫੈਸਰਾਂ ਦਾ ਹਾਲ ਉਹੀ ਹੋਵੇ ਜੋ ਉਸਦੇ ਮਿੱਤਰ ਪ੍ਰੋਫੈਸਰ ਰਸਤੋਗੀ ਦਾ ਹੋਇਆ ਸੀ। ਕੁੜੀਆਂ ਨੇ ਪੂਰੇ ਵਿਸਥਾਰ ਨਾਲ਼ ਅਰਜ਼ੀ ਲਿਖ ਦਿੱਤੀ। ਦੇਵ ਨੇ ਕਿਹਾ ਕਿ ਉਹ ਇਸ ਨੂੰ ਪ੍ਰਧਾਨ ਦੇ ਘਰ ਦੇ ਆਉਣ ਪਰ ਉਹ ਕਹਿਣ ਲੱਗੀਆਂ, 'ਤੁਸੀਂ ਸਾਡੇ ਨਾਲ਼ ਜਾਓਗੇ, ਅਸੀਂ ਤਾਂ ਹੀ ਜਾਵਾਂਗੀਆਂ।'

ਸ਼ਾਮ ਨੂੰ ਜਦੋਂ ਤਿੰਨੋ ਪ੍ਰਧਾਨ ਦੀ ਕੋਠੀ ਪੁੱਜੇ ਤਾਂ ਦੇਖ ਕੇ ਹੈਰਾਨ ਰਹਿ ਗਏ ਕਿ ਪ੍ਰਧਾਨ ਦੇ ਡਰਾਇੰਗ ਰੂਮ ਵਿਚ ਮਨਿੰਦਰ ਸਿੰਘ, ਮਨੀ ਰਾਮ ਸਮੇਤ ਜੁੰਡਲੀ ਵਾਲ਼ੇ ਸਾਰੇ ਪ੍ਰੋਫੈਸਰ ਬੈਠੇ ਸਨ। ਮਨੀ ਰਾਮ ਨੇ ਆਪਣੇ ਮੱਥੇ ਉੱਤੇ ਪੱਟੀ ਬੰਨ੍ਹੀ ਹੋਈ ਸੀ।

'ਲਓ ਸਰ ਜੀ.. ਲੈ ਆਏ ਸਰਦਾਰ ਜੀ, ਉਨ੍ਹਾਂ ਕੁੜੀਆਂ ਨੂੰ ਭੜਕਾ ਕੇ।' ਕੋਈ ਬੋਲਿਆ।

ਦੇਵ ਅਤੇ ਦੋਨਾਂ ਕੁੜੀਆਂ ਨੇ ਪ੍ਰਧਾਨ ਨੂੰ ਨਮਸਤੇ ਕਹੀ। ਉਸ ਦੇ ਕਹਿਣ ਉੱਤੇ ਦੇ ਵ ਸੋਫ਼ੇ ਦੇ ਇਕ ਸਿਰੇ ਤੇ ਬੈਠ ਗਿਆ। ਕੁੜੀਆਂ ਖੜ੍ਹੀਆਂ ਰਹੀਆਂ।

'ਤੁਸੀਂ ਹੁਣ ਜਾਓ, ਮੈਂ ਮਾਮਲੇ ਦੀ ਤਹਿ ਤੱਕ ਜਾਵਾਂਗਾ। ਜੋ ਵੀ ਕਸੂਰਵਾਰ ਹੋਇਆ

ਉਸ ਨੂੰ ਸਜ਼ਾ ਮਿਲੇਗੀ।' ਪ੍ਰਧਾਨ ਨੇ ਕਿਹਾ ਤਾਂ ਉਹ ਸਾਰੇ ਹੱਥ ਜੋੜਦੇ ਉੱਠ ਕੇ ਚਲੇ ਗਏ । ਪ੍ਰਧਾਨ ਬੋਲਿਆ, 'ਬੈਠੋ ਬੇਟਾ ਤੁਸੀਂ ਵੀ।'

ਵੰਦਨਾ ਨੇ ਆਪਣੇ ਬੈਗ' ਚੋਂ ਫਟਿਆ ਕਮੀਜ਼ ਕੱਢ ਕੇ ਪ੍ਰਧਾਨ ਦੇ ਮੂਹਰੇ ਰੱਖ ਦਿੱਤਾ ਤੇ ਰੋਣ ਲੱਗ ਪਈ। ਉਹ ਬੋਲਿਆ, 'ਗੱਲ ਦੱਸੋ ਬੇਟਾ ਕੀ ਹੋਈ ਏ?'

ਰੋਂਦੀ ਵੰਦਨਾ ਨੇ ਆਪਣੇ ਕਮੀਜ਼ ਦਾ ਪਿਛਲਾ ਪੱਲਾ ਗਰਦਣ ਤੱਕ ਉੱਤੇ ਚੁੱਕ ਦਿੱਤਾ। ਉਸ ਦੀ ਪਿੱਠ ਉੱਤੇ ਨਹੁੰਦਰਾਂ ਦੇ ਨਿਸ਼ਾਨ ਸਨ।

'ਹੇਠ ਕਰ ਲੈ ਕਮੀਜ਼ ਬੇਟਾ।' ਪ੍ਰਧਾਨ ਨੇ ਕਿਹਾ ਤੇ ਮੇਜ਼ ਤੇ ਪਏ ਕਮੀਜ਼ ਨੂੰ ਉਲਟ-ਪੁਲ਼ਟ ਕਰ ਕੇ ਦੇਖਣ ਲੱਗਾ।

ਮੀਨਾ ਨੇ ਬਿਨਾਂ ਕੁਝ ਆਖੇ ਉਹ ਅਰਜ਼ੀ ਪ੍ਰਧਾਨ ਦੇ ਅੱਗੇ ਰੱਖ ਦਿੱਤੀ, ਜਿਸ ਵਿਚ ਘਟਨਾ ਦਾ ਸਾਰਾ ਵੇਰਵਾ ਦਰਜ਼ ਸੀ। ਪ੍ਰਧਾਨ ਨੇ ਐਨਕਾਂ ਲਾ ਕੇ ਅਰਜ਼ੀ ਪੜ੍ਹੀ ਤੇ ਆਪਣੀ ਜੇਬ੍ਹ ਵਿੱਚੋਂ ਉਹ ਅਰਜੀ ਕੱਢ ਕੇ ਦੇਵ ਵੱਲ ਵਧਾ ਦਿੱਤੀ, ਜਿਹੜੀ ਮੰਡਲ਼ੀ ਵਾਲੇ ਉਸ ਨੂੰ ਦੇ ਕੇ ਗਏ ਸਨ। ਦੇਵ ਅਤੇ ਦੋਨੋਂ ਕੁੜੀਆਂ ਉਹ ਅਰਜ਼ੀ ਪੜ੍ਹਨ ਲੱਗ ਪਏ। ਉਨ੍ਹਾਂ ਨੇ ਤਾਂ ਸਾਰੀ ਕਹਾਣੀ ਹੀ ਬਦਲ ਦਿੱਤੀ ਸੀ। ਉਨ੍ਹਾਂ ਲਿਖਿਆ ਸੀ ਕਿ ਪ੍ਰੋਫੈਸਰ ਦੇਵ ਉਨ੍ਹਾਂ ਨਾਲ਼ ਇਸ ਕਰ ਕੇ ਖਾਰ ਖਾਂਦਾ ਸੀ ਕਿ ਉਨ੍ਹਾਂ ਨੇ ਉਸ ਦੇ ਬਦਚਲਣ ਦੋਸਤ ਪ੍ਰੋਫ਼ੈਸਰ ਰਸਤੋਗੀ ਨੂੰ ਰੰਗੇ ਹੱਥੀਂ ਕਿਸੇ ਵਿਦਿਆਰਥਣ ਨਾਲ਼ ਇਤਰਾਜ਼ਯੋਗ ਹਾਲਤ ਵਿਚ ਫੜਿਆ ਸੀ। ਉਹ ਮੌਕੇ ਦੀ ਤਲਾਸ਼ ਵਿਚ ਸੀ ਕਿ ਉਨ੍ਹਾਂ ਪ੍ਰੋਫੈਸਰਾਂ ਵਿੱਚੋਂ ਜੋ ਵੀ ਉਸ ਦੇ ਢਹੇ ਚੜ੍ਹੇ ਉਹ ਉਸ ਨੂੰ ਕਿਸੇ ਚੱਕਰ ਵਿਚ ਫਸਾ ਲਵੇ। ਪ੍ਰੋਫੈਸਰ ਦੇਵ ਇਕ ਸ਼ੈਤਾਨ ਕਿਸਮ ਦਾ ਕੁੜੀਆਂ ਦਾ ਸੋਸ਼ਣ ਕਰਨ ਵਾਲ਼ਾ ਬਦਮਾਸ਼ ਬੰਦਾ ਹੈ। ਵੰਦਨਾ ਤੇ ਮੀਨਾ ਦੋਨੋਂ ਪੰਜਾਬੀ ਕੁੜੀਆਂ ਹਨ, ਜਿਨ੍ਹਾਂ ਕੋਲ਼ ਉਹ ਹਰ ਤੀਜੇ ਚੌਥੇ ਦਿਨ ਰਾਤ ਨੂੰ ਜਾਂਦਾ ਸੀ ਤੇ ਸ਼ਰਾਬ ਪੀਂਦਾ ਸੀ। ਮੌਜ ਮਸਤੀ ਕਰਦਾ ਸੀ। ਕੱਲ੍ਹ ਉਨਾਂ ਨੇ ਛੁਪ ਕੇ ਪ੍ਰੋਫੈਸਰ ਦੇਵ ਦਾ ਪਿੱਛਾ ਕੀਤਾ। ਜਦੋਂ ਉਹ ਕੁੜੀਆਂ ਦੇ ਘਰ ਪੁੱਜ ਗਿਆ। ਕੁਝ ਸਮਾਂ ਉਡੀਕਣ ਮਗਰੋਂ ਪ੍ਰੋਫੈਸਰ ਮਨਿੰਦਰ ਸਿੰਘ ਤੇ ਮਨੀ ਰਾਮ ਰਾਤ ਦੇ ਦਸ ਵਜੇ ਕੁੜੀਆਂ ਦੇ ਦਰ ਅੱਗੇ ਪਹੁੰਚ ਗਏ। ਉਨ੍ਹਾਂ ਨੇ ਦਰਵਾਜ਼ੇ ਦੀਆਂ ਵਿਰਲਾਂ ਥਾਣੀ ਦੇਖਿਆ ਤਾਂ ਬਰਾਂਡੇ ਵਿਚ ਮੇਜ਼ ਅੱਗੇ ਬੈਠਾ ਉਹ ਸ਼ਰਾਬ ਵੀ ਪੀ ਰਿਹਾ ਸੀ ਤੇ ਬਗਲ ਨਾਲ਼ ਲੱਗੀਆਂ ਬੈਠੀਆਂ ਕੁੜੀਆਂ ਨਾਲ਼ ਅਸ਼ਲੀਲ ਹਰਕਤਾਂ ਵੀ ਕਰ ਰਿਹਾ ਸੀ। ਉਨ੍ਹਾਂ ਨੇ ਮੀਨਾ ਦਾ ਨਾਂ ਲੈ ਕੇ ਦਰ ਖੜਕਾਇਆ ਤਾਂ ਪ੍ਰੋਫੈਸਰ ਦੇਵ ਨੇ ਦਰ ਖੋਲ੍ਹਦੇ ਸਾਰ ਪ੍ਰੋਫੈਸਰ ਮਨੀ ਰਾਮ ਦੇ ਮੱਥੇ ਵਿਚ ਬੋਤਲ ਮਾਰ ਦਿੱਤੀ ਤੇ ਉੱਥੋਂ ਦੌੜ ਆਇਆ। ਮਨਿੰਦਰ ਸਿੰਘ ਨੇ ਉਸ ਨੂੰ ਚੁੱਕ ਕੇ ਹਸਪਤਾਲ ਪੁਜਾਇਆ। ਪ੍ਰੋਫੈਸਰ ਦੇਵ ਇਕ ਗੁੰਡਾ ਬੰਦਾ ਹੈ, ਉਸ ਵਿਰੁੱਧ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਪੁਲੀਸ ਰਿਪੋਰਟ ਇਸ ਲਈ ਨਹੀਂ ਲਿਖਵਾਈ ਕਿ ਕੁੜੀਆਂ ਦੀ ਬਦਨਾਮੀ ਹੋਣ ਨਾਲ਼ ਕਾਲਜ ਦੀ ਬਦਨਾਮੀ ਵੀ ਹੋਵੇਗੀ।

'ਬੇਟੀ ਜਨਮ ਦਿਨ ਮਨਾਉਣ ਲਈ ਪ੍ਰੋਫੈਸਰ ਦੇਵ ਹਾਜ਼ਰ ਹੋਏ ਸਨ?' ਉਸ ਨੇ ਪੁੱਛਿਆ।

'ਸਰ ਅਸੀਂ ਅਰਜ਼ੀ ਵਿਚ ਲਿਖ ਦਿੱਤਾ ਏ ਕਿ ਅਸੀਂ ਦੋਨਾਂ ਨੇ ਇਨ੍ਹਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਸੀ, ਪਰ ਇਹ ਮੰਨੇ ਨਹੀਂ ਸਨ।'

ਸਾਰੀ ਕਹਾਣੀ ਉਲਝ ਗਈ। ਪ੍ਰਧਾਨ ਨੇ ਮੱਥੇ ਤੇ ਹੱਥ ਮਾਰ ਕੇ ਕਿਹਾ, 'ਇਕੱਲਾ ਇਹ ਫਟਿਆ ਕਮੀਜ਼ ਤੁਹਾਡੀ ਸਚਾਈ ਦਾ ਸਬੂਤ ਨਹੀਂ ਬਣ ਸਕਦਾ।'

'ਸਰ, ਮੈਂ ਆਪਣੀ ਪਿੱਠ ਤੇ ਝਰੀਟਾਂ ਦਿਖਾਈਆਂ ਨੇ। ਕੀ ਇਹ ਸਬੂਤ ਤੋਂ ਘੱਟ ਨੇ ?'

'ਇਹ ਵੀ ਸਬੂਤ ਚਾਹੀਦਾ ਏ ਬੇਟੀ ਕਿ ਇਹ ਝਰੀਟਾਂ ਉਨ੍ਹਾਂ ਦੇ ਨਹੁੰਆਂ ਦੀਆਂ ਹੀ ਹਨ।'

'ਸਰ ਪ੍ਰੋਫੈਸਰ ਦੇਵ ਤਾਂ ਉੱਥੇ ਹੈ ਹੀ ਨਹੀਂ ਸਨ। ਇਨ੍ਹਾਂ ਨੂੰ ਤਾਂ ਅਸੀਂ ਅੱਜ ਦੁਪਹਿਰ ਵੇਲ਼ੇ ਸਾਰੀ ਘਟਨਾ ਦੱਸੀ ਏ।'

'ਪ੍ਰੋਫੈਸਰ ਦੇਵ, ਤੁਸੀਂ ਕੱਲ੍ਹ ਸ਼ਾਮ ਨੂੰ ਦਸ ਵਜੇ ਕਿੱਥੇ ਸੀ?'

'ਸਰ ਮੈਂ ਕੱਲ੍ਹ ਪ੍ਰੋਫੈਸਰ ਡੇਨੀਅਲ ਆਡਲ ਨਾਲ਼ ਨੌਂ ਤੋਂ ਬਾਰਾਂ ਵਜੇ ਦਾ ਗੁੱਡ ਟਾਈਮਜ਼ ਥਿਏਟਰ ਵਿਚ ਸ਼ੋਅ ਦੇਖ ਰਿਹਾ ਸਾਂ।' ਉਸ ਨੇ ਦੱਸਿਆ।

'ਮਿਸਟਰ ਡੇਨੀਅਲ ਜੇ ਇਹ ਗੱਲ ਕਹਿ ਦੇਣਗੇ ਤਾਂ ਮੈਂ ਕੱਲ੍ਹ ਹੀ ਉਨ੍ਹਾਂ ਦੋਨਾਂ ਨੂੰ ਕਾਲਜ ਤੋਂ ਭਜਾ ਦਿਆਂਗਾ।' ਪ੍ਰਧਾਨ ਨੇ ਕਿਹਾ।

ਪ੍ਰਧਾਨ ਦੇ ਕਹਿਣ ਉੱਤੇ ਕੁੜੀਆਂ ਉੱਠ ਕੇ ਚਲੀਆਂ ਗਈਆਂ। ਦੇਵ ਨੂੰ ਉਸ ਨੇ ਬੈਠਣ ਲਈ ਕਿਹਾ। ਉਹ ਬੋਲਿਆ, ' ਸਰ ਮੈਨੂੰ ਫਜ਼ੂਲ ਵਿਚ ਫਸਾਉਣ ਦਾ ਯਤਨ ਹੋ ਰਿਹਾ ਹੈ।'

'ਠੀਕ ਏ ਤੂੰ ਚਿੰਤਾ ਨਾ ਕਰ। ਮੈਂ ਕੱਲ੍ਹ ਪੂਰੀ ਤਫ਼ਤੀਸ਼ ਕਰਾਂਗਾ।'

'ਸਰ ਮੈਂ ਜਾਵਾਂ?' ਦੇਵ ਨੇ ਪੁੱਛਿਆ।

'ਬੈਠੋ, ਬੱਚਿਆਂ ਨੂੰ ਮਿਲ ਕੇ ਜਾਣਾ।'

ਬੱਚੇ ਵੀ ਆ ਗਏ ਤੇ ਨਾਲ਼ ਉਨ੍ਹਾਂ ਦੀ ਮੰਮੀ ਵੀ। ਦੇਵ ਨਾਲ਼ ਉਹ ਗੱਲਾਂ ਮਾਰਨ ਲੱਗੇ , ਪਰ ਉਸ ਦਾ ਮਨ ਠੀਕ ਨਹੀਂ ਸੀ। ਉਹ ਕਹਿਣ ਲੱਗੇ ਕਿ ਉਹ ਉਨ੍ਹਾਂ ਤੋਂ ਪੰਜਾਬੀ ਸ਼ਬਦਾਂ ਦੇ ਸਪੈਲਿੰਗ ਪੁੱਛਣ। ਦੇਵ ਉਨ੍ਹਾਂ ਨੂੰ ਉੱਖੜੇ ਮਨ ਨਾਲ਼ ਬਦਮਾਸ਼, ਗੁੰਡੇ, ਥੋਖੇਬਾਜ਼, ਜ਼ਾਲਮ ਵਰਗੇ ਸ਼ਬਦਾਂ ਦੇ ਸਪੈਲਿੰਗ ਪੁੱਛਦਾ ਰਿਹਾ। ਚਾਹ ਬਗੈਰਾ ਪੀਣ ਮਗਰੋਂ ਜਦੋਂ ਉਹ ਕੋਠੀ ਤੋਂ ਬਾਹਰ ਨਿਕਲ਼ਿਆ ਤਾਂ ਕਾਫ਼ੀ ਹਨੇਰਾ ਹੋ ਚੁੱਕਾ ਸੀ। ਦੇਵ ਆਪਣੇ ਘਰ ਤੋਂ ਥੋੜ੍ਹਾ ਉਰੇ ਹੀ ਸੀ ਕਿ ਕੋਈ ਬੰਦਾ ਉਸ ਵੱਲ ਦੌੜਿਆ ਆਇਆ ਤੇ ਉਸਦੇ ਸਾਇਕਲ ਦੇ ਪਹੀਏ ਵਿਚ ਹਾਕੀ ਫਸਾ ਦਿੱਤੀ। ਦੇਵ ਡਿਗਿਆ ਤਾਂ ਤਿੰਨ ਚਾਰ ਜਣੇ ਹੋਰ ਨਿਕਲ਼ ਆਏ। ਸਭ ਨੇ ਮੂੰਹ ਬੰਨ੍ਹੇ ਹੋਏ ਸਨ। ਉਹ ਉਸਦੇ ਹਾਕੀਆਂ ਮਾਰਨ ਲੱਗੇ। ਦੇਵ ਦੀ ਪਗੜੀ ਡਿਗ ਪਈ ਤੇ ਨੱਕ' ਚੋਂ ਖ਼ੂਨ ਵਹਿਣ ਲੱਗਾ। ਉਹ ਉੱਠ ਕੇ ਉੱਥੋਂ ਦੌੜ ਲਿਆ। ਕਾਫੀ ਦੇਰ ਉਸੇ ਤਰ੍ਹਾਂ ਦੌੜੀ ਗਿਆ ਤੇ ਪ੍ਰਧਾਨ ਦੀ ਕੋਠੀ ਪਹੁੰਚ ਗਿਆ। ਉਹ ਗੇਟ ਖੜਕਾਉਣ ਲੱਗਾ। ਨੌਕਰ ਨੇ ਗੇ ਟ ਖੋਲ੍ਹ ਦਿੱਤਾ। ਪ੍ਰਧਾਨ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਵਿਹੜੇ ਵਿਚ ਆ ਗਿਆ। ਉਹ ਬੋਲਿਆ, 'ਯੇ ਹਰਾਮਜ਼ਾਦੇ ਯਹਾਂ ਤੱਕ ਪਹੁੰਚ ਗਏ। ਮੈਂ ਅਭੀ ਪ੍ਰੋਫੈਸਰ ਡੇਨੀਅਲ ਕੇ ਪਾਸ ਜਾਤਾ ਹੂੰ।'

ਉਸ ਨੇ ਨੌਕਰ ਭੇਜ ਕੇ ਦੇਵ ਦਾ ਸਾਇਕਲ ਅਤੇ ਪਗੜੀ ਮੰਗਵਾਏ ਤੇ ਕਿਸੇ ਨੂੰ ਬਾਹਰੋਂ ਬੁਲਾ ਕੇ ਦੇਵ ਨਾਲ਼ ਭੇਜਿਆ। ਦੇਵ ਬਹੁਤ ਡਰ ਗਿਆ ਸੀ।

ਅਗਲੇ ਦਿਨ ਡੇਨੀਅਲ ਦੀ ਗਵਾਹੀ ਨੇ ਸੱਚ ਝੂਠ ਦਾ ਨਿਤਾਰਾ ਕਰ ਦਿੱਤਾ। ਆਪਣੀਆਂ ਹੀ ਵਿਦਿਆਰਥਣਾਂ ਨਾਲ਼ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਾ ਕੇ ਦੋਨਾਂ ਪ੍ਰੋਫੈਸਰਾਂ ਨੂੰ ਕਾਲਜ ਤੋਂ ਕੱਢ ਦਿੱਤਾ ਗਿਆ। ਪ੍ਰਿੰਸੀਪਲ ਭਾਟੀਆ ਨੇ ਦੇਵ ਨੂੰ ਆਪਣੇ ਕੋਲ਼ ਬੁਲਾ ਕੇ ਆਪਣੀ ਨਰਾਜ਼ਗੀ ਪ੍ਰਗਟਾਈ ਕਿ ਇਸ ਦੀ ਸ਼ਿਕਾਇਤ ਪਹਿਲਾਂ ਉਸ ਕੋਲ਼ ਆਉਣੀ ਚਾਹੀਦੀ ਸੀ। ਇਹ ਵੀ ਕਿਹਾ ਕਿ ਹੁਣ ਉਹ ਇਕੱਲਾ ਐਨੇ ਜਣਿਆਂ ਦਾ ਮੁਕਾਬਲਾ ਕਦ ਤੱਕ ਕਰਦਾ ਰਹੇਗਾ। ਜਿਨ੍ਹਾਂ ਨੂੰ ਕੱਢ ਦਿੱਤਾ ਹੈ, ਕੀ ਉਹ ਟਿਕ ਕੇ ਬੈਠਣਗੇ?

'ਫੇਰ ਸਰ ਮੈਂ ਹੁਣ ਕੀ ਕਰਾਂ?'

'ਤੂੰ ਜੋ ਕਰਨਾ ਏਂ ਕਰ ਭਾਈ। ਮੈਂ ਕੀ ਦੱਸਾਂ?' ਪ੍ਰਿੰਸੀਪਲ ਵੀ ਉਸ ਤੋਂ ਕਿਨਾਰਾ ਕਰ ਗਿਆ।

ਜਦੋਂ ਉਹ ਕ੍ਰਿਸ਼ਨਾ ਨਗਰ ਜਾ ਕੇ ਆਪਣੇ ਕਮਰੇ ਦਾ ਤਾਲ਼ਾ ਖੋਲ੍ਹਣ ਲੱਗਾ ਤਾਂ ਦੇ ਵ ਕੋਲ਼ ਇਕ ਅਜਨਬੀ ਨੇ ਆਪਣਾ ਸਾਇਕਲ ਆ ਰੋਕਿਆ ਤੇ ਬੋਲਿਆ, 'ਪ੍ਰੋਫੈਸਰ ਦੇ ਵ ਜੀ ਅੱਜ ਹੀ ਆਪਣੇ ਘਰ ਤਾਰ ਦੇ ਦੇਣੀ ਕਿ ਆਉਂਦੇ ਐਤਵਾਰ ਤੱਕ ਤੇਰੀ ਲਾਸ਼ ਨਹਿਰ ਵਿੱਚੋਂ ਲੱਭ ਲੈਣ।'

ਦੇਵ ਨੇ ਅੰਦਰ ਵੜ ਕੇ ਕੱਪੜੇ ਖੋਲ੍ਹੇ ਤੇ ਸੋਚਣ ਲੱਗਾ ਕਿ ਕਿਸ ਨਾਲ਼ ਗੱਲ ਕਰੇ । ਫਿਰ ਉਸ ਨੇ ਆਪਣੇ ਟਰੰਕ' ਚੋਂ ਬੋਤਲ ਕੱਢੀ ਤੇ ਪੀਣ ਬੈਠ ਗਿਆ। ਅੱਧੀ ਕੁ ਰਾਤ ਹੋਈ ਹੋਵੇਗੀ ਜਦੋਂ ਪ੍ਰਿੰਸੀਪਲ ਦੇ ਨਾਂ ਆਪਣਾ ਅਸਤੀਫ਼ਾ ਲਿਖ ਕੇ ਉਹ ਸਮਾਨ ਬੰਨ੍ਹਣ ਲੱਗ ਪਿਆ।

**00**

# ਇਕ ਸੌ ਨੌਂ

ਆਪਣੇ ਨਾਲ਼ ਦੋਰਾਹੇ ਲੈ ਕੇ ਜਾਣ ਲਈ ਦੇਵ ਨੇ ਇਕ ਟਰੰਕ, ਬਿਸਤਰਬੰਨ੍ਹ ਤੇ ਦੋ ਬੈਗ ਤਿਆਰ ਕਰ ਲਏ। ਇਨ੍ਹਾਂ ਵਿਚ ਉਸ ਨੇ ਉਹੀ ਸਮਾਨ ਪਾਇਆ ਜਿਹੜਾ ਅਤਿ ਜ਼ਰੂਰੀ ਸੀ। ਲੋਹੇ ਦਾ ਪਲੰਘ, ਗਲੀਚਾ, ਅਲਮਾਰੀ ਤੇ ਮੇਜ਼-ਕੁਰਸੀਆਂ ਬਗੈਰਾ ਉਹ ਬਿਲਟੀ ਕਰਵਾ ਕੇ ਟਰੱਕ ਰਾਹੀਂ ਭੇਜ ਸਕਦਾ ਸੀ ਪਰ ਉਹ ਆਪਣੀ ਬੇਬੇ ਜਾਂ ਕਿਸੇ ਹੋਰ ਨੂੰ ਇਹ ਗੱਲ ਨਹੀਂ ਸੀ ਦੱਸਣਾ ਚਾਹੁੰਦਾ ਕਿ ਉਹ ਹਿਸਾਰ ਕਾਲਜ ਤੋਂ ਅਸਤੀਫ਼ਾ ਦੇ ਕੇ ਆ ਰਿਹਾ ਸੀ। ਜੇ ਉਸ ਨੂੰ ਅਸਲੀਅਤ ਪਤਾ ਲੱਗ ਗਈ ਤਾਂ ਉਹ ਤਾਂ ਹੌਲ਼ੀ ਨਾਲ਼ ਹੀ ਪ੍ਰਾਣ ਤਿਆਗ ਦੇਵੇਗੀ। ਆਪ ਭਾਵੇਂ ਉਸ ਨੇ ਬਹੁਤ ਵੱਡੇ ਵੱਡੇ ਦੁੱਖ ਸਹੇ ਸਨ, ਪਰ ਆਪਣੀ ਔਲਾਦ ਦਾ ਨਿੱਕਾ ਜਿਹਾ ਦੁੱਖ ਸਹਿਣ ਦੀ ਵੀ ਉਸ ਵਿਚ ਸੱਤਿਆ ਨਹੀਂ ਸੀ। ਬੜੀ ਮੁਸ਼ਕਲ ਅਤੇ ਸੱਧਰ ਨਾਲ਼ ਖਰੀਦਿਆ ਇਹ ਸਾਰਾ ਸਮਾਨ ਉਸ ਨੇ ਆਪਣੇ ਮਕਾਨ ਮਾਲਕ ਢੀਂਗਰੇ ਨੂੰ ਦੇਣ ਦਾ ਮਨ ਬਣਾ ਲਿਆ। ਦੇਵ ਸਵੇਰੇ ਹੀ ਸੋਚਾਂ ਵਿਚ ਡੁੱਬਿਆ ਵਿਹੜੇ ਵਿਚ ਕੁਰਸੀ ਡਾਹੀ ਬੈਠਾ ਸੀ ਕਿ ਢੀਂਗਰੇ ਨੇ ਉਸ ਨੂੰ ਅਵਾਜ਼ ਮਾਰ ਲਈ, 'ਆ ਜਾਓ ਪ੍ਰੋਫੈਸਰ ਸਾਹਬ ਚਾਹ ਦਾ ਕੱਪ ਪੀਂਦੇ ਹਾਂ।'

ਦੇਵ ਨੇ ਮੁਸਕਰਾ ਕੇ ਉਸ ਨੂੰ ਨਮੱਸਤੇ ਕਹੀ ਤੇ ਪੌੜੀਆਂ ਚੜ੍ਹ ਗਿਆ। ਉਸ ਦੀ ਪਤਨੀ ਹਰਕੇਸ਼ ਮੈਕਸੀ ਦਾ ਇਕ ਪਾਸਾ ਉੱਤੇ ਨੂੰ ਚੁੱਕੀ ਨਿੱਕੀ ਬੱਚੀ ਨੂੰ ਦੁੱਧ ਪਿਲਾ ਰਹੀ ਸੀ। ਉਹ ਮੁਸਕਰਾ ਕੇ ਉੱਠ ਖੜ੍ਹੀ ਹੋਈ ਤੇ ਬੋਲੀ, 'ਆ ਜਾਓ ਵੀਰ ਜੀ... ਪਤਾ ਨਹੀਂ ਕਿੱਥੇ ਰਹਿੰਦੇ ਹੋ ਤੁਸੀਂ... ਇਹ ਤਾਂ ਰਾਤ ਵੀ ਦੇਖਦੇ ਰਹੇ।'

'ਵੱਡੇ ਬੰਦੇ ਨੇ ਇਹ ਹਰਕੇਸ਼... ਸਾਡੇ ਨਾਲ਼ ਕਾਹਨੂੰ ਗੱਲ ਕਰਦੇ ਨੇ।' ਢੀਂਡਸਾ ਬੋਲਿਆ ਤੇ ਇਕ ਕੁਰਸੀ ਦੇਵ ਨੂੰ ਦੇ ਦੂਜੀ ਆਪ ਲਈ ਖਿੱਚ ਲਿਆਇਆ। ਉਹ ਦੋਨੋਂ ਕੁਰਸੀਆਂ ਤੇ ਬੈਠ ਗਏ।

'ਕਿੱਥੇ ਸੀਗੇ ਦੇਵ ਜੀ ਤੁਸੀਂ? ਮੈਂ ਤਾਂ ਕਈ ਦਿਨ ਤੋਂ ਤੁਹਾਨੂੰ ਦੇਖਿਆ ਹੀ ਨਹੀਂ।'

'ਬੱਸ ਘਰ ਆਉਣ ਨੂੰ ਲੇਟ ਹੁੰਦਾ ਰਿਹਾ।' ਦੇਵ ਨੇ ਕਿਹਾ।

'ਹੋਰ ਕਿਵੇਂ ਚਲਦਾ ਏ ਕਾਲਜ ਦਾ?' ਉਹ ਬੋਲਿਆ।

'ਬੱਸ ਕਾਲਜ ਦਾ ਅੰਨ ਪਾਣੀ ਤਾਂ ਖ਼ਤਮ ਹੋ ਗਿਆ ਢੀਂਡਸਾ ਸਾਹਬ।'

'ਕੀ ਗੱਲ ਵੀਰ ਜੀ, ਇਹ ਕੀ ਕਹਿ ਰਹੇ ਹੋ?' ਹਰਕੇਸ਼ ਬੋਲੀ।

'ਭੈਣ ਜੀ ਮੈਨੂੰ ਪੰਜਾਬ ਵਿਚ ਇਸ ਤੋਂ ਚੰਗੀ ਨੌਕਰੀ ਮਿਲ ਗਈ ਏ। ਬੱਸ ਅੱਜ ਸ਼ਾਮ ਦੀ ਗੱਡੀ ਜਾ ਰਿਹਾ ਹਾਂ।'

'ਅੱਜ ਹੀ? ਇਹ ਤਾਂ ਬੜੀ ਮਾੜੀ ਖ਼ਬਰ ਏ।' ਢੀਂਡਸਾ ਬੋਲਿਆ। ਹਰਕੇਸ਼ ਦੇ ਤਾਂ ਪਰਲ਼ ਪਰਲ਼ ਹੰਝੂ ਹੀ ਵਹਿਣ ਲੱਗ ਪਏ।

'ਨਹੀਂ ਵੀਰ ਜੀ, ਅਸੀਂ ਨਹੀਂ ਜਾਣ ਦਿਆਂਗੇ ਤੁਹਾਨੂੰ। ਨਹੀਂ ਦੇਣਾ ਅਸਤੀਫਾ।'

'ਭੈਣ ਜੀ ਮੈਨੂੰ ਜਾਣਾ ਹੀ ਪੈਣਾ ਹੈ। ਬੱਸ ਕੋਈ ਗਲਤੀ ਹੋਵੇ ਆਪਣੇ ਭਰਾ ਨੂੰ ਮਾਫ਼ ਕਰ ਦੇਣਾ। ਤੁਹਾਡੇ ਨਾਲ਼ ਬਹੁਤ ਵਧੀਆ ਸਮਾਂ ਬਤੀਤ ਕੀਤਾ ਏ।'

ਉਨ੍ਹਾਂ ਨਾਲ਼ ਦੇਵ ਦੀ ਐਨੀ ਸਾਂਝ ਵਧਣ ਦਾ ਕਾਰਨ ਇਕ ਹੋਰ ਵੀ ਸੀ। ਦੋ ਕੁ ਹਫ਼ਤੇ ਪਹਿਲਾਂ ਸ਼ਾਮ ਵੇਲ਼ੇ ਹਰਕੇਸ਼ ਬਰਾਂਡੇ ਵਿਚ ਟੇਬਲ ਫੈਨ ਲਾਉਣ ਲੱਗੀ ਸੀ ਕਿ ਉਸ ਨੂੰ ਬਿਜਲੀ ਦਾ ਜ਼ਬਰਦਸਤ ਝਟਕਾ ਲੱਗ ਗਿਆ। ਉਸ ਨੇ ਉੱਚੀ ਚੀਕ ਮਾਰੀ ਤੇ ਉੱਥੇ ਹੀ ਡਿਗ ਪਈ। ਅਵਾਜ਼ ਸੁਣ ਕੇ ਦੇਵ ਦੌੜ ਕੇ ਪੌੜੀਆਂ ਚੜ੍ਹਿਆ। ਉਹ ਤਾਂ ਬੇਹੋਸ਼ ਹੋਈ ਚੌਫ਼ਾਲ ਡਿਗੀ ਪਈ ਸੀ। ਦੇਵ ਨੇ ਪਲੱਗ' ਚੋਂ ਪੱਖੇ ਦੀ ਤਾਰ ਖਿੱਚ ਦਿੱਤੀ ਤੇ ਹਰਕੇਸ਼ ਦਾ ਪੇਟ ਦਬਾ ਕੇ ਬਨਾਉਣੀ ਸਾਹ ਦੇਣ ਲੱਗਾ। ਕਈ ਗੁਆਂਢੀ ਮਰਦ ਔਰਤਾਂ ਵੀ ਉੱਥੇ ਪਹੁੰਚ ਗਏ ਸਨ। ਦੇਵ ਨੇ ਹਰਕੇਸ਼ ਦੇ ਮੂੰਹ ਤੇ ਚੁੰਨੀ ਸੁੱਟ ਉਸ ਦੇ ਮੂੰਹ ਵਿਚ ਬੜੀ ਜ਼ੋਰ ਨਾਲ਼ ਆਪਣਾ ਸਾਹ ਛੱਡਿਆ ਤਾਂ ਉਹ ਹਰਕਤ ਵਿਚ ਆ ਗਈ ਤੇ ਆਪਣੀਆਂ ਅੱਖਾਂ ਖੋਲ੍ਹ ਦਿੱਤੀਆਂ।

'ਵੀਰ ਜੀ ਕੀ ਹੋ ਗਿਆ ਸੀ ਮੈਨੂੰ?' ਉਹ ਉੱਠਦੀ ਬੋਲੀ ਸੀ।

'ਭੈਣ ਤੁਹਾਨੂੰ ਕਰੰਟ ਲੱਗ ਗਿਆ ਸੀ। ਦੇਵ ਉਸ ਦੇ ਮੂੰਹ ਨੂੰ ਗਿਲਾਸ ਲਾਈ ਪਾਣੀ ਪਿਲਾ ਰਿਹਾ ਸੀ ਕਿ ਢੀਂਗਰਾ ਵੀ ਆ ਗਿਆ। ਬੜੀ ਉੱਚੀ ਅਵਾਜ਼ ਵਿਚ ਉਹ ਚੀਕ ਪਿਆ, 'ਹਰਕੇਸ਼ ਕੀ ਹੋ ਗਿਆ ਤੈਨੂੰ?'

'ਕਰੰਟ ਲੱਗ ਗਿਆ ਸੀ। ਹੁਣ ਉਹ ਠੀਕ ਏ।' ਦੇਵ ਨੇ ਕਿਹਾ।

ਉਹ ਹਰਕੇਸ਼ ਨੂੰ ਲਿਪਟ ਹੀ ਗਿਆ ਤੇ ਰੋਈ ਗਿਆ। ਆਲ਼ੇ-ਦੁਆਲ਼ੇ ਖੜ੍ਹੇ ਸਾਰੇ

ਜਣੇ ਦੇਵ ਦੀਆਂ ਸਿਫ਼ਤਾਂ ਕਰਨ ਲੱਗੇ ਕਿ ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਫਸਟ ਏਡ ਕਿਵੇਂ ਦੇਣੀ ਸੀ। ਸਾਰੇ ਮੁਹੱਲੇ ਵਿਚ ਦੇਵ ਦੀਆਂ ਹੀ ਗੱਲਾਂ ਹੋ ਰਹੀਆਂ ਸਨ ਤੇ ਲੋਕ ਖ਼ਬਰ ਨੂੰ ਆ ਰਹੇ ਸਨ।

ਸ਼ਾਮ ਨੂੰ ਉਹ ਫਿਰ ਦੇਵ ਕੋਲ਼ ਆ ਗਏ ਸਨ। ਹਰਕੇਸ਼ ਰੋਂਦੀ ਬੋਲੀ ਸੀ, 'ਦੇਖੋ ਵੀਰ ਜੀ ਤੁਸੀਂ ਮੇਰੀ ਜਾਨ ਬਚਾਈ ਏ। ਅੱਜ ਤੋਂ ਤੁਸੀਂ ਮੇਰੇ ਭਰਾ ਹੋ। ਅਸੀਂ ਤੁਹਾਥੋਂ ਮਕਾਨ ਦਾ ਕੋਈ ਕਿਰਾਇਆ ਨਹੀਂ ਲਵਾਂਗੇ। ਤੁਹਾਨੂੰ ਰੋਟੀ ਵੀ ਰੋਜ਼ ਸਾਡੇ ਨਾਲ਼ ਖਾਣੀ ਹੋਵੇਗੀ।

ਉਸ ਦੀ ਗੱਲ ਸੁਣ ਕੇ ਦੇਵ ਹੱਸਣ ਲੱਗ ਪਿਆ ਸੀ, 'ਭਰਾ ਤਾਂ ਮੈਂ ਤੁਹਾਡਾ ਪਹਿਲਾਂ ਹੀ ਹਾਂ। ਭਰਾ ਭੈਣ ਦੇ ਘਰ ਥੋੜ੍ਹੋ ਖਾਇਆ ਕਰਦੇ ਨੇ।'

ਢੀਂਗਰਾ ਉੱਤੇ ਜਾ ਕੇ ਬੋਤਲ ਚੁੱਕ ਲਿਆਇਆ ਸੀ ਤੇ ਉਹ ਬੜੀ ਦੇਰ ਬੈਠੇ ਗੱਲਾਂ ਕਰਦੇ ਰਹੇ ਸਨ।

ਤੇ ਹੁਣ ਹਰਕੇਸ਼ ਦਾ ਦੇਵ ਦੇ ਹਿਸਾਰ ਤੋਂ ਜਾਣ ਬਾਰੇ ਸੁਣ ਕੇ ਰੋ ਪੈਣਾ ਸੁਭਾਵਕ ਹੀ ਸੀ। ਦੇਵ ਚਾਹ ਪੀਣ ਮਗਰੋਂ ਢੀਂਗਰੇ ਨੂੰ ਹੇਠ ਲੈ ਆਇਆ ਤਾਂ ਹਰਕੇਸ਼ ਵੀ ਉਸ ਦੇ ਨਾਲ਼ ਹੀ ਪੌੜੀਆਂ ਉਤਰ ਆਈ। ਦੇਵ ਨੇ ਕਿਹਾ, ' ਦੇਖੋ ਢੀਂਡਸਾ ਸਾਹਿਬ ਮੈਂ ਆਹ ਬਿਸਤਰ ਬੰਨ੍ਹ, ਟਰੰਕ ਤੇ ਦੋ ਬੈਗ ਹੀ ਨਾਲ਼ ਲੈ ਕੇ ਜਾਵਾਂਗਾ। ਬਾਕੀ ਸਾਰਾ ਸਮਾਨ ਮੈਂ ਆਪਣੀ ਭੈਣ ਹਰਕੇਸ਼ ਨੂੰ ਦੇ ਰਿਹਾ ਹਾਂ।'

'ਨਹੀਂ ਦੇਵ ਜੀ ਅਸੀਂ ਕਿਵੇਂ ਲੈ ਸਕਦੇ ਹਾਂ?' ਢੀਂਗਰਾ ਬੋਲਿਆ।

'ਤੁਹਾਨੂੰ ਨਹੀਂ, ਆਪਣੀ ਭੈਣ ਨੂੰ ਦੇ ਰਿਹਾ ਹਾਂ।'

'ਵੀਰ ਜੀ, ਅਸੀਂ ਤੁਹਾਡਾ ਸਮਾਨ ਦੋਰਾਹੇ ਭੇਜ ਦਿਆਂਗੇ।'

'ਨਹੀਂ ਭੈਣ ਜੀ, ਇਸ ਸਮਾਨ ਦੀ ਉੱਥੇ ਕੋਈ ਲੋੜ ਨਹੀਂ।'

ਕਾਲਜ ਜਾ ਕੇ ਦੇਵ ਅਸਤੀਫ਼ਾ ਵੀ ਦੇ ਆਇਆ ਤੇ ਤਜ਼ਰਬਾ ਸਰਟੀਫਿਕੇਟ ਵੀ ਬਣਵਾ ਲਿਆਇਆ। ਪ੍ਰਿੰਸੀਪਲ ਨੇ ਉਸ ਨੂੰ ਐਨੀ ਕਾਹਲ਼ੀ ਨਾ ਕਰਨ ਲਈ ਕਿਹਾ, ਪਰ ਉਹ ਤਾਂ ਉੱਥੋਂ ਜਾਣ ਦਾ ਫੈਸਲਾ ਕਰ ਚੁੱਕਾ ਸੀ। ਦੇਵ ਦੇ ਇਸ ਫੈਸਲੇ ਤੋਂ ਸਭ ਤੋਂ ਵੱਧ ਡੇਨੀਅਲ ਆਡਲ ਪਰੇਸ਼ਾਨ ਹੋਇਆ। ਉਸ ਨੇ ਇਸ ਹਾਲਾਤ ਦਾ ਡਟ ਕੇ ਮੁਕਾਬਲਾ ਕਰਨ ਲਈ ਵੀ ਦੇਵ ਨੂੰ ਕਿਹਾ। ਪਰ ਦੇਵ ਨੇ ਦੱਸਿਆ ਕਿ ਉਸ ਦੀ ਐਥੋਂ ਜਾਣ ਵਿਚ ਹੀ ਬੇਹਤਰੀ ਸੀ। ਉਸ ਨੇ ਦੇਵ ਨੂੰ ਖ਼ਤਾਂ ਰਾਹੀਂ ਰਾਬਤਾ ਬਣਾਈ ਰੱਖਣ ਲਈ ਕਿਹਾ। ਉਸ ਨੇ ਇਹ ਵੀ ਕਿਹਾ ਕਿ ਜੇ ਗੌਡ ਨੇ ਚਾਹਿਆ ਤਾਂ ਉਹ ਆਪਣੇ ਕੰਟਰੀ' ਚ ਜਾਣ ਮਗਰੋਂ ਦੇਵ ਨੂੰ ਆਪਣੇ ਕੋਲ਼ ਸੱਦ ਲਵੇਗਾ। ਉਹ ਦੋਨੋਂ ਰੋ ਕੇ ਜੱਫ਼ੀਆਂ ਪਾ ਕੇ ਅਲਵਿਦਾ ਹੋਏ।

ਸ਼ਾਮ ਨੂੰ ਢੀਂਗਰਾ ਦੇਵ ਦਾ ਸਮਾਨ ਰਿਕਸ਼ੇ ਉੱਤੇ ਲਦਵਾ ਉਸ ਨਾਲ਼ ਸਟੇਸ਼ਨ ਜਾਣ ਲੱਗਾ ਤਾਂ ਹਰਕੇਸ਼ ਫੁੱਟ-ਫੁੱਟ ਕੇ ਰੋ ਪਈ। ਦੇਵ ਨੇ ਆਪਣੇ ਬੁੱਲ੍ਹ ਘੁੱਟੀ ਵਹਿੰਦੀਆਂ ਅੱਖਾਂ ਨਾਲ਼ ਉਸ ਵੱਲ ਦੇਖਿਆ ਤੇ ਪਿੱਠ ਘੁਮਾ ਲਈ।

'ਵੀਰ ਜੀ, ਮੇਰੇ ਨਾਲ਼ ਸਾਰੀ ਉਮਰ ਵਰਤਣਾ। ਮੈਂ ਤੁਹਾਨੂੰ ਰਖੜੀ ਭੇਜਿਆ ਕਰਾਂਗੀ।'

ਦੇਵ ਰਿਕਸ਼ੇ ਵਿਚ ਬੈਠ ਗਿਆ। ਇਕ ਹੱਥ ਨਾਲ਼ ਅੱਖਾਂ ਪੂੰਝਦਿਆਂ ਤੇ ਦੂਜਾ ਹੱਥ

ਹਿਲਾਉਂਦਿਆਂ ਉਸ ਨੇ ਪਿੱਠ ਘੁਮਾ ਲਈ। ਢੀਂਗਰਾ ਆਪਣੇ ਸਾਇਕਲ ਤੇ ਚੜ੍ਹ ਕੇ ਉਸ ਦੇ ਨਾਲ਼ ਨਾਲ਼ ਆਉਣ ਲੱਗਾ। ਜਦੋਂ ਹਿਸਾਰ ਤੋਂ ਗੱਡੀ ਚੱਲੀ ਤਾਂ ਉਹ ਢੀਂਗਰੇ ਨੂੰ ਹੇਠਾਂ ਉਤਰਨ ਲਈ ਕਹਿੰਦਾ ਰਿਹਾ, ਪਰ ਉਹ ਗੱਲਾਂ ਹੀ ਕਰੀ ਜਾਵੇ। ਗੱਡੀ ਸਪੀਡ ਫੜਨ ਲੱਗੀ ਤਾਂ ਉਸਨੇ ਦੇਵ ਦੀ ਜੇਬ੍ਹ ਵਿੱਚ ਹੱਥ ਪਾਇਆ ਤੇ ਦੌੜ ਕੇ ਗੱਡੀ ਤੋਂ ਹੇਠ ਉਤਰ ਗਿਆ। ਉਹ ਦੇਵ ਦੀ ਜੇਬ੍ਹ ਵਿੱਚ ਹਜ਼ਾਰ ਰੁਪਏ ਪਾ ਗਿਆ ਸੀ।

ਲੁਧਿਆਣੇ ਸਟੇਸ਼ਨ ਤੇ ਪੁੱਜ ਉਸ ਨੇ ਅੰਬਾਲੇ ਜਾਣ ਵਾਲ਼ੀ ਗੱਡੀ ਫੜੀ ਤੇ ਦੋਰਾਹੇ ਜਾ ਉਤਰਿਆ। ਦੇਵ ਦੀ ਘਰ ਵੱਲ ਨਿਗਾਹ ਗਈ ਤਾਂ ਬੇਅੰਤ ਕਹੀ ਨਾਲ਼ ਗੰਦੇ ਪਾਣੀ ਦਾ ਨਿਕਾਸ ਕਰਨ ਲਈ ਸੜਕ ਵੱਲ ਨੂੰ ਨਾਲ਼ੀ ਪੁੱਟ ਰਿਹਾ ਸੀ। ਰਿਕਸ਼ੇ ਤੋਂ ਉਤਰਦੇ ਦੇਵ ਨੂੰ ਉਸ ਨੇ ਵੀ ਦੇਖ ਲਿਆ। ਕਹੀ ਉੱਥੇ ਹੀ ਸੁੱਟ ਉਹ ਦੌੜਿਆ ਆਇਆ ਤੇ ਉਸ ਨੂੰ ਆਪਣੀ ਗਲਵੱਕੜੀ' ਚ ਘੁੱਟਦਾ ਬੋਲਿਆ, 'ਉਇ ਦੇਵ ਤੂੰ ਕਿਵੇਂ ਆ ਗਿਆ? ਨਾ ਚਿੱਠੀ, ਨਾ ਪੱਤਰ।'

'ਤੂੰ ਕਿਵੇਂ ਆ ਗਿਆ? ਇਹੀ ਗੱਲ ਮੈਂ ਤੈਨੂੰ ਪੁੱਛਦਾ ਏਂ। ਨਾ ਚਿੱਠੀ ਨਾ ਪੱਤਰ।'

ਉਸ ਨੇ ਦੱਸਿਆ ਕਿ ਉਹ ਤਿੰਨ ਦਿਨ ਪਹਿਲਾਂ ਹੀ ਦੋ ਮਹੀਨੇ ਦੀ ਛੁੱਟੀ ਆਇਆ ਹੈ। ਉਸ ਦੀ ਘਰਵਾਲੀ ਸਤਿੰਦਰਪਾਲ ਵੀ ਉਸ ਦੇ ਨਾਲ਼ ਹੈ। ਉਹ ਦੋਨੋਂ ਬੇਗਮਪੇਟ ਸਿਕੰਦਰਾਬਾਦ ਤੋਂ ਆਏ ਸਨ, ਜਿੱਥੇ ਉਹ ਸਰਕਾਰੀ ਕਵਾਰਟਰ ਵਿਚ ਰਹਿੰਦੇ ਸਨ। ਉਸ ਨੂੰ ਹੌਲਦਾਰ ਮੇਜਰ ਦਾ ਰੈਂਕ ਹੁਣੇ ਹੁਣੇ ਮਿਲਿਆ ਸੀ। ਇਕ ਖੁਸ਼ੀ ਹੋਰ ਉਸ ਨੇ ਉਸੇ ਵੇ ਲ਼ੇ ਦੇਵ ਨਾਲ਼ ਸਾਂਝੀ ਕਰ ਲਈ ਕਿ ਉਹ ਬਾਪ ਬਣਨ ਵਾਲ਼ਾ ਸੀ।

ਰਿਕਸ਼ੇ ਤੋਂ ਸਮਾਨ ਚੁੱਕ ਉਹ ਘਰ ਅੰਦਰ ਲੈ ਗਏ। ਉਸ ਦੀ ਬੇਬੇ ਅਤੇ ਭਾਬੀ ਗੋਹੇ ਮਿੱਟੀ ਨਾਲ਼ ਵਿਹੜਾ ਲਿਪ ਰਹੀਆਂ ਸਨ। ਦੇਵ ਨੇ ਦੋਨਾਂ ਦੇ ਪੈਰ ਛੂਹੇ। ਉਸ ਦੀ ਬੇਬੇ ਉਸ ਨੂੰ ਗਲਵੱਕੜੀ' ਚ ਲੈਣ ਲਈ ਅੱਗੇ ਵਧੀ ਤਾਂ ਉਹ ਹੱਸਦਾ ਹੋਇਆ ਪਿੱਛੇ ਹਟ ਗਿਆ ਤੇ ਬੋਲਿਆ, 'ਬੱਸ ਬੇਬੇ, ਲਬੇੜ ਨਾ ਦਵੀਂ ਮੈਨੂੰ। ਦੂਰੋਂ ਹੀ ਆਸ਼ੀਰਵਾਦ ਦੇ ਦੇ।'

ਸਤਿੰਦਰਪਾਲ ਬੋਲੀ, 'ਆ ਗਿਆ ਏ ਸ਼ਹਿਰੀ ਪ੍ਰੋਫੈਸਰ, ਕਿਵੇਂ ਡਰਦਾ ਏ ਗੋਹੇ ਤੋਂ।'

ਉਹ ਦੋਨੋਂ ਆਪਣਾ ਕੰਮ ਵਿੱਚੇ ਛੱਡ ਹੱਥ ਧੋ ਆਈਆਂ ਤੇ ਵਿਹੜੇ ਵਿਚ ਅੰਬਾਂ ਹੇ ਠ ਦੋ ਮੰਜੇ ਡਾਹ ਦਿੱਤੇ। ਦੇਵ ਨੂੰ ਪਾਣੀ ਦਾ ਗਿਲਾਸ ਫੜਾ ਸਤਿੰਦਰਪਾਲ ਚਾਹ ਬਣਾਉਣ ਲੱਗ ਪਈ ਤੇ ਬਾਕੀ ਤਿੰਨੋਂ ਮੰਜਿਆਂ ਤੇ ਬੈਠ ਗੱਲਾਂ ਕਰਨ ਲੱਗ ਪਏ। ਦੇਵ ਵਧਾ-ਚੜ੍ਹਾ ਕੇ ਹਰਿਆਣੇ ਵਿਚ ਸਿੱਖਾਂ ਤੇ ਜਾਟਾਂ ਦੇ ਆਪਸ ਵਿਚ ਹੋ ਰਹੇ ਦੰਗਿਆਂ ਦੀਆਂ ਗੱਲਾਂ ਕਰਨ ਲੱਗ ਪਿਆ। ਉਸ ਨੇ ਦੱਸਿਆ ਕਿ ਦੋਨਾਂ ਧਿਰਾਂ ਵਿਚ ਜ਼ਿਆਦਾ ਖਿੱਚੋਤਾਣ ਹੋਣ ਕਰਕੇ ਤੇ ਯੂਨੀਵਰਸਿਟੀ ਵਿਚ ਝਗੜੇ ਵਧਣ ਕਰਕੇ ਕਾਲਜ ਪ੍ਰਿੰਸੀਪਲ ਨੇ ਉਸ ਨੂੰ ਇਹ ਕਹਿ ਕੇ ਪੰਜਾਬ ਭੇਜ ਦਿੱਤਾ ਹੈ ਕਿ ਜਿੰਨੀ ਦੇਰ ਅੱਗ ਠੰਡੀ ਨਹੀਂ ਹੁੰਦੀ, ਉਹ ਪੰਜਾਬ ਹੀ ਰਹੇ । ਮਗਰੋਂ ਉਹ ਉਸ ਨੂੰ ਸੱਦ ਲੈਣਗੇ। ਪੰਜਾਬੀਆਂ ਨੂੰ ਕਾਲਜਾਂ ਅਤੇ ਖੇਤੀਬਾੜੀ ਯੂਨੀਵਰਸਿਟੀ ਵਿਚ ਦਾਖ਼ਲੇ ਦੇਣ ਦੇ ਵਿਰੁੱਧ ਇਹ ਦੰਗੇ ਹੋ ਰਹੇ ਹਨ।

'ਫੇਰ ਤੈਨੂੰ ਤਨਖਾਹ?' ਬੇਅੰਤ ਨੇ ਪੁੱਛਿਆ।

'ਤਨਖਾਹ ਤਾਂ ਮਿਲਦੀ ਰਹਿਣੀ ਏਂ।'

'ਤੂੰ ਐਨੀ ਪੜ੍ਹਾਈ ਕੀਤੀ ਏ, ਐਥੇ ਪੰਜਾਬ ਵਿਚ ਕੋਈ ਨੌਕਰੀ ਕਿਉਂ ਨੀ ਲੱਭ ਲੈਂਦਾ?'

'ਹਿਸਾਰ ਵਰਗੀ ਠਾਠ ਦੀ ਨੌਕਰੀ ਕਿਤੇ ਨੀ ਮਿਲ ਸਕਦੀ।' ਦੇਵ ਨੇ ਹਉਕਾ ਭਰਿਆ।

'ਫੇਰ ਵੀ ਕੋਸ਼ਿਸ਼ ਕਰ, ਆਪਣਾ ਘਰ ਤਾਂ ਆਪਣਾ ਘਰ ਹੀ ਹੁੰਦਾ ਏ। ਕੋਲ਼ ਹੋਵੇਂਗਾ ਤਾਂ ਬੇਬੇ ਵਿਚਾਰੀ ਦਾ ਟਾਇਮ ਠੀਕ ਲੰਘ ਜੂ।'

'ਆਹੋ... ਕੋਸ਼ਿਸ਼ ਤਾਂ ਕਰਾਗਾ ਹੀ।'

ਸ਼ਾਮ ਨੂੰ ਉਹ ਮੰਜਿਆਂ ਤੇ ਬੈਠੇ ਸਨ। ਨੂੰਹ ਸੱਸ ਦੋਨੋਂ ਰੋਟੀ ਬਣਾ ਰਹੀਆਂ ਸਨ। ਬੇਅੰਤ ਉੱਠਿਆ ਤੇ ਬੋਤਲ ਕੱਢ ਲਿਆਇਆ। ਅਜੇ ਦੋ ਗਿਲਾਸਾਂ ਵਿਚ ਪਾਈ ਹੀ ਸੀ ਕਿ ਸਤਿੰਦਰਪਾਲ ਆ ਗਈ ਤੇ ਬੋਲੀ, 'ਕੀ ਕਿਹਾ ਸੀ ਡਾਕਟਰ ਨੇ? ਭੁੱਲ ਗਏ? ਤੁਸੀਂ ਨੀ ਪੀਣੀ, ਦੇਵ ਪੀ ਲਵੇ।'

'ਤੂੰ ਜਾਹ ਅੰਦਰ। ਤੈਨੂੰ ਪਤਾ ਏ ਕਿੰਨੀ ਦੇਰ ਬਾਅਦ ਮਿਲੇ ਹਾਂ?'

'ਪਤਾ ਏ ਮੈਨੂੰ। ਸ਼ਰਾਬ ਪੀਣ ਨਾਲ਼ ਬਹੁਤੇ ਮੇਲੇ ਹੋਣਗੇ?'

'ਚੱਲ ਆਹ ਪੈੱਗ ਵੀ ਪਾ ਦੇ ਵਿੱਚੀ। ਨਹੀਂ ਪੀਂਦੇ ਭਾਬੀ ਜੀ।' ਦੇਵ ਨੇ ਕਿਹਾ।

'ਤੂੰ ਚੁੱਕ ਚੁੱਕ। ਬੋਲੀ ਜਾਣ ਦੇ ਇਹਨੂੰ।' ਉਹ ਬੋਲਿਆ ਤਾਂ ਸਤਿੰਦਰਪਾਲ ਕਮਰੇ ' ਚ ਜਾ ਵੜੀ। ਦੇਵ ਦੀ ਬੇਬੇ ਉਨ੍ਹਾਂ ਕੋਲ਼ ਆਈ ਤੇ ਬੋਲੀ, 'ਨਾ ਪੀਆ ਕਰ ਜੇ ਡਾਕਟਰ ਨੇ ਕਿਹਾ ਏ।'

'ਮਾਤਾ ਚੁੱਪ ਕਰ ਜਾ। ਕਿਉਂ ਲੱਗੀ ਏਂ ਮੂਡ ਖ਼ਰਾਬ ਕਰਨ। ਪਦੀਨਾ ਤੋੜ ਲੈ ਤੇ ਚਟਣੀ ਕੁੱਟ ਲੈ।' ਉਹ ਬੋਲਿਆ।

ਉਹ ਵਿਹੜੇ ਵਿਚ ਹੀ ਚਟਣੀ ਕੁੱਟਣ ਬੈਠ ਗਈ। ਕੂੰਡੀ ਵਿਚ ਸੋਟੇ ਦੀ ਠਾਹ ਠਾਹ ਸੁਣ ਕੇ ਦੇਵ ਨੂੰ ਨਾਨਕਾ ਪਿੰਡ ਸਲਾਹਪੁਰ ਯਾਦ ਆ ਗਿਆ। ਬਹੁਤੀ ਵਾਰੀ ਉਹ ਇਕੱਲੀ ਚਟਣੀ ਨਾਲ਼ ਮਿੱਸੀਆਂ ਰੋਟੀਆਂ ਝੰਬ ਕੇ ਡੰਗ ਸਾਰ ਲਿਆ ਕਰਦੇ ਸਨ।

'ਮਾਮੇ ਦਾ ਕੀ ਹਾਲ ਏ?' ਦੇਵ ਨੇ ਆਪਣੀ ਬੇਬੇ ਨੂੰ ਪੁੱਛਿਆ।

'ਮੋਤੀਆ ਉਤਰ ਆਇਆ ਸੀ ਅੱਖ' ਚ। ਪ੍ਰੇਮ ਜਾ ਕੇ ਆਇਆ ਏ। ਸੱਜੀ ਅੱਖ ਦਾ ਅਪ੍ਰੇਸ਼ਨ ਹੋਇਆ ਸੀ, ਨਿਗਾਹ ਬਣੀ ਨਹੀਂ। ਖੰਨੇ ਕੈਂਪ ਲੱਗਾ ਸੀ ਸ਼ਮਸ਼ੇਰ ਸਿੰਘ ਦੇ ਹਸਪਤਾਲ।' ਉਹ ਬੋਲੀ।

ਉਸ ਨੇ ਇਹ ਵੀ ਦੱਸਿਆ ਕਿ ਅਪ੍ਰੇਸ਼ਨ ਮਗਰੋਂ ਜਿਹੜੇ ਦੋ ਬੰਦੇ ਮਰੀਜ਼ ਨੂੰ ਸਟਰੈੱਚਰ ਤੇ ਲਿਟਾ ਕੇ ਵਾਰਡ ਵਿਚ ਲਿਆਉਂਦੇ ਸਨ, ਉਹ ਹਰੇਕ ਮਰੀਜ਼ ਤੋਂ ਦੋ ਰੁਪਏ ਦੀ ਮੰਗ ਕਰਦੇ ਸਨ। ਘਨ੍ਹੱਈਏ ਨੇ ਉਨ੍ਹਾਂ ਨੂੰ ਦੋ ਰੁਪਏ ਨਹੀਂ ਸਨ ਦਿੱਤੇ, ਇਸੇ ਲਈ ਉਨ੍ਹਾਂ ਨੇ ਉਸ ਨੂੰ ਸਟਰੈੱਚਰ ਤੋਂ ਚੁੱਕ ਬੈੱਡ ਉੱਤੇ ਐਨੀ ਜ਼ੋਰ ਨਾਲ਼ ਵਗਾਹ ਮਾਰਿਆ ਸੀ ਕਿ ਅੱਖ ਨੂੰ ਝਟਕਾ ਵੀ ਲੱਗ ਗਿਆ ਸੀ ਤੇ ਟਾਂਕੇ ਵੀ ਟੁੱਟ ਗਏ ਸਨ।

'ਬੜੇ ਸਾਲ਼ੇ ਜੱਲਾਦ ਹੁੰਦੇ ਨੇ ਇਹ।' ਬੇਅੰਤ ਬੋਲਿਆ।

'ਕੱਲ੍ਹ ਸਲਾਹਪੁਰ ਚੱਲੀਏ ਉਸ ਦੀ ਖ਼ਬਰ ਨੂੰ?'

'ਕੱਲ੍ਹ ਤਾਂ ਅਸੀਂ ਵਤਨੇੜੀ ਜਾਣਾ ਏਂ ਸਹੁਰਿਆਂ ਦੇ।' ਉਹ ਬੋਲਿਆ।

ਦੇਵ ਉੱਠ ਕੇ ਅੰਦਰ ਗਿਆ ਤਾਂ ਸਤਿੰਦਰਪਾਲ ਅੱਖਾਂ' ਚ ਘਸੁੰਨ ਦੇਈ ਲੇਟੀ ਪਈ ਸੀ। ਉਹ ਬੋਲਿਆ, ' ਭਾਬੀ ਜੀ ਪਲੀਜ਼ ਇਸ ਤਰ੍ਹਾਂ ਨਾ ਕਰੋ। ਵਾਅਦਾ ਰਿਹਾ, ਕੱਲ੍ਹ ਤੋਂ ਨਹੀਂ ਪੀਵਾਂਗੇ।'

ਉਸ ਨੇ ਬਹੁਤਾ ਨਾ ਕਹਾਇਆ। ਰਸੋਈ' ਚ ਵੜ ਕੰਮ ਕਰਨ ਲੱਗ ਪਈ। ਹਾ-ਹਾ-ਹੀ-ਹੀ ਫੇਰ ਹੋਣ ਲੱਗ ਪਈ।

ਅਗਲੇ ਦਿਨ ਸਵੇਰੇ ਹੀ ਉਹ ਵਤਨੇੜੀ ਚਲੇ ਗਏ। ਉਨ੍ਹਾਂ ਨੇ ਉੱਥੇ ਹਫ਼ਤਾ ਭਰ ਰਹਿਣਾ ਸੀ। ਦੇਵ ਵੀ ਆਪਣੇ ਮਾਮੇ ਦੀ ਖ਼ਬਰ ਲੈਣ ਸਲਾਹਪੁਰ ਚਲਾ ਗਿਆ। ਉਹ ਦੋਨੋਂ ਉਸ ਨੂੰ ਮਿਲ ਕੇ ਖੁਸ਼ ਹੋਏ। ਲਲਤਾ ਉਸ ਨੂੰ ਜੱਫੀ ਪਾ ਰੋਣ ਲੱਗ ਪਈ। ਉਹ ਦੋਨੋਂ ਹੀ ਬਹੁਤ ਕਮਜ਼ੋਰ ਹੋ ਗਏ ਸਨ। ਮੋਤੀਆ ਉਤਰਨ ਅਤੇ ਅਪ੍ਰੇਸ਼ਨ ਨਾਲ਼ ਨਿਗਾਹ ਨਾ ਬਣਨ ਕਰ ਕੇ ਘਨ੍ਹੱਈਏ ਦਾ ਸਿਲਾਈ ਦਾ ਕੰਮ ਵੀ ਛੁੱਟ ਗਿਆ ਸੀ। ਦੇਵ ਹੱਟੀ ਵਿਚ ਖੜ੍ਹਾ ਤਸਵੀਰਾਂ ਦੇਖ ਰਿਹਾ ਸੀ ਕਿ ਕਮਰੇ ਵਿਚ ਚੁੱਲ੍ਹੇ ਲਾਗੇ ਬੈਠਾ ਦੇਵ ਦਾ ਮਾਮਾ ਬੋਲਿਆ, 'ਤੂੰ ਛੱਡ ਹੁਣ ਲਲਤਾ। ਸਬਰ ਕਰ ਸਬਰ। ਗੱਡੀ ਲੰਘ ਗਈ ਏ। ਕਰ ਸਫ਼ਰ ਤੈਅ ਇਸੇ ਤਰ੍ਹਾਂ।'

ਛੋਟੇ ਦਰ ਰਾਹੀਂ ਦੇਵ ਵੀ ਉਨ੍ਹਾਂ ਕੋਲ਼ ਚਲਾ ਗਿਆ ਤੇ ਪੁੱਛਿਆ, 'ਕਿਹੜੀ ਗੱਡੀ ਲੰਘ ਗਈ ਮਾਮਾ?'

'ਕੁਝ ਨੀ ਭਾਈ, ਉਹ ਤਾਂ ਸਾਡੀ ਆਪਣੀ ਗੱਲ ਸੀ।'

'ਨਹੀਂ, ਨਹੀਂ ਤੁਸੀਂ ਦੱਸੋ ਮੈਨੂੰ, ਕੀ ਕਹਿੰਦੀ ਸੀ ਮਾਮੀ?'

ਪਹਿਲਾਂ ਤਾਂ ਉਹ ਕੁਝ ਦੱਸਣ ਹੀ ਨਾ। ਦੇਵ ਦੇ ਜ਼ੋਰ ਪਾਉਣ ਤੇ ਘਨ੍ਹੱਈਆ ਕਹਿਣ ਲੱਗਾ ਕਿ ਉਸ ਦੀ ਮਾਮੀ ਕਹਿੰਦੀ ਸੀ ਕਿ ਭਾਗਵੰਤੀ ਤੇ ਜ਼ੋਰ ਪਾ ਕੇ ਦੇਵ ਨੂੰ ਆਪਣਾ ਵਾਰਿਸ ਬਣਾ ਲਈਏ, ਪਰ ਹੁਣ ਤਾਂ ਨਾ ਭਾਗਵੰਤੀ ਮੰਨੇ ਨਾ ਦੇਵ। ਹੁਣ ਤਾਂ ਗੱਡੀ ਲੰਘ ਚੁੱਕੀ ਸੀ।

'ਮਾਮਾ ਮੈਂ ਤੁਹਾਡਾ ਹੀ ਹਾਂ। ਹਿਸਾਰ' ਚ ਦੰਗੇ ਹੋ ਗਏ। ਹੁਣ ਸ਼ਾਇਦ ਮੈਂ ਉੱਥੇ ਮੁੜ ਕੇ ਜਾਵਾਂ ਹੀ ਨਾ। ਮੇਰੀ ਹੁਣ ਕਿਤੇ ਪੰਜਾਬ ਵਿਚ ਨੌਕਰੀ ਲੱਗ ਜਾਵੇ ਤਾਂ ਮੈਂ ਤੁਹਾਨੂੰ ਆਪਣੇ ਕੋਲ਼ ਹੀ ਲੈ ਜਾਵਾਂਗਾ।'

ਉਹ ਦੋਨੋਂ ਚੁੱਪ ਰਹੇ। ਰਾਤ ਨੂੰ ਮੰਜੇ ਤੇ ਪਿਆ ਦੇਵ ਸੋਚਣ ਲੱਗਾ ਕਿ ਉਹ ਬੜੀ ਗਰੀਬੀ ਵਿਚ ਜੀਅ ਰਹੇ ਸਨ। ਘਨ੍ਹੱਈਏ ਦੀ ਬਨੈਣ ਵਿਚ ਮਘੋਰੇ ਸਨ ਤੇ ਲਲਤਾ ਟਾਕੀਆਂ ਨਾਲ਼ ਭਰੀ ਸਲਵਾਰ ਪਾਈ ਫਿਰਦੀ ਸੀ। ਲਲਤਾ ਨੇ ਆਲੂ ਬੜੀਆਂ ਦੀ ਸਬਜ਼ੀ ਨਾਲ਼ ਫੁਲਕੇ ਲਾਹੇ ਸਨ। ਦੇਵ ਨੇ ਉਹ ਪੁਰਾਣੀ ਪਿੱਤਲ ਦੀ ਥਾਲ਼ੀ ਤੇ ਗਿਲਾਸ ਵੀ ਪਛਾਣ ਲਏ ਸਨ, ਜਿਨ੍ਹਾਂ ਨੂੰ ਹੁਣ ਕਲਈ ਵੀ ਨਹੀਂ ਸੀ ਕਰਵਾਈ ਹੋਈ। ਰਾਤ ਵੇਲ਼ੇ ਘਨ੍ਹੱਈਆ ਘਰੋੜੇ ਹੀ ਪਿਆ ਸੀ ਤੇ ਉਹ ਸਾਰੀ ਰਾਤ ਖੰਘਦਾ ਰਿਹਾ ਸੀ। ਅਗਲੇ ਦਿਨ ਹੀ ਦੇਵ ਵਾਪਸ ਦੋਰਾਹੇ ਆ ਗਿਆ।

ਉਨ੍ਹਾਂ ਕੋਲ਼ ਦੋ ਕਮਰੇ ਅਤੇ ਵਿੰਗੀ ਟੇਢੀ ਆਪੇ ਛੱਤੀ ਰਸੋਈ ਸੀ। ਉਨ੍ਹਾਂ ਦੇ ਪੈਣ

ਲਈ ਜਗ੍ਹਾ ਘਟ ਗਈ ਸੀ। ਉਨ੍ਹਾਂ ਨੇ ਸਲਾਹ ਬਣਾਈ ਕਿ ਦੋਨਾਂ ਕਮਰਿਆਂ ਨਾਲ਼ ਲਗਦਾ ਲੰਬਾ ਸਟੋਰ ਛੱਤ ਕੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ। ਜਿਸ ਪਾਸਿਓਂ ਚੁੜਾਈ ਘੱਟ ਸੀ, ਉਸ ਉੱਤੇ ਦਬਕਾ ਛੱਤ ਕੇ ਕੋਠੇ ਤੇ ਪੱਕੀ ਪੌੜੀ ਵੀ ਚੜ੍ਹਾ ਲਈ ਜਾਵੇ। ਤਿੰਨ ਕੁ ਹਜ਼ਾਰ ਰੁਪਏ ਦੇਵ ਕੋਲ਼ ਜੋੜੇ ਹੋਏ ਸਨ, ਪੰਜ ਸੌ ਬੇਅੰਤ ਨੇ ਦੇ ਦਿੱਤੇ। ਉਨ੍ਹਾਂ ਨੇ ਸਕੀਮ ਅਨੁਸਾਰ ਸਟੋਰ ਛੱਤ ਲਿਆ। ਦੇਵ ਅਤੇ ਉਸ ਦੀ ਬੇਬੇ ਉੱਥੇ ਸੌਣ ਲੱਗੇ। ਜਿੰਦਰ ਦੀ ਪੇਟੀ ਵੀ ਉੱਥੇ ਫਿੱਟ ਹੋ ਗਈ। ਮਕਾਨ ਦੀ ਚਾਰਦੀਵਾਰੀ ਤਾਂ ਬਣੀ ਹੋਈ ਸੀ, ਪਰ ਗੇਟ ਮੂਹਰੇ ਉਹ ਲੋਹੇ ਦੀ ਚਾਦਰ ਹੀ ਲਾਉਂਦੇ ਸਨ। ਉਸ ਦਾ ਵੀ ਜੂੜ ਵੱਢ ਦਿੱਤਾ। ਕਵਾੜੀਏ ਤੋਂ ਉਨ੍ਹਾਂ ਨੂੰ ਲੋਹੇ ਦਾ ਇਕ ਪੁਰਾਣਾ ਗੇਟ ਸਸਤੇ ਭਾਅ ਮਿਲ ਗਿਆ ਸੀ। ਗੇਟ ਉੱਤੇ ਕਾਲ਼ਾ ਪੇਂਟ ਕਰ ਕੇ ਦੇਵ ਨੇ ਆਪਣਾ ਤੇ ਬੇਅੰਤ ਦਾ ਨਾਂ ਲਿਖ ਦਿੱਤਾ। ਦੋਨਾਂ ਦੀ ਯੋਗਤਾ ਤੇ ਅਹੁਦੇ ਵੀ ਲਿਖ ਦਿੱਤੇ... ਪ੍ਰੋ. ਦੇਵ ਐਮ. ਐਸਸੀ. , ਬੀ. ਐਡ ਅਤੇ ਬੇਅੰਤ ਸਿੰਘ ਹੌਲਦਾਰ ਮੇਜਰ। ਅਜਿਹਾ ਕਰਨ ਨਾਲ਼ ਉਨ੍ਹਾਂ ਦੇ ਘਰ ਦੀ ਦਿੱਖ ਕਾਫ਼ੀ ਰੰਗ ਕੱਢ ਆਈ।

ਬਾਥਰੂਮ ਅਜੇ ਤੀਕ ਓਪਨ ਏਅਰ ਹੀ ਸੀ। ਆਲ਼ੇ-ਦੁਆਲ਼ੇ ਅਜੇ ਤੱਕ ਅਜਿਹਾ ਕੋਈ ਘਰ ਨਹੀਂ ਸੀ ਬਣਿਆ, ਜਿਸ ਦੀ ਛੱਤ ਤੋਂ ਬਾਥਰੂਮ ਅੰਦਰ ਨਿਗਾਹ ਜਾਂਦੀ ਹੋਵੇ, ਪਰ ਸਤਿੰਦਰਪਾਲ ਬੇਅੰਤ ਨੂੰ ਨਿੱਤ ਆਖਦੀ ਕਿ ਪੱਕਾ ਬਾਥਰੂਮ ਬਣਾਓ। ਉਹ ਹਮੇਸ਼ਾ ਆਖਦਾ, 'ਕੋਈ ਨਾ ਸੌਖੇ ਹੋ ਕੇ ਇਹਦਾ ਜੂੜ ਵੀ ਵੱਢ ਦਿਆਂਗੇ।'

'ਕਦੋਂ ਹੋਵੋਗੇ ਸੌਖੇ?' ਉਹ ਪੁੱਛਦੀ।

'ਪਹਿਲਾਂ ਨਾਲ਼ੋਂ ਹੁਣ ਸੌਖੇ ਹੋ ਗਏ ਹਾਂ। ਹੁਣ ਨਾਲ਼ੋਂ ਥੋੜ੍ਹਾ ਸਮਾਂ ਮਗਰੋਂ ਸੌਖੇ ਹੋ ਜਾਵਾਂਗੇ। ਸਾਡੀ ਗੱਡੀ ਸੌਖੇ ਹੋਣ ਵੱਲ ਨੂੰ ਤੁਰੀ ਹੋਈ ਏ। ਤੂੰ ਫਿਕਰ ਨਾ ਕਰ।' ਉਹ ਕਹਿੰਦਾ।

ਇਕ ਦਿਨ ਉਹ ਨਹਾਉਣ ਲਈ ਬਾਥਰੂਮ ਵਿਚ ਵੜੀ ਹੀ ਸੀ ਕਿ ਇੱਟਾਂ ਜੋੜ ਕੇ ਬਣਾਏ ਫਰਸ਼ ਵਿੱਚੋਂ ਕਾਲ਼ਾ ਨਾਗ ਨਿੱਕਲ਼ ਆਇਆ ਤੇ ਉਸ ਦੇ ਸਾਮ੍ਹਣੇ ਫਣ ਚੁੱਕ ਕੇ ਖਲੋ ਗਿਆ। ਉਹ ਛਾਲ਼ ਮਾਰ ਕੇ ਬਾਹਰ ਨਿਕਲ਼ ਆਈ ਤੇ ਹਾਇ ਦੁਹਾਈ ਪਾ ਦਿੱਤੀ। ਬੇਅੰਤ ਦੌੜਿਆ ਗਿਆ ਤੇ ਸੱਪ ਨੂੰ ਪੂਛ ਤੋਂ ਫੜ ਕੇ ਵਿਹੜੇ ਵਿਚ ਵਗਾਹ ਮਾਰਿਆ। ਜਦ ਨੂੰ ਦੇ ਵ ਵੀ ਆ ਗਿਆ ਤੇ ਸੱਪ ਦੀ ਸਿਰੀ ਜਾ ਨੱਪੀ। ਦੋਨਾਂ ਜਣਿਆਂ ਨੇ ਉਸ ਨੂੰ ਬੋਰੀ ਵਿਚ ਸੁੱਟ ਉੱਤੋਂ ਰੱਸੀ ਬੰਨ੍ਹ ਦਿੱਤੀ। ਸਤਿੰਦਰਪਾਲ ਇਹ ਕੌਤਕ ਦੇਖ ਕੇ ਬੜਾ ਹੈਰਾਨ ਹੋਈ ਕਿ ਦੋਨੋਂ ਭਰਾ ਤਾਂ ਸੱਪ ਫੜਨ ਲਈ ਸਪੇਰਿਆਂ ਨੂੰ ਵੀ ਮਾਤ ਪਾ ਗਏ ਸਨ। ਉਹ ਉਸ ਸੱਪ ਨੂੰ ਰੇਲਵੇ ਸਟੇਸ਼ਨ ਦੇ ਪਿੱਛੇ ਝੁੱਗੀਆਂ' ਚ ਰਹਿੰਦੇ ਸਪੇਰਿਆਂ ਕੋਲ਼ ਪੌਣੇ ਤਿੰਨ ਰੁਪਏ ਵਿਚ ਵੇਚ ਆਏ। ਉਹ ਘਰ ਮੁੜੇ ਤਾਂ ਸਤਿੰਦਰਪਾਲ ਨੂੰ ਤਾਪ ਚੜ੍ਹ ਚੁੱਕਾ ਸੀ। ਬਾਥਰੂਮ ਬਣਾਉਣ ਦੀ ਉਸ ਨੇ ਮੁੜ ਰਟ ਫੜ ਲਈ ਤੇ ਉਨ੍ਹਾਂ ਨੇ ਅੱਕ ਚੱਬ ਹੀ ਲਿਆ। ਅਗਲੇ ਦਿਨ ਹੀ ਮਿਸਤਰੀ ਲਾ ਕੇ ਪੱਕਾ ਗੁਸਲਖਾਨਾ ਬਣਵਾ ਲਿਆ। ਸਾਬਣ, ਤੇਲ ਰੱਖਣ ਲਈ ਇਕ ਆਲ਼ਾ, ਬੈਠਣ ਲਈ ਚੱਕੀ ਦਾ ਪੁੜ ਤੇ ਕੱਪੜੇ ਲਟਕਾਉਣ ਲਈ ਦੀਵਾਰ ਵਿਚ ਦੋ ਕੀਲ਼ੀਆਂ ਲਗਵਾ ਦਿੱਤੀਆਂ। ਸਤਿੰਦਰਪਾਲ ਖੁਸ਼ ਹੋ ਗਈ। ਉਨ੍ਹਾਂ ਨੇ ਬਾਥਰੂਮ ਬਣਨ ਦੀ ਖੁਸ਼ੀ ਵਿਚ ਮੁੜ ਪੀਤੀ ਸਤਿੰਦਰਪਾਲ ਨੇ ਇਸ ਵਾਰੀ ਕੁਝ ਨਾ ਕਿਹਾ।

00

# ਇਕ ਸੌ ਦਸ

ਪੰਜਾਬ ਸਿੱਖਿਆ ਵਿਭਾਗ ਵਿਚ ਦੇਵ ਨੇ ਗਣਿਤ ਮਾਸਟਰਾਂ ਦੀਆਂ ਨਿਕਲੀਆਂ ਅਸਾਮੀਆਂ ਟ੍ਰਿਬਿਊਨ ਵਿਚ ਪੜ੍ਹ ਕੇ ਅਪਲਾਈ ਕੀਤਾ ਹੋਇਆ ਸੀ। ਉਹ ਤਾਂ ਇਹ ਵੀ ਭੁੱਲ ਗਿਆ ਸੀ, ਕਿ ਉਸ ਨੇ ਕਦੋਂ ਅਪਲਾਈ ਕੀਤਾ ਸੀ। ਉਸ ਨੂੰ ਇੰਟਰਵਿਊ ਲੈਟਰ ਆ ਗਿਆ ਤਾਂ ਉਹ ਖੁਸ਼ ਹੋਇਆ। ਇਹ ਇੰਟਰਵਿਊ ਸੰਗਰੂਰ ਹੋਣੀ ਸੀ। ਉਹ ਬੱਸ ਬੈਠ ਉੱਥੇ ਪੁੱਜ ਗਿਆ। ਐਡਰੈਸ ਵਾਲ਼ੀ ਉਸ ਕੋਠੀ ਮੂਹਰੇ ਟੈਂਟ ਲੱਗੇ ਹੋਏ ਸਨ। ਗਹਿਣੇ ਪਾਈ, ਸਾੜ੍ਹੀਆਂ ਲਾਈ ਕਈ ਔਰਤਾਂ ਐਧਰ-ਉੱਧਰ ਘੁੰਮ ਰਹੀਆਂ ਸਨ। ਇਕ ਟੈਂਟ ਹੇਠ ਭੱਠੀ ਚੜ੍ਹੀ ਹੋਈ ਸੀ ਤੇ ਹਲਵਾਈ ਸ਼ਕਰਪਾਰੇ ਕੱਢ ਰਿਹਾ ਸੀ। ਇਕ ਵੱਡੇ ਸਾਰੇ ਕੜਾਹੇ ਦੁਆਲੇ ਬੈਠੇ ਤਿੰਨ ਚਾਰ ਜਣੇ ਲੱਡੂ ਵੱਟ ਰਹੇ ਸਨ। ਇੰਟਰਵਿਊ ਦੇਣ ਗਏ ਸਾਰੇ ਮੁੰਡੇ, ਕੁੜੀਆਂ ਹੈਰਾਨ ਕਿ ਉੱਥੇ ਤਾਂ ਵਿਆਹ ਵਰਗੀ ਚਹਿਲ-ਪਹਿਲ ਸੀ। ਇਕ ਖਾਕੀ ਕੱਪੜਿਆਂ ਵਾਲ਼ਾ ਬੰਦਾ ਕੋਠੀ' ਚੋਂ ਬਾਹਰ ਆਇਆ ਤੇ ਬੋਲਿਆ, 'ਜਿਨ੍ਹਾਂ ਦੀ ਇੰਟਰਵਿਊ ਹੈ, ਉਹ ਪੌੜੀਆਂ ਚੜ੍ਹ ਕੇ ਉੱਤੇ ਚਲੇ ਜਾਓ।'

'ਉਇ ਭਰਾਵਾ, ਐਥੇ ਕੋਈ ਵਿਆਹ ਏ?' ਕਿਸੇ ਨੇ ਪੁੱਛਿਆ।

'ਆਹੋ ਸਾਹਬ ਦੇ ਭਾਣਜੇ ਦਾ ਵਿਆਹ ਏ। ਇਸੇ ਲਈ ਐਥੇ ਇੰਟਰਵਿਊ ਰੱਖ ਲਈ।'

ਉਹ ਸਾਰੇ ਜਣੇ ਆਪਣੇ ਸਰਟੀਫਿਕੇਟ ਚੁੱਕੀ ਕੋਠੇ ਤੇ ਜਾ ਚੜ੍ਹੇ। ਇੰਟਰਵਿਊ ਲੈਣ ਵਾਲ਼ੇ ਤਿੰਨ ਜਣੇ ਸਨ। ਕੋਠੇ ਤੇ ਹੀ ਮੇਜ਼ ਕੁਰਸੀਆਂ ਲਾਏ ਹੋਏ ਸਨ। ਉਹੀ ਚਪੜਾਸੀ ਲੱਡੂਆਂ ਦਾ ਥਾਲ਼ ਤੇ ਚਾਹ ਦੇ ਗਿਲਾਸ ਉੱਤੇ ਚੁੱਕ ਲਿਆਇਆ ਤੇ ਸਾਰਿਆਂ ਨੂੰ ਦੋ-ਦੋ ਲੱਡੂ ਵਰਤਾ ਦਿੱਤੇ। ਇੰਟਰਵਿਊ ਕੀਹਨੇ ਲੈਣੀ ਸੀ, ਬੱਸ ਹਾਜ਼ਰੀ ਲੁਆ ਲਈ ਗਈ। ਸਰਟੀਫਿਕੇ ਟ ਚੈੱਕ ਕਰ ਕੇ ਫ਼ੋਟੋਆਂ ਮਿਲਾ ਲਈਆਂ ਗਈਆਂ। ਚੇਅਰਮੈਨ ਬੋਲਿਆ, 'ਤੁਸੀਂ ਸਾਰੇ ਸਿਲੈਕਟ ਹੋ ਗਏ ਹੋ। ਦੌੜ ਜਾਓ ਆਪਣੇ ਘਰਾਂ ਨੂੰ ਤੇ ਦੱਸੋ ਆਪਣੀਆਂ ਮਾਵਾਂ ਨੂੰ ਕਿ ਤੁਸੀਂ ਮਾਸਟਰ ਮਾਸਟਰਾਣੀਆਂ ਲੱਗ ਗਏ ਹੋ।'

ਸਾਰੇ ਹੋ-ਹੋ ਕਰ ਕੇ ਡੰਡ ਪਾਉਣ ਲੱਗੇ ਤਾਂ ਉਹ ਬੋਲਿਆ, 'ਚੁੱਪ ਚਾਪ ਚਲੇ ਜਾਓ। ਅਜੇ ਤੁਹਾਡੇ ਨਿਯੁਕਤੀ ਪੱਤਰ ਨਹੀਂ ਬਣੇ। ਜੇ ਹੋ-ਹੱਲਾ ਕਰੋਗੇ ਇਕ ਨੂੰ ਵੀ ਨਹੀਂ ਰੱਖਾਂਗਾ।'

ਦੇਵ ਹੈਰਾਨ ਹੋਇਆ। ਕਿੰਨੀ ਚਲਦੀ ਸੀ ਉਸ ਬੰਦੇ ਦੀ। ਜੇ ਉਹ ਕਹੇ-ਮਰ ਜਾਓ-ਚਿੜੀਓ ਤਾਂ ਸਾਰੀਆਂ ਮਰ ਜਾਣਗੀਆਂ। ਜੇ ਕਹੇ ਉਡ ਜਾਓ ਚਿੜੀਓ ਤਾਂ ਸਾਰੀਆਂ ਉਡ ਜਾਣਗੀਆਂ। ਉਸ ਨੇ ਸੋਚਿਆ, ਕਾਸ਼! ਕਦੀ ਉਹਦੀ ਵੀ ਐਨੀ ਵੁੱਕਤ ਹੋਵੇ।

ਦੇਵ ਲੱਡੂਆਂ ਦੇ ਦੋ ਲਿਫਾਫ਼ੇ ਲੈ ਕੇ ਘਰ ਵੜਿਆ ਤੇ ਆਪਣੀ ਬੇਬੇ ਨੂੰ ਆਪਣੇ ਮਾਸਟਰ ਲੱਗਣ ਦੀ ਖ਼ਬਰ ਦਿੰਦਾ ਕਹਿਣ ਲੱਗਾ, 'ਘੁਮਾਰਾਂ ਤੱਕ ਅੱਠ ਦਸ ਘਰ ਪਏ ਹੋਏ ਨੇ। ਹਰ ਘਰ ਵਿਚ ਚਾਰ ਚਾਰ ਲੱਡੂ ਦੇ ਕੇ ਆ।'

'ਲੱਡੂ ਵੰਡਣ ਦੀ ਕਾਹਲ਼ ਨਾ ਕਰ। ਜਦੋਂ ਹੁਕਮ ਘਰ ਪੁੱਜ ਜਾਊ, ਲੱਡੂ ਵੀ ਵੰਡ ਦਿਆਂਗੇ।' ਉਹ ਖੁਸ਼ ਹੁੰਦੀ ਬੋਲੀ।

'ਵੰਡ ਵੰਡ ਤੂੰ... ਸਾਰੇ ਘਰਾਂ ਵਿਚ ਦੇ ਕੇ ਆ... ਨੌਕਰੀ ਮੈਨੂੰ ਮਿਲ ਗਈ ਏ।' ਉਹ ਬੋਲਿਆ।

ਹਫ਼ਤੇ ਮਗਰੋਂ ਹੀ ਦੇਵ ਦਾ ਨਿਯੁਕਤੀ ਆਰਡਰ ਘਰ ਪਹੁੰਚ ਗਿਆ। ਉਸ ਨੂੰ ਜਗਰਾਓਂ ਦੇ ਨੇੜੇ ਸਰਕਾਰੀ ਹਾਈ ਸਕੂਲ ਪੱਬੀਆਂ ਦਾ ਸਟੇਸ਼ਨ ਮਿਲਿਆ। ਦੇਵ ਨੇ ਮੈਡੀਕਲ ਕਰਵਾਉਣ ਮਗਰੋਂ ਪੜ੍ਹਾਉਣ ਜਾਣਾ ਸ਼ੁਰੂ ਕਰ ਦਿੱਤਾ। ਪਹਿਲੇ ਦਿਨ ਹੀ ਜਦੋਂ ਸਵੇਰੇ ਪ੍ਰਾਰਥਨਾ ਸਭਾ ਹੋਈ ਤੇ ਬੱਚਿਆਂ ਨੇ ਜਨ-ਗਨ-ਮਨ ਦਾ ਕੁਤਰਾ ਕੀਤਾ ਤਾਂ ਦੇਵ ਨੂੰ ਬੜੀ ਨਿਰਾਸ਼ਾ ਹੋਈ। ਪੜ੍ਹਾਈ ਦਾ ਹਾਲ ਵੀ ਮੰਦਾ ਹੀ ਸੀ। ਹਰ ਜਮਾਤ ਦੇ ਮੁੰਡੇ, ਕੁੜੀਆਂ ਬਹੁਤ ਪਿੱਛੇ ਰਹੇ ਹੋਏ ਸਨ। ਉਸ ਨੇ ਦਸਵੀਂ ਜਮਾਤ ਦਾ ਮੈਥ ਦਾ ਪੀਰਡ ਲਾਇਆ ਤਾਂ ਪਤਾ ਲੱਗਾ ਕਿ ਪਹਿਲਾ ਹਿਸਾਬ ਮਾਸਟਰ ਜੀ ਜਿਹੜਾ ਬਦਲੀ ਕਰਵਾ ਕੇ ਜਗਰਾਓਂ ਚਲਾ ਗਿਆ ਸੀ ਮੁੰਡੇ ਕੁੜੀਆਂ ਨੂੰ ਪੜ੍ਹਾਉਂਦਾ ਘੱਟ ਡੰਡਾ ਪਰੇਡ ਵੱਧ ਕਰਿਆ ਕਰਦਾ ਸੀ। ਦੇਵ ਨੇ ਐਲਾਨ ਕਰ ਦਿੱਤਾ ਕਿ ਉਹ ਕਦੀ ਵੀ ਡੰਡਾ ਨਹੀਂ ਵਰਤੇਗਾ। ਸਾਰੇ ਬੱਚੇ ਤਾੜੀਆਂ ਮਾਰਨ ਲੱਗ ਪਏ। ਹੈੱਡ ਮਾਸਟਰ ਬੀਮਾਰੀ ਦੀ ਛੁੱਟੀ ਤੇ ਸੀ। ਸੈਕੰਡ ਮਾਸਟਰ ਤਾੜੀਆਂ ਦੀ ਅਵਾਜ਼ ਸੁਣ ਕੇ ਕਲਾਸ ਰੂਮ ਦੇ ਬਾਹਰ ਆ ਖੜ੍ਹਿਆ ਤੇ ਦੇਵ ਨੂੰ ਸੱਦ ਕੇ ਕਹਿਣ ਲੱਗਾ, 'ਇਹ ਤਾੜੀਆਂ ਕਿਉਂ ਵੱਜ ਰਹੀਆਂ ਨੇ ਕਲਾਸ ਵਿੱਚ?'

ਜੀ ਮੈਂ ਬੱਚਿਆਂ ਨੂੰ ਦੱਸਿਆ ਹੈ ਕਿ ਮੈਂ ਕਦੀ ਵੀ ਕਿਸੇ ਬੱਚੇ ਨੂੰ ਕੁੱਟਾਂਗਾ ਨਹੀਂ। ਇਸੇ ਲਈ ਉਹ ਖੁਸ਼ ਹੋ ਕੇ ਤਾੜੀਆਂ ਮਾਰਨ ਲੱਗ ਪਏ।' ਦੇਵ ਨੇ ਦੱਸਿਆ।

'ਕੁੱਟੋਗੇ ਨਹੀਂ ਤਾਂ ਹੋਰ ਤੁਸੀਂ ਕੀ ਕਰੋਗੇ?'

'ਪੜ੍ਹਾਵਾਂਗਾ।' ਦੇਵ ਬੋਲਿਆ।

'ਕੁੱਟ ਖਾਏ ਬਿਨਾਂ ਕੌਣ ਪੜ੍ਹੇਗਾ ਤੁਹਾਡੇ ਕੋਲ਼ੋਂ? ਇਹ ਤਾਂ ਗਧੇ ਨੇ।'

'ਸਭ ਪੜ੍ਹਨਗੇ ਮਾਸਟਰ ਸਾਹਬ। ਤੁਸੀਂ ਚਿੰਤਾ ਨਾ ਕਰੋ।'

'ਇਹ ਡੰਗਰ ਬੁੱਧ ਨੇ। ਡੰਡੇ ਬਿਨਾਂ ਸਿੱਧੇ ਨੀ ਹੁੰਦੇ।'

'ਇਹ ਨਾ ਹੀ ਗਧੇ ਨੇ ਨਾ ਕੋਈ ਹੋਰ ਡੰਗਰ... ਬੱਚੇ ਨੇ। ਪਿਆਰ ਨਾਲ਼ ਸਗੋਂ ਵੱਧ ਸਿੱਧੇ ਰਹਿੰਦੇ ਨੇ।'

ਸੈਕੰਡ ਮਾਸਟਰ ਵੱਟ ਜਿਹਾ ਖਾ ਕੇ ਚਲਾ ਗਿਆ। ਦੇਵ ਨੇ ਕਈ ਸਵਾਲ ਹੱਲ ਕੀਤੇ ਤੇ ਉਸੇ ਟਾਈਪ ਦੇ ਬੱਚਿਆਂ ਤੋਂ ਹੱਲ ਕਰਵਾਏ। ਫਿਰ ਕਿਹਾ, 'ਬੱਚਿਓ ਸਵੇਰੇ ਜਿਵੇਂ ਤੁਸੀਂ ਰਾਸ਼ਟਰੀ ਗੀਤ ਗਾਇਆ, ਉਹ ਦਰੁਸਤ ਨਹੀਂ ਸੀ। ਉਸ ਦੀ ਧੁਨ ਮੈਂ ਸਿਖਾਵਾਂਗਾ। ਪੰਜ ਕੁੜੀਆਂ ਜਿਹੜੀਆਂ ਪ੍ਰਾਰਥਨਾ ਵੇਲ਼ੇ ਰਾਸ਼ਟਰੀ ਗੀਤ ਗਾ ਸਕਣ, ਖੜੀਆਂ ਹੋ ਜਾਣ।'

ਇਕ ਦੂਜੀ ਦੇ ਕੂਹਣੀਆਂ ਮਾਰਦੀਆਂ ਸੱਤ ਅੱਠ ਕੁੜੀਆਂ ਖੜ੍ਹੀਆਂ ਹੋ ਗਈਆਂ। ਦੇ ਵ ਨੇ ਉਨ੍ਹਾਂ ਨੂੰ ਸਰੀਰਕ ਸਿੱਖਿਆ ਦੇ ਪੀਰਡ ਸਮੇਂ ਸਟਾਫ਼ ਰੂਮ ਵਿਚ ਆਉਣ ਲਈ ਕਿਹਾ, ਕਿਉਂਕਿ ਉਹ ਉਸ ਦਾ ਵਿਹਲਾ ਪੀਰਡ ਸੀ। ਕੁੜੀਆਂ ਨੂੰ ਉਸ ਨੇ ਇਕ ਲਾਈਨ ਵਿਚ ਖੜ੍ਹਾ ਕੇ ਰੀਹਰਸਲ ਸ਼ੁਰੂ ਕਰਵਾਈ ਹੀ ਸੀ ਕਿ ਸੈਕੰਡ ਮਾਸਟਰ ਫਿਰ ਆ ਗਿਆ ਤੇ

ਬੋਲਿਆ, 'ਮਾਸਟਰ ਜੀ, ਆਪਣੇ ਕੰਮ ਤੱਕ ਮਤਲਬ ਰੱਖੋ। ਇਹ ਸਿਖਾਉਣਾ ਤੁਹਾਡਾ ਕੰਮ ਨਹੀਂ। ਜੁਆਨ ਕੁੜੀਆਂ ਨੇ। ਕੱਲ੍ਹ ਕੋਈ ਗੱਲ ਹੋ ਗਈ ਤਾਂ ਜ਼ਿੰਮੇਵਾਰੀ ਤਾਂ ਮੇਰੀ ਹੀ ਹੈ। ਨਾਲ਼ੇ ਜਿਹੜਾ ਜਨ-ਗਨ-ਮਨ ਬੱਚੇ ਸਵੇਰੇ ਬੋਲਦੇ ਨੇ ਉਸ ਵਿਚ ਕੀ ਖਰਾਬੀ ਹੈ?'

'ਖਰਾਬੀ ਹੈ ਸਰ। ਇਸੇ ਲਈ ਤਾਂ ਇਨ੍ਹਾਂ ਬੱਚੀਆਂ ਨੂੰ ਬੁਲਾਇਆ ਏ।'

'ਚਲੋ ਆਪਣੀ ਕਲਾਸ ਵਿਚ। ਪੜ੍ਹੋ ਜਾ ਕੇ। ਜਨ-ਗਨ-ਮਨ ਤੋਂ ਵੜੇਵੇਂ ਲੈਣੇ ਨੇ?' ਉਸ ਨੇ ਕੁੜੀਆਂ ਨੂੰ ਡਾਂਟਿਆ। ਉਹ ਇਕ ਦੂਜੀ ਦੇ ਪਿੱਛੇ ਲੁਕਦੀਆਂ ਦੌੜ ਗਈਆਂ। ਦੇਵ ਦਾ ਮਨ ਬੜਾ ਖਰਾਬ ਹੋਇਆ। ਉਹ ਸਟਾਫ਼ ਰੂਮ' ਚੋਂ ਬਾਹਰ ਨਿਕਲ਼ ਆਇਆ ਤੇ ਬਾਹਰ ਦਰੱਖਤਾਂ ਹੇਠ ਪਈ ਇਕ ਕੁਰਸੀ ਤੇ ਜਾ ਬੈਠਾ। ਰਿਸੈੱਸ ਹੋਈ ਤਾਂ ਸਾਰੇ ਟੀਚਰ ਸਟਾਫ਼ ਰੂਮ ਵਿਚ ਜਾ ਵੜੇ। ਮੈਡਮਾਂ ਦਾ ਸਟਾਫ਼ ਰੂਮ ਵੱਖਰਾ ਸੀ, ਉਹ ਉੱਧਰ ਚਲੀਆਂ ਗਈਆਂ। ਦੇਵ ਦਾ ਰੋਟੀ ਵਾਲ਼ਾ ਡੱਬਾ ਸਟਾਫ਼ ਰੂਮ ਵਿਚ ਹੀ ਪਿਆ ਸੀ। ਉਹ ਵੀ ਸਟਾਫ਼ ਰੂਮ ਵਿਚ ਜਾ ਵੜਿਆ।

'ਇਹ ਨਵੇਂ ਮਾਸਟਰ ਜੀ ਆਏ ਨੇ ਹਿਸਾਬ ਦੇ।' ਕਿਸੇ ਨੇ ਦੱਸਿਆ।

'ਕਿੱਥੋਂ ਆਏ ਹੋ ਮਾਸਟਰ ਜੀ?'

'ਜੀ ਦੋਰਾਹੇ ਤੋਂ।'

'ਬਦਲੀ ਕਿਉਂ ਹੋ ਗਈ ਐਨੀ ਦੂਰ ਦੀ?'

'ਜੀ ਬਦਲੀ ਨਹੀਂ ਹੋਈ। ਨਵੀਂ ਨਿਯੁਕਤੀ ਏ।' ਉਸ ਨੇ ਦੱਸਿਆ।

'ਕੀ ਕੁਆਲੀਫਿਕੇਸ਼ਨ ਏ?'

'ਜੀ ਬੀ. ਐਸਸੀ. ਬੀ. ਐਡ।' ਦੇਵ ਨੇ ਦੋ ਜਮਾਤਾਂ ਘਟਾ ਕੇ ਦੱਸਿਆ।

'ਪਹਿਲਾਂ ਕਿਤੇ ਪੜ੍ਹਾਇਆ ਏ?'

'ਜੀ ਨਹੀਂ। ਪਹਿਲਾ ਹੀ ਸਕੂਲ ਹੈ।'

'ਤਦੇ।' ਕੋਈ ਹੱਸਿਆ।

'ਤਦੇ ਤੋਂ ਕੀ ਮਤਲਬ?' ਦੇਵ ਨੇ ਪੁੱਛਿਆ।

'ਪਤਾ ਲੱਗਾ ਏ ਕਿ ਤੁਸੀਂ ਬੱਚਿਆਂ ਨੂੰ ਬਿਨਾਂ ਡੰਡੇ ਤੋਂ ਪੜ੍ਹਾਓਗੇ। ਜਨ-ਮਨ-ਗਨ ਵੀ ਸਿਖਾਓਗੇ।'

'ਹਾਂ ਜੀ, ਬਿਲਕੁਲ ਪੜ੍ਹਾਵਾਂਗਾ। ਜੇ ਸੈਕੰਡ ਮਾਸਟਰ ਸਾਹਬ ਆਗਿਆ ਦੇਣਗੇ ਤਾਂ ਜਨ-ਗਨ-ਮਨ ਵੀ ਸਿਖਾ ਦਿਆਂਗਾ।' ਉਹ ਬੋਲਿਆ।

ਰੋਟੀ ਵਾਲ਼ੇ ਡੱਬੇ ਖੁੱਲ੍ਹਣ ਲੱਗੇ। ਦੇਵ ਨੇ ਵੀ ਆਪਣਾ ਡੱਬਾ ਉਨ੍ਹਾਂ ਦੇ ਲਾਗੇ ਹੀ ਮੇਜ਼ ਉੱਤੇ ਰੱਖ ਲਿਆ। ਇਕ ਮਾਸਟਰ ਆਪਣਾ ਡੱਬਾ ਖੋਲ੍ਹਦਾ ਬੋਲਿਆ, 'ਮਾਸਟਰ ਜੀ ਕੌਣ ਹੁੰਦੇ ਹੋ ਤੁਸੀਂ?'

'ਮੈਂ ਬੰਦਾ ਹੁੰਦਾ ਹਾਂ ਭਰਾਵਾ।'

'ਨਹੀਂ, ਮੇਰਾ ਮਤਲਬ ਤੁਹਾਡੀ ਜਾਤ ਕੀ ਏ?'

'ਅਧਿਆਪਕ ਦੀ ਕੀ ਜਾਤ ਹੁੰਦੀ ਏ?' ਦੇਵ ਨੇ ਕਿਹਾ ਤਾਂ ਉਹ ਹੱਸਣ ਲੱਗ ਪਿਆ।

'ਕਾਰੋਬਾਰ ਕੀ ਏ ਮਾਸਟਰ ਜੀ?' ਕਿਸੇ ਹੋਰ ਨੇ ਜਾਤ ਪਤਾ ਕਰਨ ਲਈ ਦੂਜਾ

ਢੰਗ ਵਰਤਿਆ।

'ਜੁੱਤੀਆਂ ਦੀ ਦੁਕਾਨ ਏਂ ਮੇਰੇ ਪਿਓ ਦੀ ਦੋਰਾਹੇ। ਕਦੀ ਲੋੜ ਹੋਈ ਤਾਂ ਦੱਸਣਾ, ਸਸਤੀਆਂ ਪਵਾ ਦਿਆਂਗੇ।' ਦੇਵ ਨੇ ਕਿਹਾ ਤਾਂ ਕਈ ਜਣੇ ਹਿੜ ਹਿੜ ਕਰ ਕੇ ਹੱਸਣ ਲੱਗੇ ।

ਸਾਰਿਆਂ ਨੂੰ ਯਕੀਨ ਹੋ ਗਿਆ ਕਿ ਦੇਵ ਨੀਵੀਂ ਜਾਤ ਦਾ ਹੀ ਸੀ। ਉਨ੍ਹਾਂ ਨੇ ਆਪਣੇ ਟਿਫ਼ਨ ਭਿੱਟੇ ਜਾਣ ਦੇ ਡਰੋਂ ਦੇਵ ਵਾਲ਼ੇ ਤੋਂ ਪਰ੍ਹੇ ਖਿੱਚ ਲਏ ਤੇ ਰੋਟੀ ਖਾਣ ਲੱਗੇ। ਉਹ ਸਾਰੇ ਆਪਸ ਵਿਚ ਇਕ ਦੂਜੇ ਦੇ ਡੱਬਿਆਂ ਵਿਚ ਠੂੰਗਾਂ ਮਾਰ ਰਹੇ ਸਨ। ਦੇਵ ਨੇ ਕਾਹਲੀ ਨਾਲ਼ ਆਪਣੀ ਰੋਟੀ ਮੁਕਾ ਕੇ ਡੱਬਾ ਬੰਦ ਕਰ ਦਿੱਤਾ।

'ਇਸ ਸਾਲੀ ਸਰਕਾਰ ਨੇ ਜਨਰਲ ਕੈਟਾਗਰੀ ਨਾਲ਼ ਬੜਾ ਧੱਕਾ ਕੀਤਾ ਹੋਇਆ ਏ । ਆਪਣੇ ਬੱਚਿਆਂ ਨੂੰ ਹੁਣ ਨੌਕਰੀਆਂ ਕਿੱਥੇ ਮਿਲਣੀਆਂ ਨੇ। ਬੜੇ ਭਾਈ ਹੀ ਆਉਣਗੇ ।' ਇਕ ਜਣੇ ਨੇ ਹਉਕਾ ਲਿਆ।

'ਕਿੱਥੋਂ ਕੀਤੀ ਮਾਸਟਰ ਜੀ ਬੀ. ਐਸਸੀ. , ਬੀ. ਐਡ? ਇਕ ਜਣਾ ਸ਼ਬਦਾਂ ਨੂੰ ਚਿੱਥਦਾ ਬੋਲਿਆ।

'ਆਗਰੇ ਤੋਂ ਕੀਤੀ ਏ ਭਰਾਵਾ। ਆਗਰਾ ਯੂਨੀਵਰਸਿਟੀ ਤੋਂ।'

'ਉੱਥੇ ਤਾਂ ਕਹਿੰਦੇ ਜਾਅਲੀ ਡਿਗਰੀਆਂ ਮਿਲ ਜਾਂਦੀਆਂ ਨੇ?'

'ਹਾਂ ਜੀ, ਸੜਕਾਂ ਤੇ ਲੋਕ ਚਾਦਰਾਂ ਤੇ ਰੱਖੀ ਬੈਠੇ ਨੇ। ਬੱਸ ਮੌਕੇ ਤੇ ਨਾਂ ਹੀ ਲਿਖਣਾ ਹੁੰਦਾ ਏ। ਜੇ ਤੁਹਾਨੂੰ ਕੋਈ ਡਿਗਰੀ ਚਾਹੀਦੀ ਏ ਤਾਂ ਮੈਂ ਮੱਦਦ ਕਰ ਦਿਆਂਗਾ।' ਦੇਵ ਨੇ ਹੱਸ ਕੇ ਕਿਹਾ ਤਾਂ ਬਾਕੀ ਸਾਰੇ ਵੀ ਹੱਸਣ ਲੱਗ ਪਏ। ਦੇਵ ਦਾ ਅੰਦਰ ਬੋਲਿਆ, 'ਤੇਰੀ ਇਨ੍ਹਾਂ ਨਾਲ਼ ਨਹੀਂ ਨਿਭਣੀ।'

ਉਸ ਦਿਨ ਮਗਰੋਂ ਦੇਵ ਆਪ ਹੀ ਉਨ੍ਹਾਂ ਤੋਂ ਦੂਰ ਰਹਿਣ ਲੱਗ ਪਿਆ। ਉਹ ਕਿਸੇ ਕਲਾਸ ਵਿਚ ਵੀ ਕਿਸੇ ਬੱਚੇ ਨੂੰ ਸਜ਼ਾ ਨਾ ਦਿੰਦਾ। ਚਾਰ-ਪੰਜ ਮਿੰਟ ਹਰ ਕਲਾਸ ਵਿਚ ਜ਼ਿੰਦਗੀ ਵਿਚ ਕੰਮ ਆਉਣ ਵਾਲ਼ੀਆਂ ਗੱਲਾਂ ਦੱਸਦਾ। ਸਟਾਫ਼ ਰੂਮ ਵਿਚ ਇਕ ਦਰੀ ਵਿਛੀ ਹੁੰਦੀ। ਕਈ ਅਧਿਆਪਕ ਆਪਣੇ ਵਿਹਲੇ ਪੀਰਡ ਵਿਚ ਉੱਥੇ ਲੇਟ ਕੇ ਢੌਂਕਾ ਵੀ ਲਾ ਲੈਂਦੇ । ਇਹ ਗੱਲ ਦੇਵ ਨੂੰ ਬਹੁਤ ਬੁਰੀ ਲਗਦੀ, ਪਰ ਉਹ ਕਿਸੇ ਨੂੰ ਕਹਿ ਵੀ ਨਹੀਂ ਸੀ ਸਕਦਾ। ਉਹ ਤੇ ਉਸਦੀ ਬੇਬੇ ਨਿੱਤ ਸਵੇਰੇ ਤਿੰਨ ਵਜੇ ਉੱਠਦੇ। ਦੇਵ ਇਕ ਦੋ ਪਰੌਂਠੇ ਖਾ ਲੈਂਦਾ। ਉਸ ਦੀ ਬੇਬੇ ਦੋ ਡੱਬਿਆਂ ਵਾਲੇ ਟਿਫਨ ਵਿਚ ਉਸ ਦੀ ਰੋਟੀ ਬੰਨ੍ਹ ਦਿੰਦੀ। ਘਰੋਂ ਉਹ ਸਾਢੇ ਚਾਰ ਵਜੇ ਨਿਕਲ਼ ਜਾਂਦਾ। ਪੁਲ਼ ਤੋਂ ਲੋਚੀ ਦਾ ਟੈਂਪੂ ਪੌਣੇ ਪੰਜ ਵਜੇ ਸਬਜ਼ੀ ਮੰਡੀ ਲੁਧਿਆਣੇ ਲਈ ਜਾਂਦਾ। ਉਸ ਟੈਂਪੂ ਵਿਚ ਅੱਠ ਦਸ ਸਬਜ਼ੀ ਤੇ ਫਲ ਵਿਕਰੇਤਾ ਵੀ ਲੁਧਿਆਣੇ ਜਾਂਦੇ। ਦੇਵ ਵੀ ਉਨ੍ਹਾਂ ਵਿਚ ਸ਼ਾਮਲ ਹੋ ਜਾਂਦਾ। ਲੋਚੀ ਉਸ ਤੋਂ ਰੋਜ਼ ਪੰਜਾਹ ਪੈਸੇ ਕਿਰਾਇਆ ਲੈਂਦਾ। ਉਹ ਉਸ ਨੂੰ ਮਾਡਲ ਗਰਾਮ ਦੇ ਰੇਲਵੇ ਫਾਟਕਾਂ ਤੇ ਲਾਹ ਦਿੰਦਾ। ਉੱਥੋਂ ਅੱਧਾ ਕੁ ਕਿਲੋਮੀਟਰ ਦੂਰ ਉਹ ਲਾਈਨੋ ਲਾਇਨ ਮਾਡਲ ਗਰਾਮ ਦੇ ਰੇਲਵੇ ਸਟੇਸ਼ਨ ਤੇ ਪੁੱਜ ਜਾਂਦਾ। ਉੱਥੋਂ ਉਹ ਛੇ ਵਜੇ ਜਗਰਾਓਂ ਵਾਲ਼ੀ ਗੱਡੀ ਫੜਦਾ ਤੇ ਚੌਕੀਮਾਨ ਜਾ ਉਤਰਦਾ। ਉੱਥੇ ਉਸ ਨੇ ਆਪਣਾ ਸਾਇਕਲ ਕਿਸੇ ਦੇ ਘਰ ਰੱਖਿਆ ਹੋਇਆ ਸੀ। ਉੱਥੋਂ ਛੇ ਸੱਤ

ਕਿਲੋਮੀਟਰ ਦੂਰ ਪੱਬੀਆਂ ਸਕੂਲ ਵਿਚ ਉਹ ਬਾਕੀ ਸਟਾਫ਼ ਨਾਲ਼ੋਂ ਪਹਿਲਾਂ ਪਹੁੰਚ ਜਾਂਦਾ। ਸ਼ਾਮ ਵੇਲ਼ੇ ਉਹ ਚੌਕੀਮਾਨ ਤੋਂ ਦੋਰਾਹੇ ਤੱਕ ਬੱਸ ਵਿਚ ਵਾਪਸ ਆਉਂਦਾ। ਪਹਿਲਾ ਮਹੀਨਾ ਬੀਤਣ ਮਗਰੋਂ ਉਸ ਨੂੰ ਦਸ ਦਿਨਾਂ ਦੇ 123 ਰੁਪਏ ਮਿਲੇ। ਹੁਣ ਉਸ ਨੂੰ ਹਰ ਮਹੀਨੇ 366 ਰੁਪਏ ਤਨਖ਼ਾਹ ਮਿਲਣੀ ਸੀ।

ਅਗਲੇ ਮਹੀਨੇ ਸਕੂਲ ਵਿਚ ਲੁਧਿਆਣਾ ਦੇ ਇਕ ਐਸ. ਐਸ. ਮਾਸਟਰ ਮਦਨ ਮੋਹਨ ਨੇ ਜੁਐਨ ਕੀਤਾ। ਉਹ ਜੇ. ਬੀ. ਟੀ. ਤੋਂ ਪਰਮੋਟ ਹੋ ਕੇ ਆਇਆ ਸੀ। ਉਸ ਦਿਨ ਰਿਸੈੱਸ ਵੇਲ਼ੇ ਉਸ ਨੇ ਦੇਵ ਨਾਲ਼ ਰੋਟੀ ਖਾਧੀ। ਦੋਨਾਂ ਨੇ ਸਬਜ਼ੀਆਂ ਵੀ ਵਟਾਈਆਂ। ਮਦਨ ਮੋਹਨ ਸੁਭਾਅ ਦਾ ਨਿੱਘਾ ਸੀ, ਛੇਤੀ ਹੀ ਉਹ ਗੂੜ੍ਹੇ ਮਿੱਤਰ ਬਣ ਗਏ। ਉਹ ਉਸ ਨੂੰ ਨਿੱਤ ਸਵੇਰੇ ਮਾਡਲ ਗਰਾਮ ਦੇ ਰੇਲਵੇ ਸਟੇਸ਼ਨ ਤੇ ਉਡੀਕਦਾ। ਉੱਧਰ ਗੱਡੀ ਆ ਰਹੀ ਹੁੰਦੀ ਤੇ ਦੂਜੇ ਪਾਸਿਓਂ ਮਦਨ ਮੋਹਨ ਦੌੜਿਆ ਆ ਰਿਹਾ ਹੁੰਦਾ। ਦੇਵ ਉਸ ਨੂੰ ਕਹਿੰਦਾ, ‘ਤੂੰ ਭਰਾਵਾ ਪੰਜ-ਦਸ ਮਿੰਟ ਪਹਿਲਾਂ ਘਰੋਂ ਚੱਲ ਪਿਆ ਕਰ।’

‘ਪਹਿਲਾਂ ਕਿਵੇਂ ਤੁਰਾਂ? ਦੋ ਗਰੁੱਪ ਟਿਊਸ਼ਨ ਦੇ ਲਾ ਕੇ ਆਉਂਦਾ ਹਾਂ।’ ਉਹ ਕਹਿੰਦਾ।

ਵਾਪਸੀ ਸਮੇਂ ਇਕ ਦਿਨ ਮਦਨ ਮੋਹਨ ਦੇਵ ਨੂੰ ਆਪਣੇ ਘਰ ਲੈ ਗਿਆ। ਉਸ ਦਾ ਖੁੱਲ੍ਹਾ-ਡੁੱਲ੍ਹਾ ਡਬਲ ਸਟੋਰੀ ਮਕਾਨ ਬੱਸ ਅੱਡੇ ਦੇ ਬਿਲਕੁਲ ਲਾਗੇ ਸੀ। ਗਰਾਊਂਡ ਫ਼ਲੋਰ ਤੇ ਉਸ ਦਾ ਪਰਿਵਾਰ ਸੀ ਤੇ ਉੱਪਰਲੀ ਮੰਜ਼ਿਲ ਦੇ ਤਿੰਨ ਕਮਰਿਆਂ ਵਿਚ ਉਸ ਨੇ ਟਿਊਸ਼ਨ ਕੇਂਦਰ ਖੋਲ੍ਹਿਆ ਹੋਇਆ ਸੀ। ਉਸ ਕੋਲ਼ ਅੱਠਵੀਂ ਅਤੇ ਦਸਵੀਂ ਜਮਾਤ ਦੇ ਬਹੁਤ ਸਾਰੇ ਬੱਚੇ ਪੜ੍ਹਨ ਆਉਂਦੇ ਸਨ। ਉਸ ਨੇ ਇਕ ਮਾਸਟਰ ਵੀ ਰੱਖਿਆ ਹੋਇਆ ਸੀ। ਉਸ ਨੇ ਦੇਵ ਨੂੰ ਕਿਹਾ ਕਿ ਜੇ ਉਹ ਚਾਹੁੰਦਾ ਹੈ ਤਾਂ ਅੱਠਵੀਂ ਅਤੇ ਦਸਵੀਂ ਜਮਾਤ ਦੇ ਬੱਚਿਆਂ ਨੂੰ ਨਿੱਤ ਸ਼ਾਮੀ ਮੈਥ ਪੜ੍ਹਾਉਣ ਲਈ ਦੋ ਘੰਟੇ ਲਾ ਦਿਆ ਕਰੇ। ਉਹ ਉਸ ਨੂੰ ਹਰ ਮਹੀਨੇ ਦੋ ਸੌ ਰੁਪਏ ਦੇ ਦਿਆ ਕਰੇਗਾ। ਦੇਵ ਨੇ ਇਹ ਆਫ਼ਰ ਤੁਰੰਤ ਸਵੀਕਾਰ ਕਰ ਲਈ। ਦੇ ਵ ਨੇ ਹਿਸਾਬ ਲਾਇਆ ਕਿ ਦੋ ਘੰਟੇ ਲਾਉਣ ਨਾਲ਼ ਉਸ ਨੂੰ 566 ਰੁਪਏ ਮਹੀਨੇ ਦੇ ਮਿਲਣ ਲੱਗਣੇ ਸਨ। ਬੱਸ ਅਤੇ ਗੱਡੀ ਦਾ ਕਿਰਾਇਆ ਕੱਢਣ ਮਗਰੋਂ ਵੀ ਉਸ ਨੂੰ ਉਂਨੇ ਰੁਪਏ ਬਚ ਜਾਇਆ ਕਰਨੇ ਸਨ, ਜਿੰਨੇ ਉਸ ਨੂੰ ਹਿਸਾਰ ਕਾਲਜ ਤੋਂ ਮਿਲਦੇ ਸਨ। ਮਦਨ ਮੋਹਨ ਤੇ ਦੇਵ ਨਿੱਤ ਬੱਸ ਉੱਤਰ ਕੇ ਟਿਊਸ਼ਨ ਸੈਂਟਰ ਪੁੱਜ ਜਾਂਦੇ। ਰਿਕਸ਼ੇ ਦਾ ਕਿਰਾਇਆ ਹਮੇਸ਼ਾ ਮਦਨ ਹੀ ਦਿੰਦਾ। ਉਸ ਦੀ ਮਾਂ ਨਿੱਤ ਹੀ ਦੇਵ ਦਾ ਸਿਰ ਪਲ਼ੋਸਦੀ ਤੇ ਬਿਸਕੁਟਾਂ ਨਾਲ਼ ਚਾਹ ਪਿਲਾਉਂਦੀ। ਉਸ ਦੀ ਪਤਨੀ ਅਤੇ ਬੱਚੇ ਵੀ ਦੇਵ ਦੀ ਆਓ ਭਗਤ ਕਰਦੇ। ਦੋ ਘੰਟੇ ਲਾਉਣ ਮਗਰੋਂ ਉਹ ਦੋਰਾਹੇ ਚਲਾ ਜਾਂਦਾ।

ਮਦਨ ਮੋਹਨ ਨੇ ਦੇਵ ਨੂੰ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜੰਗੀਰੀ ਮੱਲ ਢੰਡ ਬੋਲਬਾਣੀ ਦਾ ਤਾਂ ਅੜਬ ਬੰਦਾ ਹੈ ਪਰ ਉਹ ਲੋੜਵੰਦਾਂ ਦਾ ਹਮੇਸ਼ਾ ਸਹਾਰਾ ਬਣਦਾ ਹੈ। ਉਸ ਨੇ ਆਪਣੇ ਕਿਸੇ ਚਪੜਾਸੀ ਨੂੰ ਬੀ. ਏ. ਬੀ. ਐਡ. ਕਰਵਾ ਕੇ ਸਰਕਾਰੀ ਸਕੂਲ ਮਾਸਟਰ ਤੱਕ ਪੁਜਾਇਆ ਸੀ। ਜੇ ਉਹ ਆਪਣੀ ਬਦਲੀ ਲਈ ਅਰਜ਼ੀ ਲਿਖ ਕੇ ਉਸ ਨੂੰ ਨਿੱਜੀ ਤੌਰ ਤੇ ਮਿਲੇ ਤਾਂ ਉਸ ਦੀ ਬਦਲੀ ਦੋਰਾਹੇ ਦੇ ਨੇੜੇ-ਤੇੜੇ ਹੋ ਸਕਦੀ ਹੈ। ਅਰਜ਼ੀ

ਲਿਖਣ ਵਿਚ ਤਾਂ ਦੇਵ ਪਹਿਲਾਂ ਹੀ ਮਾਹਰ ਸੀ। ਅਰਜ਼ੀ ਵਿਚ ਉਸ ਨੇ ਸੰਖੇਪ ਵਿਚ ਆਪਣੀ ਬੇਬੇ ਦੀ ਹਿਸਟਰੀ ਦੱਸੀ ਕਿ ਉਸਦੀ ਵਿਧਵਾ ਮਾਂ ਦੀ ਉਮਰ ਛਿਆਹਟ ਸਾਲ ਹੈ। ਉਸ ਦੇ ਪਿਓ ਗੁਜਰੇ ਨੂੰ ਛੱਬੀ ਸਾਲ ਹੋ ਗਏ ਹਨ। ਉਸ ਦੇ ਵੱਡੇ ਤਿੰਨੋਂ ਭਰਾ ਭਾਰਤੀ ਸੈਨਾ ਵਿਚ ਨੌਕਰੀਆਂ ਕਰਦੇ ਹਨ। ਉਹ ਆਪਣੀ ਮਾਂ ਨੂੰ ਬੁਢਾਪੇ ਵਿਚ ਸੁੱਖ ਦੇਣਾ ਚਾਹੁੰਦੇ ਸਨ, ਪਰ ਸਾਰੇ ਬੇਵੱਸ ਸਨ। ਉਹ ਸਵੇਰੇ ਤਿੰਨ ਵਜੇ ਉੱਠ ਕੇ ਦੇਵ ਦੀ ਰੋਟੀ ਬਣਾਉਂਦੀ ਹੈ। ਉਸ ਨੇ ਇਹ ਵੀ ਲਿਖਿਆ ਕਿ ਮਾਂ ਨੂੰ ਸੁੱਖ ਦੇਣ ਦੀ ਇੱਛਾ ਨਾਲ਼ ਉਹ ਬੀ. ਐਡ. ਕਾਲਜ ਦੀ ਪੱਕੀ ਲੈਕਚਰਾਰੀ ਨੂੰ ਠੋਕਰ ਮਾਰ ਕੇ ਆਇਆ ਸੀ। ਜੇ ਹੁਣ ਉਹ ਆਪਣੇ ਘਰ ਦੇ ਨੇੜੇ ਪੁੱਜ ਜਾਵੇਗਾ ਤਾਂ ਸਾਰੀ ਉਮਰ ਮਾਂ ਪੁੱਤ ਸਾਹਬ ਦੇ ਗੁਣ ਗਾਉਣਗੇ।

ਉਸ ਨੇ ਇਕ ਦਿਨ ਸਕੂਲ ਤੋਂ ਛੁੱਟੀ ਲਈ ਤੇ ਅਰਜੀ ਜੇਬ੍ਹ ਵਿਚ ਪਾ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਪੁੱਜ ਗਿਆ। ਢੰਡ ਸਾਹਬ ਦਫ਼ਤਰ ਵਿਚ ਬੈਠੇ ਸਨ। ਦੇ ਵ ਨੇ ਚਪੜਾਸੀ ਤੋਂ ਅੰਦਰ ਵੜਨ ਦੀ ਆਗਿਆ ਮੰਗੀ ਤਾਂ ਉਹ ਬੋਲਿਆ, ' ਔਥੇ ਜਾ ਕੇ ਬਹਿ ਜਾ। ਸਾਹਬ ਵਿਹਲਾ ਹੋਵੇਗਾ ਤਾਂ ਤੈਨੂੰ ਸੱਦ ਲਵਾਂਗਾ।'

ਦੇਵ ਕਾਫ਼ੀ ਦੇਰ ਬੈਠਾ ਰਿਹਾ। ਉਸ ਦੌਰਾਨ ਚਪੜਾਸੀ ਨੇ ਤਿੰਨ ਚਾਰ ਬੰਦਿਆਂ ਨੂੰ ਅੰਦਰ ਭੇਜਿਆ। ਦੇਵ ਉੱਠ ਕੇ ਉਸ ਕੋਲ਼ ਗਿਆ ਤੇ ਕਿਹਾ, 'ਭਰਾਵਾ ਲਾ ਦੇ ਨੰਬਰ ਮੇ ਰਾ ਵੀ।'

'ਔਥੇ ਜਾ ਕੇ ਬਹਿਜਾ। ਸਾਹਬ ਵਿਹਲਾ ਹੋਵੇਗਾ ਤਾਂ ਤੈਨੂੰ ਸੱਦ ਲਵਾਂਗਾ।'

ਚਪੜਾਸੀ ਕਿਸੇ ਕੰਮ ਚਿਕ ਚੁੱਕ ਕੇ ਅੰਦਰ ਵੜਿਆ ਤਾਂ ਦੇਵ ਵੀ ਉਸ ਦੇ ਮਗਰ ਹੀ ਚਲਾ ਗਿਆ। ਅੰਦਰ ਵੜ ਕੇ ਹੀ ਕਿਹਾ, 'ਮੇ ਆਈ ਕਮ ਇਨ ਸਰ?'

'ਕੀ ਗੱਲ ਐ?' ਢੰਡ ਸਾਹਿਬ ਬੋਲੇ।

'ਜੀ ਮੈਂ ਆਪਜੀ ਨੂੰ ਮਿਲਣਾ ਚਾਹੁੰਦਾ ਹਾਂ।'

'ਕੌਣ ਏਂ ਤੂੰ?'

'ਜੀ ਮੈਥ ਮਾਸਟਰ ਲੱਗਾ ਹਾਂ, ਪੱਬੀਆਂ ਸਕੂਲ' ਚ।'

'ਬਾਹਰ ਬੈਠ ਅਜੇ। ਠਹਿਰ ਕੇ ਬੁਲਾਵਾਂਗਾ।'

ਉਹ ਦਫ਼ਤਰ ਦੇ ਬਾਹਰ ਪਏ ਲੰਬੇ ਬੈਚ ਤੇ ਫਿਰ ਬੈਠ ਗਿਆ। ਚਪੜਾਸੀ ਬਾਹਰ ਆ ਕੇ ਉਸ ਦੇ ਗਲ਼ ਪੈ ਗਿਆ, 'ਤੁਸੀਂ ਲੋਕ ਸਿੱਧੀ ਭਾਸ਼ਾ ਵਿਚ ਗੱਲ ਸਮਝਦੇ ਨਹੀਂ? ਜਦ ਮਨ੍ਹਾ ਕੀਤਾ ਸੀ ਫਿਰ ਤੂੰ ਅੰਦਰ ਕਿਉਂ ਗਿਆ?'

'ਗਲਤੀ ਹੋ ਗਈ ਯਾਰ... ਐਵੇਂ ਕਾਹਨੂੰ ਔਖਾ ਹੁੰਦਾ ਏਂ।' ਦੇਵ ਨੇ ਕਿਹਾ।

'ਯਾਰ ਦਾ ਕੀ ਮਤਲਬ ਹੁੰਦਾ ਏ? ਮੈਂ ਤੇਰਾ ਯਾਰ ਕਿਵੇਂ ਬਣ ਗਿਆ?'

'ਤੇਰੀ ਤਾਂ ਐਥੇ ਭਰਾਵਾ ਪੂਰੀ ਚਲਦੀ ਏ। ਮੈਨੂੰ ਆਪਣਾ ਯਾਰ ਬਣਾ ਲੈ।' ਦੇਵ ਹੱਸਿਆ।

'ਔਥੇ ਜਾ ਕੇ ਬਹਿ ਜਾ। ਬਹੁਤਾ ਬੋਲਣ ਦੀ ਲੋੜ ਨਹੀਂ। ਸਾਹਬ ਵਿਹਲਾ ਹੋਵੇਗਾ ਤਾਂ ਤੈਨੂੰ ਸੱਦ ਲਵਾਂਗਾ।'

ਦੇਵ ਨੇ ਸੋਚਿਆ, ਜਿਸ ਅਫ਼ਸਰ ਦਾ ਚਪੜਾਸੀ ਹੀ ਪੈਰ ਨਹੀਂ ਲੱਗਣ ਦਿੰਦਾ। ਉਹ

ਅਫ਼ਸਰ ਮੇਰਾ ਕੀ ਹਾਲ ਕਰੇਗਾ। ਉਸ ਦੇ ਚਿੱਤ ਵਿਚ ਆਇਆ ਕਿ ਅਰਜ਼ੀ ਫਾੜ ਚਪੜਾਸੀ ਦੇ ਮੂੰਹ ਤੇ ਮਾਰੇ ਤੇ ਵਾਪਸ ਸਕੂਲ ਚਲਾ ਜਾਵੇ। ਪਰ ਉਸ ਨੂੰ ਉਸ ਦੇ ਵੀਰ ਜੀ ਰਾਮ ਸਿੰਘ ਦੀ ਕਹੀ ਗੱਲ ਯਾਦ ਆ ਗਈ ਕਿ ਸਬਰ ਦਾ ਫਲ਼ ਮਿੱਠਾ ਹੁੰਦਾ ਏ। ਬਿੱਲੀ ਚੂਹੇ ਦੀ ਖੁੱਡ ਬਾਹਰ ਬੈਠੀ ਉਸ ਦੇ ਬਾਹਰ ਨਿਕਲ਼ਣ ਦੀ ਉਡੀਕ ਵਿਚ ਸਾਰਾ ਦਿਨ ਲੰਘਾ ਦਿੰਦੀ ਹੈ। ਤੱਤਾ ਕਦੀ ਨਾ ਖਾਓ। ਚੰਗੇ ਪਲ ਉਡੀਕਣ ਮਗਰੋਂ ਹੀ ਆਉਂਦੇ ਹਨ। ਦੇਵ ਬੈਂਚ ਉੱਤੇ ਬੈਠਾ ਰਿਹਾ। ਚਪੜਾਸੀ ਨਾਲ਼ ਗਿਟ-ਮਿਟ ਕਰਕੇ ਲੋਕ ਅੰਦਰ ਜਾਂਦੇ ਰਹੇ ਤੇ ਆਪਣੇ ਕੰਮ ਕਰਵਾ ਕੇ ਬਾਹਰ ਨਿਕਲ਼ਦੇ ਰਹੇ। ਸ਼ਾਇਦ ਲੰਚ ਦਾ ਟਾਇਮ ਹੋ ਗਿਆ ਸੀ। ਢੰਡ ਸਾਹਬ ਬਾਹਰ ਨਿਕਲ਼ ਦੇਵ ਕੋਲ਼ੋਂ ਲੰਘਣ ਲੱਗੇ ਤਾਂ ਉਹ ਹੱਥ ਜੋੜਦਾ ਉੱਠ ਖੜ੍ਹਾ ਹੋਇਆ। ਉਨ੍ਹਾਂ ਨੇ ਕੋਈ ਧਿਆਨ ਹੀ ਨਾ ਦਿੱਤਾ। ਦੇਵ ਮੁੜ ਬੈਂਚ ਤੇ ਬੈਠ ਗਿਆ। ਉਹ ਦੋ ਘੰਟੇ ਮਗਰੋਂ ਵਾਪਸ ਆਏ ਤਾਂ ਦੇਵ ਨੇ ਖੜ੍ਹਾ ਹੋਕੇ ਫਿਰ ਹੱਥ ਜੋੜੇ। ਉਨ੍ਹਾਂ ਨੇ ਫਿਰ ਵੀ ਕੋਈ ਧਿਆਨ ਨਾ ਦਿੱਤਾ।

ਬੈਂਚ ਉੱਤੇ ਉਸੇ ਤਰ੍ਹਾਂ ਬੈਠਿਆਂ ਸ਼ਾਮ ਦੇ ਪੰਜ ਵੱਜ ਗਏ। ਢੰਡ ਸਾਹਬ ਘਰ ਲਈ ਬਾਹਰ ਨਿਕਲ਼ੇ। ਉਨ੍ਹਾਂ ਨਾਲ਼ ਫਾਈਲਾਂ ਚੁੱਕੀ ਸਟੈਨੋ ਵੀ ਬਾਹਰ ਨਿਕਲ਼ਿਆ। ਬਾਹਰ ਚਪੜਾਸੀ ਅਤੇ ਦੇਵ ਤੋਂ ਬਿਨਾਂ ਕੋਈ ਨਹੀਂ ਸੀ। ਦੇਵ ਹੱਥ ਜੋੜਦਾ ਰਾਹ ਵਿਚ ਖੜ੍ਹਾ ਹੋ ਗਿਆ। ਉਹ ਰੁਕ ਗਏ ਤੇ ਬੋਲੇ, 'ਹਾਂ ਬਈ ਮੁੰਡਿਆ ਤੂੰ ਐਥੇ ਕਿਵੇਂ ਬੈਠਾ ਸੀ?'

'ਸਰ, ਤੁਹਾਨੂੰ ਮਿਲਣਾ ਸੀ। ਤੁਸੀਂ ਸਵੇਰੇ ਮੈਨੂੰ ਬਾਹਰ ਬੈਠਣ ਨੂੰ ਕਿਹਾ ਸੀ।'

'ਤੂੰ ਸਵੇਰ ਦਾ ਹੀ ਉਸੇ ਤਰ੍ਹਾਂ ਬੈਠਾ ਏਂ?'

'ਸਰ, ਤੁਸੀਂ ਕਿਹਾ ਸੀ, ਬਾਅਦ ਵਿਚ ਸੱਦਾਂਗਾ।'

ਉਹ ਉਨ੍ਹੀਂ ਪੈਰੀਂ ਵਾਪਸ ਹੋ ਗਏ ਤੇ ਬੋਲੇ, 'ਆ ਜਾ ਭਾਈ ਅੰਦਰ, ਐਨਾ ਸਬਰ?'

ਉਹ ਆਪਣੀ ਕੁਰਸੀ ਤੇ ਬੈਠੇ ਤਾਂ ਸਟੈਨੋ ਵੀ ਉਨ੍ਹਾਂ ਲਾਗੇ ਬੈਠ ਗਿਆ। ਉਨ੍ਹਾਂ ਦੇਵ ਨੂੰ ਬੈਠਣ ਲਈ ਕਿਹਾ ਤੇ ਪੁੱਛਿਆ, 'ਹਾਂ, ਕੀ ਗੱਲ ਏ?'

'ਜੀ ਆਹ ਅਰਜ਼ੀ ਪੜ੍ਹ ਲਵੋ।' ਦੇਵ ਨੇ ਉੱਠ ਕੇ ਦੋਨਾਂ ਹੱਥਾਂ ਨਾਲ਼ ਅਰਜ਼ੀ ਫੜਾਈ।

ਉਨ੍ਹਾਂ ਨੇ ਐਨਕ ਲਾਈ ਤੇ ਦੇਵ ਦੀ ਅਰਜ਼ੀ ਪੜ੍ਹਨ ਲੱਗ ਪਏ। ਉਹ ਅਰਜ਼ੀ ਪੜ੍ਹਦੇ ਰਹੇ ਤੇ ਦੇਵ ਉਨ੍ਹਾਂ ਦੇ ਗੰਭੀਰ ਚਿਹਰੇ ਦੇ ਹਾਵ-ਭਾਵ ਪੜ੍ਹਨ ਦੀ ਕੋਸ਼ਿਸ਼ ਕਰਦਾ ਰਿਹਾ।

'ਐਨੀਆਂ ਗੱਲਾਂ ਕਿਸ ਤੋਂ ਲਿਖਵਾ ਕੇ ਲਿਆਇਆ ਏਂ?'

'ਸਰ, ਆਪ ਹੀ ਲਿਖੀਆਂ ਨੇ। ਇਹ ਸਭ ਸੱਚ ਏ ਸਰ। ਤੁਸੀਂ ਸਾਰੀਆਂ ਗੱਲਾਂ ਦੀ ਪੜਤਾਲ ਕਰਵਾ ਸਕਦੇ ਹੋ।'

ਉਹ ਹੱਸਿਆ ਤੇ ਸਟੈਨੋ ਨੂੰ ਕਹਿਣ ਲੱਗਾ, 'ਦੇਖ ਕੇ ਦੱਸੋ, ਦੋਰਾਹੇ ਨੇੜੇ ਮੈਥ ਮਾਸਟਰ ਦੀਆਂ ਖਾਲੀ ਥਾਵਾਂ ਕਿਹੜੇ ਕਿਹੜੇ ਸਕੂਲ' ਚ ਨੇ?'

ਸਟੈਨੋ ਉੱਠ ਕੇ ਇਕ ਲਿਸਟ ਚੁੱਕ ਲਿਆਇਆ ਤੇ ਪੜ੍ਹ ਕੇ ਸੁਣਾਉਣ ਲੱਗਾ। ਉਸ ਨੇ 'ਧਮੋਟ' ਬੋਲਿਆ ਤਾਂ ਦੇਵ ਨੇ ਕਿਹਾ, 'ਜੀ ਧਮੋਟ ਕਰ ਦਿਓ।'

'ਧਮੋਟ ਨਹੀਂ ਤੂੰ ਕੁੱਬਾ ਲੈ। ਤੇਰੇ ਘਰ ਦੇ ਨੇੜੇ ਪਵੇਗਾ।' ਢੰਡ ਸਾਹਬ ਨੇ ਦੱਸਿਆ।

'ਜੀ ਮੈਂ ਤਾਂ ਕੁੱਬਾ ਕਦੀ ਸੁਣਿਆ ਨਹੀਂ।'

'ਨੀਲੋਂ ਪੁਲ ਲਾਗੇ ਹੈ।'

ਢੰਡ ਸਾਹਬ ਨੇ ਕੁੱਬਾ ਸਕੂਲ ਦੇ ਆਰਡਰ ਟਾਈਪ ਕਰਨ ਲਈ ਸਟੈਨੋ ਨੂੰ ਕਿਹਾ। ਉਹ ਅੰਦਰ ਚਲਾ ਗਿਆ ਤਾਂ ਢੰਡ ਸਾਹਬ ਉਸ ਨੂੰ ਹਿਸਾਰ ਕਾਲਜ ਦੀ ਨੌਕਰੀ ਬਾਰੇ ਪੁੱਛਣ ਲੱਗ ਪਏ। ਇਹ ਵੀ ਕਿਹਾ ਕਿ ਜਿਹੜੇ ਬੰਦੇ ਨੇ ਕਾਲਜ ਵਿਚ ਨੌਕਰੀ ਕਰ ਲਈ, ਉਹ ਸਕੂਲ ਵਿਚ ਔਖਾ ਹੀ ਫਿੱਟ ਹੁੰਦਾ ਹੈ।

'ਸਰ, ਮੈਂ ਅਜਿਹਾ ਬੰਦਾ ਹਾਂ ਜੋ ਹਰ ਥਾਂ ਫਿੱਟ ਹੋ ਸਕਦਾ ਏਂ। ਜ਼ਿੰਦਗੀ ਵਿਚ ਕਾਫ਼ੀ ਧੱਕੇ ਖਾਧੇ ਨੇ। ਹੁਣ ਤਾਂ ਮੌਜ ਹੀ ਮੌਜ ਏ।'

'ਮੌਜ ਹੀ ਨਾ ਕਰਦੇ ਰਹਿਣਾ ਬੱਚਿਆਂ ਨੂੰ ਪੜ੍ਹਾਉਣਾ ਵੀ।'

ਦੇਵ ਕੁੱਬੇ ਦੇ ਆਰਡਰ ਲੈ ਕੇ ਐਨਾ ਖੁਸ਼ ਹੋ ਗਿਆ ਕਿ ਪੀ ਕੇ ਹੀ ਘਰ ਵੜਿਆ।

ਆਪਣੀ ਬਦਲੀ ਦੇ ਆਰਡਰ ਲੈ ਕੇ ਅਗਲੀ ਸਵੇਰ ਰਿਲੀਵ ਹੋਣ ਲਈ ਦੇਵ ਪੱਬੀਆਂ ਸਕੂਲ ਪਹੁੰਚ ਗਿਆ। ਸਕੂਲ ਦਾ ਹੈੱਡਮਾਸਟਰ ਹਰਬੰਸ ਸਿੰਘ ਮੈਡੀਕਲ ਛੁੱਟੀ ਕੱਟ ਕੇ ਅੱਜ ਹੀ ਸਕੂਲ ਵਾਪਸ ਆਇਆ ਸੀ। ਪ੍ਰਾਰਥਨਾ ਸਭਾ ਮਗਰੋਂ ਉਹ ਸਿੱਧਾ ਉਸ ਦੇ ਦਫ਼ਤਰ ਚਲਾ ਗਿਆ। ਉਹ ਦੇਵ ਨੂੰ ਬੜੇ ਨਿੱਘ ਨਾਲ਼ ਮਿਲਿਆ। ਦੋ ਚਾਰ ਗੱਲਾਂ ਦੇ ਨਾਲ਼ ਹੀ ਦੇਵ ਉਸ ਤੋਂ ਬੜਾ ਪ੍ਰਭਾਵਤ ਹੋਇਆ। ਉਸ ਦੀ ਬਦਲੀ ਦੇ ਆਰਡਰ ਦੇਖ ਕੇ ਉਸ ਨੂੰ ਜਿਵੇਂ ਧੱਕਾ ਲੱਗਾ, ਉਹ ਇਸ ਗੱਲ ਦੀ ਚਿੰਤਾ ਕਰਨ ਲੱਗਾ ਕਿ ਹੁਣ ਪਤਾ ਨਹੀਂ ਕਦੋਂ ਕੋਈ ਮੈਥ ਮਾਸਟਰ ਉਸ ਦੇ ਸਕੂਲ ਆਵੇਗਾ। ਦੇਵ ਨੇ ਉਸ ਨੂੰ ਆਪਣੇ ਬਾਰੇ ਸਭ ਕੁਝ ਦੱਸਿਆ। ਸਟਾਫ਼ ਦੇ ਕੁਝ ਬੰਦਿਆਂ ਦੀ ਘਟੀਆ ਸੋਚ ਦੀ ਗੱਲ ਵੀ ਕੀਤੀ, ਜਿਹੜੇ ਹੁਣ ਤੱਕ ਜਾਤ-ਪਾਤ ਦੇ ਕੋਹੜ' ਚੋਂ ਨਿਕਲ਼ ਨਹੀਂ ਸਨ ਸਕੇ। ਦੇਵ ਦੇ ਘਰ ਨੇੜੇ ਚਲਾ ਜਾਣ ਕਰਕੇ ਉਸ ਨੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ। ਫਿਰ ਕਿਹਾ, 'ਦੇਖੋ ਦੇਵ ਜੀ, ਪਤਾ ਨਹੀਂ ਇਸ ਮਗਰੋਂ ਕਦੋਂ ਮਿਲੀਏ। ਚਾਹ ਪਾਰਟੀ ਦਿੱਤੇ ਬਿਨਾਂ ਤਾਂ ਤੁਹਾਨੂੰ ਜਾਣ ਨਹੀਂ ਦਿਆਂਗੇ। ਬਾਅਦ ਦੁਪਹਿਰ ਰਿਲੀਵ ਕਰਾਂਗਾ। ਅਗਲੇ ਦਿਨ ਤੁਸੀਂ ਨਵੇਂ ਸਕੂਲ ਵਿਚ ਚਲੇ ਜਾਣਾ।'

ਉਸ ਵੱਲੋਂ ਦਿਖਾਏ ਨਿੱਘ ਕਰਕੇ ਦੇਵ ਜਵਾਬ ਨਾ ਦੇ ਸਕਿਆ। ਉਸ ਨੇ ਦੱਸਿਆ ਕਿ ਉਹ ਤੇ ਉਸ ਦੀ ਘਰ ਵਾਲ਼ੀ ਜਗਰਾਉਂ ਵਿਚ ਇਕ ਕੱਚੇ ਮਕਾਨ ਵਿਚ ਸਾਦਗੀ ਭਰਿਆ ਜੀਵਨ ਬਤੀਤ ਕਰ ਰਹੇ ਸਨ। ਸਾਦਾ ਖਾਂਦੇ, ਸਾਦਾ ਪਹਿਨਦੇ, ਤੇ ਸਾਦਗੀ ਵਿਚ ਹੀ ਜਿਊਂਦੇ ਸਨ। ਦੋ ਹੀ ਕਮਰੇ ਸਨ, ਇਕ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਬੱਸ, ਰੱਬ ਨਾਲ਼ ਸੁਰ ਮਿਲੀ ਹੋਈ ਸੀ। ਦੇਵ ਨੇ ਪੁੱਛਿਆ, 'ਸਰ ਤੁਹਾਡਾ ਪਰਿਵਾਰ?'

'ਦੋ ਲੜਕੀਆਂ ਤੇ ਇਕ ਲੜਕਾ ਹੈ। ਲੜਕੀਆਂ ਸਰਕਾਰੀ ਨੌਕਰੀ ਕਰਦੀਆਂ ਹਨ। ਵਿਆਹੀਆਂ ਹੋਈਆਂ ਹਨ। ਲੜਕੇ ਦਾ ਕਢਾਈ ਮਸ਼ੀਨਾਂ ਦਾ ਕਾਰਖਾਨਾ ਹੈ। ਉਸ ਦਾ ਆਪਣਾ ਪਰਿਵਾਰ ਹੈ। ਅਲੱਗ ਕੋਠੀ ਵਿਚ ਰਹਿੰਦਾ ਹੈ। ਕਾਰ ਵੀ ਰੱਖੀ ਹੋਈ ਏ।'

'ਸਰ, ਤੁਸੀਂ ਆਪਣੇ ਬੇਟੇ ਨਾਲ਼ ਕਿਉਂ ਨੀ ਰਹਿੰਦੇ?' ਦੇਵ ਨੇ ਪੁੱਛਿਆ ਤਾਂ ਉਹ ਕੇਵਲ ਮੁਸਕਰਾ ਦਿੱਤਾ। ਦੇਵ ਨੇ ਵੀ ਹੋਰ ਕੁਝ ਨਾ ਪੁੱਛਿਆ। ਉਸ ਨੇ ਐਨਾ ਹੀ ਕਿਹਾ,

'ਸਰ, ਜੇ ਤੁਸੀਂ ਮੇਰੇ ਇਸ ਸਕੂਲ ਵਿਚ ਜੁਐਨ ਕਰਨ ਵੇਲ਼ੇ ਛੁੱਟੀ ਤੇ ਨਾ ਹੁੰਦੇ ਤਾਂ ਮੈਂ ਆਪਣੀ ਬਦਲੀ ਬਾਰੇ ਕਦੀ ਸੋਚਣਾ ਵੀ ਨਹੀਂ ਸੀ। ਤੁਸੀਂ ਕਦੀ ਮੇਰੇ ਕੋਲ਼ ਦੋਰਾਹੇ ਆਉਣਾ।'

'ਠੀਕ ਏ ਭਾਈ, ਜ਼ਰੂਰ ਆਵਾਂਗਾ।'

ਪਾਰਟੀ ਲਈ ਟੀਚਰ ਭੇਜ ਕੇ ਜਗਰਾਓਂ ਤੋਂ ਖਾਣ-ਪੀਣ ਦਾ ਸਮਾਨ ਤੇ ਲੱਕੜੀ ਦੇ ਕਵਰ ਵਾਲ਼ਾ ਵੱਡਾ ਕਲਾਕ ਦੇਵ ਨੂੰ ਤੋਹਫ਼ੇ ਵਜੋਂ ਦੇਣ ਲਈ ਮੰਗਵਾ ਲਏ ਗਏ। ਹਾਲ ਕਮਰੇ ਵਿਚ ਉਸ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਸਭ ਤੋਂ ਪਹਿਲਾਂ ਮਦਨ ਮੋਹਨ ਬੋਲਿਆ। ਉਸ ਨੇ ਕਿਹਾ, 'ਕੋਈ ਵੀ ਉੱਚ ਜਾਤੀ ਦਾ ਬੰਦਾ ਆਪਣੇ ਆਪ ਨੂੰ ਨੀਵੀਂ ਜਾਤ ਦਾ ਦੱਸਦਾ ਸੁਣਿਆਂ ਹੈ? ਉਹ ਦੇਵ ਹੈ। ਐਮ. ਐਸ. ਸੀ. ਬੀ. ਐਡ. ਪੜ੍ਹਿਆ ਕੋਈ ਅਧਿਆਪਕ ਆਪਣੇ ਆਪ ਨੂੰ ਕੇਵਲ ਬੀ. ਐਸ. ਸੀ. ਬੀ. ਐਡ. ਦੱਸੇਗਾ? ਸ਼ਾਇਦ ਨਹੀਂ। ਜੇ ਕੋਈ ਕਾਲਜ ਵਿਚ ਚਾਰ ਸਾਲ ਪੜ੍ਹਾ ਕੇ ਆਵੇ ਤੇ ਉਹ ਕਿਸੇ ਕੋਲ਼ ਗੱਲ ਹੀ ਨਾ ਕਰੇ , ਇਹ ਉਸ ਦੀ ਨਿਮਰਤਾ ਨਹੀਂ? ਦਰਅਸਲ ਦੇਵ ਸ਼ੇਡ ਵਿਚ ਰਹਿਣ ਵਾਲਾ ਸ਼ਖ਼ਸ ਹੈ।'

ਉਸ ਨੇ ਇਹ ਵੀ ਕਿਹਾ ਕਿ ਉਸ ਨੇ ਦੇਵ ਦੀ ਦੋਸਤੀ ਦਾ ਨਿੱਘ ਮਾਣਿਆ ਹੈ ਤੇ ਉਹ ਹਮੇਸ਼ਾ ਉਸ ਨਾਲ਼ ਵਰਤਦਾ ਰਹੇਗਾ। ਸਾਰੇ ਜਣੇ ਉਸ ਦੀ ਗੱਲ ਸੁਣ ਕੇ ਬੜਾ ਹੈਰਾਨ ਹੋਏ। ਹੈਡਮਾਸਟਰ ਹਰਬੰਸ ਸਿੰਘ ਨੇ ਉਸ ਦੇ ਪਿਛੋਕੜ, ਉਸ ਦੇ ਪਿਓ ਦੀ ਮੌਤ ਤੇ ਉਸਦੇ ਜਨਮ ਬਾਰੇ ਦੱਸਿਆ ਤਾਂ ਕਈ ਅਧਿਆਪਕ ਅੱਖਾਂ ਭਰ ਆਏ। ਇਕ ਮੈਡਮ ਸੰਤੋਸ਼ ਰਾਣੀ ਤਾਂ ਹਉਕੇ ਹੀ ਭਰਨ ਲੱਗ ਪਈ। ਜਿਨ੍ਹਾਂ ਨੇ ਪਹਿਲਾਂ ਉਸ ਦਾ ਭਾਂਡਾ ਛੇਕਿਆ ਹੋਇਆ ਸੀ, ਹੁਣ ਉਸ ਨੂੰ ਜੱਫੀਆਂ ਪਾਉਣ ਲੱਗੇ। ਪਾਰਟੀ ਮਗਰੋਂ ਘੰਟਾ ਪਹਿਲਾਂ ਹੀ ਸਕੂਲ ਨੂੰ ਛੁੱਟੀ ਕਰ ਦਿੱਤੀ ਗਈ। ਜਦੋਂ ਹੈੱਡਮਾਸਟਰ ਅਤੇ ਸਟਾਫ਼ ਦੇ ਕੁਝ ਮੈਂਬਰ ਤੇ ਸਾਰੀਆਂ ਮੈਡਮਾਂ ਚਲੀਆਂ ਗਈਆਂ ਤਾਂ ਦੇਵ ਨੂੰ ਪਤਾ ਲੱਗਾ ਕਿ ਸਟਾਫ਼ ਵਾਲ਼ਿਆਂ ਨੇ ਉਸ ਲਈ ਸ਼ਰਾਬ ਦੀ ਵਿਦਾਇਗੀ ਪਾਰਟੀ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਚਪੜਾਸੀ ਨੇ ਸਟੋਵ ਬਾਲ਼ ਲਿਆ। ਕੋਈ ਲਸਣ ਛਿੱਲੇ, ਕੋਈ ਪਿਆਜ ਤੇ ਕੋਈ ਮੀਟ ਧੋਣ ਲੱਗਾ ਹੋਇਆ। ਮਦਨ ਮੋਹਨ ਇਹ ਕਹਿ ਕੇ ਚਲਾ ਗਿਆ ਕਿ ਅਧਿਆਪਕਾਂ ਨੂੰ ਸਕੂਲ ਵਰਗੀ ਪਵਿੱਤਰ ਥਾਂ ਤੇ ਸ਼ਰਾਬ ਪੀਣੀ ਸ਼ੋਭਾ ਨਹੀਂ ਦਿੰਦੀ। ਦੇਵ ਵੀ ਇਹੋ ਗੱਲ ਸੋਚਦਾ ਸੀ, ਪਰ ਸਾਰਿਆਂ ਦਾ ਉਸ ਵੱਲ ਉਮਡਿਆ ਪਿਆਰ ਦੇਖ ਕੇ ਉਹ ਚੁੱਪ ਕਰ ਗਿਆ। ਸੈਕੰਡ ਮਾਸਟਰ ਦੀ ਦਲੀਲ ਸੀ ਕਿ ਮੀਟ ਖਾਣ ਤੇ ਦਾਰੂ ਪੀਣ ਲਈ ਸਕੂਲ ਵਰਗੀ ਸੇਫ਼ ਥਾਂ ਹੋਰ ਕੋਈ ਨਹੀਂ। ਉਹ ਢਾਬਿਆਂ ਤੇ ਜਾਣਗੇ, ਬਜ਼ਾਰਾਂ' ਚ ਸ਼ਰਾਬ ਪੀਈ ਫਿਰਨਗੇ, ਟੀਚਰ ਮਹਿਕਮਾ ਬਦਨਾਮ ਹੋਊ। ਸਕੂਲ ਵਿਚ ਢਕੀ ਰਿੱਝ ਜਾਂਦੀ ਹੈ। ਨਾ ਚੋਰ ਆਉਂਦਾ ਹੈ ਤੇ ਨਾ ਕੁੱਤਾ ਭੌਂਕਦਾ ਹੈ। ਪੀਂਦੇ ਪੀਂਦੇ ਕਈ ਵੱਧ ਹੋ ਗਏ ਤੇ ਦੇਵ ਨੂੰ ਆਪਣੇ ਨਾਲ਼ ਘਰ ਲੈ ਕੇ ਜਾਣ ਦੀ ਜਿੱਦ ਕਰਨ ਲੱਗੇ, ਪਰ ਉਹ ਨਾ ਮੰਨਿਆ। ਮੱਲਕ ਦੇਣੇ ਉਸ ਨੇ ਗਿਫ਼ਟ ਵਿਚ ਮਿਲਿਆ ਕਲਾਕ ਆਪਣੀ ਕੱਛ ਵਿਚ ਦਿੱਤਾ ਤੇ ਸਾਇਕਲ ਉੱਤੇ ਚੜ੍ਹ ਖਿਸਕ ਆਇਆ।

**00**

# ਇਕ ਸੌ ਗਿਆਰਾਂ

ਅਗਲੇ ਦਿਨ ਦੇਵ ਘੰਟਾ ਪਹਿਲਾਂ ਹੀ ਆਪਣੇ ਨਵੇਂ ਸਕੂਲ ਲਈ ਚੱਲ ਪਿਆ। ਉਸ ਨੇ ਵਜ਼ੀਰ ਸਿੰਘ ਹਲਵਾਈ ਤੋਂ ਕਿੱਲੋ ਬਰਫ਼ੀ ਵੀ ਨਾਲ਼ ਲੈ ਲਈ। ਦੋਰਾਹੇ ਤੋਂ ਕੁੱਬੇ ਤੱਕ ਦੀ ਸਰਹੰਦ ਨਹਿਰ ਦੀ ਪਟੜੀ ਦੇ ਦੋਨਾਂ ਪਾਸੇ ਜਾਮਣਾਂ, ਟਾਹਲੀਆਂ, ਸਫ਼ੈਦਿਆਂ, ਕਿੱਕਰਾਂ ਦੀ ਐਨੀ ਭਰਮਾਰ ਸੀ ਕਿ ਕਈ ਥਾਵਾਂ ਉੱਤੇ ਤਾਂ ਦਰੱਖਤਾਂ ਦਾ ਛਾਉਰਾ ਕਿਸੇ ਪਹਾੜੀ ਸੁਰੰਗ ਦਾ ਭੁਲੇਖਾ ਪਾਉਂਦਾ। ਪਾਣੀ ਨਾਲ਼ ਭਰੀ ਜਾਂਦੀ ਸਰਹੰਦ ਨਹਿਰ ਦਾ ਆਪਣਾ ਹੀ ਨਜ਼ਾਰਾ ਸੀ। ਇਹ ਉਹੀ ਨਹਿਰ ਸੀ ਜਿਹੜੀ ਦੇਵ ਦੇ ਨਾਨਕੇ ਪਿੰਡ ਸਲਾਹਪੁਰ ਦੀਆਂ ਜੜ੍ਹਾਂ ਨਾਲ਼ ਖਹਿ ਕੇ ਆਉਂਦੀ ਸੀ। ਦੇਵ ਜਦੋਂ ਕਟਾਣਾ ਸਾਹਬ ਗੁਰਦੁਆਰੇ ਦੇ ਸਾਮ੍ਹਣੇ ਪੁੱਜਾ ਤਾਂ ਕਿਸੇ ਨੇ ਬੜੀ ਗੱਜ ਵੱਜ ਕੇ ਕਿਹਾ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।'

ਦੇਵ ਸਾਇਕਲ ਤੋਂ ਉਤਰ ਗਿਆ। ਨਹਿਰ ਵਾਲ਼ੇ ਪਾਸੇ ਇਕ ਜਾਮਣ ਦੀਆਂ ਜੜ੍ਹਾਂ ਵਿਚ ਤਪੜੀ ਵਿਛਾਈ ਬੈਠਾ ਖ਼ਸਤਾ ਹਾਲ ਕੱਪੜਿਆਂ ਵਾਲ਼ਾ ਇੱਕ ਬਜ਼ੁਰਗ ਨਿਹੰਗ ਸਿੰਘ ਉਸ ਨੂੰ ਨਜ਼ਰ ਆਇਆ। ਉਹ ਆਪਣੇ ਦੋਨਾਂ ਹੱਥਾਂ ਨਾਲ਼ ਆਪਣੀਆਂ ਨੰਗੀਆਂ ਲੱਤਾਂ ਵੱਲ ਨੂੰ ਇਸ਼ਾਰੇ ਕਰਦਾ ਬੋਲਣ ਲੱਗਾ, 'ਖਾ ਜਾ ਮੈਨੂੰ... ਵੱਢ ਦੰਦੀ... ਟੁੱਕ ਲੈ, ਟੁੱਕ ਲੈ ਕੁਛ ਨੀ ਕਹਿੰਦਾ.. ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ... ਮੌਜਾਂ ਲੁੱਟ ਬੁੱਲੇ ਵੱਢ... ਮੈਂ ਨੀਂ ਕੁਛ ਵੀ ਕਹਿੰਦਾ... ਤੂੰ ਵੀ ਚੱਲ ਅੱਗੇ, ਪੀ ਲੈ ਲਹੂ... ਰੱਜ ਗਈ? ਚੱਲ ਚੱਲ ਪਿੱਛੇ ਨਾ ਰਹਿ... ਰੁੱਸ ਗਈ?'

ਇਹ ਕੀ ਡਰਾਮਾ ਹੋ ਰਿਹਾ ਸੀ, ਦੇਵ ਨੂੰ ਸਮਝ ਨਾ ਆਈ। ਉਹ ਨਿਹੰਗ ਸਿੰਘ ਦੇ ਲਾਗੇ ਚਲਾ ਗਿਆ। ਉਹ ਆਪਣੀਆਂ ਲੱਤਾਂ ਵੱਲ ਨੂੰ ਇਸ਼ਾਰੇ ਕਰ ਕੇ ਦੇਵ ਨੂੰ ਕੁਝ ਦੱਸਣ ਲੱਗਾ ਤੇ ਬੋਲੀ ਗਿਆ, 'ਚੂੰਡ ਚੂੰਡ ਕੇ ਖਾਓ... ਡਰੋ ਨਾ... ਖਾਓ ਖਾਓ।'

ਦੇਵ ਨੇ ਧਿਆਨ ਨਾਲ਼ ਦੇਖਿਆ ਤੇ ਧੁਰ ਅੰਦਰ ਤੱਕ ਕੰਬ ਗਿਆ। ਉਸ ਦੇ ਸਾਰੇ ਸ਼ਰੀਰ ਅਤੇ ਫਟੇ ਕੱਪੜਿਆਂ ਉੱਤੇ ਕੀੜੀਆਂ ਦੇ ਭੌਣ ਵਾਂਗ ਚਾਂਦੀ ਰੰਗੀਆਂ ਚਮ ਜੂੰਆਂ ਘੁੰਮ ਰਹੀਆਂ ਸਨ। ਦੇਵ ਨੂੰ ਤਾਂ ਜਿਵੇਂ ਚੱਕਰ ਹੀ ਆ ਗਿਆ। ਉਹ ਹੈਰਾਨ ਪਰੇਸ਼ਾਨ ਪਿੱਛੇ ਹਟ ਕੇ ਖੜੋ ਗਿਆ। ਕੀ ਇਹ ਸੱਚ ਸੀ ਜਾਂ ਫਿਰ ਉਹ ਕੋਈ ਸੁਪਨਾ ਦੇਖ ਰਿਹਾ ਸੀ। ਸਾਇਕਲ ਉੱਤੇ ਕੋਈ ਬੰਦਾ ਲੰਘਦਾ ਲੰਘਦਾ ਰੁਕ ਗਿਆ ਤੇ ਬੋਲਿਆ, 'ਇਹ ਸਿੰਘ ਅਜੇ ਜਿਉਂਦਾ ਏ?'

'ਇਹ ਐਥੇ ਕਿਉਂ ਬੈਠਾ ਏ? ਇਸ ਉੱਤੇ ਤਾਂ ਸੈਂਕੜੇ ਹੀ ਜੂੰਆਂ ਘੁੰਮ ਰਹੀਆਂ ਨੇ ।' ਦੇਵ ਨੇ ਕਿਹਾ।

ਉਸ ਬੰਦੇ ਨੇ ਦੱਸਿਆ ਕਿ ਇਹ ਨਿਹੰਗ ਸਿੰਘ ਕਟਾਣਾ ਸਾਹਬ ਗੁਰਦੁਆਰੇ ਗਿਆ ਸੀ। ਉਸ ਨੂੰ ਫਟੇ ਹਾਲ਼ੀ ਦੇਖ ਉਨ੍ਹਾਂ ਉੱਥੋਂ ਭਜਾ ਦਿੱਤਾ। ਛਿਆਨਵੇਂ ਕਰੋੜੀ ਵਾਲ਼ਿਆਂ ਨੇ ਉਸ ਨੂੰ ਕਿਸੇ ਗੱਲੋਂ ਕੱਢਿਆ ਹੋਇਆ ਸੀ। ਉਹ ਉੱਥੇ ਗੁਰਦੁਆਰੇ ਦੇ ਸਾਮ੍ਹਣੇ ਆ ਬੈਠਿਆ ਸੀ। ਅੰਨ ਪਾਣੀ ਉਸ ਨੇ ਤਿਆਗਿਆ ਹੋਇਆ ਹੈ। ਐਥੇ ਬੈਠੇ ਨੂੰ ਦੂਜਾ ਹਫਤਾ ਹੈ। ਉਹ

ਕਹਿ ਰਿਹਾ ਹੈ ਕਿ ਐਥੇ ਹੀ ਸ਼ਹੀਦੀ ਪ੍ਰਾਪਤ ਕਰੇਗਾ। ਦੇਵ ਨੇ ਨਿਹੰਗ ਸਿੰਘ ਨੂੰ ਰੋਟੀ ਦੇਣੀ ਚਾਹੀ ਤਾਂ ਉਹ ਹੱਸਿਆ ਤੇ ਬੋਲਿਆ, 'ਫੌਜਾਂ ਧਰਤੀ ਤੋਂ ਹਰਨ ਹੋਣ ਵਾਲ਼ੀਆਂ ਨੇ। ਦੇਗਾਂ ਸਾਡੀਆਂ ਮਸਤ ਹੋ ਗਈਆਂ ਨੇ। ਕੂਚ ਕਰ ਜਾਣਾ ਹੈ ਸੱਚੇ ਪਾਤਸ਼ਾਹ ਦੀ ਦਰਗਾਹ ਵੱਲ ਨੂੰ। ਹੁਣ ਤਾਂ ਮੋਰਚਾ ਫਤਹਿ ਹੀ ਫਤਹਿ ਹੈ। ਘੋੜ ਦੌੜ ਦੇਖੋ ਸਿੰਘੋ ਘੋੜ ਦੌੜ.... ।' ਉਸਨੇ ਜੂੰਆਂ ਵੱਲ ਇਸ਼ਾਰਾ ਕੀਤਾ ਤੇ ਹੱਸਣ ਲੱਗਾ।

ਦੇਵ ਉੱਥੋਂ ਚੱਲ ਪਿਆ ਤੇ ਉਸ ਨੇ ਨਿਹੰਗ ਸਿੰਘ ਵਾਲੇ ਸੀਨ ਨੂੰ ਭੁੱਲਣਾ ਚਾਹਿਆ। ਉਹ ਜੂੰਆਂ ਫੌਜ਼ ਜਿਵੇਂ ਉਸ ਦੇ ਜ਼ਿਹਨ ਵਿਚ ਘੋੜ-ਦੌੜ ਕਰਨ ਲੱਗੀ। ਸਕੂਲ ਤੱਕ ਉਹ ਉਸ ਦੀਆਂ ਸੋਚਾਂ ਤੋਂ ਖਹਿੜਾ ਨਾ ਛੁਡਾ ਸਕਿਆ। ਸਕੂਲ ਦੇ ਗੇਟ ਅੱਗੇ ਉਹ ਸਾਇਕਲ ਤੋਂ ਉਤਰ ਗਿਆ। ਅੰਦਰ ਜਾਣ ਤੋਂ ਪਹਿਲਾਂ ਉਸ ਨੇ ਸਿਰ ਝੁਕਾਇਆ। ਸਕੂਲ ਵਿਚ ਐਲ ਦੀ ਸ਼ਕਲ ਦੇ ਬਾਰਾਂ ਤੇਰਾਂ ਕਮਰੇ ਸਨ। ਪਿਛਲੇ ਪਾਸੇ ਬਹੁਤ ਵੱਡਾ ਟੋਭਾ ਚਮਕ ਰਿਹਾ ਸੀ। ਵਿਹੜੇ ਦੇ ਵਿਚਕਾਰ ਇਕ ਬਹੁਤ ਵੱਡਾ ਪਿੱਪਲ ਅਤੇ ਟੋਭੇ ਵਾਲੇ ਪਾਸੇ ਦੀਵਾਰ ਦੇ ਨਾਲ਼-ਨਾਲ਼ ਪੰਦਰਾਂ ਵੀਹ ਸਫੈਦੇ ਸਨ। ਡੇਕਾਂ ਵੀ ਕਾਫ਼ੀ ਸਨ, ਜਿੱਥੇ ਬਲੈਕ ਬੋਰਡ ਬਣੇ ਹੋਏ ਸਨ। ਪਿੱਪਲ ਹੇਠ ਕੁਝ ਮੁੰਡੇ ਪਿੱਠੂ ਖੇਡ ਰਹੇ ਸਨ। ਦੇਵ ਨੂੰ ਆਪਣਾ ਬਚਪਨ ਯਾਦ ਆਇਆ। ਪਿੱਠੂ ਉਸਦੀ ਮਨ ਭਾਉਂਦੀ ਖੇਡ ਹੁੰਦੀ ਸੀ। ਕਲਾਬਾਜ਼ੀ ਖਾ ਕੇ ਉਹ ਗੇਂਦ ਤੋਂ ਕਿਵੇਂ ਬਚ ਜਾਂਦਾ ਸੀ, ਉਸ ਨੂੰ ਦਿਮਾਗ ਦੇ ਪਰਦੇ ਤੇ ਸਾਫ਼ ਦਿਖਾਈ ਦੇਣ ਲੱਗਾ। ਉਸ ਨੂੰ ਆਪਣੀ ਨਾਨੀ ਦੀ ਯਾਦ ਆਈ, ਜਿਹੜੀ ਅਕਾਸ਼ ਵਿਚ ਕੋਈ ਵੀ ਬੱਦਲ ਨਾ ਹੁੰਦਿਆਂ ਪਿੱਠੂ ਖੇਡਦੇ ਕੋਲ਼ ਆ ਕੇ ਹਾਕਾਂ ਮਾਰਨ ਲੱਗ ਜਾਇਆ ਕਰਦੀ ਸੀ, 'ਵੇ ਦੁਖੀ-ਟੁੱਟ ਪੈਣਿਆਂ ਆ ਜਾ ਘਰ ਵੇ। ਦੇਖ ਲੈ ਬੱਦਲ ਕਿਵੇਂ ਚੜ੍ਹਿਆ ਆਉਂਦੈ। ਬਿਜਲੀ ਲਿਸ਼ਕਦੀ ਏ ਵੇ... ਕੱਖ ਲਾਹ ਦੇ ਕੋਠੇ ਤੋਂ ਹੇਠ।'

ਉਹ ਸਾਇਕਲ ਸਟੈਂਡ ਵਿਚ ਸਾਇਕਲ ਖੜ੍ਹਾ ਆਇਆ ਤੇ ਚਿਕ ਚੁੱਕ ਕੇ ਹੈੱਡਮਾਸਟਰ ਦੇ ਦਫ਼ਤਰ ਵਿਚ ਜਾ ਵੜਿਆ। ਚਪੜਾਸੀ ਹੀਰਾ ਸਿੰਘ ਹੈਡਮਾਸਟਰ ਦੀ ਕੁਰਸੀ ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਉਸ ਨੇ ਆਪਣੀਆਂ ਲੱਤਾਂ ਵੱਡੇ ਮੇਜ਼ ਉੱਤੇ ਟਿਕਾਈਆਂ ਹੋਈਆਂ ਸਨ। ਦੇਵ ਨੂੰ ਅੰਦਰ ਵੜਦਾ ਦੇਖ ਕੇ ਵੀ ਉਸ ਨੇ ਆਪਣਾ ਇਹ ਪੋਜ਼ ਨਾ ਬਦਲਿਆ। ਦੇਵ ਨੂੰ ਸ਼ੱਕ ਹੋਈ ਕਿ ਕਿਤੇ ਇਹੋ ਹੈਡਮਾਸਟਰ ਨਾ ਹੋਵੇ। ਦੇਵ ਨੇ ਉਸ ਨੂੰ 'ਸਤਿ ਸ੍ਰੀ ਅਕਾਲ' ਕਹੀ ਤਾਂ ਉਸ ਨੇ ਆਪਣੀਆਂ ਲੱਤਾਂ ਹੌਲ਼ੀ-ਹੌਲ਼ੀ ਮੇਜ਼ ਤੋਂ ਹੇਠ ਲਾਹੀਆਂ ਤੇ ਦੇਵ ਵੱਲ ਘੂਰਦਾ ਬੋਲਿਆ, 'ਕੀ ਕੰਮ ਏਂ?'

'ਜੀ ਮੇਰੀ ਇਸ ਸਕੂਲ ਵਿਚ ਗਣਿਤ ਦੀ ਖਾਲੀ ਪੋਸਟ ਤੇ ਬਦਲੀ ਹੋਈ ਏ।' ਦੇ ਵ ਨੇ ਕਿਹਾ ਤਾਂ ਉਹ ਕੁਰਸੀ ਤੋਂ ਉੱਠ ਕੇ ਖੜ੍ਹਾ ਹੋ ਗਿਆ ਤੇ ਦੇਵ ਨੂੰ 'ਸਤਿ ਸ੍ਰੀ ਅਕਾਲ' ਆਖ ਕੇ ਝੁਕਿਆ ਵੀ ਤੇ ਆਪਣੇ ਦੋਨੋਂ ਹੱਥ ਉਸ ਨਾਲ਼ ਮਿਲਾਉਣ ਲਈ ਵਧਾ ਵੀ ਦਿੱਤੇ । ਉਹ ਬੋਲਿਆ, 'ਆਓ ਜੀ, ਆਓ ਜੀ ਪਿਆਰਿਓ ਬੈਠੋ।'

ਦੇਵ ਨੇ ਉਸ ਨਾਲ਼ ਹੱਥ ਮਿਲਾਇਆ ਤੇ ਕੁਰਸੀ ਤੇ ਬੈਠ ਗਿਆ। ਹੁਣ ਉਸ ਨੇ ਇਹ ਗੱਲ ਦੇਵ ਨੂੰ ਦੱਸ ਦੇਣੀ ਠੀਕ ਸਮਝੀ ਕਿ ਉਹ ਸਕੂਲ ਦਾ ਚਪੜਾਸੀ ਹੀਰਾ ਸਿੰਘ ਸੀ। ਉਸ ਨੇ ਦੇਵ ਨੂੰ ਪਾਣੀ ਵੀ ਪੁੱਛਿਆ। ਹੈਡਮਾਸਟਰ ਦੀ ਗੈਰਹਾਜ਼ਰੀ ਵਿਚ ਉਸ ਦੀ ਕੁਰਸੀ

ਤੇ ਚਪੜਾਸੀ ਦਾ ਬੈਠਣਾ ਦੇਵ ਲਈ ਕੋਈ ਬਹੁਤੀ ਅੱਲੋਕਾਰੀ ਗੱਲ ਨਹੀਂ ਸੀ। ਕਾਲਜ ਪੜ੍ਹਦਿਆਂ ਜਦੋਂ ਕੋਈ ਪ੍ਰੋਫੈਸਰ ਆਇਆ ਨਹੀਂ ਸੀ ਕਰਦਾ ਤਾਂ ਮੁੰਡੇ ਉਸ ਦੀ ਕੁਰਸੀ ਤੇ ਬਹਿ ਕੇ ਪਲ ਦੀ ਪਲ ਆਪਣੇ ਆਪ ਨੂੰ ਪ੍ਰੋਫੈਸਰ ਮਹਿਸੂਸ ਕਰ ਲਿਆ ਕਰਦੇ ਸਨ। ਹੋ ਸਕਦਾ ਹੈ ਹੀਰਾ ਸਿੰਘ ਦੇ ਮਨ ਵਿਚ ਵੀ ਕੋਈ ਅਜਿਹੀ ਭਾਵਨਾ ਆਉਂਦੀ ਹੋਵੇ। ਇਹ ਉਸ ਦੀ ਚੰਗੀ ਗੱਲ ਸੀ ਕਿ ਉਹ ਸਕੂਲ ਲੱਗਣ ਤੋਂ ਅੱਧਾ ਘੰਟਾ ਪਹਿਲਾਂ ਸਕੂਲ ਵਿਚ ਆਇਆ ਬੈਠਾ ਸੀ ਤੇ ਦੁਨੀਆਂ ਨਾਲ਼ ਰਾਬਤਾ ਰੱਖਣ ਲਈ ਅਖ਼ਬਾਰ ਵੀ ਪੜ੍ਹ ਰਿਹਾ ਸੀ। ਕੁਰਸੀਆਂ ਮੇਜ਼ ਸਭ ਝਾੜੇ ਲਗਦੇ ਸਨ ਤੇ ਦਫ਼ਤਰ ਵੀ ਸਾਫ਼ ਸੀ। ਦੇਵ ਨੇ ਉਸ ਨਾਲ਼ ਗੱਲਬਾਤ ਸ਼ੁਰੂ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਦੀ ਰਿਹਾਇਸ਼ ਸਕੂਲ ਦੇ ਵਿਚ ਹੀ ਸੀ ਤੇ ਉਸ ਨੂੰ ਟੋਭੇ ਵੱਲ ਦਾ ਆਖ਼ਰੀ ਕਮਰਾ ਮਿਲਿਆ ਹੋਇਆ ਸੀ।

'ਫੇਰ ਤਾਂ ਇਕੱਲਿਆਂ ਨੂੰ ਬੜਾ ਔਖਾ ਹੋਵੇਗਾ।' ਦੇਵ ਨੇ ਕਿਹਾ।

'ਨਹੀਂ ਜੀ, ਮੇਰੀ ਘਰ ਵਾਲ਼ੀ ਤੇ ਤਿੰਨ ਬੱਚੇ ਵੀ ਐਥੇ ਹੀ ਰਹਿੰਦੇ ਨੇ।'

'ਫੇਰ ਤਾਂ ਮੌਜਾਂ ਹੀ ਮੌਜਾਂ ਨੇ।'

'ਤੁਹਾਡਾ ਪਿੰਡ ਕਿਹੜਾ ਏ ਜੀ?'

'ਪਿੰਡ ਤਾਂ ਮੇਰਾ ਭਰਾਵਾ ਸਲਾਹਪੁਰ ਏ। ਚਮਕੌਰ ਸਾਹਬ ਦੇ ਲਾਗੇ, ਪਰ ਹੁਣ ਦੋਰਾਹੇ ਘਰ ਬਣਾ ਲਿਆ ਏ।'

'ਸਲਾਹਪੁਰ? ਸਲਾਹਪੁਰ ਤਾਂ ਮੈਂ ਵਿਆਹਿਆ ਹੋਇਆ ਹਾਂ ਜੀ।'

'ਕਿੰਨ੍ਹਾਂ ਦੇ?'

'ਮਲਕੀਤ ਸਿੰਘ... ਬੋਕੀ ਆਲੇ ਕਹਿੰਦੇ ਆਂ ਜੀ ਉਨ੍ਹਾਂ ਨੂੰ... ਸੈਣੀ ਬਰਾਦਰੀ ਏ।'

'ਇਹਦਾ ਮਤਲਬ ਤੁਸੀਂ ਕਰਮੀਂ ਨਾਲ਼ ਵਿਆਹੇ ਹੋਏ ਹੋ?'

'ਹਾਂ ਜੀ... ਹਾਂ ਜੀ।' ਉਹ ਖੁਸ਼ ਹੋ ਗਿਆ।

ਦੇਵ ਦਾ ਘਰ ਬੋਕੀ ਆਲਿਆਂ ਦੇ ਨੇੜੇ ਹੀ ਸੀ। ਜਦੋਂ ਕਰਮੀ ਦਾ ਵਿਆਹ ਹੋਇਆ ਦੇਵ ਸਲਾਹਪੁਰ ਹੀ ਸੀ। ਸਾਰਿਆਂ ਨੂੰ ਇਹੋ ਦੱਸਿਆ ਗਿਆ ਸੀ ਕਿ ਕਰਮੀਂ ਦਾ ਘਰਵਾਲਾ ਮਾਸਟਰ ਲੱਗਾ ਹੋਇਆ ਸੀ। ਲੋਕ ਹੈਰਾਨ ਹੋਏ ਸਨ ਕਿ ਸਰਕਾਰੀ ਸਕੂਲ ਦੇ ਮਾਸਟਰ ਨੇ ਅਨਪੜ੍ਹ ਕਰਮੀਂ ਨਾਲ਼ ਵਿਆਹ ਕਿਵੇਂ ਕਰਵਾ ਲਿਆ। ਉਸ ਨੂੰ ਤਾਂ ਨਲ਼ੀ ਪੂੰਝਣੀ ਵੀ ਨਹੀਂ ਸੀ ਆਉਂਦੀ।

'ਸਾਡਾ ਘਰ ਵੀ ਉਸੇ ਗਲ਼ੀ ਵਿਚ ਏ। ਗਭਲੀ ਗਲ਼ੀ ਕਹਿੰਦੇ ਨੇ ਉਹਨੂੰ। ਮੇਰਾ ਮਾਮਾ ਦਰਜ਼ੀ ਏ।'

'ਵਾਹ-ਜੀ-ਵਾਹ... ਅਸੀਂ ਤਾਂ ਉਹ ਤੋਂ ਕੱਪੜੇ ਸਿਲਵਾਉਂਦੇ ਰਹੇ ਹਾਂ। ਬਹਿਰਾਮ ਪੁਰ ਪਿੰਡ ਏ ਮੇਰਾ।'

'ਮੈਂ ਸਲਾਹਪੁਰ ਹੀ ਪਲ਼ਿਆ ਹਾਂ। ਸਾਡਾ ਜੱਦੀ ਪਿੰਡ ਤਾਂ ਆਸ਼ਾਬਾਦ ਏ।'

'ਬੱਸ ਹੋਰ ਨਾ ਦੱਸੋ ਜੀ... ਤੁਸੀਂ ਉੱਠ ਕੇ ਪਹਿਲਾਂ ਮੇਰੇ ਨਾਲ਼ ਜੱਫ਼ੀ ਪਾਓ। ਫੇਰ ਮੈਂ ਚਾਹ ਲਿਆਵਾਂ ਤੁਹਾਡੇ ਲਈ।'

ਦੇਵ ਉੱਠਿਆ ਤੇ ਆਪਣੀਆਂ ਬਾਹਾਂ ਫੈਲਾ ਦਿੱਤੀਆਂ। ਦੋਨਾਂ ਨੇ ਜੱਫ਼ੀ ਪਾ ਕੇ ਇਕ

ਦੂਜੇ ਨੂੰ ਘੁੱਟ ਲਿਆ।

'ਕਰਮੀ ਭੈਣ ਉਰੀ ਆ?' ਉਹ ਬੋਲਿਆ।

'ਹਾਂ ਜੀ, ਹੁਣ ਉਹਦਾ ਨਾਉਂ ਮੁਖਤਿਆਰ ਕੌਰ ਏ। ਵਿਆਹ ਮਗਰੋਂ ਬਦਲ ਲਿਆ ਸੀ।'

'ਮੈਂ ਤਾਂ ਪ੍ਰਾਹੁਣਿਆਂ ਕਰਮੀ ਹੀ ਕਹਾਂਗਾ।'

ਉਹ ਦੇਵ ਨੂੰ ਆਪਣੇ ਕਮਰੇ' ਚ ਲੈ ਗਿਆ। ਕਰਮੀ ਚੁੱਲਾ ਬਾਲ਼ੀ ਖਾਣਾ ਬਣਾ ਰਹੀ ਸੀ। ਦੇਵ ਨੂੰ ਦੇਖ ਕੇ ਹੈਰਾਨ ਹੋ ਗਈ। ਉਸ ਨੇ ਉੱਠ ਕੇ ਦੇਵ ਨਾਲ਼ ਮੋਢਾ ਜੋੜਿਆ ਤੇ ਰੋਣ ਲੱਗ ਪਈ। ਦੇਵ ਨੇ ਉਸ ਦੀ ਪਿੱਠ ਥਾਪੜੀ।

'ਤੂੰ ਐਥੇ ਕਿਵੇਂ ਦੁਖੀ?' ਉਹ ਬੋਲੀ।

'ਨਾ ਤੂੰ ਕਰਮੀ ਤੇ ਨਾ ਮੈਂ ਦੁਖੀ... ਭੈਣੇ ਮੇਰਾ ਨਾਂ ਦੇਵ ਏ। ਦੇਵ ਹੀ ਕਹਿਣਾ।' ਉਹ ਬੋਲਿਆ।

'ਵੀਰੇ ਮੈਂ ਪੁੱਛਦੀ ਹਾਂ, ਤੂੰ ਐਥੇ ਕਿਵੇਂ?'

'ਮੈਂ ਮਾਸਟਰ ਹਾਂ। ਇਸੇ ਸਕੂਲ ਦੀ ਬਦਲੀ ਹੋ ਗਈ ਏ।'

ਫਿਰ ਪਿੰਡ ਦੀਆਂ ਗੱਲਾਂ ਹੋਣ ਲੱਗ ਪਈਆਂ। ਇਕ ਸਿਰੇ ਤੋਂ ਦੂਜੇ ਸਿਰੇ ਤੱਕ। ਕੌਣ ਕਿੰਨੀ ਤਰੱਕੀ ਕਰ ਗਿਆ ਸੀ। ਕੌਣ ਮਰ ਗਿਆ ਸੀ। ਉਨ੍ਹਾਂ ਦੇ ਬੁਰੇ ਦਿਨਾਂ ਦੀ ਕਹਾਣੀ ਵੀ ਕਰਮੀ ਨੂੰ ਸਭ ਪਤਾ ਸੀ। ਗੱਲਾਂ ਕਰਦੇ ਉਹ ਅੱਖਾਂ ਵੀ ਪੂੰਝਦੇ ਰਹੇ। ਉਸ ਨੇ ਚਾਹ ਬਣਾ ਦਿੱਤੀ। ਹੀਰਾ ਸਿੰਘ ਚਾਹ ਦਾ ਗਿਲਾਸ ਫੜ ਕੇ ਘੰਟੀ ਵਜਾਉਣ ਚਲਾ ਗਿਆ। ਦੇ ਵ ਨੇ ਪੁੱਛਿਆ, 'ਕਰਮੀ ਭੈਣ ਇਹ ਬੰਦਾ ਤੈਨੂੰ ਠੀਕ ਵੀ ਰੱਖਦਾ ਏ?'

'ਹਾਂ ਦੁਖੀ.... ਚੰਗਾ ਏ ਇਹ। ਚੰਗੀ ਬੀਤਦੀ ਆ ਭਾਈ।'

ਉਹ ਕਰਮੀ ਨੂੰ ਪੰਜ ਦਾ ਨੋਟ ਦੇ ਕੇ ਦਫ਼ਤਰ ਵਿਚ ਜਾ ਵੜਿਆ। ਹੀਰਾ ਸਿੰਘ ਨੇ ਸਟਾਫ਼ ਅਤੇ ਹੈਡਮਾਸਟਰ ਦੀ ਮੋਟੀ ਮੋਟੀ ਜਾਣਕਾਰੀ ਉਸ ਨੂੰ ਦੇ ਦਿੱਤੀ। ਉਸ ਨੇ ਸਾਰੇ ਸਟਾਫ਼ ਦੀ ਸਿਫ਼ਤ ਹੀ ਕੀਤੀ। ਹੈਡਮਾਸਟਰ ਖੇਮ ਸਿੰਘ ਨੂੰ ਸਾਇਕਲ ਤੇ ਆਉਂਦਾ ਦੇਖ ਹੀਰਾ ਸਿੰਘ ਦੇਵ ਨੂੰ ਦੱਸ ਕੇ ਉਸ ਦਾ ਸਾਇਕਲ ਫੜਨ ਚਲਾ ਗਿਆ। ਉਹ ਕੱਛ ਵਿਚ ਬੈਗ ਦਬਾਈ, ਢਾਠੀ ਖੋਹਲਦਾ ਚਿਕ ਚੁੱਕ ਕੇ ਦਫ਼ਤਰ ਵਿਚ ਆ ਵੜਿਆ ਤਾਂ ਦੇਵ ਨੇ ਉੱਠ ਕੇ 'ਸਤਿ ਸ੍ਰੀ ਅਕਾਲ' ਬੁਲਾਈ। ਹੀਰਾ ਸਿੰਘ ਨੇ ਦੇਵ ਦੇ ਆਉਣ ਬਾਰੇ ਸਾਇਕਲ ਫੜਨ ਲੱਗਿਆਂ ਹੀ ਉਸ ਨੂੰ ਦੱਸ ਦਿੱਤਾ ਸੀ। ਉਹ ਬੋਲਿਆ, 'ਬੈਠੋ ਸਰਦਾਰ ਦੇਵ ਸਿੰਘ ਜੀ ਮੈਂ ਤੁਹਾਨੂੰ ਇਸ ਸਕੂਲ ਵਿਚ ਵੈਲਕਮ ਕਰਦਾ ਹਾਂ। ਮੈਂ ਬਹੁਤ ਖੁਸ਼ ਹਾਂ ਕਿ ਤੁਸੀਂ ਆ ਕੇ ਮੈਨੂੰ ਭਾਰ ਮੁਕਤ ਕਰ ਦਿੱਤਾ ਹੈ।'

ਉਸ ਨੇ ਇਹ ਸ਼ਬਦ ਅੰਗਰੇਜ਼ੀ ਵਿਚ ਕਹੇ ਸਨ। ਦੇਵ ਨੇ ਅੰਗਰੇਜ਼ੀ ਵਿਚ ਹੀ ਉੱਤਰ ਦਿੱਤਾ, 'ਸਰ, ਸਕੂਲ ਦੇਖ ਕੇ ਤੇ ਹੁਣ ਤੁਹਾਡੇ ਦਰਸ਼ਨ ਕਰ ਕੇ ਮੇਰੀ ਰੂਹ ਤ੍ਰਿਪਤ ਹੋ ਗਈ ਏ, ਪਰ ਇਹ ਗੱਲ ਮੇਰੀ ਸਮਝ ਤੋਂ ਪਰ੍ਹੇ ਹੈ ਕਿ ਤੁਸੀਂ ਭਾਰ ਮੁਕਤ ਕਿਵੇਂ ਹੋ ਗਏ ਹੋ?'

ਉਸ ਨੂੰ 'ਫਰਨ ਫਰਨ' ਅੰਗਰੇਜ਼ੀ ਬੋਲਦਾ ਸੁਣ ਹੈਡਮਾਸਟਰ ਦੇ ਚਿਹਰੇ ਤੇ ਹੈਰਾਨੀ ਭਰੇ ਹਾਵ-ਭਾਵ ਆਏ। ਉਹ ਬੋਲਿਆ, 'ਅੱਠਵੀਂ ਅਤੇ ਦਸਵੀਂ ਨੂੰ ਮੈਥ ਮੈਂ ਹੀ ਪੜ੍ਹਾਉਂਦਾ

ਸੀ। ਅੱਜ ਤੋਂ ਮੈਂ ਵਿਹਲਾ ਤੁਸੀਂ ਕੰਮ ਲੱਗ ਗਏ।'

'ਸਰ, ਮੈਂ ਤਾਂ ਕੰਮ ਨੂੰ ਆਪਣਾ ਭਾਗ ਸਮਝਦਾ ਹਾਂ।' ਦੇਵ ਨੇ ਕਿਹਾ।

'ਉਹ ਤਾਂ ਤੁਹਾਡੀ ਪਰਸੈਨਲਟੀ ਹੀ ਦੱਸ ਰਹੀ ਏ।' ਉਹ ਹੱਸਿਆ।

ਹੀਰਾ ਸਿੰਘ ਅੰਦਰ ਆ ਵੜਿਆ ਤਾਂ ਹੈੱਡਮਾਸਟਰ ਨੇ ਆਪਣੀ ਢਾਠੀ ਉਸ ਨੂੰ ਫੜਾਉਂਦਿਆਂ ਕਿਹਾ, 'ਇਸ ਨੂੰ ਚੰਗੀ ਤਰ੍ਹਾਂ ਸਾਬਣ ਲਾ ਕੇ ਧੋ ਲਿਆ।'

ਹੈਡਮਾਸਟਰ ਦਾ ਵਿਅਕਤੀਤਵ ਬੜਾ ਪ੍ਰਭਾਵਸ਼ਾਲੀ ਸੀ। ਕਾਲ਼ਾ ਧਾਗਾ ਪਾ ਕੇ ਉਸ ਨੇ ਆਪਣੀ ਦਾੜ੍ਹੀ ਬੰਨ੍ਹੀ ਹੋਈ ਸੀ। ਮੁੱਛਾਂ ਖੜ੍ਹੀਆਂ ਸਨ। ਦਾੜ੍ਹੀ ਅਤੇ ਮੁੱਛਾਂ ਵਿੱਚੋਂ ਫਾਲਤੂ ਵਾਲਾਂ ਦੀ ਕਾਂਟ-ਛਾਂਟ ਕੀਤੀ ਹੋਈ ਸੀ। ਦੁੱਧ ਸਫ਼ੈਦ ਕਮੀਜ਼ ਦੇ ਕਾਲਰ ਪਿੱਛੇ ਰੁਮਾਲ ਰੱਖਿਆ ਹੋਇਆ ਸੀ। ਗਰਦਣ ਉੱਤੇ ਪਾਊਡਰ ਛਿੜਕਿਆ ਹੋਇਆ ਸੀ। ਪੈਂਟ ਦੀ ਕਰੀਜ਼ ਖੜ੍ਹੀ ਤੇ ਗੁਰਗਾਬੀ ਲਿਸ਼ਕ ਰਹੀ ਸੀ। ਨਾਭੀ ਰੰਗ ਦੀ ਪਗੜੀ ਬੜੀ ਚਿਣਕੇ ਬੰਨ੍ਹੀ ਹੋਈ ਸੀ। ਕੁੱਲ ਮਿਲਾ ਕੇ ਉਹ ਦਰਸ਼ਣੀ ਸ਼ਖ਼ਸੀਅਤ ਸੀ। ਉਸ ਨੇ ਦੋਨੋਂ ਬਾਹਾਂ ਚੁੱਕ ਅੰਗੜਾਈ ਲਈ ਤੇ ਬੋਲਿਆ, 'ਦੇਵ ਜੀ ਕਿੰਨਾ ਪੜ੍ਹੇ ਲਿਖੇ ਹੋ?'

'ਜੀ ਐਮ. ਐਸਸੀ. ਬੀ. ਐਡ. ਹਾਂ। ਚਾਰ ਸਾਲ ਹਿਸਾਰ ਵਿਚ ਬੀ. ਐਡ ਕਲਾਸ ਨੂੰ ਪੜ੍ਹਾ ਕੇ ਆਇਆ ਹਾਂ।'

'ਵੈਰੀ ਗੁੱਡ.... ਮੈਂ ਕਦੀ ਹੈਡਮਾਸਟਰੀ ਦੀ ਫੂਕ' ਚ ਨੀ ਰਹਿੰਦਾ। ਪੜ੍ਹੇ-ਲਿਖੇ ਦੀ ਬਹੁਤ ਕਦਰ ਕਰਦਾ ਹਾਂ। ਮੈਨੂੰ ਹਮੇਸ਼ਾ ਆਪਣਾ ਵੱਡਾ ਭਰਾ ਸਮਝਣਾ।'

'ਥੈਂਕ ਯੂ ਸਰ... ਤੁਹਾਨੂੰ ਦੇਖ ਕੇ ਇਉਂ ਲਗਦਾ ਏ ਜਿਵੇਂ ਐਥਲੀਟ ਰਹੇ ਹੁੰਦੇ ਹੋ।'

ਦੇਵ ਦੀ ਗੱਲ ਸੁਣ ਕੇ ਉਹ ਖੁਸ਼ ਹੋ ਗਿਆ ਤੇ ਦੱਸਿਆ ਕਿ ਉਹ ਪੰਜਾਬ ਯੂਨੀਵਰਸਿਟੀ ਦੀ ਹਾਕੀ ਦੀ ਟੀਮ ਦਾ ਕੈਪਟਨ ਰਿਹਾ ਸੀ। ਉਸ ਨੇ ਅਲਮਾਰੀ ਵਿੱਚੋਂ ਫਰੇਮ ਕੀਤੀ ਇਕ ਗਰੁੱਪ ਫ਼ੋਟੋ ਕੱਢੀ ਤੇ ਦੇਵ ਮੂਹਰੇ ਕਰ ਕੇ ਬੋਲਿਆ, 'ਬੁੱਝੋ ਤਾਂ ਮੈਂ ਕਿਹੜਾ ਹਾਂ?'

ਦੇਵ ਨੇ ਉਸ ਨੂੰ ਝੱਟ ਪਛਾਣ ਲਿਆ ਤੇ ਉਂਗਲ ਰੱਖ ਕੇ ਬੋਲਿਆ, 'ਆਹ ਬੈਠੇ ਹੋ ਸਰ ਤੁਸੀਂ।'

ਉਹ ਅੰਗੂਠੇ ਅਤੇ ਪਹਿਲੀ ਉਂਗਲ਼ ਨਾਲ਼ ਮੁੱਛ ਮਰੋੜਦਾ ਮੁਸਕਰਾਇਆ ਤੇ ਚਪੜਾਸੀ ਨੂੰ ਹਾਕ ਮਾਰ ਕੇ ਕਿਹਾ, 'ਦੁੱਧ ਪਤੀ ਬਣਾ ਦੇ ਹੀਰਿਆ ਦੋ ਕੱਪ। ਮੇਰਾ ਫਿੱਕਾ ਹੀ ਰੱਖੀਂ।'

'ਫਿੱਕਾ ਕਿਉਂ ਸਰ?' ਦੇਵ ਨੇ ਪੁੱਛਿਆ।

'ਥੋੜ੍ਹੀ ਸ਼ੂਗਰ ਏ ਮੈਨੂੰ। ਖ਼ੁਰਾਕ ਬਾਹਲੀ ਖਾਧੀ ਤਾਂ ਹੋ ਗਈ।'

'ਤੁਸੀਂ ਵੀ ਕਾਲਜ ਟਾਈਮ ਕੋਈ ਗੇਮ ਖੇਡਦੇ ਰਹੇ ਹੋ?' ਉਹ ਬੋਲਿਆ ਤਾਂ ਦੇਵ ਸਮਝ ਗਿਆ ਕਿ ਉਹ ਆਪਣੀ ਬੀਮਾਰੀ ਬਾਰੇ ਬਹੁਤੀ ਗੱਲ ਨਹੀਂ ਸੀ ਕਰਨੀ ਚਾਹੁੰਦਾ।

'ਸਰ ਮੈਂ ਵੀ ਮਾੜੀ ਮੋਟੀ ਹਾਕੀ ਹੀ ਖੇਡਦਾ ਰਿਹਾ ਹਾਂ।' ਦੇਵ ਨੇ ਐਵੇਂ ਧੂੜ' ਚ ਟੱਟੂ ਛੱਡਿਆ।

'ਕਿਹੜੀ ਸਾਈਡ ਖੇਡਦੇ ਸੀ?'

'ਜੀ, ਕਾਲਜ ਦੇ ਲਾਗੇ ਹੀ ਗਰਾਊਂਡ ਸਨ, ਆਗਰੇ।'

'ਨਹੀਂ, ਮੇਰਾ ਮਤਲਬ ਤੁਸੀਂ ਕਿੱਥੇ ਖੇਡਦੇ ਸੀ, ਸੈਂਟਰ ਫਾਰਵਰਡ, ਲੈਫ਼ਟ ਆਊਟ ਬਗੈਰਾ।'

'ਜੀ ਮੈਂ ਗੋਲਚੀ ਹੁੰਦਾ ਸੀ।'

'ਵਾਹ-ਬਈ-ਵਾਹ।' ਦੇਵ ਦੀ ਗੱਲ ਸੁਣ ਕੇ ਉਹ ਹੱਸਿਆ। ਦੇਵ ਨੂੰ ਯਾਦ ਆਇਆ ਕਿ ਉਹ ਗਿਆਰਵੀਂ ਜਮਾਤ ਵਿਚ ਪੜ੍ਹਦਿਆਂ ਹਾਕੀ ਦੀ ਟੀਮ ਵਿਚ ਸ਼ਾਮਲ ਹੋਇਆ ਸੀ। ਪਹਿਲੇ ਦਿਨ ਹੀ ਕਿਸੇ ਮੁੰਡੇ ਨੇ ਉਸ ਦੇ ਗੋਡੇ ਉੱਤੇ ਐਨੀ ਜ਼ੋਰ ਨਾਲ਼ ਹਾਕੀ ਮਾਰ ਦਿੱਤੀ ਸੀ ਕਿ ਉਸ ਥਾਂ ਤੇ ਇਕੱਠੇ ਹੋਏ ਲਹੂ ਦੀ ਇਕ ਗੇਂਦ ਬਣ ਗਈ ਸੀ। ਮੁੰਡੇ ਹੱਸਣ ਲੱਗੇ ਸਨ ਕਿ ਉਸ ਦੇ ਗੋਡੇ ਵਿਚ ਬਾਲ ਜਾ ਵੜੀ ਸੀ।

ਹੌਲ਼ੀ-ਹੌਲ਼ੀ ਸਟਾਫ਼ ਮੈਂਬਰ ਦਫ਼ਤਰ ਵਿਚ ਆ ਰਹੇ ਸਨ ਤੇ ਹਾਜ਼ਰੀ ਲਾ ਕੇ ਮੁੜੀ ਜਾ ਰਹੇ ਸਨ। ਚੌਦਾਂ-ਪੰਦਰਾਂ ਸਟਾਫ਼ ਮੈਂਬਰ ਸਨ, ਜਿਨ੍ਹਾਂ ਵਿਚ ਅੱਧੀਆਂ ਔਰਤਾਂ ਸਨ। ਇਸੇ ਦੌਰਾਨ ਖੇਮ ਸਿੰਘ ਨੇ ਦੇਵ ਬਾਰੇ ਪੂਰੀ ਜਾਣਕਾਰੀ ਲੈ ਲਈ। ਸਕੂਲ ਲੱਗਿਆ ਤਾਂ ਉਸ ਨੇ ਪ੍ਰਾਰਥਨਾ ਸਭਾ ਵਿਚ ਬੱਚਿਆਂ ਨੂੰ ਬਿਠਾ ਕੇ ਨਵੇਂ ਆਏ ਮਾਸਟਰ ਦੇਵ ਬਾਰੇ ਕਾਫ਼ੀ ਕੁਝ ਦੱਸ ਦਿੱਤਾ।

**00**

# ਇਕ ਸੌ ਬਾਰਾਂ

ਜਿਉਂ ਜਿਉਂ ਦਿਨ ਬੀਤਦੇ ਗਏ ਦੇਵ ਸਟਾਫ਼ ਮੈਂਬਰਾਂ ਦੇ ਸੁਭਾਅ, ਲਿਆਕਤ ਅਤੇ ਆਦਤਾਂ ਦਾ ਭੇਤ ਪਾਉਂਦਾ ਚਲਾ ਗਿਆ। ਉਸ ਦਾ ਸਭ ਤੋਂ ਨੇੜੇ ਦਾ ਦੋਸਤ ਬਣਿਆਂ ਸਾਇੰਸ ਮਾਸਟਰ ਤ੍ਰਿਪਤ ਸਿੰਘ। ਉਹ ਦੋਰਾਹੇ ਦਾ ਵਾਸੀ ਸੀ ਤੇ ਉਹ ਦੋਨੋਂ ਸਾਇਕਲਾਂ ਤੇ ਸਕੂਲ ਆਉਂਦੇ ਸਨ। ਤ੍ਰਿਪਤ ਸਿੰਘ ਸੁਭਾਅ ਦਾ ਬੜਾ ਨਿੱਘਾ ਸੀ। ਉਸ ਦੇ ਤਿੰਨ ਭਰਾਵਾਂ ਦੀਆਂ ਦੋਰਾਹੇ ਦੇ ਮੇਨ ਬਜ਼ਾਰ ਵਿਚ ਕੱਪੜੇ ਦੀਆਂ ਦੁਕਾਨਾਂ ਸਨ। ਉਹ ਸੰਨ ਸੰਤਾਲੀ ਦੇ ਹੱਲਿਆਂ ਸਮੇਂ ਮਿੰਟਗੁਮਰੀ ਤੋਂ ਉੱਜੜ ਕੇ ਦੋਰਾਹੇ ਆ ਵਸੇ ਸਨ। ਪਹਿਲਾਂ-ਪਹਿਲ ਡੱਗੀਆਂ ਲਾ ਕੇ ਪਿੰਡਾਂ ਵਿਚ ਕੱਪੜਾ ਵੇਚਦੇ ਰਹੇ ਸਨ ਤੇ ਹੁਣ ਸਮੇਂ ਦੇ ਬੀਤਣ ਨਾਲ਼ ਉਨ੍ਹਾਂ ਨੇ ਪੱਕੇ ਅੱਡੇ ਬਣਾ ਲਏ ਸਨ। ਤ੍ਰਿਪਤ ਸਿੰਘ ਨੇ ਦੇਵ ਨੂੰ ਦੱਸਿਆ ਕਿ ਉਹ ਆਪਣੇ ਬਚਪਨ ਵਿਚ ਸਕੂਲ ਛੁੱਟੀ ਹੋਣ ਸਾਰ ਛੋਲਿਆਂ ਦੀ ਦਾਲ਼ ਵਾਲ਼ੀ ਬਾਲਟੀ, ਨਿੰਬੂ, ਹਰੀਆਂ ਮਿਰਚਾਂ, ਪਿਆਜ਼ ਆਦਿ ਲੈ ਕੇ ਰੇਲਵੇ ਸਟੇਸ਼ਨ ਤੇ ਪੁੱਜ ਜਾਇਆ ਕਰਦਾ ਸੀ ਤੇ ਰੇਲ ਗੱਡੀ ਵਿਚ ਚੜ੍ਹ ਕੇ ਆਪਣਾ ਮਾਲ ਵੇਚਿਆ ਕਰਦਾ ਸੀ। ਇਕ ਰੁਪਿਆ ਕਮਾਉਣ ਪਿੱਛੇ ਘਰ ਵਾਲ਼ੇ ਉਸ ਨੂੰ ਦਸ ਪੈਸੇ ਖਰਚਣ ਲਈ ਦੇ ਦਿਆ ਕਰਦੇ ਸਨ। ਜਦੋਂ ਦੇਵ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਦੀ ਸਾਂਝ ਹੋਰ ਵੀ ਪੀਡੀ ਹੋ ਗਈ। ਦੇਵ ਨੇ ਵੀ ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ। ਤ੍ਰਿਪਤ ਦੀ ਪਿੱਠ ਪਿੱਛੇ ਸਭ ਉਸਨੂੰ 'ਤ੍ਰਿਪਤ ਭਾਪਾ' ਕਹਿੰਦੇ ਸਨ। ਜੇ ਕੋਈ ਪੁੱਛਦਾ, ਕੀਹਦਾ ਪੀਰਡ ਏ, ਤਾਂ ਅੱਗਿਓਂ ਬੱਚੇ ਆਖਦੇ- ਜੀ ਤ੍ਰਿਪਤ ਭਾਪੇ ਦਾ। ਕੁਝ ਟੀਚਰ ਤਾਂ ਇਹ ਵੀ ਕਹਿੰਦੇ ਕਿ ਉਸ ਨਾਲ਼ ਹੱਥ ਮਿਲਾ ਕੇ ਉਂਗਲਾਂ ਗਿਣ ਲਿਆ ਕਰੋ। ਇਸ ਕੌਮ ਦਾ ਵਿਸ਼ਵਾਸ ਕੋਈ ਨਹੀਂ। ਪਰ ਦੇਵ ਨੂੰ ਸਭ ਤੋਂ ਵੱਧ ਵਿਸ਼ਵਾਸ ਤ੍ਰਿਪਤ ਉੱਤੇ ਹੀ

ਸੀ।

ਤ੍ਰਿਪਤ ਦੇ ਪਰਿਵਾਰ ਵਿਚ ਕਿਸੇ ਕੁੜੀ ਦਾ ਵਿਆਹ ਸੀ। ਉਸ ਨੇ ਸਾਰੇ ਸਟਾਫ਼ ਨੂੰ ਸੱਦਿਆ। ਦੇਵ ਨੇ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਐਨਾ ਵੱਡਾ ਵਿਆਹ ਦੇਖਿਆ ਸੀ ਜਿੱਥੇ ਮੀਟ ਸ਼ਰਾਬ ਵੀ ਗਹਿ ਗੱਡਵੇਂ ਪਰੋਸੇ ਗਏ ਸਨ। ਬਰਾਤ ਅਤੇ ਮੇਲ਼ ਵਿਚ ਵੀ ਕੋਈ ਵਿਤਕਰਾ ਨਹੀਂ ਸੀ। ਸਭ ਇਕੱਠੇ ਹੀ ਖਾ ਪੀ ਰਹੇ ਸਨ। ਸਾੜ੍ਹੀਆਂ ਅਤੇ ਵੰਨ ਸੁਵੰਨੇ ਕੱਪੜਿਆਂ ਵਿਚ ਉਨ੍ਹਾਂ ਦੀਆਂ ਔਰਤਾਂ, ਕੁੜੀਆਂ ਕੁਰਸੀਆਂ ਉੱਤੇ ਸਜੀਆਂ ਬੈਠੀਆਂ ਸਨ ਤੇ ਪਲੇਟਾਂ ਭਰ ਭਰ ਨਿਕਸੁਕ ਖਾ ਰਹੀਆਂ ਸਨ। ਹੈਡਮਾਸਟਰ ਖੇਮ ਸਿੰਘ ਦੇਵ ਦੇ ਜ਼ਰਾ ਲਾਗੇ ਹੋ ਕੇ ਕਹਿਣ ਲੱਗਾ, 'ਦੇਵ ਯਾਰ ਇਕ ਤੋਂ ਇਕ ਚੜ੍ਹਕੇ ਨੇ ਇਨ੍ਹਾਂ ਦੀਆਂ ਔਰਤਾਂ ਤਾਂ, ਜਿਵੇਂ ਸੁਰਗਾਪੁਰੀ ਤੋਂ ਉਤਰੀਆਂ ਹੋਣ। ਆਪਣੀਆਂ ਤਾਂ ਇਨ੍ਹਾਂ ਦੇ ਮੁਕਾਬਲੇ ਮੈਸ੍ਹਾਂ ਹੀ ਨੇ ।'

ਪੰਡਾਲ ਅੰਦਰ ਜਾਣ ਲਈ ਜਿਹੜਾ ਵੱਡਾ ਗੇਟ ਬਣਾਇਆ ਗਿਆ ਸੀ ਉਸ ਉੱਤੇ ਕਿੰਨੇ ਹੀ ਫੁੱਲ ਸਜਾਏ ਹੋਏ ਸਨ। ਅੰਗਰੇਜ਼ੀ ਦੇ ਅੱਖਰਾਂ ਵਿਚ ਗੁਲਾਬ ਦੇ ਫੁੱਲਾਂ ਨਾਲ਼ ਵੈਲਕਮ ਲਿਖ ਕੇ ਕਿਸੇ ਕਲਾਕਾਰ ਨੇ ਵੱਟ ਹੀ ਕੱਢੇ ਪਏ ਸਨ। ਬਾਹਰ ਦੋਨਾਂ ਪਾਸੇ ਕੁਰਸੀਆਂ ਲਾਈਆਂ ਹੋਈਆਂ ਸਨ। ਹੈਡਮਾਸਟਰ ਤੇ ਦੇਵ ਉੱਥੇ ਹੀ ਬੈਠ ਗਏ। ਬਹਿਰੇ ਸ਼ਰਾਬ ਤੇ ਮੁਰਗੇ ਹਰ ਥਾਂ ਹੀ ਸਰਵ ਕਰਨ ਲੱਗੇ। ਉਹ ਅੰਦਰ ਵੜਦੇ ਤੇ ਬਾਹਰ ਨਿਕਲ਼ਦੇ ਲੋਕਾਂ ਵੱਲ ਅੱਖਾਂ ਗੱਡ ਗੱਡ ਦੇਖਦੇ ਰਹੇ। ਥੋੜ੍ਹੀ ਦੇਰ ਮਗਰੋਂ ਸੈਕੰਡ ਮਾਸਟਰ ਹਰਨੇਕ ਸਿੰਘ ਵੀ ਉਨ੍ਹਾਂ ਲਾਗੇ ਆ ਬੈਠਾ। ਖੇਮ ਸਿੰਘ ਕਿਸੇ ਲੰਘਦੀ ਔਰਤ ਵੱਲ ਵੱਧ ਆਕਰਸ਼ਿਤ ਹੋ ਜਾਂਦਾ ਤਾਂ ਉਹ ਕਹਿੰਦਾ, 'ਵਾਹ- ਬਈ ਵਾਹ... ਮੂਰਤਾਂ ਘੜਨ ਵਾਲਿਆ ਤੈਨੂੰ ਲੱਖ-ਲੱਖ ਪ੍ਰਣਾਮ। ਸਾਨੂੰ ਹਿੱਸਾ ਦਿੰਦਿਆਂ ਕੰਜੂਸੀ ਕਰ ਗਿਆ.. ਦੇਖ ਯਾਰ ਦੇਖ ਉੱਧਰ ਦੇਖ.... ਆਪਣੀਆਂ ਤਾਂ ਸਾਲ਼ੀਆਂ.... ।'

ਸਾਰਾ ਸਮਾਂ ਉਨ੍ਹਾਂ ਨੇ ਉੱਥੇ ਬੈਠ ਕੇ ਹੀ ਲੰਘਾ ਦਿੱਤਾ। ਹਿਸਾਬ ਨਹੀਂ ਲਾਇਆ ਜਾ ਸਕਦਾ ਕਿ ਹੈਡਮਾਸਟਰ ਖੇਮ ਸਿੰਘ ਕਿੰਨੀਆਂ ਬੀਅਰਾਂ ਡਕਾਰ ਗਿਆ ਤੇ ਦੇਵ ਤੇ ਹਰਨੇਕ ਕਿੰਨੇ ਕਿੰਨੇ ਪੈੱਗ ਵਿਸਕੀ ਦੇ। ਥੋੜ੍ਹੀ ਦੇਰ ਬਾਅਦ ਖੇਮ ਸਿੰਘ ਉੱਠਦਾ ਤੇ ਕਹਿ ਦਿੰਦਾ, 'ਚਲੋ ਯਾਰ ਬਾਥਰੂਮ ਜਾ ਆਈਏ।'

ਉਸ ਦਿਨ ਮਗਰੋਂ ਖੇਮ ਸਿੰਘ ਨਾਲ਼ ਦੇਵ ਦੀ ਕਾਫੀ ਨੇੜਤਾ ਹੋ ਗਈ। ਭਾਵੇਂ ਉਹ ਦੇਵ ਤੋਂ ਵੀਹ ਸਾਲ ਵੱਡਾ ਸੀ ਪਰ ਦਿਲ ਉਸ ਦਾ ਮੁੰਡਿਆਂ ਵਰਗਾ ਹੀ ਸੀ। ਉਹ ਅਕਸਰ ਕਹਿੰਦਾ ਕਿ ਉਸ ਵਿਚ ਅਜੇ ਉਹੀ ਕਰੰਟ ਹੈ ਜੋ ਵੀਹ ਸਾਲ ਪਹਿਲਾਂ ਹੁੰਦਾ ਸੀ। ਉਸ ਦਾ ਪਿੰਡ ਖਹਿਰਾ ਸੀ। ਉਹ ਆਪਣੇ ਘਰ ਕੋਈ ਨਾ ਕੋਈ ਪ੍ਰੋਗਰਾਮ ਕਰਦਾ ਹੀ ਰਹਿੰਦਾ ਤੇ ਸਾਰੇ ਸਟਾਫ਼ ਨੂੰ ਵੀ ਸੱਦਦਾ। ਮਗਰੋਂ ਸ਼ਰਾਬ ਪੀਣ ਵਾਲ਼ਿਆਂ ਦੀ ਚੌਕੜੀ ਵੀ ਜਮਦੀ। ਹਰਨੇਕ ਸਿੰਘ ਦਾ ਪਿੰਡ ਬਿਜਲੀਪੁਰ ਸੀ। ਉਹ ਦੇਵ ਨੂੰ ਆਪਣੇ ਨਾਲ਼ ਪਿੰਡ ਲੈ ਜਾਂਦਾ। ਸਾਗ, ਮੇਥੇ, ਮੂਲੀਆਂ, ਸਲਗਮਾਂ, ਗੰਨੇ ਤੇ ਮੌਸਮ ਅਨੁਸਾਰ ਸਬਜ਼ੀਆਂ ਬਗੈਰਾ ਦੇ ਝੋਲ਼ੇ ਭਰ ਕੇ ਸਾਇਕਲ ਦੇ ਹੈਂਡਲ ਨਾਲ਼ ਲਟਕਾ ਦਿੰਦਾ। ਇਹ ਸਭ ਕੁਝ ਦੇਖ ਕੇ ਕਾਲਜ ਪੜ੍ਹਦਿਆਂ ਕੁਲਦੀਪ ਨਾਲ਼ ਬਿਤਾਏ ਦਿਨਾਂ ਦੀ ਯਾਦ ਦੇਵ ਦੇ ਦਿਲ ਵਿਚ ਧੜਕਣ ਲੱਗ ਪੈਂਦੀ।

ਸਰਵਰਪੁਰ ਪਿੰਡ ਦਾ ਨਕਸ਼ਾ ਉਸ ਦੇ ਦਿਮਾਗ ਵਿਚ ਘੁੰਮਣ ਲੱਗਦਾ। ਹਰਨੇਕ ਹੋਣਾ ਕੋਲ਼ ਕਾਫ਼ੀ ਜ਼ਮੀਨ ਸੀ ਜਿਸ ਦੀ ਹੱਦ ਲੁਧਿਆਣਾ-ਚੰਡੀਗੜ੍ਹ ਰੋਡ ਨੂੰ ਜਾ ਲਗਦੀ ਸੀ। ਸਕੂਲ ਦੀ ਡਿਊਟੀ ਵਜਾਉਣ ਮਗਰੋਂ ਹਰਨੇਕ ਕੱਛਾ ਝੱਗਾ ਪਾ ਕੇ ਸਿਰ ਤੇ ਪਰਨਾ ਲਪੇਟ ਅਨਪੜ੍ਹ ਜੱਟ ਬਣ ਜਾਂਦਾ ਤੇ ਖੇਤਾਂ ਵਿਚ ਕੰਮ ਕਰਨ ਲਈ ਪੁੱਜ ਜਾਂਦਾ। ਜਿੱਥੇ ਉਸ ਦਾ ਪਿਓ ਤੇ ਸਾਂਝੀ ਮਿੱਟੀ ਨਾਲ਼ ਮਿੱਟੀ ਹੋਏ ਹੁੰਦੇ। ਜ਼ਮੀਨ ਦੇ ਕਿਸੇ ਪੁਰਾਣੇ ਝਗੜੇ ਕਰਕੇ ਪਿੰਡ ਦੇ ਹੀ ਕਿਸੇ ਹੋਰ ਜੱਟ ਨਾਲ਼ ਉਨ੍ਹਾਂ ਦੀ ਦੁਸ਼ਮਣੀ ਸੀ ਤੇ ਸੱਤ ਇਕਵੰਜਾ ਦਾ ਕੇਸ ਚਲਦਾ ਸੀ। ਇਹੀ ਕਾਰਨ ਸੀ ਕਿ ਹਰਨੇਕ ਖੇਤਾਂ ਨੂੰ ਜਾਣ ਲੱਗਾ ਆਪਣੇ ਕੋਲ਼ ਕੋਈ ਹਥਿਆਰ ਜ਼ਰੂਰ ਰੱਖਦਾ।

ਸੁਤੰਤਰ ਡਰਾਇੰਗ ਮਾਸਟਰ ਦਾ ਪਿੰਡ ਵੀ ਖਹਿਰਾ ਸੀ। ਉਸ ਦਾ ਆਪਣੇ ਵੱਡੇ ਭਰਾ ਵੇਦ ਨਾਲ਼ ਜ਼ਮੀਨ ਦੀ ਵੰਡ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਉਨ੍ਹਾਂ ਦੀ ਆਪਸੀ ਵਰਤੋਂ ਖ਼ਤਮ ਸੀ। ਬੱਚਿਆਂ ਦੀ ਖੇਡਦੇ ਸਮੇਂ ਹੋਈ ਲੜਾਈ ਉਨ੍ਹਾਂ ਦੀਆਂ ਔਰਤਾਂ ਤੱਕ ਪੁੱਜੀ ਤੇ ਫਿਰ ਭਰਾਵਾਂ ਵਿਚ ਡਾਂਗਾਂ ਚੱਲੀਆਂ। ਸਕੇ ਭਰਾ ਦੁਸ਼ਮਣ ਬਣ ਗਏ। ਜੇ. ਬੀ. ਟੀ. ਮਾਸਟਰ ਜਗਦੀਸ਼ ਦੇ ਮੁੰਡਾ ਜੰਮਿਆਂ ਸੀ ਤੇ ਉਸ ਨੇ ਬਿਜਲੀ ਪੁਰ ਦੇ ਸਾਮ੍ਹਣੇ ਦੇਸੀ ਸ਼ਰਾਬ ਦੇ ਠੇਕੇ ਉੱਤੇ ਸਾਰੇ ਸਟਾਫ਼ ਨੂੰ ਸ਼ਰਾਬ ਦੀ ਪਾਰਟੀ ਦਿੱਤੀ। ਖੇਮ ਸਿੰਘ ਨੂੰ ਆਪਣੀ ਹੈਡਮਾਸਟਰੀ ਦਾ ਖਿਆਲ ਹੋਣ ਕਰਕੇ, ਉਹ ਅਜਿਹੀਆਂ ਪਾਰਟੀਆਂ ਵਿੱਚ ਘੱਟ ਹੀ ਸ਼ਾਮਲ ਹੁੰਦਾ ਸੀ। ਉਸ ਦਿਨ ਹਰਨੇਕ ਸਿੰਘ ਵੀ ਖੇਤਾਂ ਵਿਚ ਕੋਈ ਕੰਮ ਹੋਣ ਕਰਕੇ ਸਕੂਲੋਂ ਪਹਿਲਾਂ ਹੀ ਫਰਲੋ ਮਾਰ ਆਇਆ ਸੀ। ਛੁੱਟੀ ਮਗਰੋਂ ਉਹ ਸਾਰੇ ਠੇਕੇ ਦੇ ਬਾਹਰ ਮੰਜਿਆਂ ਉੱਤੇ ਜਾ ਬੈਠੇ। ਕਿਸੇ ਨੇ ਹਰਨੇਕ ਸਿੰਘ ਨੂੰ ਵੀ ਖੇਤਾਂ' ਚੋਂ ਸੱਦ ਲਿਆਂਦਾ। ਉਸ ਨੇ ਕੱਛਾ ਝੱਗਾ ਪਾ ਕੇ ਸਿਰ ਤੇ ਪਰਨਾ ਲਪੇਟਿਆ ਹੋਇਆ ਸੀ। ਪੈਰੋਂ ਉਹ ਨੰਗਾ ਹੀ ਸੀ। ਸ਼ਰਾਬ ਦਾ ਦੌਰ ਸ਼ੁਰੂ ਹੋਇਆ ਤੇ ਸਾਰੇ ਛੇਤੀ ਹੀ ਟੂੰਨ ਹੋ ਗਏ। ਸੁਤੰਤਰ ਨੂੰ ਤਾਂ ਐਨੀ ਚੜ੍ਹ ਗਈ ਕਿ ਉਹ ਬੱਕਰੇ ਬੁਲਾਉਣ ਲੱਗ ਪਿਆ ਤੇ ਗਾਹਲਾਂ ਕੱਢਣ ਲੱਗ ਪਿਆ।

'ਇਹ ਤੂੰ ਗਾਹਲਾਂ ਕੀਹਨੂੰ ਦੇਈ ਜਾਨੈਂ?' ਕਿਸੇ ਨੇ ਪੁੱਛਿਆ।

'ਆਪਣੀ ਮਾਂ ਦੇ ਬੜੇ ਪੁੱਤ ਨੂੰ.... ਜਿਹੜਾ ਮੇਰਾ ਦੁਸ਼ਮਣ ਬਣ ਗਿਆ। ਆਪਣੀ ਭਰਜਾਈ ਨੂੰ ਜਿਹਨੇ ਸਾਡੇ ਘਰ' ਚ ਪਾਟਕ ਪਾ' ਤੇ।' ਉਹ ਗਰਜਿਆ ਤੇ ਮੁੜ ਗਾਲ੍ਹ ਕੱਢੀ।

ਉਸ ਨੇ ਸਾਰਿਆਂ ਅੱਗੇ ਆਪਣੀ ਗੱਲ ਰੱਖੀ ਕਿ ਸਾਰੇ ਜਣੇ ਉਸ ਦੇ ਪਿੰਡ ਚੱਲਣ। ਉਸ ਨੇ ਆਪਣੀ ਭਰਜਾਈ ਤੇ ਭਰਾ ਦੇ ਦਿਮਾਗ ਸੈੱਟ ਕਰਨੇ ਹਨ। ਭਰਜਾਈ ਨੂੰ ਤਾਂ ਥਪੜਾਉਣਾ ਵੀ ਹੈ। ਅੱਧੇ ਮੈਂਬਰ ਤਾਂ 'ਆ ਬਲਾਏ ਗਲ਼ ਲੱਗ' ਦੇ ਚੱਕਰ ਤੋਂ ਬਚਣ ਲਈ ਉੱਥੋਂ ਖਿਸਕ ਗਏ। ਤਿੰਨ ਚਾਰ ਜਣੇ ਇਹ ਸੋਚ ਕੇ ਉਸ ਦੇ ਨਾਲ਼ ਚੱਲ ਪਏ ਕਿ ਚਲੋ ਤਮਾਸ਼ਾ ਹੀ ਦੇਖਾਂਗੇ। ਦੇਵ ਵੀ ਇਹ ਸੋਚ ਕੇ ਉਨ੍ਹਾਂ ਨਾਲ਼ ਚਲਾ ਗਿਆ ਕਿ ਲੜਦਿਆਂ ਨੂੰ ਹਟਾਉਣ ਲਈ ਉਸਦੀ ਲੋੜ ਪਵੇਗੀ। ਹਰਨੇਕ ਸਿੰਘ ਵੀ ਆਪਣੀ 'ਸ਼ਾਹੀ ਡਰੈੱਸ' ਵਿਚ ਹੀਰਾ ਸਿੰਘ ਦੇ ਸਾਇਕਲ ਮਗਰ ਬੈਠ ਕੇ ਚਲਾ ਗਿਆ। ਸਾਰੇ ਜਣੇ ਉਸ ਦੇ ਭਰਾ ਦੇ ਘਰ ਮੂਹਰੇ ਪਹੁੰਚ ਗਏ। ਸੁਤੰਤਰ ਸਿੰਘ ਨੇ ਅੱਗੇ ਵਧ ਕੇ ਦਰ ਖੜਕਾਇਆ।

'ਕੌਣ ਏਂ?' ਅੰਦਰੋਂ ਅਵਾਜ਼ ਆਈ।

'ਮੈਂ ਸੁਤੰਤਰ ਹਾਂ ਸੁਤੰਤਰ।'

ਦਰ ਖੁੱਲ੍ਹ ਗਿਆ। ਅੱਗੇ ਸੁਤੰਤਰ ਦੀ ਭਰਜਾਈ ਖੜ੍ਹੀ ਸੀ। ਸਾਰੇ ਸੋਚਣ ਲੱਗੇ ਕਿ ਉਹ ਉਸ ਨੂੰ ਗਾਲ੍ਹ ਕੱਢੇਗਾ ਜਾਂ ਥੱਪੜ ਸੁੱਟੇਗਾ ਪਰ ਅਜਿਹਾ ਕੁਝ ਨਾ ਹੋਇਆ। ਸੁਤੰਤਰ ਨੇ ਆਪਣੀ ਭਰਜਾਈ ਦੇ ਪੈਰ ਛੂਹੇ ਤੇ ਬੋਲਿਆ, 'ਭਰਜਾਈ ਪੈਰੀਂ ਪੈਂਦਾ ਏਂ ਕਿੱਧਰ ਆ ਵੀਰ?'

'ਆ ਵੇ ਦਿਓਰਾ... ਜਿਉਂਦਾ ਰਹਿ... ਮਿਲ ਲੈ ਵੀਰ ਨੂੰ ਅੰਦਰ।'

ਸੁੰਤਰਤ ਅੰਦਰ ਵੜਦਾ ਰੋਣ ਲੱਗ ਪਿਆ, 'ਮੈਨੂੰ ਮਾਫ਼ ਕਰ ਦੇ ਭਰਜਾਈ। ਤੂੰ ਮੇ ਰੀ ਮਾਂ ਵਰਗੀ ਏਂ। ਮੈਂ ਤੈਨੂੰ ਘੱਟ ਵੱਧ ਬੋਲਿਆ।'

'ਕੀ ਗੱਲਾਂ ਕਰਦਾ ਏਂ ਦਿਓਰਾ? ਗਲਤੀ ਤੇਰੀ ਕੋਈ ਨਹੀਂ। ਗਲਤੀ ਮੇਰੀ ਏ ਸਾਰੀ। ਮਾਫ਼ੀ ਤਾਂ ਮੈਂ ਮੰਗਦੀ ਹਾਂ ਤੈਥੋਂ।'

ਦਿਓਰ-ਭਰਜਾਈ ਦੀ ਇਹ ਵਾਰਤਾ ਸੁਣ ਕੇ ਹੀਰਾ ਸਿੰਘ ਚਪੜਾਸੀ ਬੋਲਿਆ, 'ਲਓ ਕਰ ਲਓ ਘਿਓ ਨੂੰ ਭਾਂਡਾ। ਕੀ ਕਹਿੰਦਾ ਸੀ ਮੈਂ?'

ਐਨੇ ਨੂੰ ਸੁਤੰਤਰ ਦਾ ਭਰਾ ਵੇਦ ਵੀ ਅੰਦਰੋਂ ਨਿਕਲ਼ ਆਇਆ। ਉਸ ਨੇ ਉਸ ਨੂੰ ਵੀ ਜੱਫੀ ਪਾ ਲਈ। ਜਿਉਂ ਲੱਗਾ ਰੋਣ, ਹਟਣ ਵਿਚ ਹੀ ਨਾ ਆਵੇ। ਵੇਦ ਨੇ ਸਾਰਿਆਂ ਨੂੰ ਬੈਠਕ ਵਿਚ ਲਿਜਾ ਬਿਠਾਇਆ। ਸੁਤੰਤਰ ਮੁੜ-ਮੁੜ ਕਹੀ ਜਾਵੇ, 'ਐਥੋਂ ਵੀਰ ਜੀ ਕੀ ਲੈ ਜਾਣਾ ਏਂ? ਐਥੋਂ ਵੀਰ ਜੀ ਕੀ ਲੈ ਜਾਣਾ ਏਂ?'

ਉਸ ਦੀ ਗਲਵਕੜੀ' ਚੋਂ ਨਿਕਲ਼ ਵੇਦ ਨੇ ਅਲਮਾਰੀ ਖੋਲ੍ਹੀ ਤੇ ਸ਼ਰਾਬ ਦੀ ਬੋਤਲ ਮੇਜ਼ ਤੇ ਧਰ ਕੇ ਨਲ਼ਕੇ ਉੱਤੇ ਗਿਲਾਸ ਧੋਣ ਲੱਗ ਪਿਆ। ਸੁਤੰਤਰ ਖੁਸ਼ ਹੋ ਗਿਆ ਤੇ ਅੰਦਰ ਵੱਲ ਮੂੰਹ ਕਰ ਕੇ ਹਾਕ ਮਾਰੀ, 'ਭਰਜਾਈ ਪਕੌੜੇ ਬਣਾ ਦੋ ਮੇਰੇ ਦੋਸਤਾਂ ਲਈ।'

ਹਰਨੇਕ ਸਿੰਘ ਨੇ ਅਗਲੇ ਦਿਨ ਸਕੂਲ ਆ ਕੇ ਜਿਹੜੀ ਦਿਲਚਸਪ ਗੱਲ ਦੱਸੀ ਉਹ ਚਾਹੇ ਬਹੁਤ ਗੰਭੀਰ ਸੀ, ਪਰ ਸੁਣਨ ਵਾਲ਼ਿਆਂ ਦੇ ਹੱਸ ਹੱਸ ਕੇ ਢਿੱਡ ਪੱਕ ਗਏ।

ਜਦੋਂ ਹਨੇਰਾ ਹੋਣ ਮਗਰੋਂ ਵੀ ਹਰਨੇਕ ਸਿੰਘ ਘਰ ਨਾ ਪੁੱਜਾ ਤਾਂ ਉਸ ਦਾ ਪਿਓ ਤੇ ਭਤੀਜੇ ਉਸ ਨੂੰ ਖੇਤਾਂ ਵੱਲ ਲੱਭਣ ਚਲੇ ਗਏ। ਉਨ੍ਹਾਂ ਨੇ ਕਮਾਦ, ਚਰੀਆਂ ਸਭ ਗਾਹ ਸੁੱਟੇ , ਪਰ ਉਹ ਕਿਤੇ ਨਾ ਲੱਭਿਆ। ਕੱਛੇ, ਝੱਗੇ ਤੇ ਨੰਗੇ ਪੈਰੀਂ ਉਹ ਕਿਤੇ ਬਾਹਰ ਵੀ ਨਹੀਂ ਸੀ ਜਾ ਸਕਦਾ। ਜਿਨ੍ਹਾਂ ਨਾਲ਼ ਉਨ੍ਹਾਂ ਦਾ ਮੁਕੱਦਮਾ ਚਲਦਾ ਸੀ ਖ਼ਾਰਬਾਜ਼ੀ ਵੀ ਸਿਰੇ ਦੀ ਸੀ। ਸੋ ਸਿੱਟਾ ਇਹੋ ਕੱਢਿਆ ਗਿਆ ਕਿ ਲਾਗ-ਡਾਟ ਵਾਲ਼ਿਆਂ ਨੇ ਹੀ ਉਸ ਨੂੰ ਮਾਰਿਆ ਹੈ ਤੇ ਕਿਧਰੇ ਖਪਾ ਦਿੱਤਾ ਹੈ। ਜਦੋਂ ਹਰਨੇਕ ਪਿੰਡ ਪੁੱਜਾ ਤਾਂ ਉਸ ਦੇ ਘਰ ਦੇ ਬਾਹਰ ਲੋਕਾਂ ਦੀ ਭੀੜ ਇਕੱਠੀ ਹੋਈ ਸੀ। ਉਸ ਦੇ ਭਤੀਜੇ ਰਿਪੋਰਟ ਦਰਜ਼ ਕਰਾਉਣ ਲਈ ਸਮਰਾਲੇ ਦੇ ਠਾਣੇ ਗਏ ਹੋਏ ਸਨ। ਘਰ ਵਿਚ ਔਰਤਾਂ ਨੇ ਚੀਕ-ਚਿਹਾੜਾ ਪਾਇਆ ਹੋਇਆ ਸੀ।

'ਹਰਨੇਕ ਆ ਗਿਆ... ਹਰਨੇਕ ਆ ਗਿਆ।' ਇਕ ਦਮ ਰੌਲ਼ਾ ਪੈ ਗਿਆ। ਰੌਲ਼ਾ ਸੁਣ ਕੇ ਉਸ ਦੀ ਮਾਂ ਦੌੜੀ ਆਈ ਤੇ ਹਰਨੇਕ ਨੂੰ ਲਿਪਟ ਗਈ ਤੇ ਚੀਕਾਂ ਮਾਰਨ ਲੱਗੀ। ਅੱਗੇ ਹਰਨੇਕ ਦਾਰੂ ਨਾਲ਼ ਰੱਜਿਆ ਹੋਇਆ, ਉਹ ਵੀ ਮਾਂ ਨੂੰ ਆਪਣੇ ਨਾਲ਼ ਘੁੱਟ ਕੇ ਰੋਣ

ਲੱਗ ਪਿਆ। ਕਿਸੇ ਨੇ ਉਨ੍ਹਾਂ ਨੂੰ ਅਲੱਗ ਕੀਤਾ ਤਾਂ ਹਰਨੇਕ ਬੋਲਿਆ, 'ਕੌਣ ਮਰ ਗਿਆ ਏ?'

'ਮਰਿਆ ਕੋਈ ਨ੍ਹੀ। ਉਹ ਤਾਂ ਤੂੰ ਖੋ ਗਿਆ ਸੀ।' ਕਿਸੇ ਨੇ ਦੱਸਿਆ। ਪਿੰਡ ਦੇ ਸਾਰੇ ਲੋਕ ਹੱਸਦੇ ਹੱਸਦੇ ਲੋਟ-ਪੋਟ ਹੋਣ ਲੱਗੇ।

**00**

# ਇਕ ਸੌ ਤੇਰਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਦੀ ਸਾਲਾਨਾ ਪ੍ਰੀਖਿਆ ਹੋਈ ਤਾਂ ਖੇਮ ਸਿੰਘ ਨੇ ਦੇਵ ਨੂੰ ਦਫ਼ਤਰ ਸੱਦਿਆ ਤੇ ਰੇਲਵੇ ਰਸੀਦ ਦੇ ਕੇ ਕਿਹਾ ਕਿ ਉਹ ਦੋਰਾਹਾ ਰੇਲਵੇ ਸਟੇਸ਼ਨ ਤੋਂ ਮਾਰਕਿੰਗ ਲਈ ਆਏ ਪੇਪਰਾਂ ਦਾ ਬੰਡਲ਼ ਛੁਡਾ ਲਿਆਵੇ। ਉਹ ਮੈਥ ਵਿਸ਼ੇ ਦਾ ਆਪ ਮੁੱਖ ਪ੍ਰੀਖਿਅਕ ਸੀ ਤੇ ਉਹ ਬੰਡਲ ਉਸ ਨੇ ਆਪ ਮਾਰਕ ਕਰਨਾ ਸੀ। ਖੇਮ ਸਿੰਘ ਨੇ ਬੋਰਡ ਦਾ ਉਹ ਪ੍ਰਸ਼ਨ ਪੱਤਰ ਵੀ ਦੇਵ ਨੂੰ ਦੇ ਦਿੱਤਾ ਕਿ ਉਹ ਉਸਨੂੰ ਹੱਲ ਕਰ ਕੇ ਇਕ ਦੋ ਦਿਨਾਂ ਵਿਚ ਉਸ ਨੂੰ ਦੇ ਦੇਵੇ। ਦੇਵ ਛੁੱਟੀ ਮਗਰੋਂ ਦੋਰਾਹੇ ਪੁੱਜ ਪਹਿਲਾਂ ਰੇਲਵੇ ਸਟੇਸ਼ਨ ਚਲਾ ਗਿਆ ਤੇ ਬੰਡਲ ਛੁਡਵਾ ਕੇ ਸਾਇਕਲ ਦੇ ਕੈਰੀਅਰ ਵਿਚ ਫਸਾ ਲਿਆ। ਘਰ ਜਾਣ ਲੱਗਾ ਤਾਂ ਮਲ੍ਹੀਪੁਰ ਦਾ ਜਗਦੀਸ਼ ਤੇ ਖੈਹਿਰੇ ਪਿੰਡ ਦਾ ਪੰਜਾਬੀ ਮਾਸਟਰ ਹਰੀ ਸਿੰਘ ਉਸ ਨੂੰ ਸਟੇਸ਼ਨ ਲਾਗੇ ਹੀ ਮਿਲ ਗਏ। ਹਰੀ ਸਿੰਘ ਕਹਿਣ ਲੱਗਾ ਕਿ ਉਸ ਨੇ ਉਨ੍ਹਾਂ ਨੂੰ ਪਾਰਟੀ ਦੇਣੀ ਹੈ।

'ਪਾਰਟੀ ਕਾਹਦੀ ਮਾਸਟਰ ਜੀ?' ਦੇਵ ਨੇ ਪੁੱਛਿਆ।

'ਸਾਡੀ ਮੱਝ ਸੂਈ ਏ ਤੇ ਦਿੱਤੀ ਵੀ ਕੱਟੀ ਏ।' ਉਸ ਨੇ ਦੱਸਿਆ। ਇਸ ਸਕੂਲ ਦੇ ਸਟਾਫ਼ ਮੈਂਬਰਾਂ' ਚੋਂ ਕਿਸੇ ਦੇ ਵੀ ਘਰ ਮਾੜੀ ਮੋਟੀ ਖੁਸ਼ੀ ਵਾਲ਼ੀ ਗੱਲ ਹੁੰਦੀ ਤਾਂ ਅਗਲਾ ਸ਼ਰਾਬ ਦੀ ਪਾਰਟੀ ਦੇਣੀ ਆਪਣਾ ਇਖ਼ਲਾਕੀ ਫਰਜ਼ ਸਮਝਦਾ। ਦੇਵ ਦੇ ਉੱਥੇ ਜਾਣ ਤੋਂ ਪਹਿਲਾਂ ਤਾਂ ਕਿਸੇ ਟੀਚਰ ਨੇ ਆਪਣੀ ਸੱਸ ਦੇ ਦੰਦਾਂ ਦੀ ਬੀੜ ਲੱਗਣ ਦੀ ਖੁਸ਼ੀ ਵਿਚ ਪਾਰਟੀ ਦਿੱਤੀ ਸੀ। ਕਹਿੰਦੇ, ਦਾੜ੍ਹੀ ਨਾਲ਼ੋਂ ਮੁੱਛਾਂ ਵਧ ਗਈਆਂ ਸਨ। ਜੋ ਪੈਸੇ ਉਸ ਮਾਸਟਰ ਨੇ ਖਰਚੇ, ਉਨ੍ਹਾਂ ਨਾਲ਼ ਦੰਦਾਂ ਦੀਆਂ ਚਾਰ ਬੀੜਾਂ ਲੱਗ ਸਕਦੀਆਂ ਸਨ। ਘੁਡਾਣੀ ਪਿੰਡ ਦੇ ਪੀ. ਟੀ. ਆਈ. ਤੋਂ ਵੀ ਸਟਾਫ਼ ਵਾਲ਼ਿਆਂ ਨੇ ਇਸ ਖੁਸ਼ੀ ਵਿਚ ਪਾਰਟੀ ਲੈ ਲਈ ਸੀ ਕਿ ਉਸ ਦੇ ਚੌਥਾ ਸਾਲਾ ਜੰਮਿਆਂ ਸੀ ਜੋ ਉਸ ਦੇ ਵੱਡੇ ਮੁੰਡੇ ਤੋਂ ਤਿੰਨ ਸਾਲ ਛੋਟਾ ਸੀ। ਸਟਾਫ਼ ਤੱਕ ਇਹ ਖ਼ਬਰ ਹੀਰਾ ਸਿੰਘ ਚਪੜਾਸੀ ਨੇ ਪੁਜਾਈ ਸੀ ਜਿਸ ਨੂੰ, ਇਹ ਭਰੋਸੇਵੰਦ ਸੂਤਰਾਂ ਤੋਂ ਮਿਲੀ ਸੀ।

ਖੈਰ, ਹਰੀ ਸਿੰਘ, ਜਗਦੀਸ਼ ਤੇ ਦੇਵ ਵੇਦੋ ਪਕੌੜਿਆਂ ਵਾਲ਼ੇ ਦੀ ਰੇਹੜੀ ਮਗਰ ਬੈਂਗ ਤੇ ਬਹਿ ਕੇ ਪੀਣ ਲੱਗ ਪਏ। ਵੇਦੋ ਦੋਰਾਹੇ ਦੇ ਹਾਈ ਸਕੂਲ ਵਿਚ ਚਪੜਾਸੀ ਸੀ ਤੇ ਦਲੀਪ ਸਿੰਘ ਹੈੱਡਮਾਸਟਰ ਉਸ ਨੂੰ ਰਿਸੈੱਸ ਮਗਰੋਂ ਰੇਹੜੀ ਲਾਉਣ ਲਈ ਫਰੀ ਕਰ ਦਿਆ ਕਰਦਾ ਸੀ। ਉਨ੍ਹਾਂ ਨੇ ਅਜੇ ਦੋ ਦੋ ਪੈੱਗ ਹੀ ਲਾਏ ਸਨ ਕਿ ਘੁੰਮਦਾ-ਘੁਮਾਉਂਦਾ ਜਗਦੀਸ਼ ਦਾ ਬਾਪੂ, ਜਿਸ ਨੂੰ ਸਾਰੇ ਗਿਆਨੀ ਜੀ ਕਿਹਾ ਕਰਦੇ ਸਨ, ਉੱਥੇ ਪਹੁੰਚ ਗਿਆ। ਜਗਦੀਸ਼ ਨੂੰ ਬੈਠਾ

ਸ਼ਰਾਬ ਪੀਂਦੇ ਦੇਖ ਉਸ ਨੇ ਜੁੱਤੀ ਖੋਹਲ ਲਈ ਤੇ ਪੂਰੇ ਜ਼ੋਰ ਨਾਲ਼ ਉਸ ਦੀ ਪਿੱਠ ਤੇ ਆ ਮਾਰੀ। ਜਗਦੀਸ਼ ਉੱਠਿਆ ਤੇ ਉੱਥੋਂ ਦੌੜ ਗਿਆ। ਗਿਆਨੀ ਜੀ ਉਨ੍ਹਾਂ ਨੂੰ ਬੁਰਾ-ਭਲਾ ਕਹਿਣ ਲੱਗਾ ਕਿ ਉਹ ਉਸ ਨੂੰ ਕਿਉਂ ਪਿਲਾ ਰਹੇ ਸਨ। ਉਸ ਨੂੰ ਤਾਂ ਪੈਰ ਤੇ ਡਲ੍ਹੀ ਚੜ੍ਹ ਜਾਂਦੀ ਸੀ। ਹਰੀ ਸਿੰਘ ਬੋਲਿਆ, 'ਸਾਨੂੰ ਬੋਲਣ ਦੀ ਲੋੜ ਨਹੀਂ, ਆਪਣੇ ਪੁੱਤ ਨੂੰ ਸਮਝਾਓ।'

'ਉਇ ਤੁਸੀਂ ਟੀਚਰ ਹੋ ਕੇ ਸ਼ਰਾਬਾਂ ਡੱਫਦੇ ਫਿਰ ਰਹੇ ਹੋ? ਆਉਣ ਵਾਲ਼ੀ ਪੀੜੀ ਦਾ ਕੀ ਹਸ਼ਰ ਹੋਊ?'

'ਜੋ ਹੁੰਦਾ ਏ ਹੁੰਦਾ ਰਹੇ। ਅਸੀਂ ਠੇਕਾ ਨ੍ਹੀ ਲਿਆ ਹੋਇਆ।' ਹਰੀ ਸਿੰਘ ਬੋਲਿਆ ਤਾਂ ਮਿਣ ਮਿਣ ਕਰਦਾ ਗਿਆਨੀ ਉੱਥੋਂ ਚਲਾ ਗਿਆ। ਜਗਦੀਸ਼ ਘੁੰਮ ਘੁਮਾ ਕੇ ਫਿਰ ਆ ਗਿਆ। ਬੋਤਲ ਤਾਂ ਅਜੇ ਅੱਧੀ ਤੋਂ ਵੱਧ ਬਚੀ ਪਈ ਸੀ, ਉਨ੍ਹਾਂ ਨੇ ਉਹ ਖ਼ਤਮ ਕਰ ਦਿੱਤੀ। ਉਸ ਮਗਰੋਂ ਅਧੀਆ ਜਗਦੀਸ਼ ਨੇ ਮੰਗਵਾ ਦਿੱਤਾ। ਉਨ੍ਹਾਂ ਵੇਦੋ ਨੂੰ ਵੀ ਲੁਆ ਦਿੱਤੀ, ਜਿਸ ਨੇ ਉਨ੍ਹਾਂ ਤੋਂ ਪਕੌੜਿਆਂ ਦੇ ਪੈਸੇ ਹੀ ਨਾ ਲਏ।

'ਇਹ ਕੀ ਲੱਦੀ ਫਿਰਦੈਂ ਸਾਇਕਲ ਪਿੱਛੇ?' ਹਰੀ ਸਿੰਘ ਨੇ ਦੇਵ ਨੂੰ ਪੁੱਛਿਆ।

'ਇਹ ਹੈਡਮਾਸਟਰ ਸਾਹਬ ਦੇ ਪੇਪਰਾਂ ਦਾ ਬੰਡਲ ਏ। ਰੇਲਵੇ ਤੋਂ ਛੁਡਵਾਇਆ ਏ ।'

ਹੈਡਮਾਸਟਰ ਖੇਮ ਸਿੰਘ ਤੇ ਹਰੀ ਸਿੰਘ ਦੋਨੋਂ ਇੱਕੋ ਪਿੰਡ ਦੇ ਸਨ। ਉਹ ਬੋਲਿਆ, 'ਮੈਂ ਫੜਾ ਦਿਆਂਗਾ ਉਨ੍ਹਾਂ ਨੂੰ, ਪਿੰਡ ਜਾਣਾ ਹੀ ਏ।'

ਦੇਵ ਨੇ ਪੇਪਰਾਂ ਦਾ ਬੰਡਲ ਉਸ ਦੇ ਸਾਇਕਲ ਮਗਰ ਲੱਦ ਦਿੱਤਾ। ਬਜ਼ਾਰੋਂ ਸੌਦੇ ਪੱਤੇ ਖਰੀਦਣ ਮਗਰੋਂ ਜਦੋਂ ਉਹ ਖੇਮ ਸਿੰਘ ਦੇ ਘਰ ਮੂਹਰੇ ਸਾਇਕਲ ਤੋਂ ਉਤਰਿਆ ਤਾਂ ਪੇਪਰਾਂ ਦਾ ਬੰਡਲ ਗਾਇਬ ਸੀ। ਸ਼ਾਮ ਨੂੰ ਸਾਢੇ ਸੱਤ ਵਜੇ ਉਹ ਦੇਵ ਦੇ ਘਰ ਵਾਪਸ ਆਇਆ ਤੇ ਇਹ ਖ਼ਬਰ ਦਿੱਤੀ।

'ਇਹ ਤਾਂ ਬੜੀ ਮਾੜੀ ਗੱਲ ਹੋਈ। ਇਕ ਪੇਪਰ ਖੋਣ ਦਾ ਪੰਜਾਹ ਰੁਪਏ ਜੁਰਮਾਨਾ ਏ। ਬੰਡਲ ਵਿਚ ਤਿੰਨ ਸੌ ਤੋਂ ਵੱਧ ਪੇਪਰ ਸਨ। ਹੁਣ ਕੀ ਕਰੀਏ?' ਦੇਵ ਦਾ ਰੋਣ ਨਿੱਕਲ਼ ਆਇਆ।

'ਤੂੰ ਚਿੰਤਾ ਨਾ ਕਰ। ਐਥੇ ਤੱਕ ਨੌਬਤ ਨੀ ਆਉਂਦੀ। ਜੇ ਆਈ ਵੀ ਤਾਂ ਅੱਧੇ ਪੈਸੇ ਮੈਂ ਦਿਆਂਗਾ।'

'ਮੇਰਾ ਤਾਂ ਅੱਧ ਦੇਣ ਲਈ ਵੀ ਘਰ ਵਿਕ ਜਾਵੇਗਾ।' ਦੇਵ ਨੇ ਕਿਹਾ।

ਉਹ ਅਜੇ ਗੱਲਾਂ ਹੀ ਕਰ ਰਹੇ ਸਨ ਕਿ ਦੇਵ ਦੀ ਬੇਬੇ ਆ ਗਈ ਤੇ ਬੋਲੀ, 'ਵੇ ਕੀ ਹੋ ਗਿਆ? ਤੂੰ ਬੁਸ ਬੁਸ ਕਰ ਰਿਹਾ ਏਂ?'

'ਪੇਪਰਾਂ ਦਾ ਬੰਡਲ ਡਿਗ ਪਿਆ ਸਾਇਕਲ ਪਿੱਛੋਂ। ਪਤਾ ਨਹੀਂ ਕੌਣ ਚੁੱਕ ਕੇ ਲੈ ਗਿਆ ਹੋਊ।'

'ਕਿਸੇ ਨੇ ਫੂਕਣਾ ਏਂ ਚੱਕ ਕੇ? ਉਹਦੇ ਕੀ ਕੰਮ? ਮੁਨਾਦੀ ਕਰਵਾ ਦੋ ਰੰਗੀਲੇ ਤੋਂ।' ਉਸ ਨੇ ਸੁਝਾਅ ਦਿੱਤਾ।

ਉਹ ਦੋਨੋਂ ਰੰਗੀਲੇ ਦੇ ਘਰ ਚਲੇ ਗਏ। ਹਰੀ ਸਿੰਘ ਨੇ ਉਸ ਨੂੰ ਪੰਜ ਰੁਪਏ ਦਿੱਤੇ ਤੇ ਸਾਰੇ ਸ਼ਹਿਰ ਵਿਚ ਮੁਨਾਦੀ ਕਰਨ ਲਈ ਕਿਹਾ। ਮੁਨਾਦੀ ਵਿਚ ਕੀ ਕਹਿਣਾ ਹੈ, ਇਹ ਵੀ ਸਮਝਾ ਦਿੱਤਾ। ਆਪਣਾ ਢੋਲ ਬਜਾ ਕੇ ਰੰਗੀਲੇ ਨੇ ਮੁਨਾਦੀ ਕਰਨੀ ਸ਼ੁਰੂ ਕਰ ਦਿੱਤੀ, 'ਸੁਨੋ... ਸੁਨੋ.... ਸੁਨੋ... ਮੁਨਾਦੀ ਸੁਨੀਏ ਗੌਰ ਸੇ, ਫਿਰ ਬਾਤ ਕੀਜੀਏ ਔਰ ਸੇ। ਸਫ਼ੈਦ ਰੰਗ ਦੇ ਕੱਪੜੇ ਵਿਚ ਬੰਨ੍ਹਿਆਂ ਪੇਪਰਾਂ ਦਾ ਬੰਡਲ਼ ਕਿਧਰੇ ਗੁਆਚ ਗਿਆ ਹੈ। ਜਿਸ ਨੂੰ ਵੀ ਮਿਲੇ ਉਹ ਸਿੰਘ ਸਭਾ ਗੁਰਦੁਆਰੇ ਵਿਚ ਪੁਚਾਉਣ ਦਾ ਕਸ਼ਟ ਕਰੇ। ਵਾਜਵ ਇਨਾਮ ਦਿੱਤਾ ਜਾਵੇਗਾ ਬਈ ਓ-ਓ-ਓ-ਓ।'

ਪੇਪਰਾਂ ਦਾ ਬੰਡਲ਼ ਚਾਹ ਵਾਲ਼ੇ ਹਰਾ ਸਿੰਘ ਤੋਂ ਮਿਲ ਗਿਆ। ਉਸ ਨੇ ਦੱਸਿਆ ਕਿ ਉਹ ਉਸ ਨੂੰ ਰੇਲਵੇ ਲਾਈਨਾਂ ਤੇ ਪਿਆ ਮਿਲਿਆ ਸੀ। ਹਰੀ ਸਿੰਘ ਨੇ ਉਸ ਨੂੰ ਪੰਜ ਰੁਪਏ ਦੇਣੇ ਚਾਹੇ ਤਾਂ ਉਸ ਨੇ ਲਏ ਨਾ। ਬੰਡਲ ਲੱਭ ਲੈਣ ਦੀ ਖੁਸ਼ੀ ਵਿਚ ਉਹ ਫਿਰ ਵੇਦੋ ਕੋਲ਼ ਜਾ ਪੀਣ ਲੱਗੇ। ਹਰੀ ਸਿੰਘ ਨੇ ਬੰਡਲ਼ ਨੂੰ ਆਪਣੇ ਸਾਇਕਲ ਮਗਰ ਟਿਊਬ ਨਾਲ਼ ਬੰਨ੍ਹ ਲਿਆ ਤੇ ਹੱਸਦਾ ਬੋਲਿਆ, 'ਲੈ ਪੁੱਤ ਹੁਣ ਡਿਗ ਕੇ ਦਿਖਾ ਕਿਵੇਂ ਡਿਗਦਾ ਏਂ।'

ਬੰਡਲ ਗੁਆਚਣ ਦੀ ਗੱਲ ਭਾਵੇਂ ਉਨ੍ਹਾਂ ਨੇ ਕਿਸੇ ਨੂੰ ਨਹੀਂ ਸੀ ਦੱਸੀ, ਪਰ ਰੰਗੀਲੇ ਨੇ ਤਾਂ ਆਪਣੀ ਮੁਨਾਦੀ ਵਿਚ ਦੱਸ ਹੀ ਦਿੱਤਾ ਸੀ। ਛੇਤੀ ਹੀ ਸਾਰਾ ਭੇਤ ਖੁੱਲ੍ਹ ਗਿਆ। ਵਿਹਲੇ ਮਾਸਟਰਾਂ ਨੂੰ ਸ਼ੁਗਲ ਕਰਨ ਲਈ ਗੱਲ ਲੱਭ ਪਈ। ਤੀਜੇ ਕੁ ਦਿਨ ਪ੍ਰਸ਼ਨ ਪੱਤਰ ਹੱਲ ਕਰ ਕੇ ਦੇਵ ਨੇ ਖੇਮ ਸਿੰਘ ਨੂੰ ਦੇ ਦਿੱਤਾ, ਉਹ ਬੋਲਿਆ, 'ਯਾਰ ਬੰਡਲ਼ ਤੂੰ ਹੀ ਲੈ ਜਾ ਘਰ। ਮਾਰਕ ਕਰ ਦਵੀਂ।'

ਦੇਵ ਨੇ ਉਹ ਪੇਪਰ ਮਾਰਕ ਵੀ ਕੀਤੇ ਖੇਮ ਸਿੰਘ ਦਾ ਅਸਿਸਟੈਂਟ ਬਣ ਕੇ ਉੱਪ ਪ੍ਰੀਖਿਆਕਾਂ ਵਲੋਂ ਆਉਂਦੇ ਮਾਰਕ ਕੀਤੇ ਪੇਪਰ ਵੀ ਸਾਂਭਦਾ ਰਿਹਾ।

ਸਕੂਲ ਵਿਚ ਹੁਣ ਤੱਕ ਜਿੰਨੇ ਹੈਡਮਾਸਟਰਾਂ ਨੇ ਕੰਮ ਕੀਤਾ ਸੀ ਉਨ੍ਹਾਂ ਦਾ ਕਾਰਜ ਕਾਲ ਤੇ ਵੇਰਵਾ ਇਕ ਕਾਲ਼ੇ ਬੋਰਡ ਉੱਤੇ ਲਿਖ ਕੇ ਦਫ਼ਤਰ ਵਿਚ ਟੰਗਿਆ ਹੋਇਆ ਸੀ। ਦੋ ਬੋਰਡ ਹੋਰ ਵੀ ਸਨ ਜਿਨ੍ਹਾਂ ਉੱਤੇ ਅੱਠਵੀਂ ਅਤੇ ਦਸਵੀਂ ਜਮਾਤ ਵਿਚ ਫ਼ਸਟ ਆਉਣ ਵਾਲ਼ੇ ਵਿਦਿਆਰਥੀਆਂ ਦੇ ਵੇਰਵੇ ਸਨ। ਇਕ ਦਿਨ ਦੇਵ ਨੇ ਖੇਮ ਸਿੰਘ ਨੂੰ ਕਿਹਾ, 'ਸਰ ਇਹ ਤਿੰਨੋ ਬੋਰਡ ਤਾਂ ਬੜੀ ਖਸਤਾ ਹਾਲਤ ਵਿਚ ਹੋ ਗਏ ਨੇ। ਤੁਸੀਂ ਨਵੇਂ ਬੋਰਡ ਬਣਵਾ ਦਿਓ। ਮੈਂ ਸਾਰੇ ਵੇਰਵੇ ਦਵਾਰਾ ਲਿਖ ਦਿਆਂਗਾ।'

ਉਸ ਨੇ ਬੋਰਡ ਬਣਵਾਉਣ ਦੀ ਡਿਊਟੀ ਵੀ ਦੇਵ ਦੀ ਹੀ ਲਾ ਦਿੱਤੀ। ਦੇਵ ਨੇ ਤਿੰਨ ਬੋਰਡ ਦੋਰਾਹੇ ਤੋਂ ਹੀ ਤਿਆਰ ਕਰਵਾ ਲਏ ਤੇ ਘਰ ਬੈਠ ਕੇ ਹੀ ਉਨ੍ਹਾਂ ਉੱਤੇ ਮੁੜ ਉਹੀ ਵੇਰਵੇ ਲਿਖ ਦਿੱਤੇ। ਇਹ ਬੋਰਡ ਸਕੂਲ ਪੁੱਜੇ ਤਾਂ ਖੇਮ ਸਿੰਘ ਦੇਖਦਾ ਹੀ ਰਹਿ ਗਿਆ। ਉਹ ਬੋਲਿਆ, 'ਬਈ ਦੇਵ, ਤੁਸੀਂ ਤਾਂ ਪੂਰੇ ਆਰਟਿਸਟ ਹੋ। ਐਨੇ ਵਧੀਆ ਅੱਖਰ। ਹੱਦ ਹੋ ਗਈ।'

'ਬੱਸ, ਸ਼ੌਕ ਏ ਸਰ ਮੈਨੂੰ।'

'ਫੇਰ ਤਾਂ ਕੰਧਾਂ ਵਾਲ਼ੇ ਮਾਟੋ ਵੀ ਦਵਾਰਾ ਲਿਖ ਦਵੋ।'

'ਠੀਕ ਏ ਸਰ।'

ਕੁਝ ਹੀ ਦਿਨਾਂ ਵਿਚ ਮਾਟੋ ਲਿਖਣ ਦਾ ਕੰਮ ਵੀ ਉਸ ਨੇ ਨਿਪਟਾ ਦਿੱਤਾ। ਸੁਤੰਤਰ ਸਿੰਘ ਵੀ ਉਸ ਦੀ ਮੱਦਦ ਕਰਦਾ ਰਿਹਾ। ਇਕ ਦਿਨ ਉਸ ਨੇ ਦਫ਼ਤਰ ਬੁਲਾ ਕੇ ਦੇਵ ਨੂੰ ਕਿਹਾ, 'ਤੁਹਾਡੇ ਕੰਮ ਤੋਂ ਖੁਸ਼ ਹੋ ਕੇ ਤੁਹਾਡੇ ਪੀਰੀਅਡ ਛੱਤੀ ਤੋਂ ਘਟਾ ਕੇ ਤੀਹ ਕਰ ਦਿੱਤੇ ਹਨ।'

'ਸਰ ਛੇ ਕੀਹਨੂੰ ਦਿੱਤੇ?'

ਉਸ ਨੇ ਦੱਸਿਆ ਕਿ ਸਮਰਾਲ਼ੇ ਵਾਲ਼ੀ ਮਲਕੀਤ ਕੌਰ ਨੂੰ। ਦੇਵ ਬੋਲਿਆ, 'ਸਰ ਫੇਰ ਉਸ ਦੇ ਤਾਂ ਬਿਆਲੀ ਪੀਰਡ ਹੋ ਗਏ। ਇਹ ਧੱਕਾ ਨਹੀਂ ਉਸ ਨਾਲ਼?'

'ਜਿਹੋ ਜਿਹੀ ਨੰਦੋ ਉਹੋ ਜਿਹਾ ਮੁਕਲਾਵਾ।' ਉਹ ਹੱਸਿਆ।

ਸਟਾਫ਼ ਵਿਚ ਘੁਸਰ-ਮੁਸਰ ਹੋਣ ਲੱਗੀ ਕਿ ਦੇਵ ਹੈਡਮਾਸਟਰ ਦਾ ਹਰਨੇਕ ਸਿੰਘ ਨਾਲ਼ੋਂ ਵੀ ਵੱਡਾ ਚਮਚਾ ਬਣ ਗਿਆ ਸੀ। ਦੇਵ ਦਾ ਵੀਰ ਜੀ ਰਾਮ ਸਿੰਘ ਕਿਹਾ ਕਰਦਾ ਸੀ ਕਿ ਜਦੋਂ ਤੁਸੀਂ ਕੰਮ ਕਰੋਗੇ ਤਾਂ ਨਾਲ਼ ਦੇ ਵਿਹਲੜ ਬੰਦੇ ਤੁਹਾਨੂੰ ਰੋਕਣਗੇ ਜੇ ਤੁਸੀਂ ਨਾ ਰੁਕੇ ਤਾਂ ਤੁਹਾਡਾ ਮਜ਼ਾਕ ਵੀ ਉਡਾਉਣਗੇ ਤੇ ਨਫਰਤ ਕਰਨੀ ਵੀ ਸ਼ੁਰੂ ਕਰ ਦੇਣਗੇ। ਤੁਹਾਡੇ ਤੇ ਕੋਈ ਨਾ ਕੋਈ ਝੂਠਾ ਇਲਜ਼ਾਮ ਲਾਉਣ ਦੀ ਤਾਕ ਵਿਚ ਵੀ ਰਹਿਣਗੇ ਕਿਉਂਕਿ ਜੇ ਬੌਸ ਤੁਹਾਡਾ ਕੋਈ ਫਾਇਦਾ ਕਰੇਗਾ ਤਾਂ ਦੂਜਿਆਂ ਦਾ ਨੁਕਸਾਨ ਵੀ ਹੋਵੇਗਾ। ਜੇ ਕੋਈ ਕੁੱਤਾ ਤੁਹਾਡੇ ਵੱਲ ਭੌਂਕਦਾ ਹੈ ਤਾਂ ਉਸ ਵੱਲ ਦੇਖਣ ਦੀ ਵੀ ਲੋੜ ਨਹੀਂ। ਚੁੱਪ ਚਾਪ ਤੁਰਦੇ ਰਹੋ, ਉਹ ਆਪ ਹੀ ਭੌਂਕਣਾ ਬੰਦ ਕਰ ਦੇਵੇਗਾ। ਦੇਵ ਵੀ ਚੁੱਪ-ਚਾਪ ਆਪਣੇ ਕੰਮ ਵਿਚ ਮਸਤ ਰਿਹਾ। ਇਕ ਭਲੇਮਾਣਸ ਨੇ ਉਸ ਨੂੰ ਸਲਾਹ ਦਿੱਤੀ ਕਿ ਜੇ ਉਹ ਸ਼ੁਰੂ ਵਿਚ ਹੀ ਜਵਾਬ ਦੇਣਾ ਸ਼ੁਰੂ ਕਰ ਦੇਵੇਗਾ ਤਾਂ ਹੈਡਮਾਸਟਰ ਕਿਸੇ ਕੰਮ ਨੂੰ ਕਹੇਗਾ ਹੀ ਨਹੀਂ। ਜੇ ਉਹ ਸਭ ਕਰਦਾ ਰਹੇਗਾ ਤਾਂ ਉਹ ਉਦੋਂ ਤੱਕ ਲੱਦਦਾ ਰਹੇਗਾ ਜਦ ਤਕ ਉਹ ਚੀਕੇਗਾ ਨਹੀਂ।

'ਪਰ ਮਾਸਟਰ ਜੀ ਸਰਦਾਰ ਖੇਮ ਸਿੰਘ ਕੰਮ ਦੀ ਕਦਰ ਕਰਨ ਵਾਲੇ ਨੇ।' ਉਹ ਬੋਲਿਆ।

'ਚੰਗਾ ਭਰਾਵਾ ਤੇਰੀ ਮਰਜੀ.... ਸਿਆਣੇ ਦਾ ਕਿਹਾ ਤੇ ਔਲ਼ੇ ਦਾ ਖਾਧਾ ਮਗਰੋਂ ਪਤਾ ਲਗਦਾ ਏ।' ਉਹ ਹੱਸਿਆ।

ਹੌਲ਼ੀ-ਹੌਲ਼ੀ ਹੈਡਮਾਸਟਰ, ਹਰਨੇਕ ਸਿੰਘ ਤੇ ਦੇਵ ਦੀ ਗੂੜ੍ਹੀ ਦੋਸਤੀ ਹੋ ਗਈ। ਭੇਤ ਦੀਆਂ ਕਈ ਗੱਲਾਂ ਉਹ ਆਪਸ ਵਿਚ ਕਰ ਲੈਂਦੇ ਸਨ।

ਸਕੂਲ ਦੇ ਬਿਲਕੁਲ ਲਾਗੇ ਇਕ ਪਸ਼ੂ ਡਿਸਪੈਂਸਰੀ ਸੀ ਜਿਸਦਾ ਇੰਚਾਰਜ ਡਾਕਟਰ ਸਪਿੰਦਰ ਸਿੰਘ ਸੀ। ਉਹ ਪਹਿਲਾਂ ਹੀ ਹੈਡਮਾਸਟਰ ਤੇ ਹਰਨੇਕ ਸਿੰਘ ਦਾ ਦੋਸਤ ਸੀ, ਹੁਣ ਦੇਵ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਿਆ। ਸਟਾਫ਼ ਵਾਲ਼ੇ ਪਿੱਠ ਪਿੱਛੇ ਉਨ੍ਹਾਂ ਨੂੰ 'ਤਿੱਕੜੀ' ਕਹਿਣ ਲੱਗੇ। ਡਿਸਪੈਂਸਰੀ ਵਿਚ ਇਕ ਝੋਟਾ ਰੱਖਿਆ ਹੋਇਆ ਸੀ, ਜਿਸ ਦੀ ਸਾਂਭ-ਸੰਭਾਲ ਤੇ ਮਿਜਾਜ਼ਪੁਰਸ਼ੀ ਸਲੋਤਰੀ ਕਰਨੈਲ ਦੇ ਅੰਡਰ ਸੀ। ਕਰਨੈਲ ਅਫ਼ੀਮ ਖਾਣ ਦਾ ਆਦੀ ਸੀ। ਅਫ਼ੀਮ ਨੂੰ ਉਹ ਸੌ ਸੌ ਗਾਹਲਾਂ ਵੀ ਕੱਢਦਾ, ਛੱਡਣਾ ਵੀ ਚਾਹੁੰਦਾ, ਪਰ ਬੇਵੱਸ ਸੀ। ਉਹ ਮੀਟ ਬਣਾਉਣ ਵਿਚ ਪੂਰਾ ਮਾਹਰ ਸੀ। ਹਰੇਕ ਬੁੱਧਵਾਰ ਨੂੰ ਇਹ ਤਿੱਕੜੀ ਰਿਸੈੱਸ ਵੇਲ਼ੇ ਡਿਸਪੈਂਸਰੀ ਵਿਚ ਜਾਦੇ, ਜਿੱਥੇ ਕਰਨੈਲ ਨੇ ਪਹਿਲਾਂ ਹੀ ਮੀਟ ਬਣਾਇਆ

ਹੁੰਦਾ ਤੇ ਰੋਟੀਆਂ ਲਾਹੀਆਂ ਹੁੰਦੀਆਂ। ਡਾਕਟਰ ਸਪਿੰਦਰ ਸਿੰਘ ਬੜੇ ਸਲੀਕੇ ਨਾਲ਼ ਸਲਾਦ ਦੀ ਪਲੇਟ ਸਜ਼ਾਈ ਬੈਠਾ ਹੁੰਦਾ। ਉਹ ਕਮਰੇ ਦੇ ਕੋਨੇ ਵਿਚ ਜਾ ਕੇ ਇਕ ਇਕ ਬੀਅਰ ਪੀ ਲੈਂਦੇ ਤੇ ਮੀਟ ਨਾਲ਼ ਰੋਟੀ ਖਾ ਕੇ ਵਾਪਸ ਸਕੂਲ ਆ ਜਾਂਦੇ। ਉਨ੍ਹਾਂ ਨੇ ਦੇਵ ਨੂੰ ਇਸ ਗੱਲੋਂ ਖ਼ਬਰਦਾਰ ਕੀਤਾ ਕਿ ਕੋਈ ਬੰਦਾ ਕੁਝ ਵੀ ਕਹੇ ਬੀਅਰ ਪੀਣ ਜਾਂ ਮੀਟ ਖਾਣ ਦੀ ਗੱਲ ਮੰਨਣੀ ਨਹੀਂ। ਜਦੋਂ ਭੁੱਜਦੇ ਮਸਾਲੇ ਦੀਆਂ ਲਪਟਾਂ ਸਕੂਲ ਵਿਚ ਪਹੁੰਚਦੀਆਂ ਤਾਂ ਸਾਰਿਆਂ ਨੂੰ ਪਤਾ ਲੱਗ ਜਾਂਦਾ ਕਿ ਅੱਜ ਤਿੱਕੜੀ ਡਿਸਪੈਂਸਰੀ ਵਿਚ ਜੁੜੇਗੀ। ਉੱਥੋਂ ਆ ਕੇ ਜਦੋਂ ਪਿੱਪਲ ਹੇਠ ਬੈਠ ਹਰਨੇਕ ਸਿੰਘ ਦੰਦਾਂ ਵਿਚ ਡੱਕਾ ਫੇਰਦਾ ਤਾਂ ਕੋਈ ਨਾ ਕੋਈ ਆਖ ਹੀ ਦਿੰਦਾ, ‘ ਹਰਨੇਕ ਸਿੰਘ ਮੁਰਗਾ ਢਿੱਡ’ ਚ ਵੜਨੋਂ ਡਰਦਾ, ਦੰਦਾ’ ਚ ਵੜ ਗਿਆ ਲਗਦਾ ਏ।’

‘ਨਾ ਭਰਾਵਾ, ਸਹੁੰ ਲੱਗੇ ਮਹਾਰਾਜ਼ ਦੀ। ਦਾਲ ਨਾਲ਼ ਰੋਟੀ ਖਾਧੀ ਏ। ਮੈਨੂੰ ਤਾਂ ਹੋ ਗਏ ਦਸ ਸਾਲ ਮੀਟ ਛੱਡੇ ਨੂੰ।’ ਉਹ ਕਹਿੰਦਾ।

‘ਅੱਜ ਕੱਲ੍ਹ ਸਾਲ਼ੀਆਂ ਦਾਲ਼ਾਂ ਵੀ ਅਜਿਹੀਆਂ ਆਉਣ ਲੱਗ ਪਈਆਂ। ਦੰਦਾਂ’ ਚ ਫਸ ਜਾਂਦੀਆਂ ਨੇ।’ ਅਗਲਾ ਟਿੱਚਰ ਕਰਦਾ।

ਰਿਸੈੱਸ ਵਿਚ ਜਾਂ ਵਿਹਲੇ ਪੀਰਡ ਸਮੇਂ ਮੁੰਡੇ ਡਿਸਪੈਂਸਰੀ ਦੀ ਚਾਰ ਦੀਵਾਰੀ ਤੇ ਜਾ ਬਹਿੰਦੇ। ਕਈ ਪਿੰਡਾਂ ਨੂੰ ਇਹੋ ਡਿਸਪੈਂਸਰੀ ਪੈਂਦੀ ਸੀ। ਜਿਹੜੀਆਂ ਮੱਝਾਂ ਬੋਲ ਪੈਂਦੀਆਂ ਅਗਲੇ ਐਥੇ ਹੀ ਲੈਕੇ ਆਉਂਦੇ। ਜਦੋਂ ਲੋਹੇ ਦੇ ਮੋਟੇ ਪਾਈਪਾਂ ਵਿਚ ਘਿਰੀ ਕੋਈ ਮੱਝ ਨਵੇ ਂ ਦੁੱਧ ਹੋਣ ਲਗਦੀ ਤਾਂ ਇਹ ਖੇਡ ਦੇਖਣ ਵਾਲ਼ੇ ਕੰਧਾਂ ਤੇ ਬੈਠੇ ਮੁੰਡੇ ਹੋ-ਹੋ ਕਰ ਕੇ ਸ਼ੋਰ ਪਾਉਣ ਲੱਗਦੇ। ਜਿਸ ਨਾਲ਼ ਝੋਟਾ ਡਰ ਜਾਂਦਾ। ਮੱਝ ਦਾ ਮਾਲਕ ਤੇ ਕਰਨੈਲ ਮੁੰਡਿਆਂ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੇ। ਕਈ ਤਾਂ ਹੈਡਮਾਸਟਰ ਕੋਲ਼ ਸ਼ਿਕਾਇਤ ਵੀ ਲੈ ਕੇ ਆਉਂਦੇ। ਇਕ ਦਿਨ ਦੇਵ ਨੇ ਖੇਮ ਸਿੰਘ ਨੂੰ ਕਿਹਾ, ‘ਸਰ, ਉਨ੍ਹਾਂ ਮੁੰਡਿਆਂ ਨੂੰ ਉੱਥੇ ਕੰਧ ਉੱਤੇ ਬੈਠਣੋ ਰੋਕ ਦਿਆਂ?’

‘ਕੁਝ ਨ੍ਹੀ ਹੁੰਦਾ। ਪਿੰਡਾਂ ਦੇ ਮੁੰਡੇ ਨੇ। ਹੋਰ ਕਿਹੜਾ ਇਹਨਾਂ ਨੇ ਪਿਕਚਰਾਂ ਦੇਖਣ ਜਾਣਾ ਏਂ। ਇਹੀ ਸ਼ੁਗਲ ਆ।’ ਉਹ ਬੋਲਿਆ।

ਦੇਵ ਨੂੰ ਯਾਦ ਆਉਂਦਾ ਕਿ ਪਿੰਡ ਰਹਿੰਦਿਆਂ ਜਦੋਂ ਮਾਲ ਵਿਚ ਗਈ ਉਨ੍ਹਾਂ ਦੀ ਕੋਈ ਗਾਂ ਬੋਲ ਪੈਂਦੀ ਤਾਂ ਸ਼ਾਮ ਨੂੰ ਸਾਨ੍ਹ ਵੀ ਉਹਦੇ ਮਗਰ ਮਗਰ ਉਨ੍ਹਾਂ ਦੀ ਖੁਰਲ਼ੀ ਤੇ ਆ ਖੜ੍ਹਦਾ। ਇਕ ਵਾਰੀ ਸਾਨ੍ਹ ਉਨ੍ਹਾਂ ਦੀ ਗਾਂ ਦੇ ਮਗਰ ਆ ਗਿਆ ਤਾਂ ਉਸਦਾ ਮਾਮਾ ਘਨ੍ਹੱਈਆ ਉਸ ਨੂੰ ਕਹਿਣ ਲੱਗਾ, ‘ਮੈਂ ਕੁਝ ਜ਼ਰੂਰੀ ਕੱਪੜੇ ਦੇਣੇ ਨੇ। ਤੂੰ ਐਥੇ ਗਾਂ ਕੋਲ਼ ਹੀ ਬਹਿ ਜਾ। ਧਿਆਨ ਰੱਖੀਂ ਜਦੋਂ ਨਵੇਂ ਦੁੱਧ ਹੋਈ।’

ਦੇਵ ਬੈਠਾ ਰਿਹਾ ਤੇ ਦੇਖਦਾ ਰਿਹਾ। ਸਾਨ੍ਹ ਕਦੀ ਗਾਂ ਦੀ ਪਿੱਠ ਨੂੰ ਚੱਟਣ ਲੱਗ ਪੈਂਦਾ, ਕਦੀ ਗਰਦਨ ਨੂੰ। ਫਿਰ ਉਹ ਆਪਣੀ ਖੇਡ ਮੁਕਾ ਕੇ ਮੂੰਹ ਫੇਰ ਕੇ ਚਲਦਾ ਬਣਿਆ। ਦੇ ਵ ਘਰ ਚਲਾ ਗਿਆ। ਘਨ੍ਹੱਈਆ ਲਲਤਾ ਦੇ ਸਾਮ੍ਹਣੇ ਹੀ ਪੁੱਛਣ ਲੱਗਾ, ‘ਕਿਉਂ ਬਈ ਜੁਆਨਾ ਹੋ ਗਈ ਆਪਣੀ ਗਾਂ ਹਰੀ?’

‘ਦੇਵ ਨੂੰ ਬੜੀ ਸੰਗ ਆਈ। ਉਹ ਧਰਤੀ ਵੱਲ ਦੇਖਦਾ ਥੁੱਕ ਨਿਘਾਰਨ ਲੱਗ ਪਿਆ।

ਉਹ ਫਿਰ ਬੋਲਿਅ, 'ਸੰਗਣ ਦੀ ਕਿਹੜੀ ਗੱਲ ਆ ਇਹਦੇ' ਚ? ਚੜ੍ਹਿਆ ਸੀ ਸਾਨ੍ਹ?'

'ਆਹੋ।' ਦੇਵ ਨੇ ਮਸੀਂ ਕਿਹਾ।

'ਹੋ ਵੀ ਗਈ ਸੀ ਚੰਗੀ ਤਰ੍ਹਾਂ?'

'ਆਹੋ।' ਦੇਵ ਨੇ ਮੂੰਹ ਹੇਠ ਨੂੰ ਕਰੀ ਰੱਖਿਆ।

ਘਨ੍ਹੱਈਆ ਹੱਸਣ ਲੱਗ ਪਿਆ। ਲਲਤਾ ਬੋਲੀ, 'ਇਹ ਦੰਦ ਕਿਉਂ ਕੱਢਦੇ ਹੋ ਮ੍ਹਾ ਰਾਜ ਜੀ?'

**00**

ਦੁ;;**019**

# ਇਕ ਸੌ ਚੌਦਾਂ

ਇਕ ਦਿਨ ਅੱਧੀ ਛੁੱਟੀ ਹੋਈ ਹੀ ਸੀ ਜਦੋਂ ਖੇਮ ਸਿੰਘ ਨੇ ਦੇਵ ਅਤੇ ਤ੍ਰਿਪਤ ਸਿੰਘ ਨੂੰ ਦਫ਼ਤਰ ਬੁਲਾ ਕੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਲੁਧਿਆਣਾ ਦਾ ਜ਼ੁਬਾਨੀ ਹੁਕਮ ਆਇਆ ਹੈ ਕਿ ਆਉਂਦੇ ਸੋਮਵਾਰ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿਚ ਇਕ ਆਲ ਇੰਡੀਆ ਲੈਵਲ ਦੀ ਯੂਥ ਰੈਲੀ ਹੋ ਰਹੀ ਹੈ ਜਿਸ ਵਿਚ ਭਾਰਤ ਭਰ ਦੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀ ਹਿੱਸਾ ਲੈ ਰਹੇ ਹਨ। ਉਸ ਰੈਲੀ ਦਾ ਮੁੱਖ ਮੁੱਦਾ ਵਧ ਰਹੀ ਜਨ ਸੰਖਿਆ ਨੂੰ ਠੱਲ੍ਹ ਪਾਉਣ ਲਈ ਨੌਜਵਾਨ ਵਰਗ ਨੂੰ ਜਾਗਰੂਕ ਕਰਨਾ ਹੈ। ਦੇਸ਼ ਦੇ ਵੱਡੇ ਵੱਡੇ ਲੀਡਰਾਂ ਅਤੇ ਸਮਾਜ ਸਾਸ਼ਤਰੀਆਂ ਦੇ ਭਾਸ਼ਣ ਹੋਣਗੇ ਤੇ ਨੌਜਵਾਨਾਂ ਨੂੰ ਇਸ ਦੇਸ਼ ਵਿਆਪੀ ਮੁਹਿੰਮ ਵਿਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਆ ਜਾਵੇਗਾ। ਰੈਲੀ ਵਿਚ ਸ਼ਾਮਲ ਨੌਜਵਾਨਾਂ ਨੂੰ ਵਧੀਆ ਖਾਣੇ ਦੇ ਪੈਕਟ ਮਿਲਣਗੇ। ਫਰੀ ਵਿਚ ਦਿੱਲੀ ਜਾਣ ਵਾਲ਼ੀ ਬੱਸ ਸਵੇਰੇ ਛੇ ਵਜੇ ਸਕੂਲ ਦੇ ਬਾਹਰ ਪੁੱਜ ਜਾਵੇਗੀ। ਖੇਮ ਸਿੰਘ ਨੇ ਉਨ੍ਹਾਂ ਦੋਨਾਂ ਦੀ ਡਿਊਟੀ ਲਾਈ ਕਿ ਉਹ ਦਿੱਲੀ ਲੈ ਕੇ ਜਾਣ ਲਈ ਨੌਵੀਂ ਦਸਵੀਂ ਜਮਾਤ ਦੇ ਸੱਠ ਬੱਚੇ ਤਿਆਰ ਕਰ ਲੈਣ ਤੇ ਉਨ੍ਹਾਂ ਬੱਚਿਆਂ ਦੇ ਮਾਪਿਆਂ ਤੋਂ ਲਿਖਤੀ ਸਹਿਮਤੀ ਲੈ ਲਈ ਜਾਵੇ। ਜ਼ਿੰਮੇਵਾਰੀ ਨਾਲ਼ ਇਹ ਡਿਊਟੀ ਨੇਪਰੇ ਚਾੜ੍ਹਨ ਮਗਰੋਂ ਉਨ੍ਹਾਂ ਨੂੰ ਦੋ ਛੁੱਟੀਆਂ ਮਿਲਣੀਆਂ ਸਨ। ਉਨ੍ਹਾਂ ਦੋਨਾਂ ਨੇ ਜਾਣ ਵਾਲ਼ੇ ਬੱਚਿਆਂ ਦੀ ਲਿਸਟ ਵੀ ਬਣਾ ਲਈ ਤੇ ਸਾਂਝੇ ਖਰਚੇ ਵਜੋਂ ਦਸ ਦਸ ਰੁਪਏ ਵੀ ਇਕੱਠੇ ਕਰ ਲਏ।

ਸੋਮਵਾਰ ਵਾਲ਼ੇ ਦਿਨ ਸਵੇਰੇ ਛੇ ਵਜੇ ਤੱਕ ਸਾਰੇ ਮੁੰਡੇ ਸਕੂਲ ਪੁੱਜ ਗਏ। ਬੱਸ ਆਉਣ ਮਗਰੋਂ ਉਨ੍ਹਾਂ ਨੇ ਹਰੇਕ ਵਿਦਿਆਰਥੀ ਨੂੰ ਸੀਟ ਨੰਬਰ ਅਲਾਟ ਕਰ ਦਿੱਤਾ ਤਾਂ ਕਿ ਸਭ ਨੂੰ ਆਪਣੇ ਨਾਲ਼ ਬੈਠਣ ਵਾਲ਼ੇ ਮੁੰਡਿਆਂ ਦੀ ਜਾਣਕਾਰੀ ਹੋ ਜਾਵੇ ਤੇ ਗਿਣਤੀ ਕਰਨੀ ਅਸਾਨ ਰਹੇ। ਤ੍ਰਿਪਤ ਸਿੰਘ ਤੇ ਦੇਵ ਡਰਾਇਵਰ ਦੇ ਨਾਲ਼ ਵਾਲ਼ੀ ਸੀਟ ਤੇ ਜਾ ਬੈਠੇ। ਸਕੂਲ ਵੱਲੋਂ ਨੇੜੇ-ਤੇੜੇ ਦੇ ਸਥਾਨ ਦੇਖਣ ਲਈ ਪਹਿਲਾਂ ਵੀ ਟੂਰ ਗਏ ਹੋਣਗੇ ਪਰ ਦਿੱਲੀ ਅਜੇ ਤੱਕ ਕਿਸੇ ਨੇ ਨਹੀਂ ਸੀ ਦੇਖੀ। ਮੁੰਡਿਆਂ ਵਿਚ ਬਹੁਤ ਉਤਸ਼ਾਹ ਸੀ। ਜਦੋਂ ਬੱਸ ਚੱਲੀ ਤਾਂ ਉਹ ਜੈਕਾਰੇ ਛੱਡਣ ਲੱਗ ਪਏ। ਡਰਾਇਵਰ ਨੇ ਉਨ੍ਹਾਂ ਨੂੰ ਦੱਸਿਆ ਕਿ ਇਸ ਰੈਲੀ ਲਈ

ਸਰਕਾਰ ਵੱਲੋਂ ਉਨ੍ਹਾਂ ਨੂੰ ਕੇਵਲ ਤੇਲ ਦਾ ਖਰਚਾ ਦੇ ਕੇ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਦੀਆਂ ਸਾਰੀਆਂ ਬੱਸਾਂ ਫੜ ਲਈਆਂ ਗਈਆਂ ਸਨ। ਜਨ ਸੰਖਿਆ ਘਟਾਉਣ ਦੀ ਆੜ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਇਕ ਸਟੰਟ ਕਰ ਰਹੀ ਸੀ ਕਿ ਉਹ ਆਪਣੇ ਛੋਟੇ ਮੁੰਡੇ ਨੂੰ ਯੂਥ ਲੀਡਰ ਵਜੋਂ ਉਭਾਰਨਾ ਚਾਹੁੰਦੀ ਸੀ। ਜਿਸ ਉੱਤੇ ਇਹ ਇਲਜ਼ਾਮ ਲੱਗ ਰਹੇ ਸਨ ਕਿ ਉਹ ਗਰੀਬ ਲੋਕਾਂ ਦੀਆਂ ਬਸਤੀਆਂ ਵਿਚ, ਝੁੱਗੀਆਂ ਝੌਂਪੜੀਆਂ ਵਿਚ ਪੁਲ਼ਸ ਫੋਰਸ ਅਤੇ ਡਾਕਟਰਾਂ ਨੂੰ ਭੇਜ ਕੇ ਵਿਆਹਿਆਂ-ਅਣਵਿਆਹਿਆਂ ਸਭ ਦੀ ਜ਼ਬਰੀ ਨਸਬੰਦੀ ਕਰਵਾਉਣ ਦਾ ਪੁੰਨ ਖੱਟ ਰਿਹਾ ਸੀ। ਡਰਾਇਵਰ ਤਾਂ ਇਹ ਵੀ ਕਹਿ ਰਿਹਾ ਸੀ ਕਿ ਉਹ ਵੀ ਖ਼ਬਰਦਾਰ ਰਹਿਣ ਇਹ ਨਾ ਹੋਵੇ ਕਿ ਕਿਧਰੇ ਘੇਰ ਕੇ ਮਾਸਟਰਾਂ ਮੁੰਡਿਆਂ ਸਭ ਦੀ ਨਸਬੰਦੀ ਕਰ ਦਿੱਤੀ ਜਾਵੇ। ਜਿਹੜੇ ਸੂਬਿਆਂ ਵਿਚ ਕੇਂਦਰ ਵਾਲੀਆਂ ਹੀ ਸਰਕਾਰਾਂ ਸਨ, ਉਨ੍ਹਾਂ ਨੂੰ ਹੁਕਮ ਹੋਇਆ ਸੀ ਕਿ ਵੱਧ ਤੋਂ ਵੱਧ ਇਕੱਠ ਕਰ ਕੇ ਇਸ ਮੁਹਿੰਮ ਨੂੰ ਸਫ਼ਲ ਬਣਾਇਆ ਜਾਵੇ।

ਜਦੋਂ ਉਹ ਕਰਨਾਲ਼ ਪੁੱਜੇ, ਉੱਥੇ ਬੱਸਾਂ ਦੀ ਅਥਾਹ ਭੀੜ ਸੀ। ਪੰਜਾਬ ਵੱਲੋਂ ਆ ਰਹੀਆਂ ਸਾਰੀਆਂ ਬੱਸਾਂ ਨੂੰ ਰੋਕ ਕੇ ਖਾਣ-ਪੀਣ ਦੇ ਪੈਕਟ ਵੰਡੇ ਜਾ ਰਹੇ ਸਨ। ਕੋਕਾ ਕੋਲਾ ਵੀ ਪਿਲਾਇਆ ਜਾ ਰਿਹਾ ਸੀ। ਹਰ ਪਾਸੇ ਚਿੱਟੀਆਂ ਟੋਪੀਆਂ ਚਮਕ ਰਹੀਆਂ ਸਨ। ਯੂਥ ਲੀਡਰ ਦੀਆਂ ਆਦਮ ਕੱਦ ਫ਼ੋਟੋਆਂ ਵਾਲ਼ੇ ਥਾਂ-ਥਾਂ ਤੇ ਹੋਰਡਿੰਗਜ਼ ਲੱਗੇ ਹੋਏ ਸਨ। ਨਾਅਰਿਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ ਕਿ ਉਸ ਨੂੰ ਰਾਜਨੀਤੀ ਵਿਚ ਲਿਆਉਣ ਨਾਲ਼ ਹੀ ਦੇਸ਼ ਬਚ ਸਕਦਾ ਸੀ। ਉਸ ਦੀ ਸੋਚ ਤੇ ਠੋਕ ਕੇ ਪਹਿਰਾ ਦੇਣ ਦੇ ਵਾਅਦੇ ਕੀਤੇ ਜਾ ਰਹੇ ਸਨ। ਉਨ੍ਹਾਂ ਦਾ ਮਨ ਬੜਾ ਖ਼ਰਾਬ ਹੋਇਆ। ਉਨ੍ਹਾਂ ਦੀ ਤਾਂ ਸੋਚ ਹੀ ਖੱਬੇ ਪੱਖੀ ਸੀ। ਦੋਨੋਂ ਜਣੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਵਫ਼ਾਦਾਰ ਸਿਪਾਹੀ ਸਨ ਤੇ ਇਸ ਲੋਟੂ ਢਾਣੀ ਦੇ ਵਿਰੋਧੀ ਸਨ। ਉਨ੍ਹਾਂ ਨੂੰ ਵੀ ਧੋਖੇ ਨਾਲ਼ ਇਸ ਰੈਲੀ ਵਿਚ ਸ਼ਾਮਲ ਹੋਣ ਲਈ ਫਸਾ ਲਿਆ ਗਿਆ ਸੀ। ਕਿਸੇ ਨੂੰ ਵੀ ਸਰਕਾਰ ਦੀ ਇਸ ਸ਼ਰਾਰਤ ਦੀ ਭਿਣਕ ਨਹੀਂ ਸੀ ਪਈ।

ਦਿੱਲੀ ਵੜਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਇਕ ਸਕੀਮ ਬਣਾਈ, ਜਿਸ ਨਾਲ਼ ਡਰਾਇਵਰ ਇਕ ਦਮ ਸਹਿਮਤ ਹੋ ਗਿਆ। ਬੱਚਿਆਂ ਨੂੰ ਵੀ ਉਨ੍ਹਾਂ ਨੇ ਸਰਕਾਰ ਦੀ ਇਸ ਚਾਲ ਬਾਰੇ ਦੱਸਿਆ। ਉੱਥੇ ਕਿਹੜਾ ਕੋਈ ਹਾਜ਼ਰੀ ਲੱਗਣੀ ਸੀ। ਕਿਉਂ ਨਾ ਉਹ ਰੈਲੀ ਦੀ ਥਾਂ ਤੇ ਜਾਣ ਨਾਲ਼ੋਂ ਦਿੱਲੀ ਦੀ ਸੈਰ ਕਰਨ। ਸਾਰੇ ਮੁੰਡਿਆਂ ਨੇ ਇਸ ਤਜਵੀਜ਼ ਦੇ ਹੱਕ ਵਿਚ ਹੱਥ ਖੜ੍ਹੇ ਕਰ ਕੇ ਸਹਿਮਤੀ ਦੇ ਦਿੱਤੀ। ਕੇਵਲ ਦੋ ਸੌ ਰੁਪਏ ਵਿਚ ਡਰਾਇਵਰ ਉਨ੍ਹਾਂ ਨੂੰ ਲਾਲ ਕਿਲ੍ਹਾ, ਜੰਤਰ ਮੰਤਰ, ਚਿੜੀਆ ਘਰ, ਕੁਤਬ ਮੀਨਾਰ ਬਗੈਰਾ ਘੁਮਾ ਕੇ ਦਿਖਾਉਣ ਲਈ ਮੰਨ ਗਿਆ। ਰੈਲੀ ਨੂੰ ਗੋਲ਼ੀ ਮਾਰ ਉਨ੍ਹਾਂ ਨੇ ਦਿੱਲੀ ਸ਼ਹਿਰ ਦਾ ਟੂਰ ਸ਼ੁਰੂ ਕਰ ਦਿੱਤਾ। ਇਕ ਥਾਂ ਰੁਕ ਕੇ ਸਾਰਿਆਂ ਨੂੰ ਕੇਲੇ ਵੀ ਖੁਆ ਦਿੱਤੇ ਤੇ ਚਾਹ ਵੀ ਪਿਲਾ ਦਿੱਤੀ। ਖਾਣੇ ਦੇ ਪੈਕਟ ਪਹਿਲਾਂ ਹੀ ਬੱਸ ਵਿਚ ਵਾਧੂ ਪਏ ਸਨ। ਲਾਲ ਕਿਲਾ ਉਨ੍ਹਾਂ ਨੇ ਸਭ ਤੋਂ ਮਗਰੋਂ ਦੇਖਿਆ। ਲਾਲ ਕਿਲੇ ਦੇ ਅੰਦਰ ਇਕ ਖੁੱਲ੍ਹੀ ਥਾਂ ਵਿਚ ਕੁਝ ਬੰਦੇ ਗੋਲ ਦਾਇਰਾ ਬਣਾਈ ਖੜ੍ਹੇ ਸਨ। ਇਹ ਤਾਂ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਠੱਗਾਂ ਦਾ ਗਰੁੱਪ ਸੀ। ਉਹ ਨੇੜਿਓਂ ਲੰਘਣ ਲੱਗੇ ਤਾਂ ਇਕ ਜਣੇ ਨੇ ਆਪਣੇ ਹੱਥ ਵਿਚ ਕੈਮਰਾ ਚੁੱਕਿਆ ਹੋਇਆ

ਸੀ ਤੇ ਬੋਲ ਰਿਹਾ ਸੀ ਦਸ ਰੁਪਏ ਇਕ, ਦਸ ਰੁਪਏ ਦੋ... ਆਹ ਦਸ ਰੁਪਏ ਤਿੰਨ। ਉਸ ਨੇ ਕੈਮਰੇ ਦੀ ਬੋਲੀ ਦਸ ਰੁਪਏ ਵਿਚ ਤੋੜ ਦਿੱਤੀ। ਉਹ ਵੀ ਮੁੰਡਿਆਂ ਨੂੰ ਲੈ ਕੇ ਉਨ੍ਹਾਂ ਵਿਚ ਜਾ ਖੜ੍ਹੇ। ਦੇਵ ਨੇ ਦੇਖਿਆ ਕਿ ਉਸ ਦੇ ਨਾਲ਼ ਦਾ ਕੈਮਰਾ ਤਾਂ ਉਸ ਨੇ ਮਿਲਟਰੀ ਕੰਟੀਨ ਤੋਂ ਬੇਅੰਤ ਨਾਲ਼ ਜਾ ਕੇ ਪੰਤਾਲੀ ਰੁਪਏ ਦਾ ਖ਼੍ਰੀਦਿਆ ਸੀ। ਦਸ ਰੁਪਏ ਵਿਚ ਕੈਮਰਾ? ਇਹ ਤਾਂ ਹੱਦ ਹੀ ਹੋ ਗਈ ਸੀ। ਉਹੀ ਬੋਲੀ ਦੇਣ ਵਾਲਾ ਬੰਦਾ ਕਹਿਣ ਲੱਗਾ, 'ਭਰਾਵੋ ਇਹ ਦਿੱਲੀ ਹੈ ਠੱਗਾਂ ਦੀ ਦਿੱਲੀ... ਆਹ ਸਾਰਾ ਸਮਾਨ ਜੋ ਪਿਆ ਹੈ ਅਸੀਂ ਚੋਰਾਂ ਤੋਂ ਖਰੀਦਦੇ ਹਾਂ। ਇਸ ਤੋਂ ਪਹਿਲਾਂ ਕਿ ਪੁਲ਼ਸ ਆਵੇ, ਕੌਡੀਆਂ ਦੇ ਭਾਅ ਵੇਚ ਦਿੰਦੇ ਹਾਂ। ਉਨ੍ਹਾਂ ਨੇ ਦੇ ਖਿਆ ਕਿ ਗੋਲ਼ ਦਾਇਰੇ ਵਿਚ ਅਟੈਚੀ ਕੇਸ, ਲੇਡੀਜ਼ ਸੂਟ, ਪੈਂਟਾਂ, ਸ਼ਰਟਾਂ, ਬੂਟ, ਸਾੜ੍ਹੀਆਂ, ਘੜੀਆਂ, ਕਲਾਕ, ਛਤਰੀਆਂ ਤੇ ਹੋਰ ਕਿੰਨਾ ਹੀ ਕੁਝ ਪਿਆ ਸੀ। ਉਹ ਬੰਦਾ ਦੇਖਣ ਵਾਲਿਆਂ ਨੂੰ ਬੋਲੀ ਦੇਣ ਲਈ ਉਕਸਾ ਰਿਹਾ ਸੀ। ਬੋਲੀ ਇਕ ਦੋ ਰੁਪਏ ਤੋਂ ਸ਼ੁਰੂ ਹੋ ਕੇ ਕਿਸੇ ਥਾਂ ਤੇ ਜਾ ਰੁਕਦੀ ਤਾਂ ਉਹ ਇਕ, ਦੋ, ਤਿੰਨ ਕਹਿ ਕੇ ਉਸ ਬੰਦੇ ਤੋਂ ਪੈਸੇ ਫੜਦਾ ਤੇ ਬੋਲੀ ਵਾਲ਼ੀ ਚੀਜ਼ ਫੜਾ ਦਿੰਦਾ। ਉਸ ਬੋਲੀ ਵਿਚ ਬੋਲੀ ਦੇਣ ਵਾਲ਼ੇ ਜਿੰਨੇ ਜਣੇ ਸ਼ਾਮਲ ਹੁੰਦੇ, ਉਨ੍ਹਾਂ ਨੂੰ ਵੀ ਪੈਨ, ਕੈਂਚੀ, ਜ਼ੁਰਾਬਾਂ, ਹੈਂਗਰ ਤੇ ਪਲਾਸ ਬਗੈਰਾ ਫਰੀ' ਚ ਵੰਡਦਾ ਜਾਂਦਾ। ਉਨ੍ਹਾਂ ਸਮੇਤ ਸਾਰੇ ਹੀ ਮੁੰਡੇ ਬੋਲੀ ਦੇਣ ਲੱਗੇ ਤੇ ਭਾਂਤ ਭਾਂਤ ਦੀਆਂ ਚੀਜ਼ਾਂ ਇਕੱਠੀਆਂ ਕਰਨ ਲੱਗੇ। ਉਸ ਮਗਰੋਂ ਬੱਸ ਵਿਚ ਆ ਬੈਠੇ। ਉਹ ਸਾਰਾ ਸਮਾਨ ਬਹੁਤ ਘਟੀਆ ਸੀ। ਇਕ ਮੁੰਡੇ ਨੇ ਬੋਲੀ ਦੇ ਕੇ ਲਈ ਛਤਰੀ ਖੋਲ੍ਹੀ, ਉਹ ਖੁੱਲਣ ਸਾਰ ਟੁੱਟ ਗਈ। ਕਿਸੇ ਨੇ ਬੂਟ ਪੈਰਾਂ' ਚ ਪਾਏ ਤਾਂ ਤਲ਼ਾ ਲਹਿ ਗਿਆ। ਦੇਵ ਨੇ ਵੀ ਪੰਦਰਾਂ ਰੁਪਏ ਦੀ ਬੋਲੀ ਦੇ ਕੇ ਇਕ ਪੈਂਟ ਕਮੀਜ਼ ਦਾ ਕੱਪੜਾ ਖਰੀਦ ਲਿਆ ਸੀ। ਇਹ ਬਾਅਦ ਦੀ ਗੱਲ ਹੈ ਕਿ ਉਸੇ ਦੀ ਪੈਂਟ ਕਮੀਜ਼ ਸਿਲਵਾ ਕੇ ਜਦੋਂ ਪਹਿਨ ਕੇ ਕਿਧਰੇ ਬਾਹਰ ਗਿਆ ਸੀ ਤਾਂ ਮੀਂਹ ਪੈਣ ਕਰਕੇ ਕਮੀਜ਼ ਅਤੇ ਪੈਂਟ' ਚੋਂ ਨਿਕਲੇ ਰੰਗ ਨੇ ਉਸ ਦੇ ਹੱਥ, ਪੈਰ ਰੰਗ ਦਿੱਤੇ ਸਨ। ਉਸ ਦਾ ਹਉਕਾ ਨਿਕਲ਼ਿਆ ਸੀ, 'ਬੱਲੇ ਉਇ ਦਿੱਲੀ ਦੇ ਠੱਗੋ।'

ਤੇ ਹੁਣ ਜਿਸ ਰੈਲੀ ਵਿਚ ਭਾਗ ਲੈਣ ਲਈ ਉਨ੍ਹਾਂ ਨੂੰ ਘੱਲਿਆ ਗਿਆ ਸੀ, ਉਸ ਰੈਲੀ ਦਾ ਆਯੋਜਨ ਕਰਨ ਵਾਲ਼ੇ ਦਿੱਲੀ ਦੇ ਸਭ ਤੋਂ ਵੱਡੇ ਠੱਗ ਸਨ- ਰਾਜਨੀਤਿਕ ਠੱਗ। ਸ਼ਾਮ ਦੇ ਅੱਠ ਵੱਜੇ ਸਨ। ਡਰਾਇਵਰ ਨੇ ਬੱਸ ਨਵੀਂ ਦਿੱਲੀ ਦੇ ਬੱਸ ਅੱਡੇ ਵਿਚ ਲਾ ਦਿੱਤੀ ਤੇ ਬੋਲਿਆ, 'ਲਓ ਬਈ ਮੁੰਡਿਓ ਬੱਸ ਅੱਡਾ ਦੇਖੋ ਘੁੰਮ ਫਿਰ ਕੇ। ਜੀਹਨੇ ਰੋਟੀ ਖਾਣੀ ਏ ', ਅਹੁ ਬਾਹਰ ਢਾਬਾ ਹੈ, ਖਾ ਆਓ। ਇੱਥੋਂ ਆਪਾਂ ਗਿਆਰਾਂ ਬਾਰਾਂ ਵਜੇ ਰਾਤ ਨੂੰ ਚੱਲਾਂਗੇ ।'

'ਕੀ ਮਤਲਬ ਗਿਆਰਾਂ-ਬਾਰਾਂ ਵਜੇ ਦਾ? ਹੁਣੇ ਚੱਲੋ।' ਤ੍ਰਿਪਤ ਸਿੰਘ ਬੋਲਿਆ।

'ਹੁਣੇ ਚੱਲਾਂਗੇ ਤਾਂ ਅੱਧੀ ਰਾਤ ਸਕੂਲ ਪਹੁੰਚ ਕੇ ਕੀ ਕਰੋਗੇ? ਮੈਂ ਖਾਣਾ ਖਾਣ ਚੱਲਿਆਂ ਹਾਂ। ਜੀਹਨੇ ਬੈਠਣਾ ਏਂ ਬੱਸ' ਚ ਬੈਠੋ, ਜੀਹਨੇ ਘੁੰਮਣਾ ਹੈ, ਘੁੰਮੋ ਫਿਰੋ।'

ਡਰਾਇਵਰ ਦੀ ਗੱਲ ਠੀਕ ਸੀ। ਜੇ ਉਹ ਅੱਧੀ ਰਾਤ ਚੱਲਣਗੇ ਤਾਂ ਸਵੇਰੇ ਸਵੇਰੇ ਸਕੂਲ ਪੁੱਜ ਜਾਣਗੇ। ਦੇਵ ਤੇ ਤ੍ਰਿਪਤ ਬੱਸ ਦੇ ਲਾਗੇ ਬਣੇ ਪੱਥਰ ਦੇ ਬੈਂਚ ਤੇ ਬੈਠ ਗਏ । ਕੰਡਕਟਰ ਦੋ ਸੀਟਾਂ ਜੋੜ ਕੇ ਬੱਸ ਦੇ ਅੰਦਰ ਹੀ ਸੌਂ ਗਿਆ। ਮੁੰਡੇ ਟੋਲੀਆਂ ਬਣਾ ਕੇ

ਬੱਸ ਅੱਡੇ ਤੋਂ ਬਾਹਰ ਨਿਕਲ਼ ਗਏ। ਬੱਸ ਅੱਡੇ ਦੇ ਸਾਮ੍ਹਣੇ ਵੱਡੀਆਂ ਵੱਡੀਆਂ ਦੁਕਾਨਾਂ ਸਨ। ਦੇਸੀ ਢਾਬੇ ਵੀ ਸਨ। ਰੰਗ-ਬਿਰੰਗੇ ਲੋਕ ਵੀ ਘੁੰਮ ਰਹੇ ਸਨ। ਘੁੰਮ-ਫਿਰ ਕੇ ਮੁੰਡੇ ਗਿਆਰਾਂ ਵਜੇ ਵਾਪਸ ਬੱਸ ਕੋਲ਼ ਪੁੱਜ ਗਏ ਤੇ ਡਰਾਇਵਰ ਦੀ ਉਡੀਕ ਕਰਨ ਲੱਗੇ। ਉਡੀਕ ਉਡੀਕ ਜਦੋਂ ਬਾਰਾਂ ਵੱਜ ਗਏ ਤਾਂ ਦਸਵੀਂ ਜਮਾਤ ਦੇ ਦੋ ਮੁੰਡੇ ਸ਼ੰਗਾਰਾ ਤੇ ਜੀਤਾ ਕਹਿਣ ਲੱਗੇ, 'ਜੀ ਅਸੀਂ ਉਸ ਨੂੰ ਠੇਕੇ ਤੋਂ ਬੋਤਲ ਲੈਂਦੇ ਦੇਖਿਆ ਸੀ। ਅਸੀਂ ਦੇਖ ਕੇ ਆਉਂਦੇ ਹਾਂ।'

ਉਨ੍ਹਾਂ ਦੀ ਸਹਿਮਤੀ ਲੈ ਕੇ ਦੋਨੋਂ ਮੁੰਡੇ ਚਲੇ ਗਏ। ਉਹ ਐਸੇ ਗਏ ਕਿ ਮੁੜੇ ਹੀ ਨਾ। ਡਰਾਇਵਰ ਵੀ ਨਾ ਆਇਆ। ਬਾਕੀਆਂ ਨੂੰ ਉੱਥੇ ਬਿਠਾ ਦੇਵ ਤੇ ਤ੍ਰਿਪਤ ਮੁੰਡਿਆਂ ਨੂੰ ਲੱਭਣ ਚਲੇ ਗਏ। ਠੇਕੇ ਦੇ ਪਿਛਲੇ ਪਾਸੇ ਪੰਜ ਰੁਪਏ ਕਿਰਾਏ ਵਾਲ਼ਾ ਇਕ ਰੈਣ-ਕਟਾਊ ਬਸੇਰਾ ਬਣਿਆ ਹੋਇਆ ਸੀ, ਜਿੱਥੇ ਕਾਫ਼ੀ ਸਾਰੇ ਮੰਜੇ ਡਹੇ ਹੋਏ ਸਨ। ਇਕ ਮੰਜੇ ਉੱਤੇ ਉਨ੍ਹਾਂ ਦਾ ਡਰਾਇਵਰ ਪਿਆ ਘੁਰਾੜੇ ਮਾਰ ਰਿਹਾ ਸੀ। ਉਨ੍ਹਾਂ ਨੇ ਉਸ ਨੂੰ ਉਠਾਇਆ ਤੇ ਔਖੇ ਭਾਰੇ ਵੀ ਹੋਏ। ਬੱਸ ਕੋਲ਼ ਪੁੱਜੇ ਤਾਂ ਸ਼ੰਗਾਰਾ ਤੇ ਜੀਤਾ ਅਜੇ ਵੀ ਨਹੀਂ ਸਨ ਮੁੜੇ।

ਡਰਾਇਵਰ ਦੀਆਂ ਅੱਖਾਂ ਚੜ੍ਹੀਆਂ ਦੇਖ ਤ੍ਰਿਪਤ ਬੋਲਿਆ, 'ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਤੇਰੇ ਨਾਲ਼ ਸਕੂਲੀ ਬੱਚੇ ਨੇ। ਤੂੰ ਸ਼ਰਾਬ ਪੀਈ ਫਿਰਦਾ ਏਂ।'

'ਸ਼ਰਾਬ ਤਾਂ ਮੈਂ ਨਿੱਤ ਪੀਂਦਾ ਏਂ ਮਾਸਟਰ। ਆਪਣੀ ਸੜਕ ਤੇ ਨਿਗਾ ਹੀ ਤਾਂ ਟਿਕਦੀ ਏ। ਤੁਸੀਂ ਬੈਠੋ ਬੱਸ ਵਿਚ ਚੱਲੀਏ।'

'ਪਰ ਸਾਡੇ ਦੋ ਮੁੰਡੇ ਤੈਨੂੰ ਲੱਭਣ ਗਏ ਮੁੜੇ ਨਹੀਂ।'

'ਪੰਜਾਬ ਨੂੰ ਤਾਂ ਅੱਜ ਸਭ ਬੱਸਾਂ ਫਰੀ ਜਾਂਦੀਆਂ ਨੇ। ਕਿਸੇ ਬੱਸ ਵਿਚ ਬੈਠ ਗਏ ਹੋਣਗੇ।'

'ਨਹੀਂ, ਉਹ ਸ਼ਾਇਦ ਰਸਤਾ ਭੁੱਲ ਗਏ। ਬੱਸ ਅੱਡਾ ਪੁੱਛ ਕੇ ਮੁੜ ਆਉਣਗੇ। ਜਿੰਨੀ ਦੇਰ ਮੁੰਡੇ ਨਹੀਂ ਆਉਂਦੇ ਅਸੀਂ ਨਹੀਂ ਜਾਵਾਂਗੇ।' ਦੇਵ ਨੇ ਕਿਹਾ।

'ਪਰ ਮੈਂ ਤਾਂ ਜਾ ਰਿਹਾ ਏਂ। ਸਵੇਰੇ ਟਾਇਮ ਚੱਕਣਾ ਏਂ। ਬੈਠਣਾ ਏਂ ਬੈਠੋ। ਨਹੀਂ ਬੈਠਣਾ ਤੁਹਾਡੀ ਮਰਜ਼ੀ।' ਉਹ ਤਾਕੀ ਖੋਲ੍ਹ ਕੇ ਆਪਣੀ ਸੀਟ ਤੇ ਜਾ ਬੈਠਾ ਤੇ ਬੱਸ ਸਟਾਰਟ ਕਰ ਲਈ। ਸਾਰੇ ਮੁੰਡੇ ਦਬਾ-ਦਬ ਚੜ੍ਹ ਗਏ।

'ਭਾਈ ਸਾਹਬ, ਸਾਡੀ ਵੀ ਕੋਈ ਜ਼ਿੰਮੇਵਾਰੀ ਏ।' ਦੇਵ ਨੇ ਖਿੜਕੀ ਕੋਲ਼ ਜਾ ਕੇ ਕਿਹਾ।

'ਪਰ ਮੇਰੀ ਕੋਈ ਜ਼ਿੰਮੇਵਾਰੀ ਨਹੀਂ। ਮੈਂ ਚੱਲਿਆ।'

'ਅਸੀਂ ਤੇਰੀ ਸ਼ਿਕਾਇਤ ਕਰਾਂਗੇ ਕਿ ਤੂੰ ਸ਼ਰਾਬ ਪੀ ਕੇ ਗੱਡੀ ਭਜਾ ਲਿਆਇਆ।' ਤ੍ਰਿਪਤ ਸਿੰਘ ਨੇ ਕਿਹਾ।

'ਸ਼ਿਕਾਇਤ ਤਾਂ ਮੈਂ ਤੁਹਾਡੀ ਕਰਾਂਗਾ ਕਿ ਤੁਸੀਂ ਰੈਲੀ ਵਿਚ ਸ਼ਾਮਲ ਨਾ ਹੋ ਕੇ ਮੁੰਡਿਆਂ ਨੂੰ ਦਿੱਲੀ ਘੁੰਮਾਉਂਦੇ ਰਹੇ। ਐਸੇ ਸਸਪੈਂਡ ਹੋਵੋਗੇ ਕਿ ਮੁੜ ਕੇ ਬਹਾਲ ਨਹੀਂ ਹੋਣ ਲੱਗੇ।'

ਡਰਾਇਵਰ ਦੀ ਗੱਲ ਸੁਣ ਕੇ ਉਹ ਦੋਨੋਂ ਘਬਰਾ ਗਏ। ਨੌਕਰੀ ਦੇ ਆਸਰੇ ਹੀ ਤਾਂ ਦੋਨਾਂ ਦੀ ਰੋਟੀ ਚਲਦੀ ਸੀ। ਜੇ ਨੌਕਰੀ ਹੀ ਚਲੀ ਗਈ, ਫਿਰ ਕਿੱਥੋਂ ਖਾਣਗੇ। ਉੱਖਲੀ

ਵਿਚ ਸਿਰ ਆ ਗਿਆ ਸੀ। ਉਨ੍ਹਾਂ ਨੇ ਸੋਚਿਆ, ਹੁਣ ਮੋਹਲਿਆਂ ਤੋਂ ਕੀ ਡਰਨਾ। ਉਹ ਦੋਨੋਂ ਵੀ ਬੱਸ ਵਿਚ ਚੜ੍ਹ ਗਏ ਤੇ ਸ਼ਰਾਬੀ ਡਰਾਇਵਰ ਨੇ ਕੀਲੀ ਨੱਪ ਦਿੱਤੀ। ਬੱਸ ਫੁੱਲ ਸਪੀਡ ਵਿਚ ਦੌੜ ਲਈ। ਅੱਗੇ ਜਾਂਦੀਆਂ ਗੱਡੀਆਂ ਨੂੰ ਉਨ੍ਹਾਂ ਦਾ ਡਰਾਇਵਰ ਖੱਬਿਓਂ ਵੀ ਤੇ ਸੱਜਿਓਂ ਵੀ ਪਾਰ ਕਰਦਾ ਗਿਆ। ਸਭ ਉਸ ਨੂੰ ਕਹਿੰਦੇ ਰਹੇ ਕਿ ਹੌਲ਼ੀ ਚਲਾਵੇ, ਪਰ ਉਹ ਤਾਂ ਜਿਵੇਂ ਕੰਨਾਂ ਤੋਂ ਬੋਲ਼ਾ ਹੀ ਹੋ ਗਿਆ ਸੀ।

ਨੀਲੋਂ ਦੇ ਪੁਲ ਤੇ ਪੁੱਜ ਉਹ ਬੋਲਿਆ, 'ਉੱਤਰੋ ਬਈ ਸਾਰੇ।'

'ਐਥੇ ਕਿਉਂ ਉਤਾਰ ਰਿਹਾ ਏਂ? ਸਕੂਲ ਛੱਡ ਕੇ ਆ।'

'ਮੈਂ ਲੁਧਿਆਣੇ ਜਾ ਕੇ ਟਾਇਮ ਚੁੱਕਣਾ ਏਂ। ਦੋ ਕਿਲੋਮੀਟਰ ਹੈ ਸਾਰਾ। ਤੁਰ ਕੇ ਵਗ ਜੋ। ਸਕੂਲ ਵਿਚ ਠੀਕ-ਠਾਕ ਪੁਜਾ ਦੇਣ ਦੀ ਰਸੀਦ ਉਸ ਨੇ ਰਸਤੇ ਵਿਚ ਹੀ ਉਨ੍ਹਾਂ ਤੋਂ ਲਿਖਵਾ ਲਈ ਸੀ। ਉਨ੍ਹਾਂ ਨੂੰ ਆਪਣੀ ਮੂਰਖਮੱਤੀ ਤੇ ਬਹੁਤ ਅਫ਼ਸੋਸ ਹੋਇਆ। ਉਹ ਸਾਰੇ ਬੱਸ ਤੋਂ ਉਤਰ ਗਏ।

ਸਕੂਲ ਪਹੁੰਚਦੇ ਸਾਰ ਹੀ ਸ਼ਿੰਗਾਰੇ ਅਤੇ ਜੀਤੇ ਦੇ ਦਿੱਲੀ ਸ਼ਹਿਰ ਵਿਚ ਗੁੰਮ ਹੋ ਜਾਣ ਬਾਰੇ ਰੌਲਾ ਪੈ ਗਿਆ। ਉਨ੍ਹਾਂ ਨੇ ਹੈੱਡਮਾਸਟਰ ਖੇਮ ਸਿੰਘ ਨੂੰ ਸਾਰੀ ਗੱਲ ਦੱਸੀ ਤਾਂ ਉਹ ਬੋਲਿਆ, 'ਕੋਈ ਨਾ ਤੁਸੀਂ ਘਬਰਾਓ ਨਾ। ਪਾਣੀ ਪੀਓ। ਆ ਜਾਣਗੇ ਮੁੰਡੇ। ਉਹ ਕੋਈ ਦੁੱਧ ਚੁੰਘਦੇ ਬੱਚੇ ਨਹੀਂ।'

ਗੱਲ ਉਦੋਂ ਵਿਗੜੀ ਜਦੋਂ ਬੱਚਿਆਂ ਦੇ ਰੋਂਦੇ ਚੀਕਦੇ ਮਾਪੇ ਸਕੂਲ ਪਹੁੰਚ ਗਏ ਤੇ ਉਨ੍ਹਾਂ ਨੂੰ ਗਾਹਲਾਂ ਕੱਢਣ ਲੱਗ ਪਏ। ਭੀੜ ਵਿੱਚੋਂ ਹੀ ਕਿਸੇ ਨੇ ਛੁਰਲੀ ਛੱਡ ਦਿੱਤੀ ਕਿ ਉਸ ਨੇ ਸੁਣਿਆਂ ਹੈ ਕਿ ਦਿੱਲੀ ਵਿਚ ਰੋਜ਼ ਮੁੰਡਿਆਂ ਨੂੰ ਫੜ ਕੇ ਨਸਬੰਦੀ ਕਰ ਦਿੱਤੀ ਜਾਂਦੀ ਹੈ। ਪਿੰਡ ਵਾਲ਼ਿਆਂ ਨੂੰ ਖਦਸ਼ਾ ਹੋਇਆ ਕਿ ਮੁੰਡਿਆਂ ਨਾਲ਼ ਵੀ ਇਹੋ ਕੁਝ ਹੋਇਆ ਹੋਵੇਗਾ। ਪਹਿਲਾਂ ਤਾਂ ਗਾਲੀ-ਗਲੋਚ ਹੀ ਹੁੰਦਾ ਰਿਹਾ ਫਿਰ ਕਿਸੇ ਨੇ ਭੀੜ' ਚੋਂ ਉਨ੍ਹਾਂ ਵੱਲ ਇਟ ਰੋੜਾ ਸੁੱਟਿਆ, ਜੋ ਦੇਵ ਦੇ ਬੁੱਲ੍ਹਾਂ ਤੇ ਆ ਵੱਜਾ ਤੇ ਖ਼ੂਨ ਵਹਿਣਾ ਸ਼ੁਰੂ ਹੋ ਗਿਆ। ਖੇਮ ਸਿੰਘ ਦਫ਼ਤਰ' ਚ ਵੜਿਆ ਤੇ ਹਾਕੀ ਚੁੱਕ ਲਿਆਇਆ। ਜੋ ਵੀ ਅੱਗੇ ਆਵੇ ਉਹ ਠੋਕਦਾ ਜਾਵੇ । ਪੰਜਾਹ ਬੰਦੇ ਉਸ ਨੇ ਆਪਣੇ ਮੂਹਰੇ ਲਾ ਲਏ।

ਸਭ ਲਈ ਇਹ ਹੈਰਾਨੀ ਦੀ ਗੱਲ ਸੀ ਕਿ ਮੋਟਰਸਾਈਕਲ ਉੱਤੇ ਦੋ ਸਿਪਾਹੀ ਤੇ ਇਕ ਹੌਲਦਾਰ ਉੱਥੇ ਪੁੱਜ ਗਏ। ਉਨ੍ਹਾਂ ਨੇ ਹੀ ਆ ਕੇ ਸਭ ਕੰਟਰੋਲ ਕੀਤਾ ਤੇ ਖੇਮ ਸਿੰਘ ਨੂੰ ਇਕ ਪਾਸੇ ਲੈ ਜਾ ਕੇ ਸਾਰੀ ਗੱਲ ਦੱਸੀ। ਦਿੱਲੀ ਬੱਸ ਅੱਡੇ ਦੇ ਲਾਗੇ ਹੀ ਕਿਸੇ ਢਾਬੇ ਤੇ ਵਿਚ ਛਾਪਾ ਪੈਣ ਕਰਕੇ ਦੋਨੋਂ ਮੁੰਡੇ ਕਿਸੇ ਔਰਤ ਨਾਲ਼ ਰੰਗੇ ਹੱਥੀਂ ਫੜੇ ਗਏ ਸਨ।

**00**

# ਇਕ ਸੌ ਪੰਦਰਾਂ

ਬੱਚਿਆਂ ਦੀਆਂ ਕਲਾਸਾਂ ਬਦਲਦੀਆਂ ਗਈਆਂ। ਦਸਵੀਂ ਵਿੱਚੋਂ ਪਾਸ ਹੋ ਹੋ ਕੇ ਮੁੰਡੇ ਕੁੜੀਆਂ ਹਰ ਸਾਲ ਜ਼ਿੰਦਗੀ ਦੇ ਹੋਰ ਖੇਤਰ ਵਿਚ ਪਰਵੇਸ਼ ਕਰਦੇ ਰਹੇ। ਨਿੱਕੀਆਂ ਮੋਟੀਆਂ ਘਟਨਾਵਾਂ ਵੀ ਵਾਪਰਦੀਆਂ ਰਹੀਆਂ। ਦੇਵ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਇਸ ਸਕੂਲ

ਵਿਚ ਪੜ੍ਹਾਉਂਦੇ ਨੂੰ ਤਿੰਨ ਸਾਲ ਬੀਤ ਗਏ। ਇਸੇ ਦੌਰਾਨ ਦੇਵ ਨੂੰ ਕਈ ਰਿਸ਼ਤੇ ਆਏ ਜਿਨ੍ਹਾਂ' ਚੋਂ ਉਸ ਨੂੰ ਕੋਈ ਵੀ ਫਿੱਟ ਨਾ ਬੈਠਿਆ। ਦੇਵ ਚਾਹੁੰਦਾ ਸੀ ਕਿ ਕੁੜੀ ਉਸ ਦੇ ਬਰਾਬਰ ਦੀ ਯੋਗਤਾ ਵਾਲ਼ੀ ਹੋਵੇ ਤੇ ਸਰਕਾਰੀ ਸਕੂਲ ਵਿਚ ਮਿਸਟ੍ਰੈਸ ਲੱਗੀ ਹੋਵੇ। ਸੁਹਣੀ ਸੁਨੱਖੀ ਤੇ ਸਮਝਦਾਰ ਹੋਵੇ। ਤ੍ਰਿਪਤ ਇਹ ਗੱਲ ਹੱਸ ਕੇ ਕਿਹਾ ਕਰੇ, 'ਤੂੰ ਤਾਂ ਯਾਰ ਸੁਹਣੀ ਸੁਨੱਖੀ ਵੀ ਭਾਲਦੈਂ ਤੇ ਸਮਝਦਾਰ ਵੀ। ਇਹ ਨਹੀਂ ਹੋ ਸਕਦਾ।'

'ਇਹ ਹੋਊਗਾ ਤ੍ਰਿਪਤ ਸਿੰਘਾ... ਦੇਖ ਲਵੀਂ ਤੂੰ।' ਉਹ ਹੱਸਦਾ।

ਤ੍ਰਿਪਤ ਸਿੰਘ ਉਸਨੂੰ ਇਕ ਹੋਰ ਗੱਲੋਂ ਵੀ ਖ਼ਬਰਦਾਰ ਕਰਦਾ ਕਿ ਜਿਹੜੀ ਕੁੜੀ ਪੜ੍ਹੀ ਲਿਖੀ ਤੇ ਨੌਕਰੀ ਪੇਸ਼ਾ ਹੋਵੇਗੀ, ਉਹ ਘਰ ਦੇ ਕੰਮ ਨਹੀਂ ਕਰੇਗੀ। ਕੱਪੜੇ ਧੋਣ ਤੇ ਰੋਟੀ ਬਣਾਉਣ ਦਾ ਕੰਮ ਤਾਂ ਉਸ ਦੀ ਬੇਬੇ ਨੂੰ ਹੀ ਕਰਨਾ ਪਵੇਗਾ।

ਉਹ ਕਿਹਾ ਕਰੇ ਕਿ ਸੁਹਣੀਆਂ ਜ਼ਨਾਨੀਆਂ ਮੂਰਖ ਹੁੰਦੀਆਂ ਨੇ, ਉਹ ਕੋਈ ਦੇਸੀ ਜਿਹੀ ਕੁੜੀ ਲੱਭੇ, ਜਿਸ ਤੇ ਰੋਹਬ ਵੀ ਮਾਰਿਆ ਜਾ ਸਕੇ ਤੇ ਉਸ ਕੋਲ਼ੋਂ ਘਰ ਦਾ ਸਾਰਾ ਕੰਮ ਵੀ ਕਰਵਾਇਆ ਜਾ ਸਕੇ। ਤ੍ਰਿਪਤ ਦੀਆਂ ਐਸੀਆਂ ਦਲੀਲਾਂ ਸੁਣ ਕੇ ਉਹ ਹੱਸ ਛੱਡਦਾ। ਦੇਵ ਵਲੋਂ ਬਾਰ-ਬਾਰ ਰਿਸ਼ਤੇ ਠੁਕਰਾਉਣ ਕਰਕੇ ਉਸ ਦੀ ਬੇਬੇ ਵੀ ਉਸ ਨਾਲ਼ ਤੜਿੰਗ ਰਹਿੰਦੀ ਤੇ ਮਾਮਾ ਵੀ। ਸਤਿੰਦਰਪਾਲ ਦੀ ਭੈਣ ਨਾਲ਼, ਜੋ ਬੇਅੰਤ ਦੀ ਸਾਲੀ ਸੀ, ਵਿਆਹ ਦੀ ਗੱਲ ਉਨ੍ਹਾਂ ਕਈ ਵਾਰੀ ਤੋਰੀ ਪਰ ਦੇਵ ਨੇ ਆਈ-ਗਈ ਨਾ ਦਿੱਤੀ। ਇਸ ਗੱਲੋਂ ਬੇਅੰਤ ਵੀ ਉਸ ਨਾਲ਼ ਨਰਾਜ਼ ਰਹਿਣ ਲੱਗ ਪਿਆ ਸੀ। ਉਹ ਛੁੱਟੀ ਆਇਆ ਵੀ ਉਸ ਨਾਲ਼ ਘੁੱਟਿਆ-ਘੁੱਟਿਆ ਹੀ ਰਿਹਾ ਕਰੇ। ਸਭ ਉਸ ਨੂੰ ਮੱਤਾਂ ਦੇਣ ਲੱਗ ਪਏ ਕਿ ਉਸ ਨੂੰ ਪੈਰ ਨਹੀਂ ਛੱਡਣੇ ਚਾਹੀਦੇ। ਰੱਬ ਤੋਂ ਡਰਨਾ ਚਾਹੀਦਾ ਹੈ। ਜੇ ਆਪਣੀ ਕੋਈ ਸਕੀ ਭੈਣ ਨਹੀਂ ਤਾਂ ਦੂਜੀਆਂ ਦੀ ਇੱਜ਼ਤ ਕਰਨੀ ਸਿੱਖਣੀ ਚਾਹੀਦੀ ਹੈ। ਉਨ੍ਹਾਂ ਦੇ ਕੁਝ ਰਿਸ਼ਤੇਦਾਰਾਂ ਨੇ ਦੂਰ ਦੂਰ ਤੱਕ ਇਹ ਪ੍ਰਚਾਰ ਵੀ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਹੰਕਾਰ ਗਏ ਸਨ। ਕਈਆਂ ਨੇ ਉਸ ਨੂੰ ਦਾਜ ਦਾ ਲਾਲਚ ਵੀ ਦਿੱਤਾ, ਪਰ ਉਹ ਕਹਿ ਦਿੰਦਾ ਕਿ ਉਹ ਤਾਂ ਕਾਮਰੇਡ ਹੈ, ਇਕ ਸੂਈ ਵੀ ਨਹੀਂ ਲਵੇਗਾ। 'ਕਾਮਰੇਡ' ਸੁਣ ਕੇ ਕਈ ਵੈਸੇ ਹੀ ਦੌੜ ਜਾਂਦੇ ਕਿ ਇਕ ਦਿਨ ਐਸਾ ਆਵੇਗਾ ਕਿ ਉਹ ਆਪ ਵੀ ਭੁੱਖਾ ਮਰੇਗਾ ਤੇ ਉਨ੍ਹਾਂ ਦੀ ਧੀ ਨੂੰ ਵੀ ਭੁੱਖੀ ਮਾਰੇਗਾ।

ਇਕ ਦਿਨ ਸਲਾਹਪੁਰ ਤੋਂ ਦੇਵ ਦੇ ਮਾਮੇ ਘਨ੍ਹੱਈਏ ਦਾ ਖਤ ਆਇਆ ਕਿ ਨਰਾਤਾ ਰਾਮ ਦਾ ਲੜਕਾ ਡਾਕਟਰ ਹਰੀ ਚੰਦ ਕਿਸੇ ਬੰਦੇ ਨੂੰ ਲੈ ਕੇ ਉਸ ਨੂੰ ਦੇਖਣ ਲਈ ਦੋਰਾਹੇ ਆਉਣਗੇ। ਉਹ, ਉਹ ਰਿਸ਼ਤਾ ਜ਼ਰੂਰ ਪ੍ਰਵਾਨ ਕਰ ਲਵੇ। ਉਸ ਨੇ ਲਿਖਿਆ ਕਿ ਕੁੜੀ ਖ਼ੂਬਸੂਰਤ ਲੰਬੀ, ਲੰਝੀ ਤੇ ਪੜ੍ਹੀ ਲਿਖੀ ਹੈ। ਖੈੜ ਦੇ ਸਰਕਾਰੀ ਸਕੂਲ ਵਿਚ ਮਾਸਟਰਨੀ ਹੈ। ਉਨ੍ਹਾਂ ਦਾ ਪਿੰਡ ਮੁੰਡੀ ਖਰੜ ਹੈ। ਪਿਓ ਫੌਜ ਵਿਚ ਸੂਬੇਦਾਰ ਮੇਜਰ ਹੈ। ਛੁੱਟੀ ਆਇਆ ਹੋਇਆ ਹੈ। ਉਸ ਦੇ ਮੁੰਡਿਆਂ ਦੀ ਮੋਰਿੰਡੇ ਸ਼ੀਸ਼ੇ ਦੇ ਕੰਮ ਦੀ ਦੁਕਾਨ ਹੈ। ਘਨ੍ਹੱਈਏ ਨੇ ਦੇਵ ਨੂੰ ਇਹ ਨਹੀਂ ਸੀ ਦੱਸਿਆ ਕਿ ਉਹ ਕਦੋਂ ਆਉਣਗੇ। ਨਿੱਤ ਹੀ ਸਾਰਾ ਦਿਨ ਉਹ ਕਿਵੇਂ ਤਿਆਰ ਹੋਇਆ ਰਹਿ ਸਕਦਾ ਸੀ। ਚਿੱਠੀ ਆਉਣ ਤੋਂ ਅਗਲੇ ਦਿਨ ਹੀ ਦੇਵ ਸਮਰਾਲੇ ਹਰੀ ਚੰਦ ਦੇ ਕਲੀਨਕ ਵਿਚ ਪਹੁੰਚ ਗਿਆ। ਉਸ ਨੇ ਚਾਹ ਪਿਲਾਉਣ ਤੋਂ

ਪਹਿਲਾਂ ਹੀ ਦੇਵ ਨੂੰ ਆਪਣੀ ਕੋਠੀ ਦਿਖਾਈ। ਵੱਟ ਕੱਢੇ ਪਏ ਸਨ। ਅੰਦਰ ਨਵਾਂ ਸਕੂਟਰ ਵੀ ਖੜ੍ਹਾ ਸੀ। ਦੇਵ ਨੇ ਮਰੀਜ਼ ਤਾਂ ਕਦੀ ਉਸ ਦੀ ਦੁਕਾਨ ਤੇ ਦੇਖਿਆ ਨਹੀਂ ਸੀ। ਉਹ ਹੈਰਾਨ ਹੋਇਆ ਕਿ ਕੋਠੀ ਲਈ ਐਨਾ ਰੁਪੌੜ ਕਿੱਥੋਂ ਆ ਗਿਆ। ਦੇਵ ਨੇ ਮਲ਼ਵੀਂ ਜੀਭ ਨਾਲ਼ ਉਸ ਕੁੜੀ ਬਾਰੇ ਉਸ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਉਨ੍ਹਾਂ ਦੀ ਰਿਸ਼ਤੇਦਾਰੀ ਵਿੱਚੋਂ ਹੀ ਸੀ। ਉਸ ਨੇ ਆਪਣੀ ਛੋਟੀ ਭੈਣ ਨਾਲ਼ ਬੈਠੀ ਉਸ ਕੁੜੀ ਦੀ ਫ਼ੋਟੋ ਵੀ ਦੇਵ ਨੂੰ ਦਿਖਾ ਦਿੱਤੀ। ਦੇਵ ਨੂੰ ਇੰਝ ਲੱਗਾ ਜਿਵੇਂ ਫ਼ੋਟੋ ਕਿਸੇ ਮੇਲੇ ਵਿਚ ਖਿੱਚੀ ਹੋਈ ਹੋਵੇ। ਫ਼ੋਟੋ ਵਿੱਚੋਂ ਕੁੜੀ ਦੇ ਨਕਸ਼ ਚੰਗੀ ਤਰ੍ਹਾਂ ਉੱਘੜਦੇ ਨਹੀਂ ਸੀ।

'ਵੀਰ ਜੀ, ਮੇਰੀ ਸਮੱਸਿਆ ਇਹ ਹੈ ਕਿ ਮੈਂ ਤਾਂ ਕੁੜੀ ਦੇਖਣੀ ਵੀ ਚਾਹੁੰਦਾ ਹਾਂ ਤੇ ਉਸ ਨਾਲ਼ ਗੱਲਾਂ ਵੀ ਕਰਨੀਆਂ ਚਾਹੁੰਦਾ ਹਾਂ। ਇਸ ਤੋਂ ਪਹਿਲਾਂ ਕਿ ਉਹ ਮੈਨੂੰ ਦੇਖਣ ਆਉਣ ਤੁਸੀਂ ਮੇਰੇ ਤੇ ਇਹ ਉਪਕਾਰ ਕਰ ਦਵੋ।' ਦੇਵ ਬੋਲਿਆ।

'ਹੁਣ ਤਾਂ ਉਸ ਨੂੰ ਸਕੂਲੋਂ ਛੁੱਟੀ ਹੋ ਗਈ ਹੋਵੇਗੀ ਤੇ ਉਹ ਘਰ ਚਲੀ ਗਈ ਹੋਵੇ ਗੀ। ਕੱਲ੍ਹ ਨੂੰ ਸਵੇਰੇ ਆ ਜਾਣਾ ਆਪਾਂ ਉਹਦੇ ਸਕੂਲ ਜਾ ਆਵਾਂਗੇ।' ਉਹ ਬੋਲਿਆ।

ਉਸ ਨੇ ਘਰ ਜਾ ਕੇ ਆਪਣੀ ਬੇਬੇ ਨੂੰ ਇਹ ਗੱਲ ਦੱਸੀ ਤਾਂ ਉਹ ਬੋਲੀ, 'ਚੰਦਰਿਆ, ਦੇਖ-ਦਿਖਾਈ ਦੇ ਚੱਕਰ' ਚ ਨਾ ਪੈਂਦਾ। ਜੇ ਤੈਨੂੰ ਉਹਨੇ ਹੀ ਨਾ ਪਸੰਦ ਕਰ ਦਿੱਤਾ, ਫੇ ਰ?'

'ਭੈੜੀ ਭਾਖਿਆ ਨਾ ਕਢਿਆ ਕਰ ਮੂੰਹੋਂ ਮਾਤਾ... ਤਾਂ ਹੀ ਮੈਂ ਤੈਨੂੰ ਦੱਸਣਾ ਨੀ ਸੀ ਚਾਹੁੰਦਾ।'

ਅਗਲੇ ਦਿਨ ਖੇਮ ਸਿੰਘ ਨੇ ਉਸ ਨੂੰ ਫਰਲੋ ਦੇ ਦਿੱਤੀ। ਉਹ ਤੇ ਡਾਕਟਰ ਹਰੀ ਚੰਦ ਕੁੜੀ ਦੇ ਸਕੂਲ ਜਾ ਪਹੁੰਚੇ। ਹਰੀ ਚੰਦ ਨੇ ਉਸ ਨੂੰ ਇਹ ਵੀ ਕਿਹਾ ਸੀ ਕਿ ਜਾਣ ਨੂੰ ਤਾਂ ਉਹ ਉਨ੍ਹਾਂ ਦੇ ਘਰ ਵੀ ਜਾ ਸਕਦੇ ਸੀ, ਪਰ ਫੌਜੀ ਜ਼ਰਾ ਕੱਬੇ ਸੁਭਾਅ ਦਾ ਸੀ, ਐਵੇ ਂ ਨਾ ਤੜਿੰਗ ਹੋ ਜਾਵੇ। ਕੁੜੀ ਦਾ ਨਾਂ ਅੰਜਨਾ ਸੀ, ਉਹ ਉੱਥੇ ਸਾਇੰਸ ਮਿਸਟ੍ਰੈਸ ਲੱਗੀ ਹੋਈ ਸੀ। ਉਹ ਸਟਾਫ਼ ਰੂਮ ਵਿਚ ਉਨ੍ਹਾਂ ਕੋਲ਼ ਆਈ ਤਾਂ ਦੇਵ ਦਾ ਦਿਲ ਧੜਕਣ ਲੱਗਾ। ਕੁੜੀ ਤਾਂ ਅੰਗਰੇਜ਼ਣਾਂ ਵਰਗੀ ਪਈ ਸੀ। ਉਸ ਦਾ ਕੱਦ ਲੰਬਾ ਤੇ ਸ਼ਰੀਰ ਸਡੌਲ ਸੀ। ਉਸ ਨੇ ਬਲੈਕ ਫੁੱਲਾਂ ਵਾਲਾ ਚਿੱਟਾ ਕਮੀਜ਼ ਤੇ ਕਾਲੇ ਰੰਗ ਦੀ ਸਲਵਾਰ ਪਹਿਨੀ ਹੋਈ ਸੀ। ਗਲ਼ ਵਿਚ ਕਾਲ਼ੀ ਚੁੰਨੀ ਤੇ ਮੱਥੇ ਉੱਤੇ ਵਾਲ਼ਾਂ ਦੀ ਇਕ ਲਿਟ ਹਸੂੰ ਹਸੂੰ ਕਰ ਰਹੀ ਸੀ। ਦੇਵ ਤਾਂ ਦੇਖਦਾ ਹੀ ਰਹਿ ਗਿਆ। ਉਸਨੂੰ ਆਪਣੀ ਬੇਬੇ ਯਾਦ ਆਈ, 'ਵੇ ਚੰਦਰਿਆ, ਦੇਖ ਦਿਖਾਈ ਦੇ ਚੱਕਰ ਵਿਚ ਨਾ ਪੈਂਦਾ ਜੇ ਤੈਨੂੰ ਉਹਨੇ ਹੀ ਨਾ-ਪਸੰਦ ਕਰ ਦਿੱਤਾ, ਫੇਰ।' ਉਹ ਡਰ ਗਿਆ ਕਿ ਕਿਧਰੇ ਇਹ ਤਿਤਲੀ ਉਡ ਹੀ ਨਾ ਜਾਵੇ। ਉਸ ਨੇ ਹਰੀ ਚੰਦ ਨੂੰ ਮੂਕ ਸਹਿਮਤੀ ਦੇ ਦਿੱਤੀ ਤੇ ਚੁੱਪ ਰਹਿਣ ਦਾ ਫੈਸਲਾ ਕਰ ਲਿਆ। ਹਰੀ ਚੰਦ ਨੇ ਦੇਵ ਦੀ ਸਿਫ਼ਤ ਵਿਚ ਉਸ ਨੂੰ ਕਈ ਗੱਲਾਂ ਚੋਗੇ ਵਾਂਗ ਸੁੱਟੀਆਂ। ਉਹ ਸੁਣਦੀ ਰਹੀ। ਫਿਰ ਉਹ ਗੰਭੀਰ ਹੋ ਕੇ ਦੇਵ ਵੱਲ ਦੇਖਣ ਲੱਗੀ ਤੇ ਬੋਲੀ, 'ਤੁਸੀਂ ਆਪਣੇ ਬਾਰੇ ਪਲੀਜ਼ ਆਪ ਹੀ ਦੱਸ ਦਿਓ।'

ਇਹੋ ਜਿਹਾ ਹੀ ਸਵਾਲ ਦੇਵ ਚਾਹੁੰਦਾ ਸੀ। ਉਸ ਨੇ ਜਿਵੇਂ ਰੱਟਾ ਲਾਇਆ ਹੁੰਦਾ

ਹੈ। ਦਸ ਕੁ ਵਾਕਾਂ ਵਿਚ ਆਪਣੇ ਬਾਰੇ ਸਭ ਕੁਝ ਦੱਸ ਦਿੱਤਾ। ਸ਼ਾਇਦ ਉਸ ਦੀ ਤਸੱਲੀ ਹੋ ਗਈ।

'ਤੁਹਾਡੀ ਕੋਈ ਮੰਗ ਹੈ?' ਉਹ ਬੋਲੀ।

'ਬੱਸ, ਤੁਹਾਡੇ ਨਾਲ਼ ਪਹਿਲਾਂ ਮੰਗਣਾ ਤੇ ਫਿਰ ਵਿਆਹ ਹੋ ਜਾਵੇ।' ਉਹ ਜ਼ਰਾ ਕੁ ਹੱਸਿਆ।

'ਮੇਰਾ ਮਤਲਬ ਤੁਹਾਡੀ ਕੋਈ ਡੀਮਾਂਡ?'

'ਬੱਸ ਤੁਸੀਂ ਹੀ ਹੋ।'

'ਠੀਕ ਏ। ਜਿਵੇਂ ਡੈਡੀ ਜੀ ਕਹਿਣਗੇ ਉਵੇਂ ਹੋਵੇਗਾ।' ਕੁੜੀ ਨੇ ਆਪਣਾ ਫੈਸਲਾ ਸੁਣਾ ਦਿੱਤਾ।

ਉਹ ਬਹੁਤ ਖ਼ੁਸ਼ ਹੋ ਕੇ ਘਰ ਵੜਿਆ ਤੇ ਆਪਣੀ ਬੇਬੇ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਦੇ ਜਿਹੜੇ ਪੰਜ-ਸੱਤ ਗੁਆਂਢੀ ਸਨ, ਉਹ ਸ਼ਕੁੰਤਲਾ ਸਮੇਤ ਸਭ ਦੇ ਘਰੀਂ ਦੱਸ ਆਈ। ਫਿਰ ਤੀਜੇ ਜਾਂ ਚੌਥੇ ਦਿਨ ਹੀ ਹਰੀ ਚੰਦ ਦੀ ਚਿੱਠੀ ਵੀ ਆ ਗਈ ਕਿ ਉਹ ਆਉਂਦੇ ਐਤਵਾਰ ਉਸ ਨੂੰ ਦੇਖਣ ਆਉਣਗੇ। ਦੇਵ ਨੇ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਘਰ ਦੀ ਚੰਗੀ ਤਰ੍ਹਾਂ ਸਫਾਈ ਕਰਵਾ ਦਿੱਤੀ। ਇਕ ਦਿਨ ਪਹਿਲਾਂ ਤ੍ਰਿਪਤ ਦੇ ਘਰੋਂ ਲੋਹੇ ਦੇ ਪਾਇਪਾਂ ਵਾਲ਼ਾ ਸੋਫ਼ਾ ਵੀ ਲਿਆ ਕੇ ਘਰ ਡਾਹ ਦਿੱਤਾ ਤੇ ਇਕ ਵੱਡਾ ਟੇਬਲ ਦੁਕਾਨ ਤੋਂ ਖਰੀਦ ਲਿਆਂਦਾ। ਗੁਆਂਢੀਆਂ ਤੋਂ ਚਾਰ ਕੁਰਸੀਆਂ ਤੇ ਇਕ ਮੇਜ਼ ਲਿਆ ਕੇ ਅੰਬਾਂ ਹੇਠ ਰੱਖ ਦਿੱਤੇ । ਉਸ ਦੀ ਬੇਬੇ ਨੇ ਗੋਹੇ-ਮਿੱਟੀ ਨਾਲ਼ ਵਿਹੜਾ ਲਿੱਪ ਦਿੱਤਾ। ਐਤਵਾਰ ਵਾਲ਼ੇ ਦਿਨ ਉਹ ਗੁਰਦੁਆਰੇ ਜਾ ਕੇ ਦੇਗ ਵੀ ਕਰਾ ਆਈ ਤੇ ਰਿਸ਼ਤਾ ਸਿਰੇ ਚੜਨ ਲਈ ਸੁੱਖ ਵੀ ਸੁੱਖ ਆਈ। ਹਰੀ ਚੰਦ ਨੇ ਇਕ ਵਜੇ ਆਉਣ ਦਾ ਸਮਾਂ ਦਿੱਤਾ ਸੀ ਤੇ ਉਹ ਉਦੋਂ ਤੱਕ ਸਾਰਾ ਆਲ਼ਾ-ਦੁਆਲ਼ਾ ਟਿਚਨ ਕਰਨਾ ਚਾਹੁੰਦਾ ਸੀ। ਦਸ ਕੁ ਵਜੇ ਉਸ ਦੀ ਬੇਬੇ ਕਹਿਣ ਲੱਗੀ ਕਿ ਲੱਕੜਾਂ ਖ਼ਤਮ ਹੋ ਗਈਆਂ ਹਨ। ਉਹ ਵਿਹੜੇ ਵਿਚ ਪਏ ਜਾਮਣ ਦੇ ਟਾਹਣੇ ਦੀਆਂ ਖਲਪਾੜਾਂ ਬਣਾ ਦੇਵੇ। ਉਹ ਕੁਹਾੜਾ ਅਤੇ ਫਾਨੇ ਲੈ ਕੇ ਲੱਕੜਾਂ ਪਾੜਨ ਲੱਗ ਪਿਆ। ਪਸੀਨਾ ਆਉਣ ਲੱਗਾ ਤਾਂ ਕਮੀਜ ਪਜਾਮਾ ਲਾਹ ਕੇ ਤਾਰ ਤੇ ਲਟਕਾ ਦਿੱਤੇ। ਅਚਾਨਕ ਹੀ ਬਾਹਰ ਵਾਲ਼ੇ ਗੇਟ ਤੇ ਠੱਕ ਠੱਕ ਹੋਈ। ਉਸ ਨੇ ਸੋਚਿਆ ਜਮਾਂਦਾਰ ਹੋਵੇਗਾ, ਜਿਸ ਨੂੰ ਉਸਨੇ ਗੰਦੇ ਪਾਣੀ ਦੇ ਨਿਕਾਸ ਵਾਲ਼ੀ ਨਾਲ਼ੀ ਖੋਲ੍ਹਣ ਲਈ ਸੱਦਿਆ ਹੋਇਆ ਸੀ। ਉਵੇਂ ਕੁਹਾੜਾ ਹੱਥ ਵਿਚ ਫੜੀ ਕੇਵਲ ਕੱਛੇ ਵਿਚ ਉਹ ਗਿਆ ਤੇ ਬਾਹਰਲਾ ਗੇਟ ਖੋਲ੍ਹ ਦਿੱਤਾ। ਬਾਹਰ ਡਾਕਟਰ ਹਰੀ ਚੰਦ ਇਕ ਆਦਮੀ ਤੇ ਔਰਤ ਖੜ੍ਹੇ ਸਨ। ਉਹ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕਹਿਕੇ ਕਾਹਲ਼ੀ-ਕਾਹਲ਼ੀ ਅੰਦਰ ਚਲਾ ਗਿਆ ਤੇ ਆਪਣੀ ਬੇਬੇ ਨੂੰ ਕਿਹਾ, 'ਉਹ ਤਾਂ ਆ ਵੀ ਗਏ।'

ਛੇਤੀ ਛੇਤੀ ਕਮੀਜ਼ ਪਜਾਮਾ ਪਾ ਕੇ ਉਹ ਉਨ੍ਹਾਂ ਨੂੰ ਅੰਦਰ ਲੈ ਆਇਆ ਤੇ ਅੰਬਾਂ ਹੇਠ ਡਹੀਆਂ ਕੁਰਸੀਆਂ ਤੇ ਬੈਠਣ ਲਈ ਕਿਹਾ। ਉਸ ਦੀ ਬੇਬੇ ਪ੍ਰਾਹੁਣਿਆਂ ਕੋਲ਼ ਆ ਗਈ ਤੇ ਉਹ ਖਾਣ-ਪੀਣ ਦਾ ਸਮਾਨ ਲੈਣ ਲਈ ਬਜ਼ਾਰ ਨੂੰ ਦੌੜ ਗਿਆ। ਉਹ ਮੁੜਿਆ ਤਾਂ ਹਰੀ ਚੰਦ ਬੋਲਿਆ, 'ਦੇਵ ਤੂੰ ਕਿੱਥੇ ਚਲਾ ਗਿਆ ਸੀ?'

'ਜੀ ਮੈਂ ਖਾਣ ਵਾਸਤੇ ਕੁਝ ਲੈਣ ਚਲਾ ਗਿਆ ਸੀ।'

'ਖਾਣਾ ਅਸੀਂ ਕੁਝ ਨੀ। ਬੈਠੋ ਤੁਸੀ।'

ਉਸਦੀ ਬੇਬੇ ਉੱਠ ਕੇ ਰਸੋਈ ਵੱਲ ਚਲੀ ਗਈ ਤਾਂ ਹਰੀ ਚੰਦ ਨੇ ਦੱਸਿਆ ਕਿ ਉਹ ਦੋਨੋਂ ਅੰਜਨਾ ਦੇ ਮਾਂ ਬਾਪ ਸਨ।

'ਤੁਸੀ ਮਾਸਟਰ ਲਗੇ ਹੋ?' ਅੰਜਨਾ ਦਾ ਬਾਪ ਬੋਲਿਆ।

'ਹਾਂ ਜੀ.... ਸਰਕਾਰੀ ਸਕੂਲ' ਚ।'

'ਕਮਾਲ ਏ।' ਉਸ ਨੇ ਕਿਹਾ।

ਫਿਰ ਚੁੱਪ ਪਸਰ ਗਈ। ਫੌਜੀ ਐਧਰ ਉੱਧਰ ਦੇਖਦਾ ਬੋਲਿਆ, 'ਕਾਲਜ ਵਿਚ ਤੁਸੀਂ ਹੀ ਪੜ੍ਹਾਉਂਦੇ ਸੀ?'

'ਹਾਂ ਜੀ, ਮੈਂ ਹੀ ਸਾਂ।'

'ਕਮਾਲ ਏ।' ਉਸ ਨੇ ਬੁੱਲ੍ਹ ਮਰੋੜੇ।

ਫਿਰ ਓਸ ਨੇ ਆਪਣੀ ਘਰ ਵਾਲ਼ੀ ਨੂੰ ਪਤਾ ਨਹੀਂ ਕੀ ਕਿਹਾ ਕਿ ਉਹ ਉੱਠ ਕੇ ਰਸੋਈ ਵੱਲ ਨੂੰ ਚਲੀ ਗਈ।

'ਮਾਸਟਰ ਵਾਲਾ ਤੁਹਾਡਾ ਸਟੈਂਡਰਡ ਤਾਂ ਲਗਦਾ ਨੀ।' ਫੌਜੀ ਨੇ ਫਿਰ ਚੁਭਵੀਂ ਗੱਲ ਕੀਤੀ। ਦੇਵ ਨੂੰ ਗੁੱਸਾ ਆਇਆ, ਪਰ ਪੀ ਗਿਆ। ਉਸ ਨੇ ਐਨਾ ਹੀ ਕਿਹਾ, 'ਜੀ ਕੀ ਮਤਲਬ ਤੁਹਾਡੇ ਕਹਿਣ ਦਾ?'

'ਦੇਖੋ, ਬੁਰਾ ਨਾ ਮਨਾਉਣਾ। ਤੁਹਾਡਾ ਘਰ ਵੀ ਢੰਗ ਨਾਲ਼ ਛੱਤਿਆ ਹੋਇਆ ਨਹੀਂ। ਮਾਫ਼ ਕਰਨਾ, ਮੈਂ ਇਸ ਘਰ' ਚ ਆਪਣੀ ਧੀ ਨਹੀਂ ਦੇ ਸਕਦਾ।' ਉਹ ਉੱਠ ਖੜ੍ਹਾ ਹੋਇਆ। ਉਸ ਦੀ ਘਰ ਵਾਲ਼ੀ ਵੀ ਰਸੋਈ' ਚੋਂ ਬਾਹਰ ਨਿਕਲ਼ ਆਈ ਤੇ ਬੋਲੀ, 'ਜੀ ਚੱਲੀਏ ਫੇਰ?'

'ਹਾਂ ਜੀ ਚਲੋ।' ਉਹ ਬੋਲਿਆ। ਉਹ ਦੋਨੋਂ ਬਾਹਰ ਨਿਕਲ਼ ਕੇ ਗਲ਼ੀ' ਚ ਜਾ ਖੜ੍ਹੇ । ਚਾਹ ਮਠਿਆਈ ਸਮੋਸੇ ਸਭ ਧਰੇ-ਧਰਾਏ ਰਹਿ ਗਏ। ਦੇਵ ਰਸੋਈ ਕੋਲ਼ ਜਾ ਕੇ ਬੋਲਿਆ, 'ਰਹਿਣ ਦੇ ਬੇਬੇ ਉਹ ਤਾਂ ਤੁਰ ਵੀ ਗਏ।'

'ਹੈਂ? ਤੁਰ ਗਏ?' ਉਹ ਬੋਲੀ।

'ਹਾਂ, ਕਹਿੰਦੇ ਘਰ ਨੀ ਵਧੀਆ।' ਦੇਵ ਨੇ ਬੁਝੇ ਮਨ ਨਾਲ਼ ਕਿਹਾ।

ਇਕ ਦੋ ਗੱਲਾਂ ਮਾਰ ਕੇ ਬਿਨਾਂ ਚਾਹ ਪੀਤਿਆਂ ਹਰੀ ਚੰਦ ਵੀ ਉੱਠ ਕੇ ਚਲਾ ਗਿਆ, ਕਿਉਂਕਿ ਉਹ ਬਾਹਰ ਖੜ੍ਹੇ ਉਸੇ ਨੂੰ ਉਡੀਕ ਰਹੇ ਸਨ।

ਦੇਵ ਬਹੁਤ ਪ੍ਰੇਸ਼ਾਨ ਹੋ ਗਿਆ। ਉਹ ਵੱਡੇ ਲੋਕ ਸਨ ਜਿਹੜੇ ਉਸ ਦੇ ਮੂੰਹ ਤੇ ਤਮਾਚਾ ਮਾਰ ਕੇ ਤੁਰਦੇ ਬਣੇ ਸਨ। ਇਹ ਮਕਾਨ ਜਿਸ ਵਿਚ ਉਹ ਰਹਿ ਰਹੇ ਸਨ, ਸਾਰੇ ਭਰਾਵਾਂ ਦਾ ਸਾਂਝਾ ਸੀ। ਉਸ ਦਾ ਜੀਅ ਕੀਤਾ ਘਰ ਦੀ ਇੱਟ ਨਾਲ਼ ਇੱਟ ਖੜਕਾ ਦੇਵੇ। ਸਾਰੀਆਂ ਕੰਧਾਂ, ਛੱਤਾਂ ਧਰਤੀ ਵਿਚ ਮਿਲਾ ਦੇਵੇ ਤੇ ਫਿਰ ਉੱਤੇ ਖੜ੍ਹਕੇ ਉਸ ਫੌਜੀ ਨੂੰ ਮਾਂ ਭੈਣ ਦੀਆਂ ਗਾਲ੍ਹਾਂ ਕੱਢੇ, ਜਿਹੜਾ 'ਕਮਾਲ ਏ' 'ਕਮਾਲ ਏ' ਕਹਿਕੇ ਉਸ ਦਾ ਮਜ਼ਾਕ ਉਡਾਉਂਦਾ ਰਿਹਾ ਸੀ। ਉਹ ਸੋਚਣ ਲੱਗਾ, ਕਾਹਦਾ ਘਰ ਸੀ ਇਹ? ਜਦੋਂ ਵੰਡ ਹੋਈ ਤਾਂ ਹਰੇਕ ਦੇ ਹਿੱਸੇ ਬੋਟੀ ਬੋਟੀ ਹੀ ਆਵੇਗੀ। ਕੋਈ ਵੀ ਉਸ ਘਰ ਵਿਚ ਪੈਸਾ ਲਾਉਣ ਦੀ

ਹਿੰਮਤ ਨਹੀਂ ਸੀ ਕਰ ਰਿਹਾ ਕਿ ਪੈਸਾ ਸਾਂਝੇ ਘਰ ਵਿਚ ਗਰਕ ਹੋ ਜਾਵੇਗਾ। ਹਰੀਵੰਸ਼ ਕੋਲ਼ ਤਾਂ ਪਟਿਆਲ਼ੇ ਕੋਠੀ ਸੀ। ਰਾਮ ਸਿੰਘ ਨੇ ਵੀ ਪਟਿਆਲ਼ੇ ਪਲਾਟ ਖਰੀਦ ਲਿਆ ਸੀ। ਦੇਵ ਦੀ ਇਹ ਝਾਕ ਸੀ ਕਿ ਜੇ ਉਹ ਆਪਣਾ ਹਿੱਸਾ ਉਸ ਨੂੰ ਵੇਚ ਦੇਣ ਤਾਂ ਉਹ ਪਹਿਲੀ ਉਸਾਰੀ ਦੀ ਢਾਹ ਭੰਨ ਕਰਕੇ ਢੰਗ ਸਿਰ ਦਾ ਮਕਾਨ ਬਣਾ ਲਵੇ, ਪਰ ਇਹ ਗੱਲ ਸੁਣਨ ਲਈ ਕੋਈ ਵੀ ਤਿਆਰ ਨਹੀਂ ਸੀ।

ਅੱਜ ਵਰਗੀ ਅੱਚਵੀ ਦੇਵ ਨੂੰ ਪਹਿਲਾਂ ਕਦੀ ਨਹੀਂ ਸੀ ਲੱਗੀ। ਉਸਨੂੰ ਆਪਣੇ ਜੀਜੇ ਪਰੇਮ ਦਾ ਖਿਆਲ ਆਇਆ ਤੇ ਉਹ ਸਾਇਕਲ ਚੁੱਕ ਬੇਗਮਪੁਰ ਨੂੰ ਚੱਲ ਪਿਆ। ਪੰਮੀ ਦੇ ਘਰ ਕੋਲ਼ੋਂ ਲੰਘਣ ਲੱਗਿਆਂ ਜਿਵੇਂ ਧਰਤੀ ਨੇ ਉਹਦੇ ਪੈਰ ਫੜ ਲਏ। ਉਸ ਨੇ ਐਧਰ–ਉੱਧਰ ਦੇਖਦਿਆਂ ਸਾਇਕਲ ਸਟੈਂਡ ਤੇ ਲਾਇਆ ਤੇ ਆਪਣੇ ਬੂਟ ਖੋਹਲ ਕੇ ਝਾੜੇ, ਜੁਰਾਬਾਂ ਖੋਹਲ ਕੇ ਮੁੜ ਪਾ ਲਈਆਂ ਤੇ ਬੂਟ ਪਾ ਕੇ ਤਸਮੇਂ ਕਸ ਲਏ। ਉਹ ਪੰਮੀ ਨੂੰ ਦੇਖਣਾ ਚਾਹੁੰਦਾ ਸੀ। ਪੰਮੀ ਦੀ ਮੰਮੀ ਦੇ ਬੋਲ ਉਸ ਦੇ ਦਿਮਾਗ ਵਿਚ ਹਥੌੜੇ ਵਾਂਗ ਵੱਜਣ ਲੱਗੇ , 'ਚੱਲ ਭੱਜ ਤੂੰ ਵੀ ਐਥੋਂ। ਖ਼ਬਰਦਾਰ ਜੇ ਕੁੜੀਆਂ ਨਾਲ਼ ਖੇਡਿਆ।'

ਉਸ ਨੇ ਮੁੜ ਸਾਇਕਲ ਰੇੜ੍ਹ ਲਿਆ ਤੇ ਪਰੇਮ ਦੀ ਦੁਕਾਨ ਵਿਚ ਜਾ ਵੜਿਆ। ਉਹ ਬੋਲਿਆ, 'ਆ ਬਈ ਦੇਵ, ਕਿਵੇਂ ਰਸਤਾ ਭੁੱਲ ਗਿਆ ਅੱਜ ਤੂੰ?'

ਦੇਵ ਦੀਆਂ ਅੱਖਾਂ ਵਿਚ ਹੰਝੂ ਆ ਗਏ, ਪਰ ਪਰੇਮ ਕੋਈ ਟਾਂਕਾ ਲਾਉਣ ਵਿਚ, ਰੁਝਿਆ ਹੋਇਆ ਸੀ। ਦੇਵ ਨੇ ਅੱਖਾਂ ਪੂੰਝ ਕੇ ਕਿਹਾ, 'ਜੀਜਾ, ਇਕ ਫੌਜੀ ਮੇਰੀ ਬੇਜ਼ਤੀ ਕਰ ਗਿਆ।'

'ਕੀ ਗੱਲ ਹੋਈ? ਕੌਣ ਏ ਉਹ?'

'ਸਾਰੀ ਗੱਲ ਸ਼ਾਮ ਨੂੰ ਦੱਸੂੰ। ਤੁਸੀਂ ਛੇਤੀ ਆ ਜਾਣਾ ਘਰ। ਉਹ ਮੈਨੂੰ ਆਪਣੀ ਕੁੜੀ ਵਾਸਤੇ ਦੇਖਣ ਆਇਆ ਸੀ।'

'ਫੇਰ ਵੀ ਗੱਲ ਤਾਂ ਦੱਸ, ਕੀ ਹੋਈ?'

'ਨਹੀਂ, ਤੁਸੀਂ ਸ਼ਾਮ ਨੂੰ ਘਰ ਆ ਜਾਣਾ।'

ਮੁੜ ਜਦੋਂ ਉਹ ਪੰਮੀ ਦੇ ਘਰ ਕੋਲ਼ੋਂ ਲੰਘਣ ਲੱਗਾ ਤਾਂ ਫਿਰ ਰੁਕ ਗਿਆ। ਉਸ ਨੇ ਹੌਸਲਾ ਕੀਤਾ ਤੇ ਸਾਇਕਲ ਖੜ੍ਹਾ ਕਰਕੇ ਪੰਮੀ ਦਾ ਦਰ ਖੜਕਾ ਦਿੱਤਾ। ਉਸ ਦੀ ਮੰਮੀ ਨੇ ਦਰ ਖੋਲ੍ਹਿਆ। ਦੇਵ ਨੇ ਉਸ ਦੇ ਪੈਰੀਂ ਹੱਥ ਲਾਏ ਤਾਂ ਉਸ ਨੇ ਉਸ ਦਾ ਸਿਰ ਪਲ਼ੋਸਿਆ ਤੇ ਬੋਲੀ, 'ਵੇ ਵੀਰ ਮੈਂ ਨੀ ਸਿਆਣਿਆਂ। ਕੌਣ ਏਂ ਤੂੰ?'

'ਮਾਂ ਜੀ, ਮੈਂ ਸ਼ਕੁੰਤਲਾ ਦਾ ਭਰਾ ਏਂ ਸਲਾਹਪੁਰ ਤੋਂ।' ਉਹ ਬੋਲਦਾ ਅੰਦਰ ਵੜ ਗਿਆ ਤੇ ਮੰਜੇ ਉੱਤੇ ਬੈਠ ਗਿਆ।

'ਸ਼ਕੁੰਤਲਾ ਤਾਂ ਵੀਰ ਦੋਰਾਹੇ ਚਲੀ ਗਈ। ਸਾਡਾ ਤਾਂ ਗੁਆਂਢ ਹੀ ਖਾਲੀ ਹੋ ਗਿਆ।'

'ਮੈਂ ਜੀਜੇ ਕੋਲ਼ ਆਇਆ ਸੀ ਦੁਕਾਨ ਤੇ। ਸੋਚਿਆ ਤੁਹਾਨੂੰ ਮਿਲਦਾ ਜਾਵਾਂ।'

'ਨੀ ਪੰਮੀ... ਚਾਹ ਬਣਾ ਵੀਰ ਲਈ। ਬਬਲੂ ਉੱਠਿਆ ਨੀ ਅਜੇ?' ਉਸਨੇ ਅੰਦਰ ਵਾਲ਼ੇ ਕਮਰੇ ਵੱਲ ਨੂੰ ਮੂੰਹ ਕਰ ਕੇ ਹਾਕ ਮਾਰੀ।

'ਬਬਲੂ ਕੌਣ ਮਾਂ ਜੀ?' ਦੇਵ ਨੇ ਪੁੱਛਿਆ।

'ਮੁੰਡਾ ਏ ਪੰਮੀ ਕੋਲ਼। ਪਰਸੋਂ ਦੀ ਆਈ ਹੋਈ ਏ ਸਹੁਰਿਆਂ ਤੋਂ।'

ਉਸ ਦੀ ਗੱਲ ਸੁਣ ਕੇ ਦੇਵ ਦੇ ਸਿਰ ਵਿਚ ਜਿਵੇਂ ਵਦਾਣ ਵੱਜਿਆ। ਪੰਮੀ ਵੀ ਬਾਹਰ ਆ ਗਈ। ਹੁਣ ਤਾਂ ਉਸ ਦਾ ਚਿਹਰਾ ਹੀ ਬਦਲਿਆ ਪਿਆ ਸੀ। ਦੇਵ ਨੇ ਮੰਜੇ ਤੋਂ ਉੱਠ ਕੇ ਉਸ ਵੱਲ ਮੂੰਹ ਕੀਤਾ ਤੇ 'ਸਤਿ ਸ੍ਰੀ ਅਕਾਲ' ਬੁਲਾਈ। ਉਸ ਨੇ ਵੀ ਦੇਵ ਵੱਲ ਨੂੰ ਹੱਥ ਜੋੜੇ ਤੇ ਬੋਲੀ, 'ਯਾਦ ਨੀ ਆ ਰਿਹਾ। ਵੀਰ ਜੀਆਂ ਨੂੰ ਕਿਤੇ ਦੇਖਿਆ ਏ।'

'ਸ਼ਕੁੰਤਲਾ ਦੀ ਮਾਸੀ ਦਾ ਮੁੰਡਾ ਏ। ਤੂੰ ਤਾਂ ਛੋਟੀ ਸੀ, ਇਹ ਆਉਂਦਾ ਹੁੰਦਾ ਸੀ ਆਪਣੇ ਪਿੰਡ।'

'ਮੈਨੂੰ ਤਾਂ ਯਾਦ ਨਹੀਂ।' ਉਹ ਬੋਲੀ।

'ਚੰਗਾ ਮਾਂ ਜੀ, ਮੈਂ ਚਲਦਾ ਏਂ।' ਕਹਿ ਕੇ ਦੇਵ ਉੱਠ ਖੜ੍ਹਾ ਹੋਇਆ।

'ਨਾ ਵੇ ਵੀਰ.. ਚਾਹ ਪੀਤੇ ਬਿਨਾਂ ਨਾ ਜਾਈਂ।'

'ਨਹੀਂ ਮਾਂ ਜੀ, ਫਿਰ ਕਦੀ ਆਵਾਂਗਾ।' ਕਹਿ ਕੇ ਉਹ ਘਰੋਂ ਬਾਹਰ ਹੋ ਗਿਆ। ਰਸਤੇ ਵਿਚ ਉਸ ਨੇ ਸੋਚਿਆ ਕਿ ਜੇ ਪੰਮੀ ਉਸ ਨੂੰ ਸੌ ਸਾਲ ਮਗਰੋਂ ਵੀ ਮਿਲੀ ਹੁੰਦੀ, ਉਹ ਤਾਂ ਵੀ ਪਛਾਣ ਲੈਂਦਾ ਪਰ ਉਹ ਤਾਂ ਕੁਝ ਸਾਲਾਂ ਵਿਚ ਹੀ ਉਸ ਦੀਆਂ ਯਾਦਾਂ ਦੀ ਪੱਟੀ ਪੋਚ ਗਈ ਸੀ।

ਪਰੇਮ ਦੇ ਘਰ ਆਉਣ ਤੱਕ ਉਸ ਨੇ ਮੀਟ ਰਿੰਨ੍ਹ ਲਿਆ ਸੀ ਤੇ ਬੋਤਲ ਵੀ ਲੈ ਆਇਆ ਸੀ। ਉਹ ਅੰਬਾਂ ਹੇਠ ਬੈਠ ਪੀਣ ਲੱਗ ਪਏ। ਦੇਵ ਨੇ ਫੌਜੀ ਵਾਲ਼ੀ ਸਾਰੀ ਘਟਨਾ ਉਸ ਨੂੰ ਸੁਣਾ ਦਿੱਤੀ। ਪਰੇਮ ਬੋਲਿਆ, 'ਦੇਖ ਦੇਵ, ਚਾਹੇ ਤੈਨੂੰ ਬੁਰਾ ਲੱਗਿਆ, ਪਰ ਉਹ ਬੰਦਾ ਕਹਿੰਦਾ ਠੀਕ ਸੀ। ਜਿਸ ਨੇ ਧੀ ਦੇਣੀ ਏਂ ਉਹ ਸਭ ਕੁਝ ਸੋਚੇਗਾ। ਉਹ ਤੇਰੇ ਆਰ ਮਾਰ ਗਿਆ ਏ ਚਾਹੇ ਉਸ ਨੂੰ ਕਮਲ਼ਾ ਕਹਿ ਚਾਹੇ ਕੁਝ ਹੋਰ। ਹੁਣ ਤੂੰ ਮਕਾਨ ਪਾਉਣ ਦੀ ਸੋਚ।'

'ਪਰ ਜੀਜਾ ਇਹ ਪਲਾਟ ਮੇਰੇ ਇਕੱਲੇ ਦੇ ਨਾਂ ਨਹੀਂ। ਕਿਵੇਂ ਹੋਰ ਕਮਰੇ ਪਾ ਲਵਾਂ?'

'ਕੁਝ ਨਹੀਂ ਹੁੰਦਾ। ਇਕ ਵਾਰੀ ਪਾ ਲਵੇਂਗਾ ਤਾਂ ਮੁੱਲ ਪੈ ਜਾਇਆ ਕਰਦਾ ਏ। ਤੂੰ ਅਗਲੇ ਪਾਸੇ ਦੋ ਕਮਰੇ ਛੱਤ ਲੈ। ਇਕ ਰਸੋਈ ਬਾਥਰੂਮ ਤੇ ਲੈਟਰੀਨ ਬਣਾ ਲੈ। ਜੇ ਪੈਸੇ ਘੱਟ ਨੇ ਤਾਂ ਮੈਥੋਂ ਲੈ ਲਵੀਂ।'

'ਨਹੀਂ ਪੈਸੇ ਦੀ ਤਾਂ ਹੁਣ ਕੋਈ ਸਮੱਸਿਆ ਨਹੀਂ ਜੀਜਾ। ਬੱਸ ਤੁਹਾਡਾ ਆਸ਼ੀਰਵਾਦ ਚਾਹੀਦੈ।'

'ਆਸ਼ੀਰਵਾਦ ਤੂੰ ਕਿੱਥੇ ਲੈਂਦਾ ਏਂ ਦੇਵ। ਤੈਨੂੰ ਰਾਜਪੁਰੇ ਤੋਂ ਐਨਾ ਵਧੀਆ ਰਿਸ਼ਤਾ ਲਿਆਂਦਾ ਸੀ। ਤੂੰ ਮੰਨਿਆ ਹੀ ਨਹੀਂ।'

'ਪਰ ਜੀਜਾ ਕੁੜੀ ਵੀ ਮੇਰੇ ਪੱਧਰ ਦੀ ਹੋਵੇ। ਇਹ ਕੁੜੀ ਠੀਕ ਸੀ, ਪਰ ਫੌਜੀ ਦਾ ਦਿਮਾਗ ਫਿਰ ਗਿਆ। ਮੈਂ ਇਹ ਕੁੜੀ ਦੇਖੀ ਹੋਈ ਸੀ।'

'ਦੇਖ ਦੇਵ.... ਦਿਮਾਗ ਕਿਸੇ ਦਾ ਨੀ ਫਿਰਿਆ। ਅਗਲੇ ਨੇ ਧੀ ਦੇਣੀ ਏਂ, ਫੂਕ-ਫੂਕ ਕੇ ਕਦਮ ਧਰਦੈ। ਇਹ ਉਸਦੀ ਸਿਆਣਪ ਹੀ ਐ।' ਪ੍ਰੇਮ ਬੋਲਿਆ।

ਪਰੇਮ ਨੇ ਮਕਾਨ ਬਣਾਉਣ ਵਿਚ ਦੇਵ ਦੀ ਬੜੀ ਮੱਦਦ ਕੀਤੀ। ਸਭ ਤੋਂ ਪਹਿਲਾਂ ਉਸ ਨੇ ਲੈਟਰੀਨ ਬਣਾਉਣ ਦੀ ਸੋਚੀ। ਕਿਸੇ ਨੇ ਦੱਸਿਆ ਜੇ ਡੱਗ ਬਣਾਈ ਤਾਂ ਸਮੈੱਲ ਆਉਂਦੀ ਰਹੇਗੀ। ਸੰਘੋਲ ਕੁਝ ਬੰਦੇ ਸਨ, ਜਿਹੜੇ ਨਵੀਂ ਤਕਨੀਕ ਨਾਲ਼ ਡੂੰਘੀ ਗਰਕੀ ਪੁੱਟ ਲੈਂਦੇ ਸਨ। ਉਨ੍ਹਾਂ ਨੂੰ ਪਰੇਮ ਨੇ ਹੀ ਬੁਲਾ ਲਿਆ। ਇਕ ਬੰਦੇ ਨੇ ਕੱਪੜੇ ਖੋਲ੍ਹ ਕੇ ਲੰਗੋਟ ਕਸ ਲਿਆ। ਜਿੱਥੇ ਇਹ ਗਰਕੀ ਪੁੱਟਣੀ ਸੀ, ਉਸ ਨੇ ਢਾਈ ਕੁ ਫੁੱਟ ਵਿਆਸ ਦਾ ਇਕ ਚੱਕਰ ਲਾ ਕੇ ਉੱਤੇ ਗੁੜ ਅਤੇ ਚੌਲ਼ ਰੱਖ ਕੇ ਤੇਲ ਚੋਇਆ। ਚਿਰਾਗ ਬਾਲ ਕੇ ਦੇਵ ਨੂੰ ਦਸ ਰੁਪਏ ਦਾ ਮੱਥਾ ਟੇਕਣ ਲਈ ਕਿਹਾ। ਉਹ ਕਿਸੇ ਸ਼ਕਤੀ ਨੂੰ ਧਿਆਉਂਦਾ ਸੀ ਤੇ ਉਸ ਦਾ ਇਹ ਵਿਸ਼ਵਾਸ ਸੀ ਕਿ ਸਾਰਾ ਕੰਮ ਨਿਰਵਿਘਨ ਖ਼ਤਮ ਹੋਵੇਗਾ। ਉਹ ਬਾਟੀ ਨਾਲ਼ ਮਿੱਟੀ ਖੁਰਚਣ ਲੱਗ ਗਿਆ ਤੇ ਚੂਹੇ ਵਾਂਗ ਹੇਠ ਨੂੰ ਜਾਣ ਲੱਗਾ। ਉੱਪਰ ਖੜ੍ਹਾ ਬੰਦਾ ਰੱਸੇ ਨਾਲ਼ ਬੰਨ੍ਹੀ ਬਾਲਟੀ ਝਮਕਾ ਦਿੰਦਾ। ਬਾਲਟੀ ਭਰ ਜਾਂਦੀ ਤਾਂ ਗਰਕੀ' ਚੋਂ ਅਵਾਜ਼ ਆਉਂਦੀ, ਉਹ ਬਾਲਟੀ ਉੱਤੇ ਖਿੱਚ ਲੈਂਦਾ। ਉਹ ਬੰਦਾ ਤੇਰਾਂ-ਚੌਦਾਂ ਫੁੱਟ ਡੂੰਘਾਈ ਤੇ ਜਾ ਪੁੱਜਾ। ਉਹ ਅੰਦਰ ਹਨੇਰੇ ਵਿਚ ਬੈਠਾ ਸੀ। ਦੇਵ ਨੂੰ ਘਬਰਾਹਟ ਹੋਣ ਲੱਗੀ ਕਿ ਕੋਈ ਢਿਗ ਡਿਗ ਪਈ ਤਾਂ ਉਹ ਹੇਠ ਦਬ ਕੇ ਹੀ ਮਰ ਜਾਵੇਗਾ। ਜੋ ਚਾਰ ਛਿੱਲੜ ਉਸ ਕੋਲ਼ ਸਨ, ਉਹ ਪੁਲ਼ਸ ਦੇ ਢਿੱਡ ਵਿਚ ਚਲੇ ਜਾਣਗੇ। ਉਸ ਨੇ ਸ਼ੁਕਰ ਕੀਤਾ ਜਦੋਂ ਉਹ ਹੱਸਦਾ ਹੋਇਆ ਬਾਹਰ ਨਿਕਲ਼ ਆਇਆ। ਪਿੰਡੇ ਉੱਤੇ ਆਏ ਪਸੀਨੇ ਨਾਲ਼ ਚੁੰਬੜੀ ਮਿੱਟੀ ਨਾਲ਼ ਉਹ ਭੂਤ ਹੀ ਨਜ਼ਰ ਆ ਰਿਹਾ ਸੀ। ਦੇਵ ਦੀ ਬੇਬੇ ਬੋਲੀ, 'ਧੰਨਾ ਆ ਵੇ ਪੁੱਤਾ ਤੇਰੀ ਕਮਾਈ।'

ਮਿਸਤਰੀ ਵੀ ਪਰੇਮ ਨੇ ਹੀ ਲੱਭ ਦਿੱਤਾ। ਜਿਸ ਦਿਨ ਲੋੜ ਹੁੰਦੀ ਦੇਵ ਸਕੂਲੋਂ ਛੁੱਟੀ ਲੈ ਲੈਂਦਾ। ਦਿਨ ਵੇਲ਼ੇ ਉਸ ਦੀ ਬੇਬੇ ਮਿਸਤਰੀ ਦੇ ਸਿਰ ਤੇ ਖੜ੍ਹੀ ਰਹਿੰਦੀ। ਸ਼ਾਮ ਵੇਲੇ ਉਹ ਸੜਕ ਤੋਂ ਰੇਤਾ, ਬਜ਼ਰੀ ਤੇ ਇੱਟਾਂ ਢੋਅ ਕੇ ਪਲਾਟ ਵਿਚ ਰੱਖ ਲੈਂਦੇ। ਡੇਢ ਦੋ ਮਹੀਨੇ ਵਿਚ ਦੋ ਕਮਰੇ, ਬਾਥਰੂਮ, ਲੈਟਰੀਨ ਸਭ ਤਿਆਰ ਹੋ ਗਏ। ਪੱਕੇ ਫਰਸ਼ ਲਗਵਾ ਕੇ ਦੇ ਵ ਨੇ ਆਪ ਹੀ ਕੰਧਾਂ ਤੇ ਛੱਤਾਂ ਪੇਂਟ ਕਰ ਦਿੱਤਾ। ਬਾਹਰ ਵਾਲ਼ਾ ਗੇਟ ਕਵਾੜੀਏ ਨੂੰ ਚੁਕਵਾ ਕੇ ਨਵਾਂ ਲਗਵਾ ਦਿੱਤਾ। ਕਮਰੇ ਦੇ ਉੱਪਰ ਟੈਂਕੀ ਰਖਵਾ ਕੇ ਮੋਟਰ ਵੀ ਲਗਵਾ ਦਿੱਤੀ। ਘਰ ਦੀ ਦਿੱਖ ਹੀ ਬਦਲ ਗਈ। ਦੇਵ ਦਾ ਮਨ ਮੁੰਡੀ ਖਰੜ ਵਾਲ਼ੀ ਅੰਜਨਾ ਦੇ ਸੁਹੱਪਣ ਤੇ ਹੀ ਅਟਕਿਆ ਹੋਇਆ ਸੀ। ਸਾਰਾ ਕੁਝ ਮੁਕੰਮਲ ਕਰ ਕੇ ਉਸ ਨੇ ਮਹਿਸੂਸ ਕੀਤਾ ਕਿ ਫਰਿਯਾਦ ਸ਼ੀਰੀ ਤੱਕ ਅੱਪੜਨ ਹੀ ਵਾਲ਼ਾ ਸੀ। ਇਕ ਦਿਨ ਉਹ ਮੁੜ ਹਰੀ ਚੰਦ ਕੋਲ਼ ਗਿਆ ਤੇ ਬੋਲਿਆ, 'ਵੀਰ ਜੀ, ਹੁਣ ਫੌਜੀ ਸਾਹਬ ਨੂੰ ਕਹੋ, ਆ ਕੇ ਦੇਖੇ ਮੇਰਾ ਘਰ। ਹਰ ਸਹੂਲਤ ਜੁਟਾ ਦਿੱਤੀ ਏ। ਉਸ ਬੰਦੇ ਨੇ ਮੇਰੇ ਆਰ ਮਾਰੀ ਤਾਂ ਮੈਂ ਜਾਗਿਆ। ਹੁਣ ਉਸ ਕੁੜੀ ਨੂੰ ਮੈਂ ਹਰ ਹੀਲੇ ਵਿਆਹਵਾਂਗਾ।'

'ਕੋਈ ਨਾ ਦੇਵ ਤੂੰ ਬੈਠ। ਚਾਹ ਪੀ ਪਹਿਲਾਂ।' ਹਰੀ ਚੰਦ ਨੇ ਕਿਹਾ।

ਬਰਫ਼ੀ ਨਾਲ਼ ਉਸ ਨੇ ਚਾਹ ਪੀਤੀ ਤੇ ਆਪਣੇ ਮਕਾਨ ਦੀਆਂ ਸਿਫ਼ਤਾਂ ਕਰਦਾ ਰਿਹਾ। ਇਹ ਵੀ ਦੱਸਿਆ ਕਿ ਬਜਾਜ ਸਕੂਟਰ ਖਰੀਦਣ ਲਈ ਉਸ ਨੇ ਤਿੰਨ ਹਜ਼ਾਰ ਰੁਪਏ ਦੇ ਬਰਾਬਰ ਜਮ੍ਹਾਂ ਕਰਵਾ ਦਿੱਤੀ ਸੀ। ਚਾਹ ਪੀਣ ਮਗਰੋਂ ਹਰੀ ਚੰਦ ਬੋਲਿਆ, 'ਦੇਵ ਹੁਣ ਤੈਨੂੰ ਕੁੜੀਆਂ ਦਾ ਕੋਈ ਘਾਟਾ ਨਹੀਂ। ਫੌਜੀ ਦੀ ਕੁੜੀ ਕਿਹੜਾ ਸੁੱਖੀ ਹੋਈ ਏ ਆਪਾਂ?'

'ਨਹੀਂ ਵੀਰ ਜੀ, ਜਿੰਨੀ ਦੇਰ ਮੈਂ ਮਕਾਨ ਪਾਉਂਦਾ ਰਿਹਾ ਏਂ, ਉਹ ਮੇਰੀਆਂ ਅੱਖਾਂ ਅੱਗੇ ਘੁੰਮੀ ਗਈ ਏ। ਮੈਂ ਤੁਹਾਨੂੰ ਦੱਸ ਦਿਆਂ ਮੈਂ ਮਨ ਵਿਚ ਧਾਰ ਲਈ ਏ ਕਿ ਹੁਣ ਵਿਆਹ ਤਾਂ ਉਸੇ ਨਾਲ਼ ਕਰਵਾਵਾਂਗਾ।'

'ਦੇਵ ਦਰਅਸਲ... ਛੋਟੇ ਭਾਈ.... ਉਹ ਗੱਡੀ ਤਾਂ ਹੁਣ ਲੰਘ ਗਈ ਏ।'

'ਲੰਘ ਗਈ? ਕੀ ਮਤਲਬ?'

'ਉਸ ਕੁੜੀ ਦਾ ਰਿਸ਼ਤਾ ਤਾਂ ਕਿਸੇ ਡੰਗਰ ਡਾਕਟਰ ਨਾਲ਼ ਹੋ ਗਿਆ ਏ।' ਹਰੀ ਚੰਦ ਨੇ ਕਿਹਾ ਤਾਂ ਦੇਵ ਉੱਤੇ ਜਿਵੇਂ ਬਿੱਜ ਆ ਪਈ।

**00**

# ਇਕ ਸੌ ਸੋਲ਼ਾਂ

ਅਧਿਆਪਕਾਂ ਦੀਆਂ ਆਮ ਬਦਲੀਆਂ ਸਮੇਂ ਇਕ ਦਿਨ ਹੈੱਡਮਾਸਟਰ ਖੇਮ ਸਿੰਘ ਅਤੇ ਹਰਨੇਕ ਸਿੰਘ ਸਮਰਾਲ਼ੇ ਦੇ ਖ਼ਜ਼ਾਨਾ ਦਫ਼ਤਰ ਵਿਚ ਗਏ ਹੋਏ ਸਨ। ਦੇਵ ਇੰਚਾਰਜ ਸੀ ਤੇ ਦਫ਼ਤਰ ਵਿਚ ਬੈਠਾ ਛੁੱਟੀ ਤੇ ਗਏ ਅਧਿਆਪਕਾਂ ਦੇ ਪੀਰਡ ਅਡਜਸਟ ਕਰ ਰਿਹਾ ਸੀ। ਦਫ਼ਤਰ ਵਿਚ ਇਕ ਕੁੜੀ ਜਿਸ ਦਾ ਨਾਂ ਪਰਵਿੰਦਰ ਪਾਹਵਾ ਸੀ, ਐਸ. ਐਸ. ਦੀ ਖਾਲੀ ਅਸਾਮੀ ਵਿਰੁੱਧ ਜੁਐਨ ਕਰਨ ਲਈ ਆ ਗਈ। ਦੇਸ ਰਾਜ ਨਾਂ ਦਾ ਉਸ ਦਾ ਪਿਓ ਵੀ ਉਸ ਦੇ ਨਾਲ਼ ਸੀ। ਦੇਵ ਨੇ ਦੋਨਾਂ ਨੂੰ ਬੈਠਣ ਲਈ ਕਿਹਾ। ਉਹ ਪਹਿਲਾਂ ਹੀ ਇਹ ਗੱਲ ਪਤਾ ਕਰ ਆਏ ਸਨ ਕਿ ਅੱਜ ਦੇਵ ਇੰਚਾਰਜ ਸੀ ਤੇ ਉਹ ਦੋਰਾਹੇ ਤੋਂ ਆਉਂਦਾ ਸੀ। ਉਨ੍ਹਾਂ ਨੂੰ ਧੁੜਕੂ ਸੀ ਕਿ ਸ਼ਾਇਦ ਹੈਡਮਾਸਟਰ ਦੀ ਗੈਰਹਾਜ਼ਰੀ ਵਿਚ ਦੇਵ ਉਸ ਨੂੰ ਜੁਐਨ ਹੀ ਨਾ ਕਰਵਾਏ। ਪਿਓ ਧੀ ਦੋਨੋਂ ਬੈਠ ਗਏ ਤਾਂ ਦੇਵ ਨੇ ਹੀਰਾ ਸਿੰਘ ਨੂੰ ਕਹਿ ਕੇ ਪਾਣੀ ਮੰਗਵਾਇਆ। ਫਿਰ ਪਰਵਿੰਦਰ ਨੂੰ ਕਿਹਾ, 'ਤੁਸੀਂ ਕਿਹੜੇ ਸਕੂਲੋਂ ਆਏ ਹੋ?'

'ਜੀ ਕੂਮ ਕਲਾਂ... ਸਾਡੀ ਰਿਹਾਇਸ਼ ਦੋਰਾਹੇ ਹੀ ਹੈ।'

'ਚਲੋ, ਫੇਰ ਤਾਂ ਤੁਸੀਂ ਨੇੜੇ ਆ ਗਏ ਘਰ ਦੇ।'

'ਦੋਰਾਹੇ ਤੁਹਾਡਾ ਮਕਾਨ ਕਿਸ ਪਾਸੇ ਹੈ ਜੀ?' ਦੇਸ ਰਾਜ ਨੇ ਪੁੱਛਿਆ।

'ਦਸਮੇਸ਼ ਨਗਰ ਵਿਚ ਏ... ਰੇਲਵੇ ਰੋਡ ਦੇ ਲਾਗੇ ਹੀ।'

'ਦਸਮੇਸ਼ ਨਗਰ ਵਿਚ ਹੀ ਸਾਡਾ ਏ... ਮੁੰਨੀ ਲਾਲ ਦੀ ਚੱਕੀ ਕੋਲ਼।' ਉਸ ਨੇ ਦੱਸਿਆ।

'ਠੀਕ ਏ ਜੀ... ਹੁਣ ਤਾਂ ਮਕਾਨ ਬਹੁਤ ਪੈ ਗਏ ਉਸ ਪਾਸੇ।'

'ਤੁਹਾਡੇ ਮਿਸਿਜ਼ ਵੀ ਸਰਵਿਸ ਵਿਚ ਨੇ?' ਉਸ ਨੇ ਪੁੱਛਿਆ।

'ਕੀ ਪਤਾ ਜੀ ਮਿਸਿਜ਼ ਦਾ। ਰੱਬ ਹੀ ਜਾਣਦਾ ਏ।' ਦੇਵ ਹੱਸਿਆ।

'ਕਿਉਂ ਜੀ ਕੀ ਗੱਲ ਹੋ ਗਈ?'

'ਜੀ ਮਿਸਿਜ਼ ਅਜੇ ਕੋਈ ਮਿਲੀ ਹੀ ਨਹੀਂ।' ਦੇਵ ਨੇ ਕਿਹਾ ਤਾਂ ਉਹ ਦੋਨੋਂ ਹੱਸ ਪਏ
।

'ਸਰ, ਤੁਸੀਂ ਮੈਨੂੰ ਜੁਐਨ ਕਰਵਾ ਲਵੋਗੇ?' ਪਰਵਿੰਦਰ ਨੇ ਪੁੱਛਿਆ।

'ਕਿਉਂ ਨਹੀਂ? ਜੇ ਤੁਸੀਂ ਐਂਡੋਰਸਮੈਂਟ ਕਰਵਾ ਦਿੱਤੀ ਏ, ਜ਼ਰੂਰ ਕਰਵਾਵਾਂਗਾ।'

'ਸਰ, ਅਸੀਂ ਸਿੱਧੇ ਡੀ. ਈ. ਓ. ਦਫ਼ਤਰ ਤੋਂ ਹੀ ਆ ਰਹੇ ਹਾਂ।' ਉਹ ਦੇਵ ਨੂੰ ਆਪਣੀ ਫਾਈਲ ਫੜਾਉਂਦੀ ਬੋਲੀ।

ਫਾਈਲ ਖੋਲ੍ਹ ਕੇ ਦੇਵ ਉਸ ਵਿਚ ਲਾਏ ਸਾਰੇ ਪੇਪਰ ਹੌਲੀ-ਹੌਲੀ ਫਰੋਲਣ ਲੱਗ ਪਿਆ। ਉਸ ਨੇ ਬੀ. ਏ. ਬੀ. ਐਡ ਦੇ ਸਾਰੇ ਸਰਟੀਫਿਕੇਟਾਂ ਦੀਆਂ ਕਾਪੀਆਂ ਤੇ ਹੋਰ ਕਈ ਸਰਟੀਫਿਕੇਟ ਉਸ ਵਿਚ ਲਾਏ ਹੋਏ ਸਨ। ਦਰਅਸਲ ਇਹ ਉਸ ਦੀ ਪਰਸੋਨਾਲ਼ ਫਾਈਲ ਸੀ, ਜਿਸ ਤੋਂ ਦੇਵ ਨੂੰ ਉਸ ਬਾਰੇ ਸਾਰੀ ਜਾਣਕਾਰੀ ਮਿਲ ਗਈ। ਉਸ ਨੂੰ ਨੌਕਰੀ ਵਿਚ ਆਈ ਨੂੰ ਪੰਜ ਸਾਲ ਹੋ ਗਏ ਸਨ। ਦੇਵ ਨੇ ਸੋਚਿਆ ਕਿ ਅੱਜ ਹੀ ਉਹ ਸਕੂਲ ਵਿਚ ਉਸ ਤੋਂ ਸੀਨੀਅਰ ਹੋ ਜਾਵੇਗੀ। ਦੇਵ ਨੂੰ ਉਸ ਨੇ ਆਪਣੀ ਬਦਲੀ ਦੇ ਆਰਡਰ ਦੇਣੇ ਸਨ ਤੇ ਘਬਰਾਹਟ ਵਿਚ ਹੀ ਇਹ ਫ਼ਾਈਲ ਫੜਾ ਦਿੱਤੀ ਸੀ।

'ਪਰ ਤੁਹਾਡੇ ਆਰਡਰ ਤਾਂ ਇਸ ਫਾਈਲ ਵਿਚ ਹੈ ਨਹੀਂ।' ਉਹ ਬੋਲਿਆ।

'ਸੌਰੀ, ਮੈਂ ਦੂਜੀ ਫਾਇਲ ਫੜਾ ਦਿੱਤੀ।'

ਆਰਡਰ ਤਾਂ ਉਸ ਦੇ ਫਾਦਰ ਦੇ ਬੈਗ ਵਿਚ ਸਨ, ਜੋ ਉਸ ਨੇ ਕੱਢ ਕੇ ਫੜਾ ਦਿੱਤੇ । ਦੇਵ ਨੇ ਬਾਬੂ ਜੀ ਨੂੰ ਸੱਦ ਕੇ ਉਸ ਨੂੰ ਜੁਐਨ ਕਰਵਾਉਣ ਦੀ ਕਾਰਵਾਈ ਮੁਕੰਮਲ ਕਰ ਲਈ। ਉਨ੍ਹਾਂ ਨੂੰ ਚਾਹ ਪਿਲਾਉਂਦਿਆਂ ਦੇਵ ਨੇ ਪੁੱਛਿਆ, 'ਤੁਹਾਡੇ ਹਸਬੈਂਡ ਵੀ ਸਰਵਿਸ ਵਿਚ ਨੇ?'

'ਨਹੀਂ, ਮਾਸਟਰ ਜੀ, ਅਜੇ ਬੀਬੀ ਦੀ ਮੈਰਿਜ਼ ਨਹੀਂ ਕੀਤੀ।' ਦੇਸ ਰਾਜ ਬੋਲਿਆ।

ਜਾਣ ਤੋਂ ਪਹਿਲਾਂ ਦੇਸ ਰਾਜ ਨੇ ਦੇਵ ਨੂੰ ਪੁੱਛਿਆ ਕਿ ਜੇ ਉਹ ਚਲਾ ਜਾਵੇ ਤਾਂ ਪਰਵਿੰਦਰ ਨੂੰ ਉਹ ਨਾਲ਼ ਲੈ ਆਵੇਗਾ? ਦੇਵ ਕੋਲ਼ ਵੀ ਸਾਇਕਲ ਹੀ ਸੀ, ਫਿਰ ਵੀ ਉਸ ਨੇ 'ਹਾਂ' ਕਹਿ ਕੇ ਉਸਨੂੰ ਤੋਰ ਦਿੱਤਾ। ਤ੍ਰਿਪਤ ਕੋਲ਼ ਸਕੂਟਰ ਸੀ ਪਰ ਦੇਵ ਚਾਹੁੰਦਾ ਸੀ ਕਿ ਪਰਵਿੰਦਰ ਉਸੇ ਨਾਲ਼ ਸਾਇਕਲ ਤੇ ਜਾਵੇ। ਇਹੀ ਕਾਰਨ ਸੀ ਕਿ ਉਹ ਛੁੱਟੀ ਹੋਣ ਮਗਰੋਂ ਕੁਝ ਦੇਰ ਦਫ਼ਤਰ ਵਿਚ ਹੀ ਬੈਠਾ ਰਿਹਾ। ਪਰਵਿੰਦਰ ਵੀ ਉੱਥੇ ਹੀ ਕੁਰਸੀ ਤੇ ਬੈਠੀ ਰਹੀ। ਜਦੋਂ ਸਾਰੇ ਚਲੇ ਗਏ ਤਾਂ ਉਹ ਉੱਠਿਆ ਤੇ ਬੋਲਿਆ, 'ਚਲੋ ਜੀ ਚੱਲੀਏ ਆਪਾਂ ਵੀ।'

'ਹਾਂ ਸਰ ਚੱਲੋ। ਕੱਲ੍ਹ ਤੋਂ ਮੈਂ ਵੀ ਸਾਇਕਲ ਤੇ ਆ ਜਾਇਆ ਕਰਾਂਗੀ। ਅੱਜ ਦਾ ਦਿਨ ਤੁਸੀਂ ਕਸ਼ਟ ਸਹਿ ਲੈਣਾ।' ਉਹ ਬੋਲੀ।

'ਨਹੀਂ ਪਰਵਿੰਦਰ... ਇਹ ਕਾਹਦਾ ਕਸ਼ਟ ਏ।'

ਉਹ ਸਾਇਕਲ ਚੁੱਕਣ ਗਿਆ ਤਾਂ ਹੀਰਾ ਸਿੰਘ ਉਸ ਕੋਲ਼ ਆ ਗਿਆ ਤੇ ਬੋਲਿਆ, 'ਦੇਵ ਮਾਸਟਰ ਜੀ, ਇਕ ਗੱਲ ਕਹਾਂ, ਬੁਰਾ ਤਾਂ ਨਹੀਂ ਮਨਾਓਗੇ?'

'ਹੀਰਾ ਸਿਆਂ ਤੇਰਾ ਕੀ ਬੁਰਾ ਮਨਾਉਣਾ ਆਪਾਂ? ਕਹਿ।'

'ਹੈ ਕੋਈ ਐਨੀ ਸੁਹਣੀ ਆਪਣੇ ਸਟਾਫ਼' ਚ?'

'ਇਹ ਤੂੰ ਕਿਉਂ ਪੁੱਛ ਰਿਹਾ ਏਂ?'

'ਫਸਾਓ, ਵਿਆਹ ਕਰਾਓ ਤੇ ਵਿਹਲੇ ਹੋਵੋ।' ਉਹ ਹੱਸਿਆ।

ਚੱਲ, ਬਦਮਾਸ਼ ਨਾ ਹੋਵੇ ਤਾਂ।' ਦੇਵ ਨੇ ਉਸਨੂੰ ਮਿੱਠੀ ਝਿੜਕੀ ਮਾਰੀ ਤੇ ਸਾਇਕਲ

ਚੁੱਕ ਗੇਟ ਕੋਲ਼ ਪਹੁੰਚ ਗਿਆ।

ਸਕੂਲ' ਚੋਂ ਨਿਕਲ਼ ਜਦੋਂ ਉਹ ਸਾਇਕਲ ਤੇ ਚੜ੍ਹਿਆ ਤੇ ਪਰਵਿੰਦਰ ਪਿੱਛੇ ਬੈਠ ਗਈ ਤਾਂ ਹੀਰਾ ਸਿੰਘ ਦੀ ਅਵਾਜ਼ ਆਈ। 'ਦੇਵ ਮਾਸਟਰ ਜੀ, ਯਾਦ ਰੱਖਿਓ ਮੇਰੀ ਗੱਲ। ਨਹੀਂ ਤਾਂ ਪਛਤਾਓਗੇ।'

'ਕੀ ਕਹਿੰਦਾ ਸੀ ਚਪੜਾਸੀ?' ਥੋੜ੍ਹੀ ਦੂਰ ਜਾ ਕੇ ਪਰਵਿੰਦਰ ਬੋਲੀ।

'ਬੱਸ ਐਵੇਂ ਬਦਮਾਸ਼ੀ ਕਰਦਾ ਸੀ। ਸਾਡੇ ਪਿੰਡ ਵਿਆਹਿਆ ਹੋਇਆ ਏ। ਦਿਲ ਲਗੀ ਕਰ ਲੈਂਦਾ ਏ।' ਉਸ ਨੇ ਦੱਸਿਆ।

'ਮੇਰੇ ਬਾਰੇ ਕਹਿੰਦਾ ਸੀ ਕੁਛ?'

'ਕਹਿੰਦਾ ਤਾਂ ਤੁਹਾਡੇ ਬਾਰੇ ਹੀ ਸੀ, ਪਰ ਜੇ ਤੁਹਾਨੂੰ ਦੱਸਿਆ ਤੁਸੀਂ ਉਹਦੇ ਨਾਲ਼ ਲੜਾਈ ਕਰ ਲਵੋਗੇ।'

ਉਹ ਚੁੱਪ ਕਰ ਗਈ। ਕੁਝ ਦੂਰੀ ਤੇ ਜਾ ਕੇ ਦੇਵ ਨੇ ਪੁੱਛਿਆ, 'ਕੁੰਮਕਲਾਂ ਤੋਂ ਦੋਰਾਹੇ ਰੋਜ਼ ਆਉਂਦੇ ਸੀ ਤੁਸੀਂ?'

'ਨਹੀਂ ਸਰ, ਉੱਥੇ ਹੀ ਰਿਹਾਇਸ਼ ਕੀਤੀ ਹੋਈ ਸੀ।'

'ਹੁਣ ਤਾਂ ਸਮਝੋ ਮੌਜ ਬਣ ਗਈ। ਛੇ ਸੱਤ ਕਿਲੋਮੀਟਰ ਜਾਣਾ ਤਾਂ ਸੈਰ ਹੀ ਹੁੰਦੀ ਏ।'

'ਹਾਂ ਜੀ, ਤੁਹਾਡੇ ਨਾਲ਼ ਆ ਜਾਇਆ ਕਰਾਂਗੀ।'

'ਠੀਕ ਏ, ਮੈਂ ਤਾਂ ਤੁਹਾਨੂੰ ਸਾਇਕਲ ਤੇ ਲਿਆ ਕੇ ਖੁਸ਼ ਹੋਵਾਂਗਾ।'

'ਨਹੀਂ ਸਰ, ਸਾਇਕਲ ਤਾਂ ਮੇਰਾ ਹੀ ਹੋਵੇਗਾ। ਮੇਰਾ ਮਤਲਬ ਆਪਾਂ ਇਕੱਠੇ ਆ ਜਾਇਆ ਕਰਾਂਗੇ।'

'ਤੁਸੀਂ ਕੱਲ੍ਹ ਤੋਂ ਡਿਸਪੈਂਸਰੀ ਵਾਲ਼ੇ ਮੋੜ ਤੇ ਰੁਕ ਜਾਇਆ ਕਰਨਾ।'

'ਠੀਕ ਏ ਜੀ।'

ਕਿਸ਼ਤੀ ਵਾਲ਼ੇ ਨਲਕੇ ਤੇ ਪਾਣੀ ਪੀਣ ਲਈ ਉਹ ਰੁਕ ਗਏ। ਉਹ ਬੋਲੀ, 'ਸਰ ਪਲੀਜ਼ ਦੱਸ ਦਿਓ ਚਪੜਾਸੀ ਕੀ ਕਹਿੰਦਾ ਸੀ?'

'ਜੇ ਉਸ ਨੂੰ ਕੁਛ ਨਾ ਕਹੋ, ਦੱਸ ਦਿੰਦਾ ਹਾਂ।' ਉਹ ਹੱਸਿਆ।

'ਠੀਕ ਏ ਸਰ।'

'ਉਹ ਕਹਿੰਦਾ ਸੀ, ਆਪਣੇ ਸਕੂਲ ਵਿਚ ਸਭ ਤੋਂ ਸੁਹਣੀ ਮਾਸਟਰਨੀ ਆ ਗਈ ਏ ।'

'ਸੁਹਣੀ ਮਾਸਟਰਨੀ? ਮੈਂ ਕਿੱਥੇ ਸੁਹਣੀ ਹਾਂ ਸਰ?'

'ਹਰ ਸੁਹਣੀ ਕੁੜੀ ਇਹੋ ਕਿਹਾ ਕਰਦੀ ਏ ਪਰਵਿੰਦਰ।' ਦੇਵ ਨੇ ਕਿਹਾ ਤਾਂ ਉਹ ਸੰਗ ਗਈ ਤੇ ਦੂਜੇ ਕੰਢੇ ਤੋਂ ਪੰਜ-ਸੱਤ ਬੰਦਿਆਂ ਨੂੰ ਲਿਆ ਰਹੀ ਕਿਸ਼ਤੀ ਵੱਲ ਦੇਖਣ ਲੱਗ ਪਈ। ਕਿਸ਼ਤੀ ਕੰਢੇ ਲੱਗੀ ਤਾਂ ਉਹ ਬੋਲੀ, 'ਚੱਲੀਏ ਸਰ?'

'ਨਹਿਰ ਦੇ ਪਾਰ?'

'ਨਹੀਂ ਸਰ ਘਰ।'

'ਘਰ ਕੀ ਕਰਾਂਗੇ ਜਾ ਕੇ। ਕਿਸ਼ਤੀ ਦੇ ਦੋ ਗੇੜੇ ਲਾਉਂਦੇ ਹਾਂ।'

'ਨਹੀਂ ਸਰ, ਪਲੀਜ਼ ਚੱਲੋ ਘਰ।'

'ਚਲਦੇ ਹਾਂ, ਕਿਹੜੀ ਕਾਹਲੀ ਏ? ਪਰਵਿੰਦਰ ਆਪਾਂ ਕੋਈ ਵੀ ਚੀਜ਼ ਦੇਖੀਏ, ਮਨ ਵਿਚ ਕੋਈ ਨਾ ਕੋਈ ਵਿਚਾਰ ਆਉਂਦਾ ਏ। ਤੁਸੀਂ ਦੱਸੋ ਕਿਸ਼ਤੀ ਨੂੰ ਦੇਖ ਕੇ ਤੁਹਾਨੂੰ ਕੀ ਵਿਚਾਰ ਆਇਆ?'

'ਕਿਸ਼ਤੀ ਦੇਖ ਕੇ ਵਿਚਾਰ?' ਉਹ ਹੱਸੀ।

'ਹੱਸਣ ਵਾਲ਼ੀ ਗੱਲ ਨਹੀਂ, ਇਹ ਸੀਰੀਅਸ ਸਵਾਲ ਏ ਤੁਹਾਨੂੰ।'

'ਸਰ ਤੁਸੀਂ ਹੀ ਦੱਸ ਦਿਓ, ਤੁਹਾਨੂੰ ਕੀ ਵਿਚਾਰ ਆਇਆ?'

'ਕੌਣ ਪਸੰਦ ਕਰੇਗਾ ਕਿਸ਼ਤੀ ਬਣਨਾ ਪਰਵਿੰਦਰ ਜੀ? ਇੰਝ ਘੁੰਮਦੀ ਦਾ ਹੀ ਸਾਰਾ ਜੀਵਨ ਬਤੀਤ ਹੋ ਜਾਵੇਗਾ ਤੇ ਕਿਸੇ ਦਿਨ ਇਸ ਨੂੰ ਕੰਡਮ ਸਮਝ ਕੇ ਕੰਢੇ ਉੱਤੇ ਕੱਢ ਕੇ ਰੱਖ ਦਿੱਤਾ ਜਾਵੇਗਾ। ਫਿਰ ਇਹ ਨਵੀਂ ਕਿਸ਼ਤੀ ਨੂੰ ਆਉਂਦੀ ਜਾਂਦੀ, ਮੁਸਾਫ਼ਰਾਂ ਨੂੰ ਢੋਂਹਦੀ ਤੇ ਪਾਣੀ ਉੱਤੇ ਤੈਰਦੀ ਨੂੰ ਦੇਖਦੀ ਰਹੇਗੀ। ਹੈ ਨਾ ਬੇਕਾਰ ਜੀਵਨ?'

'ਬੇਕਾਰ ਨਹੀਂ, ਇਸ ਦਾ ਸਾਰਾ ਜੀਵਨ ਤਾਂ ਲੇਖੇ ਲੱਗ ਰਿਹਾ ਏ ਸਰ। ਕਿੰਨੇ ਹੀ ਲੋਕਾਂ ਨੂੰ ਨਿੱਤ ਪਾਰ ਲੰਘਾਉਂਦੀ ਏ।' ਉਹ ਬੋਲੀ।

'ਜੇ ਬੰਦੇ ਵੀ ਆਪਣੀ ਥਾਂ ਦੂਜਿਆਂ ਦੇ ਕੰਮ ਆਉਣ ਦੀ ਗੱਲ ਸੋਚਣ ਲੱਗ ਜਾਣ ਤਾਂ ਦੁਨੀਆਂ ਕਿੰਨੀ ਵਧੀਆ ਬਣ ਜਾਵੇ।' ਦੇਵ ਨੇ ਕਿਹਾ।

ਦੇਵ ਨੇ ਸਾਇਕਲ ਤੋਰਿਆ ਤਾਂ ਪਰਵਿੰਦਰ ਮੁੜ ਉਸ ਦੇ ਮਗਰ ਬੈਠ ਗਈ। ਉਹ ਦੇਵ ਨੂੰ ਆਪਣੀ ਵਿੱਥਿਆ ਦੱਸਣ ਲੱਗ ਪਈ। ਉਸ ਦੀਆਂ ਤਿੰਨ ਭੈਣਾਂ ਕਾਲਜ ਵਿਚ ਪੜ੍ਹਦੀਆਂ ਸਨ। ਉਸ ਦੇ ਪਿਤਾ ਦੇਸ ਰਾਜ ਦੀ ਕਰਿਆਨੇ ਦੀ ਦੁਕਾਨ ਸੀ। ਦੁਕਾਨ ਤੋਂ ਐਨੀ ਕਮਾਈ ਨਹੀਂ ਸੀ ਕਿ ਘਰ ਦਾ ਖਰਚ ਤੁਰ ਸਕੇ। ਸਭ ਪਰਵਿੰਦਰ ਦੇ ਸਿਰ ਹੀ ਸੀ। ਇਸੇ ਲਈ ਉਹ ਹੁਣ ਤੱਕ ਵਿਆਹ ਕਰਵਾਉਣ ਲਈ ਨਹੀਂ ਸੀ ਮੰਨੀ ਕਿ ਉਸ ਦਾ ਵਿਆਹ ਹੋਣ ਮਗਰੋਂ ਤਾਂ ਘਰ ਦੀ ਗੱਡੀ ਹੀ ਖੜ੍ਹ ਜਾਵੇਗੀ।

'ਪਰਵਿੰਦਰ ਤੁਹਾਨੂੰ ਅਜਿਹਾ ਜੀਵਨ ਸਾਥੀ ਵੀ ਮਿਲ ਸਕਦਾ ਹੈ ਜਿਹੜਾ ਵਿਆਹ ਮਗਰੋਂ ਵੀ ਘਰ ਦੀ ਸਹਾਇਤਾ ਕਰਨੋਂ ਤੁਹਾਨੂੰ ਨਾ ਰੋਕੇ।'

'ਸਰ, ਇਹ ਗੱਲ ਤਾਂ ਬਿਲਕੁਲ ਅਸੰਭਵ ਹੈ।' ਉਹ ਬੋਲੀ।

ਦੇਵ ਇਹ ਗੱਲ ਸੋਚਦਾ ਤਾਂ ਸੀ ਕਿ ਜੇ ਉਹ ਉਸ ਦਾ ਜੀਵਨ ਸਾਥੀ ਬਣ ਜਾਵੇ ਤਾਂ ਉਹ ਨਹੀਂ ਰੋਕੇਗਾ, ਪਰ ਇਹ ਗੱਲ ਪਰਵਿੰਦਰ ਨੂੰ ਕਹਿਣ ਲਈ ਉਹ ਹੌਸਲਾ ਨਾ ਜੁਟਾ ਸਕਿਆ। ਉਸ ਦੀਆਂ ਗੱਲਾਂ ਸੁਣ ਕੇ ਦੇਵ ਦੇ ਦਿਲ ਵਿਚ ਪਰਵਿੰਦਰ ਪ੍ਰਤੀ ਕਾਫ਼ੀ ਮੋਹ ਪੈਦਾ ਹੋ ਗਿਆ ਸੀ। ਇਹੀ ਕਾਰਨ ਸੀ ਕਿ ਉਹ ਗਈ ਰਾਤ ਤੱਕ ਪਰਵਿੰਦਰ ਬਾਰੇ ਹੀ ਸੋਚਦਾ ਰਿਹਾ। ਅਗਲੇ ਦਿਨ ਜਦੋਂ ਉਹ ਡਿਸਪੈਂਸਰੀ ਕੋਲ਼ ਪੁੱਜਾ ਤਾਂ ਲੇਡੀ ਸਾਇਕਲ ਦਾ ਹੈਂਡਲ ਫੜੀ ਪਰਵਿੰਦਰ ਖੜ੍ਹੀ ਸੀ। ਅੱਜ ਤਾਂ ਉਹ ਬਹੁਤ ਬਣ ਫਬ ਕੇ ਆਈ ਸੀ। ਕੱਲ੍ਹ ਨਾਲ਼ੋਂ ਬਹੁਤ ਖ਼ੂਬਸੂਰਤ ਅਤੇ ਆਕਰਸ਼ਿਤ ਲੱਗ ਰਹੀ ਸੀ। ਉਸ ਦੇ ਚਿਹਰੇ ਉੱਤੇ ਲੁਧਿਆਣੇ ਦੀ ਧੁਆਂਖੀ ਫਿਜ਼ਾ ਦੇ ਲੇਪ ਦੀ ਥਾਂ ਅੱਜ ਅੱਖਾਂ ਚੁੰਧਿਆ ਦੇਣ ਵਾਲ਼ਾ ਨਿਖ਼ਾਰ ਸੀ। ਚਿੱਟੀ

ਰੇਸ਼ਮੀ ਸਲਵਾਰ ਦੇ ਨਾਲ਼ ਉਸ ਨੇ ਗੁਲਾਬੀ ਫੁੱਲਾਂ ਵਾਲ਼ਾ ਸਫੈਦ ਕਮੀਜ਼ ਤੇ ਕਈ ਰੰਗਾਂ ਵਾਲ਼ੀ ਚੁੰਨੀ ਲਈ ਹੋਈ ਸੀ। ਕਾਲੇ ਗਾਗਲਜ਼ ਪਹਿਨੀ ਉਹ ਐਕਟਰੈਸ ਨੂਤਨ ਦਾ ਭੁਲੇਖਾ ਪਾ ਰਹੀ ਸੀ।

'ਮੈਂ ਤਾਂ ਅੱਜ ਤੁਹਾਨੂੰ ਪਛਾਣਿਆ ਹੀ ਨਹੀਂ ਸੀ।' ਰੇਲਵੇ ਫਾਟਕਾਂ ਕੋਲ਼ ਜਾ ਕੇ ਦੇਵ ਬੋਲਿਆ।

'ਕਿਉਂ ਸਰ ਕੀ ਗੱਲ?'

'ਗੱਲ ਦਾ ਤਾਂ ਮੈਨੂੰ ਆਪ ਨੂੰ ਨਹੀਂ ਪਤਾ। ਮੈਂ ਸੋਚਿਆ, ਪਤਾ ਨਹੀਂ ਐਨੀ ਸੁਹਣੀ ਕੁੜੀ ਕੌਣ ਏਂ।'

'ਰਹਿਣ ਦਿਓ ਸਰ।' ਉਹ ਮੁਸਕਰਾਈ।

ਉਸ ਦਿਨ ਹੈਡਮਾਸਟਰ ਖੇਮ ਸਿੰਘ ਤੇ ਹਰਨੇਕ ਸਿੰਘ ਦੋਨੋਂ ਆ ਗਏ ਸਨ। ਜਦੋਂ ਉਹ ਸਕੂਲ ਪਹੁੰਚੇ, ਦੋਨੋਂ ਆਏ ਬੈਠੇ ਸਨ। ਦੇਵ ਨੇ ਉਨ੍ਹਾਂ ਨੂੰ ਪਰਵਿੰਦਰ ਦੇ ਜੁਐਨ ਕਰਨ ਬਾਰੇ ਦੱਸ ਦਿੱਤਾ। ਹੈਡਮਾਸਟਰ ਇਸ ਗੱਲੋਂ ਖੁਸ਼ ਹੋਇਆ ਕਿ ਹੁਣ ਸਭ ਪੋਸਟਾਂ ਭਰ ਗਈਆਂ ਸਨ।

ਦੇਵ ਦੀ ਜ਼ਿੰਦਗੀ ਵਿਚ ਮੁੜ ਚਹਿਲ-ਪਹਿਲ ਛਾ ਗਈ। ਪਰਵਿੰਦਰ ਦੇ ਇਸ਼ਕ ਦੇ ਰੰਗ ਵਿਚ ਰੰਗ ਹੋਣ ਕਰਕੇ ਉਹ ਮੁੜ ਉਡਾਰੀਆਂ ਭਰਨ ਲੱਗਾ। ਪਰਵਿੰਦਰ ਵਿਚ ਜੋ ਸੀ, ਉਹ ਤਾਂ ਉਸ ਨੇ ਪਹਿਲਾਂ ਕਦੀ ਵੀ ਕਿਸੇ ਕੁੜੀ ਵਿਚ ਨਹੀਂ ਸੀ ਦੇਖਿਆ। ਪਰਵਿੰਦਰ ਵੀ ਜਿਵੇਂ ਉਸ ਬਿਨਾਂ ਸਾਹ ਨਾ ਲੈਂਦੀ। ਉਹ ਉਸ ਵੱਲ ਦੇਖ ਮੁਸਕਰਾਉਂਦੀ ਰਹਿੰਦੀ। ਉਸ ਨੂੰ ਲੱਗਣ ਲੱਗਾ ਸੀ ਕਿ ਬੱਸ ਹੁਣ ਇਹੋ ਆਖਰੀ ਕੁੜੀ ਹੈ ਜਿਸ ਦੇ ਨਾਲ਼ ਉਹ ਭਰਪੂਰ ਜ਼ਿੰਦਗੀ ਜੀਵੇਗਾ। ਭਾਵੇਂ ਉਨ੍ਹਾਂ ਦੀ ਮੁਹੱਬਤ ਇਕ ਦੂਜੇ ਦਾ ਹੱਥ ਘੁੱਟ ਕੇ ਮੁਸਕਰਾਉਣ ਤੱਕ ਸੀਮਤ ਸੀ, ਪਰ ਉਨ੍ਹਾਂ ਦੀਆਂ ਮੂਕ ਅੱਖਾਂ ਇਕ ਦੂਜੇ ਨਾਲ਼ ਵਾਅਦੇ ਕਰਦੀਆਂ ਰਹਿੰਦੀਆਂ। ਸਕੂਲ ਵਿਚ ਮਾਸਟਰ ਭਗਵੰਤ ਕਿਸ਼ੋਰ ਦੀ ਵਿਦਾਇਗੀ ਪਾਰਟੀ ਸੀ, ਜਦੋਂ ਪਰਵਿੰਦਰ ਦਾ ਇਕ ਹੋਰ ਗੁਣ ਪ੍ਰਗਟ ਹੋਇਆ। ਉਸ ਨੇ ਲਾਜਵਾਬ ਗੀਤ ਗਾ ਕੇ ਸੁਣਾਇਆ। ਸਾਰਾ ਸਟਾਫ਼ ਝੂਮ ਉੱਠਿਆ। ਦੇਵ ਦੀ ਤਾਂ ਜਿਵੇਂ ਸੁਰਤ ਹੀ ਮਾਰੀ ਗਈ। ਐਨੀ ਵਧੀਆ ਅਵਾਜ਼ ਕਿ ਉਹ ਜਿਵੇਂ ਕੀਲਿਆ ਹੀ ਗਿਆ। ਉਸ ਦਿਨ ਮਗਰੋਂ ਤਾਂ ਸਕੂਲ ਨੂੰ ਆਉਂਦੇ ਜਾਂਦੇ ਵੀ ਉਹ ਉਸ ਤੋਂ ਗੀਤ ਸੁਣਦਾ ਰਹਿੰਦਾ। ਉਸਨੂੰ ਤਾਂ ਦਰਜਣਾ ਗੀਤ ਜ਼ੁਬਾਨੀ ਯਾਦ ਸਨ।

ਇਕ ਦਿਨ ਉਹ ਸਾਇਕਲਾਂ ਤੇ ਸਕੂਲ ਜਾਣ ਲਈ ਕਟਾਣੇ ਦੇ ਲੋਹੇ ਦੇ ਪੁਲ ਤੋਂ ਉਰੇ ਹੀ ਸਨ ਕਿ ਦੂਜੇ ਪਾਸਿਓਂ ਵਾਪਸ ਆਉਂਦਾ ਮਾਸਟਰ ਮਣਸ਼ਾ ਰਾਮ ਉਨ੍ਹਾਂ ਨੂੰ ਰਾਹ ਵਿਚ ਮਿਲਿਆ। ਉਹ ਢੰਡਿਆਂ ਦੇ ਸਕੂਲ ਵਿਚ ਜੇ. ਬੀ. ਟੀ. ਮਾਸਟਰ ਸੀ। ਉਹ ਉਨ੍ਹਾਂ ਨੂੰ ਰੋਕ ਕੇ ਬੋਲਿਆ, 'ਅੱਜ ਤਾਂ ਸਕੂਲਾਂ ਵਿੱਚ ਛੁੱਟੀ ਹੋ ਗਈ ਮਾਸਟਰ ਜੀ।'

'ਛੁੱਟੀ ਕਾਹਦੀ ਹੋ ਗਈ?' ਦੇਵ ਨੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਕਿਸੇ ਮੰਤਰੀ ਦੀ ਮੌਤ ਹੋਣ ਕਰਕੇ ਪੰਜਾਬ ਵਿਚ ਛੁੱਟੀ ਦਾ ਐਲਾਨ ਹੋ ਗਿਆ ਸੀ।

'ਅਸੀਂ ਤਾਂ ਸਕੂਲ ਤੋਂ ਹੀ ਮੁੜਾਂਗੇ। ਨਾਲ਼ੇ ਬਾਕੀਆਂ ਨੂੰ ਪਤਾ ਲੱਗ ਜਾਵੇਗਾ।' ਦੇਵ

ਨੇ ਕਿਹਾ।

'ਲੋਹੇ ਦੇ ਪੁਲ਼ ਤੇ ਪੁੱਜ ਦੇਵ ਨੇ ਕਿਹਾ, 'ਜ਼ਰਾ ਰੁਕੋ ਪਰਵਿੰਦਰ।'

ਉਹ ਸਾਇਕਲ ਤੋਂ ਉਤਰ ਗਈ ਤਾਂ ਉਹ ਬੋਲਿਆ, 'ਘਰ ਵੀ ਕੀ ਕਰਾਂਗੇ। ਆਪਾਂ ਲੁਧਿਆਣੇ ਗੇੜਾ ਲਾ ਕੇ ਆਈਏ?'

'ਜੀ ਲੁਧਿਆਣੇ ਕੀ ਕਰਨਾ ਏਂ?'

'ਇਹ ਤਾਂ ਬਾਅਦ ਦੀ ਗੱਲ ਏ, ਕੀ ਕਰਨਾ ਏਂ, ਪਹਿਲਾਂ ਜਾਈਏ ਤਾਂ।'

'ਠੀਕ ਏ ਚੱਲੋ।' ਉਹ ਬੋਲੀ।

ਉਨ੍ਹਾਂ ਨੇ ਆਪਣੇ ਸਾਇਕਲ ਕਟਾਣੀ ਦੇ ਅੱਡੇ ਵਿਚ ਇਕ ਸਾਇਕਲਾਂ ਵਾਲ਼ੇ ਦੀ ਦੁਕਾਨ ਵਿਚ ਖੜ੍ਹਾ ਦਿੱਤੇ। ਤੇ ਬੱਸ ਚੜ੍ਹ ਕੇ ਲੁਧਿਆਣੇ ਜਾ ਪੁੱਜੇ। ਪਹਿਲਾਂ ਚੌੜੇ ਬਜ਼ਾਰ ਇਕ ਗੇੜਾ ਦਿੱਤਾ ਤੇ ਕਿਸੇ ਹੋਟਲ ਵਿਚ ਜਾ ਕੇ ਕੁਝ ਖਾ ਪੀ ਲਿਆ। ਫਿਰ ਉਹ ਰੇਲਵੇ ਟਰੈਕ ਉੱਤੇ ਬਣੇ ਲੱਕੜ ਦੇ ਪੁਲ਼ ਲਾਗੇ ਸੁਸਾਇਟੀ ਸਿਨੇਮਾ ਹਾਲ ਵਿਚ ਜਾ ਵੜੇ। ਪਿਕਚਰ ਸ਼ੁਰੂ ਹੋਣ ਵਿਚ ਅਜੇ ਅੱਧੇ ਘੰਟੇ ਤੋਂ ਵੀ ਵੱਧ ਸਮਾਂ ਪਿਆ ਸੀ। ਉਹ ਥੀਏਟਰ ਦੇ ਲਾਗੇ ਕੌਫ਼ੀ ਹਾਊਸ ਵਿਚ ਜਾ ਬੈਠੇ। ਹਾਲ ਕਮਰੇ ਵਿਚ ਮੱਧਮ ਰੋਸ਼ਨੀ ਸੀ ਤੇ ਕੁਝ ਬੰਦੇ ਬੈਠੇ ਗੱਲਾਂ ਕਰ ਰਹੇ। ਉਹ ਇਕ ਦੂਜੇ ਦਾ ਹੱਥ ਫੜੀ ਬੈਠੇ ਰਹੇ ਤੇ ਕੌਫ਼ੀ ਪੀਤੀ। ਉੱਥੇ ਹੀ ਉਸ ਨੇ ਦੇਵ ਨੂੰ ਪੁੱਛਿਆ, 'ਦੇਵ ਤੁਸੀਂ ਆਪਣੇ ਵਿਆਹ ਬਾਰੇ ਕੀ ਸੋਚਿਆ?'

'ਵਿਆਹ ਸੋਚਣ ਨਾਲ਼ ਤਾਂ ਹੁੰਦਾ ਨਹੀਂ। ਕੋਈ ਕੁੜੀ ਮਿਲੀ ਹੀ ਨਹੀਂ।'

'ਇਸ ਹੱਥ ਨੂੰ ਇਸੇ ਤਰ੍ਹਾਂ ਫੜ ਕੇ ਰੱਖੋ ਤਾਂ ਮੈਂ ਤਿਆਰ ਹਾਂ।'

'ਘਰ ਵਾਲ਼ੇ ਸਹਿਮਤ ਹੋ ਜਾਣਗੇ?'

'ਦੇਵ ਮੈਂ ਕਮਾ ਕੇ ਘਰ ਦਾ ਖ਼ਰਚ ਤੋਰਦੀ ਹਾਂ। ਇਸੇ ਲਈ ਮੇਰੇ ਪਿਓ ਨੇ ਮੇਰੇ ਵਿਆਹ ਬਾਰੇ ਕਦੀ ਗੱਲ ਨਹੀਂ ਕੀਤੀ। ਜੇ ਮੈਂ ਸਾਰੀ ਉਮਰ ਕੁਆਰੀ ਬੈਠੀ ਰਹਾਂ, ਉਹ ਖੁਸ਼ ਹੀ ਹੋਣਗੇ।' ਪਰਵਿੰਦਰ ਨੇ ਹਉਕਾ ਲਿਆ।

'ਤੁਹਾਡੇ ਮਦਰ ਵੀ ਇਸੇ ਤਰ੍ਹਾਂ ਸੋਚਦੇ ਨੇ?'

'ਮਦਰ ਦੀ ਸੁਣਦਾ ਕੌਣ ਏਂ?' ਉਹ ਬੋਲੀ।

'ਦੇਖੋ ਪਰਵਿੰਦਰ, ਮੈਂ ਤਾਂ ਤੁਹਾਨੂੰ ਇਹ ਗੱਲ ਪਹਿਲਾਂ ਹੀ ਕਹਿਣੀ ਚਾਹੁੰਦਾ ਸਾਂ। ਜੇ ਆਪਾਂ ਇਕ ਹੋ ਜਾਈਏ ਤਾਂ ਹੋਰ ਕੀ ਚਾਹੀਦਾ ਏ।' ਦੇਵ ਨੇ ਕਿਹਾ।

ਕੌਫੀ ਹਾਊਸ' ਚੋਂ ਨਿਕਲ਼ ਉਹ ਸੁਸਾਇਟੀ ਥਿਏਟਰ ਵਿਚ ਵੜਨ ਹੀ ਲੱਗੇ ਸਨ ਕਿ ਦੋਨਾਂ ਹੱਥਾਂ ਵਿਚ ਝੋਲ਼ੇ ਲਮਕਾਈ ਉਸ ਦਾ ਪਿਓ ਦੇਸ ਰਾਜ ਬਿਲਕੁਲ ਉਨ੍ਹਾਂ ਦੇ ਸਾਮ੍ਹਣੇ ਆ ਗਿਆ। ਉਸ ਨੂੰ ਦੇਖ ਪਹਿਲਾਂ ਪਰਵਿੰਦਰ ਰੁਕੀ ਫੇਰ ਦੇਵ।

'ਤੁਸੀਂ ਐਥੇ ਕਿਵੇਂ ਘੁੰਮ ਰਹੇ ਹੋ?' ਉਸ ਨੇ ਪੁੱਛਿਆ।

'ਪਾਪਾ, ਕਿਸੇ ਮੰਤਰੀ ਦੀ ਡੈੱਥ ਹੋਣ ਕਰਕੇ ਸਕੂਲ ਬੰਦ ਹੋ ਗਿਆ ਸੀ। ਅਸੀਂ ਐਥੇ ਲੁਧਿਆਣੇ ਆ ਗਏ।'

'ਕੋਈ ਦੇਖੇ ਤਾਂ.. ਸਾਡੀ ਬਦਨਾਮੀ ਨਹੀਂ ਹੋਵੇਗੀ?'

'ਬਦਨਾਮੀ ਕਾਹਦੀ ਪਾਪਾ? ਦਿਲ ਕੀਤਾ ਮੈਂ ਇਨ੍ਹਾਂ ਨਾਲ਼ ਆ ਗਈ।'

'ਠੀਕ ਏ।' ਕਹਿਕੇ ਉਹ ਕਾਹਲ਼ੇ-ਕਾਹਲ਼ੇ ਕਦਮ ਪੁੱਟਦਾ ਉੱਥੋਂ ਚਲਾ ਗਿਆ।

ਦੇਵ ਹੈਰਾਨ ਖੜ੍ਹਾ ਰਹਿ ਗਿਆ। ਕੋਈ ਧੀ ਆਪਣੇ ਪਿਓ ਸਾਮ੍ਹਣੇ ਐਨੀ ਜੁਅੱਰਤ ਵੀ ਕਰ ਸਕਦੀ ਹੈ। ਦੇਵ ਨੂੰ ਆਪਣੀਆਂ ਅੱਖਾਂ ਤੇ ਕੰਨਾਂ ਉੱਤੇ ਵਿਸ਼ਵਾਸ ਨਾ ਆਇਆ। ਉਹ ਬੋਲਿਆ, 'ਇਹ ਤਾਂ ਬੜੀ ਮਾੜੀ ਗੱਲ ਹੋਈ।'

'ਮਾੜੀ ਨਹੀਂ ਦੇਵ ਜੀ, ਚੰਗੀ ਗੱਲ ਹੋਈ ਏ।' ਉਹ ਮੁਸਕਰਾਈ।

'ਚੰਗੀ ਕਿਵੇਂ?' ਦੇਵ ਨੇ ਪੁੱਛਿਆ।

'ਪਾਪਾ ਨੂੰ ਮੇਰਾ ਫਿਕਰ ਹੋਊ, ਅੱਜ ਤੋਂ ਬਾਅਦ।'

'ਰਹਿਣ ਦੇਈਏ ਪਿਕਚਰ ਨੂੰ?'

'ਕਿਉਂ? ਤੁਸੀਂ ਘਬਰਾਉਂਦੇ ਕਿਉਂ ਹੋ?'

ਪਿਕਚਰ ਉਨ੍ਹਾਂ ਦੇਖੀ ਜ਼ਰੂਰ ਪਰ ਦੇਵ ਦਾ ਦਿਲ ਤਾਂ 'ਧੱਕ-ਧੱਕ' ਹੀ ਕਰੀ ਗਿਆ। ਉਸ ਦਿਨ ਵਾਪਸ ਘਰ ਆਉਣ ਤੱਕ ਉਨ੍ਹਾਂ ਨੂੰ ਰਾਤ ਹੀ ਪੈ ਗਈ। ਦੇਵ ਦੀ ਬੇਬੇ ਦਰਾਂ' ਚ ਖੜ੍ਹੀ ਉਸ ਨੂੰ ਉਡੀਕ ਰਹੀ ਸੀ। ਅਗਲੇ ਦਿਨ ਪਰਵਿੰਦਰ ਨੇ ਉਸ ਨੂੰ ਦੱਸਿਆ ਕਿ ਘਰ ਉਸ ਦੀ ਪੇਸ਼ੀ ਪਈ ਸੀ ਤੇ ਉਸ ਨੇ ਸਾਫ਼ ਕਹਿ ਦਿੱਤਾ ਸੀ ਕਿ ਉਹ ਦੇਵ ਨਾਲ਼ ਵਿਆਹ ਕਰਵਾਏਗੀ।

'ਫਿਰ ਤੁਹਾਡੇ ਪਾਪਾ ਤੇ ਮੰਮੀ ਸਹਿਮਤ ਹੋ ਗਏ?'

'ਸਹਿਮਤ ਤਾਂ ਉਹਨਾਂ ਨੂੰ ਹੋਣਾ ਹੀ ਪੈਣਾ ਏਂ ਦੇਵ ਜੀ।' ਉਹ ਬੋਲੀ।

ਨਹਿਰ ਕੰਢੇ ਕੁੱਬੇ ਪਿੰਡ ਦਾ ਛੋਟਾ ਜਿਹਾ ਬੱਸ ਸਟਾਪ ਬਣਿਆ ਹੋਇਆ ਸੀ, ਜਿਸ ਵਿਚ ਦੋਨਾਂ ਪਾਸੇ ਬੈਠਣ ਲਈ ਪੱਥਰ ਦੇ ਬੈਂਚ ਸਨ। ਹੀਰਾ ਸਿੰਘ ਨੇ ਦੇਵ ਨੂੰ ਦੱਸਿਆ ਕਿ ਉਸ ਦੀਆਂ ਦੀਵਾਰਾਂ ਉਤੇ ਦੇਵ ਅਤੇ ਪਰਵਿੰਦਰ ਮੈਡਮ ਬਾਰੇ ਕੋਇਲੇ ਨਾਲ਼ ਬੜੀਆਂ ਅਸ਼ਲੀਲ ਗੱਲਾਂ ਲਿਖੀਆਂ ਹੋਈਆਂ ਸਨ।

'ਫੇਰ ਯਾਰ ਤੂੰ ਉਨ੍ਹਾਂ ਨੂੰ ਢਾਹ ਆਉਂਦਾ।'

'ਢਾਹ ਤਾਂ ਮੈਂ ਆਇਆ ਮਾਸਟਰ ਜੀ। ਹੁਣ ਤਾਂ ਤੁਹਾਡੀਆਂ ਗੱਲਾਂ ਸਟਾਫ਼ ਵਾਲ਼ੇ ਵੀ ਕਰਦੇ ਨੇ। ਚਾਰ ਲਾਵਾਂ ਲਓ ਤੇ ਗੱਲ ਮੁਕਾਓ।' ਉਹ ਹੱਸਿਆ।

'ਬੱਸ ਤੈਨੂੰ ਹੁਣ ਛੇਤੀ ਹੀ ਵਿਆਹ ਦਿਖਾ ਦੇਣਾ ਏਂ ਹੀਰਿਆ।' ਦੇਵ ਹੱਸਿਆ।

ਦੇਵ ਚਾਹੁੰਦਾ ਸੀ ਕਿ ਗੱਲ ਫਾਈਨਲ ਹੋਵੇ ਤਾ ਹੀ ਉਹ ਆਪਣੀ ਬੇਬੇ ਨਾਲ਼ ਗੱਲ ਕਰੇ। ਇਕ ਸ਼ਾਮ ਤ੍ਰਿਪਤ ਉਸ ਦੇ ਘਰ ਆ ਗਿਆ ਤੇ ਉਸ ਨੂੰ ਆਪਣੇ ਨਾਲ਼ ਸਕੂਟਰ ਤੇ ਬਹਾ ਕੇ ਕਸ਼ਮੀਰ ਰੈਸਟੋਰੈਂਟ ਲੈ ਗਿਆ। ਦੇਵ ਬੋਲਿਆ, 'ਕਾਹਦੀ ਖੁਸ਼ੀ' ਚ ਅੱਜ ਐਥੇ ਲੈ ਕੇ ਆਇਆਂ ਏਂ, ਭਰਾਵਾ?'

'ਖੁਸ਼ੀ ਨਹੀਂ ਦੇਵ, ਗੱਲ ਤਾਂ ਸਾਲ਼ੀ ਬਹੁਤ ਮਾੜੀ ਏ। ਕਦੀ ਸੋਚਦਾ ਸੀ ਤੇਰੇ ਨਾਲ਼ ਕਰਾਂ। ਕਦੀ ਸੋਚਦਾ ਸੀ ਨਾ ਕਰਾਂ। ਦੋਸਤ ਹੋਣ ਕਕੇ ਮੈਨੂੰ ਕਰਨੀ ਪਈ।'

'ਛੇਤੀ ਦੱਸ ਯਾਰ ਕੀ ਗੱਲ ਏ। ਤੂੰ ਤਾਂ ਮੇਰਾ ਹੌਲ ਹੀ ਪਵਾ ਦਿੱਤਾ।'

'ਪਹਿਲਾਂ ਦੋ ਦੋ ਪੈੱਗ ਲਾਈਏ ਫੇਰ ਕਰਾਂਗੇ ਗੱਲ।' ਉਹ ਬੋਲਿਆ ਤੇ ਬਹਿਰੇ ਨੂੰ ਆਖ ਦਿੱਤਾ ਕਿ ਉਸ ਦੇ ਸਕੂਟਰ ਵਿੱਚੋਂ ਬੋਤਲ ਚੁੱਕ ਲੈ ਆਵੇ। ਰੈਸਟੋਰੈਂਟ ਦਾ ਮਾਲਕ

ਉਂਕਾਰ ਸਿੰਘ ਤ੍ਰਿਪਤ ਦਾ ਬੀ. ਐਸਸੀ. ਵਿਚ ਕਲਾਸ ਫ਼ੈਲੋ ਰਿਹਾ ਸੀ। ਇਸੇ ਕਰਕੇ ਉਹ ਬਹੁਤ ਵਾਰੀ ਉਸ ਕੋਲ਼ ਚਲੇ ਜਾਇਆ ਕਰਦੇ ਸਨ। ਉਹ ਪੀਣ ਲੱਗ ਪਏ। ਤ੍ਰਿਪਤ ਨੇ ਇਕ ਖੁੱਲ੍ਹਾ ਨੀਲਾ ਲਿਫਾਫ਼ਾ ਜੇਬ੍ਹ' ਚੋਂ ਕੱਢ ਕੇ ਦੇਵ ਨੂੰ ਫੜਾ ਦਿੱਤਾ ਤੇ ਬੋਲਿਆ, 'ਆਹ ਪੜ੍ਹ।'

ਉਸ ਲਿਫ਼ਾਫੇ ਉੱਤੇ ਪਰਵਿੰਦਰ ਦਾ ਸਕੂਲ ਦਾ ਪਤਾ ਲਿਖਿਆ ਹੋਇਆ ਸੀ। ਉਸ ਉੱਤੇ ਕੂੰਮ ਕਲਾਂ ਡਾਕਘਰ ਦੀ ਮੋਹਰ ਲੱਗੀ ਹੋਈ ਸੀ। ਭੇਜਣ ਵਾਲ਼ੇ ਦਾ ਨਾਂ ਮਨਵੀਰ ਸਿੰਘ ਸੀ। ਉਸ ਨੇ ਪਰਵਿੰਦਰ ਤੋਂ ਆਪਣੀਆਂ ਸਾਰੀਆਂ ਗਲਤੀਆਂ ਦੀ ਮਾਫ਼ੀ ਮੰਗੀ ਸੀ। ਇਹ ਵੀ ਲਿਖਿਆ ਸੀ ਕਿ ਉਹ ਉਸਨੂੰ ਹਮੇਸ਼ਾ ਲਈ ਆਪਣਾ ਬਣਾ ਲਵੇਗਾ। ਕੁਝ ਥਾਵਾਂ ਦਾ ਵੇਰਵਾ ਵੀ ਸੀ ਜਿੱਥੇ ਪਰਵਿੰਦਰ ਉਸ ਨਾਲ਼ ਘੁੰਮਦੀ ਰਹੀ ਸੀ। ਉਸ ਨੇ ਆਖ਼ਰੀ ਫੈਸਲਾ ਲੈਣ ਲਈ ਪਰਵਿੰਦਰ ਨੂੰ ਆਉਂਦੇ ਸੋਮਵਾਰ ਸਵੇਰੇ ਦਸ ਵਜੇ ਸਮਰਾਲ਼ੇ ਪੁੱਜਣ ਲਈ ਲਿਖਿਆ ਸੀ। ਜੇ ਉਹ ਨਾ ਆਈ ਤਾਂ ਉਹ ਸਮਝੇਗਾ ਕਿ ਉਸ ਨੇ ਉਸ ਨੂੰ ਮਾਫ਼ ਨਹੀਂ ਕੀਤਾ। ਹੋਰ ਵੀ ਕਾਫ਼ੀ ਗੱਲਾਂ ਸਨ। ਚਿੱਠੀ ਪੜ੍ਹਦਿਆਂ ਦੇਵ ਦਾ ਦਿਮਾਗ ਜਿਵੇਂ ਸੁੰਨ ਹੀ ਹੋ ਗਿਆ।

'ਇਹ ਚਿੱਠੀ ਤੈਨੂੰ ਕਿੱਥੋਂ ਮਿਲੀ?'

'ਸਕੂਲ ਦੀ ਡਾਕ ਵਿੱਚ ਆਈ ਸੀ, ਮੈਂ ਚੁੱਕ ਲਿਆਇਆ ਤੇ ਖੋਲ੍ਹ ਲਈ।'

'ਤੇਰਾ ਧੰਨਵਾਦ... ਮੈਂ ਤਾਂ ਤ੍ਰਿਪਤ ਉਸ ਨਾਲ਼ ਵਿਆਹ ਕਰਵਾਉਣ ਦਾ ਫੈਸਲਾ ਲਈ ਬੈਠਾ ਸੀ।'

'ਬੱਸ ਭੁੱਲ ਜਾ ਸਭ ਕੁਝ... ਹੁਣ ਮੈਂ ਇਹ ਚਿੱਠੀ ਉਸੇ ਤਰ੍ਹਾਂ ਬੰਦ ਕਰ ਕੇ ਸਕੂਲ ਦੀ ਕੱਲ੍ਹ ਦੀ ਡਾਕ ਵਿਚ ਰੱਖ ਦੇਣੀ ਹੈ।'

ਤ੍ਰਿਪਤ ਨੇ ਇਹ ਵੀ ਕਿਹਾ ਕਿ ਸੋਮਵਾਰ ਨੂੰ ਜੇ ਉਹ ਸਕੂਲ ਨਾ ਆਈ ਜਾਂ ਐਥੇ ਆ ਕੇ ਛੁੱਟੀ ਲੈ ਕੇ ਗਈ ਤਾਂ ਉਸਦਾ ਪਿੱਛਾ ਕਰਨਾ ਹੈ।

'ਜਦ ਹੁਣ ਸਬੰਧ ਹੀ ਕੋਈ ਨੀ ਰੱਖਣਾ ਫਿਰ ਪਿੱਛਾ ਕਾਹਦੇ ਵਾਸਤੇ ਕਰਨਾ ਏਂ?' ਦੇਵ ਬੋਲਿਆ।

'ਨਹੀਂ ਦੇਵ ਮੈਂ ਤੈਨੂੰ ਆਪਣੇ ਸਕੂਟਰ ਤੇ ਲੈ ਕੇ ਜਾਵਾਂਗਾ। ਉਹਨੂੰ ਉੱਤੇ ਫੜੀਏ ਤੇ ਠਿੱਠ ਕਰੀਏ।'

'ਨਹੀਂ ਤ੍ਰਿਪਤ ਇਹ ਘਟੀਆ ਗੱਲ ਹੋਵੇਗੀ।'

'ਤੂੰ ਨਹੀਂ ਜਾਣਾ ਨਾ ਜਾਈਂ... ਮੈਂ ਤਾਂ ਜਾਣਾ ਹੀ ਜਾਣਾ ਏਂ।'

ਉਹ ਰਾਤ ਗਈ ਤਕ ਉੱਥੇ ਬੈਠੇ ਪੀਂਦੇ ਰਹੇ। ਵਾਪਸੀ ਤੇ ਉਹਦੇ ਸਕੂਟਰ ਮਗਰ ਬੈਠਾ ਦੇਵ ਬੋਲਿਆ, 'ਤੂੰ ਕਾਹਲ਼ ਨਾ ਕਰੀਂ। ਇਹਦੇ ਬਾਰੇ ਸੋਚਾਂਗੇ।'

ਦੁਖੀ ਮਨ ਲੈ ਕੇ ਦੇਵ ਘਰ ਪੁੱਜਾ। ਅਗਲੇ ਦਿਨ ਸਕੂਲ ਜਾਣ ਲੱਗਿਆਂ ਉਸਨੇ ਦੂਰੋਂ ਦੇਖਿਆ ਪਰਵਿੰਦਰ ਉਸ ਦੀ ਉਡੀਕ ਕਰ ਰਹੀ ਸੀ। ਉਹ ਉੱਨੀ ਦੇਰ ਪਿੱਛੇ ਹੀ ਖੜ੍ਹਾ ਰਿਹਾ, ਜਦ ਤੱਕ ਉਹ ਚੱਲ ਨਾ ਪਈ। ਪਰੇਅਰ ਦੀ ਘੰਟੀ ਵੱਜਣ ਤੇ ਹੀ ਉਹ ਸਕੂਲ ਵੜਿਆ। ਚਿੱਠੀ ਨੂੰ ਉਸੇ ਤਰ੍ਹਾਂ ਜੋੜ ਕੇ ਤ੍ਰਿਪਤ ਨੇ ਸਕੂਲ ਦੀ ਡਾਕ ਵਿਚ ਰੱਖ ਦਿੱਤਾ।

ਜਦੋਂ ਸੋਮਵਾਰ ਨੂੰ ਪਰਵਿੰਦਰ ਸਕੂਲ ਨਾ ਆਈ ਤਾਂ ਤ੍ਰਿਪਤ ਉਸ ਨੂੰ ਕਹਿਣ ਲੱਗਾ, 'ਚੱਲ ਕਰੀਏ ਪਿੱਛਾ।'

'ਨਹੀਂ ਤ੍ਰਿਪਤ.... ਉਹਨੇ ਆਪਣਾ ਕੁਛ ਦੇਣਾ ਹੈ ਕਿ ਪਿੱਛਾ ਕਰੀਏ? ਉਹਦੇ ਮਨ ਦੀ ਮੌਜ ਹੈ, ਜੀਹਨੂੰ ਚਾਹੇ ਮਿਲੇ, ਜੀਹਨੂੰ ਚਾਹੇ ਛੱਡੇ।'

ਪਰਵਿੰਦਰ ਸ਼ਾਇਦ ਵਾਪਸ ਆਉਣ ਮਗਰੋਂ ਪਹਿਲਾਂ ਨਾਲ਼ੋਂ ਵੱਧ ਖੁਸ਼ ਸੀ। ਦੇਵ ਸਮਝ ਗਿਆ ਕਿ ਉਸਦੀ ਟੁੱਟੀ ਤਾਰ ਮੁੜ ਜੁੜ ਗਈ ਸੀ ਤੇ ਉਹ ਇਕੱਲਾ ਰਹਿ ਗਿਆ ਸੀ।

ਇਕ ਦਿਨ ਸਕੂਲ ਲੱਗਾ ਹੋਇਆ ਸੀ। ਹੈਡਮਾਸਟਰ ਖੇਮ ਸਿੰਘ ਡਿਊਟੀ ਤੇ ਕਿਧਰੇ ਗਿਆ ਹੋਇਆ ਸੀ ਕਿ ਕਾਹਨ ਸਿੰਘ ਨਾਂ ਦਾ ਪੰਚਾਇਤ ਮੈਂਬਰ ਸਕੂਲ' ਚ ਵੜਦਾ ਹੀ ਬੜੀਆਂ ਗੰਦੀਆਂ ਗਾਹਲਾਂ ਬਕਣ ਲੱਗ ਪਿਆ। ਉਹ ਆਪਣੀਆਂ ਗਾਹਲਾਂ ਤ੍ਰਿਪਤ ਸਿੰਘ ਨਾਲ਼ ਜੋੜ ਰਿਹਾ ਸੀ ਤੇ ਉਸ ਨੂੰ ਬਾਹਰ ਨਿਕਲਣ ਲਈ ਚੈਲਿੰਜ ਕਰ ਰਿਹਾ ਸੀ। ਸਭ ਤੋਂ ਪਹਿਲਾਂ ਉਸ ਦਾ ਸਾਮ੍ਹਣਾ ਦੇਵ ਨਾਲ਼ ਹੀ ਹੋਇਆ। ਉਸ ਨੇ ਦੱਸਿਆ ਕਿ ਬੀਤੇ ਦਿਨ ਤ੍ਰਿਪਤ ਸਿੰਘ ਨੇ ਉਸ ਦੇ ਮੁੰਡੇ ਦੇ ਡੰਡੇ ਮਾਰ ਮਾਰ ਹੱਥ ਸੁਜਾ ਦਿੱਤੇ ਸਨ। ਅੱਜ ਉਹ ਆਪਣੇ ਮੁੰਡੇ ਦਾ ਉਸ ਤੋਂ ਬਦਲਾ ਲਵੇਗਾ।

'ਦੇਖੋਂ, ਤੁਸੀਂ ਇਸ ਤਰ੍ਹਾਂ ਗਾਲ੍ਹਾਂ ਨਾ ਕੱਢੋ। ਸਭ ਬੱਚੇ ਸੁਣ ਰਹੇ ਨੇ। ਇੱਧਰ ਸਾਇੰਸ ਰੂਮ ਵਿਚ ਆ ਜਾਓ। ਬੈਠ ਕੇ ਗੱਲ ਕਰ ਲੈਂਦੇ ਹਾਂ।'

ਤ੍ਰਿਪਤ ਸਿੰਘ ਵੀ ਆ ਗਿਆ ਤੇ ਪ੍ਰੇਮ ਨਾਥ ਸਮੇਤ ਚਾਰ ਪੰਜ ਜਣੇ ਹੋਰ ਉੱਥੇ ਆ ਵੜੇ।

'ਇਹਦਾ ਸਾਲ਼ੇ ਭਾਪੇ ਦਾ ਮਾਰਨ ਦਾ ਕੀ ਕੰਮ?' ਕਾਹਨ ਸਿੰਘ ਬਾਂਹ ਕੱਢ ਕੇ ਬੋਲਿਆ ਹੀ ਸੀ ਕਿ ਦੇਵ ਨੇ ਉਸ ਨੂੰ ਧੱਕਾ ਮਾਰ ਕੇ ਫਰਸ਼ ਤੇ ਸੁੱਟ ਦਿੱਤਾ। ਤ੍ਰਿਪਤ ਨੇ ਵੀ ਉਸਦੀ ਗਰਦਣ ਉੱਤੇ ਧੌਲਾਂ ਸੁੱਟੀਆਂ। ਉਹ ਡਿਗਿਆ ਪਿਆ ਗੰਦੀਆਂ ਗਾਹਲਾਂ ਕੱਢਣ ਤੋਂ ਹਟੇ ਹੀ ਨਾ। ਪ੍ਰੇਮ ਨਾਥ ਨੇ ਟੀਨ ਦੀ ਕੁਰਸੀ ਚੁੱਕੀ ਤੇ ਉਸ ਦੇ ਸਿਰ' ਚ ਠੋਕ ਦਿੱਤੀ। ਉਸ ਦੇ ਖ਼ੂਨ ਵਗਣ ਲੱਗਾ ਤਾਂ ਉਹ ਉੱਠ ਕੇ ਉੱਚੀ ਉੱਚੀ ਰੌਲ਼ਾ ਪਾਉਂਦਾ ਬਾਹਰ ਦੌੜ ਗਿਆ। ਹਰਨੇਕ ਸਿੰਘ ਇੰਚਾਰਜ ਸੀ। ਉਸਨੇ ਦੇਵ ਅਤੇ ਤ੍ਰਿਪਤ ਨੂੰ ਕਿਹਾ ਕਿ ਉਹ ਹੈਡਮਾਸਟਰ ਖੇਮ ਸਿੰਘ ਕੋਲ਼ ਖਹਿਰੇ ਪਿੰਡ ਜਾਣ ਤੇ ਸਾਰੀ ਗੱਲ ਦੱਸਣ। ਉਨ੍ਹਾਂ ਨੇ ਸਾਇਕਲ ਚੁੱਕੇ ਤੇ ਖੇਮ ਸਿੰਘ ਦੇ ਘਰ ਜਾ ਪਹੁੰਚੇ। ਖੇਮ ਸਿੰਘ ਉਨ੍ਹਾਂ ਦੀ ਗੱਲ ਸੁਣ ਕੇ ਬੋਲਿਆ, 'ਯਾਰ ਤੁਸੀਂ ਕੋਈ ਨਾ ਕੋਈ ਪੰਗਾ ਖੜ੍ਹਾ ਹੀ ਰੱਖਦੇ ਹੋ।'

'ਸਰ, ਉਹ ਗੰਦੀਆਂ ਗਾਹਲਾਂ ਬਕ ਰਿਹਾ ਸੀ, ਹੋਰ ਕੀ ਕਰਦੇ?'

'ਗੁੱਝੂ ਲਾਉਣੇ ਸੀ ਸਾਲ਼ੇ ਦੇ। ਤੁਸੀਂ ਮਾਰੀ ਕੁਰਸੀ ਸਿਰ' ਚ... ਪੁਲ਼ਸ ਕੇਸ ਨਾ ਬਣਾ ਦੇਵੇ। ਹੁਣ ਦੋ ਗੱਲਾਂ ਨੇ ਜਾਂ ਤਾਂ ਪਿੰਡ ਜਾ ਕੇ ਮਾਫ਼ੀ ਮੰਗ ਲਈਏ ਜਾਂ ਫਿਰ ਸਮਰਾਲ਼ੇ ਠਾਣੇ ਚੱਲੀਏ। ਪਹਿਲਾਂ ਹੀ ਰਿਪੋਰਟ ਲਿਖਾ ਦਿੰਦੇ ਹਾਂ।'

'ਨਹੀਂ ਜੀ, ਠਾਣੇ ਕਾਹਨੂੰ ਜਾਣਾ ਏਂ। ਮਾਫ਼ੀ ਹੀ ਮੰਗ ਲੈਂਦੇ ਹਾਂ।'

'ਲੈ, ਹੁਣ ਮਾਫ਼ੀ ਮੰਗਣ ਨੂੰ ਤਾਂ ਝੱਟ ਤਿਆਰ ਹੋ ਗਏ... ਕੋਈ ਨਾ ਦੇਖਦੇ ਹਾਂ ਤੁਸੀਂ

ਆਪਣੇ ਘਰ ਜਾਓ। ਮੈਂ ਸਮਝ ਲਵਾਂਗਾ।'

ਪੰਚ ਦੀਆਂ ਗਾਲ੍ਹਾਂ ਤਾਂ ਸਾਰੇ ਮੁੰਡਿਆਂ ਨੇ ਸੁਣੀਆਂ ਸਨ। ਸ਼ਾਇਦ ਇਸੇ ਕਰਕੇ ਪੰਚਾਇਤ ਵਾਲ਼ੇ ਠਾਣੇ ਤਾਂ ਨਾ ਗਏ, ਅਗਲੇ ਦਿਨ ਸਰਪੰਚ ਸਮੇਤ ਸਕੂਲ ਜ਼ਰੂਰ ਆ ਗਏ । ਖੇਮ ਸਿੰਘ ਉਨ੍ਹਾਂ ਨੂੰ ਗੇਟ ਉੱਤੇ ਜਾ ਕੇ ਮਿਲਿਆ ਤੇ ਕਿਹਾ, 'ਹਾਂ ਜੀ ਦੱਸੋ ਕੀ ਮਸਲਾ ਹੈ?'

'ਆਹ ਦੇਖ ਲਓ ਜੀ। ਟੀਚਰਾਂ ਨੇ ਸਿਰ ਪਾੜ ਤਾ ਪੰਚ ਦਾ।'

'ਸਾਰੇ ਮੁੰਡੇ ਕੁੜੀਆਂ ਕਹਿੰਦੇ ਨੇ ਕਿ ਇਸ ਨੇ ਸਕੂਲ' ਚ ਵੜ ਕੇ ਮਾਸਟਰ ਨੂੰ ਧਮਕੀ ਦਿੱਤੀ ਤੇ ਗਾਹਲਾਂ ਕੱਢੀਆਂ। ਕੀ ਇਹ ਝੂਠ ਏ?'

'ਇਹ ਗਲਤੀ ਪੰਚ ਸਾਹਬ ਮੰਨਦੇ ਨੇ, ਪਰ ਕੁੱਟਣ ਦਾ ਕੀ ਮਤਲਬ?'

'ਉਸ ਨੇ ਗਾਹਲਾਂ ਕੱਢ ਲਈਆਂ, ਇਨ੍ਹਾਂ ਨੇ ਕੁੱਟ ਲਿਆ। ਗੱਲ ਬਰਾਬਰ ਹੋ ਗਈ। ਹੋਰ ਕੀ ਚਾਹੁੰਦੇ ਹੋ?'

'ਮਾਫ਼ੀ ਮੰਗਵਾਓ ਮਾਸਟਰਾਂ ਤੋਂ।' ਕੋਈ ਜਣਾ ਬੋਲਿਆ।

'ਤੁਸੀਂ ਅੰਦਰ ਆ ਜਾਓ। ਉਹ ਵੀ ਮਾਫ਼ੀ ਮੰਗ ਲੈਣਗੇ ਇਹ ਵੀ ਮੰਗ ਲਵੇ।'

ਉਹ ਥੋੜ੍ਹੇ ਢੈਲ਼ੇ ਹੋ ਗਏ ਤੇ ਅੰਦਰ ਵੜਨ ਲੱਗੇ। ਖੇਮ ਸਿੰਘ ਬੋਲਿਆ, 'ਐਥੇ ਮੈਡਮਾਂ ਨੇ, ਤੁਹਾਡੀਆਂ ਧੀਆਂ ਭੈਣਾਂ ਨੇ। ਕੱਛੇ ਵਾਲ਼ਾ ਕੋਈ ਅੰਦਰ ਨਾ ਵੜੇ ਸਕੂਲ ਦੇ। ਜੇ ਵੜਨਾ ਹੈ ਤਾਂ ਪਜਾਮਾ ਪਾ ਕੇ ਆਵੇ।'

ਕਈ ਪੰਚਾਇਤੀਏ ਵੀ ਕੱਛੇ ਪਾਈ ਫਿਰਦੇ ਸਨ। ਇਸ ਗੱਲੋਂ ਉਹ ਵੱਟ ਖਾ ਗਏ ਤੇ ਸਾਰੇ ਹੀ 'ਦੇਖਾਂਗੇ ਹੁਣ ਤੁਹਾਨੂੰ' ਕਹਿੰਦੇ ਵਾਪਸ ਚਲੇ ਗਏ। ਉਨ੍ਹਾਂ ਨੇ ਇਲਾਕੇ ਦੇ ਐਮ. ਐਲ. ਏ. ਨੂੰ ਪਹੁੰਚ ਕਰ ਲਈ। ਜ਼ਿਲ੍ਹਾ ਸਿੱਖਿਆ ਅਫ਼ਸਰ ਕੋਲ਼ ਸ਼ਿਕਾਇਤ ਵੀ ਕਰ ਦਿੱਤੀ। ਇਨਕੁਆਰੀ ਹੋਈ ਤਾਂ ਦੇਵ ਅਤੇ ਤ੍ਰਿਪਤ ਦੀ ਸਰਕਾਰੀ ਹਾਈ ਸਕੂਲ ਧਰੌੜ ਅਤੇ ਹੈਡਮਾਸਟਰ ਖੇਮ ਸਿੰਘ ਦੀ ਨੱਥੋਵਾਲ ਦੀ ਬਦਲੀ ਹੋ ਗਈ। ਦੇਵ ਅਤੇ ਤ੍ਰਿਪਤ ਨੂੰ ਤਾਂ ਇਸ ਕਰਕੇ ਲੋਟ ਸੀ ਕਿ ਇਹ ਸਕੂਲ ਉਨ੍ਹਾਂ ਦੇ ਕੁੱਬੇ ਸਕੂਲ ਜਿੰਨਾ ਹੀ ਦੂਰ ਸੀ। ਹਾਊਸ ਰੈਂਟ ਮਿਲਣ ਕਰਕੇ ਉਨ੍ਹਾਂ ਦੀ ਸੌ-ਸੌ ਰੁਪਏ ਤਨਖ਼ਾਹ ਵੀ ਵਧ ਗਈ ਸੀ। ਉਨ੍ਹਾਂ ਨੂੰ ਦੁੱਖ ਇਸ ਗੱਲ ਦਾ ਸੀ ਕਿ ਖੇਮ ਸਿੰਘ ਨੂੰ ਘਰੋਂ ਬਹੁਤ ਦੂਰ ਸੁੱਟ ਦਿੱਤਾ ਗਿਆ ਸੀ, ਜਦਕਿ ਉਸਦਾ ਕਸੂਰ ਕੋਈ ਨਹੀਂ ਸੀ। ਐਮ. ਐਲ. ਏ. ਨੇ ਉਸ ਨਾਲ਼ ਕੋਈ ਪੁਰਾਣੀ ਕਿੜ ਕੱਢ ਲਈ ਸੀ।

**00**

# ਇੱਕ ਸੌ ਸਤਾਰਾਂ

ਕੁੱਬੇ ਸਕੂਲ ਤੋਂ ਦੇਵ ਅਤੇ ਤ੍ਰਿਪਤ ਦੀ ਸ਼ਿਕਾਇਤੀਆ ਬਦਲੀ ਤਾਂ ਦਰਿਆ ਟੱਪ ਕੇ ਜਲੰਧਰ ਜ਼ਿਲ੍ਹੇ ਵਿਚ ਰਾਹੋਂ ਲਾਗੇ ਵੱਖ-ਵੱਖ ਪਿੰਡਾਂ ਵਿਚ ਹੋਈ ਸੀ, ਪਰ ਉਹ ਰਿਸ਼ਵਤ ਦੇ ਬਲਬੁੱਤੇ ਸਰਕਾਰੀ ਹਾਈ ਸਕੂਲ ਧਰੌੜ ਵਿਚ ਮੈਥ, ਸਾਇੰਸ ਦੀਆਂ ਖਾਲੀ ਪਈਆਂ ਪੋਸਟਾਂ ਤੇ ਜੁਐਨ ਕਰ ਗਏ। ਇਸ ਸਕੂਲ ਦੀ ਦੋਰਾਹੇ ਤੋਂ ਦੂਰੀ ਕੁੱਬੇ ਸਕੂਲ ਦੇ ਬਰਾਬਰ

ਹੀ ਸੀ। ਜ਼ਿਲ੍ਹਾ ਸਿੱਖਿਆ ਅਫ਼ਸਰ ਪਹਿਲਾਂ ਕੋਈ ਔਰਤ ਹੁੰਦੀ ਸੀ, ਜਿਸ ਨੂੰ ਰਿਸ਼ਵਤ ਵਾਲ਼ੀ ਲਾਈਫ਼ ਲਾਈਨ ਵਿਚ ਬੇਲੋੜਾ ਵਿਘਨ ਪਾਉਣ ਅਤੇ ਰਾਜਨੀਤਕ ਲੋਕਾਂ ਵੱਲੋਂ ਗਲਤ ਕੰਮ ਕਰਵਾਉਣ ਲਈ ਅੜਿੱਕੇ ਡਾਹੁਣ ਕਰਕੇ ਬਾਰਡਰ ਇਲਾਕੇ ਵਿਚ ਪ੍ਰਿੰਸੀਪਲ ਬਣਾ ਕੇ ਭੇਜ ਦਿੱਤਾ ਗਿਆ ਸੀ ਤੇ ਉਸ ਦੀ ਥਾਂ ਹੁਸ਼ਿਆਰਪੁਰ ਵੱਲੋਂ ਕੋਈ ਨਵਾਂ ਡੀ. ਈ. ਓ. ਆ ਲੱਗਾ ਸੀ। ਉਹ ਪਹਿਲਾਂ ਕਿਸੇ ਸਕੂਲ ਵਿਚ ਪ੍ਰਿੰਸੀਪਲ ਹੁੰਦਾ ਸੀ ਤੇ ਫੰਡਾਂ ਵਿਚ ਘਪਲਾ ਕਰਨ ਕਰਕੇ ਸਵਾ ਕੁ ਸਾਲ ਮੁਅੱਤਲ ਰਿਹਾ ਸੀ। ਮੌਜੂਦਾ ਸਰਕਾਰ ਦੀ ਕ੍ਰਿਪਾ ਦ੍ਰਿਸ਼ਟੀ ਨਾਲ਼ ਉਹ ਬਹਾਲ ਵੀ ਹੋ ਗਿਆ ਸੀ ਤੇ ਉਸ ਨੂੰ ਇਸ ਅਹੁਦੇ ਨਾਲ਼ ਨਿਵਾਜਿਆ ਵੀ ਗਿਆ ਸੀ। ਉਹ ਆਉਂਦਾ ਹੀ ਐਥੇ ਵੀ ਫੰਡਾਂ ਨੂੰ ਪੈ ਨਿੱਕਲਿਆ। ਖੁਦ ਖਾਣ ਲਈ ਤੇ ਆਪ ਤੋਂ ਉਤਲਿਆਂ ਦਾ ਮਾਣ ਸਤਿਕਾਰ ਕਰਨ ਲਈ ਮਾਇਆ ਇਕੱਠੀ ਕਰਨ ਵਾਸਤੇ ਹੁਣ ਉਸ ਕੋਲ਼ ਬੜਾ ਵਿਸ਼ਾਲ ਖੇਤਰ ਪਿਆ ਸੀ। ਉਸ ਨੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਪੀ. ਟੀ. ਏ. ਅਤੇ ਖੇਡ ਫੰਡ ਦਾ **50%** ਹਿੱਸਾ ਦਫ਼ਤਰ ਨੂੰ ਭੇਜਣ ਦਾ ਫੁਰਮਾਨ ਜ਼ਾਰੀ ਕਰ ਦਿੱਤਾ। ਉਹ ਆਪਣੀ ਸਰਕਾਰੀ ਜੀਪ ਵਿਚ ਕਿਸੇ ਸਕੂਲ ਨੂੰ ਚੈੱਕ ਕਰਨ ਜਾਂਦਾ ਤਾਂ ਨਾਲ਼ ਗਏ ਸਟਾਫ਼ ਦੀ ਹੋਟਲਾਂ ਵਿਚ ਸੇਵਾ ਵੀ ਕਰਵਾਉਂਦਾ ਤੇ ਪ੍ਰਿੰਸੀਪਲ, ਹੈਡਮਾਸਟਰਾਂ ਤੋਂ ਨਕਦ ਨਰਾਇਣ ਵੀ ਲੈਂਦਾ। ਉਹ ਗਰੀਬ ਬੱਚਿਆਂ ਦੇ ਪੀ. ਟੀ. ਏ. ਫੰਡ ਵਿੱਚੋਂ ਆਪਣੇ ਇਸ ਅਫ਼ਸਰ ਦਾ ਢਿੱਡ ਭਰਦੇ ਰਹਿੰਦੇ। ਸਕੂਲਾਂ ਵਿਚ ਛਾਪੇ ਮਾਰ ਕੇ ਗੈਰ ਹਾਜ਼ਰ, ਲੇਟ ਜਾਂ ਪੀਰਡ ਨਾ ਲਾਉਣ ਵਾਲ਼ੇ ਅਧਿਆਪਕਾਂ ਨੂੰ ਰੰਗੇ ਹੱਥੀਂ ਫੜਨਾ ਉਸਦਾ ਸ਼ੌਕ ਸੀ। ਟਰੈਪ ਕੀਤੇ ਅਧਿਆਪਕਾਂ ਨੂੰ ਉਹ ਦਫ਼ਤਰ ਤਲਬ ਕਰ ਲੈਂਦਾ। ਉਨ੍ਹਾਂ ਦੇ ਕਈ ਕਈ ਚੱਕਰ ਲੁਆਉਂਦਾ ਤੇ ਇਕ ਖੁੱਲ੍ਹੀ ਦਾੜ੍ਹੀ ਵਾਲ਼ੇ ਬਾਬੂ ਜੀ ਰਾਹੀਂ ਸੌਦਾ ਹੋ ਜਾਂਦਾ। ਇਹ ਬੰਦਾ ਇਸੇ ਡੀ. ਈ. ਓ. ਨਾਲ਼ ਬਦਲੀ ਕਰਵਾ ਕੇ ਹੁਸ਼ਿਆਰਪੁਰ ਵਲੋਂ ਹੀ ਆਇਆ ਸੀ ਤੇ ਉਸ ਦਾ ਦੂਰੋਂ ਸਾਲ਼ਾ ਲੱਗਦਾ ਸੀ। ਦਫ਼ਤਰ ਦਾ ਕੋਈ ਹੋਰ ਕੰਮ ਤਾਂ ਉਹ ਕਰਦਾ ਨਹੀਂ ਸੀ। ਉਸ ਬਾਰੇ ਮਸ਼ਹੂਰ ਸੀ ਕਿ ਉਹ ਜਦੋਂ ਰਿਸ਼ਵਤ ਲੈਣ ਤੋਂ ਵਿਹਲਾ ਹੁੰਦਾ ਤਾਂ ਗੁਟਕਾ ਖੋਲ੍ਹ ਪਾਠ ਕਰਦਾ ਰਹਿੰਦਾ।

ਇਸ ਡੀ. ਈ. ਓ. ਦੇ ਅਉਣ ਨਾਲ਼ ਕੰਮਾਂ ਦੀ ਅਹਿਮੀਅਤ ਅਨੁਸਾਰ ਰਿਸ਼ਵਤ ਦੇ ਰੇਟ ਬੰਨ੍ਹੇ ਗਏ ਸਨ। ਬਦਲੀ ਦਾ ਰੇਟ ਪਿੰਡ ਤੋਂ ਪਿੰਡ ਤਿੰਨ ਸੌ ਰੁਪਏ ਪਿੰਡੋਂ ਸ਼ਹਿਰ ਸੱਤ ਸੌ ਰੁਪਏ ਚਲਦਾ ਸੀ। ਮਕਾਨ ਭੱਤਾ ਮਿਲਣ ਵਾਲੀਆਂ ਥਾਵਾਂ ਤੇ ਬਦਲੀ ਕਰਨ ਦਾ ਰੇਟ ਦੁੱਗਣਾ ਹੋ ਜਾਂਦਾ ਸੀ। ਅਰਜ਼ੀ ਕਿਸੇ ਮੰਤਰੀ ਜਾਂ ਐਮ. ਐਲ. ਏ. ਤੋਂ ਮਾਰਕ ਕਰਵਾਉਣੀ ਜ਼ਰੂਰੀ ਸੀ। ਲੰਬੀ ਦਾੜ੍ਹੀ ਵਾਲ਼ੇ ਦੇ ਕਿਸੇ ਦੂਤ ਰਾਹੀਂ ਉਨ੍ਹਾਂ ਨੂੰ ਸੁਨੇਹਾ ਮਿਲਿਆ ਤਾਂ ਦੇਵ ਅਤੇ ਤ੍ਰਿਪਤ ਉਸ ਦੀ ਕਿਰਾਏ ਤੇ ਲਈ ਕੋਠੀ ਵਿਚ ਜਾ ਪੁੱਜੇ। ਉਸ ਨੇ ਉਨ੍ਹਾਂ ਨੂੰ ਰਾਹ ਦਿਖਾਇਆ। ਉਹ ਹੈਰਾਨ ਹੋਏ ਕਿ ਉਸ ਨੇ ਕੋਠੀ ਦੇ ਇਕ ਕਮਰੇ ਵਿਚ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਉਸ ਦੇ ਦੱਸਣ ਮੁਤਾਬਕ ਉਨ੍ਹਾਂ ਦੋਨਾਂ ਨੇ ਛੇ-ਛੇ ਸੌ ਰੁਪਏ ਦਾ ਮੱਥਾ ਟੇਕਿਆ ਤੇ ਅਰਦਾਸ ਕੀਤੀ। ਤ੍ਰਿਪਤ ਸਿੰਘ ਬੜੀ ਦੇਰ ਤੱਕ ਮਹਾਰਾਜ ਮੂਹਰੇ ਹੱਥ ਜੋੜੀ ਖੜ੍ਹਾ ਰਿਹਾ। ਉਸ ਨੇ ਬਾਹਰ ਆ ਕੇ ਦੇਵ ਨੂੰ ਦੱਸਿਆ ਕਿ ਉਸ ਨੇ ਅਰਦਾਸ ਕੀਤੀ ਹੈ ਕਿ ਹੇ ਸੱਚੇ ਪਾਤਸ਼ਾਹ, ਇਨ੍ਹਾ ਪਾਪੀ ਲੋਕਾਂ ਦਾ ਨਾਸ ਕਰੋ। ਇਹ ਕੀੜੇ ਪੈ ਕੇ ਮਰਨ

ਤੇ ਇਨ੍ਹਾਂ ਦੀ ਔਲਾਦ ਦਰ-ਬ-ਦਰ ਧੱਕੇ ਖਾਂਦੀ ਫਿਰੇ। ਦੇਵ ਜਾਣਦਾ ਸੀ ਕਿ ਬੇਚੈਨ ਮਨ ਦੀ ਤਸੱਲੀ ਲਈ ਇਸ ਅਰਦਾਸ ਨਾਲ਼ ਤ੍ਰਿਪਤ ਨੂੰ ਢਾਰਸ ਜਰੂਰ ਮਿਲੀ ਹੋਵੇਗੀ। ਜੇ ਕਿੱਧਰੇ ਰੱਬ ਸੀ ਤਾਂ ਉਸ ਕੋਲ਼ ਅਜਿਹਾ ਕੋਈ ਪ੍ਰਬੰਧ ਨਹੀਂ ਸੀ ਕਿ ਅਜਿਹੇ ਦੁਸ਼ਟਾਂ ਨੂੰ ਕੋਈ ਸਜ਼ਾ ਦਿੱਤੀ ਜਾ ਸਕੇ। ਉਸ ਨੇ ਉਨ੍ਹਾਂ ਦੋਨਾਂ ਦੀਆਂ ਅਰਜ਼ੀਆਂ ਤੇ ਰਿਸ਼ਵਤ-ਪ੍ਰਾਪਤੀ ਦਾ ਕੋਈ ਕੋਡ ਦਰਜ਼ ਕੀਤਾ ਤੇ ਇਕ ਐਮ. ਐਲ. ਏ. ਤੋਂ ਮਾਰਕ ਕਰਵਾਉਣ ਲਈ ਰਸਤੇ ਪਾ ਦਿੱਤਾ।

ਇਸ ਐਮ. ਐਲ. ਏ. ਦੀ ਰਿਹਾਇਸ਼ ਉਨ੍ਹਾਂ ਦੇ ਕਸਬੇ ਦੋਰਾਹੇ ਤੋਂ ਨੇੜੇ ਹੀ ਸੀ। ਸਭ ਨੂੰ ਪਤਾ ਸੀ ਕਿ ਉਸ ਦਾ ਪੀ. ਏ. ਅਰਜ਼ੀ ਫੜਨ ਦੇ ਦੋ ਸੌ ਰੁਪਏ ਲੈਂਦਾ ਸੀ। ਉਹ ਅਰਜ਼ੀਆਂ ਤੇ ਪੈਸੇ ਇਕੱਠੇ ਕਰੀ ਜਾਂਦਾ ਤੇ ਮਾਰਕ ਕੀਤੀ ਅਰਜ਼ੀ ਵਾਪਸ ਲੈਣ ਲਈ ਸਭ ਨੂੰ ਬਾਰਾਂ ਵਜੇ ਦਾ ਟਾਈਮ ਦੇਈ ਜਾਂਦਾ। ਬਾਰਾਂ ਵਜੇ ਸਾਰੇ ਲੋਕ ਉਸ ਦੀ ਕੋਠੀ ਦੇ ਬਾਹਰ ਇਕੱਠੇ ਹੋ ਜਾਂਦੇ। ਐਮ. ਐਲ. ਏ. ਸਬੰਧਤ ਵਿਅਕਤੀ ਨੂੰ ਆਪਣੇ ਕਮਰੇ ਵਿਚ ਬੁਲਾ ਕੇ ਇਕ ਦੋ ਸੁਆਲ ਕਰਦਾ ਤੇ ਅਰਜ਼ੀ ਵਾਪਸ ਦਿੰਦਾ ਪੁੱਛਦਾ, 'ਭਾਊ ਕਿਸੇ ਨੂੰ ਪੈਸੇ ਤਾਂ ਨਹੀਂ ਦਿੱਤੇ?'

'ਨਹੀਂ ਜੀ।' ਪੈਸੇ ਦੇ ਚੁੱਕਾ ਬੰਦਾ ਆਖਦਾ।

'ਦੇਸ਼ ਵਿਚ ਜਿਹੜਾ ਰਿਸ਼ਵਤ ਦਾ ਕੋਹੜ ਫੈਲਿਆ ਹੋਇਆ ਏ, ਆਪਾਂ ਰਲ ਮਿਲ ਕੇ ਇਸ ਨੂੰ ਦੂਰ ਭਜਾਉਣਾ ਏਂ। ਹਰ ਬੰਦਾ ਸੋਚੇ ਕਿ ਰਿਸ਼ਵਤ ਨਾ ਲੈਣੀ ਏਂ ਨਾ ਦੇਣੀ ਏ ਂ।' ਉਹ ਕਹਿੰਦਾ।

'ਠੀਕ ਏ ਸਰ, ਬਹੁਤ ਮਿਹਰਬਾਨੀ।' ਹਰੇਕ ਦੇ ਮੂੰਹੋਂ ਐਸੇ ਹੀ ਸ਼ਬਦ ਨਿਕਲ਼ਦੇ । ਅਗਲਾ ਵਿਧਾਇਕ ਨਾਲ਼ ਗੱਲ ਕਰ ਕੇ ਹੀ ਖੁਸ਼ ਹੋ ਜਾਂਦਾ।

ਆਪਣੀ ਅਰਜ਼ੀ ਫੜੀ ਜਦੋਂ ਉਹ ਬਾਹਰਲੇ ਗੇਟ ਕੋਲ਼ ਪਹੁੰਚਦਾ ਤਾਂ ਬਾਹਰ ਕੱਢਣ ਦੇ ਚਪੜਾਸੀ ਸੌ ਰੁਪਏ ਮੰਗਦਾ। ਜੇ ਕਿਸੇ ਕੋਲ਼ ਪੈਸੇ ਨਾ ਹੁੰਦੇ ਤਾਂ ਉਹ ਅਰਜ਼ੀ ਆਪਣੇ ਕੋਲ਼ ਰੱਖ ਲੈਂਦਾ ਤੇ ਮਗਰੋਂ ਪੈਸੇ ਦੇ ਕੇ ਛੁਡਾਉਣ ਲਈ ਆਖਦਾ। ਉਨ੍ਹਾਂ ਨਾਲ਼ ਦੋਨਾਂ ਥਾਂਵਾਂ ਤੇ ਇਸੇ ਤਰ੍ਹਾਂ ਹੋਇਆ। ਦੋਨਾਂ ਨੇ ਖੁਸ਼ ਹੋ ਕੇ ਰਿਸ਼ਵਤ ਦਿੱਤੀ। ਹੈਡਮਾਸਟਰ ਖੇਮ ਸਿੰਘ ਦੀ ਬਦਲੀ ਵਿਚ ਡੀ. ਪੀ. ਆਈ. ਤੱਕ ਦਾ ਅੜਿੱਕਾ ਹੋਣ ਕਰਕੇ, ਉਨ੍ਹਾਂ ਕੋਲ਼ ਬੰਦਾ ਭੇ ਜ ਕੇ, ਨੇੜੇ ਦਾ ਸਟੇਸ਼ਨ ਦੇਵ ਲਈ ਡੇਢ ਹਜ਼ਾਰ ਰੁਪਏ ਦੀ ਮੰਗ ਕੀਤੀ ਗਈ। ਖੇਮ ਸਿੰਘ ਤੋਂ ਗਲਤੀ ਇਹ ਹੋ ਗਈ ਕਿ ਉਸ ਨੇ ਸੁਨੇਹਾ ਲੈ ਕੇ ਆਏ ਬੰਦੇ ਨੂੰ ਆਪਣੇ ਭਤੀਜਿਆਂ ਤੋਂ ਹਾਕੀਆਂ ਨਾਲ਼ ਕੁਟਵਾ ਦਿੱਤਾ। ਇਸੇ ਕਰ ਕੇ ਉਸ ਨੂੰ ਦੂਰ ਵਾਲ਼ੇ ਸਟੇਸ਼ਨ ਤੇ ਹੀ ਜੁਐਨ ਕਰਨਾ ਪਿਆ। ਦੇਵ ਅਤੇ ਤ੍ਰਿਪਤ ਦੇ ਧਰੌੜ ਜਾਣ ਤੋਂ ਪਹਿਲਾਂ ਆਮ ਬਦਲੀਆਂ ਸਮੇਂ ਉੱਥੇ ਪੜ੍ਹਾਉਂਦੇ ਹਿਸਾਬ ਅਤੇ ਸਾਇੰਸ ਮਾਸਟਰ ਰਿਸ਼ਵਤ ਦੀ ਗੱਡੀ ਚੜ੍ਹ ਕੇ ਸ਼ਹਿਰ ਦੇ ਕਿਸੇ ਸਰਕਾਰੀ ਸਕੂਲ ਵਿਚ ਜਾ ਉਤਰੇ ਸਨ। ਵਿਸ਼ੇਸ਼ ਸਬਜੈਕਟਾਂ ਵਾਲ਼ੀਆਂ ਪੋਸਟਾਂ ਖਾਲੀ ਹੋਣ ਨਾਲ਼ ਬੱਚਿਆਂ ਦਾ ਕੀ ਹਸ਼ਰ ਹੋਵੇਗਾ, ਇਸਦੀ ਕਿਸੇ ਅਧਿਕਾਰੀ ਜਾਂ ਮੰਤਰੀ ਨੂੰ ਕੋਈ ਚਿੰਤਾ ਨਹੀਂ ਸੀ। ਉਨ੍ਹਾਂ ਦੇ ਆਉਣ ਨਾਲ਼ ਧਰੌੜ ਸਕੂਲ ਦੇ ਬੱਚਿਆਂ ਲਈ ਤਾਂ ਟੀਚਰ ਮਿਲ ਗਏ, ਪਰ ਕੁੱਬੇ ਸਕੂਲ ਦੇ ਬੱਚੇ ਟੀਚਰਾਂ ਤੋਂ ਵਾਂਝੇ ਹੋ ਗਏ। ਮਹਿਕਮੇ ਦਾ ਰੱਬ ਹੀ ਰਾਖਾ

ਸੀ। ਸਰਕਾਰੀ ਸਕੂਲਾਂ ਦਾ ਨਿਘਾਰ ਇਨ੍ਹਾਂ ਦਿਨਾਂ ਵਿਚ ਹੀ ਸ਼ੁਰੂ ਹੋਇਆ ਸੀ ਤੇ ਪੈਸੇ ਵਾਲ਼ੇ ਅਨਪੜ੍ਹ ਲੋਕਾਂ ਨੇ ਵੀ ਵੱਡੇ ਵੱਡੇ ਅੰਗਰੇਜ਼ੀ ਮਾਧਿਅਮ ਪਬਲਿਕ ਸਕੂਲ ਧੜਾਧੜ ਖੋਲ੍ਹ ਲਏ ਸਨ। ਮਹਿਕਮੇ ਦੀ ਕਾਰਗੁਜ਼ਾਰੀ ਤੇ ਉਂਗਲ ਧਰਨ ਦੀ ਬਜਾਇ ਖਾਂਦੇ ਪੀਂਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ' ਚੋਂ ਹਟਾ ਕੇ ਇਨ੍ਹਾਂ ਸਕੂਲਾਂ ਵਿਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਇਹ ਸਕੂਲ ਚਾਰ ਕੁ ਬੱਚਿਆਂ ਦੀ ਫੀਸ ਦੇ ਬਰਾਬਰ ਆਪਣੇ ਅਧਿਆਪਕ ਨੂੰ ਤਨਖਾਹ ਦਿੰਦੇ ਸਨ ਤੇ ਅਧਿਆਪਕਾਂ ਉੱਤੇ ਬੇਰੁਜ਼ਗਾਰੀ ਦੀ ਮਾਰ ਨੇ ਆਪਣੇ ਜੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। ਆਮ ਗਰੀਬ ਜਨਤਾ ਵਿਚ ਐਨੀ ਸ਼ਕਤੀ ਨਹੀਂ ਸੀ ਕਿ ਉਹ ਆਪਣੇ ਬੱਚੇ ਮਾਡਲ ਸਕੂਲਾਂ ਵਿਚ ਭੇਜਦੀ ਜਾਂ ਫਿਰ ਸਕੂਲ ਪ੍ਰਬੰਧ ਵਿਰੁੱਧ ਇਕ ਜੁੱਟ ਹੋ ਕੇ ਕੋਈ ਸੰਘਰਸ਼ ਵਿੱਢਦੀ। ਇਨ੍ਹਾਂ ਲੋਕਾਂ ਕੋਲ਼ ਤਾਂ ਆਪਣਾ ਢਿੱਡ ਭਰਨ ਲਈ ਮਜ਼ਦੂਰੀ ਕਰਨ ਤੋਂ ਹੀ ਕੋਈ ਵਿਹਲ ਨਹੀਂ ਸੀ। ਸਿੱਖਿਆ ਵਿਚਾਰੀ ਦੋ ਧੜਿਆਂ ਵਿਚ ਵੰਡੀ ਗਈ।

ਸਕੂਲ ਦਾ ਹੈੱਡਮਾਸਟਰ ਨਗਿੰਦਰ ਸਿੰਘ, ਜਿਸ ਨੂੰ ਸਾਰੇ 'ਖੁੰਢ ਸਾਹਬ' ਕਹਿੰਦੇ ਸਨ। ਉਨ੍ਹਾਂ ਦੇ ਆਉਣ ਨਾਲ਼ ਦੋਨੋਂ ਪੋਸਟਾਂ ਭਰਨ ਕਰਕੇ ਖੁਸ਼ ਹੋਇਆ। ਇਸ ਸਕੂਲ ਵਿਚ ਤਿੰਨ ਕੁ ਸੌ ਮੁੰਡੇ ਕੁੜੀਆਂ ਪੜ੍ਹਦੇ ਸਨ ਤੇ ਮੈਡਮਾਂ ਸਮੇਤ ਪੰਦਰਾਂ ਕੁ ਸਟਾਫ਼ ਮੈਂਬਰ ਸਨ। ਸਕੂਲ ਵਿਚ ਕੋਈ ਵੀ ਫੁੱਲਾਂ ਵਾਲ਼ਾ ਬੂਟਾ ਨਾ ਦੇਖ ਦੇਵ ਨੂੰ ਹੈਰਾਨੀ ਹੋਈ। ਸਟਾਫ਼ ਰੂਮ ਸਾਂਝਾ ਹੀ ਸੀ, ਪਰ ਕੁਝ ਅਲਮਾਰੀਆਂ ਦੀ ਲਾਈਨ ਲਾ ਕੇ ਮਾਸਟਰਾਂ ਤੇ ਮੈਡਮਾਂ ਲਈ ਦੋ ਪੋਰਸ਼ਨ ਬਣਾਏ ਹੋਏ ਸਨ। ਸਟਾਫ਼ ਰੂਮ ਵਿਚ ਇਕ ਗਲੀਚਾ ਵਿਛਿਆ ਹੋਇਆ ਸੀ, ਜਿਸ ਵਿੱਚੋਂ ਭੇਡਾਂ ਦੇ ਵਾੜੇ ਵਰਗਾ ਤਿੱਖਾ ਮੁਸ਼ਕ ਆ ਰਿਹਾ ਸੀ। ਚਪੜਾਸੀ ਨੇ ਦੇਵ ਨੂੰ ਦੱਸਿਆ ਸੀ ਕਿ ਇਹ ਮੁਸ਼ਕ ਨਵੇਂ ਆਏ ਬੰਦੇ ਨੂੰ ਹੀ ਆਉਂਦਾ ਸੀ ਤੇ ਪੰਦਰਾਂ ਵੀਹ ਦਿਨਾਂ ਮਗਰੋਂ ਉਸ ਨੂੰ ਵੀ ਆਉਣਾ ਬੰਦ ਹੋ ਜਾਇਆ ਕਰਦਾ ਸੀ। ਉੱਥੇ ਸੱਤ ਅੱਠ ਕੁਰਸੀਆਂ ਪਈਆਂ ਸਨ, ਜਿਨ੍ਹਾਂ ਵਿੱਚੋਂ ਲੰਬੀ ਸੰਗਲੀ ਪਾ ਕੇ ਤਾਲ਼ਾ ਮਾਰਿਆ ਹੋਇਆ ਸੀ। ਸਾਮ੍ਹਣੀ ਕੰਧ ਉੱਤੇ ਲਿਖਿਆ ਹੋਇਆ ਸੀ– ਇਕ ਅਧਿਆਪਕ ਲਈ ਸਕੂਲ ਸਮੇਂ ਦੌਰਾਨ ਇੱਥੇ ਸੌਣਾ ਮਹਾਂ ਪਾਪ ਹੈ। ਹੋਰ ਵੀ ਕਈ ਮਾਟੋ ਲਿਖੇ ਹੋਏ ਸਨ, ਪਰ ਇਹ ਲਾਈਨ ਪੜ੍ਹ ਕੇ ਦੇਵ ਨੂੰ ਬੜੀ ਖੁਸ਼ੀ ਹੋਈ। ਪੱਬੀਆਂ ਅਤੇ ਕੁੱਬੇ ਦੇ ਸਕੂਲਾਂ ਵਿਚ ਕਈ ਮਾਸਟਰ ਅਤੇ ਮੈਡਮਾਂ ਸਟਾਫ਼ ਰੂਮ ਦੀ ਦਰੀ ਤੇ ਹੀ ਢੌਂਕਾ ਲਾ ਲਿਆ ਕਰਦੇ ਸਨ। ਕੁੱਬੇ ਸਕੂਲ ਦੀ ਡਿਸਪੈਂਸਰੀ ਵਾਲ਼ੇ ਕਮਰੇ ਵਿਚ ਇਕ ਵੱਡਾ ਲੋਹੇ ਦਾ ਪਲੰਘ ਡਿਹਾ ਹੁੰਦਾ ਸੀ, ਜਿਸ ਉੱਪਰ ਇਕ ਗੰਦਾ ਅਤੇ ਬਹੁਤ ਮੋਟਾ ਗੱਦਾ ਵਿਛਿਆ ਰਹਿੰਦਾ। ਇਸ ਗੱਦੇ ਉੱਤੇ ਜੇ ਚਪੜਾਸੀ ਘੋੜੇ ਨਾਥ ਨਾ ਸੁੱਤਾ ਹੁੰਦਾ ਤਾਂ ਕੋਈ ਹੋਰ ਮਾਸਟਰ ਉਸ ਦੀ ਥਾਂ ਮੱਲ ਲੈਂਦਾ। ਸੁੱਤੇ ਪਏ ਘੋੜੇ ਨਾਥ ਨੂੰ ਹੈਡਮਾਸਟਰ ਦੀ ਬੈੱਲ ਹੀ ਜਗਾਉਂਦੀ ਤੇ ਉਹ ਤ੍ਰਬਕ ਕੇ ਉੱਠ ਬੈਠਦਾ। ਫਿਰ ਅੱਖਾਂ ਮਲ਼ਦਾ ਬੋਲਦਾ, 'ਹੈਅ ਤੇਰੇ ਲੜ ਜਾਏ ਸੱਪ ਪਾਪੀ ਦੇ, ਘੜੀ ਭਰ ਵੀ ਚੈਨ ਨਹੀਂ ਲੈਣ ਦਿੰਦਾ।'

ਫਿਰ ਉਹ ਉੱਠ ਕੇ ਆਪਣੇ ਪੈਰਾਂ ਵਿਚ ਧੌੜੀ ਦੀ ਜੁੱਤੀ ਫਸਾਉਂਦਾ ਤੇ ਫਿਟਕ-ਫਿਟਕ ਕਰਦਾ ਚਾਬੀ ਦਿੱਤੇ ਖਿਡਾਉਣੇ ਵਾਂਗ ਹੈਡਮਾਸਟਰ ਦੇ ਕਮਰੇ ਵਿਚ ਜਾ ਵੜਦਾ ਤੇ ਹੱਥ ਜੋੜ ਕੇ ਅਰਜ਼ ਕਰਦਾ, 'ਹੁਕਮ ਕਰੋ ਮਾਈ ਬਾਪ।'

ਉਸ ਦੀ ਸੁੱਤੇ ਰਹਿਣ ਦੀ ਆਦਤ ਕਰਕੇ ਹੀ ਹੈਡਮਾਸਟਰ ਖੇਮ ਸਿੰਘ ਨੇ ਇਹ

ਆਰਡਰ ਕੀਤਾ ਹੋਇਆ ਸੀ ਕਿ ਜਦੋਂ ਦਫ਼ਤਰ ਦੀ ਘੰਟੀ ਵੱਜੇ ਤਾਂ ਘੋੜੇ ਨਾਥ ਹੀ ਹਾਜਰ ਹੋਵੇ। ਦੂਜੇ ਚਪੜਾਸੀ ਹੀਰਾ ਸਿੰਘ ਨੂੰ ਦਫ਼ਤਰ ਦੇ ਕੰਮ ਤੋਂ ਇਸੇ ਕਰਕੇ ਛੋਟ ਸੀ ਕਿ ਉਹ ਆਪਣੀ ਡਿਊਟੀ ਸਮੇਂ ਹਮੇਸ਼ਾ ਜਾਗਦਾ ਰਹਿੰਦਾ ਸੀ ਤੇ ਸਕੂਲੋਂ ਬਾਹਰ ਦੇ ਸਾਰੇ ਕੰਮ ਉਸ ਦੇ ਜਿੰਮੇ ਸਨ। ਇਸ ਸਕੂਲ ਦੀ ਇਕ ਮੈਡਮ ਜਿਹੜੀ ਨਿੱਤ ਲੁਧਿਆਣੇ ਤੋ ਬੱਸ ਦਾ ਸਫ਼ਰ ਕਰਦੀ ਸੀ, ਉਸ ਵਿਚਾਰੀ ਨੂੰ ਨੀਂਦ ਚੜ੍ਹੀ ਹੀ ਰਹਿੰਦੀ। ਸੁੱਤੀ ਪਈ ਦੀ ਸਾੜ੍ਹੀ ਉਸ ਦੇ ਸ਼ਰੀਰ ਤੋਂ ਇਸ ਕਦਰ ਬਾਗੀ ਹੋਈ ਰਹਿੰਦੀ ਕਿ ਉਸ ਦੇ ਗੋਰੇ ਸ਼ਰੀਰ ਦਾ ਝਾਕਾ ਲੈਣ ਲਈ ਮੁੰਡੇ ਅਤੇ ਟੀਚਰ ਸਟਾਫ਼ ਰੂਮ ਦਾ ਗੇੜਾ ਕੱਢਦੇ ਹੀ ਰਹਿੰਦੇ।

ਤੇ ਹੁਣ ਦੇਵ ਨੇ ਸੋਚਿਆ ਕਿ ਧਰੌੜ ਸਕੂਲ ਦੇ ਟੀਚਰ ਵੀ ਸਕੂਲ ਵਿਚ ਸੌਂਦੇ ਹੌਣਗੇ ਤੇ ਉਸ ਦੀਵਾਰ ਤੇ ਸੌਣ ਨੂੰ ਮਹਾਂਪਾਪ ਲਿਖਣ ਵਾਲ਼ੀ ਲਾਈਨ ਦੀ ਤਦੇ ਲੋੜ ਪਈ ਹੋਵੇ ਗੀ। ਨੀਲੋਂ ਪੁਲ ਦੇ ਲਾਗੇ ਹੀ ਇਕ ਢਾਬਾ ਹੋਇਆ ਕਰਦਾ ਸੀ। ਜਿੱਥੇ ਕੁੱਬੇ ਸਕੂਲ ਦੇ ਸਟਾਫ਼ ਮੈਂਬਰ ਨੁਕਲ਼ ਪਾਣੀ ਕਰਨ ਲਈ ਜਾਇਆ ਕਰਦੇ ਸਨ। ਉਸ ਢਾਬੇ ਦੀ ਬਾਹਰਲੀ ਦੀਵਾਰ ਤੇ ਲਿਖਿਆ ਹੁੰਦਾ ਸੀ– ਇਥੇ ਸ਼ਰਾਬ ਪੀਣੀ ਮਨ੍ਹਾ ਹੈ। ਪਰ ਅੰਦਰ ਜਿਥੇ ਕੁਰਸੀਆ ਮੇਜ਼ ਲੱਗੇ ਹੁੰਦੇ ਸਨ, ਉੱਥੇ ਲਿਖਿਆ ਹੁੰਦਾ ਸੀ–ਉਲਟੀ ਕਰਨ ਵਾਲ਼ੇ ਨੂੰ ਪੰਜ ਰੁਪਏ ਜ਼ੁਰਮਾਨਾ ਹੋਵੇਗਾ। ਸਾਫ਼ ਸੀ ਕਿ ਉਥੇ ਲੋਕ ਵੱਧ ਸ਼ਰਾਬ ਪੀ ਕੇ ਉਲਟੀਆਂ ਕਰਦੇ ਹੋਣਗੇ। ਜਿਥੇ ਲਿਖਿਆ ਹੋਵੇ–ਏਥੇ ਪਿਸ਼ਾਬ ਕਰਨਾ ਸਖ਼ਤ ਮਨ੍ਹਾਂ ਹੈ, ਸਮਝ ਲਵੋ ਕਿ ਪਿਸ਼ਾਬ ਕਰਨ ਦੀ ਉਹ ਅਸਲ ਥਾਂ ਹੈ। ਹੁਣ ਤਾਂ ਕੈਮਿਸਟਾਂ ਨੇ ਆਪਣੀਆਂ ਦੁਕਾਨਾਂ ਦੇ ਬਾਹਰ ਮੋਟੇ ਅਖਰਾਂ ਵਿਚ ਲਿਖਣਾ ਸ਼ੁਰੂ ਕਰ ਦਿੱਤਾ ਸੀ –ਐਥੇ ਨਸ਼ੇ ਦੇ ਕੈਪਸੂਲ ਟੀਕੇ ਬਗੈਰਾ ਨਹੀ ਮਿਲਦੇ।

ਹੈਡਮਾਸਟਰ ਖੁੰਢ ਸਾਹਬ ਨੇ ਦਫ਼ਤਰ ਸੱਦ ਕੇ ਦੇਵ ਨੂੰ ਟਾਈਮ ਟੇਬਲ ਦਿੱਤਾ ਤਾਂ ਉਸਦੇ ਹਫ਼ਤੇ ਦੇ ਬਿਆਲੀ ਪੀਰਡ ਲੱਗੇ ਹੋਏ। ਉਸ ਨੇ ਬਾਕੀ ਟੀਚਰਾਂ ਦੇ ਪੀਰਡ ਦੇਖੇ ਤਾਂ ਸਭ ਦੇ ਉਸ ਤੋਂ ਘੱਟ। ਇਕ ਪ੍ਰਤਿਮਾ ਨਾਂ ਦੀ ਸ਼ਹਿਰਨ ਮੈਡਮ ਨੇ ਦੱਸਿਆ ਕਿ ਨੌਵੀਂ ਜਮਾਤ ਦੇ ਜਿਹੜੇ ਛੇ ਪੀਰਡ ਖੁੰਢ ਆਪ ਲੈਂਦਾ ਸੀ, ਉਹ ਹੁਣ ਦੇਵ ਦੇ ਖਾਤੇ ਵਿਚ ਪਾ ਦਿੱਤੇ ਸਨ। ਉਸ ਨੇ ਖੁੰਢ ਬਾਰੇ ਇਹ ਵੀ ਦੱਸਿਆ ਕਿ ਉਹ ਦਬਦੇ ਨੂੰ ਦਬਾਉਂਦਾ ਹੈ ਤੇ ਦਬਾਉਣ ਵਾਲ਼ੇ ਤੋਂ ਦਬਦਾ ਹੈ। ਉਹ ਤੱਤੇ ਘਾਅ ਹੀ ਉਸ ਕੋਲ਼ ਜਾਵੇ ਤੇ ਟਾਈਮ ਟੇਬਲ ਵਾਲ਼ਾ ਕਾਗਜ਼ ਦਾ ਪੁਰਜਾ ਉਸ ਦੇ ਮੂੰਹ ਤੇ ਮਾਰੇ। ਪਰ ਦੇਵ ਨੇ ਸੋਚਿਆ ਕਿ ਉਹ ਹੈਡਮਾਸਟਰ ਨਾਲ਼ ਨਰਮੀ ਅਤੇ ਸ਼ਿਸ਼ਟਾਚਾਰ ਨਾਲ਼ ਹੀ ਪੇਸ਼ ਆਵੇਗਾ। ਰਿਸੈੱਸ ਮਗਰੋਂ ਉਹ ਉਸ ਦੇ ਦਫਤਰ ਵਿਚ ਜਾ ਵੜਿਆ। ਖੁੰਢ ਦਰਵਾਜ਼ੇ ਵੱਲ ਨੂੰ ਪਿੱਠ ਕਰੀ, ਆਪਣੇ ਪੈਰ ਮੇਜ਼ ਉੱਤੇ ਰੱਖੀ ਸੁਸਤਾ ਰਿਹਾ ਸੀ। ਦੇਵ ਨੇ 'ਸਰ ਐਕਸਚਿਊਜ਼ ਮੀ' ਕਿਹਾ ਤਾਂ ਉਹ ਤ੍ਰਬਕ ਗਿਆ ਤੇ ਪੈਰ ਭੁੰਜੇ ਲਾਹ ਕੇ ਆਪਣੀ ਮਾਵੇ ਲੱਗੀ ਟੋਪੀ ਨੁਮਾ ਪਗੜੀ ਸਿਰ ਤੇ ਧਰ ਲਈ ਤੇ ਬੋਲਿਆ, 'ਦੱਸੋ।'

'ਸਰ, ਇਕ ਬੇਨਤੀ ਕਰਨੀ ਸੀ। ਮੈਨੂੰ ਤੁਸੀਂ ਬਿਆਲ਼ੀ ਪੀਰਡ ਦੇ ਦਿੱਤੇ।'

'ਆਹੋ, ਦੇ ਦਿੱਤੇ। ਤਨਖ਼ਾਹ ਨੀ ਲੈਣੀ ਤੁਸੀਂ? ਆਉਂਦੇ ਹੀ ਚੀਕਣ ਲੱਗ ਪਏ।' ਉਹ ਬਹੁਤ ਹੀ ਰੁੱਖਾ ਬੋਲਿਆ।

'ਸਰ, ਤਨਖਾਹ ਤਾਂ ਸਾਰੇ ਹੀ ਲੈਂਦੇ ਨੇ। ਮੈਨੂੰ ਪਤਾ ਲੱਗਾ ਏ ਕਿ ਤੁਸੀਂ ਆਪਣੇ ਵਾਲ਼ੇ ਛੇ ਪੀਰਡ ਵੀ ਮੈਨੂੰ ਦੇ ਦਿੱਤੇ।' ਦੇਵ ਨੇ ਕਿਹਾ।

'ਜਾਹ ਜਾ ਕੇ ਸ਼ਿਕਾਇਤ ਕਰ ਦੇ ਮੇਰੀ ਡੀ. ਈ. ਓ. ਨੂੰ।' ਉਹ ਬੋਲਿਆ ਤਾਂ ਦੇਵ ਬਾਹਰ ਨਿਕਲ ਆਇਆ। ਜੋ ਉਸ ਨਾਲ਼ ਹੋਈ, ਉਸ ਨੇ ਸਟਾਫ਼ ਰੂਮ ਵਿਚ ਜਾ ਦੱਸੀ। ਚਾਰਪੰਜ ਜਣੇ ਉੱਥੇ ਬੈਠੇ ਸਨ, ਹੱਸਣ ਲੱਗ ਪਏ। ਦੇਵ ਨੂੰ ਬੁਰਾ ਲੱਗਾ। ਉਹ ਨਿਰਾਸ਼ ਵੀ ਹੋਇਆ। ਮੈਥ ਦੀ ਦੂਜੀ ਟੀਚਰ ਨੀਲਮ ਨਾਂ ਦੀ ਮੈਡਮ ਸੀ, ਦੇਵ ਨੇ ਉਸ ਨਾਲ਼ ਗੱਲ ਕੀਤੀ। ਉਹ ਬੋਲੀ ਕਿ ਉਹ ਛੇ ਪੀਰਡ ਲਾਵੇ ਹੀ ਨਾ। ਖੁੰਢ ਵਿਚ ਐਨੀ ਹਿੰਮਤ ਨਹੀਂ ਕਿ ਉਹ ਤੁਹਾਡਾ ਕੁਝ ਵਿਗਾੜ ਸਕੇ। ਉਹ ਸੈਕੰਡ ਮਾਸਟਰ ਅਰਮਾਨ ਸਿੰਘ ਨਾਲ਼ ਗੱਲ ਕਰੇ , ਐਥੇ ਉਸੇ ਦੀ ਚਲਦੀ ਹੈ।

'ਦੇਖਦਾ ਹਾਂ ਮੈਡਮ, ਪਰ ਮੈਨੂੰ ਇਹ ਦੱਸੋ ਇਸ ਦਾ ਨਾਂ ਖੁੰਢ ਵੀ ਭਲਾਂ ਕੀ ਨਾਂ ਹੋਇਆ?'

'ਨੀਲਮ ਨੇ ਉਸ ਨੂੰ ਇਸ ਨਾਂ ਦੇ ਪਿਛੋਕੜ ਵਾਲ਼ੀ ਸਾਰੀ ਹਿਸਟਰੀ ਸੁਣਾ ਦਿੱਤੀ। ਸਕੂਲ ਵਿੱਚੋਂ ਪੰਜ ਛੇ ਟਾਲ੍ਹੀਆਂ ਵੱਢੀਆਂ ਸਨ। ਇਹ ਕਹਿੰਦਾ, ਖੁੰਢ ਵੀ ਕੱਢਣੇ ਹਨ। ਦਸਵੀਂ ਜਮਾਤ ਦੇ ਪੰਜ ਛੇ ਮੁੰਡੇ ਕਈ ਦਿਨ ਖੁੰਢ ਪੁੱਟਣ ਦਾ ਕੰਮ ਹੀ ਕਰਦੇ ਰਹੇ। ਉਹ ਖੁੰਢ ਹੈਡਮਾਸਟਰ ਨੇ ਬਿਨਾਂ ਸਟਾਫ਼ ਨੂੰ ਦੱਸੇ ਕਿਸੇ ਨੂੰ ਵੇਚ ਦਿੱਤੇ ਤੇ ਸੱਠ ਰੁਪਏ ਦੇ ਕਰੀਬ ਆਪਣੀ ਜੇਬ੍ਹ ਵਿਚ ਪਾ ਲਏ। ਸਟਾਫ਼ ਵਾਲਿਆਂ ਨੇ ਹਿਸਾਬ ਮੰਗਿਆ ਤਾਂ ਉਸ ਨੇ ਕੋਈ ਆਈ ਗਈ ਨਾ ਦਿੱਤੀ। ਕਿਸੇ ਟੀਚਰ ਨੇ ਉਸ ਦੇ ਦਫ਼ਤਰ ਦੇ ਬਾਹਰ ਕੰਧ ਉੱਤੇ ਨੀਲੀ ਸਿਆਹੀ ਨਾਲ਼ 'ਖੁੰਢ ਚੋਰ' ਲਿਖਵਾ ਦਿੱਤਾ। ਉਸ ਨੇ ਚਪੜਾਸੀ ਨੂੰ ਢਾਉਣ ਲਈ ਕਿਹਾ। ਉਹ ਪਹਾੜੀ ਅੱਕ ਦਾ ਡੰਡਾ ਤੋੜ ਲਿਆਇਆ ਤੇ ਉਸ ਦੇ ਸਿਰੇ ਨਾਲ਼ ਅੱਖਰਾਂ ਨੂੰ ਘਿਸਾਉਣ ਲੱਗ ਪਿਆ। 'ਖੁੰਢ' ਸ਼ਬਦ ਦੀ ਸਿਆਹੀ ਤਾਂ ਮਿਟ ਗਈ ਪਰ ਸਫ਼ੈਦੀ ਉਤਰਨ ਕਰਕੇ ਇਹ ਸ਼ਬਦ ਦੀਵਾਰ ਉੱਤੇ ਪੱਕੀ ਤਰ੍ਹਾਂ ਉੱਘੜ ਆਇਆ। ਖੁੰਢ ਨੇ ਉਸ ਨੂੰ ਵਿਚਾਲ਼ੇ ਹੀ ਰੋਕ ਦਿੱਤਾ ਤੇ ਕੰਧ ਉੱਤੇ ਸਫ਼ੈਦੀ ਕਰਵਾ ਦਿੱਤੀ। 'ਚੋਰ' ਤਾਂ ਮਿਟ ਗਿਆ ਪਰ 'ਖੁੰਢ' ਉਸੇ ਤਰ੍ਹਾਂ ਚਮਕਦਾ ਰਿਹਾ। ਮੁੰਡਿਆਂ ਨੇ ਥਾਂ-ਥਾਂ ਤੇ 'ਖੁੰਢ' ਲਿਖਣਾ ਸ਼ੁਰੂ ਕਰ ਦਿੱਤਾ। ਕਈ ਦਿਨ ਤਾਂ ਇਹ ਖਪਦਾ ਰਿਹਾ, ਫਿਰ ਇਕ ਦਿਨ ਪਰੇਅਰ ਵਿਚ ਕਹਿਣ ਲੱਗਾ ਕਿ ਅੱਜ ਤੋਂ ਉਸਦਾ ਨਾਂ ਨਗਿੰਦਰ ਸਿੰਘ ਖੁੰਢ ਹੈ। ਉਸ ਨੂੰ ਸਾਰੇ ਇਸੇ ਨਾਂ ਨਾਲ਼ ਬੁਲਾਇਆ ਕਰਨ। ਉਸ ਮਗਰੋਂ ਸਟਾਫ਼ ਮੈਂਬਰ ਤੇ ਵਿਦਿਆਰਥੀ ਉਸ ਨੂੰ 'ਖੁੰਢ ਸਾਹਬ' ਕਹਿਣ ਲੱਗ ਪਏ।

ਰਿਸੈੱਸ ਵਿਚ ਸਾਰੇ ਸਟਾਫ਼ ਦੀ ਚਾਹ ਇਕੱਠੀ ਬਣਦੀ ਸੀ। ਮਹੀਨੇ ਦਾ ਚਾਹ ਫੰਡ ਦਸ ਦਸ ਰੁਪਏ ਉਨ੍ਹਾਂ ਦੋਨਾਂ ਤੋਂ ਲੈ ਲਿਆ ਗਿਆ। ਹੈਡਮਾਸਟਰ ਅਰਮਾਨ ਸਿੰਘ ਐਸ. ਈ. ਐਸ. ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਸੀ। ਉਸ ਨੇ ਹੀ ਸਾਰੇ ਸਟਾਫ਼ ਨਾਲ਼ ਉਨ੍ਹਾਂ ਦੋਨਾਂ ਦੀ ਜਾਣ-ਪਛਾਣ ਕਰਵਾਈ ਸੀ। ਦੇਵ ਨੇ ਉਸ ਨੂੰ ਆਪਣਾ ਟਾਈਮ ਟੇਬਲ ਦਿਖਾਇਆ। ਉਹ ਬੋਲਿਆ, 'ਚਲੋ ਹੁਣੇ ਠੀਕ ਕਰਵਾਉਂਦਾ ਹਾਂ।'

ਦੇਵ ਉਸ ਨਾਲ਼ ਚਲਾ ਗਿਆ। ਉਹ ਹੈਡਮਾਸਟਰ ਨੂੰ ਕਹਿਣ ਲੱਗਾ, 'ਇਸ ਨੂੰ ਨੌਂਵੀਂ

ਜਮਾਤ ਦੇ ਛੇ ਪੀਰਡ ਕਿਵੇਂ ਦੇ ਦਿੱਤੇ? ਖੁੰਢ ਸਾਹਬ ਇਹ ਪੀਰਡ ਤਾਂ ਤੁਹਾਡੇ ਸੀ।'

'ਦੇ ਦਿੱਤੇ ਤਾਂ ਦੇ ਦਿੱਤੇ। ਮੈਨੂੰ ਸਕੂਲ ਦਾ ਹੋਰ ਥੋੜ੍ਹਾ ਕੰਮ ਹੁੰਦਾ ਏ?'

'ਕੀ ਕਰਦੇ ਹੋ ਤੁਸੀਂ ਸਕੂਲ ਵਿਚ ਸਾਰਾ ਦਿਨ? ਆ ਕੇ ਮੱਖੀਆਂ ਮਾਰ ਕੇ ਚਲੇ ਜਾਂਦੇ ਹੋ।'

'ਜਿਹੜੇ ਤੁਸੀਂ ਕਿਲੇ ਢਾਹੁੰਦੇ ਹੋ, ਮੈਨੂੰ ਵੀ ਪਤਾ ਏ।'

ਹੈਡਮਾਸਟਰ ਤੇ ਸੈਕੰਡ ਮਾਸਟਰ ਵਿਚ ਹੋ ਰਹੀ ਇਸ ਗੱਲਬਾਤ ਤੋਂ ਦੇਵ ਬੜਾ ਹੈਰਾਨ ਹੋਇਆ। ਹੈਡਮਾਸਟਰ ਦੀ ਪਤਲੀ ਹਾਲਤ ਤੇ ਤਰਸ ਵੀ ਆਇਆ। ਚਿਕ ਚੁੱਕ ਕੇ ਗੁਰਵੰਤ ਸਿੰਘ ਸ਼ੌਂਕੀ ਨਾਂ ਦਾ ਡਰਾਇੰਗ ਮਾਸਟਰ, ਜਿਹੜਾ ਆਪਣੇ ਆਪ ਨੂੰ ਸੀ. ਐਡ. ਵੀ. ਯੂਨੀਅਨ ਦਾ ਨੇਤਾ ਅਖਵਾਉਂਦਾ ਸੀ, ਅੰਦਰ ਆ ਵੜਿਆ। ਪਹਿਲਾਂ ਉਸ ਨੇ ਖੰਘੂਰਾ ਮਾਰਿਆ, ਫਿਰ ਬੋਲਿਆ, 'ਕੀ ਗੱਲ ਹੋ ਗਈ ਖੁੰਢ ਸਾਹਬ?'

'ਯਾਰ ਨਵਾਂ ਬੰਦਾ ਆਇਆ ਏ। ਖੁੰਢ ਸਾਹਬ ਤੋਂ ਦੋ ਜਮਾਤਾਂ ਵੱਧ ਪੜ੍ਹਿਆ ਹੋਇਆ ਏ। ਆਉਂਦੇ ਨੂੰ ਹੀ ਬਿਆਲੀ ਪੀਰਡ ਦੇ ਦਿੱਤੇ। ਆਪਣੇ ਵਾਲ਼ੇ ਛੇ ਵੀ ਇਸ ਵਿਚਾਰੇ ਦੇ ਖਾਤੇ ਵਿਚ ਪਾ ਦਿੱਤੇ।' ਅਰਮਾਨ ਸਿੰਘ ਨੇ ਦੱਸਿਆ।

'ਕਰੋ ਜੀ ਕਰੋ ਇਨ੍ਹਾਂ ਦੇ ਪੀਰਡ ਘੱਟ। ਆਪਣੇ ਵਾਲ਼ੇ ਤੁਸੀਂ ਲਓ। ਐਥੇ ਕਿਹੜੇ ਮਾਂਹ ਦਲਦੇ ਹੋ ਸਾਰਾ ਦਿਨ।' ਸ਼ੌਂਕੀ ਬੋਲਿਆ।

'ਤੁਸੀਂ ਦੱਸੋਂ ਕਿਵੇਂ ਆਏ ਹੋ? ਇਹ ਸਾਡਾ ਮਸਲਾ ਹੈ, ਤੁਸੀਂ ਟੰਗ ਨਾ ਅੜਾਓ।' ਖੁੰਢ ਸਾਹਬ ਨੇ ਕਿਹਾ।

'ਮੈਂ ਸਕੂਟਰ ਠੀਕ ਕਰਾਉਣ ਚੱਲਿਆ ਏਂ ਸਾਨ੍ਹੇਵਾਲ।'

'ਕਦੋਂ ਵਾਪਸ ਆਓਗੇ?'

'ਜਦੋਂ ਸਕੂਟਰ ਠੀਕ ਹੋ ਜੂ।'

'ਸਕੂਟਰ ਛੁੱਟੀ ਮਗਰੋਂ ਠੀਕ ਕਰਵਾ ਲੈਣਾ।'

'ਛੁੱਟੀ ਮਗਰੋਂ ਮੈਨੂੰ ਹੋਰ ਥੋੜ੍ਹੇ ਕੰਮ ਨੇ।'

'ਤੁਹਾਡੇ ਪੀਰਡ?'

'ਪੀਰਡਾਂ ਨੂੰ ਬੜਾ ਏ ਉੱਥੇ। ਚਪੜਾਸੀ ਬਿਠਾਲ ਦਿਓ।' ਕਹਿ ਕੇ ਉਹ ਬਾਹਰ ਨਿਕਲ਼ ਗਿਆ।

ਇਹ ਗੱਲ ਤਾਂ ਦੇਵ ਨੂੰ ਬਾਅਦ ਵਿਚ ਪਤਾ ਲੱਗੀ ਕਿ ਸ਼ੌਂਕੀ ਦਾ ਨੰਦਪੁਰ ਪਿੰਡ ਲਾਗੇ ਬਹੁਤ ਵੱਡਾ ਪੋਲਟਰੀ ਫਾਰਮ ਸੀ। ਨੌਕਰੀ ਤਾਂ ਉਹ ਸ਼ੌਂਕੀਆ ਹੀ ਕਰਦਾ ਸੀ ਤੇ ਹੈਡਮਾਸਟਰ ਨੂੰ ਟਿੱਚ ਸਮਝਦਾ ਸੀ।

ਹੈਡਮਾਸਟਰ ਨੇ ਟਾਈਮ ਟੇਬਲ ਵਾਲ਼ੀ ਚਿੱਟ ਦੇਵ ਦੇ ਹੱਥੋਂ ਫੜੀ ਤੇ ਆਪਣੇ ਵਾਲ਼ੇ ਛੇ ਪੀਰਡਾਂ ਤੇ ਕਾਟਾ ਮਾਰ ਦਿੱਤਾ। ਫਿਰ ਅਰਮਾਨ ਸਿੰਘ ਨੂੰ ਕਹਿਣ ਲੱਗਾ, 'ਮਿਸਤਰੀ ਲਾ ਕੇ ਹੁਣ ਛੇਤੀ ਕੰਮ ਮੁਕਾ ਦਵੋ ਮਾਸਟਰ ਜੀ ਬਾਥਰੂਮ ਵਾਲ਼ਾ।'

'ਹਾਂ ਜੀ, ਸੋਮਵਾਰ ਨੂੰ ਲੱਗੇਗਾ ਮਿਸਤਰੀ।' ਉਹ ਬੋਲਿਆ ਤੇ ਦਫ਼ਤਰੋਂ ਬਾਹਰ ਨਿਕਲ਼ ਗਿਆ। ਦੇਵ ਵੀ ਉਸਦੇ ਮਗਰ ਗਿਆ। ਉਹ ਬੋਲਿਆ, 'ਸਟਾਫ਼ ਵਿਚ ਏਕਾ ਰੱਖੋ।

ਇਹ ਤਾਂ ਖੰਘ ਵੀ ਨੀ ਸਕਦਾ।'

**00**

# ਇਕ ਸੌ ਅਠਾਰਾਂ

ਦੋ ਕੁ ਹਫ਼ਤਿਆਂ ਵਿਚ ਹੀ ਸਕੂਲ ਦੇ ਮਾਹੌਲ, ਹੈਡਮਾਸਟਰ ਤੇ ਸਟਾਫ਼ ਮੈਂਬਰਾਂ ਦੇ ਸੁਭਾਅ ਦੀ ਦੇਵ ਨੂੰ ਕਾਫ਼ੀ ਜਾਣਕਾਰੀ ਹੋ ਗਈ। ਦੇਵ ਤੇ ਤ੍ਰਿਪਤ ਸਿੰਘ ਸਾਇਕਲਾਂ ਉੱਤੇ ਸਕੂਲ ਆਉਣ ਜਾਣ ਲੱਗ ਪਏ। ਛੇ ਸੱਤ ਕਿਲੋਮੀਟਰ ਜੀ. ਟੀ. ਰੋਡ ਦੇ ਰਸਤੇ ਜਾਂਦੇ ਆਉਂਦੇ ਤ੍ਰਿਪਤ ਸਿੰਘ ਕਈ ਵਾਰੀ ਸਾਇਕਲ ਤੋਂ ਉਤਰਦਾ ਤੇ ਸੜਕ ਉੱਤੇ ਡਿਗੇ ਪਏ ਲੋਹੇ ਦੇ ਕਾਬਲੇ, ਟੁੱਟੀਆਂ ਖੁਰੀਆਂ ਤੇ ਨਾਲ਼ਾਂ ਚੁੱਕ ਕੇ ਸਾਇਕਲ ਦੇ ਹੈਂਡਲ ਨਾਲ਼ ਲਟਕਦੇ ਝੋਲ਼ੇ ਵਿਚ ਸੁੱਟ ਲੈਂਦਾ ਤੇ ਘਰ ਜਾ ਕੇ ਇਕ ਪੀਪੇ ਵਿਚ ਪਾਈ ਜਾਂਦਾ। ਕੁੱਬੇ ਸਕੂਲ ਨੂੰ ਜਾਣ ਆਉਣ ਸਮੇਂ ਵੀ ਉਹ ਸੜਕ ਉੱਤੇ ਡਿਗੀ ਅਜਿਹੀ ਚੀਜ਼ ਚੁੱਕਣ ਤੋਂ ਕਦੀ ਨਹੀਂ ਸੀ ਖੁੰਝਦਾ। ਹੁਣ ਉਸ ਨੇ ਦੇਵ ਨੂੰ ਦੱਸਿਆ ਕਿ ਉਸ ਨੂੰ ਲੋਹਾ ਵੇਚ ਕੇ ਔਸਤ ਇਕ ਰੁਪਈਆ ਨਿੱਤ ਬਣ ਜਾਦਾ ਸੀ। ਤ੍ਰਿਪਤ ਸਿੰਘ ਨੇ ਕਲਾਸਾਂ ਵਿਚ ਪਤਾ ਕਰ ਲਿਆ ਕਿ ਕਿਹੜੇ ਕਿਹੜੇ ਜੁਆਕਾਂ ਦੇ ਘਰੀਂ ਮੁਰਗੀਆਂ ਰੱਖੀਆਂ ਹੋਈਆਂ ਸਨ। ਉਹ ਉਨ੍ਹਾਂ ਤੋਂ ਦੇਸੀ ਆਂਡੇ ਖਰੀਦਣ ਲੱਗ ਪਿਆ। ਵਾਪਸੀ ਸਮੇਂ ਉਸ ਦੇ ਸਾਇਕਲ ਦੇ ਹੈਂਡਲ ਨਾਲ਼ ਤੂੜੀ ਪਾ ਕੇ ਰੱਖੇ ਆਂਡਿਆਂ ਵਾਲ਼ਾ ਝੋਲ਼ਾ ਲਟਕ ਰਿਹਾ ਹੁੰਦਾ। ਉਹ ਇਨ੍ਹਾਂ ਆਂਡਿਆਂ ਦੀ ਵਿਕਰੀ' ਚੋਂ ਵੀ ਦੋ ਤਿੰਨ ਰੁਪਏ ਰੋਜ਼ ਕਮਾ ਲੈਂਦਾ। ਉਸ ਦੇ ਦਾਦੇ ਦੇ ਟੱਬਰ ਨੂੰ ਪਾਕਿਸਤਾਨ ਤੋਂ ਉਜੜਨ ਸਮੇਂ ਅਨੇਕਾਂ ਮੁਸ਼ਕਲਾਂ ਤੇ ਦੁਸ਼ਵਾਰੀਆਂ ਦਾ ਸਾਮ੍ਹਣਾ ਕਰਨਾ ਪਿਆ ਸੀ। ਬੜੇ ਔਖੇ ਸੈੱਟ ਹੋਏ ਸਨ ਉਹ। ਹੁਣ ਤਾਂ ਉਹ ਸ਼ਹਿਰ ਵਿਚ ਪੈਸੇ ਵਾਲ਼ੇ ਬਣ ਗਏ ਸਨ, ਫਿਰ ਵੀ ਜਿੱਥੋਂ ਦੋ ਪੈਸੇ ਬਣਦੇ ਹੋਣ ਉਹ ਖਿੱਚਣ ਤੋਂ ਘੌਲ਼ ਨਹੀਂ ਸਨ ਕਰਦੇ। ਤ੍ਰਿਪਤ ਸਿੰਘ ਇਹ ਗੱਲ ਦੱਸਣ ਵਿਚ ਫ਼ਖ਼ਰ ਮਹਿਸੂਸ ਕਰਿਆ ਕਰਦਾ ਸੀ ਕਿ ਛੇਵੀਂ ਜਮਾਤ ਤੋਂ ਦਸਵੀਂ ਤੱਕ ਉਹ ਰੇਲ ਗੱਡੀਆਂ ਵਿਚ ਘੁੰਮ ਕੇ ਨਿੰਬੂ-ਦਾਲ਼ ਵੇਚਿਆ ਕਰਦਾ ਸੀ।

ਉਹ ਦੋਨੋਂ ਇਹ ਸਲਾਹ ਕਰ ਕੇ ਨਵੇਂ ਸਕੂਲ ਗਏ ਸਨ ਕਿ ਉੱਥੋਂ ਦੇ ਸਟਾਫ਼ ਨਾਲ਼ ਸ਼ਰਾਬ ਬਿਲਕੁਲ ਨਹੀਂ ਪੀਣੀ। ਉਹਲੇ ਨਾਲ਼ ਉਹ ਆਪ ਕਦੀ-ਕਦਾਈ ਘੁੱਟ ਲਾ ਲਿਆ ਕਰਨਗੇ। ਦੇਵ ਨੂੰ ਪਤਾ ਲੱਗਾ ਕਿ ਪਹਿਲੇ ਸਕੂਲਾਂ ਵਾਂਗ ਸ਼ਰਾਬ ਦੀ ਬੀਮਾਰੀ ਐਥੇ ਵੀ ਸੀ। ਸਟਾਫ਼ ਵਾਲ਼ੇ ਸ਼ਨੀਵਾਰ ਵਾਲ਼ੇ ਦਿਨ ਛੁੱਟੀ ਮਗਰੋਂ ਸਾਨ੍ਹੇਵਾਲ ਲੰਗੜੇ ਦੇ ਢਾਬੇ ਵਿਚ ਇਕੱਠੇ ਹੁੰਦੇ ਸਨ। ਉਸ ਨੂੰ ਮੀਟਰ ਖਰੀਦ ਕੇ ਦੇ ਦਿੰਦੇ ਤੇ ਉਹ ਬਣਵਾਈ ਦੇ ਪੈਸੇ ਲੈ ਲੈਂਦਾ। ਪਹਿਲਾ ਸ਼ਨੀਵਾਰ ਤਾਂ ਛੁੱਟੀ ਹੋਣ ਕਰਕੇ ਲੰਘ ਗਿਆ ਸੀ। ਅਗਲੇ ਸ਼ਨੀਵਾਰ ਨੂੰ ਪੰਦਰਾਂ ਪੰਦਰਾਂ ਰੁਪਏ ਇਕੱਠੇ ਕਰਨ ਲਈ ਬੰਤ ਚਪੜਾਸੀ ਉਨ੍ਹਾਂ ਕੋਲ਼ ਵੀ ਆ ਗਿਆ। ਉਨ੍ਹਾਂ ਨੇ ਕਿਹਾ ਕਿ ਨਾ ਤਾਂ ਉਹ ਸ਼ਰਾਬ ਪੀਂਦੇ ਹਨ ਅਤੇ ਨਾ ਹੀ ਮੀਟ ਖਾਂਦੇ ਹਨ। ਉਨ੍ਹਾਂ ਦੀ ਗੱਲ ਅਰਮਾਨ ਸਿੰਘ ਕੋਲ਼ ਪਹੁੰਚ ਗਈ। ਉਹ ਬਹੁਤ ਗੁੱਸੇ ਹੋ ਕੇ ਦੇਵ ਅਤੇ ਤ੍ਰਿਪਤ ਨੂੰ ਕਹਿਣ ਲੱਗਾ, 'ਕਿਉਂ ਬਈ ਕਿਉਂ ਨਹੀਂ ਪੀਣੀ ਤੁਸੀਂ ਸ਼ਰਾਬ? ਕਿਉਂ ਨਹੀਂ ਖਾਣਾ ਮੀਟ?'

'ਅਸੀਂ ਦੋਨੋਂ ਤਾਂ ਸ਼ੁੱਧ ਵੈਸ਼ਨੋ ਹਾਂ ਜੀ।' ਤ੍ਰਿਪਤ ਬੋਲਿਆ।

'ਫੇਰ ਤੁਸੀਂ ਦਾਲ਼ ਖਾ ਲਿਓ। ਕੋਕਾ ਕੋਲਾ ਪੀ ਲਿਓ। ਜਾਣਾ ਤਾਂ ਪਵੇਗਾ ਨਾਲ਼ ਤੇ ਹਿੱਸੇ ਬਹਿੰਦਾ ਖਰਚਾ ਵੀ ਬਰਾਬਰ ਦੇਣਾ ਪਵੇਗਾ।'

'ਇਹ ਤਾਂ ਸਾਡੀ ਮਰਜੀ ਏ ਅਰਮਾਨ ਸਿੰਘ ਜੀ। ਅਸੀਂ ਨਾ ਹੀ ਜਾਵਾਂਗੇ ਤੇ ਨਾ ਹੀ ਪੈਸੇ ਦਿਆਂਗੇ।' ਤ੍ਰਿਪਤ ਸਿੰਘ ਨੇ ਕਿਹਾ।

'ਸੋਚ ਲੈਣਾ, ਅਸੀਂ ਦੋਨਾਂ ਦਾ ਸਟਾਫ਼ ਵੱਲੋਂ ਬਾਈਕਾਟ ਕਰ ਦਿਆਂਗੇ। ਜੇ ਤੁਸੀਂ ਸਟਾਫ਼ ਦਾ ਸਾਥ ਨਹੀਂ ਦਿਓਗੇ ਤਾਂ ਦੂਰ ਦੀ ਬਦਲੀ ਵੀ ਕਰਵਾ ਦਿਆਂਗੇ। ਐਥੇ ਸਟਾਫ਼ ਹਮੇਸ਼ਾ ਇੱਕ ਜੁੱਟ ਰਿਹਾ ਏ। ਬਹੁਤ ਪਛਤਾਓਗੇ ਤੁਸੀਂ।'

ਪੰਜਾਬੀ ਮਾਸਟਰ ਗਣੇਸ਼ ਸਿੰਘ ਹੀ-ਹੀ ਕਰ ਕੇ ਹੱਸਿਆ ਤੇ ਬੋਲਿਆ, 'ਇਹ ਭੜਪੂੰਜੇ ਕਿੱਥੋਂ ਆ ਗਏ ਅਰਮਾਨ ਸਿੰਘ ਜੀ? ਛੇਕੋ ਇਨ੍ਹਾਂ ਦਾ ਭਾਂਡਾ।'

'ਕੱਲ੍ਹ ਤੋਂ ਇਨ੍ਹਾਂ ਦੀ ਚਾਹ ਬੰਦ ਕਰੋ ਤੇ ਬੱਚਿਆਂ ਤੋਂ 'ਹੋਏ-ਹੋਏ' ਕਰਵਾ ਦਿਓ।' ਦਰਦੀ ਨਾਂ ਦਾ ਕਲਰਕ ਬੋਲਿਆ।

'ਭਰਾਵੋ ਜੇ ਅਸੀਂ ਪੀਂਦੇ-ਖਾਂਦੇ ਹੀ ਨਹੀਂ, ਤੁਸੀਂ ਸਾਡੇ ਨਾਲ਼ ਵਧੀਕੀ ਕਿਉਂ ਕਰਦੇ ਹੋ?' ਦੇਵ ਬੋਲਿਆ।

ਕਰਮੂੰ ਚਪੜਾਸੀ ਦੋ ਡੱਕੇ ਚੁੱਕ ਲਿਆਇਆ ਤੇ ਉਨ੍ਹਾਂ ਦੋਨਾਂ ਦੇ ਸਿਰਾਂ ਤੇ ਰੱਖ ਕੇ ਬੋਲਿਆ, 'ਸਹੁੰ ਖਾਓ ਕਿ ਪੀਂਦੇ ਨਹੀਂ, ਜੇ ਝੂਠ ਬੋਲੋ ਡੱਕੇ ਵਰਗੇ ਹੋ ਕੇ ਮਰੋ।'

'ਝੂਠੀ ਸਹੁੰ ਕਿਉਂ ਖਾਈਏ? ਦਰਅਸਲ ਸਾਡਾ ਜੀ. ਟੀ. ਰੋਡ ਦਾ ਰਸਤਾ ਏ। ਸ਼ਰਾਬੀ ਹੋਇਆਂ ਨੂੰ ਕੋਈ ਵਾਹਨ ਫੇਟ ਮਾਰ ਕੇ ਲੰਘਜੂ।' ਤ੍ਰਿਪਤ ਨੇ ਕਿਹਾ।

'ਹੁਣ ਆਏ ਨਾ ਆਨੇ ਵਾਲ਼ੀ ਥਾਂ ਤੇ। ਜੇ ਐਸੇ ਤਰ੍ਹਾਂ ਲਿਖੀ ਹੋਈ ਤਾਂ ਸੋਫ਼ੀ ਨੂੰ ਕਿਹੜਾ ਗੱਡੀ ਫੇਟ ਨੀ ਮਾਰਦੀ। ਖਾਮਖਾਹ ਦੀਆਂ ਗੱਲਾਂ ਬੰਦ ਕਰੋ ਤੇ ਕੁਲੈਕਸ਼ਨ ਦਵੋ।'

ਉਨ੍ਹਾਂ ਦੋਨਾਂ ਨੇ ਅੱਖਾਂ ਮਿਲਾਈਆਂ ਤੇ ਪੰਦਰਾਂ ਪੰਦਰਾਂ ਰੁਪਏ ਫੜਾ ਦਿੱਤੇ। ਸ਼ਰਾਬ ਪੀ ਕੇ ਜੀ. ਟੀ. ਰੋਡ ਦਾ ਸਫ਼ਰ ਕਰਨ ਕਰਕੇ ਦੇਵ ਦੀ ਬੇਬੇ ਉਸ ਨਾਲ਼ ਕਲੇਸ਼ ਕਰਦੀ, ਪਰ ਉਹ ਕੋਈ ਉੱਤਰ ਹੀ ਨਾ ਦਿੰਦਾ। ਉਸ ਨੇ ਇਸ ਬਾਰੇ ਦੇਵ ਦੇ ਮਾਮੇ ਘਨ੍ਹੱਈਏ ਨੂੰ ਖ਼ਤ ਪਵਾ ਦਿੱਤਾ। ਉਸ ਨੂੰ ਵੀ ਇਹ ਜਾਣ ਕੇ ਬੜੀ ਨਮੋਸ਼ੀ ਹੋਈ। ਉਸ ਨੇ ਲਿਖਿਆ ਕਿ ਦੇਵ ਬੰਦਾ ਬਣ ਕੇ ਨੌਕਰੀ ਕਰੇ ਤੇ ਆਪਣੀ ਜਾਤ ਦੀ ਕਿਸੇ ਕੁੜੀ ਨਾਲ਼ ਵਿਆਹ ਕਰਵਾ ਕੇ ਵਿਹਲਾ ਹੋਵੇ। ਉਮਰ ਲੰਘ ਰਹੀ ਹੈ, ਮਗਰੋਂ ਪਛਤਾਉਣਾ ਪਵੇਗਾ। ਉਸ ਨੇ ਬਾਰਾਂ ਪਾਸ ਕਿਸੇ ਕੁੜੀ ਬਾਰੇ ਵੀ ਲਿਖਿਆ ਜੋ ਸਿਲਾਈ ਕਢਾਈ ਤੋਂ ਬਿਨਾਂ ਘਰ ਦੇ ਕੰਮ-ਕਾਜ ਵਿਚ ਨਿਪੁੰਨ ਸੀ। ਚਿੱਠੀ ਦੇਵ ਨੇ ਫਾੜ ਕੇ ਸੁੱਟ ਦਿੱਤੀ।

ਇਕ ਸ਼ਨੀਵਾਰ ਦੇਵ ਸਕੂਲੋਂ ਪੀ ਕੇ ਚੱਲਿਆ ਸੀ। ਦੋਰਾਹੇ ਦੇ ਪੁਲ਼ ਉੱਤੇ ਗੋਦੜ ਮੱਛੀ ਵਾਲ਼ੇ ਕੋਲ਼ ਉਸ ਨੂੰ ਬਾਲਕ ਰਾਮ ਡਾਕੀਆ ਮਿਲ ਗਿਆ। ਉਸ ਨੂੰ ਪਿਲਾਉਣ ਲਈ ਉਸ ਨੇ ਅਧੀਆ ਖਰੀਦ ਲਿਆ। ਘਰ ਪੂਰਾ ਟੁੰਨ ਹੋ ਕੇ ਵੜਿਆ। ਘਰ ਅੰਦਰ ਵੜਦੇ ਸਾਰ ਉਹ ਵਿਹੜੇ ਵਿਚ ਹੀ ਡਿਗ ਪਿਆ। ਉਸਦੀ ਬੇਬੇ ਨੇ ਉਸ ਦੇ ਉੱਤੋਂ ਸਾਇਕਲ ਚੁੱਕ ਕੇ ਸਟੈਂਡ ਉੱਤੇ ਲਾ ਦਿੱਤਾ ਤੇ ਰੋਣ ਲੱਗ ਪਈ। ਫਿਰ ਉਸਦੇ ਲਾਗੇ ਆ ਕੇ ਕਹਿਣ ਲੱਗੀ,

ਦੇਖ ਦੇਵ ਇਹ ਚੰਦਰੀ ਸ਼ਰਾਬ ਛੱਡ ਦੇ। ਇਸ ਨੇ ਬੜੇ ਘਰ ਤਬਾਹ ਕੀਤੇ ਨੇ।'

'ਕਿਹੜੇ ਘਰ.... ਤਬਾਹ ਹੋ ਗਏ?' ਦੇਵ ਬੋਲਿਆ।

'ਜੇ ਉਸ ਦੀਵਾਲ਼ੀ ਵਾਲ਼ੀ ਰਾਤ ਤੇਰਾ ਪਿਓ ਆਪਣੇ ਭਾਈਆਂ ਕੋਲ਼ ਜਾ ਕੇ ਸ਼ਰਾਬ ਨਾ ਪੀਂਦਾ ਤਾਂ ਉਸ ਨੇ ਅੱਜ ਤੱਕ ਜਿਉਂਦਾ ਹੋਣਾ ਸੀ।'

'ਬੇਬੇ ਜੇ ਉਹ ਜਿਉਂਦਾ ਹੁੰਦਾ ਤਾਂ ਅਸੀਂ ਚਾਰੇ ਭਰਾ ਕੀ ਹੁੰਦੇ? ਸੋਚਿਆ ਏ ਕਦੀ? ਅਲੱਗ ਅਲੱਗ ਹੁੰਦੀਆਂ ਦੁਕਾਨਾਂ। ਆਪਸ ਦੇ ਵਿਚ ਹੁੰਦੇ ਸਿਰ ਵੱਢਵੇਂ ਵੈਰ ਤੇ ਅਸੀਂ ਲੋਕਾਂ ਨਾਲ਼ ਠੱਗੀਆਂ ਮਾਰ ਰਹੇ ਹੁੰਦੇ। ਬਾਈ ਦੁਖੀ ਹੁੰਦਾ ਤੇ ਤੜਫ਼ਦਾ ਰਹਿੰਦਾ। ਇਹ ਤਾਂ ਮਾਮਾ ਹੀ ਸੀ, ਜੋ ਸਾਨੂੰ ਆਪਣੇ ਕੋਲ਼ ਲੈ ਗਿਆ ਤੇ ਸਾਰਿਆਂ ਨੂੰ ਪੜ੍ਹਾ-ਲਿਖਾ ਦਿੱਤਾ। ਬਾਈ ਨੂੰ ਕੀ ਪਤਾ ਸੀ ਕਿ ਪੜ੍ਹਾਈ ਕੀ ਸ਼ੈਅ ਹੁੰਦੀ ਏ। ਵੱਧ ਤੋਂ ਵੱਧ ਸਾਨੂੰ ਉਹ ਲੰਡੇ ਸਿਖਾ ਦਿੰਦਾ।' ਕਹਿ ਕੇ ਦੇਵ ਝੂੰਮਦਾ ਹੋਇਆ ਕਮਰੇ' ਚ ਵੜ ਗਿਆ ਤੇ ਮੰਜੇ ਉੱਤੇ ਲੇਟ ਗਿਆ।

ਕਾਫ਼ੀ ਦੇਰ ਪਿਆ ਰਿਹਾ, ਫਿਰ ਉੱਠ ਕੇ ਵਿਹੜੇ ਵਿਚ ਆ ਗਿਆ। ਐਧਰ ਉੱਧਰ ਆਪਣੀ ਬੇਬੇ ਨੂੰ ਭਾਲ਼ਿਆ। ਉਹ ਤਾਂ ਕਿਤੇ ਵੀ ਨਹੀਂ ਸੀ। ਉਹ ਪੌੜੀ ਚੜ੍ਹ ਕੋਠੇ ਤੇ ਗਿਆ ਤਾਂ ਉਹ ਉੱਥੇ ਬੈਠੀ ਰੋਣ ਲੱਗੀ ਹੋਈ।

'ਹੁਣ ਤੈਨੂੰ ਕੀ ਹੋ ਗਿਆ?' ਦੇਵ ਨੇ ਪੁੱਛਿਆ।

'ਨਿੱਜ ਜੰਮਦੇ ਤੁਸੀਂ... ਪਰ ਉਹ ਜਿਉਂਦਾ ਰਹਿੰਦਾ।' ਉਸ ਨੇ ਬੜੇ ਜ਼ੋਰ ਨਾਲ਼ ਆਪਣੀ ਛਾਤੀ ਵਿਚ ਮੁੱਕੀਆਂ ਮਾਰੀਆਂ। ਦੇਵ ਨੇ ਅੱਗੇ ਵਧ ਕੇ ਉਸ ਦੇ ਹੱਥ ਫੜ ਲਏ ਤੇ ਆਪਣੇ ਮੂੰਹ ਉੱਤੇ ਮਾਰਨ ਲੱਗਾ, 'ਮਾਰ ਮੈਨੂੰ... ਮਾਰ ਮੈਨੂੰ... ਹੋਰ ਮਾਰ ਮੈਨੂੰ।'

ਉਸ ਨੇ ਦੇਵ ਤੋਂ ਆਪਣੇ ਹੱਥ ਛੁਡਾ ਲਏ ਤੇ ਬੋਲੀ, 'ਆਪਣੀ ਮਾੜੀ ਕਿਸਮਤ ਨੂੰ ਮੈਂ ਰੋਂਦੀ ਹਾਂ ਪੁੱਤਾ ਵੇ। ਤੂੰ ਇਉਂ ਕਿਉਂ ਕਿਹਾ ਚੰਦਰਿਆ ਆਪਣੇ ਪਿਓ ਨੂੰ। ਮੇਰੀ ਤਾਂ ਦੁਨੀਆਂ ਹੀ ਉਹਦੇ ਨਾਲ਼ ਸੀ।'

'ਚੱਲ ਉੱਠ ਹੁਣ... ਮਰਿਆਂ ਦੀ ਮਿੱਟੀ ਫੋਲਣ ਦਾ ਕੀ ਫਾਇਦਾ ਬੇਬੇ?' ਦੇਵ ਦੇ ਮੂੰਹੋਂ ਐਵੇਂ ਨਿਕਲ ਗਿਆ। ਆਪਣੇ ਤੇ ਮੁਸੀਬਤ ਆਈ ਤਾਂ ਮਾਮਾ ਰੱਬ ਬਣ ਕੇ ਬਹੁੜਿਆ। ਤੂੰ ਤਾਂ ਮੇਰੀ ਗੱਲ ਦਾ ਐਵੇਂ ਬੁਰਾ ਮਨਾ ਗਈ।' ਦੇਵ ਉਸ ਨੂੰ ਉਠਾਲ਼ ਕੇ ਹੇਠ ਲੈ ਆਇਆ।

ਆਪਣੇ ਮਾਮੇ ਘਨੱਈਏ ਨਾਲ਼ ਦੇਵ ਦਾ ਚਿੱਠੀ ਪੱਤਰ ਚਲਦਾ ਰਹਿੰਦਾ ਸੀ। ਉਹ ਹਮੇਸ਼ਾ ਉਸ ਨੂੰ ਜਵਾਬੀ ਕਾਰਡ ਪਾਉਂਦਾ। ਉਸ ਨੂੰ ਮਗਰੋਂ ਭੇਜਣ ਵਾਲ਼ੇ ਜਵਾਬੀ ਕਾਰਡਾਂ ਉੱਤੇ ਉਹ ਆਪਣਾ ਤੇ ਉਸਦਾ ਐਡਰੈਸ ਪਹਿਲਾਂ ਹੀ ਲਿਖ ਦਿੰਦਾ। ਆਪਣੇ ਵਾਲ਼ੇ ਕਾਰਡ ਤੇ ਕੁਝ ਲਾਈਨਾਂ ਪਹਿਲਾਂ ਹੀ ਝਰੀਟ ਦਿੰਦਾ.... ੧ਓ ਸਤਿਗੁਰ ਪ੍ਰਸਾਦਿ... ਲਿਖਤੁਮ ਦੇਵ ਅੱਗੇ ਪਰਮ ਪੂਜਨੀਕ ਮਾਮਾ ਜੀਓ, ਅਸੀਂ ਸਭ ਰਾਜੀ ਖੁਸ਼ੀ ਹਾਂ, ਆਪ ਜੀ ਦੀ ਰਾਜੀ ਖੁਸ਼ੀ ਪ੍ਰਮਾਤਮਾ ਕੋਲ਼ੋਂ ਨੇਕ ਲੋੜਦੇ ਹਾਂ। ਖ਼ਤ ਆਪ ਜੀ ਦਾ ਮਿਲਿਆ ਪੜ੍ਹਕੇ ਹਾਲ ਮਾਲੂਮ ਹੋਇਆ... ਤੇ ਕਾਰਡ ਦੇ ਦੂਜੇ ਪਾਸੇ... ਪਿੰਡ ਦੀ ਰਾਜੀ ਖੁਸ਼ੀ ਦਾ ਪਤਾ ਦੇਣਾ। ਮਾਮੀ ਜੀ ਅਤੇ ਆਪਣੀ ਸਿਹਤ ਦਾ ਖਿਆਲ ਰੱਖਣਾ। ਖ਼ਤ ਲਿਖਦਿਆਂ ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ਼ ਕਰਨਾ। ਖ਼ਤ ਦਾ ਉੱਤਰ ਛੇਤੀ ਦੇਣਾ ਜੀ- ਆਪ ਦਾ ਭਾਣਜਾ, ਦੇਵ। ਜਦੋਂ ਖਤ ਦਾ ਉੱਤਰ ਆ ਜਾਂਦਾ ਤਾਂ ਉਹ ਪਹਿਲਾਂ ਹੀ ਲਿਖੇ ਕਾਰਡ ਉੱਤੇ ਖਾਲੀ ਛੱਡੀ ਥਾਂ ਤੇ ਪੰਜ

ਸੱਤ ਲਾਈਨਾਂ ਹੋਰ ਝਰੀਟ ਦਿੰਦਾ। ਉਹ ਗਾਵਾਂ ਦੇ ਨਾਂ ਤੇ ਲਿਖ ਕੇ ਹਾਲ-ਚਾਲ ਪੁੱਛਦਾ। ਆਪਣੇ ਬਾਰੇ ਕਈ ਮਨਘੜਤ ਗੱਲਾਂ ਲਿਖਕੇ ਕਾਰਡ ਪੋਸਟ ਕਰ ਦਿੰਦਾ। ਦੇਵ ਨੂੰ ਪਤਾ ਸੀ ਕਿ ਉਹ ਆਪਣੇ ਭਾਣਜਿਆਂ ਦੇ ਖ਼ਤ ਪਿੰਡ ਦੇ ਲੋਕਾਂ ਨੂੰ ਦਿਖਾਉਂਦਾ ਫਿਰਿਆ ਕਰਦਾ ਸੀ। ਉਹ ਹਮੇਸ਼ਾ ਲਿਖਦਾ ਕਿ ਦੇਵ ਨੇ ਉਸ ਨੂੰ ਬੜੀ ਦੇਰ ਬਾਅਦ ਖ਼ਤ ਪਾਇਆ ਹੈ। ਖਤ ਵੀ ਜਿਵੇਂ ਦੌੜੇ ਜਾਂਦੇ ਨੇ ਲਿਖਿਆ ਹੋਵੇ। ਦੇਵ ਨੂੰ ਸਲਾਹਪੁਰ ਗਏ ਨੂੰ ਕਈ ਮਹੀਨੇ ਲੰਘ ਗਏ ਸਨ। ਉਹ ਆਪਣੀ ਹਰ ਚਿੱਠੀ ਤੇ ਲਿਖਦਾ ਕਿ ਉਹ ਆਪਣੀ ਬੇਬੇ ਨੂੰ ਨਾਲ਼ ਲੈ ਕੇ ਮਿਲਾ ਲਿਜਾਵੇ। ਦੋਰਾਹੇ ਵਿਚ ਗੁਆਂਢੀਆਂ ਦੇ ਘਰ ਵੀ ਦੂਰ ਦੂਰ ਹੋਣ ਕਰਕੇ, ਦੋਨਾਂ ਦਾ ਜਾਣਾ ਅਸੰਭਵ ਹੀ ਸੀ।

ਗਰਮੀ ਦੀਆਂ ਛੁੱਟੀਆਂ ਆਈਆਂ ਤਾਂ ਦੇਵ ਨੇ ਸੋਚਿਆ ਕਿ ਕਿਸੇ ਦਿਨ ਉਹ ਇਕੱਲਾ ਹੀ ਉਨ੍ਹਾਂ ਨੂੰ ਮਿਲ ਆਵੇ, ਪਰ ਨਹਿਰ ਦੀ ਪਟੜੀ ਸਿਰੇ ਤੱਕ ਟੁੱਟੀ ਹੋਣ ਕਰਕੇ ਉਹ ਜਾਣ ਤੋਂ ਕਤਰਾਉਂਦਾ ਸੀ। ਇਕ ਦਿਨ ਸਵੇਰੇ ਹੀ ਭਲਿਆਣ ਵਾਲਾ ਸ਼ਾਮੂ ਦੋਰਾਹੇ ਆ ਗਿਆ। ਉਹ ਘਨ੍ਹੱਈਏ ਨੂੰ ਚਾਚਾ ਕਹਿੰਦਾ ਸੀ। ਉਹ ਬੋਲਿਆ, 'ਭਾਈ ਦੇਵ ਚਾਚਾ ਬਾਹਲ਼ਾ ਢਿੱਲਾ ਏ ਤੂੰ ਹੁਣੇ ਚੱਲ।'

ਉਸ ਦੀ ਗੱਲ ਸੁਣ ਕੇ ਭਾਗਵੰਤੀ ਨੇ ਸੋਚਿਆ ਕਿ ਭਾਣਾ ਵਰਤ ਗਿਆ ਏ। ਉਹ ਰੋਣ ਲੱਗ ਪਈ ਤੇ ਸ਼ਾਮੂ ਨੂੰ ਪੁੱਛਣ ਲੱਗੀ, 'ਤੂੰ ਸੱਚ ਸੱਚ ਦੱਸ ਦੇ ਵੇ ਪੁੱਤਾ। ਮੇਰੇ ਵੀਰ ਘਨ੍ਹੱਈਏ ਨੂੰ ਕੁਛ ਹੋ ਤਾਂ ਨੀ ਗਿਆ?'

'ਬੂਆ ਤੂੰ ਫਿਕਰ ਨਾ ਕਰ। ਉਹ ਥੋੜ੍ਹਾ ਬੀਮਾਰ ਏ। ਪਿਛਲੇ ਮਹੀਨੇ ਤੋਂ ਹੀ ਢਿੱਲਾ ਏ। ਤੁਹਾਨੂੰ ਯਾਦ ਕਰ ਰਿਹਾ ਏ।' ਉਸ ਨੇ ਦੱਸਿਆ।

ਸ਼ਾਮੂ ਸਕੂਟਰ ਉੱਤੇ ਆਇਆ ਸੀ। ਉਹ ਬੋਲਿਆ, 'ਦੇਵ ਤੂੰ ਆਪਣਾ ਸਕੂਟਰ ਲੈ ਲਾ। ਹੋ ਸਕਦਾ ਏ ਚਾਚੇ ਨੂੰ ਰੋਪੜ ਦਿਖਾਉਣਾ ਪਵੇ।'

'ਪਰ ਮੈਂ ਤਾਂ ਸ਼ਾਮ ਲਾਲ ਐਨਾ ਟਰੇਂਡ ਨੀ ਹੈਗਾ। ਸਕੂਟਰ ਹੁਣੇ ਲਿਆ ਏ।'

'ਕੁਛ ਨੀ ਹੁੰਦਾ। ਰਸਤੇ' ਚ ਟਰੈਫਿਕ ਤਾਂ ਨਾ-ਮਾਤਰ ਹੀ ਏ। ਚਲਾਏਂਗਾ ਤਾਂ ਹੀ ਟਰੇਂਡ ਹੋਵੇਂਗਾ। ਨਾਲ਼ੇ ਭਾਈ ਚਾਰ ਕੁ ਸੌ ਰੁਪਏ ਲੈ ਲਾ ਆਪਣੇ ਨਾਲ਼। ਲੋੜ ਪੈ ਸਕਦੀ ਏ।' ਉਹ ਬੋਲਿਆ।

ਉਸ ਦੀ ਰੁਪਿਆਂ ਵਾਲ਼ੀ ਗੱਲ ਦੇਵ ਨੂੰ ਝਾੜ ਸਾਹਬ ਪਹੁੰਚ ਕੇ ਸਮਝ ਆਈ। ਉਹ ਦੇਵ ਦੇ ਮੂਹਰੇ ਮੂਹਰੇ ਜਾ ਰਿਹਾ ਸੀ, ਝਾੜ ਸਾਹਿਬ ਦੇ ਪੁਲ਼ ਤੇ ਜਾ ਕੇ ਰੁਕ ਗਿਆ। ਦੇ ਵ ਨੇ ਪੁੱਛਿਆ, 'ਰੁਕ ਕਿਉਂ ਗਏ?'

'ਦੱਸਦਾ ਏਂ। ਐਧਰ ਨੂੰ ਆ।' ਉਸ ਨੇ ਆਪਣਾ ਸਕੂਟਰ ਸੱਜੇ ਪਾਸੇ ਨੂੰ ਮੋੜ ਲਿਆ। ਉਹ ਕੁਝ ਦੂਰੀ ਤੇ ਇਕ ਹਕੀਮ ਦੀ ਦੁਕਾਨ ਤੇ ਰੁਕਿਆ ਤੇ ਦੇਵ ਨੂੰ ਅੰਦਰ ਲੈ ਗਿਆ।

'ਚਾਚੇ ਦੀ ਦਵਾਈ ਮੈਂ ਐਥੋਂ ਲੈ ਕੇ ਜਾਂਦਾ ਸੀ। ਤੂੰ ਹਕੀਮ ਸਾਹਬ ਦਾ ਹਿਸਾਬ ਕਰਦੇ ।'

'ਹੋਰ ਨੇੜੇ-ਤੇੜੇ ਕੋਈ ਹਕੀਮ ਨੀ ਮਿਲਿਆ?'

'ਇਨ੍ਹਾਂ ਦੀ ਰੀਸ ਕੋਈ ਨੀ। ਨਾਲ਼ੇ ਦੇਵ ਹਕੀਮ ਸਾਹਬ ਉਧਾਰ ਕਰ ਲੈਂਦੇ ਨੇ।'

ਉਹ ਕਿਸੇ ਪਾਸਿਓਂ ਵੀ ਹਕੀਮ ਨਹੀਂ ਸੀ ਲਗਦਾ। ਉਹ ਲਗਾਤਾਰ ਖੰਘੀ ਜਾ ਰਿਹਾ ਸੀ ਤੇ ਉਸ ਦੀ ਗਰਦਣ ਦਾ ਕਾਉਂ ਟਪੂਸੀਆਂ ਮਾਰ ਰਿਹਾ ਸੀ। ਸੁੱਕੇ ਸ਼ਰੀਰ ਅਤੇ ਗੰਦੇ ਕੱਪੜਿਆਂ ਵਿਚ ਉਹ ਇਉਂ ਲਗਦਾ ਸੀ ਜਿਵੇਂ ਸਦੀਆਂ ਤੋਂ ਬੀਮਾਰ ਹੋਵੇ। ਹਕੀਮ ਨੇ ਇਕ ਲਾਲ ਜਿਲਦ ਵਾਲ਼ੀ ਬਹੀ ਖੋਹਲ ਕੇ ਦੱਸਿਆ ਕਿ ਵਿਆਜ ਸਮੇਤ ਘਨੁੱਈਏ ਵੱਲ ਪੌਣੇ ਦੋ ਸੌ ਰੁਪਏ ਹੋ ਗਏ ਸਨ।

'ਵਿਆਜ ਸਮੇਤ ਕੀ ਮਤਲਬ ਹਕੀਮ ਸਾਹਬ?' ਦੇਵ ਨੇ ਪੁੱਛਿਆ।

'ਜੇ ਵਿਆਜ ਨਾ ਲਵਾਂ ਤਾਂ ਲੋਕ ਨਕਦ ਪੈਸੇ ਦੇਣ ਹੀ ਨਾ।' ਦੇਵ ਹੈਰਾਨ ਹੋਇਆ ਕਿ ਉਹ ਹੱਸ ਵੀ ਸਕਦਾ ਸੀ।

'ਪਰ ਦਵਾਈ ਹੈ ਕਾਹਦੀ ਸੀ ਇਹ?'

'ਖ਼ੂਨ ਪੈਂਦਾ ਸੀ ਅੰਦਰੋਂ ਚਾਚੇ ਦੇ।' ਸ਼ਾਮੂ ਬੋਲਿਆ।

'ਫੇਰ ਹੁਣ ਹਟ ਗਿਆ?'

'ਨਹੀਂ ਤਾਂ ਹੀ ਤਾਂ ਤੈਨੂੰ ਲੈ ਕੇ ਆਇਆ ਏਂ।'

'ਫੇਰ ਇਹਨੂੰ ਪੈਸੇ ਕਾਹਦੇ? ਜਦ ਅਰਾਮ ਹੀ ਨ੍ਹੀ ਆਇਆ।' ਦੇਵ ਉੱਠ ਕੇ ਹਕੀਮ ਦੀ ਹੱਟੀ' ਚੋਂ ਬਾਹਰ ਨਿਕਲ਼ ਆਇਆ।

ਦੇਵ ਨੇ ਸਕੂਟਰ ਨੂੰ ਕਿੱਕ ਮਾਰੀ ਤੇ ਬੋਲਿਆ, 'ਹੁਣ ਪਤਾ ਲੱਗਿਆ ਸ਼ਾਮ ਲਾਲ ਜੀ, ਤੁਸੀਂ ਦੋਰਾਹੇ ਕਿਉਂ ਆਏ ਸੀ ਪੈਟਰੋਲ ਫੂਕ ਕੇ।'

'ਪੈਸੇ ਤਾਂ ਹੁਣ ਦੇਵ ਦਵਾਈ ਦੇ ਤੁਸੀਂ ਹੀ ਦੇਣੇ ਸੀ। ਤੁਹਾਡਾ ਕਿੰਨਾ ਕੀਤਾ ਏ ਚਾਚੇ ਨੇ। ਸਾਰੀ ਦੁਨੀਆਂ ਜਾਣਦੀ ਏ, ਇਹ ਕਰਜ਼ ਮੋੜਿਆ ਨਹੀਂ ਜਾ ਸਕਦਾ।'

'ਇਹੀ ਤਾਂ ਮੈਂ ਕਹਿੰਦਾ ਹਾਂ ਕਿ ਮੋੜਿਆ ਨੀ ਜਾ ਸਕਦਾ। ਹੁਣ ਤੂੰ ਜਾਹ ਆਪਣੇ ਘਰ। ਮੈਂ ਆਪੇ ਜਾ ਕੇ ਮਾਮੇ ਨਾਲ਼ ਗੱਲ ਕਰ ਲਵਾਂਗਾ।' ਦੇਵ ਨੇ ਸਕੂਟਰ ਭਜਾ ਲਿਆ।

ਸਲਾਹਪੁਰ ਪੁੱਜ ਦੇਵ ਨੇ ਸਕੂਟਰ ਪਿੰਡੋਂ ਬਾਹਰ ਹੀ ਰੋਕ ਲਿਆ। ਗਲੀਆਂ ਉਘੜ-ਦੁਘੜੀਆਂ ਹੋਣ ਕਰਕੇ ਘਰ ਤਕ ਸਕੂਟਰ ਰੋਹੜ ਕੇ ਹੀ ਲੈ ਕੇ ਗਿਆ। ਘਰ ਦੇ ਬਾਹਰ ਸਟੈਂਡ ਤੇ ਲਾ ਕੇ ਅੰਦਰ ਵੜਿਆ ਤਾਂ ਉਸਦਾ ਮਾਮਾ ਖੁਰੇ ਵਿਚ ਪਟੜੇ ਤੇ ਪੁੜਪੁੜੀਆਂ ਫੜੀ ਬੈਠਾ ਖੰਘ ਰਿਹਾ ਸੀ।

'ਮਾਮਾ ਮੱਥਾ ਟੇਕਦਾ ਏਂ। ਮੈਂ ਦੇਵ ਹਾਂ।' ਉਹ ਬੋਲਿਆ।

ਉਹ ਉੱਠ ਖੜ੍ਹਾ ਹੋਇਆ ਤੇ ਉਸ ਨੂੰ ਜੱਫੀ ਵਿਚ ਲੈਂਦਾ ਬੋਲਿਆ, 'ਆ ਮੇਰੇ ਪੁੱਤਾ, ਜਿਉਂਦਾ ਰਹਿ। ਤੇਰਾ ਅੱਜ ਆਉਣ ਨੂੰ ਕਿਵੇਂ ਚਿੱਤ ਕਰ ਆਇਆ?'

ਦੇਵ ਨੇ ਉਸਦੇ ਪੈਰਾਂ ਨੂੰ ਹੱਥ ਲਾਏ ਤੇ ਕਿਹਾ, 'ਡਿਊਟੀ ਹੀ ਐਸੀ ਏ ਮਾਮਾ। ਫੇ ਰ ਟਿਊਸ਼ਨਾਂ ਕਰਕੇ ਵੀ ਨਿਕਲ਼ਿਆ ਨਹੀਂ ਜਾਂਦਾ।'

ਉਸਨੂੰ ਫਿਰ ਖੰਘ ਛਿੜ ਪਈ। ਦੇਵ ਉਸ ਵੱਲ ਦੇਖਦਾ ਰਿਹਾ ਤੇ ਹੈਰਾਨ ਹੋਈ ਗਿਆ ਕਿ ਉਹ ਐਨਾ ਕਮਜ਼ੋਰ ਕਿਵੇਂ ਹੋ ਗਿਆ ਸੀ। ਖੰਘ ਰੁਕੀ ਤਾਂ ਉਸ ਨੇ ਦੇਵ ਦੀ ਬੇਬੇ ਦਾ ਹਾਲ ਪੁੱਛਿਆ। ਉਹ ਗਿਲਾ ਕਰਨ ਲੱਗਾ ਕਿ ਉਸਨੂੰ ਉਸ ਦਾ ਕੋਈ ਵੀ ਭਾਣਜਾ ਮਹੀਨਾ ਮਹੀਨਾ ਖਤ ਨ੍ਹੀ ਪਾਉਂਦਾ। ਔਖੀ ਘੜੀ' ਚ ਸਭ ਭੁੱਲ ਗਏ ਸਨ। ਉਹ ਡੂਢ ਮਹੀਨੇ

ਤੋਂ ਬੀਮਾਰ ਪਿਆ ਸੀ ਕਿਸੇ ਨੇ ਖ਼ਬਰ ਤੱਕ ਨਹੀਂ ਸੀ ਲਈ।

'ਦਸ ਦਿਨ ਪਹਿਲਾਂ ਤਾਂ ਮਾਮਾ ਤੇਰੀ ਚਿੱਠੀ ਮਿਲੀ ਏ ਮੈਨੂੰ। ਤੂੰ ਆਪਣੇ ਬੀਮਾਰ ਹੋਣ ਬਾਰੇ ਕੁਝ ਵੀ ਨੀ ਦੱਸਿਆ।'

'ਬਖ਼ਸ਼ੀ ਦੇ ਸ਼ਾਮੂ ਤੋਂ ਦਵਾਈ ਮੰਗਵਾਈ ਸੀ। ਝਾੜ ਸਾਹਬ ਕੋਈ ਹਕੀਮ ਏਂ। ਉਹ ਸੌ ਰੁਪਏ ਲੈ ਗਿਆ, ਪਰ ਮੈਨੂੰ ਮਾਫ਼ਕ ਨਾ ਆਈ, ਮੈਂ ਖਾਣੀ ਛੱਡ ਦਿੱਤੀ। ਸਾਲ਼ੇ ਨੇ ਅੱਗ ਦੀਆਂ ਗੋਲ਼ੀਆਂ ਹੀ ਦੇ ਦਿੱਤੀਆਂ ਖਾਣ ਨੂੰ। ਮੈਂ ਸੋਚਿਆ, ਤੈਨੂੰ ਲਿਖ ਕੇ ਕਾਹਨੂੰ ਫਿਕਰ' ਚ ਪਾਵਾਂ।'

'ਸ਼ਾਮੂ ਨੂੰ ਤੁਸੀਂ ਦੋਰਾਹੇ ਭੇਜਿਆ ਸੀ?' ਦੇਵ ਨੇ ਪੁੱਛਿਆ। ਤਦੇ ਦੇਵ ਦੀ ਮਾਮੀ ਲਲਤਾ ਸਿਰ ਉੱਤੇ ਇੰਨੂ ਰੱਖੀ ਤੇ ਹੱਥ ਵਿਚ ਤਸਲਾ ਲਟਕਾਈ ਅੰਦਰ ਆ ਵੜੀ। ਦੇਵ ਨੇ ਉਸ ਦੇ ਪੈਰ ਛੂਹੇ। ਉਸ ਨੇ ਦੱਸਿਆ ਕਿ ਉਹ ਸੁਆਹ ਵਾਲ਼ੇ ਤਸਲੇ ਵਿਚ ਘਨ੍ਹੱਈਏ ਦਾ ਜੰਗਲਪਾਣੀ ਢੇਰ ਤੇ ਸੁੱਟ ਕੇ ਆਈ ਸੀ। ਉਹ ਇਕ ਮਹੀਨੇ ਤੋਂ ਚੱਕਰ ਆਉਣ ਕਰਕੇ ਬਾਹਰ ਨਹੀਂ ਸੀ ਜਾ ਸਕਿਆ।

'ਸਭ ਭੁੱਲ ਗਏ ਮੈਨੂੰ।' ਘਨ੍ਹੱਈਏ ਨੇ ਫਿਰ ਹਉਕਾ ਲਿਆ।

'ਮੈਖਿਆ, ਮਾਰ੍ਹਾਜ ਜੀ, ਹੁਣ ਤੂੰ ਫਿਕਰ ਨਾ ਕਰ। ਆਪਣਾ ਪੁੱਤ ਆ ਗਿਆ ਏ। ਦਿਖਾ ਦਊ ਤੈਨੂੰ ਲਿਜਾ ਕੇ ਰੋਪੜ ਦੇ ਦਵਾਖਾਨੇ' ਚ।' ਉਹ ਬੋਲੀ।

'ਠੀਕ ਏ ਮਾਮੀ, ਮੈਂ ਕੱਲ੍ਹ ਹੀ ਲੈ ਜਾਵਾਂਗਾ।'

ਗੱਲਾਂ ਕਰਦੀ ਮਾਮੀ ਵੱਲ ਦੇਵ ਦੇਖੀ ਗਿਆ। ਉਹ ਵੀ ਬੁੱਢੀ ਹੋ ਰਹੀ ਸੀ। ਓਸ ਦਾ ਇਕ ਦੰਦ ਪਤਾ ਨਹੀਂ ਕਿਵੇਂ ਦੂਜਿਆਂ ਦਾ ਸਾਥ ਛੱਡ ਕੇ ਬਾਰ-ਬਾਰ ਉਸ ਦੇ ਹੇਠਲੇ ਬੁੱਲ੍ਹ ਉੱਤੇ ਆ ਬਹਿੰਦਾ ਸੀ। ਇਹ ਦੰਦ ਐਨਾ ਕਿਵੇਂ ਵਧ ਗਿਆ ਸੀ, ਦੇਵ ਹੈਰਾਨ ਹੋਇਆ। ਲਲਤਾ ਦੀ ਠੋਡੀ ਵੀ ਮੂਹਰੇ ਨੂੰ ਮੁੜ ਗਈ ਸੀ ਤੇ ਉਸ ਦੀਆਂ ਖੁਸ਼ਕ ਹਥੇਲੀਆਂ ਦੀਆਂ ਰੇਖਾਵਾਂ ਵਿਚ ਪੱਕੇ ਤੌਰ ਤੇ ਹੀ ਸਵਾਹ ਜੰਮ ਚੁੱਕੀ ਸੀ। ਉਸ ਦੇ ਕੱਪੜੇ ਬਹੁਤ ਮੈਲ਼ੇ ਸਨ ਤੇ ਨੀਲੀ ਸਲਵਾਰ ਉੱਤੇ ਗਿੱਠ ਭਰ ਦੀ ਹਰੇ ਰੰਗ ਦੀ ਟਾਕੀ ਲਾਈ ਹੋਈ ਸੀ। ਗੱਲਾਂ ਕਰਦੀ ਲਲਤਾ ਨੇ ਆਪਣੇ ਦੋਨੋਂ ਹੱਥ ਦੇਵ ਵੱਲ ਨੂੰ ਜੋੜਦਿਆਂ ਕਿਹਾ, 'ਦੇਵ ਪੁੱਤ ਹੁਣ ਸਾਨੂੰ ਤੇਰਾ ਹੀ ਆਸਰਾ ਏ। ਮਸ਼ੀਨ ਵੀ ਛੁੱਟ ਗਈ ਹੁਣ ਤਾਂ ਮਾਰ੍ਹਾਜ ਜੀ ਦੀ।'

ਲਲਤਾ ਨੇ ਚਾਹ ਬਣਾਈ। ਖੋਗਿਆ ਦੀ ਅੱਗ ਕਦੀ ਬਲ ਪੈਂਦੀ, ਕਦੀ ਬੁਝ ਜਾਂਦੀ। ਉਹ ਭੂਕਨੇ ਨਾਲ਼ ਫੂਕ ਮਾਰਦੀ ਤਾਂ ਸਵਾਹ ਉਡ ਕੇ ਉਸ ਦੇ ਮੂੰਹ ਵੱਲ ਨੂੰ ਆਉਂਦੀ। ਸ਼ਾਇਦ ਇਸੇ ਕਰਕੇ ਚਾਹ ਧੁਆਂਖੀ ਗਈ ਤੇ ਉਹਦਾ ਜ਼ਾਇਕਾ ਹੀ ਬਦਲ ਗਿਆ। ਦੇਵ ਨੂੰ ਪਤਾ ਤਾਂ ਲੱਗ ਹੀ ਗਿਆ ਸੀ ਕਿ ਘਨ੍ਹੱਈਏ ਨੂੰ ਟੀ. ਬੀ. ਹੋ ਚੁੱਕੀ ਸੀ। ਉਸ ਨੇ ਉਸ ਦੇ ਥੁੱਕ ਵਿਚ ਲਹੂ ਵੀ ਦੇਖ ਲਿਆ ਸੀ। ਉਸ ਨੇ ਕਿਹਾ, 'ਮਾਮਾ, ਕੱਲ੍ਹ ਸਵੇਰੇ ਆਪਾਂ ਰੋਪੜ ਜਾਵਾਂਗੇ। ਤੂੰ ਤਾਂ ਐਵੇਂ ਹਕੀਮਾਂ ਦੇ ਚੱਕਰ ਵਿਚ ਪਿਆ ਰਿਹਾ।'

'ਜਿਊਂਦਾ ਰਹਿ ਪੁੱਤ ਦੇਵ। ਤੇਰੇ ਤੇ ਹੀ ਸਾਡੀਆਂ ਆਸਾਂ ਨੇ।' ਲਲਤਾ ਬੋਲੀ।

**00**

# ਇਕ ਸੌ ਉਂਨੀ

ਸਵੇਰ ਵੇਲ਼ੇ ਘਨ੍ਹੱਈਆ ਚੜ੍ਹਦੀ ਕਲਾ ਵਿਚ ਲੱਗ ਰਿਹਾ ਸੀ। ਰਾਤ ਨੂੰ ਵੀ ਉਸ ਨੂੰ ਘੱਟ ਹੀ ਖੰਘ ਛਿੜੀ ਸੀ। ਰਾਤ ਉਸ ਨੇ ਦੇਵ ਨੂੰ ਦੱਸਿਆ ਸੀ ਕਿ ਕੰਪੋਡਰ ਚੰਨਣ ਸਿੰਘ ਤੇ ਤਾਰਾ ਸਿੰਘ ਨੇ ਉਸ ਨੂੰ ਸਲਾਹ ਦਿੱਤੀ ਸੀ ਕਿ ਰੋਪੜ ਹਸਪਤਾਲ਼ ਜਾ ਕੇ ਥੁੱਕ ਟੈਸਟ ਕਰਵਾਏ, ਪਰ ਨਿਗ੍ਹਾ ਕਮਜ਼ੋਰ ਹੋਣ ਕਰਕੇ ਉਹ ਜਾਣ ਦੀ ਹਿੰਮਤ ਨਹੀਂ ਸੀ ਕਰ ਸਕਿਆ। ਲਲਤਾ ਦੇ ਬਣਾਏ ਪਰੌਂਠੇ ਖਾ ਕੇ ਉਨ੍ਹਾਂ ਨੇ ਰੋਪੜ ਜਾਣ ਦੀ ਤਿਆਰੀ ਕਰ ਲਈ। ਘਨ੍ਹੱਈਏ ਨੇ ਆਪਣਾ ਰਾਸ਼ਣ-ਕਾਰਡ ਝੋਲੇ ਵਿਚ ਪਾਇਆ ਤੇ ਬੋਲਿਆ, 'ਚੱਲ ਬਈ ਜੁਆਨਾ, ਝਾਂਟੀ ਲਈਏ ਅੱਜ ਤੇਰੇ ਸਕੂਟਰ ਤੇ।'

'ਮਾਮਾ, ਬੱਸ ਹੀ ਚਲੇ ਚਲਦੇ ਹਾਂ, ਰਸਤਾ ਨੀ ਠੀਕ।' ਉਹ ਬੋਲਿਆ।

'ਚੱਲ ਭਾਈ, ਜਿਵੇਂ ਤੇਰੀ ਮਰਜ਼ੀ।'

ਉਨ੍ਹਾਂ ਨੇ ਚਮਕੌਰ ਜਾ ਕੇ ਰੋਪੜ ਵਾਲ਼ੀ ਬੱਸ ਫੜ ਲਈ। ਬੱਸ ਵਿਚ ਕਾਫ਼ੀ ਸੀਟਾਂ ਖਾਲੀ ਸਨ। ਬੈਠਣ ਲੱਗਿਆਂ ਦੇਵ ਤੋਂ ਇਕ ਗਲਤੀ ਹੋ ਗਈ, ਜਿਹੜੀ ਥੋੜ੍ਹੀ ਦੂਰ ਜਾ ਕੇ ਘਨ੍ਹੱਈਏ ਨੇ ਉਸ ਨੂੰ ਯਾਦ ਕਰਵਾਈ। ਪਹਿਲਾਂ ਉਹ ਹੱਸਿਆ, ਫਿਰ ਬੋਲਿਆ, 'ਦੇਵ ਤੂੰ ਕਿੰਨੀਆਂ ਜਮਾਤਾਂ ਪੜ੍ਹਿਆ ਏਂ?'

'ਤੈਨੂੰ ਪਤਾ ਹੀ ਏ ਮਾਮਾ... ਕੀ ਗੱਲ ਹੋ ਗਈ?' ਦੇਵ ਨੇ ਪੁੱਛਿਆ।

'ਤੂੰ ਪੜ੍ਹਿਆ ਜ਼ਰੂਰ ਏਂ, ਗੁੜ੍ਹਿਆ ਨੀ। ਪੜ੍ਹਾਈ ਹੋਰ ਚੀਜ਼, ਅਕਲ ਹੋਰ।'

'ਫੇਰ ਵੀ ਦੱਸ ਤਾਂ ਸਈ ਮਾਮਾ।'

ਉਸ ਨੇ ਪੈਰਾਂ ਵੱਲ ਤੇ ਅੱਗੇ ਲੱਗੇ ਟੂਲ ਬਕਸ ਵੱਲ ਇਸ਼ਾਰਾ ਕੀਤਾ ਤੇ ਹੱਸਿਆ। ਉਨ੍ਹਾਂ ਦੀ ਤਿੰਨ ਵਾਲ਼ੀ ਸੀਟ ਅਗਲੇ ਟਾਇਰਾਂ ਤੇ ਹੋਣ ਕਰਕੇ ਉਸ ਥਾਂ ਤੋਂ ਬੱਸ ਦਾ ਢਿੱਡ ਉੱਫਣਿਆਂ ਹੋਇਆ ਸੀ ਤੇ ਲੱਤਾਂ ਪਸਾਰਨ ਵਿਚ ਟੂਲ-ਬਕਸ ਅੜਿੱਕਾ ਬਣਦਾ ਸੀ।

'ਹੋਰ ਪਾਸੇ ਬੈਠ ਜਾਈਏ?' ਦੇਵ ਨੇ ਪੁੱਛਿਆ।

'ਨਾ-ਨਾ ਹੁਣ ਕੀ ਉਠਣਾ। ਅੱਗੇ ਤੋਂ ਧਿਆਨ ਰੱਖੀਂ।'

ਦੇਵ ਨੇ ਸੋਚਿਆ ਕਿ ਬੰਦੇ ਨੂੰ ਹਰ ਕਦਮ ਉੱਤੇ ਸੁਚੇਤ ਰਹਿਣ ਦੀ ਕਿੰਨੀ ਲੋੜ ਹੁੰਦੀ ਹੈ। ਭਾਵੇਂ ਉਸ ਦੇ ਮਾਮੇ ਵੱਲੋਂ ਦੱਸੀ ਇਹ ਗੱਲ ਮਾਮੂਲੀ ਸੀ, ਪਰ ਉਮਰ ਭਰ ਲਈ ਸਿੱਖੀ ਗਈ।

ਉਹ ਬੜੀ ਛੇਤੀ ਹਸਪਤਾਲ਼ ਪੁੱਜ ਗਏ ਸਨ। ਹਸਪਤਾਲ਼ ਤਾਂ ਅਜੇ ਖੁੱਲ੍ਹਿਆ ਵੀ ਨਹੀਂ ਸੀ। ਉਹ ਚੌਂਤਰੇ ਵਾਲ਼ੇ ਪਿੱਪਲ਼ ਹੇਠ ਬੈਠ ਉਡੀਕ ਕਰਨ ਲੱਗੇ। ਘਨ੍ਹੱਈਏ ਨੇ ਸਿਗਰਟ ਸੁਲਘਾ ਲਈ ਤੇ ਸੂਟੇ ਖਿੱਚਣ ਲੱਗਾ। ਅਚਾਨਕ ਉਸ ਨੂੰ ਪਤਾ ਨਹੀਂ ਕੀ ਯਾਦ ਆਇਆ ਕਿ ਸਿਗਰਟ ਭੁੰਜੇ ਰੱਖ, ਦੋਨੋਂ ਹੱਥ ਜੋੜ ਆਪਣਾ ਮੱਥਾ ਚੌਂਤਰੇ ਦੇ ਫਰਸ਼ ਨਾਲ਼ ਜੋੜ ਦਿੱਤਾ। ਉਸ ਨੇ ਸਿਰ ਚੁੱਕਿਆ ਤਾਂ ਦੇਵ ਨੇ ਪੁੱਛਿਆ, 'ਇਹ ਕੀ ਮਾਮਾ? ਮੱਥਾ ਕਿਸ ਨੂੰ ਟੇਕਦਾ ਏਂ?'

'ਦੇਵ ਤੂੰ ਵੀ ਟੇਕ। ਇਸੇ ਥਾਂ ਤੋਂ ਤੈਨੂੰ ਜੀਵਨ ਦਾਨ ਮਿਲਿਆ ਸੀ। ਏਥੇ ਹੀ

ਡਾਕਟਰਾਂ ਨੇ ਤੇਰੀ ਬੇਬੇ ਨੂੰ ਦੋ ਵਾਰੀ ਮੌਤ ਦੇ ਮੂੰਹ' ਚੋਂ ਬਚਾਇਆ ਸੀ।' ਉਹ ਬੋਲਿਆ।

ਸਾਰੀ ਕਹਾਣੀ ਦੇਵ ਨੂੰ ਯਾਦ ਆ ਗਈ। ਡਾਕਟਰ ਤਾਂ ਰੱਬ ਸਨ, ਦੋ ਵਾਰੀ ਉਸਦੀ ਬੇਬੇ ਐਥੇ ਆ ਕੇ ਹੀ ਬਚੀ ਸੀ। ਪਹਿਲਾਂ, ਜਦੋਂ ਉਸ ਦੇ ਚਾਚਿਆਂ ਨੇ ਉਸ ਦੇ ਪਿਉ ਦੀ ਬਲੀ ਲਈ। ਬੇਹੋਸ਼ ਪਈ ਉਸ ਦੀ ਬੇਬੇ ਨੂੰ ਡਾਕਟਰਾਂ ਨੇ ਬਚਾਇਆ ਤੇ ਦੇਵ ਨੂੰ ਜਿਉਂਦਾ ਜਾਗਦਾ ਉਸ ਦੇ ਪੇਟ' ਚੋਂ ਕੱਢ ਲਿਆ। ਫਿਰ ਜਦੋਂ ਪੁਰੋਹਿਤ ਨੂੰ ਦਿੱਤੀ ਕਪਿਲਾ ਗਊ ਦਾ ਤਿੱਖਾ ਸਿੰਙ ਉਸਦੀ ਬੇਬੇ ਦੇ ਨੱਕ ਦੀ ਕੋਠੀ ਭੰਨਦਾ, ਸਿੱਧਾ ਉਸ ਦੇ ਸਿਰ ਤੱਕ ਧਸ ਗਿਆ।

'ਮਾਮਾ ਐਥੇ ਇਕ ਕਾਤਲ ਬੰਦਾ ਵੀ ਡਾਕਟਰਾਂ ਨੇ ਬਚਾਇਆ ਸੀ।' ਦੇਵ ਨੇ ਕਿਹਾ।

'ਉਹ ਕੌਣ ਦੇਵ?'

'ਫ਼ਰੀਕੀਆਂ ਚਾਚਾ ਜਿਸ ਨੂੰ ਲੁਟੇਰਿਆਂ ਨੇ ਅੱਧ ਮੋਇਆ ਕਰ ਕੇ ਸੁੱਟ ਦਿੱਤਾ ਸੀ ਤੇ ਇੱਥੋਂ ਦੇ ਡਾਕਟਰਾਂ ਨੇ ਜ਼ਹਿਰ ਫੈਲਣ ਤੋਂ ਪਹਿਲਾਂ ਉਸ ਦੀਆਂ ਦੋਨੋਂ ਬਾਹਾਂ ਇਉਂ ਵੱਢ ਦਿੱਤੀਆਂ ਸਨ ਜਿਵੇਂ ਗੰਨੇ ਦੇ ਆਗ ਵੱਢੀਦੇ ਨੇ।' ਉਹ ਹੱਸਿਆ।

'ਉਹ ਕਾਹਦਾ ਬਚਿਆ। ਉਸ ਨੂੰ ਤਾਂ ਮੌਤ ਨਾਲ਼ੋਂ ਵੀ ਵੱਡੀ ਸਜ਼ਾ ਮਿਲ ਗਈ ਪਾਪੀ ਨੂੰ। ਰੋਟੀ ਦੀ ਬੁਰਕੀ ਮੂੰਹ' ਚ ਨੀ ਪਾ ਸਕਦਾ। ਮੈਨੂੰ ਤਾਂ ਦੇਵ ਕਿੰਨੇ ਸਾਲਾਂ ਬਾਅਦ ਪਤਾ ਲੱਗਿਆ ਸੀ ਇਸ ਗੱਲ ਦਾ, ਕਿ ਤੇਰੇ ਬਾਈ ਦੇ ਕਾਤਲ ਘਰ ਦੇ ਹੀ ਸਨ।'

ਦੇਵ ਦਾ ਦਿਲ ਕੀਤਾ ਕਿ ਉਹ ਘਨ੍ਹੱਈਏ ਨੂੰ ਦੱਸ ਦੇਵੇ ਕਿ ਉਸ ਉੱਤੇ ਹਮਲਾ ਕਿਸੇ ਲੁਟੇਰੇ ਨੇ ਨਹੀਂ ਪਰ ਬਸ਼ੀਰ ਤੇ ਦੇਵ ਨੇ ਹੀ ਕੀਤਾ ਸੀ। ਪਰ ਉਸ ਨੂੰ ਬਸ਼ੀਰ ਦੀ ਪਾਈ ਕਸਮ ਚੇਤੇ ਆ ਗਈ ਕਿ ਇਹ ਰਾਜ਼ ਜ਼ਿੰਦਗੀ ਭਰ ਰਾਜ਼ ਹੀ ਰਹਿਣਾ ਚਾਹੀਦਾ ਹੈ।

ਹਸਪਤਾਲ਼ ਖੁੱਲ੍ਹਿਆ ਤਾਂ ਦੇਵ ਨੇ ਘਨ੍ਹੱਈਏ ਦਾ ਰਾਸ਼ਣ ਕਾਰਡ ਦਿਖਾ ਕੇ ਪਰਚੀ ਬਣਵਾਈ। ਗਰੀਬਾਂ ਵਾਲ਼ਾ ਰਾਸ਼ਣ ਕਾਰਡ ਹੋਣ ਕਰਕੇ ਸਾਰੇ ਟੈਸਟ ਫਰੀ ਹੋ ਗਏ। ਸ਼ਾਮੀਂ ਤਿੰਨ ਕੁ ਵਜੇ ਰਿਪੋਟ ਆਈ। ਉਸ ਨੂੰ ਟੀ. ਬੀ. ਹੋ ਚੁੱਕੀ ਸੀ ਤੇ ਅਜੇ ਪਹਿਲੀ ਸਟੇਜ ਹੀ ਸੀ। ਉਹ ਬਹੁਤ ਘਬਰਾ ਗਿਆ ਤੇ ਉੱਥੇ ਹੀ ਥਮਲੇ ਨਾਲ਼ ਢੋਅ ਲਾ ਕੇ ਬੈਠਦਾ ਫਿੱਸ ਪਿਆ। ਡਾਕਟਰ ਨੇ ਉਸ ਨੂੰ ਹੌਸਲਾ ਦਿੱਤਾ ਕਿ ਹੁਣ ਇਹ ਬੀਮਾਰੀ ਲਾਇਲਾਜ਼ ਨਹੀਂ ਸੀ। ਤਿੰਨ ਮਹੀਨੇ ਦਵਾਈ ਦਾ ਕੋਰਸ ਪੂਰਾ ਕਰਨ ਮਗਰੋਂ ਉਹ ਨੌ-ਬਰ-ਨੌਂ ਹੋ ਜਾਵੇਗਾ। ਡਾਕਟਰ ਨੇ ਇਕ ਮਹੀਨੇ ਦੀ ਦਵਾਈ ਦਿੱਤੀ ਤੇ ਤੀਹ ਦਿਨਾਂ ਮਗਰੋਂ ਫਿਰ ਆਉਣ ਲਈ ਕਿਹਾ। ਵਾਪਸੀ ਸਮੇਂ ਬੱਸ ਵਿਚ ਬੈਠਣ ਮਗਰੋਂ ਉਸ ਨੇ ਹਉਕਾ ਲਿਆ, 'ਹਾਇ ਉਇ ਰੱਬਾ। ਮੇਰੇ ਮਗਰੋਂ ਲਲਤਾ ਦਾ ਕੀ ਬਣੇਂਗਾ।'

'ਤੂੰ ਘਬਰਾ ਨਾ ਮਾਮਾ। ਮੇਰੇ ਨਾਲ਼ ਤੁਸੀਂ ਦੋਨੋਂ ਦੋਰਾਹੇ ਚੱਲੋ। ਮੈਂ ਦੋਨਾਂ ਨੂੰ ਸਾਂਭਾਂਗਾ।' ਦੇਵ ਨੇ ਕਿਹਾ ਤਾਂ ਉਸ ਨੇ ਆਪਣਾ ਸਿਰ ਸੀਟ ਦੀ ਢੋਅ ਨਾਲ਼ ਲਾ ਲਿਆ।

ਜਦੋਂ ਬੱਸ ਕਮਾਲਪੁਰ ਦੀ ਨਦੀ ਟੱਪਣ ਲੱਗੀ ਤਾਂ ਉਹ ਬੋਲਿਆ, 'ਰਾਸ਼ਣ ਕਾਰਡ ਵਾਲ਼ਾ ਝੋਲ਼ਾ ਸੰਭਾਲ਼ ਲਿਆ?'

ਦੇਵ ਨੇ ਐਧਰ-ਉੱਧਰ ਦੇਖਿਆ। ਝੋਲ਼ਾ ਤਾਂ ਸ਼ਾਇਦ ਉਹ ਪਰਚੀ ਬਣਾਉਣ ਲੱਗਾ ਕਾਊਂਟਰ ਤੇ ਹੀ ਭੁੱਲ ਆਇਆ ਸੀ। ਉਸ ਨੇ ਘਨ੍ਹੱਈਏ ਨੂੰ ਦੱਸਿਆ ਤਾਂ ਉਹ ਮੱਥੇ ਤੇ ਹੱਥ

ਮਾਰ ਕੇ ਬੋਲਿਆ, 'ਤੂੰ ਸੱਚਮੁੱਚ ਪੜ੍ਹਿਆ ਲਿਖਿਆ ਮੂਰਖ ਏਂ।'

'ਕੋਈ ਨਾ ਮੈਂ ਐਥੇ ਉਤਰ ਜਾਂਦਾ ਏਂ। ਰੋਪੜ ਵਾਪਸ ਜਾ ਕੇ ਲੈ ਆਉਂਦਾ ਹਾਂ। ਤੂੰ ਚਮਕੌਰ ਤੋਂ ਤੁਰਕੇ ਚਲਾ ਜਾਈਂ।'

ਕਮਾਲਪੁਰ ਦੇ ਅੱਡੇ' ਚੋਂ ਉਸ ਨੂੰ ਕੋਈ ਬੱਸ ਨਾ ਮਿਲੀ। ਦੋ ਘੰਟੇ ਖੜ੍ਹੇ ਰਹਿਣ ਮਗਰੋਂ ਇਕ ਟਰੱਕ ਵਿਚ ਬੈਠ ਰੋਪੜ ਪੁੱਜਾ। ਝੋਲ਼ੇ ਵਿਚ ਉਸਦੇ ਦਸ-ਪੰਦਰਾਂ ਰੁਪਏ ਵੀ ਸਨ, ਸੋ ਕੋਈ ਚੁੱਕ ਕੇ ਲੈ ਗਿਆ। ਲਟਾਪੀਂਘ ਹੁੰਦਾ ਹੋਇਆ ਉਹ ਰਾਤ ਨੂੰ ਦਸ ਵਜੇ ਘਰ ਵਾਪਸ ਪੁੱਜਾ। ਅੱਗੇ ਉਸਦੇ ਮਾਮਾ ਮਾਮੀ ਮੰਜੇ ਤੇ ਬੈਠੇ ਰੋਣ ਲੱਗੇ ਹੋਏ। ਉਸ ਨੇ ਲਲਤਾ ਨੂੰ ਸਮਝਾਇਆ ਕਿ ਘਬਰਾਉਣ ਦੀ ਲੋੜ ਨਹੀਂ। ਦਵਾਈ ਦਾ ਕੋਰਸ ਪੂਰਾ ਹੋਣ ਤੇ ਸਭ ਠੀਕ ਹੋ ਜਾਵੇਗਾ।

'ਰਾਸ਼ਣ-ਕਾਟ ਮਿਲ ਗਿਆ?' ਘਨ੍ਹੱਈਏ ਨੇ ਪੁੱਛਿਆ।

'ਨਹੀਂ ਮਿਲਿਆ.... ਨਵਾਂ ਬਣਾਉਣਾ ਪਵੇਗਾ।'

'ਮਖੌਲ ਦੀ ਘੱਗਰੀ ਏ ਕੋਈ ਨਵਾਂ ਬਣਾਉਣਾ?' ਉਹ ਬਹੁਤ ਦੁਖੀ ਹੋ ਕੇ ਬੋਲਿਆ।

ਅਗਲੇ ਦਿਨ ਉਸ ਨੇ ਲਲਤਾ ਨੂੰ ਦੱਸਿਆ ਕਿ ਇਹ ਬੀਮਾਰੀ ਲਾਗ ਨਾਲ਼ ਵੀ ਹੋ ਜਾਂਦੀ ਏ। ਥੁੱਕ, ਪਿਸ਼ਾਬ ਜਾਂ ਜੰਗਲ ਪਾਣੀ ਸਾਫ਼ ਕਰਨ ਵੇਲ਼ੇ ਆਪਣਾ ਮੂੰਹ ਕੱਪੜੇ ਨਾਲ਼ ਢਕ ਕੇ ਰੱਖਣਾ ਹੈ। ਘਰ ਵਿਚ ਪੂਰੀ ਸਫ਼ਾਈ ਵੀ ਰੱਖਣੀ ਹੈ।

'ਮੈਂ ਨਹੀਂ ਢਕਣਾ ਨੱਕ ਮੂੰਹ। ਮੈਂ ਨਹੀਂ ਡਰਦੀ ਕਿਸੇ ਬੀਮਾਰੀ ਤੋਂ। ਬੱਸ ਮੇਰੇ ਮਾਰ੍ਹਾਜ ਨੂੰ ਕੁਝ ਨਾ ਹੋਵੇ।' ਉਹ ਬੋਲੀ।

'ਮਾਮੇ ਨੂੰ ਹੁਣ ਕੁਝ ਨਹੀਂ ਹੋਣ ਲੱਗਾ। ਮੌਕੇ ਤੇ ਸਾਂਭਿਆ ਗਿਆ। ਸਾਰੀ ਦਵਾਈ ਮੁਫ਼ਤ ਵਿਚ ਮਿਲਣੀ ਏਂ। ਨਾਲ਼ੇ ਹੁਣ ਤੁਸੀਂ ਦੋਰਾਹੇ ਜਾਣ ਦੀ ਤਿਆਰੀ ਕਰੋ। ਉੱਥੇ ਵਾਤਾਵਰਣ ਵਧੀਆ ਏ। ਮਾਮੇ ਨੇ ਦਿਨਾਂ' ਚ ਹੀ ਠੀਕ ਹੋ ਜਾਣਾ ਏਂ।' ਦੇਵ ਨੇ ਕਿਹਾ।

'ਨਾ ਵੇ ਵੀਰ.... ਘਰ ਛੱਡ ਕੇ ਕਿਵੇਂ ਜਾ ਸਕਦੇ ਹਾਂ? ਤੂੰ ਸਿਆਣਾ ਏਂ ਆਪ ਸੋਚ। ਘਰਾਂ ਨੂੰ ਜਿੰਦੇ ਲਗਦੇ ਨੇ ਕਦੀ?'

'ਲੱਗੇਗਾ ਜਿੰਦਾ। ਲੱਗੇਗਾ ਕਿਉਂ ਨਹੀਂ? ਮੈਂ ਤੁਹਾਡੀ ਕੋਈ ਗੱਲ ਨਹੀਂ ਸੁਣਨੀ।'

ਕਾਫ਼ੀ ਨਾਂਹ-ਨੁੱਕਰ ਮਗਰੋਂ ਉਹ ਦੋਰਾਹੇ ਜਾਣ ਲਈ ਮੰਨ ਗਏ, ਪਰ ਉਹ ਕਹਿੰਦੇ ਰਹੇ ਕਿ ਉਨ੍ਹਾਂ ਨੇ ਛੇਤੀ ਵਾਪਸ ਆ ਜਾਣਾ ਹੈ।

**00**

# ਇਕ ਸੌ ਵੀਹ

ਚਮਕੌਰ ਦੇ ਪੁਲ ਤੋਂ ਨਹਿਰ ਦਾ ਰਸਤਾ ਭਾਵੇਂ ਕੱਚਾ ਸੀ, ਪਰ ਭੀੜ-ਭੜੱਕਾ ਕੋਈ ਨਹੀਂ ਸੀ। ਇਸ ਲਈ ਦੇਵ ਨੇ ਦੋਨਾਂ ਨੂੰ ਸਕੂਟਰ ਉੱਤੇ ਲੈ ਜਾਣ ਦਾ ਮਨ ਬਣਾ ਲਿਆ। ਸਵੇਰੇ ਹੀ ਸੜਕ ਨਿਕਲ਼ ਸਕੂਟਰ ਸਟਾਰਟ ਕਰਕੇ ਉਸ ਨੇ ਉਨ੍ਹਾਂ ਨੂੰ ਪਿੱਛੇ ਬਿਠਾਇਆ ਹੀ ਸੀ ਕਿ ਸਾਮ੍ਹਣੇ ਉਸ ਦਾ ਦੋਸਤ ਬਸ਼ੀਰ ਤੇ ਉਹਦੀ ਘਰ ਵਾਲ਼ੀ ਸਕੀਨਾ ਸੜ੍ਹਕ ਤੇ ਤੁਰੇ ਆਉਂਦੇ ਦਿਖਾਈ ਦਿੱਤੇ। ਉਨ੍ਹਾਂ ਦੀਆਂ ਦੋ ਬੱਚੀਆਂ ਵੀ ਨਾਲ਼ ਸਨ, ਜਿਨ੍ਹਾਂ ਦੇ ਵਾਲ਼ਾਂ ਵਿਚ

ਲਾਲ ਰੰਗ ਦੇ ਰਿਬਨ ਫਰ-ਫਰ ਕਰ ਰਹੇ ਸਨ। ਬਸ਼ੀਰ ਨੇ ਮੋਢੇ ਤੇ ਬਿਸਤਰ ਬੰਨ੍ਹ ਤੇ ਹੱਥ ਵਿਚ ਬੈਗ ਚੁੱਕਿਆ ਹੋਇਆ ਸੀ। ਸਕੀਨਾ ਨੇ ਇਕ ਕਾਲ਼ੇ ਰੰਗ ਦਾ ਟਰੰਕ ਸਿਰ ਉੱਤੇ ਚੁੱਕਿਆ ਹੋਇਆ ਸੀ। ਉਨ੍ਹਾਂ ਨੂੰ ਦੇਖਦੇ ਸਾਰ ਦੇਵ ਨੇ ਸਕੂਟਰ ਰੋਕ ਲਿਆ ਤੇ ਆਪਣੀ ਮਾਮੀ ਤੇ ਮਾਮੇ ਨੂੰ ਹੇਠ ਉਤਰਨ ਲਈ ਕਿਹਾ।

'ਹੁਣ ਕੀ ਹੋਇਆ?' ਘਨ੍ਹੱਈਆ ਬੋਲਿਆ।

'ਬਸ਼ੀਰ ਆ ਰਿਹਾ ਏ। ਸ਼ਾਇਦ ਛੁੱਟੀ ਆਇਆ ਏ।'

ਉਨ੍ਹਾਂ ਦੇ ਨੇੜੇ ਆਉਣ ਤੱਕ ਉਸ ਨੇ ਸਕੂਟਰ ਸਟੈਂਡ ਤੇ ਲਾ ਦਿੱਤਾ। ਬਸ਼ੀਰ ਨੇ ਆਪਣਾ ਬਿਸਤਰ ਬੰਨ੍ਹ ਤੇ ਬੈਗ ਭੁੰਜੇ ਰੱਖੇ ਤੇ ਦੇਵ ਨੂੰ ਜੱਫੀ ਪਾ ਲਈ। ਸਕੀਨਾ ਨੇ ਵੀ ਸਿਰੋਂ ਟਰੰਕ ਲਾਹ ਲਿਆ ਤੇ ਉਨ੍ਹਾਂ ਨੂੰ ਮਿਲੀ।

'ਕੀ ਹਾਲ ਏ ਤੇਰਾ ਚਾਚਾ?' ਬਸ਼ੀਰ ਨੇ ਘਨ੍ਹੱਈਏ ਨੂੰ ਪੁੱਛਿਆ।

ਦੇਵ ਹੱਸਿਆ ਤੇ ਬੋਲਿਆ, 'ਕੀ ਹਾਲ ਏ ਤੁਹਾਡਾ ਭਰਜਾਈ? ਦੇਖਿਆ ਫੌਜੀ ਸਾਹਬ ਨੇ ਸਿਰ ਤੇ ਟਰੰਕ ਚੁਕਵਾ ਦਿੱਤਾ।' ਉਹ ਉਸ ਦੀ ਗੱਲ ਸੁਣ ਕੇ ਹੱਸੀ।

ਫੌਜੀ ਵਰਦੀ ਵਿਚ ਬਸ਼ੀਰ ਦੀ ਬਾਂਹ ਉੱਤੇ ਚਿੱਟੇ ਰੰਗ ਦੀਆਂ ਤਿੰਨ ਫੀਤੀਆਂ ਲੱਗੀਆਂ ਹੋਈਆਂ ਸਨ। ਦੇਵ ਨੇ ਹੱਸ ਕੇ ਕਿਹਾ, 'ਹੋਰ ਕੀ ਹਾਲ ਏ ਹੌਲਦਾਰ ਸਾਹਬ?'

'ਠੀਕ ਏ... ਤੂੰ ਸੁਣਾ ਦੇਵ।' ਉਹ ਬੋਲਿਆ।

ਉਸ ਦੀ ਪੋਸਟਿੰਗ ਅੰਬਾਲਾ ਕੈਂਟ ਸੀ ਤੇ ਉਹ ਹਫ਼ਤੇ ਕੁ ਲਈ ਛੁੱਟੀ ਆਇਆ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਦੇਵ ਦੋਰਾਹੇ ਨੂੰ ਵਾਪਸ ਜਾ ਰਿਹਾ ਸੀ ਤਾਂ ਉਹ ਬੋਲਿਆ, 'ਜਾਣਾ ਕੈਂਸਲ। ਪਿੱਛੇ ਮੁੜ ਜਾ।'

ਬਸ਼ੀਰ ਤਾਂ ਦੇਵ ਦਾ ਸਭ ਤੋਂ ਗੂੜ੍ਹਾ ਮਿੱਤਰ ਸੀ। ਉਸ ਨੇ ਇਕ ਵਾਰੀ ਵੀ ਨਾਂਹ ਨਾ ਕੀਤੀ ਤੇ ਉੱਥੋਂ ਹੀ ਸਕੂਟਰ ਪਿੱਛੇ ਮੋੜ ਲਿਆ।

'ਕੋਈ ਨਾ ਬਸ਼ੀਰ ਭਾਈ। ਅਸੀਂ ਕੱਲ੍ਹ ਚਲੇ ਜਾਵਾਂਗੇ।' ਘਨ੍ਹੱਈਏ ਨੇ ਕਿਹਾ।

'ਕੱਲ੍ਹ ਨਹੀਂ ਚਾਚਾ ਹਫ਼ਤਾ ਤਾਂ ਹੁਣ ਇਹਨੂੰ ਜਾਣ ਨੀ ਦੇਣਾ।' ਬਸ਼ੀਰ ਬੋਲਿਆ।

ਬਸ਼ੀਰ ਦਾ ਘਰ ਗਲੀ ਦੇ ਮੋੜ ਉੱਤੇ ਹੀ ਸੀ। ਦੇਵ ਨੇ ਸਕੂਟਰ ਉਹਦੇ ਘਰ ਖੜ੍ਹਾ ਦਿੱਤਾ। ਉਸ ਦਾ ਮਾਮਾ ਤੇ ਮਾਮੀ ਘਰ ਚਲੇ ਗਏ। ਬਸ਼ੀਰ ਤੇ ਦੇਵ ਚੁਬਾਰੇ ਚੜ੍ਹ ਕੇ ਗੱਲਾਂ ਮਾਰਨ ਲੱਗ ਪਏ। ਗੱਲਾਂ ਕਰਦਿਆਂ ਹੀ ਉਸ ਨੇ ਆਪਣੀ ਵਰਦੀ ਬਦਲੀ। ਉਹ ਬਾਰ ਬਾਰ ਸਕੀਨਾ ਨੂੰ ਹਾਕਾਂ ਮਾਰਦਾ ਰਿਹਾ। ਕਦੇ ਕੁਝ ਕਦੇ ਕੁਝ ਮੰਗਦਾ ਰਿਹਾ। ਉਹ ਵੀ ਮੁਸਕਰਾਉਂਦੀ ਹੋਈ ਪੌੜੀਆਂ ਚੜ੍ਹਦੀ ਰਹੀ, ਉਤਰਦੀ ਰਹੀ। ਬਸ਼ੀਰ ਦੀ ਭੈਣ ਤੇ ਸਕੀਨਾ ਨੇ ਪਹਿਲਾਂ ਉਨ੍ਹਾਂ ਨੂੰ ਚਾਹ ਪਿਲਾਈ, ਫਿਰ ਰੋਟੀ ਦਾ ਆਹਰ ਕਰਨ ਲੱਗ ਪਈਆਂ।

'ਮੈਂ ਤਾਂ ਵੀਰਿਆ ਰੋਟੀ ਖਾਧੀ ਹੋਈ ਏ, ਤੂੰ ਆਪਣੀ ਦੇਖ।' ਦੇਵ ਬੋਲਿਆ।

'ਥੋੜ੍ਹਾ ਥੋੜ੍ਹਾ ਤਰਾਰੇ' ਚ ਹੋ ਕੇ ਦੋ ਦੋ ਰੋਟੀਆਂ ਖਾ ਲਵਾਂਗੇ। ਐਵੇਂ ਨਾ ਨੰਨਾ ਪਾਇਆ ਕਰ।' ਉਸ ਨੇ ਕਿਹਾ।

'ਤੜਕੇ ਹੀ ਸ਼ੁਰੂ ਕਰ ਕੇ ਮਰਨਾ ਏਂ? ਤੂੰ ਆਪਣੀਆਂ ਰੋਟੀਆਂ ਖਾ ਲੈ ਦੋ। ਸ਼ਾਮ ਨੂੰ ਦੇਖਾਂਗੇ।'

ਜਿਸ ਜਿਸ ਨੂੰ ਪਤਾ ਲਗਦਾ ਗਿਆ, ਉਹ ਬਸ਼ੀਰ ਨੂੰ ਮਿਲਣ ਆਉਂਦਾ ਰਿਹਾ। ਦੇਵ ਚਾਰ ਵਜੇ ਮੁੜ ਆਉਣ ਦਾ ਵਾਅਦਾ ਕਰਕੇ ਘਰ ਚਲਾ ਗਿਆ।

ਉਹ ਦਵਾਰਾ ਆਇਆ ਤਾਂ ਬਸ਼ੀਰ ਤੇ ਸਕੀਨਾ ਚੁਬਾਰੇ ਵਿਚ ਹੀ ਬੈਠੇ ਸਨ। ਉਹ ਬੋਲਿਆ, 'ਚੱਲ ਇਕ ਦੋ ਤਿੱਤਰ ਹੀ ਮਾਰ ਲਿਆਈਏ।'

'ਛੱਡ ਯਾਰ.... ਭਰਜਾਈ ਨੂੰ ਕਹਿ ਕੋਈ ਦਾਲ਼ ਸਬਜ਼ੀ ਬਣਾ ਲਵੇ।'

'ਚੱਲ ਚੱਲ ਤੂੰ.... ਐਵੇਂ ਨਾ ਬੋਲੀ ਜਾਇਆ ਕਰ।'

ਰਾਇਫ਼ਲ ਚੁੱਕ ਕੇ ਉਹ ਬੇਟ ਵੱਲ ਨੂੰ ਚਲੇ ਗਏ। ਇਲਾਕੇ ਵਿਚ ਕਾਫ਼ੀ ਸੇਗਲ਼ ਸੀ ਤੇ ਖੇਤਾਂ ਵਿਚ ਹਰ ਪਾਸੇ ਪਾਣੀ ਖੜ੍ਹੇ ਸਨ। ਉਹ ਇਕ ਖੇਤ ਦੀ ਡੌਲ਼ ਉੱਤੇ ਤੁਰੇ ਜਾ ਰਹੇ ਸਨ। ਬਸ਼ੀਰ ਨੇ ਆਪਣੇ ਸੱਜੇ ਹੱਥ ਵਿਚ ਰਾਇਫਲ ਫੜੀ ਹੋਈ ਸੀ ਤੇ ਦੇਵ ਦੇ ਮੂਹਰੇ ਮੂਹਰੇ ਜਾ ਰਿਹਾ ਸੀ। ਅਚਾਨਕ ਉਸਦਾ ਪੈਰ ਫਿਸਲਿਆ ਤੇ ਖੇਤ ਵਿਚ ਡਿਗਦੇ ਸਾਰ ਘੋੜਾ ਨੱਪਿਆ ਗਿਆ। ਗੋਲ਼ੀ ਦੇਵ ਦੀ ਪੈਂਟ ਵਿੱਚੋਂ ਪੱਟ ਨੂੰ ਚੀਰਦੀ ਹੋਈ ਲੰਘ ਗਈ। ਉਹ ਵੀ ਗਿਰ ਗਿਆ।

'ਕਿਵੇਂ ਹੈਂ ਦੇਵ ਤੂੰ ਛੇਤੀ ਦੱਸ?' ਬਸ਼ੀਰ ਚੀਕਿਆ।

'ਮੈਂ ਠੀਕ ਹਾਂ। ਫਿਕਰ ਨਾ ਕਰ। ਬਚ ਗਏ ਹਾਂ।' ਦੇਵ ਉੱਠਦਾ ਬੋਲਿਆ। ਪਲ ਵਿਚ ਹੀ ਉਸ ਦੀ ਪੈਂਟ ਖ਼ੂਨ ਨਾਲ਼ ਲੱਥ-ਪੱਥ ਹੋ ਗਈ। ਬਸ਼ੀਰ ਨੇ ਇਕ ਦਮ ਉੱਠ ਕੇ ਦੇਵ ਨੂੰ ਜੱਫ਼ੀ ਪਾ ਲਈ ਤੇ ਰੋਣ ਲੱਗ ਪਿਆ।

'ਤੂੰ ਰੋਂਦਾ ਕਿਉਂ ਏਂ ਯਾਰ? ਬਸ਼ੀਰ ਮੈਂ ਠੀਕ ਹਾਂ।' ਦੇਵ ਨੇ ਪੈਂਟ ਉਤਾਰਦਿਆਂ ਕਿਹਾ।

ਹੱਡੀ ਬਚ ਗਈ ਸੀ, ਪਰ ਗੋਲ਼ੀ ਮਾਸ ਵਿੱਚੋਂ ਆਰ-ਪਾਰ ਹੋ ਗਈ ਸੀ। ਉਹ ਖੁੱਲ੍ਹੇ ਪਹੇ ਵਿਚ ਆ ਗਏ। ਬਸ਼ੀਰ ਨੇ ਆਪਣੇ ਪਰਨੇ' ਚੋਂ ਚਾਰ ਪੰਜ ਲੀਰਾਂ ਫਾੜ ਕੇ ਦੇਵ ਦੇ ਪੱਟ ਨੂੰ ਚੰਗੀ ਤਰ੍ਹਾਂ ਬੰਨ੍ਹ ਦਿੱਤਾ। ਉਹ ਫਿਰ ਰੋਣ ਲੱਗ ਪਿਆ।

'ਤੂੰ ਚੁੱਪ ਕਰ ਜਾ ਯਾਰ। ਐਵੇਂ ਕਿਉਂ ਚੀਕੀ ਜਾਂਦਾ ਏਂ।'

'ਦੇਵ ਜੇ ਤੇਰੇ ਗੋਲੀ ਕੁਥਾਂ ਲੱਗ ਜਾਂਦੀ। ਮੈਂ ਆਪਣੇ ਆਪ ਨੂੰ ਸ਼ੂਟ ਕਰ ਲੈਣਾ ਸੀ।'

'ਲੱਗੀ ਤਾਂ ਨਹੀਂ ਨਾ... ਮਾੜੀ ਮੋਟੀ ਹੈ। ਪੱਟੀ ਕਰਵਾ ਲਿਆਉਂਦੇ ਹਾਂ।'

'ਲੋਕਾਂ ਨੇ ਕਹਿਣਾ ਸੀ ਇਕ ਮੁਸਲਮਾਨ ਨੇ.... ।'

'ਤੂੰ ਬੱਸ ਕਰ ਯਾਰ।' ਦੇਵ ਨੇ ਟੋਕਿਆ।

ਬਸ਼ੀਰ ਨੇ ਚੰਨਣ ਸਿੰਘ ਕੰਪੋਡਰ ਤੋਂ ਹੀ ਪੱਟੀ ਕਰਵਾ ਦਿੱਤੀ। ਮੂਡ ਬਹੁਤ ਖ਼ਰਾਬ ਹੋ ਗਿਆ ਸੀ। ਉਹ ਕਾਫ਼ੀ ਦੇਰ ਤੱਕ ਪੀਂਦੇ ਰਹੇ। ਅੱਧੀ ਰਾਤ ਹੋਣ ਨੂੰ ਆਈ ਸੀ ਜਦੋਂ ਘਨ੍ਹੱਈਆ ਦੇਵ ਨੂੰ ਸੱਦਣ ਬਸ਼ੀਰ ਦੇ ਘਰ ਆ ਗਿਆ।

ਅਗਲੇ ਦਿਨ ਦੇਵ ਆਪਣੇ ਮਾਮੇ ਮਾਮੀ ਨੂੰ ਸਕੂਟਰ ਤੇ ਬਿਠਾਲ ਦੋਰਾਹੇ ਪੁੱਜ ਗਿਆ। ਆਪਣੇ ਭੈਣ-ਭਰਜਾਈ ਨੂੰ ਮਿਲ ਕੇ ਦੇਵ ਦੀ ਬੇਬੇ ਬਹੁਤ ਰੋਈ, ਫਿਰ ਹੱਸ ਹੱਸ ਗੱਲਾਂ ਮਾਰਨ ਲੱਗ ਪਈ। ਉਹ ਬਾਰ-ਬਾਰ ਦੋਨਾਂ ਨੂੰ ਜੱਫੀਆਂ ਪਾਉਂਦੀ ਰਹੀ। ਸਾਰੇ ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਦਾ ਹਾਲ-ਚਾਲ ਪੁੱਛਦੀ ਰਹੀ। ਜਦ ਉਸ ਨੂੰ ਪਤਾ ਲੱਗਾ ਕਿ ਉਹ

ਮਿਲਣ-ਗਿਲਣ ਨਹੀਂ ਸਗੋਂ ਦੋਰਾਹੇ ਰਹਿਣ ਲਈ ਆ ਗਏ ਸਨ, ਤਾਂ ਵੀ ਉਹ ਖੁਸ਼ ਹੀ ਹੋਈ। ਭਾਗਵੰਤੀ ਉੱਤੇ ਘਨ੍ਹੱਈਏ ਦੇ ਅਹਿਸਾਨ ਹੀ ਐਨੇ ਸਨ ਕਿ ਉਹ ਤਾਂ ਕਈ ਜਨਮ ਉਸ ਦਾ ਕਰਜ਼ ਲਾਹੀ ਜਾਂਦੀ ਤਾਂ ਵੀ ਨਹੀਂ ਸੀ ਲਹਿ ਸਕਦਾ।

'ਘਨ੍ਹੱਈਏ ਵੀਰੇ ਇਹ ਤੇਰਾ ਘਰ ਹੈ। ਜਮ ਜਮ ਰਹੋ। ਤੂੰ ਤਾਂ ਮੇਰੀ ਜ਼ਿੰਦਗੀ ਲੰਘਾ' ਤੀ। ਮੇਰੀ ਔਲਾਦ ਨੂੰ ਪਾਲ਼' ਤਾ, ਪੜ੍ਹਾ ਤਾ। ਇਹ ਤੋਂ ਵੱਡੀ ਖੁਸ਼ੀ ਮੈਨੂੰ ਕਿਆ ਹੋਊਗੀ ਕਿ ਮੇਰੇ ਭਰਾ -ਭਰਜਾਈ ਮੇਰੇ ਕੋਲ਼ ਰਹਿੰਦੇ ਨੇ।'

ਸ਼ਾਮ ਨੂੰ ਰੋਟੀ ਖਾਣ ਮਗਰੋਂ ਦੇਵ ਦੀ ਬੇਬੇ ਤੋਂ ਦੁੱਧ ਮੰਗਵਾ ਕੇ ਘਨ੍ਹੱਈਏ ਨੇ ਗੋਲ਼ੀਆਂ ਲਈਆਂ ਤਾਂ ਉਹ ਬੋਲੀ, 'ਇਹ ਗੋਲ਼ੀਆਂ ਕਾਹਦੀਆਂ ਖਾਂਦਾ ਏਂ ਤੂੰ?'

'ਮਾਮੇ ਨੂੰ ਟੀ. ਬੀ. ਦੀ ਸ਼ਿਕਾਇਤ ਹੋ ਗਈ ਸੀ। ਪਹਿਲੀ ਸਟੇਜ ਹੀ ਏ। ਤਿੰਨ ਮਹੀਨੇ ਵਿਚ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ।' ਦੇਵ ਨੇ ਦੱਸਿਆ।

ਉਹ ਉਠ ਕੇ ਰਸੋਈ ਵੱਲ ਚਲੀ ਗਈ। ਜਦੋਂ ਦੇਵ ਉੱਧਰ ਗਿਆ ਤਾਂ ਉਸ ਨੇ ਹੱਥ ਮਾਰ ਕੇ ਉਸ ਨੂੰ ਆਪਣੇ ਕੋਲ਼ ਸੱਦ ਲਿਆ ਤੇ ਬੋਲੀ, 'ਇਸ ਹਾਲਤ ਵਿਚ ਤੂੰ ਕਿਉਂ ਲਿਆਇਆ ਇਨ੍ਹਾਂ ਨੂੰ ਐਥੇ? ਤੈਨੂੰ ਪਤਾ ਏ ਟੀ. ਬੀ. ਕਿੰਨੀ ਖ਼ਤਰਨਾਕ ਬੀਮਾਰੀ ਹੁੰਦੀ ਏ?'

'ਤੂੰ ਐਵੇਂ ਨਾ ਘਬਰਾਈ ਜਾ। ਸਫ਼ਾਈ ਰੱਖੋ। ਕੁਝ ਨਹੀਂ ਹੁੰਦਾ ਬੇਬੇ। ਇਨ੍ਹਾਂ ਵਿਚਾਰਿਆਂ ਦਾ ਹੋਰ ਹੈ ਕੌਣ?'

'ਆ ਜਾ ਲਲਤਾ।' ਦੇਵ ਦੀ ਬੇਬੇ ਲਲਤਾ ਨੂੰ ਰਸੋਈ ਦੇ ਦਰ' ਚ ਖੜ੍ਹੀ ਦੇਖ ਕੇ ਬੋਲੀ। ਪੱਕੀ ਗੱਲ ਸੀ ਉਸ ਨੇ ਮਾਂ ਪੁੱਤ ਦਾ ਇਹ ਵਾਰਤਾਲਾਪ ਸੁਣ ਲਿਆ ਸੀ। ਉਹ ਉੱਥੋਂ ਹੀ ਵਾਪਸ ਹੋ ਗਈ।

ਦੇਵ ਨੇ ਸਟੋਰ ਦਾ ਕਾਫ਼ੀ ਸਾਰਾ ਸਮਾਨ ਬਾਹਰ ਕੱਢ ਉਸ ਵਿਚ ਦੋ ਮੰਜਿਆਂ ਦੀ ਥਾਂ ਬਣਾ ਦਿੱਤੀ ਸੀ। ਦੋਨਾਂ ਮੰਜਿਆਂ ਤੇ ਦਰੀਆਂ ਚਾਦਰਾਂ ਵਿਛਾ ਕੇ ਸਿਰਹਾਣੇ ਅਤੇ ਖੇਸੀਆਂ ਰੱਖ ਦਿੱਤੀਆਂ ਸਨ। ਘਨ੍ਹੱਈਆ ਖੁਸ਼ ਸੀ, ਪਰ ਲਲਤਾ ਬੁਝੀ ਬੁਝੀ ਸੀ। ਸਟੋਰ ਵਿਚ ਇਕ ਪੁਰਾਣਾ ਪੱਖਾ ਤਾਂ ਪਹਿਲਾਂ ਹੀ ਲੱਗਾ ਹੋਇਆ ਸੀ। ਦੋਨਾਂ ਮੰਜਿਆਂ ਦੇ ਵਿਚਾਲ਼ੇ ਇਕ ਸਟੂਲ ਅਤੇ ਘਨ੍ਹੱਈਏ ਦੇ ਸਿਰਹਾਣੇ ਲਾਗੇ ਫਰਸ਼ ਉੱਤੇ ਸਵਾਹ ਵਾਲ਼ਾ ਤਸਲਾ ਧਰ ਦਿੱਤਾ ਸੀ।

ਅਗਲੇ ਦਿਨ ਦੇਵ ਨੇ ਉਨ੍ਹਾਂ ਦੋਨਾਂ ਲਈ ਕੱਪੜੇ ਖਰੀਦੇ ਤੇ ਸਿਲਾਈ ਲਈ ਦੇ ਦਿੱਤੇ । ਦੋਨਾਂ ਲਈ ਨਵੀਆਂ ਜੁੱਤੀਆਂ ਵੀ ਖਰੀਦ ਦਿੱਤੀਆਂ। ਦੁਕਾਨ ਤੇ ਨਵੀਆਂ ਜੁੱਤੀਆਂ ਪਾਉਣ ਮਗਰੋਂ ਲਲਤਾ ਨੇ ਪੁਰਾਣੇ ਵਾਲ਼ੀਆਂ ਵੀ ਸਾਂਭ ਲਈਆਂ। ਦੇਵ ਬੋਲਿਆ, 'ਸੁੱਟੋ ਮਾਮੀ, ਇਨ੍ਹਾਂ ਨੂੰ ਪਰ੍ਹੇ। ਘਸੀਆਂ ਤਾਂ ਪਈਆਂ ਨੇ।'

ਉਸ ਮਗਰੋਂ ਦੇਵ ਘਨ੍ਹੱਈਏ ਦੀ ਪੂਰੀ ਦੇਖ ਭਾਲ਼ ਕਰਦਾ। ਖਾਣ ਲਈ ਨਿੱਤ ਫਰੂਟ ਲਿਆਉਂਦਾ। ਦੋਨੋਂ ਟਾਇਮ ਜ਼ੋਰ ਪਾ ਕੇ ਉਸ ਨੂੰ ਦੁੱਧ ਵੀ ਪਿਲਾਉਂਦਾ। ਉਸਦੀ ਬੇਬੇ ਵੀ ਉਨ੍ਹਾਂ ਲਈ ਕਦੀ ਕੁਝ ਕਦੀ ਕੁਝ ਬਣਾਉਂਦੀ ਹੀ ਰਹਿੰਦੀ। ਜਦੋਂ ਉਹ ਘਨ੍ਹੱਈਏ ਕੋਲ਼ ਬਹਿੰਦੀ ਤਾਂ ਚੁੰਨੀ ਨਾਲ਼ ਆਪਣਾ ਨੱਕ ਤੇ ਮੂੰਹ ਢਕੀ ਰੱਖਦੀ। ਘਨ੍ਹੱਈਏ ਨੂੰ ਇਹ ਗੱਲ ਬਹੁਤ ਬੁਰੀ ਲੱਗਦੀ। ਉਹ 'ਭਾਗਵੰਤੀ' ਕਹਿ ਕੇ ਉਸਨੂੰ ਹਾਕ ਮਾਰਦਾ ਤਾਂ ਉਹ ਕਹਿੰਦੀ।'

ਕੀ ਆ? ਕੀ ਚਾਹੀਦਾ ਏ?'

'ਚਾਹੀਦਾ ਤਾਂ ਭੈਣੇ ਕੁਛ ਨੀ। ਖਾਣ-ਪੀਣ ਦਾ ਐਥੇ ਕੋਈ ਘਾਟਾ ਨਹੀਂ। ਲਲਤਾ ਵੀ ਮੇਰੇ ਕੋਲ਼ ਬੈਠੀ ਏ। ਤੂੰ ਵੀ ਪਲ-ਦੋ-ਪਲ ਆ ਬੈਠ। ਮੇਰਾ ਤਾਂ ਗੱਲਾਂ ਮਾਰਨ ਨੂੰ ਚਿੱਤ ਕਰਦੈ।'

'ਘਨ੍ਹੱਈਏ ਭਾਈ ਕੰਮ ਮੁੱਕਣ ਤਾਂ ਤੇਰੇ ਕੋਲ਼ ਬੈਠਾਂ।' ਉਹ ਕੋਈ ਨਾ ਕੋਈ ਬਹਾਨਾ ਮਾਰਦੀ। ਦੇਵ ਨੂੰ ਵੀ ਮਨ੍ਹਾਂ ਕਰਦੀ ਰਹਿੰਦੀ, 'ਮੁੰਡਿਆ ਤੂੰ ਆਪਣੇ ਮਾਮੇ ਕੋਲ਼ ਬਹੁਤਾ ਨਾ ਬੈਠਿਆ ਕਰ।'

ਤੀਜੇ ਚੌਥੇ ਦਿਨ ਹੀ ਲਲਤਾ ਕਹਿਣ ਲੱਗ ਪਈ, 'ਜਾਣ ਦੋ ਹੁਣ ਸਾਨੂੰ। ਅਸੀਂ ਤਾਂ ਭਾਈ ਐਥੇ ਆ ਕੇ ਕੈਦ ਹੋ ਗਏ।'

'ਤੁਸੀਂ ਮਾਮੀ ਬਾਹਰ ਗੇੜਾ ਕੱਢ ਆਇਆ ਕਰੋ, ਬਜ਼ਾਰ ਵਿਚ। ਆਹ ਕਾਂਨਸ ਤੇ ਡੱਬੇ ਵਿਚ ਪੈਸੇ ਪਏ ਨੇ। ਜੋ ਚਿੱਤ ਕਰਦਾ ਏ ਖਾ ਪੀ ਆਇਆ ਕਰੋ।' ਦੇਵ ਕਹਿੰਦਾ।

'ਹੁਣ ਸਾਨੂੰ ਜਾਣ ਦਿੰਦਾ। ਪਿੱਛੇ ਦਾ ਬੜਾ ਔਖਾ ਏ।' ਘਨ੍ਹੱਈਆ ਕਹਿੰਦਾ।

'ਪਿੱਛੇ ਹੁਣ ਕੌਣ ਏਂ ਮਾਮਾ? ਚੁੱਪ ਚਾਪ ਰਹੀ ਚੱਲੋ। ਹੌਲ਼ੀ-ਹੌਲ਼ੀ ਜੀਅ ਲੱਗ ਜਾਣੈਂ। ਉੱਥੇ ਹੁਣ ਕੌਣ ਏਂ ਸਾਂਭਣ ਵਾਲ਼ਾ?'

'ਨਹੀਂ ਪੁੱਤ... ਐਥੇ ਤਾਂ ਜੇ ਨਹੀਂ ਵੀ ਮਰਨਾ ਤਾਂ ਵੀ ਮੈਂ ਮਰ ਜੂੰ।' ਇਕ ਦਿਨ ਘਨ੍ਹੱਈਏ ਨੇ ਕਿਹਾ ਤਾਂ ਦੇਵ ਚੁੱਪ ਕਰ ਗਿਆ। ਖਾਣ-ਪੀਣ, ਪਹਿਨਣ, ਸੌਣ, ਨਹਾਉਣ, ਜੰਗਲਪਾਣੀ ਜਾਣ, ਤੇ ਹੋਰ ਅਨੇਕਾਂ ਸਹੂਲਤਾਂ ਦੇ ਹੁੰਦਿਆਂ, ਪਤਾ ਨਹੀਂ ਉਹ ਹੋਰ ਕੀ ਚਾਹੁੰਦੇ ਸਨ, ਜਿਸ ਕਰਕੇ ਉਨ੍ਹਾਂ ਦਾ ਜੀਅ ਨਹੀਂ ਸੀ ਲਗਦਾ।

ਇਕ ਦਿਨ ਮੂੰਹ-ਨ੍ਹੇਰਾ ਹੀ ਸੀ ਕਿ ਸਟੋਰ ਦੀ ਬੱਤੀ ਬਲ਼ਦੀ ਦੇਖ ਦੇਵ ਉੱਠ ਕੇ ਉਨ੍ਹਾਂ ਕੋਲ਼ ਚਲਾ ਗਿਆ। ਬਿਸਤਰੇ' ਕੱਠੇ ਕਰੀ, ਕੱਪੜੇ ਪਾਈ ਦੋਨੋਂ ਤਿਆਰ ਹੋਏ ਬੈਠੇ ਸਨ। ਸਟੂਲ ਉੱਤੇ ਦੋ ਝੋਲ਼ੇ ਪਏ ਸਨ।

'ਕੀ ਗੱਲ ਹੋ ਗਈ?' ਦੇਵ ਨੇ ਪੁੱਛਿਆ।

'ਬੱਸ ਮੱਲਾ ਜਾਣ ਦੇ ਅੱਜ ਸਾਨੂੰ।'

'ਜਾਣਾ ਕਿਉਂ ਏਂ?' ਦੇਵ ਅੱਖਾਂ ਭਰ ਆਇਆ।

'ਦੁਖੀ ਪੁੱਤ ਸਾਡਾ ਨੀ ਐਥੇ ਦਿਲ ਲਗਦਾ। ਨਾਲ਼ੇ ਘਰ ਸੁੰਨਾ ਛੱਡ ਕੇ ਐਨੀ ਦੇਰ ਐਥੇ ਰਹਿਣਾ ਠੀਕ ਨਹੀਂ।' ਲਲਤਾ ਬੋਲੀ।

ਦੇਵ ਨੇ ਬੜਾ ਰੋਕਿਆ, ਪਰ ਉਹ ਮੰਨੇ ਨਾ। ਦੇਵ ਉਨ੍ਹਾਂ ਨੂੰ ਸਮਰਾਲੇ ਵਾਲ਼ੀ ਬੱਸ ਬਿਠਾ ਆਇਆ। ਉਸ ਨੇ ਘਨ੍ਹੱਈਏ ਨੂੰ ਸੌ ਦਾ ਨੋਟ ਦੇਣਾ ਚਾਹਿਆ, ਪਰ ਉਸ ਨੇ ਲਿਆ ਨਾ। ਦੇਵ ਨੇ ਨੋਟ ਮੱਲ੍ਹਕ ਦੇ ਕੇ ਲਲਤਾ ਦੇ ਝੋਲ਼ੇ ਵਿਚ ਪਾ ਦਿੱਤਾ। ਦਰਜਣ ਕੇਲੇ ਅਤੇ ਬਰਫ਼ੀ ਦਾ ਡੱਬਾ ਵੀ ਖਰੀਦ ਕੇ ਫੜਾ ਦਿੱਤਾ। ਉਸ ਨੇ ਘਨ੍ਹੱਈਏ ਨੂੰ ਦਵਾਈ ਲਗਾਤਾਰ ਖਾਂਦੇ ਰਹਿਣ ਲਈ ਕਿਹਾ।

ਦੇਵ ਘਰ ਵਾਪਸ ਆਇਆ ਤਾਂ ਉਸਦੀ ਬੇਬੇ ਉਨ੍ਹਾਂ ਵਾਲ਼ੇ ਦੋਨੋਂ ਮੰਜੇ ਨਲਕੇ ਕੋਲ਼ ਰੱਖੀ ਉੱਤੇ ਤੱਤਾ ਪਾਣੀ ਪਾ ਰਹੀ ਸੀ। ਲਾਗੇ ਹੀ ਪਾਣੀ' ਚ ਭਿੱਜੀਆਂ ਦਰੀਆਂ, ਖੇਸੀਆਂ

ਤੇ ਚਾਦਰਾਂ ਪਈਆਂ ਸਨ। ਦੇਵ ਦੇ ਅੰਦਰ ਵੜਦਿਆਂ ਹੀ ਉਹ ਬੋਲੀ, 'ਦੇਵ ਪੁੱਤ, ਪਾਣੀ ਦੀਆਂ ਦੋ ਬਾਲਟੀਆਂ ਸਟੋਰ ਵਿੱਚ ਸੁੱਟ ਕੇ ਫਰਸ਼ ਚੰਗੀ ਤਰ੍ਹਾਂ ਧੋ ਦੇ। ਇਸ ਬੀਮਾਰੀ ਦਾ ਪਤਾ ਨੀ ਹੁੰਦਾ, ਕਿੱਥੇ ਲੁਕੀ ਹੋਈ ਹੋਵੇ।'

'ਬੇਬੇ, ਇਹ ਸਭ ਕੁਝ ਤਾਂ ਤੂੰ ਜੀ ਜੀ ਕਰ, ਪਰ ਚੰਦਰੀਏ ਤੇਰੇ ਭਰਾ ਭਰਜਾਈ ਸਨ, ਜਿਨ੍ਹਾਂ ਨੇ ਤੇਰੀ ਡੁੱਬਦੀ ਜਾਂਦੀ ਦੀ ਬਾਂਹ ਫੜੀ ਸੀ। ਤੂੰ ਇਕ ਵਾਰੀ ਤਾਂ ਕਹਿ ਦਿੰਦੀ ਬਈ ਅਟਕੋ ਕੁਝ ਦਿਨ।' ਦੇਵ ਨੇ ਕਿਹਾ ਤਾਂ ਉਸ ਦੀ ਬੇਬੇ ਨੇ ਉਸ ਦੀ ਗੱਲ ਅਣਸੁਣੀ ਹੀ ਕਰ ਦਿੱਤੀ।

**00**

# ਇਕ ਸੌ ਇੱਕੀ

ਗਰਮੀ ਦੀਆਂ ਛੁੱਟੀਆਂ ਮਗਰੋਂ ਸਕੂਲ ਖੁੱਲ੍ਹੇ ਤਾਂ ਪਹਿਲੇ ਦਿਨ ਹੀ ਸੁਰੇਖਾ ਨਾਂ ਦੀ ਇਕ ਕੁੜੀ ਅਸਿਸਟੈਂਟ ਲਾਇਬ੍ਰੇਰੀਅਨ ਦੀ ਖਾਲੀ ਪਈ ਪੋਸਟ ਤੇ ਜੁਐਨ ਕਰਨ ਆ ਗਈ। ਦੇਵ ਉਦੋਂ ਹੈਡਮਾਸਟਰ ਦੇ ਦਫ਼ਤਰ ਵਿਚ ਬੈਠਾ ਖਾਲੀ ਪੀਰਡਾਂ ਦੀ ਅਡਜਸਟਮੈਂਟ ਕਰ ਰਿਹਾ ਸੀ। ਕੁੜੀ ਨੇ ਆਪਣੀ ਨਵੀਂ ਨਿਯੁਕਤੀ ਬਾਰੇ ਖੁੰਢ ਸਾਹਬ ਨੂੰ ਦੱਸਿਆ ਤਾਂ ਉਸ ਨੇ ਉਸ ਨੂੰ ਬੈਠਣ ਲਈ ਕਿਹਾ। ਉਹ ਨਿਯੁਕਤੀ ਪੱਤਰ ਟੇਬਲ ਤੇ ਰੱਖ ਕੁਰਸੀ ਤੇ ਬੈਠ ਗਈ। ਇਹ ਇਕ ਕ੍ਰਿਸ਼ਮਾ ਹੀ ਸੀ ਕਿ ਕਣਕ-ਵੰਨੇ ਰੰਗ ਦੀ ਇਹ ਕੁੜੀ ਦੇਵ ਨੂੰ ਗੋਰੀਆਂ ਕੁੜੀਆਂ ਨਾਲ਼ੋਂ ਕਿਤੇ ਸੁਹਣੀ ਲੱਗੀ। ਉਸ ਦੀਆਂ ਅੱਖਾਂ ਮੋਟੀਆਂ ਤੇ ਨਕਸ਼ ਤਿੱਖੇ ਸਨ। ਕੁਰਸੀ ਤੇ ਬੈਠੀ ਕੁੜੀ' ਚੋਂ ਜੁਆਨੀ ਡੁੱਲ੍ਹ ਡੁੱਲ੍ਹ ਪੈਂਦੀ ਸੀ। ਐਨਾ ਸੁਡੌਲ ਸ਼ਰੀਰ ਜਿਵੇ ਂ ਕੋਈ ਮਾਡਲ ਗਰਲ ਹਲਕਾ ਬਲੈਕ ਪੇਂਟ ਚਿਹਰੇ ਤੇ ਕਰਵਾ ਕੇ ਆਈ ਹੋਵੇ। ਉਸ ਵੱਲ ਦੇਖਦਿਆਂ ਦੇਵ ਦੇ ਦਿਮਾਗ ਵਿਚ ਜਿਵੇਂ ਬਿਜਲੀ ਲਿਸ਼ਕੀ। ਉਹ ਅਠਾਰਾਂ ਵੀਹ ਸਾਲ ਪਿੱਛੇ ਚਲਾ ਗਿਆ। ਉਨ੍ਹਾਂ ਦੇ ਲਾਗਲੇ ਪਿੰਡ ਦੀ ਜੱਟਾਂ ਦੀ ਨੂੰਹ ਉਸ ਦੀਆਂ ਯਾਦਾਂ' ਚੋਂ ਉੱਭਰੀ, ਜਿਸ ਨੂੰ ਦੇਵ ਨੇ ਦਸਵੀਂ ਵਿਚ ਪੜ੍ਹਦਿਆਂ ਉਦੋਂ ਦੇਖਿਆ ਸੀ, ਜਦੋਂ ਘਨ੍ਹੱਈਆ ਉਨ੍ਹਾਂ ਦੇ ਘਰ ਵਿਆਹ ਦੇ ਕੱਪੜੇ ਸਿਊਣ ਬੈਠਾ ਹੋਇਆ ਸੀ ਤੇ ਦੇਵ ਉਸ ਨੂੰ ਮਿਲਣ ਉਸ ਘਰ ਵਿਚ ਗਿਆ ਸੀ। ਨਲ਼ਕੇ ਦੇ ਖੁਰੇ ਵਿਚ ਧੋਤੀਆਂ ਹੋਈਆਂ ਚਾਦਰਾਂ ਖੇਸੀਆਂ ਦਾ ਢੇਰ ਲਾਈ ਬੈਠੀ ਉਸ ਔਰਤ ਨੇ ਦੇਵ ਨੂੰ ਆਪਣੇ ਕੋਲ਼ ਸੱਦ ਲਿਆ ਸੀ। ਖੇਸੀਆਂ ਚਾਦਰਾਂ ਨੂੰ ਨਿਚੋੜਨ ਅਤੇ ਫਿਰ ਕੋਠੇ ਉੱਤੇ ਚੜ੍ਹਾ ਕੇ ਬਨੇਰੇ ਉੱਤੇ ਪਾਉਣ ਲਈ ਦੇਵ ਉਸ ਦੀ ਮਦਦ ਕਰਦਾ ਮੁੜ ਮੁੜ ਉਸ ਦੇ ਪੱਕੇ ਰੰਗ ਦੇ ਖੂਬਸੂਰਤ ਚਿਹਰੇ ਵਿਚ ਮੋਟੀਆਂ ਅੱਖਾਂ ਤੇ ਚਮਕਦੇ ਚਿੱਟੇ ਦੰਦਾਂ ਵੱਲ ਦੇਖਦਾ ਰਿਹਾ ਸੀ। ਉਹ ਦੇਵ ਵੱਲ ਦੇਖਦੀ ਇਸ ਤਰ੍ਹਾਂ ਅੱਖਾਂ ਮਟਕਾਉਂਦੀ ਤੇ ਮੁਸਕਰਾਉਂਦੀ ਰਹੀ ਸੀ ਜਿਵੇਂ ਚਿਰਾਂ ਤੋਂ ਉਸ ਦੀ ਵਾਕਿਫ਼ ਹੋਵੇ। ਥੋੜ੍ਹੇ ਜਿਹੇ ਸਮੇਂ ਵਿਚ ਹੀ ਉਸ ਨੇ ਦੇਵ ਤੋਂ ਕਈ ਗੱਲਾਂ ਪੁੱਛ ਲਈਆਂ ਸਨ ਤੇ ਫਿਰ ਪੱਕੀਆਂ ਪੌੜੀਆਂ ਦੀ ਮਮਟੀ ਹੇਠ ਦੇਵ ਦੀ ਗੱਲ੍ਹ ਤੇ ਘਰੂਟ ਭਰ ਕੇ ਬੋਲੀ ਸੀ, 'ਕਦੀ ਕਿਸੇ ਕੁੜੀ ਨੂੰ ਪਿਆਰ ਕੀਤਾ ਏ ਮੁੰਡਿਆ?'

ਦੇਵ ਨੇ ਸੰਗ ਕੇ ਨੀਵੀਂ ਪਾ ਲਈ ਸੀ ਤੇ ਨਾਂਹ ਵਿਚ ਸਿਰ ਵੀ ਮਾਰ ਦਿੱਤਾ ਸੀ।

ਫਿਰ ਉਸ ਨੇ ਦੇਵ ਦਾ ਹੱਥ ਫੜ ਲਿਆ ਸੀ ਤੇ ਆਪਣੇ ਵੱਲ ਖਿੱਚਦੀ ਬੋਲੀ ਸੀ, 'ਮੈਂ ਤੈਨੂੰ ਪਿਆਰ ਕਰਾਂਗੀ ਤੂੰ ਕੱਲ੍ਹ ਫੇਰ ਆਈਂ।'

ਇਕ ਕੱਲ੍ਹ ਕੀ, ਦੇਵ ਤਾਂ ਉਂਨੇ ਦਿਨ ਆਪਣੇ ਮਾਮੇ ਕੋਲ਼ ਉਸ ਘਰ ਜਾਂਦਾ ਰਿਹਾ ਸੀ, ਜਿੰਨੇ ਦਿਨ ਉਹ ਉੱਥੇ ਬੈਠਾ ਕੱਪੜੇ ਸਿਉਂਦਾ ਰਿਹਾ ਸੀ। ਵਿਆਹ ਨੇੜੇ ਆਉਣ ਕਰਕੇ ਉੱਥੇ ਔਰਤਾਂ ਹੀ ਐਨੀਆਂ ਇਕੱਠੀਆਂ ਹੋ ਗਈਆਂ ਸਨ ਕਿ ਉਹ ਉਸ ਨੂੰ ਇਕ ਵਾਰੀ ਵੀ ਨਾ ਮਿਲੀ। ਦੇਵ ਦੇ ਨਾਜ਼ੁਕ ਤੇ ਬਾਲ ਦਿਲ' ਚੋਂ ਉਸ ਪੱਕੇ ਰੰਗ ਦੀ ਔਰਤ ਲਈ ਪਿਆਰ ਦਾ ਚਸ਼ਮਾਂ ਫੁੱਟ ਨਿੱਕਲ਼ਿਆ ਸੀ, ਜੋ ਸ਼ਾਇਦ ਅੱਜ ਤੱਕ ਵੀ ਕਿਸੇ ਕੋਨੇ' ਚ ਵਹਿ ਰਿਹਾ ਸੀ। ਇਹੀ ਕਾਰਨ ਸੀ ਕਿ ਐਨੇ ਵਰਿਆਂ ਮਗਰੋਂ ਸਕੂਲ ਵਿਚ ਜੁਐਨ ਕਰਨ ਆਈ ਉਸ ਦੀ ਹਮਸ਼ਕਲ, ਉਸੇ ਵਰਗੇ ਨੈਣ ਨਕਸ਼ਾਂ ਵਾਲ਼ੀ ਕੁੜੀ ਨੂੰ ਦੇਖ ਦੇਵ ਆਪਣੇ ਅਤੀਤ ਵਿਚ ਗੋਤੇ ਖਾਣ ਲੱਗਾ ਸੀ। ਹੈਡਮਾਸਟਰ ਤੇ ਕਲੱਰਕ ਉਸ ਨੂੰ ਜੁਐਨ ਕਰਵਾਉਣ ਲੱਗ ਪਏ ਤੇ ਦੇਵ ਆਪਣਾ ਕੰਮ ਮੁਕਾ ਕੇ ਦਫ਼ਤਰੋਂ ਬਾਹਰ ਨਿਕਲ਼ ਆਇਆ।

ਸੁਰੇਖਾ ਦੇ ਆਉਣ ਤੱਕ ਕਈ ਮਹੀਨਿਆਂ ਤੋਂ ਲਾਇਬ੍ਰੇਰੀ ਬੰਦ ਹੀ ਪਈ ਸੀ। ਉਸ ਤੋਂ ਪਹਿਲਾਂ ਲਾਇਬ੍ਰੇਰੀ ਦਾ ਚਾਰਜ ਸਕੂਲ ਦੇ ਕਿਸੇ ਮਾਸਟਰ ਹਰਦੇਵ ਸਿੰਘ ਕੋਲ਼ ਹੁੰਦਾ ਸੀ। ਦੇਵ ਨੂੰ ਕਿਸੇ ਨੇ ਦੱਸਿਆ ਕਿ ਬਹੁਤੀ ਸ਼ਰਾਬ ਪੀਣ ਨਾਲ਼ ਉਸਨੂੰ ਕੋਈ ਬੀਮਾਰੀ ਲੱਗ ਗਈ ਸੀ ਤੇ ਇਕ ਦਿਨ ਸਕੂਲ ਟਾਈਮ ਦੇ ਸਮੇਂ ਹੀ ਉਸ ਦੀ ਮੌਤ ਹੋ ਗਈ ਸੀ। ਉਹ ਸਾਰਾ ਦਿਨ ਸ਼ਰਾਬ ਪੀਈ ਰੱਖਦਾ ਸੀ। ਜਦੋਂ ਸ਼ਰਾਬ ਉਤਰਦੀ ਉਸ ਦਾ ਸ਼ਰੀਰ ਕੰਬਣ ਲੱਗ ਪੈਂਦਾ ਸੀ। ਮੁੜ ਪੀ ਕੇ ਓਹ ਘੋੜੇ ਵਰਗਾ ਹੋ ਜਾਂਦਾ ਸੀ। ਉਹ ਲਾਇਬ੍ਰੇਰੀ' ਚੋਂ ਬੱਚਿਆਂ ਨੂੰ ਕੋਈ ਕਿਤਾਬ ਨਹੀਂ ਸੀ ਦਿੰਦਾ ਤੇ ਨਾ ਹੀ ਪੀਰਡ ਲਾਉਂਦਾ ਸੀ। ਉਹ ਖੁੰਢ ਸਾਹਬ ਨੂੰ ਵੀ ਟਿੱਚ ਸਮਝਦਾ ਸੀ ਤੇ ਉਸ ਦੇ ਕਿਸੇ ਹੁਕਮ ਦੀ ਪਰਵਾਹ ਨਹੀਂ ਸੀ ਕਰਦਾ। ਉਸ ਤੋਂ ਤੰਗ ਆ ਕੇ ਉਸ ਨੇ ਉਸਦੀ ਸ਼ਿਕਾਇਤ ਵੀ ਕੀਤੀ ਸੀ। ਜ਼ਿਲ੍ਹਾ ਸਿੱਖਿਆ ਦਫ਼ਤਰ ਵਿਚ ਡਿਪਟੀ ਡੀ. ਈ. ਓ. ਨੂੰ ਆਫ਼ੀਸ਼ਿਏਟਿੰਗ ਪਾਵਰਾਂ ਮਿਲੀਆਂ ਹੋਈਆਂ ਸਨ। ਉਹ ਬੋਲਿਆ ਸੀ, 'ਹੈਡਮਾਸਟਰ ਸਾਹਬ ਉਹ ਜੇ ਤੁਹਾਡਾ ਕਹਿਣਾ ਨਹੀਂ ਮੰਨਦਾ, ਸ਼ਰਾਬ ਪੀਣੋਂ ਨਹੀਂ ਹਟਦਾ ਤਾਂ ਮੇਰੇ ਕਹਿਣ ਤੇ ਕਿੱਥੇ ਹਟੇਗਾ? ਅਜਿਹੇ ਬੰਦੇ ਨੂੰ ਕੁਝ ਕਹਿ ਕੇ ਆਪਣਾ ਹੀ ਦਿਮਾਗ ਖਰਾਬ ਹੁੰਦਾ ਏ। ਉਸ ਤੋਂ ਟੇਢ ਵੱਟ ਕੇ ਕੰਮ ਕੱਢੋ ਆਪਣਾ। ਜੇ ਪੰਗਾ ਲੈਣਾ ਹੀ ਹੈ ਤਾਂ ਕਦੀ ਉਸ ਦੀ ਸ਼ਿਕਾਇਤ ਕਰ ਕੇ ਮੈਡੀਕਲ ਕਰਵਾ ਦਵੋ। ਦੋ ਚਾਰ ਟੀਚਰਾਂ ਦੀ ਗੁਆਹੀ ਪੁਆ ਦਵੋ।'

ਹੈਡਮਾਸਟਰ ਨੇ ਹਰਦੇਵ ਸਿੰਘ ਨੂੰ ਧਮਕੀ ਦਿੱਤੀ ਕਿ ਉਹ ਉਸਦਾ ਮੈਡੀਕਲ ਕਰਵਾ ਕੇ ਸਸਪੈਂਡ ਕਰਵਾ ਦੇਵੇਗਾ ਤਾਂ ਉਹ ਬਾਹਾਂ ਚੜ੍ਹਾਉਂਦਾ ਬੋਲਿਆ ਸੀ, 'ਖੁੰਢਾ ਪੰਗਾ ਨਾ ਲੈ ਲਵੀਂ ਮੇਰੇ ਨਾਲ਼ ਤੈਨੂੰ ਬਹੁਤ ਮਹਿੰਗਾ ਪਊ।'

ਇਹੀ ਕਾਰਨ ਸੀ ਕਿ ਜਿਸ ਦਿਨ ਉਸ ਦੀ ਮੌਤ ਹੋਈ ਤਾਂ ਖੁੰਢ ਸਾਹਬ ਬਹੁਤ ਖੁਸ਼ ਹੋਇਆ। ਪੀਅਨ ਨੂੰ ਕਹਿ ਕੇ ਛੁੱਟੀ ਦੀ ਘੰਟੀ ਵਜਵਾ ਦਿੱਤੀ। ਸਾਰਾ ਸਟਾਫ਼ ਉਸ ਦੇ ਘਰ ਅਫ਼ਸੋਸ ਕਰਨ ਗਿਆ। ਮਗਰੋਂ ਭੋਗ ਸਮੇਂ ਹੈਡਮਾਸਟਰ ਨੇ ਉਸਨੂੰ ਗੁਣਾਂ ਦੀ ਗੁਥਲ਼ੀ, ਬਹੁਤ ਮਿਹਨਤੀ, ਆਦਰਸ਼ ਅਧਿਆਪਕ ਵਰਗੇ ਵਿਸ਼ੇਸ਼ਣ ਲਾ ਕੇ ਸ਼ਰਧਾਂਜਲੀ ਦੇ ਫੁੱਲ ਭੇ

ਟ ਕੀਤੇ।

ਸੁਰੇਖਾ ਨਿੱਤ ਸਕੂਲ ਆਉਂਦੀ। ਸਾਰਾ ਦਿਨ ਸਟਾਫ਼ ਰੂਮ ਵਿਚ ਬਹਿਕੇ ਸਾਰੇ ਅਖ਼ਬਾਰ ਪੜ੍ਹ ਕੇ ਘਰ ਵਾਪਸ ਪਰਤ ਜਾਂਦੀ। ਉਸ ਦਾ ਹੈਂਡਰਾਇਟਿੰਗ ਵਧੀਆ ਸੀ। ਉਹ ਬਿਨਾਂ ਕਿਸੇ ਦੇ ਕਹੇ ਬਲੈਕ ਬੋਰਡ ਉੱਤੇ ਖ਼ਬਰਾ ਅਤੇ 'ਅੱਜ ਦਾ ਵਿਚਾਰ' ਲਿਖਣ ਲੱਗ ਪਈ ਤਾਂ ਹੈਡਮਾਸਟਰ ਨੇ ਉਸ ਦੀ ਪ੍ਰਸ਼ੰਸਾ ਕੀਤੀ। ਉਸ ਨੇ ਹੈਡਮਾਸਟਰ ਨੂੰ ਕਿਹਾ ਕਿ ਜੇ ਸਕੂਲ ਵਿਚ ਕੋਈ ਲਾਇਬ੍ਰੇਰੀ ਹੈ ਤਾਂ ਉਸ ਨੂੰ ਚਾਰਜ ਦਿੱਤਾ ਜਾਵੇ। ਉਹ ਬੋਲਿਆ, 'ਬੀਬਾ, ਲਾਇਬ੍ਰੇਰੀ ਤੋਂ ਨਾ ਕੋਈ ਟੀਚਰ ਕਿਤਾਬ ਲਵੇ ਨਾ ਬੱਚਾ। ਜਦ ਕਿਸੇ ਨੇ ਪੜ੍ਹਨਾ ਹੀ ਨਹੀਂ ਕੁਝ, ਕੀ ਫਾਇਦਾ ਏ। ਫੇਰ ਵੀ ਜੇ ਤੂੰ ਚਾਹੁੰਦੀ ਏਂ ਤਾਂ ਆਪਾਂ ਇਹ ਕੰਮ ਵੀ ਕਰ ਦਿੰਦੇ ਹਾਂ।'

'ਨਹੀਂ ਸਰ, ਮੈਂ ਆਪ ਚੋਣ ਕਰ ਕੇ ਬੱਚਿਆਂ ਨੂੰ ਕਿਤਾਬਾਂ ਇਸ਼ੂ ਕਰਿਆ ਕਰਾਂਗੀ। ਹੌਲ਼ੀ-ਹੌਲ਼ੀ ਆਪੇ ਉਨ੍ਹਾਂ ਵਿਚ ਪੜ੍ਹਨ ਦੀ ਲਗਨ ਪੈਦਾ ਹੋ ਜਾਵੇਗੀ।'

ਖੁੰਢ ਸਾਹਿਬ ਜਿਵੇਂ ਨੀਂਦ' ਚੋਂ ਜਾਗਿਆ। ਦੇਵ ਨੂੰ ਦਫ਼ਤਰ ਵਿਚ ਬੁਲਾਇਆ ਤੇ ਸੁਰੇਖਾ ਨਾਲ਼ ਉਸ ਦੀ ਡਿਊਟੀ ਲਾ ਦਿੱਤੀ ਕਿ ਉਹ ਰਜਿਸਟਰ ਨਾਲ਼ ਮਿਲਾਕੇ ਕਿਤਾਬਾਂ ਦੇ ਸਟਾਕ ਦੀ ਪੜਤਾਲ਼ ਕਰ ਲੈਣ। ਪੰਜ ਸੱਤ ਸਿਆਣੇ ਮੁੰਡੇ ਨਾਲ਼ ਲਾਕੇ ਉਨ੍ਹਾਂ ਦੀ ਝਾੜ-ਪੂੰਝ ਕਰਵਾ ਦੇਣ। ਜੋ ਕਿਤਾਬਾਂ ਘੱਟ ਹੋਣ, ਉਨ੍ਹਾਂ ਸਾਮ੍ਹਣੇ 'ਸਿਊਂਕ ਖਾ ਗਈ' ਲਿਖ ਕੇ ਹੈਡਮਾਸਟਰ ਤੋਂ ਕਟਵਾ ਦੇਣ। ਉਨ੍ਹਾਂ ਨੇ ਬੱਚੇ ਨਾਲ਼ ਲਾ ਕੇ ਕੰਮ ਸ਼ੁਰੂ ਕੀਤਾ ਤਾਂ ਪਹਿਲੀਆਂ ਦੋ ਅਲਮਾਰੀਆਂ' ਚੋਂ ਤਾਂ ਕਿਤਾਬਾਂ ਦੀ ਥਾਂ ਮਿੱਟੀ ਦੇ ਢੇਰ ਹੀ ਮਿਲੇ। ਸਿਉਂਕ ਦਾ ਵੀ ਕੋਈ ਦਾਣਾ ਨਜ਼ਰ ਨਾ ਆਇਆ। ਸਭ ਕੁਝ ਚੱਟਮ ਕਰਕੇ ਉਹ ਸ਼ਾਇਦ ਮੁੜ ਧਰਤੀ ਵਿਚ ਜਾ ਵੜੀ ਸੀ ਤੇ ਪਿੱਛੇ ਰਹਿ ਗਏ ਸਨ ਮਿੱਟੀ ਦੇ ਪਹਾੜ। ਬਾਕੀ ਬਚੀਆਂ ਕਿਤਾਬਾਂ ਦੀ ਉਨ੍ਹਾਂ ਨੇ ਝਾੜ-ਪੂੰਝ ਕਰ ਕੇ ਧੁੱਪ ਲੁਆਈ। ਸਟਾਕ ਮੁਤਾਬਕ ਕਿਤਾਬਾਂ ਅੱਧੀਆਂ ਤੋਂ ਵੀ ਘੱਟ ਸਨ। ਉਹ ਕੰਮ ਕਰਵਾਉਂਦਿਆਂ ਸਭ ਦੇ ਹੱਥ ਮੂੰਹ ਧੂੜ ਨਾਲ਼ ਬੁਰੀ ਤਰ੍ਹਾਂ ਅੱਟੇ ਹੋਏ ਸਨ। ਦੇਵ ਨੇ ਨਾਲ਼ ਦੀ ਨਾਲ਼ ਪੜ੍ਹਨਯੋਗ ਵੀਹ ਕੁ ਕਿਤਾਬਾਂ ਛਾਂਟ ਲਈਆਂ ਤੇ ਉਨ੍ਹਾਂ ਨੂੰ ਸਿਓਂਕ ਦੇ ਖਾਤੇ' ਚ ਪਾ ਕੇ ਮਗਰੋਂ ਘਰ ਚੁੱਕ ਲੈ ਗਿਆ। ਇਕ ਅਲਮਾਰੀ ਦੀ ਚਾਬੀ ਨਾ ਲੱਭੀ ਤਾਂ ਅਗਲੇ ਦਿਨ ਉਨ੍ਹਾਂ ਨੇ ਉਸ ਦਾ ਤਾਲ਼ਾ ਵੱਢ ਲਿਆ। ਉਸ ਅਲਮਾਰੀ ਵਿਚ ਵਿਸਕੀ ਦੀ ਪੇਟੀ ਪਈ। ਦੇਵ ਨੇ ਉਸ ਦੇ ਅੰਦਰ ਦੇਖਿਆ, ਗਿਆਰਾਂ ਬੋਤਲਾਂ ਸੀਲ ਬੰਦ ਤੇ ਇਕ ਖੁੱਲ੍ਹੀ, ਅੱਧ ਭਰੀ। ਦੇਵ ਉਸ ਪੇਟੀ ਨੂੰ ਅਖ਼ਬਾਰ ਨਾਲ਼ ਢਕਣ ਲੱਗਾ ਤਾਂ ਸੁਰੇਖਾ ਬੋਲੀ, 'ਇਹ ਕੀ ਏ ਜੀ?'

ਦੇਵ ਨੇ ਉਸ ਨੂੰ ਦੱਸਿਆ ਕਿ ਪੇਟੀ ਵਿਚ ਸ਼ਰਾਬ ਦੀਆਂ ਬੋਤਲਾਂ ਸਨ। ਜਿਸ ਕੋਲ਼ ਪਹਿਲਾਂ ਚਾਰਜ ਸੀ, ਉਹ ਸ਼ਰਾਬ ਪੀ ਕੇ ਹੀ ਮਰਿਆ ਸੀ। ਇਕ ਬੋਤਲ ਅੱਧੀ ਸੀ, ਜਿਸ ਵਿੱਚੋਂ ਉਸ ਨੇ ਆਖ਼ਰੀ ਵਾਰ ਪੀਤੀ ਹੋਵੇਗੀ।

'ਆਪਾਂ ਹੈਡਮਾਸਟਰ ਨੂੰ ਦੱਸ ਦਿੰਦੇ ਹਾਂ ਕਿ ਅਲਮਾਰੀ ਵਿਚ ਸ਼ਰਾਬ ਪਈ ਹੈ।' ਸੁਰੇਖਾ ਬੋਲੀ।

'ਨਾ ਨਾ ਆਪਾਂ ਜ਼ਰੂਰ ਖ਼ੂਨ ਗਲ਼ ਪਾਉਣਾ ਏਂ।' ਦੇਵ ਨੇ ਕਿਹਾ।

'ਖ਼ੂਨ ਕਿਵੇਂ ਗਲ ਪੈ ਜੂ ਮਾਸਟਰ ਜੀ?'

'ਹੈਡਮਾਸਟਰ ਤਾਂ ਆਪ ਪਿਆਕੜ ਏ। ਉਹ ਪੇਟੀ ਘਰ ਚੁੱਕ ਕੇ ਲੈ ਜਾਵੇਗਾ। ਪੱਕੀ ਗੱਲ ਏ ਕਿ ਇਹ ਸ਼ਰਾਬ ਜ਼ਹਿਰੀਲੀ ਏ ਤਾਂ ਹੀ ਤਾਂ ਹਰਦੇਵ ਸਿੰਘ ਮਰਿਆ। ਜੇ ਹੁਣ ਖੁੰਢ ਨੇ ਪੀ ਲਈ ਤਾਂ ਉਹ ਵੀ ਜਾਊ ਉੱਤੇ। ਭੇਤ ਖੁੱਲ੍ਹੇਗਾ ਤਾਂ ਆਪਾਂ ਫਸਾਂਗੇ ਨਹੀਂ?' ਦੇਵ ਨੇ ਕਿਹਾ। ਦਰਅਸਲ ਦੇਵ ਦੀ ਆਪਣੀ ਨੀਅਤ ਫਿੱਟ ਗਈ ਸੀ।

'ਫੇਰ ਆਪਾਂ ਕੀ ਕਰੀਏ ਇਸ ਦਾ?' ਉਹ ਬੋਲੀ।

'ਸਾਡੇ ਤਾਂ ਆਪ ਕੋਈ ਨੀ ਪੀਂਦਾ। ਫੇਰ ਵੀ ਕੋਈ ਹੱਲ ਕੱਢਦੇ ਹਾਂ। ਮੈਂ ਚਾਹੁੰਦਾ ਹਾਂ ਇਸ ਨੂੰ ਕਿਸੇ ਤਰ੍ਹਾਂ ਨਸ਼ਟ ਕਰ ਦੇਈਏ।'

'ਤੁਸੀਂ ਜਿਵੇਂ ਮਰਜ਼ੀ ਕਰੋ ਮਾਸਟਰ ਜੀ, ਇਹ ਲਾਇਬ੍ਰੇਰੀ ਵਿਚ ਨੀ ਰਹਿਣੀ ਚਾਹੀਦੀ।' ਸੁਰੇਖਾ ਘਬਰਾ ਕੇ ਬੋਲੀ।

'ਤੁਸੀਂ ਫਿਕਰ ਨਾ ਕਰੋ, ਕਿਸੇ ਦਿਨ ਮੈਂ ਸਕੂਲ ਟਾਈਮ ਮਗਰੋਂ ਇਸ ਨੂੰ ਨਹਿਰ ਵਿਚ ਸੁਟਵਾ ਦਿਆਂਗਾ।'

'ਸੁੱਟੋ ਸੁੱਟੋ ਮਾਸਟਰ ਜੀ ਇਸ ਬੀਮਾਰੀ ਨੂੰ।'

'ਪਰ ਸੁਰੇਖਾ ਜੀ, ਇਸ ਗੱਲ ਦੀ ਕਦੀ ਭਾਫ਼ ਨਾ ਨਿਕਲ਼ੇ।'

'ਠੀਕ ਏ ਸਰ।' ਉਹ ਮੁਸਕਰਾਈ।

ਉਸ ਅਲਮਾਰੀ ਨੂੰ ਨਵਾਂ ਤਾਲ਼ਾ ਲਾ ਕੇ ਚਾਬੀ ਦੇਵ ਨੇ ਆਪਣੇ ਕੋਲ਼ ਰੱਖ ਲਈ। ਉਸ ਦਿਨ ਦੁਪਹਿਰ ਨੂੰ ਲੜ ਬੰਨ੍ਹ ਕੇ ਲਿਆਂਦੀ ਰੋਟੀ ਦੇਵ ਅਤੇ ਸੁਰੇਖਾ ਨੇ ਇਕੱਠਿਆਂ ਖਾਧੀ। ਦੇਵ ਨੇ ਉਸ ਦੇ ਟਿਫ਼ਨ' ਚੋਂ ਪੂਛ ਫੜ ਕੇ ਇਕ ਕਰੇਲਾ ਚੁੱਕ ਲਿਆ ਤੇ ਉਸ ਨੇ ਦੇਵ ਵਾਲ਼ੇ' ਚੋਂ ਘੀਆ ਦੀ ਸਬਜ਼ੀ ਦੇ ਦੋ ਤਿੰਨ ਚਮਚੇ ਭਰ ਲਏ। ਦੇਵ ਨੇ ਉਸ ਦੀ ਸਬਜ਼ੀ ਦੀ ਤਾਰੀਫ਼ ਕੀਤੀ ਤਾਂ ਉਹ ਬੋਲੀ, 'ਮੇਰੀ ਮੰਮੀ ਨੇ ਬਣਾਏ ਨੇ ਭਰਵੇਂ ਕਰੇਲੇ। ਮੈਨੂੰ ਤੁਹਾਡੀ ਸਬਜ਼ੀ ਵੀ ਬੜੀ ਵਧੀਆ ਲੱਗੀ ਏ। ਮੈਂ ਹਰ ਸਬਜ਼ੀ ਖੁਸ਼ ਹੋ ਕੇ ਖਾ ਲਿਆ ਕਰਦੀ ਹਾਂ।

ਦੇਵ ਸਮਝ ਗਿਆ ਕਿ ਉਸ ਨੂੰ ਉਸ ਦੀ ਸਬਜ਼ੀ ਸਵਾਦ ਨਹੀਂ ਲੱਗੀ ਹੋਵੇਗੀ। ਪਿਆਰੇ ਲਾਲ ਉਨ੍ਹਾਂ ਦੀ ਚਾਹ ਲਾਇਬ੍ਰੇਰੀ ਵਿਚ ਹੀ ਫੜਾ ਗਿਆ।

'ਮਾਸਟਰ ਜੀ ਕਿੰਨੇ ਬੱਚੇ ਨੇ ਤੁਹਾਡੇ?' ਸੁਰੇਖਾ ਚਾਹ ਦਾ ਘੁੱਟ ਭਰਦੀ ਬੋਲੀ।

'ਤੁਹਾਡੇ ਕਿੰਨੇ ਨੇ?' ਉਹ ਮੁਸਕਰਾਇਆ।

ਉਹ ਆਪਣੇ ਮੂੰਹ ਤੇ ਹੱਥ ਰੱਖ ਕੇ ਹੱਸੀ ਫਿਰ ਬੋਲੀ, 'ਮੇਰੇ? ਮੈਂ ਤਾਂ ਕੁਆਰੀ ਹਾਂ, ਸਰ।'

'ਤੁਸੀਂ ਅਜੇ ਤੱਕ ਕੁਆਰੇ ਹੋ?' ਦੇਵ ਨੇ ਪੁੱਛਿਆ।

'ਕਿਉਂ ਮੈਂ ਤੁਹਾਨੂੰ ਵੱਧ ਉਮਰ ਦੀ ਲਗਦੀ ਹਾਂ?'

'ਨਹੀਂ, ਪਰ ਕੀ ਮੈਂ ਤੁਹਾਨੂੰ ਵੱਧ ਉਮਰ ਦਾ ਲਗਦਾ ਹਾਂ?'

ਉਹ ਸ਼ਰਮਾ ਗਈ। ਦੇਵ ਨੇ ਅੱਖਾਂ' ਚ ਮਸਤੀ ਭਰ ਕੇ ਕਿਹਾ, 'ਆਪਾਂ ਦੋਨੋਂ ਕੁਆਰੇ ਹਾਂ ਸੁਰੇਖਾ ਜੀ।'

ਉਸ ਮਗਰੋਂ ਦੇਵ ਨੇ ਉਸ ਨੂੰ ਆਪਣੇ ਬਾਰੇ ਸਭ ਕੁਝ ਦੱਸ ਦਿੱਤਾ। ਕੁਝ ਗੱਲਾਂ

ਅਜਿਹੀਆਂ ਵੀ ਕੀਤੀਆਂ ਜਿਨ੍ਹਾਂ ਸਦਕਾ ਉਹ ਉਸ ਵੱਲ ਖਿੱਚੀ ਜਾਵੇ। ਉਸ ਦੇ ਦਿਲ ਤੇ ਸਿੱਧਾ ਵਾਰ ਕਰਨ ਵਾਲ਼ੇ ਸੱਚੇ ਝੂਠੇ ਪ੍ਰਸੰਗਾਂ ਦੀ ਵਿਥਿਆ ਸੁਣਾਈ। ਉਹ ਬੜੇ ਧਿਆਨ ਨਾਲ਼ ਸੁਣਦੀ ਸਿੱਧਾ ਉਸਦੀਆਂ ਅੱਖਾਂ ਵਿਚ ਦੇਖਦੀ ਰਹੀ। ਅੰਤ ਵਿਚ ਦੇਵ ਨੇ ਕਿਹਾ, 'ਜ਼ਿੰਦਗੀ ਤਾਂ ਇਕ ਲੰਬੀ ਪੌੜੀ ਏ ਸੁਰੇਖ਼ਾ ਜੀ, ਪੌੜੀ ਵੀ ਟੁੱਟੇ ਡੰਡਿਆਂ ਵਾਲ਼ੇ ਬਾਂਸ ਦੀ, ਜਿਹੜੀ ਥਾਂ ਥਾਂ ਤੇ ਇਕੱਲੇ ਬੰਦੇ ਨੂੰ ਨਿਰਾਸ਼ ਕਰਦੀ ਏ। ਪਰ ਜਦੋਂ ਕੋਈ ਹਮਸਫ਼ਰ ਮਿਲ ਜਾਵੇ ਤਾਂ ਉਹ ਸਫਰ ਸੁਹਾਵਣਾ ਵੀ ਬਣ ਜਾਂਦਾ ਏ। ਮਨੁੱਖ ਉਸ ਨਾਲ਼ ਪਰਚ ਜਾਂਦਾ ਹੈ ਤੇ ਪਤਾ ਹੀ ਨਹੀਂ ਲਗਦਾ ਕਿਵੇਂ ਵਾਟ ਮੁੱਕ ਗਈ। ਤੁਸੀਂ ਮੈਨੂੰ ਬਹੁਤ ਚੰਗੇ ਲੱਗਦੇ ਹੋ ਸੁਰੇਖਾ ਜੀ।'

ਦੇਵ ਦੀ ਆਖ਼ਰੀ ਗੱਲ ਸੁਣ ਕੇ ਸੁਰੇਖਾ ਦਾ ਮੁਸ਼ਕੀ ਰੰਗ ਲਾਲੀ ਫੜ ਗਿਆ ਤੇ ਉਸ ਨੇ ਆਪਣੀ ਗਰਦਣ ਥੋੜ੍ਹੀ ਜਿਹੀ ਝੁਕਾ ਕੇ ਫਰਸ਼ ਵੱਲ ਦੇਖਣਾ ਸ਼ੁਰੂ ਕਰ ਦਿੱਤਾ।

'ਬੁਰਾ ਮਨਾ ਗਏ?' ਦੇਵ ਨੇ ਪੁੱਛਿਆ।

'ਨਹੀਂ ਮਾਸਟਰ ਜੀ।' ਉਹ ਬੋਲੀ।

'ਮੇਰਾ ਨਾਂ ਦੇਵ ਏ ਸੁਰੇਖਾ ਜੀ, ਦੇਵ ਕਿਹਾ ਕਰੋ।'

'ਨਹੀਂ ਦੇਵ ਜੀ, ਬੁਰਾ ਕਿਉਂ ਮਨਾਵਾਂਗੀ?' ਉਸ ਨੇ ਫਿਰ ਕਿਹਾ।

ਸਵਰਗਵਾਸੀ ਹਰਦੇਵ ਸਿੰਘ ਦੀਆਂ ਸਾਢੇ ਗਿਆਰਾਂ ਬੋਤਲਾਂ ਦੇਵ ਘਰ ਲੈ ਗਿਆ। ਘਰ' ਚ ਐਨੀ ਸ਼ਰਾਬ ਉਸ ਨੇ ਪਹਿਲੀ ਵਾਰੀ ਦੇਖੀ ਸੀ। ਬਾਂਸ ਦੀ ਪੌੜੀ ਲਾ ਕੇ ਘਰ ਦੀ ਛੱਤ ਲਾਗੇ ਬਣੇ ਇਕ ਦਬਕੇ ਵਿਚ ਉਸ ਨੇ ਸਾਰੀਆਂ ਬੋਤਲਾਂ ਲੁਕਾ ਦਿੱਤੀਆਂ ਸਨ ਤਾਂ ਕਿ ਉਸ ਦੀ ਬੇਬੇ ਨੂੰ ਸੂਹ ਨਾ ਮਿਲੇ। ਦੇਵ ਨਿੱਤ ਇਕ ਦੋ ਪੈੱਗ ਲਾਉਣ ਲੱਗ ਪਿਆ। ਉਹ ਆਪਣੇ ਬੇਬੇ ਕੋਲ਼ ਸਾਹ ਹੀ ਨਾ ਲੈਂਦਾ ਤੇ ਬਿਨਾਂ ਕੋਈ ਗੱਲਬਾਤ ਕੀਤੇ ਸ਼ਾਮ ਦੀ ਰੋਟੀ ਖਾ ਕੇ ਘੁੰਮਣ ਨਿਕਲ਼ ਜਾਂਦਾ।

ਲਾਇਬ੍ਰੇਰੀ ਵਿਚ ਕਾਫ਼ੀ ਵਧੀਆ ਤੇ ਪੁਰਾਣੀਆਂ ਕਿਤਾਬਾਂ ਸਨ। ਇਕ ਵਾਰੀ ਮੁੜ ਉਸਨੂੰ ਸ਼ੌਂਕ ਜਾਗਿਆ ਤੇ ਉਸ ਨੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਲਾਇਬ੍ਰੇਰੀ ਵਿਚ ਕੋਈ ਟੀਚਰ ਘੱਟ ਵੱਧ ਹੀ ਵੜਦਾ ਸੀ। ਜਦੋਂ ਉਹ ਜਾਂਦਾ ਤਾਂ ਉੱਥੇ ਇਕੱਲੀ ਸੁਰੇਖਾ ਬੈਠੀ ਹੁੰਦੀ।

'ਆਓ ਦੇਵ ਜੀ।' ਉਹ ਹਮੇਸ਼ਾ ਖੜ੍ਹੀ ਹੋਕੇ ਉਸ ਨੂੰ ਕਹਿੰਦੀ।

'ਬੈਠੋ ਬੈਠੋ ਤੁਸੀਂ... ਖੜ੍ਹੇ ਕਿਉਂ ਹੋ ਜਾਂਦੇ ਹੋ?' ਉਹ ਆਖਦਾ।

'ਤੁਸੀਂ ਵੱਡੇ ਹੋ ਦੇਵ ਜੀ।' ਉਹ ਮੁਸਕਰਾਉਂਦੀ।

'ਪਰ ਤੁਸੀਂ ਕਿੰਨੇ ਵੱਡੇ ਹੋ। ਇਹ ਤਾਂ ਮੈਂ ਹੀ ਜਾਣਦਾ ਹਾਂ।' ਉਹ ਕਹਿੰਦਾ।

ਇਕ ਦਿਨ ਦੇਵ ਨੇ ਪੁੱਛਿਆ, 'ਤੁਸੀਂ ਸਾਰਾ ਦਿਨ ਇਕੱਲੇ ਬੈਠੇ ਬੋਰ ਨੀ ਹੁੰਦੇ?'

'ਨਹੀਂ ਦੇਵ ਜੀ ਐਨੀਆਂ ਕਿਤਾਬਾਂ ਨੇ ਐਥੇ। ਮੈਂ ਕੁਝ ਨਾ ਕੁਝ ਪੜ੍ਹਦੀ ਰਹਿੰਦੀ ਹਾਂ।'

'ਕੀ ਪੜ੍ਹਦੇ ਹੋ?'

'ਕੋਈ ਕਹਾਣੀ, ਨਾਵਲ ਬਗੈਰਾ।'

'ਚੰਗੀ ਗੱਲ ਏ। ਜਿਸ ਨੂੰ ਪੜ੍ਹਨ ਦਾ ਸ਼ੌਕ ਪੈ ਗਿਆ ਤਾਂ ਸਮਝ ਲਓ ਉਸਦਾ ਦਿਲ

ਲੱਗ ਗਿਆ।' ਦੇਵ ਨੇ ਹੱਸ ਕੇ ਕਿਹਾ।

ਸੁਰੇਖਾ ਨੇ ਉਸ ਨੂੰ ਦੱਸਿਆ ਕਿ ਹੈਡਮਾਸਟਰ ਨੇ ਸਰਵਿਸ ਬੁੱਕ ਲਿਆਉਣ ਲਈ ਕਿਹਾ ਹੈ, ਪਰ ਉਸ ਨੂੰ ਪਤਾ ਨਹੀਂ ਕਿ ਉਹ ਕੀ ਹੁੰਦੀ ਹੈ।

'ਤੁਹਾਡੀ ਸਰਵਿਸ ਦਾ ਰਿਕਾਰਡ ਰੱਖਣ ਲਈ ਬੁੱਕ ਹੁੰਦੀ ਹੈ। ਮੈਂ ਲਿਆ ਦਿਆਂਗਾ।'

ਦੇਵ ਨੇ ਉਸ ਲਈ ਸਰਵਿਸ ਬੁੱਕ ਦੋਰਾਹੇ ਤੋਂ ਹੀ ਖਰੀਦੀ ਤੇ ਪੱਕੀ ਜ਼ਿਲਦ ਵੀ ਕਰਵਾ ਦਿੱਤੀ। ਉਹ ਤੇ ਸੁਰੇਖਾ ਦਰਦੀ ਕਲੱਰਕ ਕੋਲ਼ ਬੈਠ ਗਏ ਤੇ ਉਸ ਦੀਆਂ ਸਾਰੀਆਂ ਐਂਟਰੀਆਂ ਕਰ ਦਿੱਤੀਆਂ। ਸਰਵਿਸ ਬੁੱਕ ਵਿਚ ਦਰਜ ਕਰਨ ਲਈ ਉਸ ਨੇ ਆਪਣੀ ਜਾਤ 'ਬਾਲਮੀਕੀ' ਦੱਸੀ ਤਾਂ ਦੇਵ ਹੈਰਾਨ ਹੋਇਆ ਕਿ ਐਮ. ਏ. (ਹਿਸਟਰੀ), ਬੀ. ਐਡ. , ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ਦੀ ਪੜ੍ਹਾਈ ਕਰਨ ਵਾਲ਼ੀ ਉਸ ਨੇ ਇਸ ਜਾਤ ਦੀ ਪਹਿਲਾਂ ਕੋਈ ਕੁੜੀ ਨਹੀਂ ਸੀ ਦੇਖੀ। ਇਸ ਜਾਤ ਦੇ ਲੋਕ ਉੱਚੀਆਂ ਜਾਤਾਂ ਦੇ ਜੂਲੇ ਵਿੱਚੋਂ ਅਜੇ ਤੀਕ ਪੂਰੀ ਤਰ੍ਹਾਂ ਆਜ਼ਾਦ ਨਹੀਂ ਸਨ ਹੋਏ। ਵਿਰਲੇ ਹੀ ਸਨ, ਜਿਨ੍ਹਾਂ ਨੇ ਪੜ੍ਹਾਈ ਕਰਕੇ ਮਾਣ ਸਤਿਕਾਰ ਵਾਲ਼ੇ ਅਹੁਦੇ ਲਏ ਹੋਏ ਸਨ, ਪਰ ਕੁੜੀਆਂ ਵਿਚਾਰੀਆਂ ਤਾਂ ਅਜੇ ਬਹੁਤ ਪਿੱਛੇ ਸਨ। ਬਿਨਾਂ ਕਿਸੇ ਲੁਕ ਲੁਕਾ ਤੋਂ ਸੁਰੇਖਾ ਨੇ ਇਹ ਵੀ ਦੱਸਿਆ ਕਿ ਉਸ ਦਾ ਪਿਤਾ ਨਗਰ ਪਾਲਿਕ ਖੰਨਾ ਵਿਚ ਸਵੀਪਰ ਸੀ ਤੇ ਮਾਂ ਏ. ਐਸ. ਕਾਲਜ ਵਿਚ ਪੀਅਨ ਲੱਗੀ ਹੋਈ ਸੀ। ਉਸ ਦੀ ਮਾਂ ਕਰਕੇ ਹੀ ਉਹ ਪੜ੍ਹ ਲਿਖ ਗਈ ਸੀ। ਉਸ ਦਾ ਇਕ ਭਰਾ ਵੀ ਸੀ ਜੋ ਅੱਠਵੀਂ ਜਮਾਤ ਵਿੱਚੋਂ ਹੀ ਪੜ੍ਹਨੋ ਹਟ ਗਿਆ ਸੀ ਤੇ ਪਿਓ ਨਾਲ਼ ਲੜਕੇ ਘਰੋਂ ਚਲਾ ਗਿਆ ਸੀ ਤੇ ਮੁੜ ਵਾਪਸ ਨਹੀਂ ਸੀ ਆਇਆ। ਸਰਵਿਸ ਬੁੱਕ ਉੱਤੇ ਆਪਣੀਆ ਉਂਗਲਾਂ ਦੇ ਨਿਸ਼ਾਨ ਲਾ ਕੇ ਤੇ ਦਸਖ਼ਤ ਕਰ ਕੇ ਉਹ ਚਲੀ ਗਈ ਤਾਂ ਦਰਦੀ ਬੋਲਿਆ, 'ਪੈ ਗਿਆ ਦੇਵ ਜੀ ਸਾਲ਼ਾ ਜਾਤ ਦਾ ਅੜਿੱਕਾ।'

'ਕੀ ਮਤਲਬ?' ਉਹ ਬੋਲਿਆ।

'ਜੇ ਸੁਨਿਆਰਾਂ ਦੀ ਕੁੜੀ ਹੁੰਦੀ ਤਾਂ ਤੁਹਾਡਾ ਟਾਂਕਾ ਫਿੱਟ ਹੋ ਜਾਣਾ ਸੀ।' ਉਸ ਦੀ ਗੱਲ ਸੁਣ ਦੇਵ ਨੇ ਹੱਸ ਦਿੱਤਾ ਤੇ ਉੱਠ ਕੇ ਸਟਾਫ਼ ਰੂਮ ਵਿਚ ਚਲਾ ਗਿਆ।

**00**

# ਇਕ ਸੌ ਬਾਈ

ਬੀ. ਐਡ. ਟੀਚਰਾਂ ਦੀ ਭਰਤੀ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਿਆ ਤਾਂ ਦੇ ਵ ਨੇ ਸੁਰੇਖਾ ਨੂੰ ਐਡ ਵੀ ਦਿਖਾਈ ਤੇ ਫਾਰਮ ਵੀ ਲਿਆ ਕੇ ਦੇ ਦਿੱਤਾ। ਇਹ ਵੀ ਦੱਸਿਆ ਕਿ ਅਨੁਸੂਚਿਤ ਜਾਤੀ ਹੋਣ ਕਰਕੇ ਉਸ ਨੂੰ ਨੌਕਰੀ ਮਿਲਣੀ ਸ਼ੁਅਰ ਸੀ। ਜਦੋਂ ਤੱਕ ਉਹ ਬੀ. ਐਡ ਟੀਚਰ ਸਿਲੈਕਟ ਨਹੀਂ ਹੋ ਜਾਂਦੀ, ਵਿਆਹ ਬਾਰੇ ਨਾ ਸੋਚੇ। ਉਸ ਦੀ ਜਾਤ ਦੇ ਵੱਡੀਆਂ ਪੋਸਟਾਂ ਤੇ ਲੱਗੇ ਮੁੰਡੇ ਤਾਂ ਬਹੁਤ ਸਨ, ਕੁੜੀਆਂ ਨਹੀਂ ਸਨ। ਬੀ. ਐਡ. ਟੀਚਰ ਬਣਨ ਨਾਲ਼ ਉਸ ਦਾ ਸਟੇਟਸ ਵਧ ਜਾਵੇਗਾ ਤੇ ਮਨ ਪਸੰਦ ਦਾ ਵਰ ਮਿਲ ਜਾਵੇਗਾ।

'ਕੀ ਆਪਣੀ ਕਾਸਟ ਵਿਚ ਵਿਆਹ ਕਰਵਾਉਣਾ ਜ਼ਰੂਰੀ ਹੁੰਦਾ ਏ ਦੇਵ ਜੀ?' ਉਸ ਮੁਸਕਰਾਈ।

'ਸਮਾਜ ਦਾ ਤਾਣਾ-ਬਾਣਾ ਹੀ ਅਜਿਹਾ ਹੈ ਸੁਰੇਖਾ ਕਿ ਬੰਦਾ ਚਾਹੁੰਦਾ ਹੋਇਆ ਵੀ ਇਨ੍ਹਾਂ ਵਲਗਣਾ ਨੂੰ ਤੋੜ ਨਹੀਂ ਸਕਦਾ।'

'ਵਲਗਣਾ ਤੋੜ ਕੇ ਨਵੇਂ ਰਾਹ ਬਣਾਉਣ ਵਾਲ਼ੇ ਵੀ ਤਾਂ ਬੰਦੇ ਹੀ ਹੁੰਦੇ ਨੇ।' ਉਹ ਬੋਲੀ।

'ਹੈ ਤੁਹਾਡੇ ਵਿਚ ਐਨੀ ਹਿੰਮਤ?'

'ਦੇਵ ਜੀ, ਮੈਂ ਤਾਂ ਸਭ ਤੋਂ ਨੀਵੀਂ ਜਾਤ ਵਾਲ਼ੀ ਹਾਂ। ਉੱਪਰੋਂ ਹੇਠ ਜਾਣ ਲਈ ਤਾਂ ਛਾਲ਼ ਮਾਰੀ ਜਾ ਸਕਦੀ ਹੈ ਪਰ ਹੇਠੋਂ ਉੱਤੇ ਜਾਣ ਲਈ ਕੋਈ ਬਾਂਹ ਫੜ ਕੇ ਖਿੱਚਣ ਵਾਲ਼ਾ ਹੋਣਾ ਚਾਹੀਦਾ ਏ। ਮੇਰੇ ਵਿਚ ਤਾਂ ਬੱਸ ਐਨੀ ਕੁ ਹਿੰਮਤ ਹੈ ਕਿ ਜ਼ਿੰਦਗੀ ਵਿਚ ਮੇਰੀ ਜੋ ਇੱਛਾ ਹੋਵੇਗੀ, ਮੈਂ ਆਪਣੇ ਮਾਪਿਆਂ ਨੂੰ ਦੱਸਾਂਗੀ ਤਾਂ ਉਹ ਖੁਸ਼ੀ ਖੁਸ਼ੀ ਮੇਰੇ ਨਾਲ਼ ਸਹਿਮਤ ਹੋ ਜਾਣਗੇ। ਛੋਟੇ ਬੰਦੇ ਨੇ ਹੋਰ ਕਿਹੜੀ ਹਿੰਮਤ ਦਿਖਾਉਣੀ ਹੁੰਦੀ ਏ?'

'ਨਹੀਂ ਆਪਣੇ ਆਪ ਨੂੰ ਛੋਟਾ ਸਮਝੀ ਜਾਣਾ ਵੀ ਇਕ ਕੰਪਲੈਕਸ ਹੈ।' ਦੇਵ ਨੇ ਕਿਹਾ।

ਦੇਵ ਅਤੇ ਤ੍ਰਿਪਤ ਸਕੂਲ ਇਸ ਕਰਕੇ ਅਲੱਗ ਅਲੱਗ ਜਾਂਦੇ ਸਨ ਕਿਉਂਕਿ ਉਹ ਸਕੂਲ ਟਾਇਮ ਹੋਣ ਤੋਂ ਦਸ ਕੁ ਮਿੰਟ ਪਹਿਲਾਂ ਹੀ ਘਰੋਂ ਨਿਕਲ਼ਦਾ ਸੀ, ਚਾਹੇ ਲੇਟ ਹੋ ਜਾਵੇ ਰਸਤੇ ਵਿੱਚੋਂ ਕਾਬਲੇ ਖੁਰੀਆਂ ਵੀ ਚੁਗਦਾ ਸੀ। ਜਦੋਂ ਉਹ ਸਕੂਲ ਪਹੁੰਚਦਾ ਤਾਂ ਅਕਸਰ ਪਰੇਅਰ ਹੋ ਰਹੀ ਹੁੰਦੀ। ਦੇਵ ਹਮੇਸ਼ਾ ਅੱਧਾ ਪੌਣਾ ਘੰਟਾ ਪਹਿਲਾਂ ਸਕੂਲ ਪੁੱਜ ਜਾਂਦਾ। ਸੁਰੇਖਾ ਉਸ ਤੋਂ ਵੀ ਪਹਿਲਾਂ ਸਕੂਲ ਪੁੱਜੀ ਹੁੰਦੀ। ਪਿਆਰੇ ਲਾਲ ਰਾਮਪੁਰ ਪਿੰਡ ਤੋਂ ਸਾਇਕਲ ਉੱਤੇ ਆਉਂਦਾ ਸੀ, ਸੁਰੇਖਾ ਸਾਨ੍ਹੇਵਾਲ ਤੋਂ ਉਹਦੇ ਮਗਰ ਬੈਠ ਆਉਂਦੀ। ਉਹ ਲਾਇਬ੍ਰੇਰੀ ਵਿਚ ਬੈਠ ਜਾਂਦੇ ਤੇ ਖ਼ੂਬ ਗੱਲਾਂ ਮਾਰਦੇ। ਸੁਰੇਖਾ ਭਾਵੇਂ ਘੱਟ ਬੋਲਦੀ, ਪਰ ਉਹ ਜੋ ਵੀ ਬੋਲਦੀ, ਉਸ' ਚੋਂ ਸਿਆਣਪ ਝਲਕਦੀ। ਉਨ੍ਹਾਂ ਦੀ ਨੇੜਤਾ ਵਧਦੀ ਚਲੀ ਗਈ।

ਇਕ ਦਿਨ ਦੇਵ ਸਾਨ੍ਹੇਵਾਲ ਪੁੱਜਾ ਤਾਂ ਉੱਥੇ ਸੁਰੇਖਾ ਨੂੰ ਖੜ੍ਹੀ ਦੇਖ ਉਸ ਨੇ ਸਾਇਕਲ ਰੋਕ ਲਿਆ ਤੇ ਪੁੱਛਿਆ, 'ਸੁਰੇਖਾ ਜੀ ਤੁਸੀਂ ਖੜ੍ਹੇ ਹੋ? ਅੱਜ ਪਿਆਰੇ ਲਾਲ ਨਹੀਂ ਆਇਆ?'

'ਆਇਆ ਸੀ ਦੇਵ ਜੀ। ਮੈਂ ਉਸ ਨਾਲ਼ ਗਈ ਨੀ। ਸੋਚਿਆ ਅੱਜ ਤੁਹਾਡੇ ਨਾਲ਼ ਜਾਵਾਂ।' ਉਹ ਮੁਸਕਰਾਈ।

'ਮੈਨੂੰ ਪਤਾ ਹੁੰਦਾ, ਮੈਂ ਸਕੂਟਰ ਲੈ ਆਉਂਦਾ।'

'ਕਿਉਂ ਸਾਇਕਲ ਤੇ ਖਿੱਚਣਾ ਔਖਾ ਲਗਦਾ ਏ?'

'ਨਹੀਂ ਸੁਰੇਖਾ ਸਾਇਕਲ ਤਾਂ ਸਗੋਂ ਤੁਹਾਡੇ ਬੈਠਣ ਨਾਲ਼ ਹੋਰ ਵੀ ਰੈਲ਼ਾ ਹੋ ਜਾਵੇਗਾ।'

ਉਹ ਸਾਇਕਲ ਪਿੱਛੇ ਬੈਠ ਗਈ। ਕੁਝ ਦੂਰੀ ਤੇ ਜਾ ਕੇ ਦੇਵ ਬੋਲਿਆ, 'ਨਿੱਤ ਮੇ ਰੇ ਨਾਲ਼ ਹੀ ਜਾਇਆ ਕਰੋ ਸੁਰੇਖਾ। ਮੈਂ ਬਹੁਤ ਇਕੱਲਾ ਹਾਂ।'

'ਆ ਤਾਂ ਜਾਵਾਂ। ਹੋਰ ਨਾ ਸਟਾਫ਼ ਵਾਲੇ, ਮੁੰਡੇ ਗੱਲਾਂ ਬਣਾਉਣ।'

'ਤਾਂ ਵੀ ਕੀ ਏ? ਐਥੇ ਕਈ ਮੈਡਮਾਂ ਜਾਂਦੀਆਂ ਨੇ ਮਾਸਟਰਾਂ ਨਾਲ਼ ਬਹਿ ਕੇ।'

'ਉਹਨਾਂ ਦੀ ਹੋਰ ਗੱਲ ਏ।'

'ਹੋਰ ਗੱਲ ਕਿਵੇਂ?'

'ਆਲ ਆਰ ਮੈਰਿਡ ਬੱਟ ਵੀ ਆਰ ਅਨਮੈਰਿਡ।' ਉਹ ਹੱਸੀ।

'ਤੁਸੀਂ ਮੇਰੇ ਨਾਲ਼ ਜਾਓਗੇ ਤਾਂ ਮੇਰਾ ਵੀ ਦਿਲ ਲੱਗ ਜਾਵੇਗਾ।'

'ਕਿਉਂ ਕੀ ਹੋਇਆ ਦਿਲ ਨੂੰ?'

'ਤੁਹਾਨੂੰ ਪਤਾ ਹੀ ਏ ਸੁਰੇਖਾ।'

ਉਹ ਦੋਨੋਂ ਚੁੱਪ ਕਰ ਗਏ। ਸਕੂਲ ਪਹੁੰਚ ਕੇ ਦੋਨਾਂ ਨੇ ਹਾਜ਼ਰੀ ਲਾਈ ਤੇ ਲਾਇਬ੍ਰੇਰੀ ਵਿਚ ਜਾ ਬੈਠੇ।

'ਦੇਵ ਜੀ ਇਹ ਜਾਤ-ਪਾਤ ਆਪਣੇ ਸਮਾਜ ਵਿਚ ਐਨੀ ਡੂੰਘੀ ਜੜ੍ਹ ਕਿਵੇਂ ਫੜ ਗਈ?' ਉਹ ਬੋਲੀ।

'ਸਮਾਜ ਨੂੰ ਵੱਖ ਵੱਖ ਵਰਗਾਂ ਵਿਚ ਵੰਡਣਾ ਹੀ ਰਾਜ ਕਰਨ ਲਈ ਸਭ ਤੋਂ ਵੱਡਾ ਸੋਸ਼ਣ ਸੀ। ਕਿਸੇ ਨੂੰ ਬਾਰ ਬਾਰ ਨੀਵਾਂ, ਘਟੀਆ ਹੋਣ ਦਾ ਅਹਿਸਾਸ ਕਰਵਾਉਣ ਨਾਲ਼ ਇਕ ਅਜਿਹਾ ਸਮਾਂ ਆਉਂਦਾ ਹੈ ਕਿ ਉਹ ਬੰਦਾ ਆਪਣੇ ਆਪ ਨੂੰ ਹੀ ਨੀਵਾਂ ਘਟੀਆ ਕਹਿਣਾ ਸ਼ੁਰੂ ਕਰ ਦਿੰਦਾ ਏ। ਘਟੀਆਪਣ ਦਾ ਅਹਿਸਾਸ ਬੰਦੇ ਦੀ ਰੀੜ੍ਹ ਦੀ ਹੱਡੀ ਤੋੜ ਦਿੰਦਾ ਏ।'

'ਤੁਸੀਂ ਮੰਨਦੇ ਹੋ ਜਾਤ-ਪਾਤ ਨੂੰ?'

'ਨਹੀਂ, ਮੈਂ ਬਰਾਬਰਤਾ ਨੂੰ ਮੰਨਦਾ ਹਾਂ। ਚਾਹੁੰਦਾ ਹਾਂ ਜਾਤ-ਪਾਤ ਦਾ ਕੋਹੜ ਖ਼ਤਮ ਹੋਵੇ।'

'ਉੱਪਰੋਂ ਉੱਪਰੋਂ ਕਿ ਦਿਲੋਂ ਵੀ?' ਉਹ ਹੱਸੀ।

'ਦਿਲੋਂ ਚਾਹੁੰਦਾ ਹਾਂ ਸੁਰੇਖਾ ਜੀ ਦਿਲੋਂ।'

'ਕੋਈ ਮਿਸਾਲ?'

'ਤੁਹਾਡੀ ਕਾਸਟ ਨੂੰ ਨੀਵਾਂ ਕਹਿੰਦੇ ਨੇ ਲੋਕ... ਪਰ ਮੈਂ ਤੁਹਾਡੀ ਰੋਟੀ, ਸਬਜ਼ੀ ਕਿੰਨੀ ਵਾਰੀ ਖਾਧੀ ਏ?'

'ਕਿਸੇ ਬੰਦੇ ਦੇ ਨਾਲ਼ ਖਾਣ-ਪੀਣ ਨਾਲ਼ ਦਿਲ ਵਿਚ ਧਸੀ ਸੋਚ ਤਾਂ ਖ਼ਤਮ ਨਹੀਂ ਹੁੰਦੀ ਨਾ।' ਉਹ ਬੋਲੀ। ਦੇਵ ਨੇ ਉਸ ਨੂੰ ਆਪਣੇ ਬਚਪਨ ਦੀਆਂ ਉਹ ਸਾਰੀਆਂ ਕਹਾਣੀਆਂ ਸੁਣਾ ਦਿੱਤੀਆਂ, ਜੋ ਨੀਵੀਂ ਜਾਤ ਦੇ ਸਮਝੇ ਜਾਣ ਵਾਲ਼ੇ ਉਸ ਦੇ ਦੋਸਤਾਂ ਨਾਲ਼ ਸਬੰਧਤ ਸਨ।

'ਦੇਵ ਜੀ ਕਿਸੇ ਨਾਲ਼ ਘੁੰਮਣਾ ਫਿਰਨਾ, ਦੋਸਤ ਬਣਾ ਲੈਣਾ, ਖਾਣਾ ਪੀਣਾ ਅਸਥਾਈ ਸਬੰਧ ਹਨ, ਪਰ ਜਦੋਂ ਰਿਸ਼ਤੇ ਜੋੜਨੇ ਹੋਣ, ਇਕ ਦੂਜੇ ਦੇ ਬਣਨਾ ਹੋਵੇ ਤਾਂ ਸੰਸਕਾਰ ਬੰਦੇ ਦੇ ਪੈਰ ਜਕੜ ਲੈਂਦੇ ਨੇ। ਫਿਰ ਉਹ ਭੱਜਦਾ ਹੈ ਤੇ ਬਹਾਨੇ ਬਣਾਉਂਦਾ ਹੈ।'

'ਨਹੀਂ ਸੁਰੇਖਾ ਜੀ, ਮੈਂ ਹਰ ਦੀਵਾਰ ਨੂੰ ਤੋੜਨ ਦੀ ਹਿੰਮਤ ਰੱਖਦਾ ਹਾਂ।' ਦੇਵ ਨੇ ਕਿਹਾ ਤਾਂ ਸੁਰੇਖਾ ਦੇ ਚਿਹਰੇ ਉੱਤੇ ਅਜੀਬ ਕਿਸਮ ਦਾ ਜਲ਼ੌਅ ਆ ਗਿਆ। ਉਸ ਨੇ ਦੇਵ ਦੇ ਦੋਨੋਂ ਹੱਥ ਘੁੱਟੇ ਤੇ ਆਪਣੇ ਸੀਨੇ ਨਾਲ਼ ਲਾ ਲਏ। ਫਿਰ ਬੋਲੀ, 'ਅਈ ਲਵ ਯੂ ਸੋ ਮੱਚ ਦੇਵ।'

'ਇਸ ਤਰ੍ਹਾਂ ਥੋੜ੍ਹੀ।' ਦੇਵ ਬੋਲਿਆ।

'ਹੋਰ ਕਿਸ ਤਰ੍ਹਾਂ?'

ਦੇਵ ਨੇ ਉੱਠ ਕੇ ਆਪਣੀਆਂ ਦੋਨੋਂ ਬਾਹਾਂ ਫੈਲਾਈਆਂ ਤਾਂ ਉਹ ਉਸ ਦੀਆਂ ਬਾਹਾਂ ਵਿਚ ਸਿਮਟ ਗਈ। ਦੇਵ ਨੇ ਉਸ ਦੀ ਠੋਡੀ ਚੁੱਕੀ ਤੇ ਬੁੱਲ੍ਹ ਚੁੰਮ ਲਏ।

'ਦੇਵ ਮਾਸਟਰ ਜੀ ਆ ਜਾਵਾਂ?' ਦਰਵਾਜੇ ਵਿਚ ਖੜਾ ਪਿਆਰੇ ਲਾਲ ਬੋਲਿਆ।

ਦੇਵ ਨੇ ਸੁਰੇਖਾ ਤੋਂ ਅਲੱਗ ਹੁੰਦਿਆਂ ਕਿਹਾ, 'ਆਉਣ ਨੂੰ ਹੁਣ ਕਸਰ ਕਿਹੜੀ ਰਹਿ ਗਈ?'

'ਮਾਸਟਰ ਜੀ ਰੰਬਾ ਪਤਾ ਨਹੀਂ ਕਿੱਥੇ ਚਲਾ ਗਿਆ। ਐਥੇ ਤਾਂ ਨੀ?' ਉਹ ਫਿਰ ਬੋਲਿਆ।

ਪਿਆਰੇ ਲਾਲ ਆਪਣਾ ਗੋਡੀ ਕਰਨ ਵਾਲ਼ਾ ਰੰਬਾ ਗਲਤ ਥਾਂ ਤੇ ਲੱਭਣ ਆ ਗਿਆ ਸੀ। ਐਧਰ-ਉੱਧਰ ਦੇਖ ਕੇ ਉਹ ਵਾਪਸ ਚਲਾ ਗਿਆ ਤਾਂ ਦੇਵ ਨੇ ਕਿਹਾ, 'ਬੁਰੇ ਫਸੇ। ਉਸ ਨੇ ਆਪਾਂ ਨੂੰ ਦੇਖ ਲਿਆ ਏ। ਹੋਰ ਨਾ ਸਟਾਫ਼ ਵਿਚ ਤਵਾ ਲਾ ਦੇਵੇ।'

'ਨਹੀਂ ਲਾਵੇਗਾ ਉਹ। ਆਪਣੀ ਜਾਤ ਦੀ ਕੁੜੀ ਦੀ ਬਦਨਾਮੀ ਥੋੜ੍ਹੋ ਕਰੇਗਾ? ਸਾਰੇ ਉਸ ਦਾ ਨਾਂ ਲੈਂਦੇ ਨੇ, ਇਕ ਮੈਂ ਹੀ ਹਾਂ ਜੋ ਉਸ ਨੂੰ 'ਅੰਕਲ ਜੀ' ਕਹਿੰਦੀ ਹਾਂ।'

ਪਿਆਰੇ ਲਾਲ ਦੇਵ ਦਾ ਵੀ ਖਾਸ ਬੰਦਾ ਹੀ ਸੀ। ਦੇਵ ਨੂੰ ਵੀ ਉਸ ਉੱਤੇ ਵਿਸ਼ਵਾਸ ਸੀ।

'ਦੇਵ ਜੀ, ਹੁਣ ਨਹੀਂ ਕਦੀ ਵੀ ਆਉਣਾ ਤੁਹਾਡੇ ਨਾਲ਼ ਸਾਇਕਲ ਤੇ।' ਸੁਰੇਖਾ ਬੋਲੀ।

'ਕਿਉਂ ਨਰਾਜ਼ ਹੋ ਗਏ ਹੋ?'

'ਆਹੋ... ਬੱਸ ਹੁਣ ਤੁਸੀਂ ਜਾਓ ਐਥੋਂ।' ਉਸ ਨੇ ਪਿਆਰ ਭਰੀ ਘੁਰਕੀ ਲਈ ਤਾਂ ਉਹ ਬਗੀਚੀ' ਚ ਖੁਰਪਾ ਚਲਾਉਂਦੇ ਪਿਆਰੇ ਲਾਲ ਵੱਲ ਚਲਾ ਗਿਆ।

'ਦੇਵ ਮਾਸਟਰ ਜੀ ਇਕ ਗੱਲ ਕਹਾਂ?' ਉਹ ਬੋਲਿਆ।

'ਕਹਿ ਮਿੱਤਰਾ।'

'ਕੁੜੀ ਚਾਹੇ ਸਾਡੀ ਬਿਰਾਦਰੀ ਦੀ ਏ ਪਰ ਹੈ ਬਹੁਤ ਚੰਗੀ। ਸੁਹਣੀ ਸੁਨੱਖੀ ਵੀ ਪੁੱਜ ਕੇ ਆ। ਅੱਖ ਦੇਖੋ ਇੱਲ੍ਹ ਦੇ ਆਂਡੇ ਵਰਗੀ ਏ। ਐਨਾ ਸਡੌਲ ਸ਼ਰੀਰ ਹੈਗਾ ਕਿਸੇ ਹੋਰ ਮੈਡਮ ਦਾ? ਮਹਾਜਨਾ ਦੀ ਕੁੜੀ ਲਗਦੀ ਏ। ਜਾਤ ਦਾ ਕੀ ਏ, ਵੱਡੇ ਲੋਕਾਂ' ਚ ਚਲੀ ਜਾਊ, ਫਿਰ ਕਿਹੜੀ ਜਾਤ ਰਹਿ ਗਈ? ਦੁੱਧ ਵਿਚ ਖੁਲ਼ੀ ਖੰਡ ਦੇਖੀ ਕਿਸੇ ਨੇ? ਘੋਲ਼ ਲਵੋ। ਗੱਲ ਤਾਂ ਤੁਹਾਡੀ ਖੁੱਲ੍ਹ ਹੀ ਗਈ, ਵਿਆਹ ਕਰਾਉਣ ਦੀ ਕਰੋ।' ਪਿਆਰੇ ਲਾਲ ਬੋਲਿਆ।

'ਚੰਗਾ ਚੰਗਾ ਤੂੰ ਵਿਚੋਲਾ ਬਣਨ ਨੂੰ ਫਿਰਦਾ ਹੋਵੇਂਗਾ। ਐਵੇਂ ਨਾ ਕਿਸੇ ਕੋਲ਼ ਬਕ ਦਵੀਂ।'

'ਪਿਆਰੇ ਲਾਲ ਨੂੰ ਜਾਣਦੇ ਨੀ ਤੁਸੀਂ?' ਉਹ ਹੱਸਿਆ।

'ਜਾਣਦਾ ਏਂ, ਜਾਣਦਾ ਕਿਉਂ ਨੀ। ਲੰਗੜੇ ਦੇ ਢਾਬੇ ਤੇ ਰੁਕ ਜਾਈਂ ਅੱਜ ਵਾਪਸੀ ਤੇ । ਬੈਠਾਂਗੇ ਦੋ ਘੜੀ।' ਦੇਵ ਨੇ ਕਿਹਾ ਤਾਂ ਪਿਆਰੇ ਲਾਲ ਉਸ ਦੀ ਗੱਲ ਸੁਣ ਕੇ ਖੁਸ਼ ਹੋ ਗਿਆ।

ਸਕੂਲ ਵਿਚ ਕੁੜੀਆਂ ਦੀ ਖੋ-ਖੋ ਟੀਮ ਦੀ ਤਿਆਰੀ ਮਾਸਟਰ ਸਿਮਰਦੀਪ ਸਿੰਘ ਤੇ ਸੁਰੇਖਾ ਨੇ ਕਰਵਾਈ ਸੀ। ਸਕੂਲ ਖੇਡਾਂ ਸ਼ੁਰੂ ਹੋਈਆਂ ਤਾਂ ਸਾਨ੍ਹੇਵਾਲ ਦੇ ਕੁੜੀਆਂ ਦੇ ਸਕੂਲ ਵਿਚ ਟੀਮ ਨੂੰ ਲੈ ਕੇ ਜਾਣ ਲਈ ਹੈਡਮਾਸਟਰ ਨੇ ਇੰਚਾਰਜ ਵਜੋਂ ਦੇਵ ਨੂੰ ਵੀ ਭੇਜ ਦਿੱਤਾ। ਉਹ ਤਿੰਨੋਂ ਜਣੇ ਕੁੜੀਆਂ ਦੀ ਟੀਮ ਉੱਥੇ ਲੈ ਕੇ ਗਏ ਤਾਂ ਸਿਮਰਦੀਪ ਦੀ ਡਿਊਟੀ ਬਾਸਕਟਬਾਲ ਦੇ ਮੈਚਾਂ ਵਿਚ ਰੈਫ਼ਰੀ ਵਜੋਂ ਲੱਗ ਗਈ। ਇਸ ਤਰ੍ਹਾਂ ਦੇਵ ਅਤੇ ਸੁਰੇਖਾ ਨੂੰ ਇਕੱਠੇ ਬੈਠ ਕੇ ਗੱਲਾਂ ਕਰਨ ਦਾ ਮੌਕਾ ਮਿਲ ਗਿਆ। ਹੈਡਮਾਸਟਰ ਗਰਚਾ, ਦੇਵ ਦਾ ਜਾਣੂ ਸੀ। ਉਹ ਦੇਵ ਨੂੰ ਇਕ ਪਾਸੇ ਬੁਲਾ ਕੇ ਕਹਿਣ ਲੱਗਾ, 'ਉਇ ਪੱਟੂਆ ਇਹ ਕੁੜੀ ਕੌਣ ਏਂ?'

'ਲਾਇਬ੍ਰੇਰੀਅਨ ਆਈ ਏ ਸਾਡੇ ਸਕੂਲ' ਚ।'

'ਕੁੜੀ ਸੁਹਣੀ ਏਂ। ਇਸ਼ਕ-ਮੁਸ਼ਕ ਦੇ ਮਾਰ ਗੋਲ਼ੀ। ਵਿਆਹ ਕਰਵਾਉਣ ਦੀ ਕਰ।'

'ਰੱਬ ਦੀ ਨਿਗਾਹ ਸਿੱਧੀ ਹੋ ਗਈ ਤਾਂ ਤੁਹਾਨੂੰ ਵਿਆਹ ਦਿਖਾ ਹੀ ਦੇਣਾ ਏਂ।'

'ਰੱਬ ਦੀ ਨੀ, ਇਹਦੀ ਨਿਗ੍ਹਾ ਸਿੱਧੀ ਕਰ। ਕੌਣ ਹੁੰਦੀ ਏ?' ਗਰਚਾ ਬੋਲਿਆ।

'ਖੱਤਰੀਆਂ ਦੀ ਕੁੜੀ ਏ।' ਦੇਵ ਨੇ ਗੱਲ ਟਾਲੀ।

ਖੋ-ਖੋ ਦਾ ਪਹਿਲਾ ਮੈਚ ਸ਼ੁਰੂ ਹੋਇਆ ਤਾਂ ਉਹ ਦੋਨੋਂ ਇਕ ਕੋਨੇ ਵਿਚ ਕੁਰਸੀਆਂ ਤੇ ਜਾ ਬੈਠੇ।

'ਫੇਰ ਹੁਣ ਤੁਹਾਡੀ ਸਲਾਹ ਕੀ ਏ ਦੇਵ ਜੀ?'

'ਕਾਹਦੀ?'

'ਬੜੇ ਭੋਲ਼ੇ ਬਣਦੇ ਹੋ, ਜਿਵੇਂ ਕੁਝ ਪਤਾ ਨੀ ਹੁੰਦਾ।'

'ਸਮਝਿਆ ਨਹੀਂ ਤੁਹਾਡੀ ਗੱਲ।'

'ਜਾਂ ਤਾਂ ਤੁਸੀਂ ਮੈਥੋਂ ਦੂਰ ਹੋ ਜਾਓ ਜਾਂ ਫਿਰ ਪੂਰੇ ਦੇ ਪੂਰੇ ਮੇਰੇ ਬਣ ਜਾਓ।'

'ਸੁਰੇਖਾ, ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਏਂ। ਜੀਅ ਕਰਦਾ ਏ ਤੁਹਾਨੂੰ ਲੈ ਕੇ ਅਜਿਹੀ ਥਾਂ ਛੁਪ ਜਾਵਾਂ, ਜਿੱਥੇ ਸਾਨੂੰ ਦੇਖਣ ਵਾਲ਼ਾ ਕੋਈ ਨਾ ਹੋਵੇ।'

'ਤੇ ਮੇਰੀ ਜਾਤ ਪੁੱਛਣ ਵਾਲ਼ਾ ਵੀ ਕੋਈ ਨਾ ਹੋਵੇ। ਹੈ ਨਾ? ਬੱਸ ਇਹੋ ਰੁਕਾਵਟ ਏ ਦੇਵ ਜੀ ਸਭ ਤੋਂ ਵੱਡੀ ਕਿ ਤੁਸੀਂ ਮੈਨੂੰ ਪਿਆਰ ਵੀ ਕਰਦੇ ਹੋ, ਚਾਹੁੰਦੇ ਵੀ ਹੋ, ਪਰ ਲੋਕਾਂ ਦੀਆਂ ਨਜ਼ਰਾਂ ਦਾ ਸਾਮ੍ਹਣਾ ਵੀ ਨਹੀਂ ਕਰ ਸਕਦੇ। ਤੁਸੀਂ ਛੁਪਣਗਾਹਾਂ ਦੀ ਥਾਂ ਮੈਨੂੰ ਆਪਣੇ ਘਰ ਕਿਉਂ ਨਹੀਂ ਲੈ ਜਾਣਾ ਚਾਹੁੰਦੇ? ਡਰਦੇ ਹੋ ਤੁਸੀਂ ਆਪਣੀ ਮਾਂ ਤੋਂ, ਭਰਾਵਾਂ ਤੋਂ, ਮਾਮੇ ਤੋਂ, ਦੋਸਤਾਂ ਤੋਂ... ਮੈਨੂੰ ਪਤਾ ਹੈ ਕਿ ਉਹ ਸਾਰੇ ਲੋਕ ਮੇਰੀ ਨੀਵੀਂ ਜਾਤ ਕਰਕੇ ਮੇਰੇ ਨਾਲ਼ ਕੋਈ ਸਾਂਝ ਨਹੀਂ ਪਾਉਣਗੇ। ਸਾਡੇ ਕਿਸੇ ਰਿਸ਼ਤੇ ਨੂੰ ਪ੍ਰਵਾਨ ਨਹੀਂ ਕਰਨਗੇ।' ਬੋਲਦੀ ਸੁਰੇਖਾ ਦੀਆਂ ਅੱਖਾਂ ਲਾਲ ਹੋ ਗਈਆਂ। ਫਿਰ ਹੰਝੂਆਂ ਨਾਲ਼ ਭਰ ਗਈਆਂ। ਉਸ ਨੇ ਰੁਮਾਲ ਨਾਲ਼ ਹੰਝੂ ਸੋਖ਼ ਲਏ।

'ਰਿਸ਼ਤੇ ਨੂੰ ਮੰਜ਼ੂਰੀ ਦੇਣ ਵਾਲ਼ੇ ਤਾਂ ਸ਼ਾਇਦ ਤੁਹਾਡੇ ਮੰਮੀ-ਡੈਡੀ ਵੀ ਨਾ ਹੋਣ।' ਦੇਵ ਬੋਲਿਆ।

'ਨਹੀਂ ਇਹ ਤੁਹਾਡਾ ਭੁਲੇਖਾ ਹੈ। ਵੱਡੀ ਜਾਤ ਵਾਲ਼ੇ ਹੀ ਨੀ ਮੰਨਿਆਂ ਕਰਦੇ।

ਛੋਟਿਆਂ ਵਿਚਾਰਿਆਂ ਕੋਲ਼ ਹੁੰਦਾ ਹੀ ਕੀ ਏ? ਉੱਚ ਜਾਤੀਆਂ' ਚ ਆਪਣੀ ਧੀ ਨੂੰ ਵਿਆਹ ਕੇ ਕਿਹੜਾ ਮਾਪਾ ਖੁਸ਼ ਨਹੀਂ ਹੋਵੇਗਾ। ਉਹ ਤਾਂ ਇਹ ਗੱਲ ਸੁਣ ਕੇ ਧਰਤੀ ਪੈਰ ਨਹੀਂ ਲਾਉਣਗੇ। ਸਾਰੀ ਗੱਲ ਤਾਂ ਹੁਣ ਤੁਹਾਡੇ ਤੇ ਨਿਰਭਰ ਕਰਦੀ ਏ। ਮੇਰੇ ਮਾਂ ਬਾਪ ਮੇਰੇ ਨਾਲ਼ ਹਨ। ਦੇਵ ਜੀ, ਮੈਨੂੰ ਕਿਸੇ ਨ੍ਹੇਰੇ ਵਿਚ ਰੱਖਣ ਦੀ ਕੋਸ਼ਿਸ਼ ਨਾ ਕਰਿਓ। ਮੈਂ ਚਾਹ ਪੀ ਕੇ ਆਉਂਦੀ ਹਾਂ, ਤੁਸੀਂ ਵਿਚਾਰ ਕਰ ਕੇ ਮੈਨੂੰ ਆਪਣਾ ਫੈਸਲਾ ਦੱਸੋ।' ਉਹ ਬੋਲੀ।

'ਚਲੋ ਮੈਂ ਵੀ ਤੁਹਾਡੇ ਨਾਲ਼ ਚਲਦਾ ਹਾਂ।'

'ਨਹੀਂ, ਤੁਸੀਂ ਪਹਿਲਾਂ ਆਪਣਾ ਫੈਸਲਾ ਦੱਸੋ।' ਉਹ ਬੋਲੀ ਤੇ ਉੱਠ ਕੇ ਚਲੀ ਗਈ।

ਦੇਵ ਪਰੇਸ਼ਾਨ ਹੋ ਗਿਆ। ਹੁਣ ਤੱਕ ਜਾਤ-ਪਾਤ ਬਾਰੇ ਜੋ ਉਸ ਦਾ ਨਜ਼ਰੀਆ ਸੀ, ਉਹ ਸਭ ਉਸਨੂੰ ਢੌਂਗ ਹੀ ਲੱਗਾ। ਜਾਤ-ਪਾਤ ਨੂੰ ਆਪਣੇ ਵਿੱਚੋਂ ਬਿਲਕੁਲ ਮਾਰ ਦੇਣਾ ਉਸ ਨੂੰ ਪਹਾੜ ਚੀਰਨ ਵਰਗਾ ਅਸੰਭਵ ਕੰਮ ਲੱਗਣ ਲੱਗਾ। ਘਰ ਜਾ ਕੇ ਵੀ ਤੇ ਫਿਰ ਰਾਤ ਨੂੰ ਵੀ ਸੋਚਾਂ ਨੇ ਉਸ ਨੂੰ ਮਧੋਲ਼ੀ ਰੱਖਿਆ। ਇਕ ਤਾਂ ਚੰਗੇ ਦਿਲ ਵਾਲ਼ੀ, ਪੜ੍ਹੀ-ਲਿਖੀ, ਸੂਝਵਾਨ, ਸੁਹਣੀ-ਸੁਨੱਖੀ ਤੇ ਨੌਕਰੀ ਪੇਸ਼ਾ ਸੁਰੇਖਾ ਸੀ ਜੋ ਆਪਣਾ ਸਭ ਕੁਝ ਦੇਵ ਨੂੰ ਸਮੱਰਪਤ ਕਰਨ ਲਈ ਤਿਆਰ ਬੈਠੀ ਸੀ ਤੇ ਦੂਜੀ ਸਭ ਜਾਤਾਂ ਤੋਂ ਨੀਵੀਂ ਸਮਝੀ ਜਾਣ ਵਾਲ਼ੀ ਉਸ ਦੀ ਜਾਤ ਸੀ। ਉਸ ਨਾਲ਼ ਉਸ ਦੀ ਜਾਤ ਇਸ ਕਦਰ ਚੁੰਬੜੀ ਹੋਈ ਸੀ ਕਿ ਉਹ ਦੇਵ ਦੇ ਲੱਖ ਕੋਸ਼ਿਸ਼ ਕੀਤਿਆਂ ਵੀ ਉਸ ਤੋਂ ਅਲੱਗ ਨਹੀਂ ਸੀ ਹੋ ਰਹੀ। ਕੀ ਦੇਵ ਵਿਚ ਹਿੰਮਤ ਸੀ ਕਿ ਉਹ ਉਨ੍ਹਾਂ ਲੋਕਾਂ ਦਾ ਰਿਸ਼ਤੇਦਾਰ ਬਣ ਸਕੇ ਜਿਹੜੇ ਸਦੀਆਂ ਤੋਂ ਉੱਚ ਜਾਤੀ ਦੇ ਲੋਕਾਂ ਦਾ ਮੈਲ਼ਾ ਢੋਂਦੇ ਰਹੇ ਹੋਣ। ਅਛੂਤ ਸਮਝੇ ਜਾ ਰਹੇ ਹੋਣ, ਹਰ ਥਾਂ ਤੇ ਦੁਰਕਾਰੇ ਜਾਂਦੇ ਰਹੇ ਹੋਣ, ਜਿਨ੍ਹਾਂ ਦੀ ਪਸ਼ੂਆਂ ਤੋਂ ਵੀ ਭੈੜੀ ਜ਼ਿੰਦਗੀ ਹੋਵੇ। ਜਿਨ੍ਹਾਂ ਵਿਚਲੀ ਹੀਣ ਭਾਵਨਾ ਉਨ੍ਹਾਂ ਦੇ ਵਿਅਕਤੀਤਵ ਨੂੰ ਇਸ ਕਦਰ ਮੱਲੀ ਬੈਠੀ ਹੋਵੇ ਕਿ ਉਹ ਬਦੋ-ਬਦੀ ਉੱਚ ਜਾਤੀ ਦੇ ਲੋਕਾਂ ਦੇ ਪੈਰੀਂ ਡਿਗਦੇ ਫਿਰਨ। ਸੁਰੇਖਾ ਨੂੰ ਅਪਨਾਉਣ ਲਈ ਇਹ ਸਭ ਕੁਝ ਵੀ ਉਹ ਕਬੂਲ ਕਰ ਲੈਂਦਾ ਪਰ ਉਹ ਆਪਣੇ ਖਾਨਦਾਨ ਦਾ ਕੀ ਕਰਦਾ? ਉਸ ਦੇ ਸਾਮ੍ਹਣੇ ਲੋਕ ਸਨ, ਬੇਬੇ ਸੀ, ਭਰਾ ਸਨ ਤੇ ਬਚਪਨ ਵਿਚ ਜਿੰਦਰੂ ਅਤੇ ਬਸ਼ੀਰ ਨਾਲ਼ ਖਾਣ ਪੀਣ ਕਰ ਕੇ ਫੈਂਟਾ ਚਾੜ੍ਹਨ ਵਾਲ਼ਾ ਜਾਤਪਾਤ ਦਾ ਮੁਦਈ ਉਸ ਦਾ ਮਾਮਾ ਸੀ। ਜਿਉਂ ਜਿਉਂ ਦਿਨ ਚੜਦਾ ਗਿਆ, ਉਸ ਨੇ ਪਹਿਲਾਂ ਲੋਕਾਂ ਵੱਲੋਂ ਮੂੰਹ ਮੋੜਿਆ, ਫਿਰ ਭਰਾਵਾਂ ਅਤੇ ਮਾਮੇ ਵੱਲ ਪਿੱਠ ਕਰ ਲਈ, ਪਰ ਉਸ ਦੀ ਬੇਬੇ ਉਸ ਦੇ ਸਾਮ੍ਹਣਿਓਂ ਹਟ ਨਹੀਂ ਸੀ ਰਹੀ। ਉਸ ਨੇ ਸੋਚਿਆ ਕਿ ਜੇ ਇਕੱਲੀ ਉਸ ਦੀ ਬੇਬੇ ਹੀ ਸਹਿਮਤ ਹੋ ਜਾਵੇ ਤਾਂ ਉਹ ਬਿਨਾਂ ਕਿਸੇ ਹੋਰ ਨੂੰ ਦੱਸੇ, ਇਸ ਵਿਆਹ ਨੂੰ ਸਿਰੇ ਚਾੜ੍ਹ ਲਵੇਗਾ। ਉਹ ਪਹਿਲਾਂ ਆਪਣੀ ਬੇਬੇ ਨੂੰ ਕੁੜੀ ਦਿਖਾਵੇਗਾ, ਉਸ ਦੀ ਜਾਤ ਦੱਸਣੀ ਕੋਈ ਜ਼ਰੂਰੀ ਤਾਂ ਨਹੀਂ। ਉਸ ਨੂੰ ਉਹ ਪਸੰਦ ਤਾਂ ਪਹਿਲੀ ਨਜ਼ਰੇ ਆ ਜਾਏਗੀ। ਉਹ ਲੁਧਿਆਣੇ ਜਾ ਕੇ ਉਸ ਨਾਲ਼ ਕੋਰਟ ਮੈਰਿਜ ਕਰਵਾ ਲਵੇਗਾ। ਬਾਅਦ ਦੀ ਗੱਲ ਬਾਅਦ ਵਿਚ ਦੇਖੀ ਜਾਵੇਗੀ। ਕੁੱਤੇ ਵੀ ਕੁਝ ਦੂਰੀ ਤੱਕ ਭੌਂਕਦੇ ਜਾਇਆ ਕਰਦੇ ਹਨ, ਫਿਰ ਆਪ ਹੀ ਪਿੱਛੇ ਮੁੜ ਜਾਂਦੇ ਹਨ। ਇਹ ਤਾਂ ਬੰਦੇ ਸਨ, ਜੋ ਉਸ ਦੇ ਆਲੇ-ਦੁਆਲੇ ਸਨ। ਉਸ ਦੇ ਸਾਮ੍ਹਣੇ ਭੌਂਕਣ ਦੀ ਕੌਣ ਜੁਅੱਰਤ ਕਰ ਸਕੇਗਾ? ਦੇਵ ਨੇ ਹੌਸਲਾ ਫੜ ਲਿਆ।

00

# ਇਕ ਸੌ ਤੇਈ

ਸਭ ਪਾਸਿਓਂ ਬੇਫਿਕਰ ਹੋ ਕੇ ਦੇਵ ਗੂੜ੍ਹੀ ਨੀਂਦ ਸੌਂ ਗਿਆ। ਅਗਲੇ ਦਿਨ ਸਕੂਲ ਜਾ ਕੇ ਸੁਰੇਖਾ ਨਾਲ਼ ਪਹਿਲੀ ਗੱਲ ਇਹੋ ਕੀਤੀ ਕਿ ਉਹ ਉਸਨੂੰ ਆਪਣੀ ਬੇਬੇ ਨੂੰ ਮਿਲਾਉਣਾ ਚਾਹੁੰਦਾ ਹੈ।

'ਕਿੱਥੇ? ਆਪਣੇ ਘਰ ਲੈ ਚੱਲੋਗੇ?' ਉਹ ਖੁਸ਼ ਹੋ ਕੇ ਬੋਲੀ।

'ਨਹੀਂ, ਅਜੇ ਘਰ ਨਹੀਂ। ਮੰਜੀ ਸਾਹਿਬ ਗੁਰਦੁਆਰੇ, ਇਸੇ ਐਤਵਾਰ। ਸਵੇਰੇ ਦਸ ਵਜੇ।'

'ਮੈਂ ਆਪਣੀ ਮੰਮੀ ਨੂੰ ਨਾਲ਼ ਲੈ ਆਵਾਂ?'

'ਨਹੀਂ, ਅਜੇ ਨਹੀਂ। ਹੌਲ਼ੀ-ਹੌਲ਼ੀ ਅੱਗੇ ਵਧਾਂਗੇ।'

'ਫੇਰ ਇਕੱਲੀ ਹੀ ਆਵਾਂ?'

'ਹਾਂ, ਬਿਲਕੁਲ ਇਕੱਲੀ।' ਦੇਵ ਨੇ ਕਿਹਾ।

'ਅੱਜ ਤੁਹਾਡਾ ਚਿਹਰਾ ਉਡਿਆ ਉਡਿਆ ਕਿਉਂ ਪਿਆ ਏ? ਐਨੇ ਸੀਰੀਅਸ ਤਾਂ ਮੈਂ ਕਦੀ ਦੇਖੇ ਨਹੀਂ। ਤੁਹਾਡੀ ਮੁਸਕਰਾਹਟ ਕਿੱਥੇ ਗਈ?'

'ਸੁਰੇਖਾ, ਮੇਰੀ ਜਾਨ... ਮੈਂ ਬਹੁਤ ਵੱਡਾ ਫੈਸਲਾ ਲੈ ਕੇ ਆਇਆ ਹਾਂ। ਮੈਂ ਥੋੜ੍ਹਾ ਤਣਾਅ ਵਿਚ ਹਾਂ। ਸਭ ਠੀਕ ਹੋ ਜਾਵੇਗਾ।'

ਦੇਵ ਨੇ ਆਪਣੀ ਬੇਬੇ ਨੂੰ ਸੁਰੇਖਾ ਬਾਰੇ ਸਿਰਫ਼ ਐਨਾ ਹੀ ਦੱਸਿਆ ਕਿ ਉਹ ਬਹੁਤ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਦੀ ਕੁੜੀ ਹੈ। ਉਸ ਦੇ ਨਾਲ਼ ਪੜ੍ਹਾਉਂਦੀ ਹੈ। ਖੰਨੇ ਤੋਂ ਆਉਂਦੀ ਹੈ। ਉਸ ਦੀ ਬੇਬੇ ਨੇ ਉਸ ਦੀ ਗੱਲ ਸੁਣ ਕੇ ਧਰਤੀ ਨਮਸਕਾਰੀ ਤੇ ਬੋਲੀ, 'ਹੇ ਸੱਚੇ ਪਾਤਸ਼ਾਹ ਮੰਜੀ ਸਾਹਬ ਵਾਲ਼ਿਆ। ਕਰਦੇ ਮੇਰੇ ਪੁੱਤ ਦਾ ਕਾਰਜ ਪੂਰਾ। ਆਹ ਮੂੰਦੀ ਤੇਰੀ ਗੋਲਕ ਵਿਚ ਪਾ ਕੇ ਜਾਊਂ।'

ਫਿਰ ਪਤਾ ਨਹੀਂ ਉਸ ਨੂੰ ਕੀ ਸੁੱਝੀ, ਬੋਲੀ, 'ਕਿਨ੍ਹਾਂ ਦੀ ਕੁੜੀ ਏ? ਜਾਤ ਕੀ ਏ ?'

'ਚੱਲ, ਜਿਨ੍ਹਾਂ ਦੀ ਮਰਜੀ ਹੋਵੇ। ਆਪਾਂ ਅੰਬ ਚੂਪਣੇ ਨੇ ਕਿ ਦਰੱਖਤ ਗਿਣਨੇ ਨੇ। ਤੈਨੂੰ ਹੀਰੇ ਵਰਗੀ ਨੂੰਹ ਮਿਲਜੂ ਤੇ ਆਪਣੀ ਰੋਟੀ ਪੱਕਦੀ ਹੋਜੂ।' ਦੇਵ ਹੱਸਿਆ।

'ਨਾ ਵੇ ਪੁੱਤ... ਜਾਤ ਤਾਂ ਦੇਖਣੀ ਹੀ ਪਊ.... ਫੇਰ ਵੀ ਹੈ ਕਿਨ੍ਹਾਂ ਦੀ?'

'ਬੇਬੇ ਤੈਨੂੰ ਪਤਾ ਏ, ਮੇਰੀ ਉਮਰ ਕਿੰਨੀ ਹੋ ਗਈ ਏ? ਜੇ ਇਸ ਕੁੜੀ ਨਾਲ਼ ਵੀ ਨਾ ਹੋਇਆ ਤਾਂ ਸਮਝ ਲੈ ਮੈਂ ਸਾਰੀ ਉਮਰ ਛੜਾ-ਛੜਾਂਗ ਹੀ ਰਹਾਂਗਾ ਤੇ ਇਸ ਦਾ ਸਰਾਪ ਤੈਨੂੰ ਲੱਗੂ।'

'ਫੇਰ ਵੀ ਜਾਤ ਦੱਸਣ ਵਿਚ ਹਰਜ਼ ਕੀ ਐ ਪੁੱਤਾ?'

'ਖੱਤਰੀਆਂ ਦੀ ਕੁੜੀ ਏ।' ਦੇਵ ਨੇ ਕਿਹਾ ਤਾਂ ਉਹ ਖਿੜ ਗਈ। ਉਨ੍ਹਾਂ ਦੀ ਰਿਸ਼ਤੇ ਦਾਰੀ ਵਿਚ ਪਹਿਲਾਂ ਹੀ ਵਿਆਹ ਕੇ ਆਈਆਂ ਖੱਤਰੀਆਂ ਦੀਆਂ ਦੋ ਕੁੜੀਆਂ ਸਨ। ਦੋਨੋਂ

ਐਨੀਆਂ ਚੰਗੀਆਂ ਨਿਕਲ਼ੀਆਂ ਸਨ, ਕਿ ਘਰਾਂ ਨੂੰ ਭਾਗ ਲੱਗ ਗਏ ਸਨ। ਉਸ ਦੀ ਬੇਬੇ ਨੇ ਸਿੱਟਾ ਕੱਢਿਆ ਹੋਇਆ ਸੀ ਕਿ ਖੱਤਰੀਆਂ ਦੀਆਂ ਕੁੜੀਆਂ ਚੰਗੀਆਂ ਹੀ ਹੁੰਦੀਆਂ ਨੇ।

'ਇਹ ਤਾਂ ਠੀਕ ਏ, ਪਰ ਭੈਣ, ਭਰਾ, ਮਾਂ ਬਾਪ.... ਕੀ ਕਾਰੋਬਾਰ ਏ ਟੱਬਰ ਦਾ? ਤੂੰ ਸਾਰੀ ਗੱਲ ਦੱਸ।' ਉਹ ਬੋਲੀ।

'ਤੂੰ ਬਹੁਤੀਆਂ ਮੀਨ-ਮੇਖਾਂ ਨਾ ਕੱਢੀ ਜਾ ਬੇਬੇ। ਮਾਂ-ਬਾਪ ਉਹਦੇ ਨੌਕਰੀਆਂ ਕਰਦੇ ਨੇ। ਭਰਾ ਸ਼ਾਇਦ ਕੋਈ ਨਹੀਂ। ਬੱਸ ਮੈਨੂੰ ਐਨਾ ਹੀ ਪਤਾ ਏ। ਐਤਵਾਰ ਨੂੰ ਮੰਜੀ ਸਾਹਬ ਮੈਂ ਉਸ ਕੁੜੀ ਨੂੰ ਸੱਦਿਆ ਏ। ਆਪਾਂ ਦੋਨੋਂ ਜਾਵਾਂਗੇ। ਹੋਰ ਕਿਸੇ ਦੀ ਮੈਂ ਪਰਵਾਹ ਨੀ ਕਰਦਾ।' ਦੇਵ ਨੇ ਦੱਸਿਆ।

'ਕੁੜੀ ਦੇ ਮਾਂ-ਬਾਪ ਆਉਣਗੇ?'

'ਪਹਿਲਾਂ ਤੂੰ ਕੁੜੀ ਤਾਂ ਪਸੰਦ ਕਰ ਲੈ। ਉਹਦੇ ਮਾਂ ਬਾਪ ਨੂੰ ਦੱਸ ਕੇ ਐਵੇਂ ਪੰਗਾ ਖੜ੍ਹਾ ਕਰਨਾ ਏਂ?'

'ਫੇਰ ਵਿਆਹ ਕਿਵੇਂ ਹੋਜੂ, ਜੇ ਉਹੀ ਨਾ ਮੰਨੇ?'

'ਹੋਜੂ ਵਿਆਹ.... ਕਚਹਿਰੀਆਂ ਵਿਚ.... ਜੱਜ ਦੇ ਸਾਮ੍ਹਣੇ। ਸਭ ਨੂੰ ਮਗਰੋਂ ਹੀ ਦੱਸਾਂਗੇ।'

'ਮੇਰੇ ਤਾਂ ਪੁੱਤ ਹੌਲ ਜਿਹਾ ਪੈਂਦਾ ਏ। ਹੋਰ ਨਾ ਕੋਈ ਟੰਟਾ ਖੜ੍ਹਾ ਕਰ ਲਵੀਂ।'

'ਤੂੰ ਨਿਸਚਿੰਤ ਹੋ ਜਾ ਮਾਤਾ... ਮੀਆਂ ਬੀਵੀ ਰਾਜੀ ਕੀ ਕਰੂਗਾ ਕਾਜੀ.. ਬੱਸ ਹੁਣ ਤੇਰੀ ਨੂੰਹ ਆਈ ਕਿ ਆਈ।' ਕਹਿਕੇ ਦੇਵ ਹੱਸ ਪਿਆ। ਉਸਦੀ ਬੇਬੇ ਵੀ ਹੱਸਣ ਲੱਗ ਪਈ।

ਐਤਵਾਰ ਨੂੰ ਮਿੱਥੇ ਸਮੇਂ ਤੇ ਉਹ ਤਿੰਨੋਂ ਗੁਰਦੁਆਰੇ ਵਿਚ ਇਕੱਠੇ ਹੋ ਗਏ। ਮਾਂ-ਪੁੱਤ ਤਾਂ ਸਾਦੇ ਕੱਪੜਿਆਂ ਵਿਚ ਹੀ ਸਨ, ਪਰ ਸੁਰੇਖਾ ਬਹੁਤ ਬਣ ਫਬ ਕੇ ਆਈ ਸੀ। ਉਸ ਨੇ ਕਾਲ਼ੀਆਂ ਐਨਕਾਂ ਵੀ ਲਾਈਆਂ ਹੋਈਆਂ ਸਨ। ਦੂਰੋਂ ਹੀ ਦੇਖ ਕੇ ਉਹ ਮੁਸਕਰਾਉਂਦੀ ਹੋਈ ਉਨ੍ਹਾਂ ਵੱਲ ਨੂੰ ਤੁਰ ਆਈ। ਦੇਵ ਨੇ ਕਿਹਾ, 'ਅਹੁ ਆ ਰਹੀ ਏ ਗੁਲਾਬੀ ਸੂਟ ਵਾਲ਼ੀ ਤੇਰੀ ਨੂੰਹ।'

ਉਸ ਦੀ ਬੇਬੇ ਨੇ ਉੱਧਰ ਦੇਖਿਆ ਤੇ ਮੁਸਕਰਾਉਂਦੀ ਹੋਈ ਬੋਲੀ, 'ਇਹ ਤਾਂ ਵੱਡੇ ਸਰਦਾਰਾਂ ਦੀ ਧੀ ਲਗਦੀ ਏ। ਮੈਨੂੰ ਪਸੰਦ ਏ ਦੇਵ।'

'ਐਨੀ ਹੱਫਲ਼ ਨਾ... ਪਹਿਲਾ ਚੰਗੀ ਤਰ੍ਹਾਂ ਨਿਰਖ਼-ਪਰਖ਼ ਲੈ। ਜੇ ਤੇਰੀ ਹਾਂ ਵੀ ਹੋਈ ਤਾਂ ਵੀ ਆਪਾਂ ਉਸ ਨੂੰ ਕਹਾਂਗੇ ਕਿ ਸੋਚ ਕੇ ਦੱਸਾਂਗੇ।'

'ਮੈਨੂੰ ਨੀ ਇਹ ਚਲਾਕੀਆਂ ਚੰਗੀਆਂ ਲੱਗਦੀਆਂ। ਤੂੰ ਸ਼ਹਿਰੀਆਂ ਵਾਲ਼ੀਆਂ ਗੱਲਾਂ ਨਾ ਕਰਿਆ ਕਰ। ਜੇ ਪਸੰਦ ਆ ਤਾਂ ਪਸੰਦ ਆ ਬੱਸ।'

ਸੁਰੇਖਾ ਨੇ ਉਨ੍ਹਾਂ ਦੇ ਲਾਗੇ ਆ ਕੇ ਐਨਕਾਂ ਉਤਾਰ ਲਈਆਂ ਤੇ ਦੇਵ ਦੀ ਬੇਬੇ ਵੱਲ ਨੂੰ ਹੱਥ ਜੋੜੇ। ਉਸ ਨੇ ਸੁਰੇਖਾ ਨੂੰ ਆਪਣੀ ਗਲਵਕੜੀ ਵਿਚ ਘੁੱਟ ਲਿਆ। ਦੇਵ ਦੇ ਨੱਕ ਵਿਚ ਸੈਂਟ ਦੀ ਜਲੂਣ ਛਿੜੀ। ਦੇਵ ਦੀ ਬੇਬੇ ਦੇ ਮੋਢੇ ਤੇ ਠੋਡੀ ਰੱਖੀ ਦੇਵ ਵੱਲ ਦੇਖਦੀ ਸੁਰੇ

ਖਾ ਨੂੰ ਉਸ ਨੇ ਨੱਕ ਬੰਦ ਕਰਕੇ, ਸਿਰ ਮਾਰ ਕੇ ਇਹ ਗੱਲ ਸਮਝਾ ਦਿੱਤੀ। ਸੁਰੇਖਾ ਨੇ ਉਸ ਵੱਲ ਨੂੰ ਜੀਭ ਕੱਢੀ। ਉਹ ਅਲਹਿਦਾ ਹੋਈਆਂ ਤਾਂ ਉਸ ਦੀ ਬੇਬੇ ਤਾਂ ਰੋਣ ਹੀ ਲੱਗ ਪਈ।

'ਲੈ ਬਈ ਬੇਬੇ ਨੂੰ ਤਾਂ ਤੂੰ ਪਸੰਦ ਹੀ ਨੀ ਆਈ। ਸਾਡਾ ਜਵਾਬ ਏ। ਚੱਲ ਚੱਲੀਏ ਬੇਬੇ।' ਉਸ ਨੇ ਕਿਹਾ।

'ਚੁੱਪ ਕਰ ਜਾ ਮੁੰਡਿਆ... ਅੱਜ ਤੇਰਾ ਪਿਓ ਜਿਉਂਦਾ ਹੁੰਦਾ, ਉਸ ਨੂੰ ਵੀ ਦਿਖਾਉਂਦੀ ਆਪਣੀ ਇਹ ਨੂੰਹ।' ਭਾਗਵੰਤੀ ਬੋਲੀ।

'ਇਹਦਾ ਮਤਲਬ ਤੈਨੂੰ ਪਸੰਦ ਏ?'

'ਆਹੋ... ਇਸ ਤੋਂ ਸੁਹਣੀ ਹੋਰ ਕੌਣ ਮਿਲਜੂ ਤੈਨੂੰ ਨਪੈਥਰ ਨੂੰ?'

ਦੇਵ ਚਾਹੁੰਦਾ ਸੀ ਕਿ ਉਹ ਸੁਰੇਖਾ ਨਾਲ਼ ਬਹੁਤੀਆਂ ਗੱਲਾਂ ਨਾ ਕਰੇ, ਪਰ ਉਹ ਉਸ ਤੋਂ ਗੱਲਾਂ ਪੁੱਛਣੋ ਹਟੀ ਹੀ ਨਾ। ਗੱਲਾਂ ਗੱਲਾਂ ਵਿਚ ਹੀ ਸੁਰੇਖਾ ਨੂੰ ਪਤਾ ਲੱਗ ਗਿਆ ਕਿ ਉਹ ਉਸ ਨੂੰ ਖੱਤਰੀਆਂ ਦੀ ਕੁੜੀ ਸਮਝ ਰਹੀ ਸੀ। ਉਹ ਬੋਲੀ, 'ਮਾਂ ਜੀ, ਅਸੀਂ ਖੱਤਰੀ ਕੋਈ ਨੀ। ਅਸੀਂ ਤਾਂ ਬਾਲਮੀਕੀ ਹਾਂ। ਤੁਹਾਡਾ ਪੁੱਤ ਤੁਹਾਨੂੰ ਨ੍ਹੇਰੇ ਵਿਚ ਰੱਖ ਰਿਹਾ ਏ।'

ਉਸ ਦੀ ਗੱਲ ਸੁਣ ਕੇ ਭਾਗਵੰਤੀ ਦੇ ਜਿਵੇਂ ਹੋਸ਼-ਹਵਾਸ ਮਾਰੇ ਗਏ। ਉਸ ਦਾ ਚਿਹਰਾ ਫੱਕ ਹੋ ਗਿਆ ਤੇ ਬੁੱਲ੍ਹ ਸੁੱਕਣ ਲੱਗੇ। ਫਿਰ ਉਸ ਨੇ ਐਧਰ-ਉੱਧਰ ਦੇਖਿਆ ਤੇ ਬਿਨਾਂ ਕੁਝ ਹੋਰ ਬੋਲੇ ਉੱਥੋਂ ਤੁਰ ਪਈ।

'ਅਣਹੋਣੀ ਹੋਣੀ ਨਹੀਂ ਬਣਿਆ ਕਰਦੀ ਦੇਵ ਜੀ। ਇਸ ਵਿਚ ਉਸ ਵਿਚਾਰੀ ਦਾ ਕੋਈ ਦੋਸ਼ ਨਹੀਂ। ਸੰਸਕਾਰ ਬੰਦੇ ਦਾ ਖਹਿੜਾ ਨਹੀਂ ਛੱਡਿਆ ਕਰਦੇ।' ਸੁਰੇਖਾ ਅੱਖਾਂ ਭਰਦੀ ਬੋਲੀ।

'ਅਣਹੋਣੀ ਹੋਣੀ ਵੀ ਹੋਵੇਗੀ ਤੇ ਸੰਸਕਾਰ ਮੇਰੀ ਡਾਂਗ ਮੂਹਰੇ ਭੱਜਣਗੇ ਵੀ। ਸੁਰੇ ਖਾ ਗੱਲ ਸੁਣ ਲੈ। ਹੁਣ ਜੇ ਮੇਰਾ ਵਿਆਹ ਹੋਵੇਗਾ ਤਾਂ ਸਿਰਫ਼ ਤੇਰੇ ਨਾਲ਼।'

'ਜੇ ਹੋਵੇਗਾ ਤੋਂ ਕੀ ਮਤਲਬ?'

'ਮਤਲਬ ਹੋਰ ਕਿਸੇ ਨਾਲ਼ ਨਹੀਂ ਹੋਵੇਗਾ। ਮੈਂ ਸਿਰਫ਼ ਤੇਰੇ ਨਾਲ਼ ਵਿਆਹ ਕਰਵਾਵਾਂਗਾ। ਤੂੰ ਹੁਣ ਬੱਸ ਫੜ ਲਵੀਂ ਮੈਂ ਬੇਬੇ ਨੂੰ ਸਾਂਭਦਾ ਹਾਂ। ਕਿਸੇ ਗੱਲ ਦਾ ਗੁੱਸਾ ਨਾ ਕਰੀਂ ਡਾਰਲਿੰਗ। ਤੇਰਾ ਅਪਮਾਨ ਹੋਇਆ, ਮੈਂ ਮਾਫ਼ੀ ਮੰਗਦਾ ਹਾਂ।'

'ਦੇਵ ਤੁਸੀਂ ਇਸ ਤਰ੍ਹਾਂ ਨਾ ਕਹੋ। ਮੈਂ ਜਿਸ ਜਾਤ ਦੀ ਹਾਂ, ਉਨ੍ਹਾਂ ਦਾ ਕੋਈ ਅਪਮਾਨ ਨਹੀਂ ਹੋਇਆ ਕਰਦਾ। ਸਾਡਾ ਵੀ ਇਹ ਸੰਸਕਾਰ ਹੈ ਕਿ ਸਾਨੂੰ ਅਪਮਾਨ ਸ਼ਬਦ ਦੇ ਅਰਥ ਹੀ ਪਤਾ ਨੀ ਹੁੰਦੇ।'

ਦੇਵ ਉਸ ਵਲ ਪਿੱਠ ਘੁਮਾ ਕੇ ਸ਼ੈੱਡ ਵੱਲ ਚਲਾ ਗਿਆ ਤੇ ਸਕੂਟਰ ਚੁੱਕ ਬੱਸ ਉਡੀਕਦੀ ਆਪਣੀ ਬੇਬੇ ਕੋਲ਼ ਜਾ ਰੁਕਿਆ। ਉਸ ਨੂੰ ਸਕੂਟਰ ਪਿੱਛੇ ਬੈਠਣ ਲਈ ਕਿਹਾ ਤਾਂ ਉਹ ਬੋਲੀ, 'ਵਗ ਜਾ ਐਥੋਂ ਪਾਪੀਆ। ਕਿਉਂ ਬਦਲੇ ਲੈਣ ਲੱਗਾ ਏਂ ਮੇਰੇ? ਚਾਲਬਾਜਾ ਤੈਨੂੰ ਭੋਰਾ ਸ਼ਰਮ ਹੈ ਕਿ ਤੂੰ ਕੀ ਕਰਦਾ ਫਿਰਦਾ ਏਂ? ਖਾਨਦਾਨ ਨੂੰ ਮਿੱਟੀ' ਚ ਮਿਲਾਉਣ ਦਾ ਤੂੰ ਹੀ ਠੇਕਾ ਲੈ ਲਿਆ ਏ?'

'ਸਕੂਟਰ ਤੇ ਬਹਿ ਜਾ ਬੇਬੇ। ਨਹੀਂ ਤਾਂ ਅਹੁ ਦੇਖ ਸਾਮ੍ਹਣੇ ਆਉਂਦਾ ਏ ਨਾ ਟਰੱਕ? ਮੇਰੀਆਂ ਬੋਟੀਆਂ ਇਕੱਠੀਆਂ ਕਰ ਕੇ ਕਿਵੇਂ ਲਿਜਾਵੇਂਗੀ?' ਭਾਗਵੰਤੀ ਦੀਆਂ ਅੱਗ ਵਰ੍ਹਾਉਂਦੀਆ ਅੱਖਾਂ ਇਕ ਦਮ ਸ਼ਾਂਤ ਹੋ ਗਈਆਂ। ਉਸ ਨੇ ਆਪਣੀ ਚਿੱਟੀ ਚੁੰਨੀ ਦਾ ਸਿਰਾ ਆਪਣੇ ਮੂੰਹ ਵਿਚ ਦਬਾਇਆ ਤੇ ਦੇਵ ਦੇ ਸਕੂਟਰ ਪਿੱਛੇ ਬੈਠ ਗਈ। ਘਰ ਤਕ ਉਹ ਦੋਨੋਂ ਕੁਝ ਨਾ ਬੋਲੇ। ਘਰ ਵੜੇ ਤਾਂ ਉਹ ਕਹਿਣ ਲੱਗੀ, 'ਮੈਨੂੰ ਦੱਸ ਤੂੰ ਇਸ ਕੁਜਾਤ ਦਾ ਖਹਿੜਾ ਛੱਡੇਂਗਾ ਕਿ ਨਹੀਂ? ਤੈਨੂੰ ਪਤਾ ਏ ਇਹ ਲੋਕ ਕੌਣ ਹੁੰਦੇ ਨੇ? ਲੋਕਾਂ ਦਾ ਗੰਦ ਚੁੱਕਣ ਵਾਲੇ । ਤੂੰ ਆਪਣੇ ਪਿੰਡ ਦੇ ਬਿਰਜੂ, ਨੌਰੰਗੇ, ਅਰਜਣ, ਸੰਘੋ, ਚੇਤੂ ਹੋਣਾ ਨੂੰ ਨਹੀਂ ਜਾਣਦਾ? ਲੋਕਾਂ ਦੀਆਂ ਜੂਠਾਂ ਨਾਲ਼ ਪਲਣ ਵਾਲ਼ੇ ਤੇ ਜੁੱਤੀਆਂ' ਚ ਬਹਿ ਕੇ ਖਾਣ ਵਾਲ਼ੇ ਇਨ੍ਹਾਂ ਲੋਕਾਂ ਨਾਲ਼ ਤੂੰ ਸ਼ਕੀਰੀਆਂ ਗੰਢੇਂਗਾ? ਇਨ੍ਹਾਂ ਨਾਲ਼ ਤਾਂ ਜੇ ਬੰਦੇ ਦਾ ਕੱਪੜਾ ਛੂਹ ਜਾਵੇ ਤਾਂ ਗੰਗਾ ਨਾਹੁਣ ਕਰਨਾ ਪੈਂਦਾ ਏ। ਇਨ੍ਹਾਂ ਦਾ ਛੂਹਿਆ ਭਾਂਡਾ ਬਿਨਾਂ ਅੱਗ ਪਾਏ ਸੁੱਚਾ ਨਹੀਂ ਹੁੰਦਾ ਤੇ ਤੂੰ ਉਸ ਕੁੜੀ ਨਾਲ਼ ਵਿਆਹ ਕਰਾਉਣ ਦੀ ਸੋਚ ਲਈ? ਤੇਰਾ ਦਿਮਾਗ ਫਿਰ ਗਿਆ ਏ। ਤੂੰ ਪਾਗਲ ਹੋ ਗਿਆ ਏਂ। ਜਾਂਦੀ ਹਾਂ ਮੈਂ ਸਲਾਹਪੁਰ, ਦੱਸਦੀ ਹਾਂ ਤੇਰੀ ਕਰਤੂਤ ਘਨ੍ਹੱਈਏ ਨੂੰ.... ।'

ਉਹ ਬੋਲਣੋ ਹਟੀ ਤਾਂ ਦੇਵ ਨੇ ਕਿਹਾ, 'ਬੋਲੀ ਚੱਲ, ਚੁੱਪ ਕਿਉਂ ਕਰ ਗਈ? ਇਨ੍ਹਾਂ ਲੋਕਾਂ ਬਾਰੇ ਤਾਂ ਕਿੰਨੀਆਂ ਹੀ ਕਹਾਣੀਆਂ ਜਾਣਦੀ ਹੋਵੇਂਗੀ ਤੂੰ। ਹੁਣ ਤੂੰ ਰੋ ਚਾਹੇ ਸਿਆਪਾ ਕਰ ਬੇਬੇ। ਹੁਣ ਤਾਂ ਇਸ ਘਰ ਵਿਚ ਉਹੀ ਕੁੜੀ ਆਵੇਗੀ। ਮਾਮਾ ਮੇਰੇ ਤੇ ਕੋਈ ਠਾਣੇਦਾਰ ਨੀ ਲੱਗਾ ਹੋਇਆ। ਮੈਂ ਨੀ ਕਰਦਾ ਕਿਸੇ ਦੀ ਪਰਵਾਹ। ਜੀਹਨੇ ਮੰਨਣਾ ਏਂ ਮੰਨੇ ਜੀਹਨੇ ਨਹੀਂ ਮੰਨਣਾ ਨਾ ਮੰਨੇ। ਇਹ ਮੇਰਾ ਆਖ਼ਰੀ ਫੈਸਲਾ ਏ।'

'ਦੁਰ ਫਿਟੇ ਮੂੰਹ ਤੇਰਾ ਪਾਪੀਆ। ਉਹ ਤੇਰੀ ਮਾਂ ਤੋਂ ਵੀ ਉੱਤੋਂ ਦੀ ਹੋ ਗਈ? ਤੇਰਾ ਗੂੰਹ ਮੂਤ ਚੁੱਕਿਆ। ਪਾਲ਼ਿਆ ਪਲ਼ੋਸਿਆ। ਹੁਣ ਤੂੰ ਆਪਣੀ ਮਾਂ ਨੂੰ ਘਰੋਂ ਕੱਢਣ ਨੂੰ ਫਿਰਦਾ ਏਂ ਜ਼ਾਲਮਾਂ? ਜਦੋਂ ਤੂੰ ਜੰਮਿਆਂ ਆਪਣੇ ਪਿਓ ਨੂੰ ਮਾਰ ਕੇ ਜੰਮਿਆਂ। ਲੋਕ ਕਹਿੰਦੇ ਸੀ ਤੂੰ ਨਹਿਸ਼ ਏਂ ਪਾਪੀਆ ਜੀਹਨੇ ਆਪਣਾ ਪਿਓ ਖਾ ਲਿਆ। ਮੈਂ ਜਣੇ-ਖਣੇ ਨਾਲ਼ ਲੜਦੀ, ਮੇਰੇ ਪੁੱਤ ਨੂੰ ਕੁਝ ਨਾ ਕਹੋ। ਸੱਚ ਕਹਿੰਦੇ ਸੀ ਸਭ ਸੱਚ। ਉਦੋਂ ਤੂੰ ਪੂਛ ਵਾਲ਼ਾ ਤਾਰਾ ਬਣ ਕੇ ਮੇਰੀ ਜ਼ਿੰਦਗੀ ਵਿਚ ਚੜ੍ਹਿਆ। ਮੈਂ ਕਿਹੜਾ ਸੁੱਖ ਦੇਖਿਆ ਸਾਰੀ ਉਮਰ? ਹੁਣ ਤੂੰ ਆਪਣੀ ਮਾਂ ਦੀ ਜਾਨ ਲੈ ਕੇ ਉਸ ਕੁਜਾਤ ਨਾਲ਼ ਵਿਆਹ ਕਰਵਾਏਂਗਾ? ਲੱਖ ਲਾਹਣਤ ਤੇਰੇ ਤੇ। ਦੋਜ਼ਖ ਵਿਚ ਜਾਣਿਆਂ ਉਸ ਦੇ ਘਰ ਆਉਣ ਤੋਂ ਪਹਿਲਾਂ ਮੈਂ ਨਹਿਰ ਵਿਚ ਡੁੱਬ ਮਰਾਂਗੀ।' ਉਸ ਨੇ ਬੋਲਦੀ ਹੋਈ ਨੇ ਆਪਣੇ ਪੱਟਾਂ ਉੱਤੇ ਕਈ ਵਾਰੀ ਦੁਹੱਥੜ ਮਾਰੇ।

'ਚਾਹੇ ਤੁਸੀਂ ਸਾਰੇ ਮਰ ਜਾਓ। ਮੈਂ ਨੀ ਪਰਵਾਹ ਕਰਦਾ ਕਿਸੇ ਦੀ।' ਦੇਵ ਨੇ ਕਿਹਾ ਤੇ ਰੋਂਦੀ ਪਿੱਟਦੀ ਆਪਣੀ ਬੇਬੇ ਨੂੰ ਛੱਡ ਘਰੋਂ ਬਾਹਰ ਹੋ ਗਿਆ। ਠੇਕੇ ਤੇ ਜਾ ਕੇ ਪਊਆ ਪੀਤਾ ਤੇ ਢਾਬੇ' ਚ ਰੋਟੀ ਖਾ ਕੇ ਪਲੇਟ ਫਾਰਮ ਤੇ ਜਾ ਬੈਠਾ। ਫਿਰ ਬੈਂਚ ਤੇ ਲੇਟ ਗਿਆ। ਕੋਈ ਗੱਡੀ ਰੁਕਦੀ। ਕੁਝ ਸਵਾਰੀਆਂ ਉਤਰਦੀਆਂ ਕੁਝ ਚੜ੍ਹ ਜਾਂਦੀਆਂ। ਦੇਵ ਨੂੰ ਅਜੀਬ ਅਜੀਬ ਖਿਆਲ ਆਉਣ ਲੱਗੇ। ਉਤਰਨ, ਚੜ੍ਹਨ ਵਾਲ਼ੇ ਉਨ੍ਹਾਂ ਲੋਕਾਂ ਦੀ ਕੀ ਜਾਤ ਸੀ। ਸਭ ਅਲੱਗ ਅਲੱਗ। ਫਿਰ ਵੀ ਇਕੱਠੇ ਸਫ਼ਰ ਕਰ ਰਹੇ ਸਨ। ਗੱਲਾਂ ਕਰ ਰਹੇ ਸਨ, ਹੱਸ ਰਹੇ

ਸਨ। ਕਿਸੇ ਦਾ ਸਫ਼ਰ ਸ਼ੁਰੂ ਹੋ ਰਿਹਾ ਸੀ, ਕਿਸੇ ਦਾ ਮੁੱਕ ਰਿਹਾ ਸੀ। ਸੁਰੇਖਾ ਨਾਲ਼ ਉਹ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਨਾ ਚਾਹੁੰਦਾ ਸੀ। ਇੱਕੋ ਡੱਬੇ ਵਿਚ ਘਰ ਵਾਲੇ, ਬਾਹਰਲੇ ਇਸ ਵਿਚ ਅੜਿੱਕੇ ਕਿਉਂ ਡਾਹ ਰਹੇ ਸਨ। ਉਸ ਦੀ ਮਾਂ ਉਸ ਵਿਰੁੱਧ ਮੋਰਚਾ ਖੋਲ੍ਹੀ ਕਿਉਂ ਬੈਠੀ ਸੀ। ਉਸ ਅੱਗੇ ਜਿੰਨਾ ਵਿਰੋਧ ਖੜ੍ਹਾ ਹੋ ਰਿਹਾ ਸੀ, ਉੰਨਾ ਵੱਧ ਉਹ ਸੁਰੇਖਾ ਨੂੰ ਪਿਆਰ ਕਰਦਾ ਸੀ। ਰਾਹ ਦੇ ਸਾਰੇ ਕੰਡੇ ਹੂੰਝ ਕੇ ਉਸ ਨੂੰ ਆਪਣੀ ਬਣਾ ਲੈਣਾ ਲੋਚਦਾ ਸੀ।

ਕਈ ਘੰਟੇ ਬਾਹਰ ਬਿਤਾ ਕੇ ਉਹ ਘਰ ਵੜਿਆ ਤਾਂ ਉਸ ਦੀ ਬੇਬੇ ਹੱਥ ਜੋੜੀ ਗੇ ਟ ਵਿਚ ਬੈਠੀ ਬਾਹਰ ਵੱਲ ਦੇਖ ਰਹੀ ਸੀ। ਦੇਵ ਨੂੰ ਖਿਆਲ ਆਇਆ ਕਿ ਉਸ ਨਾਲ਼ ਕੋਈ ਚਲਿੱਤਰ ਖੇਡਾਂ। ਉਹ ਗੇਟ ਕੋਲ਼ੋਂ ਹੀ ਵਾਪਸ ਹੋ ਗਿਆ। ਕਰਿਆਨੇ ਦੀ ਦੁਕਾਨ ਤੋਂ ਦੋ ਕੁ ਚਮਚੇ ਖੰਡ ਦਾ ਬੂਰਾ ਲੈ ਕੇ ਪੁੜੀ ਬਣਾ ਲਈ ਤੇ ਜੇਬ੍ਹ ਵਿਚ ਪਾ ਕੇ ਮੁੜ ਘਰ ਪਹੁੰਚ ਗਿਆ। ਅੰਦਰ ਵੜਿਆ ਤਾਂ ਉਸ ਦੀ ਬੇਬੇ ਵੀ ਮਗਰ ਆ ਗਈ ਤੇ ਉਸ ਵੱਲ ਘੂਰਨ ਲੱਗੀ। ਉਸ ਨੇ ਪਾਣੀ ਦਾ ਗਿਲਾਸ ਭਰ ਕੇ ਮੇਜ਼ ਉੱਤੇ ਰੱਖ ਲਿਆ। ਜੇਬ੍ਹ' ਚੋਂ ਪੁੜੀ ਕੱਢ ਕੇ ਉਸ ਵਿਚ ਬੂਰਾ ਉਲੱਦਿਆ ਤੇ ਚਮਚੇ ਨਾਲ਼ ਘੋਲ਼ ਲਿਆ। ਦੇਵ ਨੇ ਗਿਲਾਸ ਚੁੱਕਿਆ ਤਾਂ ਉਹ ਲਾਗੇ ਆ ਕੇ ਬੋਲੀ, 'ਇਹ ਕੀ ਕਰਦਾ ਏਂ ਹੁਣ?'

'ਜ਼ਹਿਰ ਲਿਆਂਦੀ ਏ। ਜ਼ਹਿਰ ਚੜ੍ਹ ਕੇ ਮਰਨਾ ਤਾ ਉਸ ਦਿਨ ਸੀ, ਜਦ ਤੂੰ ਮੈਨੂੰ ਜੰਮਿਆਂ ਸੀ। ਪਰ ਰੱਬ ਦੇ ਰੰਗ ਕੌਣ ਜਾਣਦਾ ਏ ਮਾਂ ਮੇਰੀਏ? ਉਹ ਕਹਿੰਦਾ, ਮਰਨਾ ਤਾਂ ਤੂੰ ਦੇਵ ਸਿਆਂ ਜ਼ਹਿਰ ਨਾਲ਼ ਹੀ ਏ, ਕੁਝ ਸਾਲ ਦੁਨੀਆਂ ਦੇ ਰੰਗ ਵੀ ਦੇਖ ਲੈ ਜਿੱਥੇ ਨਾ ਕੋਈ ਕਿਸੇ ਦੀ ਮਾਂ, ਨਾ ਪਿਓ, ਨਾ ਭਰਾ ਤੇ ਨਾ ਅੰਗ ਸਾਕ। ਉਦੋਂ ਡਾਕਟਰਾਂ ਨੇ ਬਚਾ ਲਿਆ। ਹੁਣ ਕੋਈ ਬਚਾ ਕੇ ਦੱਸੇ। ਚੰਗਾ ਮੈਨੂੰ ਦੁਨੀਆਂ ਦਿਖਾਉਣ ਵਾਲ਼ੀ ਪਿਆਰੀ ਬੇਬੇ , ਬੋਲਿਆ ਸੁਣਿਆਂ ਮਾਫ਼ ਕਰੀਂ। ਮੈਂ ਤੈਨੂੰ ਜਨਮ ਤੋਂ ਹੀ ਦੁਖ... ।'

ਬੋਲਦਿਆਂ ਦੇਵ ਗਿਲਾਸ ਆਪਣੇ ਮੂੰਹ ਤੱਕ ਲੈ ਜਾਣ ਲੱਗਾ। ਉਸਦੀ ਬੇਬੇ ਬਿੱਲੀ ਵਾਂਗ ਉਸ ਉੱਤੇ ਝਪਟੀ ਤੇ ਗਿਲਾਸ ਉੱਤੇ ਮੁੱਕਾ ਮਾਰਿਆ। ਸ਼ਰਬਤ ਬਣਿਆ ਪਾਣੀ ਫਰਸ਼ ਤੇ ਡੁੱਲ੍ਹਿਆ ਤੇ ਗਿਲਾਸ ਟੋਟੇ ਟੋਟੇ ਹੋ ਕੇ ਬਿਖ਼ਰ ਗਿਆ।

'ਨਾ ਵੇ ਪੁੱਤਾ। ਇਹ ਜੱਗੋਂ ਤੇਹਰਵੀਂ ਨਾ ਕਰ ਮੇਰੇ ਨਾਲ਼। ਵਿਆਹ ਲਿਆ ਉਸ ਨੂੰ। ਮੈਂ ਤੇਰੇ ਮਾਮੇ ਕੋਲ ਚਲੀ ਜਾਵਾਂਗੀ। ਤੂੰ ਕਰ ਜੋ ਕਰਨਾ ਚਾਹੁੰਦਾ ਏਂ।'

ਦੇਵ ਕੁਝ ਵੀ ਨਾ ਬੋਲਿਆ। ਉਸ ਦੀ ਬੇਬੇ ਉੱਠ ਕੇ ਟੁੱਟੇ ਗਿਲਾਸ ਦਾ ਕੰਚ ਚੁਗਣ ਲੱਗ ਪਈ। ਪਲ ਵਿਚ ਹੀ ਫਰਸ਼ ਉੱਤੇ ਮੱਖੀਆਂ ਦਾ ਝੁੰਡ ਇਕੱਠਾ ਹੋ ਗਿਆ। ਫਿਰ ਕੁਝ ਕੀੜੀਆਂ ਕੀੜੇ ਵੀ ਆ ਕੇ ਮਿੱਠਾ ਚੂਸਣ ਲੱਗੇ। ਪਰੇਸ਼ਾਨ ਹੋਈ ਉਸ ਦੀ ਬੇਬੇ ਨੂੰ ਇੰਨਾ ਵੀ ਪਤਾ ਨਾ ਲੱਗਾ ਕਿ ਜ਼ਹਿਰ ਨੂੰ ਚੱਟਦੀਆਂ ਕੀੜੀਆਂ, ਮੱਖੀਆਂ ਮਰ ਨਹੀਂ ਸਨ ਰਹੀਆਂ ਤਾਂ ਉਸ ਦਾ ਕੱਟੇ ਵਰਗਾ ਪੁੱਤ ਉਸ ਜ਼ਹਿਰ ਨੂੰ ਪੀ ਕੇ ਕਿਵੇਂ ਮਰ ਜਾਂਦਾ? ਦੇਵ ਨੇ ਮਨ ਹੀ ਮਨ ਮੁਸਕਰਾ ਕੇ ਕਿਹਾ, 'ਵਾਹ ਨੀ ਮੇਰੀਏ ਭੋਲੀਏ ਮਾਏ। ਤੈਥੋਂ ਵੱਡਾ ਤਾਂ ਰੱਬ ਵੀ ਨੀ ਹੋਣਾ।'

**00**

# ਇਕ ਸੌ ਚੌਵੀ

ਵਿਧਾਨ ਸਭਾ ਦੀਆਂ ਚੋਣਾਂ ਵਿਚ ਦੇਵ ਦੀ ਡਿਊਟੀ ਬਤੌਰ ਪੋਲਿੰਗ ਅਫ਼ਸਰ ਲੱਗ ਗਈ। ਉਸ ਦੀ ਪਹਿਲੀ ਰਿਹਰਸਲ ਲੁਧਿਆਣੇ ਕਚਹਿਰੀਆਂ ਦੇ ਲਾਗੇ ਆਈ. ਪੀ. ਏ. ਪੀ. ਪਬਲਿਕ ਹਾਇਰ ਸੈਕੰਡਰੀ ਸਕੂਲ ਦੇ ਵੱਡੇ ਹਾਲ ਵਿਚ ਹੋਈ। ਸਾਇਕਲ ਸ਼ੈੱਡ ਹੇਠ ਆਪਣਾ ਸਕੂਟਰ ਖੜ੍ਹਾ ਕੇ ਜਦੋਂ ਉਹ ਬਾਹਰ ਨਿਕਲ਼ਿਆ ਤਾਂ ਨੀਲੀ ਪਗੜੀ ਤੇ ਖੁੱਲ੍ਹੀ ਦਾੜ੍ਹੀ ਵਾਲ਼ੇ ਇਕ ਜਥੇਦਾਰ ਨੇ ਹੈਰਾਨ ਹੋ ਕੇ ਉਸ ਨੂੰ ਕਿਹਾ, 'ਉਇ ਦੇਵ ਤੂੰ ਐਥੇ ਕਿਵੇਂ ਯਾਰ?'

ਦੇਵ ਉਸ ਨਾਲ਼ ਹੱਥ ਮਿਲਾਉਂਦਾ ਬੌਂਦਲ਼ ਜਿਹਾ ਗਿਆ ਤੇ ਉਸ ਨੂੰ ਪਛਾਨਣ ਲੱਗਾ। ਉਸ ਦੀ ਯਾਦ ਵਿਚ ਵਸੀ ਇੰਦਰ ਪ੍ਰਕਾਸ਼ ਦੀ ਸ਼ਕਲ ਉਸ ਬੰਦੇ ਨਾਲ਼ ਮਿਲ ਗਈ, ਜਿਹੜਾ ਆਗਰੇ ਪੜ੍ਹਦਿਆਂ ਉਸ ਦਾ ਦੋਸਤ ਰਿਹਾ ਸੀ। ਉਹ ਬੋਲਿਆ, 'ਉਇ ਆਈ. ਪੀ.... ਇਹ ਮੈਂ ਕੀ ਦੇਖ ਰਿਹਾ ਏਂ? ਪਾਪੀਆ ਤੂੰ ਤਾਂ ਆਪਣਾ ਭੇਸ ਹੀ ਵਟਾ ਲਿਆ।'

'ਆ ਜਾ... ਦੱਸਦਾ ਏਂ ਤੈਨੂੰ ਸਾਰੀ ਗੱਲ।' ਉਹ ਉਸ ਨੂੰ ਆਪਣੇ ਨਾਲ਼ ਲੈ ਤੁਰਿਆ।

ਆਗਰੇ ਪੜ੍ਹਦਿਆਂ ਤਾਂ ਆਈ. ਪੀ. ਪਟੇ ਵਾਹੁੰਦਾ ਸੀ ਤੇ ਸ਼ੇਵ ਕਰਦਾ ਸੀ। ਉਹ ਅਕਸਰ ਸਾਫ਼ ਸੁਥਰੇ ਕੱਪੜੇ ਪਾਈ, ਕਾਲ਼ੀਆਂ ਐਨਕਾਂ ਲਾ ਕੇ ਯੂਨੀਵਰਸਿਟੀ ਦੇ ਦੋ ਨੰਬਰ ਗੇਟ ਤੋਂ ਬਾਹਰ ਸਿਕੰਦਰਾਂ ਦੇ ਢਾਬੇ ਵਿਚ ਬੈਠਾ ਰਹਿੰਦਾ। ਉਸ ਦਾ ਉੱਥੇ ਬੈਠਣ ਦਾ ਕਾਰਨ ਦੇਵ ਸਮੇਤ ਬਹੁਤੇ ਮੁੰਡਿਆਂ ਨੂੰ ਪਤਾ ਸੀ ਕਿ ਸਾਮ੍ਹਣੇ ਚੁਬਾਰੇ ਵਿਚ ਮਨੀ ਨਾਂ ਦੀ ਇਕ ਅਮੀਰ ਅਤੇ ਖ਼ੂਬਸੂਰਤ ਕੁੜੀ ਆਪਣੇ ਮਾਪਿਆਂ ਨਾਲ਼ ਰਹਿੰਦੀ ਸੀ ਤੇ ਆਈ. ਪੀ. ਨੇ ਅੰਗਰੇਜ਼ੀ ਦੀ ਐਮ. ਏ. ਕਰ ਲਈ ਸੀ। ਮਨੀ ਨੇ ਐਮ. ਏ. ਪੋਲ. ਸਾਇੰਸ ਵਿਚ ਦਾਖ਼ਲਾ ਲਿਆ ਤਾਂ ਆਈ. ਪੀ. ਵੀ ਉਸ ਉੱਤੇ ਫਿਦਾ ਹੋ ਗਿਆ ਸੀ। ਮਨੀ ਨੇ ਜਦੋਂ ਬੀ. ਏ. ਕੀਤੀ ਤਾਂ ਆਈ. ਪੀ. ਡਬਲ ਐਮ. ਏ. ਕਰਨ ਲਈ ਉਸੇ ਕਲਾਸ ਵਿਚ ਦਾਖ਼ਲ ਹੋ ਗਿਆ। ਨੇੜਤਾ ਐਨੀ ਵਧ ਗਈ ਕਿ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਪੋਲ. ਸਾਇੰਸ ਦੀ ਐਮ. ਏ. ਕਰਨ ਮਗਰੋਂ ਉਹ ਵਿਆਹ ਕਰਵਾ ਕੇ ਪੰਜਾਬ ਚਲੇ ਜਾਣਗੇ। ਭਾਵੇਂ ਯੂਨੀਵਰਸਿਟੀ ਵਿਚ ਖ਼ੂਬਸੂਰਤ ਕੁੜੀਆਂ ਦੀ ਕੋਈ ਘਾਟ ਨਹੀਂ ਸੀ ਤੇ ਸੁਹਣਾ ਸੁਨੱਖਾ ਹੋਣ ਕਰਕੇ ਕਈ ਕੁੜੀਆਂ ਦੀ ਆਈ. ਪੀ. ਵੱਲ ਝਾਕ ਵੀ ਰਹਿੰਦੀ ਸੀ, ਪਰ ਉਸ ਦਾ ਸਾਰਾ ਧਿਆਨ ਮਨੀ ਤੱਕ ਹੀ ਸੀਮਤ ਸੀ। ਕਲਾਸ ਵਿਚ ਵੀ ਉਹ ਦੋਨੋਂ ਇੱਕੋ ਬੈਂਚ ਤੇ ਜੁੜ ਕੇ ਬਹਿੰਦੇ। ਪਾਲੀਵਾਲ ਪਾਰਕ ਦੇ ਬੈਂਚਾਂ ਤੇ ਵੀ ਉਹ ਕਲੋਲਾਂ ਕਰਦੇ ਅਕਸਰ ਦਿਖਾਈ ਦੇ ਜਾਂਦੇ। ਉਸ ਨੂੰ ਇਸ ਗੱਲ ਦਾ ਵਹਿਮ ਸੀ ਕਿ ਦੁਨੀਆਂ ਦੀ ਕੋਈ ਵੀ ਕੁੜੀ ਮਨੀ ਦਾ ਬਦਲ ਨਹੀਂ ਹੋ ਸਕਦੀ। ਦੇਵ ਉਸ ਤੋਂ ਪਹਿਲਾਂ ਹੀ ਆਪਣੀ ਪੜ੍ਹਾਈ ਪੂਰੀ ਕਰਕੇ ਪੰਜਾਬ ਆ ਚੁੱਕਾ ਸੀ ਤੇ ਆਈ. ਪੀ. ਨਾਲ਼ ਉਸ ਦਾ ਰਾਬਤਾ ਟੁੱਟ ਗਿਆ ਸੀ। ਇਹ ਸਬੱਬ ਹੀ ਸੀ ਕਿ ਐਨੀ ਦੇਰ ਮਗਰੋਂ ਅੱਜ ਫਿਰ ਉਨ੍ਹਾਂ ਦੀ ਮੁਲਾਕਾਤ ਹੋ ਗਈ।

ਦਫ਼ਤਰ ਅੰਦਰ ਵੜਕੇ ਉਹ ਪ੍ਰਿੰਸੀਪਲ ਵਾਲ਼ੀ ਚੇਅਰ ਤੇ ਜਾ ਬੈਠਾ ਤੇ ਬੋਲਿਆ, 'ਦੇਵ ਹੋਈ ਹੈਰਾਨੀ?'

'ਹਾਂ ਉਹ ਤਾਂ ਹੈ ਹੀ।' ਦੇਵ ਨੇ ਕਿਹਾ।

'ਤਾਂ ਸੁਣ ਫੇਰ।'

ਉਸ ਨੇ ਚਪੜਾਸੀ ਨੂੰ ਚਾਹ ਲਈ ਕਹਿ ਦਿੱਤਾ ਤੇ ਆਪਣੀ ਸਾਰੀ ਕਹਾਣੀ ਦੱਸੀ। ਆਗਰੇ ਡਬਲ ਐਮ. ਏ. ਪੂਰੀ ਹੋਣ ਤੋਂ ਪਹਿਲਾਂ ਹੀ ਮਨੀ ਨਾਲ਼ ਉਸ ਦੇ ਸਬੰਧ ਤਿੜਕ ਗਏ ਸਨ। ਮਨੀ ਨੇ ਉਸ ਨਾਲ਼ ਬੇਵਫ਼ਾਈ ਕਰ ਕੇ ਕਿਸੇ ਹੋਰ ਦਾ ਹੱਥ ਫੜ ਲਿਆ ਸੀ ਤੇ ਉਹ ਆਪਣਾ ਬੋਰੀ ਬਿਸਤਰ ਲਪੇਟ ਕੇ ਪੰਜਾਬ ਦੌੜ ਆਇਆ ਸੀ। ਲੁਧਿਆਣੇ ਦੇ ਖਾਲਸਾ ਕਾਲਜ ਵਿਚ ਉਸ ਦੀ ਨਿਯੁਕਤੀ ਇਸ ਸ਼ਰਤ ਤੇ ਹੋ ਗਈ ਸੀ ਕਿ ਉਹ ਪਗੜੀ ਬੰਨ੍ਹ ਕੇ ਹੀ ਕਾਲਜ ਆਵੇਗਾ ਤੇ ਮੁੜ ਦਾੜ੍ਹੀ ਕੇਸ ਨਹੀਂ ਕਟਾਵੇਗਾ। ਉਸ ਕਾਲਜ ਦਾ ਮੈਨੇਜਰ ਸਾਬਕਾ ਐਮ. ਐਲ. ਏ. ਜਗਜੀਤ ਪਾਲ ਸਿੰਘ ਸੀ ਜੋ ਲੁਧਿਆਣੇ ਦਾ ਮੰਨਿਆ-ਪ੍ਰਮੰਨਿਆ ਲੈਂਡ ਲਾਰਡ ਵੀ ਸੀ। ਖੁਸ਼ਪ੍ਰੀਤ ਨਾਂ ਦੀ ਉਸ ਦੀ ਧੀ ਉਸੇ ਕਾਲਜ ਵਿਚ ਬੀ. ਏ. ਫਾਈਨਲ ਵਿਚ ਪੜ੍ਹਦੀ ਸੀ। ਉਸ ਦੇ ਪਿਓ ਨੇ ਕਚਹਿਰੀਆਂ ਲਾਗੇ ਸੱਤ ਏਕੜ ਖਾਲੀ ਪਈ ਜ਼ਮੀਨ ਆਪਣੀ ਧੀ ਦੇ ਨਾਂ ਲੁਆਈ ਹੋਈ ਸੀ। ਖੁਸ਼ਪ੍ਰੀਤ ਨਾਲ਼ ਇੰਦਰ ਪ੍ਰਕਾਸ਼ ਸਿੰਘ ਦੀ ਮੁਹੱਬਤ ਹੋ ਗਈ। ਆਈ. ਪੀ. ਹੌਲ਼ੀ-ਹੌਲ਼ੀ ਪੂਰਨ ਗੁਰਸਿੱਖ ਬਣ ਗਿਆ ਤੇ ਉਸ ਦਾ ਖੁਸ਼ਪ੍ਰੀਤ ਨਾਲ਼ ਵਿਆਹ ਵੀ ਸਿਰੇ ਚੜ੍ਹ ਗਿਆ। ਉਨ੍ਹਾਂ ਲਈ ਇਹ ਸਕੂਲ ਵੀ ਉਸ ਦੇ ਸਹੁਰੇ ਜਗਜੀਤ ਪਾਲ ਸਿੰਘ ਨੇ ਹੀ ਬਣਵਾ ਕੇ ਦਿੱਤਾ ਸੀ, ਜਿਸ ਵਿਚ ਹੁਣ ਹਜ਼ਾਰ ਤੋਂ ਵੱਧ ਬੱਚੇ ਦਾਖ਼ਲ ਸਨ ਤੇ ਪੈਂਤੀ ਦੇ ਕਰੀਬ ਮਾਸਟਰ ਮਾਸਟਰਨੀਆਂ ਪੜ੍ਹਾਉਂਦੇ ਸਨ।

'ਫੇਰ ਤਾਂ ਬਈ ਤੈਨੂੰ ਮੁਬਾਰਕ। ਤੇਰੀ ਵਧੀਆ ਲਾਟਰੀ ਨਿਕਲ਼ੀ। ਸਾਨੂੰ ਵੀ ਕੋਈ ਟਕਰਾ ਦੇ ਐਸੀ ਸਾਮੀ।' ਦੇਵ ਨੇ ਹੱਸ ਕੇ ਕਿਹਾ।

'ਤੂੰ ਵਿਆਹ ਨਹੀਂ ਕਰਵਾਇਆ ਅਜੇ?'

'ਕਾਹਨੂੰ ਯਾਰ... ਕੋਈ ਢੰਗ ਦੀ ਕੁੜੀ ਹੀ ਨਹੀਂ ਮਿਲ ਰਹੀ। ਲੰਡੋਰ ਹੀ ਫਿਰ ਰਹੇ ਹਾਂ ਅਜੇ।'

ਦੇਵ ਨੇ ਉਸ ਨੂੰ ਸਿੱਖਿਆ ਮਹਿਕਮੇ ਵਿਚ ਆਪਣੀ ਨੌਕਰੀ ਲੱਗਣ ਬਾਰੇ ਦੱਸਿਆ। ਉਹ ਚਾਹ ਪੀਂਦੇ ਗੱਲਾਂ ਕਰ ਰਹੇ ਸਨ ਕਿ ਇਕ ਅਧਖੜ੍ਹ ਉਮਰ ਦਾ ਮੋਨਾ ਬੰਦਾ ਕੱਛ ਵਿਚ ਬੈਗ ਦਬਾਈ ਦਫ਼ਤਰ' ਚ ਆ ਵੜਿਆ। ਆਈ. ਪੀ. ਉੱਠ ਕੇ ਉਸ ਨੂੰ ਬੜੇ ਤਪਾਕ ਨਾਲ਼ ਮਿਲਿਆ ਤੇ ਪੈਰ ਵੀ ਛੂਹੇ। ਉਸ ਨੇ ਉਸ ਨਾਲ਼ ਦੇਵ ਦੀ ਜਾਣ-ਪਛਾਣ ਕਰਾਈ। ਬ੍ਰਹਮ ਕੁਮਾਰ ਵਰਮਾ ਨਾਂ ਦਾ ਉਹ ਬੰਦਾ ਮਲਟੀਪਰਪਜ਼ ਸਰਕਾਰੀ ਹਾਇਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਸੀ। ਉਸ ਦਾ ਨਾਂ ਸੁਣ ਕੇ ਦੇਵ ਨੂੰ ਪਤਾ ਲੱਗਾ ਕਿ ਉਹ ਦੇਵ ਵਾਲ਼ੀ ਪੋਲਿੰਗ ਪਾਰਟੀ ਦਾ ਪਰਜ਼ਾਇਡਿੰਗ ਅਫ਼ਸਰ ਸੀ। ਇੰਦਰ ਪ੍ਰਕਾਸ਼ ਨੇ ਦੇਵ ਦੀਆਂ ਉਸ ਕੋਲ਼ ਬਹੁਤ ਸਿਫ਼ਤਾਂ ਕੀਤੀਆਂ। ਹੱਸਦਿਆਂ ਉਸ ਨੂੰ ਪੜ੍ਹਾਈ ਦਾ ਕੀੜਾ ਵੀ ਕਿਹਾ, ਇਹ ਵੀ ਕਿ ਦੇਵ ਐਮ. ਐਸਸੀ. ਵਿਚ ਯੂਨੀਵਰਸਿਟੀ' ਚੋਂ ਦੂਜੇ ਨੰਬਰ ਤੇ ਆਇਆ ਸੀ, ਜੋ ਨਿਰਾ ਝੂਠ ਸੀ। ਉਦੋਂ ਆਈ. ਪੀ. ਉਨ੍ਹਾਂ ਕੋਲ਼ ਬਲਕੇਸ਼ਵਰ ਕਾਲੋਨੀ ਵਾਲ਼ੇ ਘਰ' ਚ ਅਕਸਰ ਆ ਜਾਇਆ ਕਰਦਾ ਸੀ। ਉਸ ਨੇ ਦੇਵ ਦੀ ਭਰਜਾਈ ਤੇ ਭਰਾ ਰਾਮ ਸਿੰਘ ਦੀਆਂ ਕਈ ਗੱਲਾਂ ਵੀ ਵਰਮਾ ਜੀ ਨਾਲ਼ ਕੀਤੀਆਂ। ਦੇਵ ਨੂੰ ਉਸਦੀ ਵਰਮਾ ਸਬਕਾਸਟ ਤੋਂ ਹੀ ਪਤਾ ਲੱਗ

ਗਿਆ ਸੀ ਕਿ ਉਹ ਉਸੇ ਦੀ ਜਾਤ ਦਾ ਸੀ।

ਸ਼ਾਮ ਨੂੰ ਪੰਜ ਕੁ ਵਜੇ ਵੋਟਾਂ ਦੀ ਰਿਹਰਸਲ ਖ਼ਤਮ ਹੋਈ ਤਾਂ ਦੇਵ ਆਪਣਾ ਸਕੂਟਰ ਚੁੱਕ ਸਕੂਲ ਦੇ ਗੇਟ ਤੋਂ ਬਾਹਰ ਨਿਕਲ਼ਿਆ ਹੀ ਸੀ ਕਿ ਸੜਕ ਉੱਤੇ ਵਰਮਾ ਜੀ ਤੁਰੇ ਜਾਂਦੇ ਨਜ਼ਰ ਪਏ। ਦੇਵ ਨੇ ਉਨ੍ਹਾਂ ਕੋਲ਼ ਜਾ ਕੇ ਆਪਣਾ ਸਕੂਟਰ ਰੋਕ ਲਿਆ ਤੇ ਕਿਹਾ, 'ਵਰਮਾ ਜੀ ਬੈਠੋ ਪਿੱਛੇ। ਤੁਸੀਂ ਜਿੱਥੇ ਵੀ ਜਾਣਾ ਹੈ, ਮੈਂ ਛੱਡ ਆਉਂਦਾ ਹਾਂ।'

'ਨਹੀਂ ਦੇਵ ਜੀ ਤੁਸੀਂ ਚੱਲੋ। ਮੈਨੂੰ ਪੈਦਲ ਚੱਲਣ ਦਾ ਸ਼ੌਂਕ ਹੈ।'

'ਸਰ, ਇਹ ਸੈਰ ਘਰ ਜਾ ਕੇ ਕਰਦੇ ਰਹਿਣਾ। ਬੈਠੋ ਤੁਸੀਂ?'

'ਬਈ ਮੈਂ ਰਸਤੇ ਵਿਚ ਇਕ ਦੋ ਥਾਵਾਂ ਤੇ ਕਿਸੇ ਨੂੰ ਮਿਲਣਾ ਵੀ ਹੈ। ਤੁਸੀਂ ਚੱਲੋ।'

'ਨਹੀਂ ਸਰ ਤੁਸੀਂ ਬੈਠੋ ਪਿੱਛੇ, ਜਿੱਥੇ ਜਾਣਾ ਹੋਇਆ, ਮੈਂ ਲੈ ਚੱਲਾਂਗਾ।'

ਵਰਮਾ ਜੀ ਹੱਸੇ ਤੇ ਬੋਲੇ, 'ਚੰਗਾ ਭਰਾਵਾ ਤੂੰ ਐਨੀ ਜ਼ਿੱਦ ਕਰਦਾ ਏਂ ਤਾਂ ਬੈਠਣਾ ਤਾਂ ਪਵੇਗਾ ਹੀ।'

ਪਹਿਲਾਂ ਉਹ ਦੇਵ ਨੂੰ ਕਿਸੇ ਵਕੀਲ ਦੇ ਘਰ ਲੈ ਗਏ ਤੇ ਫਿਰ ਦੋਮੋਰੀਆ ਪੁਲ਼ ਕੋਲ਼ ਡਾਕਟਰ ਦੀ ਕੋਠੀ ਵਿਚ। ਦੋਨਾਂ ਥਾਵਾਂ ਤੇ ਉਨ੍ਹਾਂ ਨੇ ਚਾਹ ਪੀਤੀ। ਰਸਤੇ ਵਿਚ ਵਰਮਾ ਜੀ ਕਹਿਣ ਲੱਗੇ, 'ਦੇਖ ਬਈ ਦੇਵ, ਦਾਣੇ ਦਾਣੇ ਤੇ ਮੋਹਰ ਹੁੰਦੀ ਏ। ਜੋ ਕਿਸਮਤ ਵਿਚ ਲਿਖਿਆ ਹੁੰਦਾ ਏ ਉਹ ਹਰ ਹੀਲੇ ਖਾਣਾ ਪੈਂਦਾ ਏ। ਵਕੀਲ ਕੋਲ਼ ਆਪਣੇ ਹਿੱਸੇ ਦੀ ਬਰਫੀ ਖਾਧੀ ਤੇ ਡਾਕਟਰ ਸਾਹਬ ਕੋਲ਼ ਸਮੋਸੇ।'

'ਸਰ ਇਸ ਗੱਲ ਨੂੰ ਗੁਰਬਾਣੀ ਹੋਰ ਤਰ੍ਹਾਂ ਕਹਿੰਦੀ ਏ– ਜੇਤੇ ਦਾਣੇ ਅੰਨ ਕੇ ਜੀਆਂ ਬਾਂਝ ਨਾ ਕੋਇ– ਕੋਈ ਵੀ ਅੰਨ ਦਾ ਦਾਣਾ ਹੈ, ਉਸ ਨੂੰ ਕਿਸੇ ਨਾ ਕਿਸੇ ਜੀਵ ਨੇ ਖਾਣਾ ਹੈ। ਜੇ ਅਨਾਜ ਗਲ਼ਦਾ ਵੀ ਹੈ ਤਾਂ ਵੀ ਉਸ ਨੂੰ ਅਦ੍ਰਿਸ਼ ਜੀਵ ਖਾ ਰਹੇ ਹੁੰਦੇ ਨੇ। ਸਰ, ਲਿਖਿਆ ਤਾਂ ਕੀ ਹੋਣਾ ਏਂ... ਲੇਖਾ ਲਿਖੀਐ ਕੇਤਾ ਹੋਏ। ਜੋ ਬਰਫ਼ੀ ਜਾਂ ਸਮੋਸਾ ਮੈਂ ਖਾ ਆਇਆ ਹਾਂ ਜੇ ਨਾ ਖਾਂਦਾ, ਕਿਸੇ ਹੋਰ ਨੇ ਖਾ ਲੈਣਾ ਸੀ। ਇਹ ਤਾਂ ਚਾਂਸ ਹੁੰਦਾ ਏ। ਕਿਸਮਤ ਦੀ ਗੱਲ ਸਰ ਮੈਂ ਨਹੀਂ ਮੰਨਦਾ।'

ਵਰਮਾ ਜੀ ਉਸ ਦੀ ਗੱਲ ਸੁਣ ਕੇ ਹੱਸਣ ਲੱਗੇ। ਦੇਵ ਨੇ ਉਨ੍ਹਾਂ ਨੂੰ ਇਕ ਗੱਲ ਹੋਰ ਸੁਣਾ ਦਿੱਤੀ ਕਿ ਕਿਤੇ ਪਹਾੜ ਵਿਚ ਬਰਫ਼ ਦੇ ਤੋਦੇ ਡਿਗਣ ਨਾਲ਼ ਕੁਝ ਖੱਚਰਾਂ ਘਿਰ ਗਈਆਂ ਤੇ ਭੁੱਖੀਆਂ ਮਰਨ ਲੱਗੀਆਂ। ਉਨ੍ਹਾਂ ਨੇ ਇਕ ਕਮਜ਼ੋਰ ਖੱਚਰ ਨੂੰ ਹੀ ਮਾਰ ਕੇ ਆਪਣਾ ਭੋਜਨ ਬਣਾ ਲਿਆ। ਹੁਣ ਖੱਚਰਾਂ ਮਾਸਾਹਾਰੀ ਤਾਂ ਹੁੰਦੀਆਂ ਨਹੀਂ, ਪਰ ਹਾਲਾਤ ਨੇ ਬਣਾ ਦਿੱਤੀਆਂ।'

'ਦੇਵ ਇਸ ਨੂੰ ਅੰਗਰੇਜ਼ੀ ਵਿਚ 'ਸਰਵਾਈਵਲ ਆਫ਼ ਦੀ ਫਿੱਟੈਸਟ' ਕਹਿੰਦੇ ਨੇ। ਤੂੰ ਯਾਰ ਬੜਾ ਸਿਆਣਾ ਮੁੰਡਾ ਏਂ।'

ਦੇਵ ਨੇ ਸੋਚਿਆ ਕਿ ਵਰਮਾ ਜੀ ਦੀ ਸੋਚ ਵਹਿਮ ਅਤੇ ਵਿਗਿਆਨ ਦੇ ਵਿਚ ਵਿਚਾਲੇ ਵਾਲ਼ੀ ਸੀ। ਉਹ ਦੂਜੇ ਦੇ ਵਿਚਾਰ ਸੁਣਨ ਵਾਲ਼ੇ ਸਨ। ਦੇਵ ਨੂੰ ਉਹ ਚੰਗੇ ਲੱਗੇ।

ਮਾਸਟਰ ਤਾਰਾ ਸਿੰਘ ਕਾਲਜ ਦੇ ਪਿੱਛੇ ਜਿਸ ਵੱਡੀ ਚਾਰਦੀਵਾਰੀ ਦੇ ਗੇਟ ਮੂਹਰੇ ਵਰਮਾ ਜੀ ਨੇ ਦੇਵ ਨੂੰ ਰੁਕਣ ਲਈ ਕਿਹਾ, ਇਹੀ ਉਨ੍ਹਾਂ ਦੀ ਕੋਠੀ ਸੀ। ਮੂਹਰੇ ਕਾਫ਼ੀ ਸਾਰੇ

ਕਮਰਿਆਂ ਦੀਆਂ ਛੱਤਾਂ ਦਿਖਾਈ ਦੇ ਰਹੀਆਂ ਸਨ। ਪਿੱਛੇ ਬਣੇ ਮੁਰਗੀਖ਼ਾਨੇ ਵਿੱਚੋਂ ਕੁੰਆਂ-ਕੁੰਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ। ਅੰਦਰ ਕਾਫ਼ੀ ਉੱਚੇ ਦਰਖ਼ਤਾਂ ਦਾ ਝੁਰਮਟ ਦਿਖਾਈ ਦੇ ਰਿਹਾ ਸੀ। ਚਾਰ ਦੀਵਾਰੀ ਦੇ ਨਾਲ਼-ਨਾਲ਼ ਫ਼ਲਾਂ ਨਾਲ਼ ਲੱਦੇ ਪਪੀਤੇ ਦੇ ਦਰੱਖਤ ਸਨ।

'ਦੇਵ ਸਕੂਟਰ ਅੰਦਰ ਕਰ ਲੈ ਭਾਈ। ਚਾਹ ਪੀਤੇ ਬਗੈਰ ਮੈਂ ਨਹੀਂ ਜਾਣ ਦਿਆਂਗਾ।'

'ਸਰ, ਪਲੀਜ਼ ਹੁਣ ਤਾਂ ਬਿਲਕੁਲ ਲੋੜ ਨਹੀਂ ਕਿਸੇ ਚੀਜ਼ ਦੀ।'

'ਲੋੜ ਤਾਂ ਭਾਈ ਮੈਨੂੰ ਵੀ ਨਹੀਂ ਸੀ, ਸਕੂਟਰ ਪਿੱਛੇ ਬਹਿਣ ਦੀ। ਤੂੰ ਜ਼ਿੱਦ ਕੀਤੀ ਤਾਂ ਬਹਿਣਾ ਪਿਆ। ਹੁਣ ਮੇਰੀ ਵਾਰੀ ਏ ਜ਼ਿੱਦ ਕਰਨ ਦੀ। ਚਾਹ ਨਹੀਂ ਤਾਂ ਦੁੱਧ ਪੀ ਲਵੀਂ, ਦੁੱਧ ਨਹੀਂ ਤਾਂ ਕੋਕਾ ਕੋਲਾ ਪੀ ਲਵੀਂ।' ਉਹ ਹੱਸੇ।

ਦੇਵ ਨੇ ਸਕੂਟਰ ਅੰਦਰ ਕਰ ਲਿਆ। ਜਾਮਣ ਦੇ ਇਕ ਵੱਡੇ ਦਰੱਖਤ ਹੇਠ ਸਟੈਂਡ ਤੇ ਲਾ ਦਿੱਤਾ। ਕੋਠੀ ਦੇ ਲਾਅਨ ਵਿਚ ਚੇਅਰ ਤੇ ਬੈਠੀ ਸਵੈਟਰ ਬੁਣ ਰਹੀ ਮਿਸਿਜ਼ ਵਰਮਾ ਨਾਲ਼ ਉਨ੍ਹਾਂ ਨੇ ਜਾਣ-ਪਛਾਣ ਕਰਾਈ ਤਾਂ ਦੇਵ ਨੇ ਅੱਗੇ ਵਧ ਕੇ ਉਸਦੇ ਪੈਰ ਛੂਹੇ। ਨੌਕਰਾਣੀ ਨੂੰ ਦੁੱਧ ਬਣਾਉਣ ਲਈ ਕਹਿ ਕੇ ਉਹ ਦੇਵ ਨੂੰ ਆਪਣਾ ਪੋਲਟਰੀ ਫਾਰਮ ਦਿਖਾਉਣ ਲਈ ਲੈ ਗਏ। ਉਹ ਦੇਵ ਨੂੰ ਕਾਫ਼ੀ ਕੁਝ ਦੱਸਦੇ ਰਹੇ, ਜਿਸ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਸੀ। ਉੱਥੇ ਤਾਂ ਸ਼ੈੱਡਾਂ ਵਿਚ ਹਜ਼ਾਰਾਂ ਮੁਰਗੀਆਂ ਤੂੜੀਆਂ ਪਈਆਂ ਸਨ। ਬਿੱਠਾਂ ਦੀ ਤਿੱਖੀ ਬੋਅ ਵਿਚ ਦੇਵ ਨੂੰ ਤਾਂ ਪੜ੍ਹਨਾ ਵੀ ਮੁਸ਼ਕਲ ਹੋ ਰਿਹਾ ਸੀ। ਕਈ ਨੌਕਰ ਐਧਰ-ਉੱਧਰ ਘੁੰਮ ਰਹੇ ਸਨ। ਹੈਚਰੀ ਵਾਲ਼ੇ ਵੱਡੇ ਕਮਰੇ ਦੇ ਬਾਹਰ ਤੀਹ-ਪੈਂਤੀ ਗੱਤੇ ਦੇ ਮੋਰੀਆਂ ਵਾਲ਼ੇ ਡੱਬਿਆਂ ਵਿਚ ਨਵਜਾਤ ਚੂਚੇ ਸ਼ੋਰ ਮਚਾ ਰਹੇ ਸਨ। ਇਨ੍ਹਾਂ ਚੂਚਿਆਂ ਦੀ ਸਪਲਾਈ ਉਹ ਹਿਮਾਚਲ, ਹਰਿਆਣੇ ਅਤੇ ਚੰਡੀਗੜ੍ਹ ਤੱਕ ਕਰਦੇ ਸਨ। ਇਕ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਦਾ ਐਨਾ ਵੱਡਾ ਕਾਰੋਬਾਰ ਦੇਖ ਕੇ ਦੇਵ ਹੈਰਾਨ ਹੋਇਆ।

ਉਹ ਵਾਪਸ ਉਨ੍ਹਾਂ ਦੇ ਡਰਾਇੰਗ ਰੂਮ ਵਿਚ ਆਏ ਤਾਂ ਇਕ ਮੁੰਡਾ-ਕੁੜੀ ਬੈਠੇ ਪੜ੍ਹ ਰਹੇ ਸਨ। ਦੋਨਾਂ ਨੇ ਉੱਠ ਕੇ ਦੇਵ ਨੂੰ ਵਿੱਸ਼ ਕੀਤਾ ਤੇ ਦੂਜੇ ਕਮਰੇ ਵਿਚ ਚਲੇ ਗਏ। ਉਹ ਵਰਮਾ ਜੀ ਦੇ ਜੌੜੇ ਬੱਚੇ ਸਨ, ਜਿਹੜੇ ਸ਼ਹਿਰ ਦੇ ਅੰਗਰੇਜ਼ੀ ਸਕੂਲ ਵਿਚ ਪੜ੍ਹਦੇ ਸਨ। ਇਕ ਲਾਲ ਸਾੜ੍ਹੀ ਵਾਲ਼ੀ ਔਰਤ ਨੇ ਉਨ੍ਹਾਂ ਦੇ ਮੂਹਰੇ ਆਮਲੇਟ ਦੀ ਪਲੇਟ ਤੇ ਦੁੱਧ ਦੇ ਦੋ ਗਿਲਾਸ ਲਿਆ ਧਰੇ। ਵਰਮਾ ਜੀ ਉੱਠ ਕੇ ਨਾਲ਼ ਹੀ ਬਣੇ ਬਾਥਰੂਮ ਵਿਚ ਜਾ ਵੜੇ। ਪਲ ਦੀ ਪਲ ਦੇਵ ਦੇ ਮੂੰਹ ਵਿਚ ਆਇਆ ਪਾਣੀ ਖ਼ੁਸ਼ਕ ਹੋ ਗਿਆ। ਆਮਲੇਟ ਵਿਚ ਇਕ ਮਰੀ ਹੋਈ ਟਿੱਡੀ ਫਸੀ ਪਈ ਸੀ। ਦੇਵ ਨੇ ਟਿੱਡੀ ਨੂੰ ਮੁੱਛ ਤੋਂ ਫੜ ਕੇ ਖਿੱਚਿਆ ਤੇ ਟੇਬਲ ਦੇ ਹੇਠ ਵਗਾਹ ਮਾਰੀ। ਫਿਰ ਵੀ ਉਹ ਆਮਲੇਟ ਖਾਣ ਲਈ ਆਪਣਾ ਮਨ ਨਾ ਬਣਾ ਸਕਿਆ। ਉਸ ਨੇ ਸੋਚਿਆ ਕਿ ਚਮਚਾ ਮੂੰਹ ਵਿਚ ਪਾਉਣ ਨਾਲ਼ ਹੀ ਕਿਤੇ ਉਲਟੀ ਨਾ ਆ ਜਾਵੇ । ਵਰਮਾ ਜੀ ਬਾਥਰੂਮ' ਚੋਂ ਨਿਕਲ਼ੇ ਤਾਂ ਦੇਵ ਨੇ ਕਿਹਾ, 'ਸਰ, ਮੈਂ ਤਾਂ ਆਮਲੇਟ ਖਾਂਦਾ ਨਹੀਂ।'

'ਆਮਲੇਟ ਨਹੀਂ ਖਾਂਦਾ?' ਵਰਮਾ ਜੀ ਹੈਰਾਨ ਹੋ ਕੇ ਬੋਲੇ।

'ਹਾਂ ਸਰ, ਪੰਜਾਬ ਆ ਕੇ ਨਾਨ-ਵੈੱਜ ਕਦੀ ਨਹੀਂ ਖਾਧਾ। ਕਾਲਜ ਵਿਚ ਪੜ੍ਹਦਿਆਂ ਦੋਸਤਾਂ ਨਾਲ਼ ਕਦੀ ਕਦਾਈ ਖਾ ਲਈਦਾ ਸੀ, ਪਰ ਹੁਣ ਨਹੀਂ। ਬੇਬੇ ਨੇ ਵੀ ਖਾਣ ਤੋਂ ਮੈਨੂੰ

ਮਨ੍ਹਾ ਕੀਤਾ ਹੋਇਆ ਏ।'

'ਕਮਾਲ ਏ ਯਾਰ। ਇਸ ਜ਼ਮਾਨੇ ਵਿਚ ਵੈਜੀਟੇਰੀਅਨ?'

'ਸਰ, ਮਨ ਤਾਂ ਕਰਦਾ ਏ ਨਾਨ-ਵੈੱਜ ਲੈ ਲਿਆ ਕਰਾਂ, ਪਰ ਬੇਬੇ ਦੀ ਮਨਜ਼ੂਰੀ ਮਿਲੂ ਤਾਂ।'

'ਤੂੰ ਲੈ ਯਾਰ.... ਬੇਬੇ ਕਿਹੜਾ ਦੇਖਦੀ ਪਈ ਏ।'

'ਨਹੀਂ ਸਰ, ਬੇਬੇ ਤਾਂ ਆਪਣੇ ਪੁੱਤਾਂ ਨੂੰ ਹਮੇਸ਼ਾ ਦੇਖਦੀ ਹੁੰਦੀ ਏ। ਉਸ ਤੋਂ ਆਗਿਆ ਲਵਾਂਗਾ। ਜੇ ਮਿਲ ਗਈ ਤਾਂ ਅਗਲੀ ਵਾਰ ਖਾ ਲਵਾਂਗਾ।'

'ਪਾਰਬਤੀ, ਇਉਂ ਕਰੋ ਬਈ ਕੁਝ ਹੋਰ ਦਵੋ ਖਾਣ ਨੂੰ।' ਵਰਮਾ ਜੀ ਬੋਲੇ।

'ਸਰ ਤੁਸੀਂ ਤਾਂ ਲਵੋ ਆਮਲੇਟ।'

'ਨਾ ਬਈ, ਜੋ ਮਹਿਮਾਨ ਖਾਵੇਗਾ, ਉਹੀ ਮੈਂ ਖਾਵਾਂਗਾ।'

'ਤਦੇ ਡਰਾਈ ਫਰੂਟ ਤੇ ਬਰਫ਼ੀ ਬਗੈਰਾ ਮੇਜ਼ ਤੇ ਪਹੁੰਚ ਗਏ। ਬਰਫ਼ੀ ਨਾਲ ਚਾਹ ਪੀਂਦਿਆਂ ਦੇਵ ਸੋਚ ਰਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਸੁਨਿਆਰ ਹੋਣ ਬਾਰੇ ਦੱਸੇ ਕਿ ਨਾ। ਤਦੇ ਵਰਮਾ ਜੀ ਨੇ ਪੁੱਛ ਲਿਆ, 'ਬਈ ਦੇਵ, ਦੋਰਾਹੇ ਕੌਣ ਕੌਣ ਹੋ ਤੁਸੀਂ ਘਰ' ਚ?'

'ਜੀ ਫਿਲਹਾਲ ਤਾਂ ਅਸੀਂ ਦੋਨੋਂ ਹਾਂ, ਮੈਂ ਤੇ ਮੇਰੀ ਬੇਬੇ। ਬਾਕੀ ਤਿੰਨੋਂ ਭਰਾ ਵਿਆਹੇ ਹੋਏ ਨੇ। ਅਲੱਗ ਅਲੱਗ ਸ਼ਹਿਰਾਂ ਵਿਚ ਨੌਕਰੀਆਂ ਕਰਦੇ ਨੇ।'

'ਜ਼ਮੀਨ ਹੋਵੇਗੀ?'

'ਨਹੀਂ ਸਰ ਜ਼ਮੀਨ ਤਾਂ ਕੋਈ ਨਹੀਂ।'

'ਦੇਵ ਕਾਸਟ ਕੀ ਏ ਤੁਹਾਡੀ?'

'ਜੀ ਅਸੀਂ ਸੁਨਿਆਰ ਹੁੰਦੇ ਹਾਂ।'

'ਬੜੀ ਖੁਸ਼ੀ ਹੋਈ ਫਿਰ ਤਾਂ।' ਵਰਮਾ ਜੀ ਹੱਸੇ ਤੇ ਉਨ੍ਹਾਂ ਦੀਆਂ ਗੱਲਾਂ ਦਾ ਰੁਖ ਹੀ ਪਲਟ ਗਿਆ।

ਉਨ੍ਹਾਂ ਨੇ ਰਿਸ਼ਤੇਦਾਰੀਆਂ ਦੀ ਪੱਤਰੀ ਹੀ ਖੋਲ੍ਹ ਲਈ। ਸਭ ਗੋਤਾਂ ਸਮੇਤ ਦੇਵ ਤੋਂ ਪੂਰੀ ਜਾਣਕਾਰੀ ਲੈ ਲਈ। ਉਨ੍ਹਾਂ ਨੇ ਦੇਵ ਦਾ ਦੋਰਾਹੇ ਦਾ ਐਡਰੈਸ ਵੀ ਨੋਟ ਕਰ ਲਿਆ ਤੇ ਇਹ ਵੀ ਦੱਸਿਆ ਕਿ ਜੇ ਉੱਧਰ ਦਾ ਗੇੜਾ ਲੱਗਿਆ ਤਾਂ ਉਹ ਉਸਨੂੰ ਮਿਲਣ ਆਉਣਗੇ । ਉਨ੍ਹਾਂ ਦੀ ਪਤਨੀ ਪਾਰਬਤੀ ਨੂੰ ਦੇਵ ਦੀ ਜਾਤ ਦਾ ਪਤਾ ਲੱਗਾ ਤਾਂ ਉਹ ਵੀ ਉਨ੍ਹਾਂ ਲਾਗੇ ਆ ਬੈਠੀ। ਗੱਲਾਂ ਕਾਫ਼ੀ ਦੇਰ ਹੁੰਦੀਆਂ ਰਹੀਆਂ। ਦੇਵ ਨੇ ਘੜੀ ਦੇਖਦਿਆਂ ਆਗਿਆ ਮੰਗੀ, 'ਚੰਗਾ ਸਰ ਜੀ, ਮੈਂ ਹੁਣ ਚਲਦਾ ਹਾਂ।'

'ਨਾ ਬਈ ਇਹ ਗੱਲ ਗਲ਼ਤ। ਸ਼ਾਮ ਦੀ ਰੋਟੀ ਖਾਧੇ ਬਿਨਾਂ ਅਸੀਂ ਜਾਣ ਨਹੀਂ ਦਿਆਂਗੇ।'

'ਸਰ ਪਿੱਛੇ ਮੇਰੀ ਬੇਬੇ ਇਕੱਲੀ ਏ। ਉਹ ਤਾਂ ਦਰਾਂ ਵਿਚ ਬੈਠੀ ਉਡੀਕ ਰਹੀ ਹੋਊ। ਜਿਸ ਦਿਨ ਵੀ ਮੈਂ ਸਕੂਟਰ ਤੇ ਆਇਆ ਹੋਵਾਂ, ਉਸ ਦੇ ਸਾਹ ਸੂਤੇ ਰਹਿੰਦੇ ਨੇ।'

ਦੇਵ ਦੀ ਇਸ ਗੱਲ ਦਾ ਉਨ੍ਹਾਂ ਤੇ ਅਸਰ ਹੋਇਆ ਤੇ ਇਸ ਸ਼ਰਤ ਉੱਤੇ ਉਸ ਨੂੰ ਜਾਣ ਦਿੱਤਾ ਕਿ ਅਗਲੀ ਰਿਹਰਸਲ ਵੇਲ਼ੇ ਦੇਵ ਉਨ੍ਹਾਂ ਦੇ ਘਰ ਖਾਣਾ ਖਾ ਕੇ ਹੀ ਵਾਪਸ

ਜਾਵੇਗਾ।

**00**

# ਇਕ ਸੌ ਪੱਚੀ

ਵੋਟਾਂ ਦੀ ਦੂਜੀ ਰਿਹਰਸਲ ਲਈ ਤਾਂ ਅਜੇ ਗਿਆਰਾਂ-ਬਾਰਾਂ ਦਿਨ ਪਏ ਸਨ। ਦੇਵ ਅਗਲੇ ਦਿਨ ਸਕੂਲ ਗਿਆ ਤਾਂ ਸੁਰੇਖਾ ਨੇ ਉਸ ਨੂੰ ਇਕ ਬੜਾ ਸੁੰਦਰ ਪਰਸ ਦਿੱਤਾ ਜਿਸ ਵਿਚ ਉਸ ਦੀ ਫ਼ੋਟੋ ਅਤੇ ਇਕ ਰੁਮਾਲ ਸੀ। ਉਸ ਵਿੱਚੋਂ ਇਕ ਕਾਗਜ਼ ਵੀ ਨਿਕਲਿਆ, ਜਿਸ ਉੱਤੇ ਲਿਖਿਆ ਹੋਇਆ ਸੀ- ਮੇਰੀ ਜਾਨ ਪਿਆਰੇ ਦੇਵ ਜੀ, ਹੁਣ ਸਮਾਂ ਆ ਗਿਆ ਹੈ ਕਿ ਆਪਾਂ ਸਦਾ ਸਦਾ ਲਈ ਇਕ ਹੋ ਜਾਈਏ। ਮੈਂ ਤੁਹਾਡੇ ਜੀਵਨ ਨੂੰ ਖੁਸ਼ੀਆਂ ਨਾਲ਼ ਭਰ ਦਿਆਂਗੀ। ਮੈਂ ਅਸਮਾਨ ਵਿਚ ਉਡਦੀ ਫਿਰ ਰਹੀ ਹਾਂ। ਦੇਖਣਾ ਮੇਰੇ ਖੰਭਾਂ ਦਾ ਧਿਆਨ ਰੱਖਣਾ।'

ਫਿਰ ਲਾਇਬ੍ਰੇਰੀ ਵਿਚ ਵੀ ਉਨ੍ਹਾਂ ਦੀਆਂ ਕੁਝ ਗੱਲਾਂ ਹੋਈਆਂ। ਸੁਰੇਖਾ ਨੇ ਆਪਣੀ ਮਾਂ ਨੂੰ ਦੇਵ ਬਾਰੇ ਦੱਸ ਦਿੱਤਾ ਸੀ। ਉਸ ਦੀ ਮਾਂ ਆਪਣੀ ਧੀ ਦੀ ਹਰ ਖੁਸ਼ੀ ਪੂਰੀ ਕਰਨ ਲਈ ਰਾਜ਼ੀ ਹੋ ਗਈ ਸੀ। ਉਹ ਸੁਰੇਖਾ ਦੇ ਪਿਉ ਤੇ ਵੀ ਭਾਰੂ ਸੀ। ਇਸ ਦਾ ਕਾਰਨ ਉਸ ਦੇ ਪਿਓ ਦੀ ਸ਼ਰਾਬ ਪੀਣ ਦੀ ਕਮਜ਼ੋਰੀ ਸੀ ਤੇ ਉਹ ਪੀ ਕੇ ਭਿੱਜੀ ਬਿੱਲੀ ਬਣ ਜਾਇਆ ਕਰਦਾ ਸੀ। ਸੁਰੇਖਾ ਦੀ ਮਾਂ ਕਦੀ ਵੀ ਕੋਈ ਰਾਇ ਪੁੱਛਦੀ, ਉਹ ਹਮੇਸ਼ਾ ਕਹਿ ਦਿੰਦਾ, 'ਆਪਣੀ ਮਰਜੀ ਕਰੋ। ਮੈਨੂੰ ਨਹੀਂ ਪਤਾ।'

ਘਰ ਦੀ ਕਬੀਲਦਾਰੀ ਵਿਚ ਉਸ ਨੇ ਕਦੀ ਵੀ ਕੋਈ ਰਾਇ ਨਹੀਂ ਸੀ ਦਿੱਤੀ ਤੇ ਨਾ ਹੀ ਕਦੀ ਅੜਿੱਕਾ ਬਣਿਆ ਸੀ। ਸੁਰੇਖਾ ਨੇ ਦੱਸਿਆ ਕਿ ਉਹ ਵੀ ਅਰਾਮ ਨਾਲ਼ ਉਨ੍ਹਾਂ ਦੇ ਵਿਆਹ ਲਈ ਸਹਿਮਤ ਹੋ ਜਾਵੇਗਾ। ਉਸ ਨੇ ਆਪਣਾ ਧੁੜਕੂ ਵੀ ਜ਼ਾਹਰ ਕੀਤਾ ਕਿ ਦੇਵ ਦੀ ਬੇਬੇ ਇਸ ਰਿਸ਼ਤੇ ਨੂੰ ਕਦੀ ਪ੍ਰਵਾਨਗੀ ਨਹੀਂ ਦੇਵੇਗੀ, ਪਰ ਦੇਵ ਨੇ ਕਿਹਾ ਕਿ ਹੁਣ ਉਹ ਉਨ੍ਹਾਂ ਦੇ ਰਿਸ਼ਤੇ ਲਈ ਤਿਆਰ ਹੋ ਗਈ ਸੀ। ਦੇਵ ਬੋਲਿਆ, 'ਦੇਖ ਸੁਰੇਖਾ, ਵਿਆਹ ਮਗਰੋਂ ਤਾਂ ਬੰਦਾ ਕਬੀਲਦਾਰੀਆਂ ਦੇ ਚੱਕਰ ਵਿਚ ਫਸ ਜਾਂਦਾ ਏ। ਮੇਰੇ ਭਰਾ ਛੁੱਟੀ ਆ ਜਾਣਗੇ ਤਾਂ ਆਪਾਂ ਕੋਰਟ ਮੈਰਿਜ ਕਰਵਾ ਲਵਾਂਗੇ। ਉਂਨੀ ਦੇਰ ਘੁੰਮ ਫਿਰ ਕੇ ਮੌਜ ਮੇਲਾ ਕਰਦੇ ਹਾਂ।'

'ਛੁੱਟੀ ਕਦੋਂ ਆਉਣਗੇ ਭਰਾ?' ਉਹ ਬੋਲੀ।

'ਸਾਰਿਆਂ ਨੂੰ ਚਿੱਠੀਆਂ ਪਾ ਦਿਆਂਗਾ ਕਿ ਇਕ ਦੂਜੇ ਨਾਲ਼ ਤਾਲਮੇਲ ਕਰ ਕੇ ਪੰਜ ਛੇ ਮਹੀਨਿਆਂ ਵਿਚ ਛੁੱਟੀ ਆ ਜਾਣ।'

'ਮੈਂ ਤਾਂ ਦੇਵ ਹੁਣ ਤੁਹਾਡੀ ਹਾਂ, ਚਾਹੇ ਵੇਚ ਕੇ ਖਾ ਜਾਓ।' ਸੁਰੇਖਾ ਨੇ ਆਪਣਾ ਫੈਸਲਾ ਸੁਣਾਇਆ।

'ਹੱਟ... ਮੂਰਖਾਂ ਵਾਲ਼ੀਆਂ ਗੱਲਾਂ ਨਾ ਕਰਿਆ ਕਰ। ਤੂੰ ਤਾਂ ਮੇਰੇ ਲਹੂ ਵਿਚ ਘੁਲ਼ੀ ਪਈ ਏਂ ਸੁਰੇਖਾ। ਮੈਂ ਤੈਥੋਂ ਸਭ ਕੁਝ ਵਾਰ ਸਕਦਾ ਏਂ।' ਦੇਵ ਨੇ ਉਸ ਦਾ ਹੱਥ ਘੁੱਟ ਕੇ ਛੱਡ ਦਿੱਤਾ।

ਅਗਲੇ ਦਿਨ ਉਨ੍ਹਾਂ ਨੇ ਲੁਧਿਆਣੇ ਪਿਕਚਰ ਦੇਖਣ ਦਾ ਪ੍ਰੋਗਰਾਮ ਬਣਾ ਲਿਆ। ਉਸ ਨੇ ਤਾਂ ਸਕੂਲੋਂ ਸਾਰੇ ਦਿਨ ਦੀ ਛੁੱਟੀ ਲੈ ਲਈ, ਪਰ ਦੇਵ ਅੱਧੀ ਛੁੱਟੀ ਮਗਰੋਂ ਗਿਆ। ਉਹ ਬੱਸ ਅੱਡੇ ਵਿਚ ਹੀ ਇਕੱਠੇ ਹੋ ਗਏ। ਉਸ ਨੇ ਅਪਣੇ ਬੈਗ ਵਿੱਚੋਂ ਇਕ ਘੜੀ ਕੱਢ ਕੇ ਦੇਵ ਨੂੰ ਫੜਾ ਦਿੱਤੀ ਤੇ ਬੋਲੀ, 'ਇਹ ਤੁਹਾਨੂੰ ਮੇਰੇ ਵੱਲੋਂ ਜਨਮ ਦਿਨ ਦੀ ਸੁਗਾਤ ਏ।'

'ਜਨਮ ਦਿਨ ਦੀ? ਤੈਨੂੰ ਕਿਵੇਂ ਪਤਾ ਲੱਗਾ ਕਿ ਅੱਜ ਮੇਰਾ ਜਨਮ ਦਿਨ ਏਂ?'

'ਹਰ ਦਮ ਸੁਤਾ ਤੁਹਾਡੇ' ਚ ਰਹਿੰਦੀ ਏ ਦੇਵ। ਪਤਾ ਕਰ ਲਿਆ।' ਉਹ ਹੱਸੀ।

ਘੜੀ ਲੈ ਕੇ ਦੇਵ ਨੇ ਜੇਬ੍ਹ ਵਿਚ ਪਾ ਲਈ। ਉਸ ਦੀ ਸਰਵਿਸ ਬੁੱਕ ਵਿਚ ਜਨਮ ਮਿਤੀ ਦੇਵ ਨੇ ਹੀ ਦਰਜ਼ ਕੀਤੀ ਸੀ, ਪਰ ਉਹ ਹੁਣ ਭੁੱਲੀ ਬੈਠਾ ਸੀ। ਉਹ ਬੋਲਿਆ, 'ਤੇ ਰਾ ਜਨਮ ਦਿਨ ਕਦੋਂ ਏਂ ਸੁਰੇਖਾ?'

'' ਕੱਤੀ ਵਰਵਰੀ ਨੂੰ। ਜੋ ਮੰਗਾਂਗੀ ਦਿਓਗੇ?' ਉਹ ਹੱਸੀ।

'ਹੁਣ ਤਾਂ ਸਭ ਕੁਝ ਤੇਰਾ ਹੀ ਏ। ਤੇਰੇ ਲਈ ਇਕ ਮੱਝ ਲੈ ਦਿਆਂਗਾ। ਬੇਬੇ ਤੈਥੋਂ ਧਾਰ ਵੀ ਕਢਾਊ, ਪਾਥੀਆਂ ਵੀ ਪਥਵਾਊ।'

'ਜੋ ਮਰਜ਼ੀ ਕਰਵਾ ਲਿਓ ਦੇਵ ਜੀ। ਇਕ ਵਾਰੀ ਘਰ ਤਾਂ ਲਿਜਾਓ।'

ਉਹ ਗੱਲਾਂ ਕਰਦੇ ਨੌਂ-ਲੱਖਾ ਸਿਨਮੇ ਵਿਚ ਪਹੁੰਚ ਗਏ ਤੇ ਟਿਕਟਾਂ ਲੈ ਲਈਆਂ। ਅੰਦਰ ਵੜੇ ਤਾਂ ਪਤਾ ਲੱਗਾ ਟਿਕਟਾਂ ਤੇ ਸੀਟ ਨੰਬਰ ਸਨ। ਉਨ੍ਹਾਂ ਦੀਆਂ ਸੀਟਾਂ ਦੂਰ ਦੂਰ ਸਨ। ਖੱਬੇ ਹੱਥ ਸਾਰੀਆਂ ਤੀਵੀਆਂ, ਕੁੜੀਆਂ ਤੇ ਸੱਜੇ ਹੱਥ ਸਾਰੇ ਮਰਦ। ਦੇਵ ਨੂੰ ਸਿਨਮੇ ਵਾਲ਼ਿਆਂ ਦੀ ਬਦਤਮੀਜ਼ੀ ਤੇ ਗੁੱਸਾ ਆਇਆ। ਉਸ ਨੇ ਮੁੜ ਕਾਊਂਟਰ ਤੇ ਜਾ ਕੇ ਦੋਨਾਂ ਦੀਆਂ ਸੀਟਾਂ ਇਕੱਠੀਆਂ ਕਰਨ ਲਈ ਬੇਨਤੀ ਕੀਤੀ ਪਰ ਉਹ ਬੰਦਾ ਨਾ ਮੰਨਿਆ। ਉਸ ਨੇ ਟਿਕਟਾਂ ਵੀ ਵਾਪਸ ਨਾ ਲਈਆਂ। ਸਿਨਮੇ ਵਿਚ ਕੇਵਲ ਵਿਆਹੇ ਜੋੜੇ ਇਕੱਠੇ ਬੈਠ ਸਕਦੇ ਸਨ, ਕਿਸੇ ਸੜੇ ਡੀ. ਸੀ. ਦਾ ਹੁਕਮ ਸੀ ਇਹ। ਜੇ ਸੁਰੇਖਾ ਨੇ ਸਿਰ' ਚ ਸੰਧੂਰ ਸੁੱਟਿਆ ਹੁੰਦਾ, ਮੱਥੇ ਵਿਚ ਬਿੰਦੀ ਹੁੰਦੀ। ਵੱਡੇ ਵੱਡੇ ਕਾਂਟੇ ਪਾਏ ਹੁੰਦੇ ਜਾਂ ਹੱਥਾਂ ਵਿਚ ਚੂੜਾ ਹੀ ਹੁੰਦਾ ਤਾਂ ਉਨ੍ਹਾਂ ਨੂੰ ਇਕੱਠੇ ਬਿਠਾ ਕੇ ਕਿਸੇ ਦਾ ਢਿੱਡ ਨਹੀਂ ਸੀ ਦੁਖਣਾ।

ਉਹ ਸਿਨਮੇ ਤੋਂ ਬਾਹਰ ਨਿਕਲ਼ ਆਏ। ਸੜਕ ਤੇ ਆ ਕੇ ਦੇਵ ਬੋਲਿਆ, 'ਸੁਰੇਖਾ ਅੱਸੀ ਪਰਸੈਂਟ ਲੋਕ ਪਿਆਰ ਦੇ ਵੈਰੀ ਹਨ।'

'ਅੱਸੀ ਨਹੀਂ ਨੜਿੱਨਵੇਂ।' ਉਹ ਮੁਸਕਰਾਈ।

ਉਹ ਘੰਟਾ ਘਰ ਤੋਂ ਬਜ਼ਾਰ ਵਿਚ ਵੜ ਗਏ। ਅੱਗੇ ਸੱਜੇ ਹੱਥ ਤਹਿਸੀਲ ਦਫ਼ਤਰ ਸੀ। ਉਨ੍ਹਾਂ ਰੇੜ੍ਹੀ ਵਾਲ਼ੇ ਤੋ ਦੋ ਕੱਪ ਆਈਸ ਕਰੀਮ ਲੈ ਲਈ ਤੇ ਦਫ਼ਤਰ ਦੇ ਬਾਹਰ ਬੈਂਚ ਤੇ ਬੈਠ ਖਾਣ ਲੱਗੇ। ਦੋ ਘੰਟੇ ਉੱਥੇ ਹੀ ਬੈਠੇ ਗੱਲਾਂ ਮਾਰਦੇ ਰਹੇ, ਪਰ ਗੱਲਾਂ ਐਨੀਆਂ ਸਨ ਕਿ ਮੁੱਕਣ ਵਿਚ ਹੀ ਨਹੀਂ ਸਨ ਆਉਂਦੀਆਂ। ਉਹ ਉੱਥੋਂ ਉੱਠਕੇ ਕਿਤਾਬਾਂ ਵਾਲ਼ੇ ਬਜ਼ਾਰ ਵਿਚ ਜਾ ਵੜੇ। ਕੁਝ ਦੂਰੀ ਤੇ ਇਕ ਢਾਬਾ ਨੁਮਾ ਹੋਟਲ ਸੀ, ਜਿੱਥੇ ਕੁਝ ਬੰਦੇ ਬੈਠੇ ਖਾਣਾ ਖਾ ਰਹੇ ਸਨ। ਰੋਟੀ ਬਣਾ ਰਿਹਾ ਬੰਦਾ ਹੱਥ ਨਾਲ਼ ਰੋਟੀ ਦੇ ਪਟਾਕੇ ਬਜਾ ਕੇ ਤੰਦੂਰ ਵਿਚ ਲਾਈ ਜਾ ਰਿਹਾ ਸੀ ਤੇ ਗਾਹਕਾਂ ਨੂੰ ਹਾਕਾਂ ਵੀ ਮਾਰ ਰਿਹਾ ਸੀ। ਇਕ ਪਾਸੇ ਭੱਠੀ ਉੱਤੇ ਇਕ ਬੰਦਾ ਸਲਾਖ਼ ਵਿਚ ਪਰੋਇਆ ਕਬਾਬ ਭੁੰਨ ਰਿਹਾ ਸੀ। ਸੁਰੇਖਾ ਨੇ ਇਕ ਵਾਰੀ ਦੇ

ਵ ਨੂੰ ਘਰੋਂ ਲਿਆਂਦਾ ਚਿਕਨ ਵਾਲ਼ਾ ਡੱਬਾ ਦਿੱਤਾ ਸੀ। ਉਹ ਬੋਲਿਆ, 'ਸੁਰੇਖਾ ਖਾਈਏ ਮੁਰਗਾ?'

'ਜਿਵੇਂ ਤੁਹਾਡੀ ਮਰਜ਼ੀ।' ਉਹ ਬੋਲੀ।

ਉਹ ਅੰਦਰ ਵੜ ਕੇ ਨਿੱਕੀ ਜਿਹੀ ਕੈਬਨ ਵਿਚ ਜਾ ਬੈਠੇ, ਜਿਸ ਦੇ ਅੱਗੇ ਇਕ ਪਰਦਾ ਲਟਕ ਰਿਹਾ ਸੀ। ਬਹਿੰਦੇ ਸਾਰ ਦੇਵ ਨੇ ਉਸ ਦੇ ਮੋਢੇ ਫੜ ਕੇ ਚੁੰਮਣਾ ਚਾਹਿਆ ਤਾਂ ਉਹ ਪਿੱਛੇ ਹਟ ਗਈ। ਤਦੇ ਮੁੰਡੂ ਨੇ ਪਰਦਾ ਹਟਾਇਆ ਤੇ ਬੋਲਿਆ, 'ਕਿਆ ਖਾਓਗੇ ਸਾਬ੍ਹ?'

'ਰਾੜ੍ਹਾ ਚਿਕਨ ਤੇ ਤੰਦੂਰੀ ਰੋਟੀ। ਇੱਕੋ ਪਲੇਟ ਵਿਚ ਲੈ ਆਉਣਾ।' ਦੇਵ ਨੇ ਕਿਹਾ।

ਉਹ ਗਿਆ ਤਾਂ ਦੋਨੋਂ ਗੱਲਾਂ ਮਾਰਨ ਲੱਗ ਪਏ। ਮੁੰਡੂ ਫਿਰ ਆ ਗਿਆ ਤੇ ਬੋਲਿਆ, 'ਸਰਦਾਰ ਜੀ ਨੇ ਕਹਾ ਹੈ, ਊਪਰ ਕਮਰਾ ਹੈ। ਜਾਨਾ ਹੈ ਤੋ ਆਠ ਰੁਪਏ ਔਰ ਲਗੇਂਗੇ।'

'ਚੱਲੀਏ?' ਦੇਵ ਨੇ ਸੁਰੇਖਾ ਨੂੰ ਪੁੱਛਿਆ।

'ਮੈਨੂੰ ਤਾਂ ਐਥੇ ਬੈਠੀ ਨੂੰ ਹੀ ਤੌਣੀਆਂ ਆ ਰਹੀਆਂ ਨੇ। ਕੋਈ ਦੇਖ ਲਵੇ ਤਾਂ।'

'ਉੱਪਰ ਕਿਸੇ ਨੇ ਦੇਖਣਾ ਏਂ, ਚੱਲ ਉੱਠ।'

ਉਹ ਮੰਨ ਗਈ। ਉਹ ਕੈਬਿਨ' ਚੋਂ ਉੱਠ ਬਾਹਰ ਆਏ ਤਾਂ ਮੁੰਡੂ ਉਨ੍ਹਾਂ ਦੇ ਮੂਹਰੇ ਮੂਹਰੇ ਪੌੜੀਆਂ ਚੜ੍ਹ ਗਿਆ। ਪੌੜੀਆਂ ਦਾ ਰੱਸਾ ਫੜ ਕੇ ਉਹ ਵੀ ਉੱਤੇ ਚਲੇ ਗਏ। ਜਿਸ ਕਮਰੇ ਵਿਚ ਉਹ ਪੁੱਜੇ, ਉਹ ਹੋਟਲ ਵਿਚ ਕੰਮ ਕਰਨ ਵਾਲ਼ੇ ਮੁੰਡੂਆਂ ਦਾ ਸੌਣ ਕਮਰਾ ਸੀ। ਇਕ ਤਖ਼ਤਪੋਸ਼ ਉੱਤੇ ਗੰਦਾ ਜਿਹਾ ਗਦੈਲਾ ਸੁੱਟਿਆ ਹੋਇਆ ਸੀ। ਇਕ ਖੂੰਜੇ ਵਿਚ ਇਕੱਠੀਆਂ ਕੀਤੀਆਂ ਦਰੀਆਂ, ਖੇਸੀਆਂ ਤੇ ਕੱਪੜਿਆਂ ਵਾਲ਼ੇ ਝੋਲ਼ੇ ਰੱਖੇ ਹੋਏ ਸਨ। ਕੁਝ ਲੀੜੇ ਬਾਂਸ ਦੇ ਟੰਗਣੇ ਉੱਤੇ ਵੀ ਲਟਕੇ ਹੋਏ ਸਨ। ਕੀਲੇ ਨਾਲ਼ ਲਟਕਦਾ ਇਕ ਫਟਿਆ ਪੁਰਾਣਾ ਕੋਟ ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਕਸਾਈ ਨੇ ਪੁੱਠਾ ਕਰ ਕੇ ਬੱਕਰਾ ਲਟਕਾਇਆ ਹੋਵੇ। ਕੁਰਸੀ ਕੋਈ ਨਹੀਂ ਸੀ। ਹੇਠਾਂ ਫਰਸ਼ ਉੱਤੇ ਇਕ ਦਰੀ ਸੁੱਟੀ ਹੋਈ ਸੀ। ਮੱਧਮ ਜਿਹਾ ਬੱਲਵ ਮੁੰਡੂ ਨੇ ਅੰਦਰ ਵੜਦੇ ਸਾਰ ਜਗਾ ਦਿੱਤਾ ਸੀ। ਅੰਦਰੋਂ ਸਿੱਲ੍ਹ ਦੀ ਹਮਕ ਆ ਰਹੀ ਸੀ। ਦੇਵ ਨੇ ਲਾਗੇ ਖੜ੍ਹੇ ਮੁੰਡੂ ਨੂੰ ਕਿਹਾ, 'ਤੂੰ ਚੱਲ ਬਈ, ਅੱਧੇ ਘੰਟੇ ਤੱਕ ਰੋਟੀ ਲੈ ਕੇ ਆਈਂ।'

ਉਹ ਬਾਹਰ ਨਿਕਲ਼ਿਆ ਤਾਂ ਦੇਵ ਨੇ ਕਮਰੇ ਦੀ ਕੁੰਡੀ ਲਾ ਲਈ। ਸੁਰੇਖਾ ਬੋਲੀ, 'ਕੁੰਡੀ ਕਿਉਂ ਬੰਦ ਕੀਤੀ ਏ?'

'ਇਸ ਦੁਨੀਆਂ ਤੋਂ ਕੁਝ ਪਲ ਅਲੱਗ ਹੋਣ ਲਈ।' ਦੇਵ ਨੇ ਕਿਹਾ ਤੇ ਉਸ ਨੂੰ ਘੁੱਟ ਕੇ ਜੱਫੀ ਪਾ ਲਈ। ਫਿਰ ਉਹ ਗੱਦੇ ਉੱਤੇ ਬੈਠ ਗਏ। ਦੇਵ ਨੇ ਉਸ ਦੀ ਗਰਦਣ ਦੁਆਲੇ ਬਾਂਹ ਵਲ਼ਾਈ ਰੱਖੀ। ਗੱਲਾਂ ਕਰਦੇ ਕਰਦੇ ਉਹ ਲੇਟ ਗਏ। ਦੇਵ ਦੇ ਹੱਥ ਬੇਚੈਨ ਹੋਣ ਲੱਗੇ । ਸੁਰੇਖਾ ਕਦੀ ਉਸ ਦਾ ਖੱਬਾ ਤੇ ਕਦੀ ਸੱਜਾ ਹੱਥ ਫੜ ਕੇ ਪਿੱਛੇ ਧੱਕਦੀ ਰਹੀ ਤੇ ਗੱਲਾਂ ਵੀ ਕਰਦੀ ਰਹੀ। ਦੇਵ ਦੇ ਦਿਮਾਗ ਵਿਚ ਖ਼ੂਨ ਘੋਰਾਂ ਪਾਉਣ ਲੱਗਾ। ਦੇਵ ਨੇ ਉਸ ਨੂੰ ਆਪਣੇ ਨਾਲ਼ ਘੁੱਟਿਆ ਤੇ ਚੁੰਮਣ ਲੱਗਾ। ਉਸ ਨੇ ਦੇਵ ਨੂੰ ਪਿੱਛੇ ਧੱਕਿਆ ਤੇ ਬੋਲੀ, 'ਨਹੀਂ ਦੇਵ, ਨਹੀਂ ਪਲੀਜ਼।'

ਦੇਵ ਦੇ ਹੱਥ ਤਾਂ ਜਿਵੇਂ ਲੋਹੇ ਤੇ ਬਣਦੇ ਗਏ ਤੇ ਉਨ੍ਹਾਂ ਦੀ ਜਕੜ ਮਜ਼ਬੂਤ ਹੁੰਦੀ ਚਲੀ ਗਈ। ਉਸ ਤੋਂ ਛੁੱਟਦੀ ਹੋਈ ਸੁਰੇਖਾ ਉੱਠ ਖੜ੍ਹੀ ਹੋਈ ਤੇ ਆਪਣੇ ਕੱਪੜੇ ਠੀਕ ਕਰਨ ਲੱਗ ਪਈ। ਉਹ ਕਮਰੇ ਦੇ ਕੋਨੇ ਵਿਚ ਜਾ ਖੜ੍ਹੀ ਤੇ ਮੱਧਮ ਰੌਸ਼ਨੀ ਵਾਲ਼ੇ ਬੱਲਵ ਵੱਲ ਦੇਖਦੀ ਹੰਝੂ ਸੁੱਟਣ ਲੱਗ ਪਈ।

'ਆ ਜਾਓ ਸੁਰੇਖਾ ਪਲੀਜ਼।' ਦੇਵ ਨੇ ਲੰਬਾ ਹਾਉਕਾ ਭਰਿਆ।

ਸੁਰੇਖਾ ਨੇ ਅੱਖਾਂ ਮਲ਼ਦੀ ਨੇ ਦਰਵਾਜ਼ੇ ਦੀ ਕੁੰਡੀ ਖੋਲ੍ਹ ਦਿੱਤੀ ਤੇ ਬਾਹਰ ਨਿਕਲ਼ਦੀ ਬੋਲੀ, 'ਨੀਚੇ ਆ ਜਾਓ ਦੇਵ ਜੀ।'

ਸੁਰੇਖਾ ਪੌੜੀਆਂ ਉਤਰ ਗਈ। ਦੇਵ ਉੱਠ ਕੇ ਉਸ ਦੇ ਮਗਰ ਚਲਾ ਗਿਆ। ਉਹ ਮੁੜ ਕੈਬਿਨ ਵਿਚ ਆ ਬੈਠੇ। ਕਾਫ਼ੀ ਦੇਰ ਬੋਲੇ ਹੀ ਨਾ। ਮੁੰਡੂ ਰੋਟੀ ਰੱਖ ਗਿਆ ਤਾਂ ਸੁਰੇਖਾ ਨੇ ਇਕ ਬੁਰਕੀ ਤੋੜ, ਵਿਚ ਚਿਕਨ ਪਾ ਕੇ, ਦੇਵ ਦੇ ਮੂੰਹ ਲਾਗੇ ਕਰ ਦਿੱਤੀ। ਦੇਵ ਨੇ ਮੂੰਹ ਖੋਲ੍ਹ ਲਿਆ। ਉਹ ਕਹਿੰਦੀ, 'ਹੱਸੋ।'

'ਕਿਉਂ ਹੱਸਾਂ?' ਦੇਵ ਬੋਲਿਆ।

'ਤੁਸੀਂ ਦੇਵ ਨਹੀਂ ਦੈਂਤ ਹੋ। ਵਿਆਹ ਤੱਕ ਤੁਹਾਨੂੰ ਦੇਵ ਬਣ ਕੇ ਰਹਿਣਾ ਪਵੇਗਾ ਸਮਝੇ?' ਉਹ ਹੱਸੀ।

ਉੱਥੋਂ ਨਿਕਲ਼ ਉਹ ਬੱਸ ਅੱਡੇ ਚਲੇ ਗਏ ਤੇ ਅੰਬਾਲੇ ਜਾਣ ਵਾਲ਼ੀ ਬੱਸ ਵਿਚ ਬੈਠ ਗਏ। ਦੇਵ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਸੁਰੇਖਾ ਨੇ ਦੇਵ ਦੀ ਦੋਰਾਹੇ ਦੀ ਤੇ ਆਪਣੀ ਖੰਨੇ ਦੀ ਟਿਕਟ ਲੈ ਲਈ ਸੀ। ਇਸ ਦੌਰਾਨ ਸੁਰੇਖਾ ਨੇ ਕਈ ਵਾਰੀ ਪੁੱਛਿਆ ਕਿ ਉਹ ਉਸ ਨਾਲ਼ ਨਰਾਜ਼ ਤਾਂ ਨਹੀਂ ਸੀ। ਸੁਰੇਖਾ ਨੇ ਅਖ਼ਬਾਰ ਖਰੀਦ ਕੇ ਆਪਣੇ ਗੋਡਿਆਂ ਤੇ ਰੱਖ ਲਈ ਤੇ ਅਖ਼ਬਾਰ ਦੇ ਹੇਠ ਨੂੰ ਦੇਵ ਦਾ ਹੱਥ ਖਿੱਚ ਲਿਆ ਤੇ ਬੋਲੀ, 'ਸਬਰ ਕਰੋ ਦੇਵ, ਮੈਂ ਪੂਰੀ ਦੀ ਪੂਰੀ ਤੁਹਾਡੀ ਹਾਂ।'

'ਮੈਂ ਵੀ ਤਾਂ ਪੂਰੇ ਦਾ ਪੂਰਾ ਤੇਰਾ ਹੀ ਹਾਂ ਸੁਰੇਖਾ। ਅੱਜ ਤੱਕ ਮੈਂ ਕਦੀ ਕਿਸੇ ਕੁੜੀ ਨਾਲ਼ ਗੱਲ ਵੀ ਨੀ ਕੀਤੀ।' ਦੇਵ ਨੇ ਕਿਹਾ।

'ਦੇਵ ਜੀ, ਮੈਂ ਤੁਹਾਡਾ ਘਰ ਮਹਿਕਾ ਦਿਆਂਗੀ। ਥੋੜਾ ਇੰਤਜ਼ਾਰ ਕਰ ਲਵੋ।'

'ਇੰਤਜ਼ਾਰ ਤਾਂ ਕਰ ਲਵਾਂਗਾ, ਪਰ ਹੁਣ ਹਰ ਹਫ਼ਤੇ ਕਿਤੇ ਨਾ ਕਿਤੇ ਜਾਇਆ ਕਰਨਾ ਏਂ ਘੁੰਮਣ। ਵਿਆਹ ਤੋਂ ਪਹਿਲੇ ਦਿਨ ਜ਼ਿਆਦਾ ਰੰਗੀਨ ਹੁੰਦੇ ਨੇ ਸੁਰੇਖਾ।'

'ਮੈਂ ਤੁਹਾਡਾ ਸਾਰਾ ਜੀਵਨ ਰੰਗੀਨ ਬਣਾ ਦਿਆਂਗੀ ਦੇਵ।' ਉਹ ਬੋਲੀ।

ਉਨ੍ਹਾਂ ਦੀ ਸੀਟ ਤਿੰਨ ਵਾਲ਼ੀ ਸੀ। ਢੋਲੇਵਾਲ਼ ਤੋਂ ਦੇਵ ਦਾ ਇਕ ਵਾਕਿਫ਼ ਗਿਆਨ ਚੰਦ ਮਰਵਾਹਾ ਉਸ ਨਾਲ਼ ਆ ਬੈਠਾ। ਉਸ ਨੇ ਕੋਈ ਡੀ. ਏ. ਬਗੈਰਾ ਦੀ ਕਿਸ਼ਤ ਦੀ ਗੱਲ ਤੋਰ ਲਈ ਤੇ ਦੋਰਾਹੇ ਤੱਕ ਪੈਸਿਆਂ ਦੀਆਂ ਗੱਲਾਂ ਹੀ ਕਰਦਾ ਰਿਹਾ। ਦੋਰਾਹੇ ਬੱਸ ਰੁਕੀ ਤਾਂ ਦੇਵ ਸੁਰੇਖਾ ਦੀਆਂ ਅੱਖਾਂ ਵਿਚ ਦੇਖਦਾ ਹੇਠ ਉੱਤਰ ਗਿਆ। ਉਹ ਵੀ ਬਾਰੀ ਵਿੱਚੋਂ ਤੁਰੇ ਜਾਂਦੇ ਦੇਵ ਵੱਲ ਦੇਖਦੀ ਰਹੀ।

**00**

# ਇਕ ਸੌ ਛੱਬੀ

ਐਤਵਾਰ ਸੀ। ਦੇਵ ਦੇ ਕੁਲੀਗ ਤ੍ਰਿਪਤ ਦੇ ਛੋਟੇ ਭਰਾ ਦਾ ਵਿਆਹ ਸੀ। ਬਰਾਤ ਨੇ ਦਸ ਕੁ ਵਜੇ ਰਾਜਪੁਰੇ ਲਈ ਰਵਾਨਾ ਹੋਣਾ ਸੀ। ਉਨ੍ਹਾ ਦੇ ਕੁਝ ਸਾਂਝੇ ਦੋਸਤ ਸਨ, ਜਿਨ੍ਹਾਂ ਨੇ ਬਰਾਤ ਵਿਚ ਸ਼ਾਮਲ ਹੋਣ ਲਈ ਪਹਿਲਾਂ ਦੇਵ ਦੇ ਘਰ ਆਉਣਾ ਸੀ। ਆਉਂਦਿਆਂ ਦੀ ਖਾਤਰਦਾਰੀ ਕਰਨ ਲਈ ਤ੍ਰਿਪਤ ਕੁਝ ਮਠਿਆਈ ਤੇ ਠੰਡੇ ਦੇਵ ਦੇ ਘਰ ਰੱਖ ਗਿਆ ਸੀ। ਦੇਵ ਅਤੇ ਉਸ ਦੇ ਦੋਸਤਾਂ ਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਸੀ ਕਿ ਮੁੰਡੇ ਨੇ ਆਪਣੇ ਸਕੇ ਮਾਮੇ ਦੀ ਕੁੜੀ ਨੂੰ ਵਿਆਹੁਣ ਜਾਣਾ ਸੀ। ਕੱਲ੍ਹ ਹੀ ਦੇਵ ਛੇ ਕੁਰਸੀਆਂ ਅਤੇ ਇਕ ਸਨਮਾਇਕੇ ਵਾਲ਼ਾ ਟੇਬਲ ਖਰੀਦ ਲਿਆਇਆ ਸੀ ਤੇ ਉਨ੍ਹਾਂ ਨੂੰ ਅੰਬਾਂ ਹੇਠ ਹੀ ਡਾਹ ਦਿੱਤਾ ਸੀ। ਕੋਕਾ ਕੋਲਾ ਪਿਲਾਉਣ ਲਈ ਛੇ ਗਿਲਾਸ ਵੀ ਉਹ ਕੱਲ੍ਹ ਹੀ ਲੈ ਕੇ ਆਇਆ ਸੀ। ਇਹ ਸਭ ਕੁਝ ਇਸ ਲਈ ਕੀਤਾ ਸੀ ਕਿ ਦੋਸਤਾਂ ਤੇ ਆਪਣੀ ਠਾਠ-ਬਾਠ ਦਾ ਪ੍ਰਭਾਵ ਪਾ ਸਕੇ। ਉਸ ਨੇ ਆਪਣੀ ਬੇਬੇ ਨੂੰ ਵੀ ਨਵਾਂ ਸੂਟ ਅਤੇ ਜੁਰਾਬਾਂ ਨਾਲ਼ ਗੁਰਗਾਬੀ ਪਾਉਣ ਨੂੰ ਆਖ ਦਿੱਤਾ ਸੀ। ਅੱਠ ਕੁ ਵਜੇ ਤੱਕ ਦੇਵ ਕੱਪੜੇ ਪਾ ਕੇ ਤਿਆਰ ਹੋ ਕੇ ਅੰਬਾਂ ਹੇਠ ਬੈਠ ਅਖ਼ਬਾਰ ਪੜ੍ਹਨ ਲੱਗ ਪਿਆ। ਪਹਿਲਾਂ ਉਹ ਅਖ਼ਬਾਰ ਸਕੂਲ ਵਿਚ ਹੀ ਪੜ੍ਹ ਲਿਆ ਕਰਦਾ ਸੀ, ਪਰ ਅੱਜ ਉਚੇਚ ਨਾਲ਼ ਅੰਗਰੇਜ਼ੀ ਟ੍ਰਿਬਿਊਨ, ਅਕਾਲੀ ਪੱਤ੍ਰਿਕਾ ਤੇ ਅਜੀਤ ਉਸਨੇ ਬਾਹਰ ਪਏ ਮੇਜ਼ ਉੱਤੇ ਰੱਖੇ ਹੋਏ ਸਨ। ਬਾਹਰ ਵਾਲ਼ਾ ਗੇਟ ਖੜਕਿਆ ਤਾਂ ਉਸ ਨੇ ਸੋਚਿਆ ਕਿ ਉਸ ਦੇ ਦੋਸਤ ਮਾਸਟਰ ਆਉਣੇ ਸ਼ੁਰੂ ਹੋ ਗਏ ਹੋਣਗੇ, ਪਰ ਜਦੋਂ ਜਾ ਕੇ ਗੇਟ ਖੋਲ੍ਹਿਆ ਤਾਂ ਬਾਹਰ ਪ੍ਰਿੰਸੀਪਲ ਵਰਮਾ ਜੀ ਖੜ੍ਹੇ ਮੁਸਕਰਾ ਰਹੇ ਸਨ। ਉਨ੍ਹਾਂ ਦੇ ਨਾਲ਼ ਕੁਝ ਵੱਧ ਉਮਰ ਦੇ ਇਕ ਮਰਦ ਤੇ ਔਰਤ ਵੀ ਖੜ੍ਹੇ ਸਨ। ਦੇਵ ਨੇ ਤਿੰਨਾਂ ਦੇ ਪੈਰੀਂ ਹੱਥ ਲਾਏ ਤੇ ਉਨ੍ਹਾਂ ਨੂੰ ਅੰਦਰ ਲੈ ਜਾ ਕੇ ਕੁਰਸੀਆਂ ਤੇ ਬਿਠਾਲ਼ ਦਿੱਤਾ। ਵਰਮਾ ਜੀ ਨੇ ਦੱਸਿਆ ਕਿ ਔਰਤ ਉਨ੍ਹਾਂ ਦੀ ਵੱਡੀ ਭੈਣ ਸੀ ਤੇ ਨਾਲ਼ ਵਾਲ਼ਾ ਭਣੋਈਆ ਸੀ, ਜਿਸ ਦਾ ਨਾਂ ਖੇਮ ਚੰਦ ਗੋਗਨਾ ਸੀ। ਉਹ ਚੰਡੀਗੜ੍ਹ ਸਿੰਜਾਈ ਵਿਭਾਗ ਵਿੱਚੋਂ ਡਿਪਟੀ ਡਾਇਰੈਕਟਰ ਰਿਟਾਇਰ ਹੋਇਆ ਸੀ। ਉਹ ਮੋਹਾਲੀ ਅੱਠ ਫੇਜ਼ ਵਿਚ ਆਪਣੀ ਕੋਠੀ ਵਿਚ ਰਹਿ ਰਹੇ ਸਨ। ਉਨ੍ਹਾ ਦੀ ਇਕਲੌਤੀ ਧੀ ਵਰਮਾ ਜੀ ਕੋਲ਼ ਲੁਧਿਆਣੇ ਹੀ ਬੀ. ਐਡ. ਵਿਚ ਪੜ੍ਹਦੀ ਸੀ। ਵਰਮਾ ਜੀ ਦੋ ਦਿਨ ਪਹਿਲਾਂ ਚੰਡੀਗੜ੍ਹ ਗਏ ਸਨ ਤੇ ਹੁਣ ਖੇਮ ਚੰਦ ਦੀ ਕਾਰ ਉੱਤੇ ਹੀ ਲੁਧਿਆਣੇ ਨੂੰ ਜਾਣ ਸਮੇਂ ਦੇਵ ਕੋਲ਼ ਦੋਰਾਹੇ ਆ ਗਏ ਸਨ।

'ਦੇਵ ਤੈਨੂੰ ਵਧਾਈ ਦੇਣ ਆਇਆ ਹਾਂ। ਬੁੱਝ ਕਾਹਦੀ?' ਵਰਮਾ ਜੀ ਨੇ ਹੱਸ ਕੇ ਕਿਹਾ।

'ਸਰ ਮੈਨੂੰ ਕਾਹਦੀ ਵਧਾਈ?' ਦੇਵ ਨੇ ਹੈਰਾਨ ਹੋ ਕੇ ਪੁੱਛਿਆ। ਜਦ ਨੂੰ ਉਸ ਦੀ ਬੇਬੇ ਵੀ ਸੌਦਿਆ ਦੇ ਦੋ ਥੈਲੇ ਹੱਥਾਂ' ਚ ਲਮਕਾਈ ਅੰਦਰ ਆ ਵੜੀ। ਨਵਾਂ ਸੂਟ, ਦੁੱਧ ਚਿੱਟੀ ਚੁੰਨੀ ਤੇ ਪੈਰਾਂ' ਚ ਜੁਰਾਬਾਂ ਨਾਲ਼ ਗੁਰਗਾਬੀ, ਉਹ ਤਾਂ ਅੱਜ ਪਛਾਣੀ ਹੀ ਨਹੀਂ ਸੀ ਜਾ ਰਹੀ। ਦੇਵ ਨੇ ਉੱਠ ਕੇ ਦੋਨੋਂ ਝੋਲ਼ੇ ਫੜ ਲਏ ਤੇ ਉਸ ਦੀ ਉਨ੍ਹਾਂ ਨਾਲ਼ ਜਾਣ-ਪਛਾਣ ਕਰਵਾ ਦਿੱਤੀ। ਵਰਮਾ ਜੀ ਬੋਲੇ, 'ਭੈਣ ਜੀ, ਤੁਹਾਨੂੰ ਵਧਾਈਆਂ। ਤੁਹਾਡੇ ਪੁੱਤ ਦੀ ਤਰੱਕੀ ਹੋ ਗਈ ਹੈ।

ਉਹ ਲੈਕਚਰਾਰ ਬਣ ਗਿਆ ਹੈ।'

'ਸਰ, ਫੇਰ ਤਾਂ ਤੁਹਾਨੂੰ ਵਧਾਈਆਂ।' ਆਪਣੀ ਬੇਬੇ ਤੋਂ ਪਹਿਲਾਂ ਦੇਵ ਬੋਲ ਪਿਆ। ਉਸਦੀ ਬੇਬੇ ਉਨ੍ਹਾਂ ਲਾਗੇ ਕੁਰਸੀ ਤੇ ਬੈਠ ਗਈ। ਦੇਵ ਅੰਦਰ ਜਾ ਕੇ ਇਕ ਪਲੇਟ ਵਿਚ ਮਠਿਆਈ ਤੇ ਠੰਡੇ ਦੀਆਂ ਬੋਤਲਾਂ ਚੁੱਕ ਲਿਆਇਆ।

'ਨਹੀਂ ਕਾਕਾ ਜੀ, ਖਾਣਾ ਪੀਣਾ ਹੁਣ ਕੁਝ ਨਹੀਂ।'

'ਨਹੀਂ ਜੀ ਲਓ ਤੁਸੀਂ ਮੂੰਹ ਮਿੱਠਾ ਕਰੋ।' ਦੇਵ ਦੀ ਬੇਬੇ ਪਲੇਟ ਚੁੱਕ ਕੇ ਉਨ੍ਹਾਂ ਮੂਹਰੇ ਕਰਨ ਲੱਗੀ।

'ਸਰ, ਲਿਸਟ ਕਦੋਂ ਆਈ?' ਦੇਵ ਉਨ੍ਹਾਂ ਲਾਗੇ ਬੈਠਦਾ ਬੋਲਿਆ।

'ਡੀ. ਪੀ. ਆਈ. ਦਫ਼ਤਰ ਵਿਚ ਹੀ ਏ, ਅਜੇ ਤਾਂ। ਛੇਤੀ ਆਊਟ ਹੋ ਜਾਵੇਗੀ।'

ਜਦੋਂ ਦੇਵ ਦੀ ਬੇਬੇ ਮੁੜ ਮੁੜ ਪਲੇਟ ਉਨ੍ਹਾਂ ਅੱਗੇ ਕਰੇ ਦੇਵ ਨੂੰ ਚੰਗਾ ਲੱਗੇ। ਉਹ ਔਰਤ ਕਹੀ ਜਾਵੇ, 'ਨਹੀਂ ਭੈਣ ਜੀ, ਬਹੁਤ ਖਾ ਲਿਆ। ਹੋਰ ਨਹੀਂ ਲੋੜ ਹੁਣ। ਘਰੋਂ ਨਾਸ਼ਤਾ ਕਰ ਕੇ ਚੱਲੇ ਸੀ।'

'ਠੀਕ ਏ ਜੀ ਫਿਰ ਹੁਣ ਦੁਪਹਿਰ ਦੀ ਰੋਟੀ ਇੱਥੇ ਖਾਣੀ ਪਵੇਗੀ।' ਦੇਵ ਨੇ ਕਿਹਾ।

'ਨਹੀਂ ਬੇਟਾ.... ਹੁਣ ਅਸੀਂ ਛੇਤੀ ਜਾਣਾ ਏਂ।' ਔਰਤ ਨੇ ਕਿਹਾ।

'ਬੇਟਾ ਕਿੰਨੀ ਦੂਰ ਏ ਸਕੂਲ ਤੁਹਾਡਾ?' ਖੇਮ ਚੰਦ ਨੇ ਪੁੱਛਿਆ।

'ਜੀ ਬੱਸ ਸਕੂਟਰ ਤੇ ਵੀਹ ਕੁ ਮਿੰਟ ਦਾ ਰਸਤਾ ਏ।' ਦੇਵ ਨੇ ਦੱਸਿਆ।

'ਦੇਖੋ ਜੀ ਦੇਵ ਲੈਕਚਰਾਰ ਤਾਂ ਬਣ ਹੀ ਗਿਆ ਏ। ਚਾਰ ਛੇ ਸਾਲਾਂ ਵਿੱਚ ਪ੍ਰਿੰਸੀਪਲ ਬਣ ਜਾਵੇਗਾ।' ਵਰਮਾ ਜੀ ਬੋਲੇ।

ਦੇਵ ਦੀ ਬੇਬੇ ਉੱਠ ਕੇ ਕਮਰੇ ਅੰਦਰ ਗਈ ਤਾਂ ਵਰਮਾ ਜੀ ਦੀ ਭੈਣ ਵੀ ਉਸ ਦੇ ਮਗਰ ਚਲੀ ਗਈ। ਉਹ ਕਾਫ਼ੀ ਦੇਰ ਅੰਦਰ ਗੱਲਾਂ ਕਰਦੀਆਂ ਰਹੀਆਂ। ਵਰਮਾ ਜੀ ਨੇ ਉੱਠ ਕੇ ਹਾਕ ਮਾਰੀ, 'ਸਵਿੱਤਰੀ ਭੈਣ ਆਓ ਫੇਰ ਚੱਲੀਏ।'

ਉਹ ਚਲੇ ਗਏ ਤਾਂ ਉਹ ਦੋਨੋਂ ਜਣੇ ਇਸ ਗੱਲੋਂ ਖੁਸ਼ ਹੋਏ ਕਿ ਉਨ੍ਹਾਂ ਨੇ ਮਹਿਮਾਲਾਂ ਦੀ ਅਮੀਰਾਂ ਵਾਂਗ ਖਾਤਰਦਾਰੀ ਕੀਤੀ ਸੀ। ਅੰਬਾਂ ਹੇਠ ਕੁਰਸੀਆਂ ਸਜੀਆਂ ਪਈਆਂ ਸਨ। ਉਨ੍ਹਾਂ ਨੇ ਤਾਂ ਕੋਕਾ ਕੋਲਾ ਕਦੀ ਘਰ ਵਾੜਿਆ ਹੀ ਨਹੀਂ ਸੀ। ਉਹ ਉਨ੍ਹਾਂ ਤੋਂ ਜ਼ਰੂਰ ਪ੍ਰਭਾਵਤ ਹੋਏ ਹੋਣਗੇ। ਜੇ ਖਾਣ-ਪੀਣ ਦਾ ਸਮਾਨ ਘਰ ਨਾ ਹੁੰਦਾ ਤਾਂ ਉਸ ਦੀ ਬੇਬੇ ਨੇ ਭੂਕਨੇ ਨਾਲ਼ ਚੁੱਲ੍ਹੇ ਵਿਚ ਫੂਕਾਂ ਮਾਰਦੇ ਹੋਣਾ ਸੀ। ਜੇ ਤ੍ਰਿਪਤ ਦੇ ਭਰਾ ਦੇ ਵਿਆਹ ਵਿਚ ਨਾ ਜਾਣਾ ਹੁੰਦਾ ਤਾਂ ਦੇਵ ਨੇ ਬਿਨਾਂ ਨਾਤ੍ਹੇ-ਧੋਏ ਵਿਹੜੇ ਵਿਚ ਕੱਛਾ ਪਾਈ ਬੈਠਾ ਹੋਣਾ ਸੀ।

'ਉਹ ਔਰਤ ਬੜੀਆਂ ਗੱਲਾਂ ਪੁੱਛ ਰਹੀ ਸੀ, ਕੀ ਚੱਕਰ ਏ?' ਦੇਵ ਦੀ ਬੇਬੇ ਬੋਲੀ।

'ਚੱਕਰ ਕੀ ਹੋਣਾ ਏਂ? ਬੁੜੀਆਂ ਨੂੰ ਆਦਤ ਹੁੰਦੀ ਏ।' ਦੇਵ ਬੋਲਿਆ।

'ਮੈਨੂੰ ਸ਼ੱਕ ਪੈਂਦੀ ਏ ਦੇਵ? ਇਹਨਾਂ ਦੀ ਜ਼ਰੂਰ ਕੋਈ ਕੁੜੀ ਹੋਵੇਗੀ।'

'ਕਾਹਨੂੰ ਲਾਲ਼ਾਂ ਸੁੱਟਦੀ ਏਂ ਬੇਬੇ। ਇਹ ਬੜੇ ਲੋਕ ਨੇ ਕੋਠੀਆਂ ਕਾਰਾਂ ਵਾਲ਼ੇ। ਤੈਨੂੰ ਧੀ ਦੇਣਗੇ?'

'ਤੂੰ ਪੜ੍ਹਿਆਂ-ਲਿਖਿਆ ਏਂ। ਹੁਣ ਤਾਂ ਵੱਡਾ ਮਾਸਟਰ ਵੀ ਬਣ ਗਿਆ। ਹੋਰ ਇਨ੍ਹਾਂ

ਨੇ ਕੀ ਕਰਨ ਆਉਣਾ ਸੀ ਐਥੇ? ਮੇਰੀ ਮੰਨੇ ਇਹ ਤੈਨੂੰ ਦੇਖਣ ਆਏ ਸੀ।'

'ਕੁੜੀ ਤਾਂ ਇਕ ਹੈਗੀ ਇਨਾਂ ਦੀ... ਲੁਧਿਆਣੇ ਆਪਣੇ ਮਾਮੇ ਕੋਲ਼ ਰਹਿ ਕੇ ਬੀ. ਐਡ. ਕਰਦੀ ਏ। ਅੱਜ ਹੀ ਗੱਲ ਕਰਦਾ ਸੀ ਵਰਮਾ ਜੀ।'

'ਦੇਖ ਪੁੱਤ ਜੇ ਇਨ੍ਹਾਂ ਨੇ ਗੱਲ ਤੋਰੀ ਤਾਂ ਤੂੰ ਹਾਂ ਕਰ ਦਵੀਂ। ਖਹਿੜਾ ਛੱਡ ਖੰਨੇ ਵਾਲ਼ੀ ਦਾ।'

'ਰਹਿਣ ਦੇ ਤੂੰ... ਐਵੇਂ ਨਾ ਉਡਾਰੀਆਂ ਮਾਰਿਆ ਕਰ। ਕਿੱਥੇ ਰਾਜਾ ਭੋਜ ਤੇ ਕਿੱਥੇ ਕਾਂਗੜਾ ਤੇਲੀ।' ਦੇਵ ਹੱਸਿਆ।

ਵੋਟਾਂ ਦੀ ਅਗਲੀ ਰਿਹੱਰਸਲ ਮਗਰੋਂ ਤੈਅ ਪ੍ਰੋਗਰਾਮ ਮੁਤਾਬਕ ਵਰਮਾ ਜੀ ਦੇਵ ਨੂੰ ਆਪਣੀ ਕੋਠੀ ਲੈ ਗਏ। ਪਿਛਲੀ ਮਿਲਣੀ ਸਮੇਂ ਜਿਹੜੀ ਕੁੜੀ ਡਰਾਇੰਗ ਰੂਮ ਵਿਚ ਆਪਣੇ ਭਰਾ ਨਾਲ਼ ਬੈਠੀ ਪੜ੍ਹ ਰਹੀ ਸੀ, ਉਹ ਤੇ ਇਕ ਹੋਰ ਲੰਬੇ ਕੱਦ ਵਾਲ਼ੀ ਸੁਹਣੀ ਤੇ ਹੁੰਦੜ-ਹੇਲ ਕਟੇ ਵਾਲ਼ਾ ਵਾਲ਼ੀ ਕੁੜੀ, ਜਿਸਨੇ ਲਾਲ ਰੰਗ ਦਾ ਗਰਾਰਾ ਅਤੇ ਹਰੀਆਂ ਪੀਲ਼ੀਆਂ ਡੱਬੀਆਂ ਵਾਲ਼ਾ ਉੱਚਾ ਝੱਗਾ ਪਾਇਆ ਹੋਇਆ ਸੀ, ਗੇਟ ਦੇ ਲਾਗੇ ਹੀ ਮੇਜ਼ ਲਾ ਕੇ ਪਪੀਤੇ ਤੋੜ ਰਹੀਆਂ ਸਨ। ਉਹ ਵੱਡੀ ਕੁੜੀ ਜਦੋਂ ਟੱਪਦੀ ਉਸ ਦੇ ਨਿੱਕੇ ਨਿੱਕੇ ਵਾਲਾਂ ਦਾ ਮੂੰਹ ਤੇ ਛਾਉਰਾ ਹੋ ਜਾਂਦਾ। ਉਨ੍ਹਾਂ ਨੂੰ ਦੇਖ ਉਹ ਜਿਵੇਂ ਘਬਰਾ ਗਈ। ਉਸ ਨੇ ਅੱਖਾਂ ਚੌੜੀਆਂ ਕਰ ਕੇ ਦੇਵ ਵੱਲ ਦੇਖਿਆ ਤੇ ਮੇਜ਼ ਤੋਂ ਛਾਲ਼ ਮਾਰ ਕੇ ਕਮਰੇ ਅੰਦਰ ਦੌੜ ਗਈ। ਦੇਵ ਸਮਝ ਗਿਆ ਕਿ ਇਹੀ ਹੋਵੇਗੀ ਉਹ ਕੁੜੀ ਜੋ ਬੀ. ਐਡ. ਕਰ ਰਹੀ ਸੀ। ਛੋਟੀ ਕੁੜੀ ਨੇ ਹੱਥ ਜੋੜ ਕੇ ਦੇਵ ਨੂੰ ਨਮਸਤੇ ਕਹੀ। ਵਰਮਾ ਜੀ ਤੇ ਦੇਵ ਡਰਾਇੰਗ ਰੂਮ ਵਿਚ ਸੋਫ਼ਿਆਂ ਤੇ ਜਾ ਬੈਠੇ। ਉਹੀ ਵੱਡੀ ਸ਼ਰਮਾਕਲ ਜਿਹੀ ਕੁੜੀ ਕੋਕਾ ਕੋਲਾ ਦੇ ਦੋ ਗਿਲਾਸ ਟਰੇਅ ਵਿਚ ਰੱਖ ਅੰਦਰ ਵੜੀ। ਉਸ ਨੇ ਬਿਨਾਂ ਬੋਲੇ ਦੇਵ ਵੱਲ ਨੂੰ ਦੇਖਦਿਆਂ ਸਿਰ ਝੁਕਾਇਆ ਤੇ ਟਰੇਅ ਮੇਜ਼ ਉੱਤੇ ਰੱਖ ਵਾਪਸ ਮੁੜ ਗਈ। ਦੇਵ ਨੇ ਉਸ ਦੇ ਸਡੌਲ ਸ਼ਰੀਰ ਵੱਲ ਦੇਖਿਆ। ਉਸ ਨੇ ਸੋਚਿਆ ਕਿ ਵਿਹਲੇ ਲੋਕਾਂ ਨੂੰ ਰੱਬ ਵੀ ਵਿਹਲੇ ਸਮੇਂ ਬੜੀ ਰੀਝ ਨਾਲ਼ ਬਣਾਉਂਦਾ ਹੋਵੇ ਗਾ।' ਕੱਲੇ' ਕੱਲੇ ਅੰਗ ਨੂੰ ਕਿਸੇ ਕਲਾਕਾਰ ਵਾਂਗ ਘੜਦਾ ਹੋਵੇਗਾ। ਵਰਮਾ ਜੀ ਬੋਲੇ, ' ਇਹ ਮੇਰੀ ਭਾਣਜੀ ਏ ਇੰਦਰਾ। ਐਮ. ਏ. ਇਕਨਾਮਿਕਸ ਕੀਤੀ ਹੋਈ ਏ। ਮਾਲਵਾ ਕਾਲਜ ਤੋਂ ਬੀ. ਐਡ ਕਰਦੀ ਏ। ਅਸੀਂ ਇਹਦਾ ਨਾਂ 'ਥਰੂ ਆਊਟ ਫ਼ਸਟ' ਰੱਖਿਆ ਹੋਇਆ ਏ। ਪੜ੍ਹਾਈ ਵਿਚ ਹਮੇਸ਼ਾ ਮੂਹਰੇ ਰਹੀ ਏ। ਬਾਸਕਟਬਾਲ ਦੀ ਨੈਸ਼ਨਲ ਪੱਧਰ ਦੀ ਪਲੇਅਰ ਏ। ਕੋਕਾ ਕੋਲਾ ਲਵੋ।'

ਦੇਵ ਗਿਲਾਸ ਚੁੱਕ ਕੇ ਘੁੱਟਾ-ਬਾਟੀ ਕਰਦਾ ਸੋਚਣ ਲੱਗਾ ਕਿ ਕਿੰਨਾ ਭਾਗਸ਼ਾਲੀ ਹੋਵੇਗਾ ਉਹ ਬੰਦਾ ਜਿਸ ਦੀ ਝੋਲੀ' ਚ ਇਹ ਪਰੀ ਡਿਗੇਗੀ। ਦੇਵ ਦਾ ਧਿਆਨ ਬਾਹਰ ਰਸੋਈ ਵੱਲ ਗਿਆ, ਜਿਸ ਦੇ ਗੇਟ ਵਿਚ ਇੰਦਰਾ ਖੜ੍ਹੀ ਉਸੇ ਵੱਲ ਦੇਖ ਰਹੀ ਸੀ ਤੇ ਛੋਟੀ ਕੁੜੀ ਨੇ ਉਸਦੇ ਲੱਕ ਨੂੰ ਜੱਫਾ ਮਾਰਿਆ ਹੋਇਆ ਸੀ। ਅੱਖਾਂ ਮਿਲਣ ਤੇ ਉਹ ਪਿੱਠ ਘੁਮਾ ਕੇ ਰਸੋਈ ਵਿਚ ਜਾ ਵੜੀ। ਦੇਵ ਹੈਰਾਨ ਹੋਇਆ ਕਿ ਐਨੀ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਉਹ ਕਿੰਨੀਂ ਸ਼ਰਮਾਕਲ ਸੀ।

ਵਰਮਾ ਜੀ ਨੇ ਆਪਣੀ ਰਾਮ ਕਹਾਣੀ ਛੇੜ ਲਈ। ਉਹ ਆਪਣੇ ਸੰਘਰਸ਼ਮਈ ਜੀਵਨ

ਦੀ ਗਾਥਾ ਸੁਣਾਉਣ ਲੱਗੇ ਕਿ ਕਿਵੇਂ ਉਹ ਕਿਸੇ ਸਮੇਂ ਸਕੂਲ ਪੜ੍ਹਕੇ ਆਉਣ ਮਗਰੋਂ ਪਿੰਡ ਦੇ ਲੁਹਾਰ ਕੋਲ਼ ਹਥੌੜੇ ਮਾਰ ਮਾਰ ਫਾਲ਼ੇ ਚੰਡਵਾਇਆ ਕਰਦੇ ਸਨ। ਕਿਵੇਂ ਪੜ੍ਹਾਈ ਅਤੇ ਸਖ਼ਤ ਮਿਹਨਤ ਨੇ ਉਨ੍ਹਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਇਆ। ਕਹਾਣੀ ਉਨ੍ਹਾਂ ਦੀ ਲੰਬੀ ਸੀ, ਉਹ ਉਦੋਂ ਚੁੱਪ ਹੋਏ ਜਦੋਂ ਉਨ੍ਹਾਂ ਦੀ ਪਤਨੀ ਪਾਰਬਤੀ ਵੀ ਉਨ੍ਹਾਂ ਕੋਲ਼ ਆ ਬੈਠੀ। ਗੱਲਾਂ ਗੱਲਾਂ ਵਿਚ ਹੀ ਉਹ ਬੋਲੀ, 'ਆਗਰੇ ਮੇਰਾ ਇਕ ਭਤੀਜਾ ਪੜ੍ਹਦਾ ਸੀ। ਉੱਥੇ ਉਸ ਨੇ ਐਮ. ਐਸ. ਡਬਲਿਊ ਕੀਤੀ ਸੀ।'

'ਇਹ ਕੋਰਸ ਕਰਨ ਵਾਲ਼ੇ ਕਈ ਮੁੰਡੇ ਮੇਰੇ ਦੋਸਤ ਸਨ ਜੀ। ਉੱਥੇ ਕਾਫ਼ੀ ਸਰਦਾਰ ਪੜ੍ਹਦੇ ਸੀ। ਕੀ ਨਾਂ ਸੀ ਉਸਦਾ?'

'ਸਰਦਾਰ ਨਹੀਂ ਉਹ ਮੋਨਾ ਏਂ, ਦੇਸ ਰਾਜ ਆਸ਼ਟ।'

'ਹਾਂ ਜੀ, ਮੋਨੇ ਵੀ ਬਥੇਰੇ ਪੜ੍ਹਦੇ ਸਨ ਉੱਥੇ।' ਦੇਵ ਦੀ ਗੱਲ ਸੁਣ ਕੇ ਉਹ ਦੋਨੋਂ ਹੱਸੇ । ਉਹ ਕਿਉਂ ਹੱਸੇ ਸਨ ਦੇਵ ਨੂੰ ਸਮਝ ਨਾ ਆਈ।

'ਹੁਣ ਕੀ ਕਰਦਾ ਏ ਜੀ ਉਹ?'

'ਸਟੇਟ ਬੈਂਕ' ਚ ਫੀਲਡ ਅਫ਼ਸਰ ਏ।'

'ਮੈਂ ਵੀ ਜੀ ਇਕ ਵਾਰੀ ਬੈਂਕ ਦੀ ਨੌਕਰੀ ਵਿਚ ਫਸਣ ਲੱਗਾ ਸੀ, ਬਚ ਗਿਆ। ਬੜੀ ਬਕਵਾਸ ਨੌਕਰੀ ਏ ਜੀ, ਬੈਂਕ ਦੀ ਤਾਂ।' ਇਹ ਗੱਲ ਦੇਵ ਦੇ ਮੂੰਹੋਂ ਐਵੇਂ ਨਿਕਲ਼ ਗਈ। ਉਸ ਨੂੰ ਇਹ ਕਹਿਣ ਤੇ ਪਛਤਾਵਾ ਜਿਹਾ ਹੋਇਆ। ਪਾਰਬਤੀ ਮੁੜ ਕੋਈ ਗੱਲ ਬੋਲੀ ਹੀ ਨਹੀਂ ਸੀ।

ਰੋਟੀ ਖਾਣ ਤੋਂ ਪਹਿਲਾਂ ਵਰਮਾ ਜੀ ਨੇ ਦੋ ਤਿੰਨ ਪੈੱਗ ਵਿਸਕੀ ਦੇ ਲਾਏ। ਲਾਲ ਸਾੜ੍ਹੀ ਵਾਲ਼ੀ ਨੌਕਰਾਣੀ ਇਕ ਡੌਂਗਾ ਤੇ ਦੋ ਕੌਲੀਆਂ ਚਮਚੇ ਮੇਜ਼ ਤੇ ਰੱਖ ਕੇ ਮੁੜਨ ਲੱਗੀ ਤਾਂ ਵਰਮਾ ਜੀ ਬੋਲੇ, 'ਇਹ ਕੀ ਏ?'

'ਚਿਕਨ ਏ ਬਾਊ ਜੀ।'

'ਬਈ ਇਹ ਤਾਂ ਨਾਨ-ਵੈਜ ਲੈਂਦੇ ਨਹੀਂ।'

'ਨਹੀਂ ਸਰ, ਉਸ ਦਿਨ ਮੈਂ ਆਮਲੇਟ ਨਹੀਂ ਸੀ ਖਾਧਾ। ਘਰ ਜਾ ਕੇ ਬੇਬੇ ਨੂੰ ਦੱਸਿਆ ਤਾਂ ਉਹ ਕਹਿੰਦੀ, ਸਾਰੇ ਭਰਾ ਖਾਂਦੇ ਨੇ, ਮੈਂ ਵੀ ਖਾ ਲਿਆ ਕਰਾਂ। ਅੱਜ ਤੁਹਾਡਾ ਸਾਥ ਦਿਆਂਗਾ।'

'ਠੀਕ ਏ, ਆਹ ਹੋਈ ਨਾ ਸਪੱਸ਼ਟ ਗੱਲ। ਮੈਂ ਤੇਰੇ ਵਰਗੇ ਬੰਦਿਆਂ ਨੂੰ ਬਹੁਤ ਪਸੰਦ ਕਰਦਾ ਹਾਂ ਦੇਵ।' ਉਹ ਬੋਲੇ ਤੇ ਦੇਵ ਲਈ ਵਿਸਕੀ ਦਾ ਇਕ ਪੈੱਗ ਤਿਆਰ ਕਰ ਕੇ ਬੋਤਲ ਵੀ ਮੇਜ਼ ਤੇ ਲਿਆ ਰੱਖੀ।

ਦੇਵ ਨੇ ਪੈੱਗ ਫੜ ਲਿਆ ਤੇ ਪੀਣ ਲੱਗਾ। ਕੌਲੀਆਂ ਵਿਚ ਚਿਕਨ ਵਰਮਾ ਜੀ ਆਪ ਹੀ ਪਾਈ ਗਏ। ਦੇਵ ਖਾਈ ਗਿਆ। ਉਹ ਉਸ ਲਈ ਦੂਜਾ ਪੈੱਗ ਬਣਾਉਂਦੇ ਬੋਲੇ, 'ਦੇਵ ਇਹ ਤਾਂ ਦਵਾਈ ਏ ਯਾਰ। ਰਹੀ ਗੱਲ ਮੀਟ ਦੀ। ਕੱਦੂ ਦੀ ਵੇਲ ਨੂੰ ਪਹਿਲਾਂ ਫੁੱਲ ਲੱਗਦਾ ਏ। ਫਿਰ ਚੂੰਆਂ ਬਣਦਾ ਏ। ਹੌਲ਼ੀ-ਹੌਲ਼ੀ ਐਨਾ ਵੱਡਾ ਕੱਦੂ ਬਣ ਜਾਂਦਾ ਏ। ਉਹ ਜਿਉਂਦਾ ਏ, ਤਦੇ ਵਧਦਾ ਏ। ਜਦੋਂ ਤੋੜ ਲੈਂਦੇ ਹਾਂ ਫੇਰ ਕਿਉਂ ਨੀ ਵਧਦਾ?'

'ਜੀ ਉਹ ਮਰ ਜਾਂਦਾ ਏ, ਫੇਰ ਕੀ ਵਧਣਾ ਏਂ।' ਦੇਵ ਨੇ ਲੋਰ ਵਿਚ ਕਿਹਾ।

'ਕਰੈਕਟ.... ਮੁਰਗੀ ਆਂਡਾ ਦਿੰਦੀ ਏ। ਆਂਡੇ' ਚੋਂ ਚੂਜ਼ਾ ਨਿਕਲ਼ਦਾ ਏ। ਉਹ ਦਾਣੇ ਚੁਗਦੈ। ਵਧਦਾ ਫੁੱਲਦੈ। ਗਰਦਣ ਕੱਟ ਦਿਓ, ਮਰ ਜਾਂਦਾ ਏ। ਫਿਰ ਕੱਦੂ ਤੇ ਮੁਰਗੇ' ਚ ਫਰਕ ਕੀ ਹੋਇਆ? ਦੱਸੋ ਮੈਨੂੰ ਦੇਵ?' ਵਰਮਾ ਜੀ ਨੇ ਮੁਰਗੇ ਦੀ ਟੰਗ ਚੁੱਕ ਕੇ ਦੇਵ ਦੇ ਮੂਹਰੇ ਨੂੰ ਕਰ ਦਿੱਤੀ। ਉਹ ਟੰਗ ਫੜਕੇ ਚੂੰਡਣ ਲੱਗ ਪਿਆ। ਉਨ੍ਹਾਂ ਦੀ ਪਤਨੀ ਪਾਰਬਤੀ ਉੱਠ ਕੇ ਗਈ ਤਾਂ ਵਰਮਾ ਜੀ ਨੇ ਪਹਿਲਾਂ ਆਪ ਇਕ ਪੈੱਗ ਹੋਰ ਲਾ ਲਿਆ ਤੇ ਇਕ ਦੇਵ ਲਈ ਪਾ ਦਿੱਤਾ। ਦੇਵ ਨੇ ਉਹ ਚੁੱਕਿਆ ਤੇ ਇੱਕੋ ਡੀਕ' ਚ ਪੀ ਕੇ ਮੁਰਗਾ ਖਾਣ ਲੱਗਾ। ਫਿਰ ਇਕ ਪੈੱਗ ਆਪ ਹੀ ਪਾ ਲਿਆ।

'ਅੱਜ ਤੁਹਾਡਾ ਕਹਿਣਾ ਨਹੀਂ ਮੋੜ ਸਕਿਆ ਵਰਮਾ ਜੀ। ਜੇ ਬੇਬੇ ਨੂੰ ਪਤਾ ਲੱਗ ਗਿਆ ਕਿ ਪੀਤੀ ਵੀ ਹੈ ਤਾਂ ਖੈਰ ਨਹੀਂ।'

'ਬੱਸ ਬੇਬੇ ਤੋਂ ਟੇਢ ਵੱਟ ਲੈਣੀ। ਸ਼ਰਾਬ ਨੂੰ ਕੋਈ ਵੀ ਔਰਤ ਨਹੀਂ ਜ਼ਰਦੀ ਹੁੰਦੀ। ਪਾਰਬਤੀ ਵੀ ਤੇਰੇ ਬੈਠੇ ਹੋਣ ਕਰਕੇ ਨਹੀਂ ਬੋਲੀ। ਮਗਰੋਂ ਬੋਲੂ, ਫੇਰ ਆਪਾਂ ਨੀ ਬੋਲਣਾ।'

ਉਹ ਸਕੂਟਰ ਚੁੱਕ ਕੇ ਕੋਠੀ' ਚੋਂ ਨਿਕਲ਼ਣ ਲੱਗਾ ਤਾਂ ਸਾਰੇ ਉਸ ਨੂੰ ਵਿਦਾ ਕਰਨ ਲੱਗੇ। ਇੰਦਰਾ ਨੇ ਵੀ ਮੁਸਕਰਾਕੇ ਹੱਥ ਜੋੜ ਕੇ ਉਸ ਨੂੰ 'ਸਤਿ ਸ੍ਰੀ ਅਕਾਲ' ਕਹੀ। ਉਹ ਬੋਲੀ, 'ਡਰਾਈਵ ਸਲੋ ਪਲੀਜ਼।'

ਫਿਰ ਵਰਮਾ ਜੀ ਕਹਿਣ ਲੱਗੇ, 'ਬੇਟਾ ਦੇਵ। ਵੋਟਾਂ ਵਾਲ਼ੇ ਦਿਨ ਡੱਬੇ ਜਮ੍ਹਾਂ ਕਰਵਾਉਂਦਿਆਂ ਰਾਤ ਪੈ ਜਾਣੀ ਏ। ਤੂੰ ਮੇਰੇ ਕੋਲ਼ ਅਟਕ ਜਾਣਾ। ਮਾਤਾ ਜੀ ਨੂੰ ਕਹਿਕੇ ਆਉਣਾ।'

'ਠੀਕ ਏ ਸਰ।' ਦੇਵ ਨੇ ਕਿਹਾ ਤੇ ਸਕੂਟਰ ਨੂੰ ਕਿੱਕ ਮਾਰ ਕੋਠੀ ਤੋਂ ਬਾਹਰ ਨਿਕਲ਼ ਆਇਆ। ਬਾਹਰ ਤਾਂ ਸਭ ਕੁਝ ਰੰਗੀਨ ਹੋਇਆ ਪਿਆ ਸੀ। ਉਹ ਗੁਣਗੁਣਾਉਣ ਲੱਗ ਪਿਆ।

ਸਵੇਰੇ ਜਦੋਂ ਉਹ ਬਾਥਰੂਮ ਵਿੱਚੋਂ ਨਹਾ ਕੇ ਨਿਕਲ਼ਿਆ ਤਾਂ ਉਸ ਦੀ ਬੇਬੇ ਕੰਡਿਆਂ ਸਮੇਤ ਇਕ ਗੁਲਾਬ ਦੀ ਟਾਹਣੀ, ਜਿਸ ਦੇ ਸਿਖ਼ਰ ਇਕ ਫੁੱਲ ਨੇ ਆਪਣਾ ਸਿਰ ਹੇਠ ਵੱਲ ਨੂੰ ਸੁੱਟਿਆ ਹੋਇਆ ਸੀ, ਦੇਵ ਵੱਲ ਨੂੰ ਕਰਦੀ ਬੋਲੀ, 'ਵੇ ਦੇਵ ਆਹ ਕੀ ਏ?'

'ਕਿੱਥੋਂ ਲਿਆਈ ਏਂ? ਕੋਈ ਟੂਣਾ ਤਾਂ ਨੀ ਕਰ ਗਿਆ?' ਦੇਵ ਹੱਸਿਆ।

'ਤੇਰੇ ਸਕੂਟਰ ਵਿਚ ਪਿਆ ਸੀ ਨਾਲ਼ੇ ਚਾਰ ਰਿੰਡ ਖਰਬੂਜ਼ੇ। ਮੈਨੂੰ ਦੱਸ ਤਾਂ ਦਿੰਦਾ।'

ਉਹ ਪਪੀਤੇ ਨੂੰ 'ਰਿੰਡ-ਖਰਬੂਜ਼ਾ' ਕਿਹਾ ਕਰਦੀ ਸੀ। ਸਾਰੀ ਕਹਾਣੀ ਦੇਵ ਨੂੰ ਸਮਝ ਆ ਗਈ। ਪਪੀਤੇ ਅਤੇ 'ਗੁਲਾਬ ਦਾ ਫੁੱਲ' ਇੰਦਰਾ ਨੇ ਆਪਣੇ ਪਿਆਰ ਦਾ ਇਜ਼ਹਾਰ ਕਰਨ ਲਈ ਰੱਖੇ ਹੋਣਗੇ। ਦੇਵ ਦਾ ਅੰਦਰ ਖੁਸ਼ੀ ਨਾਲ਼ ਭਰ ਗਿਆ। ਗੁਲਾਬ ਦੀ ਟਾਹਣੀ ਉਸ ਨੇ ਆਪਣੀ ਬੇਬੇ ਤੋਂ ਫੜ ਲਈ। ਉਸ ਦੀਆਂ ਜੜ੍ਹਾਂ ਵਿਚ ਇਕ ਪੋਟਲ਼ੀ ਜਿਹੀ ਬੰਨ੍ਹੀ ਹੋਈ ਸੀ। ਦੇਵ ਨੇ ਅੰਦਰ ਜਾ ਕੇ ਉਹ ਖੋਲ੍ਹੀ ਤਾਂ ਕਾਗਜ਼ ਦਾ ਇਕ ਪੁਰਜ਼ਾ ਉਸ ਵਿੱਚੋਂ ਨਿਕਲ਼ ਆਇਆ। ਉਸ ਉੱਤੇ ਕਾਲ਼ੀ ਸਿਆਹੀ ਨਾਲ਼ ਐਨੇ ਬਰੀਕ ਅੱਖਰਾਂ ਵਿਚ ਲਿਖਿਆ ਹੋਇਆ ਸੀ, ਜਿਵੇਂ ਕਿਸੇ ਨਕਲਚੀ ਮੁੰਡੇ ਨੇ ਪਰਚੀ ਬਣਾਈ ਹੋਵੇ। ਦੇਵ ਕਾਗਜ਼

ਸਿੱਧਾ ਕਰ ਕੇ ਪੜ੍ਹਨ ਲੱਗਾ। ਲਿਖਿਆ ਸੀ- ਸਤਿਕਾਰਯੋਗ ਦੇਵ ਜੀ, ਪਿਆਰ ਭਰੀ ਸਤਿ ਸ੍ਰੀ ਅਕਾਲ। ਮੇਰੇ ਮਾਮਾ ਜੀ ਨੇ ਮੇਰੇ ਮੰਮੀ ਡੈਡੀ ਕੋਲ਼ ਤੁਹਾਡੀਆਂ ਬਹੁਤ ਸਿਫ਼ਤਾਂ ਕੀਤੀਆਂ ਸਨ, ਇਸੇ ਕਰਕੇ ਉਹ ਮੇਰੇ ਲਈ ਤੁਹਾਨੂੰ ਦੇਖਣ ਦੋਰਾਹੇ ਗਏ ਸਨ। ਉਨ੍ਹਾਂ ਨੇ ਸਾਰੀ ਗੱਲ ਮੇਰੇ ਤੇ ਸੁੱਟ ਦਿੱਤੀ ਹੈ ਕਿ ਮੈਂ ਜਿਵੇਂ ਕਹਾਂਗੀ, ਉਹ ਕਰ ਦੇਣਗੇ। ਦੇਵ ਜੀ, ਵਿਆਹ ਇਕ ਅਜਿਹਾ ਬੰਧਨ ਹੈ ਜਿਸ ਦੇ ਨਾਲ਼ ਬੰਦੇ ਦੀ ਰਹਿੰਦੀ ਉਮਰ ਜੁੜੀ ਹੁੰਦੀ ਹੈ। ਵਿਚਾਰਾਂ ਅਤੇ ਸੁਭਾਅ ਦਾ ਮਿਲਣਾ ਬਹੁਤ ਜ਼ਰੂਰੀ ਹੈ। ਇਹ ਫੈਸਲਾ ਕਾਹਲ ਵਿਚ ਲਿਆ ਜਾਣ ਵਾਲ਼ਾ ਨਹੀਂ ਹੁੰਦਾ। ਕਿਸੇ ਨੂੰ ਸਿਰਫ਼ ਬਾਹਰੋਂ ਦੇਖ ਕੇ ਵੀ ਫੈਸਲਾ ਨਹੀਂ ਲਿਆ ਜਾ ਸਕਦਾ। ਸੋ ਮੈਂ ਬਾਹਰੋਂ ਦੇਖਣਾ ਸੀ, ਅੱਜ ਦੇਖ ਲਿਆ ਹੈ। ਠੀਕ ਵੀ ਲੱਗਿਆ। ਜੋ ਤੁਸੀਂ ਬਾਹਰੋਂ ਦੇ ਖਣਾ ਸੀ, ਦੇਖ ਵੀ ਲਿਆ ਹੋਵੇਗਾ। ਤੁਸੀਂ ਕਿਵੇਂ ਮਹਿਸੂਸ ਕੀਤਾ? ਕੀ ਪਤਾ? ਮੈਂ ਸਪੱਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਮੇਰੇ ਮਾਪੇ ਮੇਰੇ ਲਈ ਜਿਹੋ ਜਿਹਾ ਵਰ ਲੋੜਦੇ ਸੀ, ਉਨ੍ਹਾਂ ਨੂੰ ਤੁਸੀਂ ਪਸੰਦ ਹੋ। ਤੁਹਾਨੂੰ ਦੇਖਣ ਤੋਂ ਪਹਿਲਾਂ ਤੱਕ ਮੇਰੀ ਨਾ ਕਿਧਰੇ ਕੋਈ ਅਟੈਚਮੈਂਟ ਹੋਈ ਹੈ ਤੇ ਨਾ ਹੀ ਮੈਂ ਕਿਸੇ ਨੂੰ ਵਿਆਹ ਲਈ ਚਾਹਿਆ ਹੈ। ਇਹੋ ਕੁਝ ਮੈਂ ਤੁਹਾਡੇ ਕੋਲ਼ੋਂ ਵੀ ਚਾਹੁੰਦੀ ਹਾਂ ਕਿ ਜੇ ਸਾਡੀ ਸਾਂਝ ਪੈਂਦੀ ਹੈ ਤਾਂ ਅਸੀਂ ਹਮੇਸ਼ਾ ਲਈ ਇਕ ਦੂਜੇ ਦੇ, ਸਿਰਫ਼ ਇਕ ਦੂਜੇ ਦੇ ਬਣ ਕੇ ਰਹੀਏ। ਇਕ ਜੋਤ ਬਣ ਕੇ ਸਾਡੀ ਜ਼ਿੰਦਗੀ ਬਸਰ ਹੋਵੇ। ਜੇ ਤੁਸੀਂ ਮੇਰੇ ਬਣੋ ਤਾਂ ਪੂਰੇ ਬਣੋ, ਤੇ ਜੇ ਮੈਂ ਤੁਹਾਡੀ ਬਣਾ ਤਾਂ ਪੂਰੀ ਬਣਾ। ਮੈਂ ਇਸ ਗੱਲ ਦਾ ਤੁਹਾਨੂੰ ਯਕੀਨ ਦਿਵਾਉਂਦੀ ਹਾਂ ਕਿ ਜੇ ਮੇਰਾ ਤੁਹਾਡੇ ਨਾਲ਼ ਸਾਥ ਬਣਿਆ ਤਾਂ ਮੈਂ ਆਪਣੇ ਫਰਜ਼ਾਂ ਅਤੇ ਸੰਸਕਾਰਾਂ ਤੇ ਪਹਿਰਾ ਦਿਆਂਗੀ। ਇਕ ਗੱਲ ਹੋਰ ਮੈਂ ਕਰਨੀ ਚਾਹੁੰਦੀ ਹਾਂ ਕਿ ਮੇ ਰੇ ਡੈਡੀ ਜੀ ਦੀਆਂ ਮੋਹਾਲੀ ਅੱਠ ਫੇਜ਼ ਵਿਚ ਨਾਲ਼ ਲਗਦੀਆਂ ਦੋ ਕੋਠੀਆਂ ਹਨ। ਮੈਂ ਉਨ੍ਹਾਂ ਦੀ ਇਕਲੌਤੀ ਧੀ ਹਾਂ ਤੇ ਉਨ੍ਹਾਂ ਨੇ ਇਕ ਕੋਠੀ ਪਹਿਲਾਂ ਹੀ ਮੇਰੇ ਨਾਂ ਤੇ ਕਰਵਾ ਦਿੱਤੀ ਹੋਈ ਹੈ। ਉਨ੍ਹਾਂ ਦੀ ਇੱਛਾ ਹੈ ਕਿ ਮੈਂ ਹਮੇਸ਼ਾ ਉਨ੍ਹਾਂ ਦੇ ਗਵਾਂਢ ਵਿਚ ਹੀ ਰਹਾਂ। ਘਰ ਜੁਆਈ ਵਾਲ਼ੀ ਗੱਲ ਨਹੀਂ, ਨੇੜਤਾ ਵਾਲ਼ੀ ਗੱਲ ਹੈ। ਉਨ੍ਹਾਂ ਦਾ ਮੈਥੋਂ ਬਿਨਾਂ ਹੋਰ ਹੈ ਵੀ ਕੌਣ। ਇਸੇ ਲਈ ਉਹ ਚਾਹੁੰਦੇ ਹਨ ਕਿ ਜੁਆਈ ਦੇ ਰੂਪ ਵਿਚ ਉਨ੍ਹਾਂ ਨੂੰ ਪੁੱਤ ਮਿਲ ਜਾਵੇ ।

ਮੈਂ ਆਉਂਦੇ ਸੋਮਵਾਰ ਆਪਣਾ ਫਾਈਨਲ ਟੀਚਿੰਗ ਲੈਸਨ ਦੇਣ ਲਈ ਸਿੱਧਵਾਂ ਕਾਲਜ ਸਵੇਰੇ ਦਸ ਵਜੇ ਜਾਣਾ ਹੈ। ਉੱਥੋਂ ਵਿਹਲੀ ਹੋ ਕੇ ਮੈਂ ਦੋ ਕੁ ਵਜੇ ਲੁਧਿਆਣੇ ਬੱਸ ਅੱਡੇ ਪਹੁੰਚਾਂਗੀ। ਤੁਸੀਂ ਉੱਥੇ ਮੈਨੂੰ ਮਿਲਣ ਲਈ ਆ ਜਾਣਾ। ਜੇ ਤੁਸੀਂ ਨਾ ਆਏ ਤਾਂ ਮੈਂ ਸਮਝਾਂਗੀ ਕਿ ਤੁਹਾਡਾ ਮੇਰੇ ਨਾਲ਼ ਵਿਆਹ ਦਾ ਕੋਈ ਇਰਾਦਾ ਨਹੀਂ। ਉਸ ਹਾਲਤ ਵਿਚ ਤੁਸੀਂ ਮੈਨੂੰ ਆਪਣੀ ਛੋਟੀ ਭੈਣ ਸਮਝ ਕੇ ਇਹ ਚਿੱਠੀ ਫਾੜ ਕੇ ਸੁੱਟ ਦੇਣਾ। ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ਼ ਕਰ ਦੇਣਾ ਜੀ। - ਇੰਦਰਾ।

ਚਿੱਠੀ ਪੜ੍ਹ ਕੇ ਦੇਵ ਸੋਚੀਂ ਪੈ ਗਿਆ। ਸੁਰੇਖਾ ਵਿਚ ਉਸ ਨੂੰ ਕਦੀ ਕੋਈ ਨੁਕਸ ਦਿਖਾਈ ਨਹੀਂ ਸੀ ਦਿੱਤਾ। ਸੁਰੇਖਾ ਨੂੰ ਛੱਡਣ ਲਈ ਉਸ ਦਾ ਦਿਲ ਨਹੀਂ ਸੀ ਚਾਹੁੰਦਾ, ਪਰ ਇੰਦਰਾ ਦੀ ਚਿੱਠੀ ਵਿੱਚੋਂ ਉਸਨੂੰ ਜਿਸ ਰੂਹ ਦੇ ਦਰਸ਼ਨ ਹੋਏ, ਉਸ ਨੇ ਉਸ ਦੇ ਦਿਲ ਵਿਚ ਉਥਲ-ਪੁਥਲ ਮਚਾ ਦਿੱਤੀ। ਇੰਦਰਾ ਉਸ ਨੂੰ ਹੱਦੋਂ ਵੱਧ ਜਚ ਗਈ। ਉਸ ਨੇ ਇਹ ਵੀ

ਸੋਚਿਆ ਕਿ ਜੇ ਉਹ ਸੁਰੇਖਾ ਨੂੰ ਛੱਡ ਕੇ ਇੰਦਰਾ ਨਾਲ਼ ਵਿਆਹ ਕਰਵਾ ਲਵੇਗਾ ਤਾਂ ਉਸ ਦੀ ਬੇਬੇ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹੇਗਾ। ਉਸ ਦਾ ਮਾਮਾ ਅਤੇ ਭਰਾ ਵੀ ਖੁਸ਼ ਹੋ ਜਾਣਗੇ। ਦੇਵ ਨੇ ਇੰਦਰਾ ਨੂੰ ਮਿਲਣ ਦਾ ਫੈਸਲਾ ਕਰ ਲਿਆ। ਉਸ ਨੇ ਇਹ ਵੀ ਮਨ ਬਣਾ ਲਿਆ ਕਿ ਜੇ ਕੋਈ ਗੱਲ ਝੂਠ ਵੀ ਕਹਿਣੀ ਪਈ, ਉਹ ਕਹੇਗਾ। ਕੋਈ ਸ਼ਰਤ ਜੋ ਪੂਰੀ ਨਾ ਹੋਣ ਵਾਲ਼ੀ ਵੀ ਹੋਵੇ, ਉਹ ਉਸ ਨੂੰ ਪੂਰੀ ਕਰਨ ਦਾ ਵਾਅਦਾ ਕਰੇਗਾ।

ਜਿਸ ਦਿਨ ਤੋਂ ਸੁਰੇਖਾ ਵਾਲ਼ੀ ਗੱਲ ਵਾਪਰੀ ਸੀ, ਉਸ ਦੀ ਬੇਬੇ ਬਹੁਤ ਉਦਾਸ ਸੀ, ਉਸ ਦੇ ਜਿਵੇਂ ਸਾਰੇ ਚਾਅ ਮਰ ਗਏ ਸਨ। ਉਹ ਦੇਵ ਨਾਲ਼ ਵੱਟੀ ਵੀ ਰਹਿੰਦੀ ਸੀ। ਇਕ ਭਿਆਨਕ ਫੈਸਲਾ, ਜਿਸ ਦਾ ਦੇਵ ਤੇ ਕਲੰਕ ਲੱਗਣਾ ਸੀ, ਉਹ ਪਹਿਲਾਂ ਹੀ ਲੈ ਚੁੱਕੀ ਸੀ ਕਿ ਸੁਰੇਖਾ ਨਾਲ਼ ਵਿਆਹ ਹੋਣ ਮਗਰੋਂ ਉਹ ਉਸ ਦੇ ਮਾਮੇ ਘਨ੍ਹੱਈਏ ਕੋਲ਼ ਸਲਾਹਪੁਰ ਜਾ ਕੇ ਰਹਿਣ ਲੱਗ ਜਾਵੇਗੀ ਤੇ ਮੁੜ ਦੋਰਾਹੇ ਕਦੀ ਨਹੀਂ ਆਵੇਗੀ। ਤੇ ਹੁਣ ਦੇਵ ਨੇ ਸੋਚਿਆ ਕਿ ਜਦੋਂ ਤੱਕ ਇੰਦਰਾ ਨਾਲ਼ ਵਿਆਹ ਦੀ ਪੱਕ ਨੇਪਰੇ ਨਾ ਚੜ੍ਹ ਜਾਵੇ, ਉਦੋਂ ਤੱਕ ਉਸਨੂੰ ਆਪਣੀ ਬੇਬੇ ਨਾਲ਼ ਕੋਈ ਗੱਲ ਨਹੀਂ ਕਰਨੀ ਚਾਹੀਦੀ। ਸੋਮਵਾਰ ਨੂੰ ਉਸ ਨੇ ਇੰਦਰਾ ਨੂੰ ਲੁਧਿਆਣੇ ਮਿਲਣਾ ਸੀ। ਸ਼ਨੀਵਾਰ ਨੂੰ ਸੁਰੇਖਾ ਕਹਿਣ ਲੱਗੀ, 'ਦੇਵ ਜੀ ਤੁਸੀਂ ਕੱਲ੍ਹ ਦਸ ਕੁ ਵਜੇ ਉਸੇ ਗੁਰਦੁਆਰੇ ਆ ਸਕਦੇ ਹੋ?'

'ਕੀ ਗੱਲ ਸੁਰੇਖਾ?' ਦੇਵ ਨੇ ਪੁੱਛਿਆ।

'ਮੇਰੇ ਮੰਮੀ ਜੀ ਤੁਹਾਨੂੰ ਮਿਲਣਾ ਚਾਹੁੰਦੇ ਨੇ।'

'ਕੱਲ੍ਹ ਤਾਂ ਸੁਰੇਖਾ ਮੈਂ ਪਟਿਆਲੇ ਕਿਸੇ ਵਿਆਹ ਵਿਚ ਜਾਣਾ ਏਂ। ਇਸੇ ਕਰਕੇ ਸੋਮਵਾਰ ਦੀ ਵੀ ਛੁੱਟੀ ਲੈਣੀ ਹੈ।' ਉਸ ਨੇ ਝੂਠ ਕਿਹਾ।

'ਤਾਂ ਫਿਰ ਅਗਲੇ ਐਤਵਾਰ ਸਹੀ।' ਉਹ ਬੋਲੀ।

'ਕਿਤੇ ਇਹ ਨਾ ਹੋਵੇ ਕਿ ਤੁਹਾਡੇ ਮੰਮੀ ਮੈਨੂੰ ਨਾ ਪਸੰਦ ਕਰ ਦੇਣ।' ਉਸ ਨੇ ਹੱਸ ਕੇ ਕਿਹਾ।

'ਸਵਾਲ ਹੀ ਨੀ ਪੈਦਾ ਹੁੰਦਾ। ਤੁਸੀਂ ਨਾ ਕਿਤੇ ਆਪਣਾ ਮਨ ਬਦਲ ਲਿਓ।'

'ਮੇਰੇ ਵਾਲ਼ੀ ਤਾਂ ਪੱਥਰ ਤੇ ਲੀਕ ਏ ਸੁਰੇਖਾ। ਦੁਨੀਆਂ ਐਧਰ ਦੀ ਉੱਧਰ ਹੋ ਸਕਦੀ ਏ, ਪਰ ਦੇਵ ਨੇ ਜੋ ਵਚਨ ਦੇ ਦਿੱਤਾ ਸੋ ਦੇ ਦਿੱਤਾ।' ਉਸ ਨੇ ਮੁਸਕਰਾ ਕੇ ਕਿਹਾ।

ਸੋਮਵਾਰ ਨੂੰ ਲੁਧਿਆਣੇ ਦੇ ਬੱਸ ਅੱਡੇ ਤੇ ਉਹ ਦੁਪਹਿਰ ਮਗਰੋਂ ਛੇਤੀ ਹੀ ਇੰਦਰਾ ਨੂੰ ਮਿਲਣ ਲਈ ਪਹੁੰਚ ਗਿਆ। ਉਹ ਤਾਂ ਉੱਥੇ ਪਹਿਲਾਂ ਹੀ ਆਈ ਬੈਠੀ ਸੀ। ਉਹ ਨਾਭੀ ਰੰਗ ਦਾ ਕਮੀਜ਼ ਤੇ ਘੁੱਟਵੀਂ ਸਲੈਕਸ ਪਾਈ ਬੈਂਚ ਤੇ ਬੈਠੀ ਹਿੰਦੀ ਦਾ ਮੈਗਜ਼ੀਨ 'ਸਾਰਿਕਾ' ਪੜ੍ਹ ਰਹੀ ਸੀ। ਦੇਵ ਨੇ ਉਸ ਦੇ ਪਿੱਛੇ ਜਾ ਕੇ ਹੌਲ਼ੀ ਦੇਣੇ ਕਿਹਾ, 'ਗੁਡ ਮੌਰਨਿੰਗ ਮਾਈ ਸਵੀਟ ਹਾਰਟ ਇੰਦਰਾ।'

ਉਹ ਤ੍ਰਬਕ ਕੇ ਉੱਠ ਖੜ੍ਹੀ ਹੋਈ। ਉਸ ਨੇ ਦੇਵ ਵੱਲ ਨੂੰ ਘੁੰਮ ਕੇ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਕਹੀ।

'ਕਿਵੇਂ ਹੋ ਤੁਸੀਂ ਇੰਦਰਾ ਜੀ?'

'ਬਿਲਕੁਲ ਠੀਕ ਹਾਂ ਵੀਰ ਜੀ।'

'ਵੀਰ ਜੀ?' ਦੇਵ ਹੈਰਾਨੀ ਨਾਲ਼ ਬੋਲਿਆ।

'ਸੌਰੀ ਦੇਵ ਜੀ, ਮੂੰਹੋਂ ਨਿਕਲ਼ ਗਿਆ।'

ਉਹ ਦੋਨੋਂ ਬੈਂਚ ਉੱਤੇ ਇਕ ਦੂਜੇ ਦੇ ਲਾਗੇ ਹੋ ਕੇ ਬੈਠ ਗਏ। ਇੰਦਰਾ ਨੇ ਆਪਣੀਆਂ ਵੱਡੇ ਤੇ ਕਾਲ਼ੇ ਸ਼ੀਸ਼ਿਆਂ ਵਾਲੀਆਂ ਧੁੱਪ- ਐਨਕਾਂ ਲਾਹ ਕੇ ਆਪਣੇ ਬੈਗ ਵਿਚ ਪਾ ਲਈਆਂ। ਫਿਰ ਦੇਵ ਵੱਲ ਮੁਸਕਰਾ ਕੇ ਦੇਖਦੀ ਬੋਲੀ, ' ਸੋਚਦੇ ਹੋਵੋਗੇ ਕਿੰਨੀ ਬੇਸ਼ਰਮ ਕੁੜੀ ਏ।'

'ਕਿਉਂ ਐਸੀ ਕਿਹੜੀ ਗੱਲ ਹੋ ਗਈ?'

'ਬਿਨਾਂ ਜਾਣੇ-ਪਛਾਣੇ ਚਿੱਠੀ ਰੱਖ ਦਿੱਤੀ ਸਕੂਟਰ' ਚ ਤੇ ਫੇਰ ਐਥੇ ਮਿਲਣ ਲਈ ਸੱਦ ਲਿਆ।'

'ਜ਼ਮਾਨਾ ਬਦਲ ਗਿਆ ਏ ਇੰਦਰਾ ਜੀ। ਜੋ ਜ਼ਮਾਨੇ ਨਾਲ਼ ਨਹੀਂ ਬਦਲੇਗਾ, ਉਹ ਪਿੱਛੇ ਰਹਿ ਜਾਵੇਗਾ। ਲਓ ਮੇਰੀ ਇੰਟਰਵਿਊ।' ਦੇਵ ਨੇ ਹੱਸ ਕੇ ਕਿਹਾ।

'ਇੰਟਰਵਿਊ ਤਾਂ ਤੁਸੀਂ ਲਓ ਪਹਿਲਾਂ ਮੇਰੀ।' ਉਹ ਬੋਲੀ।

'ਤੁਸੀਂ ਆਪਣੀ ਚਿੱਠੀ ਵਿਚ ਕਾਫ਼ੀ ਲਿਖ ਦਿੱਤਾ ਏ। ਹੋਰ ਮੈਂ ਕੀ ਪੁੱਛਣਾ ਏਂ? ਤੁਸੀਂ ਆਪਣੀਆਂ ਸ਼ਰਤਾਂ ਦੱਸੋ ਜੋ ਮੇਰੇ ਤੇ ਲਾਉਣੀਆਂ ਹਨ।'

'ਤੁਹਾਨੂੰ ਦੇਖ ਕੇ ਭੁੱਲ ਗਈ ਹਾਂ ਸਭ ਕੁਝ। ਤੁਸੀਂ ਆਪ ਹੀ ਆਪਣੇ ਬਾਰੇ ਦੱਸ ਦਵੋ।'

'ਬਚਪਨ ਦਾ ਨਾਂ ਦੁਖੀ, ਹੁਣ ਦੇਵ। ਮੇਰੇ ਜੰਮਣ ਤੇ ਘਰ ਵਿਚ ਸੋਗ ਪਿਆ। ਸ਼ਾਨਦਾਰ ਮਾਮਾ ਮਿਲਿਆ। ਜਿਸ ਨੇ ਸਾਰੇ ਭਰਾ ਵਿੱਦਿਆ ਦੀ ਗੱਡੀ ਤੇ ਚੜ੍ਹਾ ਦਿੱਤੇ। ਐਮ. ਐਸ. ਸੀ. ਬੀ. ਐਡ. ਤੱਕ ਪੜ੍ਹਾਈ ਕੀਤੀ ਤੇ ਸਰਕਾਰੀ ਸਕੂਲ ਵਿਚ ਮਾਸਟਰ ਲੱਗ ਗਿਆ। ਹੁਣ ਲੈਕਚਰਾਰ ਦੀ ਪਰਮੋਸ਼ਨ ਆ ਗਈ ਏ। ਟੁੱਟਿਆ-ਫੁੱਟਿਆ ਜਿਹਾ ਇਕ ਘਰ ਤੇ ਫਿਕਰਾਂ ਦੀ ਖਾਧੀ ਹੋਈ ਵਿਧਵਾ ਮਾਂ। ਸ਼ਰਮਾਕਲ ਹੋਣ ਕਰਕੇ ਚਾਹੁੰਦਾ ਹੋਇਆ ਵੀ ਕਿਸੇ ਕੁੜੀ ਨਾਲ਼ ਸਾਂਝ ਨਹੀਂ ਪਾ ਸਕਿਆ। ਫੁੱਲਾਂ, ਬੱਚਿਆਂ ਤੇ ਕਿਤਾਬਾਂ ਨੂੰ ਪਿਆਰ ਕਰਦਾ ਹਾਂ। ਜਿੱਥੇ ਰਹਾਂ, ਹਮੇਸ਼ਾ ਫੁੱਲ ਖਿੜੇ ਹੋਣ, ਚੀਕ ਚਿਹਾੜਾ ਪਾਈ ਰੱਖਣ ਵਾਲ਼ੇ ਬੱਚੇ ਹੋਣ, ਇਕ ਵੱਡੇ ਕਮਰੇ ਵਿਚ ਲਿਟਰੇਚਰ ਦੀਆਂ ਕਿਤਾਬਾਂ ਨਾਲ਼ ਭਰੀਆਂ ਸ਼ੈਲਫ਼ਾਂ ਹੋਣ। ਬੱਚਿਆਂ ਨਾਲ਼ ਸਾਂਝ ਪਾਉਣ ਲਈ ਜੇਬ੍ਹ ਵਿਚ ਹਮੇਸ਼ਾ ਟਾਫ਼ੀਆਂ ਰੱਖਦਾ ਹਾਂ। ਤੁਸੀਂ ਵੀ ਲਓ।' ਦੇਵ ਨੇ ਜੇਬ੍ਹ ਵਿੱਚੋਂ ਇਕ ਟਾਫੀ ਕੱਢ ਕੇ ਉਸਦੀ ਹਥੇਲੀ ਤੇ ਰੱਖ ਦਿੱਤੀ।

'ਹੋਰ ਦੱਸੋ ਦੇਵ ਜੀ?'

'ਕਦੇ ਕਦੇ ਕਵਿਤਾ ਨੂੰ ਮੂੰਹ ਮਾਰਦਾ ਹਾਂ। ਸੈਰਾਂ ਕਰਨ ਅਤੇ ਪਿਕਚਰਾਂ ਦੇਖਣ ਦਾ ਭੁਸ ਵੀ ਹੈ। ਆਪਣੀ ਬੇਬੇ ਦਾ ਆਗਿਆਕਾਰੀ ਪੁੱਤ ਹਾਂ। ਐਬ ਕੋਈ ਨਹੀਂ। ਕਦੀ ਕਦੀ ਦੋਸਤਾਂ ਨਾਲ਼ ਬੈਠ ਦੋ ਪੈੱਗ ਲਾ ਲੈਂਦਾ ਹਾਂ। ਪਿਓ ਦੀ ਮੌਤ ਕਾਰਨ ਸ਼ੁਰੂ ਤੋਂ ਹੀ ਜ਼ਿੰਦਗੀ ਸੰਘਰਸ਼ਮਈ ਰਹੀ ਏ। ਚੰਗੀ ਜੀਵਨ ਸਾਥਣ ਦੀ ਭਾਲ਼ ਵਿਚ ਹਾਂ, ਜੋ ਮੈਨੂੰ ਪਿਆਰ ਕਰੇ ਤੇ ਮੇਰੀ ਬੇਬੇ ਨੂੰ ਆਪਣੀ ਬੇਬੇ ਬਣਾ ਲਵੇ।'

'ਦੇਵ ਜੀ ਤੁਹਾਡੀ ਕੋਈ ਮੰਗ?'

'ਬੱਸ, ਤੁਸੀਂ ਹੀ ਮੇਰੀ ਮੰਗ ਹੋ।'

'ਫੇਰ ਮੈਂ ਸਮਝਾਂ ਗੱਲ ਪੱਕੀ?' ਉਹ ਬੋਲੀ।

'ਇੱਟ ਵਰਗੀ।'

'ਫੇਰ ਅੱਜ ਦਾ ਕੀ ਪ੍ਰੋਗਰਾਮ ਏਂ ਇੰਦਰਾ ਜੀ?' ਦੇਵ ਥੋੜ੍ਹਾ ਰੁਕ ਕੇ ਬੋਲਿਆ।

'ਬੱਸ ਹੁਣ ਮੈਨੂੰ ਜਾਣ ਦਿਓ।'

'ਚਲੋ ਜੂਸ ਪੀਂਦੇ ਹਾਂ।' ਦੇਵ ਨੇ ਉੱਠਦਿਆਂ ਕਿਹਾ ਤੇ ਉਸ ਦੀ ਲੈਸਨ ਵਾਲ਼ੀ ਕਾਪੀ, ਕਿਤਾਬ ਤੇ ਚਾਰਟ ਬਗੈਰਾ ਚੁੱਕ ਲਏ। ਸੜਕ ਟੱਪ ਕੇ ਉਹ ਦੂਜੇ ਪਾਸੇ ਜੂਸ ਵਾਲ਼ੇ ਦੀ ਰੇੜ੍ਹੀ ਤੇ ਜਾ ਖੜ੍ਹੇ। ਜੂਸ ਪੀਣ ਮਗਰੋਂ ਇੰਦਰਾ ਪੈਸੇ ਦੇਣ ਲੱਗੀ ਤਾਂ ਦੇਵ ਨੇ ਉਸ ਦਾ ਹੱਥ ਫੜ ਕੇ ਰੋਕਿਆ, 'ਨਹੀਂ ਇੰਦਰਾ ਜੀ, ਪੈਸੇ ਮਰਦ ਦਿੰਦਾ ਹੁੰਦਾ ਏ, ਔਰਤ ਨਹੀਂ।'

'ਫੇਰ ਮੈਂ ਰਿਕਸ਼ਾ ਲੈ ਲਵਾਂ?'

'ਚਲੇ ਜਾਣਾ... ਐਨੀ ਕੀ ਕਾਹਲੀ ਏ... ਥੋੜ੍ਹੀ ਦੇਰ ਹੋਰ ਬਹਿੰਦੇ ਹਾਂ ਅੱਡੇ' ਚ।'

'ਨਹੀਂ ਦੇਵ ਜੀ, ਅੱਜ ਕਾਫ਼ੀ ਕੁੜੀਆਂ ਨੇ ਲੈਸਨ ਦੇ ਕੇ ਆਉਣਾ ਏਂ। ਦੇਖਣਗੀਆਂ ਤਾਂ ਤਵਾ ਲਾਉਣਗੀਆਂ।'

'ਚਿੱਠੀ ਪਾਓਗੇ?' ਦੇਵ ਨੇ ਪੁੱਛਿਆ।

'ਨਹੀਂ, ਵਿਆਹ ਮਗਰੋਂ।' ਉਹ ਮੁਸਕਰਾਈ।

'ਫੇਰ ਤਾਂ ਕੋਲ਼ ਹੀ ਰਹਿਣਾ ਏ। ਚਿੱਠੀ ਦਾ ਕੀ ਮਤਲਬ ਰਹਿਜੂ?'

'ਨਹੀਂ ਪਲੀਜ਼.... ਬੜਾ ਮੁਸ਼ਕਲ ਕੰਮ ਏ ਇਹ। ਨਾਲ਼ੇ ਮੈਂ ਹੁਣ ਵਾਪਸ ਮੋਹਾਲ਼ੀ ਚਲੀ ਜਾਣਾ ਏਂ, ਇਸੇ ਹਫ਼ਤੇ।'

'ਤੁਹਾਡੀ ਮਰਜੀ।' ਦੇਵ ਨੇ ਕਿਹਾ ਤਾਂ ਉਸ ਨੇ ਰਿਕਸ਼ੇ ਵਾਲ਼ੇ ਨੂੰ ਹਾਕ ਮਾਰ ਲਈ। ਉਹ ਬੈਠੀ ਤਾਂ ਦੇਵ ਨੇ ਕਿਹਾ, 'ਚੰਗਾ ਇੰਦਰਾ ਜੀ... ਆਈ ਲਵ ਯੂ.... ਯੂ ਆਰ ਮਾਈ ਸਵੀਟ ਵਾਈਫ਼ ਨਾਉ।'

'ਚੰਗਾ ਦੇਵ ਜੀ, ਆਈ ਆਲਸੋਂ, ਯੁ ਆਰ ਮਾਈ... ।' ਬੋਲਦੀ ਦੀਆਂ ਅੱਖਾਂ' ਚੋਂ ਹੰਝੂ ਨਿਕਲ਼ ਆਏ। ਉਸ ਨੇ ਆਪਣੇ ਬੈਗ' ਚੋਂ ਇਕ ਰੁਮਾਲ ਕੱਢਿਆ ਤੇ ਦੇਵ ਨੂੰ ਫੜਾ ਦਿੱਤਾ। ਤਹਿ ਮਾਰਿਆ, ਹਰੀਆਂ ਧਾਰੀਆਂ ਵਾਲ਼ਾ ਰੇਸ਼ਮੀ ਰੁਮਾਲ ਫੜ ਕੇ ਦੇਵ ਨੇ ਆਪਣੀ ਜੇਬ੍ਹ ਵਿਚ ਪਾ ਲਿਆ। ਰਿਕਸ਼ੇ ਵਿਚ ਬੈਠੀ ਇੰਦਰਾ ਕਾਫ਼ੀ ਦੂਰ ਤੱਕ ਹੱਥ ਹਿਲਾਉਂਦੀ ਗਈ। ਦੇਵ ਨੂੰ ਯਾਦ ਆਇਆ ਕਿ ਅੱਜ ਉਹ ਬੀ. ਐਡ. ਦਾ ਫਾਈਨਲ ਟੀਚਿੰਗ ਲੈਸਨ ਦੇ ਕੇ ਆਈ ਸੀ, ਉਸ ਬਾਰੇ ਤਾਂ ਉਸ ਨੇ ਉਸਨੂੰ ਪੁੱਛਿਆ ਹੀ ਨਾ।

**00**

# ਇਕ ਸੌ ਸਤਾਈ

ਇੰਦਰਾ ਨਾਲ਼ ਮੁਲਾਕਾਤ ਕਰ ਕੇ ਦੇਵ ਉਤਸ਼ਾਹ ਨਾਲ਼ ਭਰ ਗਿਆ। ਇਹ ਤਾਂ ਉਸ ਵੱਲ ਨੂੰ ਰੱਬ ਨੇ ਹੀ ਨੱਕੇ ਛੱਡ ਦਿੱਤੇ ਸਨ। ਉਸ ਨੇ ਸੋਚਿਆ ਇਸ ਖੁਸ਼ੀ ਨੂੰ ਕਿਸੇ ਨਾਲ਼ ਸਾਂਝੀ ਕਰੇ। ਹੋਰ ਕੋਈ ਤਾਂ ਉੱਥੇ ਹੈ ਨਹੀਂ ਸੀ ਉਸ ਨੇ ਇਕ ਪਊਏ ਨਾਲ਼ ਆਪਣੀ ਖੁਸ਼ੀ ਸਾਂਝੀ ਕਰ ਲਈ। ਉਹ ਸ਼ਰਾਬ ਦੇ ਘੋੜੇ ਚੜ੍ਹ ਕੇ ਬਾਦਸ਼ਾਹ ਬਣ ਗਿਆ ਤੇ ਅੱਡੇ' ਚ ਵੜ

ਪਟਿਆਲੇ ਵਾਲ਼ੀ ਬੱਸ ਵਿਚ ਸਵਾਰ ਹੋ ਗਿਆ। ਉਸ ਨੇ ਪੈਂਟ ਦੀ ਜੇਬ੍ਹ' ਚੋਂ ਰੁਮਾਲ ਕੱਢਿਆ ਤੇ ਉਸ ਵੱਲ ਨੀਝ ਲਾ ਕੇ ਦੇਖਿਆ। ਇਹ ਤਾਂ ਸੁਰੇਖਾ ਵਾਲ਼ਾ ਰੁਮਾਲ ਸੀ, ਜਿਹੜਾ ਉਸ ਨੇ ਪਰਸ ਵਿਚ ਪਾ ਕੇ ਦਿੱਤਾ ਸੀ। ਉਸ ਨੇ ਦੂਜੀ ਜੇਬ੍ਹ ਵਿਚ ਹੱਥ ਮਾਰਿਆ ਤੇ ਇੰਦਰਾ ਦਾ ਦਿੱਤਾ ਅੱਜ ਵਾਲ਼ਾ ਰੁਮਾਲ ਵੀ ਕੱਢ ਲਿਆ। ਇਕ ਖੱਬੇ ਪੱਟ ਤੇ, ਦੂਜਾ ਸੱਜੇ ਪੱਟ ਤੇ ਰੱਖ ਉਹ ਦੋਨਾਂ ਰੁਮਾਲਾਂ ਨੂੰ ਸਹਿਲਾਉਣ ਲੱਗ ਪਿਆ। ਬੱਸ ਚੱਲੀ ਤਾਂ ਉਸ ਦੇ ਅੰਦਰੋਂ ਅਵਾਜ਼ ਆਈ, 'ਕਰ ਫੈਸਲਾ ਹੁਣ।'

'ਲੈਅ।' ਉਹ ਬੁੜਬੜਾਇਆ ਤੇ ਸੁਰੇਖਾ ਵਾਲ਼ਾ ਰੁਮਾਲ ਖਿੜਕੀ 'ਚੋ' ਬਾਹਰ ਸੁਟ ਦਿੱਤਾ।

ਆਉਂਦੇ ਐਤਵਾਰ ਸੁਰੇਖਾ ਦੀ ਮੰਮੀ ਨੂੰ ਮਿਲਣ ਜਾਣ ਦਾ ਹੁਣ ਕੋਈ ਮਤਲਬ ਨਹੀਂ ਸੀ ਰਹਿ ਗਿਆ। ਸਪਾਟ ਜਵਾਬ ਦੇ ਕੇ ਉਹ ਉਸ ਚੰਗੇ ਦਿਲ ਵਾਲ਼ੀ ਕੁੜੀ ਦੇ ਸੁਪਨੇ ਚਕਨਾਚੂਰ ਨਹੀਂ ਸੀ ਕਰਨਾ ਚਾਹੁੰਦਾ। ਸੋਚਣ ਲੱਗਾ ਕਿ ਕੋਈ ਅਜਿਹੀ ਗੱਲ ਹੋਵੇ ਕਿ ਸੁਰੇ ਖਾ ਆਪ ਹੀ ਉਸ ਤੋਂ ਪਿੱਛੇ ਹਟ ਜਾਵੇ। ਇਕ ਦਿਨ ਤ੍ਰਿਪਤ ਨਾਲ਼ ਸਕੂਲ ਤੋਂ ਵਾਪਸ ਘਰ ਜਾਂਦਿਆਂ ਉਸ ਨੇ ਉਸ ਨਾਲ਼ ਆਪਣੀ ਇਹ ਸਮੱਸਿਆ ਸਾਂਝੀ ਕੀਤੀ। ਸੋਚ ਸੋਚ ਉਨ੍ਹਾਂ ਨੇ ਇਕ ਸਕੀਮ ਬਣਾ ਲਈ। ਉਸ ਐਤਵਾਰ ਦੇ ਆਉਣ ਤੋਂ ਪਹਿਲਾਂ ਹੀ ਦੇਵ ਨੇ ਸ਼ੁਕਰਵਾਰ ਤੇ ਸ਼ਨੀਵਾਰ ਦੀ ਇਹ ਲਿਖ ਕੇ ਅਰਜ਼ੀ ਭੇਜ ਦਿੱਤੀ ਕਿ ਉਸ ਦੀ ਬੇਬੇ ਦੀ ਤਬੀਅਤ ਖ਼ਰਾਬ ਸੀ। ਤ੍ਰਿਪਤ ਸਿੰਘ ਲਾਇਬ੍ਰਰੀ ਵਿਚ ਗਿਆ ਤਾਂ ਉੱਥੇ ਸੁਰੇਖਾ ਇਕੱਲੀ ਬੈਠੀ ਹੋਈ ਸੀ। ਉਹ ਬੋਲੀ, 'ਤ੍ਰਿਪਤ ਵੀਰ ਜੀ, ਦੇਵ ਮਾਸਟਰ ਜੀ ਨੀ ਆਏ ਅੱਜ?'

'ਉਸ ਦੀ ਮਦਰ ਸੀਰੀਅਸ ਏ।' ਉਹ ਬੋਲਿਆ।

'ਕੀ ਗੱਲ ਹੋ ਗਈ?'

'ਗੱਲ ਤਾਂ ਸੁਰੇਖਾ ਭੈਣ ਗਲਤ ਹੀ ਹੋ ਗਈ ਏ। ਪਰ ਦੇਵ ਨੇ ਕਿਹਾ ਸੀ ਮੈਂ ਕਿਸੇ ਨੂੰ ਦੱਸਾਂ ਨਾ।'

'ਦੱਸੋ ਤੁਸੀਂ ਕੀ ਗੱਲ ਏ?' ਉਹ ਫਿਕਰ' ਚ ਬੋਲੀ।

'ਪਹਿਲਾਂ ਵਾਅਦਾ ਕਰੋ ਕਿ ਇਹ ਗੱਲ ਸਟਾਫ਼ ਦੇ ਕਿਸੇ ਮੈਂਬਰ ਨਾਲ਼ ਨਹੀਂ ਕਰੋਗੇ , ਦੇਵ ਨਾਲ਼ ਵੀ ਨਹੀਂ।'

'ਠੀਕ ਏ ਵੀਰ ਜੀ ਵਾਅਦਾ ਰਿਹਾ।'

'ਦੇਵ ਦੀ ਮਦਰ ਸਲਫ਼ਾਸ ਖਾ ਗਈ ਸੀ।' ਤ੍ਰਿਪਤ ਬੋਲਿਆ।

'ਹੈਂ। ਉਹ ਕਿਉਂ?'

'ਦਰਅਸਲ ਤੁਹਾਡਾ ਰਿਸ਼ਤਾ ਉਸ ਨੂੰ ਮੰਜੂਰ ਨਹੀਂ। ਪੁਰਾਣੇ ਵਿਚਾਰਾਂ ਦੀ ਹੈ ਵਿਚਾਰੀ।'

ਤ੍ਰਿਪਤ ਦੀ ਗੱਲ ਸੁਣ ਕੇ ਸੁਰੇਖਾ ਪਰੇਸ਼ਾਨ ਹੋ ਗਈ ਤੇ ਰੋਣ ਲੱਗ ਪਈ। ਫਿਰ ਰੁਮਾਲ ਨਾਲ਼ ਅੱਖਾਂ ਪੂੰਝਦੀ ਬੋਲੀ, 'ਕਿਵੇਂ ਹੈ ਉਨ੍ਹਾਂ ਦੀ ਮਦਰ? ਕਿੱਥੇ ਦਾਖ਼ਲ ਏ?'

'ਸ਼ਾਇਦ ਲੁਧਿਆਣੇ ਦਾਖ਼ਲ ਏ... ਤੁਸੀਂ ਪਲੀਜ਼ ਉੱਥੇ ਨਾ ਜਾਣਾ ਤੇ ਨਾ ਹੀ ਕਿਸੇ ਨਾਲ਼ ਗੱਲ ਕਰਨੀ। ਦੇਵ ਮੇਰਾ ਦੋਸਤ ਹੈ। ਉਸ ਨੇ ਮੈਨੂੰ ਸਹੁੰ ਪਾਈ ਸੀ ਕਿ ਮੈਂ ਇਹ ਗੱਲ

ਸੁਰੇਖਾ ਨੂੰ ਵੀ ਨਾ ਦੱਸਾਂ, ਪਰ ਮੈਂ ਤੁਹਾਨੂੰ ਸੱਚ ਦੱਸਣਾ ਚਾਹੁੰਦਾ ਸੀ। ਉਹ ਜੇ ਹੁਣ ਬਚ ਵੀ ਗਈ ਹੈ ਤਾਂ ਕੱਲ੍ਹ ਦਾ ਕੀ ਭਰੋਸਾ? ਸੁਰੇਖਾ ਭੈਣ ਹੁਣ ਤੂੰ ਹੀ ਬਚਾ ਸਕਦੀ ਏਂ ਉਸ ਨੂੰ।'

ਗੱਲ ਤਾਂ ਕੋਈ ਹੈ ਨਹੀਂ ਸੀ। ਸਭ ਝੂਠ ਦਾ ਪੁਲੰਦਾ ਸੀ ਜੋ ਤ੍ਰਿਪਤ ਨੇ ਬਾਖ਼ੂਬੀ ਕਿਸੇ ਅਦਾਕਾਰ ਵਾਂਗ ਸੁਰੇਖਾ ਸਾਮ੍ਹਣੇ ਪੇਸ਼ ਕਰ ਦਿੱਤਾ। ਸੋਮਵਾਰ ਨੂੰ ਦੇਵ ਸਕੂਲ ਚਲਾ ਗਿਆ। ਉਹ ਅਜੇ ਹਾਜ਼ਰੀ ਹੀ ਲਾ ਰਿਹਾ ਸੀ ਕਿ ਘਬਰਾਈ ਹੋਈ ਸੁਰੇਖਾ ਉਸ ਕੋਲ਼ ਆ ਕੇ ਬੋਲੀ, 'ਮਾਂ ਜੀ ਕਿਵੇਂ ਨੇ ਹੁਣ?'

'ਬਿਲਕੁਲ ਠੀਕ ਨੇ ਸੁਰੇਖਾ।'

'ਕੀ ਗੱਲ ਹੋ ਗਈ ਸੀ?'

'ਕੁਝ ਨੀ ਬੱਸ। ਉਲਟੀਆਂ ਲੱਗ ਗਈਆਂ ਸਨ। ਲੁਧਿਆਣੇ ਸੀ. ਐਮ. ਸੀ. ਵਿਚ ਜਾਣਾ ਪਿਆ। ਦੂਜੇ ਦਿਨ ਛੁੱਟੀ ਹੋ ਗਈ।' ਦੇਵ ਨੇ ਕਿਹਾ।

'ਇਹ ਝੂਠ ਕਦ ਤੋਂ ਬੋਲਣ ਲੱਗ ਪਏ?'

ਉਹ ਚੁੱਪ ਕਰ ਗਿਆ ਤੇ ਇੰਦਰਾ ਵਾਲ਼ਾ ਰੁਮਾਲ ਕੱਢ ਕੇ ਪਹਿਲਾਂ ਅੱਖਾਂ ਪੂੰਝੀਆਂ ਫਿਰ ਕਿਹਾ, 'ਸੁਰੇਖਾ, ਮੇਰੀ ਮਾਂ ਹੁਣ ਬਚਣ ਵਾਲ਼ੀ ਨਹੀਂ। ਉਹ ਸਲਫ਼ਾਸ ਖਾ ਗਈ ਸੀ। ਮੁੜ ਇਹੀ ਕੰਮ ਕਰੇਗੀ। ਤੂੰ ਕਿਸੇ ਕੋਲ਼ ਗੱਲ ਨਾ ਕਰਨਾ।'

'ਕਿਉਂ ਖਾ ਗਈ ਸੀ ਸਲਫਾਸ?' ਉਸਨੇ ਪੁੱਛਿਆ।

'ਮਰਦੀ ਹੈ ਤਾਂ ਮਰੇ ਪਰ੍ਹੇ ਸੁਰੇਖਾ। ਉਸ ਦੀ ਖ਼ਾਤਰ ਮੈਂ ਤੈਨੂੰ ਕਿਵੇਂ ਛੱਡ ਸਕਦਾ ਹਾਂ?' ਦੇਵ ਨੇ ਕਿਹਾ।

'ਆਪਣੇ ਪਿਆਰ ਲਈ ਮਾਂ ਦੀ ਕੁਰਬਾਨੀ ਦੇ ਦਿਓਗੇ? ਬੜੇ ਬੇਦਰਦ ਹੋ ਤੁਸੀਂ ਤਾਂ।' ਉਹ ਰੋਣਹਾਕੀ ਹੋ ਕੇ ਬੋਲੀ।

'ਹੋਰ ਮੈਂ ਕੀ ਕਰਾਂ ਸੁਰੇਖਾ? ਤੇਰੇ ਨਾਲ਼ ਵਿਆਹ ਕਰਵਾਉਣ ਦੀ ਕਸਮ ਖਾਧੀ ਏ । ਉਸ ਨੂੰ ਨਹੀਂ ਤੋੜਾਂਗਾ।' ਦੇਵ ਨੇ ਅੱਖਾਂ ਭਰ ਲਈਆਂ।

'ਨਹੀਂ, ਮੈਂ ਨਹੀਂ ਕਰਵਾਵਾਂਗੀ ਵਿਆਹ ਤੁਹਾਡੇ ਨਾਲ਼। ਤੁਸੀਂ ਮਾਂ ਦੇ ਨਹੀਂ ਹੋਏ ਤਾਂ ਮੇਰੇ ਕਿੱਦਾਂ ਹੋਵੋਗੇ? ਆਪਣੀ ਮਾਂ ਨੂੰ ਬਚਾਉ। ਮੈਨੂੰ ਕਿਉਂ ਪਾਪਾਂ ਦੀ ਭਾਗੀ ਬਣਾਉਣ ਨੂੰ ਫਿਰਦੇ ਹੋ?' ਕਹਿ ਕੇ ਉਹ ਦਫ਼ਤਰੋਂ ਬਾਹਰ ਨਿਕਲ਼ ਗਈ। ਉਹ ਗਈ ਤਾਂ ਦੇਵ ਨੇ ਠੰਡਾ ਹਉਕਾ ਭਰਿਆ ਤੇ ਦਫ਼ਤਰ ਵਿਚ ਲੱਗੇ ਆਦਮ-ਕੱਦ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖਣ ਲੱਗਾ, 'ਮੱਕਾਰ, ਸ਼ੈਤਾਨ, ਧੋਖੇਬਾਜ਼, ਬੇਵਫ਼ਾ, ਬੇਈਮਾਨ, ਅਕ੍ਰਿਤਘਣ, ਕਮੀਨਾ, ਮੌਕਾਪ੍ਰਸਤ, ਚਾਲਬਾਜ਼, ਡਰਾਮੇਬਾਜ਼, ਸ਼ਾਤਰ... ।' ਉਹ ਸਭ ਕੁਝ ਸੀ। ਬਾਹਰ ਨਿਕਲ਼ਿਆ ਤੇ ਸੋਚਿਆ ਕਿ ਸਵੇਰੇ ਸਵੇਰੇ ਸੁਰੇਖਾ ਨਾਲ਼ ਚੰਗੀ ਮੁਲਾਕਾਤ ਹੋ ਗਈ ਸੀ ਤੇ ਡੁੱਲ੍ਹੇ ਬੇਰ ਬਿਨਾਂ ਕਿਸੇ ਨੁਕਸਾਨ ਤੋਂ ਮੁੜ ਇਕੱਠੇ ਕਰ ਲਏ ਗਏ ਸਨ।

ਅਗਲੇ ਚਾਰ-ਪੰਜ ਦਿਨ ਉਹ ਸਕੂਲ ਵਿਚ ਹਿਰਾਸਿਆ ਹਿਰਾਸਿਆ, ਉਦਾਸ ਉਦਾਸ ਬਣਿਆ ਫਿਰਦਾ ਰਿਹਾ। ਨਾ ਹੀ ਉਸ ਨੂੰ ਸੁਰੇਖਾ ਨੇ ਬੁਲਾਇਆ, ਤੇ ਨਾ ਹੀ ਉਹ ਲਾਇਬ੍ਰੇਰੀ ਵਿਚ ਗਿਆ। ਉਸ ਦੀ ਸਕੀਮ ਸਦਕਾ ਦੇਵ ਅਤੇ ਸੁਰੇਖਾ ਵਿਚਾਲੇ ਡੂੰਘੀ ਖਾਈ

ਬਣ ਗਈ ਸੀ। ਹੁਣ ਉਸ ਨੂੰ ਕੇਵਲ ਇੰਦਰਾ ਦਿਖਾਈ ਦੇ ਰਹੀ ਸੀ। ਇਸੇ ਖੁਸ਼ੀ ਵਿਚ ਦੇਵ ਨੇ ਤ੍ਰਿਪਤ ਨੂੰ ਲੰਗੜੇ ਦੇ ਢਾਬੇ ਵਿਚ ਪਾਰਟੀ ਦਿੱਤੀ।

'ਇਕ ਦਿਨ ਸਕੂਲੋਂ ਛੁੱਟੀ ਕਰ ਕੇ ਦੇਵ ਘਰ ਗਿਆ ਤਾਂ ਸਲਾਹਪੁਰ ਤੋਂ ਉਸ ਦਾ ਮਾਮਾ ਘਨ੍ਹੱਈਆ ਤੇ ਖਮਾਣੋਂ ਵਾਲ਼ਾ ਉਸ ਦਾ ਸਾਲ਼ਾ ਮਾਧੋ ਰਾਮ ਘਰ ਆਏ ਬੈਠੇ। ਦੇਵ ਨੇ ਸਕੂਟਰ ਖੜ੍ਹਾਇਆ ਤੇ ਦੋਨਾਂ ਦੇ ਪੈਰੀਂ ਹੱਥ ਲਾਏ। ਕਿਸੇ ਨੇ ਵੀ ਉਸ ਦਾ ਸਿਰ ਨਾ ਪਲ਼ੋਸਿਆ। ਘਨ੍ਹੱਈਆ ਗੁੱਸੇ ਨਾਲ਼ ਲਾਲ ਪੀਲ਼ਾ ਹੋਇਆ ਸਿਗਰਟ ਦੇ ਕਸ਼ ਖਿੱਚਦਾ ਰਿਹਾ।

'ਆਹੀ ਕਸਰ ਰਹਿ ਗਈ ਸੀ ਦੁਖੀ? ਸਾਡੇ ਸਿਰ ਸੁਆਹ ਪਾਉਂਦੇ ਨੂੰ ਤੈਨੂੰ ਸ਼ਰਮ ਨਾ ਆਈ?' ਘਨੱਈਆ ਬੋਲਿਆ ਤਾਂ ਦੇਵ ਨੇ ਉਨ੍ਹਾਂ ਲਾਗੇ ਮੂੜ੍ਹੇ ਤੇ ਹਰਖ਼ੀ ਬੈਠੀ ਆਪਣੀ ਬੇਬੇ ਵੱਲ ਦੇਖਿਆ। ਉਸ ਨੇ ਹੀ ਚਿੱਠੀ ਵਿਚ ਕੋਈ ਅੱਗ ਭਰ ਕੇ ਉਨ੍ਹਾਂ ਤੱਕ ਪੁਜਾਈ ਸੀ।

ਦੇਵ ਚੁੱਪ ਰਿਹਾ ਤਾਂ ਉਹ ਫਿਰ ਬੋਲਿਆ, 'ਚੱਲ ਭਾਗਵੰਤੀ ਭੈਣ ਮਾਰ ਲੱਤ ਦੋਰਾਹੇ ਨੂੰ। ਇਸ ਬਦਤਮੀਜ਼ ਨਹਿਸ਼ ਬੰਦੇ ਦੇ ਮਾਰ ਵੀਹ ਛਿੱਤਰ ਖੋਲ੍ਹ ਕੇ।'

'ਪਹਿਲਾਂ ਤੁਸੀਂ ਮੇਰੇ ਛਿੱਤਰ ਹੀ ਮਾਰ ਲਵੋ। ਮਾਮਾ ਮੈਨੂੰ ਗੱਲ ਤਾਂ ਦੱਸ ਕੀ ਹੋਈ? ਨਾ ਮੈਂ ਤੈਨੂੰ ਛੱਡ ਸਕਦਾ ਏਂ ਤੇ ਨਾ ਹੀ ਬੇਬੇ ਨੂੰ।' ਦੇਵ ਨੇ ਕਿਹਾ।

'ਫੇਰ ਛੱਡ ਉਸ ਨੂੰ, ਜਿਸ ਨੂੰ ਸਾਡੀ ਹਿੱਕ ਤੇ ਬਿਠਾਉਣਾ ਚਾਹੁੰਦੈਂ।'

'ਮਾਮਾ, ਤੂੰ ਸਾਨੂੰ ਨਰਕ' ਚੋਂ ਕੱਢਿਆ, ਪੜ੍ਹਾਇਆ-ਲਿਖਾਇਆ। ਤੇਰੀਆਂ ਕੁਰਬਾਨੀਆਂ ਕਿਵੇਂ ਭੁੱਲ ਸਕਦਾ ਹਾਂ? ਤੂੰ ਤਾਂ ਐਨਾ ਦਿਆਵਾਨ ਤੇ ਫਰਾਖ਼ ਦਿਲ ਬੰਦਾ ਏਂ ਕਿ ਆਪਣੇ ਛੋਟੇ ਜਿਹੇ ਘਰ ਦੇ ਦੋ ਟੋਟੇ ਕਰ ਕੇ ਇਕ ਆਪਣੀ ਵਿਧਵਾ ਭੈਣ ਸਾਡੀ ਬੇਬੇ ਨੂੰ ਸੰਭਾਲ ਦਿੱਤਾ ਸੀ। ਸਾਡਾ ਜੋ ਸੰਵਰਿਆ, ਸਭ ਤੇਰੇ ਕਰਕੇ ਹੈ। ਤੇਰੇ ਉਸ ਕਰਜ਼ੇ ਦੀ ਅਸੀਂ ਚਾਰਾਂ ਭਰਾਵਾਂ ਨੇ ਤਾਂ ਪਾਈ ਵੀ ਨਹੀਂ ਮੋੜੀ। ਤੂੰ ਤਾਂ ਜੇ ਮੈਨੂੰ ਖੂਹ' ਚ ਛਾਲ਼ ਮਾਰਨ ਨੂੰ ਕਹੇਂਗਾ ਤਾਂ ਮੈਂ ਮਾਰਾਂਗਾ। ਤੇਰੇ ਵਰਗਾ... ।' ਜਦੋਂ ਉਹ ਬੋਲ ਰਿਹਾ ਸੀ ਤਾਂ ਘਨ੍ਹੱਈਏ ਦੀਆਂ ਅੱਖਾਂ' ਚੋਂ ਹੰਝੂਆਂ ਦੀਆਂ ਧਰਾਲਾਂ ਵਹਿ ਤੁਰੀਆਂ ਸਨ। ਉਸ ਨੇ ਉੱਠ ਕੇ ਦੇਵ ਨੂੰ ਜੱਫੀ ਪਾ ਲਈ ਤੇ ਰੋਣ ਲੱਗ ਪਿਆ। ਫਿਰ ਬੋਲਿਆ, 'ਪੁੱਤਾ, ਉਹ ਖੂਹ ਹੀ ਏ, ਜਿਸ ਵਿਚ ਤੂੰ ਛਾਲ਼ ਮਾਰਨ ਨੂੰ ਫਿਰਦਾ ਏਂ।'

'ਫੇਰ ਤੂੰ ਹੀ ਦੱਸ ਮੈਂ ਕੀ ਕਰਾਂ?' ਦੇਵ ਦੀਆਂ ਅੱਖਾਂ ਵੀ ਭਰ ਆਈਆਂ।

'ਛੱਡ ਦੇ ਉਸ ਨੂੰ.... ਤੇਰਾ ਵਿਆਹ ਮੈਂ ਕਰਵਾਵਾਂਗਾ।'

'ਠੀਕ ਏ ਛੱਡ ਦਿੱਤੀ। ਕਰਵਾ ਦੇ ਵਿਆਹ ਮੇਰਾ। ਦੇਦੋ ਮੈਨੂੰ ਧੱਕਾ ਜਿਸ ਖੂਹ ਵਿਚ ਦੇਣਾ ਏਂ।'

'ਗੱਲ ਸੁਣ ਮੇਰੀ ਧਿਆਨ ਨਾਲ਼। ਟੱਪਰੀਆਂ ਦੇ ਸੁਨਿਆਰ ਮੁਕੰਦ ਰਾਮ ਦੀ ਪੋਤੀ ਬੀ. ਏ. ਪਾਸ ਏ। ਬਖ਼ਸ਼ੀ ਹੋਣਾ ਦੀ ਰਿਸ਼ਤੇਦਾਰੀ ਪੈਂਦੀ ਏ। ਪੁੱਜ ਕੇ ਸੁਹਣੀ-ਸੁਨੱਖੀ ਏ ਕੁੜੀ। ਉਸ ਦਾ ਵਿਆਹ ਹੋਇਆ ਤਾਂ ਪਹਿਲੀ ਰਾਤ ਹੀ ਉਸ ਦਾ ਘਰ ਵਾਲ਼ਾ ਦਿਲ ਫੇਲ੍ਹ ਹੋ ਕੇ ਮਰ ਗਿਆ। ਗੰਗਾ ਵਾਂਗ ਪਵਿੱਤਰ ਏ ਉਹ ਕੁੜੀ। ਸਾਰੇ ਕੰਮ-ਕਾਜ ਜਾਣਦੀ ਏ। ਤੇਰੀ ਬੇਬੇ ਨੇ ਹੁਣ ਤੱਕ ਨਰਕ ਹੀ ਭੋਗਿਆ ਏ, ਚਾਰ ਦਿਨ ਉਸ ਨੂੰ ਖੁਸ਼ੀ ਦੇ ਦੇ ਪੁੱਤ।' ਘਨੱਈਆ ਗੱਲ ਮੁਕਾ ਕੇ ਹੋਰ ਸਿਗਰਟ ਸੁਲਘਾਉਣ ਲੱਗ ਪਿਆ।

'ਐਨਾ ਕਾਹਲ਼ਾ ਨਾ ਵਗ ਮਾਮਾ। ਮੈਨੂੰ ਸੋਚਣ ਦਾ ਵਕਤ ਦੇ।' ਦੇਵ ਬੋਲਿਆ।

ਘਨ੍ਹੱਈਆ ਖੁਸ਼ ਹੋ ਗਿਆ। ਦੇਵ ਦੀ ਬੇਬੇ ਦਾ ਮੁਰਝਾਇਆ ਚਿਹਰਾ ਵੀ ਲਾਲੀ ਫੜਨ ਲੱਗਾ। ਸ਼ਾਮ ਨੂੰ ਦੇਵ ਮੁਰਗਾ ਵਢਾ ਲਿਆਇਆ ਤੇ ਪਲਾਟ ਦੇ ਕੋਨੇ' ਚ ਰੱਖੀਆਂ ਪਾਥੀਆਂ' ਚੋਂ ਰੂੜੀ ਮਾਰਕਾ ਕੱਢ ਲਿਆਂਦੀ। ਇਹ ਬੋਤਲ ਉਸ ਨੂੰ ਸੁਦਾਗਰ ਪਟਵਾਰੀ ਦੇ ਕੇ ਗਿਆ ਸੀ, ਜਿਸਦਾ ਮੁੰਡਾ ਉਸ ਕੋਲ਼ ਟਿਊਸ਼ਨ ਪੜ੍ਹਦਾ ਸੀ। ਉਸ ਦੀ ਬੇਬੇ ਨੇ ਮਸਾਲਾ ਭੁੰਨ ਕੇ ਦੇਵ ਦੇ ਹਵਾਲੇ ਕਰ ਦਿੱਤਾ। ਦੇਵ ਨੇ ਮੀਟ ਬਣਾਇਆ ਤੇ ਉਹ ਤਿੰਨੋਂ ਬੈਠ ਕੇ ਪੀਣ ਲੱਗ ਪਏ। ਛੇਤੀ ਹੀ ਉਨ੍ਹਾਂ ਦੇ ਪੈਰ ਚੁੱਕੇ ਗਏ। ਨਸ਼ੇ ਵਿਚ ਦੇਵ ਤੋਂ ਪ੍ਰਿੰਸੀਪਲ ਬ੍ਰਹਮ ਕੁਮਾਰ ਵਰਮਾ ਦੀ ਗੱਲ ਸ਼ੁਰੂ ਹੋ ਗਈ। ਉਸ ਨੇ ਸਾਰੀ ਗੱਲ ਆਪਣੇ ਮਾਮੇ ਨੂੰ ਦੱਸ ਦਿੱਤੀ। ਇੰਦਰਾ ਬਾਰੇ ਵੀ ਦੱਸ ਦਿੱਤਾ ਜੋ ਅਮੀਰ ਮਾਂ ਬਾਪ ਦੀ ਇਕਲੌਤੀ ਸੰਤਾਨ ਸੀ। ਜਿਸ ਦੇ ਨਾਂ ਉਸ ਦੇ ਪਿਓ ਨੇ ਮੁਹਾਲ਼ੀ ਵਿਚ ਪਹਿਲਾਂ ਹੀ ਇਕ ਕੋਠੀ ਕਰਵਾ ਦਿੱਤੀ ਸੀ।

'ਬੱਸ, ਸੁਨਿਆਰਾਂ ਦੀ ਕੁੜੀ ਹੋਵੇ। ਹੋਵੇ ਜਿਹੋ ਜਿਹੀ ਮਰਜ਼ੀ। ਸਾਡੀ ਹਾਂ ਏ।' ਘਨ੍ਹੱਈਆ ਬੋਲਿਆ।

'ਬੇਬੇ ਨੂੰ ਤਾਂ ਮੈਂ ਇਹਦੇ ਕੁੜਮ-ਕੁੜਮਣੀ ਪਹਿਲਾਂ ਹੀ ਦਿਖਾ ਦਿੱਤੇ ਨੇ।' ਦੇਵ ਨੇ ਦੱਸਿਆ।

'ਵੇ ਮੈਨੂੰ ਕਦੋਂ ਵਿਖਾ ਦਿੱਤੇ ਨੇ ਕੁੜਮ ਕੁੜਮਣੀ?... ਘਨ੍ਹੱਈਏ ਇਹਨੂੰ ਸ਼ਰਾਬ ਚੜ੍ਹ ਗਈ ਏ।' ਉਹ ਬੋਲੀ।

'ਉਹ ਕੁੜਮ-ਕੁੜਮਣੀ ਹੀ ਸੀ ਤੇਰੇ ਜਿਨ੍ਹਾਂ ਨੂੰ ਘਰੇ ਪ੍ਰਿੰਸੀਪਲ ਵਰਮਾ ਲੈ ਕੇ ਆਇਆ ਸੀ। ਜਿਨ੍ਹਾਂ ਨੂੰ ਬਰਫ਼ੀ ਦੇ ਨਾਲ਼ ਕੋਕਾ-ਕੋਲਾ ਪਿਆਇਆ ਸੀ। ਭੁੱਲ ਗਈ ਮਾਤਾ? ਜਿੱਦਣ ਤੂੰ ਜ਼ਿੰਦਗੀ' ਚ ਪਹਿਲੀ ਵਾਰੀ ਜੁਰਾਬਾਂ ਪਾਈਆਂ ਸੀ।'

'ਵੇ ਫੋਟ ਚੰਦਰਿਆ... ਮੈਨੂੰ ਦੱਸ ਤਾਂ ਦਿੰਦਾ.... ਐਵੇਂ ਸੁੱਕਣੀ ਪਾਈ ਰੱਖਿਆ ਮੈਨੂੰ ਐਨੇ ਦਿਨ।' ਉਸ ਦੀ ਬੇਬੇ ਚਹਿਕਣ ਲੱਗ ਪਈ।

**00**

# ਇਕ ਸੌ ਅਠਾਈ

ਦੇਵ ਦੀ ਮੈਥ ਲੈਕਚਰਾਰ ਵਜੋਂ ਪਦਉਨਤੀ ਹੋਣ ਦੀ ਚਿੱਠੀ ਘਰ ਪਹੁੰਚ ਗਈ। ਉਹ ਅਗਲੇ ਦਿਨ ਸਕੂਲ ਗਿਆ ਤਾਂ ਉਸ ਚਿੱਠੀ ਦਾ ਉਤਾਰਾ ਧਰੌੜ ਸਕੂਲ ਦੇ ਹੈਡਮਾਸਟਰ ਨੂੰ ਵੀ ਪੁੱਜ ਚੁੱਕਾ ਸੀ। ਇਹ ਪਰੋਮੋਟਡ ਟੀਚਰਾਂ ਦੀ ਸਾਂਝੀ ਲਿਸਟ ਸੀ। ਸਟੇਸ਼ਨਾਂ ਦੀ ਵੰਡ ਕਰਨ ਲਈ ਆਉਂਦੇ ਸੋਮਵਾਰ ਸਾਰਿਆਂ ਨੂੰ ਡੀ. ਪੀ. ਆਈ. ਦੇ ਦਫ਼ਤਰ ਚੰਡੀਗੜ੍ਹ ਸੱਦਿਆ ਗਿਆ ਸੀ। ਸਭ ਨੇ ਦੇਵ ਨੂੰ ਵਧਾਈ ਦਿੱਤੀ, ਪਰ ਸੁਰੇਖਾ ਉਸ ਨੂੰ ਮੁਬਾਰਕ ਕਹਿਣ ਆਈ ਹੀ ਨਾ। ਤੀਜੇ ਪੀਰਡ ਤੱਕ ਉਡੀਕ ਕਰਨ ਮਗਰੋਂ ਦੇਵ ਆਪ ਲਾਇਬ੍ਰੇਰੀ ਰੂਮ ਵਿਚ ਚਲਾ ਗਿਆ। ਕੁਰਸੀ ਦੀ ਢੋਅ ਲਾਈ, ਗਰਦਣ ਪਿੱਛੇ ਵੱਲ ਸੁੱਟੀ ਸੁਰੇਖਾ ਦਰਵਾਜੇ ਵੱਲ ਨੂੰ ਪਿੱਠ ਕਰੀ ਬੈਠੀ ਸੀ। ਦੇਵ ਅੰਦਰ ਵੜਿਆ ਤੇ ਬੋਲਿਆ, 'ਕਿਵੇਂ ਹੋ ਡੀਅਰ ਸੁਰੇਖਾ?'

'ਠੀਕ ਹਾਂ ਦੇਵ ਜੀ, ਆਓ ਬੈਠੋ।' ਉਹ ਉੱਠ ਕੇ ਖੜ੍ਹੀ ਹੋ ਗਈ। ਉਸ ਦੇ ਵਾਲ਼

ਉਲਝੇ ਉਲਝੇ ਸਨ ਤੇ ਚਿਹਰੇ ਉੱਤੇ ਨਿਰਾਸ਼ਾ ਦੀ ਝਲਕ ਸਾਫ਼ ਦਿਖਾਈ ਦੇ ਰਹੀ ਸੀ। ਪਲ ਦੀ ਪਲ ਦੇਵ ਨੇ ਆਪਣੇ ਆਪ ਨੂੰ ਹੀ ਫਿਟਕਾਰ ਪਾਈ ਕਿ ਐਨੀ ਚੰਗੀ ਕੁੜੀ ਦਾ ਦਿਲ ਉਸ ਨੇ ਤਰੋੜ-ਮਰੋੜ ਕੇ ਸੁੱਟ ਦਿੱਤਾ ਸੀ। ਉਹ ਕਿਵੇਂ ਆਪਣੇ ਹਿਤਾਂ ਲਈ ਕਮੀਨਗੀ ਦੇ ਸਭ ਹੱਦ ਬੰਨੇ ਪਾਰ ਕਰ ਗਿਆ ਸੀ।

'ਸੁਰੇਖਾ ਮੈਨੂੰ ਮਾਫ਼ ਕਰ ਦੇਣਾ। ਸਭ ਗਲਤੀ ਮੇਰੀ ਹੈ। ਆਪਣੀ ਬੇਬੇ ਦੇ ਸੁਭਾਅ ਨੂੰ ਜਾਣਦਿਆਂ ਹੋਇਆਂ ਵੀ ਮੈਂ ਤੈਨੂੰ ਸਬਜ਼ ਬਾਗ ਦਿਖਾਉਂਦਾ ਰਿਹਾ ਤੇ ਪਰੇਸ਼ਾਨੀਆਂ ਵਿਚ ਪਾਈ ਰੱਖਿਆ।'

'ਛੱਡੋ ਦੇਵ ਜੀ, ਜੋ ਹੋਇਆ ਸੋ ਹੋਇਆ। ਮਨ ਦਾ ਕੀ ਹੈ ਹੋ ਜਾਵੇਗਾ ਠੀਕ ਥੋੜ੍ਹੇ ਸਮੇਂ ਵਿਚ।'

'ਮੈਂ ਉਂਝ ਵੀ ਤੇਰੇ ਕੋਲ਼ੋਂ ਵਿਛੜਨ ਲੱਗਾ ਹਾਂ ਸੁਰੇਖਾ, ਮੇਰੀ ਮੈਥ ਲੈਕਚਰਾਰ ਵਜੋਂ ਪਰੋਮੋਸ਼ਨ ਹੋ ਗਈ ਏ। ਸੋਮਵਾਰ ਨੂੰ ਸਟੇਸ਼ਨ ਲੈਣ ਲਈ ਚੰਡੀਗੜ੍ਹ ਜਾਣਾ ਹੈ।'

'ਤੁਹਾਨੂੰ ਤਰੱਕੀ ਮੁਬਾਰਕ। ਤੁਸੀਂ ਐਥੋਂ ਚਲੇ ਜਾਵੋਗੇ ਤਾਂ ਸ਼ਾਇਦ ਮੈਂ ਤੁਹਾਨੂੰ ਛੇਤੀ ਭੁੱਲ ਜਾਵਾਂ। ਹੁਣ ਤਾਂ ਜਦੋਂ ਤੁਸੀਂ ਦਿਖਦੇ ਹੋ, ਮੇਰਾ ਦਿਲ ਬੈਠਣ ਲੱਗਦਾ ਏ। ਦੇਵ ਜੀ ਤੁਸੀਂ ਸ਼ਾਇਦ ਵਿਸ਼ਵਾਸ ਨਾ ਕਰੋ, ਸਾਰੀ ਸਾਰੀ ਰਾਤ ਮੈਨੂੰ ਨੀਂਦ ਨਹੀਂ ਆਉਂਦੀ। ਮੇਰਾ ਮਰਨ ਨੂੰ ਦਿਲ ਕਰਦਾ ਰਹਿੰਦਾ ਏ।' ਬੋਲਦੀ ਸੁਰੇਖਾ ਦੇ ਹੰਝੂ ਨਿਕਲ਼ ਆਏ।

'ਨਹੀਂ ਸੁਰੇਖਾ ਪਲੀਜ਼.... ਮੇਰੀ ਮਜ਼ਬੂਰੀ ਸਮਝ ਮੈਨੂੰ ਮਾਫ਼ ਕਰਦੇ। ਮੈਂ ਤੈਨੂੰ ਸਾਰੀ ਉਮਰ ਭੁਲਾ ਨਹੀਂ ਸਕਾਂਗਾ।'

'ਇਸ ਪਿਆਰ ਲਈ ਤੁਹਾਡਾ ਧੰਨਵਾਦ।' ਉਹ ਉਂਗਲ ਨਾਲ਼ ਅੱਖ ਪੂੰਝਦੀ ਬੋਲੀ।

'ਸੁਰੇਖਾ ਪਲੀਜ਼ ਜ਼ਿੰਦਗੀ ਬਾਰੇ ਸੋਚ... ਇਹ ਸੋਚ ਕਿ ਕੋਈ ਦੇਵ ਜ਼ਿੰਦਗੀ ਵਿਚ ਆਇਆ ਹੀ ਨਹੀਂ। ਦੁਨੀਆਂ ਚੰਗੇ ਲੋਕਾਂ ਨਾਲ਼ ਭਰੀ ਪਈ ਏ।'

'ਠੀਕ ਏ ਦੇਵ... ਤੁਸੀਂ ਪਲੀਜ਼ ਜਾਓ ਹੁਣ... ਤੁਹਾਡੇ ਨਾਲ਼ ਗੱਲ ਕਰਦਿਆਂ ਵੀ ਮੈਨੂੰ ਭੈਅ ਆਉਂਦਾ ਹੈ।'

ਦੇਵ 'ਚੰਗਾ' ਕਹਿ ਕੇ ਲਾਇਬ੍ਰੇਰੀ' ਚੋਂ ਬਾਹਰ ਆ ਗਿਆ।

ਦੇਵ ਨੂੰ ਧੁੜਕੂ ਸੀ ਕਿ ਹੁਣ ਪਰੋਮੋਸ਼ਨ ਮਗਰੋਂ ਜੇ ਘਰੋਂ ਦੂਰ ਦਾ ਕੋਈ ਸਟੇਸ਼ਨ ਮਿਲ ਗਿਆ ਤਾਂ ਉਸ ਦੀ ਬੇਬੇ ਮੁੜ ਇਕੱਲੀ ਰਹਿ ਜਾਵੇਗੀ। ਹੈਡਮਾਸਟਰ ਖੁੰਢ ਸਾਹਬ ਨੇ ਉਸ ਨੂੰ ਦੱਸਿਆ ਕਿ ਜਿੰਨੇ ਵੀ ਟੀਚਰ ਪਰੋਮੋਟ ਹੋਏ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਜ਼ਿਲ੍ਹਿਆਂ ਤੋਂ ਬਾਹਰ ਦੇ ਸਟੇਸ਼ਨ ਹੀ ਅਲਾਟ ਕੀਤੇ ਜਾਣਗੇ, ਫਿਰ ਆਪਣੇ ਜ਼ਿਲ੍ਹਿਆਂ ਵਿਚ ਅਡਜਸਟਮੈਂਟ ਕਰਨ ਲਈ ਉਨ੍ਹਾਂ ਤੋਂ ਮੂੰਹ ਮੰਗੀ ਰਕਮ ਵਸੂਲੀ ਜਾਵੇਗੀ। ਇਸ ਪ੍ਰਕਿਰਿਆ ਵਿਚ ਕਿਉਂਕਿ ਅਫ਼ਸਰਾਂ ਤੋਂ ਲੈ ਕੇ ਮਨਿਸਟਰਾਂ ਤੱਕ ਸ਼ਾਮਲ ਹੁੰਦੇ ਹਨ, ਇਸ ਲਈ ਕੋਈ ਪੁੱਛਣ ਵਾਲ਼ਾ ਨਹੀਂ। ਉਹ ਕਿਸੇ ਪਹੁੰਚ ਵਾਲ਼ੇ ਬੰਦੇ ਨੂੰ ਮਿਲ ਕੇ ਸੋਮਵਾਰ ਤੋਂ ਪਹਿਲਾਂ ਹੀ ਆਪਣੇ ਜ਼ਿਲ੍ਹੇ ਵਿਚ ਸਟੇਸ਼ਨ ਲੈਣ ਦੀ ਕੋਸ਼ਿਸ਼ ਕਰੇ।

ਦੇਵ ਅਗਲੇ ਦਿਨ ਹੀ ਲੁਧਿਆਣੇ ਮਲਟੀਪਰਪਜ਼ ਸਕੂਲ ਪ੍ਰਿੰਸੀਪਲ ਬ੍ਰਹਮ ਕੁਮਾਰ ਵਰਮਾ ਜੀ ਨੂੰ ਮਿਲਣ ਚਲਾ ਗਿਆ। ਵਰਮਾ ਜੀ ਦਫ਼ਤਰ ਵਿਚ ਹੀ ਬੈਠੇ ਸਨ, ਉਹ ਦੇ

ਵ ਦੇ ਆਰਡਰ ਮਿਲਣ ਤੇ ਬਹੁਤ ਖੁਸ਼ ਹੋਏ ਤੇ ਵਧਾਈ ਦਿੱਤੀ। ਉਨ੍ਹਾਂ ਨੇ ਪੀਅਨ ਭੇਜ ਕੇ ਬਰਫ਼ੀ ਦਾ ਡੱਬਾ ਵੀ ਮੰਗਵਾ ਲਿਆ ਤੇ ਸਟਾਫ਼ ਦਾ ਮੂੰਹ ਮਿੱਠਾ ਕਰਵਾ ਕੇ ਦੱਸਿਆ ਕਿ ਉਨ੍ਹਾਂ ਦੀ ਭੈਣ ਦੇ ਦਾਮਾਦ ਦੀ ਲੈਕਚਰਾਰ ਵਜੋਂ ਪਰੋਮੋਸ਼ਨ ਹੋਈ ਹੈ।

'ਸਰ, ਦਾਮਾਦ ਕੌਣ?' ਦੇਵ ਨੇ ਪੁੱਛਿਆ।

'ਦਾਮਾਦ ਤੂੰ... ਹੋਣ ਕੌਣ? ਅਸੀਂ ਤੇਰਾ ਵਿਆਹ ਆਪਣੀ ਭਾਣਜੀ ਇੰਦਰਾ ਨਾਲ਼ ਕਰਨ ਦਾ ਫੈਸਲਾ ਕਰ ਲਿਆ ਹੈ। ਤੈਨੂੰ ਕੋਈ ਇਤਰਾਜ਼ ਤਾਂ ਨਹੀਂ?'

'ਸਰ, ਇਤਰਾਜ਼ ਤਾਂ ਕੋਈ ਨਹੀਂ, ਪਰ ਪਹਿਲਾਂ ਆਪਣੀ ਮਾਂ, ਮਾਮੇ ਤੇ ਭਰਾਵਾਂ ਕੋਲ਼ੋਂ ਸਹਿਮਤੀ ਤਾਂ ਲੈ ਲਵਾਂ।'

'ਉਨ੍ਹਾਂ ਦੀ ਹਾਂ ਕਰਵਾ ਕੇ ਮੈਨੂੰ ਛੇਤੀ ਦੱਸ ਦੇਵ। ਮੈਂ ਇਸੇ ਐਤਵਾਰ ਤੇਰੇ ਕੋਲ਼ ਆਉਣਾ ਸੀ, ਹੁਣ ਤੂੰ ਆਪ ਹੀ ਆ ਗਿਆ। ਇੰਦਰਾ ਵੀ ਮੋਹਾਲ਼ੀ ਚਲੀ ਗਈ ਏ। ਉਸਦਾ ਬੀ. ਐਡ. ਕੋਰਸ ਮੁਕੰਮਲ ਹੋ ਗਿਆ ਸੀ। ਵਿਆਹ ਦੀ ਜੋ ਮਰਜ਼ੀ ਤਰੀਕ ਮਿੱਥ ਲੈਣੀ, ਸਾਨੂੰ ਮੰਜੂਰ ਹੋਵੇਗੀ। ਨਾਲ਼ੇ ਤੂੰ ਮੈਨੂੰ 'ਸਰ' ਨਹੀਂ 'ਮਾਮਾ ਜੀ' ਕਿਹਾ ਕਰ।'

'ਠੀਕ ਏ ਮਾਮਾ ਜੀ.... ਤਿੰਨਾਂ ਭਰਾਵਾਂ ਨੇ ਵੀ ਛੁੱਟੀ ਦਾ ਬੰਦੋਬਸਤ ਕਰਨਾ ਏ। ਉਸ ਮਗਰੋਂ ਹੀ ਤਰੀਕ ਮਿੱਥੀ ਜਾਣੀ ਏ।'

'ਘਰ ਚੱਲੀਏ ਆਪਾਂ?' ਵਰਮਾ ਜੀ ਨੇ ਪੁੱਛਿਆ।

'ਨਹੀਂ ਮਾਮਾ ਜੀ, ਮੈਂ ਤਾਂ ਤੁਹਾਡੇ ਕੋਲ਼ ਇਕ ਹੋਰ ਕੰਮ ਆਇਆ ਹਾਂ। ਜੇ ਤੁਸੀਂ ਕਿਸੇ ਬੰਦੇ ਨੂੰ ਮਿਲ ਕੇ ਕੋਈ ਦੋਰਾਹੇ ਦੇ ਨੇੜੇ ਦਾ ਸਟੇਸ਼ਨ ਦਵਾ ਦਵੋ ਤਾਂ ਠੀਕ ਰਹੇਗਾ।'

'ਠੀਕ ਏ, ਆਪਾਂ ਕੋਸ਼ਿਸ਼ ਕਰ ਲੈਂਦੇ ਹਾਂ। ਮੈਂ ਅੱਜ ਹੀ ਦੇਖਦਾ ਹਾਂ, ਨਹੀਂ ਤਾਂ ਫਿਰ ਚੰਡੀਗੜ੍ਹ ਸੈਕਟਰੀਏਟ' ਚੋਂ ਕੋਈ ਬੰਦਾ ਫੜ ਲਵਾਂਗੇ। ਕੱਲ੍ਹ ਚੱਲੀਏ?'

'ਠੀਕ ਏ ਜੀ, ਕਦੋਂ ਕਿਸ ਥਾਂ ਪਹੁੰਚਾਂ, ਮੈਨੂੰ ਦੱਸ ਦਵੋ।'

'ਗੱਡੀ ਮੈਂ ਲੈ ਚੱਲਾਂਗਾ। ਤੂੰ ਸਵੇਰੇ ਦਸ ਵਜੇ ਨੀਲੋਂ ਪੁਲ਼ ਤੇ ਆ ਜਾਣਾ।'

ਅਗਲੇ ਦਿਨ ਵਰਮਾ ਜੀ ਦਸ ਵਜੇ ਨੀਲੋਂ ਪੁਲ ਤੇ ਪਹੁੰਚ ਗਏ। ਦੇਵ ਤਾਂ ਉੱਥੇ ਨੌਂ ਵਜੇ ਹੀ ਆ ਖੜ੍ਹਿਆ ਸੀ। ਉਨ੍ਹਾਂ ਦੀ ਗੱਡੀ ਡਰਾਇਵਰ ਚਲਾ ਰਿਹਾ ਸੀ।

'ਮਾਮਾ ਜੀ ਦੋਰਾਹੇ ਦੇ ਲਾਗੇ ਕੋਈ ਸਟੇਸ਼ਨ ਮਿਲ ਗਿਆ ਫੇਰ ਤਾਂ ਮੌਜ ਏ।' ਦੇ ਵ ਨੇ ਕਿਹਾ।

'ਦੇਵ ਸਟੇਸ਼ਨ ਲਵਾਂਗੇ ਚੰਡੀਗੜ੍ਹ ਲਾਗੇ ਦਾ। ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਵਿਆਹ ਮਗਰੋਂ ਮੋਹਾਲ਼ੀ' ਚ ਇਕ ਕੋਠੀ ਤੇਰਾ ਇੰਤਜ਼ਾਰ ਕਰ ਰਹੀ ਏ।' ਉਹ ਹੱਸੇ।

'ਮੇਰਾ ਇੰਤਜ਼ਾਰ ਮਾਮਾ ਜੀ?' ਦੇਵ ਨੂੰ ਇਹ ਗੱਲ ਇੰਦਰਾ ਨੇ ਵੀ ਦੱਸੀ ਸੀ। ਉਹ ਮਚਲਾ ਬਣ ਕੇ ਸੁਣਦਾ ਰਿਹਾ। ਵਰਮਾ ਜੀ ਨੇ ਕੋਠੀ ਦੀ ਖ਼ੂਬ ਤਾਰੀਫ਼ ਕੀਤੀ। ਇਕ ਨਹੀਂ ਸਗੋਂ ਅੱਠ ਫੇਜ਼ ਵਿਚ ਉਨ੍ਹਾਂ ਦੀਆਂ ਦੋ ਕੋਠੀਆਂ ਸਨ। ਦੋਨਾਂ ਵਿਚ ਡਰਾਇੰਗ ਰੂਮ ਤੋਂ ਬਿਨਾਂ ਛੇ-ਛੇ ਕਮਰੇ, ਕਈ ਕਈ ਬਾਥਰੂਮ, ਵੱਡੀਆਂ ਕਿਚਨਾਂ ਬਣੀਆਂ ਹੋਈਆਂ ਸਨ। ਹਰ ਪਾਸੇ ਤਾਜ ਮਹੱਲ ਵਾਂਗ ਸੰਗਮਰਮਰ ਚਮਕਦਾ ਸੀ।

ਦੇਵ ਬੋਲਿਆ, 'ਸਰ, ਮੇਰੀ ਬੇਬੇ ਤਾਂ ਦੋਰਾਹਾ ਕਦੀ ਨਹੀਂ ਛੱਡੇਗੀ।'

'ਜਦੋਂ ਤੇਰੀ ਬੇਬੇ ਨੂੰ ਕੋਠੀ ਦੀ ਚਾਬੀ ਫੜਾਵਾਂਗੇ। ਉਹ ਮੰਨ ਜਾਵੇਗੀ।'

'ਪਰ ਦੋਰਾਹੇ ਵੀ ਤਾਂ ਮਕਾਨ ਹੈ ਸਰ ਸਾਡਾ।'

'ਆਹੋ ਮੈਂ ਦੇਖਿਆ ਏ। ਸਭ ਦਾ ਸਾਂਝਾ ਉਹ ਮਕਾਨ। ਕੀ ਕਰਨਾ ਏਂ ਦੇਵ ਤੂੰ? ਉਹ ਭਰਾਵਾਂ ਨੂੰ ਦੇ ਛੱਡੀਂ।' ਉਹ ਬੋਲੇ।

ਫਿਰ ਉਨ੍ਹਾਂ ਨੇ ਸਟੇਸ਼ਨ ਦੇਣ ਲਈ ਇਕ ਸਿਫ਼ਾਰਸ਼ੀ ਪੱਤਰ ਦੇਵ ਨੂੰ ਦਿਖਾਇਆ। ਧੰਨ ਸਨ ਵਰਮਾ ਜੀ ਉਹ ਉਸੇ ਐਮ. ਐਲ. ਏ. ਤੋਂ ਪੁਰਜ਼ੋਰ ਸਿਫਾਰਸ਼ ਲਿਖਵਾ ਲਿਆਏ ਸਨ, ਜਿਸ ਨੇ ਕਦੀ ਦੇਵ ਅਤੇ ਤ੍ਰਿਪਤ ਨੂੰ ਧਰੌੜ ਸਟੇਸ਼ਨ ਦੇਣ ਲਈ ਰਿਸ਼ਵਤ ਲੈ ਕੇ ਅਰਜ਼ੀਆਂ ਮਾਰਕ ਕੀਤੀਆਂ ਸਨ। ਇਹ ਪੱਤਰ ਸ. ਬਲਦੇਵ ਸਿੰਘ ਡੀ. ਪੀ. ਆਈ. ਦੇ ਨਾਂ ਸੀ। ਚੰਡੀਗੜ੍ਹ ਜਾ ਕੇ ਇਕੱਲੇ ਵਰਮਾ ਜੀ ਹੀ ਡੀ. ਪੀ. ਆਈ. ਨੂੰ ਮਿਲੇ ਤੇ ਦੇਵ ਨੂੰ ਸਰਕਾਰੀ ਹਾਇਰ ਸੈਕੰਡਰੀ ਸਕੂਲ ਖਰੜ ਦੇ ਆਰਡਰ ਲਿਆ ਫੜਾਏ, ਜਿਨ੍ਹਾਂ ਨੂੰ ਆਉਂਦੇ ਮੰਗਲਵਾਰ ਤੋਂ ਲਾਗੂ ਸਮਝਿਆ ਜਾਣਾ ਸੀ।

ਆਰਡਰ ਮਿਲੇ ਤਾਂ ਵਾਪਸੀ ਸਮੇਂ ਵਰਮਾ ਜੀ ਦੇਵ ਨੂੰ ਇੰਦਰਾ ਦੇ ਡੈਡੀ ਖੇਮ ਚੰਦ ਗੋਗਨਾ ਦੀ ਕੋਠੀ ਲੈ ਗਏ। ਗੇਟ ਕਿਸੇ ਨੌਕਰ ਨੇ ਖੋਲ੍ਹਿਆ। ਉਹ ਦੋਨੋਂ ਗੱਡੀ' ਚੋਂ ਉਤਰੇ ਤਾਂ ਡਰਾਇਵਰ ਨੇ ਗੱਡੀ ਅੰਦਰ ਪਾਰਕ ਕਰ ਦਿੱਤੀ। ਕੋਠੀ ਦੇ ਲਾਅਨ ਵਿਚ ਦੋ ਮੁੰਡੇ ਦੋ ਕੁੜੀਆਂ ਬੈਡਮਿੰਟਨ ਖੇਡ ਰਹੇ ਸਨ। ਦੋਨਾਂ ਕੁੜੀਆਂ ਨੇ ਵੀ ਮੁੰਡਿਆਂ ਵਾਂਗ ਪੈਂਟਾਂ ਹੀ ਪਾਈਆਂ ਹੋਈਆਂ ਸਨ। ਉਨ੍ਹਾਂ' ਚੋਂ ਇੰਦਰਾ ਬੈਟ ਸੁੱਟ ਕੇ ਉਨ੍ਹਾਂ ਵੱਲ ਨੂੰ ਦੌੜੀ ਆਈ। ਦੇ ਵ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਆਪਣੇ ਮਾਮਾ ਜੀ ਨੂੰ ਲਿਪਟ ਗਈ। ਫਿਰ ਉਹ ਦੋਨਾਂ ਨੂੰ ਕੋਠੀ ਅੰਦਰ ਲੈ ਗਈ। ਐਨੇ ਵੱਡੇ ਵੱਡੇ ਲਾਅਨ, ਐਨੀ ਵੱਡੀ ਕੋਠੀ, ਦੇਵ ਹੈਰਾਨ ਹੋਇਆ ਕਿ ਉਸ ਵਿਚ ਕਿਹੜੀ ਖ਼ੂਬੀ ਸੀ ਕਿ ਉਨ੍ਹਾਂ ਨੇ ਉਸ ਨੂੰ ਆਪਣਾ ਜੁਆਈ ਚੁਣ ਲਿਆ ਸੀ। ਉਨ੍ਹਾਂ ਨੂੰ ਤਾਂ ਅਮੀਰ ਤੋਂ ਅਮੀਰ ਮੁੰਡਾ ਮਿਲ ਸਕਦਾ ਸੀ। ਇੰਦਰਾ ਦੀ ਮੰਮੀ ਬਰਾਂਡੇ ਵਿਚ ਸੋਫ਼ੇ ਤੇ ਬੈਠੀ ਕੋਈ ਮੋਟੀ ਕਿਤਾਬ ਪੜ੍ਹ ਰਹੀ ਸੀ। ਉਨ੍ਹਾਂ ਨੂੰ ਦੇ ਖ ਉਹ ਉੱਠੀ ਤੇ ਦੋਨਾਂ ਨੂੰ ਗਲਵੱਕੜੀ ਪਾ ਕੇ ਮਿਲੀ। ਦੇਵ ਨੇ ਉਸ ਦੇ ਪੈਰ ਛੂਹੇ। ਉਹ ਬੋਲੀ, 'ਆ ਵੇ ਪੁੱਤ ਦੇਵ। ਧੰਨ ਭਾਗ ਸਾਡੇ ਤੂੰ ਆਇਆ। ਤੂੰ ਤਾਂ ਮੇਰੀ ਰੂਹ ਖੁਸ਼ ਕਰ ਦਿੱਤੀ।'

ਦੇਵ ਬੱਸ ਮੁਸਕਰਾਈ ਗਿਆ। ਬੋਲਿਆ ਕੁਝ ਨਾ। ਉਹ ਸਭ ਦਾ ਹਾਲ ਪੁੱਛਦੀ ਰਹੀ, ਉਹ 'ਠੀਕ ਹੈ ਜੀ' , 'ਠੀਕ ਹੈ ਜੀ' ਕਹਿੰਦਾ ਰਿਹਾ।

'ਸਵਿੱਤਰੀ ਭੈਣ ਇਕ ਖੁਸ਼ਖ਼ਬਰੀ ਏ। ਦੇਵ ਮੈਥ ਦਾ ਲੈਕਚਰਾਰ ਬਣ ਗਿਆ ਏ । ਇਸ ਨੂੰ ਖਰੜ ਦਾ ਸਕੂਲ ਦੁਆ ਦਿੱਤਾ ਏ।'

'ਬਹੁਤ ਬਹੁਤ ਮੁਬਾਰਕ ਬੇਟੇ। ਜੁਗ ਜੁਗ ਜੀਓ, ਤਰੱਕੀਆਂ ਕਰੋ।'

ਉਹ ਅਜੇ ਚਾਹ ਪਾਣੀ ਪੀ ਰਹੇ ਸਨ ਕਿ ਇੰਦਰਾ ਦਾ ਡੈਡੀ ਖੇਮ ਚੰਦ ਗੋਗਨਾ ਵੀ ਆਪਣੀ ਕਾਰ ਵਿਚ ਪਹੁੰਚ ਗਿਆ। ਉਹ ਵੀ ਦੇਵ ਨੂੰ ਮਿਲ ਕੇ ਖੁਸ਼ ਹੋਇਆ। ਇਕ ਮੁੰਡਾ ਸੌਦਿਆਂ ਦੇ ਭਰੇ ਕਈ ਝੋਲ਼ੇ ਅਤੇ ਕੋਕਾ ਕੋਲਾ ਬਗੈਰਾ ਦੇ ਡਾਲੇ ਬਰਾਂਡੇ ਵਿਚ ਰੱਖ ਕੇ ਚਲਾ ਗਿਆ।

'ਬੇਟੇ ਇੰਦੂ ਤੁਸੀਂ ਦੇਵ ਨੂੰ ਲੈ ਜਾਓ ਅੰਦਰ। ਟੈਲੀਵਿਜ਼ਨ ਦੇਖ ਲਓ।' ਸਵਿੱਤਰੀ ਬੋਲੀ ਤਾਂ ਇੰਦਰਾ ਉੱਠ ਕੇ ਖੜ੍ਹੀ ਹੋ ਗਈ ਤੇ ਦੇਵ ਵੱਲ ਦੇਖਣ ਲੱਗੀ।

'ਦੇਵ ਜਾ ਭਾਈ ਤੂੰ ਵੀ ਅੰਦਰ ਕੋਠੀ ਦੇਖੋ ਭੈਣ ਦੀ।' ਵਰਮਾ ਜੀ ਨੇ ਕਿਹਾ।

ਕਮਰੇ ਅੰਦਰ ਜਾਂਦਿਆਂ ਹੀ ਦੇਵ ਨੇ ਇੰਦਰਾ ਦਾ ਹੱਥ ਫੜ ਲਿਆ ਤੇ ਬੋਲਿਆ, 'ਕਿਵੇਂ ਹੋ ਤੁਸੀਂ ਸਵੀਟ ਹਾਰਟ?'

'ਬਿਲਕੁਲ ਠੀਕ ਹਾਂ ਦੇਵ ਜੀ, ਤੁਸੀਂ ਦੱਸੋ ਕਿਵੇਂ ਹੋ?'

'ਬੱਸ ਤੁਹਾਡੇ ਵੱਲ ਹੀ ਸੁਤਾ ਰਹਿੰਦੀ ਏ ਹੁਣ ਤਾਂ।'

'ਮੈਂ ਤਾਂ ਤੁਹਾਡੇ ਕੋਲ਼ ਆਉਣ ਲਈ ਐਥੋਂ ਦੇ ਸਾਰੇ ਕੰਮ ਮੁਕਾਈ ਬੈਠੀ ਹਾਂ। ਜਦ ਮਰਜੀ ਲੈ ਜਾਵੋ।' ਇੰਦਰਾ ਉਸਦੇ ਨਾਲ਼ ਲਿਪਟ ਗਈ। ਦੇਵ ਨੇ ਵੀ ਉਸ ਨੂੰ ਬਾਹਾਂ ਵਿਚ ਘੁੱਟ ਲਿਆ। ਉਨ੍ਹਾਂ ਦੇ ਮੂੰਹ ਇਕ ਦੂਜੇ ਦੇ ਲਾਗੇ ਆ ਗਏ ਤੇ ਫਿਰ ਇਕ ਦੂਜੇ ਨਾਲ਼ ਜੁੜ ਗਏ। ਉਹ ਕਾਫ਼ੀ ਦੇਰ ਇਸੇ ਤਰ੍ਹਾਂ ਖੜ੍ਹੇ ਰਹੇ। ਫਿਰ ਦੇਵ ਨੇ ਹਉਕਾ ਭਰਿਆ ਤੇ ਬੋਲਿਆ, 'ਤੁਹਾਡੇ ਬਿਨਾਂ ਹੁਣ ਕਿਵੇਂ ਰਹਾਂਗਾ?'

'ਆ ਜਾਓ ਬਰਾਤ ਲੈ ਕੇ ਦਰ ਖੁੱਲ੍ਹੇ ਨੇ।' ਉਹ ਹੱਸੀ।

'ਚਲੋ ਅੱਜ ਹੀ... ।'

'ਸੱਚ ਦੇਵ ਜੀ ਤੁਹਾਨੂੰ ਮੁਬਾਰਕਾਂ ਲੈਕਚਰਾਰ ਲੱਗਣ ਦੀਆਂ।' ਉਹ ਬੋਲੀ।

'ਫੇਰ ਹੁਣ ਤਾਂ ਖਰੜ ਤੋਂ ਨਿੱਤ ਐਥੇ ਹੀ ਆਉਣਾ ਪਵੇਗਾ। ਤੁਹਾਡੀ ਕੋਠੀ ਦੀ ਸਫ਼ਾਈ ਕਰਵਾ ਦਿਆਂਗੇ।'

'ਸਹੁਰੇ ਘਰ ਰਹਾਂਗਾ ਤਾਂ ਲੋਕ ਕਹਿਣਗੇ 'ਜੁਆਈ ਕੁੱਤਾ' ।'

'ਉਹ ਪੁਰਾਣੀਆਂ ਗੱਲਾਂ ਨੇ ਦੇਵ ਜੀ। ਮੈਂ ਤਾਂ ਚਾਹੁੰਦੀ ਹਾਂ, ਬਰਾਤ ਮੇਰੀ ਜਾਵੇ ਦੋਰਾਹੇ ਤੇ ਮੈਂ ਤੁਹਾਨੂੰ ਵਿਆਹ ਕੇ ਐਥੇ ਲੈ ਆਵਾਂ।'

'ਤੇ ਮੈਂ ਨੱਥ ਚੂੜਾ ਪਾ ਕੇ ਘੁੰਡ ਕੱਢ ਕੇ ਆਵਾਂ। ਹੈ ਨਾ?' ਦੇਵ ਨੇ ਕਿਹਾ ਤਾਂ ਉਹ ਖਿੜ-ਖਿੜਾ ਕੇ ਹੱਸ ਪਈ। ਉਸ ਨੇ ਫਿਰ ਉਸਨੂੰ ਆਪਣੇ ਨਾਲ਼ ਘੁੱਟ ਲਿਆ ਤੇ ਚੁੰਮਣ ਲੱਗਾ।

'ਚੰਡੀਗੜ੍ਹ ਡੀ. ਏ. ਵੀ. ਕਾਲਜ ਵਿਚ ਉਨ੍ਹਾਂ ਮੇਰੀ ਨਿਯੁਕਤੀ ਦੀ ਵੀ ਗੱਲ ਕੀਤੀ ਏ। ਉਹ ਸੱਠ ਹਜ਼ਾਰ ਡੋਨੇਸ਼ਨ ਮੰਗਦੇ ਨੇ, ਪਰ ਮਾਮਾ ਜੀ ਕਹਿੰਦੇ ਨੇ, ਥਰੂਆਊਟ ਫਸਟ ਕਲਾਸ ਏ। ਅਸੀਂ ਪੈਸੇ ਕਿਉਂ ਦੇਈਏ।'

'ਨੌਕਰੀ ਦੇਣ ਦੇ ਪੈਸੇ ਮੰਗਦੇ ਨੇ? ਹੈਰਾਨੀ ਵਾਲ਼ੀ ਗੱਲ ਏ।' ਦੇਵ ਨੇ ਕਿਹਾ।

'ਸਭ ਪਾਸੇ ਇਹੀ ਚਲਦਾ ਏ ਦੇਵ ਜੀ।'

'ਪਰ ਮੈਂ ਤਾਂ ਦੇਖੋ ਮੁਫ਼ਤ ਵਿਚ ਲੈ ਲਈ।'

'ਮੇਰਾ ਵੀ ਕਦੀ ਨੰਬਰ ਲੱਗ ਹੀ ਜਾਵੇਗਾ ਦੇਵ ਜੀ।'

'ਚਲੋ ਇਕੱਠੇ ਮੌਜ ਕਰਾਂਗੇ।' ਦੇਵ ਨੇ ਕਿਹਾ।

'ਪਰ ਮੇਰਾ ਤਾਂ ਦਿਲ ਧੜਕਦਾ ਏ। ਦੋਰਾਹਾ ਕਿਵੇਂ ਛੱਡਾਂਗਾ?'

'ਮੈਂ ਹੋਵਾਂਗੀ ਨਾ ਐਥੇ। ਦਿਲ ਲਾ ਦਿਆਂਗੀ ਤੁਹਾਡਾ।'

'ਪਰ ਪੱਕੀ ਗੱਲ ਏ ਕਿ ਬੇਬੇ ਐਥੇ ਨਹੀਂ ਆਵੇਗੀ।'

'ਮਨਾ ਲਵਾਂਗੀ ਉਨ੍ਹਾਂ ਨੂੰ ਵੀ। ਇਹ ਕੰਮ ਮੇਰੇ ਤੇ ਛੱਡੋ।'

'ਤੁਸੀਂ ਰਲ਼ ਮਿਲ਼ ਕੇ ਮੈਨੂੰ ਪੈਂਖੜ ਪਾ ਦਿੱਤੇ ਇੰਦਰਾ ਜੀ।'

'ਅਜੇ ਤਾਂ ਦੇਖਣਾ, ਇਕ ਪਿੰਜਰਾ ਵੀ ਬਣਵਾਉਣਾ ਏਂ ਤੁਹਾਡੇ ਲਈ। ਖੰਭ ਕੁਤਰ ਕੇ ਉਸ ਵਿਚ ਬੰਦ ਕਰ ਦਿਆਂਗੀ।' ਉਹ ਹੱਸੀ।

'ਇੰਦਰਾ ਜੀ ਤੁਸੀਂ ਪਿੰਜਰੇ ਵਿਚ ਨਾਲ਼ ਹੋਵੋਗੇ ਤਾਂ ਉਹ ਵੀ ਖੁਸ਼ੀ ਖੁਸ਼ੀ ਮੰਜੂਰ ਹੈ।'

'ਪੱਕੀ ਗੱਲ ਏ?'

'ਹਾਂ-ਹਾਂ-ਇੱਟ ਵਰਗੀ ਪੱਕੀ... ਮੈਂ ਹੈਰਾਨ ਹੋਇਆ ਹਾਂ ਕਿ ਤੁਹਾਡੇ ਮੰਮੀ ਜੀ ਬੜੇ ਖੁਲ੍ਹੇ ਸੁਭਾਅ ਦੇ ਨੇ... ਕਹਿੰਦੇ ਟੀ. ਵੀ. ਦੇਖ ਲਓ ਅੰਦਰ। ਮੈਂ ਤਾਂ ਕਦੀ ਟੀ. ਵੀ. ਦੇਖਿਆ ਹੀ ਨਹੀਂ... ਤੇ ਨਾ ਸਾਡੇ ਹੈਗਾ।'

'ਸਭ ਕੁਝ ਹੋਵੇਗਾ ਆਪਣੇ ਕੋਲ... ਦੇਖਦੇ ਜਾਓ। ਜੋ ਮੇਰੇ ਡੈਡੀ ਕੋਲ਼ ਹੈ, ਸਭ ਆਪਣਾ ਹੀ ਤਾਂ ਹੈ।'

ਇੰਦਰਾ ਨੇ ਉੱਠ ਕੇ ਟੀ. ਵੀ. ਦੀ ਸਵਿੱਚ ਆਨ ਕਰ ਦਿੱਤੀ। ਤਿੰਨ ਚਾਰ ਬੰਦੇ ਪੀਪਨੀਆਂ ਵਜਾਉਣ ਲੱਗੇ ਹੋਏ ਸਨ। ਉਹ ਬੋਲੀ, 'ਇਹ ਵੀ ਸ਼ੁਭ ਸ਼ਗਨ ਹੋ ਗਿਆ। ਆਪਣੇ ਵਿਆਹ ਦੀ ਖੁਸ਼ੀ ਵਿਚ ਸ਼ਹਿਨਾਈਆਂ ਵੱਜ ਰਹੀਆਂ ਨੇ।'

'ਬੁਲਾ ਲਵੋ ਫੇਰ ਪੰਡਤ ਜੀ ਨੂੰ।' ਦੇਵ ਹੱਸਿਆ।

ਉਹ ਸੋਫ਼ੇ ਉੱਤੇ ਇਕ ਦੂਜੇ ਦਾ ਹੱਥ ਫੜੀ ਬੈਠੇ ਸਨ। ਦੇਵ ਬੋਲਿਆ, 'ਇਕ ਗੱਲ ਪੁੱਛਾਂ?'

'ਹਾਂ ਜੀ ਪੁੱਛੋ?'

'ਇਹ ਮੁੰਡੇ ਕੌਣ ਸਨ, ਜਿਨ੍ਹਾਂ ਨਾਲ਼ ਤੁਸੀਂ ਖੇਡ ਰਹੇ ਸੀ?'

'ਅਸੀਂ ਸਾਰੇ ਫਰੈਂਡ ਹੀ ਸਮਝੋ। ਦੋ ਕੋਠੀਆਂ ਛੱਡ ਕੇ ਪ੍ਰੋਫੈਸਰ ਦੱਤਾ ਦੀ ਕੋਠੀ ਏ। ਇਹ ਦੋਨੋਂ ਮੁੰਡੇ ਉਸ ਦੇ ਬੇਟੇ ਸਨ। ਕੁੜੀ ਵੀ ਐਥੇ ਨੇੜੇ ਹੀ ਰਹਿੰਦੀ ਏ, ਉਸ ਦੇ ਡੈਡੀ ਡਾਕਟਰ ਨੇ।'

'ਫੇਰ ਤਾਂ ਐਥੇ ਇਕ ਦੂਜੇ ਨਾਲ਼ ਮਿਲਣ-ਗਿਲਣ ਦੀ ਕਾਫ਼ੀ ਖੁੱਲ੍ਹ ਏ।'

'ਅਸੀਂ ਤਾਂ ਇਕੱਠੇ ਹੋ ਕੇ ਪਿਕਚਰ ਵੀ ਦੇਖ ਆਉਂਦੇ ਹਾਂ ਦੇਵ ਜੀ।'

'ਅੱਛਾ! ਕਮਾਲ ਐ ਬਈ।'

'ਦੇਖਣਾ ਕਿਤੇ ਸ਼ੱਕ ਹੀ ਨਾ ਕਰਨ ਲੱਗ ਪੈਣਾ ਮੇਰੇ ਤੇ। ਮੈਂ ਬਿਨਾਂ ਰੋਕ-ਟੋਕ ਵਾਲ਼ੀ ਜ਼ਿੰਦਗੀ ਜਿਊਣਾ ਚਾਹੁੰਦੀ ਹਾਂ ਦੇਵ ਜੀ।'

'ਨਹੀਂ ਨਹੀਂ... ਐਸੀ ਕੋਈ ਗੱਲ ਨਹੀਂ। ਮਾਡਰਨ ਜ਼ਮਾਨਾ ਹੈ। ਕੋਈ ਕਿਸੇ ਨੂੰ ਮੂੰਹ ਵਿਚ ਥੋੜ੍ਹੋ ਪਾ ਲਵੇਗਾ?' ਦੇਵ ਨੇ ਕਿਹਾ।

ਇੰਦਰਾ ਨੇ ਉੱਠ ਕੇ ਟੀ. ਵੀ. ਬੰਦ ਕੀਤਾ ਤੇ ਬੋਲੀ, 'ਚਲੋ, ਤੁਹਾਨੂੰ ਤੁਹਾਡੀ ਕੋਠੀ ਵੀ ਦਿਖਾਵਾਂ।'

ਉਹ ਬਾਹਰ ਆਏ ਤਾਂ ਉਹ ਬੋਲੀ, 'ਮੰਮੀ ਜੀ ਕੋਠੀ ਦੀ ਚਾਬੀ ਦਿਓ। ਇਨ੍ਹਾਂ ਨੂੰ

ਦਿਖਾ ਲਿਆਵਾਂ। ਇਹ ਕਹਿੰਦੇ ਕੋਠੀ ਦੇਖਣੀ ਏ।'

ਉਸ ਦੀ ਮਾਂ ਨੇ ਅੰਦਰੋਂ ਚਾਬੀ ਲਿਆ ਕੇ ਉਸ ਨੂੰ ਫੜਾ ਦਿੱਤੀ। ਉਹ ਕੋਠੀ ਵੀ ਬਿਲਕੁਲ ਉਸੇ ਡੀਜ਼ਾਈਨ ਵਿਚ ਬਣੀ ਹੋਈ ਸੀ। ਉਸ ਦੇ ਬਾਹਰ ਮਾਰਬਲ ਪੱਥਰ ਉੱਤੇ 'ਇੰਦਰਾ ਵਿਲਾ' ਖੁਦਿਆ ਹੋਇਆ ਸੀ। ਅੰਦਰ ਵੜ ਕੇ ਦੇਵ ਬੋਲਿਆ, 'ਮੈਂ ਕਦੋਂ ਕਿਹਾ ਸੀ ਕੋਠੀ ਦਿਖਾਉਣ ਲਈ? ਸੋਚਣਗੇ ਬੜਾ ਲਾਲਚੀ ਜੁਆਈ ਟੱਕਰਿਆ ਏ।'

'ਲਾਲਚੀ ਤਾਂ ਦੇਵ ਜੀ ਹੁੰਦੇ ਹੀ ਨੇ ਮੁੰਡੇ ਵਾਲ਼ੇ ਅੱਜ ਕੱਲ੍ਹ। ਲਿਖਾ ਦਿਓ ਦਾਜ ਵਿਚ ਕੀ ਕੀ ਲੈਣਾ ਏਂ। ਜੇ ਕੈਸ਼ ਕਹੋਗੇ, ਉਹ ਵੀ ਮਿਲਜੂ।'

'ਕਿਉਂ ਸੁਹਣਿਓ ਜੁੱਤੀਆਂ ਮਾਰਨ ਲੱਗੇ ਹੋ, ਭਿਓਂ ਭਿਓਂ ਕੇ? ਜਿਸ ਦਿਨ ਪਹਿਲਾਂ ਦਰਸ਼ਨ ਦਿੱਤੇ ਸੀ, ਉਸ ਦਿਨ ਤਾਂ ਭਿੱਜੀ ਬਿੱਲੀ ਲਗਦੇ ਸੀ, ਅੱਜ ਗੱਲ ਨੀ ਭੁੰਜੇ ਡਿਗਣ ਦਿੰਦੇ। ਮੈਨੂੰ ਤਾਂ ਤੁਸੀਂ ਬੱਸ ਇਕੱਲੇ ਮਿਲ ਜਾਉ, ਬਹੁਤ ਹੈ।' ਦੇਵ ਨੇ ਕਿਹਾ।

ਇੰਦਰਾ ਉਸ ਨੂੰ ਕੋਠੀ ਵਿਚ ਘੁਮਾ ਕੇ ਸਾਗਵਾਨ ਦਾ ਬਣਿਆ ਫਰਨੀਚਰ, ਗਲੀਚੇ , ਸੋਫ਼ੇ, ਡਰੈਸਿੰਗ ਟੇਬਲ, ਡਾਇਨਿੰਗ ਟੇਬਲ, ਕੱਚ ਦੇ ਫਾਨੂਸ, ਬਾਥਰੂਮਾਂ ਵਿਚ ਬਣੇ ਟੱਬ, ਬਿਜਲੀ ਦੀ ਆਧੁਨਿਕ ਫਿੱਟਿੰਗ ਤੇ ਹੋਰ ਬੜਾ ਕੁਝ ਦਿਖਾਉਂਦੀ ਖੁਸ਼ ਹੋ ਰਹੀ ਸੀ। ਫਿਰ ਉਹ ਉਸ ਨੂੰ ਪੌੜ੍ਹੀਆਂ ਚੜ੍ਹ ਉਤਲੀ ਮੰਜ਼ਿਲ ਤੇ ਲੈ ਗਈ। ਸ਼ੀਸ਼ ਮਹਿਲ ਵਰਗਾ ਇਕ ਨਿੱਕਾ ਕਮਰਾ ਬਣਿਆ ਹੋਇਆ ਸੀ ਜਿਸ ਵਿਚ ਦੋ ਬੈੱਡ ਲੱਗੇ ਸਨ। ਇਕ ਦੋ ਸੀਟਾਂ ਵਾਲ਼ਾ ਸੋਫ਼ਾ ਤੇ ਅਰਾਮ ਕੁਰਸੀ ਪਈ ਸੀ। ਉਸ ਕਮਰੇ ਅੰਦਰ ਵੜਦਿਆਂ ਹੀ ਦੇਵ ਨੇ ਆਪਣੀਆਂ ਬਾਹਾਂ ਫੈਲਾ ਦਿੱਤੀਆਂ ਤਾਂ ਇੰਦਰਾ ਉਸ ਦੀ ਛਾਤੀ ਨਾਲ਼ ਆ ਲੱਗੀ। ਉਹ ਬੋਲਿਆ, 'ਤੁਹਾਡੇ ਡੈਡੀ ਜੀ ਕਾਫ਼ੀ ਤਨਖ਼ਾਹ ਲੈਂਦੇ ਹੋਣਗੇ।'

'ਉਹ ਤਾਂ ਹੁਣ ਰਿਟਾਇਰ ਨੇ। ਬਹੁਤਾ ਪੈਸਾ ਤਾਂ ਡੈਡੀ ਜੀ ਨੇ ਮੁਹਾਲੀ ਪਲਾਟਾਂ ਦੀ ਖਰੀਦੋ-ਫਰੋਖ਼ਤ ਤੋਂ ਬਣਾਇਆ। ਦਾਊਂ ਮਾਜਰੇ ਦੇ ਕੋਲ਼ ਉਨ੍ਹਾਂ ਦੀ ਅਠਾਰਾਂ ਏਕੜ ਵਾਹੀ ਯੋਗ ਜ਼ਮੀਨ ਵੀ ਹੈ। ਦੇਵ ਤੁਹਾਨੂੰ ਪਤਾ ਹੀ ਹੈ ਕਿ ਮੇਰਾ ਕੋਈ ਭੈਣ-ਭਰਾ ਨਹੀਂ ਹੈ। ਜੋ ਡੈਡੀ ਜੀ ਦਾ ਹੈ, ਉਹ ਸਭ ਕੁਝ ਮੇਰਾ ਵੀ ਹੈ। ਜੋ ਮੇਰਾ ਹੈ ਉਹ ਸਭ ਕੁਝ ਤੁਹਾਡਾ ਵੀ ਹੈ। ਆਪਾਂ ਐਸ਼ ਦੀ ਜ਼ਿੰਦਗੀ ਬਿਤਾ ਸਕਦੇ ਹਾਂ। ਮਾਮਾ ਜੀ ਕਹਿੰਦੇ ਸੀ ਸਾਰੀ ਦੁਨੀਆਂ ਘੁੰਮ ਲੈਣਾ ਦੇਵ ਵਰਗਾ ਵਰ ਨਹੀਂ ਮਿਲੇਗਾ।'

ਦੇਵ ਨੂੰ ਇੰਦਰਾ ਦੀਆਂ ਗੱਲਾਂ ਸੁਣ ਕੇ ਜਿਵੇਂ ਡਰ ਲੱਗ ਰਿਹਾ ਸੀ। ਐਨੇ ਅਮੀਰ ਪਰਿਵਾਰ ਨਾਲ਼ ਮੱਥਾ ਲਾਉਣਾ ਕਿਹੜਾ ਸੌਖੀ ਜਿਹੀ ਗੱਲ ਸੀ। ਜੇ ਕਿਸੇ ਭੁੱਖੇ ਬੰਦੇ ਨੂੰ ਇਕ ਦਮ ਛੱਤੀ ਕਿਸਮ ਦੇ ਭੋਜਨ ਪਰੋਸ ਦਿੱਤੇ ਜਾਣ ਤਾਂ ਉਹ ਖਾ ਕੇ ਮਰ ਵੀ ਸਕਦਾ ਹੈ। ਦੇਵ ਆਪਣੇ ਪਿਛੋਕੜ ਬਾਰੇ ਸੋਚਣ ਲੱਗ ਪਿਆ। ਜੇ ਉਹ ਉੱਥੋਂ ਉਡ ਪਿਆ ਤਾਂ ਉਸ ਦੇ ਪੈਰ ਸ਼ਾਇਦ ਹੀ ਮੁੜ ਧਰਤੀ ਨੂੰ ਲੱਗਣ।

ਉਸ ਦਿਨ ਉਹ ਛੱਤੀ ਪ੍ਰਕਾਰ ਦਾ ਭੋਜਨ ਹੀ ਸੀ ਜੋ ਉਸ ਨੂੰ ਪਰੋਸਿਆ ਗਿਆ। ਪਤਾ ਨਹੀਂ ਕਿਉਂ ਦੇਵ ਨੂੰ ਖਾਣੇ ਦਾ ਆਨੰਦ ਨਹੀਂ ਸੀ ਆ ਰਿਹਾ। ਉਹ ਚਾਹੁੰਦਾ ਸੀ ਕਿ ਇਕ ਸਬਜੀ ਹੋਵੇ, ਰੋਟੀਆਂ ਹੋਣ, ਅੰਬ ਦਾ ਅਚਾਰ ਤੇ ਇਕ ਪਿਆਜ ਹੋਵੇ- ਤਾਂ ਉਹ ਖਾਣੇ ਦਾ ਵੱਧ ਆਨੰਦ ਲੈ ਸਕਦਾ ਸੀ।

00

## ਇਕ ਸੌ ਉਣੱਤੀ

ਚੰਡੀਗੜ੍ਹ ਤੋਂ ਪਰੋਮੋਸ਼ਨ ਦੇ ਆਰਡਰ ਲੈ ਕੇ ਤੇ ਇੰਦਰਾ ਦੇ ਘਰ ਰੋਟੀ ਖਵਾਉਣ ਮਗਰੋਂ ਵਰਮਾ ਜੀ ਨੇ ਦੇਵ ਨੂੰ ਨੀਲੋਂ ਪੁਲ਼ ਤੇ ਛੱਡ ਦਿੱਤਾ। ਵਰਮਾ ਜੀ ਨੇ ਕਾਫ਼ੀ ਕਿਹਾ ਕਿ ਉਹ ਗੱਡੀ ਦੋਰਾਹੇ ਵਿੱਚੀਂ ਘੁਮਾ ਲੈਣਗੇ, ਪਰ ਦੇਵ ਨਾ ਮੰਨਿਆ। ਉਹ ਨੀਲੋਂ ਪੁਲ਼ ਤੋਂ ਟੈਂਪੂ ਤੇ ਬਹਿ ਕੇ ਘਰ ਪੁੱਜ ਗਿਆ। ਉਹ ਹੈਰਾਨ ਹੋਇਆ ਕਿ ਅੱਗੇ ਬੇਅੰਤ, ਸਤਿੰਦਰਪਾਲ ਆਏ ਬੈਠੇ ਸਨ ਤੇ ਉਸ ਦੀ ਬੇਬੇ ਨੇ ਸੁੱਤੇ ਪਏ ਉਨ੍ਹਾਂ ਦੇ ਦੋ ਸਾਲ ਦੇ ਬੱਚੇ ਸੋਨੂੰ ਨੂੰ ਆਪਣੇ ਪੱਟਾਂ' ਚ ਲਿਟਾਇਆ ਹੋਇਆ ਸੀ। ਬੇਅੰਤ ਨੇ ਉੱਠ ਕੇ ਦੇਵ ਨੂੰ ਜੱਫੀ ਪਾ ਲਈ। ਦੇਵ ਨੇ ਆਪਣੀ ਭਰਜਾਈ ਦੇ ਪੈਰੀਂ ਹੱਥ ਲਾਏ। ਬੇਅੰਤ ਦੋ ਮਹੀਨੇ ਦੀ ਛੁੱਟੀ ਆ ਗਿਆ ਸੀ। ਉਸ ਨੇ ਇਸ ਬਾਰੇ ਦੇਵ ਨੂੰ ਪਹਿਲਾਂ ਦੱਸਿਆ ਹੀ ਨਹੀਂ ਸੀ। ਉਹ ਇਕ ਦੂਜੇ ਦਾ ਹਾਲ-ਚਾਲ ਪੁੱਛਣ ਲੱਗੇ। ਇੰਦਰਾ ਨਾਲ਼ ਚੱਲ ਰਹੇ ਦੇਵ ਦੇ ਵਿਆਹ ਦੀ ਗੱਲਬਾਤ ਬਾਰੇ ਉਸ ਦੀ ਬੇਬੇ ਨੇ ਉਨ੍ਹਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਬੇਅੰਤ ਨੇ ਪੁੱਛਿਆ, 'ਤੇਰਾ ਵਿਚੋਲਾ ਕੌਣ ਏਂ?'

'ਵਿਚੋਲਾ ਤਾਂ ਕੋਈ ਨਹੀਂ, ਕੁੜੀ ਦਾ ਮਾਮਾ ਸਾਡੇ ਮਹਿਕਮੇ' ਚ ਹੀ ਪ੍ਰਿੰਸੀਪਲ ਲੱਗਾ ਏ। ਉਹਦੇ ਨਾਲ਼ ਵੋਟਾਂ ਸਮੇਂ ਜਾਣ-ਪਛਾਣ ਹੋਈ ਤਾਂ ਉਸੇ ਨੇ ਦੱਸ ਪਾਈ ਤੇ ਵਿਚੋਲਾ ਬਣ ਗਿਆ।'

'ਕੁੜੀ ਦੇ ਮਾਪਿਆਂ ਦਾ ਕੀ ਕਾਰੋਬਾਰ ਏ?'

'ਉਸ ਦਾ ਪਿਓ ਕੋਈ ਰਿਟਾਇਰਡ ਅਫ਼ਸਰ ਏ। ਉਨ੍ਹਾਂ ਦਾ ਮੋਹਾਲੀ ਆਪਣਾ ਮਕਾਨ ਏ।'

'ਕੋਈ ਸਾਂਝਾ ਰਿਸ਼ਤੇਦਾਰ ਹੈ, ਜਿਹੜਾ ਦੋਹਾਂ ਧਿਰਾਂ ਨੂੰ ਜਾਣਦਾ ਹੋਵੇ?'

'ਇਸ ਬਾਰੇ ਮੈਨੂੰ ਤਾਂ ਕੋਈ ਪਤਾ ਨਹੀਂ।'

'ਫੇਰ ਤਾਂ ਤੂੰ ਮੂਰਖ ਹੀ ਏਂ। ਨੌਭੜਾਂ' ਚ ਫਸ ਗਿਆ।'

'ਕੁੜੀ ਤੂੰ ਆਪ ਦੇਖੀ?' ਦੇਵ ਦੀ ਭਰਜਾਈ ਸਤਿੰਦਰਪਾਲ ਬੋਲੀ।

'ਨਹੀਂ।' ਦੇਵ ਨੇ ਝੂਠ ਬੋਲਿਆ।

'ਫੇਰ ਤਾਂ ਅੰਨ੍ਹੀ-ਕਾਣੀ ਮੰਜ਼ੂਰ ਕਰ ਲਈ, ਹੈ ਨਾ?'

ਦਰਅਸਲ ਦੇਵ ਉਨ੍ਹਾਂ ਨੂੰ ਕੋਈ ਵੀ ਵਿਚਲੀ ਗੱਲ ਦੱਸਣੀ ਨਹੀਂ ਸੀ ਚਾਹੁੰਦਾ। ਇਕ ਤਾਂ ਉਸ ਨੇ ਬੇਅੰਤ ਦੀ ਸਾਲ਼ੀ ਨਾਲ਼ ਵਿਆਹ ਕਰਵਾਉਣ ਤੋਂ ਜਵਾਬ ਦਿੱਤਾ ਹੋਇਆ ਸੀ ਦੂਜਾ ਹਾਂ ਕਰਨ ਤੋਂ ਪਹਿਲਾਂ ਉਸ ਨੇ ਪਰਿਵਾਰ ਦੇ ਕਿਸੇ ਮੈਂਬਰ ਦੀ ਵੀ ਰਜ਼ਾਮੰਦੀ ਨਹੀਂ ਸੀ ਲਈ। ਉਸ ਨੇ ਤਾਂ ਆਪਣੇ ਸਹੁਰੇ ਦੀਆਂ ਦੋ ਕੋਠੀਆਂ ਹੋਣ ਦੇ ਬਾਵਜੂਦ ਮੋਹਾਲੀ ਵਿਚ ਇਕ ਮਕਾਨ ਹੀ ਦੱਸਿਆ ਸੀ। ਬੇਅੰਤ ਫਿਰ ਬੋਲਿਆ, 'ਕੁੜੀ ਬਹੁਤੀ ਪੜ੍ਹੀ ਲਿਖੀ ਤਾਂ ਨਹੀਂ?'

'ਕਿਉਂ ਘੱਟ ਪੜ੍ਹੀ ਲਿਖੀ ਚਾਹੀਦੀ ਏ?' ਦੇਵ ਹੱਸਿਆ।

'ਬੇਬੇ ਨੂੰ ਵੀ ਰੋਟੀ ਦੇਣੀ ਏਂ। ਪੜ੍ਹੀ ਲਿਖੀ ਕਿੱਥੇ ਦੇ ਦੂ?' ਉਹ ਬੋਲਿਆ।

'ਮੈਂ ਪੜ੍ਹਿਆ-ਲਿਖਿਆ ਸੀ। ਕੁੜੀ ਵੀ ਤਾਂ ਪੜ੍ਹੀ ਲਿਖੀ ਹੀ ਲੈਣੀ ਸੀ। ਉਹ ਐਮ. ਏ. ਤੱਕ ਫਸਟ ਕਲਾਸ ਏ, ਬੀ. ਐਡ. ਦੇ ਪੇਪਰ ਦਿੱਤੇ ਨੇ।' ਦੇਵ ਨੇ ਕਿਹਾ ਤਾਂ ਉਸ ਦੀ ਭਰਜਾਈ ਨੇ ਜ਼ਰਾ ਕੁ ਮੂੰਹ ਬਣਾਇਆ। ਪਰ ਛੇਤੀ ਹੀ ਸੰਭਲ ਕੇ ਹੱਸਣ ਲੱਗ ਪਈ।

'ਫੇਰ ਤਾਂ ਭਰਾਵਾ ਤੂੰ ਫਸ ਗਿਆ।' ਬੇਅੰਤ ਬੋਲਿਆ।

'ਉਹ ਕਿਵੇਂ?'

'ਆਪਾਂ ਹੈਗੇ ਹਾਂ ਦੇਸੀ ਬੰਦੇ। ਪੜ੍ਹੀਆਂ ਲਿਖੀਆਂ ਸ਼ਹਿਰਨਾਂ ਨੀ ਆਪਾਂ ਨੂੰ ਫਿੱਟ?'

'ਉਹ ਰੋਟੀ ਖੁਆਊ ਬਣਾ ਕੇ?' ਹੁਣ ਉਸਦੀ ਭਰਜਾਈ ਬੋਲੀ।

'ਨਹੀਂ ਬਣਾਊ, ਬੇਬੇ ਬਣਾ ਦੂ। ਬੇਬੇ ਤੋਂ ਨ੍ਹੀ ਬਣੂੰ ਤਾਂ ਮੈਂ ਖੁਦ ਬਣਾ ਦੂੰ।'

'ਆਉਂਦੀ ਏ ਬਣਾਉਣੀ?' ਉਹ ਬੋਲੀ।

'ਸਿੱਖ ਲਊਂ..... ਰੋਟੀ ਬਣਾਉਣ ਨੂੰ ਕੀ ਏ? ਵਹੁਟੀ ਨੂੰ ਥੋੜ੍ਹੋ ਨਰਾਜ ਕਰੂੰ।'

'ਫੇਰ ਤਾਂ ਤੂੰ ਵੀਰਿਆ, ਪਹਿਲਾਂ ਹੀ ਲੱਗ ਗਿਆ ਥੱਲੇ।' ਉਹ ਹੱਸੀ।

ਉਸ ਦੀ ਬੇਬੇ ਨੇ ਪੁੱਠੇ ਪਾਸੇ ਨੂੰ ਵਧਦੀ ਗੱਲ ਦੱਬਣੀ ਚਾਹੀ। ਉਹ ਬੋਲੀ, 'ਦੇਖ ਪੁੱਤ, ਜਿੱਥੇ ਸੰਜੋਗ ਹੁੰਦਾ ਏ, ਉੱਥੇ ਹੀ ਹੁੰਦਾ ਏ ਰਿਸ਼ਤਾ। ਦੁਖੀ ਦੀ ਪਸੰਦ ਏ। ਹੁਣ ਇਹਨੂੰ ਸਿਰੇ ਚੜ੍ਹਨ ਦਿਓ।'

'ਸਿਰੇ ਚੜ੍ਹਨ ਨੂੰ ਕਿਹੜਾ ਅਸੀਂ ਝਿੰਗਾਂ ਗੱਡਤੀਆਂ ਮੂਹਰੇ। ਸੰਜੋਗ-ਸੰਜੂਗ ਦੀਆਂ ਸਭ ਫਜ਼ੂਲ ਗੱਲਾਂ ਨੇ ਬੇਬੇ ਜੀ। ਮੇਰੀ ਭੈਣ ਨਾਲ਼ ਸੰਜੋਗ ਬਣਾਉਂਦੇ ਤਾਂ ਬਣ ਹੀ ਜਾਣਾ ਸੀ। ਉਹ ਤਾਂ ਵਧੀਆ ਰਹੀ। ਪ੍ਰਾਹੁਣਾ ਪਿੰਡ' ਚ ਡਾਕਟਰੀ ਦੀ ਦੁਕਾਨ ਕਰਦਾ ਏ। ਮੌਜਾਂ ਕਰਦੀ ਏ। ਐਥੇ ਹੁੰਦੀ ਤਾਂ ਵਿਚਾਰੀ ਦਾ ਪਤਾ ਨਹੀਂ ਕੀ ਹਾਲ ਹੁੰਦਾ।' ਉਹ ਬੋਲੀ।

ਦੇਵ ਹੈਰਾਨ ਹੋਇਆ। ਉਹ ਦੋਨੋਂ ਤਾਂ ਇੱਕੋ ਸੁਰ ਵਿਚ ਬੋਲ ਰਹੇ ਸਨ। ਉਸ ਦੀ ਭਰਜਾਈ ਤਾਂ ਇਸ ਤਰ੍ਹਾਂ ਕਦੀ ਵੀ ਨਹੀਂ ਸੀ ਬੋਲੀ। ਕਿੰਨਾ ਗੁੱਸਾ ਦੱਬੀ ਬੈਠੀ ਸੀ ਆਪਣੇ ਦਿਲ ਵਿਚ, ਜਿਹੜਾ ਅੱਜ ਆਪ ਮੁਹਾਰੇ ਬਾਹਰ ਵੱਲ ਵਹਿ ਤੁਰਿਆ ਸੀ।

'ਵੇ ਮੁੰਡਿਆ ਕੁਛ ਖਾਣ ਨੂੰ ਲਿਆ ਬਜ਼ਾਰ ਜਾ ਕੇ।' ਭਾਗਵੰਤੀ ਬੋਲੀ।

'ਨਹੀਂ ਖਾਣਾ-ਖੂਣਾ ਕੁਛ ਨੀ। ਰਸਤੇ ਵਿਚ ਖਾਂਦੇ-ਪੀਂਦੇ ਹੀ ਆਏ ਹਾਂ।' ਬੇਅੰਤ ਨੇ ਕਿਹਾ।

'ਕਦ ਕੁ ਆ ਗਏ ਸੀ?'

'ਹੋ ਗਿਆ ਅੱਧਾ ਘੰਟਾ।'

'ਫੇਰ ਤਾਂ ਚਾਹ ਵੀ ਨੀ ਪੀਤੀ ਹੋਣੀ। ਮੈਂ ਲਿਆਉਂਦਾ ਹਾਂ ਕੁਝ ਖਾਣ-ਪੀਣ ਲਈ।'

'ਨਹੀਂ ਨਹੀਂ ਬੈਠ ਹੁਣ.... ਪੈੱਗ-ਸ਼ੈੱਗ ਹੀ ਲਾਵਾਂਗੇ।'

'ਸੌਖਾ ਹੋ ਜਾ ਪੁੱਤ.... ਬੂਟ ਖੋਹਲ ਦੇ।' ਦੇਵ ਦੀ ਬੇਬੇ ਨੇ ਬੇਅੰਤ ਮੂਹਰੇ ਚੱਪਲਾਂ ਰੱਖ ਕੇ ਕਿਹਾ।

'ਫੌਜੀ ਬੰਦਾ ਚੱਪਲਾਂ ਨਾਲ਼ੋਂ ਬੂਟਾਂ ਵਿਚ ਵੱਧ ਸੌਖਾ ਰਹਿੰਦਾ ਏ। ਵਿਆਹ ਕਦੋਂ ਦਾ ਧਰਿਐ?'

'ਧਰਿਆ ਤਾਂ ਅਜੇ ਨਹੀਂ। ਸਭ ਨੂੰ ਚਿੱਠੀਆਂ ਲਿਖ ਕੇ ਪੁੱਛ ਲੈਂਦੇ ਹਾਂ। ਹਰੀਵੰਸ਼ ਤੇ ਵੀਰ ਜੀ ਦੀ ਛੁੱਟੀ ਵੀ ਤਾਂ ਦੇਖਣੀ ਏਂ। ਮਾਮੇ ਦੀ ਵੀ ਸਲਾਹ ਲੈਣੀ ਏਂ।'

'ਤੂੰ ਤਰੀਕ ਮਿੱਥ ਤੇ ਸਭ ਨੂੰ ਚਿੱਠੀਆਂ ਲਿਖ ਦੇ। ਜੀਹਨੇ ਆਉਣਾ ਏਂ ਆਵੇ, ਜੀਹਨੇ ਨਹੀਂ ਆਉਣਾ ਨਾ ਆਵੇ।'

'ਚੱਲ ਕੱਲ੍ਹ ਬਣਾਵਾਂਗੇ ਪ੍ਰੋਗਰਾਮ। ਉੱਠ ਬਜ਼ਾਰ ਜਾ ਕੇ ਆਈਏ ਪਹਿਲਾਂ।' ਦੇਵ ਉੱਠਦਾ ਬੋਲਿਆ। ਉਸ ਨੇ ਸਕੂਟਰ ਬਾਹਰ ਕੱਢਿਆ ਤਾਂ ਬੇਅੰਤ ਬੋਲਿਆ, 'ਆਹ ਕਮਰੇ ਕਦੋਂ ਛੱਤ ਲਏ?'

'ਆ ਜੋ ਦਿਖਾਵਾਂ।' ਦੇਵ ਸਕੂਟਰ ਸਟੈਂਡ ਤੇ ਲਾ ਕੇ ਕਮਰੇ' ਚ ਜਾ ਵੜਿਆ। ਉਸਦੀ ਭਰਜਾਈ ਵੀ ਉਨ੍ਹਾਂ ਦੇ ਲਾਗੇ ਆ ਖੜ੍ਹੀ। ਉਹ ਦੋਨੋਂ ਕਮਰੇ, ਬਾਥਰੂਮ, ਲੈਟਰੀਨ ਦੇਵ ਨੇ ਕੁਝ ਮਹੀਨੇ ਪਹਿਲਾਂ ਹੀ ਬਣਾਏ ਸਨ। ਛੱਤਾਂ ਤੇ ਵੀ ਲੈਂਟਰ ਹੀ ਪਾਇਆ ਸੀ। ਕਮਰਿਆਂ ਦਾ ਡੀਜ਼ਾਈਨ ਵੀ ਨਵਾਂ ਸੀ। ਪੱਖੇ ਅਤੇ ਸ਼ੋਅ ਕੇਸਾਂ ਵੱਲ ਦੇਖਦੀ ਸਤਿੰਦਰਪਾਲ ਬੋਲੀ, 'ਫਰਸ਼ ਉੱਤੇ ਇੱਟਾਂ ਹੀ ਜੋੜ ਦਿੱਤੀਆਂ।'

'ਫਰਸ਼ ਭਾਬੀ ਜੀ, ਮਗਰੋਂ ਪਵਾ ਲਵਾਂਗੇ। ਪੈਸੇ ਹੀ ਮੁੱਕ ਗਏ।'

'ਇਹ ਵੀ ਬੇਬੇ ਜੀ ਨੇ ਦਿੱਤੇ ਹੋਣਗੇ।'

'ਕਿਉਂ ਮੈਂ ਨਹੀਂ ਕਮਾਉਂਦਾ? ਮੈਂ ਤਾਂ ਆਪਣੀ ਤਨਖਾਹ ਵੀ ਬੇਬੇ ਨੂੰ ਫੜਾ ਦਿਆ ਕਰਦਾ ਹਾਂ।'

ਅੱਜ ਦੇਵ ਨੇ ਉਨ੍ਹਾਂ ਨੂੰ ਦੇਖਦੀ ਸਾਰ ਇਹ ਗੱਲ ਸੋਚੀ ਸੀ ਕਿ ਉਹ ਉਨ੍ਹਾਂ ਨੂੰ ਆਪਣੀ ਪਰੋਮੋਸ਼ਨ ਤੇ ਖਰੜ ਸਟੇਸ਼ਨ ਮਿਲਣ ਦੀ ਗੱਲ ਦੱਸ ਕੇ ਖੁਸ਼ੀ ਸਾਂਝੀ ਕਰੇ, ਪਰ ਉਹ ਮੌਕਾ ਹੀ ਨਹੀਂ ਸਨ ਦੇ ਰਹੇ। ਉਹ ਦੋਨੋਂ ਦੇਵ ਨੂੰ ਜਿਵੇਂ ਖੌਲਦੇ-ਖੌਲਦੇ ਲੱਗ ਰਹੇ ਸਨ। ਪੁਰਾਣੇ ਦੋ ਕਮਰੇ ਬਣਾਉਣ ਸਮੇਂ ਸਾਰੇ ਪੈਸੇ ਦੇਵ ਦੀ ਬੇਬੇ ਨੇ ਹੀ ਲਾਏ ਸਨ। ਪੇਟੀ ਸਮੇਤ ਬੇਅੰਤ ਦਾ ਸਾਰਾ ਸਮਾਨ ਵੀ ਉਨ੍ਹਾਂ ਦੋ ਕਮਰਿਆਂ ਵਿਚ ਹੀ ਪਿਆ ਸੀ। ਹੁਣ ਨਵੇਂ ਕਮਰੇ ਦੇਖ ਕੇ ਉਹ ਬੋਲਿਆ, 'ਚਲੋ ਆਪਣੇ ਕੋਲ਼ ਦੋ ਦੋ ਕਮਰੇ ਹੋ ਗਏ। ਬਾਥਰੂਮ, ਲੈਟਰੀਨ ਅਜੇ ਸਾਂਝੀ ਵਰਤ ਲਵਾਂਗੇ। ਵਿਹੜੇ ਵਿਚ ਐਨੀ ਜਗ੍ਹਾ ਪਈ ਏ, ਬਾਕੀ ਦੇ ਪਾਉਂਦੇ ਰਹਿਣ ਜਿੱਥੇ ਪਾਉਣਾ ਹੈ। ਜਾਣ ਲੱਗਿਆਂ, ਮੈਂ ਤਾਂ ਆਪਣਿਆਂ ਨੂੰ ਤਾਲ਼ਾ ਮਾਰ ਜਾਣਾ ਏਂ।'

ਦੇਵ ਨੂੰ ਬੇਅੰਤ ਦੀ ਗੱਲ ਬੜੀ ਅਜੀਬ ਲੱਗੀ। ਉਹ ਤਾਂ ਹਮੇਸ਼ਾ ਉਮਰ ਭਰ ਇਕੱਠੇ ਰਹਿਣ ਦੀਆਂ ਗੱਲਾਂ ਕਰਿਆ ਕਰਦਾ ਸੀ। ਕੀ ਹੋ ਗਿਆ ਸੀ ਉਸ ਨੂੰ? ਇਸ ਦਾ ਮਤਲਬ ਉਹ ਘਰ ਦਾ ਵੰਡ-ਵੰਡਾਰਾ ਚਾਹੁੰਦਾ ਸੀ। ਤਿੰਨ ਸੌ ਗਜ਼ ਦਾ ਇਹ ਪਲਾਟ ਉਨ੍ਹਾਂ ਦੀ ਬੇਬੇ ਸਮੇਤ ਪੰਜ ਜਣਿਆਂ ਦੇ ਨਾਂ ਚੜ੍ਹਿਆ ਹੋਇਆ ਸੀ। ਹਰੀਵੰਸ਼ ਨੂੰ ਤਾਂ ਆਪਣੇ ਅਮੀਰ ਸਹੁਰਿਆਂ ਵੱਲੋਂ ਵੱਡੀ ਕੋਠੀ ਮਿਲ ਗਈ ਸੀ। ਰਾਮ ਸਿੰਘ ਨੇ ਵੀ ਪਟਿਆਲੇ ਪਲਾਟ ਖਰੀਦ ਕੇ ਚਾਰ ਦੀਵਾਰੀ ਕਰਵਾ ਦਿੱਤੀ ਸੀ। ਜੇ ਵੰਡ-ਵਡਾਰਾ ਹੋਇਆ ਤਾਂ ਸੱਠ ਸੱਠ ਗਜ਼ ਨੂੰ ਕਿਸੇ ਨੇ ਕੀ ਕਰਨਾ ਸੀ।

ਉਹ ਬਜ਼ਾਰ ਗਏ ਤਾਂ ਦੇਵ ਉਸ ਨੂੰ ਠੇਕੇ ਵਿਚ ਲੈ ਵੜਿਆ। ਬੇਅੰਤ ਨੇ ਦੱਸਿਆ ਕਿ ਸ਼ਰਾਬ ਤਾਂ ਉਹ ਲੈ ਕੇ ਆਇਆ ਸੀ, ਪਰ ਦੇਵ ਬੋਲਿਆ, 'ਐਥੇ ਬਹਿ ਕੇ ਥੋੜ੍ਹੀ-ਥੋੜ੍ਹੀ

ਲਾਉਂਦੇ ਹਾਂ, ਘਰ ਗੱਲ ਨਹੀਂ ਹੋਣੀ।'

ਦੇਵ ਨੇ ਉਸ ਨੂੰ ਪਹਿਲਾਂ ਆਪਣੀ ਤਰੱਕੀ ਬਾਰੇ ਦੱਸਿਆ ਕਿ ਉਹ ਲੈਕਚਰਾਰ ਬਣ ਗਿਆ ਸੀ। ਕੁਝ ਸਾਲਾਂ ਵਿਚ ਪ੍ਰਿੰਸੀਪਲ ਵੀ ਬਣ ਜਾਵੇਗਾ। ਉਸ ਦਾ ਸਹੁਰਾ ਬਹੁਤ ਅਮੀਰ ਬੰਦਾ ਸੀ ਜਿਸ ਕੋਲ਼ ਦੋ ਕੋਠੀਆਂ ਤੇ ਅਠਾਰਾਂ ਏਕੜ ਜ਼ਮੀਨ ਸੀ। ਉਨ੍ਹਾਂ ਦੀ ਇੱਕੋ ਇਕ ਧੀ ਸੀ ਜਿਸ ਨੇ ਦੇਵ ਦੀ ਵਹੁਟੀ ਬਣਨਾ ਸੀ। ਮੁਹਾਲ਼ੀ ਵਿਚ ਇਕ ਕੋਠੀ ਉਸ ਦੀ ਵਹੁਟੀ ਦੇ ਨਾਂ ਹੀ ਸੀ। ਉਹ ਵਿਆਹ ਮਗਰੋਂ ਦੋਰਾਹਾ ਛੱਡ ਕੇ ਮੁਹਾਲੀ ਰਹਿਣ ਲੱਗ ਜਾਵੇਗਾ ਤੇ ਦੋਰਾਹੇ ਮਕਾਨ ਦਾ ਆਪਣਾ ਹਿੱਸਾ ਬੇਅੰਤ ਦੇ ਨਾਂ ਕਰਵਾ ਦੇਵੇਗਾ। ਉਹ ਇਹ ਗੱਲ ਸੁਣ ਕੇ ਖੁਸ਼ ਹੋ ਗਿਆ ਤੇ ਉਸ ਨੇ ਦੇਵ ਨੂੰ ਘੁੱਟ ਕੇ ਗਲਵੱਕੜੀ ਪਾ ਲਈ। ਹੋਟਲ ਤੋਂ ਚਿਕਨ ਪੈਕ ਕਰਵਾ ਕੇ ਉਹ ਘਰ ਪਹੁੰਚ ਗਏ। ਦੇਵ ਕੱਪੜੇ ਬਦਲਣ ਕਮਰੇ' ਚ ਚਲਾ ਗਿਆ। ਜਦੋਂ ਉਹ ਵਾਪਸ ਆਇਆ ਤਾਂ ਬੇਅੰਤ ਅਤੇ ਉਹਦੀ ਘਰਵਾਲੀ ਬਾਥਰੂਮ ਨੇੜੇ ਖੜ੍ਹੇ ਹੌਲ਼ੀ-ਹੌਲ਼ੀ ਗੱਲਾਂ ਕਰ ਰਹੇ ਸਨ। ਬੇਅੰਤ ਨਾਲ਼ ਦੇਵ ਦੀ ਜੋ ਗੱਲਬਾਤ ਹੋਈ ਸੀ, ਉਹ ਸ਼ਾਇਦ ਸਤਿੰਦਰਪਾਲ ਨੂੰ ਦੱਸ ਰਿਹਾ ਸੀ।

ਸ਼ਾਮ ਨੂੰ ਉਨ੍ਹਾਂ ਨੇ ਖੁਸ਼ੀ ਖੁਸ਼ੀ ਰੋਟੀ ਖਾਧੀ। ਬੇਅੰਤ ਬੋਲਿਆ, 'ਫੇਰ ਵਿਆਹ ਦੀ ਤਰੀਕ ਉਹ ਕਢਵਾਉਣਗੇ?'

'ਨਹੀਂ, ਆਪਾਂ ਤਰੀਕ ਉਨ੍ਹਾਂ ਨੂੰ ਦੱਸਣੀ ਏਂ। ਕਢਵਾਉਣੀ ਕਿਸੇ ਤੋਂ ਨਹੀਂ, ਉਹ ਪੱਤਰੀਆਂ ਟੇਵਿਆਂ ਵਿਚ ਵਿਸ਼ਵਾਸ ਨੀ ਰੱਖਦੇ ਤੇ ਨਾ ਹੀ ਮੈਂ ਰੱਖਦਾ ਹਾਂ।' ਦੇਵ ਨੇ ਦੱਸਿਆ।

'ਉਇ ਭਰਾਵਾ, ਮੈਂ ਵੀ ਨਹੀਂ ਸੀ ਰੱਖਦਾ। ਹੁਣ ਅਕਲ ਆਈ ਏ। ਤਰੀਕ ਤਾਂ ਹਰ ਹਾਲ ਪੰਡਤ ਤੋਂ ਕਢਵਾਉਣੀ ਚਾਹੀਦੀ ਏ। ਫੇਰਿਆਂ ਦਾ ਸਮਾਂ ਵੀ।'

'ਜਿਵੇਂ ਤੇਰੀ ਮਰਜ਼ੀ।' ਦੇਵ ਉਸ ਨੂੰ ਕਿਸੇ ਗੱਲੋਂ ਵੀ ਨਰਾਜ਼ ਨਹੀਂ ਸੀ ਕਰਨਾ ਚਾਹੁੰਦਾ। ਇਹ ਉਸ ਨੂੰ ਦੱਸੀ ਗੱਲ ਦਾ ਅਸਰ ਸੀ ਜਾਂ ਸ਼ਰਾਬ ਦਾ, ਕੀ ਜਾਣੀਏ... ਹੁਣ ਉਹ ਵਧੀਆ ਗੱਲਾਂ ਕਰ ਰਿਹਾ ਸੀ। ਉਸਦੀ ਬੇਬੇ ਵੱਲੋਂ ਕੱਟੇ ਦਸੌਂਟਿਆਂ ਨੂੰ, ਮਾਮੇ ਦੀਆਂ ਕੁਰਬਾਨੀਆਂ ਨੂੰ ਤੇ ਪਿੰਡ ਵਾਪਰੀਆਂ ਅਨੇਕਾਂ ਘਟਨਾਵਾਂ ਨੂੰ ਯਾਦ ਕਰਦਾ ਉਹ ਰੋਣ ਹੀ ਲੱਗ ਪਿਆ। ਫਿਰ ਉਸ ਨੇ ਦੱਸਿਆ ਕਿ ਉਸ ਦੇ ਸਾਲੇ ਨੇ ਵਿਆਹ ਕਢਵਾਏ ਬਿਨ੍ਹਾਂ ਕਰਵਾ ਲਿਆ ਸੀ। ਠੂਠਾ ਹੀ ਮੂੰਧਾ ਹੋ ਗਿਆ। ਦੋ ਮਹੀਨੇ ਵੀ ਨਾ ਨਿਭੀ ਮਾਲਕ ਤੀਵੀਂ ਦੀ।

'ਉਹ ਤਾਂ ਠੀਕ ਏ, ਪਰ ਕਢਵਾਵਾਂਗੇ ਕੀਹ ਤੋਂ?'

'ਐਥੇ ਚੱਕ ਪਿੰਡ ਏ, ਜਟਾਣੇ ਲਾਗੇ। ਉੱਥੇ ਮੇਰਾ ਇਕ ਪੰਡਤ ਦੋਸਤ ਏ। ਸੂਬੇਦਾਰ ਮੇਜਰ ਪੈਂਸ਼ਨ ਆਇਆ ਏ। ਕੱਲ੍ਹ ਉਹਦੇ ਪਿੰਡ ਜਾਵਾਂਗੇ। ਉਸ ਨੂੰ ਘਰ ਬੁਲਾ ਕੇ ਸਾਹਾ ਕਢਵਾ ਲਵਾਂਗੇ। ਇਹ ਸਾਲ਼ੇ ਗ੍ਰਹਿ-ਗਰੂਹ ਬੰਦੇ ਨੂੰ ਬੜਾ ਤੰਗ ਕਰਦੇ ਨੇ।'

'ਠੀਕ ਏ ਜਿਵੇਂ ਮਰਜ਼ੀ ਕਰ।' ਦੇਵ ਨੇ ਕਿਹਾ। ਉਹ ਡਰਦਾ ਸੀ ਕਿਤੇ ਉਹ ਜਨਮ ਪੱਤਰੀਆਂ ਦੇਖਣ ਦੀ ਗੱਲ ਨਾ ਸ਼ੁਰੂ ਕਰ ਦੇਵੇ।

**00**

# ਇਕ ਸੌ ਤੀਹ

ਵਿਆਹ ਦੀ ਤਰੀਕ ਅਤੇ ਫੇਰਿਆਂ ਦਾ ਸਮਾਂ ਕਢਾਉਣ ਦਾ ਪ੍ਰੋਗਰਾਮ ਤਾਂ ਬੀਤੀ ਰਾਤ ਹੀ ਬਣ ਗਿਆ ਸੀ। ਦੂਜੇ ਦਿਨ ਦੇਵ ਤਿੰਨ ਕੁ ਵਜੇ ਸਕੂਲ ਤੋਂ ਵਾਪਸ ਆ ਗਿਆ। ਉਹ ਤੇ ਬੇਅੰਤ ਸਕੂਟਰ ਉੱਤੇ ਰਿਟਾਇਰਡ ਸੂਬੇਦਾਰ ਮੇਜਰ ਪੰਡਤ ਰਘੂਨਾਥ ਸ਼ੁਕਲਾ ਨੂੰ ਮਿਲਣ ਲਈ ਉਸ ਦੇ ਪਿੰਡ ਚਲੇ ਗਏ। ਉਹ ਵਿਹੜੇ ਦੇ ਖੁਰੇ ਵਿਚ ਲੰਬੀ ਬੋਦੀ ਨੂੰ ਗੱਠਾਂ ਮਾਰੀ ਆਪਣੇ ਤਰਬੂਜ਼ ਵਰਗੇ ਘੋਨ-ਮੋਨ ਸਿਰ ਵਿਚ ਪਾਣੀ ਦੀਆਂ ਗੜਵੀਆਂ ਭਰ ਭਰ ਪਾ ਰਿਹਾ ਸੀ ਤੇ ਉੱਚੀ ਉੱਚੀ ਹਰੀ ਓਮ, ਹਰੀ ਓਮ ਦੀ ਰਟ ਲਾਈ ਹੋਈ ਸੀ। ਸਾੜ੍ਹੀ ਵਾਲ਼ੀ ਉਸ ਦੀ ਪਤਨੀ ਨਲ਼ਕਾ ਗੇੜ ਰਹੀ ਸੀ। ਸ਼ੁਕਲਾ ਜੀ ਫੌਜੀ ਤਾਂ ਕਿਧਰੇ ਪਾਸਿਓਂ ਵੀ ਨਹੀਂ ਸੀ ਲੱਗ ਰਿਹਾ। ਸ਼ਾਇਦ ਉਸ ਦੀ ਪਤਨੀ ਨੇ ਹੀ ਮਹਿਮਾਨਾਂ ਦੇ ਆਉਣ ਦੀ ਸੂਚਨਾ ਉਸ ਨੂੰ ਦਿੱਤੀ। ਪੰਡਤ ਜੀ ਨੇ ਉਨ੍ਹਾਂ ਵੱਲ ਦੇਖ ਕੇ ਆਪਣੇ ਸਫੇਦ ਦੰਦ ਦਿਖਾਏ। ਉਹ ਨਹਾਉਂਦਾ ਉੱਠਿਆ ਤੇ ਉਨ੍ਹਾਂ ਦੇ ਬੈਠਣ ਲਈ ਸੂਤ ਦਾ ਮੰਜਾ ਵਿਹੜੇ ਵਿਚ ਟੇਢਾ ਕਰ ਦਿੱਤਾ ਤੇ ਬੋਲਿਆ, 'ਆ ਬਈ ਬੇਅੰਤ ਸਿਆਂ ਆਹ ਤੇ ਰੰਗ ਲਾ ਦਿੱਤਾ ਈ। ਅੱਖੀਆਂ ਤੇ ਵਿਸ਼ਵਾਸ ਨੀ ਆਉਂਦਾ ਪਿਆ। ਤੂੰ ਕਿਵੇਂ ਆ ਗਿਆ? ਕਿਧਰੇ ਮੈਂ ਕੋਈ ਸੁਪਨਾ ਤਾਂ ਨਹੀਂ ਤੱਕ ਰਿਹਾ?'

ਉਸ ਦੇ ਕੰਨ ਨਾਲ਼ ਲਟਕਿਆ ਧਾਗਾ ਦੇਖ ਕੇ ਦੇਵ ਨੇ ਸੋਚਿਆ ਕਿ ਉਸ ਨੇ ਕੰਨਾਂ ਨੂੰ ਸੁਣਨ ਵਾਲ਼ੀ ਮਸ਼ੀਨ ਲਾਈ ਹੋਵੇਗੀ। ਇਸ ਬਾਰੇ ਬੇਅੰਤ ਨਾਲ਼ ਗੱਲ ਕਰਨ ਤੇ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਜਨੇਊ ਸੀ। ਨਹਾਉਣ ਮਗਰੋਂ ਉਹ ਕਮਰੇ ਅੰਦਰ ਚਲਾ ਗਿਆ ਤੇ ਛੇਤੀ ਹੀ ਤਿਆਰ ਹੋ ਕੇ ਆ ਗਿਆ। ਉਹ ਸਟੂਲ ਲੱਭਦਾ ਫਿਰ ਅੰਦਰ ਜਾ ਵੜਿਆ। ਬੇਅੰਤ ਨੇ ਦੇਵ ਨੂੰ ਦੱਸਿਆ ਕਿ ਉਹ ਜਿੰਨੀ ਦੇਰ ਫੌਜ ਵਿਚ ਰਿਹਾ, ਇਸ ਦਾ ਕੰਮ ਮੰਦਰ ਵਿਚ ਪੂਜਾ ਪਾਠ ਤੇ ਹਵਨਾਂ ਤੱਕ ਸੀਮਤ ਸੀ। ਦੌੜ ਭੱਜ ਅਤੇ ਪਰੇਡਾਂ ਤੋਂ ਛੁੱਟੀ ਰਹਿਣ ਕਰਕੇ ਫੌਜੀਆਂ ਤੋਂ ਉਲਟ ਉਹਦੀ ਗੋਗੜ ਵਧੀ ਹੋਈ ਸੀ।

ਸਟੂਲ ਉਨ੍ਹਾਂ ਮੂਹਰੇ ਰੱਖ ਪੰਡਤ ਜੀ ਨੇ ਦੂਜਾ ਮੰਜਾ ਖਿੱਚ ਲਿਆ। ਫਿਰ ਉੱਠ ਕੇ ਪਕੌੜੀਆਂ ਨਾਲ਼ ਭਰੀ ਪਲੇਟ ਲਿਆ ਕੇ ਸਟੂਲ ਤੇ ਰੱਖ ਦਿੱਤੀ। ਅੰਦਰੋਂ ਉਹਦੀ ਪਤਨੀ ਦੀ ਅਵਾਜ਼ ਆਈ, 'ਜੀ ਖੁੱਲ੍ਹੀ ਵਾਲ਼ੀ ਕਿ ਬੰਦ?'

'ਰਤਨਾ ਡੀਅਰ, ਸਾਰੀ ਉਮਰ ਨਾਲ਼ ਘੁੰਮਦੀ ਰਹੀਂ ਏਂ ਫੌਜ ਵਿਚ। ਐਨੀ ਦੇਰ ਕੋਈ ਫੌਜਣ ਨੀ ਨਾਲ਼ ਰਹੀ ਹੋਊ। ਫੇਰ ਵੀ ਤੈਨੂੰ ਅਕਲ ਨਾ ਆਈ। ਮਹਿਮਾਨਾਂ ਅੱਗੇ ਖੁੱਲ੍ਹੀ ਬੋਤਲ ਰੱਖੇਂਗੀ? ਬੰਦ ਲਿਆ ਬੰਦ। ਫੇਰ ਪੁੱਛੇਂਗੀ ਕੀ ਬਣਾਵਾਂ। ਛੇ ਆਂਡਿਆਂ ਦੀ ਭੁਰਜੀ ਬਣਾ ਲੈ।' ਉਹ ਬੋਲਦਾ ਹੱਸੀ ਗਿਆ।

'ਦੇਖ ਬਈ ਰਘੂ... ਅਜੇ ਨੀ ਹੋਇਆ ਟਾਇਮ। ਪਾਣੀ ਬਣਵਾ ਦੇ ਮਿੱਠਾ ਇਕ ਇਕ ਗਿਲਾਸ। ਬਾਕੀ ਕੰਮ ਆਪਾਂ ਦੋਰਾਹੇ ਜਾ ਕੇ ਕਰਾਂਗੇ।'

ਪੰਡਤ ਜੀ ਨੇ ਬਹੁਤ ਜ਼ੋਰ ਲਾਇਆ, ਪਰ ਬੇਅੰਤ ਮੰਨਿਆ ਨਾ। ਜਦੋਂ ਉਸ ਨੇ ਕਿਹਾ ਕਿ ਉਸ ਦੇ ਭਰਾ ਨੇ ਦੋ ਬੰਦਿਆਂ ਨੂੰ ਪਿੱਛੇ ਬਹਾ ਕੇ ਸਕੂਟਰ ਚਲਾਉਣਾ ਹੈ ਤਾਂ ਉਸ ਨੇ

ਮਿੱਠਾ ਪਾਣੀ ਬਣਾਉਣ ਲਈ ਫੌਜਣ ਨੂੰ ਅਵਾਜ਼ ਮਾਰ ਦਿੱਤੀ। ਕੁਝ ਦੇਰ ਬੈਠੇ ਉਹ ਗੱਲਾਂ ਮਾਰਦੇ ਰਹੇ। ਬੇਅੰਤ ਨੇ ਦੇਵ ਦੇ ਵਿਆਹ ਵਾਲ਼ੀ ਗੱਲ ਤਾਂ ਕੋਈ ਨਾ ਦੱਸੀ, ਮਾਸਟਰ ਲੱਗਾ ਹੋਣ ਬਾਰੇ ਦੱਸ ਦਿੱਤਾ। ਐਵੇਂ ਛੁਰਲੀ ਵੀ ਛੱਡ ਦਿੱਤੀ ਕਿ ਦੇਵ ਦਸਵੀਂ, ਬਾਰਵੀਂ ਤੇ ਫਿਰ ਐਮ. ਐਸਸੀ. ਵਿਚ ਟਾਪ ਕਰਦਾ ਰਿਹਾ ਸੀ। ਪੰਡਤ ਜੀ ਨੇ ਦੱਸਿਆ ਕਿ ਉਸ ਦਾ ਮੁੰਡਾ ਤੇ ਕੁੜੀ ਲੁਧਿਆਣੇ ਕਾਲਜ ਵਿਚ ਪੜ੍ਹਦੇ ਸਨ। ਉਹ ਰੋਜ਼ ਘਰ ਆ ਜਾਂਦੇ ਸਨ। ਉਸ ਦੀ ਰਿਟਾਇਰਮੈਂਟ ਦੇ ਬਹੁਤ ਵਧੀਆ ਦਿਨ ਬੀਤ ਰਹੇ ਸਨ। ਪੰਡਤ ਜੀ ਦੀ ਸੰਗਾਊ ਪਤਨੀ ਨੇ ਖੰਘ ਕੇ, ਇਸ਼ਾਰਾ ਕਰ ਕੇ ਉਹਨੂੰ ਆਪਣੇ ਕੋਲ਼ ਸੱਦਿਆ ਤਾਂ ਉਹ ਬੋਲਿਆ, 'ਕਹਿ ਰਤਨਾ ਡੀਅਰ ਕੀ ਪਰਾਬਲਮ ਏਂ? ਇਹ ਆਪਣੇ ਘਰ ਦੇ ਬੰਦੇ ਨੇ।'

'ਜੀ ਮੈਂ ਕਹਿੰਦੀ ਸੀ, ਇਨ੍ਹਾਂ ਨੂੰ ਕਹੋ, ਚਾਹ ਤਾਂ ਪੀਣੀ ਹੀ ਪਵੇਗੀ।'

'ਨਹੀਂ ਭਰਜਾਈ ਜੀ, ਇਨ੍ਹਾਂ ਨੂੰ ਅਸੀਂ ਦੋਰਾਹੇ ਲੈ ਕੇ ਜਾਣਾ ਏਂ ਜ਼ਰੂਰੀ ਕੰਮ। ਜੇ ਸ਼ਾਮ ਨੂੰ ਵਾਪਸ ਨਾ ਆ ਸਕੇ ਤਾਂ ਮਾਫ਼ ਕਰ ਦੇਣਾ, ਕੱਲ੍ਹ ਛੱਡ ਜਾਵੇਗਾ ਮੇਰਾ ਭਰਾ।'

'ਤੁਸੀਂ ਮੈਨੂੰ ਗੱਲ ਤਾਂ ਦੱਸੋ ਯਾਰ। ਦੋਰਾਹੇ ਕੰਮ ਕੀ ਏ?'

'ਬੱਸ ਫੌਜੀ ਆਰਡਰ ਏ। ਚੁੱਪ ਚਾਪ ਤੁਰ ਪੈ। ਕੰਮ ਦੱਸਾਂਗੇ ਦੋਰਾਹੇ ਜਾ ਕੇ।'

ਉਹ ਤਿੰਨੋਂ ਸਕੂਟਰ ਤੇ ਬੈਠ ਗਏ। ਗਲ਼ੀ ਨਿਕਲ਼ ਕੇ ਬੇਅੰਤ ਨੇ ਕਿਹਾ, 'ਯਾਰ ਰਘੂ ਐਥੇ ਜਪਾਨੀ ਮੁਰਗਾ ਮਿਲਜੂ?'

'ਵਾਧੂ... ਪਰ ਵਿਹੜੇ ਵੱਲ ਜਾਣਾ ਪੈਣਾ ਏਂ। ਸਕੂਟਰ ਪਿੱਛੇ ਖੜ੍ਹਾਉਣਾ ਪਊ।'

'ਕੋਈ ਨੀ ਤਾਲ਼ਾ ਮਾਰ ਦਿਆਂਗੇ।' ਬੇਅੰਤ ਨੇ ਕਿਹਾ।

ਵਿਹੜੇ ਵਾਲ਼ਿਆਂ ਤੋਂ ਉਰੇ ਹੀ ਰਘੂ ਨੇ ਸਕੂਟਰ ਰੁਕਵਾ ਲਿਆ ਤੇ ਬੋਲਿਆ, 'ਤੁਸੀਂ ਐਥੇ ਰੁਕੋ। ਲਿਆਨਾ ਏਂ ਮੈਂ।'

'ਪੈਸੇ ਲੈ ਜਾ।' ਬੰਤ ਨੇ ਦਸਾਂ ਦਾ ਨੋਟ ਕੱਢਿਆ।

'ਲੈ ਲਵਾਂਗਾ ਬਾਅਦ' ਚ ਯਾਰ।'

ਛੇਤੀ ਹੀ ਉਹ ਰੰਗ-ਬਿਰੰਗਾ ਭਾਰਾ ਮੁਰਗਾ, ਜਿਸ ਦੇ ਖੰਭ ਮਰੋੜੇ ਹੋਏ ਸਨ ਤੇ ਲੱਤਾਂ ਨੂੰ ਮੁੰਜ ਦੀ ਰੱਸੀ ਬੰਨ੍ਹੀ ਹੋਈ ਸੀ, ਲੈ ਆਇਆ।

'ਇਹਨੂੰ ਕਟਵਾ ਵੀ ਲਿਆਉਂਦਾ।' ਬੇਅੰਤ ਨੇ ਕਿਹਾ।

'ਕੱਟਣ ਨੂੰ ਇਹ ਹਾਥੀ ਏ।' ਰਘੂ ਹੱਸਿਆ ਤੇ ਮੁਰਗਾ ਮੂਹਰੇ ਸਕੂਟਰ ਦੀ ਟੋਕਰੀ ਵਿਚ ਤੁੰਨ ਦਿੱਤਾ।

'ਆਹ ਪੈਸੇ ਫੜ ਲੈ।' ਬੇਅੰਤ ਨੇ ਕਿਹਾ।

'ਜੇਬ੍ਹ' ਚ ਪਾ ਲੈ ਚੁੱਪ ਚਾਪ। ਮੇਰੇ ਪਿੰਡ' ਚੋਂ ਤਾਂ ਜੇ ਜਹਾਜ ਵੀ ਖਰੀਦੇਂਗਾ, ਉਹਦੇ ਪੈਸੇ ਮੈਂ ਦਿਆਂਗਾ। ਦੋਰਾਹੇ ਤੋਂ ਲੈਂਦੇ ਹੋਰ ਗੱਲ ਸੀ।'

ਘਰ ਜਾ ਕੇ ਮੁਰਗਾ ਸਾਫ਼ ਕਰਨ ਤੇ ਰਿੰਨ੍ਹਣ ਦਾ ਕੰਮ ਪੰਡਤ ਜੀ ਨੇ ਆਪ ਹੀ ਕੀਤਾ। ਉਹ ਅੰਬਾਂ ਹੇਠ ਆਇਆ ਕਰੇ ਤੇ ਪੈੱਗ ਲਾ ਕੇ ਫਿਰ ਰਸੋਈ ਵਿਚ ਜਾ ਵੜਿਆ ਕਰੇ। ਸਟੋਵ ਦੇ ਸੇਕ ਨਾਲ਼ ਉਸ ਦੀ ਸਟੀਲ ਦੀ ਚੇਨ ਵਾਲ਼ੀ ਐਚ. ਐਮ. ਟੀ. ਘੜੀ ਗਰਮ ਹੋ ਗਈ ਤਾਂ ਉਸ ਨੇ ਲਾਹ ਕੇ ਕਮੀਜ਼ ਦੀ ਜੇਬ੍ਹ ਵਿਚ ਪਾ ਲਈ। ਨ੍ਹੇਰਾ ਹੋ ਰਿਹਾ ਸੀ। ਦੋ

ਵ ਨੇ ਉੱਠ ਕੇ ਅੰਬਾਂ ਤੱਕ ਤਾਰ ਦੀ ਐਕਸਟੈਨਸ਼ਨ ਲਾ ਕੇ ਬੱਲਵ ਲਾ ਦਿੱਤਾ। ਸੌ ਵਾਟ ਦੇ ਬੱਲਵ ਨੇ ਦਿਨ ਚੜ੍ਹਾ ਦਿੱਤਾ। ਪੈੱਗ ਲਾਉਂਦਿਆਂ ਪੰਡਤ ਜੀ ਨੇ ਟਾਈਮ ਦੇਖਣ ਲਈ ਆਪਣੇ ਗੁੱਟ ਵੱਲ ਨਜ਼ਰ ਮਾਰੀ ਫਿਰ ਜੇਬ੍ਹ ਉੱਤੇ ਹੱਥ ਮਾਰਿਆ। ਫਿਰ ਬੋਲਿਆ, 'ਬੇਅੰਤ ਯਾਰ ਮੇਰੀ ਘੜੀ ਕਿੱਥੇ ਗਈ?'

'ਘਰੋਂ ਬੰਨ੍ਹ ਕੇ ਲਿਆਏ ਸੀ?'

'ਮੈਂ ਕੁਛ ਵੀ ਭੁੱਲ ਸਕਦਾ ਏਂ, ਪਰ ਘੜੀ ਨੀ। ਮੈਨੂੰ ਯਾਦ ਈ, ਮੀਟ ਬਣਾਉਂਦਿਆਂ ਚੇਨ ਗਰਮ ਹੋਣ ਕਰਕੇ ਮੈਂ ਜੇਬ੍ਹ' ਚ ਪਾ ਛੱਡੀ। ਫੇਰ ਪਤਾ ਨੀ ਕਿੱਥੇ ਛੂ ਮੰਤਰ ਹੋ ਗਈ।'

ਉਹ ਸਾਰੇ ਲੱਭਣ ਲੱਗ ਪਏ। ਉਹ ਬਾਰ ਬਾਰ ਕਹੀ ਜਾਵੇ, 'ਐਸ ਜੇਬ੍ਹ' ਚ ਪਾਈ ਸੀ। ਸੂਈ ਕਿਵੇਂ ਬਣ ਗਈ?'

ਸਭ ਦਾ ਮੂਡ ਖਰਾਬ ਹੋ ਗਿਆ। ਪੰਡਤ ਜੀ ਦੀ ਨਵੀਂ ਘੜੀ ਗਾਇਬ ਹੋ ਗਈ ਸੀ। ਹੋ ਸਕਦਾ ਹੈ ਉਸ ਨੂੰ ਸ਼ੱਕ ਹੋਵੇ ਕਿ ਟੱਬਰ ਦੇ ਹੀ ਕਿਸੇ ਜੀਅ ਨੇ ਇਹ ਕਾਰਾ ਕੀਤਾ ਹੋਵੇਗਾ। ਤੀਜਾ ਕੋਈ ਉੱਥੇ ਆਇਆ ਵੀ ਤਾਂ ਨਹੀਂ ਸੀ।

'ਚਲੋ ਛੱਡੋ। ਗਈ ਸੋ ਗਈ। ਕਿਸਮਤ ਵਿਚ ਹੋਈ ਤਾਂ ਮਿਲ ਜਾਵੇਗੀ। ਤੁਸੀਂ ਪੈੱਗ ਪਾਓ।' ਪੰਡਤ ਜੀ ਨੇ ਕਿਹਾ।

'ਬੇਅੰਤ ਨੇ ਪੈੱਗ ਪਾਏ ਤੇ ਦੇਵ ਪਤੀਲੇ' ਚੋਂ ਕੌਲੀਆਂ ਵਿਚ ਮੀਟ ਪਾਉਣ ਲੱਗ ਪਿਆ। ਪੰਡਤ ਜੀ ਨੇ ਜਦੋਂ ਆਪਣੀ ਕੌਲੀ ਵਿਚ ਚਮਚਾ ਫੇਰਿਆ ਤਾਂ ਉਸ ਦੀ ਘੜੀ ਚਮਚੇ ਨਾਲ਼ ਲਟਕ ਗਈ। ਉਹ ਹੈਰਾਨੀ ਨਾਲ਼ ਅੱਖਾਂ ਚੌੜੀਆਂ ਕਰ ਕੇ ਬੋਲਿਆ, 'ਇਹ ਮਾਈਂ ਯਾਵ੍ਹੀ ਐਥੇ ਕਿੱਦਾਂ ਆ ਗਈ ਏ। ਮੈਂ ਤਾਂ ਗੁੱਟ ਤੋਂ ਲਾਹ ਕੇ ਜੇਬ੍ਹ ਵਿਚ ਪਾਈ ਸੀ।'

ਨਸ਼ੇ ਵਿਚ ਪੰਡਤ ਜੀ ਜਦੋਂ ਮੀਟ ਵਿਚ ਕੜਛੀ ਘੁਮਾ ਰਹੇ ਸਨ, ਉਹ ਐਨਾ ਜ਼ਿਆਦਾ ਝੁਕ ਗਏ ਹੋਣਗੇ ਕਿ ਜੇਬ੍ਹ' ਚੋਂ ਨਿਕਲ਼ ਘੜੀ ਮੀਟ' ਚ ਜਾ ਡਿਗੀ ਹੋਵੇਗੀ।

'ਪੰਡਤ ਜੀ, ਤੁਸੀਂ ਚਿੰਤਾ ਨਾ ਕਰਨਾ। ਜਿੰਨੇ ਦੀ ਘੜੀ ਆਈ ਸੀ, ਉਸ ਦੇ ਪੈਸੇ ਅਸੀਂ ਦਿਆਂਗੇ।' ਬੇਅੰਤ ਨੇ ਕਿਹਾ।

'ਉਇ ਕੀ ਗੱਲਾਂ ਕਰਦਾ ਏਂ ਬੇਅੰਤ ਸਿਆਂ। ਬਾਮ੍ਹਣ ਦੀ ਯਾਰੀ ਤੂੰ ਅਜੇ ਦੇਖੀ ਨਹੀਂ। ਤੇਰੇ ਲਈ ਤਾਂ ਮੈਂ ਜਾਨ ਦੇ ਦਿਆਂ।'

ਜਦੋਂ ਰੋਟੀ ਦਾ ਕੰਮ ਮੁੱਕ ਗਿਆ ਤਾਂ ਬੇਅੰਤ ਬੋਲਿਆ, 'ਮੇਰੇ ਭਰਾ ਦੇ ਵਿਆਹ ਦੀ ਤਰੀਕ ਕੱਢਣੀ ਏਂ।'

'ਬੱਲੇ ਉਇ ਤੇਰੇ ਭਾਊ। ਘਰੋਂ ਚੱਲਣ ਲੱਗੇ ਦੱਸਦਾ, ਮੈਂ ਆਪਣੀ ਪੋਥੀ ਤਾਂ ਨਾਲ਼ ਲੈ ਲੈਂਦਾ।' ਪੰਡਤ ਜੀ ਨੇ ਕਿਹਾ।

'ਪੋਥੀ ਬਿਨਾਂ ਨੀ ਸਰੂ?'

'ਸਰ ਤਾਂ ਜਾਊ, ਪਰ ਹੁਣ ਇਹ ਕੰਮ ਕੱਲ੍ਹ ਹੋਊ।'

'ਕੱਲ੍ਹ ਨਹੀਂ, ਅੱਜ ਹੀ ਕਰੋ। ਸੁਆਦ ਤਾਂ ਤਾਂ ਏ ਜੇ ਬਿਨਾਂ ਪੱਤਰੀ ਫੋਲੇ ਤਰੀਕ ਕੱਢ ਦੇਵੇਂ।' ਬੇਅੰਤ ਨੇ ਕਿਹਾ।

'ਚੱਲ ਬਿਨਾਂ ਪੱਤਰੀ ਤੋਂ ਕੱਢ ਦਿੰਦੇ ਹਾਂ।' ਉਹ ਹੱਸਿਆ।

ਪੰਡਤ ਜੀ ਨੇ ਸਫ਼ ਮੰਗਵਾ ਲਈ ਤੇ ਅੰਬ ਦੀਆਂ ਜੜ੍ਹਾਂ ਵਿਚ ਵਿਛਾ ਲਈ। ਇਕ ਥਾਲ਼ੀ ਵਿਚ ਆਟੇ ਦਾ ਪੇੜਾ ਰੱਖ ਪੰਜ ਅਗਰਬੱਤੀਆਂ ਸੁਲਘਾ ਲਈਆਂ। ਆਟੇ ਦਾ ਦੀਵਾ ਬਣਾਕੇ ਰੂੰ ਦੀਆਂ ਚਾਰ ਬੱਤੀਆਂ ਬਣਾ ਕੇ, ਸਰ੍ਹੋਂ ਦਾ ਤੇਲ ਪਾ ਕੇ ਜੋਤਾਂ ਜਗ੍ਹਾ ਦਿੱਤੀਆਂ। ਸਾਰੇ ਜੀਆਂ ਨੂੰ ਕੋਲ਼ ਬਿਠਾ ਕੇ ਕੁਝ ਦੇਰ ਮੰਤਰ ਉਚਾਰਣ ਕੀਤੇ ਤੇ ਬੋਲਿਆ, 'ਕੀਹਦੇ ' ਚ ਆਸਥਾ ਏ ਤੁਹਾਡੀ? ਰਾਮ ਚੰਦਰ ਕਿ ਕ੍ਰਿਸ਼ਨ ਭਗਵਾਨ' ਚ?'

'ਮੈਂ ਇਕੱਲੇ ਬਾਬਾ ਪਿਆਰਾ ਸਿੰਘ ਝਾੜ ਸਾਹਬ ਵਾਲਿਆਂ ਨੂੰ ਮੰਨਦੈ।' ਬੇਅੰਤ ਬੋਲਿਆ।

'ਯਾਰ ਤੇਰੀ ਗੱਲ ਨ੍ਹੀ ਦੇਵ ਦੱਸੇ।' ਉਹ ਬੋਲਿਆ।

'ਜੀ ਮੈਂ ਗੁਰੂ ਨਾਨਕ ਦੇਵ ਜੀ ਨੂੰ ਮੰਨਦੈਂ।'

'ਉਨ੍ਹਾਂ ਦੀ ਫ਼ੋਟੋ ਲੈ ਕੇ ਆਵੋ।'

ਦੇਵ ਦੀ ਬੇਬੇ ਉੱਠ ਕੇ ਫ਼ੋਟੋ ਚੁੱਕ ਲਿਆਈ ਤੇ ਅੰਬ ਦੀਆਂ ਜੜ੍ਹਾਂ ਵਿਚ ਰੱਖ ਦਿੱਤੀ। ਧੂਫ਼ ਘੁਮਾ ਕੇ ਦੇਵ ਦੇ ਹੱਥ ਵਿਚ ਚੌਲ਼ਾਂ ਦੇ ਦਾਣੇ ਫੜਾ ਦਿੱਤੇ ਤੇ ਮੰਤਰ ਉਚਾਰਣ ਲੱਗਾ। ਸਾਰੇ ਹੱਥ ਬੰਨ੍ਹੀਂ ਬੈਠੇ ਰਹੇ। ਫਿਰ ਉਸ ਨੇ ਦੇਵ ਦੀ ਮੰਗੇਤਰ ਦਾ ਨਾਂ ਪੁੱਛਿਆ, ਜੋ ਉਸ ਨੇ ਦੱਸ ਦਿੱਤਾ। ਉਹ ਬੋਲਿਆ, 'ਸੱਚੇ ਪਾਤਸ਼ਾਹ ਜੀਓ, ਤੇਰਾ ਭੁਚੰਗੀ ਦੇਵ ਗ੍ਰਿਹਿਸਥੀ ਵਿਚ ਪ੍ਰਵੇਸ਼ ਕਰਨ ਲੱਗਾ ਹੈ, ਉਸ ਨੂੰ ਵਿਆਹ ਦਾ ਸਾਹਾ ਕੱਢ ਕੇ ਕ੍ਰਿਤਾਰਥ ਕਰੋ।'

ਫਿਰ ਉਸ ਨੇ ਪੁੱਛਿਆ, 'ਕਿੰਨੇ ਕੁ ਦਿਨਾਂ ਮਗਰੋਂ ਵਿਆਹ ਚਾਹੁੰਦੇ ਹੋ?'

'ਜੀ ਪੰਦਰਾਂ ਦਿਨਾਂ ਮਗਰੋਂ ਜਦ ਮਰਜ਼ੀ ਕੱਢ ਦਿਓ।'

'ਕੱਢ ਦਵੋ ਨਾ ਕਹੋ ਬੱਚਾ 'ਕਢਵਾ ਦਵੋ' ਕਹੋ। ਦੋ ਜਹਾਂ ਦੇ ਵਾਲ਼ੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੱਥ ਹੈ ਹੁਣ ਡੋਰੀ। ਅੱਜ ਹੈ ਅਠਾਰਾਂ ਅਪ੍ਰੈਲ, ਮਈ ਮਹੀਨੇ ਦਾ ਕਢਵਾ ਦੇਈਏ?'

'ਕਢਵਾ ਦੇ।' ਬੇਅੰਤ ਨੇ ਕਿਹਾ।

ਉਸ ਨੇ ਇਕ ਕਾਗਜ਼ ਦੇ ਤਿੰਨ ਟੁਕੜੇ ਕੀਤੇ। ਉਨ੍ਹਾਂ ਤੇ 'ਸਿਫ਼ਰ' 'ਇਕ' 'ਦੋ' ਲਿਖ ਕੇ ਗੋਲ਼ੀਆਂ ਵੱਟ ਦੇਵ ਨੂੰ ਫੜਾ ਕੇ ਇਸ਼ਾਰਾ ਕੀਤਾ, 'ਚੜ੍ਹਾ ਦੇ।'

ਦੇਵ ਨੇ ਉਵੇਂ ਕੀਤਾ ਤਾਂ ਉਸ ਨੇ ਫ਼ੋਟੋ ਦੇ ਸਭ ਤੋਂ ਨੇੜੇ ਵਾਲ਼ੀ ਪਰਚੀ ਚੁੱਕ ਕੇ ਖੋਹਲ ਲਈ ਤੇ ਬੋਲਿਆ, 'ਲਓ ਜੀ ਏਕੇ ਨਾਲ਼ ਸ਼ੁਰੂ ਹੁੰਦੀ ਏ ਤਰੀਕ, ਮਤਲਬ ਦਸ ਮਈ ਤੋਂ ਉੱਨੀ ਮਈ ਤੱਕ।'

'ਠੀਕ ਏ, ਅੱਗੇ ਚੱਲ।' ਬੇਅੰਤ ਨੇ ਕਿਹਾ।

ਫਿਰ ਉਸ ਨੇ ਦਸ ਪਰਚੀਆਂ ਤੇ ਸਿਫ਼ਰ ਤੋ ਨੌਂ ਤਕ ਹਿੰਦਸੇ ਲਿਖੇ ਤੇ ਗੋਲ਼ੀਆਂ ਵੱਟ ਕੇ ਦੇਵ ਨੂੰ ਚੜ੍ਹਾਉਣ ਲਈ ਕਿਹਾ। 'ਏਕੇ' ਵਾਲ਼ੀ ਪਰਚੀ ਫਿਰ ਬਾਬਾ ਜੀ ਦੀ ਫ਼ੋਟੋ ਵੱਲ ਰਹਿ ਗਈ। ਉਹ ਬੋਲਿਆ, 'ਦੋਨੋਂ ਏਕੇ... ਗਿਆਰਾਂ ਮਈ ਨਿਕਲ਼ਦਾ ਏ ਭਾਈ। ਅਨੰਦ ਕਾਰਜ ਨੇ ਕਿ ਫੇਰੇ?'

'ਜੀ ਫੇਰੇ।' ਦੇਵ ਦੀ ਬੇਬੇ ਬੋਲੀ।

'ਫੇਰਿਆਂ ਦਾ ਟਾਇਮ ਵੀ ਕਢਵਾ ਲਈਏ?'

'ਕਢਵਾ ਲੈ।' ਬੇਅੰਤ ਬੋਲਿਆ।

'ਦੇਖੋ ਜੀ, ਫੇਰੇ ਤਾਂ ਰਾਤ ਸਮੇਂ ਦੇ ਹੀ ਹੋ ਸਕਦੇ ਨੇ। ਬਰਾਤ ਨੂੰ ਇਕ ਰਾਤ ਰੁਕਣਾ ਪਵੇਗਾ।'

'ਠੀਕ ਏ।'

ਪੰਡਤ ਜੀ ਨੇ **8** ਵਜੇ ਤੋਂ **11** ਵਜੇ ਤੱਕ ਦੀਆਂ ਪਰਚੀਆਂ ਬਣਾ ਕੇ ਉਹੀ ਕ੍ਰਮ ਦੋਹਰਾਇਆ ਤੇ ਦਸ ਵਜੇ ਦਾ ਸਮਾਂ ਕਢਵਾ ਦਿੱਤਾ।

'ਗਿਆਰਾਂ ਮਈ ਰਾਤ ਦੇ ਦਸ ਵਜੇ ਵਿਆਹ ਦਾ ਜੋਗ ਬਣ ਗਿਆ ਜੀ। ਵਧਾਈਆਂ ਹੋਣ।' ਪੰਡਤ ਜੀ ਬੋਲਿਆ ਤਾਂ ਸਭ ਨੇ ਇਕ ਦੂਜੇ ਨੂੰ ਵਧਾਈ ਦਿੱਤੀ। ਦੇਵ ਦੀ ਬੇਬੇ ਅੰਦਰ ਜਾ ਕੇ ਪੰਜ ਦਾ ਨੋਟ ਲੈ ਆਈ ਤੇ ਪੰਡਤ ਜੀ ਨੂੰ ਦੇਣਾ ਚਾਹਿਆ। ਉਹ ਬੋਲਿਆ, 'ਵਿਆਹ ਮੈਂ ਨੀ ਜੀ ਕੱਢਿਆ। ਬਾਬਾ ਜੀ ਨੇ ਕੱਢਿਆ ਏ। ਉਨ੍ਹਾਂ ਨੂੰ ਮੱਥਾ ਟੇਕ ਦਿਓ।'

ਸਾਰਾ ਅੰਬਰ ਤਾਰਿਆਂ ਨਾਲ਼ ਭਰ ਗਿਆ ਸੀ। ਚੰਦ ਆਪਣੇ ਸਫ਼ਰ ਤੇ ਸੀ। ਬੇਅੰਤ ਤਿੰਨ ਪੈੱਗ ਹੋਰ ਬਣਾ ਲਿਆਇਆ। ਪੰਡਤ ਆਖੇ, 'ਮੈਂ ਘਰ ਨੂੰ ਜਾਣਾ ਏਂ। ਬੇਅੰਤ ਕਹੇ , 'ਤੇਰਾ ਮੰਜਾ ਡਾਹ' ਤਾ। ਚੁੱਪਚਾਪ ਪੈ ਜਾ। ਸਵੇਰੇ ਛੱਡ ਕੇ ਆਵਾਂਗੇ।'

'ਪਿੱਛੇ ਪੰਡਤਾਣੀ ਗਾਹਲ਼ਾਂ ਕੱਢੂ ਜਜ਼ਮਾਨ।'

'ਕੱਢੀ ਜਾਣ ਦੇ। ਉਹ ਜੰਗਲ' ਚ ਨੀ ਬੈਠੀ।' ਬੇਅੰਤ ਨੇ ਉਸ ਨੂੰ ਘੂਰ ਕੇ ਕਿਹਾ।

**00**

# ਇਕ ਸੌ ਇਕੱਤੀ

ਵਿਆਹ ਦੀ ਤਰੀਕ ਤੇ ਫਿਰ ਫੇਰਿਆਂ ਦਾ ਸਮਾਂ ਕਢਵਾਉਣ ਮਗਰੋਂ ਦੇਵ ਸਭ ਤੋਂ ਪਹਿਲਾਂ ਪ੍ਰਿੰਸੀਪਲ ਵਰਮਾ ਜੀ ਨੂੰ ਮਲਟੀਪਰਪਜ਼ ਸਕੂਲ ਜਾ ਕੇ ਮਿਲਿਆ। ਉਨ੍ਹਾਂ ਨੇ ਯਕੀਨ ਦੁਆਇਆ ਕਿ ਉਹ ਉਸੇ ਦਿਨ ਜਾਂ ਫਿਰ ਅਗਲੇ ਦਿਨ ਸਵੇਰੇ ਮੋਹਾਲ਼ੀ ਗੋਗਨਾ ਜੀ ਨੂੰ ਮਿਲ ਕੇ ਕਿਸੇ ਹੱਥ ਵਿਆਹ ਦੀ ਚਿੱਠੀ ਦੋਰਾਹੇ ਭੇਜ ਦੇਣਗੇ ਤੇ ਸਾਰੇ ਪ੍ਰੋਗਰਾਮ ਬਾਰੇ ਵੀ ਦੱਸ ਦੇਣਗੇ। ਸੋ ਚਿੱਠੀ ਆਉਣ ਤੱਕ ਉਨ੍ਹਾਂ ਨੇ ਵਿਆਹ ਸਬੰਧੀ ਹੋਰ ਕਿਸੇ ਕੋਲ਼ ਗੱਲ ਨਾ ਕੀਤੀ। ਦੇਵ ਨੇ ਬੇਅੰਤ ਨਾਲ਼ ਸਲਾਹ ਕੀਤੀ ਕਿ ਪਹਿਲੇ ਵਿਆਹਾਂ ਵਿਚ ਫਜ਼ੂਲ ਦੇ ਇਕੱਠ ਨੇ ਬੇਸੁਆਦੀ ਹੀ ਕੀਤੀ ਸੀ, ਸਿਰਫ਼ ਘਰ ਘਰ ਦੇ ਮਰਦ ਬੰਦੇ ਵਿਆਹੁਣ ਲਈ ਜਾਣ। ਜੇ ਜ਼ਰੂਰੀ ਹੋਵੇ ਤਾਂ ਬਾਕੀਆਂ ਨੂੰ ਬਾਅਦ ਵਿਚ ਬੁਲਾ ਕੇ ਪਾਰਟੀ ਕਰ ਦਿੱਤੀ ਜਾਵੇ ਤੇ ਰਿਵਾਜ਼ ਅਨੁਸਾਰ ਕੱਪੜੇ ਲੀੜੇ ਤੇ ਭਾਜੀ ਦੇ ਦਿੱਤੀ ਜਾਵੇ। ਢੋਲ-ਢਮੱਕੇ ਅਤੇ ਲਾਊਡਸਪੀਕਰ ਤੋਂ ਪਰਹੇਜ਼ ਹੀ ਕੀਤਾ ਜਾਵੇ। ਤੀਜੇ ਦਿਨ ਸਵੇਰੇ ਹੀ ਵਰਮਾ ਜੀ ਵਿਆਹ ਦੀ ਚਿੱਠੀ ਤੇ ਲੱਡੂਆਂ ਦੇ ਸੱਤ ਡੱਬੇ ਲੈ ਕੇ ਦੋਰਾਹੇ ਪੁੱਜ ਗਏ। ਮੋਹਾਲ਼ੀ ਵਾਲਿਆਂ ਨੇ ਉਸੇ ਤਰੀਕ ਤੇ ਮੋਹਰ ਲਾ ਦਿੱਤੀ ਸੀ। ਵਰਮਾ ਜੀ ਦੇ ਨਾਲ਼ ਬੈਠ ਕੇ ਉਨ੍ਹਾਂ ਨੇ ਸਾਰੀ ਗੱਲਬਾਤ ਵੀ ਤੈਅ ਕਰ ਲਈ। ਵੱਧ ਤੋਂ ਵੱਧ ਗਿਆਰਾਂ ਬੰਦਿਆਂ ਦੀ ਬਰਾਤ ਨੇ ਸ਼ਾਮੀਂ ਤਿੰਨ ਵਜੇ ਮੋਹਾਲ਼ੀ ਪਹੁੰਚਣਾ ਸੀ। ਉੱਥੇ ਜਾਂਦਿਆਂ ਹੀ ਮਿਲਣੀ ਮਗਰੋਂ ਮੰਗਣੇ ਦੀ ਰਸਮ ਹੋਣੀ ਸੀ, ਦਸ ਵਜੇ ਫੇਰੇ ਤੇ ਅਗਲੇ ਦਿਨ ਬਰਾਤ ਦੀ ਵਾਪਸੀ ਹੋ ਜਾਣੀ ਸੀ। ਆਪਣੀ ਧੀ ਨੂੰ ਉਨ੍ਹਾਂ

ਜੋ ਵੀ ਦੇਣਾ ਸੀ, ਉਹ ਉਨ੍ਹਾਂ ਨੇ ਉੱਥੇ ਹੀ ਇੰਦਰਾ ਵਾਲ਼ੀ ਕੋਠੀ ਵਿਚ ਰੱਖ ਦੇਣਾ ਸੀ। ਦੋਨੋਂ ਧਿਰਾਂ ਇਸ ਗੱਲੋਂ ਸਹਿਮਤ ਸਨ ਕਿ ਸਾਰਾ ਕਾਰਜ ਸਾਦਗੀ ਨਾਲ਼ ਹੀ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਨੇ ਵਰਮਾ ਜੀ ਕੋਲ਼ ਦੇਵ ਨੂੰ ਦੇਣ ਲਈ ਗਿਆਰਾਂ ਹਜ਼ਾਰ ਰੁਪਏ ਵੀ ਭੇਜੇ ਸਨ। ਉਨ੍ਹਾਂ ਕੋਲ਼ ਤਾਂ ਘਰ ਵਿਚ ਕੁੱਲ ਮਿਲਾਕੇ ਦੋ ਕੁ ਹਜ਼ਾਰ ਰੁਪਏ ਹੀ ਸਨ। ਦੇਵ ਦਾ ਤ੍ਰਿਪਤ ਕੋਲ਼ੋਂ ਕੁਝ ਹੱਥ ਉਧਾਰ ਲੈਣ ਦਾ ਮਨ ਸੀ, ਪਰ ਹੁਣ ਐਨੇ ਸਾਰੇ ਰੁਪਏ ਦੇਖ ਕੇ ਉਹ ਤਾਂ ਜਿਵੇਂ ਬੌਂਦਲ ਹੀ ਗਿਆ। ਉਸ ਨੇ ਜਦੋਂ ਫਾਰਨ ਕਰੰਸੀ ਦਾ ਪ੍ਰਬੰਧ ਕਰ ਕੇ ਬਜਾਜ ਸਕੂਟਰ ਖਰੀਦਿਆ ਸੀ ਤਾਂ ਉਹ ਰਕਮ ਬੜੀ ਮੁਸ਼ਕਲ ਨਾਲ਼ ਉਧਾਰ ਫੜ ਕੇ ਚੁਕਾਈ ਸੀ। ਉਹ ਸੋਚਣ ਲੱਗਾ ਕਿ ਜੇ ਉਹ ਵਿਆਹ ਉੱਤੇ ਰੁਪਏ ਉਡਾਵੇ ਵੀ ਤਾਂ ਵੀ ਉਹ ਮੁੱਕ ਨਹੀਂ ਸਨ ਸਕਦੇ। ਐਨੇ ਰੁਪਏ ਮਿਲੇ ਦੇਖ ਬੇਅੰਤ ਵੀ ਜਿਵੇਂ ਚਕਰਾ ਗਿਆ। ਉਹ ਕਹਿਣ ਲੱਗਾ, 'ਇਹ ਸਾਰੇ ਰੁਪਏ ਕਿਤੇ ਛੁਪਾ ਕੇ ਰੱਖ ਦੇ। ਹੋਰ ਨਾ ਕਿਧਰੇ ਡਾਕੂ ਹੀ ਪੈ ਜਾਣ।' ਪਹਿਲਾਂ ਉਨ੍ਹਾਂ ਨੇ ਰੁਪਏ ਆਪਣੀ ਬੇਬੇ ਵਾਲ਼ੇ ਟਰੰਕ ਵਿਚ ਰੱਖ ਕੇ ਰੋਪੜੀ ਤਾਲਾ ਲਾਇਆ। ਦੋ ਕੁ ਘੰਟੇ ਮਗਰੋਂ ਕੱਢ ਕੇ ਅਲਮਾਰੀ ਦੇ ਖਾਨੇ ਵਿਚ ਰੱਖ ਦਿੱਤੇ। ਪਰ ਮਨ ਨਾ ਖੜ੍ਹਿਆ ਤਾਂ ਦਬਕੇ' ਚ ਪਈ ਪਾਥੀਆਂ ਵਾਲ਼ੀ ਬੋਰੀ ਦੇ ਹੇਠ ਖਿਸਕਾ ਦਿੱਤੇ। ਤਸੱਲੀ ਉਨ੍ਹਾਂ ਦੀ ਅਜੇ ਵੀ ਨਹੀਂ ਸੀ ਹੋ ਰਹੀ।

ਬੇਅੰਤ ਕਹਿਣ ਲੱਗਾ ਕਿ ਸਭ ਤੋਂ ਪਹਿਲਾਂ ਉਹ ਝਾੜ ਸਾਹਬ ਗੁਰਦੁਆਰੇ ਜਾ ਕੇ ਦੇਗ ਕਰਵਾਏਗਾ ਤੇ ਬਾਬਾ ਪਿਆਰਾ ਸਿੰਘ ਜੀ ਤੋਂ ਆਸ਼ੀਰਵਾਦ ਲਵੇਗਾ ਤਾਂ ਕਿ ਸਾਰਾ ਕਾਰਜ ਸੁੱਖੀ-ਸਾਂਦੀ ਸਿਰੇ ਚੜ੍ਹ ਜਾਵੇ। ਵਰਮਾ ਜੀ ਦੇ ਜਾਣ ਤੋਂ ਕੁਝ ਸਮੇਂ ਮਗਰੋਂ ਉਹ ਤੇ ਸਤਿੰਦਰਪਾਲ ਝਾੜ ਸਾਹਬ ਜਾਣ ਲਈ ਤਿਆਰ ਹੋ ਗਏ। ਦੇਵ ਨੇ ਉਨ੍ਹਾਂ ਨੂੰ ਲੱਡੂਆਂ ਦੇ ਦੋ ਡੱਬੇ ਅਤੇ ਇੱਕੀ ਰੁਪਏ ਦਿੱਤੇ। ਸਕੂਟਰ ਬੇਅੰਤ ਨੂੰ ਚਲਾਉਣਾ ਨਹੀਂ ਸੀ ਆਉਂਦਾ, ਬੱਸ ਉੱਤੇ ਜਾਣਾ ਉਹ ਪਸੰਦ ਨਹੀਂ ਸੀ ਕਰਦਾ। ਬੱਚੇ ਸਮੇਤ ਸਾਇਕਲ ਉੱਤੇ ਐਨੀ ਦੂਰ ਜਾਣਾ ਤੇ ਫਿਰ ਉਸੇ ਦਿਨ ਵਾਪਸ ਮੁੜਨਾ ਇਹ ਫੌਜੀ ਲਈ ਹੀ ਸੰਭਵ ਹੋ ਸਕਦਾ ਸੀ। ਉਨ੍ਹਾਂ ਦੇ ਘਰੋਂ ਨਿਕਲਣ ਦੀ ਦੇਰ ਸੀ ਕਿ ਭਾਗਵੰਤੀ ਨੇ ਦੇਵ ਨੂੰ ਆਪਣੇ ਕੋਲ਼ ਬੁਲਾਇਆ ਤੇ ਬੋਲੀ, 'ਚੱਲ ਪੁੱਤ ਤੇਰੇ ਵਾਲ਼ਾ ਵੀ ਫਰਜ਼ ਪੂਰਾ ਕਰ ਦਿਆਂ।'

'ਕੀ ਬੇਬੇ? ਕਿਹੜਾ ਫਰਜ਼?' ਉਹ ਬੋਲਿਆ।

'ਉਹ ਦੇਵ ਨੂੰ ਬੇਅੰਤ ਵਾਲ਼ੇ ਪਿਛਲੇ ਕਮਰੇ ਵਿਚ ਲੈ ਗਈ। ਉਸ ਨੇ ਚਿਰਾਂ ਤੋਂ ਬੰਦ ਪਈ ਅਲਮਾਰੀ ਦੀ ਕੁੰਡੀ ਖੋਲ੍ਹੀ ਤੇ ਪੱਲਾ ਖਿੱਚਿਆ। ਸੇਵੀਆਂ ਵੱਟਣ ਵਾਲ਼ੀ ਲੋਹੇ ਦੀ ਭਾਰੀ ਮਸ਼ੀਨ ਠਾਹ ਕਰ ਕੇ ਭੁੰਜੇ ਡਿੱਗੀ। ਭਾਗਵੰਤੀ ਦਾ ਪੈਰ ਜੇ ਇਕ ਇੰਚ ਵੀ ਹੋਰ ਅੱਗੇ ਹੁੰਦਾ ਤਾਂ ਨਹੁੰ ਭੰਨੇ ਜਾਣੇ ਸਨ। ਤਿੰਨਾਂ ਅਲਮਾਰੀਆਂ' ਚੋਂ ਕੇਵਲ ਇਹੀ ਅਲਮਾਰੀ ਐਸੀ ਸੀ, ਜਿਸ ਨੂੰ ਕਦੀ ਕੋਈ ਤਾਲਾ ਨਹੀਂ ਸੀ ਲੱਗਿਆ ਹੁੰਦਾ ਤੇ ਉਸ ਵਿਚ ਰੱਖਿਆ ਸਮਾਨ ਵੀ ਨਿਰਾ ਕੁਆੜ ਸੀ। ਪਿੱਤਲ ਦੀਆਂ ਥਾਲ਼ੀਆਂ, ਕੌਲੀਆਂ, ਗਿਲਾਸ, ਤਵੇ ਭੂਕਨੇ, ਖੁਰਚਣੇ , ਪਤੀਲੀਆਂ, ਡੱਬੇ, ਪੁਰਾਣੀਆਂ ਜੁੱਤੀਆਂ ਤੇ ਅੱਲਮ-ਗੱਲਮ ਨਾਲ਼ ਇਹ ਸਦਾ ਤੂੜੀ ਹੀ ਰਹਿੰਦੀ ਸੀ। ਜਦੋਂ ਇਸ ਅਲਮਾਰੀ ਦਾ ਪੱਲਾ ਖੁਲ੍ਹਦਾ ਸੀ ਤਾਂ ਕੋਈ ਨਾ ਕੋਈ ਚੀਜ਼ ਬਾਹਰ ਡਿਗਣ ਨਾਲ਼ ਖੜਕਾ ਹੁੰਦਾ ਸੀ। ਦੇਵ ਦੀ ਬੇਬੇ ਨੂੰ ਖ਼ਬਰਦਾਰ ਕਰਨ ਲਈ ਇਹ ਸਾਇਰਨ

ਦਾ ਕੰਮ ਕਰਦਾ ਸੀ। ਦਰਅਸਲ ਇਸੇ ਅਲਮਾਰੀ ਵਿਚ ਉਸ ਦੀ ਬੇਬੇ ਦਾ ਖਜ਼ਾਨਾ ਦੱਬਿਆ ਹੋਇਆ ਸੀ, ਜੋ ਉਸ ਨੇ ਦੇਵ ਤੋਂ ਵੀ ਚੋਰੀ ਫਰਸ਼ ਹੇਠੋਂ ਕੱਢ ਇੱਥੇ ਬਦਲ ਦਿੱਤਾ ਸੀ। ਘਰ ਵਾਲ਼ਿਆਂ ਜਾਂ ਫਿਰ ਕਿਸੇ ਚੋਰ ਦੇ ਫਰਿਸ਼ਤਿਆਂ ਨੂੰ ਵੀ ਇੱਥੇ ਪਏ ਮਾਲ ਦੀ ਸੂਹ ਲੈਣੀ ਨਾਮੁਮਕਿਨ ਸੀ। ਅਲਮਾਰੀ ਦੇ ਹੇਠਲੇ ਖਾਨੇ' ਚੋਂ ਉਸ ਨੇ ਅਚਾਰ ਅਤੇ ਗੁੜ ਸ਼ੱਕਰ ਵਾਲ਼ੇ ਤੌਲੇ ਬਾਹਰ ਕੱਢ ਕੇ ਉੱਥੇ ਵਿਛਿਆ ਹੋਇਆ ਇਕ ਗੰਦਾ ਜਿਹਾ ਮੋਮੀ ਕਾਗਜ਼ ਚੁੱਕ ਦਿੱਤਾ। ਫਿਰ ਸੱਬਲ ਪਾ ਕੇ ਇਕ ਟਾਇਲ ਉੱਤੇ ਚੁੱਕੀ ਤੇ ਹੇਠ ਬਣੇ ਖਾਨੇ' ਚੋਂ ਇਕ ਮਿੱਟੀ ਨਾਲ਼ ਲਿੱਪਿਆ ਕੁੱਜਾ ਬਾਹਰ ਕੱਢ ਲਿਆ। ਚੱਪਣੀ ਉੱਤੇ ਚੁੱਕ ਕੱਪੜੇ' ਚ ਬੰਨ੍ਹੀਆਂ ਟੂਮਾਂ ਕੱਢ ਕੇ ਫਰਸ਼ ਉੱਤੇ ਰੱਖ ਦਿੱਤੀਆਂ ਤੇ ਉੱਪਰ ਨੂੰ ਹੱਥ ਜੋੜਦੀ ਬੋਲੀ, 'ਲੈਅ ਮੇਰੇ ਸਾਈਆਂ। ਤੂੰ ਮੈਨੂੰ ਛੱਡ ਕੇ ਤੁਰ ਗਿਆ ਸੀ। ਮੈਂ ਆਪਣੇ ਤਿੰਨਾਂ ਮੁੰਡਿਆਂ ਦੇ ਪਹਿਲਾਂ ਕਾਰਜ ਕਰ ਦਿੱਤੇ । ਕੋਈ ਪੁੱਛੇ ਚਾਹੇ ਨਾ, ਮੈਂ ਕਿਸੇ ਨਾਲ਼ ਦਰੈਂਡ ਨਹੀਂ ਕੀਤੀ। ਇਹ ਚੌਥਾ ਪੁੱਤ ਜਿਹੜਾ ਤੂੰ ਦੇਖਿਆ ਵੀ ਨਹੀਂ ਸੀ, ਹੁਣ ਇਹਦਾ ਵਿਆਹ ਏ। ਇਸ ਦੇ ਕਾਰਜ ਤੋਂ ਪਹਿਲਾਂ ਜੇ ਤੂੰ ਮੈਨੂੰ ਲੈਣ ਵੀ ਆਉਂਦਾ, ਮੈਂ ਤਾਂ ਵੀ ਨਾ ਤੁਰਦੀ। ਹੁਣ ਵਿਆਹ ਮਗਰੋਂ ਮੈਂ ਤੈਨੂੰ ਹਾਕਾਂ ਮਾਰਾਂਗੀ ਕਿ ਮੈਨੂੰ ਆਪਣੇ ਕੋਲ਼ ਬੁਲਾ ਲੈ।' ਬੋਲਦੀ ਬੋਲਦੀ ਭਾਗਵੰਤੀ ਹੰਝੂ ਸੁੱਟਣ ਲੱਗੀ।

ਦੇਵ ਨੇ ਉਸ ਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ ਤੇ ਬੋਲਿਆ, 'ਬੇਬੇ ਤੂੰ ਇਸ ਤਰ੍ਹਾਂ ਕਿਉਂ ਕਹਿੰਦੀ ਏਂ? ਇਹੀ ਤਾਂ ਸਮਾਂ ਆਇਆ ਏ ਤੇਰੀ ਸੇਵਾ ਕਰਨ ਦਾ। ਦੇਖਣਾ ਮੇਰੀ ਵਹੁਟੀ ਤੇਰੇ ਪੈਰ ਧੋ ਧੋ ਪੀਵੇਗੀ।'

ਦੇਵ ਦੀ ਗੱਲ ਸੁਣ ਕੇ ਉਹ ਹੱਸ ਪਈ, 'ਦੇਵ ਪੁੱਤ ਸਭ ਇਸੇ ਤਰ੍ਹਾਂ ਕਹਿੰਦੇ ਆਏ । ਤੂੰ ਕਿਸ ਜ਼ਮਾਨੇ ਦੀਆਂ ਗੱਲਾਂ ਕਰਦਾ ਏਂ? ਮੈਨੂੰ ਆਪਣੀ ਸੇਵਾ ਦੀ ਕੋਈ ਲੋੜ ਨਹੀਂ, ਬੱਸ ਤੁਸੀਂ ਖੁਸ਼ ਰਹੋ।'

'ਤੂੰ ਦੇਖੀਂ.... ਉਹ ਤੇਰੀ ਪੂਜਾ ਕਰਿਆ ਕਰੂ... ਤਿੜ-ਫਿੜ ਕਰੂ ਤਾਂ ਸਾਲ਼ੀ ਨੂੰ ਭਜਾ ਦਿਆਂਗੇ।'

'ਵੇ ਫ਼ੋਟ... ਕਿਉਂ ਭੌਂਕਦਾ ਏਂ ਚੰਦਰਿਆ। ਆਉਣ ਤੋਂ ਪਹਿਲਾਂ ਹੀ ਭਜਾਉਣ ਦੀਆਂ ਗੱਲਾਂ ਕਰਨ ਲੱਗ ਪਿਆ। ਤੇਰੀ ਮੱਤ ਤਾਂ ਨੀ ਮਾਰੀ ਗਈ?'

'ਚੰਗਾ ਛੱਡ.... ਹੁਣ ਇਹ ਦੱਸ ਇਨ੍ਹਾਂ ਗਹਿਣਿਆਂ ਦਾ ਕੀ ਕਰਨਾ ਏਂ?' ਦੇਵ ਨੇ ਪੁੱਛਿਆ।

'ਪਰੇਮ ਤੋਂ ਤਾਂ ਗਹਿਣੇ ਬਣਵਾਉਣੇ ਨ੍ਹੀ ਭਾਈ। ਵਤਨੇੜੀ ਵਾਲ਼ੇ ਪਹਿਲਾਂ ਹੀ ਉਲਾਂਭਾ ਦੇ ਚੁੱਕੇ ਨੇ, ਕਹਿੰਦੇ ਸੋਨੇ ਵਿਚ ਖੋਟ ਨ੍ਹੀ ਪਾਈ, ਖੋਟ ਵਿਚ ਸੋਨਾ ਪਾਇਆ ਏ।' ਉਹ ਬੋਲੀ।

'ਫੇਰ ਹੋਰ ਕੀਹਦੇ ਕੋਲ਼ ਫਸਣੈ? ਜੀਜਾ ਆਪਣਾ ਗੁਆਂਢੀ ਵੀ ਏ। ਦੁਨੀਆਂ ਰੁੱਸ ਜਾਏ ਪਰ ਗੁਆਂਢੀ ਨ੍ਹੀ ਰੁੱਸਣਾ ਚਾਹੀਦਾ।'

'ਪਰੇਮ ਨੂੰ ਕਿਹੜਾ ਸੁਪਨਾ ਆਉਂਦਾ ਏ। ਤੂੰ ਮੈਨੂੰ ਦੀਸ਼ੇ ਸੁਨਿਆਰ ਕੋਲ਼ ਲੈ ਜਾ ਰਾਮਪੁਰ। ਮੈਂ ਸੁਣਿਆਂ ਏਂ ਉਹ ਬਹੁਤ ਈਮਾਨਦਾਰ ਏ। ਨਾਲ਼ੇ ਮੇਰਾ ਗੋਤੀ ਏ। ਭੈਣ ਦੀ ਸ਼ਰਮ ਕਰੂ।'

'ਤੂੰ ਹੀ ਤਾਂ ਕਹਿੰਦੀ ਹੁੰਦੀ ਏਂ ਕਿ ਸੁਨਿਆਰ ਤਾਂ ਆਪਣੀ ਮਾਂ ਦੇ ਗਹਿਣਿਆਂ' ਚ ਵੀ ਖੋਟ ਪਾ ਦਿੰਦਾ ਏ। ਤੈਨੂੰ ਮੂੰਹ ਬੋਲੀ ਭੈਣ ਨੂੰ ਕਿਹੜਾ ਉਹ ਬਖਸ਼ੂ।' ਦੇਵ ਨੇ ਹੱਸ ਕੇ ਕਿਹਾ।

'ਤੂੰ ਸਕੂਟਰ ਕੱਢ.... ਪਰੇਮ ਨਾਲ਼ੋਂ ਫੇਰ ਵੀ ਠੀਕ ਰਹੂ। ਬੇਅੰਤ ਹੋਣਾਂ ਨੂੰ ਕੁਝ ਨਾ ਦੱਸੀਂ।'

ਆਪਣੇ ਗੁਆਂਢੀ ਰੁਲਦੇ ਦੀ ਮਾਂ ਨੂੰ ਘਰ ਦੀ ਕੂੰਜੀ ਸੰਭਾਲ਼ ਕੇ ਉਹ ਸਕੂਟਰ ਉੱਤੇ ਰਾਮਪੁਰ ਚਲੇ ਗਏ। ਉਸ ਵੇਲ਼ੇ ਜਗਦੀਸ਼ ਸੋਨੇ ਦੇ ਕਾਂਟੇ ਬਣਾਉਣ ਵਿਚ ਰੁੱਝਿਆ ਹੋਇਆ ਸੀ। ਉਨ੍ਹਾਂ ਨੂੰ ਆਏ ਦੇਖ ਉਹ ਖੁਸ਼ੀ ਨਾਲ਼ ਭਰ ਗਿਆ। ਖੰਡੂ ਬੁੱਲ੍ਹ ਫੈਲਣ ਨਾਲ਼ ਉਸ ਦੇ ਉੱਪਰਲੇ ਦੋ ਦੰਦ ਚਮਕੇ। ਕਾਂਟਾ ਇਕ ਪਾਸੇ ਧਰ ਕੇ ਉਹ ਖੜ੍ਹਾ ਹੋ ਗਿਆ ਤੇ ਉਨ੍ਹਾਂ ਨੂੰ ਮਿਲਿਆ। ਦੋਨਾਂ ਨੂੰ ਸਾਮ੍ਹਣੇ ਵਿਛੀ ਦਰੀ ਤੇ ਬਿਠਾ ਕੇ ਉਸ ਨੇ ਦਰਵਾਜ਼ੇ' ਚ ਖਲੋ ਕੇ ਹਾਕ ਮਾਰੀ, 'ਨੀ ਸਾਹੀ ਉਰੇ ਆ ਮੱਲਾ... ਆਪਣੀ ਅੰਮਾਂ ਨੂੰ ਕਹਿ ਕੇ ਆ ਕਿ ਤਿੰਨ ਗਿਲਾਸ ਚਾਹ ਦੇ ਭੇਜੇ, ਨਾਲ਼ੇ ਬਿਸਕੁਟ ਵੀ।'

'ਚਾਹ ਤਾਂ ਵੀਰੇ ਪੀ ਕੇ ਆਏ ਸੀ।' ਭਾਗਵੰਤੀ ਨੇ ਕਿਹਾ।

'ਮਸਾਂ ਤਾਂ ਆਈ ਏਂ ਤੂੰ। ਅੱਜ ਰਸਤਾ ਕਿਵੇਂ ਭੁੱਲ ਗਈ ਭੈਣ ਮੇਰੀ?' ਉਹ ਅਪਣੱਤ ਨਾਲ਼ ਬੋਲਿਆ।

'ਮੁੰਡੇ ਦਾ ਵਿਆਹ ਆ ਗਿਆ ਵੀਰ ਇਸੇ ਦਾ। ਬੱਸ ਮੇਰੀ ਆਖ਼ਰੀ ਜ਼ਿੰਮੇਵਾਰੀ ਏ ਇਹ।'

'ਜ਼ਿੰਮੇਵਾਰੀ ਆਖ਼ਰੀ ਕੋਈ ਨਹੀਂ ਹੁੰਦੀ ਭੈਣ। ਇਹ ਤਾਂ ਜਦ ਤੱਕ ਪਿਆਜ ਮੁੱਕ ਨੀ ਜਾਂਦਾ ਛਿਲਕੇ ਉਤਰੀ ਜਾਣੇ ਨੇ। ਤੈਨੂੰ ਬਹੁਤ ਬਹੁਤ ਵਧਾਈ ਭੈਣੇ।'

ਦੇਵ ਦੀ ਬੇਬੇ ਨੇ ਇਸ ਰਿਸ਼ਤੇ ਬਾਰੇ ਜਿੰਨਾ ਕੁ ਉਸ ਨੂੰ ਪਤਾ ਸੀ, ਸਭ ਦੱਸ ਦਿੱਤਾ। ਉਹ ਬੋਲਿਆ, 'ਭੈਣ ਮੇਰੀਏ, ਜੇ ਆਪਣਾ ਗੋਤ ਨਾ ਭਿੜਦਾ ਤਾਂ ਮੈਂ ਆਪਣੀਆਂ ਦੋਨੋਂ ਕੁੜੀਆਂ ਤੇਰੀ ਝੋਲ਼ੀ' ਚ ਪਾ ਦੇਣੀਆਂ ਸਨ। ਪਰ ਡਾਢੇ ਨੂੰ ਮੰਜੂਰ ਨਹੀਂ ਸੀ।'

'ਉਹ ਜਾਣੇ... ਜਿੱਥੇ ਸੰਜੋਗ ਹੁੰਦਾ ਏ ਵੀਰ, ਉੱਥੇ ਹੀ ਹੋਣਾ ਹੁੰਦਾ ਏ।' ਭਾਗਵੰਤੀ ਬੋਲੀ ਤੇ ਗਹਿਣਿਆਂ ਵਾਲ਼ੀ ਗੰਦੀ ਜਿਹੀ ਪੋਟਲ਼ੀ ਉਸ ਵੱਲ ਨੂੰ ਸਰਕਾ ਦਿੱਤੀ।

ਜਗਦੀਸ਼ ਨੇ ਗਹਿਣੇ ਮੂਹਰੇ ਪਏ ਬਕਸੇ ਦੇ ਸ਼ੀਸ਼ੇ ਉੱਤੇ ਢੇਰੀ ਕਰ ਦਿਤੇ। ਫਿਰ ਕਸਵੱਟੀ ਤੇ ਘਸਾ ਕੇ ਦੇਖਣ ਲੱਗ ਪਿਆ। ਫਿਰ ਬੋਲਿਆ, 'ਸੋਨਾ ਤਾਂ ਤੇਰਾ ਸ਼ੁੱਧ ਏ ਬੀਬੀ। ਸੱਗੀ ਫੁੱਲ ਜ਼ਰਾ ਮਾੜੇ ਨੇ। ਤੂੰ ਮੇਰੇ ਕੋਲ਼ੋਂ ਕੰਮ ਕਰਾਉਣ ਪਹਿਲੀ ਵਾਰੀ ਆਈ ਏਂ। ਭੈਣ ਵਲੋਂ ਕਮਾਈ ਕਰਨੀ ਹਰਾਮ ਏਂ। ਜਿਹੋ ਜਿਹੇ ਬਣੇ ਹੋਏ ਨੇ ਉਹੋ ਜਿਹੇ ਹੀ ਬਣਾ ਦਿਆਂਗਾ।'

'ਉਹੋ ਜਿਹੇ ਨ੍ਹੀਂ ਬਣਾਉਣੇ ਮਾਮਾ ਜੀ। ਡੀਜ਼ਾਈਨ ਦਿਖਾਓ ਸਾਨੂੰ ਤੁਸੀਂ।' ਦੇਵ ਨੇ ਕਿਹਾ।

'ਮੇਰਾ ਮਤਲਬ ਏ ਕਾਕਾ ਗਹਿਣੇ ਐਨੇ ਹੀ ਖ਼ਰੇ ਰਹਿਣਗੇ।' ਉਹ ਹੱਸਿਆ ਤਾਂ ਉਸ ਦਾ ਖੰਡੂ ਬੁੱਲ੍ਹ ਫੈਲ ਗਿਆ। ਦੋ ਚਿੱਟੇ ਦੰਦ ਨਜ਼ਰੀਂ ਪਏ।

ਵਿਆਹ ਵਿਚ ਜਿਹੜੇ ਜਿਹੜੇ ਗਹਿਣੇ ਵਹੁਟੀ ਨੂੰ ਪਾਉਣੇ ਸਨ, ਭਾਗਵੰਤੀ ਨੇ ਉਸ ਨੂੰ ਸਮਝਾ ਦਿੱਤਾ। ਦੇਵ ਨੇ ਕਿਹਾ, 'ਗਹਿਣਾ ਕੋਈ ਹਲਕਾ ਨਾ ਰਹੇ ਮਾਮਾ ਜੀ। ਜੋ ਸੋਨਾ ਹੋਰ ਪਵੇ ਤਾਂ ਪਾ ਦੇਣਾ, ਉਸ ਦੇ ਪੈਸੇ ਅਸੀਂ ਦੇ ਦਿਆਂਗੇ।' ਦਰਅਸਲ ਹੁਣ ਉਹ ਘਰ ਪਏ ਗਿਆਰਾਂ ਹਜ਼ਾਰ ਰੁਪਿਆਂ ਕਰਕੇ ਬਹੁਤ ਹੌਂਸਲੇ ਵਿਚ ਸੀ।

'ਬੀਬੀ ਗੁੱਸਾ ਤਾਂ ਕਰੀਂ ਨਾ। ਇਹ ਤੇਰੇ ਕੰਨਾਂ ਦੀਆਂ ਵਾਲ਼ੀਆਂ ਵੀ ਘਸੀਆਂ ਪਈਆਂ ਨੇ। ਥੋੜਾ ਸੋਨਾ ਪਵਾ ਕੇ ਭਾਰੀਆਂ ਬਣਵਾ ਲੈ।' ਉਹ ਬੋਲਿਆ ਤਾਂ ਦੇਵ ਨੇ ਸੋਚਿਆ ਕਿ ਉਹ ਲਾਲਚ ਕਰ ਰਿਹਾ ਸੀ।

'ਨਾ ਵੇ ਵੀਰ... ਇਹ ਦੇਵ ਦੇ ਪਿਓ ਦੀਆਂ ਬਣਾਈਆਂ ਹੋਈਆਂ ਨੇ। ਇਹ ਵੀ ਭੰਨਵਾ ਦਿਆਂ ਤਾਂ ਮੇਰੇ ਕੋਲ਼ ਕੀ ਰਹਿਜੂ?' ਭਾਗਵੰਤੀ ਦੀ ਗੱਲ ਸੁਣ ਕੇ ਉਹ ਖੰਘਿਆ। ਜਦ ਨੂੰ ਚਾਹ ਤੇ ਬਿਸਕੁਟ ਆ ਗਏ। ਉਸ ਨੇ ਗੜਵੀ' ਚੋਂ ਤਿੰਨਾਂ ਗਿਲਾਸਾਂ ਵਿਚ ਚਾਹ ਪਾਈ ਤੇ ਉਨ੍ਹਾਂ ਦੋਨਾਂ ਨੂੰ ਫੜਾ ਦਿੱਤੀ। ਆਪਣੇ ਵਾਲ਼ਾ ਗਿਲਾਸ ਉਸ ਨੇ ਬਕਸੇ ਦੇ ਸ਼ੀਸ਼ੇ ਤੇ ਰੱਖ ਦਿੱਤਾ। ਪੈਂਟ ਪਾਈ ਹੋਣ ਕਰਕੇ ਦੇਵ ਨੂੰ ਦਰੀ ਉੱਤੇ ਬੈਠਣਾ ਮੁਸ਼ਕਲ ਹੋ ਰਿਹਾ ਸੀ। ਜਦੋਂ ਜਗਦੀਸ਼ ਗਹਿਣੇ ਦੀਵੇ ਦੀ ਲਾਟ ਨਾਲ਼ ਗਰਮ ਕਰ ਕੇ ਭੰਨਣ ਲੱਗਾ ਤਾਂ ਉਹ ਉੱਠ ਖੜ੍ਹਾ ਹੋਇਆ। ਉਹ ਦੇਵ ਨੂੰ ਬੈਠਣ ਲਈ ਬਾਰ-ਬਾਰ ਕਹਿੰਦਾ ਰਿਹਾ, ਪਰ ਉਹ ਬੈਠਿਆ ਨਾ। ਪਰੇਮ ਵਾਂਗ ਉਸ ਨੇ ਵੀ ਕੋਈ ਬੈਂਚ ਜਾਂ ਕੁਰਸੀ ਦੁਕਾਨ ਵਿਚ ਨਹੀਂ ਸਨ ਰੱਖੇ ਹੋਏ। ਇਹ ਗੱਲ ਦੇਵ ਨੂੰ ਪਰੇਮ ਨੇ ਦੱਸੀ ਸੀ ਕਿ ਜੇ ਕੁਰਸੀਆਂ ਤੇ ਗਾਹਕ ਬਿਠਾ ਲਏ ਤਾਂ ਉਨ੍ਹਾਂ ਨੂੰ ਕਮਾਈ ਸੁਆਹ ਹੋਣੀ ਹੈ। ਦੇਵ ਦਾ ਖਿਆਲ ਸੀ ਕਿ ਹੁਣ ਜਗਦੀਸ਼ ਵੀ ਸੁਨਿਆਰਾਂ ਵਾਲ਼ੀ ਖੇਡ ਜ਼ਰੂਰ ਖੇਡੇਗਾ। ਦੇਵ ਨੇ ਆਪਣਾ ਸਾਰਾ ਧਿਆਨ ਉਸੇ ਵੱਲ ਗੱਡ ਦਿੱਤਾ। ਦੇਵ ਨੇ ਦੇਖਿਆ ਕਿ ਗਹਿਣਿਆਂ ਨੂੰ ਭੰਨ ਕੇ ਬਣਾਈ ਕਿਸੇ ਵੀ ਗੋਲ਼ੀ ਨੇ ਪਰੇ ਮ ਦੀ ਗੋਲ਼ੀ ਵਾਂਗ ਤਪੜੀ ਹੇਠ ਛਾਲ ਨਾ ਮਾਰੀ। ਉਸ ਦੇ ਹੱਥ ਕੁਝ ਕੰਬਦੇ ਜ਼ਰੂਰ ਦਿਖੇ । ਉਹ ਕੁਠਾਲ਼ੀ ਵਿਚ ਸੋਨਾ ਪਾ ਕੇ ਅੰਗੀਠੀ ਦੇ ਕੋਲਿਆਂ ਤੇ ਧਰਨ ਲੱਗਾ ਤਾਂ ਉਸ ਦਾ ਹੱਥ ਬਕਸੇ ਤੇ ਪਏ ਚਾਹ ਦੇ ਗਿਲਾਸ ਵਿਚ ਜਾ ਵੱਜਾ।

'ਚੱਲ ਭਾਈ ਮੇਰੀ ਕਿਸਮਤ ਵਿਚ ਨਹੀਂ ਸੀ ਤੂੰ। ਕੋਈ ਗੱਲ ਨੀ।' ਉਹ ਹੱਸਿਆ ਤੇ ਕੱਪੜੇ ਨਾਲ਼ ਬਕਸਾ ਸਾਫ਼ ਕਰਨ ਲੱਗ ਪਿਆ। ਉਸ ਨੇ ਕੁਠਾਲੀ ਵਿੱਚੋਂ ਪਿੰਘਲਿਆ ਸੋਨਾ ਇਕ ਲੋਹੇ ਦੀ ਨਾਲ਼ੀ ਜਿਹੀ ਵਿਚ ਪਾ ਕੇ ਛੜ ਬਣਾ ਦਿੱਤੀ ਤੇ ਕੰਡੇ' ਚ ਪਾ ਕੇ ਤੋਲਦਾ ਬੋਲਿਆ, 'ਲੈ ਭੈਣੇ ਇਹ ਅੱਠ ਤੋਲੇ, ਸੱਤ ਮਾਸੇ ਚਾਰ ਰੱਤੀ ਹੈਗਾ ਏ। ਦੋਰਾਹੇ ਕਾਲੂ ਸੁਨਿਆਰ ਦੇ ਲਾਗੇ ਸੋਨਾ ਸੋਧਦੇ ਨੇ। ਇਹਦੇ' ਚੋਂ ਕੱਟ ਕੇ ਇਕ ਛੋਟਾ ਟੁਕੜਾ ਤੁਹਾਨੂੰ ਦੇ ਦਿੰਦਾ ਏਂ। ਉਹ ਕਿਸੇ ਹੋਰ ਤੋਂ ਸੁਧਵਾ ਲੈਣਾ। ਕੋਈ ਠੱਗੀ ਨੀ ਲਾ ਸਕੂ।'

'ਵੀਰ ਤੇਰੇ ਤੇ ਵਿਸ਼ਵਾਸ਼ ਕਰ ਕੇ ਆਏ ਹਾਂ। ਆਪ ਹੀ ਸੁਧਵਾ ਲੈ, ਪਰ ਇਕ ਗੱਲ ਦਾ ਧਿਆਨ ਰੱਖੀ, ਸਾਡੇ ਪ੍ਰਾਹੁਣੇ ਪਰੇਮ ਨੂੰ ਕੰਨੋ-ਕੰਨ ਖ਼ਬਰ ਨਾ ਹੋਵੇ।'

'ਹੈਅ ਕਮਲੀ, ਮੈਂ ਕਿਉਂ ਕਿਸੇ ਨੂੰ ਦੱਸਾਂਗਾ ਭਲਾਂ।'

ਦੇਵ ਸੋਨਾ ਆਪ ਸੁਧਵਾਉਣਾ ਚਾਹੁੰਦਾ ਸੀ, ਪਰ ਹੁਣ ਉਹ ਆਪਣੀ ਬੇਬੇ ਨੂੰ ਕੀ ਕਹਿੰਦਾ। ਚੁੱਪ ਕਰ ਗਿਆ। ਗਹਿਣਿਆਂ ਦਾ ਆਰਡਰ ਦੇ ਕੇ ਜਦੋਂ ਘਰ ਮੁੜੇ ਤਾਂ ਬੇਅੰਤ

ਤੇ ਦੇਵ ਦੀ ਭਰਜਾਈ ਆਏ ਬੈਠੇ ਸਨ। ਸਤਿੰਦਰਪਾਲ ਨੇ ਝਾੜ ਸਾਹਬ ਤੋਂ ਲਿਆਂਦਾ ਪਤਾਸਿਆਂ ਦਾ ਪ੍ਰਸ਼ਾਦ ਉਨ੍ਹਾਂ ਨੂੰ ਦਿੱਤਾ। ਬੇਅੰਤ ਨੇ ਉਹ ਕੜਾ ਦਿਖਾਇਆ, ਜਿਹੜਾ ਬਾਬਾ ਪਿਆਰਾ ਸਿੰਘ ਨੇ ਆਪਣੇ ਹੱਥ' ਚੋਂ ਲਾਹ ਕੇ ਉਸ ਨੂੰ ਦੇ ਦਿੱਤਾ ਸੀ।

'ਕਿੱਥੇ ਚਲੇ ਗਏ ਸੀ ਤੁਸੀਂ?' ਬੇਅੰਤ ਨੇ ਪੁੱਛਿਆ।

'ਰੇਰੂ ਸਾਹਬ ਗੁਰਦੁਆਰੇ ਸੁੱਖ ਲਾਹੁਣ ਗਏ ਸੀ। ਪਾਠ ਸੁੱਖ ਆਏ ਹਾਂ ਕਿ ਸਾਰਾ ਕਾਰਜ ਸਿਰੇ ਚੜ੍ਹ ਜਾਵੇ।' ਦੇਵ ਦੀ ਬੇਬੇ ਨੇ ਫੜ੍ਹ ਮਾਰੀ।

'ਦੇਵ ਨੂੰ ਬੇਅੰਤ ਦੇ ਮੂੰਹੋਂ ਸ਼ਰਾਬ ਦੀ ਹਵਾੜ ਆਈ। ਉਸ ਨੇ ਹੌਲ਼ੀ ਦੇਣੇ ਕਿਹਾ, 'ਇਕੱਲਾ ਹੀ ਚੜ੍ਹ ਗਿਆ ਘੋੜੇ?'

'ਤੂੰ ਵੀ ਚੜ੍ਹ ਜਾ।' ਉਹ ਹੱਸਿਆ।

'ਮੈਂ ਤਾਂ ਹੁਣ ਘੋੜੀ ਹੀ ਚੜ੍ਹਾਂਗਾ। ਛੱਡ ਦੇਣੀ ਏਂ ਪੀਣੀ ਪੂਣੀ।'

**00**

# ਇਕ ਸੌ ਬੱਤੀ

ਸੋਮਵਾਰ ਨੂੰ ਦੇਵ ਨੇ ਧਰੌੜ ਸਕੂਲ ਤੋਂ ਰਿਲੀਵ ਹੋ ਕੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਖਰੜ ਵਿਚ ਜੁਐਨ ਕਰਨ ਜਾਣਾ ਸੀ। ਧਰੌੜ ਦੇ ਸਟਾਫ਼ ਨੇ ਅਰਮਾਨ ਸਿੰਘ ਦੀ ਅਗਵਾਈ ਵਿਚ ਉਸ ਨੂੰ ਉਸੇ ਦਿਨ ਸਵੇਰੇ ਵਿਦਾਇਗੀ ਪਾਰਟੀ ਦੇਣ ਦਾ ਪ੍ਰੋਗਰਾਮ ਉਲੀਕ ਲਿਆ ਸੀ। ਪਾਰਟੀ ਮਗਰੋ ਦੇਵ ਨੂੰ ਦੁਪਹਿਰ ਤੋਂ ਬਾਅਦ ਰਿਲੀਵ ਕਰ ਕੇ ਉੱਥੋਂ ਦੇ ਸਟਾਫ਼ ਮੈਂਬਰਾਂ ਨੇ ਦੋ ਗੱਡੀਆਂ ਵਿਚ ਖਰੜ ਛੱਡਣ ਜਾਣਾ ਸੀ। ਇਕ ਗੱਡੀ ਗੁਰਵੰਤ ਸਿੰਘ ਸ਼ੌਂਕੀ ਨੇ ਲੈਕੇ ਜਾਣੀ ਸੀ ਤੇ ਦੂਜੀ ਉਨ੍ਹਾਂ ਨੇ ਕਿਰਾਏ ਤੇ ਕਰ ਲਈ ਸੀ। ਦੇਵ ਨੇ ਕਾਰ ਦਾ ਕਿਰਾਇਆ ਦੇਣਾ ਚਾਹਿਆ ਸੀ, ਪਰ ਅਰਮਾਨ ਸਿੰਘ ਹੱਸ ਕੇ ਬੋਲਿਆ ਸੀ, 'ਇਕ ਪਾਈ ਨਹੀਂ ਲੈਣੀ ਤੈਥੋਂ ਦੇਵ । ਪੈਸੇ ਅਸੀਂ ਇਕੱਠੇ ਕਰ ਲਏ ਨੇ।'

ਦੇਵ ਸਟਾਫ਼ ਵਾਲ਼ਿਆਂ ਨੂੰ ਤਰੱਕੀ ਦੀ ਖੁਸ਼ੀ ਵਿਚ ਦੋਨੋਂ ਕਿਸਮਾ ਦੀ ਪਾਰਟੀ ਪਹਿਲਾਂ ਹੀ ਦੇ ਚੁੱਕਾ ਸੀ, ਇਕ ਮਠਿਆਈ ਸਮੋਸਿਆਂ ਵਾਲ਼ੀ ਜਿਸ ਨੂੰ ਉਹ 'ਗੁੜ ਖਾਣਿਆਂ ਦੀ ਪਾਰਟੀ' ਕਿਹਾ ਕਰਦੇ ਸਨ ਤੇ ਦੂਜੀ ਸਾਨ੍ਹੇਵਾਲ ਲੰਗੜੇ ਦੇ ਢਾਬੇ ਵਾਲ਼ੀ। ਹੁਣ ਉਨ੍ਹਾਂ ਨੇ ਦੇਵ ਨੂੰ ਜੁਐਨ ਕਰਾਉਣ ਲਈ ਸਾਰਾ ਲਾਮ-ਲਸ਼ਕਰ ਲੈ ਕੇ ਜਾਣਾ ਸੀ ਤਾਂ ਦੇਵ ਨੇ ਸੋਚਿਆ ਕਿ ਖਰੜ ਤੋਂ ਵਾਪਸੀ ਸਮੇਂ ਉਹ ਕਿਸੇ ਰੈਸਟੋਰੈਂਟ ਵਿਚ ਉਨ੍ਹਾਂ ਨੂੰ ਮੁਰਗ-ਮੁਸੱਲਮ ਤੇ ਵਿਸਕੀ ਦੀ ਸ਼ਾਨਦਾਰ ਪਾਰਟੀ ਕਰੇਗਾ। ਸਕੂਲ ਜਾਣ ਤੋਂ ਪਹਿਲਾਂ ਉਸ ਨੇ ਦਬਕੇ' ਚ ਪਈ ਪਾਥੀਆਂ ਵਾਲ਼ੀ ਬੋਰੀ ਹੇਠੋਂ ਸਹੁਰਿਆਂ ਵਲੋਂ ਆਈ ਗਿਆਰਾਂ ਹਜ਼ਾਰ ਵਾਲ਼ੀ ਗੁਥਲੀ ਕੱਢੀ ਤੇ ਉਸ ਵਿੱਚੋਂ ਹਜ਼ਾਰ ਰੁਪਏ ਆਪਣੀ ਜੇਬ੍ਹ ਵਿਚ ਪਾ ਲਏ। ਬਾਕੀ ਨੂੰ ਉਵੇਂ ਸਿਰਹਾਣੇ ਵਿਚ ਪਾ ਕੇ ਆਪਣੀ ਬੇਬੇ ਦੇ ਸੰਦੂਖ਼ ਵਿਚ ਰੱਖ ਤਾਲ਼ਾ ਮਾਰ ਦਿੱਤਾ। ਉਹ ਸਕੂਲ ਨੂੰ ਬੱਸ ਵਿਚ ਹੀ ਚਲਾ ਗਿਆ।

ਸਟਾਫ਼ ਵਾਲ਼ਿਆਂ ਨੇ ਉਸ ਨੂੰ ਬੜੀ ਸ਼ਾਨਦਾਰ ਪਾਰਟੀ ਦਿੱਤੀ। ਦਰਅਸਲ ਸੈਕੰਡ ਮਾਸਟਰ ਅਰਮਾਨ ਸਿੰਘ ਜੋ ਕਹਿ ਦਿਆ ਕਰਦਾ ਸੀ, ਕਿਸੇ ਦੀ ਜੈਅ ਨਹੀਂ ਸੀ ਕਿ ਉਲਟ

ਰਾਇ ਦਵੇ। ਦੇਵ ਦੇ ਗਲ਼ੇ ਵਿਚ ਹਾਰ ਵੀ ਪਾਏ ਗਏ, ਫ਼ੋਟੋਆਂ ਵੀ ਖਿੱਚੀਆਂ ਗਈਆਂ ਤੇ ਸੋਭਾ ਸਿੰਘ ਦਾ ਬਣਾਇਆ ਸੋਹਣੀ ਮਹੀਵਾਲ ਦਾ ਵੱਡਾ ਚਿੱਤਰ ਵੀ ਦਿੱਤਾ ਗਿਆ। ਸਟਾਫ਼ ਦੇ ਕਈ ਮੈਂਬਰਾਂ ਨੇ ਬੜੀ ਭਾਵੁਕਤਾ ਤੇ ਸਿਫ਼ਤਾਂ ਭਰੇ ਭਾਸ਼ਣ ਵੀ ਦਿੱਤੇ। ਦੇਵ ਹੈਰਾਨ ਹੋਇਆ ਕਿ ਉਸ ਵਿਚਲੇ ਜਿਹੜੇ ਗੁਣਾਂ ਦੀ ਸਟਾਫ਼ ਮੈਂਬਰ ਪ੍ਰਸੰਸਾ ਕਰ ਰਹੇ ਸਨ, ਉਸ ਨੂੰ ਆਪ ਨੂੰ ਉਨ੍ਹਾਂ ਬਾਰੇ ਕੋਈ ਪਤਾ ਨਹੀਂ ਸੀ। ਇਸ ਪਾਰਟੀ ਦੀ ਵੱਖਰੀ ਸ਼ਾਨ ਇਹ ਸੀ ਕਿ ਉਸ ਵਿਚ ਪਿਆਰੇ ਲਾਲ ਮਾਲੀ ਵੀ ਬੋਲਿਆ। ਉਹ ਕਹਿਣ ਲੱਗਾ, 'ਦੇਵ ਮਾਸਟਰ ਜੀ ਵਿਚ ਐਨੀ ਮਿਠਾਸ ਹੈ ਕਿ ਉਸ ਦਾ ਜੀਅ ਕਰਦਾ ਹੈ ਕਿ ਉਨ੍ਹਾਂ ਦਾ ਬੁਰਕ ਵੱਢ ਲਵੇ ।'

ਉਸ ਦੀ ਗੱਲ ਸੁਣ ਕੇ ਖ਼ੂਬ ਹਾਸਾ ਮੱਚਿਆ ਤੇ ਤਾੜੀਆਂ ਵੱਜੀਆਂ। ਦੇਵ ਅਤੇ ਹੈਡਮਾਸਟਰ ਖੁੰਢ ਸਾਹਬ ਦੇ ਬੋਲਣ ਤੋਂ ਪਹਿਲਾਂ ਅਰਮਾਨ ਸਿੰਘ ਨੇ ਸੁਰੇਖਾ ਦਾ ਨਾਂ ਲੈ ਦਿੱਤਾ। ਇਹ ਵੀ ਕਿਹਾ ਕਿ ਉਹ ਕੋਈ ਗੀਤ ਜ਼ਰੂਰ ਸੁਣਾਵੇ। ਪਹਿਲਾਂ ਤਾਂ ਉਹ ਉੱਠੇ ਹੀ ਨਾ। ਨਾਲ ਦੀਆਂ ਮੈਡਮਾਂ ਨੇ ਹੁੱਝਾਂ ਮਾਰ ਮਾਰ ਉਸ ਨੂੰ ਉਠਾਲ਼ ਹੀ ਦਿੱਤਾ। ਉਹ ਡਾਇਸ ਤੇ ਆ ਕੇ ਖੜ੍ਹੀ ਹੋ ਗਈ। ਉਸੇ ਤਰ੍ਹਾਂ ਖੜ੍ਹੀ ਕਾਫ਼ੀ ਦੇਰ ਐਧਰ-ਉੱਧਰ ਦੇਖਦੀ ਰਹੀ। ਫਿਰ ਉਹ ਹੱਸ ਪਈ.. ਹੱਸੀ ਜਾਵੇ ਹੱਸੀ ਜਾਵੇ। ਹਸਦੀ ਦੇ ਹੰਝੂ ਨਿਕਲ਼ ਆਏ। ਉਹ ਭੁੱਬ ਮਾਰ ਕੇ ਰੋ ਪਈ। ਫਿਰ ਮੂੰਹ ਤੇ ਨੱਕ ਨੂੰ ਆਪਣੀ ਹਥੇਲੀ ਵਿਚ ਘੁੱਟ ਸਟੇਜ ਤੋਂ ਉਤਰ ਗਈ ਤੇ ਮੈਡਮਾਂ ਵਿਚ ਬੈਠ ਆਪਣਾ ਸਿਰ ਬੈਂਚ ਦੇ ਮੂਹਰਲੇ ਫੱਟੇ ਨਾਲ਼ ਲਾ ਦਿੱਤਾ। ਦੇਵ ਨੇ ਉੱਧਰ ਦੇਖਿਆ। ਕਈ ਮੈਡਮਾਂ ਅੱਖਾਂ ਭਰ ਆਈਆਂ ਸਨ। ਦੇਵ ਨੂੰ ਵੀ ਲੱਗ ਰਿਹਾ ਸੀ ਕਿ ਉਸ ਦਾ ਰੋਣ ਫੁੱਟਿਆ ਕਿ ਫੁੱਟਿਆ, ਪਰ ਉਹ ਆਪਣੀ ਸੋਚ ਨੂੰ ਇੰਦਰਾ ਵੱਲ ਲੈ ਗਿਆ ਤੇ ਮਾਨਸਿਕ ਤੌਰ ਤੇ ਉੱਥੋਂ ਗੈਰਹਾਜ਼ਿਰ ਹੀ ਹੋ ਗਿਆ। ਅਰਮਾਨ ਸਿੰਘ ਨੇ ਕਿਹਾ, 'ਮੈਡਮ ਸੁਰੇਖਾ ਬੜੀ ਚੰਗੀ ਕੁੜੀ ਏ। ਇਸ ਨੇ ਸਕੂਲ ਦੇ ਬੱਚਿਆਂ ਵਿਚ ਪੜ੍ਹਨ ਦੀ ਰੁਚੀ ਪੈਦਾ ਕਰ ਦਿੱਤੀ ਹੈ। ਧੂੜ ਨਾਲ਼ ਅੱਟੀਆਂ ਪਈਆਂ ਕਿਤਾਬਾਂ ਨੂੰ ਇਸ ਕੁੜੀ ਨੇ ਆਪਣੀ ਛੋਹ ਨਾਲ਼ ਇੰਝ ਸੁਰਜੀਤ ਕਰ ਦਿੱਤਾ ਏ ਜਿਵੇਂ ਰਾਮ ਚੰਦਰ ਜੀ ਨੇ ਅਹੱਲਿਆ ਕੀਤੀ ਸੀ। ਭਾਵਕ ਹੋ ਗਈ ਵਿਚਾਰੀ। ਜਾਣ ਵਾਲ਼ੇ ਲਈ ਵੀ ਤੇ ਪਿੱਛੇ ਰਹਿ ਜਾਣ ਵਾਲ਼ਿਆਂ ਲਈ ਵੀ ਵਿਛੋੜਾ ਇੱਕੋ ਜਿਹਾ ਸੱਲ ਲਾਉਂਦਾ ਹੈ। ਨਾ ਅਸੀਂ ਇਸ ਪਿਆਰੇ ਬੰਦੇ ਨੂੰ ਭੁੱਲੀਏ ਤੇ ਨਾ ਇਹ ਸਾਨੂੰ। ਖੈਰ, ਕੋਈ ਗੱਲ ਨਹੀਂ, ਹੁਣ ਮੈਂ ਮਿਸਟਰ ਦੇਵ ਨੂੰ ਗੁਜਾਰਿਸ਼ ਕਰਦਾ ਹਾਂ ਕਿ ਉਹ ਆਪਣੇ ਵੱਲ਼ੋਂ ਵੀ ਚੰਦ ਸ਼ਬਦ ਕਹਿਣ।'

ਦੇਵ ਦੇ ਸੰਘ ਵਿਚ ਤਾਂ ਜਿਵੇਂ ਕੋਈ ਹਉਕਾ ਫਸਿਆ ਹੋਇਆ ਸੀ। ਉਹ ਬੋਲਣ ਦੀ ਅਵੱਸਥਾ ਵਿਚ ਬਿਲਕੁਲ ਨਹੀਂ ਸੀ। ਉਸ ਦੇ ਅੰਦਰ ਐਨਾ ਕੁਝ ਰਿੱਝ ਰਿਹਾ ਸੀ, ਜਿਸ ਨੂੰ ਤਰਤੀਵ ਦੇਕੇ ਮੂੰਹੋਂ ਕੱਢਣਾ ਉਸ ਦੇ ਵੱਸ ਵਿਚ ਨਹੀਂ ਸੀ ਰਿਹਾ। ਉਹ ਡਾਇਸ ਤੇ ਜਾ ਕੇ ਬਿਨਾਂ ਕਿਸੇ ਨੂੰ ਸੰਬੋਧਨ ਕੀਤੇ ਕਹਿਣ ਲੱਗਾ, ' ਬਹੁਤ ਚੰਗਾ ਸਮਾਂ ਬਿਤਾਇਆ ਹੈ ਤੁਹਾਡੇ ਨਾਲ਼। ਬੜੇ ਪਿਆਰੇ ਬੰਦੇ ਮਿਲੇ ਹਨ ਇਸ ਸਕੂਲ ਵਿਚ। ਮੈਂ ਹੀ ਸਭ ਤੋਂ ਮਾੜਾ ਤੇ ਬੁਰਾ ਹੋਵਾਂਗਾ। ਜਿੱਥੇ ਜਿੱਥੇ ਕਿਸੇ ਦਾ ਦਿਲ ਦੁਖਾਇਆ, ਜਿੱਥੇ ਜਿੱਥੇ ਝੂਠ ਬੋਲਿਆ, ਜਿੱਥੇ ਜਿੱਥੇ ਖੁਦਗਰਜ਼ ਬਣਿਆਂ... ਮੈਂ ਆਪਣੇ ਆਪ ਨੂੰ ਮਾਫ਼ ਨਹੀਂ ਕਰਨ ਲੱਗਾ। ਬੜਾ

ਕੁਝ ਨਾਲ਼ ਲੈਕੇ ਜਾ ਰਿਹਾ ਹਾਂ ਤੁਹਾਡੇ ਕੋਲ਼ੋਂ। ਜਦੋਂ ਚਾਹਾਂਗਾ ਗਰਦਣ ਝੁਕਾ ਕੇ ਗਲਾਵੇਂ ਵਿਚ ਦੇਖ ਲਿਆ ਕਰਾਂਗਾ। ਇਕ ਨਿੱਕੀ ਜਿਹੀ ਕਵਿਤਾ ਲਿਖੀ ਸੀ, ਸੁਨਾਉਣੀ ਚਾਹਾਂਗਾ। ਚੰਦ ਕਦੀ ਤੈਨੂੰ ਆਖੇ, ਉਹ ਉਦਾਸ ਹੈ। ਕੋਈ ਤਾਰਾ ਬੋਲੇ, ਉਸ ਦਾ ਜੀਅ ਨਹੀਂ ਲਗਦਾ। ਕੋਈ ਹਵਾ ਤੇਰੀ ਨੀਂਦ ਰੋਕਣ ਆ ਪਹੁੰਚੇ। ਪਰ੍ਹੇ ਹਟਾ ਦਵੀਂ ਸਭ ਨੂੰ ਇੱਕੋ ਝਟਕੇ ਨਾਲ਼। ਯਕੀਨ ਨਾ ਕਰ ਬੈਠੀਂ ਤੂੰ ਝੂਠਿਆਂ ਦਾ। ਦਿਲ ਦੇ ਸਾਰੇ ਪਿਆਰ ਨਾਲ਼ ਮੈਂ ਤੈਨੂੰ ਕਹਾਂ। ਚਿਹਰੇ ਪਰ ਮੇਰੇ ਕਦੀ ਉਦਾਸੀ ਨਹੀਂ ਆਉਣੀ। ਦਿਲ ਮੇਰੇ ਨੇ ਭਰਨਾ ਨਾ ਕਦੀ ਕੋਈ ਹਉਕਾ। ਫਿਰ ਵੀ ਮੇਰੀ ਸੱਚਾਈ ਤੇ ਕਦੀ ਹੋ ਜਾਵੇ ਸ਼ੱਕ ਤੈਨੂੰ। ਤੂੰ ਮਿਲਣ ਆਵੀਂ ਮੈਨੂੰ। ਦੇਖੀਂ ਜੀਅ ਭਰ ਕੇ ਮੇਰੇ ਚਿਹਰੇ ਵੱਲ। ਦਿੱਖੇਗਾ ਤੈਨੂੰ ਮੇਰੇ ਚਿਹਰੇ' ਚੋਂ ਮੇਰਾ ਆਪਾ। ਖ਼ੂਬ ਜੀਅ ਰਿਹਾ ਹੋਵਾਂਗਾ ਮੈਂ ਜ਼ਿੰਦਗੀ ਤੇਰੇ ਬਗੈਰ ਵੀ।' ਦੇਵ ਬੋਲਣੋਂ ਹੱਟਿਆ ਤਾਂ ਖ਼ੂਬ ਤਾੜੀਆਂ ਵੱਜੀਆਂ। ਹੈਡਮਾਸਟਰ ਖੁੰਢ ਸਾਹਬ ਨੇ ਵੀ ਦੇਵ ਦੀ ਤਾਰੀਫ਼ ਕੀਤੀ ਤੇ ਉਸਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਸਟਾਫ਼ ਮੈਂਬਰਾਂ ਨਾਲ਼ ਭਰ ਕੇ ਦੋਨੋਂ ਕਾਰਾਂ ਦੁਪਹਿਰ ਮਗਰੋਂ ਖਰੜ ਲਈ ਰਵਾਨਾ ਹੋਈਆਂ। ਪਿੱਛੇ ਰਹਿ ਗਏ ਮੈਂਬਰਾਂ ਵਿਚ ਸੁਰੇਖਾ ਵੀ ਖੜੀ ਉਸ ਵੱਲ ਹੱਥ ਹਿਲਾ ਰਹੀ ਸੀ। ਦੇਵ ਉਦੋਂ ਤੱਕ ਹੱਥ ਹਿਲਾਉਂਦਾ ਰਿਹਾ ਜਦੋਂ ਤੱਕ ਉਨ੍ਹਾਂ ਦਾ ਅਕਾਰ ਸਿਮਟ ਕੇ ਇਕ ਰੰਗਦਾਰ ਬਿੰਦੂ ਨਾ ਬਣ ਗਿਆ। ਛੁੱਟੀ ਹੋਣ ਤੋਂ ਅੱਧਾ ਕੁ ਘੰਟਾ ਪਹਿਲਾਂ ਉਹ ਖਰੜ ਸਕੂਲ ਪਹੁੰਚ ਗਏ। ਸਕੂਲ ਵਿਚ ਹਫ਼ੜਾ-ਦਫ਼ੜੀ ਜਿਹੀ ਪੈ ਗਈ ਕਿ ਅਫਸਰਾਂ ਵੱਲ਼ੋਂ ਛਾਪਾ ਹੀ ਨਾ ਪੈ ਗਿਆ ਹੋਵੇ। ਪ੍ਰਿੰਸੀਪਲ ਦੇ ਦਫ਼ਤਰ ਵਿਚ ਵੜ ਕੇ ਸਾਰਿਆਂ ਨੇ ਉਸ ਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਦੇਵ ਨੇ ਮਠਿਆਈ ਵਾਲ਼ੇ ਦੋ ਡੱਬੇ ਉਸ ਦੇ ਟੇਬਲ ਤੇ ਰੱਖ ਕੇ ਕਿਹਾ, 'ਸਰ ਮੇਰਾ ਨਾਂ ਦੇਵ ਹੈ ਤੇ ਮੈਂ ਤੁਹਾਡੇ ਸਕੂਲ ਵਿਚ ਮੈਥ ਲੈਕਚਰਾਰ ਪਰੋਮੋਟ ਹੋ ਕੇ ਆ ਰਿਹਾ ਹਾਂ।'

ਪ੍ਰਿੰਸੀਪਲ ਜਿਸ ਦਾ ਨਾਂ ਕੇ. ਐਸ. ਕਾਲੜਾ ਸੀ, ਉੱਠ ਕੇ ਸਭ ਨੂੰ ਜੱਫੀ ਪਾ ਪਾ ਮਿਲਿਆ। ਜਦੋਂ ਉਹ ਬੈਠ ਗਏ ਤਾਂ ਉਸ ਨੇ ਚਪੜਾਸੀ ਨੂੰ ਕਿਹਾ ਕਿ ਸਾਰੇ ਸਟਾਫ਼ ਅਤੇ ਮਹਿਮਾਨਾਂ ਲਈ ਚਾਹ ਧਰ ਕੇ ਸਟਾਫ਼ ਮੈਂਬਰਾਂ ਨੂੰ ਦਫਤਰ ਦੇ ਬਾਹਰ ਇਕੱਠੇ ਹੋਣ ਲਈ ਕਹਿ ਕੇ ਛੁੱਟੀ ਦੀ ਘੰਟੀ ਮਾਰ ਦੇਵੇ। ਕਾਲੜਾ ਸਾਹਬ ਨੇ ਦੇਵ ਨੂੰ ਉਸੇ ਵੇਲ਼ੇ ਜੁਐਨ ਕਰਵਾ ਲਿਆ ਤੇ ਮੋਟੀ ਮੋਟੀ ਜਾਣਕਾਰੀ ਉਸ ਬਾਰੇ ਹਾਸਲ ਕਰ ਲਈ। ਘੰਟੀ ਵੱਜਦੀ ਸਾਰ ਸ਼ੋਰ ਪਾਉਂਦੇ ਬੱਚੇ ਘਰਾਂ ਨੂੰ ਦੌੜ ਗਏ ਤੇ ਸਾਰਾ ਸਟਾਫ਼ ਦਫ਼ਤਰ ਦੇ ਬਾਹਰ ਇਕੱਠਾ ਹੋ ਗਿਆ। ਦੇਵ ਹੈਰਾਨ ਹੋਇਆ ਕਿ ਪੰਜਾਹ ਤੋਂ ਉੱਪਰ ਸਟਾਫ਼ ਵਿਚ ਬਹੁਤੀਆਂ ਮੈਡਮਾਂ ਹੀ ਸਨ। ਸਭ ਨਾਲ਼ ਕਾਲੜਾ ਸਾਹਬ ਨੇ ਤੁਆਰਫ਼ ਕਰਵਾਇਆ। ਫਿਰ ਅਰਮਾਨ ਸਿੰਘ ਕਹਿਣ ਲੱਗਾ, 'ਤੁਸੀਂ ਸਾਥੋਂ ਇਕ ਹੀਰਾ ਖੋਹ ਲਿਆ ਹੈ। ਦੁੱਖ ਤਾਂ ਬੜਾ ਹੈ ਪਰ ਕੀ ਕਰੀਏ ਪੇਸ਼ ਨਹੀਂ ਗਈ। ਸਾਡਾ ਇਹ ਸੱਜਣ ਕਵੀ ਵੀ ਹੈ, ਇਹਦਾ ਦਿਲ ਲਾ ਕੇ ਰੱਖਿਓ।'

ਉਸ ਦੀ ਇਸ ਗੱਲ ਤੇ ਖ਼ੂਬ ਹਾਸਾ ਮੱਚਿਆ। ਇਕ ਮੈਡਮ ਬੋਲੀ, 'ਕਵੀ ਤਾਂ ਸਾਡੇ ਕਾਲੜਾ ਸਾਹਬ ਵੀ ਹੈਗੇ ਨੇ। ਉਹ ਤਾਂ ਪਹਿਲਾਂ ਹੀ ਕਿਸੇ ਨੂੰ ਕੁਝ ਨਹੀਂ ਸਨ ਕਹਿੰਦੇ। ਹੁਣ ਦੋ ਇਕੱਠੇ ਹੋ ਗਏ ਤਾਂ ਰੱਬ ਹੀ ਰਾਖਾ ਹੈ।' ਉਸ ਦੀ ਗੱਲ ਸੁਣ ਕੇ ਵੀ ਸਾਰੇ ਹੱਸੇ

ਪਰ ਦੇਵ ਸੋਚੀ ਗਿਆ ਕਿ ਉਸ ਨੇ 'ਰੱਬ ਹੀ ਰਾਖਾ ਹੈ' ਕਿਉਂ ਕਿਹਾ ਸੀ। ਕੀ ਉਸ ਦਾ ਮਤਲਬ ਇਹ ਤਾਂ ਨਹੀਂ ਸੀ ਕਿ ਉਸ ਕਰਕੇ ਪ੍ਰਬੰਧਕੀ ਕੰਮਾਂ ਵਿਚ ਢਿੱਲ ਆ ਜਾਵੇਗੀ। ਪੀਅਨ ਨੇ ਬਰਫ਼ੀ ਵਾਲ਼ੇ ਦੋਨੋਂ ਡੱਬੇ ਘੁਮਾ ਦਿੱਤੇ ਤੇ ਚਾਹ ਵੀ ਵਰਤਾ ਦਿੱਤੀ। ਹਰ ਕਿਸੇ ਨੇ ਦੇਵ ਨੂੰ ਵਧਾਈ ਦਿੱਤੀ। ਛੇਤੀ ਹੀ ਵਿਹਲੇ ਹੋ ਕੇ ਉਹ ਵਾਪਸ ਚੱਲ ਪਏ। ਮੋਰਿੰਡੇ ਦੇ ਲਾਗੇ ਹੀ ਇਕ ਰੈਸਟੋਰੈਂਟ ਵਿਚ ਡੇਢ-ਦੋ ਘੰਟੇ ਉਹ ਖਾਂਦੇ ਪੀਂਦੇ ਰਹੇ। ਦੇਵ ਅਤੇ ਤ੍ਰਿਪਤ ਨੂੰ ਉਨ੍ਹਾਂ ਨੇ ਦੋਰਾਹੇ ਜਾ ਕੇ ਲਾਹ ਦਿੱਤਾ। ਦੇਵ ਰਾਤ ਨੂੰ ਦਸ ਵਜੇ ਦੇ ਕਰੀਬ ਘਰ ਪੁੱਜਾ। ਗੇਟ ਖੋਲ੍ਹੀ ਉਸ ਦੀ ਬੇਬੇ ਬਾਹਰ ਗਲ਼ੀ ਵਿਚ ਕੁਰਸੀ ਡਾਹੀ ਬੈਠੀ ਉਸ ਦੀ ਉਡੀਕ ਕਰ ਰਹੀ ਸੀ। ਉਹ ਬੋਲੀ, 'ਪੁੱਤ, ਸਾਹਾ ਬੰਨ੍ਹਿਆਂ ਹੋਇਆ ਏ ਤੇ ਤੂੰ ਅੱਧੀ ਅੱਧੀ ਰਾਤ ਤੱਕ ਬਾਹਰ ਘੁੰਮਦਾ ਫਿਰਦਾ ਏਂ।'

'ਮੈਂ ਖਰੜ ਦੇ ਵੱਡੇ ਸਕੂਲ ਵਿਚ ਆਪਣੀ ਹਾਜ਼ਰੀ ਦੇ ਕੇ ਆਇਆ ਏਂ ਬੇਬੇ। ਤੂੰ ਐਵੇਂ ਨਾ ਚਿੰਤਾ ਕਰਿਆ ਕਰ ਵਾਧੂ' ਚ।' ਦੇਵ ਬੋਲਿਆ।

'ਚਿੰਤਾ ਤਾਂ ਪੁੱਤ ਹੋ ਜਾਂਦੀ ਏ। ਮੈਂ ਕਰਦੀ ਥੋੜ੍ਹੋ ਹਾਂ।'

'ਬੇਅੰਤ ਹੋਣੀਂ ਸੌਂ ਗਏ?'

'ਨਹੀਂ ਉਹ ਵਤਨੇੜੀ ਚਲੇ ਗਏ। ਪਰਸੋਂ ਸ਼ਾਮ ਤੱਕ ਆਉਣਗੇ।' ਉਸ ਦੀ ਬੇਬੇ ਨੇ ਦੱਸਿਆ।

**00**

# ਇਕ ਸੌ ਤੇਤੀ

ਅਗਲੇ ਦਿਨ ਸਵੇਰੇ ਉੱਠ ਕੇ ਦੇਵ ਨੇ ਰਾਮ ਸਿੰਘ ਤੇ ਹਰੀਵੰਸ਼ ਨੂੰ ਆਪਣੇ ਵਿਆਹ ਬਾਰੇ ਚਿੱਠੀਆਂ ਲਿਖ ਦਿੱਤੀਆਂ। ਇਸ ਗੱਲ ਦਾ ਵਿਸਥਾਰ ਵੀ ਲਿਖ ਦਿੱਤਾ ਕਿ ਇੰਦਰਾ ਨਾਲ਼ ਵਿਆਹ ਪੱਕਾ ਹੋਣ ਦਾ ਸਬੱਬ ਕਿਵੇਂ ਬਣਿਆ ਸੀ। ਸਕੂਲ ਜਾਣ ਲੱਗਿਆਂ ਉਸ ਨੇ ਆਪਣੀ ਬੇਬੇ ਨੂੰ ਕਿਹਾ, 'ਸਕੂਲ ਛੁੱਟੀ ਮਗਰੋਂ ਮੈਂ ਅੱਜ ਮਾਮੇ ਨੂੰ ਵਿਆਹ ਬਾਰੇ ਦੱਸਣ ਲਈ ਸਲਾਹਪੁਰ ਜਾਵਾਂਗਾ। ਪਿੰਡੋ ਬਸ਼ੀਰ ਦੀ ਚਿੱਠੀ ਆਈ ਸੀ, ਉਹ ਵੀ ਪਿੰਡ ਆਇਆ ਹੋਇਆ ਏ। ਇਕ ਉਹਨੂੰ ਤੇ ਇਕ ਮਾਨ ਨੂੰ ਕਹਿਣਾ ਏਂ, ਹੋਰ ਕੋਈ ਨੀ ਬੁਲਾਉਣਾ।'

'ਤੇਰੇ ਮਾਮੇ ਨੂੰ ਟੀ. ਬੀ. ਹੋਈ ਹੋਈ ਏ। ਉੱਥੇ ਤੂੰ ਰਾਤ ਨਾ ਰਹੀਂ।' ਉਹ ਬੋਲੀ।

'ਕੁਛ ਨੀ ਹੁੰਦਾ ਮੈਨੂੰ। ਐਵੇਂ ਨਾ ਘਬਰਾ ਜਾਇਆ ਕਰ।' ਉਸ ਨੇ ਕਿਹਾ।

ਦੋਰਾਹੇ ਤੋਂ ਬੱਸ ਰਾਹੀਂ ਖਰੜ ਪਹੁੰਚਣ ਵਿਚ ਉਸ ਨੂੰ ਡੇਢ ਘੰਟਾ ਲੱਗ ਗਿਆ। ਇਸ ਦਾ ਮਤਲਬ ਨਿੱਤ ਚਾਰ ਕੁ ਘੰਟੇ ਬਰਬਾਦ ਹੋਇਆ ਕਰਨੇ ਸਨ। ਉਸ ਦੇ ਸਹੁਰਿਆਂ ਵੱਲ਼ੋਂ ਉਸ ਨੂੰ ਆਫ਼ਰ ਤਾਂ ਮਿਲੀ ਹੋਈ ਸੀ, ਕਿ ਉਹ ਉਨ੍ਹਾਂ ਕੋਲ਼ ਹੀ ਰਹੇ, ਪਰ ਵਿਆਹ ਤੋਂ ਪਹਿਲਾਂ ਉੱਥੇ ਜਾ ਕੇ ਰਹਿਣ ਲੱਗ ਪੈਣਾ ਦੇਵ ਲਈ ਬੜਾ ਔਖਾ ਲਗਦਾ ਸੀ। ਉਸ ਨੇ ਸੋਚਿਆ ਕਿ ਇਕ ਦੋ ਦਿਨਾਂ ਤੱਕ ਹੀ ਉਹ ਸਕੂਲੋਂ ਵੀਹ ਕੁ ਦਿਨ ਦੀ ਛੁੱਟੀ ਲੈ ਲਵੇਗਾ। ਵਿਆਹ ਮਗਰੋਂ ਪੱਕੇ ਤੌਰ ਤੇ ਮੋਹਾਲੀ ਰਹਿਣ ਦਾ ਉਸ ਨੇ ਫੈਸਲਾ ਤਾਂ ਕਰ ਲਿਆ, ਪਰ ਇਸ ਫੈਸਲੇ ਬਾਰੇ ਅਜੇ ਆਪਣੀ ਬੇਬੇ ਜਾਂ ਹੋਰ ਕਿਸੇ ਨੂੰ ਨਹੀਂ ਸੀ ਦੱਸਿਆ। ਬੇਅੰਤ ਨੂੰ

ਇਸ ਬਾਰੇ ਉਸ ਨੇ ਦੱਸਿਆ ਹੋਇਆ ਸੀ ਤੇ ਇਹ ਵੀ ਕਿਹਾ ਹੋਇਆ ਸੀ ਕਿ ਅਜੇ ਉਹ ਕਿਸੇ ਕੋਲ਼ ਭੇਤ ਨਾ ਖੋਲ੍ਹੇ। ਜੇ ਉਹ ਆਪਣੀ ਬੇਬੇ ਨੂੰ ਇਸ ਬਾਰੇ ਦੱਸਦਾ ਤਾਂ ਹੋ ਸਕਦਾ ਸੀ ਉਹ ਉਸਦੇ ਉੱਥੇ ਰਹਿਣ ਵਿਚ ਰੋੜਾ ਅਟਕਾਉਂਦੀ ਜਾਂ ਫਿਰ ਆਪ ਉੱਥੇ ਜਾਣ ਤੋਂ ਜਵਾਬ ਦੇ ਦਿੰਦੀ। ਪਾਣੀ ਆਉਣ ਤੋਂ ਪਹਿਲਾਂ ਮੌਜੇ ਖੋਲ੍ਹਣ ਵਿਚ ਖ਼ਤਰਾ ਹੀ ਖ਼ਤਰਾ ਸੀ, ਸੋ ਉਸ ਨੇ ਇਹ ਗੱਲ ਆਪਣੀ ਵਹੁਟੀ ਇੰਦਰਾ ਉੱਤੇ ਹੀ ਛੱਡ ਦਿੱਤੀ ਕਿ ਉਹ ਆਪਣੀ ਸੱਸ ਨੂੰ ਮੁਹਾਲੀ ਜਾਕੇ ਰਹਿਣ ਲਈ ਜਿਵੇਂ ਮਰਜੀ ਸਹਿਮਤ ਕਰਾਏ।

ਸਕੂਲ ਵਿਚ ਉਸ ਨੂੰ ਹਫ਼ਤੇ ਦੇ ਕੇਵਲ ਗਿਆਰਾਂ ਪੀਰਡ ਹੀ ਦਿੱਤੇ ਗਏ। ਇਹ ਸਾਰੇ ਪੀਰਡ ਗਿਆਰਵੀਂ ਜਮਾਤ ਦੇ ਮੈਥ ਦੇ ਪੀਰਡ ਹੀ ਸਨ। ਸਟਾਫ਼ ਵਿਚ ਬਹੁਤੀਆਂ ਮੈਡਮਾਂ ਚੰਡੀਗੜ੍ਹ ਤੋਂ ਹੀ ਆਉਂਦੀਆਂ ਸਨ, ਇਸੇ ਕਰਕੇ ਉਨ੍ਹਾਂ ਨੂੰ ਚੰਡੀਗੜ੍ਹ ਦਾ ਰੰਗ ਹੀ ਚੜ੍ਹਿਆ ਹੋਇਆ ਸੀ। ਰੰਗ-ਬਿਰੰਗੇ ਕੱਪੜੇ ਤੇ ਕੱਟੇ ਹੋਏ ਲਹਿਰਾਉਂਦੇ ਵਾਲ਼। ਸੱਪਣੀਆਂ ਵਾਂਗ ਮੇਲ੍ਹ ਮੇਲ੍ਹ ਤੁਰਦੀਆਂ ਫਿਰਦੀਆਂ, ਸਿਰ ਨੂੰ ਝੰਡਕੇ ਮਾਰਦੀਆਂ ਤੇ ਲੱਕ ਮਟਕਾਉਂਦੀਆਂ, ਜਿਵੇਂ ਪੜ੍ਹਾਉਣ ਨਹੀਂ ਮੇਲਾ ਦੇਖਣ ਆਈਆਂ ਹੋਣ। ਸਾਰੀਆਂ ਦੇ ਘਰ ਵਾਲ਼ੇ ਚੰਡੀਗੜ੍ਹ ਅਫ਼ਸਰ ਜਾਂ ਮੁਲਾਜ਼ਮ ਲੱਗੇ ਹੋਏ ਸਨ। ਉਨ੍ਹਾਂ ਨੇ ਜ਼ੋਰ ਨਾਲ਼ ਸ਼ਹਿਰ ਲਾਗੇ ਬਦਲੀਆਂ ਕਰਵਾਈਆਂ ਹੋਈਆਂ ਸਨ। ਕਈ ਪੋਸਟਾਂ ਸਰਪਲੱਸ ਹੋਣ ਦੇ ਬਾਵਜੂਦ ਸਿੱਖਿਆ ਮਹਿਕਮੇ ਦੇ ਅਫ਼ਸਰਾਂ ਦਾ ਹਿਉਂ ਨਹੀਂ ਸੀ ਪੈਂਦਾ ਕਿ ਕਿਸੇ ਨੂੰ ਹਿਲਾ ਸਕਣ। ਹੋ ਸਕਦਾ ਹੈ ਅਗਲੀਆਂ ਪੈਸੇ ਦੇ ਜ਼ੋਰ ਨਾਲ਼ ਬੈਠੀਆਂ ਹੋਣ। ਮਾਸਟਰਾਂ ਦੇ ਵੀ ਹਫ਼ਤੇ ਦੇ ਵੀਹ ਵੀਹ ਪੀਰਡਾਂ ਤੋਂ ਵੱਧ ਨਹੀਂ ਸਨ। ਚੰਗੀ ਮੌਜ ਸੀ ਸਾਰਿਆਂ ਨੂੰ ਹੀ। ਪ੍ਰਿੰਸੀਪਲ ਕਾਲੜਾ ਸਾਹਬ ਕਦੀ ਕਿਸੇ ਮਾਸਟਰ ਦਾ ਕਦੀ ਕਿਸੇ ਦਾ ਹੱਥ ਫੜ ਕੇ ਘੁੰਮਦੇ ਫਿਰਦੇ ਨਜ਼ਰ ਆਉਂਦੇ ਜਾਂ ਗਰਾਊਂਡ ਵਿਚ ਖੜ੍ਹੇ ਕਿਸੇ ਮੈਡਮ ਨਾਲ਼ ਗੱਲਾਂ ਮਰਦੇ ਹੁੰਦੇ। ਕਿਸੇ ਨੇ ਦੇਵ ਨੂੰ ਦੱਸਿਆ ਕਿ ਉਹ ਗੱਲਾਂ ਨਹੀਂ ਸਗੋਂ ਕਵਿਤਾਵਾਂ ਸੁਣਾਉਂਦੇ ਹੁੰਦੇ ਨੇ।

ਦੋ ਵਜੇ ਛੁੱਟੀ ਹੋਣ ਮਗਰੋਂ ਦੇਵ ਸਕੂਲ ਤੋਂ ਬਾਹਰ ਨਿਕਲ਼ਿਆ ਹੀ ਸੀ ਕਿ ਅੱਗੇ ਸੜਕ ਕਿਨਾਰੇ ਕਾਰ ਲਾਗੇ ਖੜ੍ਹੀ ਇੰਦਰਾ ਨੂੰ ਉਸ ਨੇ ਪਛਾਣ ਲਿਆ। ਉਹ ਹੈਰਾਨ ਹੋਇਆ ਕਿ ਉਹ ਐਥੇ ਕਿਉਂ ਖੜ੍ਹੀ ਸੀ। ਮਨ ਵਿਚ ਆਇਆ ਕਿ ਮੂੰਹ ਘੁਮਾ ਕੇ ਪਿੱਛੇ ਪਰਤ ਜਾਵੇ ਤੇ ਕਿਤੇ ਲੁਕ ਕੇ ਖੜ੍ਹਾ ਹੋ ਜਾਵੇ। ਹੋ ਸਕਦਾ ਏ ਕਾਰ ਵਿਚ ਕੋਈ ਮੁੰਡਾ ਬੈਠਾ ਹੋਵੇ ਜਾਂ ਕਿਸੇ ਨੇ ਉਸ ਨੂੰ ਮਿਲਣ ਆਉਣਾ ਹੋਵੇ। ਜੇ ਕੋਈ ਅਜਿਹੀ ਗੱਲ ਹੋਵੇ, ਉਸ ਨੂੰ ਵਿਆਹ ਤੋਂ ਪਹਿਲਾਂ ਹੀ ਪਤਾ ਲੱਗ ਜਾਵੇ। ਉਹ ਮੁੜਨ ਹੀ ਲੱਗਾ ਸੀ ਕਿ ਇੱਦਰਾ ਨੇ ਆਪਣੇ ਕੋਲ਼ ਸੱਦਣ ਲਹੀ ਹੱਥ ਮਾਰਿਆ। ਉਹ ਉਸ ਕੋਲ਼ ਪਹੁੰਚ ਗਿਆ। ਉਸ ਨੇ ਗਰੇ ਕਲਰ ਦੀ ਜ਼ੀਨ ਅਤੇ ਸਫੇਦ ਜਾਲੀਦਾਰ ਟਾਪ ਪਾਇਆ ਹੋਇਆ ਸੀ। ਜਿਸ ਵਿੱਚੋਂ ਉਸ ਦਾ ਕਾਲ਼ੇ ਰੰਗ ਦਾ ਬਰਾ ਦਿਖਾਈ ਦੇ ਰਿਹਾ ਸੀ। ਗਲ਼ ਵਿਚ ਉਸ ਦੇ ਮੋਤੀਆਂ ਦੀ ਮਾਲ਼ਾ ਸੀ ਤੇ ਹੱਥ ਵਿਚ ਸੋਨੇ ਦਾ ਮੋਟਾ ਕੰਗਣ। ਕਾਲੀਆਂ ਵੱਡੀਆਂ ਐਨਕਾਂ ਨੇ ਉਸ ਦਾ ਪੰਜਾਹ ਪਰਸੈਂਟ ਚਿਹਰਾ ਢਕਿਆ ਹੋਇਆ ਸੀ। ਉਹ ਖੜ੍ਹੀ ਮੁਸਕਰਾ ਰਹੀ ਸੀ। ਦੇਵ ਨੇ ਵੀ ਮੁਸਕਰਾਕੇ ਉਸ ਨੂੰ ਕਿਹਾ, 'ਇੰਦਰਾ ਡੀਅਰ ਤੁਸੀਂ ਐਥੇ ਕਿਵੇਂ?'

'ਅਪਨੀ ਸਰਕਾਰ ਕੀ ਹਰ ਖ਼ਬਰ ਰਖਤੇ ਹੈਂ ਹਮ।' ਉਹ ਬੋਲੀ।

'ਫੇਰ ਵੀ ਮੇਰਾ ਤੁਹਾਨੂੰ ਕਿਵੇਂ ਪਤਾ ਲੱਗ ਗਿਆ?'

'ਪ੍ਰਿੰਸੀਪਲ ਮਾਮਾ ਜੀ ਨੇ ਮੈਨੂੰ ਸਭ ਦੱਸ ਦਿੱਤਾ ਸੀ। ਬੈਠੋ ਗੱਡੀ' ਚ।'

ਉਹ ਡਰਾਇਵਰ ਸੀਟ ਤੇ ਬੈਠੀ ਤਾਂ ਦੇਵ ਵੀ ਉਸ ਦੇ ਬਰਾਬਰ ਬੈਠ ਗਿਆ ਤੇ ਬੋਲਿਆ, ' ਬਿਨਾਂ ਹਥਿਆਰਾਂ ਤੋਂ ਅਗਵਾ ਕਰ ਕੇ ਕਿੱਥੇ ਲੈ ਜਾਣਾ ਏਂ ਮੈਨੂੰ?'

'ਮੰਮੀ ਜੀ ਦਾ ਹੁਕਮ ਹੈ ਕਿ ਜਵਾਈ ਰਾਜਾ ਨੂੰ ਆਪਣੀ ਕੋਠੀ' ਚ ਲੈ ਕੇ ਆਉ। ਮੈਂ ਤਾਂ ਸਰਕਾਰ ਮਹਿਜ ਤੁਹਾਡੀ ਡਰਾਇਵਰ ਹਾਂ।' ਉਹ ਹੱਸੀ।

ਦੇਵ ਨੇ ਦੱਸਿਆ ਕਿ ਅੱਜ ਤਾਂ ਉਸ ਨੇ ਆਪਣੇ ਮਾਮਾ ਜੀ ਨੂੰ ਮਿਲਣ ਚਮਕੌਰ ਲਾਗੇ ਸਲਾਹਪੁਰ ਪਿੰਡ ਜਾਣਾ ਸੀ ਤੇ ਰਾਤ ਨੂੰ ਵੀ ਉੱਥੇ ਹੀ ਰਹਿਣਾ ਸੀ। ਉਸ ਮਗਰੋਂ ਚਾਹੇ ਉਹ ਉਸ ਨੂੰ ਪਹਾੜਾਂ ਨੂੰ ਲੈ ਜਾਵੇ, ਉਹ ਤਿਆਰ ਹੋਵੇਗਾ।

ਇੰਦਰਾ ਗੱਡੀ ਸਟਾਰਟ ਕਰਦੀ ਬੋਲੀ, 'ਹੋਰ ਸੁਣਾਓ ਕੀ ਹਾਲ ਏ ਤੁਹਾਡਾ? ਬੇ ਬੇ ਜੀ ਕਿਵੇਂ ਨੇ?'

'ਬੜੀ ਛੇਤੀ ਪੁੱਛਿਆ ਹਾਲ।' ਦੇਵ ਹੱਸਿਆ।

'ਤੁਹਾਨੂੰ ਦੇਖ ਕੇ ਭੁੱਲ ਗਈ ਸੀ ਸਭ ਕੁੱਝ।' ਉਹ ਵੀ ਹੱਸੀ।

ਦੇਵ ਨੇ ਕਿਹਾ ਕਿ ਉਹ ਉਸ ਨੂੰ ਖਰੜ ਦੇ ਬੱਸ ਅੱਡੇ ਛੱਡ ਦੇਵੇ। ਉਸ ਨੇ 'ਠੀਕ ਮਾਈ ਡੀਅਰ' ਕਹਿ ਕੇ ਗੱਡੀ ਤੋਰ ਲਈ। ਉਹ ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰਦੇ ਰਹੇ ਤੇ ਹੱਸਦੇ ਵੀ ਰਹੇ। ਅੱਡਾ ਲੰਘ ਗਏ ਤਾਂ ਦੇਵ ਬੋਲਿਆ, 'ਆਪਾਂ ਅੱਗੇ ਲੰਘ ਆਏ, ਅੱਡਾ ਤਾਂ ਪਿੱਛੇ ਰਹਿ ਗਿਆ।'

'ਚਲੋ ਹੁਣ ਕੀ ਮੁੜਨਾ ਏਂ... ਮੋਰਿੰਡੇ ਤੱਕ ਛੱਡ ਆਉਂਦੀ ਹਾਂ।'

ਮੋਰਿੰਡਾ ਆਇਆ ਤਾਂ ਰੇਲਵੇ ਦੇ ਬੰਦ ਫਾਟਕਾਂ ਅੱਗੇ ਬੜੀ ਲੰਬੀ ਲਾਈਨ ਲੱਗੀ ਹੋਈ। ਉਹ ਬੋਲੀ, 'ਮੁੜ ਚੱਲੀਏ ਪਿੱਛੇ? ਸਲਾਹਪੁਰ ਕੱਲ ਚਲੇ ਜਾਣਾਂ। ਅੱਜ ਸਾਡੇ ਕੋਲ਼ ਰਹੋ।'

'ਤੁਹਾਡੇ ਕੋਲ਼ ਹੀ ਰਹਿਣਾ ਏਂ ਇੰਦਰਾ। ਕੁਝ ਦਿਨਾਂ ਦੀ ਹੋਰ ਗੱਲ ਏ।'

'ਆਹ ਲਓ ਮੇਰੀ ਫੋਟੋ ਬੇਬੇ ਜੀ ਨੂੰ ਦਿਖਾ ਦੇਣੀ।'

ਦੇਵ ਨੇ ਉਸ ਦੇ ਹੱਥੋਂ ਪੋਸਟ ਕਾਰਡ ਸਾਈਜ਼ ਦੀ ਫ਼ੋਟੋ ਫੜ ਲਈ ਤੇ ਘੂਰ ਕੇ ਦੇ ਖਦਾ ਬੋਲਿਆ, 'ਰਿਜੈਕਟ ਨਾ ਕਰ ਦੇਵੇ।'

'ਕਿਉਂ ਮੈਂ ਸੁਹਣੀ ਨਹੀਂ ਹਾਂ?'

'ਸੁਹਣੀ ਤਾਂ ਹੈ, ਪਰ ਬੇਬੇ ਨੂੰ ਤੁਹਾਡੇ ਵਾਲ਼ ਵੀ ਚਾਹੀਦੇ ਨੇ।'

'ਜੇ ਉਹ ਕਹਿਣਗੇ ਵਾਲ਼ ਰੱਖ ਲਵਾਂਗੀ।'

'ਪੱਕੀ ਗੱਲ ਏ?'

'ਹਾਂ ਇੱਟ ਵਰਗੀ... ਮਾਂ ਬਣਾਵਾਂਗੀ ਉਨ੍ਹਾਂ ਨੂੰ ਸੱਸ ਨਹੀਂ।'

'ਤੁਸੀਂ ਮੇਰੀ ਬੇਬੇ ਨੂੰ ਖੁਸ਼ ਰੱਖ ਸਕੋ ਤਾਂ ਮੈਂ ਸਮਝਾਂਗਾ ਕਿ ਮੈਂ ਜੱਗ ਜਿੱਤ ਲਿਆ।' ਦੇਵ ਨੇ ਕਿਹਾ ਤੇ ਉਹ ਇੰਦਰਾ ਨਾਲ਼ ਆਪਣੀ ਬੇਬੇ ਦੇ ਸੰਘਰਸ਼ਾਂ ਨਾਲ਼ ਭਰੇ ਜੀਵਨ ਦੀਆਂ ਗੱਲਾਂ ਕਰਨ ਲੱਗ ਪਿਆ। ਇੰਦਰਾ ਹੈਰਾਨੀ ਨਾਲ਼ ਉਸ ਵੱਲ ਦੇਖਦੀ ਰਹੀ। ਜਦ ਉਸ ਨੇ

ਗਾਂ ਦਾ ਸਿੰਙ ਵੱਜਣ ਕਰਕੇ ਬੇਹੋਸ਼ ਹੋਈ ਆਪਣੀ ਬੇਬੇ ਨਾਲ਼ ਬੀਤੀ ਉਹ ਘਟਨਾ ਸੁਣਾਈ ਤਾਂ ਇੰਦਰਾ ਅੱਖਾਂ ਭਰ ਆਈ ਤੇ ਬੋਲੀ, 'ਬੱਸ, ਦੇਵ ਜੀ ਮੈਂ ਗੱਡੀ ਚਲਾਉਣੀ ਹੈ।'

ਕਾਰ ਉਸ ਨੇ ਮੋਰਿੰਡੇ ਵੀ ਨਾ ਰੋਕੀ। ਉਸ ਦੀ ਇੱਛਾ ਸੀ ਕਿ ਕਿਸੇ ਚੰਗੇ ਰੈਸਟੋਰੈਂਟ ਵਿਚ ਜਾਕੇ ਕੌਫ਼ੀ ਪੀਤੀ ਜਾਵੇ। ਹੋਟਲ ਤਾਂ ਕੋਈ ਮਿਲਿਆ ਨਾ ਅੱਗੇ ਸੜਕ ਕਿਨਾਰੇ ਢਾਬੇ ਤੇ ਉਸ ਨੇ ਗੱਡੀ ਰੋਕ ਲਈ। ਢਾਬੇ ਵਿਚ ਤਾਂ ਉਨ੍ਹਾਂ ਨੂੰ ਕੇਵਲ ਚਾਹ ਹੀ ਮਿਲੀ। ਚਾਹ ਪੀਣ ਮਗਰੋਂ ਉਹ ਮੁੜ ਗੱਡੀ ਵਿਚ ਬੈਠ ਗਏ। ਉਹ ਬੋਲੀ, 'ਕਿੱਥੇ ਬੱਸਾਂ ਦਾ ਇੰਤਜ਼ਾਰ ਕਰੋਗੇ ਫਿਰ ਸੀਟ ਮਿਲੇ ਨਾ ਮਿਲੇ। ਮੈਂ ਤੁਹਾਨੂੰ ਚਮਕੌਰ ਛੱਡ ਕੇ ਮੁੜਾਂਗੀ। ਬਾਰਾਂ ਪੰਦਰਾਂ ਕਿੱਲੋਮੀਟਰ ਦੀ ਗੱਲ ਏ। ਗੱਲਾਂ ਮਾਰ ਲਵਾਂਗੇ। ਆਪਣਾ ਟੂਰ ਵੀ ਹੋ ਜਾਵੇਗਾ।'

ਦੇਵ ਜਵਾਬ ਨਾ ਦੇ ਸਕਿਆ। ਉਹ ਬੋਲਿਆ, 'ਮੈਨੂੰ ਇਕ ਗੱਲ ਸਮਝ ਆ ਗਈ ਏ ਇੰਦਰਾ ਜੀ ਕਿ ਤੁਸੀਂ ਹਮੇਸ਼ਾ ਹੀ ਜਿੱਤੋਗੇ ਤੇ ਮੈਂ ਹਾਰਾਂਗਾ। ਮੈਂ ਆਪਣੀ ਹਾਰ ਵਿੱਚੋਂ ਵੀ ਮਜ਼ਾ ਲਿਆ ਕਰਾਂਗਾ।'

ਚਮਕੌਰ ਲਾਗੇ ਪੁੱਜ ਉਹ ਬੋਲੀ, 'ਭਲਾਂ ਦੇਵ ਜੀ ਇਕ ਗੱਲ ਦੱਸੋ ਕਿ ਮੈਂ ਤੁਹਾਡੇ ਮਾਮਾ ਜੀ ਦੇ ਘਰ ਕਿਉਂ ਨਹੀਂ ਜਾ ਸਕਦੀ?'

ਦੇਵ ਲਈ ਇਹ ਸਵਾਲ ਬੜਾ ਟੇਢਾ ਸੀ। ਉਸ ਦੇ ਮਾਮੇ ਦਾ ਨਿੱਕਾ ਜਿਹਾ ਕੱਚਾ ਘਰ। ਘਰ ਅੱਗੇ ਛਪਰੀਆਂ। ਛੱਤਾਂ ਦੀਆਂ ਲਟਕਦੀਆਂ ਕੜੀਆਂ। ਪਾਥੀਆਂ ਤੇ ਖੱਗਿਆਂ ਨਾਲ਼ ਬਲ਼ਦੀ ਚੁੱਲ੍ਹੇ ਵਿਚ ਅੱਗ। ਮੈਲ਼ੇ ਟਾਕੀਆਂ ਵਾਲ਼ੇ ਮਾਮਾ ਮਾਮੀ ਦੇ ਕੱਪੜੇ। ਕਿੱਥੇ ਬਿਠਾਏਗਾ ਉਹ ਅਮੀਰ ਘਰ ਦੀ ਇੰਦਰਾ ਨੂੰ। ਚੁੱਲ੍ਹੇ ਦੀ ਧੁਆਂਖੀ ਹੋਈ ਚਾਹ ਦਾ ਘੁੱਟ ਉਹ ਕਿਵੇਂ ਭਰ ਸਕੇਗੀ। ਅਸਲ ਗੱਲ ਤਾਂ ਇਹ ਸੀ, ਪਰ ਉਹ ਬੋਲਿਆ, 'ਇੰਦਰਾ ਜੀ ਵਿਆਹ ਤੋਂ ਪਹਿਲਾਂ ਭਲਾਂ ਕੋਈ ਕੁੜੀ ਆਪਣੇ ਸਹੁਰਿਆਂ ਦੇ ਘਰ ਕਿਵੇਂ ਜਾ ਸਕਦੀ ਏ?'

'ਕੀ ਉਹ ਮੈਨੂੰ ਘਰ ਨਹੀਂ ਵੜਨ ਦੇਣਗੇ?' ਉਹ ਹੱਸੀ।

'ਉਹ ਪੁਰਾਣੇ ਵਿਚਾਰਾਂ ਦੇ ਬੰਦੇ ਨੇ ਇੰਦਰਾ ਜੀ। ਇਸ ਗੱਲ ਨੂੰ ਪਸੰਦ ਨਹੀਂ ਕਰਨਗੇ ਕਿ ਵਿਆਹ ਤੋਂ ਪਹਿਲਾਂ ਤੁਸੀਂ ਨੰਗੇ ਮੂੰਹ ਉਨ੍ਹਾਂ ਨੂੰ ਮਿਲੋ।'

ਇੰਦਰਾ ਚੁੱਪ ਕਰ ਗਈ। ਸਰਹੰਦ ਨਹਿਰ ਦੇ ਪੁਲ਼ ਕੋਲ਼ ਉਹ ਪਹੁੰਚੇ ਤਾਂ ਦੇਵ ਬੋਲਿਆ, 'ਐਥੇ ਕੁ ਰੋਕ ਲਵੋ। ਪਲੀਜ਼ ਤੁਸੀਂ ਹੁਣ ਵਾਪਸ ਚਲੇ ਜਾਓ।'

ਇੰਦਰਾ ਉਦਾਸ ਹੋ ਗਈ ਤੇ ਬੋਲੀ, 'ਮੈਂ ਤੁਹਾਡੇ ਪਿੰਡ ਦੇ ਬਾਹਰ ਤੱਕ ਤਾਂ ਜਾ ਸਕਦੀ ਹਾਂ ਕਿ ਨਹੀਂ? ਪਿੰਡ ਦੇ ਬੰਨੇ ਤੇ ਛੱਡ ਕੇ ਮੈਂ ਮੁੜ ਆਵਾਂਗੀ।'

'ਠੀਕ ਏ ਚੱਲੋ।' ਦੇਵ ਨੇ ਕਿਹਾ। ਨਹਿਰ ਦਾ ਪੁਲ਼ ਲੰਘ ਕੇ ਉਹ ਪਿੰਡ ਵੱਲ ਦੇ ਕੱਚੇ ਪਹੇ ਤੇ ਜਾ ਚੜ੍ਹੇ। ਕੁਝ ਦੂਰੀ ਤੇ ਗਏ ਸਨ ਕਿ ਦੇਵ ਨੂੰ ਸਾਇਕਲ ਮਗਰ ਥੈਲਾ ਰੱਖੀ, ਚੜ੍ਹਾਈ ਚੜ੍ਹਿਆ ਆਉਂਦਾ ਬਸ਼ੀਰ ਦਿਖਾਈ ਦਿੱਤਾ। ਦੇਵ ਨੇ ਉਸ ਲਾਗੇ ਪਹੁੰਚ ਇੰਦਰਾ ਨੂੰ ਗੱਡੀ ਰੋਕਣ ਲਈ ਕਿਹਾ ਤੇ ਦੱਸਿਆ ਕਿ ਉਹ ਉਸ ਦਾ ਬਚਪਨ ਦਾ ਤੇ ਹੁਣ ਦਾ ਵੀ ਸਭ ਤੋਂ ਪੱਕਾ ਯਾਰ ਸੀ। ਗੱਡੀ ਰੁਕੀ ਤਾਂ ਉਹ ਬਾਰੀ ਖੋਲ੍ਹ ਕੇ ਬਾਹਰ ਨਿਕਲ਼ਿਆ। ਉਸ ਨੂੰ ਦੇਖ ਬਸ਼ੀਰ ਨੂੰ ਐਨਾ ਚਾਅ ਚੜ੍ਹਿਆ ਕਿ ਉਸ ਨੇ ਥੈਲੇ ਸਮੇਤ ਸਾਇਕਲ ਹੱਥੋਂ ਛੱਡ ਦਿੱਤਾ ਤੇ ਦੌੜ ਕੇ ਉਸ ਨਾਲ਼ ਲਿਪਟ ਗਿਆ। ਫਿਰ ਹਾਲ-ਚਾਲ ਪੁੱਛਣ ਲੱਗਾ। ਐਨੇ ਨੂੰ

ਇੰਦਰਾ ਵੀ ਗੱਡੀ' ਚੋਂ ਬਾਹਰ ਨਿਕਲ਼ ਆਈ। ਬਸ਼ੀਰ ਹੈਰਾਨ ਹੋ ਕੇ ਉਸ ਵੱਲ ਦੇਖਣ ਲੱਗਾ। ਦੇਵ ਬੋਲਿਆ, 'ਤੇਰੀ ਭਰਜਾਈ ਏ।'

'ਮੇਰੀ ਭਰਜਾਈ? ਤੂੰ ਵਿਆਹ ਕਰਵਾ ਲਿਆ? ਬੇਈਮਾਨਾ ਤੂੰ ਮੈਨੂੰ ਵਿਆਹ ਤੇ ਨੀ ਬੁਲਾਇਆ? ਦੌੜ ਜਾ ਪਰ੍ਹੇ ਮੈਨੂੰ ਨਾ ਬੁਲਾਈਂ ਬੇਸ਼ਰਮਾ।' ਉਹ ਜਾ ਕੇ ਡਿਗੇ ਪਏ ਸਾਇਕਲ ਨੂੰ ਚੁੱਕਣ ਲੱਗ ਪਿਆ।

'ਉਇ ਯਾਰ ਗੱਲ ਤਾਂ ਸੁਣ। ਔਖਾ ਕਿਉਂ ਹੁੰਦਾ ਏਂ? ਅਜੇ ਤਾਂ ਤੇਰੀ ਇਹ ਭਰਜਾਈ ਮੈਂ ਫਸਾਈ ਏ। ਵਿਆਹ ਲਈ ਹੀ ਤੈਨੂੰ ਕਹਿਣ ਆਇਆ ਹਾਂ। ਗਿਆਰਾਂ ਮਈ ਨੂੰ ਸਾਡਾ ਵਿਆਹ ਹੋ ਰਿਹਾ ਏ। ਕੱਪੜੇ ਸੁਆ ਲੈ ਤੇ ਪਗੜੀ ਰੰਗਵਾ ਲੈ। ਭਰਜਾਈ ਸਮੇਤ ਜੇ ਸਾਰੇ ਬੱਚੇ ਨਾ ਆਏ ਤਾਂ ਬੇਸ਼ਰਮਾ ਤੈਨੂੰ ਕਦੀ ਨਹੀਂ ਬੁਲਾਵਾਂਗਾ।' ਦੇਵ ਬੋਲਿਆ ਤਾਂ ਬਸ਼ੀਰ ਹੱਸਣ ਲੱਗ ਪਿਆ ਫਿਰ ਬੋਲਿਆ, 'ਚਲੋ ਫੇਰ ਘਰ ਨੂੰ। ਮੈਂ ਵੀ ਐਥੋਂ ਹੀ ਮੁੜਦਾ ਏਂ। ਆਟਾ ਪਿਸਾਵਾਂਗਾ ਕੱਲ੍ਹ ਨੂੰ।'

ਬਸ਼ੀਰ ਨੇ ਇੰਦਰਾ ਵੱਲ ਨੂੰ ਦੇਖਿਆ ਤਾਂ ਉਹ ਬੋਲੀ, 'ਤੁਹਾਡੀਆਂ ਗੱਲਾਂ ਕਰਦੇ ਸੀ ਇਹ। ਤੁਸੀਂ ਮੈਨੂੰ ਵੀ ਮਿਲ ਗਏ। ਚੰਗਾ ਹੋਇਆ।'

'ਬਹੁਤ ਮਿਹਰਬਾਨੀ ਭਰਜਾਈ ਸੀ। ਤੁਹਾਨੂੰ ਪਤਾ ਨਹੀਂ ਇਸ ਬੰਦੇ ਤੇ ਕਿਵੇਂ ਰਹਿਮ ਆ ਗਿਆ ਕਿ ਜੀਵਨ ਸਾਥੀ ਚੁਣ ਲਿਆ। ਨਹੀਂ ਇਹਨੂੰ ਕੌਣ ਪਸੰਦ ਕਰਦਾ ਸੀ। ਸਾਰੀਆਂ ਗੱਲਾਂ ਦੱਸੂੰ ਤੁਹਾਨੂੰ ਇਹਦੀਆਂ।'

ਉਨ੍ਹਾਂ ਨੇ ਗੱਡੀ ਤੋਰ ਲਈ ਤਾਂ ਇੰਦਰਾ ਬੋਲੀ, 'ਬੜਾ ਮੋਹ ਕਰਦਾ ਏ ਤੁਹਾਡਾ ਦੋਸਤ ਤਾਂ।'

'ਟੁਣਕਾ ਟੁਣਕਾ ਕੇ ਦੋਸਤ ਬਣਾਇਆ ਹੋਇਆ ਏ। ਸਾਰੀ ਉਮਰ ਸਾਡੀ ਦੋਸਤੀ ਨਿਭੂ।'

ਬਸ਼ੀਰ ਸਾਇਕਲ ਤੇ ਚੜ੍ਹਿਆ ਉਨ੍ਹਾਂ ਦੀ ਗੱਡੀ ਦੇ ਮਗਰ ਹੀ ਆ ਰਿਹਾ ਸੀ। ਪਿੰਡ ਦੀ ਫਿਰਨੀ ਤੇ ਜਾ ਕੇ ਦੇਵ ਨੇ ਗੱਡੀ ਰੁਕਵਾ ਲਈ ਤੇ ਬੋਲਿਆ, 'ਡੀਅਰ, ਮੈਨੂੰ ਐਥੇ ਹੀ ਲਾਹ ਦਵੋ। ਮੇਰੀ ਮਜ਼ਬੂਰੀ ਸਮਝ ਲੈਣਾ। ਬੁਰਾ ਨਾ ਮਨਾਉਣਾ।'

'ਠੀਕ ਏ ਦੇਵ ਜੀ' ਕਹਿ ਕੇ ਇੰਦਰਾ ਉੱਥੋਂ ਵਾਪਸ ਹੋ ਗਈ।

ਦੇਵ ਘਰ ਵੜਿਆ ਤਾਂ ਉਸ ਦਾ ਮਾਮਾ ਖੇਸੀ' ਚ ਲਿਪਟਿਆ ਮੰਜੇ ਤੇ ਪਿਆ ਸੀ ਤੇ ਲਲਤਾ ਉਸ ਦੀਆਂ ਲੱਤਾਂ ਘੁੱਟ ਰਹੀ ਸੀ। ਦੇਵ ਨੇ ਵਧ ਕੇ ਆਪਣੀ ਮਾਮੀ ਦੇ ਪੈਰ ਛੂਹੇ ਤੇ ਬੋਲਿਆ, 'ਕੀ ਗੱਲ ਮਾਮਾ ਢਿੱਲਾ ਏ?'

'ਮਾਰ੍ਹਾਜ ਜੀ ਦੇਵ ਆਇਐ... ਉੱਠ ਕੇ ਬੈਠ... ਸੁਣਦੈਂ ਬੋਲ਼ਿਆ?'

'ਕੌਣ ਆਇਆ ਏ?' ਘਨੱਈਆ ਜਿਵੇਂ ਖੂਹ' ਚੋਂ ਬੋਲਿਆ।

'ਬੀਬੀ ਦਾ ਦੁਖੀ, ਤੇਰਾ ਛੋਟਾ ਭਾਣਜਾ... ਉੱਠ ਕੇ ਮਿਲ ਲੈ ਮਾਰ੍ਹਾਜ ਜੀ।'

ਘਨ੍ਹੱਈਏ ਨੇ ਖੇਸੀ ਵਗਾਹ ਕੇ ਮਾਰੀ। ਜਿਵੇਂ ਸਪਰਿੰਗ ਖੁੱਲਦਾ ਹੈ। ਉੱਠ ਕੇ ਬੈਠ ਗਿਆ ਤੇ ਖੜ੍ਹਾ ਹੋ ਗਿਆ। ਜੱਫਾ ਹੀ ਮਾਰ ਲਿਆ ਦੇਵ ਨੂੰ ਤੇ ਬੋਲਿਆ, 'ਆ ਵੇ ਪੁੱਤ... ਆ ਵੇ ਪੁੱਤ.... ਆ ਵੇ ਪੁੱਤ.... ਪਾ ਦੇ ਮੇਰੇ ਕਾਲਜ਼ੇ ਠੰਡ।' ਆਪਣੇ ਮਾਮੇ ਨੂੰ ਘੁੱਟੀ ਖੜ੍ਹੇ

ਦੇਵ ਤੇ ਕੰਟਰੋਲ ਨਾ ਹੋਇਆ। ਉਹ ਫਿੱਸ ਗਿਆ ਤੇ ਹਟਕੋਰੇ ਭਰਨ ਲੱਗਾ। ਉਹ ਅਜੇ ਇਕ ਦੂਜੇ ਦਾ ਹਾਲ ਹੀ ਪੁੱਛ ਰਹੇ ਸਨ ਕਿ ਬਸ਼ੀਰ ਅੰਦਰ ਆ ਵੜਿਆ। ਉਹ ਬੋਲਿਆ, 'ਚਾਚਾ ਸਿਆਂ ਹੁਣ ਤਾਂ ਬੜਾ ਕਾਇਮ ਲਗਦਾ ਏਂ। ਕੱਲ੍ਹ ਤਾਂ ਕਹਿੰਦੇ ਜਮ੍ਹਾਂ ਈ ਡਾਊਨ ਹੋ ਗਿਆ ਸੀ।'

'ਨਹੀਂ ਨਹੀਂ ਐਨ ਕਾਇਮ ਆਂ ਮੈਂ। ਮੇਰਾ ਪੁੱਤ ਆ ਗਿਆ ਏ ਦੇਵ।'

'ਚਾਚਾ ਇਹਦੀ ਵਹੁਟੀ ਵੀ ਆਈ ਸੀ ਗੱਡੀ' ਚ ਇਹਨੂੰ ਛੱਡਣ। ਮੈਂ ਤਾਂ ਡਰ ਗਿਆ ਬਈ ਇਹਨੇ ਹੇਮਾ ਮਾਲਿਨੀ ਕਿੱਥੋਂ ਕੱਢ ਲਿਆਂਦੀ।' ਦੇਵ ਨੇ ਬਥੇਰੇ ਇਸ਼ਾਰੇ ਕੀਤੇ ਪਰ ਬਸ਼ੀਰ ਨੇ ਸਾਰਾ ਭਾਂਡਾ ਫੋੜ੍ਹ ਹੀ ਦਿੱਤਾ।

'ਕੀਹਦੀ ਵਹੁਟੀ ਆਈ? ਦੇਵ ਦੀ? ਇਹਨੇ ਵਿਆਹ ਕਰਵਾ ਲਿਆ?'

'ਵਿਆਹ ਕਾਹਨੂੰ ਕਰਵਾਇਆ ਏ ਮਾਮਾ। ਬੱਸ ਉਹ ਛੱਡਣ ਆ ਗਈ। ਦੱਸਾਂਗਾ ਸਭ ਕੁਝ। ਤੁਹਾਨੂੰ ਵਿਆਹ ਲਈ ਹੀ ਸੱਦਣ ਆਇਆ ਹਾਂ।'

ਦੇਵ ਨੇ ਸ਼ਬਦਾਂ ਦੀ ਜਾਦੂਗਰੀ ਨਾਲ਼ ਸਾਰੀ ਗੱਲ ਆਪਣੇ ਮਾਮਾ-ਮਾਮੀ ਨੂੰ ਦੱਸ ਦਿੱਤੀ। ਉਸ ਦਾ ਮਾਮਾ ਬੋਲਿਆ, 'ਐਥੇ ਕਿਹੜਾ ਕਿਸੇ ਨੂੰ ਪਤਾ ਲੱਗਣਾ ਸੀ। ਤੂੰ ਘਰ ਲੈ ਆਉਂਦਾ। ਅਸੀਂ ਵੀ ਦੇਖ ਲੈਂਦੇ ਕਿਹੜੀ ਬਹੂ ਪਸੰਦ ਕੀਤੀ ਏ।'

'ਮੈਂ ਤਾਂ ਮਾਮਾ ਡਰ ਗਿਆ, ਬਈ ਤੂੰ ਕਿਤੇ ਹਾਕੀ ਨਾ ਚੁੱਕ ਲਵੇਂ ਤੇ ਮੇਰੀ ਵਹੁਟੀ ਸਾਮ੍ਹਣੇ ਮੇਰਾ ਵਢਾਂਗਾ ਹੀ ਸ਼ੁਰੂ ਕਰ ਦੇਵੇਂ।' ਦੇਵ ਹੱਸਿਆ ਤਾਂ ਸਾਰੇ ਹੱਸਣ ਲੱਗ ਪਏ।

'ਚਾਚਾ ਜਦੋਂ ਉਹ ਫਿਰਨੀ ਤੋਂ ਮੁੜੀ ਤਾਂ ਮੈਂ ਦੂਜੇ ਪਾਸਿਓਂ ਆ ਰਿਹਾ ਸੀ। ਅਸੀਂ ਪੁਲ਼ ਤੇ ਪਹਿਲਾਂ ਮਿਲੇ ਸੀ ਨਾ, ਉਸ ਨੇ ਗੱਡੀ ਰੋਕ ਲਈ। ਮੈਂ ਬਥੇਰਾ ਕਿਹਾ ਕਿ ਜੇ ਦੇਵ ਮਾਮਾ ਮਾਮੀ ਕੋਲ਼ ਨਹੀਂ ਲਿਜਾਂਦਾ, ਤੁਸੀਂ ਮੇਰੇ ਘਰ ਚੱਲੋ। ਵਿਚਾਰੀ ਦੁਖੀ ਜਿਹੀ ਹੋ ਕੇ ਕਹਿਣ ਲੱਗੀ- ਦੇਵ ਜੀ ਦੀ ਆਗਿਆ ਤੋਂ ਬਿਨਾਂ ਨਹੀਂ ਆ ਸਕਦੀ। ਵੱਡਾ ਬਣਿਆ ਏ 'ਦੇਵ ਜੀ।' ਬਸ਼ੀਰ ਨੇ ਉਸਦੇ ਘਸੁੰਨ ਜੜ ਦਿੱਤਾ।

**00**

# ਇਕ ਸੌ ਚੌਂਤੀ

ਦੇਵ ਦੇ ਵਿਆਹ ਤੋਂ ਦੋ-ਤਿੰਨ ਦਿਨ ਪਹਿਲਾਂ ਉਸ ਦੀ ਡਾਕ ਵਿਚ ਇਕ ਵਿਦੇਸ਼ੀ ਪੱਤਰ ਆਇਆ ਜੋ ਉਸ ਦੇ ਹਿਸਾਰ ਵਾਲ਼ੇ ਦੋਸਤ ਡੇਨੀਅਲ ਆਡਲ ਦਾ ਸੀ। ਸੀ. ਆਰ. ਕਾਲਜ ਆਫ਼ ਐਜੂਕੇਸ਼ਨ ਹਿਸਾਰ ਤੋਂ ਤਿਆਗ ਪੱਤਰ ਦੇ ਕੇ ਦੋਰਾਹੇ ਆਉਣ ਮਗਰੋਂ ਇਹ ਡੇਨੀਅਲ ਦਾ ਅੱਠਵਾਂ ਖਤ ਸੀ। ਇਸ ਤੋਂ ਪਹਿਲਾਂ ਸੱਤ ਖ਼ਤ ਉਸ ਨੂੰ ਹਿਸਾਰ ਤੋਂ ਹੀ ਆਏ ਸਨ। ਹਰ ਖ਼ਤ ਵਿਚ ਉਹ ਲਿਖਿਆ ਕਰਦਾ ਸੀ ਕਿ ਉਹ ਦੇਵ ਨੂੰ ਬਹੁਤ ਮਿੱਸ ਕਰਦਾ ਸੀ। ਉਸ ਨਾਲ਼ ਬਿਤਾਏ ਸ਼ਾਨਦਾਰ ਦਿਨਾਂ ਵਰਗੇ ਦਿਨ ਉਸ ਨੂੰ ਮੁੜ ਨਸੀਬ ਨਹੀਂ ਸਨ ਹੋਏ। ਉਸ ਦੇ ਮਗਰੋਂ ਕਾਲਜ ਜਾਣ ਨੂੰ ਉਸ ਦਾ ਆਪਣਾ ਦਿਲ ਨਹੀਂ ਸੀ ਕਰਦਾ ਹੁੰਦਾ। ਅਮਰੀਕਾ ਅਤੇ ਭਾਰਤ ਦੇ ਆਪਸੀ ਸਬੰਧਾਂ ਬਾਰੇ ਪ੍ਰੋਫੈਸਰ ਜਿਹੜੀਆਂ ਗੱਲਾਂ ਕਰਦੇ ਸਨ, ਸੁਣ ਕੇ ਉਹ ਉਨ੍ਹਾਂ ਨੂੰ ਨਫ਼ਰਤ ਕਰਨ ਲੱਗ ਪਿਆ ਸੀ। ਅਮਰੀਕਾ ਦੀ ਕਿਸੇ ਪਾਲਸੀ ਲਈ

ਡੇਨੀਅਲ ਤੇ ਭਾਰਤ ਦੀ ਪਾਲਸੀ ਲਈ ਦੇਵ ਭਲਾ ਕਿਵੇਂ ਜ਼ਿੰਮੇਵਾਰ ਹੋ ਸਕਦੇ ਸਨ? ਚੰਗੇ ਦਿਲ ਵਾਲ਼ੇ ਲੋਕ ਅਮਰੀਕਾ ਵਿਚ ਵੀ ਮੌਜੂਦ ਸਨ ਤੇ ਭਾਰਤ ਵਿਚ ਵੀ। ਜੇ. ਬੀ. ਟੀ. ਵਿੰਗ ਦੇ ਇੰਚਾਰਜ ਪ੍ਰੋ. ਡੀ. ਆਰ. ਅਹੂਜਾ ਤੋਂ ਬਿਨਾਂ ਉਸ ਦੀ ਕਿਸੇ ਨਾਲ਼ ਵੀ ਕੋਈ ਸਾਂਝ ਨਹੀਂ ਸੀ, ਪਰ ਵਿਆਹਿਆ ਅਤੇ ਬਾਲ-ਬੱਚੇਦਾਰ ਹੋਣ ਕਰਕੇ ਉਸ ਵਿਚਾਰੇ ਕੋਲ਼ ਸਮਾਂ ਹੀ ਬਹੁਤ ਘੱਟ ਸੀ। ਉਹ ਤਾਂ ਉਸ ਨਾਲ਼ ਕਦੀ ਪਿਕਚਰ ਦੇਖਣ ਵੀ ਨਹੀਂ ਸੀ ਜਾ ਸਕਦਾ ਤੇ ਉਹ ਮੀਟ ਮੱਛੀ ਵੀ ਪਸੰਦ ਨਹੀਂ ਸੀ ਕਰਦਾ। ਉਹ ਰੱਬ ਅੱਗੇ ਦੁਆਵਾਂ ਕਰਿਆ ਕਰਦਾ ਸੀ ਕਿ ਦੇਵ ਮੁੜ ਉਸ ਦੀ ਜ਼ਿੰਦਗੀ ਵਿਚ ਆਵੇ ਤੇ ਉਸ ਦੇ ਸਮੇਂ ਨੂੰ ਰੰਗੀਨ ਬਣਾਵੇ। ਡੇ ਨੀਅਲ ਦੀ ਹਰ ਚਿੱਠੀ ਮੋਹ ਨਾਲ਼ ਭਰੀ ਹੁੰਦੀ ਸੀ। ਦੇਵ ਉਸ ਦੀ ਹਰ ਚਿੱਠੀ ਦਾ ਮੋਹ ਭਰਿਆ ਹੀ ਉੱਤਰ ਦਿਆ ਕਰਦਾ ਸੀ।

ਡੇਨੀਅਲ ਦੀ ਹੁਣ ਵਾਲੀ ਚਿੱਠੀ ਪਹਿਲੀ ਚਿੱਠੀ ਤੋਂ ਸੱਤ ਮਹੀਨੇ ਮਗਰੋਂ ਅਮਰੀਕਾ ਤੋਂ ਆਈ ਸੀ। ਉਸ ਨੇ ਲਿਖਿਆ ਸੀ ਕਿ ਉਹ ਭਾਰਤ ਨਾਲ਼ ਹੋਏ ਆਪਣੇ ਕਾਨਟਰੈਕਟ ਨੂੰ ਪੂਰਾ ਕਰ ਕੇ ਚਾਰ ਕੁ ਮਹੀਨੇ ਪਹਿਲਾਂ ਅਮਰੀਕਾ ਆ ਗਿਆ ਸੀ। ਉਸਨੂੰ ਕਾਲਜ ਸਟਾਫ਼ ਵੱਲ਼ੋਂ ਬਹੁਤ ਸ਼ਾਨਦਾਰ ਪਾਰਟੀ ਅਤੇ ਤੋਹਫ਼ੇ ਦਿੱਤੇ ਗਏ ਸਨ ਜੋ ਉਹ ਬੀ. ਐਡ. ਦੇ ਵਿਦਿਆਰਥੀਆਂ ਨੂੰ ਹੀ ਵੰਡ ਆਇਆ ਸੀ। ਆਉਂਦਿਆਂ ਹੀ ਮਿਸ਼ੀਗਨ ਯੂਨੀਵਰਸਿਟੀ ਵਿਚ ਉਸ ਨੂੰ ਅੰਗਰੇਜ਼ੀ ਲੈਕਚਰਾਰ ਵਜੋਂ ਜਾਬ ਮਿਲ ਗਈ ਸੀ। ਉੱਥੇ ਹੀ ਪੜ੍ਹਾਉਂਦੀ ਮਨੋਵਿਗਿਆਨ ਦੀ ਪ੍ਰੋਫੈਸਰ ਇਕ ਇਟੈਲੀਅਨ ਕੁੜੀ ਨਾਲ਼ ਉਸ ਨੂੰ ਪਿਆਰ ਹੋ ਗਿਆ ਸੀ ਜਿਸ ਦਾ ਨਾਂ ਵਿਆਰਾ ਸੀ ਤੇ ਉਸ ਦੀ ਇਕ ਬੱਚੀ ਗਰੇਡ ਵੰਨ ਵਿਚ ਪੜ੍ਹਦੀ ਸੀ। ਉਹ ਆਪਣੇ ਪਤੀ ਨਾਲ਼ ਸਿਰਫ਼ ਦੋ ਮਹੀਨੇ ਰਹੀ ਸੀ ਤੇ ਅਲੱਗ ਹੋ ਗਈ ਸੀ। ਹੁਣ ਉਹ ਤੇ ਵਿਆਰਾ ਰੈਂਟ ਉੱਤੇ ਸਾਂਝਾ ਫਲੈਟ ਲੈ ਕੇ ਰਹਿ ਰਹੇ ਸਨ। ਉਨ੍ਹਾਂ ਨੇ ਇਕੱਠੇ ਰਹਿਣ ਦਾ ਫੈਸਲਾ ਤਾਂ ਕਰ ਲਿਆ ਸੀ, ਪਰ ਅਜੇ ਉਨ੍ਹਾਂ ਨੇ ਵਿਆਹ ਨਹੀਂ ਸੀ ਕਰਵਾਉਣਾ, ਕਿਉਂ ਕਿ ਵਿਆਰਾ ਨੂੰ ਵਿਆਹ ਤੋਂ ਨਫ਼ਰਤ ਸੀ। ਉਸ ਦਾ ਕਹਿਣਾ ਸੀ ਕਿ ਜਦੋਂ ਡੇਨੀਅਲ ਤੋਂ ਉਸ ਦੇ ਇਕ ਦੋ ਬੱਚੇ ਹੋ ਜਾਣਗੇ ਤਾਂ ਹੀ ਉਹ ਵਿਆਹ ਬਾਰੇ ਸੋਚੇਗੀ। ਉਹ ਐਨੀ ਖ਼ੂਬਸੂਰਤ ਅਤੇ ਚੰਗੇ ਦਿਲ ਵਾਲ਼ੀ ਕੁੜੀ ਸੀ ਕਿ ਡੇਨੀਅਲ ਉਸ ਦੀ ਹਰ ਇੱਛਾ ਤੇ ਫੁੱਲ ਚੜ੍ਹਾਉਂਦਾ ਸੀ। ਉਹ ਦੋਨੋਂ ਪਿਆਰ ਭਰਿਆ ਜੀਵਨ ਬਤੀਤ ਕਰ ਰਹੇ ਸਨ ਤੇ ਇਕ ਦੂਜੇ ਦਾ ਬਹੁਤ ਸਤਿਕਾਰ ਕਰਦੇ ਸਨ। ਵੀਕ ਐਂਡ ਨੂੰ ਉਹ ਰਾਜਿਆਂ ਵਾਂਗ ਸੈਲੀਬਰੇਟ ਕਰਦੇ ਸਨ। ਅਗਲੀ ਗੱਲ ਉਸ ਨੇ ਇਹ ਲਿਖੀ ਸੀ ਕਿ ਜੇ ਦੇਵ ਅਮਰੀਕਾ ਵਿਚ ਸੈਟਲ ਹੋਣਾ ਚਾਹੁੰਦਾ ਹੋਵੇ ਤਾਂ ਉਹ ਆਪਣੇ ਫਾਦਰ ਦੀ ਜਾਂ ਕਿਸੇ ਹੋਰ ਫਰਮ ਵਲੋਂ ਜਾਬ ਕਰਨ ਲਈ ਨਿਯੁਕਤੀ ਪੱਤਰ ਭਿਜਵਾ ਦੇਵੇਗਾ, ਜਿਸ ਦੇ ਅਧਾਰ ਤੇ ਉਸ ਨੂੰ ਅਮਰੀਕਾ ਵਿਚ ਬਿਨਾਂ ਕਿਸੇ ਇੰਟਰਵਿਊ ਤੋਂ ਪੀ. ਆਰ ਮਿਲ ਜਾਵੇਗੀ। ਜੇ ਉਹ ਚਾਹੇ ਤਾਂ ਉਹ ਸਪਾਂਸਰਸ਼ਿੱਪ ਭੇਜ ਕੇ ਵੀ ਉਸ ਦਾ ਸਾਲ ਦਾ ਵੀਜਾ ਲਗਵਾ ਸਕਦਾ ਹੈ ਤੇ ਮਗਰੋਂ ਪੀ. ਆਰ. ਲੈਣ ਲਈ ਮੱਦਦ ਕਰ ਸਕਦਾ ਹੈ। ਜੇ ਪੈਸਿਆਂ ਦਾ ਪ੍ਰਬੰਧ ਨਹੀਂ ਤਾਂ ਟਿਕਟ ਵੀ ਭੇਜ ਸਕਦਾ ਹੈ। ਉਸ ਨੇ ਦੇਵ ਦੀ ਰਾਇ ਮੰਗੀ ਸੀ। ਚਿੱਠੀ ਦੇ ਅੰਤ ਵਿਚ ਉਸ ਨੇ 'ਮੇਰਾ ਨਾਮ ਜੋਕਰ' ਫ਼ਿਲਮ ਦੇ ਗੀਤ ਦੀਆਂ ਕੁਝ ਲਾਈਨਾਂ ਹਿੰਦੀ ਵਿਚ ਲਿਖੀਆਂ ਸਨ- ਏ ਭਾਈ, ਜ਼ਰਾ ਦੇ

ਖ ਕੇ ਚਲੋ। ਬਾਏਂ ਹੀ ਨਹੀਂ ਦਾਏਂ ਭੀ, ਊਪਰ ਹੀ ਨਹੀਂ ਨੀਚੇ ਵੀ। ਊਪਰ ਸੇ ਨੀਚੇ ਕੋ, ਨੀਚੇ ਸੇ ਊਪਰ ਕੋ- ਆਨਾ ਜਾਨਾ ਪੜਤਾ ਹੈ। ਯੇ ਦੁਨੀਆਂ ਏਕ ਸਰਕਸ ਹੈ... । ਇਹ ਫ਼ਿਲਮ ਉਨ੍ਹਾਂ ਦੋਨਾਂ ਨੇ ਸ਼ਾਇਦ ਈਲਾਈਟ ਥਿਏਟਰ ਵਿਚ ਤਿੰਨ ਵਾਰ ਦੇਖੀ ਸੀ।

ਡੇਨੀਅਲ ਦੀ ਚਿੱਠੀ ਪੜ੍ਹ ਕੇ ਦੇਵ ਰੋ ਪਿਆ। ਕਿੰਨੀ ਮੁਹੱਬਤ ਭਰੀ ਰੂਹ ਸੀ ਡੇ ਨੀਅਲ ਵੀ। ਦੇਸ਼ ਭਾਵੇਂ ਇਕ ਦੂਜੇ ਨਾਲ਼ ਲੜਨ ਭਿੜਨ, ਨਫ਼ਰਤ ਕਰਨ ਪਰ ਉਨ੍ਹਾਂ ਵਿਚ ਵਸਦੇ ਲੋਕਾਂ ਦੇ ਦਿਲ ਦਾ ਨਿੱਘ ਤਾਂ ਹਰ ਥਾਂ ਇੱਕੋ ਜਿਹਾ ਹੁੰਦਾ ਹੈ। ਉਵੇਂ ਡੇਨੀਅਲ ਦਾ ਦਿਲ ਦੇਵ ਦੇ ਪਿਆਰ ਲਈ ਧੜਕਦਾ ਸੀ, ਜਿਵੇਂ ਦੇਵ ਦਾ ਵੀ ਤਾਂ ਡੇਨੀਅਲ ਲਈ ਧੜਕਦਾ ਸੀ। ਉਹ ਡੇਨੀਅਲ ਨੂੰ ਖ਼ਤ ਲਿਖਣ ਬੈਠ ਗਿਆ।

ਮੇਰੇ ਪਿਆਰੇ ਮਿੱਤਰ- ਡੇਨੀਅਲ। ਤੇਰੀ ਮੁਹੱਬਤ ਭਰੀ ਚਿੱਠੀ ਮੈਨੂੰ ਉਦੋਂ ਮਿਲੀ ਹੈ ਜਦੋਂ ਮੇਰੇ ਵਿਆਹ ਵਿਚ ਗਿਣਤੀ ਦੇ ਘੰਟੇ ਹੀ ਬਾਕੀ ਹਨ। ਪਹਿਲਾਂ ਤੈਨੂੰ ਯਾਦ ਕਰ ਕੇ ਮੈਂ ਰੋਇਆ ਹਾਂ ਤੇ ਫਿਰ ਅੱਖਾਂ ਪੂੰਝ ਲਿਖਣ ਬੈਠਾ ਹਾਂ। ਤੈਨੂੰ ਮਨ ਪਸੰਦ ਦੀ ਜੀਵਨ ਸਾਥਣ ਮਿਲਣ ਤੇ ਮੈਂ ਲੱਖ-ਲੱਖ ਵਧਾਈ ਦਿੰਦਾ ਹਾਂ ਤੇ ਆਪਣੀ ਉਸ ਨਵੀਂ ਭਰਜਾਈ ਦੇ ਭਾਰਤੀ ਪਰੰਪਰਾ ਅਨੁਸਾਰ ਮਨ-ਹੀ-ਮਨ ਪੈਰ ਛੂੰਹਦਾ ਹਾਂ ਕਿਉਂਕਿ ਤੂੰ ਮੈਥੋਂ ਤਿੰਨ ਮਹੀਨੇ ਚਾਰ ਦਿਨ ਵੱਡਾ ਏਂ ਤੇ ਮੈਂ ਵਿਆਰਾ ਦਾ ਦਿਓਰ ਲਗਦਾ ਹਾਂ। ਇੰਡੀਆ ਵਿਚ ਮੈਂ ਹੁਣ ਮਾਸਟਰ ਤੋਂ ਪਰੋਮੋਟ ਹੋ ਕੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿਚ ਲੈਕਚਰਾਰ ਵਜੋਂ ਜੁਐਨ ਕਰ ਲਿਆ ਹੈ। ਇਕ ਮੁਹੱਬਤ ਭਰੀ ਰੂਹ ਮੈਨੂੰ ਵੀ ਮਿਲ ਗਈ ਹੈ। ਉਸ ਦਾ ਨਾਂ ਇੰਦਰਾ ਹੈ। ਐਮ. ਏ. ਬੀ. ਐਡ. ਪੜ੍ਹੀ ਇਹ ਖ਼ੂਬਸੂਰਤ ਕੁੜੀ ਅਮੀਰ ਮਾਪਿਆਂ ਦੀ ਧੀ ਹੈ ਤੇ ਮੈਨੂੰ ਦਿਲ ਦੇ ਬੈਠੀ ਹੈ। ਤੂੰ ਕਿਉਂਕਿ ਉਸ ਦਾ ਜੇਠ ਲਗਦਾ ਹੈਂ, ਇਸ ਲਈ ਤੈਥੋਂ ਤਾਂ ਉਹ ਘੁੰਡ ਹੀ ਕੱਢੇਗੀ ਤੇ ਤੂੰ ਉਮਰ ਭਰ ਉਸ ਦਾ ਖ਼ੂਬਸੂਰਤ ਚਿਹਰਾ ਨਹੀਂ ਦੇਖ ਸਕੇਂਗਾ। ਉਸ ਨਾਲ਼ ਵਿਆਹ ਹੋਣ ਮਗਰੋਂ ਮੈਂ ਉਸ ਦੇ ਕੋਲ਼ ਹੀ ਉਸਦੀ ਸ਼ਾਨਦਾਰ ਕੋਠੀ ਵਿਚ ਰਹਿਣ ਲੱਗ ਪੈਣਾ ਹੈ, ਜੋ ਉਸ ਦੇ ਮਾਪਿਆਂ ਨੇ ਉਸ ਲਈ ਬਣਾ ਕੇ ਦਿੱਤੀ ਹੈ। ਮੇਰੀ ਬੇਬੇ ਵੀ ਮੇਰੇ ਨਾਲ਼ ਮੋਹਾਲੀ ਜਾ ਕੇ ਹੀ ਰਹਿਣ ਲੱਗ ਪਵੇਗੀ। ਮੇਰੀ ਬੇਬੇ ਨੇ ਹੁਣ ਤੱਕ ਤੰਗੀਆਂ-ਤੁਰਛੀਆਂ ਦਾ ਸਾਮ੍ਹਣਾ ਕਰ ਕੇ ਸਾਨੂੰ ਚਾਰ ਭਰਾਵਾਂ ਨੂੰ ਪਾਲਿਆ ਪੜ੍ਹਾਇਆ ਹੈ। ਹੁਣ ਮੈਂ ਉਸ ਨੂੰ ਰਾਜ-ਮਾਤਾ ਵਾਂਗ ਆਪਣੇ ਕੋਲ਼ ਰੱਖ ਕੇ ਉਸ ਦੀ ਸੇਵਾ ਕਰਨੀ ਚਾਹੁੰਦਾ ਹਾਂ। ਹੁਣ ਤੁਸੀਂ ਆਪ ਹੀ ਦੱਸੋ ਕਿ ਆਪਣੀ ਇਹ ਬੁੱਢੀ ਹੋ ਰਹੀ ਮਾਂ ਤੇ ਬੇਹੱਦ ਪਿਆਰ ਕਰਨ ਵਾਲ਼ੀ ਆਪਣੀ ਬੀਵੀ ਇੰਦਰਾ ਨੂੰ ਛੱਡ ਕੇ ਅਮਰੀਕਾ ਆ ਕੇ ਕੀ ਕਰਾਂਗਾ? ਤੁਸੀਂ ਮੈਨੂੰ ਸੱਦਣ ਲਈ ਜੋ ਖੁਲ੍ਹਦਿਲੀ ਦਿਖਾਈ ਹੈ, ਉਸ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

ਤੈਨੂੰ ਪਤਾ ਹੋਵੇਗਾ ਕਿ ਵਿਆਹ ਕਰਵਾਏ ਬਿਨਾਂ ਸਾਡੇ ਐਥੇ ਕੋਈ ਜੋੜਾ ਇਕੱਠਾ ਨਹੀਂ ਰਹਿ ਸਕਦਾ। ਜੇ ਕੋਈ ਦੋ ਪ੍ਰੇਮੀ ਆਪਸ ਵਿਚ ਗੱਲਾਂ ਕਰਦੇ ਫੜੇ ਜਾਣ ਤਾਂ ਪੁਲਸ ਉਨ੍ਹਾਂ ਦੋਨਾਂ ਦੀ ਛਿੱਤਰ ਪਰੇਡ ਵੀ ਕਰ ਦਿੰਦੀ ਹੈ ਤੇ ਰੰਗ ਰਲ਼ੀਆਂ ਮਨਾਉਣ ਦੀ ਤਿਆਰੀ ਕਰ ਰਹੇ ਕਹਿ ਕੇ ਚਲਾਣ ਕੱਟ ਹਵਾਲਾਤ ਵਿਚ ਬੰਦ ਵੀ ਕਰ ਦਿੰਦੀ ਹੈ। ਐਥੇ ਤਾਂ ਕਈ ਵਾਰੀ ਵਿਆਹੇ ਜੋੜੇ ਵੀ ਪੁਲੀਸ ਤੋਂ ਇਸੇ ਦੋਸ਼ ਤਹਿਤ ਕੁੱਟ ਖਾ ਬਹਿੰਦੇ ਹਨ, ਕਿਉਂਕਿ ਉਹ ਵਿਆਹੇ ਹੋਣ ਦਾ ਕੋਈ ਸਬੂਤ ਪੇਸ਼ ਨਹੀਂ ਕਰ ਸਕਦੇ।

ਆਪਾਂ ਦੋਨਾਂ ਨੇ ਇਕ ਸਾਂਝੀ ਫ਼ੋਟੋ ਹਿਸਾਰ ਅਸ਼ੋਕ ਸਟੂਡੀਓ ਤੋਂ ਖਿਚਵਾਈ ਸੀ। ਮੈਂ ਉਸ ਨੂੰ ਵੱਡੀ ਕਰਵਾ ਕੇ, ਪੇਂਟਰ ਤੋਂ ਰੰਗ ਭਰਵਾ ਕੇ ਦੀਵਾਰ ਤੇ ਲਾਇਆ ਹੋਇਆ ਹੈ। ਦਿਨ ਵਿਚ ਜਦੋਂ ਵੀ ਉੱਧਰ ਧਿਆਨ ਜਾਂਦਾ ਹੈ, ਮੈਂ ਤੈਨੂੰ ਚੇਤੇ ਕਰ ਲੈਂਦਾ ਹਾਂ। ਮੈਂ ਚਾਹੁੰਦਾ ਹਾਂ ਆਪਾਂ ਸਾਰੀ ਉਮਰ ਇਕ ਦੂਜੇ ਨੂੰ ਖ਼ਤ ਜ਼ਰੂਰ ਲਿਖਦੇ ਰਹੀਏ। ਹੁਣ ਤੁਸੀਂ ਮੇਰੀ ਭਰਜਾਈ ਵਿਆਰਾ ਨਾਲ਼ ਆਪਣੀ ਫ਼ੋਟੋ ਜ਼ਰੂਰ ਭੇਜ ਦੇਣੀ। ਅਸੀਂ ਵੀ ਵਿਆਹ ਮਗਰੋਂ ਆਪਣੀ ਭੇਜਾਂਗੇ।

ਤੁਸੀਂ ਵਿਆਹ ਤਾਂ ਕਰਵਾਇਆ ਨਹੀਂ, ਹਨੀਮੂਨ ਦਾ ਕੀ ਬਣਿਆ?

ਮੇਰੀ ਇੰਦਰਾ ਨਾਲ਼ ਗੱਲ ਹੋਈ ਸੀ। ਉਸ ਨੇ ਦੱਸਿਆ ਹੈ ਕਿ ਉਸ ਦੇ ਮਾਪਿਆਂ ਦੇ ਖਰਚੇ ਤੇ ਅਸੀਂ ਹਨੀਮੂਨ ਮਨਾਉਣ ਲਈ ਕੁੱਲੂ-ਮਨਾਲੀ-ਲੇਹ-ਲਦਾਖ ਵੱਲ ਜਾਵਾਂਗੇ । ਸਾਰਾ ਹਾਲ ਤੇ ਫ਼ੋਟੋਆਂ ਤੈਨੂੰ ਬਾਅਦ ਵਿਚ ਭੇਜਾਂਗਾ। ਜੇ ਕੁਝ ਗਲਤ ਲਿਖ ਗਿਆ ਹੋਵਾਂ ਤਾਂ ਮਾਫ਼ ਕਰ ਦੇਣਾ-ਤੇਰਾ ਦੇਵ।

**00**

**ਣ::022**

# ਇਕ ਸੌ ਪੈਂਤੀ

ਦੇਵ ਦੇ ਵਿਆਹ ਵੇਲ਼ੇ ਘਰ ਵਿਚ ਪਹਿਲੇ ਵਿਆਹਾਂ ਵਰਗੀ ਰੌਣਕ ਇਸ ਵਾਰੀ ਨਾ ਹੋਈ ਪਰ ਭਾਗਵੰਤੀ ਦਾ ਚਾਅ ਪਹਿਲੇ ਵਿਆਹਾਂ ਨਾਲ਼ੋਂ ਕਿਤੇ ਵੱਧ ਸੀ। ਉਸ ਦੀ ਅੱਡੀ ਧਰਤੀ ਨੂੰ ਨਹੀਂ ਸੀ ਲੱਗ ਰਹੀ। ਉਸ ਨੇ ਵਿਆਹ ਤੋਂ ਪੰਜ ਸੱਤ ਦਿਨ ਪਹਿਲਾਂ ਹੀ ਪੰਜ ਕਿੱਲੋ ਲੱਡੂ ਮੰਗਵਾ ਕੇ ਲਿਫਾਫੀਆਂ ਵਿਚ ਪਾ ਕੇ ਉਨ੍ਹਾਂ ਘਰਾਂ ਵਿਚ ਵੰਡ ਦਿੱਤੇ ਜਿਨ੍ਹਾ ਨਾਲ਼ ਕਦੀ ਰਾਮ ਸੱਤ ਹੋਈ ਹੋਵੇਗੀ। ਉਹ ਆਪ ਹੀ ਸਾਰੇ ਕੰਮ ਭੱਜ ਭੱਜ ਕਰਦੀ ਫਿਰਦੀ ਸੀ। ਹਰ ਕਿਸੇ ਨੂੰ ਕਹਿ ਰਹੀ ਸੀ ਕਿ ਛੋਟੇ ਕਾਕੇ ਦਾ ਵਿਆਹ ਕਰਨ ਮਗਰੋਂ ਉਸ ਦੀ ਜਾਨ ਛੁੱਟਣੀ ਹੈ, ਸਾਰੇ ਫਿਕਰਾਂ ਦਾ ਅੰਤ ਹੋ ਜਾਣਾ ਹੈ। ਜ਼ਿੰਮੇਵਾਰੀਆਂ ਤੋਂ ਮੁਕਤੀ ਮਿਲ ਜਾਣੀ ਹੈ। ਉਸਨੂੰ ਇਸ ਗੱਲ ਦਾ ਅਫਸੋਸ ਜ਼ਰੂਰ ਸੀ ਕਿ ਕੰਮ ਕਾਰ ਵਿਚ ਸਭ ਤੋਂ ਵੱਧ ਹੱਥ ਵਟਾਉਣ ਵਾਲ਼ੀ ਉਸ ਦੀ ਵੱਡੀ ਨੂੰਹ ਜਿੰਦਰ ਬੀਮਾਰ ਹੋਣ ਕਰਕੇ ਰਾਮ ਸਿੰਘ ਨਾਲ਼ ਨਹੀਂ ਸੀ ਆ ਸਕੀ। ਜੰਮੂ ਤੋਂ ਹਰੀਵੰਸ਼ ਆ ਗਿਆ ਸੀ ਤੇ ਉਰਵਸ਼ੀ ਨੇ ਵੀ ਬੱਚਿਆਂ ਸਮੇਤ ਦੇ ਵ ਦੇ ਵਿਆਹ ਤੱਕ ਦੋਰਾਹੇ ਰਹਿਣ ਦਾ ਵਚਨ ਦੇ ਦਿੱਤਾ ਸੀ। ਹੁਣ ਪਹਿਲਾਂ ਵਾਲ਼ੀ ਗੱਲ ਨਹੀਂ ਸੀ। ਘਰ ਵਿਚ ਲੈਟਰੀਨ ਬਾਥਰੂਮ ਬਣ ਚੁੱਕੇ ਸਨ ਤੇ ਸੌਣ ਲਈ ਵੀ ਚੰਗਾ ਪ੍ਰਬੰਧ ਹੋ ਜਾਣਾ ਸੀ। ਦੇਵ ਨਾਲ਼ ਵੀ ਉਹ ਖੁਸ਼ ਹੋ ਹੋ ਗੱਲਾਂ ਕਰ ਰਹੀ ਸੀ। ਸਭ ਪੁਰਾਣੀਆਂ ਤਲਖ਼ੀਆਂ ਨੂੰ ਭੁਲਾ ਕੇ ਆਪਣੀ ਸੱਸ ਭਾਗਵੰਤੀ ਨਾਲ਼ ਹੱਥ ਵਟਾ ਰਹੀ ਸੀ। ਸਤਿੰਦਰਪਾਲ ਨੇ ਰਸੋਈ ਦਾ ਸਾਰਾ ਕੰਮ ਸੰਭਾਲ਼ਿਆ ਹੋਇਆ ਸੀ ਤੇ ਰੋਜ਼ ਵਧੀਆ ਦਾਲ਼ਾਂ ਸਬਜ਼ੀਆਂ ਬਣ ਰਹੀਆਂ ਸਨ। ਇਸ ਵਾਰੀ ਵਿਆਹ ਕਰਨ ਦਾ ਤੌਰ ਤਰੀਕਾ ਪਹਿਲੇ ਵਿਆਹਾਂ ਨਾਲ਼ੋਂ ਬਿਲਕੁਲ ਭਿੰਨ ਸੀ। ਉਨ੍ਹਾਂ ਨੇ ਕੋਈ ਕੜਾਹੀ ਨਾ ਚੜ੍ਹਾਈ। ਲੋੜ ਮੁਤਾਬਕ ਮਠਿਆਈ ਹਲਵਾਈ ਦੀ ਦੁਕਾਨ ਤੋਂ ਹੀ ਖਰੀਦਣ ਦਾ ਫੈਸਲਾ ਕਰ ਲਿਆ। ਬਰਾਤ ਵਿਚ ਸ਼ਾਮਲ ਹੋਣ

ਲਈ ਉਨ੍ਹਾਂ ਨੇ ਪਰੇਮ ਤੋਂ ਬਿਨਾਂ ਕਿਸੇ ਨੂੰ ਨਾ ਕਿਹਾ, ਪਰ ਉਹ ਵੀ ਵਿੱਟਰ ਗਿਆ। ਜਗਦੀਸ਼ ਤੋਂ ਗਹਿਣੇ ਬਣਵਾਉਣ ਦੀ ਗੱਲ ਉਸ ਤੱਕ ਪਤਾ ਨਹੀਂ ਕਿਵੇਂ ਪਹੁੰਚ ਗਈ। ਉਸ ਨੇ ਇਸ ਗੱਲ ਦਾ ਐਨਾ ਗੁੱਸਾ ਕੀਤਾ ਕਿ ਸਾਫ਼ ਕਹਿ ਦਿੱਤਾ ਕਿ ਉਸ ਦਾ ਪਰਿਵਾਰ ਵਿਆਹ ਵਿਚ ਸ਼ਾਮਲ ਨਹੀਂ ਹੋਵੇਗਾ। ਸਲਾਹਪੁਰ ਤੋਂ ਇਕ ਦਿਨ ਪਹਿਲਾਂ ਦੇਵ ਦਾ ਮਾਮਾ ਘਨ੍ਹੱਈਆ ਤੇ ਉਸਦੇ ਦੋਨੋਂ ਦੋਸਤ ਬਸ਼ੀਰ ਅਤੇ ਮਾਨ ਸਿੰਘ ਸਾਇਕਲਾਂ ਤੇ ਪਹੁੰਚ ਗਏ। ਘਨ੍ਹੱਈਆ ਆਪਣੇ ਨਾਲ਼ ਲਲਤਾ ਨੂੰ ਲੈਕੇ ਨਹੀਂ ਸੀ ਆਇਆ ਕਿਉਂਕਿ ਉਸੇ ਦਿਨ ਖਮਾਣੋਂ ਉਸ ਦੀ ਭਤੀਜੀ ਦੀ ਰੋਕ ਸੀ।

ਬੀਨਾਂ ਵਾਲ਼ੇ ਵਾਜੇ ਦਾ ਮੁਖੀ ਜੰਗੀਰ ਬੇਅੰਤ ਦਾ ਯਾਰ ਸੀ। ਬੇਅੰਤ ਨੇ ਉਸ ਨੂੰ ਸਮਝਾ ਦਿੱਤਾ ਕਿ ਉਸ ਦੀ ਟੀਮ ਨੇ ਬਰਾਤ ਦੇ ਨਾਲ਼ ਨਹੀਂ ਸੀ ਜਾਣਾ। ਗਿਆਰਾਂ ਮਈ ਦੀ ਸ਼ਾਮ ਨੂੰ ਚਾਰ ਕੁ ਵਜੇ ਵਾਜਾ ਵਜਾ ਕੇ ਬਰਾਤ ਨੂੰ ਵਿਦਾ ਕਰਨਾ ਸੀ ਤੇ ਬਾਰਾਂ ਤਰੀਕ ਨੂੰ ਦਸ ਵਜੇ ਸਵੇਰੇ ਬਰਾਤ ਦੀ ਵਾਪਸੀ ਤੇ ਦੋਰਾਹੇ ਦੇ ਪੁਲ਼ ਤੋਂ ਉਨ੍ਹਾਂ ਦੇ ਘਰ ਤੱਕ ਕਾਰਾਂ ਦੇ ਮੂਹਰੇ ਮੂਹਰੇ ਵਾਜਾ ਵਜਾਉਂਦੇ ਆਉਣਾ ਸੀ। ਦੋਰਾਹੇ ਤੋਂ ਸ਼ਾਮੀਂ ਚਾਰ ਵਜੇ ਬਰਾਤ ਮੋਹਾਲ਼ੀ ਲਈ ਚੱਲ ਪਈ। ਪੰਦਰਾਂ ਬੰਦਿਆਂ ਦੀ ਬਰਾਤ ਲਈ ਚਾਰ ਕਾਰਾਂ ਇਕ ਦੂਜੇ ਦੇ ਪਿੱਛੇ ਜਾ ਰਹੀਆਂ ਸਨ। ਛੇ ਕੁ ਵਜੇ ਉਹ ਮੋਹਾਲ਼ੀ ਦੀ ਅੱਠ ਫੇਜ਼ ਵਿਚ ਇੰਦਰਾ ਦੀ ਕੋਠੀ ਲਾਗੇ ਪਹੁੰਚ ਗਏ । ਦੋਰਾਹੇ ਤਾਂ ਉਨ੍ਹਾਂ ਨੇ ਕੋਈ ਚਾਨਣੀ ਵੀ ਨਹੀਂ ਸੀ ਲਾਈ ਪਰ ਉੱਥੇ ਬਹੁਤ ਜਿਆਦਾ ਚਹਿਲ-ਪਹਿਲ ਸੀ। ਉਨ੍ਹਾਂ ਨੇ ਦੋਨਾਂ ਕੋਠੀਆਂ ਦੇ ਸਾਮ੍ਹਣੇ ਵੱਡਾ ਸ਼ਾਮਿਆਨਾ ਲਾਇਆ ਹੋਇਆ ਸੀ। ਬਰਾਤ ਪੁੱਜੀ ਦੇਖ ਪਿਤਲ਼ੀਏ ਵਾਜੇ ਵਾਲ਼ਿਆਂ ਨੇ ਧੁਨਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਬਹਿਰੇ ਮਠਿਆਈਆਂ, ਕੋਕਾ ਕੋਲਾ ਤੇ ਜੂਸ ਬਗੈਰਾ ਟਰੇਆਂ ਵਿਚ ਰੱਖ ਕੇ ਬਰਾਤੀਆਂ ਦੇ ਮੂਹਰੇ ਕਰਨ ਲੱਗੇ। ਮੇਲ਼ ਦੇ ਕੁਝ ਬੰਦਿਆਂ ਨੇ ਅੱਗੇ ਵਧ ਕੇ ਬਰਾਤੀਆਂ ਨੂੰ ਸ਼ੁਭ ਆਗਮਨ ਕਿਹਾ। ਬਰਾਤ ਨੂੰ ਸ਼ਾਮਿਆਨੇ ਵਿਚ ਲਿਜਾ ਕੇ ਮਿਲਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੇ ਇਕ ਇਕ ਕੰਬਲ ਤੇ ਇੱਕੀ ਇੱਕੀ ਰੁਪਏ ਸਾਰੇ ਬਰਾਤੀਆਂ ਦੀ ਵਡਿਆਈ ਦੇ ਦਿੱਤੇ। ਘਨੱਈਏ ਤੇ ਦੇਵ ਦੇ ਤਿੰਨਾਂ ਭਰਾਵਾਂ ਨੂੰ ਅੰਗੂਠੀਆਂ ਪਾਈਆਂ ਤੇ ਬਰਾਤੀਆਂ ਨਾਲ਼ੋਂ ਵੱਖਰੇ ਵਧੀਆ ਕੰਬਲ਼ਾਂ ਨਾਲ਼ ਸੌ ਸੌ ਰੁਪਏ ਦੀ ਵਡਿਆਈ ਕੀਤੀ। ਸ਼ਾਮਿਆਨੇ ਦੇ ਅੰਦਰ ਸਟਾਲ ਲੱਗੇ ਹੋਏ ਸਨ। ਬਰਾਤੀ ਅਤੇ ਮੇਲ਼ੀ ਇਕੱਠੇ ਹੀ ਖਾਣ ਪੀਣ ਲੱਗ ਪਏ। ਉੱਧਰੋਂ ਵਿਹਲੇ ਹੋ ਕੇ ਬਰਾਤੀਆਂ ਨੂੰ 'ਇੰਦਰਾ ਵਿਲਾ' ਵਿਚ ਹੀ ਉਤਾਰਿਆ ਗਿਆ। ਉਸ ਦੇ ਅੰਦਰ ਹੀ ਦਾਜ ਵਿਚ ਦਿੱਤਾ ਜਾਣ ਵਾਲ਼ਾ ਸਾਰਾ ਸਮਾਨ ਰੱਖਿਆ ਹੋਇਆ ਸੀ। ਵੱਡੇ ਵੱਡੇ ਪਲੰਘ, ਅਲਮਾਰੀਆਂ, ਕੁਰਸੀਆਂ, ਮੇਜ, ਸੋਫ਼ਾ ਸੈੱਟ, ਗੱਦੇ, ਰਜਾਈਆਂ, ਦਰੀਆਂ, ਭਾਂਡੇ ਟੀਂਡੇ... ਦੁਨੀਆਂ ਭਰ ਦਾ ਸਮਾਨ ਦੇਖ ਕੇ ਸਾਰੇ ਬਰਾਤੀ ਅਸ਼ ਅਸ਼ ਕਰ ਉੱਠੇ। ਉੱਥੇ ਇਕ ਨਵਾਂ ਰਾਜਦੂਤ ਮੋਟਰਸਾਇਕਲ ਖੜ੍ਹਾ ਸੀ, ਸਾਰੇ ਬਰਾਤੀ ਉਸ ਉੱਤੇ ਹੱਥ ਫੇਰ ਫੇਰ ਦੇਖਣ ਲੱਗੇ ਤੇ ਸਿਫਤਾਂ ਕਰਨ ਲੱਗੇ। ਉਹ ਘਨ੍ਹੱਈਏ ਨੂੰ ਕਹਿਣ ਲੱਗੇ, 'ਕਮਾਲ ਹੋ ਗਈ ਬਈ ਘਨ੍ਹੱਈਆ। ਬੜੇ ਅਮੀਰ ਲੋਕਾਂ ਨਾਲ਼ ਮੱਥਾ ਲਾਇਆ ਏ।'

'ਮੇਰੇ ਭਾਣਜੇ ਕਿਹੜਾ ਕਿਸੇ ਤੋਂ ਘੱਟ ਨੇ ਹੁਣ? ਪੜ੍ਹਾਈ ਲਿਖਾਈ ਕਰਕੇ ਹੀ ਬੰਦਾ ਵੱਡਾ ਹੋ ਸਕਦਾ ਏ। ਜੇ ਕੁਛ ਸੀ, ਤਾਂ ਹੀ ਅਗਲਿਆਂ ਨੇ ਮੱਥਾ ਜੋੜਿਆ।'

'ਹਾਂ ਬਈ ਹਾਂ... ਭਾਈ ਕਿਸਮਤ ਦੇ ਰੰਗ ਨੇ। ਸੋਚਿਆ ਹੋਊ ਸਾਡੀ ਬੂਆ ਨੇ ਕਦੀ ਕਿ ਮੁੰਡੇ ਘਰ ਨੂੰ ਇਸ ਤਰ੍ਹਾਂ ਚੁੱਕ ਲੈਣਗੇ?'

'ਬਈ ਮੁਸੀਬਤਾਂ ਵੀ ਵਿਚਾਰੀ ਨੇ ਬਹੁਤ ਕੱਟੀਆਂ। ਕਿਹੜਾ ਕੰਮ ਸੀ ਜਿਹੜਾ ਉਸ ਨੇ ਮਰਦਾਂ ਵਾਂਗ ਲੋਕਾਂ ਦੇ ਖੇਤਾਂ ਵਿਚ ਨਹੀਂ ਕੀਤਾ।'

'ਇਹ ਗੱਲਾਂ ਨਾ ਕਰੋ ਯਾਰ.... ਮਿੱਟੀ ਪਾਓ ਇਨ੍ਹਾਂ ਤੇ। ਹੁਣ ਦੇਖੋ ਉਹ ਕੀ ਏ। ਮਾੜੇ ਦਿਨਾਂ ਨੂੰ ਚੰਗਿਆਂ' ਚ ਬਦਲਣਾ ਬੰਦਿਆਂ ਦੇ ਹੱਥ ਵਸ ਹੁੰਦਾ ਏ। ਜੇ ਮੈਂ ਹੀ ਲਾਪਰਵਾਹ ਹੁੰਦਾ ਤਾਂ ਇਹ ਦਿਨ ਆਉਂਦੇ?' ਘਨ੍ਹੱਈਏ ਨੇ ਕਿਹਾ।

ਮੰਗਣੇ ਦੀ ਰਸਮ ਦੂਜੀ ਕੋਠੀ ਵਿਚ ਹੋਈ। ਘਨ੍ਹੱਈਏ ਨੇ ਸੂਟਾਂ, ਗਹਿਣਿਆਂ ਦਾ ਟਰੰਕ ਲਾਗੀ ਨੂੰ ਚੁਕਵਾ ਦਿੱਤਾ। ਦੋਨਾਂ ਧਿਰਾਂ ਨੇ ਇਕ ਦੂਜੇ ਨੂੰ ਸੂਟ ਗਹਿਣੇ ਬਗੈਰਾ ਦਿਖਾਏ। ਉਨ੍ਹਾਂ ਨੇ ਤਾਂ ਜਿਵੇਂ ਆਪਣੀ ਧੀ ਨੂੰ ਸਾਰਾ ਘਰ ਹੀ ਲੁਟਾ ਦਿੱਤਾ ਸੀ। ਘਨੱਈਆ ਕਹਿੰਦਾ ਰਿਹਾ, 'ਦੇਖੋ ਜੀ, ਭਾਈ ਸਾਬ੍ਹ ਜੀ ਤੁਸੀਂ ਤਾਂ ਬਹੁਤ ਵੱਧ ਕਰ ਦਿੱਤਾ।'

'ਕੋਈ ਨਾ ਜੀ, ਆਪਣੀ ਧੀ ਨੂੰ ਦਿੱਤਾ ਏ।' ਉਹ ਕਹਿੰਦੇ ਰਹੇ।

ਦਾਜ ਦੇ ਸਮਾਨ ਦੀ ਇਕ ਲਿਸਟ ਉਨ੍ਹਾਂ ਨੇ ਘਨ੍ਹੱਈਏ ਨੂੰ ਫੜਾ ਦਿੱਤੀ। ਵਰਮਾ ਜੀ ਨੇ ਦੇਵ ਨੂੰ ਇੱਕੀ ਹਜ਼ਾਰ ਰੁਪਏ ਦਾ ਚੈੱਕ ਦਿੰਦਿਆਂ ਕਿਹਾ, 'ਇਹ ਭਾਈ ਜੀਜਾ ਜੀ ਤੇ ਭੈਣ ਵਲੋਂ ਤੈਨੂੰ ਸ਼ਗਨ ਏਂ। ਸ਼ਗਨ ਤੈਨੂੰ ਮੈਂ ਵੀ ਦਿਆਂਗਾ ਪਰ ਆਪਾਂ ਦਿਖਾਵਾ ਨਹੀਂ ਕਰਨਾ।'

ਦੇਵ ਬੋਲਿਆ, 'ਮਾਮਾ ਜੀ ਇਹ ਚੈੱਕ ਵਾਪਸ ਕਰ ਦਿਓ। ਮੈਨੂੰ ਤਾਂ ਚਾਂਦੀ ਦਾ ਇਕ ਰੁਪਿਆ ਲਿਆ ਕੇ ਦਵੋ। ਵਿਆਹ ਵਿਚ ਮੈਂ ਕੋਈ ਕੈਸ਼ ਨਹੀਂ ਲੈਣਾ।'

'ਨਹੀਂ ਬੇਟਾ, ਇਹ ਤਾਂ ਅਸੀਂ ਜ਼ਰੂਰ ਦੇਣਾ ਏਂ।' ਇੰਦਰਾ ਦੀ ਮੰਮੀ ਬੋਲੀ।

'ਦੇਖੋ ਜੀ ਤੁਸੀਂ ਜ਼ਬਰਦਸਤੀ ਸਾਡੇ ਤੇ ਇਹ ਭਾਰ ਨਹੀਂ ਲੱਦ ਸਕਦੇ। ਮੇਰਾ ਭਰਾ ਨਹੀਂ ਚਾਹੁੰਦਾ ਤਾਂ ਤੁਸੀਂ ਜ਼ਬਰਦਸਤੀ ਕਿਵੇਂ ਕਰ ਸਕਦੇ ਹੋ?' ਰਾਮ ਸਿੰਘ ਨੇ ਕਿਹਾ ਤਾਂ ਸਾਰੇ ਹੱਸ ਪਏ। ਉਸ ਨੇ ਚੈੱਕ ਪ੍ਰਿੰਸੀਪਲ ਵਰਮਾ ਦੀ ਜੇਬ੍ਹ ਵਿਚ ਪਾ ਦਿੱਤਾ।

ਬਰਾਤੀਆਂ ਕੋਲ਼ ਉਨ੍ਹਾਂ ਨੇ ਚਿਕਨ, ਫਿੱਸ਼ ਤੇ ਵਿਸਕੀ, ਬੀਅਰ ਉਸੇ ਵੇਲ਼ੇ ਪੁਜਾ ਦਿੱਤੀ ਸੀ। ਛੇ ਜਾਂ ਸੱਤ ਬੰਦੇ ਹੋਣਗੇ ਪੀਣ ਵਾਲੇ, ਪਰ ਉਨ੍ਹਾਂ ਨੇ ਤਾਂ ਵਿਸਕੀ ਅਤੇ ਬੀਅਰ ਦੀਆਂ ਪੇਟੀਆਂ ਲਿਆ ਧਰੀਆਂ ਸਨ। ਮੰਗਣੇ ਦੀ ਰਸਮ ਪੂਰੀ ਹੋਣ ਮਗਰੋਂ ਦੇਵ ਨੂੰ ਤਾਂ ਉਨ੍ਹਾਂ ਨੇ ਰੋਕ ਲਿਆ, ਬਾਕੀ ਜਣੇ 'ਇੰਦਰਾ ਵਿਲਾ' ਵਿਚ ਚਲੇ ਗਏ। ਇਕ ਕਮਰੇ ਵਿਚ ਸੋਫ਼ੇ ਤੇ ਦੇਵ ਨੂੰ ਬਿਠਾ ਦਿੱਤਾ ਗਿਆ। ਛੇਤੀ ਹੀ ਇੰਦਰਾ ਨੂੰ ਵੀ ਕੁਝ ਔਰਤਾਂ ਉੱਥੇ ਲੈ ਆਈਆਂ। ਦੇਵ ਦੇਖਦਾ ਰਹਿ ਗਿਆ। ਉਸ ਨੇ ਲਹਿੰਗਾ ਪਹਿਨਿਆ ਹੋਇਆ ਸੀ ਤੇ ਵਾਲ਼ਾਂ ਦੀਆਂ ਲਿਟਾਂ ਨੂੰ ਕਲਿੱਪਾਂ ਨਾਲ਼ ਕਾਬੂ ਕੀਤਾ ਹੋਇਆ ਸੀ। ਦੇਵ ਰਸ਼ਕ ਮਹਿਸੂਸ ਕਰ ਰਿਹਾ ਸੀ। ਉਹ ਚਾਹੁੰਦਾ ਸੀ ਸਾਰੀ ਭੀੜ ਬਾਹਰ ਨਿਕਲ ਜਾਵੇ। ਉੱਥੇ ਕੇਵਲ ਉਹ ਤੇ ਇੰਦਰਾ ਹੀ ਹੋਣ। ਬਿਨਾਂ ਕੋਈ ਗੱਲ ਕੀਤੇ ਉਹ ਇਕ ਦੂਜੇ ਵੱਲ ਦੇਖੀ ਜਾ ਰਹੇ ਸਨ। ਇਕ ਫ਼ੋਟੋਗਰਾਫਰ ਵੱਖ ਵੱਖ ਪੋਜ਼ ਵਿਚ ਉਨ੍ਹਾਂ ਦੀਆਂ ਫੋਟੋਆਂ ਖਿੱਚ ਰਿਹਾ ਸੀ।

ਫੇਰਿਆਂ ਵੇਲ਼ੇ ਤੱਕ ਉੱਥੇ ਮੇਲ਼ ਦੇ ਦਸ ਬਾਰਾਂ ਮਰਦ ਔਰਤਾਂ ਹੀ ਰਹਿ ਗਏ ਸਨ।

ਪੰਡਤ ਜੀ ਦਾ ਪ੍ਰੋਗਰਾਮ ਬਹੁਤ ਲੰਬਾ ਅਤੇ ਬੋਰਿੰਗ ਸੀ। ਅੱਖਾਂ ਵਿਚ ਪੈ ਰਹੇ ਧੂੰਏਂ ਕਰਕੇ ਦੇਵ ਆਪਣੀਆਂ ਅੱਖਾਂ ਮਲ ਰਿਹਾ ਸੀ। ਇਕ ਕੁੜੀ ਨੇ ਦੇਵ ਦੇ ਕੰਨ ਲਾਗੇ ਮੂੰਹ ਕਰ ਕੇ ਕਿਹਾ, 'ਜੀਜਾ ਰੋਣ ਕਿਉਂ ਡਿਹੈਂ?'

'ਇਸ ਕਰਕੇ ਰੋਂਦਾਂ ਏ ਬਈ ਪੰਡਤ ਜੀ ਨੇ ਇਕੱਲੀ ਇੰਦਰਾ ਨੂੰ ਮੇਰੇ ਨਾਲ਼ ਤੋਰਨਾ ਏਂ, ਤੈਨੂੰ ਨਹੀਂ।' ਦੇਵ ਬੋਲਿਆ ਤਾਂ ਸਾਰੀਆਂ ਕੁੜੀਆਂ ਹੱਸ ਪਈਆਂ।

ਪੰਡਤ ਜੀ ਤੋਂ ਉਦੋਂ ਖਹਿੜਾ ਛੁੱਟਿਆ ਜਦੋਂ ਦਿਨ ਚੜਨ ਵਿਚ ਤਿੰਨ ਚਾਰ ਘੰਟੇ ਰਹਿ ਗਏ ਹੋਣਗੇ।

ਅਗਲ਼ੇ ਦਿਨ ਨਾਸ਼ਤਾ ਕਰਨ ਮਗਰੋਂ ਸਵੇਰੇ ਦਸ ਕੁ ਵਜੇ ਬਰਾਤ ਦੀ ਵਾਪਸੀ ਹੋਈ। ਇੰਦਰਾ ਦੇ ਮਾਪਿਆਂ ਨੇ ਫੁੱਲਾਂ ਨਾਲ਼ ਸਜੀ ਇਕ ਨਵੀਂ ਕਾਰ, ਜਿਸ ਉੱਤੇ ਫੁਲਕਾਰੀ ਪਾਈ ਹੋਈ ਸੀ, ਉਸ ਨੂੰ ਤੇ ਦੇਵ ਨੂੰ ਬਿਠਾ ਕੇ ਵਿਦਾਅ ਕੀਤਾ। ਵਰਮਾ ਜੀ ਨੇ ਦੱਸਿਆ ਕਿ ਕਾਰ ਵੀ ਉਸਦੀ ਭੈਣ ਤੇ ਜੀਜਾ ਜੀ ਨੇ ਨਵੀਂ ਜੋੜੀ ਨੂੰ ਤੋਹਫ਼ੇ ਵਜੋਂ ਦਿੱਤੀ ਸੀ। ਪ੍ਰਿੰਸੀਪਲ ਵਰਮਾ ਜੀ ਦਾ ਬੇਟਾ ਡਰਾਈਵਰ ਵਾਲ਼ੀ ਸੀਟ ਤੇ ਨਾਲ਼ ਬੈਠ ਗਿਆ। ਕਾਰ ਚੱਲੀ ਤਾਂ ਦੇਵ ਨੇ ਇੰਦਰਾ ਦਾ ਹੱਥ ਫੜ ਲਿਆ। ਦੇਵ ਨੇ ਹੌਲ਼ੀ ਦੇਣੇ ਕਿਹਾ, 'ਇੰਦਰਾ ਜੀ ਮੇਰੇ ਜੀਵਨ ਵਿਚ ਪ੍ਰਵੇਸ਼ ਕਰਨ ਤੇ ਤੁਹਾਨੂੰ ਜੀ ਆਇਆਂ ਨੂੰ। ਤੁਹਾਨੂੰ ਮੈਂ ਸਾਰੀ ਉਮਰ ਫੁੱਲਾਂ ਵਾਂਗ ਰੱਖਣ ਦਾ ਵਚਨ ਦਿੰਦਾ ਹਾਂ।'

'ਮੈਂ ਤੁਹਾਡੀ ਧੜਕਣ ਬਣ ਕੇ ਜੀਆਂਗੀ ਦੇਵ ਜੀ।' ਉਹ ਬੋਲੀ।

'ਮੈਂ ਤੁਹਾਥੋਂ ਬਿਨਾਂ ਕਿਸੇ ਹੋਰ ਨੂੰ ਉਨਾਂ ਹੀ ਪਿਆਰ ਕਰਦਾ ਹਾਂ, ਜਿੰਨਾ ਤੁਹਾਨੂੰ।' ਉਹ ਬੋਲਿਆ।

'ਤੁਹਾਡਾ ਕੀ ਮਤਲਬ ਦੇਵ ਜੀ?' ਇੰਦਰਾ ਨੇ ਉਸ ਵੱਲ ਅੱਖਾਂ ਚੁੱਕ ਕੇ ਦੇਖਿਆ।

'ਉਹ ਮੇਰੀ ਬੇਬੇ ਹੈ ਇੰਦਰਾ ਜੀ।' ਉਹ ਮੁਸਕਰਾਇਆ ਤਾਂ ਇੰਦਰਾ ਨੇ ਉਸ ਦਾ ਹੱਥ ਖਿੱਚ ਕੇ ਆਪਣੇ ਦੋਨਾਂ ਹੱਥਾਂ ਵਿਚ ਘੁੱਟ ਲਿਆ। ਫਿਰ ਬੋਲੀ, 'ਮੈਂ ਬੇਬੇ ਜੀ ਨੂੰ ਕੋਈ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਦਿਆਂਗੀ।' ਉਹ ਦੋਨੋਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਸਿਰੇ ਤੱਕ ਇਕ ਦੂਜੇ ਦੇ ਹੱਥ ਪਲ਼ੋਸਦੇ ਰਹੇ।

ਬਰਾਤ ਦੋਰਾਹੇ ਦੇ ਪੁਲ਼ ਤੇ ਪੁੱਜ ਗਈ। ਜੰਗੀਰ ਦੀ ਵਾਜਾ ਪਾਰਟੀ ਉੱਥੇ ਬੈਠੀ ਉਨ੍ਹਾਂ ਨੂੰ ਉਡੀਕ ਰਹੀ ਸੀ। ਸਜੀ-ਧਜੀ ਕਾਰ ਦੇਖ ਉਨ੍ਹਾਂ ਨੇ ਵਾਜਾ ਵਜਾਉਣਾ ਸ਼ੁਰੂ ਕਰ ਦਿੱਤਾ। ਸੜਕ ਉੱਤੇ ਸਭ ਤੋਂ ਮੂਹਰੇ ਉਹ ਤੇ ਪਿੱਛੇ ਲਾੜਾ-ਲਾੜੀ ਤੇ ਬਰਾਤੀਆਂ ਦੀਆਂ ਕਾਰਾਂ। ਹੌਲ਼ੀ-ਹੌਲ਼ੀ ਦੇਵ ਦੇ ਘਰ ਦੇ ਸਾਮ੍ਹਣੇ ਜਾ ਕੇ ਸੜਕ ਉੱਤੇ ਇਹ ਕਾਫਲਾ ਰੁਕ ਗਿਆ। ਬਰਾਤੀਆਂ ਦੀਆਂ ਕਾਰਾਂ ਇੱਧਰ-ਉੱਧਰ ਜਾ ਖੜ੍ਹੀਆਂ। ਉਨ੍ਹਾਂ' ਚੋਂ ਉਤਰ ਸਾਰੇ ਬੰਦੇ ਫੁੱਲਾਂ ਵਾਲ਼ੀ ਕਾਰ ਕੋਲ਼ ਆ ਖੜ੍ਹੇ। ਦੇਵ ਦੀ ਬੇਬੇ ਭਾਗਵੰਤੀ ਇਕ ਥਾਲ਼ ਵਿਚ ਲੱਡੂ, ਪਾਣੀ ਵਾਲ਼ੀ ਗੜਵੀ ਤੇ ਟਿੱਕਾ ਕਰਨ ਲਈ ਹਲਦੀ ਚੌਲ਼ ਰੱਖੀ ਗੀਤ ਗਾਉਂਦੀਆਂ ਤੀਵੀਆਂ ਦੇ ਝੁੰਡ ਨਾਲ਼ ਉਨ੍ਹਾਂ ਵੱਲ ਵਧ ਆਈ। ਉਹ ਮੁਸਕਰਾ ਰਹੀ ਸੀ ਤੇ ਚੁੰਨੀ ਉੱਤੇ ਲਏ ਮੋਟੇ ਦੋਸੜੇ ਦੀ ਕੰਨੀ ਦੰਦਾਂ ਵਿਚ ਘੁੱਟ ਰਹੀ ਸੀ। ਵਾਜੇ ਵਾਲ਼ੇ ਬੰਦ ਹੋਏ ਤਾਂ ਤੀਵੀਆਂ ਦਾ ਗੀਤ ਸੁਣਾਈ ਦੇਣ ਲੱਗਾ.... ਜਿੱਤ ਆਇਆ ਵੇ ਬੰਨਾ ਅੱਜ ਦੀ ਘੜੀ। ਕਿਸੇ ਕੁੜੀ ਨੇ ਕਾਰ ਦਾ ਦਰਵਾਜ਼ਾ

ਖੋਲ੍ਹਿਆ ਤਾਂ ਪਹਿਲਾਂ ਦੇਵ ਤੇ ਫਿਰ ਲਾਲ ਸੂਹੇ ਕੱਪੜਿਆਂ' ਚ ਲਿਪਟੀ ਦੁਲਹਨ ਇੰਦਰਾ ਬਾਹਰ ਨਿਕਲ਼ ਆਈ। ਉਹ ਦੋਨੋਂ ਨਾਲ਼ ਜੁੜ ਕੇ ਖੜ੍ਹੇ ਹੋ ਗਏ ਤੇ ਮੁਸਕਰਾਉਣ ਲੱਗੇ। ਦੇਵ ਦੀ ਬੇਬੇ ਬੋਲੀ, 'ਆ ਵੇ ਮੇਰਿਆ ਪੁੱਤਾ... ਆ ਨੀ ਮੇਰੀਏ ਰਾਣੀਏ ਧੀਏ... ਗਲ਼ੇ ਲੱਗ ਜਾਓ ਮੇਰੇ... ਪਾ ਦਿਓ ਠੰਡ ਮੇਰੇ ਸੀਨੇ' ਚ।'

ਉਸ ਨੇ ਹਲ਼ਦੀ ਚੌਲਾਂ ਦਾ ਟਿੱਕਾ ਪਹਿਲਾਂ ਇੰਦਰਾ ਤੇ ਫਿਰ ਦੇਵ ਦੇ ਮੱਥੇ ਤੇ ਲਾਇਆ। ਫਿਰ ਦੋਨਾਂ ਉੱਤੋਂ ਗੜਵੀ ਵਾਰ ਕੇ ਆਪਣੇ ਮੂੰਹ ਵਿਚ ਪਾਣੀ ਦੀ ਧਾਰ ਸੁੱਟੀ। ਲਾਗੇ ਖੜ੍ਹੀ ਕੁੜੀ ਨੂੰ ਥਾਲੀ ਫੜਾ ਇਕ ਲੱਡੂ ਚੁੱਕ ਕੇ ਤੋੜਿਆ ਤੇ ਦੋਹਾਂ ਦੇ ਮੂੰਹ ਵਿਚ ਭੋਰਾ ਭੋਰਾ ਪਾ ਦਿੱਤਾ। ਫਿਰ ਦੋਨਾਂ ਦੁਆਲ਼ੇ ਬਾਹਾਂ ਵਲ਼ਾ ਕੇ ਬੋਲੀ, 'ਇਸ ਦਿਨ ਨੂੰ ਤਾਂ ਮੈਂ ਪਤਾ ਨਹੀਂ ਕਦੋਂ ਦੀ ਉਡੀਕ ਰਹੀ ਸੀ ਮੇਰੇ ਬੱਚਿਓ। ਅੱਜ ਵਿਹਲੀ ਹੋਈ ਹਾਂ ਮੈਂ। ਤੁਹਾਡੇ ਫਿਕਰਾਂ ਨੇ ਤਾਂ ਮੇਰੀ ਸਾਰੀ ਉਮਰ ਭੂਤਨੀ ਭੁਲਾਈ ਰੱਖੀ।'

'ਆਪਣੇ ਸਾਰੇ ਫਿਕਰ ਹੁਣ ਮੈਨੂੰ ਦੇ ਦਵੋ ਬੇਬੇ ਜੀ।' ਇੰਦਰਾ ਨੇ ਉਸਦੇ ਕੰਨ ਕੋਲ਼ ਮੂੰਹ ਕਰ ਕੇ ਕਿਹਾ। ਉਹ ਤਾਂ ਦੋਨਾਂ ਨੂੰ ਛੱਡ ਹੀ ਨਹੀਂ ਸੀ ਰਹੀ। ਪਹਿਲਾਂ ਉਸ ਦੀ ਖੱਬੀ ਬਾਂਹ ਹੇਠਾਂ ਡਿਗੀ, ਫਿਰ ਸੱਜੀ। ਫਿਰ ਉਸ ਦੀ ਗਰਦਣ ਲੁੜ੍ਹਕ ਗਈ ਤੇ ਦੋਹਾਂ ਦੇ ਹੱਥਾਂ' ਚੋਂ ਫਿਸਲਦੀ ਜ਼ਮੀਨ ਤੇ ਢੇਰੀ ਹੋ ਗਈ। ਦੇਵ ਨੇ 'ਬੇਬੇ' ਆਖ ਚੀਖ਼ ਮਾਰੀ।

'ਕੀ ਹੋ ਗਿਆ ਬੇਬੇ ਜੀ ਤੁਹਾਨੂੰ?' ਇੰਦਰਾ ਹੇਠ ਬਹਿੰਦੀ ਉਸਦੀਆਂ ਬਾਹਾਂ ਫੜਦੀ ਬੋਲੀ। ਆਲੇ-ਦੁਆਲੇ ਖੜ੍ਹੇ ਬੰਦਿਆਂ' ਚ ਸ਼ੋਰ ਮਚ ਗਿਆ। ਘਨ੍ਹੱਈਆ ਦੌੜਿਆ ਆਇਆ ਤੇ ਬੋਲਿਆ, 'ਕੀ ਹੋਇਆ ਤੈਨੂੰ ਭੈਣ ਮੇਰੀਏ... ਏ ਭਾਗਵੰਤੀ... ਭਾਗਵੰਤੀ... ਕੀ ਹੋਇਆ ਤੈਨੂੰ?'

ਕਈ ਬੰਦਿਆਂ ਨੇ ਉਸਨੂੰ ਚੁੱਕ ਲਿਆ ਤੇ ਡਾਕਟਰ ਵੱਲ ਨੂੰ ਦੌੜੇ। ਚਾਰ ਕੁ ਦੁਕਾਨਾਂ ਛੱਡ ਕੇ ਡਾਕਟਰ ਰਾਜਵੰਤ ਦੀ ਦੁਕਾਨ ਸੀ। ਟੇਬਲ ਤੇ ਲਿਟਾ ਉਹ ਸਟੈਥੋਸਕੋਪ ਨਾਲ਼ ਚੈਕ ਕਰਨ ਲੱਗਾ ਤੇ ਬੋਲਿਆ, 'ਮਾਸਟਰ ਜੀ, ਛੱਡ ਗਈ ਸਾਥ ਤੁਹਾਡੀ ਬੇਬੇ।'

ਇਕ ਦਮ ਰੋਣ-ਪਿੱਟਣ ਪੈ ਗਿਆ। ਕਿਸੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਸਭ ਸੁੰਨ ਹੋ ਗਏ। ਘਨ੍ਹੱਈਆ ਸੜਕ ਤੇ ਬੈਠ ਧਾਹਾਂ ਮਾਰਨ ਲੱਗ ਪਿਆ। ਬੇਅੰਤ, ਹਰੀਵੰਸ਼, ਰਾਮ ਸਿੰਘ, ਦੇਵ ਸਭ ਰੋਣ ਲੱਗੇ। ਪਰ ਰੋਇਆਂ-ਪਿੱਟਿਆਂ ਕੌਣ ਕਦੀ ਮੁੜਿਆ। ਦੇਵ ਦੀ ਬੇਬੇ ਆਪਣਾ ਸਫ਼ਰ ਪੂਰਾ ਕਰ ਗਈ ਸੀ। ਲਾਸ਼ ਨੂੰ ਚੁੱਕ ਘਰ ਲਿਆਂਦਾ ਗਿਆ। ਘਨ੍ਹੱਈਏ ਨੇ ਆਪਣਾ ਸਿਰ ਉਸ ਦੇ ਪੈਰਾਂ ਨਾਲ਼ ਜੋੜ ਦਿੱਤਾ ਤੇ ਵਿਰਲਾਪ ਕਰਨ ਲੱਗ ਪਿਆ, 'ਉਠ ਖੜ ਮੇਰੀ ਭੈਣੇ ਉਠ ਖੜ੍ਹ। ਕੀ ਧਰੋਹ ਕਮਾ ਗਈ ਤੂੰ? ਕਿਸੇ ਤੋਂ ਸੇਵਾ ਨਾ ਕਰਾਈ ਤੂੰ.... ਮਰਨ ਵਾਲ਼ੀ ਤਾਂ ਤੂੰ ਹੈ ਨਹੀਂ ਸੀ।'

**00**

# ਇਕ ਸੌ ਛੱਤੀ

ਚਾਰੇ ਭਰਾ ਤੇ ਉਨ੍ਹਾਂ ਦਾ ਮਾਮਾ ਘਨ੍ਹੱਈਆ ਘਰ' ਚ ਮੌਜੂਦ ਸਨ। ਰੁੱਸੇ ਹੋਏ ਪ੍ਰੇਮ ਤੇ ਸ਼ਕੁੰਤਲਾ ਵੀ ਸਭ ਕੁਝ ਭੁੱਲ-ਭੁਲਾ ਕੇ ਇਸ ਔਖੀ ਘੜੀ ਵਿਚ ਹੰਝੂ ਸੁੱਟਦੇ ਉਨ੍ਹਾਂ ਦੇ

ਘਰ ਆ ਵੜੇ ਸਨ। ਮੋਹਾਲ਼ੀ ਤੋਂ ਇੰਦਰਾ ਦੇ ਮਾਂ-ਬਾਪ ਤੇ ਲੁਧਿਆਣੇ ਵਾਲ਼ੇ ਉਸ ਦੇ ਮਾਮਾ-ਮਾਮੀ ਵਿਆਹ ਦੀਆਂ ਖੁਸ਼ੀਆਂ ਭੁੱਲ ਸੋਗ ਵਿਚ ਸ਼ਾਮਲ ਹੋ ਗਏ ਸਨ। ਹੁਣ ਕੋਈ ਨਜ਼ਦੀਕੀ ਰਿਸ਼ਤੇਦਾਰ ਨਹੀਂ ਸੀ ਜਿਸ ਦੀ ਸਸਕਾਰ ਤੇ ਪਹੁੰਚਣ ਲਈ ਉਡੀਕ ਕੀਤੀ ਜਾਂਦੀ। ਸੋ ਨਲ੍ਹਾਈ-ਧੁਆਈ ਤੇ ਮੜ੍ਹੀਆਂ ਵਿਚ ਲੱਕੜਾਂ ਪਾਥੀਆਂ ਪੁਜਾਉਣ ਦਾ ਕੰਮ ਸ਼ੁਰੂ ਹੋ ਗਿਆ। ਭਾਗਵੰਤੀ ਦੇ ਸੰਦੂਖ਼' ਚੋਂ ਉਸ ਵੱਲੋਂ ਪਹਿਲਾਂ ਹੀ ਸਿਲਾ ਕੇ ਰੱਖਿਆ ਕੱਫਣ ਤਿਆਰੀ ਵਿਚ ਅੱਗੇ ਲੱਗੀਆਂ ਬੁੜ੍ਹੀਆਂ ਨੂੰ ਦੇ ਦਿੱਤਾ ਗਿਆ। ਚਾਰੇ ਭਰਾਵਾਂ ਨੇ ਆਪਣੀ ਬੇਬੇ ਦੀ ਅਰਥੀ ਨੂੰ ਮੋਢਾ ਦਿੱਤਾ ਤੇ ਰੋਂਦੇ ਕੁਰਲਾਉਂਦੇ ਤੁਰ ਪਏ। ਘਨ੍ਹੱਈਏ ਨੂੰ ਬਸ਼ੀਰ ਅਤੇ ਮਾਨ ਨੇ ਫੜਿਆ ਹੋਇਆ ਸੀ ਤੇ ਉਹ ਆਪਣੀ ਵਿੱਛੜੀ ਭੈਣ ਨੂੰ ਰੋ ਰੋ ਕੇ ਹਾਕਾਂ ਮਾਰਦਾ ਜਾ ਰਿਹਾ ਸੀ। ਲੱਕੜਾਂ ਦੀ ਚਿਣਾਈ ਸਮੇਂ ਉਹ ਆਪਣੀ ਭੈਣ ਦੀ ਲਾਸ਼ ਲਾਗੇ ਬੈਠ ਆਪਣੇ ਵਾਲ਼ ਨੋਚਣ ਲੱਗ ਪਿਆ। ਫਿਰ ਉੱਚੀ ਉੱਚੀ ਹਾਕਾਂ ਮਾਰਦਾ ਬੇਹੋਸ਼ ਹੋ ਗਿਆ। ਕੁਝ ਬੰਦਿਆਂ ਨੇ ਉਸਨੂੰ ਖਿੱਚ ਕੇ ਇਕ ਪਾਸੇ ਕਰ ਦਿੱਤਾ। ਉਸਦੇ ਦੰਦ ਖੋਲ੍ਹੇ। ਪਾਣੀ ਪਿਲਾਇਆ। ਉਹ ਹੋਸ਼ ਵਿਚ ਆਇਆ ਤਾਂ ਸਮਝਾਉਣ ਲੱਗ ਪਏ ਕਿ ਹੌਸਲਾ ਫੜੇ, ਤਕੜਾ ਹੋਵੇ। ਉਸ ਦੀ ਭੈਣ ਦੇ ਜਿੰਨੇ ਸਵਾਸ ਲਿਖੇ ਸਨ, ਉਹ ਪੂਰੇ ਹੋ ਗਏ ਸਨ। ਰਾਮ ਸਿੰਘ ਨੇ ਅੱਗ ਦਿਖਾਈ ਤਾਂ ਦੇਵ ਨੂੰ ਚੇਤੇ ਆਇਆ ਕਿ ਉਸ ਦੀ ਬੇਬੇ ਕਿਹਾ ਕਰਦੀ ਸੀ ਕਿ ਉਸ ਨੂੰ ਆਸ਼ਾਬਾਦ ਦੇ ਸਿਵਿਆਂ ਵਿਚ ਹੀ ਫੂਕਣਾ, ਜਿੱਥੇ ਉਸ ਦੇ ਪਿਉ ਨੂੰ ਦਾਗ ਲਾਇਆ ਸੀ। ਦੇਵ ਨੇ ਸੋਚਿਆ ਕਿ ਉਸ ਦੀ ਅਜਿਹੀ ਇੱਛਾ ਨਿਰਮੂਲ ਹੀ ਸੀ। ਉਹ ਚਾਹੁੰਦੀ ਸੀ ਕਿ ਉਹ ਮਰਨ ਮਗਰੋਂ ਆਪਣੇ ਪਿਆਰਿਆਂ ਦੀ ਮਿੱਟੀ ਵਿਚ ਹੀ ਸਮਾਵੇ। ਘਰ ਨੂੰ ਵਾਪਸ ਪਰਤਦਿਆਂ ਉਸ ਨੇ ਇਹ ਗੱਲ ਬੇਅੰਤ ਨੂੰ ਦੱਸੀ ਤਾਂ ਉਹ ਬੋਲਿਆ, 'ਆਪਣਾ ਪਿਓ ਕਿਹੜਾ ਹੁਣ ਉੱਥੇ ਬੈਠਾ ਬੇਬੇ ਨੂੰ ਉਡੀਕ ਰਿਹਾ ਸੀ। ਜੋ ਮਰ ਹੀ ਗਿਆ, ਉਸਦਾ ਪਿੱਛੇ ਕੀ ਰਹਿੰਦਾ ਹੋਊ? ਐਵੇਂ ਭੁਲੇਖੇ ਨੇ ਬੰਦੇ ਦੇ। ਕੀ ਆਸ਼ਾਬਾਦ ਦੇ ਸਿਵੇ ਤੇ ਕੀ ਦੋਰਾਹੇ ਦੀਆਂ ਮੜ੍ਹੀਆਂ... ਕੌਣ ਕਿਸੇ ਨੂੰ ਮਿਲਦਾ ਏ ਮਰਨ ਮਗਰੋਂ। ਜਿਵੇਂ ਜ਼ਿੰਦਗੀ ਤੋਂ ਪਹਿਲਾਂ ਕੁਝ ਨਹੀਂ, ਉਵੇਂ ਮੌਤ ਤੋਂ ਬਾਅਦ ਵੀ ਨਹੀਂ।'

ਘਰ ਪਰਤਣ ਮਗਰੋਂ ਉਨ੍ਹਾਂ ਨੇ ਕਿਰਾਏ ਤੇ ਲਿਆ ਕੇ ਦੋ ਦਰੀਆਂ ਵਿਛਾ ਦਿੱਤੀਆਂ ਤਾਂ ਕਿ ਅਫ਼ਸੋਸ ਕਰਨ ਲਈ ਆਉਣ ਵਾਲ਼ੇ ਬੰਦੇ ਬੈਠ ਸਕਣ। ਬਸ਼ੀਰ ਅਤੇ ਘਨ੍ਹੱਈਆ ਤਾਂ ਦੋਰਾਹੇ ਹੀ ਰਹੇ ਉਨ੍ਹਾਂ ਮਾਨ ਸਿੰਘ ਨੂੰ ਇਹ ਕਹਿ ਕੇ ਤੋਰ ਦਿੱਤਾ ਕਿ ਪਿੰਡ ਜਾ ਕੇ ਲਲਤਾ ਨੂੰ ਇਹ ਸਾਰੀ ਗੱਲ ਹੌਲ਼ੀ-ਹੌਲ਼ੀ ਦੱਸੇ। ਉਹ ਤਾਂ ਪਹਿਲਾਂ ਹੀ ਬੀਮਾਰ ਚੱਲ ਰਹੀ ਸੀ। ਦਰੀਆਂ ਉੱਤੇ ਘਰ ਦੇ ਅਤੇ ਅਫ਼ਸੋਸ ਕਰਨ ਵਾਲ਼ੇ ਬੰਦੇ ਆ ਕੇ ਬੈਠਣ ਲੱਗੇ। ਔਰਤਾਂ ਅੰਦਰ ਕਮਰੇ ਵਿਚ ਹੀ ਇਕੱਠੀਆਂ ਹੋਣ ਲੱਗੀਆਂ। ਉਨ੍ਹਾਂ ਵਿਚ ਸੂਹੇ ਕੱਪੜੇ ਅਤੇ ਕਾਫ਼ੀ ਸਾਰੇ ਗਹਿਣੇ ਪਾਈ ਇੰਦਰਾ ਵੀ ਬੈਠੀ ਹੋਈ ਸੀ। ਉਸ ਦੇ ਹਿਰਾਸੇ ਚਿਹਰੇ ਵੱਲ ਦੇਖ ਹਰ ਕਿਸੇ ਦੀ ਧਾਅ ਨਿਕਲ਼ਦੀ। ਬਸ਼ੀਰ ਨਲ਼ਕਾ ਗੇੜ ਗੇੜ ਸਭ ਨੂੰ ਪਾਣੀ ਪਿਲਾਉਣ ਲੱਗਾ ਤੇ ਘਨ੍ਹੱਈਆ ਦਰੀ ਉੱਤੇ ਹੀ ਗੁੱਛਾ-ਮੁੱਛਾ ਹੋ ਕੇ ਲੇਟ ਗਿਆ। ਸ਼ਕੁੰਤਲਾ ਆਪਣੇ ਘਰ ਜਾ ਕੇ ਚਾਹ ਦਾ ਇਕ ਜੱਗ ਬਣਾ ਲਿਆਈ। ਪਰੇਮ ਗਿਲਾਸਾਂ ਵਿੱਚ ਚਾਹ ਪਾ ਕੇ ਦਰੀਆਂ ਤੇ ਬੈਠੇ ਬੰਦਿਆਂ ਅਤੇ ਸ਼ਕੁੰਤਲਾ, ਸਤਿੰਦਰਪਾਲ ਅੰਦਰ ਬੈਠੀਆਂ ਔਰਤਾਂ ਨੂੰ ਫੜਾਉਣ ਲੱਗ

ਪਈਆਂ। ਚਾਹ ਤਾਂ ਦੋ ਚਾਰ ਜਣਿਆਂ ਨੇ ਹੀ ਪੀਤੀ ਹੋਵੇਗੀ। ਹਰ ਕੋਈ ਕਹੀ ਜਾਵੇ, 'ਨਾ ਭਾਈ ਸਾਊ... ਇਹ ਕੰਮ ਨਾ ਕਰੋ। ਚਾਹ ਕਿਤੇ ਨਿਘਰਦੀ ਏ।'

ਸ਼ਕੁੰਤਲਾ ਚਾਹ ਦਾ ਗਿਲਾਸ ਇੰਦਰਾ ਨੂੰ ਫੜਾ ਕੇ ਉਸ ਨੂੰ ਆਪਣੀ ਗੋਦ' ਚ ਲੈਂਦੀ ਬੋਲੀ, 'ਬਹੂ ਭਾਈ ਮੈਂ ਤੇਰੀ ਨਣਦ ਹਾਂ ਸ਼ਕੁੰਤਲਾ। ਮਨ ਮੁਟਾਵ ਸੀਗਾ, ਸਾਡਾ ਆਪਸ ਵਿਚ। ਵਿਆਹ' ਚ ਨਹੀਂ ਵੜੇ। ਨੌਂਹਾਂ ਤੋਂ ਮਾਸ ਕਿਤੇ ਜੁਦਾ ਹੁੰਦਾ ਏ? ਮਾਸੀ ਮਰ ਕੇ ਕਰਾ ਗਈ ਸਭ ਗਿਲੇ ਸ਼ਿਕਵੇ ਦੂਰ। ਭਰ ਲੈ ਚਾਹ ਦੇ ਦੋ ਘੁੱਟ।'

'ਨਹੀਂ ਦੀਦੀ ਜੀ... ਮੇਰਾ ਚਿੱਤ ਨੀ ਕਰਦਾ।' ਇੰਦਰਾ ਬੋਲੀ।

'ਖਾਣਾ-ਪੀਣਾ ਕਿਤੇ ਛੁੱਟਦਾ ਹੁੰਦੈ ਬਹੂ... ਭਰ ਲੈ ਦੋ ਘੁੱਟ ਬੀਬੀ ਰਾਣੀ ਬਣਕੇ। ਮਾਸੀ ਹੁੰਦੀ ਤਾਂ ਉਹਨੇ ਲੱਖ ਚਾਉ ਕਰਨੇ ਸੀ ਤੇਰੇ। ਲੈਕੇ ਤੁਰ ਗਈ ਦਿਲ ਦੀਆਂ ਦਿਲ ਵਿਚ।' ਸ਼ਕੁੰਤਲਾ ਬੋਲਦੀ ਆਪਣੀ ਚੁੰਨੀ ਨਾਲ਼ ਅੱਖਾਂ ਵੀ ਪੂੰਝਦੀ ਰਹੀ। ਇੰਦਰਾ ਹੌਲ਼ੀ-ਹੌਲ਼ੀ ਚਾਹ ਦੇ ਘੁੱਟ ਭਰਨ ਲੱਗ ਪਈ।

ਪ੍ਰਿੰਸੀਪਲ ਵਰਮਾ ਜੀ ਤੇ ਦੇਵ ਦੇ ਸੱਸ ਸਹੁਰਾ ਜਾਣ ਲੱਗੇ ਤਾਂ ਦੇਵ ਅਤੇ ਇੰਦਰਾ ਗਲ਼ੀ ਵਿਚ ਉਨ੍ਹਾਂ ਲਾਗੇ ਚਲੇ ਗਏ। ਦੇਵ ਬੋਲਿਆ, 'ਮਾਮਾ ਜੀ, ਐਥੇ ਦਾ ਮਾਹੌਲ ਤਾਂ ਗਮਗੀਨ ਰਹਿਣਾ ਏਂ। ਇੰਦਰਾ ਨੂੰ ਚਾਹੇ ਲੁਧਿਆਣੇ ਲੈ ਜਾਓ ਚਾਹੇ ਮੋਹਾਲ਼ੀ। ਭੋਗ ਵਾਲ਼ੇ ਦਿਨ ਲੈ ਆਉਣਾ। ਇਹ ਵਿਚਾਰੀ ਐਥੇ ਕਿਉਂ ਪਰੇਸ਼ਾਨ ਹੋਵੇ।'

ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ ਇੰਦਰਾ ਨੇ ਕਿਹਾ, 'ਨਹੀਂ ਮਾਮਾ ਜੀ, ਜਾਓ ਤੁਸੀਂ। ਮੈਂ ਤਾਂ ਐਥੇ ਹੀ ਰਹਾਂਗੀ। ਦੁੱਖ ਦੀ ਇਸ ਘੜੀ ਵਿਚ ਇਨ੍ਹਾਂ ਦਾ ਸਾਥ ਮੈਂ ਨਹੀਂ ਦਿਆਂਗੀ ਤਾਂ ਕੌਣ ਦੇਵੇਗਾ?'

ਦੇਵ ਨੇ ਕਾਫ਼ੀ ਜ਼ੋਰ ਪਾਇਆ ਕਿ ਐਥੇ ਤਾਂ ਮਕਾਣਾਂ ਵੀ ਆਉਣਗੀਆਂ ਤੇ ਅਫ਼ਸੋਸ ਕਰਨ ਵਾਲ਼ਿਆਂ ਦਾ ਤਾਂਤਾ ਵੀ ਲੱਗਿਆ ਰਹੇਗਾ, ਪਰ ਇੰਦਰਾ ਜਾਣ ਲਈ ਨਾ ਮੰਨੀ। ਉਹ ਚਲੇ ਗਏ ਤਾਂ ਦੇਵ ਨੇ ਅੱਖਾਂ ਭਰ ਕੇ ਕਿਹਾ, 'ਇੰਦਰਾ ਮਾਈ ਡੀਅਰ... ਤੁਹਾਡਾ ਬਹੁਤ ਧੰਨਵਾਦ। ਤੁਹਾਡੀ ਗੱਲ ਤੋਂ ਮੈਨੂੰ ਬਹੁਤ ਹੌਸਲਾ ਮਿਲਿਆ ਏ। ਮੈਂ ਨੀ ਡੋਲਦਾ ਹੁਣ। ਤੇ ਰੇ ਸਾਥ ਨਾਲ਼ ਮੇਰਾ ਹੌਸਲਾ ਵਧ ਗਿਆ ਏ।'

'ਦੇਵ ਜੀ, ਆਪਣੇ ਤੇ ਰੱਬ ਦੀ ਮਾਰ ਪਈ ਏ, ਘਬਰਾਈਏ ਕਿਉਂ? ਅਸੀਂ ਇਕ ਦੂਜੇ ਲਈ ਬਣੇ ਹਾਂ। ਦੁੱਖ ਵੇਲੇ ਵੀ, ਸੁੱਖ ਵੇਲੇ ਵੀ। ਸਮਾਂ ਸਭ ਜ਼ਖ਼ਮ ਭਰ ਦੇਵੇਗਾ। ਦਿਲ ਨਾ ਛੱਡੋ।' ਉਹ ਬੋਲੀ।

ਬਾਹਰ ਦਰੀਆਂ ਤੇ ਬੈਠੇ ਲੋਕਾਂ ਨੂੰ ਵੀ ਬਹੁਤਾ ਤਰਸ ਨਵੀਂ ਆਈ ਬਹੁ ਤੇ ਹੀ ਆ ਰਿਹਾ ਸੀ, ਜਿਸ ਨੂੰ ਘਰ ਪ੍ਰਵੇਸ਼ ਤੋਂ ਪਹਿਲਾਂ ਹੀ ਸੱਸ ਦੀ ਮੌਤ ਦਾ ਸਾਮ੍ਹਣਾ ਕਰਨਾ ਪਿਆ ਸੀ। ਹਰ ਕੋਈ ਕਹਿ ਰਿਹਾ ਸੀ ਕਿ ਰੱਬ ਦੇਵ ਦੀ ਬੇਬੇ ਨੂੰ ਆਪਣੀ ਬਹੂ ਦਾ ਚਾਰ ਦਿਨ ਚਾਅ ਤਾਂ ਕਰ ਲੈਣ ਦਿੰਦਾ। ਅਜਿਹਾ ਕਿਹੜਾ ਉਹ ਤੋਂ ਬਿਨਾਂ ਉਸ ਦਾ ਗੱਡਾ ਅੜਿਆ ਹੋਇਆ ਸੀ ਕਿ ਧੱਕਾ ਲਾਉਣ ਲਈ ਸੱਦ ਲਈ। ਉੱਥੋਂ ਗੱਲ ਸ਼ੁਰੂ ਹੋ ਕੇ ਹੋਰ ਦੀ ਹੋਰ ਪਾਸੇ ਨਿਕਲ਼ ਜਾਂਦੀ। ਹਰ ਕੋਈ ਹੋਈਆਂ ਅਜਿਹੀਆਂ ਮੌਤਾਂ ਦਾ ਜ਼ਿਕਰ ਕਰਨਾ ਸ਼ੁਰੂ ਕਰ ਦਿੰਦਾ ਜਿਹੜੀਆਂ ਇਸ ਮੌਤ ਨਾਲ਼ੋਂ ਵੀ ਭਿਆਨਕ ਸਨ ਤੇ ਪਿੱਛੇ ਰਹਿ ਗਏ ਲੋਕਾਂ ਨੂੰ ਫਿਰ

ਵੀ ਜਿਊਣਾ ਪੈ ਰਿਹਾ ਸੀ। ਜਦੋਂ ਅਫ਼ਸੋਸ ਕਰਨ ਵਾਲ਼ੇ ਕਿਣਮਿਣਕਾਣੀ ਹੋ ਗਏ ਤੇ ਘਰ-ਘਰ ਦੇ ਬੰਦੇ ਰਹਿ ਗਏ ਤਾਂ ਸ਼ਕੁੰਤਲਾ ਆਪਣੇ ਘਰੋਂ ਰੋਟੀਆਂ ਦਾ ਛਾਬਾ ਤੇ ਦਾਲ਼ ਨਾਲ਼ ਭਰਿਆ ਡੋਲੂ ਚੁੱਕ ਲਿਆਈ। ਉਹ ਬੋਲੀ, 'ਲਓ ਭਾਈ ਰੋਟੀ ਖਾਓ ਸਾਰੇ ਜਣੇ ਬਹਿ ਕੇ । ਮਰਿਆਂ ਨਾਲ਼ ਮਰ ਨੀ ਹੁੰਦਾ। ਢਿੱਡਾਂ ਨੂੰ ਤਾਂ ਝੁਲਕਾ ਦੇਣਾ ਹੀ ਪੈਣੈ ਜਿਉਂਦੇ ਜੀਅ।'

ਜਿਹੜਾ ਵੀ ਮਨ੍ਹਾਂ ਕਰਦਾ ਉਹ ਉਸ ਦੇ ਮੂੰਹ ਵਿਚ ਗਰਾਹੀਆਂ ਪਾਉਣ ਤੱਕ ਜਾਂਦੀ। ਉਸ ਨੇ ਇੰਦਰਾ ਦੇ ਕੋਲ਼ ਬੈਠ ਆਪ ਤੋੜ ਤੋੜ ਕੇ ਰੋਟੀ ਦੀਆਂ ਬੁਰਕੀਆਂ ਖੁਆਈਆਂ। ਸ਼ਾਇਦ ਸ਼ਕੁੰਤਲਾ ਦੇ ਐਨੇ ਚੰਗੇ ਸੁਭਾਅ ਨੂੰ ਦੇਖ ਕੇ ਹੀ ਇੰਦਰਾ ਨੇ ਕਈ ਵਾਰੀ ਅੱਖਾਂ ਭਰੀਆਂ। ਸ਼ਕੁੰਤਲਾ ਤੇ ਪ੍ਰੇਮ ਕਾਫ਼ੀ ਦੇਰ ਤੱਕ ਉੱਥੇ ਬੈਠੇ ਗੱਲਾਂ ਕਰਦੇ ਰਹੇ। ਆਪਣੇ ਘਰ ਜਾਣ ਲੱਗੀ ਸ਼ਕੁੰਤਲਾ ਨੇ ਦੇਵ ਨੂੰ ਬਾਹਰ ਬੁਲਾ ਕੇ ਕਿਹਾ, 'ਦੇਵ ਵੀਰੇ ਮੈਂ ਬਹੂ ਨੂੰ ਆਪਣੇ ਘਰ ਲੈ ਚੱਲੀ ਹਾਂ। ਬੇਅੰਤ ਦੀ ਬਹੂ ਵੀ ਨਾਲ਼ ਚੱਲੀ ਏ। ਜਦੋਂ ਬੰਦੇ ਸੌਣ ਲੱਗਣ ਤੂੰ ਵੀ ਉੱਧਰ ਹੀ ਆ ਜਾਵੀਂ।'

'ਨਹੀਂ ਬੀਬੀ ਜੀ ਮੈਂ ਤਾਂ ਐਥੇ ਭਰਾਵਾਂ ਕੋਲ਼ ਹੀ ਸੌਂ ਜਾਵਾਂਗਾ।'

'ਤੈਨੂੰ ਜੋ ਮੈਂ ਕਿਹਾ ਏ ਕਰੀਂ। ਬਹੁਤਾ ਬੋਲਣ ਦੀ ਲੋੜ ਨਹੀਂ। ਦੁਕਾਨ ਉਤਲਾ ਚੁਬਾਰਾ ਖੁਲ੍ਹਵਾ ਦਿੱਤਾ ਏ ਮੈਂ। ਜੋ ਹੋ ਗਿਆ ਸੋ ਹੋ ਗਿਆ। ਅੱਗ ਲੱਗਣੇ ਦੁੱਖ ਤਾਂ ਮੁੱਕਣੇ ਹੀ ਨੀ।' ਕਹਿ ਕੇ ਉਹ ਚਲੀ ਗਈ।

ਰਾਮ ਸਿੰਘ, ਹਰੀਵੰਸ਼, ਉਨ੍ਹਾਂ ਦਾ ਮਾਮਾ ਤੇ ਦੇਵ ਦਾ ਦੋਸਤ ਬਸ਼ੀਰ ਵਿਹੜੇ ਵਿਚ ਦਰੀਆਂ ਤੇ ਪੈਣ ਦੀ ਤਿਆਰੀ ਕਰਨ ਲੱਗੇ। ਹਰੀਵੰਸ਼ ਨੇ ਸਾਰਿਆਂ ਲਈ ਉੱਤੇ ਲੈਣ ਨੂੰ ਚਾਦਰਾਂ ਲਿਆ ਦਿੱਤੀਆਂ ਤੇ ਤਾਰ ਖਿੱਚ ਕੇ ਟੇਬਲ ਫੈਨ ਲਾ ਦਿੱਤਾ। ਸਤਿੰਦਰ ਪਾਲ ਸ਼ਕੁੰਤਲਾ ਦੇ ਘਰੋਂ ਆ ਗਈ ਤੇ ਦੇਵ ਨੂੰ ਆਪਣੇ ਨਾਲ਼ ਲੈ ਗਈ। ਰਸਤੇ ਵਿਚ ਉਸ ਨੇ ਇਕ ਛੋਟਾ ਜਿਹਾ ਲਿਫਾਫ਼ਾ ਦੇਵ ਨੂੰ ਫੜਾ ਕੇ ਕਿਹਾ, 'ਇਹ ਆਪਣੀ ਵਹੁਟੀ ਦੀ ਝੋਲ਼ੀ ਪਾ ਦਵੀਂ।'

'ਕੀ ਏ ਇਹ?' ਦੇਵ ਨੇ ਪੁੱਛਿਆ।

'ਸੁੱਕੇ ਮੇਵੇ ਨੇ ਇਹਦੇ' ਚ। ਦੁੱਖ ਸੁੱਖ ਤਾਂ ਦੇਵ ਆਉਂਦੇ ਹੀ ਰਹਿਣੇ ਨੇ। ਇਹ ਰਸਮ ਜ਼ਰੂਰੀ ਏ।'

ਇਹ ਪੱਕਾ ਚੁਬਾਰਾ ਬਿਲਕੁਲ ਨਿਵੇਕਲ਼ਾ ਤੇ ਨਵੇਂ ਡਿਜ਼ਾਇਨ ਦਾ ਬਣਿਆ ਹੋਇਆ ਸੀ। ਪੌੜੀਆਂ ਉੱਤੇ ਵੀ ਸੰਗਮਰਮਰ ਲੱਗਿਆ ਹੋਇਆ ਸੀ। ਉਹ ਪੌੜੀਆਂ ਚੜ੍ਹੇ ਤਾਂ ਸ਼ਕੁੰਤਲਾ ਇੰਦਰਾ ਕੋਲ਼ੋਂ ਉੱਠ ਬਾਹਰ ਆ ਗਈ ਤੇ ਬੋਲੀ, 'ਸਵੇਰੇ ਸਾਢੇ ਛੇ ਵਜੇ ਮੈਂ ਚਾਹ ਲੈ ਕੇ ਆਵਾਂਗੀ ਦੇਵ। ਕਿਸੇ ਚੀਜ਼ ਦੀ ਲੋੜ ਏ ਤਾਂ ਮੈਨੂੰ ਦੱਸ।'

'ਲੋੜ ਕੋਈ ਨਹੀਂ ਬੀਬੀ।' ਦੇਵ ਬੋਲਿਆ ਤਾਂ ਉਹ ਪੌੜੀਆਂ ਉਤਰ ਗਈ। ਸਤਿੰਦਰਪਾਲ ਨੇ ਦੇਵ ਦੇ ਮੋਢੇ ਤੇ ਹੱਥ ਰੱਖ ਕੇ ਕਿਹਾ, 'ਚੰਗਾ ਦੇਵ, ਮੇਰੀ ਦਰਾਣੀ ਦਾ ਧਿਆਨ ਰੱਖੀਂ। ਮੈਂ ਵੀ ਜਾਂਦੀ ਹਾਂ। ਪੌੜੀਆਂ ਦਾ ਕੁੰਡਾ ਬੰਦ ਕਰ ਲੈ।'

ਉਹ ਗਈ ਤਾਂ ਦੇਵ ਕੁੰਡਾ ਬੰਦ ਕਰ ਕੇ ਕਮਰੇ ਅੰਦਰ ਜਾ ਵੜਿਆ। ਪਲੰਘ ਉੱਤੇ ਗੋਡਿਆਂ' ਚ ਸਿਰ ਦਈ ਬੈਠੀ ਇੰਦਰਾ ਇਕ ਦਮ ਉੱਠ ਕੇ ਉਸ ਕੋਲ਼ ਆ ਗਈ ਤੇ ਬਾਹਾਂ

ਫੈਲਾ ਉਸ ਦੇ ਨਾਲ਼ ਲਿਪਟ ਗਈ। ਫਿਰ ਹਉਕੇ ਭਰਨ ਲੱਗੀ। ਦੇਵ ਨੇ ਉਸ ਦੀ ਠੋਡੀ ਉੱਤੇ ਚੁੱਕ ਹੰਝੂ ਪੂੰਝੇ ਤੇ ਬੋਲਿਆ, 'ਬੱਸ ਡੀਅਰ .... ਰੋਣਾ ਨਹੀਂ ਬਿਲਕੁਲ ਵੀ.. ਆਓ ਗਮ ਤੋਂ ਪਾਰ ਚੱਲੀਏ।'

'ਬੇਬੇ ਵਿਚਾਰੀ... ਇਸ ਤਰ੍ਹਾਂ ਕਿਉਂ ਹੋ ਗਿਆ?'

'ਖੁਸ਼ੀ ਨੇ ਮਾਰ ਲਈ। ਇਹੋ ਜਿਹੇ ਹਾਦਸੇ ਬੰਦੇ ਦੇ ਵਸ ਨਹੀਂ ਹੁੰਦੇ। ਫਿਰ ਵੀ ਮਨ ਤਕੜਾ ਕਰਾਂਗੇ ਤਾਂ ਹੀ ਜੀਅ ਸਕਾਂਗੇ।'

'ਮੈਂ ਤੁਹਾਡੇ ਲਈ ਜੀਆਂਗੀ ਦੇਵ ਜੀ।'

'ਆਪਾਂ ਦੋਨੋਂ ਇਕ ਦੂਜੇ ਲਈ ਜੀਆਂਗੇ ਇੰਦਰਾ ਜੀ।' ਦੇਵ ਨੇ ਕਿਹਾ।

ਕਮਰਾ ਖ਼ੂਬ ਸਜਿਆ-ਧਜਿਆ ਸੀ। ਪਲੰਘ ਤੇ ਮੋਟਾ ਗੱਦਾ ਤੇ ਗੁਲਾਬੀ ਰੰਗ ਦੀਆਂ ਬੂਟੀਆਂ ਵਾਲ਼ੀ ਰੇਸ਼ਮੀ ਚਾਦਰ ਵਿਛੀ ਹੋਈ ਸੀ। ਉਸੇ ਰੰਗ ਦੇ ਦੋ ਮੋਟੇ ਸਿਰਹਾਣੇ ਪਏ ਸਨ। ਉੱਤੇ ਪੱਖਾ ਚੱਲ ਰਿਹਾ ਸੀ। ਦਰਵਾਜ਼ੇ ਬਾਰੀਆਂ ਦੇ ਮੂਹਰੇ ਰੇਸ਼ਮੀ ਪਰਦੇ ਤਣੇ ਹੋਏ ਸਨ। ਫਰਸ਼ ਉੱਤੇ ਗਰੀਨ ਕਲਰ ਦਾ ਗਲੀਚਾ ਵਿਛਿਆ ਹੋਇਆ ਸੀ। ਸਿਰਹਾਣੇ ਵੱਲ ਜਗਦੇ-ਬੁਝਦੇ ਰੰਗਦਾਰ ਨਿੱਕੇ ਬਲਵਾਂ ਦੀ ਲੜੀ ਲੱਗੀ ਹੋਈ ਸੀ। ਇਕ ਪਾਸੇ ਮੇਜ਼ ਉੱਤੇ ਇਕ ਗੜਵੀ ਗਿਲਾਸ ਬਗੈਰਾ ਪਏ ਸਨ। ਕੰਧ ਨਾਲ਼ ਸੋਫ਼ਾ ਡਿਹਾ ਹੋਇਆ ਸੀ। ਹਰ ਪਾਸੇ ਤੋਂ ਪਰੇਮ ਦੀ ਅਮੀਰੀ ਦੀ ਝਲਕ ਪੈਂਦੀ ਸੀ। ਦੇਵ ਇੰਦਰਾ ਨੂੰ ਸੋਫ਼ੇ ਤੱਕ ਲੈ ਗਿਆ। ਉਹ ਇਕ ਦੂਜੇ ਨਾਲ਼ ਸਟ ਕੇ ਬੈਠ ਗਏ। ਦੇਵ ਉਸ ਦੇ ਮੱਥੇ ਤੇ ਡਿਗਦੀਆਂ ਲਿਟਾਂ ਨੂੰ ਪਿੱਛੇ ਹਟਾਉਂਦਾ ਬੋਲਿਆ, 'ਬੇਬੇ ਦੀ ਮੌਤ ਨੇ ਭਾਵੇਂ ਸਭ ਕੁਝ ਉਥਲ-ਪੁਥਲ ਕਰ ਦਿੱਤਾ ਏ ਇੰਦਰਾ ਜੀ। ਫਿਰ ਵੀ ਮੈਂ ਤੁਹਾਨੂੰ ਆਪਣੇ ਜੀਵਨ ਵਿਚ ਪ੍ਰਵੇਸ਼ ਕਰਨ ਤੇ ਖੁਸ਼ਆਮਦੀਦ ਕਹਿੰਦਾ ਹਾਂ।'

'ਮੈਂ ਵੀ ਦੇਵ ਜੀ.. ਮੈਂ ਆਪਣੀ ਸਾਰੀ ਜ਼ਿੰਦਗੀ ਤੁਹਾਡੇ ਨਾਂ ਕਰਦੀ ਹਾਂ।' ਉਹ ਉਸ ਨਾਲ਼ ਲਿਪਟ ਕੇ ਬੋਲੀ ਤੇ ਆਪਣਾ ਸਿਰ ਉਸ ਦੀ ਛਾਤੀ ਨਾਲ਼ ਲਾਕੇ ਉਸ ਦੇ ਚਿਹਰੇ ਵੱਲ ਦੇਖਣ ਲੱਗ ਪਈ।

'ਤੁਹਾਡੀ ਸਿਸਟਰ ਦਾ ਸੁਭਾਅ ਕਮਾਲ ਏ ਦੇਵ ਜੀ। ਉਸ ਨੇ ਮੈਨੂੰ ਬੜਾ ਪਿਆਰ ਤੇ ਹੌਸਲਾ ਦਿੱਤਾ ਏ।'

'ਉਹ ਪਹਿਲੇ ਦਿਨ ਤੋਂ ਹੀ ਚੰਗੀ ਏ। ਉਹ ਸਭ ਨੂੰ ਹੀ ਪਿਆਰ ਕਰਦੀ ਏ। ਮੈਂ ਤਾਂ ਬਚਪਨ ਵਿਚ ਵੀ ਜਦੋਂ ਸਕੂਲੋਂ ਛੁੱਟੀਆਂ ਹੁੰਦੀਆਂ, ਉਸ ਕੋਲ਼ ਦੌੜ ਆਉਂਦਾ। ਉਹ ਮੇ ਰੀ ਮਾਸੀ ਦੀ ਕੁੜੀ ਏ। ਸਕੀ ਭੈਣ ਮੇਰੀ ਕੋਈ ਨਹੀਂ।' ਦੇਵ ਨੇ ਦੱਸਿਆ।

'ਸਕਾ ਉਹੀ ਜੋ ਪਿਆਰ ਕਰੇ ਦੇਵ ਜੀ। ਤੁਹਾਡੀਆਂ ਵੀ ਬਹੁਤ ਸਿਫ਼ਤਾਂ ਕਰਦੀ ਸੀ ਉਹ।'

'ਭੈਣਾਂ ਕਰਿਆ ਹੀ ਕਰਦੀਆਂ ਨੇ।' ਦੇਵ ਬੋਲਿਆ।

ਛੱਤ ਦਾ ਪੱਖਾ ਚਲਦੇ ਹੋਣ ਦੇ ਬਾਵਜੂਦ ਇੰਦਰਾ ਦੇ ਚਿਹਰੇ ਉੱਤੇ ਪਸੀਨੇ ਦੀਆਂ ਬੂੰਦਾ ਚਮਕ ਰਹੀਆਂ ਸਨ। ਦੇਵ ਨੇ ਰੁਮਾਲ ਨਾਲ਼ ਉਸਦਾ ਚਿਹਰਾ ਪੂੰਝਿਆ ਤੇ ਬੋਲਿਆ, ' ਬੜੇ ਮੋਟੇ ਕੱਪੜੇ ਪਾਏ ਨੇ ਤੁਸੀਂ ਤਾਂ ਇੰਦਰਾ ਜੀ। ਚੇਂਜ ਕਰਨ ਲਈ ਲਿਆਏ ਹੋ?'

'ਹਾਂ ਜੀ ਉਸ ਬੈਗ ਵਿਚ ਮੈਕਸੀ ਪਈ ਏ, ਪਹਿਨ ਲਵਾਂਗੀ।'

'ਉੱਠੋ ਫੇਰ ਪਹਿਲਾਂ ਚੇਂਜ ਕਰੋ।' ਦੇਵ ਨੇ ਕਿਹਾ।

ਇੰਦਰਾ ਉੱਠ ਕੇ ਨਾਲ਼ ਲਗਦੇ ਬਾਥਰੂਮ ਵਿਚ ਜਾ ਵੜੀ ਤੇ ਛੇਤੀ ਹੀ ਵਾਪਸ ਆ ਗਈ। ਦਾਖੀ ਰੰਗ ਦੀ ਸਿਤਾਰਿਆਂ ਜੜੀ ਬਹੁਤ ਹੀ ਮਹੀਨ ਮੈਕਸੀ ਵਿਚ ਉਸ ਦੇ ਸਡੌਲ ਸਰੀਰ ਦੇ ਭਰਵੇਂ ਅੰਗ ਉੱਭੜ-ਉੱਭੜ ਜਿਵੇਂ ਬਾਹਰ ਝਾਕ ਰਹੇ ਸਨ। ਦੇਵ ਦੇ ਪਿੰਡੇ ਤੇ ਜਿਵੇਂ ਕੀੜੀਆਂ ਤੁਰਨ ਲੱਗ ਪਈਆਂ। ਉਸ ਨੇ ਉੱਠ ਕੇ ਉਸਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ ਤੇ ਚੁੰਮਣ ਲੱਗਾ। ਉਹ ਬੋਲੀ, 'ਦੇਵ ਜੀ ਮੈਨੂੰ ਆਪਣੇ ਅੰਦਰ ਪੂਰੀ ਤਰ੍ਹਾਂ ਸਮਾ ਲਵੋ।'

'ਚਲੋ, ਆਪਾਂ ਦੋ ਤੋਂ ਇਕ ਬਣ ਜਾਈਏ।' ਦੇਵ ਬੋਲਿਆ।

ਦੋਨੋਂ ਪਲੰਘ ਉੱਤੇ ਬੈਠ ਗਏ। ਦੇਵ ਨੇ ਡਰਾਈਫਰੂਟ ਵਾਲ਼ਾ ਲਿਫਾਫ਼ਾ ਉਸ ਦੀ ਝੋਲ਼ੀ ਵਿਚ ਉਲੱਦ ਦਿੱਤਾ ਤੇ ਬੋਲਿਆ, 'ਮੈਂ ਤੁਹਾਨੂੰ ਜ਼ਿੰਦਗੀ ਦਾ ਹਰ ਸੁੱਖ ਦਿਆਂਗਾ ਇੰਦਰਾ ਜੀ।'

'ਇੰਝ ਜੀ.. ਜੀ ਨਾ ਕਰੋ.. ਮੈਨੂੰ 'ਤੂੰ' ਕਹਿ ਕੇ ਬੁਲਾਉ।'

'ਠੀਕ ਏ ਮੇਰੀ ਜਾਨ। ਮੇਰੀ ਜ਼ਿੰਦਗੀ ਵਿਚ ਆਉਣ ਤੇ ਤੈਨੂੰ 'ਜੀ ਆਇਆਂ ਨੂੰ' ਮੈਂ ਤੈਨੂੰ ਹਰ ਸੁੱਖ ਦਿਆਂਗਾ। ਸਦਾ ਫੁੱਲਾਂ ਦੀ ਤਰ੍ਹਾਂ ਰੱਖਾਂਗਾ।' ਉਹ ਬੋਲਿਆ।

ਪਿਆਰ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਵਾਲ਼ਾ ਇਹ ਜੋੜਾ ਕਮਰੇ ਅੰਦਰ ਬੰਦ ਹੁੰਦਿਆਂ ਵੀ ਅਕਾਸ਼ ਵਿਚ ਉਡਾਰੀਆਂ ਭਰਨ ਲੱਗਾ। ਉਨ੍ਹਾਂ ਉੱਤੇ ਲੱਖਾਂ ਸਿਤਾਰਿਆਂ ਦੀ ਰਿਮ-ਝਿਮ ਬਾਰਸ਼ ਹੋਣ ਲੱਗ ਪਈ। ਦੋਨੋਂ ਰੂਹਾਂ ਇਕ ਦੂਜੇ ਵਿਚ ਵਿਲੀਨ ਹੋ ਗਈਆਂ। ਜੀਵਨ ਸਫ਼ਰ ਦੇ ਰਾਹ ਵਿਚ ਸੈਂਕੜੇ ਫੁੱਲ ਖਿੜ ਗਏ ਤੇ ਹਰ ਤਰਫ਼ ਖੁਸ਼ਬੋ ਫੈਲ ਗਈ। ਉਹ ਬੋਲੀ, 'ਮੇਰੇ ਮੀਤ ਮੈਂ ਕਦੋਂ ਦੀ ਤੁਹਾਨੂੰ ਉਡੀਕ ਰਹੀ ਸਾਂ।'

'ਹੁਣ ਤੇਰੇ ਬਿਨਾਂ ਇਕ ਪਲ ਵੀ ਜੀਅ ਨਹੀਂ ਸਕਾਂਗਾ।' ਉਹ ਬੋਲਿਆ।

ਦੇਵ ਅੱਖਾਂ ਵਿਚ ਮਿਲਣ ਦਾ ਨਸ਼ਾ ਭਰੀ ਛੱਤ ਵੱਲ ਨੂੰ ਮੂੰਹ ਚੁੱਕੀ ਪਲੰਘ ਤੇ ਲੇਟਿਆ ਪਿਆ ਸੀ। ਉਸ ਦੇ ਸਿਰਹਾਣੇ ਇੰਦਰਾ ਦੁੱਧ ਦਾ ਗਿਲਾਸ ਚੁੱਕੀ ਖੜ੍ਹੀ ਮੁਸਕਰਾ ਰਹੀ ਸੀ। ਉਹ ਬੋਲੀ, 'ਦੇਵ ਜੀ ਉੱਠੋ ਤੇ ਦੁੱਧ ਪੀਓ।'

ਇਕ ਦੂਜੇ ਦੀਆਂ ਬਾਹਾਂ ਵਿਚ ਸਮਾਏ ਉਹ ਅਜੇ ਸੁੱਤੇ ਪਏ ਸਨ ਕਿ ਪੌੜੀਆਂ ਦਾ ਦਰ ਖੜਕਿਆ। ਇੰਦਰਾ ਉੱਠ ਕੇ ਚੇਂਜ ਕਰਨ ਲਈ ਬਾਥਰੂਮ ਵਿਚ ਜਾ ਵੜੀ। ਦੇਵ ਨੇ ਉੱਠ ਕੇ ਕਮਰੇ ਵਾਲ਼ਾ ਤੇ ਫਿਰ ਪੌੜੀਆਂ ਵਾਲ਼ਾ ਕੁੰਡਾ ਖੋਲ੍ਹਿਆ। ਸ਼ਕੁੰਤਲਾ ਟਰੇਅ ਵਿਚ ਚਾਹ ਵਾਲ਼ੀ ਕੇਤਲੀ ਤੇ ਤਿੰਨ ਕੱਪ ਰੱਖੀ ਖੜ੍ਹੀ ਮੁਸਕਰਾ ਰਹੀ ਸੀ। ਦੇਵ ਨੇ ਉਸ ਦੇ ਹੱਥੋਂ ਟਰੇਅ ਫੜ ਲਈ। ਉਹ ਅੰਦਰ ਵੜਦੀ ਬੋਲੀ, 'ਇੰਦਰਾ?'

'ਬਾਥਰੂਮ ਗਈ ਏ... ਬੈਠੋ ਤੁਸੀਂ।'

'ਉਹ ਪਲੰਘ ਤੇ ਹੀ ਬੈਠ ਗਈ ਤੇ ਹੌਲੀ ਦੇਣੇ ਬੋਲੀ, 'ਪਸੰਦ ਆਈ ਵਹੁਟੀ ਤੈਨੂੰ?'

'ਹਾਂ ਬੀਬੀ ਜੀ ਬੜੀ ਚੰਗੀ ਏ ਉਹ ਤਾਂ.. ਬੱਸ ਬੇਬੇ ਹੀ ਧੋਖਾ ਦੇ ਗਈ।'

'ਬੱਸ ਕੀ ਕਰੀਏ ਵੀਰੇ। ਦੁੱਖਾਂ ਦਾ ਅੰਤ ਹੋਣ ਦਾ ਸਮਾਂ ਆਇਆ ਤਾਂ ਵਿਚਾਰੀ ਨੂੰ

ਮੌਤ ਆ ਗਈ। ਤੇਰਾ ਜੀਜਾ ਆਖਦਾ ਸੀ, ਬਹੁਤੀ ਖੁਸ਼ੀ ਵੀ ਬੰਦੇ ਦੀ ਜਾਨ ਲੈ ਲੈਂਦੀ ਏ।'

ਕੱਪੜੇ ਬਦਲ ਕੇ ਇੰਦਰਾ ਵੀ ਆ ਗਈ। ਉਸ ਨੇ ਸ਼ਕੁੰਤਲਾ ਦੇ ਪੈਰ ਛੂਹੇ। ਇੰਦਰਾ ਨੇ ਤਿੰਨ ਕੱਪਾਂ ਵਿਚ ਚਾਹ ਪਾ ਕੇ ਇਕ ਸ਼ਕੁੰਤਲਾ ਨੂੰ ਫੜਾ ਦਿੱਤਾ। ਉਹ ਤਿੰਨੋਂ ਚਾਹ ਪੀਣ ਲੱਗੇ ਤਾਂ ਸ਼ਕੁੰਤਲਾ ਬੋਲੀ, 'ਪਛਤਾਵਾ ਹੀ ਰਹਿ ਜਾਂਦਾ ਏ ਦੇਵ ਕਿ ਮਾਂ ਬਾਪ ਦੀ ਸੇਵਾ ਨੀ ਕੀਤੀ। ਮਾਮਾ-ਮਾਮੀ ਵਿਚਾਰੇ' ਕੱਲੇ ਨੇ। ਉਨ੍ਹਾਂ ਦਾ ਧਿਆਨ ਰੱਖੀਂ। ਜੋ ਮਾਮਾ ਤੁਹਾਡੇ ਲਈ ਕਰ ਗਿਆ, ਦੁਨੀਆਂ' ਚ ਨੀ ਕੀਤਾ ਹੋਣਾ ਕਿਸੇ ਨੇ।'

'ਠੀਕ ਏ ਬੀਬੀ। ਮੈਂ ਸਾਂਭਾਂਗਾ ਉਨ੍ਹਾਂ ਨੂੰ।' ਦੇਵ ਨੇ ਕਿਹਾ।

ਚਾਹ ਪੀਣ ਮਗਰੋਂ ਉਹ ਬੋਲੀ, 'ਚੁਬਾਰੇ ਦੀ ਚਾਬੀ ਆਪਣੇ ਕੋਲ਼ ਹੀ ਰੱਖ ਲਵੀਂ ਮੈਂ ਇੰਦਰਾ ਨੂੰ ਘਰ ਛੱਡ ਆਉਂਦੀ ਹਾਂ।'

ਉਨ੍ਹਾਂ ਦੇ ਜਾਣ ਮਗਰੋਂ ਦੇਵ ਨੇ ਚੁਬਾਰੇ ਨੂੰ ਤਾਲ਼ਾ ਲਾਇਆ ਤੇ ਨਹਿਰ ਵੱਲ ਨੂੰ ਨਿਕਲ਼ ਗਿਆ। ਕਾਫ਼ੀ ਦੂਰ ਤੱਕ ਗੇੜਾ ਲਾਉਣ ਮਗਰੋਂ ਉਹ ਵਾਪਸੀ ਵੇਲੇ ਮੜ੍ਹੀਆਂ ਵਿਚ ਜਾ ਵੜਿਆ। ਉਸ ਦੀ ਬੇਬੇ ਸਵਾਹ ਦਾ ਢੇਰ ਬਣੀ ਪਈ ਸੀ। ਚਾਰ ਪੰਜ ਥਾਵਾਂ ਤੋਂ ਅਜੇ ਵੀ ਅਗਰਬੱਤੀ ਦੇ ਧੁਖਣ ਵਾਂਗ ਧੂੰਏਂ ਦੀਆਂ ਲੀਕਾਂ ਉੱਠ ਰਹੀਆਂ ਸਨ। ਦੇਵ ਨੇ ਗੋਡਿਆਂ ਭਾਰ ਹੋ ਕੇ ਆਪਣਾ ਸਿਰ ਜ਼ਮੀਨ ਨੂੰ ਲਾ ਦਿੱਤਾ ਤੇ ਹੌਲ਼ੀ-ਹੌਲ਼ੀ ਰੋਂਦਾ ਆਪ ਮੁਹਾਰੇ ਬੋਲਣ ਲੱਗ ਪਿਆ, 'ਮੈਨੂੰ ਮਾਫ਼ ਕਰੀਂ ਮਾਂ ਮੇਰੀਏ। ਮੈਂ ਤੇਰੇ ਕੋਲ਼ ਕਿੰਨੇ ਝੂਠ ਬੋਲਦਾ ਰਿਹਾ। ਮੈਂ ਤੈਨੂੰ ਕਿੰਨਾਂ ਤੜਫਾਉਂਦਾ ਰਿਹਾ। ਮੈਂ ਕਦੀ ਤੇਰੀ ਸੇਵਾ ਨਹੀਂ ਕੀਤੀ। ਮੈਂ ਪਾਣੀ ਦਾ ਗਿਲਾਸ ਵੀ ਤੈਨੂੰ ਹਾਕ ਮਾਰ ਕੇ ਮੰਗਦਾ। ਤੂੰ ਮਰਨ ਤੱਕ ਮੇਰੀ ਸੇਵਾ ਹੀ ਕਰਦੀ ਰਹੀ। ਮੈਂ ਤਾਂ ਨਹਾਉਣ ਸਮੇਂ ਵੀ ਆਪਣੇ ਕੱਛਾ-ਬਨੈਣ ਤੇ ਕੱਪੜੇ ਪਰ੍ਹੇ ਵਗਾਹ ਮਾਰਦਾ ਸਾਂ। ਤੂੰ ਚੁੱਕੇਂ, ਧੋਵੇਂ ਮੈਨੂੰ ਕੀ। ਰੋਟੀ ਖਾ ਕੇ ਮੈਂ ਤਾਂ ਜੂਠੇ ਭਾਂਡੇ ਵੀ ਮੰਜੇ ਤੋਂ ਨਹੀਂ ਸੀ ਚੁੱਕਦਾ। ਜਿੰਨੀ ਦੇਰ ਮੈਂ 'ਬੱਸ' ਨਹੀਂ ਸੀ ਕਹਿੰਦਾ ਤੂੰ ਮੇਰੇ ਸਿਰਹਾਣੇ ਖੜ੍ਹੀ ਮੇਰੇ ਸਿਰ ਵਿਚ ਤੇਲ ਝੱਸਦੀ ਰਹਿੰਦੀ। ਤੇਰੇ ਬੀਮਾਰ ਹੋਣ ਤੇ ਵੀ ਮੈਂ ਤਾਂ ਕਦੀ ਤੇਰੀਆਂ ਲੱਤਾਂ ਨਾ ਘੁੱਟੀਆਂ। ਮੈਂ ਕਦੀ ਤੇਰਾ ਮੰਜਾ ਨਾ ਡਾਹਿਆ ਨਾ ਵਿਛਾਇਆ। ਤੂੰ ਮੈਨੂੰ ਬਿਨਾਂ ਕਹੇ ਸਿਰ ਤੇ ਪੀਹਣ ਰੱਖ ਕੇ ਪਿਸਾਉਣ ਚਲੀ ਜਾਇਆ ਕਰਦੀ ਸੀ। ਕਿੰਨਾ ਕੰਮ ਕੀਤਾ ਤੂੰ ਵਿਧਵਾ ਹੋ ਕੇ ਆਪਣੇ ਭਰਾ ਕੋਲ਼ ਜਾ ਕੇ। ਲੋਕਾਂ ਦੇ ਖੇਤਾਂ ਵਿਚ ਤੂੰ ਮਿੱਟੀ ਨਾਲ਼ ਮਿੱਟੀ ਹੋਈ ਰਹਿੰਦੀ। ਤੈਨੂੰ ਗੋਹਰ ਵਿਚ ਧਾਨਾਂ ਦੀ ਭਰੀ ਚੁੱਕੀ ਆਉਂਦੀ ਦੇਖ ਮੈਂ ਖੇਡ ਛੱਡ ਦੌੜ ਕੇ ਤੇਰੀਆਂ ਲੱਤਾਂ ਨੂੰ ਚੁੰਬੜ ਜਾਂਦਾ। ਤੂੰ ਮੈਨੂੰ ਬਾਹੋਂ ਫੜ ਹੁਝਕਾ ਮਾਰ ਕੇ ਆਪਦੀ ਗੋਦ ਚੁੱਕ ਲੈਂਦੀ। ਤੂੰ ਸਾਡੇ ਚੂਪਣ ਲਈ ਕੱਖਾਂ ਦੀਆਂ ਪੰਡਾਂ ਵਿਚ ਗੰਨਿਆਂ ਦੇ ਟੋਟੇ ਛੁਪਾ ਕੇ ਲਿਆਉਂਦੀ। ਝਾੜੀਆਂ ਤੋਂ ਬੇਰ ਤੋੜ ਕੇ ਲਿਆਉਂਦੀ। ਨਿੱਕੀ ਨਿੱਕੀ ਗੱਲ ਤੇ ਮੈਂ ਤੇਰੇ ਨਾਲ਼ ਲੜ ਪੈਂਦਾ। ਤੂੰ ਮੇਰੇ ਛੋਟੇ ਛੋਟੇ ਹੱਥਾਂ ਨੂੰ ਫੜ ਆਪਣੇ ਮੂੰਹ ਤੇ ਚਪੇੜਾਂ ਮਰਵਾਉਂਦੀ ਤੇ ਕਹਿੰਦੀ... ਲੈ... ਲੈ... ਮਾਰ ਮੇਰੇ... ਇਕ ਹੋਰ ਮਾਰ ਪੁੱਤਾ ਵੇ ਤੂੰ ਜੁਗ ਜੁਗ ਜੀਵੇਂ... ਮੈਂ ਅੱਗੇ ਤੋਂ ਗਲਤੀ ਨਹੀਂ ਕਰਦੀ। ਕਿਹੜਾ ਸੁੱਖ ਦੇਖਿਆ ਤੂੰ ਸਾਰੀ ਉਮਰ ਵਿਚ ਮਾਂ ਮੇਰੀਏ? ਤੂੰ ਇੰਝ ਨਾ ਜਾਂਦੀ। ਤੂੰ ਆਪਣੀ ਚੌਥੀ ਨੂੰਹ ਨਾਲ਼ ਕੁਝ ਦਿਨ ਤਾਂ ਬਿਤਾ ਲੈਂਦੀ। ਕਿਹੜੇ ਲੰਬੇ ਸਫ਼ਰਾਂ ਤੇ ਨਿਕਲ ਗਈ ਨੀ

ਮਾਂ ਮੇਰੀਏ, ਮੈਨੂੰ ਛੱਡ ਕੇ... ।' ਬੋਲਦਾ ਬੋਲਦਾ ਦੇਵ ਤ੍ਰਬਕ ਗਿਆ। ਕਿਸੇ ਨੇ ਉਸ ਦੀ ਬਾਂਹ ਨੂੰ ਫੜ ਲਿਆ ਸੀ। ਦੇਵ ਬੈਠਾ ਹੋ ਗਿਆ ਤੇ ਹੰਝੂਆਂ ਭਰੀਆਂ ਅੱਖਾਂ ਨਾਲ਼ ਉੱਧਰ ਦੇਖਣ ਲੱਗ ਪਿਆ। ਉਹ ਉਸ ਦਾ ਦੋਸਤ ਤ੍ਰਿਪਤ ਸੀ ਜਿਹੜਾ ਆਪ ਰੋਣ ਲੱਗ ਪਿਆ ਸੀ। ਉਹ ਉਸ ਨੂੰ ਦਿਲਾਸਾ ਦਿੰਦਾ ਮੜ੍ਹੀਆਂ ਤੋਂ ਬਾਹਰ ਲੈ ਆਇਆ।

ਦੇਵ ਘਰ ਪੁੱਜਾ ਤਾਂ ਸਤਿੰਦਰਪਾਲ ਚੁੱਲ੍ਹੇ' ਚ ਅੱਗ ਬਾਲ਼ੀ ਹਾਜ਼ਰੀ ਦਾ ਓਹੜ-ਪੋਹੜ ਕਰਨ ਲੱਗੀ ਹੋਈ ਸੀ। ਇੰਦਰਾ ਉਹਦੇ ਲਾਗੇ ਬੈਠੀ ਪਿਆਜ ਕੱਟ ਰਹੀ ਸੀ ਤੇ ਆਪਣੀ ਚੁੰਨੀਂ ਨਾਲ਼ ਅੱਖਾਂ' ਚੋਂ ਵਹਿੰਦੇ ਪਾਣੀ ਨੂੰ ਪੂੰਝ ਰਹੀ ਸੀ। ਸਤਿੰਦਰਪਾਲ ਉਸ ਨੂੰ ਕਹਿ ਰਹੀ ਸੀ, 'ਰਹਿਣ ਦੇ ਬੀਬਾ ਤੂੰ ਰਹਿਣ ਦੇ। ਮੈਂ ਕੱਟ ਲਵਾਂਗੀ ਆਪਣੇ ਆਪ। ਅਜੇ ਕੱਲ੍ਹ ਆਈ ਏਂ, ਅੱਜ ਕੰਮ ਵੀ ਕਰਨ ਲੱਗ ਪਈ। ਮੇਰੀ ਸੱਸ ਨੇ ਪੂਰੇ ਦੋ ਹਫ਼ਤੇ ਮੈਨੂੰ ਚੌਂਕੇ ਨਹੀਂ ਸੀ ਚੜ੍ਹਨ ਦਿੱਤਾ।'

ਦੇਵ ਨੂੰ ਆਇਆ ਦੇਖ ਉਹ ਉੱਠੀ ਤੇ ਬੋਲੀ, 'ਤੁਹਾਡੇ ਨਹਾਉਣ ਲਈ ਪਾਣੀ ਭਰ ਦਿਆਂ?'

'ਨਹੀਂ ਨਹੀਂ ਮੈਂ ਭਰ ਲਵਾਂਗਾ ਪਾਣੀ। ਤੂੰ ਭਾਬੀ ਨਾਲ਼ ਰੋਟੀ ਟੁੱਕ ਕਰਵਾ ਦੇ।'

ਇੰਦਰਾ ਨੇ ਉਸ ਨੂੰ ਹੌਲੀ ਦੇਣੇ ਦੱਸਿਆ ਕਿ ਉਹ ਤਾਂ ਰਸੋਈ ਵਿਚ ਕਦੀ ਵੜੀ ਹੀ ਨਹੀਂ ਸੀ। ਰੋਟੀ ਤੇ ਦਾਲ਼-ਸਬਜ਼ੀ ਬਣਾਉਣਾ ਉਹਦੇ ਵਸ' ਚ ਨਹੀਂ ਸੀ। ਉਹ ਤਾਂ ਅੱਠ ਸਾਲ ਹੋਸਟਲਾਂ' ਚ ਰਹੀ ਸੀ। ਘਰ ਵਿਚ ਵੀ ਇਹ ਸਭ ਕੁਝ ਨੌਕਰ ਹੀ ਕਰਦੇ ਸਨ।

'ਕੀ ਗੱਲ ਭੈਣ ਰਾਣੀਏਂ ਕੀ ਸ਼ਿਕਾਇਤਾਂ ਲਾ ਰਹੀ ਏਂ ਮੀਏਂ ਕੋਲ਼?' ਸਤਿੰਦਰਪਾਲ ਹੱਸੀ।

'ਭਾਬੀ ਜੀ ਇੰਦਰਾ ਨੇ ਰਸੋਈ ਦਾ ਕੰਮ ਨੀ ਸਿੱਖਿਆ ਅਜੇ। ਹੁਣ ਤੁਸੀਂ ਹੀ ਇਸਨੂੰ ਸਿਖਾਉਣਾ ਏਂ।' ਦੇਵ ਨੇ ਕਿਹਾ।

'ਬੀਬੀ ਭੈਣ ਤੈਥੋਂ ਨੀ ਮੈਂ ਅਜੇ ਕੁਝ ਵੀ ਕਰਾਉਣਾ। ਹਾਂ ਤੈਨੂੰ ਸਿਖਾ ਜ਼ਰੂਰ ਦਿਆਂਗੀ।' ਉਹ ਬੋਲੀ।

ਗਰਮੀ ਦਿਨੋਂ ਦਿਨ ਵਧ ਰਹੀ ਸੀ। ਘਰ ਵਿਚ ਛੱਤ ਵਾਲ਼ਾ ਇਕ ਪੱਖਾ ਪਾਠ ਵਾਲ਼ੇ ਕਮਰੇ' ਚ ਸੀ ਤੇ ਦੂਜਾ ਬੇਅੰਤ ਵੱਲ। ਇੰਦਰਾ ਬੜੇ ਉਤਸ਼ਾਹ ਨਾਲ਼ ਸਾਰੇ ਕੰਮਾਂ ਵਿਚ ਸਤਿੰਦਰਪਾਲ ਦਾ ਹੱਥ ਵਟਾਉਂਦੀ ਰਹਿੰਦੀ। ਦੁਪਹਿਰ ਦੀ ਰੋਟੀ ਖਾਣ ਮਗਰੋਂ ਉਹ ਤੇ ਦੇ ਵ ਕੁਝ ਦੇਰ ਅਰਾਮ ਕਰਨ ਲਈ ਸ਼ਕੁੰਤਲਾ ਦੇ ਚੁਬਾਰੇ ਵਿਚ ਚਲੇ ਜਾਂਦੇ। ਰਾਤ ਦੀ ਰੋਟੀ ਮਗਰੋਂ ਵੀ ਉਹ ਉੱਥੇ ਹੀ ਸੌਂਦੇ। ਭੋਗ ਤੋਂ ਪਹਿਲਾਂ ਆਗਰੇ ਤੋਂ ਜਿੰਦਰ ਤੇ ਪਟਿਆਲ਼ੇ ਤੋਂ ਉਰਵਸ਼ੀ ਬੱਚਿਆਂ ਸਮੇਤ ਆ ਗਏ ਸਨ। ਭੋਗ ਦੇ ਨਾਲ਼ ਜੁੜੀਆਂ ਸਾਰੀਆਂ ਰਸਮਾਂ ਕਰਨ ਮਗਰੋਂ ਚਾਰੇ ਭਰਾ ਵਿਹੜੇ ਵਿਚ ਬੈਠ ਗਏ ਤਾਂ ਦੇਵ ਨੇ ਦੱਸਿਆ ਕਿ ਉਸਦੀ ਖਰੜ ਦੀ ਬਦਲੀ ਹੋਣ ਕਰਕੇ ਉਹ ਹੁਣ ਮੋਹਾਲ਼ੀ ਹੀ ਰਹੇਗਾ। ਸਭ ਨੂੰ ਇਸ ਗੱਲ ਦਾ ਪਤਾ ਹੀ ਸੀ ਕਿ ਦੇਵ ਐਨੇ ਅਮੀਰ ਘਰ ਵਿਚ ਵਿਆਹਿਆ ਗਿਆ ਸੀ ਜਿਨ੍ਹਾਂ ਨੇ ਉਸ ਨੂੰ ਕੋਠੀ ਕਾਰ ਹੀ ਨਹੀਂ ਜ਼ਿੰਦਗੀ ਦੀਆਂ ਸਭ ਸਹੂਲਤਾਂ ਜੁਟਾ ਦਿੱਤੀਆਂ ਸਨ। ਸਾਰੇ ਇਸ ਗੱਲੋਂ ਖੁਸ਼ ਸਨ।

**oo**

# ਇਕ ਸੌ ਸੈਂਤੀ

ਇੰਦਰਾ ਦੇ ਕਿਸੇ ਰਿਸ਼ਤੇਦਾਰ ਰਾਹੀਂ ਦੇਵ ਨੇ ਆਪਣਾ ਸਕੂਟਰ ਪਹਿਲਾਂ ਹੀ ਮੋਹਾਲ਼ੀ ਭੇਜ ਦਿੱਤਾ ਸੀ, ਹੁਣ ਉਨ੍ਹਾਂ ਨੇ ਆਪ ਵੀ ਜਾਣ ਦੀ ਤਿਆਰੀ ਕਰ ਲਈ। ਖਾਸ ਖਾਸ ਸਮਾਨ ਜਿਹੜਾ ਕੀਮਤੀ ਵੀ ਸੀ ਤੇ ਕੰਮ ਆਉਣ ਵਾਲ਼ਾ ਵੀ ਸੀ, ਉਨ੍ਹਾਂ ਨੇ ਗੱਡੀ ਵਿਚ ਰੱਖ ਲਿਆ। ਦੋਨੋਂ ਜਣੇ ਸ਼ਕੁੰਤਲਾ ਬੀਬੀ ਦੇ ਘਰ ਵੀ ਮਿਲ ਆਏ। ਦੇਵ ਨੇ ਉਸ ਨੂੰ ਵੀ ਦਾਜ ਵਿਚ ਆਈ ਕਾਰ ਅਤੇ ਕੋਠੀ ਬਾਰੇ ਦੱਸ ਦਿੱਤਾ। ਇਹ ਵੀ ਕਿ ਹੁਣ ਉਹ ਉੱਥੇ ਹੀ ਰਹਿਣਗੇ। ਸ਼ਕੁੰਤਲਾ ਇਹ ਗੱਲ ਸੁਣ ਕੇ ਖੁਸ਼ ਵੀ ਹੋਈ ਤੇ ਉਦਾਸ ਵੀ। ਉਹ ਅੱਖਾਂ ਭਰ ਕੇ ਬੋਲੀ, 'ਭਾਈ ਦੇ ਵ ਮਿਲਦੇ-ਗਿਲਦੇ ਰਿਹੋ। ਉੱਥੇ ਜਾ ਕੇ ਸ਼ਹਿਰੀ ਹੀ ਨਾ ਬਣ ਜਾਵੀਂ। ਰੱਬ ਨੇ ਤੈਨੂੰ ਐਨੀ ਸੋਹਣੀ ਵਹੁਟੀ ਦੇ ਦਿੱਤੀ ਏ, ਭਾਗ ਲਾ ਦਿੱਤੇ। ਮੇਰੇ ਵੀਰ ਮੈਨੂੰ ਯਾਦ ਕਰ ਲਿਆ ਕਰੀਂ। ਰਖੜੀ ਬੰਨ੍ਹਣ ਤਾਂ ਮੈਂ ਆਪ ਹੀ ਆ ਜਾਇਆ ਕਰੂੰ ਤੇਰੇ ਕੋਲ਼।'

ਦੇਵ ਨੇ ਉਸ ਨੂੰ ਮੋਹਾਲ਼ੀ ਦਾ ਪਤਾ ਲਿਖ ਕੇ ਦੇ ਦਿੱਤਾ ਤੇ ਵਾਅਦਾ ਕੀਤਾ ਕਿ ਉਹ ਦੋਰਾਹੇ ਨੂੰ ਕਦੀ ਨਹੀਂ ਭੁੱਲੇਗਾ। ਬੇਅੰਤ ਅਤੇ ਸਤਿੰਦਰਪਾਲ ਨੇ ਵੀ ਅੱਖਾਂ ਭਰ ਕੇ ਉਨ੍ਹਾਂ ਨੂੰ ਵਿਦਾਇਗੀ ਦਿੱਤੀ ਤੇ ਛੇਤੀ ਹੀ ਮਿਲ਼ਣ ਆਉਣ ਲਈ ਕਿਹਾ। ਗੱਡੀ ਸਿਰੇ ਤੱਕ ਇੰਦਰਾ ਹੀ ਚਲਾ ਕੇ ਗਈ। ਇੰਦਰਾ ਦੇ ਮੰਮੀ ਡੈਡੀ ਕੋਠੀ ਦੇ ਬਾਹਰ ਕਾਰ ਰੁਕੀ ਦੇਖ ਦੌੜ ਕੇ ਬਾਹਰ ਆਏ। ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਉਸ ਦੀ ਮੰਮੀ ਬੋਲੀ, 'ਆਓ ਵੇ ਮੇਰੇ ਬੱਚਿਓ। ਲੱਗ ਜਾਓ ਮੇਰੇ ਕਾਲ਼ਜੇ ਨਾਲ਼।' ਮਿਲ਼ਣ ਮਗਰੋਂ ਉਹ ਇਹ ਕਹਿ ਕੇ ਅੰਦਰ ਚਲੀ ਗਈ ਕਿ ਉਹ ਉੱਥੇ ਹੀ ਖੜ੍ਹਨ। ਛੇਤੀ ਹੀ ਉਹ ਪਰਤ ਆਈ ਤੇ ਦੋਨਾਂ ਕੌਲਿਆਂ ਉੱਤੇ ਸਰ੍ਹੋਂ ਦਾ ਤੇਲ ਚੋਇਆ ਤੇ ਫਿਰ ਉਨ੍ਹਾਂ ਦੇ ਮੋਢਿਆਂ ਤੇ ਹੱਥ ਰੱਖ ਅੰਦਰ ਵੜਨ ਲੱਗੀ। ਅੰਦਰ ਜਾ ਕੇ ਅਜੇ ਬੈਠੇ ਹੀ ਸਨ ਕਿ ਇੰਦਰਾ ਬੋਲੀ, 'ਸਾਡੀ ਕੋਠੀ ਦੀ ਸਫ਼ਾਈ ਕਰਵਾ ਦਿੱਤੀ ਮੰਮੀ, ਕਿ ਅਜੇ ਉਵੇਂ ਪਈ ਏ?'

'ਕਰਵਾ ਦਿੱਤੀ ਧੀਏ। ਐਨ ਲਿਸ਼ਕਾ ਦਿੱਤੀ। ਦੇਖਦੀ ਰਹਿ ਜਾਏਂਗੀ।'

'ਚਲੋ ਫੇਰ ਉੱਠੋ, ਉੱਧਰ ਹੀ ਚਾਹ ਪੀਵਾਂਗੇ।'

'ਨਹੀਂ ਬੇਟਾ ਅਜੇ ਨਹੀਂ। ਪੰਡਤ ਜੀ ਨੂੰ ਬੁਲਾ ਕੇ ਮਹੂਰਤ ਕਢਵਾਵਾਂਗੇ। ਹਵਨ ਅਤੇ ਪਾਠ ਕਰਵਾਉਣ ਮਗਰੋਂ ਹੀ ਗ੍ਰਹਿ ਪ੍ਰਵੇਸ਼ ਕਰਨਾ ਏਂ।' ਖੇਮ ਚੰਦ ਗੋਗਨਾ ਬੋਲਿਆ।

'ਇਹ ਹੁਣ ਨਵਾਂ ਆਡੰਬਰ ਰਹਿਣ ਦਵੋ ਡੈਡੀ। ਦੇਵ ਜੀ ਨੀ ਇਨ੍ਹਾਂ ਗੱਲਾਂ ਨੂੰ ਮੰਨਦੇ।' ਇੰਦਰਾ ਨੇ ਕਿਹਾ।

'ਬਹਾਨੇ ਨਾਲ਼ ਰਿਸ਼ਤੇਦਾਰ, ਦੋਸਤ ਮਿੱਤਰ ਆ ਜਾਣਗੇ।'

'ਆ ਚੁੱਕੇ ਸਭ ਵਿਆਹ' ਚ... ਉੱਠੋਂ ਆਪਾਂ ਹੀ ਰੱਬ ਦਾ ਨਾਂ ਲੈਕੇ ਗ੍ਰਹਿ ਪ੍ਰਵੇਸ਼ ਕਰ ਲੈਂਦੇ ਹਾਂ।' ਇੰਦਰਾ ਨੇ ਉੱਠ ਕੇ ਆਪਣੇ ਡੈਡੀ ਨੂੰ ਬਾਹੋਂ ਫੜ ਖਿੱਚਿਆ। ਸਵਿੱਤਰੀ ਵੀ ਉਨ੍ਹਾਂ ਦੀ ਦਲੀਲ ਨਾਲ਼ ਸਹਿਮਤ ਹੋ ਗਈ। ਦੇਵ ਵੀ ਚਾਹੁੰਦਾ ਸੀ ਕਿ ਦਿਖਾਵਿਆਂ ਵਿਚ ਪੈ ਕੇ ਫਾਲਤੂ ਦੇ ਖ਼ਰਚ ਨਹੀਂ ਕਰਨੇ ਚਾਹੀਦੇ।

ਇਕ ਕੋਠੀ' ਚੋਂ ਬਾਹਰ ਨਿਕਲੋ, ਦੂਜੀ' ਚ ਵੜ ਜਾਓ। ਇਕ ਦੇਵ ਦੇ' ਚ ਸੱਸ

ਸਹੁਰਾ ਦੂਜੇ' ਚ ਉਨ੍ਹਾਂ ਦੇ ਧੀ ਜੁਆਈ। ਇੰਦਰਾ ਤੇ ਦੇਵ ਲਈ ਇਹ ਮਨ ਨੂੰ ਹੁਲਾਰਾ ਦੇਣ ਵਾਲ਼ੀ ਗੱਲ ਸੀ। ਚਾਰੋਂ ਜਣੇ 'ਇੰਦਰਾ ਵਿਲਾ' ਦਾ ਤਾਲ਼ਾ ਖੋਹਲ ਅੰਦਰ ਜਾ ਵੜੇ। ਕੋਠੀ ਸੱਚਮੁੱਚ ਲਿਸ਼-ਲਿਸ਼ ਕਰ ਰਹੀ ਸੀ। ਕਾਲੀਨ ਤੇ ਚੜ੍ਹਨ ਲੱਗੇ ਪੈਰ ਘਬਰਾਉਂਦੇ ਸਨ, ਮਤੇ ਉਹ ਗੰਦੇ ਨਾ ਹੋ ਜਾਣ। ਘਰ ਵਿਚ ਸਾਰਾ ਸਮਾਨ ਬੜੇ ਸਲੀਕੇ ਨਾਲ਼ ਸਜਾਇਆ ਹੋਇਆ ਸੀ। ਇੰਦਰਾ ਦੀ ਮੰਮੀ ਸਵਿੱਤਰੀ ਕੀ ਪਤਾ ਕਿੰਨੇ ਦਿਨ ਇਸੇ ਕੰਮ ਵਿਚ ਲੱਗੀ ਰਹੀ ਹੋਵੇਗੀ। ਉਹ ਬੋਲੀ, 'ਮੈਂ ਉੱਧਰੋਂ ਚਾਹ ਬਣਾ ਲਿਆਉਂਦੀ ਹਾਂ, ਪੀ ਲੈਣਾ ਐਧਰ ਹੀ।'

'ਨਹੀਂ ਮੰਮੀ ਜੀ। ਬਣਾਵਾਂਗੇ ਵੀ ਐਧਰ ਹੀ ਤੇ ਪੀਵਾਂਗੇ ਵੀ ਐਧਰ ਹੀ। ਤੁਸੀਂ ਸਾਡੇ ਚੰਗੇ ਗੁਆਂਢੀ ਹੋ। ਚਾਹ, ਚੀਨੀ ਤੇ ਦੁੱਧ ਉਧਾਰਾ ਦੇ ਦਿਓ। ਮੈਂ ਤੇ ਇੰਦਰਾ ਬਣਾਵਾਂਗੇ।' ਦੇਵ ਹੱਸਿਆ ਤਾਂ ਸਵਿੱਤਰੀ ਵੀ ਮੁਸਕਰਾਉਂਦੀ ਬਾਹਰ ਨਿਕਲ਼ ਗਈ।

ਦੇਵ ਇੰਦਰਾ ਦਾ ਹੱਥ ਫੜ ਕੇ ਰਸੋਈ ਵਿਚ ਜਾ ਵੜਿਆ। ਦੇਵ ਬੋਲਿਆ, 'ਆਪਣਾ ਖਾਣ-ਪੀਣ ਹੁਣ ਆਪਾਂ ਖੁਦ ਬਣਾਇਆ ਕਰਾਂਗੇ। ਅੱਜ ਸ਼ਾਮ ਦੀ ਰੋਟੀ ਉੱਧਰ ਨਹੀਂ, ਐਧਰ ਹੀ ਆਪਾਂ ਬਣਾਵਾਂਗੇ ਤੇ ਮੰਮੀ ਡੈਡੀ ਆਪਣੇ ਮਹਿਮਾਨ ਹੋਣਗੇ।'

'ਪਰ ਦੇਵ ਜੀ ਐਧਰ ਵੀ ਤਾਂ ਮੰਮੀ ਜੀ ਨੂੰ ਹੀ ਬਣਾਉਣੀ ਪਵੇਗੀ। ਤੁਹਾਨੂੰ ਪਤਾ ਏ ਮੈਨੂੰ ਤਾਂ ਆਉਂਦੀ ਨਹੀਂ।' ਉਹ ਬੋਲੀ।

'ਤੂੰ ਦੇਖਦੀ ਜਾਈਂ। ਆਉਂਦੈ ਮੈਨੂੰ ਸਭ ਕੁਝ ਬਣਾਉਣਾ। ਤੂੰ ਸਟੋਵ ਲਾ ਕੇ ਚਾਹ ਲਈ ਪਾਣੀ ਰੱਖਦੇ।'

'ਸਟੋਵ ਕਿਹੜਾ ਮੈਨੂੰ ਲਾਉਣਾ ਆਉਂਦੈ। ਮੇਰੀ ਟਰੇਨਿੰਗ ਸ਼ੁਰੂ ਕਰ ਦਵੋ, ਅੱਜ ਤੋਂ ਹੀ।'

'ਠੀਕ ਏ, ਪਹਿਲਾਂ ਮਿਲ ਕੇ ਚਾਹ ਬਣਾਉਂਦੇ ਹਾਂ।' ਦੇਵ ਹੱਸਿਆ।

ਰਸੋਈ ਵਿਚ 'ਪ੍ਰਭਾਤ' ਦਾ ਨਵਾਂ ਸਟੋਵ ਤਾਂ ਪਿਆ ਸੀ, ਪਰ ਉਸ ਵਿਚ ਤੇਲ ਨਹੀਂ ਸੀ। ਦੇਵ ਨੇ ਪਹਿਲਾਂ ਮਿੱਟੀ ਦੇ ਤੇਲ ਦੀ ਪੀਪੀ ਲੱਭੀ ਫਿਰ ਘਰਲ਼ੇ ਨਾਲ਼ ਇਕ ਬੋਤਲ ਵਿਚ ਤੇਲ ਕੱਢ ਲਿਆ। ਸਟੋਵ ਦੇ ਮੂੰਹ ਤੇ ਕੁੱਪੀ ਰੱਖ ਤੇਲ ਪਾ ਦਿੱਤਾ। ਜਦ ਨੂੰ ਸਵਿੱਤਰੀ ਆਈ ਪਤੀਲੇ ਵਿਚ ਪਾਣੀ ਰਿੱਝ ਰਿਹਾ ਸੀ।

'ਇਹ ਕੀ ਬੇਟਾ... ਹਟੋ ਐਧਰ... ਮੈਂ ਚਾਹ ਬਣਾ ਕੇ ਲਿਆਉਂਦੀ ਹਾਂ।' ਉਹ ਬੋਲੀ।

'ਨਹੀਂ ਮੰਮੀ ਜੀ, ਤੁਸੀਂ ਬੈਠੋ ਡੈਡ ਕੋਲ਼ ਜਾ ਕੇ। ਅਸੀਂ ਦੋਨੋਂ ਬਣਾ ਕੇ ਲਿਆਉਂਦੇ ਹਾਂ।' ਦੇਵ ਨੇ ਕਿਹਾ।

'ਐਥੇ ਤਾਂ ਰਸੋਈ ਦਾ ਸਾਰਾ ਕੰਮ ਆਪ ਕਰਾਂਗੇ ਜੀ। ਤੁਸੀਂ ਉੱਧਰ ਕਰਦੇ ਰਹਿਣਾ। ਅੱਜ ਸ਼ਾਮ ਦੀ ਰੋਟੀ ਦਾ ਚੁੱਲ੍ਹਾ-ਨਿਉਂਦਾ ਸਾਡੇ ਵੱਲ।' ਦੇਵ ਹੱਸਿਆ।

ਦੋਨਾਂ ਨੇ ਰਲ਼ ਕੇ ਚਾਹ ਬਣਾਈ ਤੇ ਸਾਰਿਆਂ ਨੇ ਇਕੱਠੇ ਬੈਠ ਕੇ ਪੀਤੀ। ਇੰਦਰਾ ਨੇ ਭਾਂਡੇ ਚੁੱਕ ਕੇ ਸ਼ੈਂਕ ਵਿਚ ਰੱਖੇ ਤਾਂ ਦੇਵ ਵੀ ਆ ਗਿਆ। ਉਸ ਨੇ ਵਾਪਸ ਮੁੜਦੀ ਇੰਦਰਾ ਦਾ ਹੱਥ ਫੜ ਲਿਆ ਤੇ ਬੋਲਿਆ, 'ਬਾਦਸ਼ਹੋ ਇਨ੍ਹਾਂ ਨੂੰ ਮਾਂਜੇਗਾ ਕੌਣ? ਹੁਣ ਕਹੋਗੇ, ਮੈਂ ਤਾਂ ਕਦੀ ਮਾਂਜੇ ਨੀ।'

'ਸਚੀਓਂ ਨੀ ਮਾਂਜੇ।' ਇੰਦਰਾ ਹੱਸੀ।

'ਕਰੋ ਫੇਰ ਸ਼ੁਰੂ ਅੱਜ। ਮਾਂਜਦਿਆਂ ਨੂੰ ਦੇਖਿਆ ਤਾਂ ਹੋਵੇਗਾ ਨਾ।' ਦੋਨਾਂ ਨੇ ਰਲ ਕੇ ਸ਼ੈਂਕ ਖਾਲੀ ਕਰ ਦਿੱਤਾ।

ਵਿਹਲੇ ਹੋ ਕੇ ਉਹ ਡਰਾਇੰਗ ਰੂਮ ਵਿਚ ਬੈਠ ਗੱਲਾਂ ਮਾਰਨ ਲੱਗੇ। ਦੇਵ ਨੇ ਦੱਸਿਆ ਕਿ ਹਿਸਾਰ ਕਾਲਜ ਵਿਚ ਪੜ੍ਹਾਉਂਦਿਆਂ ਉਹ ਆਪਣੀ ਰੋਟੀ ਆਪ ਹੀ ਬਣਾਇਆ ਕਰਦਾ ਸੀ। ਖ਼ੂਬ ਮਸਾਲੇ ਤੇ ਦੇਸੀ ਘਿਓ ਪਾ ਕੇ ਦਾਲ਼ ਸਬਜ਼ੀ ਐਨੇ ਸਵਾਦੀ ਬਣਦੇ ਕਿ ਉਹ ਤੇ ਉਹਦਾ ਦੋਸਤ ਡੇਨੀਅਲ ਆਡਲ ਅੱਠ-ਅੱਠ ਰੋਟੀਆਂ ਤੇ ਦਾਲ ਸਬਜ਼ੀ ਦਾ ਭਰਿਆ ਪਤੀਲਾ ਚੱਟਮ ਕਰ ਜਾਂਦੇ।

'ਡੇਨੀਅਲ ਕੌਣ ਸੀ ਬੇਟਾ?' ਇੰਦਰਾ ਦੇ ਡੈਡੀ ਨੇ ਪੁੱਛਿਆ।

'ਉਹ ਇਕ ਅਮਰੀਕਣ ਪ੍ਰੋਫੈਸਰ ਸੀ ਜਿਹੜਾ ਕਿਸੇ ਵੇਲ਼ੇ ਮਿਰਚ ਮਸਾਲੇ ਤਾਂ ਦੂਰ ਦੀ ਗੱਲ, ਲੂਣ ਲੱਗੀ ਡਰਾਈ ਫੂਡ ਹੀ ਖਾਂਦਾ ਸੀ। ਮੈਂ ਹੀ ਉਸ ਨੂੰ ਦੇਸੀ ਖਾਣੇ ਖਾਣ ਗਿਝਾ ਲਿਆ ਸੀ।' ਦੇਵ ਨੇ ਦੱਸਿਆ।

'ਫੇਰ ਤਾਂ ਸਾਨੂੰ ਵਧੀਆ ਰਸੋਈਆ ਮਿਲ ਗਿਆ।' ਇੰਦਰਾ ਹੱਸੀ।

'ਰਸੋਈਆ ਨਹੀਂ... ਰਸੋਈਆ ਮਾਸਟਰ... ਕੁਝ ਦਿਨਾਂ ਦੀ ਟ੍ਰੇਨਿੰਗ ਦਿਆਂਗਾ ਤੈਨੂੰ।'

'ਠੀਕ ਏ ਜੀ.. ਸਭ ਕੁਝ ਸਿੱਖਾਂਗੀ ਤੁਹਾਡੇ ਕੋਲ਼ੋਂ... ਫਿਰ ਤੁਹਾਡੀ ਛੁੱਟੀ ਕਰਕੇ ਸਭ ਕੁਝ ਆਪ ਕਰਿਆ ਕਰਾਂਗੀ।'

'ਦੇਖਣਾ ਕਿਤੇ ਮੇਰੀ ਪੱਕੀ ਛੁੱਟੀ ਹੀ ਨਾ ਕਰ ਦੇਵੀਂ।' ਦੇਵ ਹੱਸਿਆ।

'ਨਾ ਪੁੱਤਰ ਜੀ... ਅਜਿਹੀ ਗੱਲ ਨਾ ਬੋਲੋ। ਸਾਨੂੰ ਤਾਂ ਬੜੀ ਮੁਸ਼ਕਲ ਨਾਲ਼ ਪੁੱਤ ਮਿਲਿਆ ਏ। ਸਾਡਾ ਵੀ ਹੋਰ ਕੌਣ ਏਂ?' ਸਵਿੱਤਰੀ ਬੋਲੀ।

'ਹੱਥੀਂ ਕੰਮ ਕਰਨ ਵਿਚ ਬੜਾ ਮਜ਼ਾ ਏ। ਤੁਸੀਂ ਤਾਂ ਨੌਕਰਾਂ ਦੇ ਆਸਰੇ ਰਹੇ ਹੋ ਨਾ। ਪਰ ਹੁਣ ਅਸੀਂ ਨੌਕਰ ਕੋਈ ਨਹੀਂ ਰੱਖਣਾ।' ਦੇਵ ਬੋਲਿਆ।

'ਕੱਪੜੇ ਧੋਣ ਤੇ ਝਾੜੂ ਪੋਚੇ ਮਾਰਨ ਲਈ ਵੀ ਨਹੀਂ?'

'ਨਹੀਂ ਇੰਦਰਾ.. ਸਭ ਕੰਮ ਆਪ ਕਰਾਂਗੇ। ਸ਼ਰੀਰ ਦੀ ਵਰਜਿਸ਼ ਹੋਵੇਗੀ। ਰਿਸ਼ਟ-ਪੁਸ਼ਟ ਰਹੋਗੇ। ਤੋਂਦ ਨਹੀਂ ਨਿਕਲ਼ੇਗੀ। ਨਾ ਸ਼ੂਗਰ ਨਾ ਬੀ. ਪੀ. ਤੇ ਨਾ ਕੋਈ ਹੋਰ ਰੋਗ। ਕੰਮ ਤਾਂ ਬੰਦੇ ਦਾ ਭਾਗ ਹੁੰਦਾ ਏ। ਇੰਦਰਾ ਤੈਨੂੰ ਮੰਜੂਰ ਏ ਮੇਰੀ ਇਹ ਗੱਲ?'

'ਹਾਂ ਜੀ... ਸੌ ਪਰਸੈਂਟ... ਸਭ ਸਿੱਖਾਂਗੀ ਹੌਲ਼ੀ-ਹੌਲ਼ੀ।'

ਦੇਵ ਖੁਸ਼ ਹੋ ਗਿਆ। ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਉਹ ਦੋਨੋਂ ਵੀ ਖੁਸ਼ ਹੋ ਰਹੇ ਸਨ।

ਤੀਜੇ ਕੁ ਪਹਿਰ ਦੇਵ ਤੇ ਇੰਦਰਾ ਗੱਡੀ ਵਿਚ ਮਾਰਕੀਟ ਚਲੇ ਗਏ। ਰਸੋਈ ਤੇ ਬਾਥਰੂਮ ਲਈ ਲੋੜੀਂਦਾ ਸਾਰਾ ਸਮਾਨ ਉਨ੍ਹਾਂ ਨੇ ਖਰੀਦ ਲਿਆ। ਦੇਵ ਇੰਦਰਾ ਨੂੰ ਖ਼੍ਰੀਦਦਾਰੀ ਕਰਨ ਦੇ ਗੁਰ ਅਤੇ ਭੇਤ ਵੀ ਸਮਝਾਉਂਦਾ ਰਿਹਾ ਕਿ ਕਿਵੇਂ ਦੁਕਾਨਦਾਰ ਹੇਰਾ ਫੇਰੀ ਕਰਦੇ ਹਨ, ਘੱਟ ਤੋਲਦੇ ਹਨ, ਸੌਦਿਆਂ ਦਾ ਜੋੜ ਵੱਧ ਲਾ ਦਿੰਦੇ ਹਨ, ਦਿਖਾਉਂਦੇ ਕੁਝ ਹੋਰ, ਤੋਲ ਕੁਝ ਹੋਰ ਦਿੰਦੇ ਹਨ। ਗਾਹਕ ਨੂੰ ਪਸੰਦ ਆਈ ਚੀਜ਼ ਦਾ ਰੇਟ ਵੀ ਵਧਾ ਕੇ ਲਾ ਦਿੰਦੇ ਹਨ। ਇੰਦਰਾ ਹੈਰਾਨ ਹੁੰਦੀ ਰਹੀ ਕਿ ਦੇਵ ਨੂੰ ਐਨੀਆਂ ਗੱਲਾਂ ਦਾ ਕਿਵੇਂ ਪਤਾ ਲੱਗ ਗਿਆ ਸੀ।

ਸ਼ਾਮ ਨੂੰ ਸਵਿੱਤਰੀ ਨੇ ਬਥੇਰਾ ਜ਼ੋਰ ਲਾਇਆ ਕਿ ਉਹ ਰਸੋਈ ਵਿਚ ਉਨ੍ਹਾਂ ਦੀ ਮੱਦਦ ਕਰੇਗੀ ਪਰ ਉਨ੍ਹਾਂ ਨੇ ਤਾਂ ਉਸ ਨੂੰ ਪਿਆਜ਼ ਕੱਟਣ ਤੋਂ ਵੀ ਮਨ੍ਹਾਂ ਕਰ ਦਿੱਤਾ। ਇੰਦਰਾ ਜਿੰਨਾ ਕੁ ਕਰ ਸਕਦੀ ਸੀ, ਦੇਵ ਦਾ ਹੱਥ ਵਟਾਉਂਦੀ ਰਹੀ। ਉਹ ਸਿਰਫ਼ ਇੱਕੋ ਕੰਮ ਵਿਚ ਨਿਪੁੰਨ ਸੀ, ਉਹ ਸੀ ਸਲਾਦ ਕੱਟ ਕੇ ਪਲੇਟ ਵਿਚ ਸਜਾਉਣਾ। ਇਹ ਕੰਮ ਉਸ ਨੇ ਬਾਖ਼ੂਬੀ ਕਰ ਦਿੱਤਾ। ਸਵਿੱਤਰੀ ਦੂਜੀ ਕੋਠੀ' ਚ ਜਾ ਕੇ ਆਟਾ ਗੁੰਨ੍ਹ ਲਿਆਈ ਤੇ ਬੋਲੀ, 'ਫੁਲਕੇ ਮੈਂ ਲਾਹ ਦਿੰਦੀ ਹਾਂ ਬੇਟਾ।'

'ਆਹ ਤਾਂ ਮੰਮੀ ਜੀ ਤੁਸੀਂ ਬੜਾ ਲੋਹੜਾ ਮਾਰਿਆ। ਆਟਾ ਤਾਂ ਅੱਜ ਆਪਾਂ ਇੰਦਰਾ ਤੋਂ ਗੁਨ੍ਹਾਉਣਾ ਸੀ।'

'ਆਟਾ ਮੈਂ ਕਿਵੇਂ ਗੁੰਨ੍ਹ ਲੈਂਦੀ? ਮੈਨੂੰ ਕੀ ਪਤਾ।' ਉਹ ਹੱਸੀ।

'ਆਪਾਂ ਤੈਨੂੰ ਸਿਖਾ ਦੇਣਾ ਸੀ... ਮੰਮੀ ਜੀ ਤੁਸੀਂ ਜਾ ਕੇ ਬੈਠੋ ਅੰਦਰ। ਰੋਟੀ ਹੁਣ ਅਸੀਂ ਆਪ ਲਾਹਵਾਂਗੇ।'

'ਚੰਗਾ ਬੱਚਿਓ ਤੁਹਾਡੀ ਮਰਜੀ।' ਉਹ ਹੱਸਦੀ ਅੰਦਰ ਚਲੀ ਗਈ।

ਇੰਦਰਾ ਤੇ ਦੇਵ ਨੇ ਡਾਇਨਿੰਗ ਟੇਬਲ ਉੱਤੇ ਦਾਲ਼, ਸਬਜ਼ੀ ਬਗੈਰਾ ਦੇ ਡੌਂਗੇ ਸਜਾ ਦਿੱਤੇ। ਦੇਵ ਰੋਟੀ ਲਾਹੁਣ ਲੱਗ ਪਿਆ। ਇੰਦਰਾ ਹੈਰਾਨ ਹੋਈ ਖੜ੍ਹੀ ਦੇਖਦੀ ਰਹੀ ਕਿ ਐਨੀ ਗੋਲ਼ ਰੋਟੀ ਉਹ ਕਿਵੇਂ ਵੇਲ ਲੈਂਦਾ ਸੀ ਤੇ ਹਰੇਕ ਰੋਟੀ ਫੁੱਲ ਕੇ ਕੁੱਪਾ ਕਿਵੇਂ ਬਣ ਜਾਂਦੀ ਸੀ। ਸਾਰਿਆਂ ਨੇ ਮਿਲ ਕੇ ਭੋਜਨ ਖਾਧਾ। ਇੰਦਰਾ ਦੇ ਮੰਮੀ ਡੈਡੀ ਖਾਣੇ ਦੀਆਂ ਤਾਰੀਫ਼ਾਂ ਕਰਦੇ ਰਹੇ। ਸਵਿੱਤਰੀ ਇਹ ਵੀ ਕਹਿੰਦੀ ਰਹੀ ਕਿ ਉਸ ਨੂੰ ਇਸ ਗੱਲ ਦੀ ਨਮੋਸ਼ੀ ਸੀ ਕਿ ਉਸ ਨੇ ਆਪਣੀ ਧੀ ਨੂੰ ਕੁਝ ਵੀ ਨਹੀਂ ਸੀ ਸਿਖਾਇਆ। ਉਸ ਨੇ ਇਕ ਵਾਰੀ ਫਿਰ ਭਾਂਡੇ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਪਰ ਇੰਦਰਾ ਨੇ ਉਸ ਦੇ ਹੱਥ ਫੜ ਲਏ, 'ਨਹੀਂ ਮੰਮੀ ਜੀ, ਮੈਂ ਇਨ੍ਹਾਂ ਨੂੰ ਆਪ ਹੀ ਮਾਂਜ ਦਿਆਂਗੀ।'

ਰਾਤ ਨੂੰ ਦਸ ਵਜੇ ਦੋਨਾਂ ਨੇ ਮੰਮੀ ਡੈਡੀ ਨੂੰ ਹੱਥ ਜੋੜ ਕੇ ਵਿਦਾਇਗੀ ਦਿੱਤੀ ਤਾਂ ਦੇਵ ਬੋਲਿਆ, 'ਦੇਖਿਆ ਮੰਮੀ ਜੀ, ਕਿੰਨਾ ਸੋਹਣਾ ਗ੍ਰਹਿ ਪ੍ਰਵੇਸ਼ ਹੋਇਆ ਏ ਸਾਡਾ?'

'ਰੂਹ ਖੁਸ਼ ਹੋ ਗਈ ਪੁੱਤ ਮੇਰੇ। ਤੂੰ ਐਨਾ ਚੰਗਾ ਏਂ। ਤੇਰੀ ਮਾਂ ਕਿੰਨੀ ਚੰਗੀ ਹੋਵੇ ਗੀ। ਇਕ ਵਾਰੀ ਮਿਲੇ ਸੀ ਪਰ ਕੁਝ ਪਲਾਂ ਲਈ।' ਉਹ ਅੱਖਾਂ ਭਰ ਆਈ। ਸਾਰੇ ਖਾਮੋਸ਼ ਖੜ੍ਹੇ ਰਹੇ। ਦੇਵ ਦੀਆਂ ਅੱਖਾਂ ਮੂਹਰੇ ਉਹਦੀ ਬੇਬੇ ਘੁੰਮਣ ਲੱਗੀ। ਉਸ ਨੂੰ ਇੰਝ ਲੱਗਾ ਜਿਵੇ ਂ ਉਹ ਸਭ ਕੁਝ ਦੇਖ ਰਹੀ ਹੋਵੇ।

ਸਵਿੱਤਰੀ ਬੋਲੀ, 'ਇੰਦੂ ਬੇਟੇ ਕੋਠੀ ਨੂੰ ਤਾਲ਼ਾ ਲਾ ਕੇ ਆਪਾਂ ਕੁਝ ਦੂਰੀ ਤੱਕ ਘੁੰਮ ਆਉਂਦੇ ਹਾਂ।'

ਅੱਧਾ ਕੁ ਘੰਟਾ ਘੁੰਮਦੇ ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਇੰਦਰਾ ਦਾ ਡੈਡੀ ਵੀ ਕੁਝ ਕਹਿਣਾ ਚਾਹੁੰਦਾ ਸੀ, ਪਰ ਉਹ ਦੂਜਿਆਂ ਨੂੰ ਸੁਣ ਕੇ ਹੀ ਮੁਸਕਰਾਉਂਦਾ ਰਿਹਾ। ਦੇਵ ਨੇ ਸੋਚਿਆ, 'ਉਸ ਦਾ 'ਚੁੱਪ ਰਹਿਣਾ' ਸੁਭਾਅ ਹੋਵੇਗਾ।'

ਕੋਠੀ ਦਾ ਗੇਟ ਅੰਦਰੋਂ ਬੰਦ ਕਰ ਕੇ ਉਹ ਕਮਰੇ' ਚ ਵੜੇ ਤਾਂ ਦੇਵ ਨੇ ਇੰਦਰਾ ਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ।

00

# ਇਕ ਸੌ ਅਠੱਤੀ

ਇੰਦਰਾ ਦੇ ਸਾਥ ਨਾਲ਼ ਬੇਹੱਦ ਹੁਸੀਨ ਪਲ ਦੇਵ ਦੀ ਝੋਲ਼ੀ ਵਿਚ ਆ ਪਏ। ਬੜੀ ਸੁਘੜ, ਸਿਆਣੀ, ਸਲੀਕੇ ਅਤੇ ਹਲੀਮੀ ਭਰੇ ਸੁਭਾਅ ਵਾਲ਼ੀ ਉਸ ਕੁੜੀ ਨੇ ਉਸ ਦੇ ਅੰਬਰ ਤੇ ਸਤਰੰਗੀ ਪੀਂਘ ਪਾ ਦਿੱਤੀ। ਇੰਦਰਾ ਦੀ ਇੱਛਾ ਸੀ ਕਿ ਕਿਸੇ ਮਨਮੋਹਕ ਪਹਾੜੀ ਇਲਾਕੇ ਵਿਚ ਕੁਝ ਦਿਨ ਲਈ ਹਨੀਮੂਨ ਤੇ ਜਾਇਆ ਜਾਵੇ। ਉਸ ਨੇ ਇਸ ਟੂਰ ਵਾਸਤੇ ਆਪਣੇ ਡੈਡੀ ਤੋਂ ਮਿਲੇ ਵੀਹ ਹਜ਼ਾਰ ਰੁਪਏ ਵੱਖਰੇ ਹੀ ਰੱਖੇ ਹੋਏ ਸਨ। ਉਸ ਨੇ ਦੇਵ ਕੋਲ਼ ਆਪਣੀ ਇੱਛਾ ਪ੍ਰਗਟਾਈ ਤਾਂ ਉਹ ਬੋਲਿਆ, 'ਇੰਦਰਾ ਹੁਣ ਤਾਂ ਛੁਟੀਆਂ ਵੀ ਹਫ਼ਤੇ ਤੋਂ ਘੱਟ ਰਹਿ ਗਈਆਂ, ਨੱਠ ਭੱਜ ਹੀ ਹੋਵੇਗੀ। ਗਰਮੀ ਦੀਆਂ ਚਾਲ਼ੀ ਦਿਨ ਦੀਆਂ ਛੁੱਟੀਆਂ ਆਈਆਂ ਕਿ ਆਈਆਂ, ਉਦੋਂ ਸਾਰੇ ਪਾਸੇ ਘੁੰਮ ਕੇ ਆਵਾਂਗੇ।'

ਇੰਦਰਾ ਉਸ ਦੀ ਗੱਲ ਨਾਲ਼ ਝੱਟ ਸਹਿਮਤ ਹੋ ਗਈ। ਉਹ ਸਵੇਰੇ ਛੇ ਕੁ ਵਜੇ ਜਾਗਦੇ। ਨਹਾ ਧੋ ਕੇ, ਚਾਹ ਪੀ ਕੇ ਕੁਝ ਦੂਰੀ ਤੱਕ ਟਹਿਲਣ ਨਿਕਲ਼ ਜਾਂਦੇ। ਵਾਪਸੀ ਤੇ ਉਹ ਇੰਦਰਾ ਦੇ ਮਾਪਿਆਂ ਕੋਲ਼ ਚਲੇ ਜਾਂਦੇ। ਜੇ ਥੋੜ੍ਹੀ ਦੇਰ ਵੀ ਲੇਟ ਜਾਂਦੇ ਤਾਂ ਉਸ ਦੇ ਮੰਮੀ-ਡੈਡੀ ਕੋਠੀ ਦੇ ਬਾਹਰ ਖੜ੍ਹੇ ਉਨ੍ਹਾਂ ਨੂੰ ਉਡੀਕ ਰਹੇ ਹੁੰਦੇ। ਸਵਿੱਤਰੀ ਉਨ੍ਹਾਂ ਦੇ ਖਾਣ ਲਈ ਨਿੱਤ ਕੁਝ ਨਾ ਕੁਝ ਤਿਆਰ ਕਰਦੀ। ਉਹ ਉਨ੍ਹਾਂ ਕੋਲ਼ ਬੈਠ ਕੇ ਟੀ. ਵੀ. ਦੇਖਦੇ ਜਾਂ ਅਖ਼ਬਾਰ ਪੜ੍ਹਦੇ। ਸਵਿੱਤਰੀ ਅਕਸਰ ਕਹਿੰਦੀ, 'ਸਾਡੀ ਜ਼ਿੰਦਗੀ ਹੁਣ ਤੁਹਾਡੇ ਆਸਰੇ ਹੀ ਹੈ ਬੱਚਿਓ। ਸਾਡੀ ਖੁਸ਼ੀ ਦਾ ਧਿਆਨ ਰੱਖਿਆ ਕਰੋ। ਸਾਡੇ ਆਪ ਖਾਣ-ਪੀਣ ਦੇ ਦਿਨ ਤਾਂ ਹੁਣ ਲੰਘ ਗਏ। ਤੁਹਾਨੂੰ ਖੁਆ ਕੇ ਹੀ ਅਸੀਂ ਖੁਸ਼ ਹੁੰਦੇ ਹਾਂ। ਜਦ ਤੱਕ ਮੈਂ ਬੈਠੀ ਹਾਂ, ਆਪਣੀ ਰਸੋਈ ਬੰਦ ਕਰ ਦਿਓ।'

'ਮੰਮੀ ਜੀ ਇੰਦਰਾ ਦੀ ਰਸੋਈ ਦਾ ਟਰੇਨਿੰਗ ਪੀਰੀਅਡ ਚੱਲ ਰਿਹਾ ਏ। ਤੁਸੀਂ ਸਾਨੂੰ ਆਪਣੇ ਆਪ ਤੇ ਐਨੇ ਨਿਰਭਰ ਨਾ ਬਣਾਓ ਕਿ ਅਸੀਂ ਨਿਕੰਮੇ ਹੀ ਬਣ ਜਾਈਏ। ਨਾਸ਼ਤਾ ਤੁਹਾਡੇ ਕੋਲ਼ ਕਰ ਹੀ ਲੈਂਦੇ ਹਾਂ।' ਦੇਵ ਆਖਦਾ।

ਨਾਸ਼ਤਾ ਹੀ ਨਹੀਂ, ਕਦੀ ਦੁਪਹਿਰੇ, ਕਦੀ ਸ਼ਾਮੀਂ ਸਵਿੱਤਰੀ ਉਨ੍ਹਾਂ ਕੋਲ਼ ਆ ਕੇ ਕਹਿੰਦੀ ਹੀ ਰਹਿੰਦੀ- ਅੱਜ ਮੈਂ ਚਿੱਟੇ ਛੋਲੇ ਬਣਾ ਰਹੀ ਹਾਂ, ਜਦੋਂ ਆਵੋਗੇ ਪੂਰੀਆਂ ਤਲ਼ ਦਿਆਂਗੀ। ... ਅੱਜ ਕੜ੍ਹੀ ਚਾਵਲ ਬਣਾ ਰਹੀ ਹਾਂ... ਅੱਜ ਰਾਜਮਾਂਹ ਭਿਓਏ ਪਏ ਨੇ। ਉਸ ਦੇ ਬੋਲਾਂ ਵਿਚ ਐਨਾ ਨਿੱਘ ਹੁੰਦਾ ਕਿ ਉਹ ਜਵਾਬ ਨਾ ਦੇ ਸਕਦੇ। ਹੁਣ ਤਾਂ ਇੰਦਰਾ ਵੀ ਬੜੇ ਸ਼ੌਕ ਨਾਲ਼ ਹਰ ਚੀਜ਼ ਬਣਾਉਣੀ ਸਿੱਖ ਗਈ ਸੀ। ਦੇਵ ਵੀ ਰਸੋਈ ਵਿਚ ਉਸ ਦੀ ਮੱਦਦ ਕਰਦਾ ਰਹਿੰਦਾ। ਪਕਵਾਨ ਬਣਾਉਣ ਦੀਆਂ ਵੱਖੋ ਵੱਖਰੀਆਂ ਵਿਧੀਆਂ ਵਾਲ਼ੀ ਇਕ ਕਿਤਾਬਚੀ ਇੰਦਰਾ ਖਰੀਦ ਲਿਆਈ ਸੀ। ਉਹ ਉਸ ਨੂੰ ਪੜ੍ਹ ਪੜ੍ਹ ਖਾਣੇ ਤਿਆਰ ਕਰਦੀ ਰਹਿੰਦੀ। ਉਹ ਆਪਣੀ ਮੰਮੀ ਦੀ ਵੀ ਰਸੋਈ ਵਿਚ ਮੱਦਦ ਕਰ ਆਉਂਦੀ। ਖਾਣ ਪੀਣ ਦੀ ਕੋਈ ਵੀ ਚੀਜ਼ ਹੁੰਦੀ ਦੇਵ ਇੰਦਰਾ ਦੀਆਂ ਸਿਫ਼ਤਾਂ ਕਰਦਾ ਨਾ ਥੱਕਦਾ।

ਇਕ ਦਿਨ ਦੁਪਹਿਰ ਤੋਂ ਪਹਿਲਾਂ ਹੀ ਪ੍ਰਿੰਸੀਪਲ ਵਰਮਾ ਜੀ ਨੇ ਗੱਡੀ ਦੇ ਕੇ ਉਨ੍ਹਾਂ

ਕੋਲ਼ ਆਪਣਾ ਡਰਾਇਵਰ ਭੇਜ ਦਿੱਤਾ। ਉਸ ਨੇ ਹਦਾਇਤ ਕੀਤੀ ਸੀ ਕਿ ਉਹ ਦੋਨੋਂ ਆਪਣੇ ਸਭ ਰੁਝੇਵੇਂ ਛੱਡ ਕੇ ਉਨ੍ਹਾਂ ਕੋਲ਼ ਲੁਧਿਆਣੇ ਪਹੁੰਚ ਜਾਣ। ਘੱਟੋ-ਘੱਟ ਦੋ ਰਾਤਾਂ ਉਨ੍ਹਾਂ ਕੋਲ਼ ਠਹਿਰਨ ਦਾ ਪ੍ਰੋਗਰਾਮ ਬਣਾ ਕੇ ਆਉਣ। ਪ੍ਰਿੰਸੀਪਲ ਵਰਮਾ ਜੀ ਦੀ ਕਿਰਪਾ ਨਾਲ਼ ਹੀ ਤਾਂ ਦੇਵ ਨੂੰ ਇੰਦਰਾ ਦਾ ਪਿਆਰਾ ਸਾਥ ਮਿਲਿਆ ਸੀ। ਉਹ ਤਾਂ ਉਸ ਨੂੰ ਕੁਝ ਵੀ ਆਖਦੇ ਉਹ ਉਨ੍ਹਾਂ ਦੇ ਹੁਕਮ ਤੇ ਫੁੱਲ ਚੜ੍ਹਾਉਂਦਾ। ਇੰਦਰਾ ਦਾ ਵੀ ਉਸ ਪਰਿਵਾਰ ਨਾਲ਼ ਬੜਾ ਮੋਹ ਸੀ। ਉਹ ਦੋਨੋਂ ਖੁਸ਼ ਹੋ ਗਏ ਤੇ ਉਸੇ ਵਕਤ ਜਾਣ ਦੀ ਤਿਆਰੀ ਕਰ ਲਈ। ਕੋਠੀ ਦੀ ਚਾਬੀ ਸਵਿੱਤਰੀ ਦੇ ਹਵਾਲੇ ਕਰ ਉਹ ਡਰਾਇਵਰ ਨਾਲ਼ ਲੁਧਿਆਣੇ ਚਲੇ ਗਏ। ਉਨ੍ਹਾਂ ਸਕੂਲ ਗਏ ਵਰਮਾ ਜੀ ਨੂੰ ਆਪਣੇ ਪੁੱਜਣ ਦੀ ਖ਼ਬਰ ਭੇਜ ਦਿੱਤੀ ਤਾਂ ਉਹ ਤੁਰੰਤ ਆ ਗਏ । ਇੰਦਰਾ ਦੀ ਮਾਮੀ ਪਾਰਬਤੀ ਦਾ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਇੰਦਰਾ ਜਾਂਦੀ ਹੀ ਉਨ੍ਹਾਂ ਦੇ ਦੋਨਾਂ ਬੱਚਿਆਂ ਨਾਲ਼ ਖੇਡਣ ਲੱਗ ਪਈ।

ਥੋੜ੍ਹੇ ਸਮੇਂ ਮਗਰੋਂ ਉਹ ਸ਼ਾਪਿੰਗ ਕਰਨ ਲਈ ਬਾਜ਼ਾਰ ਚਲੇ ਗਏ। ਉਨ੍ਹਾਂ ਨੇ ਉਨ੍ਹਾਂ ਲਈ ਕਮੀਜ਼ਾਂ-ਪੈਂਟਾਂ ਤੇ ਸੂਟਾਂ ਦੇ ਗੱਠੜ ਬੰਨ੍ਹ ਦਿੱਤੇ। ਉਹ ਦੋਨੋਂ ਨਾ ਨਾ ਕਰਦੇ ਰਹੇ, ਪਰ ਉਨ੍ਹਾਂ ਨੇ ਇਕ ਨਾ ਸੁਣੀ। ਐਨੇ ਸਾਰੇ ਕੱਪੜੇ ਮਿਲਣ ਤੇ ਦੇਵ ਅੰਦਰ ਆਪਣੇ ਘਟੀਆ ਪਣ ਦਾ ਅਹਿਸਾਸ ਜਾਗ ਪਿਆ। ਘਰ ਪੁੱਜ ਉਸ ਨੇ ਇੰਦਰਾ ਨੂੰ ਇਕ ਪਾਸੇ ਬੁਲਾਇਆ ਤੇ ਬੋਲਿਆ, 'ਇੰਦਰਾ ਇਹ ਕੱਪੜੇ ਆਪਾਂ ਨੂੰ ਨਹੀਂ ਲੈਣੇ ਚਾਹੀਦੇ। ਮੈਨੂੰ ਇਸ ਗੱਲ ਦੀ ਬੜੀ ਤਕਲੀਫ਼ ਹੋ ਰਹੀ ਏ।'

'ਵਿਆਹ ਮਗਰੋਂ ਪਹਿਲੀ ਵਾਰੀ ਆਏ ਹਾਂ। ਕੱਪੜੇ ਤਾਂ ਉਨ੍ਹਾਂ ਦੇਣੇ ਹੀ ਸਨ। ਅੱਗੇ ਤੋਂ ਨਹੀਂ ਲਿਆ ਕਰਾਂਗੇ।'

'ਮੈਨੂੰ ਆਪਣਾ ਆਪਾ ਹੀਣਾ-ਹੀਣਾ ਲੱਗ ਰਿਹਾ ਏ। ਜਿਵੇਂ ਕੋਈ ਖਰਾਇਤ ਲੈ ਰਿਹਾ ਹੋਵਾਂ। ਇਹ ਕੱਪੜੇ ਲੈ ਕੇ ਮੈਂ ਆਪਣੇ ਆਪ ਨੂੰ ਹੋਰ ਵੀ ਛੋਟਾ-ਛੋਟਾ ਮਹਿਸੂਸ ਕਰਨ ਲੱਗਾ ਹਾਂ।'

'ਦੇਵ ਜੀ, ਮਾਮਾ ਜੀ ਬਹੁਤ ਅਮੀਰ ਬੰਦੇ ਨੇ। ਇਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਚਿੜੀ ਦੇ ਚੁੰਜ ਭਰਨ ਨਾਲ਼ ਨਦੀ ਦਾ ਨੀਰ ਨਹੀਂ ਘਟਦਾ ਹੁੰਦਾ।'

'ਰੋਣਾ ਤਾਂ ਇਹੋ ਹੈ ਇੰਦਰਾ ਕਿ ਮੈਂ ਚਿੜੀ ਬਣ ਕੇ ਕਿਸੇ ਦੀ ਕਮਾਈ' ਚੋਂ ਚੁੰਜ ਨਹੀਂ ਭਰਨਾ ਚਾਹੁੰਦਾ। ਜੇ ਸੱਚ ਪੁੱਛੇਂ ਤੇਰੇ ਮਾਪਿਆਂ ਵਲੋਂ ਕਾਰ, ਕੋਠੀ ਤੇ ਐਨਾ ਦਾਜ-ਦਹੇਜ ਮਿਲਣ ਮਗਰੋਂ ਮੈਨੂੰ ਮਹਿਸੂਸ ਹੋਇਆ ਹੈ ਕਿ ਮੈਂ ਤਾਂ ਬਹੁਤ ਛੋਟਾ ਹੋ ਗਿਆ। ਦਰਅਸਲ ਮੈਂ ਤੁਹਾਡੇ ਸਾਰਿਆਂ ਦੇ ਸਾਮ੍ਹਣੇ ਗਿਠਮੁਠੀਆ ਹੋ ਗਿਆ।'

'ਕੀ ਗੱਲਾਂ ਲੈ ਬੈਠੇ ਦੇਵ ਜੀ? ਆਪਣੇ ਆਪ ਨੂੰ ਹੀਣ-ਭਾਵਨਾ' ਚੋਂ ਬਾਹਰ ਕੱਢੋ। ਕੋਈ ਕਿਸੇ ਨੂੰ ਕੀ ਦੇ ਸਕਦਾ ਹੈ? ਦਰਅਸਲ ਜੋ ਕਿਸਮਤ ਵਿਚ ਹੋਵੇ, ਉਹ ਮਿਲਣਾ ਹੁੰਦਾ ਹੈ।'

'ਮੈਂ ਕਿਸਮਤ ਵਿਚ ਵਿਸ਼ਵਾਸ ਨਹੀਂ ਰੱਖਦਾ ਇੰਦਰਾ।'

'ਪਲੀਜ਼ ਬੰਦ ਕਰੋ ਇਹ ਟਾਪਿਕ।' ਇੰਦਰਾ ਕਹਿਕੇ ਆਪਣੀ ਮਾਮੀ ਕੋਲ਼ ਚਲੀ ਗਈ।

ਰਾਤ ਦੀ ਰੋਟੀ ਲਈ ਉਨ੍ਹਾਂ ਨੇ ਕੋਈ ਹੋਟਲ ਬੁੱਕ ਕਰਵਾਇਆ ਹੋਇਆ ਸੀ। ਦੇਵ ਨੂੰ ਇਹ ਵੀ ਇਕ ਦਿਖਾਵਾ ਹੀ ਲੱਗਾ। ਚੁੱਪਚਾਪ ਉਹ ਵੀ ਉਨ੍ਹਾਂ ਦੇ ਨਾਲ਼ ਹੋਟਲ ਪਹੁੰਚ ਗਿਆ। ਉਨ੍ਹਾਂ ਦਾ ਆਪਣਾ ਪਰਿਵਾਰ ਤਾਂ ਹੈ ਹੀ ਸੀ। ਵਰਮਾ ਜੀ ਦੇ ਚਾਰ ਪੰਜ ਦੋਸਤ ਤੇ ਉਨ੍ਹਾਂ ਦੇ ਪਰਿਵਾਰ ਵੀ ਉੱਥੇ ਪੁੱਜ ਗਏ। ਉਨ੍ਹਾਂ ਦੇ ਅਮੀਰੀ ਪਹਿਰਾਵਿਆਂ ਦੀ ਤੜਕ-ਭੜਕ ਵੀ ਦੇਵ ਨੂੰ ਚੁਭਦੀ ਰਹੀ। ਵਿਸਕੀ ਅਤੇ ਭਾਂਤ-ਸੁਭਾਂਤੇ ਨਾਨ ਵੈਜ ਤੇ ਹੋਰ ਖਾਣੇ ਸਰਵ ਹੋਣ ਲੱਗੇ। ਉਨ੍ਹਾਂ ਲੋਕਾਂ ਦੀਆਂ ਸਾਰੀਆਂ ਗੱਲਾਂ ਆਪਣੇ ਕਾਰੋਬਾਰਾਂ, ਬਿਜ਼ਨਸਾਂ ਦੇ ਦੁਆਲੇ ਹੀ ਘੁੰਮ ਰਹੀਆਂ ਸਨ। ਕੋਈ ਲੱਖਾਂ ਦੇ ਕਾਰੋਬਾਰ ਵਾਲ਼ਾ ਪ੍ਰਾਪਰਟੀ ਡੀਲਰ ਸੀ ਤੇ ਕੋਈ ਸ਼ਹਿਰ ਦਾ ਮੰਨਿਆ-ਪ੍ਰਮੰਨਿਆ ਐਕਸਪੋਰਟਰ। ਕਿਸੇ ਦੀ ਟਰਾਂਸਪੋਰਟ ਸੀ ਤੇ ਕੋਈ ਕੱਪੜੇ ਦਾ ਥੋਕ ਵਪਾਰੀ। ਕੋਈ ਗੋਲਡ ਡੀਲਰ ਸੀ ਤੇ ਕਿਸੇ ਦਾ ਬਹੁਤ ਵੱਡਾ ਅੰਗਰੇਜ਼ੀ ਮਾਧਿਅਮ ਪ੍ਰਾਈਵੇਟ ਸਕੂਲ। ਸਾਰੇ ਪੀ ਰਹੇ ਸਨ ਤੇ ਝੂੰਮ ਝੂੰਮ ਕੇ ਗੱਲਾਂ ਕਰ ਰਹੇ ਸਨ। ਗੱਲਾਂ ਘੱਟ ਸਨ, ਆਪੋ ਆਪਣਾ ਦਿਖਾਵਾ ਬਹੁਤਾ ਸੀ। ਚੁੱਪ ਚਾਪ ਬੈਠਾ ਦੇਵ ਵੀ ਪੈੱਗ ਤੇ ਪੈੱਗ ਚੜ੍ਹਾਈ ਗਿਆ। ਦੇਵ ਦੇ ਲਾਗੇ ਬੈਠਾ ਸਰਦਾਰ ਜੀ ਬੋਲਿਆ, 'ਤੁਹਾਡਾ ਕੀ ਕਾਰੋਬਾਰ ਏ ਬਾਦਸ਼ਾਹੋ?'

'ਜੀ ਮੈਂ ਸਰਕਾਰੀ ਸਕੂਲ ਵਿਚ ਅਧਿਆਪਕ ਹਾਂ।'

'ਨਹੀਂ, ਮੇਰਾ ਮਤਲਬ ਪੜ੍ਹਾਉਣ ਤੋਂ ਬਿਨਾਂ ਹੋਰ ਕੀ ਕਾਰੋਬਾਰ ਏ?'

ਦੇਵ ਹੱਸਦਾ ਉੱਠ ਖੜ੍ਹਾ ਹੋਇਆ ਤੇ ਬੋਲਿਆ, 'ਦੇਖੋ ਜੀ ਹੁਣ ਟੇਬਲ ਤੇ ਕਾਫ਼ੀ ਮਾਘਾ ਪੈ ਗਿਆ ਏ। ਹਰ ਕੋਈ ਆਪਣੀ ਸੁਣਾ ਰਿਹਾ ਹੈ, ਦੂਜੇ ਨੂੰ ਕੋਈ ਨਹੀਂ ਸੁਣ ਰਿਹਾ। ਇਨ੍ਹਾਂ ਸਰਦਾਰ ਜੀਆਂ ਨੇ ਮੈਨੂੰ ਪੁੱਛਿਆ ਸੀ ਕਿ ਮੈਂ ਕੀ ਕੰਮ ਕਰਦਾ ਹਾਂ। ਮੈਂ ਕਿਹਾ, ਅਧਿਆਪਕ ਹਾਂ। ਇਹ ਕਹਿੰਦੇ ਨਹੀਂ, ਪੜ੍ਹਾਉਣ ਤੋਂ ਬਿਨਾਂ ਹੋਰ ਕੀ ਕਰਦੇ ਹੋ? ਸੋ ਮੈਂ ਆਪਣੀ ਗੱਲ ਸਾਰਿਆਂ ਨਾਲ਼ ਸਾਂਝੀ ਕਰ ਰਿਹਾ ਹਾਂ।'

'ਕਰੋ ਜੀ ਕਰੋ। ਕਰੋ ਜੀ ਕਰੋ।' ਬਾਕੀ ਬੋਲਦੇ ਚੁੱਪ ਹੋ ਗਏ।

ਦੇਵ ਨੇ ਇਕ ਮੋਟਾ ਪੈੱਗ ਹੋਰ ਪਾ ਲਿਆ ਤੇ ਗਿਲਾਸ ਖਾਲੀ ਕਰ ਕੇ ਮੇਜ਼ ਤੇ ਧਰਦਾ ਬੋਲਿਆ, 'ਅਹੁ ਸਾਮ੍ਹਣੇ ਮੇਰੇ ਮਿਸਿਜ਼ ਇੰਦਰਾ ਜੀ ਬੈਠੇ ਹਨ। ਵਰਮਾ ਜੀ ਉਨ੍ਹਾਂ ਦੇ ਸਕੇ ਮਾਮਾ ਜੀ ਹਨ। ਉਨ੍ਹਾਂ ਦਾ ਕਾਰੋਬਾਰ ਤੁਹਾਨੂੰ ਪਤਾ ਹੀ ਏ। ਬਹੁਤ ਵੱਡਾ ਮੁਰਗੀਖਾਨਾ ਹੈ। ਮੈਂ ਸੌ ਦੇ ਕਰੀਬ ਭੇਡਾਂ ਪਾਲ਼ੀਆਂ ਹੋਈਆਂ ਨੇ। ਉਹ ਆਂਡੇ, ਚੂਜੇ ਤੇ ਚਿਕਨ ਵੇਚਦੇ ਨੇ, ਮੈਂ ਉੰਨ ਵੇਚਦਾ ਹਾਂ। ਇਨ੍ਹਾ ਦੇ ਮੁਰਗੀਖਾਨੇ' ਚੋਂ ਬਿੱਠਾਂ ਦਾ ਮੁਸ਼ਕ ਆਉਂਦਾ ਏ ਤੇ ਸਾਡੇ ਵਾੜੇ ' ਚੋਂ ਭੇਡਾਂ ਦੇ... ।'

ਉਹ ਬੋਲ ਹੀ ਰਿਹਾ ਸੀ ਕਿ ਪਿੱਛੋਂ ਕਿਸੇ ਨੇ ਉਸ ਦੀ ਬਾਂਹ ਫੜ ਲਈ। ਉਸ ਨੇ ਗਰਦਣ ਘੁਮਾ ਕੇ ਦੇਖਿਆ, ਇੰਦਰਾ ਸੀ। ਉਹ ਬੋਲੀ, 'ਬੈਠੋ ਅਰਾਮ ਨਾਲ਼। ਕੀ ਬੋਲੀ ਜਾਂਦੇ ਹੋ? ਲੱਗੇ ਹੋ ਜਲੂਸ ਕੱਢਣ।'

ਤਦੇ ਵਰਮਾ ਜੀ ਉੱਠ ਖੜ੍ਹੇ ਹੋਏ ਤੇ ਬੋਲੇ, 'ਸਾਡੇ ਪ੍ਰਾਹੁਣੇ ਦਾ ਮਜ਼ਾਕੀਆ ਸੁਭਾਅ ਏ ਭਰਾਵੋ। ਅਸਲ ਵਿਚ ਇਹ ਸਰਕਾਰੀ ਸਕੂਲ' ਚ ਲੈਕਚਰਾਰ ਲੱਗੇ ਹੋਏ ਨੇ। ਪ੍ਰਿੰਸੀਪਲ ਦਾ ਨੰਬਰ ਆਉਣ ਵਾਲ਼ਾ ਹੈ। ਇਹ ਲੈਂਡ ਲਾਰਡ ਨੇ। ਦੋਰਾਹੇ ਲਾਗੇ ਇਨ੍ਹਾਂ ਦੀ ਵੀਹ ਏ

ਕੜ ਜ਼ਮੀਨ ਏਂ।'

ਦੇਵ ਠਹਾਕਾ ਮਾਰ ਕੇ ਹੱਸਿਆ, 'ਵੱਧ ਦੱਸੋ ਮਾਮਾ ਜੀ। ਐਥੋਂ ਕਿਹੜਾ ਕਿਸੇ ਨੇ ਜ਼ਮੀਨ ਦੇਖਣ ਜਾਣਾ ਏਂ। ਭਰਾਵੋ ਅਸਲੀਅਤ ਇਹ ਹੈ ਕਿ ਸਾਡੇ ਕੋਲ਼ ਦੋਰਾਹੇ ਤਿੰਨ ਸੋ ਗਜ਼' ਚ ਇਕ ਸਧਾਰਣ ਜਿਹਾ ਮਕਾਨ ਏਂ। ਉਹ ਚਾਰ ਭਰਾਵਾਂ ਤੇ ਮਾਂ ਦੇ ਨਾਂ ਏਂ। ਮੈਨੂੰ ਸੱਠ ਗਜ਼ ਆਉਂਦਾ ਏ। ਮੇਰੀ ਇਸ ਪਤਨੀ ਕੋਲ਼ ਜ਼ਰੂਰ ਕਾਰਾਂ, ਕੋਠੀਆਂ ਤੇ ਜ਼ਮੀਨ ਹੈ।'

'ਚੁੱਪ ਕਰ ਜਾਓ ਪਲੀਜ਼.... ਐਧਰ ਆਓ।' ਇੰਦਰਾ ਦੇਵ ਨੂੰ ਖਿੱਚ ਕੇ ਇਕ ਪਾਸੇ ਲੈ ਗਈ।

'ਆਹ ਲੈ... ਆਹ ਲੈ... ਨਹੀਂ ਬੋਲਦਾ।' ਉਹ ਕੰਨਾਂ ਨੂੰ ਹੱਥ ਲਾਉਣ ਲੱਗਾ।

ਪਤਾ ਨਹੀਂ ਕਿਸ ਥਾਂ ਤੇ ਇੰਦਰਾ ਨੇ ਉਸ ਨੂੰ ਬਿਠਾ ਦਿੱਤਾ। ਦੇਵ ਨੂੰ ਐਨਾ ਕੁ ਯਾਦ ਹੈ ਕਿ ਉਹ ਬੇਬੇ ਨੂੰ ਯਾਦ ਕਰਕੇ ਰੋ ਰਿਹਾ ਸੀ ਤੇ ਕਈ ਜਣੇ ਉਸ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਅਗਲੇ ਦਿਨ ਉਹ ਗਿਆਰਾਂ ਵਜੇ ਉੱਠਿਆ ਤਾਂ ਇੰਦਰਾ ਬੋਲੀ, 'ਛੇਤੀ ਤਿਆਰ ਹੋਵੋ। ਆਪਾਂ ਹੁਣੇ ਵਾਪਸ ਜਾਣਾ ਏਂ।'

'ਕੀ ਗੱਲ ਹੋ ਗਈ?' ਉਹ ਬੋਲਿਆ।

'ਗੱਲ ਕੋਈ ਨੀ ਹੋਈ। ਤੁਸੀਂ ਤਿਆਰ ਹੋਵੋ।'

ਸਭ ਨੇ ਬੜਾ ਰੋਕਿਆ। ਇੰਦਰਾ ਮੰਨੀ ਹੀ ਨਾ। ਦੇਵ ਨੇ ਸਿਰਫ਼ ਚਾਹ ਦਾ ਕੱਪ ਪੀਤਾ। ਉਨ੍ਹਾਂ ਨੇ ਆਪਣਾ ਸਮਾਨ ਗੱਡੀ ਵਿਚ ਰਖਵਾਇਆ। ਇੰਦਰਾ ਡਰਾਇਵਰ ਦੇ ਬਰਾਬਰ ਵਾਲ਼ੀ ਅਗਲੀ ਸੀਟ ਤੇ ਬੈਠ ਗਈ। ਪਿਛਲੀ ਸੀਟ ਤੇ ਦੇਵ ਬੈਠਦਾ ਬੋਲਿਆ, 'ਇੰਦਰਾ ਪਿੱਛੇ ਆ ਜਾ।'

'ਕੋਈ ਨਾ ਮੈਂ ਐਥੇ ਹੀ ਬੈਠਾਂਗੀ।'

ਡਰਾਇਵਰ ਨੇ ਗੱਡੀ ਤੋਰ ਲਈ। ਦੇਵ ਬੋਲਿਆ, 'ਗੱਡੀ ਰੋਕ ਬਈ ਜ਼ਰਾ।'

'ਕੀ ਗੱਲ?' ਇੰਦਰਾ ਬੋਲੀ।

'ਤੂੰ ਪਿੱਛੇ ਆ ਜਾ, ਨਹੀਂ ਮੈਂ ਨਹੀਂ ਜਾਵਾਂਗਾ।'

ਇੰਦਰਾ ਉਸ ਦੇ ਨਾਲ਼ ਆ ਬੈਠੀ। ਉਹ ਬੋਲਿਆ, 'ਨਰਾਜ਼ ਏਂ?'

'ਨਹੀਂ, ਨਰਾਜ਼ ਕਿਉਂ ਹੋਣਾ ਏ?'

ਗੱਡੀ ਕੁਝ ਦੂਰੀ ਤੇ ਗਈ ਸੀ ਕਿ ਦੇਵ ਬੋਲਿਆ, 'ਮਾਮਾ ਜੀ ਤੇ ਮਾਮੀ ਜੀ ਦਾ ਸੁਭਾਅ ਬੜਾ ਵਧੀਆ ਏ।'

'ਆਹੋ ਵਧੀਆ ਏ।'

'ਉਨ੍ਹਾਂ ਨੂੰ ਸਾਡੇ ਕੱਪੜਿਆਂ ਤੇ ਫਿਰ ਹੋਟਲ' ਚ ਐਨਾਂ ਖਰਚ ਕਰਨ ਦੀ ਭਲਾ ਕੀ ਲੋੜ ਸੀ?'

'ਆਹੋ, ਕੀ ਲੋੜ ਸੀ।' ਇੰਦਰਾ ਬੋਲੀ।

'ਉਨ੍ਹਾਂ ਨੇ ਤਾਂ ਆਪਣੇ ਦੋਸਤਾਂ ਦੀ ਵੀ ਖ਼ੂਬ ਸੇਵਾ ਕੀਤੀ।'

'ਹਾਂ ਸ਼ਰਾਬ ਵੀ ਖ਼ੂਬ ਪਿਲਾਈ।' ਉਹ ਬੋਲੀ।

‘ਮੈਂ ਤਾਂ ਰਾਤ ਵੱਧ ਹੀ ਹੋ ਗਿਆ ਇੰਦਰਾ। ਸੌਰੀ।’ ਉਸ ਨੇ ਇੰਦਰਾ ਦੇ ਪੱਟ ਉੱਤੇ ਹੱਥ ਰੱਖ ਕੇ ਕਿਹਾ ਤਾਂ ਇੰਦਰਾ ਨੇ ਉਸ ਦਾ ਹੱਥ ਪਰ੍ਹੇ ਧੱਕ ਦਿੱਤਾ। ਉਸ ਮਗਰੋਂ ਦੇਵ ਨੇ ਉਸ ਨਾਲ਼ ਕਈ ਵਾਰੀ ਗੱਲ ਕਰਨੀ ਚਾਹੀ ਪਰ ਉਹ ਉਸ ਤੋਂ ਦੂਰ ਖਿਸਕ ਕੇ ਬਾਰੀ ਵਿੱਚੋਂ ਬਾਹਰ ਦੇਖਦੀ ਰਹੀ। ਉਸ ਦੀ ਕਿਸੇ ਗੱਲ ਦਾ ਹੁੰਘਾਰਾ ਹੀ ਨਾ ਭਰਿਆ।

‘ਕਿਤੇ ਚੰਗਾ ਜਿਹਾ ਢਾਬਾ ਦੇਖ ਕੇ ਗੱਡੀ ਰੋਕ ਲਵੀਂ ਬਈ।’ ਦੇਵ ਨੇ ਡਰਾਇਵਰ ਨੂੰ ਕਿਹਾ।

ਮੋਰਿੰਡੇ ਤੋਂ ਉਰੇ ਇਕ ਢਾਬੇ ਤੇ ਉਸ ਨੇ ਗੱਡੀ ਰੋਕ ਲਈ। ਦੇਵ ਬੋਲਿਆ, ‘ਇੰਦਰਾ ਆ ਜੋ... ਦੋ ਦੋ ਪਰੌਂਠੇ ਖਾ ਲਈਏ।’

‘ਮੈਂ ਨਹੀਂ ਕੁਝ ਵੀ ਖਾਣਾ। ਤੁਸੀਂ ਖਾਣਾ ਏ ਖਾ ਆਵੋ। ਮੈਂ ਐਥੇ ਹੀ ਬੈਠਾਂਗੀ।’ ਉਹ ਬੋਲੀ।

‘ਚੱਲ ਭਰਾਵਾ ਰਹਿਣ ਦੇ। ਤੋਰ ਲੈ ਗੱਡੀ। ਮੈਂ ਵੀ ਨਹੀਂ ਖਾਵਾਂਗਾ।’ ਉਹ ਬੋਲਿਆ ਤਾਂ ਡਰਾਇਵਰ ਨੇ ਗੱਡੀ ਤੋਰ ਲਈ। ਮੋਹਾਲ਼ੀ ਪੁੱਜ ਕੇ ਡਰਾਇਵਰ ਨੇ ਉਨ੍ਹਾਂ ਦਾ ਸਾਰਾ ਸਮਾਨ ਕੋਠੀ ਵਿਚ ਪੁਜਾ ਦਿੱਤਾ। ਇੰਦਰਾ ਕੋਠੀ ਅੰਦਰ ਗੇੜਾ ਕੱਢ ਕੇ ਬਾਹਰ ਆ ਗਈ ਤੇ ਆਪਣੇ ਮਾਪਿਆਂ ਵੱਲ ਚਲੀ ਗਈ।

ਇੰਦਰਾ ਦਾ ਪਾਰਾ ਚੜ੍ਹਿਆ ਹੋਇਆ ਸੀ। ਦੇਵ ਨੂੰ ਕੁਝ ਯਾਦ ਨਹੀਂ ਸੀ ਆ ਰਿਹਾ ਕਿ ਉਹ ਰਾਤ ਕਦੋਂ ਪੀਣ ਤੋਂ ਹਟਿਆ ਸੀ, ਕਦੋਂ ਰੋਟੀ ਖਾਧੀ ਸੀ ਤੇ ਕਦੋਂ ਵਾਪਸ ਵਰਮਾ ਜੀ ਦੀ ਕੋਠੀ ਆਏ ਸਨ। ਉਸ ਨੂੰ ਕੁਝ ਕੁਝ ਯਾਦ ਸੀ ਕਿ ਕਿਸੇ ਮਹਿਮਾਨ ਨਾਲ਼ ਉਸਦਾ ਤਕਰਾਰ ਵੀ ਹੋਇਆ ਸੀ ਜਾਂ ਫਿਰ ਉਸ ਨੂੰ ਅਜਿਹਾ ਸੁਪਨਾ ਆਇਆ ਸੀ। ਦੇਵ ਨੂੰ ਪਛਤਾਵਾ ਹੋਣ ਲੱਗਾ ਕਿ ਉਸ ਨੂੰ ਉੱਥੇ ਸ਼ਰਾਬ ਨਹੀਂ ਸੀ ਪੀਣੀ ਚਾਹੀਦੀ। ਉਹ ਉੱਠਿਆ ਤੇ ਡਰਾਇਵਰ ਨੂੰ ਤੋਰ ਦੂਜੀ ਕੋਠੀ ਵਿਚ ਜਾ ਵੜਿਆ। ਡੁਸਕਦੀ ਇੰਦਰਾ ਆਪਣੀ ਮੰਮੀ ਕੋਲ਼ੋਂ ਉੱਠ ਬਾਹਰ ਨਿਕਲ ਗਈ। ਦੇਵ ਨੇ ਆਪਣੀ ਸੱਸ ਤੇ ਸਹੁਰੇ ਦੇ ਪੈਰ ਛੂਹੇ ਤੇ ਸੋਫ਼ੇ ਉੱਤੇ ਬੈਠ ਗਿਆ। ਸਵਿੱਤਰੀ ਉਸ ਲਈ ਪਾਣੀ ਦਾ ਗਿਲਾਸ ਲੈ ਆਈ ਤੇ ਬੋਲੀ, ‘ਦੇਵ ਬੇਟੇ ਚਾਹ ਪੀਣੀ ਏਂ ਕਿ ਦੁੱਧ?’

‘ਮੰਮੀ ਜੀ ਪੀਣਾ ਕੁਝ ਨਹੀਂ। ਇੰਦਰਾ ਨੂੰ ਕੀ ਹੋਇਆ? ਗੁੱਸੇ ਲਗਦੀ ਏ।’ ਦੇਵ ਬੋਲਿਆ।

‘ਤੈਨੂੰ ਪਤਾ ਹੀ ਏ ਬੇਟਾ। ਤੈਨੂੰ ਉੱਥੇ ਸ਼ਰਾਬ ਨਹੀਂ ਸੀ ਪੀਣੀ ਚਾਹੀਦੀ।’

‘ਮੰਮੀ ਜੀ ਮੈਥੋਂ ਗਲਤੀ ਹੋ ਗਈ। ਮੈਂ ਉਸ ਤੋਂ ਮਾਫ਼ੀ ਮੰਗ ਲੈਂਦਾ ਹਾਂ।’ ਉਹ ਉੱਠ ਕੇ ਬਾਹਰ ਨਿਕਲ ਗਿਆ। ਕੋਠੀ ਦੇ ਅੰਦਰ ਵੜ ਉਸ ਨੂੰ ਲੱਭਦਾ ਪਿਛਲੇ ਕਮਰੇ ਵਿਚ ਚਲਾ ਗਿਆ, ਜਿੱਥੇ ਇੰਦਰਾ ਮੂੰਧੀ ਪਈ ਡੁਸਕ ਰਹੀ ਸੀ। ਉਹ ਉਸਦੇ ਲਾਗੇ ਬੈਠ ਗਿਆ ਤੇ ਉਸਦੇ ਵਾਲ਼ਾਂ ਵਿਚ ਉਂਗਲਾਂ ਘੁਮਾਉਂਦਾ ਬੋਲਿਆ, ‘ਸੌਰੀ ਡਾਰਲਿੰਗ... ਮੈਥੋਂ ਗਲਤੀ ਹੋ ਗਈ... ਮਾਫ ਨਹੀਂ ਕਰੇਂਗੀ?’

ਉਹ ਅੱਖਾਂ ਮਲ਼ਦੀ ਉੱਠ ਬੈਠੀ ਤੇ ਬੋਲੀ, ‘ਤੁਸੀਂ ਰਾਤ ਕਿੰਨਾਂ ਜਲੂਸ ਕੱਢਿਆ ਯਾਦ ਏ?’

'ਪੀਤੀ ਹੋਈ' ਚ ਸ਼ਾਇਦ ਮੈਨੂੰ ਬੇਬੇ ਦਾ ਖਿਆਲ ਆ ਗਿਆ ਤੇ ਮੈਂ ਰੋਣ ਲੱਗਾ ਸੀ। ਇੰਦਰਾ ਹੋਰ ਮੈਨੂੰ ਕੁਝ ਪਤਾ ਨਹੀਂ।'

'ਸਭ ਨੇ ਤੁਹਾਨੂੰ ਚੁੱਪ ਕਰਾਉਣ ਦੀ ਵਾਹ ਲਾਈ, ਪਰ ਤੁਸੀਂ ਵਧਦੇ ਹੀ ਚਲੇ ਗਏ । ਸੋਫ਼ੀ ਤਾਂ ਤੁਹਾਨੂੰ ਬੇਬੇ ਯਾਦ ਨਾ ਆਈ, ਪੀ ਕੇ ਭੁੱਬਾਂ ਮਾਰਨ ਲੱਗ ਪਏ। ਕੁਰਸੀ ਤੋਂ ਤੁਸੀਂ ਡਿੱਗੇ। ਤੁਹਾਨੂੰ ਦੋ ਜਣਿਆਂ ਨੇ ਬਾਹੋਂ ਫੜ ਕੇ ਗੱਡੀ' ਚ ਬਹਾਇਆ। ਤੁਸੀਂ ਉਨ੍ਹਾਂ ਨੂੰ ਗੰਦੀਆਂ ਗਾਹਲਾਂ ਕੱਢੀਆਂ। ਤੁਹਾਡੇ' ਚ ਕਿੰਨਾਂ ਗੰਦ ਭਰਿਆ ਪਿਆ ਏ, ਹੁਣ ਪਤਾ ਲੱਗਾ।'

'ਸੌਰੀ ਯਾਰ... ਗਲਤੀ ਹੋ ਗਈ। ਮਾਫ਼ ਕਰਦੇ।'

'ਤੁਹਾਨੂੰ ਪਤਾ ਏ? ਰਾਤੀਂ ਤੁਹਾਡੇ ਬੂਟ ਕੀਹਨੇ ਲਾਹੇ? ਮਾਮੀ ਜੀ ਨੇ। ਕੀ ਕਹਿਣਗੇ ਉਹ ਕਿ ਜੁਆਈ ਰਾਜਾ ਤਾ.... ਤੁਹਾਨੂੰ ਕੀ ਲੋੜ ਸੀ ਕਹਿਣ ਦੀ ਕਿ ਜੋ ਇੰਦਰਾ ਦਾ ਏ ਉਹ ਮੇਰਾ ਨਹੀਂ। ਆਪਣੇ ਸਹੁਰੇ ਦੀ ਕਮਾਈ ਮੈਂ ਜਾਣਦਾ ਏਂ ਕਿਹੋ ਜਿਹੀ ਏ? ਕੀ ਜਾਣਦੇ ਹੋ ਤੁਸੀਂ ਮੇਰੇ ਪਾਪਾ ਦੀ ਕਮਾਈ ਬਾਰੇ ਐਸੇ ਇਲਜ਼ਾਮ ਲਾਉਂਦਿਆਂ ਤੁਸੀਂ ਜ਼ਰਾ ਵੀ ਨਾ ਸੋਚਿਆ?' ਇੰਦਰਾ ਫੁੱਟ ਫੁੱਟ ਕੇ ਰੋਣ ਲੱਗ ਪਈ। ਦੇਵ ਨੇ ਉਸ ਨੂੰ ਆਪਣੀ ਗਲਵੱਕੜੀ' ਚ ਭਰ ਲਿਆ।

ਡੁਸਕਦੀ ਹੋਈ ਉਹ ਫਿਰ ਬੋਲੀ, 'ਘਰ ਜਾ ਕੇ ਫਿਰ ਕਹਿਣ ਲੱਗੇ... ਹੋਰ ਸ਼ਰਾਬ ਲਿਆਓ। ਐਨੇ ਵੱਡੇ ਸ਼ਰਾਬੀ ਸੀ ਤੁਸੀਂ? ਮੈਨੂੰ ਪਤਾ ਹੁੰਦਾ ਤਾਂ... ।'

'ਬੱਸ ਕਰ ਯਾਰ ਬੱਸ ਕਰ... ਮੈਂ ਬਹੁਤ ਸ਼ਰਮਿੰਦਾ ਹਾਂ। ਮੈਨੂੰ ਕੁਝ ਯਾਦ ਨਹੀਂ।'

ਫਿਰ ਉਸ ਨੇ ਆਪਣੀ ਚੱਪਲ ਚੁੱਕ ਕੇ ਇੰਦਰਾ ਵੱਧ ਵਧਾਈ ਤੇ ਬੋਲਿਆ, 'ਲੈਅ ਵੀਹ ਵਾਰ ਮਾਰ ਮੇਰੇ ਸਿਰ ਵਿਚ ਤਾਂ ਕਿ ਅੱਗੇ ਤੋਂ ਮੈਂ ਇਸ ਗੱਲ ਨੂੰ ਯਾਦ ਰੱਖਾਂ।'

ਇੰਦਰਾ ਨੇ ਦੇਵ ਨੂੰ ਜੱਫੀ ਪਾ ਲਈ ਤੇ ਬੋਲੀ, 'ਰਾਜੇ ਤੁਹਾਡੇ ਬਿਨਾਂ ਮੇਰਾ ਕੌਣ ਏ ?ਂ ਅੱਗੇ ਤੋਂ ਸ਼ਰਾਬ ਨਾ ਪੀਈਓ। ਘੱਟੋ ਘੱਟ ਘਰੋਂ ਬਾਹਰ ਤਾਂ ਬਿਲਕੁਲ ਵੀ ਨਹੀਂ।'

ਬਾਹਰੋਂ ਦਰਵਾਜ਼ੇ ਤੇ ਠੱਕ ਠੱਕ ਹੋਈ। ਇੰਦਰਾ ਦੀ ਮੰਮੀ ਸੀ। ਉਹ ਬੋਲੀ, 'ਰਾਜ ਮਾਂਹ ਮੈਂ ਧਰ ਦਿੱਤੇ ਨੇ। ਚਾਵਲ ਬਣਾ ਲਵਾਂਗੇ। ਆ ਜਾਓ ਉੱਧਰ ਹੀ। ਬੈਠ ਕੇ ਗੱਲਾਂ ਕਰਦੇ ਹਾਂ।'

'ਮੰਮੀ ਜੀ ਮੇਰੇ ਤਾਂ ਢਿੱਡ ਵਿਚ ਚੂਹੇ ਨੱਚ ਰਹੇ ਨੇ। ਪਹਿਲਾਂ ਕੁਝ ਹੋਰ ਖਾਣ ਨੂੰ ਦਵੋ।' ਦੇਵ ਬੋਲਿਆ।

'ਸ਼ਰਾਬ ਦੇ ਚੂਹਿਆਂ ਨੇ ਨੱਚਣਾ ਬੰਦ ਕਰ ਦਿੱਤਾ। ਹੁਣ ਭੁੱਖ ਦੇ ਚੂਹੇ ਨੱਚਦੇ ਨੇ ਇਨ੍ਹਾਂ ਦੇ ਢਿੱਡ ਵਿਚ... ਪਾਓ ਉਨ੍ਹਾਂ ਨੂੰ ਕੁੱਛ।' ਇੰਦਰਾ ਬੋਲੀ ਤਾਂ ਉਹ ਦੋਨੋਂ ਹੱਸਣ ਲੱਗ ਪਏ।

**00**

# ਇਕ ਸੌ ਉਨਤਾਲੀ

ਮੋਹਾਲ਼ੀ ਤੋਂ ਖਰੜ ਵੱਲ ਨੂੰ ਜਾਂਦਿਆਂ ਚਾਰ-ਪੰਜ ਕਿਲੋਮੀਟਰ ਦੂਰੀ ਤੇ, ਮੇਨ ਸੜਕ ਦੇ ਬਿਲਕੁਲ ਲਾਗੇ ਮੁੰਡੇ ਕੁੜੀਆਂ ਲਈ ਸਾਂਝਾ ਗਿਆਰਵੀਂ ਜਮਾਤ ਤੱਕ ਦਾ ਇਕ

ਵਿਦਿਅਕ ਅਦਾਰਾ ਸੀ, ਜਿਸ ਦਾ ਨਾਂ ਹਿਮਾਲੀਅਨ ਇੰਟਰਨੈਸ਼ਨਲ ਪਬਲਿਕ ਹਾਇਰ ਸੈਕੰਡਰੀ ਸਕੂਲ ਸੀ। ਇਸ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਹਜ਼ਾਰ ਤੋਂ ਵੀ ਵੱਧ ਸੀ। ਅੰਗਰੇਜ਼ੀ ਮਾਧਿਅਮ ਵਾਲ਼ਾ ਇਹ ਸਕੂਲ ਸੀ. ਬੀ. ਐਸ. ਸੀ. ਦਿੱਲੀ ਤੋਂ ਮਾਨਤਾ ਪ੍ਰਾਪਤ ਸੀ ਤੇ ਛੇ ਏਕੜ ਵਿਚ ਫੈਲਿਆ ਹੋਇਆ ਸੀ। ਗਰਮੀ ਦੀਆਂ ਛੁੱਟੀਆਂ ਵਿਚ ਉਸ ਸਕੂਲ ਨੇ ਖਾਲੀ ਪਈਆਂ ਟੀਚਰਾਂ ਦੀਆਂ ਅਸਾਮੀਆਂ ਪੁਰ ਕਰਨ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤਾ ਸੀ। ਇਕਨਾਮਿਕਸ ਲੈਕਚਰਾਰ ਦੀ ਵੇਕੈਂਸੀ ਹੋਣ ਕਰਕੇ ਇੰਦਰਾ ਨੇ ਉਸ ਪੋਸਟ ਲਈ ਅਪਲਾਈ ਕਰ ਦਿੱਤਾ। ਇੰਟਰਵਿਊ ਦਵਾਉਣ ਲਈ ਦੇਵ ਵੀ ਇੰਦਰਾ ਦੇ ਨਾਲ਼ ਹੀ ਚਲਾ ਗਿਆ। ਸਾਰੇ ਵਿਸ਼ਿਆਂ ਲਈ ਸੌ ਤੋਂ ਵੀ ਵੱਧ ਉਮੀਦਵਾਰ ਆਪਣੀ ਕਿਸਮਤ ਅਜਮਾਉਣ ਲਈ ਪਹੁੰਚੇ ਹੋਏ ਸਨ, ਜਿਨ੍ਹਾਂ ਵਿਚ ਇਕਨਾਮਿਕਸ ਵਾਲ਼ਿਆਂ ਦੀ ਗਿਣਤੀ ਵੀਹ ਸੀ। ਸਕੂਲ ਵਾਲ਼ਿਆਂ ਨੇ ਸਭ ਦੇ ਬੈਠਣ ਲਈ ਕੁਰਸੀਆਂ ਰੱਖੀਆਂ ਹੋਈਆਂ ਸਨ ਤੇ ਚਾਹ ਦਾ ਲੰਗਰ ਲਾਇਆ ਹੋਇਆ ਸੀ। ਇੰਟਰਵਿਊ ਲੈਣ ਲਈ ਪ੍ਰਿੰਸੀਪਲ ਦੇ ਨਾਲ਼ ਜਿਹੜੇ ਚਾਰ ਵਿਅਕਤੀ ਹੋਰ ਬੈਠੇ ਸਨ, ਉਹ ਸਾਰੇ ਦਿੱਲੀ ਤੋਂ ਆਏ ਸਨ। ਕੈਂਡੀਡੇਟਸ ਦੀ ਗਿਣਤੀ ਵੱਧ ਹੋਣ ਕਰਕੇ ਇੰਟਰਵਿਊ ਸ਼ਾਮੀਂ ਪੰਜ ਵਜੇ ਤੱਕ ਚਲਦੀ ਰਹੀ। ਇੰਟਰਵਿਊ ਤੋਂ ਤੁਰੰਤ ਮਗਰੋਂ ਨੋਟਸ ਬੋਰਡ ਉੱਤੇ ਚੁਣੇ ਗਏ ਉਮੀਦਵਾਰਾਂ ਦੀ ਲਿਸਟ ਲੱਗ ਗਈ। ਇੰਦਰਾ ਦਾ ਨਾਂ ਚੁਣੇ ਗਏ ਉਮੀਦਵਾਰਾਂ ਦੀ ਲਿਸਟ ਵਿਚ ਪੜ੍ਹ ਕੇ ਦੇਵ ਅਤੇ ਉਸਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ।

ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਉਨ੍ਹਾਂ ਦੇ ਘਰਾਂ ਦੇ ਪਤੇ ਉੱਤੇ ਭੇਜੇ ਜਾਣੇ ਸਨ। ਦੇਵ ਨੇ ਪ੍ਰਿੰਸੀਪਲ ਨੂੰ ਕਾਨਟੈਕਟ ਕਰ ਕੇ ਆਪਣੇ ਬਾਰੇ ਦੱਸਿਆ ਤੇ ਨਿਯੁਕਤੀ ਪੱਤਰ ਦਸਤੀ ਦੇਣ ਲਈ ਬੇਨਤੀ ਕੀਤੀ। ਪ੍ਰਿੰਸੀਪਲ ਨੇ ਉਨ੍ਹਾਂ ਨੂੰ ਉਸ ਦੇ ਦਫ਼ਤਰ' ਚ ਜਾ ਕੇ ਵੇਟ ਕਰਨ ਲਈ ਕਿਹਾ। ਛੇਤੀ ਹੀ ਉਹ ਆਪ ਵੀ ਦਫ਼ਤਰ ਵਿਚ ਆ ਗਿਆ। ਉਹ ਤੀਹ-ਪੈਂਤੀ ਵਰ੍ਹਿਆਂ ਦਾ ਬਹੁਤ ਹੀ ਸੁੰਦਰ ਨੌਜਵਾਨ ਸੀ, ਜੋ ਫਰਨ-ਫਰਨ ਅੰਗਰੇਜ਼ੀ ਬੋਲਦਾ ਸੀ। ਸਫ਼ੇਦ ਰੰਗ ਦੀ ਕਮੀਜ-ਪੈਂਟ, ਕਾਲ਼ੀ ਬੈਲਟ ਅਤੇ ਲਾਲ ਟਾਈ ਵਿਚ ਉਹ ਬਹੁਤ ਫਬਦਾ ਸੀ। ਪ੍ਰਿੰਸੀਪਲ ਨੇ ਉਨ੍ਹਾਂ ਲਈ ਚਾਹ ਪਕੌੜੇ ਵੀ ਮੰਗਵਾ ਦਿੱਤੇ ਤੇ ਕੁਝ ਨਿੱਜੀ ਜਿਹੀਆਂ ਗੱਲਾਂ ਵੀ ਪੁੱਛੀਆਂ। ਉਸ ਨੇ ਇੰਦਰਾ ਨੂੰ 'ਐਕਸਟਰਾ ਆਰਡੀਨਰੀ ਇੰਟੈਲੀਜੈਂਟ' ਅਤੇ 'ਹਰਫਨਮੌਲਾ' ਕਹਿ ਕੇ ਤਾਰੀਫ਼ ਕੀਤੀ। ਉਸ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਸਕੂਲ ਵਿਚ ਅਜਿਹੇ ਟੀਚਰਾਂ ਦੀ ਲੋੜ ਸੀ ਜੋ ਚੰਗੇ ਕੈਰੀਅਰ ਤੇ ਆਈ. ਕਿਊ ਵਾਲ਼ੇ ਹੋਣ ਅਤੇ ਫਲੂਐਂਟਲੀ ਇੰਗਲਿਸ਼ ਬੋਲਣ ਦੀ ਮੁਹਾਰਤ ਰੱਖਦੇ ਹੋਣ। ਉਸ ਦਿਨ ਦੀ ਭਰਤੀ ਵਿਚ ਇੰਦਰਾ ਸਭ ਨਾਲ਼ੋਂ ਨੰਬਰ ਇਕ ਤੇ ਸੀ। ਉਹ ਆਪਣੇ ਸਕੂਲ ਵਿਚ ਕਦੀ ਵੀ ਕਿਸੇ ਸਿਫ਼ਾਰਸ਼ੀ ਨੂੰ ਭਰਤੀ ਨਹੀਂ ਸਨ ਕਰਦੇ। ਉਹ ਆਪ ਸਨਾਵਰ ਸਕੂਲ ਵਿਚ ਤੇ ਮਗਰੋਂ ਸੈਂਟ ਜੌਹਨ ਕਾਲਜ ਦਿੱਲੀ ਅਤੇ ਜੌਸਫ਼ ਐਜੂਕੇਸ਼ਨਲ ਟਰੇਨਿੰਗ ਕਾਲਜ ਦਾ ਵਿਦਿਆਰਥੀ ਰਿਹਾ ਸੀ। ਉਸ ਨੇ ਇੰਦਰਾ ਵਾਂਗ ਹੀ ਹਮੇਸ਼ਾ ਫ਼ਸਟ ਡਵੀਜ਼ਨ ਲਈ ਸੀ। ਇੰਦਰਾ ਨੇ ਹੱਸ ਕੇ ਉਸ ਨੂੰ ਪੁੱਛਿਆ, 'ਸਰ ਕੀ ਤੁਸੀਂ ਵਿਆਹੇ ਹੋਏ ਹੋ?' ਉਹ ਉਸ ਦੀ ਗੱਲ ਸੁਣ ਕੇ ਖੁੱਲ੍ਹਾ ਹਾਸਾ ਹੱਸਿਆ ਤੇ ਬੋਲਿਆ, 'ਹਾਲ਼ੇ ਤਾਂ ਨਹੀਂ। ਕੱਲ੍ਹ ਦਾ ਪਤਾ ਨਹੀਂ।'

ਛੇਤੀ ਹੀ ਸਕੂਲ ਕਲੱਰਕ ਨੇ ਪ੍ਰਿੰਸੀਪਲ ਤੋਂ ਦਸਖ਼ਤ ਕਰਵਾ ਕੇ ਨਿਯੁਕਤੀ ਪੱਤਰ ਇੰਦਰਾ ਦੇ ਸਪੁਰਦ ਕਰ ਦਿੱਤਾ। ਸਕੂਲ ਵਾਲ਼ਿਆਂ ਨੇ ਉਸ ਨੂੰ ਪੂਰਾ ਗਰੇਡ ਦੇ ਦਿੱਤਾ ਸੀ ਤੇ ਹਫਤੇ ਮਗਰੋਂ ਉਸ ਦੀ ਡਿਊਟੀ ਸ਼ੁਰੂ ਹੋ ਜਾਣੀ ਸੀ। ਘਰ ਨੂੰ ਵਾਪਸ ਆਉਂਦਿਆਂ ਦੇਵ ਨੇ ਇੰਦਰਾ ਨੂੰ ਕਿਹਾ, 'ਕਿਸੇ ਨੂੰ ਵੀ ਵਿਆਹ ਬਾਰੇ ਪੁੱਛਣਾ ਨਿੱਜੀ ਸਵਾਲਾਂ ਦੀ ਹੱਦ ਟੱਪਣਾ ਹੁੰਦਾ ਏ। ਕੀ ਲੋੜ ਸੀ ਤੈਨੂੰ ਪੁੱਛਣ ਦੀ?'

'ਪਤਾ ਨਹੀਂ ਕਿਵੇਂ ਮੂੰਹੋਂ ਨਿਕਲ਼ ਗਿਆ ਦੇਵ ਜੀ?'

'ਹਮੇਸ਼ਾ ਪਹਿਲਾਂ ਸੋਚੀ ਦਾ ਏ ਕਿ ਕੀ ਕਹਿਣ ਲੱਗੇ ਹੋ।'

'ਸੌਰੀ ਦੇਵ ਜੀ, ਹੁਣ ਆਈ ਗੱਲ ਸਮਝ। ਮੈਨੂੰ ਕੀ ਲੋੜ ਸੀ ਭਲਾਂ। ਮੋਇਆ ਚਾਹੇ ਕੁਆਰਾ ਹੁੰਦਾ ਚਾਹੇ ਵਿਆਹਿਆ।' ਇੰਦਰਾ ਹੱਸੀ ਤਾਂ ਦੇਵ ਵੀ ਉਹਦੇ ਨਾਲ਼ ਹੱਸਣ ਲੱਗ ਪਿਆ।

ਇਹ ਸਬੱਬ ਹੀ ਸੀ ਕਿ ਇੰਦਰਾ ਦਾ ਸਕੂਲ ਵੀ ਉਸੇ ਦਿਨ ਖੁੱਲ੍ਹਣਾ ਸੀ, ਜਿਸ ਦਿਨ ਦੇਵ ਦੀਆਂ ਛੁੱਟੀਆਂ ਖਤਮ ਹੋ ਕੇ ਸਕੂਲ ਲੱਗਣਾ ਸੀ। ਦੋਨਾਂ ਦਾ ਰਸਤਾ ਇੱਕੋ ਸੀ। ਇੰਦਰਾ ਨੇ ਦੇਵ ਨੂੰ ਨਿੱਤ ਕਾਰ ਉੱਤੇ ਜਾਣ ਲਈ ਮਨਾ ਲਿਆ। ਹੁਣ ਉਹ ਦੋਨੋਂ ਹੀ ਨੌਕਰੀ ਪੇਸ਼ਾ ਬਣ ਗਏ ਸਨ। ਇਸ ਲਈ ਪਹਿਲੇ ਦਿਨ ਤੋਂ ਹੀ ਸਵੇਰੇ ਸਵੇਰੇ ਨੱਠ-ਭੱਜ ਸ਼ੁਰੂ ਹੋ ਗਈ। ਉਨ੍ਹਾਂ ਨੇ ਭਾਂਡੇ ਮਾਂਜਣ, ਕੱਪੜੇ ਧੋਣ ਤੇ ਸਫ਼ਾਈਆਂ ਕਰਨ ਲਈ ਕੰਮ ਵਾਲ਼ੀ ਲਾ ਲਈ। ਇੰਦਰਾ ਦੀ ਮੰਮੀ ਨਿੱਤ ਸਵੇਰੇ ਹੀ ਉਨ੍ਹਾਂ ਵੱਲ ਆ ਜਾਂਦੀ ਤੇ ਰਸੋਈ ਦਾ ਸਾਰਾ ਕੰਮ ਨਿਪਟਾ ਦਿੰਦੀ। ਨਾਲ਼ ਲੈ ਕੇ ਜਾਣ ਲਈ ਦੋਨਾਂ ਦੇ ਟਿਫ਼ਨ ਵੀ ਤਿਆਰ ਕਰ ਦਿੰਦੀ। ਦੇਵ ਇੰਦਰਾ ਨੂੰ ਹਿਮਾਲਿਆ ਸਕੂਲ ਦੇ ਬਾਹਰ ਲਾਹ ਕੇ ਆਪਣੇ ਖਰੜ ਦੇ ਸਕੂਲ ਚਲਾ ਜਾਂਦਾ ਤੇ ਵਾਪਸੀ ਉੱਤੇ ਉਸ ਨੂੰ ਲੈ ਆਉਂਦਾ। ਉਸ ਦੇ ਵਾਪਸ ਆਉਣ ਤੱਕ ਇੰਦਰਾ ਦੇ ਸਕੂਲ ਵਿਚ ਛੁੱਟੀ ਹੋ ਚੁੱਕੀ ਹੁੰਦੀ ਤੇ ਸਾਰੇ ਟੀਚਰ ਤੇ ਵਿਦਿਆਰਥੀ ਆਪੋ-ਆਪਣੇ ਘਰੀਂ ਜਾ ਚੁੱਕੇ ਹੁੰਦੇ । ਇੰਦਰਾ ਸਕੂਲ ਦੀ ਪੀਅਨ ਯਸ਼ੋਧਾ ਕੋਲ਼ ਗੇਟ ਲਾਗੇ ਕੁਰਸੀ ਡਾਹੀ ਬੈਠੀ ਉਸ ਨਾਲ਼ ਗੱਲੀਂ ਪਈ ਰਹਿੰਦੀ। ਉਹ ਉਸ ਕੋਲ਼ ਮੈਡਮਾਂ ਟੀਚਰਾਂ ਤੇ ਪ੍ਰਿੰਸੀਪਲ ਦੀਆਂ ਚੁਗਲੀਆਂ ਕਰਦੀ ਰਹਿੰਦੀ। ਇੰਦਰਾ ਉਸ ਨੂੰ ਨਿੱਤ ਹੀ ਆਖਦੀ, 'ਭੈਣੇ ਜੇ ਤੂੰ ਐਨੀਆਂ ਚੁਗਲੀਆਂ ਨਾ ਵੱਢੇਂ ਤਾਂ ਤੈਨੂੰ ਰੋਟੀ ਨੀ ਪਚਦੀ?'

'ਰੋਟੀ ਇਹ ਢੈ ਜਾਣੇ ਦਿੰਦੇ ਕਿੰਨੀ ਕੁ ਨੇ ਮੈਡਮ, ਜਿਹੜੀ ਪਚੂਗੀ ਨੀ?' ਉਹ ਹੱਸਦੀ।

ਦੇਵ ਆਉਂਦਾ ਤਾਂ ਇੰਦਰਾ ਮੁਸਕਰਾਉਂਦੀ ਹੋਈ ਦੌੜ ਕੇ ਗੱਡੀ ਵਿਚ ਜਾ ਬਹਿੰਦੀ। ਸਕੂਲ ਇੰਦਰਾ ਨੂੰ ਬਹੁਤ ਪਸੰਦ ਸੀ। ਸਕੂਲ ਦਾ ਪ੍ਰਿੰਸੀਪਲ ਮਿਸਟਰ ਨੀਰਜ ਅਗਰਵਾਲ ਉਸ ਦੀ ਬਹੁਤ ਇੱਜ਼ਤ ਕਰਦਾ ਸੀ। ਇੰਦਰਾ ਨਿੱਤ ਹੀ ਘਰ ਤਕ ਸਕੂਲ ਵਿਚ ਹੋਈਆਂ-ਬੀਤੀਆਂ ਨਿੱਕੀਆਂ ਨਿੱਕੀਆਂ ਗੱਲਾਂ ਦੇਵ ਨੂੰ ਸੁਣਾਉਂਦੀ ਜਾਂਦੀ।

ਇੰਦਰਾ ਦੇ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਸਾਰੇ ਮੈਂਬਰ ਦਿੱਲੀ ਰਹਿਣ ਵਾਲ਼ੇ ਵੱਡੇ -ਵੱਡੇ ਕਾਰਖਾਨੇਦਾਰ ਜਾਂ ਫਿਰ ਅਫ਼ਸਰ ਲੋਕ ਸਨ। ਕਮੇਟੀ ਦਾ ਪ੍ਰਧਾਨ ਐਮ. ਪੀ. ਸੀ ਤੇ ਉਹ ਕੇਂਦਰ ਸਰਕਾਰ ਵਿਚ ਮੰਤਰੀ ਵੀ ਰਹਿ ਚੁੱਕਾ ਸੀ। ਉਹ ਪ੍ਰਿੰਸੀਪਲ ਦਾ ਸਕਾ

ਤਾਇਆ ਲਗਦਾ ਸੀ। ਅਸਿੱਧੇ ਰੂਪ ਵਿਚ ਪ੍ਰਿੰਸੀਪਲ ਹੀ ਸਕੂਲ ਦਾ ਕਰਤਾ-ਧਰਤਾ ਸੀ। ਉਸ ਨੇ ਬਹੁਤੀ ਜ਼ਿੰਮੇਵਾਰੀ ਵਾਈਸ ਪ੍ਰਿੰਸੀਪਲ ਐਸ. ਕੇ. ਬੱਤਰਾ ਨੂੰ ਸੰਭਾਲੀ ਹੋਈ ਸੀ। ਉਹ ਦਿਨ ਵਿਚ ਦੋ ਤਿੰਨ ਪੀਰਡ ਹੀ ਲਾਉਂਦੀ, ਬਾਕੀ ਸਾਰਾ ਦਿਨ ਕਲਾਸਾਂ ਦੇ ਰਾਊਂਡ ਤੇ ਨਿਕਲ਼ੀ ਰਹਿੰਦੀ। ਛੋਟੀ-ਛੋਟੀ ਗੱਲ ਤੇ ਟੀਚਰਾਂ ਦੀ ਝਾੜ-ਝੰਬ ਕਰ ਦਿੰਦੀ ਤੇ ਲਿਖਤੀ ਐਕਸਪਲੇਨੇਸ਼ਨ ਮੰਗਦੀ। ਸਾਰੇ ਟੀਚਰ ਤੇ ਬੱਚੇ ਉਸ ਤੋਂ ਡਰਦੇ। ਪ੍ਰਿੰਸੀਪਲ ਦੀ ਦਲੀਲ ਇਹ ਸੀ ਕਿ ਜੇ ਤਨਖ਼ਾਹਾਂ ਪੂਰੀਆਂ ਦੇਣੀਆਂ ਹਨ ਤਾਂ ਕੰਮ ਵੀ ਠੋਕ ਕੇ ਲਿਆ ਜਾਵੇ। ਇਹੀ ਕਾਰਨ ਸੀ ਕਿ ਨਤੀਜਿਆਂ ਵਿਚ ਉਨ੍ਹਾਂ ਦੇ ਸਕੂਲ ਦਾ ਨਾਂ ਹਮੇਸ਼ਾ ਮੂਹਰਲੀਆਂ ਕਤਾਰਾਂ ਵਿਚ ਰਹਿੰਦਾ ਸੀ ਤੇ ਦਾਖ਼ਲੇ ਲਈ ਮੂੰਹ ਮੰਗੀ ਡੋਨੇਸ਼ਨ ਲੈਣ ਲਈ ਰਾਹ ਪੱਧਰਾ ਹੁੰਦਾ ਸੀ।

ਪ੍ਰਿੰਸੀਪਲ ਨੂੰ ਸਕੂਲ ਦੀ ਚਾਰ ਦੀਵਾਰੀ ਦੇ ਅੰਦਰ ਹੀ ਪਿੱਛੇ ਕਰ ਕੇ ਇਕ ਵੱਡੀ ਕੋਠੀ ਮਿਲੀ ਹੋਈ ਸੀ। ਉਸ ਦੇ ਨਾਲ਼ ਹੀ ਕੁੜੀਆਂ ਦੇ ਹੋਸਟਲ ਲਈ ਦਸ ਕਮਰੇ ਸਨ। ਵਾਰਡਨ ਕਾਲ਼ੇ ਰੰਗ ਦੀ ਇਕ ਖ਼ੂਬਸੂਰਤ ਸਾਊਥ ਇੰਡੀਅਨ ਸੀ, ਜਿਸ ਦੇ ਲੰਬੇ-ਖੁੱਲ੍ਹੇ ਵਾਲ਼ ਹਵਾ ਵਿਚ ਝੂਲਦੇ ਰਹਿੰਦੇ। ਉਸ ਨੂੰ ਰਿਹਾਇਸ਼ ਲਈ ਤਿੰਨ ਕਮਰਿਆਂ ਵਾਲ਼ਾ ਇਕ ਸੈਟ ਮਿਲਿਆ ਹੋਇਆ ਸੀ। ਉਹ ਆਪਣੇ ਵਾਲਾਂ ਵਿਚ ਕਲਿੱਪ ਨਾਲ਼ ਫੁੱਲ ਟੰਗ ਕੇ ਰੱਖਦੀ। ਉਸ ਨੂੰ ਪੜ੍ਹਾਉਣ ਲਈ ਕੋਈ ਛੋਟੀ ਕਲਾਸ ਵੀ ਦਿੱਤੀ ਹੋਈ ਸੀ।

ਇਕ ਦਿਨ ਛੁੱਟੀ ਹੋਣ ਮਗਰੋਂ ਇੰਦਰਾ ਗੇਟ ਲਾਗੇ ਪੀਅਨ ਯਸ਼ੋਧਾ ਕੋਲ਼ ਬੈਠੀ ਉਸ ਨਾਲ਼ ਹੱਸ ਹੱਸ ਗੱਲਾਂ ਕਰ ਰਹੀ ਸੀ ਤੇ ਦੇਵ ਨੂੰ ਉਡੀਕ ਰਹੀ ਸੀ। ਅਚਾਨਕ ਹੀ ਪ੍ਰਿੰਸੀਪਲ ਨੀਰਜ ਅਗਰਵਾਲ ਉੱਧਰ ਆ ਨਿਕਲ਼ਿਆ ਤੇ ਇੰਦਰਾ ਨੂੰ ਆਪਣੇ ਕੋਲ਼ ਸੱਦ ਕੇ ਕਹਿਣ ਲੱਗਾ, 'ਇੰਦਰਾ ਜੀ ਇਨ੍ਹਾਂ ਲੋਕਾਂ ਨੂੰ ਸਦਾ ਆਪਣੇ ਤੋਂ ਦੂਰ ਰੱਖੋ। ਇਹਦੇ ਨਾਲ਼ ਗੱਲਾਂ ਨਾ ਮਾਰਿਆ ਕਰੋ। ਇਹ ਲੋਕ ਛੇਤੀ ਹੀ ਚਾਮ੍ਹਲ ਜਾਇਆ ਕਰਦੇ ਨੇ ਤੇ ਫਿਰ ਤੁਹਾਨੂੰ ਕਿਸੇ ਵੀ ਟਾਇਮ ਜ਼ਲੀਲ ਕਰ ਸਕਦੇ ਨੇ। ਆਪਣੇ ਸਟੇਟਸ ਦਾ ਧਿਆਨ ਰੱਖਿਆ ਕਰੋ। ਜਿੰਨੀ ਦੇਰ ਤੁਹਾਡੇ ਹਸਬੈਂਡ ਨਹੀਂ ਆਉਂਦੇ ਤੁਸੀਂ ਮੇਰੇ ਦਫ਼ਤਰ ਵਿਚ ਬੈਠ ਜਾਇਆ ਕਰੋ। ਇਹਦੇ ਕੋਲ਼ ਬੈਠਣਾ ਤੁਹਾਨੂੰ ਸ਼ੋਭਾ ਨਹੀਂ ਦਿੰਦਾ।'

'ਠੀਕ ਏ ਸਰ, ਧਿਆਨ ਰੱਖਾਂਗੀ।' ਉਹ ਬੋਲੀ ਤੇ ਗੇਟ ਲਾਗਿਓਂ ਆਪਣੀ ਕੁਰਸੀ ਖਿੱਚ ਬਰਾਂਡੇ ਵਿਚ ਚਲੀ ਗਈ। ਥੋੜ੍ਹੀ ਦੇਰ ਮਗਰੋਂ ਪ੍ਰਿੰਸੀਪਲ ਮੁੜ ਉਸ ਕੋਲ਼ ਆ ਗਿਆ ਤੇ ਬੋਲਿਆ, 'ਇੰਦਰਾ ਜੀ ਤੁਸੀਂ ਬੁਰਾ ਤਾਂ ਨਹੀਂ ਮਨਾ ਗਏ ਮੇਰੀ ਗੱਲ ਦਾ?'

'ਨਹੀਂ ਸਰ ਬੁਰਾ ਕਿਉਂ ਮਨਾਵਾਂਗੀ? ਤੁਸੀਂ ਠੀਕ ਕਿਹਾ ਹੈ।' ਉਹ ਬੋਲੀ।

'ਫਿਰ ਮੇਰੇ ਦਫ਼ਤਰ ਵਿਚ ਕਿਉਂ ਨਹੀਂ ਗਏ?'

'ਸਰ, ਉੱਥੇ ਬੈਠਣ ਵਿਚ ਮੈਨੂੰ ਕੋਈ ਇਤਰਾਜ਼ ਤਾਂ ਨਹੀਂ। ਹੋ ਸਕਦਾ ਏ ਮੇਰੇ ਹਸਬੈਂਡ ਇਸ ਗੱਲ ਨੂੰ ਲਾਈਕ ਨਾ ਕਰਨ। ਉੱਥੇ ਹੋਰ ਕੋਈ ਸਟਾਫ਼ ਮੈਂਬਰ ਨੀ ਨਾ ਹੁੰਦਾ।'

'ਓ ਕੇ, ਓ ਕੇ, ਐਜ਼ ਯੂ ਲਾਈਕ।' ਕਹਿ ਕੇ ਉਹ ਆਪਣੇ ਦਫ਼ਤਰ ਵੱਲ ਚਲਾ ਗਿਆ।

'ਕੀ ਕਹਿੰਦਾ ਸੀ ਨੀਰਜਾ?' ਯਸ਼ੋਧਾ ਉਸ ਕੋਲ਼ ਪਾਣੀ ਦਾ ਗਿਲਾਸ ਫੜਾਉਣ ਦੇ ਬਹਾਨੇ ਨਾਲ਼ ਆ ਕੇ ਬੋਲੀ।

'ਤੇਰੇ ਕੋਲ਼ ਬਹਿਣ ਤੋਂ ਰੋਕਦਾ ਸੀ ਅੜੀਏ।' ਇੰਦਰਾ ਬੋਲੀ ਤੇ ਹੱਸ ਪਈ।

'ਇਹ ਢੈਅ ਜਾਣਾ, ਇਹੀ ਗੱਲਾਂ ਸੁੰਘਦਾ ਰਹਿੰਦਾ ਏ ਸਾਰਾ ਦਿਨ। ਹਰਾਮੀ ਏਂ ਕੰਜਰ ਦਾ।'

'ਚੱਲ ਚੰਦਰੀਏ ਗਾਲ੍ਹਾਂ ਨੀ ਕੱਢੀਦੀਆਂ। ਫੇਰ ਵੀ ਆਪਣਾ ਪ੍ਰਿੰਸੀਪਲ ਏ।'

'ਪ੍ਰਿੰਸੀਪਲ ਏ ਮੇਰੀ ਜੁੱਤੀ ਤੇ।'

'ਜਾਹ ਜਾਹ ਹੁਣ ਤੂੰ, ਦੇਖੇਗਾ ਫੇਰ ਗੁੱਸੇ ਹੋਊ।' ਇੰਦਰਾ ਨੇ ਕਿਹਾ।

ਗੱਡੀ ਦਾ ਹਾਰਨ ਵੱਜਿਆ ਤਾਂ ਇੰਦਰਾ ਉੱਠ ਕੇ ਬਾਹਰ ਨੂੰ ਦੌੜ ਗਈ। ਦੇਵ ਮੁਸਕਰਾ ਕੇ ਉਸ ਨੂੰ ਵੈਲਕਮ ਕਰ ਰਿਹਾ ਸੀ। ਦੇਵ ਨੇ ਗੱਡੀ ਤੋਰੀ ਤਾਂ ਇੰਦਰਾ ਨੇ ਉਸ ਦਿਨ ਦੀ ਸਾਰੀ ਕਥਾ ਬਿਆਨ ਕਰ ਦਿੱਤੀ। ਉਹ ਤਾਂ ਭਾਵੇਂ ਹੱਸ ਹੱਸ ਕੇ ਦੱਸ ਰਹੀ ਸੀ, ਪਰ ਦੇਵ ਦੇ ਦਿਮਾਗ ਦੀ ਸੂਈ ਉਸੇ ਗੱਲ ਤੇ ਅਟਕ ਗਈ ਕਿ ਪ੍ਰਿੰਸੀਪਲ ਨੇ ਇੰਦਰਾ ਨੂੰ ਆਪਣੇ ਦਫ਼ਤਰ ਵਿਚ ਬੈਠਣ ਲਈ ਕਿਉਂ ਕਿਹਾ ਸੀ। ਇਕੱਲਾ ਸੀ ਉਹ..... ਜਵਾਨ ਜੀ.... ਜਵਾਨ ਮਰਦ ਕਿਸੇ ਔਰਤ ਦੀ ਮੌਜੂਦਗੀ ਵਿਚ ਕਿਵੇਂ ਪਿੰਘਲ ਕੇ ਵਹਿ ਤੁਰਦਾ ਹੈ, ਦੇ ਵ ਦੀ ਜ਼ਿੰਦਗੀ ਅਜਿਹੀਆਂ ਘਟਨਾਵਾਂ ਨਾਲ਼ ਭਰੀ ਪਈ ਸੀ। ਉਸ ਨੂੰ ਇੰਝ ਲੱਗਾ ਜਿਵੇ ਂ ਉਸ ਦੇ ਦਿਮਾਗ ਵਿਚ ਚਿੰਤਾ ਦਾ ਝੱਖੜ ਸ਼ਾਂਤ ਹੋ ਕੇ ਉਤਰ ਆਇਆ ਹੋਵੇ।

ਘਰ ਜਾ ਕੇ ਉਸ ਨੇ ਇੰਦਰਾ ਨੂੰ ਆਪਣੀ ਗਲਵੱਕੜੀ ਵਿਚ ਘੁੱਟ ਲਿਆ ਤੇ ਬੋਲਿਆ, 'ਡਾਰਲਿੰਗ ਇੰਦਰਾ, ਤੂੰ ਬਹੁਤ ਸੋਹਣੀ ਏਂ। ਮੈਨੂੰ ਮਾਫ਼ ਕਰਨਾ। ਜਦੋਂ ਕੋਈ ਮਰਦ ਤੇਰੇ ਵੱਲ ਦੇਖਦਾ ਏ। ਮੈਥੋਂ ਬਰਦਾਸ਼ਤ ਨਹੀਂ ਹੁੰਦਾ।'

'ਹੱਟੋ... ਝੱਲੇ ਨਾ ਬਣੋ। ਸਾਡੇ ਪ੍ਰਿੰਸੀਪਲ ਬਾਰੇ ਇਸ ਤਰ੍ਹਾਂ ਨਾ ਸੋਚੋ। ਉਹ ਐਸਾ ਬਿਲਕੁਲ ਨਹੀਂ ਹੈ। ਉਸ ਨੇ ਇਹ ਗੱਲ ਸੁਭਾਵਕ ਕਹੀ ਹੋਵਗੀ। ਜੇ ਉਸ ਦੇ ਦਿਲ ਵਿਚ ਕੋਈ ਐਸੀ ਗੱਲ ਹੋਵੇ ਵੀ ਤਾਂ ਕੀ ਤੁਸੀਂ ਸਮਝਦੇ ਹੋ ਕਿ ਮੈਂ ਡਿਗ ਜਾਵਾਂਗੀ? ਨੈਵਰ ਨੈਵਰ... ਦੇਵ ਜੀ ਇੰਝ ਨਾ ਸੋਚੋ ਪਲੀਜ਼। ਆਈ ਐਮ ਨਾਟ ਦੈਟ ਟਾਈਪ ਅਫ਼ ਲੇਡੀ। ਆਈ ਐਮ ਓਨਲੀ ਫਾਰ ਯੂ। ਨੋ ਬਾਡੀ ਕੈਨ ਇੰਟਰਫੀਅਰ ਇਨ ਆਵਰ ਲਾਈਫ਼।'

ਦੇਵ ਨੇ ਮੁੜ ਉਸ ਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ। ਉਹ ਕਹਿਣਾ ਚਾਹੁੰਦਾ ਸੀ ਕਿ ਹਰ ਰਸਤੇ ਤੇ ਜਿਰਬਲ਼ ਹੁੰਦੀ ਹੈ। ਫਿਸਲਣ ਤੋਂ ਬਾਅਦ ਹੀ ਬੰਦੇ ਨੂੰ ਪਤਾ ਲਗਦਾ ਹੈ ਕਿ ਉਹ ਫਿਸਲ ਚੁੱਕਾ ਹੈ। ਪਰ ਉਹ ਕੁਝ ਵੀ ਬੋਲ ਨਾ ਸਕਿਆ।

'ਕੀ ਗੱਲ ਹੋ ਗਈ ਤੁਸੀਂ ਅੱਜ ਛੱਡਦੇ ਹੀ ਨਹੀਂ ਮੈਨੂੰ?' ਇੰਦਰਾ ਹੱਸ ਕੇ ਬੋਲੀ ਤਾਂ ਉਸ ਨੇ ਆਪਣੀਆਂ ਬਾਹਾਂ ਢਿੱਲੀਆਂ ਕੀਤੀਆਂ।

ਸਕੂਲ ਦੀ ਵਾਈਸ ਪ੍ਰਿੰਸੀਪਲ ਮਿਸਿਜ਼ ਬੱਤਰਾ ਆਪਣੇ ਪੁੱਤ-ਨੂੰਹ ਨੂੰ ਮਿਲਣ ਲਈ ਸਾਲ ਦੀ ਛੁੱਟੀ ਲੈ ਕੇ ਕੈਨੇਡਾ ਚਲੀ ਗਈ ਤਾਂ ਬਹੁਤੇ ਸਟਾਫ਼ ਮੈਂਬਰਾਂ ਨੂੰ ਸੁੱਖ ਦਾ ਸਾਹ ਆਇਆ। ਉਸ ਦੇ ਜਾਣ ਨਾਲ਼ ਸਕੂਲ ਪ੍ਰਬੰਧ ਵਿਚ ਢਿੱਲ ਆ ਗਈ। ਹੁਣ ਪ੍ਰਿੰਸੀਪਲ ਕਿਸੇ ਅਜਿਹੇ ਟੀਚਰ ਨੂੰ ਇਹ ਜ਼ਿੰਮੇਵਾਰੀ ਸੌਂਪਣੀ ਚਾਹੁੰਦਾ ਸੀ, ਜੋ ਮਿਸਿਜ਼ ਬੱਤਰਾ ਦਾ ਬਦਲ ਬਣ ਸਕੇ। ਇਹ ਗੁਣੀਆਂ ਇੰਦਰਾ ਤੇ ਪੈ ਗਿਆ। ਉਸ ਨੇ ਇੰਦਰਾ ਨੂੰ ਇਕ ਸਾਲ ਲਈ ਵਾਈਸ ਪ੍ਰਿੰਸੀਪਲ ਬਣਾਏ ਜਾਣ ਦਾ ਹੁਕਮ ਆਰਡਰ ਬੁੱਕ ਵਿਚ ਲਿਖ ਕੇ ਸਾਰੇ ਸਟਾਫ਼

ਤੋਂ ਨੋਟ ਕਰਾਉਣ ਲਈ ਭੇਜ ਦਿੱਤਾ। ਘੁਸਰ-ਮੁਸਰ ਸ਼ੁਰੂ ਹੋ ਗਈ। ਸਕੂਲ ਵਿਚ ਪੁਰਾਣੇ ਤੋਂ ਪੁਰਾਣੇ ਤਜ਼ਰਬੇਕਾਰ ਸੀਨੀਅਰ ਲੈਕਚਰਾਰ ਬੈਠੇ ਸਨ, ਉਨ੍ਹਾਂ ਨੂੰ ਉਲੰਘ ਕੇ ਕੱਲ੍ਹ ਦੀ ਕੁੜੀ ਨੂੰ ਚਾਰਜ ਦੇਣਾ ਕਿਵੇਂ ਹਜ਼ਮ ਹੁੰਦਾ। ਸਿੱਧਾ ਤਾਂ ਕੋਈ ਕਹਿ ਨਹੀਂ ਸੀ ਰਿਹਾ, ਆਪਸ ਵਿਚ ਗੁੱਭ-ਗੁਭਾਟ ਕੱਢਣ ਲੱਗੇ ਹੋਏ ਸਨ। ਕਈ ਤਾਂ ਇਹ ਇਲਜ਼ਾਮ ਵੀ ਲਾ ਰਹੇ ਸਨ ਕਿ ਪ੍ਰਿੰਸੀਪਲ ਇੰਦਰਾ ਦੇ ਸੁਹੱਪਣ ਉੱਤੇ ਫਿਦਾ ਹੋ ਗਿਆ ਸੀ। ਇਸੇ ਕਰਕੇ ਪ੍ਰਿੰਸੀਪਲ ਨੇ ਉਸ ਦੀ ਝੋਲੀ ਵਿਚ ਵਾਈਸ ਪ੍ਰਿੰਸੀਪਲੀ ਦਾ ਸ਼ਗਨ ਪਾਇਆ ਹੈ। ਜਿੱਥੇ ਸਭ ਨੂੰ ਆਪੋ ਆਪਣੀ ਨੌਕਰੀ ਦਾ ਫਿਕਰ ਹੋਵੇ ਤਾਂ ਹਰ ਕੋਈ ਸੰਕੋਚ ਤੋਂ ਕੰਮ ਲਿਆ ਕਰਦਾ ਹੈ। ਜਿੱਥੇ ਸੰਕੋਚ ਆ ਜਾਵੇ ਉੱਥੇ ਗੱਲ ਬਹੁਤੀ ਤੂਲ਼ ਨਹੀਂ ਫੜਿਆ ਕਰਦੀ। ਇੰਦਰਾ ਨੂੰ ਵੀ ਸਾਰੀ ਗੱਲ ਦਾ ਪਤਾ ਲੱਗ ਰਿਹਾ ਸੀ। ਉਹ ਕਾਫ਼ੀ ਘਬਰਾਈ ਹੋਈ ਸੀ। ਕੁਝ ਸਟਾਫ਼ ਮੈਂਬਰਾਂ ਨੇ ਕੁਰਸੀ ਦੀ ਵਫ਼ਾਦਾਰੀ ਜਿਤਾਉਣ ਲਈ ਪ੍ਰਿੰਸੀਪਲ ਦੇ ਕੰਨ ਵੀ ਜਾ ਭਰੇ ਸਨ। ਪ੍ਰਿੰਸੀਪਲ ਨੇ ਆਖ਼ਰੀ ਪੀਰਡ ਵਿਚ ਸਟਾਫ਼ ਮੀਟਿੰਗ ਸੱਦ ਲਈ ਤੇ ਸਟਾਫ਼ ਦੇ ਕੁਝ ਮੈਂਬਰਾਂ ਦੇ ਮਨਾਂ ਵਿਚ ਰਿੱਝਦੇ ਗੁੱਸੇ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਹਾ ਕਿ ਇੰਦਰਾ ਥਰੂਆਊਟ ਫਸਟ ਕਲਾਸ ਤੇ ਮਿਹਨਤੀ ਟੀਚਰ ਹੈ। ਯੰਗ ਬਲੱਡ ਹੈ। ਕੰਮ ਕਰਨ ਦਾ ਉਸ ਵਿਚ ਜੋਸ਼ ਹੈ। ਬਹੁਤ ਚੰਗੀ ਵਕਤਾ ਹੈ। ਅੰਗਰੇਜ਼ੀ ਵਿਚ ਪੂਰੀ ਮੁਹਾਰਤ ਰੱਖਦੀ ਹੈ। ਉਸ ਦਾ ਬੱਚਿਆਂ ਉੱਤੇ ਪੂਰਾ ਕੰਟਰੋਲ ਹੈ। ਉਹ ਪ੍ਰਿੰਸੀਪਲ ਅਤੇ ਸਟਾਫ਼ ਦਾ ਸਤਿਕਾਰ ਕਰਨਾ ਜਾਣਦੀ ਹੈ। ਪੜ੍ਹਾਈ ਹੀ ਨਹੀਂ ਉਹ ਖੇਡਾਂ ਵਿਚ ਵੀ ਨੈਸ਼ਨਲ ਪੱਧਰ ਦੀ ਖਿਡਾਰਨ ਰਹੀ ਹੈ ਤੇ ਆਪਣੇ ਸਕੂਲ ਦੀਆਂ ਲੜਕੀਆਂ ਦੀ ਬਾਸਕਟਬਾਲ ਟੀਮ ਤਿਆਰ ਕਰਵਾ ਰਹੀ ਹੈ। ਸੀਨੀਅਰ ਮੈਂਬਰਾਂ ਨੂੰ ਇਸ ਕੁੜੀ ਦਾ ਸਤਿਕਾਰ ਕਰ ਕੇ ਆਪਣਾ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਦੀ ਉਹ ਧੀ ਵਾਂਗ ਹੈ। ਕੀ ਇਨ੍ਹਾਂ ਧੀਆਂ ਨੂੰ ਅੱਗੇ ਨਹੀਂ ਆਉਣਾ ਚਾਹੀਦਾ? ਅੰਤ ਵਿਚ ਉਸ ਨੇ ਕਿਹਾ ਕਿ ਵਾਈਸ ਪ੍ਰਿੰਸੀਪਲ ਤੋਂ ਬਿਨਾਂ ਉਹ ਸਕੂਲ ਨਹੀ ਚਲਾ ਸਕਦਾ। ਜੇ ਕਿਸੇ ਨੂੰ ਮੇਰੇ ਇਸ ਫੈਸਲੇ ਤੇ ਕੋਈ ਇਤਰਾਜ਼ ਹੈ ਤਾਂ ਉਹ ਬਿਨਾਂ ਝਿਜਕ ਆਪਣੀ ਰਾਇ ਦੇ ਸਕਦਾ ਹੈ, ਉਹ ਉਸ ਉੱਤੇ ਗੌਰ ਕਰਾਂਗਾ। ਹੁਣ ਕੋਈ ਨਾ ਬੋਲਿਆ। ਬਿੱਲੀ ਦੇ ਗਲ਼ ਟੱਲੀ ਕੌਣ ਬੰਨ੍ਹਦਾ?

ਇੰਦਰਾ ਨੂੰ ਵਾਈਸ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਤਾਂ ਮਿਲ ਗਈ, ਪਰ ਉਸ ਨੇ ਇਹ ਗੱਲ ਦੇਵ ਨੂੰ ਨਾ ਦੱਸੀ। ਉਹ ਤਾਂ ਉਸ ਦਿਨ ਨਿੱਕੀ ਜਿਹੀ ਗੱਲ ਤੋਂ ਹੀ ਤੜਫ਼ ਉੱਠਿਆ ਸੀ, ਇਸ ਬਾਰੇਪਤਾ ਲੱਗਣ ਉੱਤੇ ਤਾਂ ਪਤਾ ਨਹੀਂ ਕੀ ਹੋ ਜਾਂਦਾ। ਉਹ ਦੇਵ ਦੇ ਸੁਭਾਅ ਦਾ ਕੁਝ ਕੁਝ ਭੇਤ ਵੀ ਪਾ ਚੁੱਕੀ ਸੀ। ਅਵੱਸ਼ ਉਸ ਨੇ ਇਹ ਗੱਲ ਸੋਚਣੀ ਸੀ ਕਿ ਕੱਲ੍ਹ ਜੋ ਲੈਕਚਰਾਰ ਲੱਗੀ, ਅੱਜ ਉਸ ਦੇ ਗਲੇ' ਚ ਵਾਈਸ ਪ੍ਰਿੰਸੀਪਲ ਦਾ ਹਾਰ ਕਿਵੇਂ ਪੈ ਗਿਆ। ਐਵੇਂ ਵਿਚਾਰਾ ਸੋਚ ਸੋਚ ਪ੍ਰੇਸ਼ਾਨ ਨਾ ਹੋ ਜਾਵੇ। ਉਸ ਨੇ ਸੋਚਿਆ ਕਿ ਉਹ ਮੌਕਾ ਪਾ ਕੇ ਹੌਲ਼ੀ-ਹੌਲ਼ੀ ਸਾਰੀ ਗੱਲ ਦੱਸੇਗੀ। ਘਰ ਜਾ ਕੇ ਉਸ ਨੇ ਆਪਣੇ ਮਾਂ-ਬਾਪ ਕੋਲ਼ ਵੀ ਇਹ ਗੱਲ ਨਾ ਕੀਤੀ।

ਅਗਲੇ ਦਿਨ ਪ੍ਰਿੰਸੀਪਲ ਨੇ ਆਪਣੇ ਦਫ਼ਤਰ ਵਿਚ ਖੱਬੇ ਹੱਥ ਇਕ ਮੇਜ਼ ਕੁਰਸੀ ਲਗਵਾ ਕੇ ਉਸ ਉੱਤੇ 'ਵਾਈਸ ਪ੍ਰਿੰਸੀਪਲ' ਦੀ ਪਲੇਟ ਰਖਵਾ ਦਿੱਤੀ। ਇੰਦਰਾ ਹੈਰਾਨ

ਹੋਈ ਕਿ ਮਿਸਿਜ਼ ਬੱਤਰਾ ਲਈ ਤਾਂ ਅਜਿਹਾ ਕੋਈ ਵੱਖਰਾ ਆਡੰਬਰ ਨਹੀਂ ਸੀ। ਜੇ ਉਸ ਨੂੰ ਉਸ ਥਾਂ ਬੈਠਣਾ ਪਿਆ ਤਾਂ ਉਸ ਦਾ ਤਾਂ ਉੱਥੇ ਸਾਹ ਘੁਟ ਜਾਵੇਗਾ। ਪ੍ਰਿੰਸੀਪਲ ਨੇ ਉਸ ਨੂੰ ਦੱਸਿਆ ਕਿ ਉਸ ਦੇ ਪੀਰਡ ਅੱਧੇ ਕਰ ਦਿੱਤੇ ਸਨ। ਉਹ ਵਿਹਲੇ ਪੀਰਡ ਵਿਚ ਸਕੂਲ ਦਾ ਰਾਊਂਡ ਲਵੇ। ਜੋ ਟੀਚਰ ਤਸੱਲੀਬਖ਼ਸ਼ ਕੰਮ ਨਾ ਕਰੇ, ਉਸ ਦੇ ਨੋਟਿਸ ਵਿਚ ਲਿਖਤੀ ਤੌਰ ਤੇ ਲਿਆਂਦਾ ਜਾਵੇ। ਟੀਚਰਾਂ ਦੀਆਂ ਨਿੱਤ ਡਾਇਰੀਆਂ ਚੈੱਕ ਕਰੇ। ਕਲਾਸਾਂ ਦੇ ਮਨੀਟਰਾਂ ਕੋਲ਼ੋਂ ਹਰ ਹਫ਼ਤੇ ਟੀਚਰਾਂ ਬਾਰੇ ਰਿਪੋਰਟ ਲਵੇ। ਆਪਣੇ ਅਤੇ ਬਾਕੀ ਦੇ ਟੀਚਰਾਂ ਵਿਚ ਇਕ ਦੂਰੀ ਬਣਾ ਕੇ ਰੱਖੇ। ਉਸ ਨੇ ਇੰਦਰਾ ਨੂੰ ਇਹ ਵੀ ਕਿਹਾ ਕਿ ਉਹ ਉਸ ਦੇ ਕੰਮ ਤੋਂ ਬਹੁਤ ਖ਼ੁਸ਼ ਸੀ। ਜੇ ਉਸ ਦੇ ਤਾਇਆ ਜੀ ਇਸ ਵਾਰੀ ਕੇਂਦਰੀ ਮੰਤਰੀ ਬਣ ਜਾਂਦੇ ਹਨ ਤਾਂ ਉਹ ਸਕੂਲ ਦੀ ਪ੍ਰਿੰਸੀਪਲ ਇੰਦਰਾ ਨੂੰ ਬਣਾ ਕੇ ਦਿੱਲੀ ਵਿਚ ਕੋਈ ਵੱਡਾ ਕਾਲਜ ਚਲਾਵੇਗਾ। ਜਿਵੇਂ ਉਸ ਦੇ ਤਾਇਆ ਜੀ ਨੇ ਉਸ ਨਾਲ਼ ਵਾਅਦਾ ਕੀਤਾ ਸੀ, ਉਹ ਹੁਣ ਇੰਦਰਾ ਨਾਲ਼ ਕਰ ਰਿਹਾ ਸੀ। ਅੰਤ ਵਿਚ ਉਸ ਨੇ ਕਿਹਾ ਕਿ ਜਦੋਂ ਉਸ ਕੋਲ਼ ਵਿਹਲਾ ਸਮਾਂ ਹੋਵੇ ਤਾਂ ਉਹ ਦਫ਼ਤਰ ਵਿਚ ਉਸ ਕੋਲ਼ ਆ ਕੇ ਬੈਠੇ।

'ਸਰ, ਇਕ ਬੇਨਤੀ ਹੈ ਮੇਰੀ। ਬਾਕੀ ਸਭ ਗੱਲਾਂ ਮੰਜ਼ੂਰ ਪਰ ਮੈਂ ਐਥੇ ਦਫ਼ਤਰ ਵਿਚ ਨਹੀਂ ਬੈਠਣਾ ਚਾਹੁੰਦੀ। ਤੁਸੀਂ ਪਲੀਜ਼ ਇਸ ਨੂੰ ਚੁਕਵਾ ਦਿਓ।' ਉਹ ਬੋਲੀ।

'ਠੀਕ ਏ, ਤੁਹਾਡੇ ਲਈ ਵੱਖਰੇ ਕਮਰੇ ਦਾ ਪ੍ਰਬੰਧ ਛੇਤੀ ਹੀ ਕਰ ਦਿੱਤਾ ਜਾਵੇਗਾ।' ਉਹ ਬੋਲਿਆ।

ਸਕੂਲ ਦਾ ਸਾਰਾ ਕੰਮ ਕਾਜ ਮੁੜ ਉਸੇ ਲੀਹ ਤੇ ਜਾ ਚੜ੍ਹਿਆ। ਮਿਸਿਜ਼ ਬੱਤਰਾ ਨੇ ਜੋ ਅਨੁਸਾਸ਼ਨ ਬਣਾਈ ਰੱਖਿਆ ਸੀ, ਟੀਚਰਾਂ ਨੇ ਬਿਨਾਂ ਕਹੇ ਆਪਣੇ ਆਪ ਤੇ ਲਾਗੂ ਕਰ ਲਿਆ। ਉਹ ਸਕੂਲ ਵਿਚ ਰਾਊਂਡ ਲੈਂਦੀ ਪਰ ਕਹਿੰਦੀ ਕਿਸੇ ਨੂੰ ਕੁਝ ਨਾ। ਜਿੱਥੇ ਕੋਈ ਕਮੀ ਪੇਸ਼ੀ ਲੱਗਦੀ, ਉਹ ਉੱਥੇ ਰੁਕ ਜਾਂਦੀ ਤਾਂ ਅਗਲੇ ਫੱਟ ਸਮਝ ਲੈਂਦੇ। ਉਸ ਦੇ ਕੰਮ ਕਾਜ ਤੋਂ ਪ੍ਰਿੰਸੀਪਲ ਬੜਾ ਖ਼ੁਸ਼ ਸੀ ਤੇ ਉਸ ਨੇ ਇਸ ਸਬੰਧੀ ਮੈਨੇਜਿੰਗ ਕਮੇਟੀ ਨੂੰ ਸੂਚਿਤ ਕਰ ਦਿੱਤਾ ਸੀ। ਸਟਾਫ਼ ਵਿਚ ਇੰਦਰਾ ਦੀ ਕੋਈ ਦਹਿਸ਼ਤ ਨਹੀਂ ਸੀ। ਉਹ ਸਭ ਨਾਲ਼ ਮੁਸਕਰਾ ਕੇ ਪੇਸ਼ ਆਉਂਦੀ ਤੇ ਹਾਲ-ਚਾਲ ਪੁੱਛਣ ਮਗਰੋਂ ਇਹੋ ਕਹਿੰਦੀ ਕਿ ਉਨ੍ਹਾਂ ਦੀ ਜੋ ਵੀ ਸਮੱਸਿਆ ਹੁੰਦੀ ਹੈ, ਉਸ ਨੂੰ ਦੱਸਿਆ ਕਰਨ, ਉਹ ਹੱਲ ਕਰਾਉਣ ਦਾ ਯਤਨ ਕਰੇ ਗੀ।

ਇਕ ਦਿਨ ਦੇਵ ਇੰਦਰਾ ਨੂੰ ਗੱਡੀ ਤੋਂ ਲਾਹ ਕੇ ਗਿਆ ਹੀ ਸੀ ਕਿ ਪ੍ਰਿੰਸੀਪਲ ਨੇ ਇੰਦਰਾ ਨੂੰ ਦਫ਼ਤਰ ਵਿਚ ਸੱਦ ਲਿਆ ਤੇ ਬੋਲਿਆ, 'ਇੰਦਰਾ ਜੀ, ਦਿੱਲੀ ਤੋਂ ਡੀ. ਪੀ. ਆਈ. ਸਾਹਬ ਤੇ ਹੋਰ ਅਫ਼ਸਰ ਚੰਡੀਗੜ੍ਹ ਆ ਰਹੇ ਸਨ। ਦਸ ਵਜੇ ਮੀਟਿੰਗ ਹੈ। ਤੁਸੀਂ ਮੇਰੇ ਨਾਲ਼ ਜਾਣਾ ਹੈ। ਤੁਹਾਡੀ ਉਨ੍ਹਾਂ ਨਾਲ਼ ਜਾਣ-ਪਛਾਣ ਕਰਵਾ ਦਿਆਂਗਾ।'

'ਪਰ ਸਰ ਮੇਰੇ ਹਸਬੈਂਡ ਨੂੰ ਇਸ ਮੀਟਿੰਗ ਬਾਰੇ ਪਤਾ ਨਹੀਂ। ਜੇ ਮੁੜਨ ਲਈ ਲੇ ਟ ਹੋ ਗਏ?'

'ਨਹੀਂ ਉੱਥੇ ਸਿਰਫ਼ ਦੋ ਘੰਟੇ ਦਾ ਕੰਮ ਹੈ। ਦੇਖੋ ਇੰਦਰਾ ਜੀ, ਜੇ ਜ਼ਿੰਦਗੀ' ਚ ਰਾਈਜ਼ ਕਰਨਾ ਹੈ ਤਾਂ ਤੁਹਾਨੂੰ ਅਗਾਂਹਵਧੂ ਵੀ ਬਣਨਾ ਪਵੇਗਾ ਤੇ ਮੀਟਿੰਗਾਂ ਵੀ ਅਟੈਂਡ

ਕਰਨੀਆਂ ਪੈਣਗੀਆਂ।'

'ਠੀਕ ਏ ਸਰ, ਚਲੀ ਚਲਦੀ ਹਾਂ।' ਉਹ ਬੋਲੀ।

ਪ੍ਰਿੰਸੀਪਲ ਅਗਰਵਾਲ ਦੀ ਗੱਡੀ' ਚ ਬੈਠ ਉਹ ਸਕੂਲੋਂ ਚਲੀ ਗਈ। ਉੱਧਰ ਦੇਵ ਆਪਣੇ ਸਕੂਲ ਪੁੱਜਾ ਤਾਂ ਪਤਾ ਲੱਗਾ ਕਿ ਅਗਲੇ ਦਿਨ ਗੁਰਪੁਰਬ ਹੋਣ ਕਰਕੇ ਪੰਜਾਬ ਸਰਕਾਰ ਨੇ ਅੱਧੇ ਦਿਨ ਦੀ ਛੁੱਟੀ ਕਰ ਦਿੱਤੀ ਸੀ। ਦੇਵ ਨੇ ਸੋਚਿਆ ਕਿ ਉਹ ਇੰਦਰਾ ਨੂੰ ਵੀ ਅੱਧੇ ਦਿਨ ਦੀ ਛੁੱਟੀ ਕਰਵਾ ਦੇਵੇਗਾ। ਉਹ ਸ਼ਾਪਿੰਗ ਵੀ ਕਰ ਲੈਣਗੇ ਤੇ ਪਿਕਚਰ ਵੀ ਦੇਖ ਲੈਣਗੇ। ਉਹ ਇੰਦਰਾ ਦੇ ਸਕੂਲ ਪੁੱਜਾ ਤਾਂ ਗੇਟ ਉੱਤੇ ਯਸ਼ੋਧਾ ਬੈਠੀ ਸੀ। ਦੇਵ ਨੇ ਇੰਦਰਾ ਨੂੰ ਬੁਲਾਉਣ ਲਈ ਕਿਹਾ ਤਾਂ ਉਸ ਨੇ ਦੱਸਿਆ ਕਿ ਉਹ ਤਾਂ ਕਿਸੇ ਜ਼ਰੂਰੀ ਮੀਟਿੰਗ ਵਿਚ ਭਾਗ ਲੈਣ ਲਈ ਪ੍ਰਿੰਸੀਪਲ ਨਾਲ਼ ਚੰਡੀਗੜ੍ਹ ਚਲੀ ਗਈ ਹੈ।

'ਹੋਰ ਕੌਣ ਗਿਆ ਏ ਨਾਲ਼?' ਉਸ ਨੇ ਯਸ਼ੋਧਾ ਨੂੰ ਪੁੱਛਿਆ।

'ਪ੍ਰਿੰਸੀਪਲ ਤੇ ਇੰਦਰਾ ਮੈਡਮ ਹੀ ਗਏ ਨੇ ਸਰ।' ਉਹ ਮੁਸਕਰਾਉਂਦੀ ਬੋਲੀ।

'ਇੰਦਰਾ ਹੀ ਕਿਉਂ ਗਈ? ਹੋਰ ਕੋਈ ਜੈਂਟਸ ਨਹੀਂ ਐਥੇ?'

'ਸਰ ਵਾਈਸ ਪ੍ਰਿੰਸੀਪਲ ਨੇ ਹੀ ਜਾਣਾ ਹੁੰਦਾ ਏ ਨਾਲ਼ ਤਾਂ।'

'ਵਾਈਸ ਪ੍ਰਿੰਸੀਪਲ ਕੌਣ?'

'ਸਰ, ਹੁਣ ਇੰਦਰਾ ਜੀ ਹੀ ਵਾਈਸ ਪ੍ਰਿੰਸੀਪਲ ਨੇ। ਤੁਹਾਨੂੰ ਨਹੀਂ ਪਤਾ?'

'ਉਹ ਕਦੋਂ ਬਣ ਗਈ ਵਾਈਸ ਪ੍ਰਿੰਸੀਪਲ?'

'ਦੋ ਹਫਤਿਆਂ ਤੋਂ ਵੱਧ ਹੋ ਗਏ ਸਰ।'

'ਉਹਨੂੰ ਕਿਉਂ ਬਣਾ ਦਿੱਤਾ?'

'ਮੈਡਮ ਬੱਤਰਾ ਕੈਨੇਡਾ ਚਲੀ ਗਈ ਸੀ ਨਾ।'

ਦੇਵ ਦਾ ਦਿਮਾਗ ਸਾਂ-ਸਾਂ ਕਰਨ ਲੱਗਾ। ਉਹ ਬੁੱਜ ਬਣਿਆ ਖੜ੍ਹਾ ਦੇਖਦਾ ਰਿਹਾ, ਫਿਰ ਯਸ਼ੋਧਾ ਲਾਗੇ ਬੈਂਚ ਤੇ ਬੈਠ ਗਿਆ। ਫਿਰ ਬੋਲਿਆ, 'ਵਾਈਸ ਪ੍ਰਿੰਸੀਪਲ ਦਾ ਕੰਮ ਕੀ ਏ ਐਥੇ?'

'ਟੀਚਰਾਂ, ਮੁੰਡਿਆਂ, ਕੁੜੀਆਂ ਨੂੰ ਡਾਂਟਦੇ ਫਿਰਨਾ। ਪ੍ਰਿੰਸੀਪਲ ਦੇ ਦਫ਼ਤਰ' ਚ ਬੈਠ ਕੇ ਉਸ ਦੀ ਚਮਚਾਗਿਰੀ ਕਰਨੀ ਤੇ ਮੀਟਿੰਗਾਂ ਤੇ ਜਾਣਾ।' ਮੂੰਹ-ਫੱਟ ਯਸ਼ੋਧਾ ਬੋਲੀ।

'ਮੈਡਮ ਇੰਦਰਾ ਪਹਿਲਾਂ ਵੀ ਗਏ ਨੇ ਪ੍ਰਿੰਸੀਪਲ ਨਾਲ਼?'

'ਐਥੇ ਕੀ ਪਤਾ ਲਗਦਾ ਏ ਜੀ।' ਉਹ ਬੋਲੀ।

ਦੇਵ ਗੱਡੀ ਸਟਾਰਟ ਕਰ ਕੇ ਉੱਥੋਂ ਨਿਕਲ਼ ਆਇਆ। ਰਸਤੇ ਵਿਚ ਅਜਿਹੀ ਥਾਂ ਤੇ ਉਸ ਨੇ ਗੱਡੀ ਰੋਕ ਲਈ ਜਿੱਥੋਂ ਉਹ ਸਕੂਲ ਮੁੜਦੀ ਇੰਦਰਾ ਤੇ ਪ੍ਰਿੰਸੀਪਲ ਨੂੰ ਤਾਂ ਦੇ ਖ ਸਕੇ, ਪਰ ਉਹ ਉਸ ਨੂੰ ਨਾ ਦੇਖ ਸਕਣ। ਛੁੱਟੀ ਹੋਣ ਤੋਂ ਦਸ ਕੁ ਮਿੰਟ ਪਹਿਲਾਂ ਪ੍ਰਿੰਸੀਪਲ ਦੀ ਗੱਡੀ ਉੱਥੋਂ ਲੰਘੀ। ਉਹ ਦੋਨੋਂ ਗੱਡੀ' ਚ ਬੈਠੇ ਗੱਲਾਂ ਕਰ ਰਹੇ ਸਨ। ਵੀਹ ਕੁ ਮਿੰਟ ਮਗਰੋਂ ਦੇਵ ਵੀ ਇੰਦਰਾ ਦੇ ਸਕੂਲ ਜਾ ਪੁੱਜਾ। ਸਾਮ੍ਹਣੇ ਬਰਾਂਡੇ ਵਿਚ ਪ੍ਰਿੰਸੀਪਲ ਤੇ ਇੰਦਰਾ ਖੜ੍ਹੇ ਗੱਲਾਂ ਕਰ ਰਹੇ ਸਨ। ਇੰਦਰਾ ਨੂੰ ਉਸ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਦੌੜੀ ਆਈ। ਦੇਵ ਗੱਡੀ' ਚੋਂ ਬਾਹਰ ਨਿਕਲਦਾ ਬੋਲਿਆ, 'ਮੇਰੀ ਤਬੀਅਤ ਠੀਕ

ਨਹੀਂ, ਗੱਡੀ ਅੱਜ ਤੂੰ ਚਲਾ।'

'ਕੀ ਹੋਇਆ ਦੇਵ ਜੀ ਤਬੀਅਤ ਨੂੰ?' ਉਹ ਘਬਰਾ ਕੇ ਬੋਲੀ।

'ਬੱਸ, ਚੱਕਰ ਜਿਹੇ ਆ ਰਹੇ ਨੇ।'

'ਚਲੋ ਡਾਰਲਿੰਗ ਕਿਸੇ ਡਾਕਟਰ ਦੇ ਚਲਦੇ ਹਾਂ।'

'ਨਹੀਂ... ਘਰ ਚੱਲੋ।' ਉਹ ਬੋਲਿਆ।

'ਮੈਨੂੰ ਦੱਸੋ ਦੇਵ ਕੀ ਤਕਲੀਫ਼ ਏ?' ਉਹ ਫਿਰ ਬੋਲੀ।

ਘਰ ਜਾ ਕੇ ਇੰਦਰਾ ਨੇ ਗੱਡੀ ਅੰਦਰ ਲਾਈ ਤੇ ਪਾਣੀ ਦਾ ਗਿਲਾਸ ਭਰ ਲਿਆਈ। ਫਿਰ ਬੋਲੀ, 'ਮੌਸਮ ਬਦਲ ਰਿਹਾ ਏ ਦੇਵ, ਪਾਣੀ ਪੀ ਲਵੋ, ਠੀਕ ਹੋ ਜਾਵੋਗੇ। ਰੈਸਟ ਕਰ ਲਵੋ ਡਾਰਲਿੰਗ।'

ਦੇਵ ਨੇ ਗਿਲਾਸ ਉਸ ਦੇ ਹੱਥੋਂ ਫੜ ਮੇਜ਼ ਤੇ ਟਿਕਾ ਦਿੱਤਾ। ਫਿਰ ਸੋਫ਼ੇ ਤੇ ਹੀ ਲੇ ਟ ਗਿਆ। ਫਿਰ ਦੋਨਾਂ ਬਾਹਾਂ ਹੇਠ ਅੱਖਾਂ ਛੁਪਾ ਲਈਆਂ, ਫਿਰ ਹੌਲ਼ੀ-ਹੌਲ਼ੀ ਬੋਲਿਆ, 'ਮੌਸਮ... ਬਦਲ.... ਰਿਹਾ .... ਏ।'

**00**

# ਇਕ ਸੌ ਚਾਲ਼ੀ

ਦੇਵ ਨੂੰ ਇਸ ਗੱਲ ਦਾ ਪੂਰਾ ਯਕੀਨ ਹੋ ਗਿਆ ਕਿ ਉਸ ਦੀ ਪਤਨੀ ਇੰਦਰਾ ਪ੍ਰਿੰਸੀਪਲ ਅਗਰਵਾਲ ਦੇ ਜਾਲ਼ ਵਿਚ ਉਲਝ ਚੁੱਕੀ ਸੀ। ਜੇ ਉਹ ਸੱਚੀ ਹੁੰਦੀ ਤਾਂ ਉਹ ਵਾਈਸ ਪ੍ਰਿੰਸੀਪਲ ਬਣਨ ਅਤੇ ਉਸ ਨਾਲ਼ ਚੰਡੀਗੜ੍ਹ ਜਾਣ ਵਾਲ਼ੀ ਗੱਲ ਉਸ ਨਾਲ਼ ਸਾਂਝੀ ਕਰਦੀ। ਚੰਡੀਗੜ੍ਹ ਵਿਚ ਪਲੀ ਹੋਣ ਕਰਕੇ ਜੇ ਉਹ ਖੁੱਲ੍ਹੇ ਵਿਚਾਰਾਂ ਦੀ ਸੀ ਤਾਂ ਆਪਣੇ ਜੀਵਨ ਸਾਥੀ ਤੋਂ ਅਜਿਹੀਆਂ ਘਟਨਾਵਾਂ ਦਾ ਓਹਲਾ ਰੱਖਣ ਵਿਚ ਭਲਾਂ ਕੀ ਤੁਕ। ਇਹ ਗੱਲ ਵੀ ਬੜੀ ਬੇਤੁਕੀ ਸੀ ਕਿ ਸਕੂਲ ਦਾ ਪ੍ਰਿੰਸੀਪਲ ਕਿਸੇ ਮੀਟਿੰਗ ਉੱਤੇ ਕਲੱਰਕ ਦੀ ਥਾਂ ਤੇ ਵਾਈਸ ਪ੍ਰਿੰਸੀਪਲ ਨੂੰ ਆਪਣੇ ਨਾਲ਼ ਲੈ ਕੇ ਜਾਵੇ। ਖ਼ੁਦ ਸਿੱਖਿਆ ਮਹਿਕਮੇ ਵਿਚ ਹੋਣ ਕਰਕੇ ਦੇਵ ਇਹ ਗੱਲ ਭਲੀ ਭਾਂਤ ਜਾਣਦਾ ਸੀ ਕਿ ਵਾਈਸ ਪ੍ਰਿੰਸੀਪਲ ਦਾ ਕੰਮ ਪ੍ਰਿੰਸੀਪਲ ਦੀ ਗੈਰਹਾਜ਼ਰੀ ਵਿਚ ਸਕੂਲ ਚਲਾਉਣਾ ਹੁੰਦਾ ਹੈ। ਇਕ ਅਣਵਿਆਹਿਆ ਨੌਜਵਾਨ ਪ੍ਰਿੰਸੀਪਲ ਕਿਸੇ ਖ਼ੂਬਸੂਰਤ ਔਰਤ ਨੂੰ ਆਪਣੇ ਨਾਲ਼ ਲੈ ਕੇ ਜਾਵੇ ਤਾਂ ਇਸ ਪਿੱਛੇ ਛੁਪੀ ਭਾਵਨਾ ਸਾਫ਼ ਨਜ਼ਰ ਆਉਂਦੀ ਸੀ। ਦਾਲ ਵਿਚ ਕੁਝ ਕਾਲ਼ਾ ਨਹੀਂ ਸਗੋਂ ਸਾਰੀ ਦਾਲ਼ ਹੀ ਕਾਲ਼ੀ ਬਣ ਗਈ ਸੀ। ਇਹੀ ਸੋਚ ਰਿਹਾ ਦੇਵ ਬੜੀ ਮਾਨਸਿਕ ਪ੍ਰੇਸ਼ਾਨੀ ਵਿਚ ਸੀ ਤੇ ਉਹ ਇਹ ਗੱਲ ਕਿਸੇ ਨਾਲ਼ ਸਾਂਝੀ ਵੀ ਨਹੀਂ ਸੀ ਕਰ ਸਕਦਾ। ਤੇ ਹੁਣ ਜਦੋਂ ਇੰਦਰਾ ਉਸ ਦੇ ਕੋਲ਼ ਸੀ ਤਾਂ ਉਹ ਆਪਣੇ ਮਾਯੂਸ ਚਿਹਰੇ ਤੇ ਭੋਰਾ ਭਰ ਮੁਸਕਰਾਹਟ ਲਿਆਉਣ ਦੇ ਵੀ ਸਮਰੱਥ ਨਹੀਂ ਸੀ। ਇੰਦਰਾ ਉਸ ਨੂੰ ਬਾਰ-ਬਾਰ ਉਸ ਦੀ ਤਬੀਅਤ ਬਾਰੇ ਪੁੱਛ ਰਹੀ ਸੀ ਤੇ ਉਹ 'ਠੀਕ ਹੈ, ਠੀਕ ਹੈ' ਆਖ਼ ਉਸ ਨੂੰ ਟਾਲ਼ ਰਿਹਾ ਸੀ।

ਦੇਵ ਨੇ ਕਈ ਵਾਰੀ ਮਨ ਬਣਾਇਆ ਕਿ ਉਹ ਉਸ ਨੂੰ ਸਾਰੀ ਗੱਲ ਪੁੱਛੇ ਤੇ ਜ਼ਲੀਲ ਕਰੇ। ਉਸ ਸਕੂਲ ਨੂੰ ਛਡੱਣ ਲਈ ਕਹੇ ਜਿਸ ਦੀ ਵਜ੍ਹਾ ਨਾਲ਼ ਘਰ ਟੁੱਟਣ ਦਾ ਖ਼ਤਰਾ

ਪੈਦਾ ਹੋ ਗਿਆ ਸੀ, ਪਰ ਉਹ ਡਰਦਾ ਸੀ ਕਿ ਅਜਿਹਾ ਕਰਨ ਨਾਲ਼ ਸਾਰੀ ਗੱਲ ਹੀ ਪੁੱਠੀ ਪੈ ਸਕਦੀ ਸੀ। ਉਹ ਉਸ ਦੇ ਮਾਂ-ਬਾਪ ਨਾਲ਼ ਵੀ ਇਹ ਗੱਲ ਨਹੀਂ ਸੀ ਕਰ ਸਕਦਾ। ਅੱਜ ਤਾਂ ਸ਼ਾਮ ਦੀ ਰੋਟੀ ਵੀ ਉਸ ਨੇ ਅੱਧ-ਪਚੱਧ ਹੀ ਖਾਧੀ। ਉਹ ਪਲੰਘ ਦੀ ਢੋਅ ਨਾਲ਼ ਜੁੜਿਆ ਬੈਠਾ ਸੀ ਕਿ ਇੰਦਰਾ ਟੀ. ਵੀ. ਲਾ ਕੇ ਉਸ ਦੇ ਨਾਲ਼ ਆ ਬੈਠੀ। ਉਸ ਨੇ ਦੇਵ ਨੂੰ ਆਪਣੇ ਲਾਗੇ ਖਿੱਚਿਆ ਤੇ ਉਸ ਦਾ ਸਿਰ ਆਪਣੀ ਹਿੱਕ ਤੇ ਧਰ ਲਿਆ। ਉਸ ਦੇ ਵਾਲ਼ਾਂ ਵਿਚ ਉਂਗਲਾਂ ਘੁਮਾਉਂਦੀ ਬੋਲੀ, 'ਕਿਵੇਂ ਹੋ ਰਾਜੇ ਤੁਸੀਂ? ਤੁਸੀਂ ਮੰਨੇ ਨਹੀਂ, ਡਾਕਟਰ ਨੂੰ ਦਿਖਾਉਣਾ ਚਾਹੀਦਾ ਸੀ। ਚੱਕਰ ਕਿਉਂ ਆਏ, ਪਤਾ ਤਾਂ ਲਗਦਾ।'

'ਮੈਂ ਠੀਕ ਹਾਂ ਇੰਦਰਾ, ਐਸੀ ਕੋਈ ਗੱਲ ਨਹੀਂ।' ਉਹ ਬੋਲਿਆ।

ਦੇਵ ਨੇ ਸੋਚਿਆ ਕਿ ਉਹ ਉਸਨੂੰ ਆਪਣੀ ਮਾਮੀ ਲਲਤਾ ਦੀਆਂ ਉਹ ਦੋ ਗੱਲਾਂ ਦੱਸੇ ਜਿਨ੍ਹਾਂ ਦਾ ਉਸ ਉੱਤੇ ਬਹੁਤ ਡੂੰਘਾ ਪ੍ਰਭਾਵ ਸੀ। ਇਕ ਵਾਰੀ ਦੇਵ ਤੇ ਉਹਦਾ ਮਾਮਾ ਘਨ੍ਹੱਈਆ ਲਾਂਭ ਤੋਂ ਘਰ ਮੁੜੇ ਤਾਂ ਉੱਥੇ ਘੁੰਗਰਾਲੀ ਵਾਲ਼ਾ ਨਰਾਤਾ ਰਾਮ ਆਇਆ ਹੋਇਆ। ਉਸ ਦੀ ਮਾਮੀ ਨੇ ਘਨ੍ਹੱਈਏ ਨੂੰ ਸਾਰੀ ਗੱਲ ਦੱਸ ਨਰਾਤਾ ਰਾਮ ਨੂੰ ਉੱਥੋਂ ਦਫ਼ਾ ਹੋਣ ਲਈ ਕਿਹਾ ਸੀ ਜਿਸ ਨੇ ਬੇ-ਔਲਾਦ ਮਾਮੀ ਨੂੰ ਵਰਗਲ਼ਾਉਣਾ ਚਾਹਿਆ ਸੀ। ਨਰਾਤਾ ਰਾਮ ਨੇ ਆਪਣੀ ਪਗੜੀ ਲਲਤਾ ਦੇ ਪੈਰਾਂ' ਚ ਧਰ ਕੇ ਮਾਫ਼ੀ ਮੰਗੀ ਸੀ। ਉਹ ਉਸ ਨੂੰ ਉਸ ਬਦਚਲਣ ਸੰਤ ਦੀ ਵਿਥਿਆ ਵੀ ਦੱਸਣੀ ਚਾਹੁੰਦਾ ਸੀ ਜਿਸ ਦੀ ਦਾੜ੍ਹੀ ਦੇ ਵਾਲ਼ਾਂ ਦਾ ਰੁੱਗ ਲਲਤਾ ਨੇ ਘਨ੍ਹੱਈਏ ਨੂੰ ਦਿਖਾਇਆ ਸੀ ਤੇ ਸੰਤ ਦੀ ਕਰਤੂਤ ਬਾਰੇ ਦੱਸਿਆ ਸੀ। ਉਹ ਇਕ ਖਾਨਦਾਨੀ ਔਰਤ ਸੀ ਤੇ ਸਿਰਫ਼ ਤੇ ਸਿਰਫ਼ ਆਪਣੇ ਪਤੀ ਦੀ ਸੀ। ਦੇਵ ਸੋਚਦਾ ਸੀ ਕਿ ਇਹ ਗੱਲ ਦੱਸ ਕੇ ਉਹ ਇੰਦਰਾ ਨਾਲ਼ ਇਸ ਨੂੰ ਕਿਵੇਂ ਜੋੜੇਗਾ। ਉਸ ਨੂੰ ਆਪਣੀ ਗੱਲ ਦਾ ਮੁੱਢ ਹੀ ਬੰਨ੍ਹਣਾ ਨਾ ਆਇਆ। ਇੰਦਰਾ ਉੱਠੀ ਤੇ ਟੀ. ਵੀ. ਦਾ ਬਟਨ ਬੰਦ ਕਰ ਕੇ ਮੁੜ ਉਸ ਦੇ ਲਾਗੇ ਆ ਬੈਠੀ ਤੇ ਬੋਲੀ, 'ਦੇਵ ਜੀ ਮੇਰੇ ਦਿਮਾਗ ਵਿਚ ਇਕ ਧੁੰਦ ਸੀ ਜੋ ਅੱਜ ਸਾਫ਼ ਹੋਈ।'

'ਕੀ ਮਤਲਬ? ਮੈਂ ਸਮਝਿਆ ਨੀ ਤੇਰੀ ਗੱਲ ਇੰਦਰਾ।' ਦੇਵ ਬੋਲਿਆ।

'ਮੈਂ ਕਈ ਦਿਨਾਂ ਤੋਂ ਇਕ ਗੱਲ ਤੁਹਾਨੂੰ ਦੱਸਣੀ ਚਾਹੁੰਦੀ ਸਾਂ, ਪਰ ਇਸ ਗੱਲ ਦੇ ਪਿਛੋਕੜ ਵਿੱਚ ਕੀ ਸੀ, ਮੈਂ ਉਸ ਬਾਰੇ ਕਲੀਅਰ ਨਹੀਂ ਸਾਂ। ਮੈਂ ਚਾਹੁੰਦੀ ਸਾਂ ਕਿ ਮੈਂ ਆਪ ਸਪੱਸ਼ਟ ਹੋਵਾਂ ਤੇ ਤੁਹਾਡੇ ਨਾਲ਼ ਗੱਲ ਕਰਾਂ। ਅੱਜ ਪਤਾ ਲੱਗਾ ਕਿ ਉਸ ਦੇ ਪਿਛੋਕੜ ਵਿਚ ਤਾਂ ਕੁਝ ਵੀ ਨਹੀਂ ਸੀ।'

'ਇੰਦਰਾ ਬੁਝਾਰਤਾਂ ਨਾ ਪਾ, ਤੂੰ ਗੱਲ ਦੱਸ।'

'ਦੋ ਕੁ ਹਫ਼ਤੇ ਪਹਿਲਾਂ ਹਿਮਾਲੀਅਨ ਸਕੂਲ ਦੀ ਵਾਈਸ ਪ੍ਰਿੰਸੀਪਲ ਆਪਣੇ ਬੱਚਿਆਂ ਕੋਲ਼ ਕੈਨੇਡਾ ਚਲੀ ਗਈ ਸੀ। ਉਸ ਦੇ ਜਾਣ ਮਗਰੋਂ ਪ੍ਰਿੰਸੀਪਲ ਨੇ ਸਟਾਫ਼ ਵਿੱਚੋਂ ਹੀ ਕਿਸੇ ਸੀਨੀਅਰ ਲੈਕਚਰਾਰ ਨੂੰ ਇਹ ਅਹੁਦਾ ਦੇਣਾ ਸੀ। ਇਕ ਦਿਨ ਬਹੁਤ ਅਚੰਭੇ ਅਤੇ ਕਰਾਮਾਤ ਵਰਗੀ ਗੱਲ ਹੋਈ। ਪ੍ਰਿੰਸੀਪਲ ਨੇ ਇਕ ਨੋਟਿਸ ਕੱਢਿਆ ਕਿ ਮਿਸਿਜ਼ ਬੱਤਰਾ ਦੀ ਥਾਂ ਤੇ ਮੈਡਮ ਇੰਦਰਾ ਵਾਈਸ ਪ੍ਰਿੰਸੀਪਲ ਹੋਣਗੇ। ਇਹ ਗੱਲ ਮੇਰੇ ਲਈ ਖੁਸ਼ੀ ਘੱਟ ਤੇ ਪਰੇਸ਼ਾਨ ਕਰਨ ਵਾਲ਼ੀ ਵਧੇਰੇ ਸੀ। ਆਖਿਰ ਉਸ ਨੇ ਇਹ ਕਿਰਪਾ ਮੇਰੇ ਉੱਤੇ ਹੀ ਕਿਉਂ

ਕੀਤੀ ਸੀ। ਮੈਨੂੰ ਉਸ ਦੀ ਨੀਅਤ ਤੇ ਸ਼ੱਕ ਹੋਈ ਕਿ ਉਹ ਮੇਰਾ ਸ਼ੋਸ਼ਣ ਕਰਨ ਦੀ ਤਾਕ ਵਿਚ ਹੋਵੇਗਾ। ਇਕ ਦਿਨ ਤੁਹਾਨੂੰ ਉਡੀਕਦੀ ਨੂੰ ਉਸ ਨੇ ਆਪਣੇ ਦਫ਼ਤਰ ਵਿਚ ਬੈਠਣ ਲਈ ਵੀ ਮੈਨੂੰ ਕਿਹਾ ਸੀ। ਸੋ ਮੈਂ ਉਸੇ ਵੇਲ਼ੇ ਉਸ ਦੇ ਦਫ਼ਤਰ' ਚ ਜਾ ਕੇ ਇਸ ਅਹੁਦੇ ਨੂੰ ਠੁਕਰਾ ਦਿੱਤਾ ਤੇ ਕਿਹਾ ਐਨੇ ਸੀਨੀਅਰ ਟੀਚਰਾਂ ਦੇ ਹੁੰਦਿਆਂ ਇਹ ਬਖਸ਼ੀਸ਼ ਮੇਰੇ ਤੇ ਹੀ ਕਿਉਂ। ਸੀਨੀਅਰ ਟੀਚਰਾਂ ਨੂੰ ਬਾਈਪਾਸ ਕਰ ਕੇ ਮੈਨੂੰ ਹੀ ਕਿਉਂ ਚੁਣਿਆ ਗਿਆ। ਪ੍ਰਿੰਸੀਪਲ ਮੁਸਕਰਾਇਆ ਤੇ ਬੋਲਿਆ ਕਿ ਅਜਿਹੀ ਕੋਈ ਗੱਲ ਨਹੀਂ, ਸਿਰਫ਼ ਮੈਂ ਹੀ ਉਸ ਅਹੁਦੇ ਦੇ ਯੋਗ ਹਾਂ। ਹੋਰ ਕਿਸੇ ਵਿਚ ਮਿਸਿਜ਼ ਬੱਤਰਾ ਵਾਂਗ ਕੰਮ ਕਰਨ ਦੀ ਸਮਰੱਥਾ ਹੀ ਨਹੀਂ।'

'ਅੱਛਾ.... ਫਿਰ ਕੀ ਹੋਇਆ?' ਦੇਵ ਉਸ ਦੇ ਚਿਹਰੇ ਤੇ ਨੀਝ ਲਾਉਂਦਾ ਬੋਲਿਆ।

'ਸਟਾਫ਼ ਵਿਚ ਘੁਸਰ-ਮੁਸਰ ਹੋਣ ਲੱਗੀ। ਉਹ ਮੇਰਾ ਨਾਂ ਪ੍ਰਿੰਸੀਪਲ ਨਾਲ਼ ਜੋੜਨ ਲੱਗੇ। ਸਾਰੇ ਸੀਨੀਅਰ ਟੀਚਰ ਤੜਫ਼ ਕੇ ਰਹਿ ਗਏ। ਗੱਲ ਪ੍ਰਿੰਸੀਪਲ ਕੋਲ਼ ਵੀ ਪਹੁੰਚ ਗਈ। ਉਸ ਨੇ ਮੀਟਿੰਗ ਸੱਦੀ ਤੇ ਆਪਣੀ ਚੋਣ ਨੂੰ ਜਾਇਜ਼ ਠਹਿਰਾਉਣ ਲਈ ਮੇਰੀਆਂ ਖੂਬੀਆਂ ਗਿਣਾਉਣੀਆਂ ਸ਼ੁਰੂ ਕੀਤੀਆਂ। ਮੈਨੂੰ ਇਹ ਜ਼ਿੰਮੇਵਾਰੀ ਨਿਭਾਉਣ ਲਈ ਹਾਂ ਕਰਨੀ ਪਈ।'

'ਫਿਰ?'

'ਅਗਲੇ ਦਿਨ ਉਸ ਨੇ ਮੇਰੇ ਪੀਰੀਅਡ ਘਟਾ ਦਿੱਤੇ ਤੇ ਮੈਨੂੰ ਮਿਸਿਜ਼ ਬੱਤਰਾ ਵਾਂਗ ਕਲਾਸਾਂ ਦੇ ਰਾਊਂਡ ਲੈਣ ਲਈ ਆਖਿਆ। ਇਹ ਵੀ ਕਿਹਾ ਕਿ ਮੈਂ ਸਟਾਫ਼ ਤੋਂ ਦੂਰੀ ਰੱਖਾਂ ਤੇ ਕੁਤਾਹੀ ਕਰਨ ਵਾਲ਼ਿਆਂ ਨੂੰ ਟੋਕਾਂ। ਉਸ ਨੇ ਇਕ ਮੇਜ਼ ਕੁਰਸੀ ਆਪਣੇ ਦਫ਼ਤਰ ਵਿਚ ਰਖਵਾ ਕੇ ਮੈਨੂੰ ਵਿਹਲੇ ਸਮੇਂ ਉੱਥੇ ਬੈਠਣ ਲਈ ਕਿਹਾ। ਮੈਂ ਇਨਕਾਰ ਕਰ ਦਿੱਤਾ ਤਾਂ ਉਹ ਹੱਸ ਕੇ ਬੋਲਿਆ ਕਿ ਮੇਰੇ ਅਲੱਗ ਦਫ਼ਤਰ ਦਾ ਪ੍ਰਬੰਧ ਛੇਤੀ ਹੀ ਕਰ ਦਿੱਤਾ ਜਾਵੇਗਾ।'

'ਪਰ ਮੈਡਮ ਜੀ ਤੁਸੀਂ ਇਹ ਗੱਲ ਹੁਣ ਤੱਕ ਦੱਸੀ ਕਿਉਂ ਨਾ?' ਦੇਵ ਨੇ ਪੁੱਛਿਆ।

'ਦੋ ਗੱਲਾਂ ਕਰ ਕੇ ਮੈਂ ਚੁੱਪ ਰਹੀ। ਇਕ ਤਾਂ ਮੈਨੂੰ ਆਪ ਨੂੰ ਇਹ ਸ਼ੱਕ ਸੀ ਕਿ ਪ੍ਰਿੰਸੀਪਲ ਦੇ ਦਿਲ ਵਿਚ ਸ਼ਾਇਦ ਮੇਰੇ ਪ੍ਰਤੀ ਕੁਝ ਗਲਤ-ਮਲਤ ਹੋਵੇ। ਉਹ ਉਸ ਦਾ ਪ੍ਰਗਟਾਵਾ ਕਰੇ ਤੇ ਮੈਂ ਉਸ ਦੀ ਵਾਈਸ ਪ੍ਰਿੰਸੀਪਲੀ ਨੂੰ ਠੋਕਰ ਮਾਰ ਦਿਆਂ। ਪਰ ਇਹ ਮੇਰਾ ਵਹਿਮ ਹੀ ਸੀ। ਦੂਜੀ ਇਹ ਕਿ ਮੈਂ ਦੋ ਕੁ ਹਫ਼ਤੇ ਦੇਖਾਂ, ਮੈਂ ਇਹ ਜ਼ਿੰਮੇਵਾਰੀ ਨਿਭਾ ਸਕਦੀ ਹਾਂ ਕਿ ਨਹੀਂ। ਜੇ ਠੀਕ ਰਿਹਾ ਤਾਂ ਹੀ ਤੁਹਾਨੂੰ ਦੱਸਾਂ। ਅੱਜ ਸਭ ਕੁਝ ਸਾਫ਼ ਹੋ ਗਿਆ, ਜਦੋਂ ਮੈਂ ਪ੍ਰਿੰਸੀਪਲ ਨਾਲ਼ ਮੀਟਿੰਗ ਉੱਤੇ ਚੰਡੀਗੜ੍ਹ ਗਈ।'

'ਚੰਡੀਗੜ੍ਹ ਮੀਟਿੰਗ ਉੱਤੇ?' ਦੇਵ ਨੇ ਪੁੱਛਿਆ।

'ਹਾਂ, ਅੱਜ ਮੈਂ ਉਸ ਨਾਲ਼ ਮੀਟਿੰਗ ਤੇ ਗਈ ਸੀ। ਮੈਂ ਉਸ ਦਾ ਮਨ ਟੋਹ ਕੇ ਇਹ ਗੱਲ ਬਿਲਕੁਲ ਸਾਫ਼ ਕਰ ਲੈਣਾ ਚਾਹੁੰਦੀ ਸਾਂ ਕਿ ਉਹ ਕਿਸੇ ਗਰਜ਼ ਕਰਕੇ ਇਹ ਸਭ ਕੁਝ ਤਾਂ ਨਹੀਂ ਕਰ ਰਿਹਾ। ਮੈਂ ਜਾਣ ਲਿਆ ਹੈ ਕਿ ਉਹ ਇਕ ਸਰੀਫ਼ ਬੰਦਾ ਹੈ। ਮੈਨੂੰ ਉਸ ਤੋਂ ਅਜਿਹਾ ਕੋਈ ਖਤਰਾ ਨਹੀਂ। ਇਸੇ ਲਈ ਅੱਜ ਤੁਹਾਨੂੰ ਦੱਸ ਰਹੀ ਹਾਂ।' ਇੰਦਰਾ ਨੇ ਆਪਣੀ ਗੱਲ ਮੁਕਾਈ।

ਦੇਵ ਦੇ ਦਿਮਾਗ ਦਾ ਫਤੂਰ ਵੀ ਲਹਿ ਗਿਆ। ਉਸ ਨੇ ਇੰਦਰਾ ਨੂੰ ਆਪਣੀਆਂ ਬਾਹਵਾਂ ਵਿਚ ਭਰ ਲਿਆ ਤੇ ਬੋਲਿਆ, 'ਤੂੰ ਬਹੁਤ ਚੰਗੀ ਏਂ ਇੰਦਰਾ। ਤੂੰ ਜੋ ਮਰਜੀ ਕਰ। ਜਿੱਥੇ ਮਰਜੀ ਜਾਹ। ਕੋਈ ਜ਼ਰੂਰੀ ਨਹੀਂ ਕਿ ਮੈਥੋਂ ਹਰ ਗੱਲ ਪੁੱਛਦੀ ਫਿਰੇਂ ਜਾਂ ਹਰ ਗੱਲ ਦੱਸਦੀ ਫਿਰੇਂ। ਆਈ ਲਵ ਯੂ।'

**00**

# ਇਕ ਸੌ ਇਕਤਾਲੀ

ਬਸ਼ੀਰ ਦਾ ਸਲਾਹਪੁਰ ਤੋਂ ਦੇਵ ਨੂੰ ਖ਼ਤ ਆਇਆ ਕਿ ਉਹ ਆਪਣੀ ਛੋਟੀ ਭੈਣ ਸਾਹਿਬਾਂ ਦੇ ਵਿਆਹ ਕਰਕੇ ਵੀਹ ਕੁ ਦਿਨ ਦੀ ਛੁੱਟੀ ਆਇਆ ਹੋਇਆ ਸੀ। ਨਿਕਾਹ ਦੀ ਮਿਤੀ ਅਤੇ ਸਮਾਂ ਵੀ ਉਸਨੇ ਲਿਖ ਦਿੱਤੇ ਸਨ। ਉਹ ਚਾਹੁੰਦਾ ਸੀ ਕਿ ਦੇਵ ਅਤੇ ਇੰਦਰਾ ਘੱਟੋ-ਘੱਟ ਹਫ਼ਤਾ ਪਹਿਲਾਂ ਉਸ ਕੋਲ਼ ਪੁੱਜ ਜਾਣ ਤੇ ਉਨ੍ਹਾਂ ਦੀ ਇਸ ਨਾਲ਼ ਸਬੰਧਤ ਕੰਮ-ਕਾਜ ਵਿਚ ਮੱਦਦ ਕਰਨ। ਇੰਦਰਾ ਨੂੰ ਨਾਲ਼ ਲੈ ਕੇ ਆਉਣ ਬਾਰੇ ਤਾਂ ਉਸ ਨੇ ਬਾਰ-ਬਾਰ ਲਿਖਿਆ ਸੀ। ਇਹ ਧਮਕੀ ਵੀ ਦਿੱਤੀ ਸੀ ਕਿ ਜੇ ਉਹ ਇਕੱਲਾ ਆਇਆ ਤਾਂ ਉਹ ਉਸ ਨੂੰ ਦਰਾਂ ਤੋਂ ਹੀ ਵਾਪਸ ਭੇਜ ਦੇਵੇਗਾ। ਦੇਵ ਲਈ ਇਸ ਵਿਆਹ ਵਿਚ ਸ਼ਾਮਲ ਹੋਣਾ ਸੰਭਵ ਨਹੀਂ ਸੀ ਕਿਉਂਕਿ ਗਿਆਰਵੀਂ ਜਮਾਤ ਦੇ ਪੇਪਰਾਂ ਦੀ ਡੇਟਸ਼ੀਟ ਆ ਗਈ ਸੀ ਤੇ ਦੇਵ ਦੀ ਡਿਊਟੀ ਮੋਹਾਲ਼ੀ ਦੇ ਕਿਸੇ ਸੈਂਟਰ ਵਿਚ ਬਤੌਰ ਸੁਪਰਡੈਂਟ ਲੱਗੀ ਹੋਈ ਸੀ। ਵਿਆਹ ਵਾਲ਼ੇ ਦਿਨ ਵੀ ਉਸ ਨੇ ਪੇਪਰ ਲੈਣ ਜਾਣਾ ਸੀ। ਸੋ ਉਸ ਨੇ ਆਪਣੇ ਦੋਸਤ ਨੂੰ ਇਹ ਮਜ਼ਬੂਰੀ ਦੱਸ ਕੇ ਖ਼ਤ ਲਿਖਿਆ ਕਿ ਵਿਆਹ ਵਿਚ ਇਕੱਲੀ ਉਸਦੀ ਪਤਨੀ ਇੰਦਰਾ ਹੀ ਸ਼ਾਮਲ ਹੋਵੇਗੀ। ਇੰਦਰਾ ਬਾਰੇ ਉਸ ਨੇ ਲਿਖਿਆ, 'ਉਹ ਇਕ ਬਹੁਤ ਚੰਗੀ ਔਰਤ ਹੈ। ਮੈਨੂੰ ਬਹੁਤ ਪਿਆਰ ਕਰਦੀ ਹੈ। ਉਸ ਦਾ ਸੁਭਾਅ ਐਨਾ ਨਿੱਘਾ ਹੈ ਕਿ ਮੇਰੇ ਪੈਰਾਂ ਹੇਠ ਹੱਥ ਰੱਖਣ ਤੱਕ ਜਾਂਦੀ ਹੈ। ਵਿਆਹੁਤਾ ਜੀਵਨ ਇਕ ਦੂਜੇ ਦੇ ਵਿਸ਼ਵਾਸ ਉੱਤੇ ਟਿਕਿਆ ਹੁੰਦਾ ਹੈ। ਤੈਨੂੰ ਤਾਂ ਪਤਾ ਹੀ ਹੈ ਕਿ ਮੇਰੀ ਜ਼ਿੰਦਗੀ ਵਿਚ ਕਿੰਨੀਆਂ ਹੀ ਔਰਤਾਂ, ਕੁੜੀਆਂ ਆਉਂਦੀਆਂ ਜਾਂਦੀਆਂ ਰਹੀਆਂ ਹਨ। ਕੁਝ ਨੂੰ ਤਾਂ ਮੈਂ ਬੇਅੰਤ ਪਿਆਰ ਕੀਤਾ ਹੈ ਤੇ ਸਾਰੀ ਉਮਰ ਸ਼ਾਇਦ ਉਹ ਮੇਰੇ ਦਿਲ' ਚ ਵਸਦੀਆਂ ਰਹਿਣਗੀਆਂ। ਮੈਂ ਇੰਦਰਾ ਨਾਲ਼ ਵਿਆਹ ਤੋਂ ਪਹਿਲਾਂ ਤੀਹ-ਪੈਂਤੀ ਡਾਇਰੀਆਂ ਤੇਰੇ ਕੋਲ਼ ਇਸੇ ਕਰਕੇ ਰੱਖ ਦਿੱਤੀਆਂ ਸਨ ਕਿ ਉਨ੍ਹਾਂ ਵਿਚ ਮਿਤੀਆਂ ਸਮੇਤ ਮੇਰੇ ਜੀਵਨ ਦਾ ਸੱਚ ਦਰਜ਼ ਹੈ। ਪਿਆਰੇ ਦੋਸਤ ਉਹ ਅਜਿਹਾ ਸੱਚ ਹੈ ਕਿ ਕੋਈ ਵੀ ਪਤਨੀ ਅਜਿਹੇ ਸੱਚ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਹੁਣ ਕਿਉਂਕਿ ਮੈਨੂੰ ਮੇਰਾ ਆਖਰੀ ਪਿਆਰ ਮਿਲ ਗਿਆ ਹੈ ਤੇ ਮੈਂ ਇੰਦਰਾ ਨਾਲ਼ ਬਹੁਤ ਸ਼ਾਂਤ ਤੇ ਸੁਖੀ ਜੀਵਨ ਬਤੀਤ ਕਰਨਾ ਚਾਹੁੰਦਾ ਹਾਂ। ਮੈਂ ਨਹੀਂ ਚਾਹੁੰਦਾ ਕਿ ਉਨ੍ਹਾਂ ਡਾਇਰੀਆਂ' ਚੋਂ ਕਿਸੇ ਡਾਇਰੀ ਦਾ ਇਕ ਪੰਨਾ ਵੀ ਉਸ ਦੀ ਨਿਗਾਹ ਚੜ੍ਹੇ। ਹੁਣ ਮੈਂ ਆਪਣੇ ਅਤੀਤ ਨੂੰ ਕਿਸੇ ਡੂੰਘੀ ਕਬਰ ਵਿਚ ਦਫ਼ਨ ਕਰਨਾ ਚਾਹੁੰਦਾ ਹਾਂ। ਇੰਦਰਾ ਨੂੰ ਤਾਂ ਮੈਂ ਹਮੇਸ਼ਾ ਇਹੋ ਕਹਿੰਦਾ ਰਿਹਾ ਹਾਂ ਕਿ ਉਹੀ ਮੇਰਾ ਪਹਿਲਾ ਤੇ ਆਖ਼ਰੀ ਪਿਆਰ ਹੈ, ਮੇਰੀ ਜ਼ਿੰਦਗੀ ਵਿਚ ਹੋਰ ਕੋਈ ਔਰਤ ਆਈ ਹੀ ਨਹੀਂ। ਸੋ ਮੈਂ ਚਾਹੁੰਦਾ ਹਾਂ ਕਿ ਮੇਰੀਆਂ ਸਾਰੀਆਂ ਡਾਇਰੀਆਂ ਤੂੰ ਅੱਜ

ਹੀ ਸਰਹੰਦ ਨਹਿਰ ਵਿਚ ਜਲ ਪਰਵਾਹ ਕਰ ਦੇਵੇਂ। ਭੈਣ ਸਾਹਿਬਾਂ ਨੂੰ ਇਕ ਮਨੀਆਰਡਰ ਰਾਹੀਂ ਸ਼ਗਨ ਭੇਜ ਰਿਹਾ ਹਾਂ, ਉਸਦੀ ਝੋਲ਼ੀ ਪਾ ਦੇਣਾ। ਇਹ ਇਸ ਲਈ ਕਿ ਜੇ ਇੰਦਰਾ ਵੀ ਨਾ ਆ ਸਕੀ ਤਾਂ ਵਿਆਹ ਤੋਂ ਪਹਿਲਾਂ ਮੇਰੇ ਵਲੋਂ ਸ਼ਗਨ ਪੁੱਜ ਜਾਵੇ। ਪੇਪਰਾਂ ਤੋਂ ਵਿਹਲੇ ਹੋ ਕੇ ਅਸੀਂ ਦੋਨੋਂ ਤੁਹਾਨੂੰ ਮਿਲਣ ਆਵਾਂਗੇ।'

ਦੇਵ ਨੇ ਇਹ ਚਿੱਠੀ ਸਕੂਲ ਦੀ ਲਾਇਬ੍ਰੇਰੀ ਵਿਚ ਬੇਠ ਕੇ ਲਿਖੀ ਤੇ ਲਿਫਾਫ਼ੇ ਵਿਚ ਬੰਦ ਕਰ ਕੇ ਆਪਣੀ ਪੈਂਟ ਦੀ ਜੇਬ੍ਹ ਵਿਚ ਪਾ ਲਈ। ਉਸ ਨੇ ਸੋਚਿਆ ਕਿ ਛੁੱਟੀ ਹੋਣ ਮਗਰੋਂ ਉਹ ਖ਼ਤ ਖਰੜ ਦੇ ਡਾਕਘਰ' ਚੋਂ ਪੋਸਟ ਕਰ ਦੇਵੇਗਾ, ਪਰ ਉਸ ਨੂੰ ਚਿੱਠੀ ਪੋਸਟ ਕਰਨੀ ਯਾਦ ਹੀ ਨਾ ਰਹੀ। ਘਰ ਜਾ ਕੇ ਉਸ ਨੇ ਪੈਂਟ ਕੀਲੀ ਨਾਲ਼ ਲਟਕਾ ਦਿੱਤੀ ਤੇ ਕੱਪੜੇ ਬਦਲ ਕਿਸੇ ਦੋਸਤ ਦੀ ਪਾਰਟੀ ਵਿਚ ਸ਼ਾਮਲ ਹੋਣ ਲਈ ਚੰਡੀਗੜ੍ਹ ਚਲਾ ਗਿਆ। ਜਦੋਂ ਦੇਵ ਦੋਰਾਹੇ ਸੀ ਤੇ ਉਸ ਦਾ ਵਿਆਹ ਨਹੀਂ ਸੀ ਹੋਇਆ ਤਾਂ ਉਹ ਉਹੀ ਕੱਪੜੇ ਹਫ਼ਤਾ ਭਰ ਪਾਉਂਦਾ ਰਿਹਾ ਕਰਦਾ ਸੀ, ਪਰ ਹੁਣ ਇੰਦਰਾ ਉਸ ਨੂੰ ਨਿੱਤ ਕੱਪੜੇ ਬਦਲਣ ਲਈ ਆਖਦੀ। ਸਕੂਲ ਜਾਣ ਲੱਗੀ ਇੰਦਰਾ ਆਪਣਾ ਸੂਟ ਨਿੱਤ ਬਦਲਦੀ। ਉਸ ਕੋਲ਼ ਤਾਂ ਐਨੇ ਕੱਪੜੇ ਸਨ ਕਿ ਜੋ ਸੂਟ ਅੱਜ ਪਾ ਲਿਆ, ਉਸਦੀ ਮੁੜ ਮਹੀਨਾ ਭਰ ਵਾਰੀ ਹੀ ਨਾ ਆਉਂਦੀ। ਨਿੱਤ ਸ਼ਾਮ ਨੂੰ ਉਹ ਦੇਵ ਅਤੇ ਆਪਣੇ ਕੱਪੜੇ ਧੋ ਦਿੰਦੀ। ਅੱਜ ਵੀ ਉਸ ਨੇ ਜਦੋਂ ਧੋਣ ਲਈ ਦੇਵ ਦੀ ਪੈਂਟ ਚੁੱਕੀ ਤੇ ਜੇਬ੍ਹਾਂ ਵਿਚ ਹੱਥ ਮਾਰਿਆ ਤਾਂ ਉਸ ਵਿੱਚੋਂ ਬਸ਼ੀਰ ਨੂੰ ਲਿਖੀ ਚਿੱਠੀ ਨਿਕਲ਼ ਆਈ। ਸਾਹਿਬਾਂ ਦੇ ਵਿਆਹ ਬਾਰੇ ਤਾਂ ਦੇਵ ਨੇ ਉਸ ਨੂੰ ਦੱਸ ਦਿੱਤਾ ਸੀ ਪਰ ਚਿੱਠੀ ਦੀ ਕੋਈ ਗੱਲ ਨਹੀਂ ਸੀ ਕੀਤੀ। ਉਸ ਨੇ ਜਾਣਨਾ ਚਾਹਿਆ ਕਿ ਦੇਵ ਆਪਣੇ ਦੋਸਤ ਨੂੰ ਕਿਹੋ ਜਿਹੀਆਂ ਗੱਲਾਂ ਲਿਖਦਾ ਹੋਵੇਗਾ। ਉਸ ਨੇ ਲਿਫਾਫ਼ੇ ਦੀਆਂ ਕੰਨੀਆਂ ਗਿੱਲੀਆਂ ਕਰ ਕੇ ਉਸ ਨੂੰ ਖੋਹਲ ਲਿਆ ਤੇ ਚਿੱਠੀ ਕੱਢ ਪੜ੍ਹਨ ਲੱਗ ਪਈ। ਉਹ ਚਿੱਠੀ ਪੜ੍ਹ ਕੇ ਹੈਰਾਨ ਹੋਈ ਕਿ ਦੇਵ ਤਾਂ ਉਸ ਕੋਲ਼ੋਂ ਬੜੀਆਂ ਗੱਲਾਂ ਛੁਪਾਈ ਬੈਠਾ ਸੀ। ਉਸ ਦੀ ਉਤਸੁਕਤਾ ਜਾਗੀ ਕਿ ਹੁਣ ਉਹ ਉਨ੍ਹਾਂ ਡਾਇਰੀਆਂ ਨੂੰ ਆਪਣੇ ਕਬਜ਼ੇ ਵਿੱਚ ਕਰ ਕੇ ਦੇ ਵ ਦੇ ਜੀਵਨ ਦੇ ਅਤੀਤ ਬਾਰੇ ਸਭ ਕੁਝ ਜਾਣੇਗੀ। ਉਹ ਪੌੜੀਆਂ ਚੜ੍ਹ ਉੱਪਰ ਵਾਲ਼ੇ ਛੋਟੇ ਕਮਰੇ ਦੀ ਅੰਦਰੋਂ ਕੁੰਡੀ ਬੰਦ ਕਰ ਬਸ਼ੀਰ ਨੂੰ ਦੇਵ ਬਣ ਕੇ ਚਿੱਠੀ ਲਿਖਣ ਲੱਗ ਪਈ....

ਪਿਆਰੇ ਮਿੱਤਰ ਬਸ਼ੀਰ, ਤੇਰਾ ਖਤ ਮਿਲ ਗਿਆ ਹੈ। ਸਾਹਿਬਾਂ ਭੈਣ ਦੇ ਵਿਆਹ ਦੀ ਮੈਨੂੰ ਬਹੁਤ ਖੁਸ਼ੀ ਹੋਈ ਹੈ। ਪਰ ਦੋਸਤ ਇਕ ਅਜਿਹਾ ਅੜਿਕਾ ਆ ਗਿਆ ਹੈ ਕਿ ਮੈਂ ਇਸ ਵਿਆਹ ਵਿਚ ਪੁੱਜਣ ਤੋਂ ਅਸਮਰਥ ਹੋਵਾਂਗਾ ਕਿਉਂ ਕਿ ਉਨ੍ਹਾਂ ਦਿਨਾਂ ਵਿਚ ਗਿਆਰਵੀਂ ਦੇ ਪੇਪਰ ਹਨ ਤੇ ਮੇਰੀ ਸੁਪਰਡੈਂਟ ਦੀ ਡਿਊਟੀ ਲੱਗੀ ਹੋਈ ਹੈ। ਵਿਆਹ ਵਾਲ਼ੇ ਦਿਨ ਮੈਂ ਇੰਦਰਾ ਦੀ ਛੁੱਟੀ ਕਰਵਾ ਦਿਆਂਗਾ ਤੇ ਉਹ ਸਲਾਹਪੁਰ ਆ ਜਾਵੇਗੀ।

ਮੈਂ ਤੇਰੇ ਨਾਲ਼ ਇਕ ਹੋਰ ਗੱਲ ਵੀ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਇੰਦਰਾ ਵੀ ਵਿਆਹ ਤੋਂ ਪਹਿਲਾਂ ਸਭ ਘਟਨਾਵਾਂ ਦੇ ਵੇਰਵਿਆਂ ਨਾਲ਼ ਡਾਇਰੀ ਲਿਖਦੀ ਰਹੀ ਸੀ। ਉਸ ਨੇ ਉਹ ਸਾਰੀਆਂ ਡਾਇਰੀਆਂ ਮੈਨੂੰ ਫੜਾ ਕੇ ਕਿਹਾ ਕਿ ਉਹ ਜੋ ਕੁਝ ਹੈ, ਉਨ੍ਹਾਂ ਡਾਇਰੀਆਂ ਵਿਚ ਦਰਜ਼ ਹੈ। ਉਹ ਮੇਰੇ ਕੋਲ਼ੋਂ ਆਪਣੇ ਅਤੀਤ ਦੀ ਕੋਈ ਵੀ ਗੱਲ ਛੁਪਾਉਣਾ ਨਹੀਂ ਚਾਹੁੰਦੀ। ਜ਼ਿੰਦਗੀ ਵਿਚ ਬੜਾ ਕੁਝ ਅਜਿਹਾ ਵਾਪਰ ਜਾਂਦਾ ਹੈ ਜੋ ਬੰਦੇ ਦੇ ਵਸ ਵਿਚ ਨਹੀਂ

ਹੁੰਦਾ। ਉਸ ਦੀਆਂ ਡਾਇਰੀਆਂ ਪੜ੍ਹ ਕੇ ਉਸਦੇ ਅਤੀਤ ਨਾਲ਼ ਰੂਬਰੂ ਹੋ ਕੇ ਉਹ ਮੈਨੂੰ ਹੋਰ ਵੀ ਪਿਆਰੀ ਲੱਗਣ ਲੱਗ ਪਈ ਹੈ। ਜੇ ਉਹ ਐਡੇ ਵੱਡੇ ਦਿਲ ਦੀ ਮਾਲਕ ਹੈ, ਮੈਂ ਤੰਗਦਿਲ ਕਿਉਂ ਬਣਾਂ? ਸੋ ਮੈਂ ਵੀ ਫੈਸਲਾ ਕਰ ਲਿਆ ਹੈ ਕਿ ਉਹ ਸਾਰੀਆਂ ਡਾਇਰੀਆਂ ਮੈਂ ਇੰਦਰਾ ਨੂੰ ਪੜ੍ਹਾ ਦਿਆਂਗਾ। ਹੁਣ ਅਸੀਂ ਦੋ ਸ਼ਰੀਰ ਤੇ ਇਕ ਜਾਨ ਹਾਂ। ਮੈਂ ਨਹੀਂ ਚਾਹੁੰਦਾ ਕਿ ਸਾਡੇ ਦੋਨਾਂ ਦੇ ਦਿਲਾਂ ਵਿਚਕਾਰ ਸੂਈ ਦੇ ਨੱਕੇ ਭਰ ਵੀ ਵਿੱਥ ਰਹੇ। ਉਹ ਤੁਹਾਡੇ ਕੋਲ਼ ਆਵੇ ਗੀ ਤਾਂ ਉਹ ਸਾਰੀਆਂ ਡਾਇਰੀਆਂ ਉਸਦੇ ਸਪੁਰਦ ਕਰ ਦੇਣਾ। ਤੁਹਾਡਾ ਦੇਵ।

ਇਸ ਚਿੱਠੀ ਨਾਲ਼ ਇੰਦਰਾ ਨੇ ਦੇਵ ਦੀ ਚਿੱਠੀ ਬਦਲ ਕੇ ਲਿਫ਼ਾਫਾ ਉਸੇ ਤਰ੍ਹਾਂ ਬੰਦ ਕਰ ਕੇ ਟੇਬਲ ਤੇ ਰੱਖ ਦਿੱਤਾ। ਦੇਵ ਪਾਰਟੀ ਤੋਂ ਵਾਪਸ ਘਰ ਆਇਆ ਤਾਂ ਮੇਜ਼ ਤੇ ਲਿਫਾਫ਼ਾ ਪਿਆ ਦੇਖ ਘਬਰਾ ਗਿਆ। ਉਸ ਦਾ ਦਿਲ ਧੜਕਣ ਲੱਗਾ ਪਰ ਛੇਤੀ ਹੀ ਥਾਂ ਸਿਰ ਹੋ ਗਿਆ ਕਿ ਚਿੱਠੀ ਉਵੇਂ-ਜਿਵੇਂ ਬੰਦ ਸੀ। ਲਿਫਾਫ਼ਾ ਚੁੱਕ ਕੇ ਉਸ ਨੇ ਕਿਤਾਬਾਂ ਵਿਚ ਖਿਸਕਾ ਦਿੱਤਾ।

ਰਾਤ ਨੂੰ ਜਦੋਂ ਉਹ ਸੌਣ ਲੱਗੇ ਤਾਂ ਇੰਦਰਾ ਬੋਲੀ, 'ਤੁਸੀਂ ਬਸ਼ੀਰ ਹੋਣਾਂ ਨੂੰ ਜੋ ਚਿੱਠੀ ਲਿਖੀ ਸੀ, ਅੱਜ ਵਿੱਚੇ ਧੋਤੀ ਜਾਣੀ ਸੀ।'

'ਮੈਂ ਪੋਸਟ ਕਰਨਾ ਭੁੱਲ ਗਿਆ ਡਾਰਲਿੰਗ। ਨਾਲ਼ੇ ਹੁਣ ਤੈਨੂੰ ਸਲਾਹਪੁਰ ਜਾਣਾ ਪਵੇ ਗਾ ਵਿਆਹ ਵਿਚ।'

'ਠੀਕ ਏ ਜਾ ਆਵਾਂਗੀ ਗੱਡੀ ਤੇ ਉਦੋਂ ਤਾਂ ਪਿੰਡੋਂ ਮੋੜ ਦਿੱਤਾ ਸੀ ਮੈਨੂੰ। ਹੁਣ ਸਾਰੇ ਪਿੰਡ ਦਾ ਗੇੜਾ ਦੇ ਕੇ ਆਵਾਂਗੀ।' ਉਹ ਹੱਸਦੀ ਬੋਲੀ।

ਵਿਆਹ ਵਾਲ਼ੇ ਦਿਨ ਇੰਦਰਾ ਇਕੱਲੀ ਹੀ ਸਲਾਹਪੁਰ ਗਈ। ਬਸ਼ੀਰ, ਉਹਦੀ ਘਰਵਾਲੀ ਤੇ ਸਾਰਾ ਟੱਬਰ ਹੀ ਬਹੁਤ ਖੁਸ਼ ਹੋਇਆ। ਹਰ ਕੋਈ ਕਹੇ, 'ਇਹ ਦੁਖੀ ਦੀ ਬਹੂ ਏ। ਮਾਸਟਰਨੀ ਲੱਗੀ ਹੋਈ ਏ। ਭਾਗ ਲੱਗ ਗਏ ਭਾਈ। ਗੱਡੀ ਵੀ ਕਹਿੰਦੇ ਆਪ ਚਲਾ ਕੇ ਲਿਆਈ ਏ।'

ਇੰਦਰਾ ਨੇ ਸਕੀਨਾਂ ਨੂੰ ਪੰਜ ਸੌ ਰੁਪਏ ਦਿੱਤੇ। ਉਹ ਫੜੇ ਨਾ। ਉਹ ਕਹਿਣ ਲੱਗੀ ਕਿ ਮਨੀਆਰਡਰ ਆ ਗਿਆ ਸੀ, ਹੁਣ ਬਾਰ-ਬਾਰ ਸ਼ਗਨ ਉਹ ਨਹੀਂ ਲਵੇਗੀ।

'ਇਹ ਮੇਰੇ ਵੱਲੋਂ ਨੇ ਭੈਣ ਜੀ, ਚੁੱਪ ਚਾਪ ਫੜ ਲਵੋ। ਨਾਲ਼ੇ ਕੋਈ ਡਾਇਰੀਆਂ ਬਗੈਰਾ ਕਹਿੰਦੇ ਸੀ ਦੇਵ ਜੀ।'

'ਹਾਂ ਜੀ ਉਹ ਥੈਲੇ ਵਿਚ ਪਈਆਂ ਨੇ। ਮੈਨੂੰ ਦੱਸਿਆ ਸੀ ਇਨ੍ਹਾਂ ਨੇ ਕਿ ਤੁਹਾਨੂੰ ਦੇ ਣੀਆਂ ਨੇ।' ਸਕੀਨਾ ਬੋਲੀ।

ਥੈਲਾ ਡਿੱਗੀ ਵਿਚ ਰਖਵਾਉਣ ਮਗਰੋਂ ਹੀ ਇੰਦਰਾ ਦੇਵ ਦੇ ਮਾਮਾ ਤੇ ਮਾਮੀ ਨੂੰ ਮਿਲਣ ਲਈ ਗਈ। ਉਹ ਬਹੁਤ ਖੁਸ਼ ਹੋਏ। ਕਿੰਨਾਂ ਹੀ ਚਿਰ ਇੰਦਰਾ ਉਨ੍ਹਾਂ ਕੋਲ਼ ਬੈਠੀ ਗੱਲਾਂ ਮਾਰਦੀ ਰਹੀ। ਉਸ ਨੇ ਪੰਜ ਸੌ ਰੁਪਏ ਦੇਵ ਦੀ ਮਾਮੀ ਲਲਤਾ ਨੂੰ ਵੀ ਦਿੱਤੇ। ਘਨ੍ਹੱਈਆ ਕਹੀ ਜਾਵੇ, 'ਨਾ ਭਾਈ ਬਹੂ, ਇਹ ਪੈਸੇ ਨੀ ਅਸੀਂ ਲੈਣੇ।'

'ਇਹ ਤਾਂ ਮਾਮਾ ਜੀ ਤੁਹਾਡੇ ਭਾਣਜੇ ਨੇ ਭੇਜੇ ਨੇ। ਜੇ ਤੁਸੀਂ ਨਾ ਲਏ ਤਾਂ ਉਹ ਬਹੁਤ ਗੁੱਸੇ ਹੋਣਗੇ।'

ਵਾਪਸੀ ਸਮੇਂ ਬਸ਼ੀਰ ਨੇ ਵਿਆਹ ਦੀ ਭਾਜੀ ਉਸਦੀ ਗੱਡੀ ਵਿਚ ਰੱਖ ਦਿੱਤੀ ਤੇ ਹੱਸ ਕੇ ਬੋਲਿਆ, 'ਭਾਬੀ ਜੀ ਉਹ ਡਾਇਰੀਆਂ ਬਚ ਕੇ ਪੜ੍ਹਿਓ, ਬਹੁਤ ਖ਼ਤਰਨਾਖ਼ ਨੇ। ਜੇ ਤੁਹਾਨੂੰ ਕੋਈ ਗੱਲ ਬੁਰੀ ਲੱਗੇ ਤਾਂ ਮੇਰੇ ਦੋਸਤ ਨੂੰ ਮਾਫ਼ ਕਰ ਦੇਣਾ।'

ਉਸਦੀਆਂ ਗੱਲਾਂ ਸੁਣਦੀ ਇੰਦਰਾ ਹੱਸਦੀ ਰਹੀ। ਮੋਹਾਲੀ ਪੁੱਜ ਉਸ ਨੇ ਡਾਇਰੀਆਂ ਵਾਲ਼ਾ ਥੈਲਾ ਆਪਣੇ ਮਾਂ-ਬਾਪ ਦੀ ਕੋਠੀ ਦੇ ਸਟੋਰ ਵਿਚ ਟਿਕਾ ਦਿੱਤਾ। ਫਿਰ ਆਪਣੇ ਵਾਲ਼ੀ ਕੋਠੀ ਦੀ ਬੈੱਲ ਮਾਰੀ। ਦੇਵ ਸ਼ਾਇਦ ਸੁੱਤਾ ਪਿਆ ਸੀ। ਉਹ ਅੱਖਾਂ ਮਲ਼ਦਾ ਆਇਆ ਤੇ ਇੰਦਰਾ ਨੂੰ ਮੋਢੇ ਤੋਂ ਬਾਂਹ ਵਲ਼ਾ ਕੇ ਅੰਦਰ ਲੈ ਗਿਆ।

ਡਾਇਰੀਆਂ ਉੱਤੇ ਨੰਬਰ ਤਾਂ ਪਹਿਲਾਂ ਹੀ ਲੱਗੇ ਹੋਏ ਸਨ। ਜਦੋਂ ਵੀ ਉਹ ਇਕੱਲੀ ਹੁੰਦੀ ਤਾਂ ਡਾਇਰੀ ਚੁੱਕ ਉਪਰਲੇ ਕਮਰੇ' ਚ ਚਲੀ ਜਾਂਦੀ ਤੇ ਕੁੰਡੀ ਬੰਦ ਕਰਕੇ ਉਨ੍ਹਾਂ ਨੂੰ ਪੜ੍ਹਦੀ। ਗਿਣਤੀ ਵਿਚ ਪੰਤਾਲੀ ਡਾਇਰੀਆਂ ਸਨ ਜਿਨ੍ਹਾਂ ਨੂੰ ਪੜ੍ਹਨ ਲਈ ਇੰਦਰਾ ਨੂੰ ਢਾਈ ਮਹੀਨੇ ਤੋਂ ਵੀ ਵੱਧ ਲੱਗ ਗਏ।

ਜੂਨ ਦੀਆਂ ਛੁੱਟੀਆਂ ਇੰਦਰਾ ਨੂੰ ਦਸ ਕੁ ਦਿਨ ਲੇਟ ਹੋਈਆਂ। ਇੰਦਰਾ ਦੀ ਮੰਮੀ ਨੇ ਉਸ ਨੂੰ ਵੀਹ ਹਜ਼ਾਰ ਰੁਪਏ ਹਨੀਮੂਨ ਤੇ ਜਾਣ ਲਈ ਪਹਿਲਾਂ ਹੀ ਦਿੱਤੇ ਹੋਏ ਸਨ। ਉਨ੍ਹਾਂ ਨੂੰ ਖਰਚਣ ਦਾ ਹੁਣ ਪ੍ਰੋਗਰਾਮ ਬਣਿਆਂ। ਇੰਦਰਾ ਨੇ ਇਕ ਦਿਨ ਕਿਹਾ, 'ਦੇਵ ਜੀ ਪਹਾੜ ਤੇ ਜਾਣ ਦਾ ਪ੍ਰੋਗਰਾਮ ਅਗਲੇ ਸਾਲ ਤੱਕ ਪੋਸਟਪੋਨ ਕਰ ਦਿਓ।'

'ਕਿਉਂ ਇੰਦਰਾ?... ਇਸੇ ਸਾਲ ਚੱਲਾਂਗੇ।'

'ਇਸ ਵਾਰੀ ਆਪਾਂ ਉਨ੍ਹਾਂ ਥਾਵਾਂ ਤੇ ਜਾਣਾ ਹੈ ਜਿੱਥੇ ਤੁਸੀਂ ਜਨਮ ਲਿਆ, ਖੇਡੇ, ਪੜ੍ਹੇ ਤੇ ਵੱਡੇ ਹੋਏ। ਜਿੱਥੋਂ ਮਰਜ਼ੀ ਸ਼ੁਰੂ ਕਰ ਲੈਣਾ ਤੇ ਉਨ੍ਹਾਂ ਥਾਵਾਂ ਤੇ ਰਹਿੰਦੇ ਉਨ੍ਹਾਂ ਬੰਦਿਆਂ ਨੂੰ ਮਿਲਾਉਣਾ ਜੋ ਤੁਹਾਨੂੰ ਜੀਵਨ ਸਫ਼ਰ ਸਮੇਂ ਮਿਲੇ। ਮਿਲਾਓਗੇ?'

'ਹਾਂ ਹਾਂ ਕਿਉਂ ਨਹੀਂ ਇੰਦਰਾ।' ਉਹ ਬੋਲਿਆ।

'ਪਰੌਮਿਸ?'

'ਹਾਂ ਪਰੌਮਿਸ।' ਦੇਵ ਨੇ ਉਸਦਾ ਹੱਥ ਘੁੱਟ ਲਿਆ।

ਇੰਦਰਾ ਦੀ ਸਕੀਮ ਦੇਵ ਨੂੰ ਵੀ ਪਸੰਦ ਆ ਗਈ। ਉਸ ਨੇ ਸੋਚਿਆ ਕਿ ਉਹ ਉਨ੍ਹਾਂ ਬੰਦਿਆਂ ਨੂੰ ਕੇਵਲ ਮਿਲਾਏਗਾ ਹੀ ਨਹੀਂ, ਸਗੋਂ ਸੱਚੋ-ਸੱਚ ਸਭ ਕੁਝ ਦੱਸ ਵੀ ਦੇਵੇਗਾ।

**00**

# ਇਕ ਸੌ ਬਿਆਲ਼ੀ

ਦੇਵ ਤੇ ਇੰਦਰਾ ਡਿਊਟੀ ਮਗਰੋਂ ਘਰ ਆਏ ਤਾਂ ਅਚਾਨਕ ਹੀ ਬੱਦਲ਼ਵਾਈ ਹੋ ਗਈ। ਪੁਰੇ ਦੀ ਹਵਾ ਨਾਲ਼ ਹਾਥੀਆਂ ਵਰਗੇ ਕਾਲ਼ੇ ਭੂਰੇ ਬੱਦਲਾਂ ਨੇ ਅਸਮਾਨ ਭਰ ਦਿੱਤਾ। ਫਿਰ ਕਿਣਮਿਣ ਕਾਣੀ ਤੋਂ ਸ਼ੁਰੂ ਹੋ ਕੇ ਮੋਹਲੇਧਾਰ ਬਾਰਸ਼ ਹੋਣ ਲੱਗ ਪਈ। ਦੇਵ ਅਜੇ ਗੈਰਜ਼ ਵਿਚ ਕਾਰ ਲਾ ਹੀ ਰਿਹਾ ਸੀ ਕਿ ਇੰਦਰਾ ਦੀ ਮੰਮੀ ਸਿਰ ਤੇ ਛਤਰੀ ਤਾਣੀ ਟਰੇਅ ਵਿਚ ਚਾਹ ਦੇ ਕੱਪ ਰੱਖ ਲਿਆਈ। ਉਹ ਤਿੰਨੋ ਹੀ ਬਰਾਂਡੇ ਵਿਚ ਪਈਆਂ ਕੇਨ ਦੀਆਂ ਕੁਰਸੀਆਂ ਤੇ ਬੈਠ ਅਚਾਨਕ ਬਦਲੇ ਮੌਸਮ ਦੇ ਨਾਲ਼-ਨਾਲ਼ ਚਾਹ ਦੀਆਂ ਚੁਸਕੀਆਂ ਦਾ ਵੀ

ਆਨੰਦ ਲੈਣ ਲੱਗੇ। ਜਦੋਂ ਸਵਿੱਤਰੀ ਚਲੀ ਗਈ ਤਾਂ ਦੇਵ ਬੋਲਿਆ, 'ਇੰਦਰਾ ਤੈਨੂੰ ਯਾਦ ਏ? ਜਦੋਂ ਮੈਂ ਪਹਿਲੀ ਵਾਰੀ ਇਸ ਕੋਠੀ ਵਿਚ ਆਇਆ ਸਾਂ ਤਾਂ ਤੂੰ ਇਸੇ ਥਾਂ ਤੇ ਦੋ ਮੁੰਡਿਆਂ ਤੇ ਇਕ ਕੁੜੀ ਨਾਲ਼ ਬੈਡਮਿੰਟਨ ਖੇਡ ਰਹੀ ਸੀ।

'ਯਾਦ ਤਾਂ ਹੈ, ਪਰ ਉਦੋਂ ਬਾਰਸ਼ ਤਾਂ ਕੋਈ ਨਹੀਂ ਸੀ ਹੋ ਰਹੀ। ਐਨੇ ਚਿਰ ਮਗਰੋਂ ਉਹ ਗੱਲ ਯਾਦ ਆਉਣ ਦਾ ਸਬੱਬ?' ਉਹ ਟੇਢੀਆਂ ਨਜ਼ਰਾਂ ਨਾਲ਼ ਉਸ ਵੱਲ ਦੇਖਦੀ ਬੋਲੀ।

'ਤੂੰ ਉਸ ਦਿਨ ਮੈਨੂੰ ਬੜੀ ਪਿਆਰੀ ਲੱਗੀ ਸੀ, ਜੀਅ ਕਰਦਾ ਸੀ ਤੈਨੂੰ ਅਗਵਾ ਕਰ ਕੇ ਲੈ ਜਾਵਾਂ।'

'ਹੁਣ ਨੀ ਚੰਗੀ ਲੱਗਦੀ?'

'ਲਗਦੀ ਏਂ, ਪਰ ਕੁਝ ਪਲ ਅਜਿਹੇ ਹੁੰਦੇ ਨੇ, ਜਿਨ੍ਹਾਂ ਨੂੰ ਬੰਦਾ ਕਦੀ ਨਹੀਂ ਭੁੱਲਦਾ।'

'ਮੈਂ ਵੀ ਨਹੀਂ ਭੁੱਲੀ ਉਸ ਦਿਨ ਨੂੰ। ਉਸੇ ਦਿਨ ਮੈਨੂੰ ਪਤਾ ਲੱਗ ਗਿਆ ਸੀ ਕਿ ਤੁਸ੍ਹੀ ਸ਼ਰੀਫ਼ ਇਨਸਾਨ ਨਹੀਂ ਹੋ। ਕੁੜੀਆਂ ਨੂੰ ਤੁਹਾਥੋਂ ਬਚਕੇ ਰਹਿਣਾ ਚਾਹੀਦਾ ਏ।' ਇੰਦਰਾ ਨੇ ਉਸ ਵੱਲ ਨੂੰ ਮੁੜ ਦੇਖਿਆ।

'ਬਦਮਾਸ਼ੀ ਕਿਹੜੀ ਦੇਖ ਲਈ ਸੀ ਤੂੰ ਮੇਰੀ? ਪਿਆਰ ਕਰਨਾ ਬਦਮਾਸ਼ੀ ਹੁੰਦੀ ਏ ?'

'ਆਹੋ... ਤਾਂ ਹੀ ਤਾਂ ਕੁੜੀਆਂ ਮਗਰ ਮਗਰ ਐਨੇ ਘੁੰਮਦੇ ਰਹੇ ਹੋ ਵਿਆਹ ਤੋਂ ਪਹਿਲਾਂ।'

'ਕੀਹਦੇ ਮਗਰ ਘੁੰਮਿਆਂ ਏਂ ਮੈਂ? ਮੈਂ ਤਾਂ ਸਾਇੰਸ ਸਟੂਡੈਂਟ ਸਾਂ ਇੰਦਰਾ। ਸਿਰ ਖੁਰਕਣ ਦੀ ਵਿਹਲ ਨਹੀਂ ਸੀ ਮਿਲਦੀ।'

'ਆਹੋ ਜੀ ਝੂਠ ਬੋਲਣਾ ਤਾਂ ਕੋਈ ਤੁਹਾਥੋਂ ਸਿੱਖੇ।'

'ਚੱਲ ਬਈ ਮੈਂ ਤਾਂ ਝੂਠ ਬੋਲਦਾ ਹਾਂ... ਹੁਣ ਅਸਲ ਗੱਲ ਵੱਲ ਆ... ਦਰਅਸਲ ਬੈਡਮਿੰਟਨ ਦੇ ਦੋਨੋ ਪੋਲ ਦੇਖ ਕੇ ਮੈਨੂੰ ਇਹ ਗੱਲ ਯਾਦ ਆਈ।'

'ਹੁਣ ਕੀ ਚਾਹੁੰਦੇ ਹੋ?' ਇੰਦਰਾ ਬੋਲੀ।

'ਆਪਾਂ ਬੈਡਮਿੰਟਨ ਦੀ ਗੇਮ ਲਾਇਆ ਕਰੀਏ? ਟਾਈਮ ਪਾਸ ਹੋ ਜਾਇਆ ਕਰੂ ਨਾਲ਼ੇ ਸਿਹਤ ਠੀਕ ਰਹੂ।' ਦੇਵ ਬੋਲਿਆ।

ਇੰਦਰਾ ਨੇ ਝੱਟ ਹਾਮੀ ਭਰ ਦਿੱਤੀ ਤੇ ਬੋਲੀ, 'ਮੀਂਹ ਤਾਂ ਹਟ ਹੀ ਗਿਆ ਏ। ਚਲੋ ਅੱਜ ਹੀ ਨੈੱਟ ਲਾਈਏ। ਤੁਸੀਂ ਬੈਠੋ ਮੈਂ ਨੈੱਟ ਤੇ ਚਿੜੀਆਂ ਬੱਲੇ ਲੈ ਕੇ ਆਉਂਦੀ ਹਾਂ। ਉੱਧਰ ਮੰਮੀ ਵੱਲ ਪਏ ਨੇ।'

ਇੰਦਰਾ ਉੱਠ ਕੇ ਗਈ ਤਾਂ ਦੇਵ ਵੀ ਉਸ ਦੇ ਮਗਰ ਹੀ ਚਲਾ ਗਿਆ। ਇੰਦਰਾ ਕੋਠੀ ਦੇ ਸਟੋਰ ਵਿੱਚੋਂ ਨੈੱਟ ਵਗੈਰਾ ਲੱਭਣ ਲੱਗ ਪਈ ਤਾਂ ਦੇਵ ਵੀ ਉਹਦੇ ਲਾਗੇ ਜਾ ਖੜ੍ਹਿਆ। ਕਿੰਨਾ ਕਵਾੜ ਤੂੜਿਆ ਪਿਆ ਸੀ ਉਸ ਸਟੋਰ ਵਿਚ। ਉਸ ਵਿਚ ਬਹੁਤਾ ਸਮਾਨ ਅਜਿਹਾ ਸੀ ਜਿਸ ਨੇ ਸ਼ਾਇਦ ਹੀ ਜ਼ਿੰਦਗੀ ਵਿਚ ਕਦੀ ਕੰਮ ਆਉਣਾ ਹੋਵੇ। ਦੇਵ ਬੋਲਿਆ, 'ਇਸ ਸਟੋਰ ਤੇ ਵੀ ਕਦੀ ਐਤਵਾਰ ਲਾਈਏ ਤੇ ਫਾਲਤੂ ਸਮਾਨ ਬਾਹਰ ਸੁੱਟੀਏ। ਆਹ ਸਾਇਕਲੀ ਦਾ ਭਲਾ ਕੀ ਕੰਮ? ਤੂੰ ਤੀਜੀ ਚੌਥੀ ਵਿਚ ਪੜ੍ਹਦੀ ਨੇ ਚਲਾਈ ਹੋਣੀ ਏਂ।'

'ਇਸ ਦੀ ਲੋੜ ਤਾਂ ਪੈਣੀ ਹੀ ਹੈ ਦੇਵ ਜੀ।'

'ਕਦੋਂ ਪਵੇਗੀ?'

ਇੰਦਰਾ ਨੇ ਇਸ਼ਾਰਾ ਕਰ ਕੇ ਉਸ ਨੂੰ ਆਪਣੇ ਕੋਲ਼ ਸੱਦਿਆ ਤੇ ਉਸਦੇ ਕੰਨ ਨਾਲ਼ ਮੂੰਹ ਲਾ ਕੇ ਕੁਝ ਕਿਹਾ। ਉਹ ਹੈਰਾਨ ਹੁੰਦਾ ਬੋਲਿਆ, 'ਸਹੁੰ ਖਾ.... ਐਵੇਂ ਤਾਂ ਨੀ ਉੱਲੂ ਬਣਾ ਰਹੀ ਮੈਨੂੰ?'

'ਤੁਹਾਡੀ ਸਹੁੰ... ਬੱਸ ਖਿਡੌਣੇ ਲਿਆਉਣ ਦੀਆਂ ਤਿਆਰੀਆਂ ਕਰੋ।' ਉਹ ਬੋਲੀ ਤਾਂ ਦੇਵ ਨੇ ਉਸਨੂੰ ਆਪਣੇ ਨਾਲ਼ ਘੁੱਟ ਲਿਆ ਤੇ ਚੁੰਮਣ ਲੱਗਾ। ਉਹ ਉਸ ਤੋਂ ਮਸਾਂ ਹੀ ਛੁੱਟੀ।

'ਤੂੰ ਅਜੇ ਨੈੱਟ ਵਗੈਰਾ ਕੱਢ ਲੈ, ਅਗਲੇ ਹਫ਼ਤੇ ਸਫ਼ਾਈ ਕਰ ਕੇ ਸਟੋਰ ਦਾ ਮੂੰਹ ਮੱਥਾ ਬਦਲ ਦਿਆਂਗੇ।' ਦੇਵ ਨੇ ਕਿਹਾ।

'ਸਫ਼ਾਈ ਕਰਦਿਆਂ ਕੋਈ ਘਰ ਆ ਗਿਆ ਤਾਂ ਰੌਲਾ ਪਵੇਗਾ ਕਿ ਜੁਆਈ ਤੋਂ ਕੰਮ ਕਰਵਾਉਂਦੇ ਨੇ।' ਇੰਦਰਾ ਹੱਸੀ।

'ਕਹਿ ਦੇਣਾ ਜੁਆਈ ਪਹਿਲਾਂ ਮਜ਼ਦੂਰ ਹੀ ਸੀ, ਹੁਣ ਡੀਕਲਾਸੀਫਾਈ ਹੋ ਗਿਆ।' ਉਹ ਵੀ ਹੱਸਿਆ।

ਇੰਦਰਾ ਨੇ ਸਮਾਨ ਐਧਰ-ਉੱਧਰ ਕਰ ਕੇ ਨੈੱਟ ਕੱਢਿਆ ਹੀ ਸੀ ਕਿ ਦੇਵ ਦੀ ਨਿਗਾਹ ਇਕ ਥੈਲੇ ਤੇ ਚਲੀ ਗਈ, ਜਿਸ ਦਾ ਇਕ ਕੋਨਾ ਫਟਣ ਕਰ ਕੇ ਕਿਤਾਬ ਦੀ ਲਾਲ ਜਿਲਦ ਬਾਹਰ ਵੱਲ ਝਾਕ ਰਹੀ ਸੀ। ਥੈਲੇ ਦਾ ਮੂੰਹ ਰੱਸੀ ਨਾਲ਼ ਘੁੱਟ ਕੇ ਬੰਨ੍ਹਿਆ ਹੋਇਆ ਸੀ।

ਦੇਵ ਬੋਲਿਆ, 'ਇਸ ਥੈਲੇ' ਚ ਕੀ ਏ?'

ਇੰਦਰਾ ਘਬਰਾ ਗਈ ਕਿ ਉਸ ਨੇ ਤਾਂ ਦੇਵ ਦੀਆਂ ਡਾਇਰੀਆਂ ਵਾਲ਼ਾ ਇਹ ਥੈਲਾ ਬੜੀ ਲਾਪਰਵਾਹੀ ਨਾਲ਼ ਮੂਹਰੇ ਹੀ ਰੱਖ ਛੱਡਿਆ ਸੀ। ਉਹ ਬੋਲੀ, 'ਤੁਸੀਂ ਛੱਡੋ ਇਸ ਨੂੰ... ਆਹ ਨੈੱਟ ਫੜੋ। ਡੈਡੀ ਮੰਮੀ ਦਾ ਸਮਾਨ ਹੋਵੇਗਾ। ਤੁਸੀਂ ਕੀ ਲੈਣਾ ਏਂ।'

'ਦੇਖਦੇ ਹਾਂ, ਕਿਤਾਬਾਂ ਜਿਹੀਆਂ ਲਗਦੀਆਂ ਨੇ ਵਿਚ।' ਕਹਿ ਕੇ ਦੇਵ ਨੇ ਥੈਲੇ ਦਾ ਮੂੰਹ ਖੋਹਲ ਲਿਆ। ਉਹ ਤਾਂ ਡਾਇਰੀਆਂ ਨਾਲ਼ ਭਰਿਆ ਪਿਆ ਸੀ। ਦੇਵ ਨੇ ਇਕ ਡਾਇਰੀ ਚੁੱਕੀ ਤੇ ਉਸਦੇ ਵਰਕੇ ਫਰੋਲਦਾ ਜਿਵੇਂ ਧਰਤੀ ਵਿਚ ਹੀ ਗੱਡਿਆ ਗਿਆ। ਇਹ ਸਭ ਤਾਂ ਉਸੇ ਦੀਆਂ ਡਾਇਰੀਆਂ ਸਨ। ਇੰਦਰਾ ਤੋਂ ਛੁਪਾਉਣ ਲਈ ਹੀ ਤਾਂ ਉਸ ਨੇ ਇਹ ਸਲਾਹਪੁਰ ਆਪਣੇ ਦੋਸਤ ਬਸ਼ੀਰ ਦੇ ਘਰ ਲੁਕਾ ਕੇ ਰੱਖੀਆਂ ਹੋਈਆਂ ਸਨ। ਉਸ ਦੀ ਬੇ ਟੀ ਸਾਹਿਬਾਂ ਦੇ ਵਿਆਹ ਸਮੇਂ ਉਸ ਨੇ ਬਸ਼ੀਰ ਨੂੰ ਖਤ ਲਿਖਿਆ ਸੀ ਕਿ ਹੁਣ ਇਨ੍ਹਾਂ ਡਾਇਰੀਆਂ ਨੂੰ ਸਾਂਭਣ ਦੀ ਕੋਈ ਲੋੜ ਨਹੀਂ ਸੀ, ਉਹ ਸਾਰੀਆਂ ਸਰਹੰਦ ਨਹਿਰ ਵਿਚ ਜਲਪ੍ਰਵਾਹ ਕਰ ਦੇਵੇ। ਹੁਣ ਉਸ ਨੇ ਉਡੇ ਚਿਹਰੇ ਨਾਲ਼ ਇੰਦਰਾ ਵੱਲ ਦੇਖਿਆ। ਉਹ ਬੁੱਲ੍ਹ ਘੁੱਟੀ ਖੜ੍ਹੀ ਉਸੇ ਵੱਲ ਦੇਖਦੀ ਮੁਸਕਰਾ ਰਹੀ ਸੀ। ਉਹ ਬੋਲੀ, 'ਕਿਉਂ ਜਨਾਬ, ਤੁਸੀਂ ਤਾਂ ਸਾਇੰਸ ਦੇ ਵਿਦਿਆਰਥੀ ਸੀ। ਸਿਰ ਖੁਰਕਣ ਦੀ ਵਿਹਲ ਨਹੀਂ ਸੀ ਤੁਹਾਡੇ ਕੋਲ਼। ਸਾਇੰਸ ਵਾਲ਼ੇ ਕੀ ਜਾਣਨ ਇਸ਼ਕ-ਮੁਸ਼ਕ ਕੀ ਹੁੰਦਾ ਏ।'

ਦੇਵ ਨੂੰ ਤਾਂ ਧਰਤੀ ਵਿਹਲ ਨਹੀਂ ਸੀ ਦੇ ਰਹੀ। ਉਹ ਡੌਰ-ਭੌਰ ਹੋਇਆ ਉੱਥੇ ਹੀ

ਪਏ ਇਕ ਸਟੂਲ ਤੇ ਬੈਠ ਗਿਆ ਤੇ ਬੋਲਿਆ, 'ਇੰਦਰਾ ਇਹ ਐਥੇ ਕਿਵੇਂ ਆ ਗਈਆਂ?'

'ਸਰਹੰਦ ਨਹਿਰ' ਚੋਂ ਤੈਰ ਕੇ ਬਾਹਰ ਨਿਕਲੀਆਂ, ਫਿਰ ਉਡ ਕੇ ਐਥੇ ਆ ਗਈਆਂ। ਪਿਆਰ ਨਾਲ਼ ਭਰੀਆਂ ਹੋਈਆਂ ਸਨ, ਤੈਰਨਾ ਵੀ ਜਾਣਦੀਆਂ ਸਨ ਤੇ ਉਡਣਾ ਵੀ।' ਇੰਦਰਾ ਬੋਲੀ।

ਦੇਵ ਨੂੰ ਗੱਲ ਸਮਝ ਨਾ ਆਈ। ਬਸ਼ੀਰ ਤੇ ਉਹਦੀ ਵਹੁਟੀ ਨੂੰ ਤਾਂ ਇਸ ਭੇਤ ਦਾ ਸਭ ਪਤਾ ਸੀ। ਉਹ ਇੰਦਰਾ ਨੂੰ ਡਾਇਰੀਆਂ ਕਿਉਂ ਦਿੰਦੇ? ਉਸ ਨੂੰ ਸ਼ੱਕ ਹੋਈ ਕਿ ਕਿਤੇ ਉਹ ਸੁਪਨਾ ਤਾਂ ਨਹੀਂ ਦੇਖ ਰਿਹਾ। ਅਸਲ ਜੀਵਨ ਵਿਚ ਉਨ੍ਹਾਂ ਡਾਇਰੀਆਂ ਦਾ ਉੱਥੇ ਪੁੱਜਣਾ ਸੰਭਵ ਹੀ ਨਹੀਂ ਸੀ। ਉਹ ਆਪਣੀਆਂ ਬਾਹਾਂ ਤੇ ਚੂੰਢੀਆਂ ਵੱਢਣ ਲੱਗ ਪਿਆ ਤਾਂ ਕਿ ਇਹ ਖ਼ਤਰਨਾਕ ਸੁਪਨਾ ਛੇਤੀ ਟੁੱਟ ਜਾਵੇ, ਪਰ ਸੁਪਨਾ ਤਾਂ ਤਦ ਟੁੱਟਦਾ ਜੇ ਉਹ ਸੁਪਨਾ ਹੁੰਦਾ। ਇਹ ਭਾਣਾ ਵਰਤ ਗਿਆ ਸੀ, ਕੀ ਪਤਾ ਕਿਵੇਂ। ਉਸ ਦੇ ਬੁੱਲ੍ਹ ਸੁੱਕ ਗਏ, ਥੁੱਕ ਅੰਦਰ ਨਾ ਲੰਘੇ। ਉਹ ਬੋਲਿਆ, 'ਇੰਦਰਾ ਪਲੀਜ਼ ਮੈਨੂੰ ਪਾਣੀ ਦਾ ਗਿਲਾਸ ਪਿਆ ਦੇ।'

ਇੰਦਰਾ ਗਈ ਤੇ ਫਰਿੱਜ਼' ਚੋਂ ਬੋਤਲ ਕੱਢ ਠੰਡੇ ਪਾਣੀ ਦਾ ਗਿਲਾਸ ਭਰ ਲਿਆਈ ਤੇ ਦੋਨਾਂ ਹਥੇਲੀਆਂ ਦੇ ਗੱਭੇ ਟਿਕਾ ਕੇ ਬੋਲੀ, 'ਜਹਾਂ ਪਨਾਹ, ਜਲ ਹਾਜ਼ਰ ਹੈ।'

ਦੇਵ ਗਿਲਾਸ ਨੂੰ ਮੂੰਹ ਲਾ ਕੇ ਸਾਰਾ ਪਾਣੀ ਗਟ ਗਟ ਕਰ ਕੇ ਪੀ ਗਿਆ। ਉਹ ਬੋਲੀ, 'ਹੋਰ ਲਿਆਵਾਂ?'

'ਇਸ ਦਾ ਮਤਲਬ ਤੂੰ ਇਹ ਡਾਇਰੀਆਂ ਬਸ਼ੀਰ ਦੇ ਘਰੋਂ ਚੁੱਕ ਲਿਆਈ। ਉਸ ਨੇ ਇਹ ਤੈਨੂੰ ਕਿਵੇਂ ਦੇ ਦਿੱਤੀਆਂ? ਇਨ੍ਹਾਂ ਨੂੰ ਨਾ ਪੜ੍ਹੀਂ ਇੰਦਰਾ ਪਲੀਜ਼। ਇਹ ਆਪਣਾ ਆਲ੍ਹਣਾ ਢਾਹ ਦੇਣਗੀਆਂ। ਇਹ ਆਪਣਾ ਜੀਵਨ ਤਬਾਹ ਕਰ ਦੇਣਗੀਆਂ। ਆਪਣੇ ਜੀਵਨ ਦਾ ਸੱਚ ਮੈਂ ਇਨ੍ਹਾਂ ਡਾਇਰੀਆਂ ਵਿਚ ਭਰਿਆ ਪਿਆ ਏ। ਮੈਂ ਬਹੁਤ ਘਟੀਆ ਤੇ ਕਮੀਨਾ ਬੰਦਾ ਰਿਹਾ ਹਾਂ ਇੰਦਰਾ। ਪਲੀਜ਼ ਮੇਰਾ ਜੋ ਜੀਵਨ ਬੀਤਿਆ, ਤੂੰ ਉਸ ਬਾਰੇ ਜਾਣਨ ਦੀ ਕਦੀ ਇੱਛਾ ਨਾ ਕਰੀਂ। ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ। ਜੇ ਤੂੰ ਇਨ੍ਹਾਂ ਨੂੰ ਪੜ੍ਹ ਲਵੇਂ ਤਾਂ ਤੂੰ ਮੈਨੂੰ ਜ਼ਰੂਰ ਛੱਡ ਕੇ ਚਲੀ ਜਾਵੇਂਗੀ। ਮੈਂ ਹੁਣ ਤੈਥੋਂ ਬਿਨਾਂ ਰਹਿ ਨਹੀਂ ਸਕਦਾ ਇੰਦਰਾ। ਜੇ ਤੂੰ ਮੈਨੂੰ ਛੱਡ ਕੇ ਜਾਵੇਂਗੀ, ਮੈਂ ਫਾਹਾ ਲੈ ਲਵਾਂਗਾ। ਮੈਨੂੰ ਮਾਫ਼ ਕਰਦੇ ਮੇਰੀ ਪਿਆਰੀ।' ਦੇਵ ਰੋਣ ਲੱਗ ਪਿਆ।

ਇੰਦਰਾ ਨੇ ਆਪਣੀ ਚੁੰਨੀ ਨਾਲ਼ ਉਸਦੀਆਂ ਅੱਖਾਂ ਪੂੰਝ ਦਿੱਤੀਆਂ ਤੇ ਬੋਲੀ, 'ਚੁੱਪ... ਕੀ ਬੋਲੀ ਜਾ ਰਹੇ ਹੋ ਦੇਵ ਜੀ? ਇਹ ਥੈਲਾ ਚੁੱਕੋ, ਉੱਧਰ ਚੱਲੀਏ।'

ਇੰਦਰਾ ਨੇ ਨੈੱਟ, ਬੈਟ ਤੇ ਸ਼ਟਲਾਂ ਚੁੱਕ ਲਈਆਂ ਤੇ ਦੇਵ ਨੇ ਥੈਲਾ। ਅੰਦਰ ਕਮਰੇ ' ਚੋਂ ਇੰਦਰਾ ਦੀ ਮੰਮੀ ਦੀ ਅਵਾਜ਼ ਆਈ, 'ਕੌਣ ਹੋ?'

'ਮੰਮੀ ਅਸੀਂ ਹਾਂ।' ਇੰਦਰਾ ਨੇ ਕਿਹਾ।

ਉਹ ਆਪਣੀ ਕੋਠੀ ਅੰਦਰ ਵੜੇ ਤਾਂ ਸ਼ਾਇਦ ਦੇਵ ਨੂੰ ਭੁਲੇਖਾ ਲੱਗਾ। ਇੰਦਰਾ ਕਿਸੇ ਪੁਰਾਣੀ ਫਿਲਮ ਦਾ ਗੀਤ ਗੁਣਗੁਣਾ ਰਹੀ ਸੀ। ਸਿਰ ਝੁਕਾਈ ਤੁਰਿਆ ਜਾਂਦਾ ਦੇਵ ਉਸ ਦੇ ਮਗਰ ਚਲਾ ਗਿਆ।

ਇੰਦਰਾ ਸਮਾਨ ਰੱਖ ਸੋਫ਼ੇ ਤੇ ਜਾ ਬੈਠੀ। ਦੇਵ ਨੇ ਥੈਲਾ ਫਰਸ਼ ਤੇ ਧਰ ਦਿੱਤਾ।

'ਉਰੇ ਆਓ ਦੇਵ ਜੀ, ਮੇਰੇ ਕੋਲ਼ ਬੈਠੋ।' ਦੇਵ ਉਸ ਕੋਲ਼ ਜਾ ਬੈਠਾ ਤੇ ਫਿੱਸ ਪਿਆ। ਉਸ ਦੀਆਂ ਅੱਖਾਂ ਗੇਰੂ ਵਰਗੀਆਂ ਲਾਲ ਹੋ ਗਈਆਂ ਸਨ। ਉਹ ਇੰਦਰਾ ਨਾਲ਼ ਚੁੰਬੜ ਗਿਆ। ਵੱਡੇ ਵੱਡੇ ਹਉਕੇ ਭਰਨ ਲੱਗਾ।

'ਬੱਚਿਆਂ ਵਾਂਗ ਕਿਉਂ ਕਰਦੇ ਹੋ? ਮੇਰੀ ਗੱਲ ਸੁਣੋ। ਮੇਰੇ ਵੱਲ ਦੇਖੋ। ਤੁਹਾਨੂੰ ਲਗਦਾ ਏ ਕਿ ਮੈਂ ਤੁਹਾਡੇ ਨਾਲ਼ ਨਰਾਜ਼ ਹਾਂ?'

ਦੇਵ ਨੇ ਕੋਈ ਉੱਤਰ ਨਾ ਦਿੱਤਾ। ਉਹ ਬੋਲੀ, 'ਦੇਵ ਜੀ, ਮੈਂ ਤੁਹਾਡੀਆਂ ਸਾਰੀਆਂ ਡਾਇਰੀਆਂ ਪੜ੍ਹ ਲਈਆਂ ਨੇ। ਪੜ੍ਹਨ ਮਗਰੋਂ ਮੈਂ ਤੁਹਾਨੂੰ ਹੋਰ ਵੀ ਵੱਧ ਪਿਆਰ ਕਰਨ ਲੱਗੀ ਹਾਂ। ਮੈਂ ਜਾਣਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਪਿਆਰ ਕਰਦੇ ਹੋ, ਸ਼ਾਇਦ ਡਾਇਰੀਆਂ ਵਿਚਲੀਆਂ ਔਰਤਾਂ ਨਾਲ਼ੋਂ ਕਿਤੇ ਵੱਧ। ਹੁਣ ਮੈਂ ਬਰਦਾਸ਼ਤ ਨਹੀਂ ਕਰ ਸਕਾਂਗੀ ਕਿ ਮੁੜ ਤੁਸੀਂ ਕਿਸੇ ਤੇ ਡੁੱਲ੍ਹ ਜਾਵੋ। ਜੋ ਸਾਮ੍ਹਣੇ ਜ਼ਿੰਦਗੀ ਪਈ ਹੈ, ਉਹ ਆਪਣੀ ਦੋਨਾਂ ਦੀ ਹੈ। ਸਾਨੂੰ ਇਕ ਦੂਜੇ ਨਾਲ਼ ਬੰਨ੍ਹੀ ਰੱਖਣ ਲਈ ਤੀਜਾ ਸ਼ਖ਼ਸ ਹੈ ਆਹ ਬੱਚਾ, ਜੋ ਮੇਰੇ ਪੇਟ ਵਿਚ ਪਲ਼ ਰਿਹਾ ਹੈ, ਜੋ ਮੇਰੇ ਦੇਵ ਨੇ ਮੈਨੂੰ ਦਿੱਤਾ ਹੈ। ਤੁਸੀਂ ਮੰਮੀ ਵਾਲ਼ਾ ਸਟੋਰ ਸਾਫ਼ ਕਰਨ ਨੂੰ ਕਹਿ ਰਹੇ ਸੀ। ਉਹ ਸਾਫ਼ ਤਾਂ ਹੀ ਹੋਵੇਗਾ ਜਦੋਂ ਉਸ ਵਿਚਲਾ ਸਾਰਾ ਕੂੜ-ਕਬਾੜ ਆਪਾਂ ਬਾਹਰ ਸੁੱਟ ਦੇਵਾਂਗੇ। ਹੁਣ ਤੁਸੀਂ ਆਪਣੇ ਦਿਲ ਨੂੰ ਵੀ ਉਸੇ ਤਰ੍ਹਾਂ ਸਾਫ਼ ਕਰ ਲਵੋ ਤੇ ਮੈਨੂੰ ਇਸ ਵਿਚ ਵਸਣ ਦਿਓ।'

ਇੰਦਰਾ ਨੇ ਦੰਦਾਂ ਵਿਚ ਆਪਣੇ ਬੁੱਲ੍ਹ ਘੁੱਟੇ ਤੇ ਰੋਣ ਲੱਗ ਪਈ। ਦੇਵ ਨੇ ਉਸ ਦਾ ਸਿਰ ਆਪਣੀ ਛਾਤੀ ਨਾਲ਼ ਲਾ ਲਿਆ ਤੇ ਵਾਲ਼ਾਂ' ਚ ਉਂਗਲਾਂ ਘੁਮਾਉਂਦਾ ਬੋਲਿਆ, 'ਇੰਦਰਾ ਤੂੰ ਹੀ ਮੇਰੀ ਮੰਜ਼ਿਲ ਸੀ ਜੋ ਮੈਂ ਪਾ ਲਈ ਏ।'

ਬੜੀ ਦੇਰ ਤੱਕ ਉਹ ਉਸੇ ਤਰ੍ਹਾਂ ਬੈਠੇ ਰਹੇ। ਫਿਰ ਇੰਦਰਾ ਹੱਸਣ ਲੱਗ ਪਈ। ਉੱਠ ਖੜ੍ਹੀ ਹੋਈ ਤੇ ਬੋਲੀ, 'ਚਲੋ ਨੈੱਟ ਲਾਈਏ।'

'ਇਨ੍ਹਾਂ ਡਾਇਰੀਆਂ ਨੂੰ ਜਾਲ਼ ਦੇਈਏ?' ਦੇਵ ਬੋਲਿਆ।

'ਨਹੀਂ, ਸਾਰੇ ਲੋਕਾਂ ਵਿਚ ਨਸ਼ਰ ਕਰਾਂਗੇ ਤਾਂ ਕਿ ਸਭ ਨੂੰ ਪਤਾ ਲੱਗ ਜਾਵੇ ਸਾਊ ਦਿਸਦੇ ਹਰ ਇਨਸਾਨ ਦੇ ਦਿਲ ਵਿਚ ਕਿੰਨੇ ਲੋਕਾਂ ਦਾ ਵਾਸਾ ਹੁੰਦਾ ਏ। ਕੰਧਾਂ ਉੱਤੇ ਉਹ ਮੂਰਤਾਂ ਕਦੀ ਨਹੀਂ ਟੰਗੀਆਂ ਜਾਂਦੀਆਂ ਜੋ ਬੰਦਾ ਆਪਣੇ ਦਿਲ ਵਿਚ ਲਕੋਈ ਰੱਖਦਾ ਏ। ਇਨ੍ਹਾਂ ਤੁਹਾਡੀਆਂ ਡਾਇਰੀਆਂ ਤੇ ਅਧਾਰਿਤ ਤਾਂ ਇਕ ਖ਼ੂਬਸੂਰਤ ਨਾਵਲ ਬਣੇਗਾ।' ਉਹ ਬੋਲੀ।

'ਪਰ ਨਾਵਲ ਲਿਖੇਗਾ ਕੌਣ?'

'ਇਹ ਬਾਅਦ ਦੀ ਗੱਲ ਹੈ ਦੇਵ ਜੀ। ਮਿਲ ਜਾਵੇਗਾ ਕੋਈ ਲੇਖਕ।' ਉਹ ਹੱਸੀ ਤੇ ਡਾਇਰੀਆਂ ਵਾਲ਼ਾ ਥੈਲਾ ਅੰਦਰ ਲੈ ਗਈ। ਉਹ ਕਾਫ਼ੀ ਦੇਰ ਬਾਅਦ ਮੁੜੀ। ਦੇਵ ਉਸ ਵੱਲ ਦੇਖਦਾ ਹੀ ਰਹਿ ਗਿਆ। ਹੁਣ ਉਸ ਨੇ ਸਫ਼ੈਦ ਜ਼ੁਰਾਬਾਂ ਨਾਲ਼ ਸਫ਼ੈਦ ਬੂਟ, ਉੱਚੀ ਜਿਹੀ ਸਫ਼ੈਦ ਨਿੱਕਰ ਤੇ ਜ਼ਾਲੀਦਾਰ ਟਾਪ ਪਾਇਆ ਹੋਇਆ ਸੀ। ਟਾਪ ਦੀਆਂ ਗਲੀਆਂ ਉਸ ਦੇ ਅਸਮਾਨੀ ਬਰਾ ਉੱਤੇ ਸਿਤਾਰਿਆਂ ਵਾਂਗ ਨਜ਼ਰ ਆ ਰਹੀਆਂ ਸਨ। ਉਸਦੇ ਗੋਰੇ ਪੱਟ ਗੋਡਿਆਂ ਤੱਕ ਇਕ ਦੂਜੇ ਨਾਲ਼ ਖਹਿ ਰਹੇ ਸਨ। ਉਹ ਮੁਸਕਰਾ ਕੇ ਬੋਲੀ, 'ਦੇਖ ਕੀ ਰਹੇ

ਹੋ ਜਨਾਬ? ਹੋਸ਼ ਉਡ ਗਏ? ਡਾਇਰੀਆਂ ਵਾਲ਼ੀਆਂ' ਚ ਹੈ ਕੋਈ ਜਿਸ ਤੋਂ ਮੈਂ ਘੱਟ ਹਾਂ?'

ਦੇਵ ਦੇ ਸਿਰੋਂ ਜਿਵੇਂ ਮਣਾਂ ਮੂੰਹੀਂ ਭਾਰ ਲਹਿ ਗਿਆ। ਉਹ ਇੰਦਰਾ ਵੱਲ ਵਧਿਆ ਤੇ ਆਪਣੀਆਂ ਦੋਨੋਂ ਬਾਹਾਂ ਫੈਲਾ ਦਿੱਤੀਆਂ। ਇੰਦਰਾ ਉਨ੍ਹਾਂ ਵਿਚ ਆ ਸਿਮਟੀ। ਉਹ ਬੋਲਿਆ, 'ਤੂੰ ਮੇਰੀ ਜ਼ਿੰਦਗੀ ਏਂ ਇੰਦਰਾ। ਤੂੰ ਮੇਰੀ ਮੰਜ਼ਿਲ ਏਂ ਇੰਦਰਾ।'

ਬਾਹਰ ਬੜੇ ਜ਼ੋਰ ਨਾਲ਼ ਗੜ-ਗੜ ਹੋਈ। ਜਿਵੇਂ ਢੋਲ ਵੱਜਣ ਲੱਗ ਪਏ ਹੋਣ। ਬੱਦਲ ਪਤਾ ਨਹੀਂ ਕਿੱਥੇ ਘੁੰਮ ਘੁਮਾ ਕੇ ਉਹਨਾਂ ਦੀ ਕੋਠੀ ਤੇ ਵਰਸਣ ਲੱਗਾ ਸੀ।

**00**

